ੴ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ ਸਟੀਕ

# ਗੁਰਬਾਣੀ ਅਰਥ-ਭੰਡਾਰ

## ਪੋਥੀ ਤੀਸਰੀ

{ਅੰਗ ੧੫੧ ਤੋਂ ੨੯੬ ਤੱਕ}

ਟੀਕਾਕਾਰ :
ਸੰਤ ਹਰੀ ਸਿੰਘ 'ਰੰਧਾਵੇ ਵਾਲੇ'
ਸੰਪ੍ਰਦਾ ਦਮਦਮੀ ਟਕਸਾਲ

ੴ ਸਤਿਗੁਰ ਪ੍ਰਸਾਦਿ॥

## ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ ਸਟੀਕ

# ਗੁਰਬਾਣੀ ਅਰਥ-ਭੰਡਾਰ

## ਪੋਥੀ ਤੀਸਰੀ

**[ਅੰਗ ੧੫੧ ਤੋਂ ੨੯੬ ਤਕ]**

*ਟੀਕਾਕਾਰ :*

**ਬਾਬਾ ਹਰੀ ਸਿੰਘ 'ਰੰਧਾਵੇ ਵਾਲੇ'**

**ਸੰਪ੍ਰਦਾ ਦਮਦਮੀ ਟਕਸਾਲ**

*ਪ੍ਰਕਾਸ਼ਕ :*

**ਖ਼ਾਲਸਾ ਚੈਰੀਟੇਬਲ ਟਰੱਸਟ (ਰਜਿ:)**

**ਗੁਰਮਤਿ ਵਿੱਦਿਆਲਾ, ਜੱਥਾ ਰੰਧਾਵਾ**

**ਮੋਬਾਈਲ : 98158-35035, 98157-03132, 99149-36036**

GURBANI ARTH BHANDAR – Vol. III

[An annotation of the Sikh Scripture]

*by*

BABA HARI SINGH 'RANDHAWE WALE'

*Published by*

**KHALSA CHARITABLE TRUST (REGD.)**

**GURMAT VIDYALA, JATHA RANDHAWA**

CHANDIGARH ROAD, NEAR GURDWARA JYOTI SAROOP,
DISTT. FATEHGARH SAHIB, PUNJAB (INDIA)
MOBILE : 98158-35035, 98157-03132, 99149-36036

© ਟੀਕਾਕਾਰ

*ਜਿਸ ਤਰ੍ਹਾਂ ਦਸ ਗੁਰੂ ਸਾਹਿਬਾਨਾਂ ਨੇ ਗੁਰਬਾਣੀ ਦਾ ਸਤਿਕਾਰ ਕਰਨਾ, ਸ਼ੁਧ ਪੜ੍ਹਨਾ, ਵਿਚਾਰਨਾ ਤੇ ਮੰਨਣ ਕਰਨਾ ਦੱਸਿਆ ਹੈ, ਉਸੇ ਉਪਦੇਸ਼ ਨੂੰ ਮੁਖ ਰੱਖਦਿਆਂ ਸਾਨੂੰ ਗੁਰਬਾਣੀ ਦੀਆਂ ਪੋਥੀਆਂ ਦਾ ਵੱਧ ਤੋਂ ਵੱਧ ਅਦਬ ਕਰਨਾ ਚਾਹੀਦਾ ਹੈ, ਨੰਗੇ ਸਿਰ, ਜੋੜੇ ਪਾ ਕੇ ਜਾਂ ਜੂਠੇ ਹੱਥਾਂ ਨਾਲ ਪੋਥੀਆਂ ਪੜ੍ਹਨੀਆਂ ਨਹੀਂ ਚਾਹੀਦੀਆਂ। ਜੇਕਰ ਘਰ ਦੇ ਵਿਚ ਗੁਰਬਾਣੀ ਦੀਆਂ ਪੋਥੀਆਂ ਦਾ ਸਤਿਕਾਰ ਨਾ ਹੋ ਸਕੇ ਤਾਂ ਗੁਰੂ ਘਰ ਜਾਂ ਕਿਸੇ ਰਹਿਤ ਬਹਿਤ, ਵਾਲੇ ਗੁਰਮੁਖ ਸੱਜਣ ਨੂੰ ਪੋਥੀਆਂ ਭੇਟਾ ਕਰ ਦੇਣੀਆਂ ਚਾਹੀਦੀਆਂ ਹਨ ਤੇ ਗੁਰਬਾਣੀ ਦਾ ਸਤਿਕਾਰ ਕਰਨਾ।*

ਪਹਿਲੀ ਵਾਰ ਫ਼ਰਵਰੀ ੨੦੧੬

**ਭੇਟਾ :**

***ਗੁਰਬਾਣੀ ਦਾ ਪ੍ਰੇਮ ਸਹਿਤ ਪੜ੍ਹਨਾ, ਵਿਚਾਰਨਾ ਅਤੇ ਅਦਬ ਕਰਨਾ ਹੀ ਇਸ ਸਟੀਕ ਦੀ ਭੇਟਾ ਹੈ।***

*ਪ੍ਰਕਾਸ਼ਕ :*

**ਖ਼ਾਲਸਾ ਚੈਰੀਟੇਬਲ ਟਰੱਸਟ (ਰਜਿ:)**

**ਗੁਰਮਤਿ ਵਿੱਦਿਆਲਾ, ਜੱਥਾ ਰੰਧਾਵਾ**

ਚੰਡੀਗੜ੍ਹ ਰੋਡ, ਨੇੜੇ ਗੁਰਦੁਆਰਾ ਜੋਤੀ ਸਰੂਪ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ,
ਪੰਜਾਬ (ਭਾਰਤ)

*ਪ੍ਰਿੰਟਰ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ ਸਟੀਕ

## ਰਾਗੁ ਗਉੜੀ

### ਮਹਲਾ ਪਹਿਲਾ ੧


| | |
|---|---|
| ਭਉ ਮੁਚੁ ਭਾਰਾ | ੧੩ |
| ਡਰਿ ਘਰੁ ਘਰਿ ਡਰੁ | ੧੯ |
| ਮਾਤਾ ਮਤਿ ਪਿਤਾ ਸੰਤੋਖੁ | ੨੧ |
| ਪਉਣੈ ਪਾਣੀ ਅਗਨੀ | ੨੩ |
| ਸੁਣਿ ਸੁਣਿ ਬੂਝੈ ਮਾਨੈ | ੨੫ |
| ਜਾਤੋ ਜਾਇ ਕਹਾ ਤੇ | ੨੮ |
| ਕਾਮੁ ਕ੍ਰੋਧੁ ਮਾਇਆ | ੩੩ |
| ਉਲਟਿਓ ਕਮਲੁ | ੩੫ |
| ਸਤਿਗੁਰੁ ਮਿਲੈ ਸੁ | ੩੭ |
| ਕਿਰਤੁ ਪਇਆ ਨਹ | ੩੯ |
| ਜਿਨਿ ਅਕਥੁ ਕਹਾਇਆ | ੪੧ |
| ਜਨਮਿ ਮਰੈ ਤ੍ਰੈ ਗੁਣ | ੪੨ |
| ਅੰਮ੍ਰਿਤ ਕਾਇਆ ਰਹੈ | ੪੪ |
| ਅਵਰਿ ਪੰਚ, ਹਮ ਏਕ | ੪੭ |
| ਮੁੰਦ੍ਰਾ ਤੇ ਘਟ ਭੀਤਰਿ | ੪੯ |
| ਅਉਖਧ ਮੰਤ੍ਰ ਮੂਲੁ | ੫੨ |
| ਕਤ ਕੀ ਮਾਈ ਬਾਪੁ ਕਤ | ੫੪ |
| ਰੈਣਿ ਗਵਾਈ ਸੋਇ ਕੈ | ੫੮ |
| ਹਰਣੀ ਹੋਵਾ ਬਨਿ ਬਸਾ | ੬੧ |
| ਜੈ ਘਰਿ ਕੀਰਤਿ ਆਖੀਐ | ੬੪ |


### ਮਹਲਾ ੩


| | |
|---|---|
| ਗੁਰਿ ਮਿਲਿਐ ਹਰਿ | ੬੮ |
| ਗੁਰ ਤੇ ਗਿਆਨੁ ਪਾਏ | ੭੦ |
| ਸੁਥਾਉ ਸਚੁ ਮਨੁ | ੭੩ |
| ਇਕਿ ਗਾਵਤ ਰਹੇ ਮਨਿ | ੭੫ |
| ਮਨੁ ਮਾਰੇ ਧਾਤੁ ਮਰਿ | ੭੭ |
| ਹਉਮੈ ਵਿਚਿ ਸਭੁ ਜਗੁ | ੮੧ |
| ਸੋ ਕਿਉ ਵਿਸਰੈ ਜਿਸ ਕੇ | ੮੩ |
| ਤੂੰ ਅਕਥੁ ਕਿਉ ਕਥਿਆ | ੮੪ |
| ਏਕਸੁ ਤੇ ਸਭਿ ਰੂਪ ਹਹਿ | ੮੬ |
| ਮਨਮੁਖਿ ਸੂਤਾ ਮਾਇਆ | ੮੮ |
| ਸਚਾ ਅਮਰੁ ਸਚਾ ਪਾਤਿਸਾਹੁ | ੯੧ |
| ਜਿਨਾ ਗੁਰਮੁਖਿ ਧਿਆਇਆ | ੯੩ |
| ਗੁਰ ਸੇਵਾ ਜੁਗ ਚਾਰੇ ਹੋਈ | ੯੪ |
| ਸਤਿਗੁਰੁ ਮਿਲੈ ਵਡਭਾਗਿ | ੯੬ |
| ਜੈਸੀ ਧਰਤੀ ਊਪਰਿ | ੯੮ |
| ਸਭੁ ਜਗੁ ਕਾਲੈ ਵਸਿ ਹੈ | ੧੦੨ |
| ਪੇਈਅੜੈ ਦਿਨ ਚਾਰਿ ਹੈ | ੧੦੩ |
| ਸਤਿਗੁਰ ਤੇ ਗਿਆਨੁ | ੧੦੬ |


### ਮਹਲਾ ੪


| | |
|---|---|
| ਪੰਡਿਤੁ ਸਾਸਤ ਸਿਮ੍ਰਿਤਿ | ੧੦੮ |
| ਨਿਰਗੁਣ ਕਥਾ ਕਥਾ ਹੈ | ੧੧੦ |
| ਮਾਤਾ ਪ੍ਰੀਤਿ ਕਰੇ ਪੁਤੁ | ੧੧੧ |
| ਭੀਖਕ ਪ੍ਰੀਤਿ ਭੀਖ ਪ੍ਰਭ | ੧੧੪ |
| ਸਤਿਗੁਰ ਸੇਵਾ ਸਫਲ | ੧੧੬ |
| ਹਰਿ ਆਪੇ ਜੋਗੀ ਡੰਡਾ ਧਾਰੀ | ੧੧੭ |
| ਸਾਹੁ ਹਮਾਰਾ ਤੂੰ ਧਣੀ | ੧੨੦ |
| ਜਿਉ ਜਨਨੀ ਗਰਭੁ | ੧੨੧ |
| ਕਿਰਸਾਣੀ ਕਿਰਸਾਣੁ | ੧੨੩ |
| ਨਿਤ ਦਿਨਸੁ ਰਾਤਿ | ੧੨੫ |
| ਹਮਰੈ ਮਨਿ ਚਿਤਿ ਹਰਿ | ੧੨੮ |
| ਕੰਚਨ ਨਾਰੀ ਮਹਿ ਜੀਉ | ੧੩੦ |
| ਜਿਉ ਜਨਨੀ ਸੁਤੁ ਜਣਿ | ੧੩੨ |
| ਜਿਸੁ ਮਿਲਿਐ ਮਨਿ ਹੋਇ | ੧੩੫ |
| ਹਰਿ ਦਇਆਲਿ ਦਇਆ | ੧੩੭ |
| ਜਗਜੀਵਨ ਅਪਰੰਪਰ | ੧੩੯ |
| ਕਰਹੁ ਕ੍ਰਿਪਾ ਜਗਜੀਵਨ | ੧੪੧ |
| ਤੁਮ ਦਇਆਲ ਸਰਬ | ੧੪੩ |
| ਮੇਰੇ ਮਨ ਸੋ ਪ੍ਰਭੁ ਸਦਾ | ੧੪੫ |

| | |
|---|---|
| ਹਮਰੇ ਪ੍ਰਾਨ ਵਸਗਤਿ | ੧੪੭ |
| ਇਹੁ ਮਨੂਆ ਖਿਨੁ ਨ | ੧੪੮ |
| ਕਾਮਿ ਕਰੋਧਿ ਨਗਰੁ | ੧੫੦ |
| ਇਸੁ ਗੜ ਮਹਿ ਹਰਿ | ੧੫੪ |
| ਹਰਿ ਹਰਿ ਅਰਥਿ ਸਰੀਰੁ | ੧੫੬ |
| ਹਮ ਅਹੰਕਾਰੀ ਅਹੰਕਾਰ | ੧੫੮ |
| ਗੁਰਮਤਿ ਬਾਜੈ ਸਬਦੁ | ੧੫੯ |
| ਗੁਰਮੁਖਿ ਜਿੰਦੂ ਜਪਿ | ੧੬੧ |
| ਆਉ ਸਖੀ ਗੁਣ ਕਾਮਣ | ੧੬੩ |
| ਮਨ ਮਾਹੀ ਮਨ ਮਾਹੀ | ੧੬੬ |
| ਚੋਜੀ ਮੇਰੇ ਗੋਵਿੰਦਾ ਚੋਜੀ | ੧੭੦ |
| ਮੈ ਹਰਿ ਨਾਮੈ ਹਰਿ | ੧੭੪ |
| ਮੇਰਾ ਬਿਰਹੀ ਨਾਮੁ | ੧੭੬ |
| **ਮਹਲਾ ੫** | |
| ਕਿਨ ਬਿਧਿ ਕੁਸਲੁ ਹੋਤ | ੧੭੮ |
| ਕਿਉ ਭ੍ਰਮੀਐ ਭ੍ਰਮੁ ਕਿਸ | ੧੮੨ |
| ਕਈ ਜਨਮ ਭਏ ਕੀਟ | ੧੮੪ |
| ਕਰਮ ਭੂਮਿ ਮਹਿ ਬੋਅਹ | ੧੮੭ |
| ਗੁਰ ਕਾ ਬਚਨੁ ਸਦਾ | ੧੮੯ |
| ਜਿਨਿ ਕੀਤਾ ਮਾਟੀ ਤੇ | ੧੯੧ |
| ਤਿਸ ਕੀ ਸਰਣਿ ਨਾਹੀ | ੧੯੩ |
| ਸੁਣਿ ਹਰਿ ਕਥਾ ਉਤਾਰੀ | ੧੯੫ |
| ਅਗਲੇ ਮੁਏ ਸਿ ਪਾਛੈ | ੧੯੭ |
| ਅਨਿਕ ਜਤਨ ਨਹੀ ਹੋਤ | ੨੦੦ |
| ਬਹੁਤੁ ਦਰਬੁ ਕਰਿ ਮਨੁ | ੨੦੨ |
| ਬਹੁ ਰੰਗ ਮਾਇਆ ਬਹੁ | ੨੦੬ |
| ਪ੍ਰਾਣੀ ਜਾਣੈ ਇਹੁ ਤਨੁ | ੨੦੯ |
| ਤਉ ਕਿਰਪਾ ਤੇ ਮਾਰਗੁ | ੨੧੧ |
| ਆਨ ਰਸਾ ਜੇਤੇ ਤੈ ਚਾਖੇ | ੨੧੩ |
| ਮਨੁ ਮੰਦਰੁ ਤਨੁ ਸਾਜੀ | ੨੧੫ |
| ਰੈਣਿ ਦਿਨਸੁ ਰਹੈ ਇਕ | ੨੨੦ |
| ਤੂੰ ਮੇਰਾ ਸਖਾ ਤੂੰਹੀ ਮੇਰਾ | ੨੨੩ |
| ਬਿਆਪਤ ਹਰਖ ਸੋਗ | ੨੨੫ |
| ਨੈਨਹੁ ਨੀਦ ਪਰ ਦ੍ਰਿਸਟਿ | ੨੨੮ |
| ਜਾ ਕੈ ਵਸਿ ਖਾਨ ਸੁਲਤਾਨ | ੨੩੧ |
| ਸਤਿਗੁਰ ਦਰਸਨਿ | ੨੩੩ |
| ਸਾਧਸੰਗਿ ਜਪਿਓ | ੨੩੬ |
| ਬੰਧਨ ਤੋੜਿ ਬੋਲਾਵੈ | ੨੩੯ |
| ਜਿਸੁ ਮਨਿ ਵਸੈ ਤਰੈ | ੨੪੨ |
| ਜੀਅ ਜੁਗਤਿ ਜਾ ਕੈ | ੨੪੪ |
| ਗੁਰ ਪਰਸਾਦਿ ਨਾਮਿ | ੨੪੬ |
| ਹਸਤ ਪੁਨੀਤ ਹੋਹਿ | ੨੪੮ |
| ਜੋ ਪਰਾਇਓ ਸੋਈ | ੨੫੦ |
| ਕਲਿਜੁਗ ਮਹਿ ਮਿਲਿ | ੨੫੧ |
| ਹਮ ਧਨਵੰਤ ਭਾਗਠ | ੨੫੪ |
| ਡਰਿ ਡਰਿ ਮਰਤੇ ਜਬ | ੨੫੭ |
| ਜਾ ਕਾ ਮੀਤੁ ਸਾਜਨੁ ਹੈ | ੨੫੮ |
| ਜਾ ਕੈ ਦੁਖੁ ਸੁਖੁ ਸਮ ਕਰਿ | ੨੫੯ |
| ਅਗਮ ਰੂਪ ਕਾ ਮਨ | ੨੬੦ |
| ਕਵਨ ਰੂਪੁ ਤੇਰਾ | ੨੬੨ |
| ਆਪਨ ਤਨੁ ਨਹੀ | ੨੬੪ |
| ਗੁਰ ਕੇ ਚਰਣ ਊਪਰਿ | ੨੬੬ |
| ਰੇ ਮਨ ਮੇਰੇ ਤੂੰ ਤਾ ਕਉ | ੨੬੭ |
| ਮੀਤੁ ਕਰੈ ਸੋਈ ਹਮ | ੨੬੮ |
| ਜਾ ਕਉ ਤੁਮ ਭਏ ਸਮਰਥ | ੨੬੯ |
| ਦੁਲਭ ਦੇਹ ਪਾਈ ਵਡਭਾਗੀ | ੨੭੦ |
| ਕਾ ਕੀ ਮਾਈ ਕਾ ਕੋ ਬਾਪ | ੨੭੧ |
| ਵਡੇ ਵਡੇ ਜੋ ਦੀਸਹਿ | ੨੭੩ |
| ਪੂਰਾ ਮਾਰਗੁ ਪੂਰਾ ਇਸਨਾਨੁ | ੨੭੪ |
| ਸੰਤ ਕੀ ਧੂਰਿ ਮਿਟੇ ਅਘ | ੨੭੫ |
| ਹਰਿ ਗੁਣ ਜਪਤ ਕਮਲੁ | ੨੭੬ |
| ਏਕਸੁ ਸਿਉ ਜਾ ਕਾ ਮਨੁ | ੨੭੭ |
| ਨਾਮੁ ਭਗਤ ਕੈ ਪ੍ਰਾਨ | ੨੭੮ |
| ਸੰਤ ਪ੍ਰਸਾਦਿ ਹਰਿ ਨਾਮੁ | ੨੭੯ |
| ਕਰ ਕਰਿ ਟਹਲ ਰਸਨਾ | ੨੮੦ |
| ਜਾ ਕਉ ਅਪਨੀ ਕਿਰਪਾ | ੨੮੧ |
| ਛਾਡਿ ਸਿਆਨਪ ਬਹੁ | ੨੮੩ |
| ਰਾਖਿ ਲੀਆ ਗੁਰਿ ਪੂਰੈ | ੨੮੩ |
| ਅਨਿਕ ਰਸ ਖਾਏ ਜੈਸੇ | ੨੮੪ |
| ਕਲਿ ਕਲੇਸ ਗੁਰ | ੨੮੬ |
| ਸਾਧਸੰਗਿ ਤਾ ਕੀ | ੨੮੭ |
| ਸੂਕੇ ਹਰੇ ਕੀਏ ਖਿਨ | ੨੮੮ |
| ਤਾਪ ਗਏ ਪਾਈ ਪ੍ਰਭਿ | ੨੮੯ |
| ਭਲੇ ਦਿਨਸ ਭਲੇ | ੨੯੦ |
| ਗੁਰ ਕਾ ਸਬਦੁ ਰਾਖੁ ਮਨ | ੨੯੨ |

| | |
|---|---|
| ਜਿਸੁ ਸਿਮਰਤੁ ਦੂਖੁ ਸਭੁ | ੨੯੩ |
| ਭੈ ਮਹਿ ਰਚਿਓ ਸਭੁ | ੨੯੪ |
| ਤੁਮਰੀ ਕ੍ਰਿਪਾ ਤੇ ਜਪੀਐ | ੨੯੫ |
| ਕਣ ਬਿਨਾ ਜੈਸੇ ਥੋਥਰ | ੨੯੬ |
| ਤੂੰ ਸਮਰਥੁ ਤੂੰਹੈ ਮੇਰਾ | ੨੯੭ |
| ਤਾ ਕਾ ਦਰਸ ਪਾਈਐ | ੨੯੮ |
| ਹਰਿ ਸਿਮਰਤ ਤੇਰੀ | ੨੯੯ |
| ਹਿਰਦੈ ਚਰਨ ਕਮਲ | ੩੦੦ |
| ਗੁਰ ਜੀ ਕੇ ਦਰਸਨ | ੩੦੧ |
| ਕਰੈ ਦੁਹ ਕਰਮ ਦਿਖਾਵੈ | ੩੦੨ |
| ਰਾਮ ਰੰਗੁ ਕਦੇ ਉਤਰਿ | ੩੦੩ |
| ਸਿਮਰਤ ਸੁਆਮੀ | ੩੦੪ |
| ਹਰਿ ਚਰਣੀ ਜਾ ਕਾ ਮਨੁ | ੩੦੫ |
| ਹਰਿ ਸਿਮਰਤ ਸਭਿ | ੩੦੬ |
| ਜਿਸ ਕਾ ਦੀਆ ਪੈਨੈ | ੩੦੭ |
| ਪ੍ਰਭ ਕੇ ਚਰਨ ਮਨ ਮਾਹਿ | ੩੦੮ |
| ਖਾਦਾ ਪੈਨਦਾ ਮੂਕਰਿ | ੩੦੯ |
| ਅਪਨੇ ਲੋਭ ਕਉ ਕੀਨੋ | ੩੧੧ |
| ਕੋਟਿ ਬਿਘਨ ਹਿਰੇ ਖਿਨ | ੩੧੨ |
| ਕਰਿ ਕਿਰਪਾ ਭੇਟੇ ਗੁਰ | ੩੧੩ |
| ਬਿਖੈ ਰਾਜ ਤੇ ਅੰਧੁਲਾ | ੩੧੫ |
| ਆਠ ਪਹਰ ਸੰਗੀ | ੩੧੬ |
| ਥਾਤੀ ਪਾਈ ਹਰਿ ਕੋ | ੩੧੭ |
| ਜਲਿ ਥਲਿ ਮਹੀਅਲਿ | ੩੧੮ |
| ਹਰਿ ਹਰਿ ਨਾਮਿ ਮਜਨੁ | ੩੧੯ |
| ਪਉ ਸਰਣਾਈ ਜਿਨਿ | ੩੨੦ |
| ਬਾਹਰਿ ਰਾਖਿਓ ਰਿਦੈ | ੩੨੧ |
| ਧੰਨੁ ਇਹੁ ਥਾਨੁ ਗੋਵਿੰਦ | ੩੨੨ |
| ਜੋ ਪ੍ਰਾਣੀ ਗੋਵਿੰਦੁ | ੩੨੩ |
| ਹਰਿ ਕੇ ਦਾਸ ਸਿਉ | ੩੨੫ |
| ਸਾ ਮਤਿ ਨਿਰਮਲ ਕਹੀਅਤ | ੩੩੩ |
| ਐਸੀ ਪ੍ਰੀਤਿ ਗੋਵਿੰਦ | ੩੩੪ |
| ਰਾਮ ਰਸਾਇਣਿ ਜੋ ਜਨ | ੩੩੫ |
| ਨਿਤਪ੍ਰਤਿ ਨਾਵਣੁ ਰਾਮ ਸਰਿ | ੩੩੬ |
| ਸੋ ਕਿਛੁ ਕਰਿ ਜਿਤੁ ਮੈਲੁ | ੩੪੦ |
| ਜੀਵਤ ਛਾਡਿ ਜਾਹਿ | ੩੪੨ |
| ਗਰੀਬਾ ਉਪਰਿ ਜਿ | ੩੪੩ |
| ਮਹਜਰੁ ਝੂਠਾ ਕੀਤੋਨੁ | ੩੪੪ |
| ਜਨ ਕੀ ਧੂਰਿ ਮਨ ਮੀਠ | ੩੪੭ |
| ਜੀਵਨ ਪਦਵੀ ਹਰਿ ਕੇ | ੩੪੮ |
| ਸਾਂਤਿ ਭਈ ਗੁਰ ਗੋਬਿਦਿ | ੩੪੯ |
| ਨੇਤ੍ਰ ਪ੍ਰਗਾਸੁ ਕੀਆ | ੩੫੦ |
| ਧਨੁ ਓਹੁ ਮਸਤਕੁ ਧਨੁ | ੩੫੧ |
| ਤੂੰਹੈ ਮਸਲਤਿ ਤੂੰਹੈ | ੩੫੧ |
| ਸਤਿਗੁਰੁ ਪੂਰਾ ਭਇਆ | ੩੫੨ |
| ਧੋਤੀ ਖੋਲਿ ਵਿਛਾਏ ਹੇਠਿ | ੩੫੩ |
| ਥਿਰੁ ਘਰਿ ਬੈਸਹੁ ਹਰਿ ਜਨ | ੩੫੫ |
| ਹਰਿ ਸੰਗਿ ਰਾਤੇ ਭਾਹਿ | ੩੫੬ |
| ਉਦਮੁ ਕਰਤ ਸੀਤਲ | ੩੫੯ |
| ਕੋਟਿ ਮਜਨ ਕੀਨੋ | ੩੬੦ |
| ਸਿਮਰਿ ਸਿਮਰਿ | ੩੬੨ |
| ਅਪਨੇ ਸੇਵਕ ਕਉ | ੩੬੩ |
| ਰਾਮ ਕੋ ਬਲੁ ਪੂਰਨ | ੩੬੪ |
| ਭੁਜ ਬਲ ਬੀਰ ਬ੍ਰਹਮ | ੩੬੫ |
| ਦਯ ਗੁਸਾਈ ਮੀਤੁਲਾ | ੩੬੬ |
| ਹੈ ਕੋਈ ਰਾਮ ਪਿਆਰੋ | ੩੬੮ |
| ਕਵਨ ਗੁਨ ਪ੍ਰਾਨਪਤਿ | ੩੭੦ |
| ਪ੍ਰਭ ਮਿਲਬੇ ਕਉ | ੩੭੩ |
| ਨਿਕਸੁ ਰੇ ਪੰਖੀ ਸਿਮਰਿ | ੩੭੪ |
| ਹਰਿ ਪੇਖਨ ਕਉ | ੩੭੫ |
| ਕਿਨ ਬਿਧਿ ਮਿਲੈ | ੩੭੬ |
| ਐਸੋ ਪਰਚਉ ਪਾਇਓ | ੩੭੯ |
| ਅਉਧ ਘਟੈ ਦਿਨਸੁ | ੩੮੧ |
| ਰਾਖੁ ਪਿਤਾ ਪ੍ਰਭ ਮੇਰੇ | ੩੮੩ |
| ਓਹੁ ਅਬਿਨਾਸੀ ਰਾਇਆ | ੩੮੪ |
| ਛੋਡਿ ਛੋਡਿ ਰੇ ਬਿਖਿਆ ਕੇ | ੩੮੭ |
| ਤੁਝ ਬਿਨੁ ਕਵਨੁ ਹਮਾਰਾ | ੩੮੯ |
| ਤੁਝ ਬਿਨੁ ਕਵਨੁ ਰੀਝਾਵੈ | ੩੯੧ |
| ਮਿਲਹੁ ਪਿਆਰੇ ਜੀਆ | ੩੯੨ |
| ਹਉ ਤਾ ਕੈ ਬਲਿਹਾਰੀ | ੩੯੩ |
| ਜੋਗ ਜੁਗਤਿ ਸੁਨਿ | ੩੯੪ |
| ਅਨੂਪ ਪਦਾਰਥੁ ਨਾਮੁ | ੩੯੭ |
| ਦਇਆ ਮਇਆ ਕਰਿ | ੩੯੯ |
| ਤੁਮ ਹਰਿ ਸੇਤੀ ਰਾਤੇ | ੪੦੦ |

| | |
|---|---|
| ਸਹਜਿ ਸਮਾਇਓ ਦੇਵ | ੪੦੨ |
| ਪਾਰਬ੍ਰਹਮ ਪੂਰਨ | ੪੦੩ |
| ਹਰਿ ਹਰਿ ਕਬਹੂ ਨ ਮਨਹੁ | ੪੦੫ |
| ਸੁਖੁ ਨਾਹੀ ਰੇ ਹਰਿ | ੪੦੬ |
| ਮਨ ਧਰ ਤਰਬੇ ਹਰਿ | ੪੦੮ |
| ਦੀਬਾਨੁ ਹਮਾਰੋ ਤੁਹੀ | ੪੦੯ |
| ਜੀਅਰੇ ਓਲ੍ਾ ਨਾਮ ਕਾ | ੪੧੦ |
| ਬਾਰਨੈ ਬਲਿਹਾਰਨੈ | ੪੧੧ |
| ਹਰਿ ਹਰਿ ਹਰਿ ਆਰਾਧੀਐ | ੪੧੨ |
| ਮਨ ਰਾਮ ਨਾਮ ਗੁਨ | ੪੧੩ |
| ਰਸਨਾ ਜਪੀਐ ਏਕੁ | ੪੧੩ |
| ਜਾ ਕਉ ਬਿਸਰੈ ਰਾਮ | ੪੧੪ |
| ਗਰਬੁ ਬਡੋ ਮੂਲੁ ਇਤਨੋ | ੪੧੫ |
| ਮੋਹਿ ਦਾਸਰੋ ਠਾਕੁਰ ਕੋ | ੪੧੬ |
| ਹੈ ਕੋਈ ਐਸਾ ਹਉਮੈ | ੪੧੭ |
| ਚਿੰਤਾਮਣਿ ਕਰੁਣਾਮਏ | ੪੧੮ |
| ਮੇਰੇ ਮਨ ਸਰਣਿ ਪ੍ਰਭੂ | ੪੧੮ |
| ਮੇਰੇ ਮਨ ਗੁਰੁ ਗੁਰੁ | ੪੨੦ |
| ਤ੍ਰਿਸਨਾ ਬਿਰਲੇ ਹੀ ਕੀ | ੪੨੨ |
| ਸਭਹੂ ਕੋ ਰਸੁ ਹਰਿ ਹੋ | ੪੨੪ |
| ਗੁਨ ਕੀਰਤਿ ਨਿਧਿ | ੪੨੫ |
| ਮਾਤੋ ਹਰਿ ਰੰਗਿ ਮਾਤੋ | ੪੨੬ |
| ਹਰਿ ਨਾਮ ਲੇਹੁ ਮੀਤਾ | ੪੨੭ |
| ਪਾਇਓ ਬਾਲ ਬੁਧਿ | ੪੨੯ |
| ਭਾਵਨੁ ਤਿਆਗਿਓ ਰੀ | ੪੩੦ |
| ਪਾਇਆ ਲਾਲੁ ਰਤਨੁ | ੪੩੨ |
| ਉਬਰਤ ਰਾਜਾ ਰਾਮ | ੪੩੪ |
| ਮੋਕਉ ਇਹ ਬਿਧਿ ਕੋ | ੪੩੫ |
| ਹਰਿ ਬਿਨੁ ਅਵਰ ਕ੍ਰਿਆ | ੪੩੮ |
| ਮਾਧਉ ਹਰਿ ਹਰਿ ਹਰਿ | ੪੪੦ |
| ਦੀਨ ਦਇਆਲ ਦਮੋਦਰ | ੪੪੧ |
| ਆਉ ਹਮਾਰੈ ਰਾਮ | ੪੪੩ |
| ਸੁਣਿ ਸੁਣਿ ਸਾਜਨ ਮਨ | ੪੪੫ |
| ਤੂੰ ਮੇਰਾ ਬਹੁ ਮਾਣੁ ਕਰਤੇ | ੪੪੭ |
| ਦੁਖ ਭੰਜਨੁ ਤੇਰਾ ਨਾਮੁ | ੪੫੦ |
| ਹਰਿ ਰਾਮ ਰਾਮ ਰਾਮ | ੪੫੨ |
| ਮੀਠੇ ਹਰਿ ਗੁਣ ਗਾਉ | ੪੫੪ |


**ਮਹਲਾ ੯**


| | |
|---|---|
| ਸਾਧੋ ਮਨ ਕਾ ਮਾਨ | ੪੫੫ |
| ਸਾਧੋ ਰਚਨਾ ਰਾਮ | ੪੫੭ |
| ਪ੍ਰਾਨੀ ਕਉ ਹਰਿ ਜਸੁ | ੪੫੯ |
| ਸਾਧੋ ਇਹੁ ਮਨੁ ਗਹਿਓ | ੪੬੦ |
| ਸਾਧੋ ਗੋਬਿੰਦ ਕੇ ਗੁਨ | ੪੬੧ |
| ਕੋਊ ਮਾਈ ਭੂਲਿਓ ਮਨੁ | ੪੬੨ |
| ਸਾਧੋ ਰਾਮ ਸਰਨਿ | ੪੬੩ |
| ਮਨ ਰੇ ਕਹਾ ਭਇਓ ਤੈ | ੪੬੪ |
| ਨਰ ਅਚੇਤ ਪਾਪ ਤੇ ਡਰੁ | ੪੬੫ |


**ਅਸਟਪਦੀਆ ਮਹਲਾ ੧**


| | |
|---|---|
| ਨਿਧਿ ਸਿਧਿ ਨਿਰਮਲ | ੪੬੬ |
| ਮਨੁ ਕੁੰਚਰੁ ਕਾਇਆ | ੪੭੧ |
| ਨਾ ਮਨੁ ਮਰੈ ਨ ਕਾਰਜੁ | ੪੭੬ |
| ਹਉਮੈ ਕਰਤਿਆ ਨਹ | ੪੭੯ |
| ਦੂਜੀ ਮਾਇਆ ਜਗਤ | ੪੮੩ |
| ਅਧਿਆਤਮ ਕਰਮ | ੪੮੫ |
| ਖਿਮਾ ਗਹੀ ਬ੍ਰਤੁ ਸੀਲ | ੪੮੭ |
| ਐਸੋ ਦਾਸੁ ਮਿਲੈ ਸੁਖੁ | ੪੯੦ |
| ਬ੍ਰਹਮੈ ਗਰਬੁ ਕੀਆ | ੪੯੩ |
| ਚੋਆ ਚੰਦਨੁ ਅੰਕਿ | ੫੦੬ |
| ਸੇਵਾ ਏਕ ਨ ਜਾਨਸਿ | ੫੧੦ |
| ਹਠੁ ਕਰਿ ਮਰੈ ਨ ਲੇਖੈ | ੫੧੩ |
| ਹਉਮੈ ਕਰਤ ਭੇਖੀ ਨਹੀ | ੫੧੫ |
| ਪ੍ਰਥਮੇ ਬ੍ਰਹਮਾ ਕਾਲੈ | ੫੧੭ |
| ਬੋਲਹਿ ਸਾਚੁ ਮਿਥਿਆ | ੫੨੧ |
| ਰਾਮਿ ਨਾਮਿ ਚਿਤੁ ਰਾਪੈ | ੫੨੪ |
| ਜਿਉ ਗਾਈ ਕਉ ਗੋਇਲੀ | ੫੨੬ |
| ਗੁਰਪਰਸਾਦੀ ਬੂਝਿ ਲੇ | ੫੩੦ |


**ਮਹਲਾ ੩ ਅਸਟਪਦੀਆ**


| | |
|---|---|
| ਮਨ ਕਾ ਸੂਤਕੁ ਦੂਜਾ | ੫੩੩ |
| ਗੁਰਮੁਖਿ ਸੇਵਾ ਪ੍ਰਾਨ | ੫੩੬ |
| ਇਸੁ ਜੁਗ ਕਾ ਧਰਮੁ | ੫੩੮ |
| ਬ੍ਰਹਮਾ ਮੂਲੁ ਵੇਦ | ੫੪੧ |
| ਬ੍ਰਹਮਾ ਵੇਦੁ ਪੜੈ ਵਾਦੁ | ੫੪੪ |
| ਤ੍ਰੈ ਗੁਣ ਵਖਾਣੈ ਭਰਮੁ | ੫੪੭ |

ਨਾਮੁ ਅਮੋਲਕੁ ਗੁਰਮੁਖਿ ੫੪੯
ਮਨ ਹੀ ਮਨੁ ਸਵਾਰਿਆ ੫੫੩
ਸਤਿਗੁਰ ਤੇ ਜੋ ਮੁਹੁ ਫੇਰੇ ੫੫੬

**ਮਹਲਾ ੪ ਕਰਹਲੇ**

ਕਰਹਲੇ ਮਨ ਪਰਦੇਸੀਆ ੫੫੮
ਮਨ ਕਰਹਲਾ ਵੀਚਾਰੀਆ ੫੬੨

**ਮਹਲਾ ੫ ਅਸਟਪਦੀਆ**

ਜਬ ਇਹੁ ਮਨ ਮਹਿ ੫੬੫
ਗੁਰ ਸੇਵਾ ਤੇ ਨਾਮੇ ਲਾਗਾ ੫੬੯
ਗੁਰ ਕਾ ਸਬਦੁ ਰਿਦ ੫੭੨
ਪ੍ਰਥਮੇ ਗਰਭ ਵਾਸ ਤੇ ੫੭੫
ਜੋ ਇਸੁ ਮਾਰੇ ਸੋਈ ਸੂਰਾ ੫੭੯
ਹਰਿ ਸਿਉ ਜੁਰੈ ਤ ਸਭੁ ਕੋ ੫੮੨
ਬਿਨੁ ਸਿਮਰਨ ਜੈਸੇ ੫੮੫
ਗੁਰ ਕੈ ਬਚਨਿ ਮੋਹਿ ੫੮੭
ਤਿਸੁ ਗੁਰ ਕਉ ੫੮੯
ਮਿਲੁ ਮੇਰੇ ਗੋਬਿੰਦ ੫੯੧
ਆਦਿ ਮਧਿ ਜੋ ਅੰਤਿ ੫੯੨
ਖੋਜਤ ਫਿਰੇ ਅਸੰਖ ਅੰਤੁ ੫੯੪
ਨਾਰਾਇਣ ਹਰਿ ਰੰਗ ੫੯੬
ਹਰਿ ਹਰਿ ਗੁਰੁ ਗੁਰੁ ੫੯੮
ਰੰਗ ਸੰਗਿ ਬਿਖਿਆ ਕੇ ੫੯੯

**ਛੰਤ ਮਹਲਾ ੧**

ਮੁੰਧ ਰੈਣਿ ਦੁਹੇਲੜੀਆ ੬੦੧
ਸੁਣਿ ਨਾਹ ਪ੍ਰਭੂ ਜੀਉ ੬੦੭

**ਛੰਤ ਮਹਲਾ ੩**

ਸਾ ਧਨ ਬਿਨਉ ਕਰੇ ੬੧੧
ਪਿਰ ਬਿਨੁ ਖਰੀ ੬੧੫
ਕਾਮਣਿ ਹਰਿ ਰਸਿ ਬੇਧੀ ੬੧੮
ਮਾਇਆ ਸਰੁ ਸਬਲੁ ੬੨੨
ਗੁਰ ਕੀ ਸੇਵਾ ਕਰਿ ੬੨੫

**ਛੰਤ ਮਹਲਾ ੫**

ਮੇਰੈ ਮਨਿ ਬੈਰਾਗੁ ੬੨੯
ਮੋਹਨ ਤੇਰੇ ਊਚੇ ਮੰਦਰ ੬੩੩
ਪਤਿਤ ਅਸੰਖ ਪੁਨੀਤ ੬੪੨
ਸੁਣਿ ਸਖੀਏ ਮਿਲਿ ੬੪੬

**ਬਾਵਨ ਅਖਰੀ ਮਹਲਾ ੫**

ਗੁਰਦੇਵ ਮਾਤਾ ਗੁਰਦੇਵ ੬੪੯

**ਸੁਖਮਨੀ ਮ: ੫**

ਆਦਿ ਗੁਰਏ ਨਮਹ ੭੩੧

# ਤਤਕਰਾ ਸਾਖੀਆਂ

## ਰਾਗੁ ਗਉੜੀ


ਸਾਖੀ ਜਲਾਲੀ ਫ਼ਕੀਰ ਦੀ ੫੧
ਸਾਖੀ ਇਕ ਲਾਲਚੀ ਪੁਰਸ਼ ਦੀ ੫੯
ਸਾਖੀ ਰੁਕਮਣੀ ਦੀ ੬੭
ਸਾਖੀ ਰਾਜੇ ਦੇ ਪੁੱਤਰ ਨਾ ਹੋਣ ਦੀ ੧੦੦
ਸਾਖੀ ਕੁਤਰਕਾਂ ਕੱਢਣ ਵਾਲੇ ਪੁਰਖ ਦੀ ੧੫੦
ਸਾਖੀ ਭਾਈ ਨੰਦ ਲਾਲ ਜੀ ਦੀ ੧੬੬
ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦੁਨੀ ਚੰਦ ਦੀ ੨੦੩
ਸਾਖੀ ਭਾਈ ਸੰਗਤੀਆ ਜੀ ੨੩੩
ਸਾਖੀ ਇਕ ਤੋਤੇ ਅਤੇ ਮਹਾਤਮਾ ਦੀ ੨੩੯
ਸਾਖੀ ਸਤੀ ਪਦਮਾਵਤੀ ਦੀ ੨੫੨
ਸਾਖੀ ਇਕ ਪੰਡਿਤ ਦੀ ੨੭੨
ਸਾਖੀ ਭੰਗੀ ਦੀ ੨੭੩
ਸਾਖੀ ਭਾਈ ਘਨੱਈਆ ਜੀ ੨੮੨
ਸਾਖੀ ਭਗਤ ਧ੍ਰੂ ਜੀ ਦੀ ੩੧੧
ਸਾਖੀ ਸੰਤ ਸੁੰਦਰ ਸਿੰਘ ਭਿੰਡਰਾਂਵਾਲੇ ੩੨੪
ਸਾਖੀ ਭਗਤ ਕਬੀਰ ਜੀ ੩੫੬
ਸਾਖੀ ਸਨਕਾਦਿਕਾਂ ਦੀ ੩੬੯
ਸਾਖੀ ਸਵਰਗ ਦੇ ਰਾਜੇ ਇੰਦ੍ਰ ਦੀ ੪੨੩
ਸਾਖੀ ਇਕ ਰਾਜੇ ਦੀ ੪੩੦
ਸਾਖੀ ਕ੍ਰਿਸ਼ਨ ਭਗਵਾਨ ਦੀ ੪੪੧
ਸਾਖੀ ਸੰਤ ਬਿਸ਼ਨ ਸਿੰਘ ਜੀ ੪੪੯
ਸਾਖੀ ਹਾਥੀ ਤੇ ਤੰਦੂਏ ਦੀ ੪੬੧
ਸਾਖੀ ਬ੍ਰਹਮਾ ਦੇ ਹੰਕਾਰ ਕਰਨ ਦੀ ੪੯੩
ਸਾਖੀ ਰਾਜੇ ਬਲਿ ਦੀ ੪੯੪
ਸਾਖੀ ਰਾਜੇ ਹਰੀਚੰਦ ਦੀ ੪੯੫
ਸਾਖੀ ਸਹੰਸ੍ਰਬਾਹੂ ਦੀ ੪੯੮
ਸਾਖੀ ਮੱਧ ਅਤੇ ਕੈਟਭ ਦੀ ੫੦੦
ਸਾਖੀ ਮਹਿਖਾਸੁਰ ਦੀ ੫੦੦
ਸਾਖੀ ਜਰਾਸਿੰਧ ੫੦੧
ਸਾਖੀ ਕਾਲਜਮੁਨ ਦੀ ੫੦੨
ਸਾਖੀ ਰਕਤਬੀਜ ਦੀ ੫੦੨
ਸਾਖੀ ਕਾਲ ਨੇਮ ਦੀ ੫੦੩
ਸਾਖੀ ਦੁਰਜੋਧਨ ਦੀ ੫੦੪
ਸਾਖੀ ਫੁੱਲਾਂ ਵਾਲੀ ਸੇਜਾ ਦੀ ੫੦੮
ਸਾਖੀ ਭਾਈ ਪਰਾਣਾ ਜੀ ੬੯੪
ਸਾਖੀ ਰੈਂਬਾ ਦੀ ੭੦੫
ਸਾਖੀ ਭਾਈ ਗੜੀਆ ਜੀ ੭੩੫
ਸਾਖੀ ਸੰਤ ਬਾਬਾ ਕਰਮ ਸਿੰਘ ਹੋਤੀਮਰਦਾਨ ੭੩੬
ਸਾਖੀ ਅਦਨ ਦੇਸ਼ ਦੇ ਰਾਜੇ ਦੀ ੭੪੦
ਸਾਖੀ ਮੂਰਖ ਰਾਜੇ ਦੀ ੭੪੮
ਸਾਖੀ ਰਾਜੇ ਬਿਕਰਮਾਜੀਤ ਦੀ (ਪੁੰਨਾਂ ਦਾ ਫਲ) ੭੮੩
ਸਾਖੀ ਪੰਡਿਤ ਨਿਤਾ ਨੰਦ ਅਤੇ ਗੁਰਸਿੱਖਾਂ ਦੀ ੭੯੨
ਸਾਖੀ ਹਰੀ ਚੰਦ ਰਾਜੇ ਦੀ ੭੯੫
ਸਾਖੀ ਸੰਤਾਂ ਦੀ ਮਹਿਮਾ ੭੯੬
ਸਾਖੀ ਭਾਈ ਰਾਮ ਕੁਇਰ ਜੀ ੮੦੦
ਸਾਖੀ ਸੰਤ ਕਰਮ ਸਿੰਘ ਜੀ ਦੀ ੮੦੨
ਸਾਖੀ ਇਕ ਪੰਡਤ ਦੀ ੮੦੫
ਸਾਖੀ ਜੀਵਨ ਮੁਕਤ ਮਹਾਤਮਾ ਤੇ ਰਾਜੇ ਦੀ ੮੧੪
ਸਾਖੀ ਸਰਾਂਕ ਰਾਜੇ ਦੀ ੮੨੬
ਸਾਖੀ ਸਿਕੰਦਰ ਬਾਦਸ਼ਾਹ ਦੀ ੮੩੬
ਸਾਖੀ ਸ਼ੇਖ਼ ਚਿੱਲੀ ਦੀ ੮੩੭
ਸਾਖੀ ਅੰਬਰੀਕ ਰਾਜੇ ਦੀ ੮੪੧
ਸਾਖੀ ਚੇਤੋ ਮਸੰਦ ਦੀ ਝੂਠ ਬੋਲਣ ਦੀ ੮੪੬
ਸਾਖੀ ਭਾਈ ਮਹਾਂ ਸਿੰਘ ਜੀ ਦੀ ੮੫੬
ਸਾਖੀ ਰਾਜੇ ਤੇ ਵਜ਼ੀਰ ਦੀ ੮੬੨
ਸਾਖੀ ਸੰਤਾਂ ਦੇ ਬਚਨ ਮੰਨਣ ਦੀ ੮੭੧
ਸਾਖੀ ਕਬੀਰ ਜੀ ਦੀ ੮੮੦
ਸਾਖੀ ਭਾਈ ਜੋਗਾ ਸਿੰਘ ਦੀ ੮੮੫
ਸਾਖੀ ਦਸਮੇਸ਼ ਪਿਤਾ ਦੀ ੮੯੧
ਸਾਖੀ ਰਾਧਕਾ ਦੁਆਰਾ ਭਗਵਾਨ ਕ੍ਰਿਸ਼ਨ ਦੇ ਚਰਨ ਹਿਰਦੇ ਵਿਚ ਵਸਾਉਣ ਦੀ ੮੯੪
ਸਾਖੀ ਭਗਵਾਨ ਕ੍ਰਿਸ਼ਨ ਜੀ ਤੇ ਸ਼ੇਰ ਦੀ ੯੦੨
ਸਾਖੀ ਹਿਰਨੀ ਦੀ ੯੨੧
ਸਾਖੀ ਪਰੂਰਵ ਰਾਜੇ ਦੀ ੯੪੦
ਸਾਖੀ ਵਜ਼ੀਰ ਖ਼ਾਂ ਦੀ ੯੪੪
ਸਾਖ ਰਸੋਈਏ ਦੇ ਮੁਕਤ ਹੋਣ ਦੀ ੯੪੬
ਸਾਖੀ ਗੋਪਾਲ ਮਹਾਂਪੁਰਸ਼ ਦੀ ੯੪੭
ਸਾਖੀ ਸੁਖਮਨੀ ਸਾਹਿਬ ਬਾਣੀ ਦੇ ਪ੍ਰਤਾਪ 'ਤੇ ੯੫੮

# ਰਾਗੁ ਗਉੜੀ

## ਰਾਗ ਗਉੜੀ ਬਾਰੇ ਕੁਝ ਵਿਸ਼ੇਸ਼ ਵਿਚਾਰ ਇਸ ਪ੍ਰਕਾਰ ਹੈ :

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਕੱਤੀ (੩੧) ਰਾਗਾਂ ਵਿਚ ਵੰਡੀ ਹੋਈ ਹੈ, ਤੀਹ ਰਾਗ ਰਾਗਣੀਆਂ ਪੁਰਾਤਨ ਤੇ ਇਕੱਤੀਵਾਂ ਰਾਗ ਜੈਜਾਵੰਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਕਥਨ ਕੀਤਾ ਹੋਇਆ ਹੈ, ਪਹਿਲਾ ਸਿਰੀਰਾਗ, ਦੂਸਰਾ ਮਾਝ ਰਾਗ, ਤੀਸਰਾ ਗਉੜੀ ਰਾਗ ਹੈ। ਰਾਗ ਗਉੜੀ ਇਕ ਪ੍ਰਾਚੀਨ ਅਤੇ ਪ੍ਰਸਿੱਧ ਰਾਗ ਹੈ ਇਸ ਰਾਗ ਅਧੀਨ ਮਹਲਾ ੧, ੩, ੪, ੫, ੯ ਅਤੇ ਭਗਤ ਕਬੀਰ ਜੀ ਦੀ ਬਾਣੀ ਅੰਕਤ ਹੈ ਰਾਗ ਗਉੜੀ ਬਾਰੇ ਗੁਰੂ ਅਮਰਦਾਸ ਸਾਹਿਬ ਜੀ ਦਾ ਫ਼ੁਰਮਾਣ ਹੈ, ਜੈਸਾ ਕਿ :

**ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥**
**ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥** *(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੧੧)*

ਗੁਰਮਤਿ ਸੰਗੀਤ ਤੋਂ ਇਲਾਵਾ ਭਾਰਤੀ ਸੰਗੀਤ ਵਿਚ ਵੀ ਗਉੜੀ ਰਾਗ ਪੁਰਾਤਨ ਅਤੇ ਮਹੱਤਵਪੂਰਨ ਰਾਗ ਹੈ, ਭਾਰਤੀ ਸੰਗੀਤ ਦੇ ਗ੍ਰੰਥਾਂ ਵਿਚ ਇਸ ਨੂੰ ਕਈ ਨਾਵਾਂ ਨਾਲ ਲਿਖਿਆ ਗਿਆ ਹੈ, ਜਿਵੇਂ ਗੋਰੀ, ਗੌੜੀ, ਗਵਰੀ, ਗਉਰੀ ਆਦਿ।

ਗਉੜੀ ਸਿਰੀਰਾਗ ਦੀ ਰਾਗਣੀ ਹੈ ਜੋ ਰਾਗਮਾਲਾ ਵਿਚ ਦਰਜ ਹੈ, ਜੈਸਾ ਕਿ :

**ਬੈਰਾਰੀ ਕਰਨਾਟੀ ਧਰੀ॥ ਗਵਰੀ ਗਾਵਹਿ ਆਸਾਵਰੀ॥**
**ਤਿਹ ਪਾਛੈ ਸਿੰਧਵੀ ਅਲਾਪੀ॥ ਸਿਰੀਰਾਗ ਸਿਉ ਪਾਂਚਉ ਥਾਪੀ॥੧॥**

*(ਰਾਗਮਾਲਾ, ਅੰਗ ੧੪੩੦)*

**ਸੰਗੀਤ ਰਤਨਾਕਰ ਅਨੁਸਾਰ :** ਪੰਜ ਪ੍ਰਕਾਰ ਦੇ ਗੀਤਾਂ ਵਿਚ ਗਉੜੀ ਨੂੰ ਤੀਸਰਾ ਗੀਤ ਮੰਨਿਆ ਹੈ, ਇਸ ਦਾ ਵੇਰਵਾ ਇਉਂ ਹੈ—੧. ਸੁਧਾ ਗੀਤ ੨. ਭਿੰਨਾ ਗੀਤ ੩. ਗਉੜੀ ਗੀਤ ੪. ਬੈਸਰਾ ਗੀਤ ੫. ਸਾਧਾਰਨੀ ਗੀਤ

ਗਉੜੀ ਗੀਤ ਦਾ ਰੂਪ ਇਸ ਪ੍ਰਕਾਰ ਲਿਖਿਆ ਮਿਲਦਾ ਹੈ, ਜਿਥੇ ਰਾਗ ਦੇ ਸੁਰ ਇੱਕੋ ਜਿਹੇ ਉਚਾਰਨ ਹੋਣ ਮਨ ਨੂੰ ਪਿਆਰੇ ਵੀ ਲੱਗਦੇ ਹੋਣ, ਗੌੜਵ ਦੇਸ਼ ਵਿਚ ਉਨ੍ਹਾਂ ਦੀ ਪ੍ਰਸਿੱਧੀ ਵੀ ਹੋਵੇ ਉਸ ਨੂੰ ਗਉੜੀ ਗੀਤ ਕਹਿੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਇਕ ਇਹੋ ਹੀ ਅਜਿਹਾ ਰਾਗ ਹੈ। ਜਿਸ ਦੀਆਂ ਕਈ ਕਿਸਮਾਂ ਹਨ ਅਤੇ ਕਿਸਮਾਂ ਬਾਰੇ ਵਿਦਵਾਨਾਂ ਵਿਚ ਥੋੜਾ ਬਹੁਤਾ ਮਤ ਭੇਦ ਵੀ ਹੈ ਕਿਉਂਕਿ ਕਿਸੇ ਵਿਦਵਾਨ ੯, ਕਿਸੇ ਨੇ ੧੧, ਕਿਸੇ ਨੇ ੧੨ ਪ੍ਰਕਾਰ ਦੀ ਮੰਨੀ ਹੈ, ਜਿਨ੍ਹਾਂ ਨੌਂ ਪ੍ਰਕਾਰ ਦੀ ਮੰਨੀ ਹੈ ਉਨ੍ਹਾਂ ਦਾ ਵੀਚਾਰ ਬਾਕੀ ਦੇ ਅੰਕਾਂ ਨੂੰ ਰਾਗ ਦਾ ਘਰ ਰੂਪ ਦਰਸਾ ਰਿਹਾ ਹੈ। ਜਿਨ੍ਹਾਂ ਨੇ ਗਿਆਰਾਂ ਪ੍ਰਕਾਰ ਦੀ ਮੰਨੀ ਹੈ, ਉਨ੍ਹਾਂ ਨੇ ਅਗਲੇ ਅੰਕਾਂ ਨੂੰ ਘਰ ਰੂਪ ਵਿਚ ਮੰਨ ਲਿਆ ਹੈ ਜਿਨ੍ਹਾਂ ਨੇ ੧੨ ਪ੍ਰਕਾਰ ਦੀ ਮੰਨੀ ਹੈ ਉਨ੍ਹਾਂ ਨੇ ਕੇਵਲ ੧੩ ਅੰਕ ਨੂੰ ਘਰ ਮੰਨ ਲਿਆ ਹੈ, ਪਰ ਜੋ ਸੰਪਰਦਾ ਵਿਚ ਤੇਰਾਂ ਪ੍ਰਕਾਰ ਦੀ ਗਉੜੀ ਮੰਨੀ ਹੈ, ਉਸ ਦਾ ਵੇਰਵਾ ਇਉਂ ਹੈ :

**੧. ਗਉੜੀ :** ਗਉੜੀ ਇਕ ਰਾਗਨੀ ਹੈ, ਜੋ ਪੂਰਬੀ ਠਾਟ ਦੀ ਔੜਵ ਸ਼ਾੜਵ ਹੈ, ਇਸ ਵਿਚ ਸ੍ਰੀ ਰਾਗ ਦਾ ਅੰਗ ਹੈ। ਇਸ ਦੀ ਆਰੋਹੀ ਵਿਚ ਗਾਂਧਾਰ ਅਤੇ ਧੈਵਤ ਵਰਜਿਤ ਹੈ, ਅਵਰੋਹੀ ਵਿਚ ਗਾਂਧਾਰ ਵਰਜਿਤ ਹੈ। ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ। ਰਿਸ਼ਭ ਅਤੇ ਧੈਵਤ ਕੋਮਲ, ਮੱਧਮ ਤੀਵ੍ਰ। ਬਾਕੀ ਸੁਰ ਸ਼ੁੱਧ ਹਨ। ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।

**੨. ਗਉੜੀ ਗੁਆਰੇਰੀ :** ਰਾਗ ਗਉੜੀ ਗੁਆਰੇਰੀ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਰਾਗ ਗਉੜੀ ਦੇ ਪ੍ਰਕਾਰ ਵਜੋਂ ਦਰਜ ਹੈ। ਇਸ ਰਾਗ ਅਧੀਨ ਮਹਲਾ ੧, ੩, ੪, ੫ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਅੰਕਿਤ ਹੈ। ਭਾਰਤੀ ਸੰਗੀਤ ਦੀਆਂ ਦੋਵੇਂ ਪੱਧਤੀਆਂ ਦੇ ਸੰਗੀਤ ਗ੍ਰੰਥਾਂ ਵਿਚ ਰਾਗ ਦਾ ਉਲੇਖ ਨਹੀਂ ਮਿਲਦਾ। ਇਸ ਰਾਗ ਦਾ ਪ੍ਰਚਲਨ ਕੇਵਲ ਗੁਰਮਤਿ ਸੰਗੀਤ ਵਿਚ ਹੀ ਮਿਲਦਾ ਹੈ ਜਿਸਦਾ ਸੁਰਾਤਮਕ ਸਰੂਪ ਅਤਿ ਰੰਜਕ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸਾਰੇ ਸੁਰ ਸ਼ੁੱਧ, ਆਰੋਹ ਵਿਚ ਰਿਸ਼ਭ ਪੰਚਮ ਅਤੇ ਅਵਰੋਹ ਵਿਚ ਕੇਵਲ ਪੰਚਮ ਵਰਜਿਤ ਹੈ। ਇਸ ਦਾ ਵਾਦੀ ਗੰਧਾਰ, ਸੰਵਾਦੀ, ਧੈਵਤ, ਸਮਾਂ ਰਾਤ ਦਾ ਪਹਿਲਾ ਪਹਿਰ ਅਤੇ ਜਾਤੀ ਔੜਵ-ਸ਼ਾੜਵ ਹੈ।

**੩. ਗਉੜੀ ਦੱਖਣੀ :** ਰਾਗ ਗਉੜੀ ਦੱਖਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਯੁਕਤ ਦੱਖਣੀ ਸੰਗੀਤ ਦੇ ਰਾਗ ਪ੍ਰਕਾਰਾਂ ਵਿੱਚੋਂ ਪ੍ਰਥਮ ਹੈ ਜੋ ਦੱਖਣੀ ਸੰਗੀਤ ਦੇ ਮੇਲ ਮਾਯਾਮਾਲਵਾ ਗੌੜ ਅਨੁਸਾਰ ਸਰੂਪਿਤ ਕੀਤਾ ਜਾਂਦਾ ਹੈ। ਅਜੋਕੀ ਭਾਰਤੀ ਸੰਗੀਤ ਪੱਧਤੀ ਅਤੇ ਦੱਖਣੀ ਭਾਰਤੀ ਸੰਗੀਤ ਦੇ ਗਾਇਨ ਵਾਚਨ ਵਿਚ ਕਾਫ਼ੀ ਅੰਤਰ ਹੈ। ਦੋਵੇਂ ਸੰਗੀਤ ਪੱਧਤੀਆਂ ਨੂੰ ਭਲੀ ਭਾਂਤ ਜਾਨਣ ਵਾਲੇ ਸੰਗੀਤ ਵਿਦਵਾਨ ਬਹੁਤ ਹੀ ਘੱਟ ਹਨ ਜਿਸ ਕਰਕੇ ਇਨ੍ਹਾਂ ਦੱਖਣੀ ਰਾਗਾਂ ਸੰਬੰਧੀ ਪੂਰਨ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਜਗਤ ਉਦਾਰ ਲਈ ਚਾਰ ਉਦਾਸੀਆਂ ਦੇ ਧਾਰਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਇਸ ਰਾਗ ਦਾ ਪ੍ਰਯੋਗ ਆਪਣੀ ਬਾਣੀ ਲਈ ਕੀਤਾ ਹੈ। ਇਸ ਰਾਗ ਵਿਚ ਰਿਸ਼ਭ, ਧੈਵਤ ਕੋਮਲ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਆਰੋਹ ਵਿਚ ਗੰਧਾਰ ਅਤੇ ਧੈਵਤ ਵਰਜਿਤ ਹਨ। ਇਸ ਦਾ ਵਾਦੀ ਰਿਸ਼ਭ, ਸੰਵਾਦੀ ਪੰਚਮ, ਸਮਾਂ ਦਿਨ ਦਾ ਪਹਿਲਾ ਪਹਿਰ ਅਤੇ ਜਾਤੀ ਔੜਵ ਸੰਪੂਰਣ ਹੈ।

**ਅਥਵਾ** ਪਰ ਠੀਕ ਇਹ ਜਾਪਦਾ ਹੈ ਕਿ ਦੱਖਣੀ ਇਕ ਰਾਗਨੀ ਹੈ, ਕਿਉਂਕਿ ਓਅੰਕਾਰ ਤੋਂ ਬਿਨਾਂ ਹੋਰ ਕੋਈ ਥਾਈਂ ਸਿਰਲੇਖ ਦੱਖਣੀ ਹੈ, ਜਿਹਾ ਕੁ ਵਡਹੰਸ ਮਹਲਾ ੧ ਦੱਖਣੀ, ਬਿਲਾਵਲ ਮਹਲਾ ੧ ਛੰਤ ਦੱਖਣੀ, ਮਾਰੂ ਮੱਹਲਾ ੧ ਦੱਖਣੀ। ਜਿਸ ਰਾਗ ਨਾਲ ਕੋਈ ਦੇਸੀ ਰਾਗ ਮਿਲਾ ਕੇ ਗਾਇਆ ਜਾਵੇ ਉਸ ਦੀ ਸੂਚਨਾ ਦਿੱਤੀ ਜਾਂਦੀ ਹੈ, ਜਿਹਾ ਕੁ ਗਉੜੀ ਨਾਲ ਪੂਰਬੀ ਆਉਂਦਾ ਹੈ, ਤਿਵੇਂ ਰਾਮਕਲੀ ਵਿਚ ਓਅੰਕਾਰ ਨਾਲ ਦੱਖਣੀ, ਵਡਹੰਸ, ਬਿਲਾਵਲ, ਮਾਰੂ ਨਾਲ ਦੱਖਣੀ ਆਇਆ ਹੈ।

**੪. ਗਉੜੀ ਚੇਤੀ :** ਰਾਗ ਗਉੜੀ ਚੇਤੀ ਇਕ ਅਪ੍ਰਚਲਿਤ ਰਾਗ ਪ੍ਰਕਾਰ ਹੈ ਜਿਸ ਅਧੀਨ ਮਹਲਾ ੧, ੫, ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਉਚਾਰਨ ਕੀਤੀ ਹੋਈ ਹੈ। ਭਾਰਤੀ ਸੰਗੀਤ ਦੇ ਕੁਝ ਗ੍ਰੰਥਾਂ ਵਿਚ ਇਸ ਦਾ ਜਿਕਰ ਗਉੜੀ ਚੈਤੀ ਜਾਂ ਚੈਤੀ ਗਉੜੀ ਵਜੋਂ ਵੀ ਕੀਤਾ ਗਿਆ ਹੈ। ਰਾਗ ਗਉੜੀ ਚੇਤੀ, ਸਿਰੀ ਅਤੇ ਗਉੜੀ ਰਾਗਾਂ ਦਾ ਅਨੋਖਾ ਸੁਮੇਲ ਹੈ। ਇਸ ਰਾਗ ਵਿਚ ਰਿਸ਼ਭ ਧੈਵਤ ਕੋਮਲ, ਦੋਵੇਂ ਮਧਿਅਮ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਆਰੋਹ ਵਿਚ ਗੰਧਾਰ ਵਰਜਿਤ ਹੈ। ਇਸ ਦਾ ਵਾਦੀ ਪੰਚਮ, ਸੰਵਾਦੀ ਸ਼ੜਜ, ਸਮਾਂ ਰਾਤ ਦਾ ਪਹਿਲਾ ਪਹਰ ਅਤੇ ਜਾਤੀ ਸ਼ਾੜਵ ਸੰਪੂਰਣ ਹੈ।

**੫. ਗਉੜੀ ਬੈਰਾਗਣਿ :** ਰਾਗ ਗਉੜੀ ਬੈਰਾਗਣਿ, ਗਉੜੀ ਰਾਗ ਦਾ ਇਕ ਪੁਰਾਤਨ ਪ੍ਰਕਾਰ ਹੈ, ਪਰੰਤੂ ਇਸ ਦੇ ਸਰੂਪ ਸੰਗੀਤ ਦੇ ਪੁਰਾਤਨ ਤੇ ਆਧੁਨਿਕ ਗ੍ਰੰਥਾਂ ਵਿਚ ਬਹੁਤ ਘੱਟ ਜਾਣਕਾਰੀ ਉਪਲੱਬਧ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਰਾਗ ਅਧੀਨ ਮਹਲਾ ੧, ੩, ੪, ੫, ਭਗਤ ਕਬੀਰ ਜੀ ਅਤੇ

ਭਗਤ ਰਵਿਦਾਸ ਜੀ ਦੀ ਬਾਣੀ ਅੰਕਿਤ ਹੈ। ਇਸ ਰਾਗ ਦਾ ਵਿਲੱਖਣ ਸਰੂਪ ਭੈਰਵ ਅੰਗ ਤੋਂ ਸਰੂਪਿਤ ਕੀਤਾ ਜਾਂਦਾ ਹੈ। ਗਉੜੀ ਬੈਰਾਗਣਿ ਰਾਗ ਵਿਚ ਰਿਸ਼ਭ ਧੈਵਤ ਕੋਮਲ ਦੋਵੇਂ ਨਿਸ਼ਾਦ ਅਤੇ ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਰਾਗ ਵਿਚ ਗੰਧਾਰ ਅਤੇ ਪੰਚਮ ਪੂਰੀ ਤਰ੍ਹਾਂ ਵਰਜਿਤ ਹਨ। ਇਸ ਦਾ ਵਾਦੀ ਰਿਸ਼ਭ, ਸੰਵਾਦੀ ਧੈਵਤ, ਸਮਾਂ ਦਿਨ ਦਾ ਪਹਿਲਾ ਪਹਰ ਅਤੇ ਜਾਤੀ ਔੜਵ ਹੈ।

**੬. ਗਉੜੀ ਦੀਪਕੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਗਉੜੀ ਅਧੀਨ ਦਰਜ ਇਸ ਰਾਗ ਵਿਚ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਬਾਣੀ ਉਚਾਰੀ ਹੈ ਜੋ ਸੋਹਿਲਾ ਰਾਗ ਗਉੜੀ ਦੀਪਕੀ ਮਹਲਾ ੧ ਦੇ ਸਿਰਲੇਖ ਨਾਲ ਪੰਨਾ ੧੨ ਉਤੇ ਦਰਜ ਹੈ। ਜਿਵੇਂ ਕਿ ਇਸ ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਇਹ ਰਾਗ, ਗਉੜੀ ਅਤੇ ਦੀਪਕੀ ਰਾਗ ਦੇ ਸੁਰਾਂ ਦਾ ਮਿਸ਼ਰਣ ਹੈ। ਇਸ ਤਰ੍ਹਾਂ ਰਾਗਾਂਗ ਪੱਧਤੀ ਦੇ ਪ੍ਰਸੰਗ ਵਿਚ ਇਸ ਰਾਗ ਦੇ ਸਰੂਪ ਦਾ ਵਿਸ਼ਲੇਸ਼ਣ ਇਸੇ ਦ੍ਰਿਸ਼ਟੀ ਤੋਂ ਕੀਤਾ ਜਾ ਸਕਦਾ ਹੈ ਜਿਸ ਅਧੀਨ ਇਸ ਰਾਹ ਦਾ ਆਰੰਭ ਦੀਪਕ (ਨ਼ੀ, ਸ, ਗਾ, ਮ, ਪ) ਅਤੇ ਪੂਰਬੀ ਅੰਗ (ਨ਼ੀ, ਰ੍ਰੇ ਗ ਮ ਪ) ਤੋਂ ਕੀਤਾ ਜਾਂਦਾ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਆਰੋਹ ਵਿਚ ਰਿਸ਼ਭ ਵਰਜਿਤ ਹੈ। ਇਸ ਦਾ ਵਾਦੀ ਸ਼ੜਜ, ਸੰਵਾਦੀ ਪੰਚਮ, ਸਮਾ ਰਾਤ ਦਾ ਪਹਿਲਾ ਪਹਰ ਅਤੇ ਜਾਤੀ ਸ਼ਾੜਵ ਸੰਪੂਰਣ ਹੈ।

**੭. ਗਉੜੀ ਪੂਰਬੀ ਦੀਪਕੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਦੀ ਵਿਗਿਆਨਕ ਤੌਰ ਤੇ ਪਛਾਣ ਲਈ ਇਸ ਦਾ ਵਰਗੀਕਰਣ ਸ਼ੁੱਧ, ਛਾਇਆਲਾਗ ਅਤੇ ਸੰਕੀਰਣ ਜਾਤੀਆਂ ਅਨੁਸਾਰ ਕੀਤਾ ਜਾਂਦਾ ਹੈ। ਗਉੜੀ, ਪੂਰਬੀ ਅਤੇ ਦੀਪਕੀ ਨਾਮਕ ਤਿੰਨੇ ਰਾਗਾਂ ਦਾ ਸਮਿਸ਼ਰਣ ਰਾਗ ਗਉੜੀ ਪੂਰਬੀ ਦੀਪਕੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਵਿੱਚੋਂ ਇਕ ਸੰਕੀਰਣ ਰਾਗ ਜਾਤੀ ਦੀ ਬਿੱਲਖਣ ਮਿਸਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਬਾਣੀ ਉਚਾਰੀ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਦੋਵੇਂ ਮਧਿਅਮ ਦੋਵੇਂ ਧੈਵਤ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ।

**੮. ਗਉੜੀ ਪੂਰਬੀ** : ਰਾਗ ਗਉੜੀ ਪੂਰਬੀ, ਗਉੜੀ ਅਤੇ ਪੂਰਬੀ ਰਾਗਾਂ ਦਾ ਮਧੁਰ ਸੁਮੇਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਮਹਲਾ ੪, ੫, ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਅੰਕਿਤ ਹੈ। ਇਸ ਰਾਗ ਵਿਚ ਰਿਸ਼ਭ ਦੈਵਤ ਕੋਮਲ ਅਤੇ ਮਧਿਅਮ ਦੇ ਦੋਵੇਂ ਰੂਪ ਪ੍ਰਾਪਤ ਕੀਤੇ ਜਾਂਦੇ ਹਨ। ਇਸ ਰਾਗ ਦਾ ਵਾਦੀ ਰਿਸ਼ਭ, ਸੰਵਾਦੀ ਪੰਚਮ, ਸਮਾਂ ਰਾਤ ਦਾ ਪਹਿਲਾ ਪਹਰ ਅਤੇ ਜਾਤੀ ਸੰਪੂਰਣ ਹੈ।

**੯. ਗਉੜੀ ਮਾਝ** : ਰਾਗ ਗਉੜੀ ਮਾਝ ਨੂੰ ਸੰਗੀਤ ਜਗਤ ਲਈ ਗੁਰਮਤਿ ਸੰਗੀਤ ਦੀ ਅਨੂਪਮ ਦੇਣ ਆਖਿਆ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿਉਂਕਿ ਇਸ ਰਾਗ ਦਾ ਵਰਣਨ ਭਾਰਤੀ ਸੰਗੀਤ ਦੇ ਕਿਸੇ ਗ੍ਰੰਥ ਵਿਚ ਵੀ ਉਪਲੱਬਧ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਮਹਲਾ ੪ ਅਤੇ ਮਹਲਾ ੫ ਦੀ ਬਾਣੀ ਦਰਜ ਹੈ। ਇਸ ਰਾਗ ਦੇ ਪੰਜ ਵੱਖ-ਵੱਖ ਸਰੂਪ ਗੁਰਮਤਿ ਸੰਗੀਤ ਦੇ ਪਰੰਪਰਾਗਤ ਕੀਰਤਨੀਆਂ ਅਤੇ ਕੁਝ ਸੰਗੀਤ ਵਿਦਵਾਨਾਂ ਕੋਲ ਸੁਰੱਖਿਅਤ ਮਿਲਦੇ ਹਨ ਪਰੰਤੂ ਸਰਬ ਪ੍ਰਵਾਨਿਤ ਮੱਤ ਅਨੁਸਾਰ ਇਥੇ ਇਸ ਰਾਗ ਦਾ ਨਿਮਨਲਿਖਤ ਸਰੂਪ ਅੰਕਿਤ ਕੀਤਾ ਜਾ ਰਿਹਾ ਹੈ।

ਇਸ ਰਾਗ ਗਉੜੀ ਅਤੇ ਮਾਝ ਰਾਗ ਦੀਆਂ ਸੁਰਾਵਲੀਆਂ ਤੋਂ ਉਪਜਿਆ ਰਾਗ ਹੈ। ਜਟਿਲ ਸਰੂਪ ਵਾਲੇ ਇਸ ਰਾਗ ਵਿਚ ਦੋਵੇਂ ਰਿਸ਼ਭ, ਦੋਵੇਂ ਗੰਧਾਰ, ਦੋਵੇਂ ਮਧਿਅਮ, ਦੋਵੇਂ ਧੈਵਤ ਅਤੇ ਦੋਵੇਂ ਨਿਸ਼ਾਦ ਭਾਵ ਕੁੱਲ ਬਾਰਾਂ ਸੁਰ ਹੀ ਪ੍ਰਯੋਗ ਕੀਤੇ ਜਾਂਦੇ ਹਨ। ਗਾਇਨ ਹਿਤ ਇਸ ਰਾਗ ਨੂੰ ਅਤਿ ਕਠਨ ਰਾਗ ਮੰਨਿਆਂ ਜਾਂਦਾ ਹੈ। ਇਸ ਦਾ ਵਾਦੀ ਪੰਚਮ, ਸੰਵਾਦੀ ਸ਼ੜਜ, ਸਮਾਂ ਸ਼ਾਮ ਅਤੇ ਜਾਤੀ ਸੰਪੂਰਣ ਹੈ।

**੧੦. ਗਉੜੀ ਮਾਲਵਾ :** ਗਉੜੀ ਮਾਲਵਾ ਅਪ੍ਰਚਲਿਤ ਅਤੇ ਅਪ੍ਰਸਿੱਧ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ ਕੇਵਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਆਪਣੀ ਬਾਣੀ ਹਿਤ ਪ੍ਰਯੋਗ ਕੀਤਾ ਹੈ। ਇਸ ਰਾਗ ਦਾ ਵਰਨਣ ਉਤਰੀ ਭਾਰਤੀ ਸੰਗੀਤ ਦੇ ਕਿਸੇ ਵੀ ਗ੍ਰੰਥ ਵਿਚ ਨਹੀਂ ਮਿਲਦਾ। ਦੱਖਣੀ ਪੱਧਤੀ ਵਿਚ ਗਉੜੀ ਮਾਰੁਵ ਨਾਂ ਦਾ ਰਾਗ ਗਉੜੀ ਮਾਲਵਾ ਦੇ ਰੂਪ ਨਾਲ ਮਿਲਦਾ ਜੁਲਦਾ ਹੈ। ਸ੍ਰੀ ਦਸਮ ਗ੍ਰੰਥ ਵਿਚ ਇਸ ਰਾਗ ਦਾ ਨਾਮ ਆਇਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਨੂੰ ਗਉੜੀ ਨਾਲ ਮਿਲਾ ਕੇ ਲਿਖਿਆ ਹੋਇਆ ਹੈ। ਇਸ ਰਾਗ ਵਿਚ ਰਿਸ਼ਭ ਧੈਵਤ ਕੋਮਲ ਅਤੇ ਮਧਿਅਮ ਤੀਵਰ ਲਗਾਉਂਦੀਆਂ ਆਰੋਹ ਵਿਚ ਨਿਸ਼ਾਦ ਅਤੇ ਅਵਰੋਹ ਵਿਚ ਧੈਵਤ ਵਰਜਿਤ ਕੀਤਾ ਜਾਂਦਾ ਹੈ। ਇਸ ਦਾ ਵਾਦੀ ਰਿਸ਼ਭ, ਸੰਵਾਦੀ ਪੰਚਮ, ਸਮਾਂ ਦਿਨ ਦਾ ਚੌਥਾ ਪਹਰ ਅਤੇ ਜਾਤੀ ਸ਼ਾੜਵ ਸ਼ਾੜਵ ਹੈ।

**ਅਥਵਾ** ਮਾਲਵਾ ਇਕ ਤਾਂ ਹਿੰਦ ਦੇ ਮੱਧਲੇ ਹਿੱਸੇ ਦਾ ਦੇਸ਼ ਹੈ, ਇਕ ਇਹ ਫ਼ਿਰੋਜਪੁਰ ਤੇ ਸਿੱਖ ਰਿਆਸਤਾਂ ਆਦਿ ਦਾ ਇਲਾਕਾ ਮਾਲਵਾ ਕਹਾਉਂਦਾ ਹੈ। ਜਿਵੇਂ 'ਮਾਝ ਰਾਗ' ਮਾਝੇ ਦਾ ਦੇਸੀ ਰਾਗ ਹੈ, ਇਸੇ ਤਰ੍ਹਾਂ ਮਾਲਵੇ ਦਾ ਦੇਸ਼ ਰਾਗ ਮਾਲਵ ਤੇ ਮਾਲਵਾ ਸੀ। ਗਉੜੀ ਤੇ ਮਾਲਵਾ ਮਿਲਾ ਕੇ ਬਣੇ ਸੰਕੀਰਣ ਰਾਗ ਨੂੰ ਗਉੜੀ ਮਾਲਵਾ ਕਰਕੇ ਲਿਖਿਆ ਹੈ।

**੧੧. ਗਉੜੀ ਮਾਲਾ :** ਗਉੜੀ ਦੇ ਪ੍ਰਕਾਰਾਂ ਵਿੱਚੋਂ ਗਉੜੀ ਮਾਲਾ ਇਕ ਅਪ੍ਰਚਲਿਤ ਰਾਗ ਪ੍ਰਕਾਰ ਹੈ, ਜਿਸ ਦਾ ਭਾਰਤੀ ਸੰਗੀਤ ਗ੍ਰੰਥਾਂ ਵਿਚ ਜ਼ਿਕਰ ਨਹੀਂ ਮਿਲਦਾ। ਇਹ ਰਾਗ ਗੁਰਮਤਿ ਸੰਗੀਤ ਪਰੰਪਰਾ ਦੇ ਮੌਲਿਕ ਰਾਗ ਵਜੋਂ ਜਾਣਿਆ ਜਾਂਦਾ ਹੈ। ਗੁਰਮਤਿ ਸੰਗੀਤਾਚਾਰੀਆਂ ਵਿਚ ਇਸ ਰਾਗ ਦੇ ਕਈ ਕਿਰਿਆਤਮਕ ਸਰੂਪ ਪ੍ਰਚਲਿਤ ਹਨ। ਇਸ ਰਾਗ ਵਿਚ ਕੇਵਲ ਗੁਰੂ ਅਰਜਨ ਦੇਵ ਜੀ ਨੇ ਹੀ ਬਾਣੀ ਦੀ ਰਚਨਾ ਕੀਤੀ। ਇਸ ਰਾਗ ਵਿਚ ਰਿਸ਼ਭ, ਗੰਧਾਰ, ਧੈਵਤ, ਕੋਮਲ ਅਤੇ ਬਾਕੀ ਸਾਰੇ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦਾ ਵਾਦੀ ਧੈਵਤ, ਸੰਵਾਦੀ ਰਿਸ਼ਭ, ਸਮਾਂ ਰਾਤ ਦਾ ਪਹਿਲਾ ਪਹਰ ਅਤੇ ਜਾਤੀ ਸੰਪੂਰਣ ਹੈ।

**੧੨. ਗਉੜੀ ਸੋਰਠਿ :** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੩੩੦ ਉੱਤੇ ਭਗਤ ਕਬੀਰ ਜੀ ਦਾ ਇਕ ਸ਼ਬਦ "ਰੇ ਜੀਅ ਨਿਲਜ ਲਾਜ ਤੁੋਹਿ ਨਾਹੀ॥" ਅੰਕਿਤ ਹੈ ਜਿਸ ਉੱਤੇ ਸਿਰਲੇਖ ਦਿੱਤਾ ਗਿਆ ਹੈ, ਗਉੜੀ ਭੀ ਸੋਰਠਿ ਭੀ ਵੱਖ-ਵੱਖ ਵਿਦਵਾਨ ਇਸ ਸਿਰਲੇਖ ਦੇ ਵਿਭਿੰਨ ਅਰਥ ਕੱਢਦੇ ਹਨ। ਕੁਝ ਵਿਦਵਾਨ ਇਹ ਮੰਨਦੇ ਹਨ ਕਿ ਇਸ ਸ਼ਬਦ ਨੂੰ ਰਾਗ ਗਉੜੀ ਅਤੇ ਰਾਗ ਸੋਰਠਿ ਅਧੀਨ ਵੱਖੋ ਵੱਖਰੇ ਵਿਚ ਗਾਇਆ ਜਾ ਸਕਦਾ ਹੈ ਪਰੰਤੂ ਬਹੁਸਤ ਵਿਦਵਾਨ ਗਉੜੀ ਸੋਰਠਿ ਨੂੰ ਰਾਗ ਗਉੜੀ ਦੇ ਇਕ ਰਾਗ ਪ੍ਰਕਾਰ ਵਜੋਂ ਹੀ ਸਵੀਕਾਰਦੇ ਹਨ ਗਉੜੀ ਅਤੇ ਸੋਰਠਿ ਰਾਗਾਂ ਦੀਆਂ ਸੁਰਾਵਲੀਆਂ ਤੋਂ ਵਿਕਸਤ, ਗੁਰਮਤਿ ਸੰਗੀਤ ਦੇ ਇਸ ਮੌਲਿਕ ਰਾਗ ਦਾ ਗਾਇਨ ਵਿਸ਼ੇਸ਼ ਪ੍ਰੌਢਤਾ ਸਹਿਤ ਹੀ ਕੀਤਾ ਜਾ ਸਕਦਾ ਹੈ। ਇਸ ਰਾਗ ਵਿਚ ਰਿਸ਼ਭ ਮਧਿਅਮ, ਧੈਵਤ ਅਤੇ ਨਿਸ਼ਾਦ ਦੇ ਦੋਵੇਂ ਰੂਪ ਪ੍ਰਯੋਗ ਕਰਦਿਆਂ ਅਵਰੋਹ ਵਿਚ ਗੰਧਾਰ ਵਰਜਿਤ ਹੈ। ਇਸ ਦਾ ਵਾਦੀ ਪੰਚਮ, ਸੰਵਾਦੀ ਸ਼ੜਜ ਸਮਾਂ ਰਾਤ ਦਾ ਪਹਿਲਾ ਪਹਰ ਅਤੇ ਜਾਤੀ ਸੰਪੂਰਣ ਸ਼ਾੜਵ ਹੈ।

**੧੩. ਗਉੜੀ ਤੇਰ੍ਹਵੀਂ :** ਪੁਰਾਤਨਤਾ ਅਨੁਸਾਰ ਸੰਪ੍ਰਦਾ ਦਮਦਮੀ ਟਕਸਾਲ ਦੇ ਵਿਦਵਾਨ ਗਉੜੀ ਦੀ ਇਹ ਤੇਰ੍ਹਵੀਂ ਕਿਸਮ ਭੀ ਮੰਨਦੇ ਹਨ, ਅਤੇ ਅਸਾਂ ਨੇ ਜੋ ਸਟੀਕ ਦਾ ਆਧਾਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਦੀ ਵਿਆਖਿਆ ਨੂੰ ਆਧਾਰਿਤ ਮੰਨਿਆ ਹੈ, ਉਨ੍ਹਾਂ ਨੇ ਵੀ ਸੰਪ੍ਰਦਾ ਦੇ ਅਨੁਸਾਰ ਗਉੜੀ ਰਾਗ ਦੇ ਆਰੰਭ ਵਿਚ ਵੀ ਗਉੜੀ ਤੇਰਾਂ ਪ੍ਰਕਾਰ ਦੀ ਕਥਨ ਕੀਤੀ ਹੈ, ਕਿਉਂਕਿ ਇਹੋ ਹੀ ਵਿਚਾਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਸੀਨਾ ਬਸੀਨਾ ਚੱਲੇ ਆਉਂਦੇ ਮਹਾਂਪੁਰਸ਼ਾਂ ਨੇ ਜਿਉਂ ਦੇ ਤਿਉਂ ਰੱਖੇ ਹਨ, ਪਰ ਕਈ ਸੰਪ੍ਰਦਾਈ ਵਿਦਵਾਨਾਂ ਨੇ ਛੱਡ ਵੀ ਦਿੱਤੇ ਹਨ। ਇਸਦੇ ਸਮਝਣ ਲਈ ਕੁਝ ਵਿਚਾਰ ਇਹ ਵੀ ਹਨ:

ਜਿਵੇਂ ਸਨਾਤਨ ਮੱਤ ਵਾਲੇ ਚੌਦਾਂ ਲੋਕ ਅਤੇ ਮੁਸਲਮਾਨ ਚੌਦਾਂ ਤਬਕ ਮੰਨਦੇ ਹਨ, ਪਰੰਤੂ ਗੁਰੂ ਨਾਨਕ ਸਾਹਿਬ ਜੀ ਨੇ "ਸ੍ਰੀ ਜਪੁ ਜੀ ਸਾਹਿਬ" ਵਿਚ ਇਹ ਕਹਿ ਕੇ ਬਿਅੰਤਤਾ ਦਰਸਾਈ ਹੈ ਕਿ ਕੇਵਲ ਚੌਦਾਂ ਲੋਕ ਜਾਂ ਚੌਦਾਂ ਤਬਕ ਹੀ ਨਹੀਂ ਬਲਕਿ ਇਸ ਤੋਂ ਅੱਗੇ ਹੋਰ ਵੀ ਲੱਖਾਂ ਹਨ, ਜੈਸਾ ਕਿ :

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥** *(ਅੰਗ ੫)*

ਇਸੇ ਪ੍ਰਕਾਰ ਮਾਤ ਲੋਕ ਦੇ ਰਾਗੀਆਂ ਦੀ ਗਉੜੀ ਦੀਆ ਕਿਸਮਾਂ ਦੀ ਗਿਣਤੀ ਭਾਵੇਂ ਨੌਂ, ਗਿਆਰਾਂ ਆਦਿ ਤੇ ਖੜੀ ਹੈ, ਪਰ ਭਗਤ ਕਬੀਰ ਸਾਹਿਬ ਜੀ ਨੇ ਜਿਸ ਰੂਹਾਨੀਅਤ ਦੀ ਅਵਸਥਾ ਵਿਚ ਜੋ ਅਨੁਭਵ ਕੀਤਾ ਉਸਨੂੰ ਆਪਣੇ ਮੁੱਖੋਂ ਬਿਆਨ ਕਰ ਦਿੱਤਾ ਕਿ ਰੂਹਾਨੀਅਤ ਮੰਡਲ ਵਿਚ ਇਸ ਦੀਆਂ ਹੋਰ ਭੀ ਕਿਸਮਾਂ ਹਨ, ਜਿਸ ਨੂੰ ਗੁਰੂ ਸਾਹਿਬ ਜੀ ਨੇ "ਗਉੜੀ ੧੩" ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤਾ ਹੈ।

**[ਅੰਗ ੧੫੧]**

# ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ

ਰਾਗ ਗਉੜੀ ਗੁਆਰੇਰੀ ਜਾਤੀ ਵਿਚ ਮਹਲਾ ੧ = ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਚਉਪਦੇ = ਚਾਰ ਪਦਿਆਂ ਵਾਲੇ ਅਤੇ ਕੁਝ ਸ਼ਬਦ ਦੁਪਦੇ = ਦੋ ਪਦਿਆਂ ਵਾਲੇ ਉਚਾਰਨ ਕਰਦੇ ਹਨ।

# ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਪਹਿਲਾਂ ਸਤਿਗੁਰੂ ਜੀ ਮਹਾਂਮੰਤ੍ਰ ਉਚਾਰਨ ਕਰਦੇ ਹਨ :

**ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ ॥** *(ਬਿਲਾਵਲੁ ਮ: ੫, ਅੰਗ ੮੧੪)*

੧ = ਅਦੁਤੀ ਬ੍ਰਹਮ ਜੋ ੴ = ਸਰਬ ਦਾ ਪ੍ਰਕਾਸ਼ਕ, ਸਤਿ = ਨਾਸ ਤੋਂ ਰਹਿਤ, ਨਾਮੁ = ਪ੍ਰਸਿੱਧ, ਕਰਤਾ = ਸਾਰੀ ਸ੍ਰਿਸਟੀ ਦਾ ਰਚੈਤਾ, ਪੁਰਖੁ = ਸਭ ਥਾਈਂ ਪਰੀਪੂਰਨ, ਨਿਰਭਉ = ਭੈ ਤੋਂ ਰਹਿਤ, ਨਿਰਵੈਰ = ਵੈਰ ਤੋਂ ਰਹਿਤ, ਅਕਾਲ = ਕਾਲ ਤੋਂ ਰਹਿਤ, ਮੂਰਤਿ = ਹਸਤੀ, ਅਜੂਨੀ = ਜੂਨਾਂ ਤੋਂ ਰਹਿਤ, ਸੈਭੰ = ਸੁਤੇ ਪ੍ਰਕਾਸ਼ ਸਰੂਪ, ਗੁਰ = ਚੇਤਨ ਸਰੂਪ, ਪ੍ਰਸਾਦਿ = ਅਨੰਦ ਸਰੂਪ ਹੈ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਉਥਾਨਕਾ :** ਧੰਨ ਧੰਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਜਦੋਂ ਸੰਸਾਰ ਦੀ ਕਲਿਆਣ ਵਾਸਤੇ ਪਹਿਲੀ ਉਦਾਸੀ ਧਾਰਨ ਕੀਤੀ, ਉਸ ਵੇਲੇ ਰਾਜੇ ਸ਼ਿਵਨਾਭ ਨੂੰ ਆਤਮਿਕ ਉਪਦੇਸ਼ ਦੁਆਰਾ ਨਿਹਾਲ ਕਰ ਕੇ, ਤ੍ਰਿਯਾ ਰਾਜ ਤੋਂ ਅੱਗੇ ਜਾ ਕੇ ਭਰਥਰੀ ਨੂੰ ਗੁਰਬਾਣੀ ਦੁਆਰਾ ਉਪਦੇਸ਼ ਦੇ ਕੇ ਨਿਰੰਕਾਰ ਨਾਲ ਜੋੜਿਆ। ਜਦੋਂ ਸਤਿਗੁਰੂ ਜੀ ਇਕ ਰਾਖਸ ਦਾ ਉਧਾਰ ਕਰਨ ਲਈ ਜਾ ਰਹੇ ਸਨ, ਗੁਰੂ ਜੀ ਨੇ ਭਾਈ ਮਰਦਾਨੇ ਜੀ ਦੇ ਮਨ ਨੂੰ ਪ੍ਰੇਰ ਦਿੱਤਾ। ਉਸ ਪ੍ਰੇਰੇ ਹੋਏ ਮਰਦਾਨੇ ਦੇ ਮਨ ਵਿਚ ਕਲਪਨਾ ਉੱਠੀ, ਪਰਿਵਾਰ ਦਾ ਮੋਹ ਜਾਗਿਆ ਅਤੇ ਸਤਿਗੁਰੂ ਜੀ ਨੂੰ ਬੇਨਤੀ ਕਰਨ ਲੱਗਾ। ਕਿ ਮੇਰਾ ਮਨ ਬੜਾ ਉਦਾਸ ਹੈ। ਜੇਕਰ ਗੁਰੂ ਜੀ ਆਪ ਆਗਿਆ ਦੇ ਦੇਵੋ, ਤਾਂ ਮੈਂ ਆਪਣੇ ਘਰ ਚਲਿਆ ਜਾਵਾਂ :

ਸਤਿਗੁਰੂ ਜੀ ਨੇ ਭਾਈ ਮਰਦਾਨੇ ਨੂੰ ਕਿਹਾ ਕਿ ਤੂੰ ਸਾਡਾ ਸਾਥ ਛੱਡ ਕੇ ਨਾ ਜਾਹ, ਇਥੇ ਰਸਤੇ ਵਿਚ ਬੜੀ ਭਾਰੀ ਬਲ੍ਹਾ ਰਹਿੰਦੀ ਹੈ, ਤੈਨੂੰ ਉਸ ਨੇ ਖਾ ਜਾਣਾ ਹੈ, ਤੂੰ ਕਿਉਂ ਆਪਣੇ ਮਨ ਨੂੰ ਉਦਾਸ ਕਰਦਾ ਹੈਂ। ਤੈਨੂੰ ਸਾਰੀ ਧਰਤੀ ਦੀ ਸੈਰ ਕਰਵਾ ਰਹੇ ਹਾਂ। ਇਸ ਲਈ ਤੂੰ ਖ਼ੁਸ਼ੀ ਦੇ ਸਹਿਤ ਸਾਡੇ ਨਾਲ ਰਹਿਣਾ ਕਰ। ਤੇਰਾ ਇਥੇ ਰਹਿਣਾ ਹੀ ਸੁਖਦਾਈ ਹੈ। ਸਤਿਗੁਰੂ ਜੀ ਨੇ ਬੜੇ ਪ੍ਰੇਮ ਦੇ ਬਚਨ ਕਰ ਕੇ ਸਮਝਾਉਣਾ ਕੀਤਾ।

ਪਰ ਭਾਈ ਮਰਦਾਨਾ ਜੀ ਨੇ ਘਰ ਜਾਣ ਦੀ ਜ਼ਿੱਦ ਕੀਤੀ। ਤਾਂ ਸਤਿਗੁਰੂ ਜੀ ਨੇ ਭਾਈ ਬਾਲੇ ਨੂੰ ਸਮਝਾਉਣ ਵਾਸਤੇ ਕਿਹਾ। ਭਾਈ ਬਾਲੇ ਨੇ ਮਰਦਾਨੇ ਨੂੰ ਕਿਹਾ—ਤੂੰ ਕਿਉਂ ਭੁੱਲ ਕਰ ਰਿਹਾ ਹੈਂ। ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰ ਦਾ ਸਰਗੁਣ ਸਰੂਪ ਹਨ। ਐਸੇ ਗੁਰੂ ਦਾ ਸੰਗ ਛੱਡ ਕੇ ਪਰਿਵਾਰ ਦੇ ਮੋਹ ਵਿਚ ਫਸ ਜਾਣਾ ਭਾਰੀ ਮੂਰਖਤਾ ਹੈ।

ਇਤਨੇ ਬਚਨ ਕਰਨ ਤੋਂ ਭੀ ਭਾਈ ਮਰਦਾਨਾ ਨਾ ਮੰਨਿਆ ਤੇ ਸਤਿਗੁਰੂ ਜੀ ਦਾ ਸੰਗ ਛੱਡ ਕੇ ਇਕੱਲਾ ਹੀ ਆਪਣੇ ਘਰ ਜਾਣ ਵਾਸਤੇ ਤੁਰ ਪਿਆ। ਅੱਗੇ ਜਾ ਕੇ ਜਿਥੇ ਭਿਆਨਕ ਜੰਗਲ ਦੇ ਰਸਤੇ ਵਿਚ ਇਕ ਰਾਖਸ਼ ਰਹਿੰਦਾ ਸੀ, ਜਦੋਂ ਭਾਈ ਮਰਦਾਨਾ ਉਥੇ ਪਹੁੰਚਿਆ ਤਾਂ ਉਹ ਰਾਖਸ਼ ਭਾਈ ਮਰਦਾਨੇ ਨੂੰ ਫੜ ਕੇ ਆਪਣੇ ਅਸਥਾਨ 'ਤੇ ਲੈ ਗਿਆ। ਉਸ ਵੇਲੇ ਮਰਦਾਨਾ ਡਰ ਨਾਲ ਕੰਬਣ ਲੱਗ ਪਿਆ, ਮੂੰਹ ਸੁੱਕ ਗਿਆ ਤੇ ਚਿਹਰੇ ਦਾ ਰੰਗ ਪੀਲਾ ਹੋ ਗਿਆ ਤੇ ਸੋਚਦਾ ਹੈ ਕਿ ਮੈਂ ਗੁਰੂ ਦਾ ਬਚਨ ਨਹੀਂ ਮੰਨਿਆ ਤੇ ਮੇਰਾ ਅੰਤ ਸਮਾਂ ਨੇੜੇ ਹੀ ਆ ਗਿਆ ਹੈ।

ਪਰ ਮਨ ਵਿਚ ਸੋਚਦਾ ਹੈ ਕਿ ਭਾਵੇਂ ਮੈਂ ਗੁਰੂ ਦਾ ਬਚਨ ਨਾ ਮੰਨ ਕੇ ਅਪਰਾਧ ਕੀਤਾ ਹੈ, ਪਰ ਫਿਰ ਵੀ ਸਤਿਗੁਰੂ ਜੀ ਬੜੇ ਦਿਆਲੂ ਹਨ। ਮੈਨੂੰ ਆਪਣਾ ਸੇਵਕ ਜਾਣ ਕੇ ਮੇਰੀ ਰੱਖਿਆ ਕਰਨਗੇ। ਇਸ ਤਰ੍ਹਾਂ ਦੀ ਵਿਚਾਰ ਕਰ ਕੇ ਅੰਤਰ ਧਿਆਨ ਹੋ ਕੇ ਗੁਰੂ ਚਰਨਾਂ ਵਿਚ ਅਰਦਾਸਾਂ ਕਰਦਾ ਹੈ। ਸਤਿਗੁਰੂ ਜੀ ਕਿਰਪਾ ਕਰਕੇ ਮੈਨੂੰ ਇਸ ਰਾਖਸ਼ ਤੋਂ ਬਚਾਉਣਾ ਕਰੋ। ਮੁੜਕੇ ਕਦੇ ਵੀ ਮੈਂ ਆਪ ਜੀ ਦੇ ਬਚਨਾਂ ਨੂੰ ਮੋੜਾਂਗਾ ਨਹੀਂ। ਤੁਸੀਂ ਗ਼ਰੀਬਾਂ ਦੀ ਰੱਖਿਆ ਕਰਨ ਵਾਲੇ ਹੋ। ਆਪਣੇ ਦਾਸਾਂ ਨੂੰ ਭੈ ਤੋਂ ਮੁਕਤ ਕਰਨ ਵਾਲੇ ਹੋ।

ਭਾਈ ਮਰਦਾਨੇ ਦੀ ਅਰਦਾਸ ਸੁਣ ਕੇ ਸਤਿਗੁਰੂ ਜੀ ਨੇ ਉਸੇ ਛਿਨ ਆਪਣੇ ਮੁਖਾਰਬਿੰਦ ਤੋਂ ਭਾਈ ਬਾਲੇ ਨੂੰ ਬਚਨ ਕੀਤਾ ਕਿ ਮਰਦਾਨੇ ਨੂੰ ਰਾਖਸ਼ ਨੇ ਫੜ ਲਿਆ ਹੈ। ਉਹ ਉਸ ਨੂੰ ਤੇਲ ਦੇ ਕੜਾਹੇ ਵਿਚ ਤਲ ਕੇ ਖਾ ਜਾਵੇਗਾ।

ਭਾਈ ਬਾਲਾ ਜੀ ਕਹਿਣ ਲੱਗੇ—ਸਤਿਗੁਰੂ ਜੀ ਤਿੰਨੇ ਲੋਕ ਹੀ ਤੁਹਾਡੇ ਹੁਕਮ ਵਿਚ ਚੱਲਦੇ ਹਨ। ਤੁਹਾਡੇ ਬਚਨ ਵਿਅਰਥ ਕਿਵੇਂ ਹੋ ਸਕਦੇ ਹਨ। ਆਪ ਜੀ ਨੇ ਤਾਂ ਉਸ ਨੂੰ ਬੜਾ ਰੋਕਿਆ ਸੀ। ਪਰ ਉਸ ਨੇ ਪਰਿਵਾਰ ਦੇ ਮੋਹ ਵਿਚ ਆ ਕੇ ਤੁਹਾਡੇ ਬਚਨਾਂ ਨੂੰ ਨਾ ਮੰਨਿਆ, ਜਿਸ ਕਰਕੇ ਉਸ ਨੂੰ ਇਹ ਸਜ਼ਾ ਮਿਲਣ ਲੱਗੀ ਹੈ :

**ਅਫਲ ਬਚਨ ਕਿਉਂ ਹੋਇ ਤੁਮਾਰਾ। ਜਿਹ ਕੇ ਤੀਨ ਲੋਗ ਅਨੁਸਾਰਾ।**
**ਰਹੇ ਹਟਾਇ ਨ ਮਾਨਹਿ ਮੂਢਾ। ਨਿਜ ਕੁਟੰਬ ਕੇ ਮੋਹ ਅਰੂਢਾ॥੫੧॥**

*(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਿ: ੫੦)*

ਸਤਿਗੁਰੂ ਜੀ ਨੇ ਕਿਹਾ ਕਿ ਭਾਈ ਬਾਲਿਆ! ਮਰਦਾਨਾ ਸਾਡਾ ਸਾਥੀ ਹੈ, ਉਸ ਦੇ ਨਾਲ ਸਾਥ ਲਏ ਦੀ ਸਾਨੂੰ ਲਾਜ ਹੈ ਤੇ ਨਾਲੇ ਉਸ ਨਾਲ ਸਾਡਾ ਪਰਮਾਰਥੀ ਕਾਰਜ ਹੈ। ਇਸ ਕਰਕੇ ਆਪਾਂ ਨੇ ਉਸ ਨੂੰ ਰਾਖਸ਼ ਤੋਂ ਛੁਡਾਉਣਾ ਹੈ। ਭਾਈ ਬਾਲਾ ਜੀ ਨੇ ਕਿਹਾ ਕਿ ਇਥੋਂ ਕਿੰਨੀ ਕੁ ਦੂਰ ਹੈ। ਕਿਤੇ ਸਾਡੇ ਜਾਣ ਤੋਂ ਪਹਿਲਾਂ ਹੀ ਰਾਖਸ਼ ਮਰਦਾਨੇ ਨੂੰ ਖਾ ਨਾ ਜਾਵੇ ਤਾਂ ਗੁਰੂ ਜੀ ਕਹਿਣ ਲੱਗੇ ਕਿ ਭਾਈ ਬਾਲਿਆ! ਇਥੋਂ ਜ਼ਿਆਦਾ ਦੂਰ ਨਹੀਂ, ਲਗਪਗ ਗਿਆਰਾਂ ਕੋਹ ਦੀ ਵਿੱਥ 'ਤੇ ਹੈ, ਜਿਥੇ ਮਰਦਾਨਾ ਫੜਿਆ ਹੋਇਆ ਹੈ। ਪਰਮੇਸ਼ਰ ਭਲੀ ਕਰੇਗਾ, ਆਪਾਂ ਉਸ ਨੂੰ ਸਮੇਂ 'ਤੇ ਪਹੁੰਚ ਕੇ ਛੁਡਵਾ ਲੈਣਾ ਹੈ। ਕੁਝ ਸਮੇਂ ਬਾਅਦ ਹੀ ਸਤਿਗੁਰੂ ਜੀ ਉਥੇ ਪਹੁੰਚ ਗਏ, ਜਿਥੇ ਮਰਦਾਨੇ ਨੂੰ ਫੜਿਆ ਹੋਇਆ ਸੀ ਤੇ ਮਰਦਾਨੇ ਨੂੰ ਕਹਿਣ ਲੱਗੇ :

**ਦੋਹਰਾ॥ ਮਰਦਾਨੇ ਕੌ ਦੇਖਿ ਕਰਿ ਬਿਗਸਤਿ ਗਿਰਾ ਅਲਾਇ।**
**ਕਿਉਂ ਬੈਠੇ ਘਰ ਜਾਤਿ ਨਹਿਂ ? ਸੁਧਿ ਨਿਜ ਦੇਹੁ ਬਤਾਇ॥੫੬॥**

*(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਿ: ੫੦)*

ਸਤਿਗੁਰੂ ਜੀ ਨੂੰ ਦੇਖ ਕੇ ਤੇ ਬਚਨ ਸੁਣ ਕੇ ਮਰਦਾਨਾ ਬੜਾ ਲੱਜਿਆਵਾਨ ਹੋਇਆ, ਸਿਰ ਨੀਵਾਂ ਕਰ ਲਿਆ ਤੇ ਮਨ ਵਿਚ ਬੜਾ ਖ਼ੁਸ਼ ਹੋਇਆ ਕਿ ਹੁਣ ਮੈਨੂੰ ਗੁਰੂ ਜੀ ਬਚਾ ਲੈਣਗੇ ਤੇ ਮੇਰਾ ਹੁਣ ਨਵਾਂ ਜਨਮ ਹੋਇਆ ਹੈ। ਸਤਿਗੁਰੂ ਜੀ ਰਾਖਸ਼ ਨੂੰ ਨਜ਼ਰ ਨਹੀਂ ਪੈ ਰਹੇ ਸਨ। ਭਾਈ ਮਰਦਾਨਾ ਗੁਰੂ ਜੀ ਨੂੰ ਵੇਖ ਰਿਹਾ ਹੈ। ਜਦੋਂ ਤੇਲ ਅੱਗ ਦੇ ਸਮਾਨ ਤਪ ਗਿਆ ਤਾਂ ਰਾਖਸ਼ ਨੇ ਬੜੇ ਬਲ ਨਾਲ ਫੜ ਕੇ ਭਾਈ ਮਰਦਾਨੇ ਨੂੰ ਕੜਾਹੇ ਵਿਚ ਸੁੱਟ ਦਿੱਤਾ। ਉਸ ਵੇਲੇ ਭਾਈ ਮਰਦਾਨੇ ਨੇ ਬੜਾ ਬਿਹਬਲ ਹੋ ਕੇ ਬੇਨਤੀ ਕੀਤੀ—ਹੇ ਸਤਿਗੁਰੂ ਨਾਨਕ ਦੇਵ ਜੀ! ਕਿਰਪਾ ਕਰਕੇ ਮੇਰੀ ਰੱਖਿਆ ਕਰੋ, ਇਸ ਸਮੇਂ ਮੇਰੇ ਅਉਗਣ ਨਾ ਚਿਤਾਰੋ, ਕਿਰਪਾ ਕਰਕੇ ਆਪਣੇ ਬਿਰਦ ਦੀ ਲਾਜ ਰੱਖਦੇ ਹੋਏ ਮੇਰੀ ਰੱਖਿਆ ਕਰੋ।

ਜਦੋਂ ਕੌਡੇ ਰਾਖਸ਼ ਨੇ ਭਾਈ ਮਰਦਾਨੇ ਨੂੰ ਕੜਾਹੇ ਵਿਚ ਸੁੱਟਿਆ ਤਾਂ ਸਤਿਗੁਰੂ ਜੀ ਨੇ ਕਿਰਪਾ ਭਰੀ ਦ੍ਰਿਸ਼ਟੀ ਨਾਲ ਕੜਾਹੇ ਵੱਲ ਵੇਖਿਆ ਤਾਂ ਤਪਦਾ ਹੋਇਆ ਤੇਲ ਸਰਦੀ ਦੀ ਰੁੱਤ ਦੇ ਪਾਣੀ ਵਾਂਗੂੰ ਠੰਢਾ ਹੋ ਗਿਆ।

ਜਦੋਂ ਕੜਾਹਾ ਬਿਲਕੁਲ ਠੰਢਾ ਹੋ ਗਿਆ ਤੇ ਗੁਰੂ ਜੀ ਨੇ ਆਪਣਾ ਸਰੂਪ ਰਾਖਸ਼ ਨੂੰ ਦਿਖਾਉਣਾ ਕੀਤਾ, ਤਾਂ ਕੌਡਾ ਰਾਖਸ਼ ਬੋਲਿਆ :

**ਕੋ ਹੈਂ ਤੂੰ ਕਿੰਹ ਤੇ ਚਲਿ ਆਯੋ ?**
**ਤਪਤ ਕਰਾਹਾ ਜਿਨ ਸਿਤਲਾਯੋ ॥੬੫॥** *(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਿ: ੫੦)*

ਸਤਿਗੁਰੂ ਜੀ ਨੇ ਕੌਡੇ ਨੂੰ ਕਿਹਾ, "ਕੌਡਿਆ! ਤੂੰ ਇਸ ਨੂੰ ਖਾਣ ਵਿਚ ਦੇਰ ਕਿਉਂ ਕਰਦਾ ਹੈਂ।" ਜਦੋਂ ਗੁਰੂ ਜੀ ਨੇ ਕੌਡੇ ਦਾ ਨਾਂ ਲਿਆ ਤਾਂ ਕੌਡਾ ਬੜਾ ਹੈਰਾਨ ਹੋਇਆ ਕਿ ਮੇਰੇ ਨਾਮ ਦਾ ਇਨ੍ਹਾਂ ਨੂੰ ਕਿਵੇਂ ਪਤਾ ਲੱਗਾ ਹੈ। ਮੈਂ ਤਾਂ ਇਨ੍ਹਾਂ ਨੂੰ ਪਹਿਲਾਂ ਕਦੇ ਮਿਲਿਆ ਹੀ ਨਹੀਂ। ਇਸ ਤਰ੍ਹਾਂ ਕਹਿੰਦੇ ਹੀ ਕੌਡੇ ਰਾਖਸ਼ ਨੂੰ ਪਿਛਲੇ ਸਮੇਂ ਦਾ ਗਿਆਨ ਹੋ ਗਿਆ।

ਕੌਡੇ ਰਾਖਸ਼ ਦੇ ਕੋਲ ਇਕ ਸ਼ੀਸ਼ਾ ਸੀ। ਉਹ ਸ਼ੀਸ਼ਾ ਗੁਰੂ ਜੀ ਦੇ ਅੱਗੇ ਰੱਖਿਆ। ਇਸ ਨੇ ਦੇਖਿਆ ਕਿ ਏਕੰਕਾਰ ਨੇ ਹੀ ਮਨੁੱਖ ਰੂਪ ਧਾਰਨ ਕੀਤਾ ਹੈ। ਚਰਨੀਂ ਡਿੱਗ ਕੇ ਬੇਨਤੀਆਂ ਕੀਤੀਆਂ। ਸਤਿਗੁਰੂ ਜੀ ਨੇ ਜਾਣਦੇ ਹੋਏ ਭੀ ਕੌਡੇ ਕੋਲੋਂ ਪੁੱਛਿਆ ਕਿ ਸ਼ੀਸ਼ਾ ਕਿਸ ਲਈ ਮੂਹਰੇ ਕੀਤਾ ਹੈ। ਤਾਂ ਕੌਡੇ ਨੇ ਬੇਨਤੀ ਕੀਤੀ ਕਿ ਮੈਂ ਆਪਣੀ ਸਾਰੀ ਗਾਥਾ ਬਾਅਦ ਵਿਚ ਸੁਣਾਵਾਂਗਾ। ਪਹਿਲਾਂ ਜੰਗਲ ਵਿੱਚੋਂ ਆਪ ਜੀ ਦੀ ਸੇਵਾ ਲਈ ਕੁਝ ਫਲ ਲੈ ਆਵਾਂ, ਇਹ ਮੇਰੀ ਬੇਨਤੀ ਮਨਜ਼ੂਰ ਕਰੋ। ਇਹ ਕਹਿ ਕੇ ਜੰਗਲ ਵਿੱਚੋਂ ਫਲ ਲਿਆਂਦੇ, ਗੁਰੂ ਜੀ ਅਤੇ ਸਿੱਖਾਂ ਦੀ ਸੇਵਾ ਕੀਤੀ, ਫਿਰ ਆਪਣੀ ਬਿਰਥਾ ਸੁਣਾਉਣ ਲੱਗਾ :

ਮਹਾਰਾਜ ਜੀ ਪਹਿਲਾਂ ਮੇਰਾ ਜਨਮ ਬ੍ਰਾਹਮਣ ਦੇ ਘਰ ਦਾ ਸੀ, ਮੈਂ ਵਿੱਦਿਆ ਪੜ੍ਹ ਕੇ ਹੰਕਾਰੀ ਬਣ ਗਿਆ। ਇਕ ਦਿਨ ਮੇਰੇ ਗੁਰਦੇਵ ਬ੍ਰਹਮ ਬੇਤੇ ਮੈਨੂੰ ਵਿੱਦਿਆ ਦਾ ਦਾਨ ਦੇਣ ਵਾਲੇ ਮੇਰੇ ਕੋਲ ਆਏ, ਤਾਂ ਹੰਕਾਰ ਨੇ ਮੇਰੀ ਬੁੱਧੀ ਭ੍ਰਿਸ਼ਟ ਕਰ ਦਿੱਤੀ ਮੈਂ ਉੱਠ ਕੇ ਉਨ੍ਹਾਂ ਦਾ ਸਤਿਕਾਰ ਨਾ ਕੀਤਾ, ਨਾ ਹੀ ਕੋਈ ਸੇਵਾ ਪੁੱਛੀ ਤੇ ਨਾ ਹੀ ਕੋਈ ਆਦਰ ਨਾਲ ਆਸਣ ਦਿੱਤਾ। ਜਿਸ ਕਾਰਨ ਮੇਰੇ ਗੁਰਦੇਵ ਨੇ ਇਹ ਕਹਿ ਕੇ ਸ਼ਰਾਪ ਦੇ ਦਿੱਤਾ ਕਿ ਮੇਰੇ ਆਦਰ ਨਾ ਕਰਨ ਨਾਲ ਮੇਰਾ ਕੁਝ ਨਹੀਂ ਘਟਿਆ, ਪਰਮਾਤਮਾ ਦੀ ਕਿਰਪਾ ਨਾਲ ਮੇਰੀ ਬਿਰਤੀ ਆਦਰ ਨਿਰਾਦਰ ਤੋਂ ਉੱਪਰ ਹੈ, ਪਰ ਸੰਸਾਰ ਦੇ ਵਿਚ, ਵੱਡਿਆਂ ਦੇ ਆਦਰ ਕਰਨ ਦੀ ਮਰਿਆਦਾ ਨੂੰ ਰੱਖਣ ਲਈ ਇਹ ਤੈਨੂੰ ਦੰਡ ਦਿੰਦਾ ਹਾਂ, ਕਿ 'ਅੱਜ ਤੋਂ ਤੂੰ ਬ੍ਰਾਹਮਣ ਤਾਂ ਨਹੀਂ ਬਲਕਿ ਰਾਖਸ਼ ਹੋ ਕੇ ਵਿਚਰੇਂਗਾ।' ਇਹ ਸਰਾਪ ਸੁਣ ਕੇ ਮੈਂ ਆਪਣੇ ਗੁਰਦੇਵ ਦੇ ਚਰਨ ਫੜ ਕੇ ਖਿਮਾ ਜਾਚਨਾ ਕੀਤੀ। ਸ਼ਰਨਾਗਤ ਦੀ ਲਾਜ ਰੱਖਦੇ ਹੋਏ, ਮੇਰੇ ਪੁੱਛਣ 'ਤੇ ਕਿ ਮੇਰਾ ਉਧਾਰ ਕਦੋਂ ਹੋਵੇਗਾ। ਤਾਂ ਮੇਰੇ ਗੁਰੂ ਨੇ ਕਿਹਾ ਕਿ ਨਿਰੰਕਾਰ ਨੇ ਮਨੁੱਖੀ ਜਾਮੇ ਵਿਚ ਆਉਣਾ ਹੈ। ਉਹ ਤੇਰਾ ਉਧਾਰ ਕਰਨਗੇ, ਮੇਰੇ ਪੁੱਛਣ ਤੋਂ ਕਿ ਮੈਨੂੰ ਉਨ੍ਹਾਂ ਦੀ ਪਹਿਚਾਣ

ਕਿਵੇਂ ਹੋਵੇਗੀ। ਉਨ੍ਹਾਂ ਨੇ ਇਹ ਮੈਨੂੰ ਅਦਭੁਤ ਸ਼ੀਸ਼ਾ ਬਖ਼ਸ਼ਿਆ ਅਤੇ ਆਖਿਆ ਕਿ ਸ਼ੀਸ਼ੇ ਵਿਚ ਜਿਸ ਦੀ ਸ਼ਕਲ ਜਿਉਂ ਦੀ ਤਿਉਂ ਮਨੁੱਖ ਰੂਪ ਦਿਸੇ, ਸਮਝ ਲੈਣਾ ਕਿ ਉਹ ਤੇਰਾ ਉਧਾਰ ਕਰਤਾ ਨਿਰੰਕਾਰ ਹੀ ਹੈ। ਇਹ ਸ਼ੀਸ਼ੇ ਵਿਚ ਪਿਛਲੇ ਜਨਮ ਦੇ ਸਰੀਰ ਦੀ ਫੋਟੋ ਆਵੇਗੀ। ਤੇ ਹੁਣ ਤੱਕ ਪਸ਼ੂ, ਪੰਛੀ ਆਦਿ ਦੀ ਸ਼ਕਲ ਹੀ ਆਉਂਦੀ ਰਹੀ, ਜਿਸ ਕਰਕੇ ਮੈਂ ਮਨੁੱਖਾਂ ਨੂੰ ਪਸ਼ੂ, ਪੰਛੀ ਸਮਝ ਕੇ ਖਾਣ ਦਾ ਪਾਪ ਕਰਦਾ ਰਿਹਾ।

ਮੈਂ ਹੁਣ ਤਕ ਐਸਾ ਹੀ ਕਰਦਾ ਆ ਰਿਹਾ ਹਾਂ। ਅਨੇਕਾਂ ਮਨੁੱਖ ਭੁੰਨ-ਭੁੰਨ ਕੇ ਖਾਧੇ, ਮਰਦਾਨੇ ਦੀ ਵਾਰੀ ਸ਼ੀਸ਼ੇ ਦਾ ਚੇਤਾ ਹੀ ਵਿਸਰ ਗਿਆ। ਹੁਣ ਮੈਨੂੰ ਤੁਹਾਡੇ ਅਤੇ ਨਿਰੰਕਾਰ ਕੋਲੋਂ ਡਰ ਲੱਗ ਰਿਹਾ ਹੈ। ਹੁਣ ਮੇਰਾ ਪ੍ਰਲੋਕ ਸਵਾਰੋ ਕਿਉਂਕਿ ਮੇਰੇ ਗੁਰਦੇਵ ਦਾ ਸਰਾਪ ਸਮਾਪਤ ਹੋ ਚੁੱਕਾ ਹੈ। ਉਸ ਵੇਲੇ ਗੁਰੂ ਜੀ ਨੇ ਦੋ ਸ਼ਬਦ ਉਚਾਰ ਕੇ ਕੌਡੇ ਰਾਖਸ਼ ਦਾ ਉਧਾਰ ਕੀਤਾ। ਕੌਡੇ ਨੂੰ ਰਾਖਸ਼ ਤੋਂ ਦੇਵਤਾ ਬਣਾ ਕੇ ਜਦੋਂ ਤੁਰਨ ਲੱਗੇ ਤਾਂ ਮਰਦਾਨੇ ਨੇ ਕਿਹਾ—ਮਹਾਰਾਜ ਇਹ ਸ਼ੀਸ਼ਾ ਲੈ ਚੱਲੀਏ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਵਿਚਾਰ ਰੂਪੀ ਸ਼ੀਸ਼ੇ ਤੋਂ ਕੋਈ ਸ਼ੀਸ਼ਾ ਵੱਡਾ ਨਹੀਂ। ਇਉਂ ਮਰਦਾਨੇ ਦੀ ਲਾਲਸਾ ਖ਼ਤਮ ਕੀਤੀ, ਜੋ ਕੌਡੇ ਨੇ ਕਿਹਾ ਸੀ ਕਿ ਮੈਨੂੰ ਤੁਹਾਡੇ ਤੇ ਪਰਮਾਤਮਾ ਦਾ ਭੈ ਹੈ। ਤਾਂ ਉਸ ਵੇਲੇ ਸਤਿਗੁਰੂ ਜੀ ਨੇ ਕਿਹਾ ਕਿ ਭੈ ਧਾਰਨਾ ਬੜਾ ਔਖਾ ਹੈ :

## ਭਉ ਮੁਚੁ ਭਾਰਾ; ਵਡਾ ਤੋਲੁ ॥ ਮਨ ਮਤਿ ਹਉਲੀ; ਬੋਲੇ ਬੋਲੁ ॥

ਹੇ ਭਾਈ ! ਪਰਮੇਸ਼ਰ ਦਾ ਭਉ = ਡਰ ਧਾਰਨਾ ਮੁਚੁ = ਬਹੁਤ ਭਾਰਾ ਹੈ ਤੇ ਉਸਦਾ ਤੋਲ ਭਾਵ ਵੀਚਾਰ ਵੀ ਵੱਡਾ ਹੈ।

ਜੀਵ ਦੇ ਮਨ ਦੀ ਮਤਿ ਹਉਲੀ = ਤੁੱਛ ਹੈ, ਜਿਸ ਕਰਕੇ ਤੁੱਛ ਹੀ ਬੋਲੁ = ਬਚਨਾਂ ਨੂੰ ਬੋਲੇ = ਬੋਲਦਾ ਹੈ।

## ਸਿਰਿ ਧਰਿ ਚਲੀਐ; ਸਹੀਐ ਭਾਰੁ ॥ ਨਦਰੀ ਕਰਮੀ; ਗੁਰ ਬੀਚਾਰੁ ॥੧॥

ਜੇਕਰ ਸਤਿਗੁਰਾਂ ਦੇ ਹੁਕਮ ਨੂੰ ਸਿਰ ਉੱਪਰ ਧਰ ਕੇ ਭਾਵ ਮੰਨ ਕੇ ਚੱਲੀਏ ਤਾਂ ਪਰਮੇਸ਼ਰ ਦੇ ਭੈ ਦੇ ਭਾਰ ਨੂੰ ਸਹੀਐ = ਸਹਾਰ ਸਕੀਦਾ ਹੈ।

ਨਦਰੀ = ਪਰਮੇਸ਼ਰ ਦੀ ਕਰਮੀ = ਬਖ਼ਸ਼ਿਸ਼ ਸਦਕਾ ਹੀ ਗੁਰਾਂ ਦੁਆਰਾ ਉਸ ਦੀ ਵੀਚਾਰ ਪ੍ਰਾਪਤ ਹੁੰਦੀ ਹੈ **ਵਾ:** ਕਰਮੀ = ਨਿਸ਼ਕਾਮ ਕਰਮਾਂ ਕਰਕੇ ਗਿਆਨ ਨਦਰੀ = ਦ੍ਰਿਸ਼ਟੀ ਵਾਲੇ ਗੁਰਾਂ ਦੀ ਵੀਚਾਰ ਪ੍ਰਾਪਤ ਹੁੰਦੀ ਹੈ ॥੧॥

## ਭੈ ਬਿਨੁ; ਕੋਇ ਨ ਲੰਘਸਿ ਪਾਰਿ ॥
## ਭੈ ਭਉ; ਰਾਖਿਆ, ਭਾਇ ਸਵਾਰਿ ॥੧॥ਰਹਾਉ॥

ਪਰਮੇਸ਼ਰ ਦਾ ਭੈ = ਡਰ ਧਾਰਨ ਕੀਤੇ ਤੋਂ ਬਿਨੁ = ਬਗ਼ੈਰ ਕੋਇ = ਕੋਈ ਵੀ ਸੰਸਾਰ ਸਮੁੰਦਰ ਤੋਂ ਪਾਰ ਨ = ਨਹੀਂ ਲੰਘਸਿ = ਲੰਘ ਸਕਦਾ।

ਗੁਰਮੁਖ ਜਨਾਂ ਨੇ ਪਰਮੇਸ਼ਰ ਦੇ ਨਾਲ ਭਾਇ = ਪ੍ਰੇਮ ਕਰਕੇ ਮਨ ਵਿਚ ਵੀ ਉਸਦੇ ਭੈ ਤੇ ਤਨ ਵਿਚ ਵੀ ਉਸਦੇ ਭੈ ਨੂੰ ਸਵਾਰ ਕੇ ਰਾਖਿਆ = ਰੱਖਿਆ ਹੋਇਆ ਹੈ ॥੧॥ਰਹਾਉ॥

## ਭੈ ਤਨਿ ਅਗਨਿ; ਭਖੈ ਭੈ ਨਾਲਿ ॥

(**ਭਖੈ** ਪੋਲਾ ਬੋਲੋ)

ਤਨਿ = ਸਰੀਰ ਕਰਕੇ ਭੈ = ਡਰ ਧਾਰਨ ਕਰਨਾ ਅਗਨਿ = ਅੱਗ ਦੀ ਨਿਆਈਂ ਹੈ, ਮਨ ਵਿਚ ਭੈ = ਡਰ

ਧਾਰਨ ਕਰਨਾ ਨਾਲਿ = ਫੂਕਨੀ[1] ਦੀ ਨਿਆਈਂ ਹੈ ਤੇ ਬਾਣੀ ਵਿਚ ਭੈ ਧਾਰਨ ਕਰਨਾ ਅੱਗ ਦੇ ਭਖੈ = ਭਖਾਉਣ ਦੀ ਨਿਆਈਂ ਹੈ **ਵਾ:** ਜਿਵੇਂ (ਸੁਨਿਆਰਾ) ਨਾਲ ਰਾਹੀਂ ਫੂਕ ਮਾਰ ਕੇ ਅੱਗ ਨੂੰ ਭਖਾਉਂਦਾ ਹੈ, ਤਿਵੇਂ ਮਨ ਵਿਚ ਭੈ ਕਰਕੇ ਜੋ ਬਾਣੀ ਨਾਲ ਡਰ ਦੇ ਵਿਚ ਵਾਕ ਉਚਾਰਨੇ ਹਨ, ਇਹ ਸਰੀਰ ਵਿਚ ਪਰਮੇਸ਼ਰ ਦੇ ਭੈ ਦੀ ਅੱਗ ਨੂੰ ਭਖਾਉਣਾ ਹੈ।

## ਭੈ ਭਉ ਘੜੀਐ; ਸਬਦਿ ਸਵਾਰਿ ॥

ਜਿਨ੍ਹਾਂ ਨੇ ਸਤਿਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਨਾਮ ਅਭਿਆਸ ਦੀ ਕਮਾਈ ਕਰਕੇ ਮਨ ਨੂੰ ਸਵਾਰਿ = ਸੰਵਾਰਨਾ ਕੀਤਾ ਹੈ, ਉਨ੍ਹਾਂ ਨੇ ਇਸ ਲੋਕ ਦਾ ਭੈ = ਡਰ ਤੇ ਪ੍ਰਲੋਕ ਦਾ ਭਉ = ਡਰ **ਵਾ:** ਜਨਮ ਤੇ ਜਾਤੀ ਦੇ ਭੈ ਨੂੰ ਘੜੀਐ = ਘੜ ਭਾਵ ਨਵਿਰਤ ਕਰ ਲਿਆ ਹੈ।

## ਭੈ ਬਿਨੁ; ਘਾੜਤ ਕਚੁਨਿ ਕਚੁ ॥ ਅੰਧਾ ਸਚਾ; ਅੰਧੀ ਸਟ ॥੨॥

(**ਸੱਟ** ਅੱਧਕ ਸਹਿਤ ਬੋਲੋ)

ਹਿਰਦੇ ਵਿਚ ਪਰਮੇਸ਼ਰ ਦੇ ਭੈ = ਡਰ ਧਾਰਨ ਕੀਤੇ ਤੋਂ ਬਿਨੁ = ਬਗ਼ੈਰ ਗਿਆਨ ਆਦਿ ਦੀਆਂ ਘਾੜਤਾਂ ਘੜਨੀਆਂ ਕਚੁਨਿ = ਕੱਚ ਤੋਂ ਵੀ ਕਚ = ਕੱਚੀਆਂ ਹਨ **ਵਾ:** (ਕਚੁ ਨਿਕਚ) ਕੱਚ ਤੋਂ ਵੀ ਨਿਕਚ = ਨਿਕੰਮੀਆਂ ਹਨ।

ਮਨਮੁਖਾਂ ਦਾ ਅੰਤਹਕਰਣ ਰੂਪੀ ਸਚਾ = ਸਾਚਾ ਪਰਮੇਸ਼ਰ ਦੇ ਭੈ ਧਾਰਨ ਤੋਂ ਬਗ਼ੈਰ ਹੋਣ ਕਰਕੇ ਅੰਧਾ = ਅੰਨ੍ਹਾ ਹੈ, ਜਿਸ ਕਰਕੇ ਅਗਿਆਨਤਾ ਦੀ ਅੰਧੀ = ਅੰਨ੍ਹੀ ਸਟ = ਚੋਟ ਹੀ ਪੈਂਦੀ ਹੈ।

**ਅਥਵਾ** ਜਿਵੇਂ ਜਿਸ ਸੰਚੇ ਵਿਚ ਅੱਖਰ ਨਾ ਲਿਖੇ ਹੋਣ ਜੇ ਉਸ ਵਿਚ ਕੋਈ ਵਸਤੂ ਢਾਲ ਕੇ ਪਾ ਦਈਏ ਤਾਂ ਉਸ ਵਸਤੂ ਤੇ ਕੋਈ ਵੀ ਅੱਖਰ ਉਕਰਿਆ ਨਹੀਂ ਜਾ ਸਕਦਾ। ਕਿਉਂਕਿ ਅੱਖਰਾਂ ਤੋਂ ਬਿਨਾਂ ਉਹ ਅੰਨ੍ਹਾਂ ਸੰਚਾ ਮੰਨਿਆ ਜਾਂਦਾ ਹੈ। ਇਸੇ ਪ੍ਰਕਾਰ ਜਿਸ ਉਪਦੇਸ਼ ਕਰਤੇ ਦਾ ਅੰਤਹਕਰਣ ਰੂਪੀ ਸੰਚਾ ਅੰਧਾ = ਅਗਿਆਨ ਦੇ ਸਹਿਤ ਹੈ ਉਸ ਦੀ ਸਿੱਖਿਆ ਰੂਪੀ ਸੱਟ ਵੀ ਅੰਧੀ = ਅੰਨ੍ਹੀ ਹੀ ਹੁੰਦੀ ਹੈ ॥੨॥

## ਬੁਧੀ ਬਾਜੀ; ਉਪਜੈ ਚਾਉ ॥ ਸਹਸ ਸਿਆਣਪ; ਪਵੈ ਨ ਤਾਉ ॥

ਜਿਨ੍ਹਾਂ ਦੀ ਬੁੱਧੀ ਵਿਚ ਸੰਸਾਰ ਦੀ ਬਾਜੀ = ਖੇਡ ਦੇਖਣ ਦਾ ਚਾਉ = ਉਤਸ਼ਾਹ ਉਪਜੈ = ਪੈਦਾ ਹੋ ਰਿਹਾ **ਵਾ:** ਸੰਸਾਰ ਰੂਪੀ ਬਾਜੀ ਵਿਚ ਵਿਸ਼ੇ ਭੋਗਣ ਦਾ ਚਾਉ = ਉਤਸ਼ਾਹ ਪੈਦਾ ਹੋ ਰਿਹਾ ਹੈ।

ਉਨ੍ਹਾਂ ਨੂੰ ਭਾਵੇਂ ਸਹਸ = ਹਜ਼ਾਰਾਂ ਹੀ ਸਿਆਣਪਾਂ ਤੇ ਵੈਰਾਗ ਦੀਆਂ ਸਿੱਖਿਆਵਾਂ ਦੇ ਦੇਈਏ ਤਾਂ ਵੀ ਉਨ੍ਹਾਂ ਦੇ ਮਨ ਵਿਚ ਪਰਮੇਸ਼ਰ ਦੇ ਭੈ ਦਾ ਤਾਉ = ਤਾਅ ਨਹੀਂ ਪਵੈ = ਪੈਂਦਾ **ਵਾ:** ਉਹ ਵਿਸ਼ੇ ਵੱਸ ਹੋਏ ਸਾਧਨਾਂ ਰੂਪੀ ਤਾਉ = ਤਾਅ ਵਿਚ ਨ = ਨਹੀਂ ਪਵੈ = ਪੈਂਦੇ।

## ਨਾਨਕ; ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ; ਵਾਉ ਦੁਆਉ ॥੩॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸੇ ਕਰਕੇ ਮਨਮੁਖਾਂ ਨਾਲ ਬੋਲਣੁ = ਬਚਨ ਬਿਲਾਸ ਕਰਨੇ ਵਾਉ = ਵਿਅਰਥ ਹਨ **ਵਾ:** ਮਨਮੁਖਾਂ ਦਾ ਬੋਲਣਾ ਵਾਉ = ਵਿਅਰਥ ਹੈ।

ਜਿਹੜੇ ਉਪਦੇਸ਼ ਕਰਤਾ ਦਾ ਅਖਰੁ = ਉਪਦੇਸ਼ ਅੰਧਾ = ਅਗਿਆਨਤਾ ਵਾਲਾ ਹੈ, ਉਸ ਦੁਆਰਾ ਵਾਉ = ਸਰਾਪ ਤੇ ਦੁਆਉ = ਦੁਆ (ਅਸੀਸ) ਦੇਣੀ ਵਿਅਰਥ ਹੈ **ਵਾ:** ਉਨ੍ਹਾਂ ਦੀ ਦੁਆਉ = ਦੁਆ ਦੇਣੀ ਵਾਉ = ਵਿਅਰਥ ਹੈ ॥੩॥੧॥

---

੧. ਜਿਸ ਨਾਲ ਸੁਨਿਆਰਾ ਅੱਗ ਨੂੰ ਭਖਾਉਂਦਾ ਹੈ, ਉਸ ਨੂੰ ਫੂਕਨੀ ਕਹਿੰਦੇ ਹਨ।

## ਦੂਸਰਾ ਅਰਥ

**ਅਨਵੈ ਰੀਤੀ ਅਨੁਸਾਰ :**

**ਨਦਰੀ ਕਰਮੀ ਗੁਰ ਬੀਚਾਰੁ ॥੧॥**

ਜਿਸ ਉੱਪਰ ਨਦਰੀ = ਕਿਰਪਾ ਦ੍ਰਿਸ਼ਟੀ ਕਰਨ ਵਾਲੇ ਸਤਿਗੁਰੂ ਸਾਹਿਬ ਜੀ ਦੀ ਮਿਹਰ ਹੋਈ ਹੈ ਅਤੇ ਜਿਸ ਜਗਿਆਸੂ ਅਧਿਕਾਰੀ ਨੂੰ ਨਿਸ਼ਕਾਮ ਕਰਮੀ = ਕਰਮਾਂ ਕਰਕੇ ਆਪਣੀ ਆਤਮਾ ਦੀ ਗੁਰ = ਵੱਡੀ ਵੀਚਾਰ ਪ੍ਰਾਪਤ ਹੋਈ ਹੈ ॥੧॥

**ਭਉ ਮੁਚੁ ਭਾਰਾ; ਵਡਾ ਤੋਲੁ ॥**

ਉਸ ਦਾ ਵੱਡੇ ਤੋਲ ਭਾਵ ਬ੍ਰਹਮ ਆਤਮਾ ਦੀ ਵੀਚਾਰ ਦੁਆਰਾ ਜੰਮਣ ਮਰਣ ਆਦਿ ਦਾ ਭਾਰਾ ਭਉ = ਡਰ ਮੁਚੁ = ਕੱਟਿਆ ਗਿਆ ਹੈ।

**ਮਨ ਮਤਿ ਹਉਲੀ; ਬੋਲੇ ਬੋਲੁ ॥**

ਉਸ ਨੇ ਆਪਣਾ ਮਨ ਸੰਕਲਪਾਂ-ਵਿਕਲਪਾਂ ਵੱਲੋਂ ਹਟਾ ਕੇ ਹੌਲਾ ਕਰ ਲਿਆ ਹੈ ਅਤੇ ਮਤਿ = ਬੁੱਧੀ ਵੀ ਮਿਥਿਆ ਪਦਾਰਥਾਂ ਦੇ ਨਿਸ਼ਚੇ ਕਰਨ ਵੱਲੋਂ ਹਟਾ ਕੇ ਹੌਲੀ ਕਰ ਲਈ ਹੈ, ਹੁਣ ਕੇਵਲ ਗੁਰੂ ਸਾਹਿਬ ਜੀ ਦੇ ਮਹਾਂਵਾਕ ਦੇ ਬੋਲੁ = ਬਚਨਾਂ ਤਾਈਂ ਹੀ ਬੋਲੇ = ਬੋਲਦਾ ਹੈ।

**ਸਿਰਿ ਧਰਿ ਚਲੀਐ; ਸਹੀਐ ਭਾਰੁ ॥**

ਇਸ ਪ੍ਰਕਾਰ ਉਸਨੇ ਗੁਰਾਂ ਦੀ ਆਗਿਆ ਨੂੰ ਸਿਰ 'ਤੇ ਧਰ ਕੇ ਭਾਵ ਮੰਨ ਕੇ **ਵਾ:** ਸਿਰ ਭਾਵ ਹੰਕਾਰ ਨੂੰ ਪਰੇ ਧਰਿ = ਰੱਖ ਕੇ ਭਾਣੇ ਵਿਚ ਚੱਲ ਕੇ ਸਾਰਿਆਂ ਦੇ ਭਾਰ ਭਾਵ ਅਧਿਸ਼ਠਾਨ ਰੂਪ ਬ੍ਰਹਮ ਨੂੰ ਸਹੀ ਨਿਸ਼ਚੇ ਕਰਕੇ ਉਸ (ਚ+ਲੀਐ) ਚ = ਵਿਚ ਲੀਐ = ਲੀਨ ਹੋਣਾ ਕੀਤਾ ਹੈ।

**ਨਦਰੀ ਕਰਮੀ ਗੁਰ ਬੀਚਾਰੁ ॥੧॥**

ਇਉਂ ਕਰਮ ਬਖ਼ਸ਼ੀ ਕਰਨ ਵਾਲੇ ਗੁਰੂ ਸਾਹਿਬ ਜੀ ਨੇ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਉਸ ਜਗਿਆਸੂ ਨੂੰ ਗੁਰ = ਵੱਡੀ ਬ੍ਰਹਮ ਵਿੱਦਿਆ, ਆਤਮਾ ਦੀ ਵੀਚਾਰ ਦੇਣਾ ਕੀਤੀ ॥੧॥

**ਭੈ ਬਿਨੁ; ਕੋਇ ਨ ਲੰਘਸਿ ਪਾਰਿ ॥**

ਜੰਮਣ ਮਰਣ ਦੇ ਭੈ ਤੋਂ ਮੁਕਤ ਹੋਏ ਬਿਨਾਂ ਕੋਈ ਵੀ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਲੰਘ ਸਕਦਾ।

**ਭੈ ਭਉ; ਰਾਖਿਆ, ਭਾਇ ਸਵਾਰਿ ॥੧॥ਰਹਾਉ॥**

ਜਿਸ ਨੇ ਭਾਇ = ਪ੍ਰਕਾਸ਼ ਸਰੂਪ ਬ੍ਰਹਮ ਵਿਚ ਆਪਣੇ ਚਿੱਤ ਨੂੰ ਸਵਾਰ ਕੇ ਲਿਵ ਲਾ ਲਈ ਹੈ, ਉਸ ਦੀ ਪਰਮੇਸ਼ਰ ਇਸ ਲੋਕ ਦੇ ਭੈ ਤੇ ਜਮ ਆਦਿਕਾਂ, ਪ੍ਰਲੋਕ ਦੇ ਭੈ ਤੋਂ ਰੱਖਿਆ ਕਰਦਾ ਹੈ ॥੧॥ਰਹਾਉ॥

**ਭੈ ਤਨਿ ਅਗਨਿ; ਭਖੈ ਭੈ ਨਾਲਿ ॥**

ਜੋ ਤਨ ਵਿਚ ਜੰਮਣ ਮਰਣ ਦਾ ਭੈ ਸੀ ਅਤੇ ਜੋ ਮਨ ਵਿਚ ਕੀਤੇ ਔਗੁਣਾਂ ਦਾ ਭੈ ਸੀ ਉਹ ਬ੍ਰਹਮ ਅਭਿਆਸ ਰੂਪੀ ਅਗਨੀ ਨਾਲ ਭਖ ਭਾਵ ਨਾਸ ਹੋ ਗਿਆ।

**ਭੈ ਭਉ ਘੜੀਐ; ਸਬਦਿ ਸਵਾਰਿ ॥**

ਜਦੋਂ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਮਨ ਨੂੰ ਸਵਾਰ ਲਈਏ ਤਦੋਂ ਇਸ ਲੋਕ ਦਾ ਭੈ ਤੇ ਪ੍ਰਲੋਕ ਦਾ ਭੈ ਘੜਿਆ ਜਾਂਦਾ ਭਾਵ ਨਾਸ਼ ਹੋ ਜਾਂਦਾ ਹੈ।

**ਭੈ ਬਿਨੁ; ਘਾੜਤ ਕਚੁਨਿ ਕਚ ॥**

ਜੰਮਣ ਮਰਣ ਦੇ ਭੈ ਤੋਂ ਰਹਿਤ ਹੋਏ ਬਿਨਾਂ ਗਿਆਨ ਦੀ ਘਾੜਤ ਕਚੁਨਿ = ਕੱਚ ਤੋਂ ਵੀ ਕੱਚੀ ਹੈ **ਵਾ:** ਕਾਲ ਦੇ ਭੈ ਰਹਿਤ ਹੋਏ ਬਿਨਾਂ ਉਪਦੇਸ਼ ਦੀ ਘਾੜਤ ਕੱਚ ਤੋਂ ਵੀ ਨਿਕੰਮੀ ਹੈ।

**ਅੰਧਾ ਸਚਾ; ਅੰਧੀ ਸਟ ॥੨॥**

ਗੁਰਮੁਖ ਜਨਾਂ ਨੇ ਇਹ ਇਹ ਨਿਸ਼ਚੇ ਕੀਤਾ ਹੈ ਕਿ ਇਹ ਸਰੀਰ ਰੂਪੀ ਸੰਚਾ ਸ੍ਵੈ ਸੱਤਾ ਹੀਣ ਹੋਣ ਕਰਕੇ ਅੰਨ੍ਹਾ ਹੈ ਤੇ ਮੋਹ ਆਦਿਕਾਂ ਦੀ ਅੰਨ੍ਹੀ ਸੱਟ ਹੈ **ਵਾ:** ਬ੍ਰਹਮ ਦੀ ਚੇਤਨ ਸੱਤਾ ਤੋਂ ਬਿਨਾਂ ਇਹ ਅੰਤਹਕਰਨ ਰੂਪੀ ਸੰਚਾ ਅੰਨ੍ਹਾ ਭਾਵ ਜੜ੍ਹ ਹੈ ਤੇ ਸੰਸਾਰਾਕਾਰ ਬਿਰਤੀ ਵੀ ਅੰਨ੍ਹੀ ਭਾਵ ਜੜ੍ਹ ਹੈ ਇਸ ਲਈ ਗੁਰਮੁਖ ਜਨਾਂ ਨੇ ਸੰਸਾਰਾਕਾਰ ਬਿਰਤੀ ਨੂੰ ਸੁੱਟ ਦਿੱਤਾ ਹੈ। ਭਾਵ ਬ੍ਰਹਮਾਕਾਰ ਬਿਰਤੀ ਨੂੰ ਧਾਰਨ ਕਰ ਲਿਆ ॥੨॥

**ਬੁਧੀ ਬਾਜੀ; ਉਪਜੈ ਚਾਉ ॥**

ਬਾਜੀ = ਕਿਸੇ-ਕਿਸੇ ਬੁੱਧ ਵਿਚ ਹੀ ਵਾਹਿਗੁਰੂ ਦੇ ਮਿਲਣ ਦਾ ਚਾਅ ਉਪਜੈ = ਪੈਦਾ ਹੁੰਦਾ ਹੈ।

**ਸਹਸ ਸਿਆਣਪ; ਪਵੈ ਨ ਤਾਉ ॥**

ਸਹਸ = ਹਜ਼ਾਰਾਂ ਦ੍ਵੈਤ ਵਾਦੀਆਂ ਦੀਆਂ ਸਿਆਣਪ ਵਾਲੀਆਂ ਗੱਲਾਂ ਸੁਣ ਕੇ ਗੁਰਮੁਖ ਜਨਾਂ ਦੇ ਚਿੱਤ ਵਿਚ ਦੁਨੀਆਂ ਦੀ ਮਮਤਾ ਦਾ ਤਾਅ ਨਹੀਂ ਪੈਂਦਾ।

**ਨਾਨਕ; ਮਨਮੁਖਿ ਬੋਲਣੁ ਵਾਉ ॥**

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਗੁਰਮੁਖਾਂ ਪ੍ਰਤੀ ਮਨਮੁਖਾਂ ਦਾ ਬੋਲਣਾ ਵਾਉ = ਹਵਾ ਵਾਂਗ ਹੀ ਹੈ ਭਾਵ ਮਨਮੁਖ ਵਿਅਰਥ ਹੀ ਗੁਰਮੁਖਾਂ ਦੀ ਨਿੰਦਾ ਕਰਦੇ ਹਨ।

**ਅੰਧਾ ਅਖਰੁ; ਵਾਉ ਦੁਆਉ ॥੩॥੧॥**

ਅਗਿਆਨੀ ਮਨਮੁਖਾਂ ਦਾ ਅਖਰੁ = ਉਪਦੇਸ਼ ਵਾਉ ਦੁਆਉ = ਵਿਅਰਥ ਹੀ ਹੈ। ਮਨਮੁਖ ਪਖੰਡੀਆਂ ਅਸੀਸਾਂ ਦਾ ਬਦ ਅਸੀਸਾਂ ਦੇਣੀਆਂ ਹਵਾ ਦੇ ਖੜਕੇ ਵਾਂਗ ਹੀ ਹਨ ॥੩॥੧॥

ਕੌਡੇ ਰਾਖਸ਼ ਨੇ ਕਿਹਾ ਕਿ ਮਹਾਰਾਜ ਜੀ ਪਰਮੇਸ਼ਰ ਦਾ ਡਰ ਕਿਵੇਂ ਧਾਰਨ ਕਰੀਏ ਤਾਂ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ।

## ਗਉੜੀ, ਮਹਲਾ ੧ ॥

## ਡਰਿ ਘਰੁ ਘਰਿ ਡਰੁ; ਡਰਿ ਡਰੁ ਜਾਇ ॥

ਹੇ ਭਾਈ! ਉਸ ਪਰਮੇਸ਼ਰ ਦੇ ਡਰਿ = ਭੈ ਨੂੰ ਘਰੁ = ਹਿਰਦੇ ਵਿਚ ਰਹਿਣ ਦੀ ਥਾਂ ਦੇਣਾ ਕਰ ਅਤੇ ਪਰਮੇਸ਼ਰ ਦੇ ਡਰ ਵਿਚ ਤੂੰ ਆਪਣਾ ਘਰ ਬਣਾਉਣਾ ਕਰ ਫੇਰ ਤੇਰਾ ਜੰਮਣ ਮਰਣ, ਵਿਕਾਰਾਂ, ਜਮਾਂ ਦੇ ਡਰਿ = ਡਰਾਉਣ ਵਾਲਾ ਡਰੁ = ਭੈਅ ਚਲਾ ਜਾਇ = ਜਾਵੇਗਾ।

**ਅਥਵਾ** ਹੇ ਭਾਈ! ਪਰਮੇਸ਼ਰ ਦੇ ਡਰਿ = ਭੈਅ ਕਰਕੇ ਘਰੁ = ਸਰੂਪ ਦੀ ਲੱਖਤਾ ਹੁੰਦੀ ਹੈ, ਘਰਿ = ਹਿਰਦੇ ਵਿਚ ਐਸਾ ਡਰ ਆ ਵੱਸਦਾ ਹੈ, ਜਿਸ ਡਰਿ = ਭੈ ਨਾਲ ਹੋਰ ਸਾਰਾ ਡਰ ਚਲਿਆ ਜਾਇ = ਜਾਂਦਾ ਹੈ।

## ਸੋ ਡਰੁ ਕੇਹਾ; ਜਿਤੁ ਡਰਿ, ਡਰੁ ਪਾਇ ॥

ਸੋ = ਉਹ ਕੇਹਾ = ਕਿਹੋ ਜਿਹਾ ਡਰੁ = ਭੈ ਹੈ, ਜਿਤੁ = ਜਿਸ ਡਰਿ = ਭੈ ਕਰਕੇ ਤੂੰ ਆਪਣੇ ਹਿਰਦੇ ਵਿਚ ਹੋਰ ਡਰ ਪਾਇ = ਪਾਉਣਾ ਕਰੇਂ। ਅਤੇ ਪਰਮੇਸ਼ਰ ਦੇ ਸਨਮੁਖ ਚਿੱਤ ਦੀ ਬਿਰਤੀ ਨੂੰ ਜੋੜ ਕੇ ਇਸ ਤਰ੍ਹਾਂ ਬੇਨਤੀ ਕਰ ਕਿ :

## ਤੁਧੁ ਬਿਨੁ, ਦੂਜੀ ਨਾਹੀ ਜਾਇ ॥

ਹੇ ਪਰਮੇਸ਼ਰ ! ਤੁਧੁ = ਤੁਹਾਡੇ ਤੋਂ ਬਿਨੁ = ਬਗ਼ੈਰ ਜੰਮਣ ਮਰਣ ਦੇ ਡਰ ਤੋਂ ਬਚਾਉਣ ਵਾਸਤੇ ਹੋਰ ਦੂਜੀ = ਦੂਸਰੀ ਜਾਇ = ਜਗ੍ਹਾ (ਥਾਂ) ਨਾਹੀ = ਨਹੀਂ ਹੈ।

## ਜੋ ਕਿਛੁ ਵਰਤੈ; ਸਭ ਤੇਰੀ ਰਜਾਇ ॥੧॥

ਹੇ ਪਰਮੇਸ਼ਰ ! ਜੋ = ਜਿਹੜਾ ਕਿਛੁ = ਕੁਝ ਵੀ ਇਸ ਸੰਸਾਰ ਵਿਚ ਵਰਤਾਰਾ ਵਰਤੈ = ਵਰਤ ਰਿਹਾ ਹੈ, ਉਹ ਸਭ = ਸਾਰਾ ਤੇਰੀ = ਤੁਹਾਡੀ ਰਜਾਇ = ਆਗਿਆ ਵਿਚ ਹੀ ਵਰਤ ਰਿਹਾ ਹੈ ॥੧॥

## ਡਰੀਐ; ਜੇ ਡਰੁ ਹੋਵੈ ਹੋਰੁ ॥
## ਡਰਿ ਡਰਿ ਡਰਣਾ; ਮਨ ਕਾ ਸੋਰੁ ॥੧॥ਰਹਾਉ॥

ਡਰੀਐ = ਡਰੀਏ ਤਾਂ ਜੇ = ਜੇਕਰ ਕੋਈ ਹੋਰ ਡਰੁ = ਭੈ ਹੋਵੇ।

ਦੁਨੀਆਂ ਦੇ ਡਰਿ = ਭੈ ਦਾ ਡਰਿ = ਡਰਾਇਆ ਹੋਇਆ ਜੋ ਡਰਨਾ ਹੈ, ਇਹ ਸਾਰਾ ਮਨ = ਹਿਰਦੇ ਕਾ = ਦਾ ਹੀ ਸੋਰੁ = ਸ਼ੋਰ ਸ਼ਰਾਬਾ, ਰੌਲਾ ਰੱਪਾ ਹੈ।

**ਅਥਵਾ** ਜੇਕਰ ਪਰਮੇਸ਼ਰ ਵਰਗਾ ਕੋਈ ਹੋਰ ਹੋਵੇ ਤਾਂ ਉਸ ਦਾ ਡਰ ਮੰਨ ਕੇ ਡਰਨਾ ਕਰੀਏ। ਐਵੇਂ ਡਰਿ = ਡਰਾਕਲ ਹੋ ਕੇ ਦੁਨੀਆਂ ਦੇ ਡਰਾਂ ਤੋਂ ਡਰਿ = ਡਰਦੇ ਰਹਿਣਾ ਮਨ ਦਾ ਹੀ ਸੋਰੁ = ਰੌਲਾ ਰੱਪਾ ॥੧॥ਰਹਾਉ॥ ਜਿਸਨੇ ਆਪਣੇ ਮਨ ਦਾ ਰੌਲੇ ਰੱਪੇ ਵਾਲਾ ਡਰ ਦੂਰ ਕਰ ਲਿਆ ਹੈ ਅਤੇ ਪੂਰੇ ਗੁਰਾਂ ਦੀ ਸਿੱਖਿਆ ਦੁਆਰਾ ਬ੍ਰਹਮਾਨੰਦ ਦੀ ਪ੍ਰਾਪਤੀ ਕਰ ਲਈ ਹੈ, ਉਸ ਦੀ ਦ੍ਰਿਸ਼ਟੀ ਐਸੀ ਹੋ ਜਾਂਦੀ ਹੈ ਕਿ

## ਨਾ ਜੀਉ ਮਰੈ; ਨ ਡੂਬੈ ਤਰੈ ॥ ਜਿਨਿ ਕਿਛੁ ਕੀਆ; ਸੋ ਕਿਛੁ ਕਰੈ ॥

ਆਪਣੇ ਆਪ ਨਾ ਜੀਉ = ਜੀਵ ਮਰੈ = ਮਰਦਾ ਹੈ ਨਾ ਹੀ ਡੁਬੋਇਆ ਹੋਇਆ ਡੂਬੈ = ਡੁੱਬਦਾ ਹੈ ਅਤੇ ਨਾ ਹੀ ਕਿਸੇ ਦਾ ਤਾਰਿਆ ਹੋਇਆ ਤਰੈ = ਤਰ ਸਕਦਾ ਹੈ।

ਜਿਨਿ = ਜਿਸ ਪਰਮੇਸ਼ਰ ਨੇ ਸਭ ਕਿਛੁ = ਕੁਝ ਪਿੱਛੇ ਕੀਆ = ਕੀਤਾ ਸੀ, ਸੋ = ਉਹੀ ਪਰਮੇਸ਼ਰ ਸਭ ਕਿਛੁ = ਕੁਝ ਹੁਣ ਕਰੈ = ਕਰ ਰਿਹਾ ਹੈ।

## ਹੁਕਮੇ ਆਵੈ; ਹੁਕਮੇ ਜਾਇ ॥ ਆਗੈ ਪਾਛੈ; ਹੁਕਮਿ ਸਮਾਇ ॥੨॥

ਪਰਮੇਸ਼ਰ ਦੇ ਹੁਕਮੇ = ਹੁਕਮ ਵਿਚ ਹੀ ਜੀਵ ਜਨਮ ਧਾਰ ਕੇ ਸੰਸਾਰ ਵਿਚ ਆਵੈ = ਆਉਂਦਾ ਹੈ ਤੇ ਪਰਮੇਸ਼ਰ ਦੇ ਹੁਕਮੇ = ਹੁਕਮ ਵਿਚ ਹੀ ਸੰਸਾਰ ਤੋਂ ਚਲਿਆ ਜਾਇ = ਜਾਂਦਾ ਹੈ। ਅਤੇ

ਆਗੈ ਪਾਛੈ = ਅੱਗੇ ਪਿੱਛੇ ਭਾਵ ਲੋਕ ਪ੍ਰਲੋਕ ਵਿਚ ਵੀ ਉਸ ਵਾਹਿਗੁਰੂ ਦੇ ਹੁਕਮ ਵਿਚ ਸਮਾਇ = ਸਮਾਉਂਦਾ ਹੈ **ਵਾ:** ਵਾਹਿਗੁਰੂ ਦੇ ਹੁਕਮ ਵਿਚ ਜੀਵ ਸਮਾ ਜਾਵੇ ਤਾਂ ਜੀਵ ਦਾ ਆਗੈ = ਪ੍ਰਲੋਕ ਵੀ ਸੁਧਰ ਜਾਂਦਾ ਹੈ ਤੇ ਇਹ ਪਾਛੈ = ਲੋਕ ਵੀ ਸਫਲਾ ਹੋ ਜਾਂਦਾ ਹੈ **ਵਾ:** ਜਿਸ ਨੇ ਗੁਰਾਂ ਦੀ ਆਗੈ = ਆਗਿਆ ਮੰਨੀ ਹੈ ਉਹ ਦੇਹ ਅਭਿਮਾਨ ਵੱਲੋਂ ਪਾਛੈ = ਪਿੱਛੇ ਹੋ ਕੇ ਹੁਕਮਿ = ਹੁਕਮੀ ਪਰਮੇਸ਼ਰ ਵਿਚ ਸਮਾਇ = ਸਮਾਇਆ ਹੈ ॥੨॥

## ਹੰਸੁ ਹੇਤੁ; ਆਸਾ ਅਸਮਾਨੁ ॥ ਤਿਸੁ ਵਿਚਿ ਭੁਖ ਬਹੁਤੁ; ਨੈ ਸਾਨੁ ॥

(ਦੂਸਰਾ ਪਾਠ **ਨੈਸਾਨੁ** ਇੱਕਠਾ ਬੋਲੋ)

ਜੀਵ ਦੇ ਹਿਰਦੇ ਵਿਚ ਹੰਸੁ = ਹਿੰਸਾ, ਸਰੀਰਾਂ ਦਾ ਹੇਤੁ = ਮੋਹ, ਪਦਾਰਥਾਂ ਦੀ ਆਸਾ

ਅਸਮਾਨੁ = ਆਕਾਸ਼ ਵਾਂਗੂੰ ਅਮਿੱਤ ਹੈ ਭਾਵ ਖੰਡਾਂ ਬ੍ਰਹਮੰਡਾਂ ਦੇ ਪਦਾਰਥਾਂ ਨੂੰ ਪਾ ਕੇ ਵੀ ਤ੍ਰਿਪਤੀ ਨਹੀਂ ਹੁੰਦੀ **ਵਾ:** (ਅਸ+ਮਾਨੁ) ਹਿਰਦੇ ਵਿਚ ਮਾਨੁ = ਹੰਕਾਰ, ਵਡਿਆਈ ਦੀ ਇੱਛਾ ਅਸ = ਹੈ।

ਤਿਸੁ = ਉਸ ਜੀਵ ਦੇ ਹਿਰਦੇ ਵਿਚਿ = ਅੰਦਰ ਪਦਾਰਥਾਂ ਦੇ ਭੋਗਣ ਦੀ ਬਹੁਤੁ = ਬੇਅੰਤ ਭੂਖ = ਤ੍ਰਿਸ਼ਨਾ ਨੈ = ਨਦੀ ਦੇ ਪ੍ਰਵਾਹ ਸਾਨੁ = ਸਦਰੋਸ਼ ਚੱਲ ਰਹੀ ਹੈ **ਵਾ:** ਨੈਸਾਨੁ = ਪਰਗਟ ਹੈ।

## ਭਉ; ਖਾਣਾ ਪੀਣਾ ਆਧਾਰੁ ॥ ਵਿਣੁ ਖਾਧੇ; ਮਰਿ ਹੋਹਿ ਗਵਾਰ ॥੩॥

ਪਰਮੇਸ਼ਰ ਦਾ ਭਉ = ਡਰ ਹੀ ਖਾਣਾ ਪੀਣਾ ਤੇ ਆਧਾਰੁ = ਆਸਰਾ ਰੂਪ ਹੈ **ਅਥਵਾ** ਪਰਮੇਸ਼ਰ ਦੇ ਭੈ ਨੂੰ ਧਾਰਨ ਕਰ ਕੇ ਇਕ ਨਾਮ ਦਾ ਹੀ ਆਧਾਰੁ = ਆਸਰਾ ਗ੍ਰਹਿਣ ਕਰੇ, ਤਾਂ ਹੀ ਖਾਣਾ ਪੀਣਾ ਸਫਲ ਹੈ, ਪਰਮੇਸ਼ਰ ਦੇ ਡਰ ਖਾਧੇ ਪੀਤੇ ਭਾਵ ਧਾਰਨ ਕੀਤੇ ਤੋਂ ਵਿਣੁ = ਬਗ਼ੈਰ ਗਵਾਰ = ਮੂਰਖ ਪੁਰਖ ਦਾ ਮਰਿ = ਮਰਨਾ ਹੋਹਿ = ਹੁੰਦਾ ਹੈ **ਅਥਵਾ** ਜੋ ਪਰਮੇਸ਼ਰ ਸਭ ਦਾ ਆਧਾਰੁ = ਆਸਰਾ ਰੂਪ ਹੈ, ਉਸ ਨੂੰ ਹਰ ਸਮੇਂ ਹਾਜ਼ਰ ਜਾਣ ਕੇ, ਉਸ ਵਾਹਿਗੁਰੂ ਦੇ ਭਉ = ਡਰ ਨੂੰ ਖਾਣਾ ਕਰੇ। ਵਿਣੁ ਖਾਧੇ = ਪਰਮਾਤਮਾ ਦੇ ਭੈ ਤੋਂ ਬਿਨਾਂ ਮੂਰਖ ਜੀਵ ਲੋਕ-ਪਰਲੋਕ ਵਿਚ ਖ਼ੁਆਰ ਹੀ ਹੁੰਦਾ ਹੈ ॥੩॥

## ਜਿਸ ਕਾ ਕੋਇ ਕੋਈ; ਕੋਇ ਕੋਇ ॥

ਜਿਸ ਕਾ = ਦਾ ਪਰਮੇਸ਼ਰ ਤੋਂ ਬਗ਼ੈਰ ਹੋਰ ਕੋਇ = ਕੋਈ ਸਹਾਇਕ ਹੈ, ਉਹ ਕੋਈ ਦੱਸਣਾ ਕਰੇ ਕਿ ਕੋਈ ਕੋਇ = ਕੌਣ ਕਿਸੇ ਦਾ ਸਹਾਇਕ ਹੈ ਭਾਵ ਕੋਈ ਕਿਸੇ ਦਾ ਸਹਾਇਕ ਨਹੀਂ ਹੈ **ਅਥਵਾ** ਸੰਸਾਰ ਵਿਚ ਕਿਸੇ ਦਾ ਕੋਈ ਪਿਤਾ ਹੈ, ਕਿਸੇ ਦਾ ਕੋਈ ਬਾਬਾ ਹੈ, ਕਿਸੇ ਦਾ ਕੋਈ ਪੜਦਾਦਾ ਹੈ, ਕਿਸੇ ਦਾ ਕੋਈ ਵੱਡਾ ਹੈ, ਕੋਈ ਵੱਡਿਆਂ ਤੋਂ ਵੱਡਾ ਹੈ। ਅਸਲ ਵਿਚ

## ਸਭੁ ਕੋ ਤੇਰਾ; ਤੂੰ ਸਭਨਾ ਕਾ ਸੋਇ ॥

ਹੇ ਪਰਮੇਸ਼ਰ ! ਸਭ ਕੋ = ਕੋਈ ਤੇਰਾ = ਤੁਹਾਡਾ ਹੀ ਹੈ ਤੇ ਤੂੰ ਸਭਨਾ = ਸਾਰਿਆਂ ਕਾ = ਦਾ ਸੋਇ = ਉਹੀ ਇਕ ਆਸਰਾ ਹੈਂ।

## ਜਾ ਕੇ ਜੀਅ ਜੰਤ; ਧਨੁ ਮਾਲੁ ॥

ਜਾ = ਜਿਸ ਪਰਮੇਸ਼ਰ ਕੇ = ਦੇ ਜੀਅ ਜੰਤ = ਸੂਖਮ ਸਥੂਲ, ਛੋਟੇ ਵੱਡੇ ਜੀਵ, ਧਨ ਮਾਲ ਹਨ।

## ਨਾਨਕ, ਆਖਣੁ; ਬਿਖਮੁ ਬੀਚਾਰੁ ॥੪॥੨॥

ਸਤਿਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਉਸ ਪਰਮੇਸ਼ਰ ਦਾ ਕਥਨ ਕਰਨਾ, ਵਿਚਾਰ ਕਰਨਾ ਬੜਾ ਬਿਖਮੁ = ਔਖਾ, ਕਠਨ ਹੈ ॥੪॥੨॥

## ਗਉੜੀ ਮਹਲਾ ੧ ॥

**ਉਥਾਨਕਾ :** ਜਿਸ ਵੇਲੇ ਸਤਿਗੁਰੂ ਜੀ ਸੰਸਾਰ ਦੀ ਕਲਿਆਣ ਕਰਦੇ ਹੋਏ ਆਪਣੇ ਸਹੁਰੇ ਨਗਰ ਪੱਖੋਕੇ ਰੰਧਾਵੇ ਭਾਈ ਅਜਿੱਤੇ ਰੰਧਾਵੇ ਦੇ ਖੂਹ 'ਤੇ ਪਹੁੰਚੇ ਸਨ, ਉਸ ਵੇਲੇ ਕਿਸੇ ਮਨੁੱਖ ਨੇ ਗੁਰੂ ਜੀ ਦੇ ਸਹੁਰੇ ਘਰ ਜਾ ਕੇ ਦੱਸਿਆ, ਤਾਂ ਗੁਰੂ ਜੀ ਦਾ ਸਹੁਰਾ ਮੂਲ ਚੰਦ ਭਾਈ ਅਜਿੱਤੇ ਨੂੰ ਨਾਲ ਲੈ ਕੇ ਗੁਰੂ ਜੀ ਨੂੰ ਮਿਲਣ ਲਈ ਆਇਆ। ਗੁਰੂ ਜੀ ਦਾ ਫ਼ਕੀਰੀ ਲਿਬਾਸ ਦੇਖ ਕੇ ਮੂਲਚੰਦ ਨੇ ਬੜੇ ਕਠੋਰ ਬਚਨ ਕੀਤੇ। ਇਕ ਦਿਨ ਸਤਿਗੁਰੂ ਜੀ ਦੇ ਸੱਸ ਸਹੁਰਾ ਤੇ ਨਾਲ ਮਾਤਾ ਸੁਲੱਖਣੀ ਜੀ ਵੀ ਚੱਲ ਕਰ ਆਏ, ਤਾਂ ਸਤਿਗੁਰੂ ਜੀ ਦੀ

ਸੱਸ ਚੰਦੋ ਰਾਣੀ ਨੇ ਕਿਹਾ ਕਿ ਹੇ ਨਾਨਕ ! ਤੂੰ ਆਪਣੀ ਸੁਪਤਨੀ, ਪੁੱਤਰ ਤੇ ਪਰਿਵਾਰ ਨੂੰ ਛੱਡ ਕੇ ਕੁਰਾਹੀਆ ਹੋ ਗਿਆ ਹੈਂ :

**ਸੁਨਤੋ ਵੇ ਤੂੰ ਰਹਯੋ ਕੁਰਾਹੀ। ਸਦਾ ਹਮਾਰੀ ਛਾਤੀ ਦਾਹੀ।**
**ਪੁੱਤ੍ਰਨਿ, ਬਨਿਤਾ ਤਜਿ ਪਰਵਾਰਾ। ਫਿਰਯੋ ਪ੍ਰਦੇਸ਼ਨ ਦੂਰਨ ਦੂਰਾ॥੫੦॥**

*(ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ, ਅਧਿ: ੨੯)*

ਕਹਿਣ ਲੱਗੀ ਤੈਂ ਨਾ ਆਪਣੇ ਮਾਤਾ ਪਿਤਾ ਦੀ ਸ਼ਰਮ ਰੱਖੀ ਹੈ ਤੇ ਨਾ ਹੀ ਸਾਡੀ। ਸਾਨੂੰ ਸਾਰਿਆਂ ਨੂੰ ਸੰਸਾਰ ਵਿਚ ਖ਼ੁਆਰ ਕੀਤਾ ਹੈ :

**ਜਗ ਕੀ ਲਾਜ ਤਜੀ ਇਕ ਬਾਰੀ। ਹਮਕੋ ਸਭਿ ਮਹਿਂ ਕੀਨ ਖੁਆਰੀ॥੫੧॥**

*(ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ, ਅਧਿ: ੨੯)*

ਉਸ ਵੇਲੇ ਸਤਿਗੁਰੂ ਜੀ ਨੇ ਆਖਿਆ ਕਿ ਅਸਾਂ ਨੇ ਤਾਂ ਹੋਰ ਹੀ ਮਾਤਾ ਪਿਤਾ, ਸੱਸ ਸਹੁਰਾ ਆਦਿ ਸੰਬੰਧੀ ਬਣਾ ਲਏ ਹਨ। ਤਾਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਆਤਮਕ ਉਪਦੇਸ਼ ਦੇਣ ਲਈ ਅੰਤ੍ਰੀਵੀ ਭਾਵ ਵਿਚ ਇਹ ਸ਼ਬਦ ਉਚਾਰਨ ਕੀਤਾ।

## ਮਾਤਾ ਮਤਿ; ਪਿਤਾ ਸੰਤੋਖੁ ॥ ਸਤੁ ਭਾਈ ਕਰਿ; ਏਹੁ ਵਿਸੇਖੁ ॥੧॥

ਆਤਮ ਵਿਸ਼ੈਣੀ ਮਤਿ = ਬੁੱਧੀ **ਵਾ:** ਸ਼ੁਭ ਮਤਿ = ਸਿੱਖਿਆ ਹੀ ਸਾਡੀ ਮਾਤਾ = ਮਾਂ ਹੈ ਤੇ ਸੰਤੋਖ ਸਾਡਾ ਪਿਤਾ = ਪਿਓ ਹੈ।

ਸਤੁ = ਸੱਚ ਬੋਲਣਾ ਹੀ ਸੰਤੋਖ ਰੂਪੀ ਪਿਤਾ ਦਾ ਭਾਈ = ਭਰਾ ਭਾਵ ਚਾਚਾ ਬਣਾਉਣਾ ਕਰਿ = ਕਰਿਆ ਹੈ **ਵਾ:** ਸੱਚ ਹੀ ਸਾਡਾ ਭਾਈ ਹੈ, ਏਹੁ = ਇਹੋ ਹੀ ਅਸੀਂ ਵਿਸੇਖੁ = ਵਿਸ਼ੇਸ਼ ਕਰਕੇ ਧਾਰਨ ਕੀਤਾ ਹੋਇਆ ਹੈ ॥੧॥

## ਕਹਣਾ ਹੈ; ਕਿਛੁ ਕਹਣੁ ਨ ਜਾਇ ॥
## ਤਉ ਕੁਦਰਤਿ; ਕੀਮਤਿ ਨਹੀ ਪਾਇ ॥੧॥ਰਹਾਉ॥

ਹੇ ਪਰਮੇਸ਼ਰ ! ਤੁਹਾਡਾ ਜੱਸ ਕਹਣਾ = ਕਥਨ ਤਾਂ ਕਰੀਦਾ ਹੈ ਪਰ ਸਾਥੋਂ ਕਿਛੁ = ਕੁਝ ਕਹਣੁ = ਕਿਹਾ ਨ = ਨਹੀਂ ਜਾਇ = ਜਾਂਦਾ। ਕਿਉਂਕਿ

ਸਾਡੇ ਪਾਸੋਂ ਤਉ = ਤਾਂ ਤੁਹਾਡੀ ਕੁਦਰਤਿ = ਸ਼ਕਤੀ ਦੀ ਕੀਮਤ ਹੀ ਨਹੀਂ ਪਾਇ = ਪਾਈ ਜਾ ਸਕਦੀ ॥੧॥ਰਹਾਉ॥

[ਅੰਗ ੧੫੨]

## ਸਰਮ ਸੁਰਤਿ ਦੁਇ; ਸਸੁਰ ਭਏ ॥ ਕਰਣੀ ਕਾਮਣਿ; ਕਰਿ ਮਨ ਲਏ ॥੨॥

ਸਰਮ = ਲੱਜਾ ਰੱਖਣੀ ਤੇ ਸੁਰਤਿ = ਗਿਆਤ **ਵਾ:** ਸਰਮ = ਵੈਰਾਗ ਧਾਰਨ ਕਰਨਾ ਤੇ ਵਾਹਿਗੁਰੂ ਨਾਲ (ਸੁ+ਰਤਿ) ਸੁ = ਸ੍ਰੇਸਟ ਰਤਿ = ਪ੍ਰੀਤੀ ਕਰਕੇ ਬਿਰਤੀ ਨੂੰ ਬ੍ਰਹਮਾਕਾਰ ਬਣਾਉਣਾ ਹੀ ਇਹ ਦੁਇ = ਦੋਵੇਂ ਸਸੁਰ = ਸੱਸ ਤੇ ਸਹੁਰਾ ਭਏ = ਹੋਏ ਹਨ।

ਨਿਸ਼ਕਾਮ ਕਰਮਾਂ ਦੀ ਕਰਣੀ ਕਰਕੇ ਭਗਤੀ ਰੂਪ ਕਾਮਣਿ = ਇਸਤਰੀ ਨੂੰ ਮਨ = ਹਿਰਦੇ ਨੇ ਧਾਰਨ ਕਰ ਲਏ = ਲਿਆ ਹੈ ॥੨॥

## ਸਾਹਾ ਸੰਜੋਗੁ; ਵੀਆਹੁ ਵਿਜੋਗੁ ॥ ਸਚੁ ਸੰਤਤਿ; ਕਹੁ ਨਾਨਕ ਜੋਗੁ ॥੩॥੩॥

ਜੋ ਸਤਸੰਗਤ ਵਿਚ ਆ ਕੇ ਗੁਰ ਸ਼ਬਦ ਦੁਆਰਾ ਪਰਮੇਸ਼ਰ ਦੇ ਨਾਲ ਸੰਜੋਗੁ = ਮਿਲਾਪ ਹੋਇਆ ਹੈ

ਇਹ ਸਾਡਾ ਸਾਹਾ ਸੋਧਿਆ ਹੋਇਆ ਹੈ ਅਤੇ ਗੁਰ ਸ਼ਬਦ ਦੁਆਰਾ ਕਾਮ, ਕ੍ਰੋਧ ਤੇ ਅਗਿਆਨ ਆਦਿਕਾਂ ਵੱਲੋਂ ਬਿਰਤੀ ਦਾ ਵਿਜੋਗੁ = ਵਿਛੋੜਾ ਹੋ ਕੇ ਬ੍ਰਹਮਾਕਾਰ ਹੋਣ ਰੂਪ ਵੀਆਹੁ = ਵਿਆਹ ਹੋ ਗਿਆ ਹੈ **ਅਥਵਾ** ਅੰਨਵੇ ਰੀਤ ਅਨੁਸਾਰ : ਜੋ ਦੁਨਿਆਵੀ ਪਦਾਰਥਾਂ ਦਾ ਵਿਜੋਗ ਹੋਇਆ ਹੈ ਇਹ ਸਾਹਾ ਸੋਧਿਆ ਹੈ। ਜਿਹੜਾ ਗੁਰੂ ਨਾਲ ਮਨ, ਬਾਣੀ ਕਰਕੇ ਸੰ = ਭਲੀ ਪ੍ਰਕਾਰ ਜੋਗੁ = ਜੁੜਨਾ ਕੀਤਾ ਹੈ, ਇਹ ਵਿਆਹ ਹੋਇਆ ਹੈ।

ਸਚੁ ਸੰਤਤਿ = ਜਿਹੜਾ ਆਪਣੇ ਨਿਜ ਸਚ ਸਰੂਪ ਦੀ ਪ੍ਰਾਪਤੀ ਦਾ ਅਪ੍ਰੋਖ = ਪ੍ਰਤੱਖ ਬ੍ਰਹਮ ਗਿਆਨ ਹੋਣਾ ਹੈ, ਇਹੀ ਸਾਡੀ ਸੰਤਤਿ = ਸੰਤਾਨ (ਪੁੱਤਰ) ਹੈ। ਜੋ ਹਰ ਪ੍ਰਕਾਰ ਜੋਗ = ਲਾਇਕ ਹੈ। ਜਿਸ ਜੀਵ ਦੇ ਕੋਲ ਇਸ ਤਰ੍ਹਾਂ ਦਾ ਪਰਿਵਾਰ ਹੈ, ਔਲਾਦ ਹੈ, ਉਸ ਦਾ ਪਰਮੇਸ਼ਰ ਨਾਲ ਮਿਲਾਪ, ਜੁੜਨਾ ਹੁੰਦਾ ਹੈ ਤੇ ਉਸ ਦਾ ਜੰਮਣਾ ਮਰਨਾ ਕੱਟਿਆ ਜਾਂਦਾ ਹੈ ਤੇ ਉਹ ਮੁਕਤ ਹੋ ਜਾਂਦਾ ਹੈ ॥੩॥੩॥

## ਗਉੜੀ, ਮਹਲਾ ੧ ॥

**ਉਥਾਨਕਾ :** ਕੋਈ ਪੰਡਿਤ ਆਪਣੇ ਆਪ ਨੂੰ ਗਿਆਨੀ ਅਖਵਾਉਣ ਵਾਲਾ, ਜੋ ਬਹੁਤ ਹੀ ਗਿਆਨ ਦੀਆਂ ਗੱਲਾਂ ਕਰਿਆ ਕਰਦਾ ਸੀ, ਸਮੇਂ ਅਨੁਸਾਰ ਉਸ ਦਾ ਪਿਤਾ ਮਰ ਗਿਆ, ਤਾਂ ਉਹ ਪੰਡਿਤ ਆਪਣੇ ਪਿਤਾ ਦੀ ਮ੍ਰਿਤਕ ਦੇਹ ਕੋਲ ਬੈਠ ਕੇ ਰੋਣ ਲੱਗ ਪਿਆ। ਮੋਹ ਦੇ ਕਾਰਨ ਬਹੁਤ ਦੁਖੀ ਹੋਇਆ। ਤਾਂ ਸਤਿਗੁਰੂ ਜੀ ਨੇ ਉਸ ਦੇ ਮੋਹ ਨੂੰ ਦੂਰ ਕਰਨ ਲਈ, ਉਪਦੇਸ਼ ਦੇਣ ਵਾਸਤੇ ਸ਼ਬਦ ਉਚਾਰਨ ਕੀਤਾ :

### ਪਉਣੈ ਪਾਣੀ; ਅਗਨੀ ਕਾ ਮੇਲੁ ॥ ਚੰਚਲ; ਚਪਲ ਬੁਧਿ ਕਾ ਖੇਲੁ ॥

ਹੇ ਭਾਈ! ਇਹ ਸਰੀਰ ਪਉਣੈ = ਹਵਾ, ਪਾਣੀ ਤੇ ਅਗਨੀ = ਅੱਗ ਆਦਿ ਤੱਤਾਂ ਕਾ = ਦਾ ਮੇਲ ਹੈ ਭਾਵ ਹਵਾ ਸਵਾਸ ਰੂਪ ਹੋ ਕੇ ਵੱਗ ਰਹੀ ਸੀ, ਸਰੀਰ ਵਿਚ ਪਾਣੀ ਭਰਿਆ ਹੋਇਆ ਸੀ ਤੇ ਮਾਤਾ ਦੇ ਗਰਭ ਵਿਚ ਇਹ ਤਪਿਆ ਸੀ **ਵਾ:** ਪਉਣੈ = ਹਵਾ ਦੀ ਨਿਆਈਂ ਰਜੋ ਗੁਣੀ, ਪਾਣੀ ਦੀ ਨਿਆਈਂ ਸਤੋਗੁਣ, ਅਗਨੀ ਦੀ ਨਿਆਈਂ ਤਮੋ ਗੁਣ, ਇਉਂ ਤਿੰਨਾਂ ਗੁਣਾਂ ਦਾ ਹੀ ਸਾਰਾ ਮੇਲ ਹੈ, ਇਕੱਠ ਹੈ।

ਕਈ ਮੱਤਾਂ ਵਿਚ ਚਾਰ ਤੱਤਾਂ ਦੁਆਰਾ ਸਰੀਰ ਦੀ ਰਚਨਾ ਮੰਨਦੇ ਹਨ। ਇਥੇ ਤਿੰਨ ਤੱਤਾਂ ਦੀ ਪ੍ਰਧਾਨਤਾ ਦੱਸ ਰਹੇ ਹਨ, ਧਰਤੀ ਤੇ ਅਸਮਾਨ ਇਨ੍ਹਾਂ ਦੇ ਵਿਚਕਾਰ ਆ ਗਿਆ। ਇਸ ਤਰ੍ਹਾਂ ਇਹ ਸਰੀਰ ਇਨ੍ਹਾਂ ਤੱਤਾਂ ਦਾ ਹੀ ਮੇਲ ਹੈ।

ਚੰਚਲ ਮਨ ਤੇ ਵਿਸ਼ੇ ਵਿਸ਼ੈਣੀ ਚਪਲ = ਅਸਥਿਰ (ਚੰਚਲ) ਬੁਧ ਕਾ = ਦਾ ਹੀ ਸਾਰਾ ਖੇਲ ਹੈ **ਅਥਵਾ** ਜੋ ਚੰਚਲ ਸੰਸਾਰ ਹੈ, ਇਹ ਚੰਚਲ ਮਨ ਤੇ ਬੁੱਧ ਦਾ ਹੀ ਰਚਿਆ ਹੋਇਆ ਖੇਲੁ = ਤਮਾਸ਼ਾ ਹੈ।

### ਨਉ ਦਰਵਾਜੇ; ਦਸਵਾ ਦੁਆਰੁ ॥ ਬੁਝੁ ਰੇ ਗਿਆਨੀ; ਏਹੁ ਬੀਚਾਰੁ ॥੧॥

ਹੇ ਭਾਈ! ਇਸ ਦੇਹੀ ਵਿਚ ਗੋਲਕਾਂ ਰੂਪ ਨਉ = ਨੌ ਦਰਵਾਜੇ = ਦੁਆਰੇ ਪ੍ਰਤੱਖ ਦਿੱਸ ਰਹੇ ਹਨ ਤੇ ਦਸਵਾਂ ਦੁਆਰੁ = ਦਰਵਾਜਾ ਮਸਤਕ ਵਿਚ ਗੁਪਤ ਰੱਖਿਆ ਹੋਇਆ ਹੈ। ਇਸ ਲਈ ਰੇ = ਹੇ ਗਿਆਨੀ! ਤੂੰ ਗਿਆਨਵਾਨ ਹੋ ਕੇ ਆਪਣੇ ਨਿਜ ਸਰੂਪ ਦੀ ਏਹੁ = ਇਹ ਵੀਚਾਰ ਨੂੰ ਬੁਝੁ = ਸਮਝਣਾ ਕਰ ॥੧॥

### ਕਥਤਾ ਬਕਤਾ; ਸੁਨਤਾ ਸੋਈ ॥
### ਆਪੁ ਬੀਚਾਰੇ; ਸੁ ਗਿਆਨੀ ਹੋਈ ॥੧॥ਰਹਾਉ॥

ਕਥਤਾ = ਕਵੀਸਰ, ਬਕਤਾ = ਕਥਨ ਕਰਨ ਵਾਲਾ ਪ੍ਰਚਾਰਕ ਤੇ ਸੁਨਤਾ = ਸੁਨਣ ਵਾਲਾ ਸਰੋਤਾ ਸੋਈ = ਉਹੀ ਹੈ ਅਤੇ ਸੁ = ਉਹੋ ਹੀ ਗਿਆਨੀ = ਗਿਆਨਵਾਨ ਹੋਈ = ਹੁੰਦਾ ਹੈ ਜੋ ਆਪੁ = ਆਪਣੇ ਆਤਮਾ ਦੀ ਵੀਚਾਰ ਕਰਦਾ ਹੈ **ਵਾ:** ਕਥਤਾ = ਗ੍ਰੰਥ ਰਚਨ ਵਾਲਾ, ਬਕਤਾ = ਬਕਤਬ ਭਾਵ ਵਖਿਆਨ ਕਰਨ ਵਾਲਾ

ਤੇ ਸੁਨਤਾ = ਸੁਨਣ ਵਾਲਾ ਸਰੋਤਾ ਸੋਈ = ਉਹ ਪਰਮੇਸ਼ਰ ਆਪ ਹੀ ਹੈ। ਇਸ ਪ੍ਰਕਾਰ ਜਾਣ ਕੇ ਜੋ ਬ੍ਰਹਮ ਆਤਮਾ ਨੂੰ ਆਪਣਾ ਆਪ ਰੂਪ ਕਰਕੇ ਵੀਚਾਰਦਾ ਹੈ ਉਹੀ ਗਿਆਨੀ = ਗਿਆਨਵਾਨ ਹੁੰਦਾ ਹੈ ॥੧॥ਰਹਾਉ॥

## ਦੇਹੀ ਮਾਟੀ; ਬੋਲੈ ਪਉਣੁ ॥ ਬੁਝੁ ਰੇ ਗਿਆਨੀ; ਮੂਆ ਹੈ ਕਉਣੁ ॥

ਹੇ ਭਾਈ! ਇਹ ਦੇਹ ਤਾਂ ਮਿੱਟੀ ਦਾ ਕਾਰਜ ਹੋਣ ਕਰਕੇ ਚੇਤਨ ਦੀ ਸੱਤਾ ਤੋਂ ਬਿਨਾਂ ਜੜ੍ਹ ਹੈ। ਅਤੇ ਇਸ ਦੇਹੀ ਵਿਚ ਜੋ ਚੇਤਨ ਸੱਤਾ ਵਾਲਾ ਜੀਵ ਹੈ, ਉਸ ਦਾ ਪਵਣ ਨਾਲ ਸੰਬੰਧ ਹੋਣ ਕਰਕੇ ਵਾਕ ਇੰਦ੍ਰੀਆਂ ਦੁਆਰਾ ਬੋਲ ਰਿਹਾ ਹੈ। ਇਸ ਲਈ ਰੇ = ਹੇ ਗਿਆਨੀ ਕਹਾਉਣ ਵਾਲੇ ਵਿਦਵਾਨ ਬੁਝੁ = ਸਮਝਣਾ ਕਰ, ਇਸ ਦੇ ਵਿੱਚੋਂ ਦੱਸ ਕੌਣ ਮੂਆ = ਮਰਿਆ ਹੈ।

## ਮੂਈ ਸੁਰਤਿ; ਬਾਦੁ ਅਹੰਕਾਰੁ ॥ ਓਹੁ ਨ ਮੂਆ; ਜੋ ਦੇਖਣਹਾਰੁ ॥੨॥

ਹੇ ਗਿਆਨੀ! ਜੋ ਸੁਰਤਿ = ਗਿਆਤ **ਵਾ:** ਸੁਰਤਿ = ਮੂਰਤ (ਸ਼ਕਲ) ਸੀ ਉਹ ਮੂਈ = ਮਰ ਗਈ **ਵਾ:** ਜੋ ਸੰਸਾਰਾਕਾਰ ਸੂਰਤ ਪੁੱਤਰ, ਧੀਆਂ, ਮਾਤਾ ਪਿਤਾ ਆਦਿ ਸੰਬੰਧੀਆਂ ਦਾ ਗਿਆਨ ਰੱਖਦੀ ਸੀ ਉਹ ਮਰ ਗਈ ਜਿਸ ਦਾ ਕਾਰਨ ਚੰਚਲ ਬੁੱਧੀ ਦਾ ਧਾਰਨ ਕੀਤਾ ਹੋਇਆ ਹੰਕਾਰ ਸੀ ਅਤੇ ਜਿਸ ਦਾ ਫਲ ਬਾਦੁ = ਝਗੜਾ ਸੀ। ਪਰ ਜੋ ਸੰਸਾਰ ਦੇ ਦ੍ਰਿਸ਼ ਨੂੰ ਦੇਖਣ ਵਾਲਾ ਦ੍ਰਿਸ਼ਟਾ ਰੂਪ ਚੇਤਨ ਬ੍ਰਹਮ ਹੈ, ਉਹ ਨ = ਨਹੀਂ ਮੂਆ = ਮਰਿਆ ॥੨॥

## ਜੈ ਕਾਰਨਿ; ਤਟਿ ਤੀਰਥ ਜਾਹੀ ॥ ਰਤਨ ਪਦਾਰਥ; ਘਟ ਹੀ ਮਾਹੀ ॥

ਜੈ = ਜਿਸ ਵਾਹਿਗੁਰੂ ਦੀ ਪ੍ਰਾਪਤੀ ਵਾਸਤੇ ਤੇ ਮਨ ਦੀ ਸ਼ੁੱਧੀ ਵਾਸਤੇ, ਤੀਰਥਾਂ ਦੇ ਤਟਿ = ਕਿਨਾਰਿਆਂ 'ਤੇ ਬੈਠ ਕੇ ਲੋਕ ਤਪੱਸਿਆ ਕਰਨ ਜਾਈ = ਜਾਂਦੇ ਹਨ, ਪਰ ਉਹ ਰਤਨ ਪਦਾਰਥ ਰੂਪ ਪਰਮੇਸ਼ਰ ਵਾਹਿਗੁਰੂ ਸਾਰਿਆਂ ਦੇ ਘਟ = ਹਿਰਦਿਆਂ ਦੇ ਮਾਹੀ = ਵਿਚ ਹੀ ਵੱਸ ਰਿਹਾ ਹੈ।

## ਪੜਿ ਪੜਿ ਪੰਡਿਤੁ; ਬਾਦੁ ਵਖਾਣੈ ॥ ਭੀਤਰਿ ਹੋਦੀ; ਵਸਤੁ ਨ ਜਾਣੈ ॥੩॥

ਉਥੇ ਤੀਰਥਾਂ ਤੇ ਆਪਣੇ ਆਪ ਨੂੰ ਪੰਡਿਤੁ = ਵਿਦਵਾਨ ਕਹਾਉਣ ਵਾਲੇ ਸ਼ਾਸਤਰਾਂ ਨੂੰ ਪੜ੍ਹ ਪੜ੍ਹ ਕੇ ਬਾਦੁ = ਝਗੜਾ ਹੀ ਵਖਾਣੈ = ਕਥਨ ਕਰਦੇ ਦਿੱਸਦੇ ਹਨ।

ਜੋ ਅੰਤਹਕਰਣ ਦੇ ਭੀਤਰਿ = ਵਿਚ ਚੇਤਨ ਸਰੂਪ ਰੂਪ ਵਸਤੂ ਹੋਦੀ = ਹੁੰਦੀ ਹੈ, ਉਸ ਵਸਤੂ ਨੂੰ ਨ = ਨਹੀਂ ਜਾਣੈ = ਜਾਣਦੇ ॥੩॥

ਇਸ ਲਈ ਹੇ ਪੰਡਤ ਤੂੰ ਉਸ ਚੇਤਨ ਸਰੂਪ ਰੂਪ ਵਸਤੂ ਨੂੰ ਜਾਨਣਾ ਕਰ ਤਾਂ ਤੈਨੂੰ ਫੇਰ ਸਮਝ ਆਵੇਗੀ ਕਿ

## ਹਉ ਨ ਮੂਆ; ਮੇਰੀ ਮੁਈ ਬਲਾਇ ॥ ਓਹੁ ਨ ਮੂਆ; ਜੋ ਰਹਿਆ ਸਮਾਇ ॥

ਹਉ = ਮੈਂ ਨ = ਨਹੀਂ ਮੂਆ = ਮਰਿਆ, ਬਲਕਿ ਮੇਰੀ ਅਵਿੱਦਿਆ ਰੂਪ ਬਲਾਇ = ਬਲ੍ਹਾ (ਬਦ ਰੂਹ) ਮੁਈ = ਮਰ ਗਈ ਹੈ **ਅਥਵਾ** ਜੋ ਸਾਰਿਆਂ ਵਿਚ ਬ੍ਰਹਮ ਚੇਤਨ ਇਕ-ਰਸ ਸਮਾ ਰਿਹਾ ਹੈ, ਵਿਆਪਕ ਹੋ ਰਿਹਾ ਹੈ, ਉਹ ਵੀ ਕਦੇ ਨਹੀਂ ਮੂਆ = ਮਰਦਾ **ਵਾ:** ਜੋ ਬ੍ਰਹਮ ਚੇਤਨ ਸਰੀਰ ਵਿਚ ਸਮਾ ਰਿਹਾ ਸੀ ਉਹ ਵੀ ਨ = ਨਹੀਂ ਮਰਦਾ।

## ਕਹੁ ਨਾਨਕ; ਗੁਰਿ ਬ੍ਰਹਮੁ ਦਿਖਾਇਆ ॥
## ਮਰਤਾ ਜਾਤਾ; ਨਦਰਿ ਨ ਆਇਆ ॥੪॥੪॥

ਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ! ਜਿਸ ਨੂੰ ਪੂਰੇ ਗੁਰਾਂ ਨੇ ਕਿਰਪਾ ਕਰਕੇ ਬ੍ਰਹਮੁ = ਪਰਮੇਸ਼ਰ

ਦਿਖਾਇਆ = ਵਿਖਾ ਦਿੱਤਾ ਹੈ, ਫੇਰ ਉਸ ਨੂੰ ਮਰਤਾ = ਮਰਦਾ ਜਾਤਾ = ਉਪਜਦਾ (ਜੰਮਦਾ) ਕੋਈ ਵੀ ਨਦਰਿ = ਦ੍ਰਿਸ਼ਟੀ ਵਿਚ ਨ = ਨਹੀਂ ਆਇਆ = ਆਉਂਦਾ ॥੪॥੪॥ ਜੈਸਾ ਕਿ :

**ਨਹ ਕਿਛੁ ਜਨਮੈ ਨਹ ਕਿਛੁ ਮਰੈ ॥**
**ਆਪਨ ਚਲਿਤੁ ਆਪ ਹੀ ਕਰੈ ॥** *(ਗਉੜੀ ਸੁਖਮਨੀ ਮਃ ੫, ਅੰਗ ੨੮੧)*

# ਗਉੜੀ ਮਹਲਾ ੧, ਦਖਣੀ ॥

**ਉਥਾਨਕਾ :** ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਚ ਬਿਰਾਜਮਾਨ ਸਨ ਤਾਂ ਉਸ ਵੇਲੇ ਦੱਖਣ ਦੇਸ਼ ਦੀ ਸੰਗਤ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਆਈ। ਸੰਗਤ ਨੇ ਉਪਦੇਸ਼ ਦੀ ਜਾਚਨਾ ਕੀਤੀ ਤਾਂ ਗੁਰੂ ਸਾਹਿਬ ਜੀ ਨੇ ਇਹ (ਗਉੜੀ ਦਖਣੀ) ਸ਼ਬਦ ਦੁਆਰਾ ਉਪਦੇਸ਼ ਬਖ਼ਸ਼ਿਸ਼ ਕੀਤਾ।

(ਗਉੜੀ ੧੩ ਪ੍ਰਕਾਰ ਦੀ ਹੈ। ਨੌਂ ਪ੍ਰਕਾਰ ਦੀ ਪ੍ਰਗਟ ਤੇ ਚਾਰ ਪ੍ਰਕਾਰ ਦੀ ਗੁਪਤ ਰੂਪ ਵਿਚ ਇਸ਼ਾਰਾ ਹੈ। ਜਿਵੇਂ : "ਗਉੜੀ ਭੀ ਸੋਰਠਿ ਭੀ"। ਜਿਸ ਦਾ ਸਾਰਾ ਵੇਰਵਾ ਰਾਗ ਦੇ ਮੁੱਢ ਵਿਚ ਦੇ ਆਏ ਹਾਂ।)

## ਸੁਣਿ ਸੁਣਿ ਬੂਝੈ; ਮਾਨੈ ਨਾਉ ॥ ਤਾ ਕੈ; ਸਦ ਬਲਿਹਾਰੈ ਜਾਉ ॥

(**ਸਦ** ਪੋਲਾ ਬੋਲੋ)

ਜੋ ਪੁਰਖ ਪੂਰੇ ਗੁਰਾਂ ਤੋਂ ਨਾਮ ਦਾ ਉਪਦੇਸ਼ ਸ਼ਰਧਾ ਤੇ ਵਿਸ਼ਵਾਸ ਰੂਪ ਸੁਣਿ = ਕੰਨਾਂ ਨਾਲ ਸੁਣਿ = ਸ੍ਰਵਣ ਕਰਕੇ ਬੂਝੈ = ਸਮਝਦਾ ਹੈ ਤੇ ਫੇਰ ਨਾਉ = ਨਾਮ ਦਾ ਮਾਨੈ = ਮੰਨਣ ਕਰਦਾ ਹੈ।

ਤਾ = ਉਸ ਕੈ = ਦੇ ਉੱਪਰੋਂ ਮੈਂ ਸਦ = ਸਦਾ ਬਲਿਹਾਰੈ = ਕੁਰਬਾਨ ਜਾਉ = ਜਾਂਦਾ ਹਾਂ।

## ਆਪਿ ਭੁਲਾਏ; ਠਉਰ ਨ ਠਾਉ ॥ ਤੂੰ ਸਮਝਾਵਹਿ; ਮੇਲਿ ਮਿਲਾਉ ॥੧॥

ਹੇ ਪਰਮੇਸ਼ਰ ! ਜਿਸ ਨੂੰ ਤੂੰ ਆਪ ਅਗਿਆਨ ਦਾ ਪੜਦਾ ਪਾ ਕੇ ਨਿਜ ਸਰੂਪ ਵੱਲੋਂ ਭੁਲਾਏ = ਭੁੱਲਾ ਦਿੰਦਾ ਹੈ, ਉਸ ਨੂੰ ਲੋਕ ਪ੍ਰਲੋਕ ਵਿਚ ਠਉਰ = ਥਾਂ ਠਾਉ = ਟਿਕਾਣਾ ਨ = ਨਹੀਂ ਮਿਲਦਾ।

ਜਿਸ ਨੂੰ ਤੂੰ ਪੂਰੇ ਗੁਰਾਂ ਦੁਆਰਾ ਸਮਝਾਵਹਿ = ਸਮਝਾ ਦੇਵੇਂ, ਉਸ ਨੂੰ ਤੂੰ ਆਪਣੇ ਸਰੂਪ ਦੇ ਮੇਲ ਵਿਚ ਮਿਲਾਉ = ਮਿਲਾ ਲੈਂਦਾ ਹੈਂ ॥੧॥

## ਨਾਮੁ ਮਿਲੈ; ਚਲੈ ਮੈ ਨਾਲਿ ॥ ਬਿਨੁ ਨਾਵੈ; ਬਾਧੀ ਸਭ ਕਾਲਿ ॥੧॥ਰਹਾਉ॥

ਹੇ ਪਰਮੇਸ਼ਰ ! ਮੈਂ ਤੇਰੇ ਕੋਲੋਂ ਇਹੋ ਜਾਚਨਾ ਕਰਦਾ ਹਾਂ ਕਿ ਮੈਨੂੰ ਤੇਰਾ ਅੰਮ੍ਰਿਤ ਨਾਮ ਮਿਲੇ, ਜੋ ਪ੍ਰਲੋਕ ਵਿਚ ਰੱਖਿਆ ਕਰਨ ਲਈ ਮੈ = ਮੇਰੇ ਨਾਲਿ = ਸਾਥ ਚਲੈ = ਚੱਲੇਗਾ।

ਤੇਰੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਸਭ = ਸਾਰੀ ਸ੍ਰਿਸ਼ਟੀ ਜਮਕਾਲ ਨੇ ਬਾਧੀ = ਬੰਨ੍ਹੀ ਹੋਈ ਹੈ ॥੧॥ਰਹਾਉ॥

## ਖੇਤੀ ਵਣਜੁ; ਨਾਵੈ ਕੀ ਓਟ ॥ ਪਾਪੁ ਪੁੰਨੁ; ਬੀਜ ਕੀ ਪੋਟ ॥

ਹੇ ਪਰਮੇਸ਼ਰ ! ਮੈਨੂੰ ਆਪਣੇ ਨਾਵੈ = ਨਾਮ ਕੀ = ਦੀ ਓਟ = ਟੇਕ ਦੇਵੋ ਤਾਂ ਜੋ ਇਹੋ ਮੇਰੀ ਖੇਤੀ ਤੇ ਵਣਜੁ = ਵਪਾਰ ਬਣੇ **ਵਾ:** ਜਿਨ੍ਹਾਂ ਨੇ ਖੇਤੀ, ਵਣਜੁ = ਵਪਾਰ ਆਦਿ ਦੁਨਿਆਵੀ ਕੰਮਾਂ ਵਿਚ ਖੱਚਤ ਹੋ ਕੇ ਪਰਮੇਸ਼ਰ ਦੇ ਨਾਵੈ = ਨਾਮ ਕੀ = ਦੀ ਤਰਫ਼ੋਂ ਓਟ = ਓਹਲਾ ਕਰ ਲਿਆ ਹੈ। ਅਤੇ

ਉਹ ਜੀਵ ਪਾਪ ਪੁੰਨ ਦੁਆਰਾ ਜੰਮਣ ਮਰਣ ਦੇ ਬੀਜ ਕੀ = ਦੀ ਪੋਟ = ਪੰਡ ਨੂੰ ਸਿਰ ਤੇ ਚੁੱਕੀ ਫਿਰਦੇ ਹਨ।

## ਕਾਮੁ ਕ੍ਰੋਧੁ; ਜੀਅ ਮਹਿ ਚੋਟ ॥ ਨਾਮੁ ਵਿਸਾਰਿ; ਚਲੇ ਮਨਿ ਖੋਟ ॥੨॥

ਕਾਮ ਕ੍ਰੋਧ ਆਦਿ ਵਿਕਾਰ ਉਨ੍ਹਾਂ ਦੇ ਜੀਅ = ਹਿਰਦੇ ਮਹਿ = ਵਿਚ ਚੋਟ = ਸੱਟਾਂ ਮਾਰਦੇ ਹਨ ਭਾਵ ਜਦੋਂ ਮਨ ਦੀ ਬਿਰਤੀ ਇਸਤਰੀ ਜਾਂ ਪੁਰਸ਼ ਨੂੰ ਵਿਸ਼ੇ ਅਧੀਨ ਹੋ ਕੇ ਚਿਤਵਨੀ ਕਰਦੀ ਹੈ ਤਾਂ ਕਾਮ ਚੋਟਾਂ ਮਾਰਦਾ ਹੈ ਤੇ ਜਦੋਂ ਤੀਖਸ਼ਣ ਬਿਰਤੀ ਕਰਕੇ ਵੈਰੀ ਨੂੰ ਚੇਤੇ ਕਰਦਾ ਹੈ ਤਾਂ ਕ੍ਰੋਧ ਚੋਟਾਂ ਮਾਰਦਾ ਹੈ।

ਉਹ ਪਰਮੇਸ਼ਰ ਦੇ ਨਾਮ ਨੂੰ ਵਿਸਾਰਿ = ਭੁੱਲਾ ਕੇ ਮਨ ਵਿਚ ਵਿਕਾਰਾਂ ਦੀ ਖੋਟ = ਬੁਰਿਆਈ ਲੈ ਕੇ ਦੁਨੀਆਂ ਤੋਂ ਕੂਚ ਕਰਕੇ ਪ੍ਰਲੋਕ ਨੂੰ ਚੱਲੇ ਹਨ ॥੨॥

## ਸਾਚੇ ਗੁਰ ਕੀ; ਸਾਚੀ ਸੀਖ ॥ ਤਨੁ ਮਨੁ ਸੀਤਲੁ; ਸਾਚੁ ਪਰੀਖ ॥

ਜਿਨ੍ਹਾਂ ਗੁਰਮੁਖਾਂ ਨੇ ਸਾਚੇ = ਸੱਚੇ ਗੁਰੂ ਕੀ = ਦੀ ਸਾਚੀ = ਸੱਚੀ ਸੀਖ = ਸਿੱਖਿਆ ਨੂੰ ਧਾਰਨ ਕੀਤਾ ਹੈ।

ਉਨਾਂ ਦਾ ਤਨ ਮਨ ਸੀਤਲੁ = ਸ਼ਾਂਤ ਹੋ ਗਿਆ ਹੈ ਤੇ ਉਨ੍ਹਾਂ ਨੂੰ ਸੱਚ ਸਰੂਪ ਦੀ ਪਰੀਖ = ਪਰਖਣਾ ਹੋ ਗਈ ਹੈ **ਵਾ:** ਉਨ੍ਹਾਂ ਨੇ ਸਾਚੁ = ਸੱਚੇ ਨਾਮ ਨੂੰ ਹਿਰਦੇ ਵਿਚ ਪਰੀਖ = ਪਰੋਸਣਾ ਕੀਤਾ ਹੈ।

## ਜਲ ਪੁਰਾਇਨਿ; ਰਸ ਕਮਲ ਪਰੀਖ ॥ ਸਬਦਿ ਰਤੇ; ਮੀਠੇ ਰਸ ਈਖ ॥੩॥

ਉਨ੍ਹਾਂ ਦੀ ਪਰੀਖ = ਪਰਖਣਾ ਇਹ ਹੈ ਕਿ ਜਿਵੇਂ ਰਸ = ਪਾਣੀ ਵਿਚ ਕਮਲ ਤੇ ਜਲ = ਪਾਣੀ ਵਿਚ ਪੁਰਾਇਨਿ = ਚੌਪੱਤੀ[੧] ਨਿਰਲੇਪ ਰਹਿੰਦੀ ਹੈ, ਇਸੇ ਪ੍ਰਕਾਰ ਗੁਰਮੁਖ ਜਨ ਮਾਇਆ ਵਿਚ ਰਹਿੰਦੇ ਹੋਏ ਵੀ ਮਾਇਆ ਤੋਂ ਨਿਰਲੇਪ ਰਹਿੰਦੇ ਹਨ **ਵਾ:** ਉਹ ਸੰਸਾਰ ਵਿਚ ਇਉਂ ਨਿਰਲੇਪ ਰਹਿੰਦੇ ਹਨ ਜਿਵੇਂ ਪਾਣੀ ਚੌਪੱਤੀ ਤੇ ਰਸ = ਪਾਣੀ ਵਿਚ ਕਮਲ ਦੀ ਨਿਰਲੇਪ ਰਹਿਣ ਰੂਪ ਪਰਖ ਹੁੰਦੀ ਹੈ।

ਉਹ ਗੁਰਮੁਖ ਜਨ ਗੁਰ ਸਬਦ ਵਿਚ ਰਤੇ = ਰੰਗੇ ਹਨ ਅਤੇ ਈਖ = ਗੰਨੇ ਦੇ ਰਸ ਨਾਲੋਂ ਵੀ ਮਿੱਠੇ ਬਚਨ ਬੋਲਦੇ ਹਨ **ਵਾ:** ਉਨ੍ਹਾਂ ਦੀ ਰਸਨਾ ਗੰਨੇ ਦੇ ਮਿੱਠੇ ਰਸ ਵਾਂਗੂੰ ਨਾਮ ਰਸ ਵਿਚ ਤਦਾਕਾਰ ਰਹਿੰਦੀ ਹੈ ॥੩॥

***ਪ੍ਰਸ਼ਨ** : ਹੇ ਸਤਿਗੁਰੂ ਜੀ ! ਇਹ ਜੀਵ ਸੰਸਾਰ ਵਿਚ ਕਿਵੇਂ ਆਇਆ ਹੈ ?*

***ਗੁਰ ਉੱਤਰ :***

## ਹੁਕਮਿ ਸੰਜੋਗੀ; ਗੜਿ ਦਸ ਦੁਆਰ ॥ ਪੰਚ ਵਸਹਿ; ਮਿਲਿ ਜੋਤਿ ਅਪਾਰ ॥

ਪੂਰਬਲੇ ਕੀਤੇ ਕਰਮਾਂ ਦੇ ਸੰਜੋਗ ਨਾਲ ਜਦੋਂ ਵਾਹਿਗੁਰੂ ਦਾ ਹੁਕਮ ਹੋਇਆ ਤਦੋਂ ਜੀਵ ਦਾ ਦਸੇ ਦੁਆਰਿਆਂ ਵਾਲਾ ਸਰੀਰ ਰੂਪੀ ਗੜਿ = ਕਿਲ੍ਹਾ ਘੜ ਦਿੱਤਾ। ਅਤੇ

ਅਪਾਰ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੀ ਚੇਤਨ ਸੱਤਾ ਰੂਪ ਜੋਤ ਨਾਲ ਮਿਲ ਕੇ ਇਸ ਜੀਵ ਦੇ ਵਿਚ ਪੰਚ = ਪੰਜ ਤੱਤ (ਪ੍ਰਾਣ) ਵਸਹਿ = ਵੱਸਦੇ ਭਾਵ ਹਰਕਤ ਕਰਦੇ ਹਨ।

**ਅਥਵਾ** ਜੋ ਗੁਰਮੁਖ ਵਾਹਿਗੁਰੂ ਦੇ ਹੁਕਮ ਦੇ ਸੰਜੋਗੀ ਹੋਏ ਹਨ, ਉਨ੍ਹਾਂ ਨੇ ਇਸ ਸਰੀਰ ਰੂਪੀ ਕਿਲ੍ਹੇ ਨੂੰ ਵੱਸ ਵਿਚ ਕਰ ਲਿਆ ਹੈ। ਅਤੇ

ਉਨ੍ਹਾਂ ਦੇ ਹਿਰਦੇ ਵਿਚ ਪੰਚ = ਪੰਜ (ਸਤ, ਸੰਤੋਖ, ਦਇਆ, ਧਰਮ, ਵੀਚਾਰ) ਆਦਿ ਸ਼ੁਭ ਗੁਣ ਵੱਸਦੇ ਹਨ, ਇਨ੍ਹਾਂ ਗੁਣਾਂ ਕਰਕੇ ਉਹ ਅਪਾਰ = ਪਾਰਾਵਾਰ ਤੋਂ ਰਹਿਤ ਜੋਤਿ = ਜੋਤੀ ਸਰੂਪ ਪਰਮੇਸ਼ਰ ਵਿਚ ਮਿਲ ਜਾਂਦੇ ਹਨ।

**ਅਥਵਾ** ਜੋ ਜੋਗੀ ਜਨ ਗੁਰੂ ਦੇ ਹੁਕਮ ਦੇ ਸੰਜੋਗੀ ਹੋਏ ਹਨ, ਉਹ ਦਸਮ ਦੁਆਰ ਰੂਪੀ ਕਿਲ੍ਹੇ ਵਿਚ ਪਹੁੰਚ ਜਾਂਦੇ ਹਨ। ਅਤੇ ਪੰਜਾਂ ਪ੍ਰਾਣਾਂ ਨੂੰ ਵੱਸ ਵਿਚ ਕਰਕੇ ਆਪਾਰ ਜੋਤੀ ਵਿਚ ਮਿਲ ਜਾਣਾ ਸਮਝਦੇ ਹਨ।

---

੧. ਪਾਣੀ ਉੱਤੇ ਪੈਦਾ ਹੋਣ ਵਾਲਾ ਇਕ ਪ੍ਰਕਾਰ ਦਾ ਘਾਹ।

## ਆਪਿ ਤੁਲੈ; ਆਪੇ ਵਣਜਾਰ ॥ ਨਾਨਕ; ਨਾਮਿ ਸਵਾਰਣਹਾਰ ॥੪॥੫॥

(**ਤੁਲੈ** ਪੋਲਾ ਬੋਲੋ)

ਉਹ ਗੁਰਮੁਖ ਜਨ ਫੇਰ ਐਸਾ ਨਿਸ਼ਚਾ ਕਰਦੇ ਹਨ ਕਿ ਉਹ ਪਰਮੇਸ਼ਰ ਆਪ ਹੀ ਤੁਲੈ = ਤੋਲਣ ਵਾਲਾ ਗੁਰੂ ਰੂਪ ਹੈ ਅਤੇ ਆਪੇ = ਆਪ ਹੀ ਜਗਿਆਸੂ ਰੂਪ ਵਣਜਾਰਾ ਹੈ **ਵਾ:** ਆਪ ਹੀ ਗੁਰਮਤਿ ਦੀ ਤੱਕੜੀ 'ਤੇ ਤੋਲਣ ਵਾਲਾ ਹੋ ਕੇ ਤੋਲਦਾ ਹੈ ਤੇ ਆਪ ਹੀ ਸ਼ੁਭ ਗੁਣਾਂ ਦਾ ਵਣਜ ਕਰਾਉਣ ਵਾਲਾ ਅਧਿਕਾਰੀ ਰੂਪ ਵਣਜਾਰਾ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹੀ ਪਰਮੇਸ਼ਰ ਗੁਰਾਂ ਦੁਆਰਾ ਨਾਮ ਦੀ ਦਾਤ ਦੇ ਕੇ ਗੁਰਮੁਖ ਜਨਾਂ ਦੇ ਜੀਵਨ ਨੂੰ ਸਵਾਰਣਹਾਰ = ਸੰਵਾਰਣ ਵਾਲਾ ਹੈ ॥੪॥੫॥

### ਦੂਸਰਾ ਅਰਥ

**ਸੁਣਿ ਸੁਣਿ ਬੂਝੈ; ਮਾਨੈ ਨਾਉ ॥ ਤਾ ਕੈ; ਸਦ ਬਲਿਹਾਰੈ ਜਾਉ ॥**

ਜੋ ਗੁਰਮੁਖ ਜਨ ਗੁਰਾਂ ਤੋਂ ਬੂਝੈ = ਪੁੱਛ ਕੇ ਸ਼ਰਧਾ ਤੇ ਵਿਸ਼ਵਾਸ ਰੂਪੀ ਸੁਣਿ = ਕੰਨਾਂ ਦੁਆਰਾ ਨਾਮ ਨੂੰ ਸੁਣਿ = ਸ੍ਰਵਨ ਕਰਕੇ ਨਾਮ ਦਾ ਮਾਨੈ = ਮੰਨਣ ਕਰਦੇ ਹਨ।

ਤਾ = ਉਨ੍ਹਾਂ ਕੈ = ਦੇ ਉੱਪਰੋਂ ਮੈਂ ਸਦ = ਸਦਾ ਬਲਿਹਾਰੈ = ਕੁਰਬਾਨ ਜਾਉ = ਜਾਂਦਾ ਹਾਂ।

**ਆਪਿ ਭੁਲਾਏ; ਠਉਰ ਨ ਠਾਉ ॥ ਤੂੰ ਸਮਝਾਵਹਿ; ਮੇਲਿ ਮਿਲਾਉ ॥੧॥**

ਜੋ ਅਗਿਆਨ ਕਰਕੇ ਆਪਣੇ ਸਰੂਪ ਨੂੰ ਭੁਲਾ ਦਿੰਦੇ ਹਨ, ਉਨ੍ਹਾਂ ਨੂੰ ਨਾ ਇਸ ਲੋਕ ਵਿਚ ਤੁਰੀਆ ਪਦ ਰੂਪੀ ਥਾਂ ਪ੍ਰਾਪਤ ਹੁੰਦੀ ਹੈ ਅਤੇ ਨਾ ਪ੍ਰਲੋਕ ਵਿਚ ਸੱਚਖੰਡ ਰੂਪੀ ਥਾਂ ਪ੍ਰਾਪਤ ਹੁੰਦੀ ਹੈ।

ਹੇ ਵਾਹਿਗੁਰੂ ! ਜੇਕਰ ਤੂੰ ਕਿਰਪਾ ਕਰਕੇ ਸਮਝਾ ਦੇਵੇਂ ਤਾਂ ਗੁਰ ਸ਼ਬਦ ਦੇ ਮੇਲ ਵਿਚ ਮਿਲ ਕੇ ਉਨ੍ਹਾਂ ਦਾ ਤੇਰੇ ਸਰੂਪ ਨਾਲ ਮਿਲਾਉ = ਮਿਲਾਪ ਹੁੰਦਾ ਹੈ ॥੧॥

**ਨਾਮੁ ਮਿਲੈ; ਚਲੈ ਮੈ ਨਾਲਿ ॥ ਬਿਨੁ ਨਾਵੈ; ਬਾਧੀ ਸਭ ਕਾਲਿ ॥੧॥ਰਹਾਉ॥**

ਜਦੋਂ ਤੇਰਾ ਨਾਮ ਮਿਲੈ = ਮਿਲ ਜਾਵੇ ਤਾਂ ਮੇਰੀ ਬਿਰਤੀ ਸੰਸਾਰਾਕਾਰ ਤੋਂ ਹੱਟ ਕੇ ਬ੍ਰਹਮਾਕਾਰ ਹੋ ਕੇ ਮੇਰੇ ਨਾਲ ਚੱਲੇਗੀ **ਵਾ:** ਇਹ ਨਾਮ ਮੇਰੇ ਨਾਲ ਲੋਕ ਪ੍ਰਲੋਕ ਵਿਚ ਹਰ ਥਾਂ ਸਾਥ ਚੱਲੇਗਾ।

ਨਾਮ ਤੋਂ ਬਿਨਾਂ ਇਹ ਸਾਰੀ ਸ੍ਰਿਸ਼ਟੀ ਹੀ ਭੂਤ, ਭਵਿੱਖ, ਵਰਤਮਾਨ ਕਾਲਿ = ਸਮੇਂ ਦੀ **ਵਾ:** ਜਾਗ੍ਰਤ ਸੁਪਨ, ਸੁਖੋਪਤ ਅਵਸਥਾ ਰੂਪ ਸਮੇਂ ਦੀ ਬੰਨ੍ਹੀ ਹੋਈ ਹੈ ॥੧॥ਰਹਾਉ॥

**ਖੇਤੀ ਵਣਜੁ; ਨਾਵੈ ਕੀ ਓਟ ॥ ਪਾਪੁ ਪੁੰਨੁ; ਬੀਜ ਕੀ ਪੋਟ ॥**

ਗੁਰਮੁਖ ਜਨਾਂ ਨੇ ਤੇਰੇ ਨਾਮ ਦੀ ਓਟ = ਟੇਕ ਨੂੰ ਹੀ ਖੇਤੀ ਤੇ ਵਣਜੁ = ਵਾਪਾਰ ਕਰਨਾ ਸਮਝਿਆ ਹੋਇਆ ਹੈ।

ਜੋ ਜੰਮਣ ਮਰਣ ਰੂਪ ਬੀਜ ਦੀ ਪੋਟਲੀ ਦਾ ਕਾਰਨ ਪਾਪ ਪੁੰਨ ਸੀ, ਉਹ ਗੁਰਮੁਖ ਜਨਾਂ ਨੇ ਪੁੱਟ ਦਿੱਤਾ।

**ਕਾਮੁ ਕ੍ਰੋਧੁ; ਜੀਅ ਮਹਿ ਚੋਟ ॥ ਨਾਮੁ ਵਿਸਾਰਿ; ਚਲੇ ਮਨਿ ਖੋਟ ॥੨॥**

ਕਾਮ ਕ੍ਰੋਧ ਆਦਿ ਵਿਕਾਰਾਂ ਨੂੰ ਸਮ ਦਮ ਆਦਿ ਸਾਧਨਾਂ **ਵਾ:** ਕਾਮ ਨੂੰ ਵਸਤੁ, ਵੀਚਾਰ ਤੇ ਕ੍ਰੋਧ ਨੂੰ ਸ਼ਾਂਤੀ ਰੂਪੀ ਚੋਟ ਮਾਰ ਕੇ ਜੀਅ = ਹਿਰਦੇ ਮਹਿ = ਵਿੱਚੋਂ ਬਾਹਰ ਕੱਢ ਦਿੱਤਾ ਹੈ।

ਉਹ ਗੁਰਮੁਖ ਜਨ ਨਾਮ ਨੂੰ ਜਪਦੇ ਹੋਏ ਮਨ ਵਿਚਲੀਆਂ ਖੋਟ = ਬੁਰਾਈਆਂ ਨੂੰ ਵਿਸਾਰ ਭਾਵ ਬੁਰਾਈਆਂ ਨੂੰ ਕੱਢ ਕੇ ਵਾਹਿਗੁਰੂ ਦੇ ਭਾਣੇ ਅਨੁਸਾਰ ਚੱਲਦੇ ਹਨ ॥੨॥

**ਸਾਚੇ ਗੁਰ ਕੀ; ਸਾਚੀ ਸੀਖ ॥ ਤਨੁ ਮਨੁ ਸੀਤਲੁ; ਸਾਚੁ ਪਰੀਖ ॥**

ਉਹ ਸਾਚੇ = ਸੱਚੇ ਗੁਰੂ ਸਾਹਿਬ ਜੀ ਦੀ ਸੱਚੀ ਸਿੱਖਿਆ ਨੂੰ ਪ੍ਰਾਪਤ ਕਰਦੇ ਹਨ।

ਗੁਰਮੁਖ ਜਨਾਂ ਨੇ ਸਾਚੁ = ਸੱਚ ਸਰੂਪ ਨੂੰ ਪਰੀਖ = ਪਰਖਿਆ ਹੈ, ਜਿਸ ਕਰਕੇ ਉਨ੍ਹਾਂ ਦਾ ਮਨ ਵਾਸ਼ਨਾਵਾਂ ਤੇ ਤਨ ਵਿਸ਼ਿਆਂ ਵੱਲੋਂ ਸੀਤਲੁ = ਸ਼ਾਂਤ ਹੋ ਗਿਆ ਹੈ।

**ਜਲ ਪੁਰਾਇਨਿ; ਰਸ ਕਮਲ ਪਰੀਖ ॥ ਸਬਦਿ ਰਤੇ; ਮੀਠੇ ਰਸ ਈਖ ॥੩॥**

ਉਹ ਦੁਨੀਆਂ ਦੇ ਪਦਾਰਥਾਂ ਵੱਲੋਂ ਇਵੇਂ ਨਿਰਲੇਪ ਰਹਿੰਦੇ ਹਨ, ਜਿਵੇਂ ਜਲ = ਪਾਣੀ ਵਿਚ ਪੁਰਾਇਨਿ = ਚੌਪੱਤੀ ਨਿਰਲੇਪ ਰਹਿੰਦੀ ਅਤੇ ਸਵਰਗ, ਬ੍ਰਹਮ ਲੋਕ ਦੇ ਪਦਾਰਥਾਂ ਵੱਲੋਂ ਇਵੇਂ ਨਿਰਲੇਪ ਰਹਿੰਦੇ ਹਨ ਜਿਵੇਂ ਰਸ = ਪਾਣੀ ਵਿਚ ਕਮਲ ਦੀ ਪਰਖ ਹੁੰਦੀ ਹੈ ਭਾਵ ਕਮਲ ਪਾਣੀ ਦੀਆਂ ਅਨੇਕਾਂ ਲਹਿਰਾਂ ਆਉਣ ਕਰਕੇ ਪਾਣੀ ਨਾਲ ਭਿੱਜਦਾ ਨਹੀਂ।

ਉਹ ਗੁਰਾਂ ਦੇ ਸਬਦਿ = ਉਪਦੇਸ਼ ਵਿਚ ਰੱਤੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਈਖ = ਗੰਨੇ ਦੇ ਰਸ ਨਾਲੋਂ ਵੀ ਮਿੱਠਾ ਬ੍ਰਹਮਾਨੰਦ ਦਾ ਰਸ ਪ੍ਰਾਪਤ ਹੁੰਦਾ ਹੈ ॥੩॥

**ਹੁਕਮਿ ਸੰਜੋਗੀ; ਗੜਿ ਦਸ ਦੁਆਰ ॥ ਪੰਚ ਵਸਹਿ; ਮਿਲਿ ਜੋਤਿ ਅਪਾਰ ॥**

ਉਹ ਗੁਰਮੁਖ ਜਨਾਂ ਨੇ ਗੁਰ ਹੁਕਮ ਦੇ ਸੰਜੋਗੀ ਹੋ ਕੇ ਦਸਾਂ ਦੁਆਰਿਆਂ ਵਾਲੇ ਸਰੀਰ ਵਿਚਲੇ ਮਨ ਨੂੰ ਗੜਿ = ਘੜ ਕੇ ਵੱਸ ਵਿਚ ਕਰ ਲਿਆ ਹੈ।

ਉਹ ਗੁਰਮੁਖ ਜਨ ਅਪਾਰ ਰੂਪ ਜੋਤ ਸਰੂਪ ਵਿਚ ਮਿਲ ਕੇ ਪੰਚ = ਚੇਤਨ ਬ੍ਰਹਮ ਦੇ ਵਿਚ ਅਭੇਦ ਹੋਣ ਰੂਪ ਵੱਸਦੇ ਹਨ।

**ਆਪਿ ਤੁਲੈ; ਆਪੇ ਵਣਜਾਰ ॥ ਨਾਨਕ; ਨਾਮਿ ਸਵਾਰਣਹਾਰ ॥੪॥੫॥**

ਉਨ੍ਹਾਂ ਗੁਰਮੁਖ ਜਨਾਂ ਦੀ ਬ੍ਰਹਮ ਦ੍ਰਿਸ਼ਟੀ ਹੋ ਜਾਂਦੀ ਹੈ ਉਹ ਇਹੋ ਜਾਣਦੇ ਹਨ ਕਿ ਪਰਮੇਸ਼ਰ ਆਪ ਹੀ ਸਿੱਖ ਰੂਪ ਹੋ ਕੇ ਤਨ ਮਨ ਧਨ ਦੇ ਕੇ ਗੁਰਾਂ ਦੀ ਵਿਚਾਰ ਰੂਪੀ ਤੱਕੜੀ ਤੇ ਤੁਲੈ = ਤੁਲਦਾ ਹੈ ਅਤੇ ਆਪ ਹੀ ਸਰੂਪ ਦੀ ਪ੍ਰਾਪਤੀ ਵਾਲਾ ਅਧਿਕਾਰੀ ਰੂਪ ਵਣਜਾਰਾ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਸਾਰੇ ਜੀਵਾਂ ਦੇ ਜੀਵਨ ਨੂੰ ਪਰਮੇਸ਼ਰ ਦਾ ਨਾਮ ਹੀ ਸੰਵਾਰਨ ਵਾਲਾ ਹੈ। ਅਰਥਾਤ ਜੋ ਨਾਮ ਵਿਚ ਸੁਰਤ ਜੋੜਦੇ ਹਨ ਉਨ੍ਹਾਂ ਦਾ ਜੀਵਨ ਸੰਵਰ ਜਾਂਦਾ ਹੈ ॥੪॥੫॥

# ਗਉੜੀ, ਮਹਲਾ ੧ ॥

**ਉਥਾਨਕਾ :** ਸਤਿਗੁਰੂ ਨਾਨਕ ਦੇਵ ਜੀ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਖੇ ਬਿਰਾਜ ਰਹੇ ਸਨ। ਗੁਰੂ ਜੀ ਦੀ ਹਜ਼ੂਰੀ ਵਿਚ ਕੁਝ ਸਿੱਖਾਂ ਸਮੇਤ ਦਾਸਾ ਨਾਮੀ ਭੱਟ ਬੈਠਾ ਸੀ, ਦਾਸਾ ਭੱਟ ਨੇ ਸਤਿਗੁਰੂ ਜੀ ਨੂੰ ਬੇਨਤੀ ਰੂਪ ਵਿਚ ਕੁਝ ਪ੍ਰਸ਼ਨ ਕੀਤੇ ਜੋ ਦਾਸਾ ਭੱਟ ਨੇ ਪ੍ਰਸ਼ਨ ਕੀਤੇ ਸੀ, ਉਨ੍ਹਾਂ ਪ੍ਰਸ਼ਨਾਂ ਨੂੰ ਸਤਿਗੁਰੂ ਜੀ ਸ਼ਬਦ ਦੇ ਪਹਿਲੇ ਪਦ ਵਿਚ ਕਥਨ ਕਰਕੇ ਦੂਸਰੇ ਪਦ ਵਿਚ ਉੱਤਰ ਦਿੰਦੇ ਹਨ।

## ਜਾਤੋ ਜਾਇ; ਕਹਾ ਤੇ ਆਵੈ ॥ ਕਹ ਉਪਜੈ; ਕਹ ਜਾਇ ਸਮਾਵੈ ॥

***ਪਹਿਲਾ ਪ੍ਰਸ਼ਨ :*** (ਜਾਤੋ ਜਾਇ) ਇਹ ਜੀਵ ਜਾਤੋ = ਜਾਣ ਵਾਲਾ ਹੋ ਕੇ ਕਿਥੇ ਜਾਇ = ਜਾਂਦਾ ਹੈ **ਵਾ:** ਜਾਤੋ = ਜਾਣਿਆ ਜਾਇ = ਜਾਵੇ ਕੇ ਕਿਥੇ ਜਾਂਦਾ ਹੈ ?

***ਦੂਸਰਾ ਪ੍ਰਸ਼ਨ :*** (ਕਹਾ ਤੇ ਆਵੈ) ਜੀਵ ਕਹਾ = ਕਿਥੇ ਤੇ = ਤੋਂ ਆਵੈ = ਆਉਂਦਾ ਹੈ ?

***ਤੀਸਰਾ ਪ੍ਰਸ਼ਨ :*** (ਕਹ ਉਪਜੈ) ਇਹ ਸੰਸਾਰ ਕਹ = ਕਿਥੋਂ ਉਪਜੈ = ਪੈਦਾ ਹੋਇਆ ਹੈ ?

***ਚੌਥਾ ਪ੍ਰਸ਼ਨ :*** (ਕਹ ਜਾਇ ਸਮਾਵੈ) ਇਹ ਸੰਸਾਰ ਕਹ = ਕਿਥੇ ਜਾਇ = ਜਾ ਕੇ ਸਮਾਇ = ਸਮਾਉਂਦਾ ਹੈ ?

## ਕਿਉ ਬਾਧਿਓ; ਕਿਉ ਮੁਕਤੀ ਪਾਵੈ ॥ ਕਿਉ ਅਬਿਨਾਸੀ; ਸਹਜਿ ਸਮਾਵੈ ॥੧॥

***ਪੰਜਵਾਂ ਪ੍ਰਸ਼ਨ :*** (ਕਿਉ ਬਾਧਿਓ) ਇਹ ਜੀਵ ਕਿਉ = ਕਿਵੇਂ ਬੰਧਨਾਂ ਵਿਚ ਬਾਧਿਓ = ਬੰਨ੍ਹਿਆ ਹੋਇਆ ਹੈ ?

***ਛੇਵਾਂ ਪ੍ਰਸ਼ਨ :*** (ਕਿਉ ਮੁਕਤੀ ਪਾਵੈ) ਇਹ ਜੀਵ ਕਿਉ = ਕਿਵੇਂ ਮੁਕਤੀ ਪਾਵੈ = ਪਾਵੇਗਾ ?

***ਸੱਤਵਾਂ ਪ੍ਰਸ਼ਨ :*** ਇਹ ਜੀਵ ਕਿਉ = ਕਿਵੇਂ ਅਬਿਨਾਸੀ = ਨਾਸ ਤੋਂ ਰਹਿਤ ਸਹਜ ਸਰੂਪ ਪਰਮੇਸ਼ਰ ਵਿਚ ਸਮਾਵੈ = ਸਮਾਵੇਗਾ ?॥੧॥

ਅੱਗੇ ਸਤਿਗੁਰੂ ਜੀ ਦਾਸਾ ਭੱਟ ਵੱਲੋਂ ਕੀਤੇ ਪ੍ਰਸ਼ਨਾਂ ਦਾ ਸਮੁੱਚੇ ਰੂਪ ਵਿਚ ਉੱਤਰ ਦਿੰਦੇ ਹਨ।

## ਨਾਮੁ ਰਿਦੈ; ਅੰਮ੍ਰਿਤੁ ਮੁਖਿ ਨਾਮੁ ॥ ਨਰਹਰ ਨਾਮੁ; ਨਰਹਰ ਨਿਹਕਾਮੁ ॥੧॥ਰਹਾਉ॥

ਹੇ ਭਾਈ ! ਰਿਦੈ = ਹਿਰਦੇ ਵਿਚ ਵੀ ਅੰਮ੍ਰਿਤ ਰੂਪ ਨਾਮ ਨੂੰ ਧਿਆਉਣਾ ਕਰ ਅਤੇ ਮੁਖ ਦੁਆਰਾ ਵੀ ਅੰਮ੍ਰਿਤ ਨਾਮ ਨੂੰ ਜਪਣਾ ਕਰ। ਕਿਉਂਕਿ

ਨਰਹਰ = ਨਰਾਂ ਨੂੰ ਹਰੇ ਭਰੇ ਕਰਨ ਵਾਲੇ ਪਰਮੇਸ਼ਰ ਦਾ ਨਾਮ (ਨਰ+ਹਰ) ਹਰ = ਹਰੇਕ ਨਰ = ਜਪਣ ਵਾਲੇ ਪੁਰਖ ਨੂੰ ਨਿਹਕਾਮੁ = ਕਾਮਨਾ ਤੋਂ ਰਹਿਤ ਕਰਨ ਵਾਲਾ ਹੈ **ਵਾ:** ਨਰਹਰ = ਪਰਮੇਸ਼ਰ ਦਾ ਨਾਮ ਨਿਹਕਾਮੁ = ਨਿਸ਼ਕਾਮੀ ਪੁਰਖਾਂ ਨੂੰ ਨਰਹਰ = ਪਰਮੇਸ਼ਰ ਦਾ ਸਰੂਪ ਹੀ ਬਣਾ ਦਿੰਦਾ ਹੈ।੧।ਰਹਾਉ।

ਇਉਂ ਜਦੋਂ ਤੂੰ (ਦਾਸਾ ਭੱਟ) ਪਰਮੇਸ਼ਰ ਦੇ ਨਾਮ ਨੂੰ ਕਾਮਨਾ ਤੋਂ ਰਹਿਤ ਹੋ ਕੇ ਜਪੇਂਗਾ ਤਾਂ ਤੇਰੇ ਸਾਰੇ ਪ੍ਰਸ਼ਨਾਂ ਦਾ ਉੱਤਰ ਤੈਨੂੰ ਹਿਰਦੇ ਵਿੱਚੋਂ ਹੀ ਮਿਲ ਜਾਵੇਗਾ।

ਤਾਂ ਉਸਨੇ ਫੇਰ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ! ਆਪ ਜੀ ਆਪਣੇ ਮੁਖ ਦੁਆਰਾ ਸਾਰੇ ਪ੍ਰਸ਼ਨਾਂ ਦਾ ਵੱਖਰਾ-ਵੱਖਰਾ ਉੱਤਰ ਦੇ ਕੇ ਸਮਝਾਉਣਾ ਕਰੋ ਤਾਂ ਸਤਿਗੁਰੂ ਸਾਹਿਬ ਜੀ ਉਚਾਰਨ ਕਰਦੇ ਹਨ।

## ਸਹਜੇ ਆਵੈ; ਸਹਜੇ ਜਾਇ ॥ ਮਨ ਤੇ ਉਪਜੈ; ਮਨ ਮਾਹਿ ਸਮਾਇ ॥

***ਪਹਿਲੇ ਪ੍ਰਸ਼ਨ ਦਾ ਉੱਤਰ :*** (ਸਹਜੇ ਜਾਇ) ਇਹ ਜੀਵ ਸਹਜੇ = ਗਿਆਨ ਸਰੂਪ ਪਰਮੇਸ਼ਰ ਦੇ ਸਰੂਪ ਵਿਚ ਜਾਣ ਵਾਲਾ ਹੋ ਕੇ ਚਲਾ ਜਾਇ = ਜਾਂਦਾ ਹੈ।

***ਦੂਸਰਾ ਉੱਤਰ :*** (ਸਹਜੇ ਆਵੈ) ਇਹ ਜੀਵ ਸਹਜੇ = ਗਿਆਨ ਸਰੂਪ ਪਰਮੇਸ਼ਰ ਦੇ ਸਰੂਪ ਵਿੱਚੋਂ ਹੀ ਪੈਦਾ ਹੋ ਕੇ ਆਵੈ = ਆਉਂਦਾ ਹੈ।

***ਤੀਸਰਾ ਉੱਤਰ :*** (ਮਨ ਤੇ ਉਪਜੈ) ਇਹ ਸੰਸਾਰ ਮਨ ਤੇ = ਤੋਂ ਹੀ ਉਪਜੈ = ਪੈਦਾ ਹੁੰਦਾ ਹੈ ਭਾਵ ਇਹ ਸ੍ਰਿਸ਼ਟੀ ਮਨੋ-ਮਈ ਹੈ ਜੋ ਮਨ ਨੇ ਹੀ ਬਣਾਈ ਹੋਈ ਹੈ।

***ਚੌਥਾ ਉੱਤਰ :*** (ਮਨ ਮਾਹਿ ਸਮਾਇ) ਜਦੋਂ ਮਨ ਆਪਣੇ ਮੂਲ ਨੂੰ ਪਛਾਣ ਲਵੇਗਾ ਤਾਂ ਇਸ ਦੀ ਬਣਾਈ ਹੋਈ ਮਨੋ-ਮਈ ਸ੍ਰਿਸ਼ਟੀ ਮਨ ਮਾਹਿ = ਵਿਚ ਹੀ ਸਮਾਇ = ਸਮਾ ਜਾਵੇਗੀ।

**ਅਥਵਾ** (ਮਨ ਤੇ ਉਪਜੈ) ਇਹ ਸੰਸਾਰ ਮਨ = ਸ਼੍ਰੋਮਣੀ ਪਰਮੇਸ਼ਰ ਤੋਂ ਉਪਜੈ = ਪੈਦਾ ਹੁੰਦਾ ਹੈ ਤੇ (ਮਨ ਮਾਹਿ ਸਮਾਇ) ਮਨ = ਸ਼੍ਰੋਮਣੀ ਪਰਮੇਸ਼ਰ ਵਿਚ ਹੀ ਸਮਾਇ = ਸਮਾ ਜਾਂਦਾ ਹੈ।

## ਗੁਰਮੁਖਿ ਮੁਕਤੋ; ਬੰਧੁ ਨ ਪਾਇ ॥ ਸਬਦੁ ਬੀਚਾਰਿ; ਛੁਟੈ ਹਰਿ ਨਾਇ ॥੨॥

***ਪੰਜਵਾਂ ਉੱਤਰ :*** (ਬੰਧੁ ਨ ਪਾਇ) ਹੇ ਭਾਈ ! ਇਹ ਜੀਵ ਪਰਮੇਸ਼ਰ ਨੇ ਬੰਧੁ = ਬੰਧਨਾਂ ਵਿਚ ਨ = ਨਹੀਂ ਪਾਇ = ਪਾਇਆ ਹੋਇਆ ਸਗੋਂ ਇਹ ਕਰਮ ਕਰਨ ਦੀ ਸੁਤੰਤਰਤਾ ਕਾਰਨ ਉਸ ਦੇ ਸਰੂਪ ਵੱਲੋਂ ਅਗਿਆਨ ਕਰਕੇ ਆਪ ਹੀ ਬੰਧਨਾਂ ਵਿਚ ਪਿਆ ਹੋਇਆ ਹੈ।

***ਛੇਵਾਂ ਉੱਤਰ :*** (ਗੁਰਮੁਖਿ ਮੁਕਤੌ) ਜੇਕਰ ਜੀਵ ਗੁਰਮੁਖ ਬਣ ਕੇ **ਵਾ:** ਮੁਖੀ ਗੁਰਾਂ ਦੁਆਰਾ ਨਾਮ ਜਪੇ ਤਾਂ ਮੁਕਤੌ = ਮੁਕਤੀ ਪਾ ਸਕਦਾ ਹੈ।

**ਅਥਵਾ** ਇਹ ਜੀਵ ਉਪਦੇਸ਼ ਤੋਂ ਬਗ਼ੈਰ ਮਨਮੁਖਤਾ ਕਾਰਨ ਬੱਝ ਜਾਂਦਾ ਹੈ ਅਤੇ ਗੁਰਮੁਖਤਾ ਕਾਰਨ ਮੁਕਤ ਹੋ ਜਾਂਦਾ ਹੈ, ਫੇਰ ਕੋਈ ਵੀ ਬੰਧੁ = ਬੰਧਨ ਨ = ਨਹੀਂ ਪਾਇ = ਪੈਂਦਾ।[੧]

***ਸੱਤਵਾਂ ਉੱਤਰ :*** ਜਦੋਂ ਇਹ ਜੀਵ ਗੁਰੂ ਦੇ ਸਬਦੁ = ਉਪਦੇਸ਼ ਦੀ ਵਿਚਾਰ ਦੁਆਰਾ ਹਰਿ = ਪਰਮੇਸ਼ਰ ਦੇ ਨਾਮ ਨੂੰ ਜਪ ਕੇ ਹਉਮੈ ਤੋਂ ਛੂਟੈ = ਛੁੱਟ ਜਾਂਦਾ ਹੈ ਤਦੋਂ ਅਬਿਨਾਸੀ ਪਦ ਵਿਚ ਸੁਤੇ ਹੀ ਸਮਾਂ ਜਾਂਦਾ ਹੈ ॥੨॥

ਅੱਗੇ ਸਤਿਗੁਰੂ ਜੀ ਦ੍ਰਿਸ਼ਟਾਂਤ ਤੇ ਦਾ ਦ੍ਰਿਸ਼ਟਾਂਤ ਦੇ ਕੇ ਪੰਜਵੇਂ ਪ੍ਰਸ਼ਨ ਦਾ ਉੱਤਰ ਹੋਰ ਸਪੱਸ਼ਟ ਕਰਦਿਆਂ ਜੀਵ ਦੇ ਬੰਧਨਾਂ ਵਿਚ ਬੱਝੇ ਜਾਣ ਦਾ ਕਥਨ ਕਰਦੇ ਹਨ।

## ਤਰਵਰ ਪੰਖੀ; ਬਹੁ ਨਿਸਿ ਬਾਸੁ ॥ ਸੁਖ ਦੁਖੀਆ; ਮਨਿ ਮੋਹ ਵਿਣਾਸੁ ॥

ਜਿਵੇਂ ਤਰਵਰ = ਬ੍ਰਿਛ ਉੱਤੇ ਬਹੁ = ਬਹੁਤ ਸਾਰੇ ਪੰਖੀ = ਪੰਛੀ ਨਿਸਿ = ਰਾਤ ਨੂੰ ਇੱਕਠੇ ਹੋ ਕੇ ਬਾਸੁ = ਵੱਸਣਾ ਕਰਦੇ ਹਨ ਤਿਵੇਂ ਸੰਸਾਰ ਰੂਪੀ ਬ੍ਰਿਛ ਉੱਤੇ ਬਹੁਤ ਸਾਰੇ ਜੀਵ ਰੂਪ ਪੰਛੀ ਅਵਸਥਾ ਰੂਪੀ ਰਾਤ ਵਿਚ ਇੱਕਠੇ ਹੋ ਕੇ ਵੱਸਣਾ ਕਰਦੇ ਹਨ।

ਪਰੰਤੂ ਇਹ ਜੀਵ ਸੰਸਾਰ ਰੂਪੀ ਬ੍ਰਿਛ ਨੂੰ ਰੈਣ ਬਸੇਰਾ ਨਾ ਸਮਝ ਕੇ ਹਿਰਦੇ ਵਿਚ ਸਰੀਰ, ਪਦਾਰਥਾਂ, ਸੰਬੰਧੀਆਂ ਆਦਿ ਦਾ ਮੋਹ ਧਾਰ ਕੇ ਦੁਖੀ ਸੁਖੀ ਹੁੰਦੇ ਹੋਏ ਵਿਣਾਸੁ = ਨਾਸ਼ ਹੁੰਦੇ ਹਨ।

## ਸਾਝ ਬਿਹਾਗ; ਤਕਹਿ ਆਗਾਸੁ ॥ ਦਹ ਦਿਸਿ ਧਾਵਹਿ; ਕਰਮਿ ਲਿਖਿਆਸੁ ॥੩॥

(**ਤੱਕਹਿ** ਅਧਕ ਸਹਿਤ ਬੋਲੋ)

ਜਿਵੇਂ ਸਾਝ = ਸੰਧਿਆਂ ਭਾਵ ਰਾਤ ਬੀਤ ਜਾਣ 'ਤੇ ਬਿਹਾਗ = ਸਵੇਰ ਹੋਈ ਤੋਂ ਪੰਛੀ ਅਕਾਸ਼ ਵੱਲ ਨੂੰ ਤਕਹਿ = ਦੇਖਦੇ ਭਾਵ ਉੱਡ ਜਾਂਦੇ ਹਨ, ਤਿਵੇਂ ਜੀਵ ਰੂਪ ਪੰਛੀ ਅਵਸਥਾ ਰੂਪੀ ਰਾਤ ਬੀਤ ਜਾਣ ਤੋਂ ਬਾਅਦ ਕਾਲ ਰੂਪੀ ਸਵੇਰ ਹੋਣ ਤੋਂ ਪ੍ਰਲੋਕ ਰੂਪੀ ਅਕਾਸ਼ ਵੱਲ ਨੂੰ ਤੱਕਦੇ ਹਨ।

ਫੇਰ ਕਰਮਾਂ ਦੀ ਲਿਖਿਆਸੁ = ਲਿਖਤ ਅਨੁਸਾਰ ਪ੍ਰਲੋਕ ਵਿਚ ਜੰਮਣ ਮਰਣ ਰੂਪ ਦਸੋਂ ਦਿਸ਼ਾਵਾਂ ਵਿਚ ਧਾਵਹਿ = ਦੌੜਦੇ ਭਾਵ ਭਟਕਦੇ ਹਨ ॥੩॥

ਅੱਗੇ ਸਤਿਗੁਰੂ ਜੀ ਛੇਵੇਂ ਪ੍ਰਸ਼ਨ ਦਾ ਉੱਤਰ ਹੋਰ ਸਪੱਸ਼ਟ ਕਰਦਿਆਂ ਜੀਵ ਦੇ ਮੁਕਤ ਹੋਣ ਦੀ ਬਾਬਤ ਜ਼ਿਕਰ ਕਰਦੇ ਹਨ।

**[ਅੰਗ ੧੫੩]**

## ਨਾਮ ਸੰਜੋਗੀ; ਗੋਇਲਿ ਥਾਟੁ ॥ ਕਾਮ ਕ੍ਰੋਧ; ਫੂਟੈ ਬਿਖੁ ਮਾਟੁ ॥

ਜੋ ਜੀਵ ਪਰਮੇਸ਼ਰ ਦੇ ਨਾਮ ਦੇ ਸੰਜੋਗੀ ਹੋਏ ਹਨ ਉਹ ਸੰਸਾਰ ਵਿਚ ਵੱਸਣਾ ਗੋਇਲਿ = ਗੁਆਲੇ ਦੇ ਥਾਟੁ = ਛੱਪਰ ਵਾਸ ਵਾਂਗ ਸਮਝਦੇ ਹਨ, ਜੋ ਕੁਝ ਦਿਨਾਂ ਦੇ ਠਹਿਰਣ ਲਈ ਕਾਨਿਆਂ ਦੀ ਝੁੱਗੀ ਬਣਾਈ ਹੁੰਦੀ ਹੈ।

ਫੇਰ ਜਿਵੇਂ ਬਰਸਾਤ ਪਈ ਤੋਂ ਗੋਇਲ ਵਾਸੀ ਪਸ਼ੂਆਂ ਅਤੇ ਇਕੱਠਾ ਕੀਤਾ ਘਿਓ ਵਾਪਸ ਲੈ ਆਉਂਦੇ ਹਨ ਅਤੇ ਉਨ੍ਹਾਂ ਦੇ ਦੁੱਧ ਦਹੀ ਵਾਲੇ ਮਟਕੇ ਖਾਲੀ ਪਏ ਹੋਏ ਉਥੇ ਹੀ ਟੁੱਟ ਜਾਂਦੇ ਹਨ।

---

੧. ਇਸ ਪੰਗਤੀ ਵਿਚ ਇਕ ਗੁਪਤ ਭੇਦ ਜਾਪਦਾ ਹੈ ਜੋ ਉੱਤਰ ਵਿਚ ਸਪਸ਼ੱਟ ਹੋ ਜਾਂਦਾ ਹੈ ਕਿ 'ਗੁਰਮੁਖਿ ਮੁਕਤੌ' ਭਾਵ ਗੁਰੂ ਦੇ ਸਨਮੁਖ ਹੋਇਆਂ ਮੁਕਤ ਹੋਈਦਾ ਹੈ, ਇਸ ਕਰਕੇ ਗੁਰੂ ਤੋਂ ਬੇਮੁਖ ਹੋਣ ਕਰਕੇ ਬੰਧਨਾਂ ਵਿਚ ਬੱਝ ਜਾਈਦਾ ਹੈ।

ਤਿਵੇਂ ਹੀ ਨਾਮ ਦੇ ਸੰਜੋਗੀਆਂ ਦੇ ਅੰਦਰੋਂ ਕਾਮ ਕ੍ਰੋਧ ਆਦਿ ਵਿਕਾਰਾਂ ਦੀ ਬਿਖੁ = ਜਹਿਰ ਵਾਲਾ ਮਾਟੁ = ਮਟਕਾ ਭੱਜ ਜਾਂਦਾ ਹੈ।

## ਬਿਨੁ ਵਖਰ; ਸੂਨੋ ਘਰੁ ਹਾਟੁ ॥ ਗੁਰ ਮਿਲਿ; ਖੋਲੇ ਬਜਰ ਕਪਾਟ ॥੪॥

ਜਿਵੇਂ ਗੋਇਲ ਵਾਸੀਆਂ ਦੇ ਵਾਪਸ ਜਾਣ ਤੋਂ ਉਨ੍ਹਾਂ ਦੇ ਬਣਾਏ ਛੱਪਰ (ਘਰ) ਹਟ ਸੁੰਞੇ ਰਹਿ ਜਾਂਦੇ ਹਨ ਤਿਵੇਂ ਹੀ ਉਨ੍ਹਾਂ ਦਾ ਘਰੁ = ਸਰੀਰ ਅਤੇ ਹਾਟੁ = ਹੱਟ ਭਾਵ ਹਿਰਦਾ ਵਾਸ਼ਨਾ ਤ੍ਰਿਸ਼ਨਾ ਰੂਪੀ ਵਖਰ = ਸੌਦੇ ਤੋਂ ਬਗ਼ੈਰ ਹੁਣ ਸੁੰਞੇ ਹੋ ਗਏ ਹਨ। ਕਿਉਂਕਿ

ਉਨ੍ਹਾਂ ਨੇ ਪੂਰੇ ਗੁਰਾਂ ਦੇ ਨਾਲ ਮਿਲ ਕੇ ਆਸਾ ਅੰਦੇਸਾ, ਪੰਜਾਂ ਕੋਸ਼ਾਂ ਰੂਪੀ ਬਜਰ = ਕਠੋਰ ਕਪਾਟ = ਤਖ਼ਤੇ ਖੋਲ੍ਹ ਲਏ ਹਨ॥੪॥

## ਸਾਧੁ ਮਿਲੈ; ਪੂਰਬ ਸੰਜੋਗ ॥ ਸਚਿ ਰਹਸੇ; ਪੂਰੇ ਹਰਿ ਲੋਗ ॥

(**ਰਹੱਸੇ** ਬੋਲੋ)

ਪਰੰਤੂ ਅਜਿਹੇ ਸਾਧੁ = ਸ੍ਰੇਸ਼ਟ ਗੁਰੂ ਪੂਰਬ = ਪੂਰਬਲੇ ਨਿਸ਼ਕਾਮ ਕਰਮਾਂ ਦੇ ਸੰਜੋਗ = ਮਿਲਾਪ ਕਰਕੇ ਮਿਲੈ = ਮਿਲਦੇ ਹਨ।

ਜੋ ਸੱਚ ਸਰੂਪ ਨੂੰ ਪਾ ਕੇ ਰਹਸੇ = ਅਨੰਦ ਦੇ ਸਹਿਤ ਹੋਏ ਹਨ ਉਹ ਹਰਿ = ਪਰਮੇਸ਼ਰ ਦੀ ਪ੍ਰਾਪਤੀ ਵਾਲੇ ਪੂਰੇ = ਪੂਰਨ ਲੋਗ = ਲੋਕ ਹਨ **ਵਾ:** ਉਹ ਪੂਰਨ ਹਰੀ ਦੀ ਪ੍ਰਾਪਤ ਵਾਲੇ ਲੋਕ ਹੁੰਦੇ ਹਨ।

ਅੱਗੇ ਸਤਿਗੁਰੂ ਜੀ ਸੱਤਵੇਂ ਪ੍ਰਸ਼ਨ ਦਾ ਉੱਤਰ ਹੋਰ ਸਪੱਸ਼ਟ ਕਰਦਿਆਂ ਕਥਨ ਕਰਦੇ ਹਨ।

## ਮਨੁ ਤਨੁ ਦੇ; ਲੈ ਸਹਜਿ ਸੁਭਾਇ ॥ ਨਾਨਕ ਤਿਨ ਕੈ; ਲਾਗਉ ਪਾਇ ॥੫॥੬॥

ਜਿਨ੍ਹਾਂ ਨੇ ਗੁਰਾਂ ਨੂੰ ਮਨ ਤੇ ਤਨ ਦੇ ਦਿੱਤਾ ਹੈ, ਉਹ ਗੁਰਾਂ ਤੋਂ ਨਾਮ ਦੀ ਦਾਤ ਲੈ ਕੇ ਸਹਜਿ = ਸੁਤੇ ਸਿਧ ਸੁਭਾਇ = ਸੁਭਾਵਿਕ ਅਬਿਨਾਸ਼ੀ ਪਰਮੇਸ਼ਰ ਦੇ ਸਰੂਪ ਵਿਚ ਸਮਾ ਜਾਂਦੇ ਹਨ **ਵਾ:** ਸੁਭਾਬਿਕ ਹੀ ਸਹਜਿ = ਗਿਆਨ ਸਰੂਪ ਵਿਚ ਲੈ = ਲਯ (ਲੀਨ) ਹੋ ਜਾਂਦੇ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਅਭੇਦ ਹੋਣ ਵਾਲੇ ਨਾਮ ਸੰਜੋਗੀਆਂ ਕੈ = ਦੇ ਅਸੀਂ ਪਾਇ = ਚਰਨੀਂ ਲਾਗਉ = ਲੱਗਦੇ ਹਾਂ॥੫॥੬॥

### ਦੂਸਰਾ ਅਰਥ

**ਅੰਨਵੇ ਰੀਤ ਅਨੁਸਾਰ :**

ਪੰਜਵੇਂ ਪ੍ਰਸ਼ਨ ਦਾ ਉੱਤਰ ਅੱਗਲੀਆਂ ਤੁਕਾਂ ਵਿਚ ਹੈ।

**ਤਰਵਰ ਪੰਖੀ; ਬਹੁ ਨਿਸਿ ਬਾਸੁ ॥ ਸੁਖ ਦੁਖੀਆ; ਮਨਿ ਮੋਹ ਵਿਣਾਸੁ ॥**

***ਪੰਜਵਾਂ ਉੱਤਰ :*** ਜਿਵੇਂ ਤਰਵਰ = ਬ੍ਰਿਛ ਉੱਪਰ ਬਹੁ = ਬਹੁਤ ਸਾਰੇ ਪੰਖੀ = ਪੰਛੀ ਨਿਸਿ = ਰਾਤ ਨੂੰ ਬਾਸੁ = ਵਾਸਾ ਕਰਦੇ ਹਨ।

ਜਿਨ੍ਹਾਂ ਪੰਛੀਆਂ ਨੇ ਬ੍ਰਿਛ ਤੇ ਆਲ੍ਹਣਾ ਪਾਇਆ ਹੋਵੇ, ਫਲਾਂ ਦੇ ਮਿਲਣ ਦੀ ਆਸ ਹੋਵੇ, ਉਹ ਉਸ ਬ੍ਰਿਛ 'ਤੇ ਆ ਕੇ ਆਪਣੇ ਆਪ ਨੂੰ ਸੁਖੀ ਮੰਨਦੇ ਹਨ, ਜੇਕਰ ਕਿਤੇ ਅੱਗ ਜਾਂ ਹਨੇਰੀ ਝੱਖੜ ਆ ਜਾਵੇ ਤਾਂ ਫੇਰ ਦੁੱਖ ਮੰਨਦੇ ਹਨ, ਇਉਂ ਮਨ ਦੇ ਮੋਹ ਕਰਕੇ ਕੋਈ ਪੰਛੀ ਸੁੱਖ ਵਿਚ ਕੋਈ ਦੁੱਖ ਵਿਚ ਵਿਣਾਸੁ = ਨਾਸ਼ ਹੁੰਦਾ ਹੈ।

**ਸਾਝ ਬਿਹਾਗ; 'ਤਕਹਿ' ਆਗਾਸੁ ॥ ਦਹ ਦਿਸਿ ਧਾਵਹਿ; ਕਰਮਿ ਲਿਖਿਆਸੁ ॥੩॥**

(ਤੱਕਹਿ ਬੋਲੋ)

ਸਾਝ = ਸੰਧਿਆ ਭਾਵ ਰਾਤ ਦੇ ਬੀਤ ਜਾਣ ਤੋਂ ਬਿਹਾਗ = ਸਵੇਰਾ (ਦਿਨ) ਹੋਣ ਤੇ ਪੰਛੀ ਆਗਾਸੁ = ਆਕਾਸ਼ ਵੱਲ ਨੂੰ ਤਕਹਿ = ਤੱਕਦੇ ਉੱਡ ਜਾਂਦੇ ਹਨ। ਅਤੇ

ਕਰਮਾਂ ਦੇ ਲਿਖਿਆਸੁ = ਲਿਖੇ ਅਨੁਸਾਰ ਬ੍ਰਿਛ ਨੂੰ ਛੱਡ ਕੇ ਦਹ ਦਿਸਿ = ਦਸੋਂ ਦਿਸ਼ਾਵਾਂ ਵੱਲ ਨੂੰ ਆਪਣੀ ਉਪਜੀਵਿਕਾ ਲਈ ਧਾਵਹਿ = ਦੌੜ ਭਾਵ ਉੱਡ ਜਾਂਦੇ ਹਨ ॥੩॥

## ਅੰਤਰੀਵ ਅਰਥ :

**ਤਰਵਰ ਪੰਖੀ; ਬਹੁ ਨਿਸਿ ਬਾਸੁ ॥ ਸੁਖ ਦੁਖੀਆ; ਮਨਿ ਮੋਹ ਵਿਣਾਸੁ ॥**

ਸੰਸਾਰ ਰੂਪੀ ਤਰਵਰ = ਬ੍ਰਿਛ ਉੱਤੇ ਆ ਕੇ ਬਹੁਤ ਸਾਰੇ ਜੀਵ ਰੂਪ ਪੰਛੀ ਅਵਸਥਾ ਰੂਪੀ ਨਿਸਿ = ਰਾਤ ਵਿਚ ਵਾਸਾ ਕਰਦੇ ਹਨ।

ਜਦੋਂ ਕੁਝ ਪਦਾਰਥ ਪ੍ਰਾਪਤ ਹੋ ਜਾਂਦੇ ਹਨ ਤਾਂ ਜੀਵ ਸੁੱਖ ਅਨੁਭਵ ਕਰਦੇ ਹਨ ਤੇ ਪਦਾਰਥ ਨਾਸ਼ ਹੋਣ ਤੋਂ ਦੁੱਖ ਮੰਨਦੇ ਹਨ, ਇਉਂ ਦੁੱਖ ਸੁੱਖ ਵਿਚ ਬੱਝੇ ਹੋਏ ਹਨ।

**ਸਾਝ ਬਿਹਾਗ; 'ਤਕਹਿ' ਆਗਾਸੁ ॥ ਦਹ ਦਿਸਿ ਧਾਵਹਿ; ਕਰਮਿ ਲਿਖਿਆਸੁ ॥੩॥**

ਜਦੋਂ ਅਵਸਥਾ ਰੂਪੀ ਸਾਝ = ਸੰਧਿਆ ਭਾਵ ਰਾਤ ਬੀਤ ਜਾਣ ਤੋਂ ਬਾਅਦ ਕਾਲ ਰੂਪ ਬਿਹਾਗ = ਸਵੇਰਾ (ਦਿਨ) ਹੋ ਜਾਂਦਾ ਹੈ ਤਦੋਂ ਜੀਵ ਰੂਪ ਪੰਛੀ ਪ੍ਰਲੋਕ ਰੂਪ ਅਕਾਸ਼ ਵੱਲ ਨੂੰ ਤੱਕਦੇ ਹਨ ਭਾਵ ਪੁੰਨੀ ਲੋਕ ਸੁਰਗ ਨੂੰ ਅਤੇ ਪਾਪੀ ਲੋਕ ਨਰਕਾਂ ਵੱਲ ਨੂੰ ਦੇਖਣਾ ਕਰਦੇ ਹਨ। ਅਤੇ

ਆਪੋ ਆਪਣੇ ਕਰਮਾਂ ਦੇ ਲਿਖਿਆਸੁ = ਲਿਖੇ ਅਨੁਸਾਰ ਦਸੋ ਦਿਸ਼ਾਵਾਂ ਵੱਲ ਨੂੰ ਧਾਵਹਿ = ਦੌੜਦੇ ਰਹਿੰਦੇ ਹਨ ਭਾਵ ਚੌਰਾਸੀ ਲੱਖ ਜੂਨਾਂ ਭੋਗਣ ਲਈ ਆਉਂਦੇ ਜਾਂਦੇ ਭਾਵ ਜੰਮਦੇ ਮਰਦੇ ਰਹਿੰਦੇ ਹਨ। ਇਉਂ ਜੀਵ ਬੱਝੇ ਹੋਏ ਹਨ ॥੩॥

***ਛੇਵੇਂ ਪ੍ਰਸ਼ਨ ਦਾ ਉੱਤਰ :***

**ਗੁਰਮੁਖਿ ਮੁਕਤੋ; ਬੰਧੁ ਨ ਪਾਇ ॥ ਸਬਦੁ ਬੀਚਾਰਿ; ਛੁਟੈ ਹਰਿ ਨਾਇ ॥੨॥**

(ਗੁਰਮੁਖਿ ਸਬਦੁ ਬੀਚਾਰਿ ਹਰਿ ਨਾਇ) ਜਿਹੜੇ ਗੁਰਮੁਖ ਜਨ ਗੁਰੂ ਸਾਹਿਬ ਦੇ ਸਬਦੁ = ਉਪਦੇਸ਼ ਦੀ ਵੀਚਾਰ ਦੁਆਰਾ ਹਰਿ = ਪਰਮੇਸ਼ਰ ਦੇ ਨਾਇ = ਨਾਮ ਨੂੰ ਜਪਦੇ ਹਨ।

(ਛੁਟੈ, ਬੰਧੁ ਨ ਪਾਇ; ਮੁਕਤੋ) ਉਹ ਗੁਰਮੁਖ ਜਨ ਸਾਰੇ ਬੰਧਨਾਂ ਛੁਟੈ = ਛੁੱਟ ਜਾਂਦੇ ਹਨ ਫੇਰ ਉਨ੍ਹਾਂ ਕਿਸੇ ਪ੍ਰਕਾਰ ਦੇ ਜੰਮਣ ਮਰਣ ਰੂਪੀ ਬੰਧਨ ਨ = ਨਹੀਂ ਪਾਇ = ਪੈਂਦੇ ਕਿਉਂਕਿ ਉਹ ਮੁਕਤੋ = ਮੁਕਤ ਹੋ ਜਾਂਦੇ ਹਨ ॥੨॥

***ਸੱਤਵੇਂ ਪ੍ਰਸ਼ਨ ਦਾ ਉੱਤਰ ਹੈ :***

**ਨਾਮ ਸੰਜੋਗੀ ਗੋਇਲਿ; ਥਾਟੁ[1] ॥ ਕਾਮ ਕ੍ਰੋਧ; ਫੂਟੈ ਬਿਖੁ ਮਾਟੁ ॥**

ਜਿਵੇਂ ਕਾਫ਼ੀ ਸਮਾਂ ਵਰਖਾ ਨਾ ਪੈਣ ਤੋਂ ਲੋਕ ਦਰਿਆਵਾਂ ਦੇ ਕਿਨਾਰੇ ਹਰਿਆਲਵਤਾ (ਚਰਾਂਦ) ਵਾਲੀਆਂ

---

੧. **ਨਾਮ ਸੰਜੋਗੀ ਗੋਇਲਿ; ਥਾਟੁ ॥ ਕਾਮ ਕ੍ਰੋਧ; ਫੂਟੈ ਬਿਖੁ ਮਾਟੁ ॥**

ਜੋ ਮਾਇਆ ਦੀ ਅੰਸ਼ ਨਾਮ ਤੇ ਰੂਪ ਪ੍ਰਪੰਚ ਹੈ, ਜਿਹੜੇ ਇਸ ਦੇ ਸੰਜੋਗੀ = ਮਿਲਾਪੀ ਹਨ ਉਨ੍ਹਾਂ ਦੇ ਸਰੀਰ ਰੂਪੀ ਘੜੇ ਵਿਚ ਵਿਉ ਰੂਪ ਵਿਸ਼ੇ ਫੁੱਟ ਰਹੇ ਹਨ ਭਾਵ ਪਰਵਿਰਤ ਹੋ ਰਹੇ ਹਨ।

**ਬਿਨੁ ਵਖਰ; ਸੂਨੋ ਘਰੁ ਹਾਟੁ ॥**

ਦੁਨੀਆਂ ਵਿਚ ਸੱਚ ਨਾਮ ਰੂਪੀ ਵਖਰ = ਸੌਦੇ ਤੋਂ ਬਗ਼ੈਰ ਜੀਵਾਂ ਦੇ ਘਰੁ = ਸਰੀਰ, ਹਿਰਦੇ ਅਤੇ ਹਾਟੁ = ਹੱਟ ਦੀ ਨਿਆਈਂ ਇੰਦਰੇ ਖਾਲੀ ਰਹਿ ਜਾਂਦੇ ਹਨ ਭਾਵ ਦੁਨੀਆਂ ਤੋਂ ਖਾਲੀ ਹੀ ਕੂਚ ਕਰ ਜਾਂਦੇ ਹਨ। ਇਉਂ ਜੀਵ ਬੱਧੇ ਹੋਏ ਹਨ।

ਥਾਵਾਂ ਵਿਚ ਗਊਆਂ ਆਦਿ ਨੂੰ ਚਾਰਨ ਵਾਸਤੇ ਲੈ ਜਾਂਦੇ ਹਨ, ਜਦੋਂ ਉਨ੍ਹਾਂ ਦੇ ਨਗਰਾਂ ਵਿਚ ਵਰਖਾ ਪੈ ਜਾਂਦੀ ਹੈ ਤਾਂ ਉਹ ਵਾਪਸ ਆ ਜਾਂਦੇ ਹਨ ਭਾਵ ਉਸ ਚਰਾਂਦ ਵਾਲੇ ਥਾਂ ਨੂੰ ਕੁਝ ਸਮੇਂ ਲਈ ਹੀ ਟਿਕਾਣਾ ਸਮਝਦੇ ਹਨ।

ਤਿਵੇਂ ਹੀ ਪਰਮੇਸ਼ਰ ਦੇ ਨਾਮ ਦੇ ਸੰਜੋਗੀ = ਮਿਲਾਪੀ ਪੁਰਖ ਸੰਸਾਰ ਨੂੰ ਕੁਝ ਸਮੇਂ ਦਾ ਟਿਕਾਣਾ ਸਮਝਦੇ ਹਨ **ਵਾ:** ਗੋਇਲ ਵਾਸੀ ਵਾਲੇ ਥਾਂ ਦੀ ਨਿਆਈਂ ਸੰਸਾਰ ਨੂੰ ਮਿਥਿਆ ਸਮਝਦੇ ਹਨ।

ਉਨ੍ਹਾਂ ਦੇ ਹਿਰਦੇ ਵਿੱਚੋਂ ਕਾਮ ਕ੍ਰੋਧ ਰੂਪੀ ਵਿਉਹ ਦਾ ਮਟਕਾ ਸਮ ਦਮ ਸਾਧਨਾਂ **ਵਾ:** ਕਾਮ ਵਸਤੂ ਵਿਚਾਰ, ਅਤੇ ਕ੍ਰੋਧ ਸ਼ਾਂਤੀ ਦੁਆਰਾ ਫੁੱਟ ਜਾਂਦਾ ਹੈ।

**ਬਿਨੁ ਵਖਰ; ਸੂਨੋ ਘਰੁ ਹਾਟੁ ॥ ਗੁਰ ਮਿਲਿ; ਖੋਲੇ ਬਜਰ ਕਪਾਟ ॥੪॥**

ਉਨ੍ਹਾਂ ਦੇ ਅੰਤਹਕਰਣ ਰੂਪੀ ਘਰ ਇੰਦਰੇ ਰੂਪ ਹੱਟ ਵਿਸ਼ਿਆਂ ਰੂਪੀ ਵਖਰ = ਸੌਦੇ ਤੋਂ ਬਗ਼ੈਰ ਸੂਨੋ = ਖਾਲੀ ਹੋ ਗਏ ਹਨ।

ਕਿਉਂਕਿ ਉਨ੍ਹਾਂ ਨੇ ਪੂਰੇ ਗੁਰਾਂ ਨਾਲ ਮਿਲ ਕੇ ਬਜਰ ਵਾਂਗੂੰ ਕਠੋਰ ਪੰਜਾਂ ਕੋਸ਼ਾਂ **ਵਾ:** ਆਸਾ ਅੰਦੇਸਾ ਰੂਪ ਕਪਾਟ = ਤਖ਼ਤੇ ਖੋਲ੍ਹ ਲਏ ਹਨ ॥੪॥

**ਸਾਧੁ ਮਿਲੈ; ਪੂਰਬ ਸੰਜੋਗ ॥ ਸਚਿ ਰਹਸੇ; ਪੂਰੇ ਹਰਿ ਲੋਗ ॥**

ਉਹ ਪੂਰਬ = ਪੂਰਬਲੇ ਨਿਸ਼ਕਾਮ ਕਰਨ ਦੇ ਸੰਜੋਗ = ਮਿਲਾਪ ਕਰਕੇ ਸਾਧੁ = ਸ੍ਰੇਸ਼ਟ ਗੁਰਾਂ ਨਾਲ ਮਿਲੈ = ਮਿਲੇ ਹਨ।

ਉਹੋ ਹੀ ਗੁਰਾਂ ਦੁਆਰਾ ਸੱਚੇ ਨਾਮ ਦੀ ਕਮਾਈ ਕਰਕੇ ਆਤਮਿਕ ਰਹਸੇ = ਅਨੰਦ ਨੂੰ ਪ੍ਰਾਪਤ ਕਰਦੇ ਹਨ, ਜਿਸ ਕਰਕੇ ਉਹ ਹਰਿ = ਪਰਮੇਸ਼ਰ ਦੇ ਪੂਰੇ = ਪੂਰਨ ਮਹਾਤਮਾ ਲੋਗ = ਜਨ ਬਣੇ ਹੋਏ ਹਨ।

**ਮਨੁ ਤਨੁ ਦੇ; ਲੈ ਸਹਜਿ ਸੁਭਾਇ ॥ ਨਾਨਕ ਤਿਨ ਕੈ; ਲਾਗਉ ਪਾਇ ॥੫॥੬॥**

ਉਨ੍ਹਾਂ ਨੇ ਆਪਣਾ ਮਨ ਤੇ ਤਨ ਭੇਟਾ ਰੂਪ ਵਿਚ ਗੁਰੂ ਨੂੰ ਦੇ ਕੇ ਗੁਰਾਂ ਪਾਸੋਂ ਸਹਜਿ = ਸ਼ਾਂਤੀ ਸੁਭਾਇ = ਸੁਭਾਅ ਲੈ = ਲੈਣਾ ਕੀਤਾ ਹੈ **ਵਾ:** ਸਹਜਿ = ਸੁਤੇ ਸਿੱਧ ਹੀ (ਸੁ+ਭਾਇ) ਸੁ = ਉਹ ਭਾਇ = ਪ੍ਰਕਾਸ਼ ਸਰੂਪ ਪਰਮੇਸ਼ਰ ਵਿਚ ਲੈ = ਲੀਨ, ਸਮਾਂ ਜਾਂਦੇ ਹਨ। ਇਸ ਪ੍ਰਕਾਰ ਅਬਿਨਾਸ਼ੀ ਪਰਮੇਸ਼ਰ ਵਿਚ ਸਮਾਉਣਾ ਕਰਦੇ ਹਨ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਤਿਨ = ਉਨ੍ਹਾਂ ਅਭੇਦ ਹੋਣ ਵਾਲੇ ਨਾਮ ਸੰਜੋਗੀਆਂ ਦੇ ਪਾਇ = ਚਰਨੀਂ ਲਾਗਉ = ਲੱਗਦੇ ਹਾਂ ॥੫॥੬॥

## ਗਉੜੀ, ਮਹਲਾ ੧ ॥

ਫੇਰ ਦਾਸਾ ਭੱਟ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ! ਸਾਰਿਆਂ ਦੇ ਮਨ ਵਿਚ ਪਰਮੇਸ਼ਰ ਚੇਤੇ ਕਿਉਂ ਨਹੀਂ ਆਉਂਦਾ। ਤਾਂ ਸਤਿਗੁਰੂ ਜੀ ਕਥਨ ਕਰਦੇ ਹਨ ਕਿ

## ਕਾਮੁ ਕ੍ਰੋਧੁ; ਮਾਇਆ ਮਹਿ ਚੀਤੁ ॥
## ਝੂਠ ਵਿਕਾਰਿ; ਜਾਗੈ ਹਿਤ ਚੀਤੁ ॥

ਇਸ ਜੀਵ ਦਾ ਕਾਮ ਕ੍ਰੋਧ ਆਦਿ ਵਿਕਾਰਾਂ ਕਰਕੇ ਮਾਇਆ ਮਹਿ = ਵਿਚ ਚੀਤੁ = ਚਿੱਤ ਜੁੜਿਆ ਰਹਿੰਦਾ ਹੈ।

ਝੂਠੇ ਵਿਕਾਰਾਂ ਦੇ ਹਿਤ = ਮੋਹ ਵਿਚ ਚੀਤੁ = ਚਿੱਤ ਜਾਗੈ = ਜਾਗ ਭਾਵ ਸਾਵਧਾਨ ਹੋ ਰਿਹਾ ਹੈ।

## ਪੂੰਜੀ; ਪਾਪ ਲੋਭ ਕੀ ਕੀਤੁ ॥ ਤਰੁ ਤਾਰੀ; ਮਨਿ ਨਾਮੁ ਸੁ ਚੀਤੁ ॥੧॥

(ਦੂਸਰਾ ਪਾਠ **ਸੁਚੀਤੁ**)

ਜੀਵ ਨੇ ਪਾਪ ਤੇ ਲੋਭ = ਲਾਲਚ ਕੀ = ਦੀ ਪੂੰਜੀ = ਰਾਸੀ ਹੀ ਇੱਕਠੀ ਕੀਤੁ = ਕੀਤੀ ਹੋਈ ਹੈ। ਪਰੰਤੂ ਜੇਕਰ ਕੋਈ ਜੀਵ ਗੁਰਾਂ ਦੇ ਉਪਦੇਸ਼ ਦੁਆਰਾ ਮਨ ਵਿਚ ਪਰਮੇਸ਼ਰ ਦੇ ਨਾਮ ਦੀ ਸੁ = ਭਲੀ ਪ੍ਰਕਾਰ ਚੀਤੁ = ਚਿਤਵਨੀ ਕਰੇ ਤਾਂ ਮਾਇਆ, ਵਿਕਾਰਾਂ ਆਸਾ ਤ੍ਰਿਸ਼ਨਾ ਰੂਪੀ ਨਦੀ ਤੋਂ ਤਾਰੀ ਲਾ ਕੇ ਤਰ ਸਕਦਾ ਹੈ ॥੧॥

## ਵਾਹੁ ਵਾਹੁ ਸਾਚੇ; ਮੈ ਤੇਰੀ ਟੇਕ ॥ ਹਉ ਪਾਪੀ; ਤੂੰ ਨਿਰਮਲੁ ਏਕ ॥੧॥ਰਹਾਉ॥

ਹੇ ਵਾਹੁ = ਧੰਨਤਾ ਦੇ ਯੋਗ ਵਾਹੁ = ਅਸਚਰਜ ਰੂਪ ਸਾਚੇ = ਸੱਚੇ ਪਰਮੇਸ਼ਰ ! ਮੈ = ਮੈਨੂੰ ਮਨ, ਬਾਣੀ, ਸਰੀਰ ਕਰਕੇ ਇਕ ਤੇਰੀ = ਤੁਹਾਡੀ ਹੀ ਟੇਕ = ਓਟ ਹੈ।

ਹੇ ਅੰਤਰਜਾਮੀ ! ਹਉ = ਮੈਂ ਸਦਾ ਹੀ ਪਾਪੀ = ਗੁਨਾਹ ਕਰਨ ਵਾਲਾ ਹਾਂ ਤੇ ਤੂੰ ਨਿਰਮਲ = ਮਲ ਮਾਇਆ ਤੋਂ ਰਹਿਤ ਏਕ = ਇਕ-ਰਸ ਨਿਰੰਤਰ ਰਹਿਣ ਵਾਲਾ ਹੈਂ ॥੧॥ਰਹਾਉ॥

## ਅਗਨਿ ਪਾਣੀ; ਬੋਲੈ ਭੜ ਵਾਉ ॥ ਜਿਹਵਾ ਇੰਦ੍ਰੀ; ਏਕੁ ਸੁਆਉ ॥

ਅਗਨਿ = ਅੱਗ, ਪਾਣੀ = ਜਲ ਆਦਿ ਪੰਜਾਂ ਤੱਤਾਂ ਦੇ ਰਚੇ ਹੋਏ ਸਰੀਰ ਵਾਲਾ ਜੀਵ ਭੜ = ਭੜਕੀ ਹੋਈ ਵਾਉ = ਹਵਾ ਵਾਂਗੂੰ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਬੇਅਰਥ ਹੀ ਬੋਲੈ = ਬੋਲਦੇ ਰਹਿੰਦੇ ਹਨ **ਵਾ:** ਤ੍ਰਿਸਨਾ ਰੂਪ ਅਗਨਿ = ਅੱਗ ਕਰਕੇ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਜੀਵ ਦਿਨ ਰਾਤ ਭੜਕੀ ਹੋਈ ਹਵਾ ਵਾਂਗੂੰ ਬੇਅਰਥ ਹੀ ਬੋਲਦੇ ਰਹਿੰਦੇ ਹਨ **ਅਥਵਾ** ਅਗਨੀ ਦੀ ਨਿਆਈਂ ਤਮੋਗੁਣੀ ਜੀਵ, ਪਾਣੀ ਦੀ ਨਿਆਈਂ ਸਤੋਗੁਣੀ ਜੀਵ, ਭੜਕੀ ਹੋਈ ਹਵਾ ਦੀ ਨਿਆਈਂ ਰਜੋਗੁਣੀ ਜੀਵ, ਇਉਂ ਤਿੰਨਾਂ ਗੁਣਾਂ ਦੀ ਕੈਦ ਵਿਚ ਜੀਵ ਬੇਅਰਥ ਹੀ ਬੋਲਦੇ ਰਹਿੰਦੇ ਹਨ। ਅਤੇ

ਜੀਵ ਦੇ ਜਿਹਵਾ = ਜੀਭਾ ਆਦਿ ਇੰਦ੍ਰੀ = ਇੰਦਰੀਆਂ ਆਪੋ ਆਪਣੇ ਵਿਸ਼ੇ ਅਨੁਸਾਰ ਏਕੁ = ਇਕ ਇਕ ਸੁਆਉ = ਸਵਾਦ ਵਿਚ ਲੱਗੀਆਂ ਹੋਈਆਂ ਹਨ।

## ਦਿਸਟਿ ਵਿਕਾਰੀ; ਨਾਹੀ ਭਉ ਭਾਉ ॥ ਆਪੁ ਮਾਰੇ; ਤਾ ਪਾਏ ਨਾਉ ॥੨॥

ਜਿੰਨਾ ਚਿਰ ਜੀਵ ਦੇ ਮਨ ਵਿਚ ਪਰਮੇਸ਼ਰ ਦਾ ਭਉ = ਡਰ, ਤੇ ਭਾਉ = ਪ੍ਰੇਮ ਪੈਦਾ ਨਹੀਂ ਹੁੰਦਾ, ਉਤਨਾ ਚਿਰ ਦਿਸਟਿ = ਦ੍ਰਿਸ਼ਟੀ ਵਿਕਾਰਾਂ ਵਾਲੀ ਹੀ ਰਹੇਗੀ, ਭਾਵ ਨੇਤ੍ਰ ਪਰਾਏ ਸਰੀਰਾਂ ਨੂੰ ਵਿਕਾਰ ਦ੍ਰਿਸ਼ਟੀ ਨਾਲ ਹੀ ਦੇਖਦੇ ਰਹਿਣਗੇ **ਅਥਵਾ** ਜਿਨ੍ਹਾਂ ਨੇ ਮਨ ਵਿਚ ਵਾਹਿਗੁਰੂ ਦਾ ਡਰ ਧਾਰਨ ਕੀਤਾ ਹੈ ਤੇ ਹਿਰਦੇ ਵਿਚ ਪਰਮੇਸ਼ਰ ਦੇ ਨਾਮ ਦਾ ਪ੍ਰੇਮ ਹੈ, ਉਨ੍ਹਾਂ ਦੀ ਦ੍ਰਿਸ਼ਟੀ ਵਿਕਾਰਾਂ ਵਾਲੀ ਨਹੀਂ ਰਹੇਗੀ। ਜੇਕਰ ਇਹ ਜੀਵ ਆਪਣੇ ਅੰਦਰੋਂ ਗੁਰ ਉਪਦੇਸ਼ ਦੁਆਰਾ ਆਪਾ-ਭਾਵ (ਹੰਕਾਰ) ਮਾਰ ਦੇਵੇ, ਤਾਂ ਹੀ ਗੁਰਾਂ ਪਾਸੋਂ ਨਾਉ = ਨਾਮ ਦੀ ਦਾਤ ਨੂੰ ਪਾਏ = ਪਾ ਸਕਦਾ ਹੈ ॥੨॥

## ਸਬਦਿ ਮਰੈ; ਫਿਰਿ ਮਰਣੁ ਨ ਹੋਇ ॥ ਬਿਨੁ ਮੂਏ; ਕਿਉ ਪੂਰਾ ਹੋਇ ॥

ਗੁਰੂ ਜੀ ਦਾ ਸਬਦਿ = ਉਪਦੇਸ਼ ਹਿਰਦੇ ਵਿਚ ਧਾਰਨ ਕਰਕੇ ਜੀਵਤ ਭਾਵ ਤੋਂ ਮਰ ਜਾਵੇ, ਵਿਕਾਰਾਂ ਵੱਲੋਂ ਮਰ ਜਾਵੇ, ਫਿਰ ਜੀਵ ਦਾ ਵਾਰ-ਵਾਰ ਮਰਨਾ ਨਹੀਂ ਹੋਇ = ਹੁੰਦਾ।

ਆਪਾ-ਭਾਵ ਮੂਏ = ਮਾਰੇ ਤੋਂ ਬਿਨਾਂ ਪੂਰਾ ਅਨੰਦ ਕਿਉ = ਕਿਵੇਂ ਪ੍ਰਾਪਤ ਹੋਇ = ਹੋਵੇਗਾ **ਵਾ:** ਪੂਰਾ = ਪੂਰਨ ਪਰਮੇਸ਼ਰ ਦਾ ਗਿਆਨ ਕਿਵੇਂ ਪ੍ਰਾਪਤ ਹੋਵੇਗਾ।

## ਪਰਪੰਚਿ; ਵਿਆਪਿ ਰਹਿਆ ਮਨੁ ਦੋਇ ॥
## ਥਿਰੁ ਨਾਰਾਇਣੁ; ਕਰੇ ਸੁ ਹੋਇ ॥੩॥

ਪਰਪੰਚਿ = ਛਲ ਰੂਪ ਸੰਸਾਰ ਵਿਚ ਲੱਗਿਆ ਹੋਇਆ ਜੀਵ ਦਾ ਮਨ ਦੋਇ = ਦਵੈਤ ਵਿਚ ਜੁੜ ਰਿਹਾ ਹੈ **ਵਾ:** ਜਿੰਨਾ ਚਿਰ ਜੀਵ ਦਾ ਮਨ ਪਰਪੰਚਿ = ਸੰਸਾਰ ਦੇ ਕਾਰੋ ਵਿਹਾਰਾਂ ਵਿਚ ਵਿਆਪਿ = ਲੱਗਿਆ ਹੋਇਆ ਹੈ, ਉਤਨਾ ਚਿਰ ਦੋਇ = ਦੋ ਭਾਵ ਜੰਮਣਾ-ਮਰਣਾ ਬਣਿਆ ਰਹੇਗਾ।

ਜੋ ਸਦਾ ਥਿਰੁ = ਸਥਿਰ, ਇਕ-ਰਸ ਰਹਿਣ ਵਾਲਾ ਨਾਰਾਇਣੁ = ਪਰਮੇਸ਼ਰ ਹੈ, ਜਿਸ ਉੱਤੇ ਉਹ ਆਪਣੀ ਕਿਰਪਾ ਦ੍ਰਿਸ਼ਟੀ ਕਰੇ = ਕਰ ਦੇਵੇ ਸੁ = ਉਹ ਜੀਵ ਉਸ ਦਾ ਸਰੂਪ ਹੋ ਜਾਂਦਾ ਹੈ **ਅਥਵਾ** ਥਿਰੁ = ਸਦਾ ਰਹਿਣ ਵਾਲਾ ਨਾਰਾਇਣੁ = ਪਰਮੇਸ਼ਰ ਜੋ ਕਰਦਾ ਹੈ, ਉਹੋ ਹੀ ਵਰਤਾਰਾ ਵਰਤਦਾ ਹੈ ॥੩॥

## ਬੋਹਿਥਿ ਚੜਉ; ਜਾ ਆਵੈ ਵਾਰੁ ॥ ਠਾਕੇ ਬੋਹਿਥ; ਦਰਗਹ ਮਾਰ ॥

ਜਾ = ਜਦ ਮਨੁੱਖਾ ਦੇਹ ਰੂਪੀ ਵਾਰੁ = ਸਮਾਂ ਹੱਥ ਆਵੈ = ਆ ਜਾਵੇ ਤਾਂ ਗੁਰਾਂ ਦੁਆਰਾ ਨਾਮ, ਗਿਆਨ ਰੂਪੀ ਬੋਹਿਥਿ = ਜਹਾਜ ਤੇ ਚੜਉ = ਚੜ੍ਹਨਾ ਕਰੋ। ਜੇ ਇਸ ਜਹਾਜ਼ 'ਤੇ ਚੜ੍ਹਨ ਤੋਂ ਠਾਕੇ = ਰੁਕੇ ਰਹੋਗੇ ਤਾਂ ਫਿਰ ਦਰਗਾਹ ਵਿਚ ਜਮਾਂ ਦੀ ਮਾਰ ਖਾਣੀ ਪਵੇਗੀ, ਚੌਰਾਸੀ ਲੱਖ ਜੂਨਾਂ ਵਿਚ ਭਟਕਣਾ ਪਵੇਗਾ।

## ਸਚੁ ਸਾਲਾਹੀ; ਧੰਨੁ ਗੁਰਦੁਆਰੁ ॥

ਗੁਰੂ ਸਾਹਿਬ ਜੀ ਦਾ ਸੰਗਤ ਰੂਪੀ ਦੁਆਰ ਧੰਨੁ = ਧੰਨਤਾ ਦੇ ਯੋਗ ਹੈ ਜਿਸ ਵਿਚ ਸਚੁ = ਸੱਚੇ ਨੂੰ ਸਾਲਾਹੀ = ਸਲਾਹੁਣਾ ਕਰੀਦਾ ਹੈ **ਵਾ:** ਉਹ ਪੁਰਖ ਧਨ ਹਨ ਜੋ ਗਿਆਨ ਦੀ ਪ੍ਰਾਪਤੀ ਵਾਸਤੇ ਗੁਰਾਂ ਦੁਆਰਾ ਸੱਚੇ ਨੂੰ ਸਲਾਹੁੰਦੇ ਹਨ।

## ਨਾਨਕ ਦਰਿ ਘਰਿ; ਏਕੰਕਾਰੁ ॥੪॥੭॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਏਕੰਕਾਰੁ = ਪਰਮੇਸ਼ਰ ਦੇ ਸਾਧਸੰਗਤ ਰੂਪੀ ਦਰ ਵਿਚ ਮਿਲੇ ਹਨ, ਉਹ ਸਰੂਪ ਰੂਪੀ ਘਰ ਵਿਚ ਪਹੁੰਚ ਜਾਂਦੇ ਹਨ **ਵਾ:** ਪਰਮੇਸ਼ਰ ਸਾਰਿਆਂ ਦੇ ਘਰਿ = ਸਰੀਰ ਤੇ ਅੰਤਸ਼ਕਰਣ ਰੂਪੀ ਦਰਿ = ਦਰਵਾਜੇ ਵਿਚ ਹੀ ਵਸ ਰਿਹਾ ਹੈ **ਵਾ:** ਸਾਧਸੰਗਤ ਰੂਪੀ ਘਰ ਵਿਚ ਮਿਲ ਕੇ ਉਸ ਦੇ ਗਿਆਨ ਰੂਪੀ ਦਰਵਾਜੇ ਵਿਚ ਪਹੁੰਚਣਾ ਕਰੀਏ ਤਾਂ ਏਕੰਕਾਰ = ਪਰਮੇਸ਼ਰ ਦੀ ਪ੍ਰਾਪਤੀ ਹੋ ਜਾਵੇਗੀ ॥੪॥੭॥

## ਗਉੜੀ, ਮਹਲਾ ੧ ॥
## ਉਲਟਿਓ ਕਮਲੁ; ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ; ਗਗਨਿ ਦਸਦੁਆਰਿ ॥

ਹੇ ਭਾਈ! ਜਦੋਂ ਰਿਦਾ ਰੂਪੀ ਕਮਲ ਆਸੁਰੀ ਸੰਪਦਾ ਵੱਲੋਂ ਉਲਟਿਓ = ਉਲਟ ਕੇ ਦੈਵੀ ਸੰਪਦਾ ਦੇ ਸਹਿਤ ਬ੍ਰਹਮ ਦੀ ਪ੍ਰਾਪਤੀ ਰੂਪ ਵੀਚਾਰ ਵਾਲਾ ਹੋ ਗਿਆ।

ਤਦ ਦਸਦੁਆਰਿ = ਦਸਮ ਦੁਆਰ ਰੂਪੀ ਗਗਨਿ = ਅਕਾਸ਼ ਵਿੱਚੋਂ ਅੰਮ੍ਰਿਤ ਧਾਰਾ ਦੀ ਵਰਖਾ ਹੋਣ ਲੱਗ ਪਈ **ਵਾ:** ਦਸ = ਦਸੇ ਦੁਆਰਿ = ਦੁਆਰਿਆਂ ਵਾਲੇ ਸਰੀਰ ਵਿਚ ਚਿਦਾਕਾਸ਼ ਚੇਤਨ ਬ੍ਰਹਮ ਦੀ ਬ੍ਰਹਮਾਨੰਦ ਰੂਪੀ ਅੰਮ੍ਰਿਤ ਧਾਰਾ ਦੀ ਵਰਖਾ ਹੋਣ ਲੱਗ ਪਈ। ਜਦ ਬ੍ਰਹਮ ਦੀ ਪ੍ਰਾਪਤੀ ਵਾਸਤੇ ਪ੍ਰਾਣਾਂ ਦੇ ਚਾੜ੍ਹਨ, ਠਹਿਰਾਵਣ ਤੇ ਉਤਾਰਨ ਦੀ ਵਿਚਾਰ ਕੀਤੀ ਤੇ ਰਿਦੇ ਰੂਪ ਕਮਲ ਉਲਟਿਆ। ਤਦ ਦਸਮ ਦੁਆਰ ਰੂਪੀ ਅਕਾਸ਼ ਵਿੱਚੋਂ ਜੋਗਾਨੰਦ ਰੂਪੀ ਅੰਮ੍ਰਿਤਧਾਰਾ ਚੋਅ ਆਈ।

## ਤ੍ਰਿਭਵਣੁ ਬੇਧਿਆ; ਆਪਿ ਮੁਰਾਰਿ ॥੧॥

ਫਿਰ ਜਿਸ ਨੇ ਤ੍ਰਿਭਵਣੁ = ਤਿੰਨਾਂ ਭਵਣਾਂ ਨੂੰ ਆਪਣੇ ਹੁਕਮ ਵਿਚ ਬੇਧਿਆ = ਬੰਨ੍ਹਿਆ, ਭਾਵ ਅਧੀਨ ਕੀਤਾ ਹੋਇਆ ਹੈ, ਫਿਰ ਉਹ ਮੁਰਾਰਿ = ਮੁਰਾਰੀ ਪਰਮੇਸ਼ਰ ਆਪ ਆ ਕੇ ਹਿਰਦੇ ਵਿਚ ਪ੍ਰਾਪਤ ਹੋ ਜਾਂਦਾ ਹੈ ॥੧॥

## ਰੇ ਮਨ ਮੇਰੇ; ਭਰਮੁ ਨ ਕੀਜੈ ॥

ਰੇ = ਹੇ ਮੇਰੇ ਪਿਆਰੇ ਮਨ ! ਤੂੰ ਕੋਈ ਭਰਮ ਨਾ ਕੀਜੈ = ਕਰ।

## ਮਨਿ ਮਾਨਿਐ; ਅੰਮ੍ਰਿਤ ਰਸੁ ਪੀਜੈ ॥੧॥ਰਹਾਉ॥

ਗੁਰ ਉਪਦੇਸ਼ ਨੂੰ ਮਨਿ = ਹਿਰਦੇ ਵਿਚ ਮਾਨਿਐ = ਮੰਨ ਕੇ ਨਾਮ ਰੂਪੀ ਅੰਮ੍ਰਿਤ-ਰਸ ਨੂੰ ਪੀਜੈ = ਪੀਣਾ ਕਰ ॥੧॥ਰਹਾਉ॥ ਜੈਸਾ ਕਿ :

**ਕਹਿ ਕਬੀਰ ਮਨੁ ਮਾਨਿਆ ॥ ਮਨੁ ਮਾਨਿਆ ਤਉ ਹਰਿ ਜਾਨਿਆ ॥** *(ਰਾਗੁ ਸੋਰਠਿ, ਅੰਗ ੬੫੬)*

## ਜਨਮੁ ਜੀਤਿ; ਮਰਣਿ ਮਨੁ ਮਾਨਿਆ ॥ ਆਪਿ ਮੂਆ; ਮਨੁ ਮਨ ਤੇ ਜਾਨਿਆ ॥

ਜਿਨ੍ਹਾਂ ਦਾ ਜੀਵਤ ਭਾਵ ਤੋਂ ਮਰਣ ਵਿਚ ਮਨ ਮਾਨਿਆ = ਮੰਨ ਗਿਆ ਹੈ, ਉਨ੍ਹਾਂ ਨੇ ਆਪਣੇ ਮਨੁੱਖਾ ਜਨਮ ਨੂੰ ਜੀਤਿ = ਜਿੱਤ ਲਿਆ ਹੈ ਜਿਨ੍ਹਾਂ ਦੇ ਹਿਰਦੇ ਵਿੱਚੋਂ ਆਪਿ = ਆਪਾ-ਭਾਵ ਮੂਆ = ਮਰ ਗਿਆ ਹੈ, ਉਨ੍ਹਾਂ ਨੇ ਗੁਰਾਂ ਦੇ ਮਨੁ = ਮੰਤਰ (ਉਪਦੇਸ਼) ਦੁਆਰਾ ਮਨ ਤੇ = ਤੋਂ ਹੀ ਸ਼੍ਰੋਮਣੀ ਪਰਮੇਸ਼ਰ ਨੂੰ ਜਾਨਿਆ = ਜਾਣ ਲਿਆ ਹੈ **ਵਾ:** ਜਦੋਂ ਅਸ਼ੁੱਧ ਮਨ ਵਿੱਚੋਂ ਹੰਕਾਰ ਮਰ ਗਿਆ ਤਾਂ ਮਨ ਨੂੰ ਰੋਕਣਾ ਜਾਣ ਲਿਆ ਹੈ।

## ਨਜਰਿ ਭਈ; ਘਰੁ ਘਰ ਤੇ ਜਾਨਿਆ ॥੨॥

ਜਦੋਂ ਗੁਰੂ ਸਾਹਿਬ ਜੀ ਦੀ ਗਿਆਨ ਨਜਰਿ = ਦ੍ਰਿਸ਼ਟੀ ਭਈ = ਹੋਈ ਤਾਂ ਸਤਿਸੰਗਤ ਹਿਰਦੇ ਰੂਪੀ ਘਰ ਤੇ = ਤੋਂ ਹੀ ਸਰੂਪ ਰੂਪੀ ਘਰ ਨੂੰ ਜਾਣ ਲਿਆ **ਵਾ:** ਜਦੋਂ ਗੁਰੂ ਸਾਹਿਬ ਜੀ ਦੀ ਕਿਰਪਾ ਦ੍ਰਿਸ਼ਟੀ ਹੋਈ, ਜਿਹੜਾ ਪਰਮੇਸ਼ਰ ਸੰਸਾਰ ਰੂਪੀ ਘਰ ਨੂੰ ਘੜਨ ਵਾਲਾ ਹੈ, ਉਸ ਨੂੰ ਘਰ = ਹਿਰਦੇ ਤੋਂ ਹੀ ਜਾਣ ਲਿਆ ॥੨॥

## ਜਤੁ ਸਤੁ ਤੀਰਥੁ; ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ; ਕਿਸੁ ਕਾਮਿ ॥

ਜਤੁ, ਸਤੁ ਆਦਿਕ ਸਾਧਨ ਅਤੇ ਤੀਰਥਾਂ ਦੇ ਮਜਨੁ = ਇਸ਼ਨਾਨ ਦਾ ਫਲ ਤਾਂ ਹੀ ਹੈ, ਜੇਕਰ ਨਾਮ ਜਪਿਆ ਜਾਵੇ **ਵਾ:** ਨਾਮ ਜਪਣੇ ਕਰਕੇ ਹੀ ਸਾਰੇ ਸਫਲੇ ਹਨ।

ਨਾਮ ਤੋਂ ਬਿਨਾਂ ਅਧਿਕ = ਬਹੁਤੇ ਕਰਮਾਂ ਦਾ ਬਿਥਾਰੁ = ਵਿਸਥਾਰ ਕਰਨਾ ਕਿਸ ਕੰਮ ਹੈ।

## ਨਰ ਨਾਰਾਇਣ; ਅੰਤਰਜਾਮਿ ॥੩॥

ਨਰ = ਮਨੁੱਖਤਾ ਦਾ ਮਾਲਕ ਨਾਰਾਇਣ = ਪਰਮੇਸ਼ਰ ਸਾਰਿਆਂ ਜੀਵਾਂ ਦੇ ਅੰਤਰਜਾਮਿ = ਅੰਦਰ ਦੀ ਜਾਨਣ ਵਾਲਾ ਹੈ ॥੩॥

## ਆਨ ਮਨਉ; ਤਉ ਪਰ ਘਰ ਜਾਉ ॥ ਕਿਸੁ ਜਾਚਉ; ਨਾਹੀ ਕੋ ਥਾਉ ॥

(**ਮਨਉ** ਥੋੜ੍ਹਾਂ ਕੱਸ ਕੇ ਬੋਲੋ)

ਜੇ ਆਨ = ਹੋਰ ਦ੍ਵੈਤ-ਭਾਵ ਨੂੰ ਮਨਉ = ਮੰਨੋਗੇ ਤਉ = ਤਾਂ ਪਰ = ਪਰਾਏ ਘਰਾਂ ਭਾਵ ਟੇਢੀਆਂ ਜੂਨਾਂ ਵਿਚ ਹੀ ਜਾਉ = ਜਾਵੋਗੇ। ਅਸੀਂ ਸੱਚੇ ਪਰਮੇਸ਼ਰ ਤੋਂ ਬਗ਼ੈਰ ਕਿਸੇ ਕੋਲੋ ਕੀ ਜਾਚਉ = ਮੰਗੀਏ ਕਿਉਂਕਿ

ਪਰਮੇਸ਼ਰ ਤੋਂ ਬਗ਼ੈਰ ਸਾਡਾ ਹੋਰ ਕੋ = ਕੋਈ ਵੀ ਥਾਉ = ਟਿਕਾਣਾ ਨਾਹੀ = ਨਹੀਂ ਹੈ **ਵਾ:** ਕਿਸ ਕੋਲੋਂ ਮੰਗੀਏ ਕਿਉਂਕਿ ਇਕ ਪਰਮੇਸ਼ਰ ਤੋਂ ਬਗ਼ੈਰ ਹੋਰ ਕੋਈ ਅਚੱਲ ਥਾਂ ਨਹੀਂ ਹੈ।

## ਨਾਨਕ; ਗੁਰਮਤਿ ਸਹਜਿ ਸਮਾਉ ॥੪॥੮॥

ਗੁਰੂ ਜੀ ਕਥਨ ਕਰਦੇ ਹਨ ਕਿ ਗੁਰਮਤਿ = ਗੁਰੂ ਸਿੱਖਿਆ ਨੂੰ ਧਾਰਨ ਕਰ ਕੇ ਸਹਜੇ ਹੀ ਵਾਹਿਗੁਰੂ ਦੇ ਨਾਮ ਵਿਚ ਸਮਾਉ = ਸਮਾ ਜਾਣਾ ਕਰੋ, ਭਾਵ ਅਭੇਦ ਹੋ ਜਾਣਾ ਕਰੋ **ਵਾ:** ਗੁਰਮਤ ਪ੍ਰਾਪਤ ਕਰਕੇ ਸਹਜਿ = ਸ਼ਾਤੀ ਪੂਰਬਕ ਚੇਤਨ ਸਰੂਪ ਬ੍ਰਹਮ ਵਿਚ ਸਮਾਉ = ਸਮਾ ਜਾਣਾ ਕਰੋ ॥੪॥੮॥

## ਗਉੜੀ, ਮਹਲਾ ੧ ॥

**ਉਥਾਨਕਾ :** ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ, ਕਰਤਾਰਪੁਰ ਸਾਹਿਬ ਦੇ ਵਿਚ ਸਰਬ ਸੰਗਤਾਂ ਦੇ ਤਾਈਂ ਜੀਵਨ ਮੁਕਤੀ ਦਾ ਦਾਨ ਬਖ਼ਸ਼ ਰਹੇ ਸਨ। ਸਿੱਖ ਸੰਗਤਾਂ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਬੈਠੀਆਂ ਸਨ। ਜਿਵੇਂ ਬਗ਼ੀਚੀ ਵਿਚ ਫੁਲਵਾੜੀ ਖਿੜੀ ਹੁੰਦੀ ਹੈ, ਉਸ ਪ੍ਰਕਾਰ ਗੁਰਸਿੱਖਾਂ ਦੇ ਚਿਹਰੇ ਖ਼ੁਸ਼ੀ ਨਾਲ ਖਿੜੇ ਹੋਏ ਸਨ। ਗੁਰਾਂ ਦੇ ਪਰਮ ਉਪਦੇਸ਼ ਨੂੰ ਹਿਰਦੇ ਵਿਚ ਧਾਰ ਕੇ ਜੀਵਨ ਅਨੰਦ ਨੂੰ ਪ੍ਰਾਪਤ ਕਰ ਰਹੇ ਸਨ। ਗੁਰੂ ਜੀ ਨੂੰ ਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਆਪ ਜੀ ਦੱਸਣਾ ਕਰੋ ਕਿ ਮਰਣਾ ਕਿਹੜਾ ਹੈ ਤਾਂ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ :

## ਸਤਿਗੁਰੁ ਮਿਲੈ; ਸੁਮਰਣੁ ਦਿਖਾਏ ॥

(**ਸੁ-ਮਰਣ** ਬੋਲੋ ਪਾਠ ਇਕੱਠਾ ਹੈ)

ਜਿਨ੍ਹਾਂ ਨੂੰ ਪਿਛਲੇ ਨਿਸ਼ਕਾਮ ਕਰਮਾਂ ਦੇ ਪੁੰਨ ਕਰਕੇ ਸਤਿਗੁਰੂ ਮਿਲੈ = ਮਿਲ ਜਾਣ ਉਨ੍ਹਾਂ ਨੂੰ ਸਤਿਗੁਰੂ ਜੀ ਸੁਮਰਣੁ = ਸ਼੍ਰੇਸਟ ਮਰਨਾ ਭਾਵ ਜੀਵਣ ਭਾਵ ਤੋਂ ਮਰਣਾ ਦਿਖਾਏ = ਦਿਖਾ ਦਿੰਦੇ ਹਨ। (ਅਉਗਣਾਂ ਦਾ ਤਿਆਗ, ਦੇਹ ਅਭਿਮਾਨ ਵੱਲੋਂ ਮਰਣਾ, ਇਹੋ ਸ੍ਰੇਸ਼ਟ ਮਰਣਾ ਹੈ।)

## ਮਰਣ ਰਹਣ; ਰਸੁ ਅੰਤਰਿ ਭਾਏ ॥

ਉਨ੍ਹਾਂ ਦੇ ਜੀਵਤ ਭਾਵ ਤੋਂ ਮਰ ਕੇ ਰਹਿਣ ਦਾ ਰਸੁ = ਅਨੰਦ ਹਿਰਦੇ ਅੰਤਰਿ = ਵਿਚ ਭਾਏ = ਭਾ ਜਾਂਦਾ ਹੈ, ਭਾਵ ਚੰਗਾ ਲੱਗਦਾ ਹੈ **ਵਾ:** ਹਿਰਦੇ ਅੰਦਰ ਪਰਮੇਸ਼ਰ ਦਾ ਰਸ = ਪ੍ਰੇਮ ਭਾਏ = ਭਾਉਂਦਾ ਹੈ।

## ਗਰਬੁ ਨਿਵਾਰਿ; ਗਗਨ ਪੁਰੁ ਪਾਏ ॥੧॥

ਉਹ ਗਰਬੁ = ਹੰਕਾਰ ਨੂੰ ਨਵਿਰਤ ਕਰਕੇ ਪੁਰੁ = ਪੂਰਨ ਗਗਨ = ਅਕਾਸ਼ ਦੀ ਨਿਆਈਂ ਵਿਆਪਕ ਚੇਤਨ ਬ੍ਰਹਮ ਵਿਚ ਨਿਵਾਸ ਪਾਉਂਦੇ ਹਨ ॥੧॥

## ਮਰਣੁ ਲਿਖਾਇ ਆਏ; ਨਹੀ ਰਹਣਾ ॥

ਹੇ ਭਾਈ! ਸਾਰੇ ਜੀਵ ਜਨਮ ਧਾਰ ਕੇ ਇਸ ਸੰਸਾਰ ਵਿਚ ਮਰਣਾ ਲਿਖਾ ਕੇ ਆਏ ਹਨ ਇਸ ਲਈ ਸਦਾ ਵਾਸਤੇ ਇਥੇ ਕਿਸੇ ਨੇ ਵੀ ਨਹੀਂ ਰਹਿਣਾ।

## ਹਰਿ ਜਪਿ ਜਾਪਿ; ਰਹਣੁ ਹਰਿ ਸਰਣਾ ॥੧॥ਰਹਾਉ॥

ਹੇ ਭਾਈ! ਜੇ ਹਰਿ = ਪਰਮੇਸ਼ਰ ਦੀ **ਵਾ:** ਹਰੀ ਸਰੂਪ ਗੁਰਾਂ ਦੀ ਸ਼ਰਨ ਵਿਚ ਰਹਿਣਾ ਕਰੋਗੇ ਅਤੇ ਹਰਿ = ਪਰਮੇਸ਼ਰ ਦੇ ਜਾਪ ਨੂੰ ਜਪਿ = ਜਪੋਗੇ ਤਾਂ ਸਦਾ ਵਾਸਤੇ ਅਚੱਲ ਹੋ ਸਕਦੇ ਹੋ ਭਾਵ ਕਦੇ ਜੰਮਣ ਮਰਣ ਦੇ ਚੱਕਰ ਵਿਚ ਨਹੀਂ ਆਉਗੇ। ਤੁਹਾਨੂੰ ਅਖੰਡ ਚੇਤਨ ਦੇਹ ਪ੍ਰਾਪਤ ਹੋ ਜਾਵੇਗੀ ॥੧॥ਰਹਾਉ॥

## ਸਤਿਗੁਰੁ ਮਿਲੈ; ਤ ਦੁਬਿਧਾ ਭਾਗੈ ॥

ਜੇ ਸਤਿਗੁਰੂ ਸੱਚੇ ਪਾਤਿਸ਼ਾਹ ਮਿਲੈ = ਮਿਲ ਜਾਣ ਤਾਂ ਦੁਬਿਧਾ = ਦੁਚਿਤਾਪਣ ਭਾਗੈ = ਭੱਜ ਜਾਂਦਾ ਹੈ। ਅਤੇ

## ਕਮਲੁ ਬਿਗਾਸਿ; ਮਨੁ ਹਰਿ ਪ੍ਰਭ ਲਾਗੈ ॥

ਮਨ ਹਰਿ ਪ੍ਰਭ = ਹਰੀ ਅਕਾਲ ਪੁਰਖ ਦੀ ਭਗਤੀ ਵਿਚ ਲਾਗੈ = ਲੱਗ ਜਾਂਦਾ ਹੈ ਅਤੇ ਹਿਰਦੇ ਰੂਪੀ ਕਮਲ ਬਿਗਾਸਿ = ਖਿੜ ਆਉਂਦਾ ਹੈ **ਵਾ:** ਰਿਦੇ ਰੂਪ ਕਮਲ ਦੀਆਂ ਕਰੁਣਾ, ਮੈਤ੍ਰੀ, ਮੁਦਤਾ ਆਦਿ ਪੰਖੜੀਆਂ ਖਿੜ ਆਉਂਦੀਆਂ ਹਨ।

## ਜੀਵਤੁ ਮਰੈ; ਮਹਾ ਰਸੁ ਆਗੈ ॥੨॥

ਜੋ ਜੀਵਤ ਭਾਵ ਤੋਂ ਮਰੈ = ਮਰ ਜਾਂਦਾ ਹੈ, ਉਸ ਨੂੰ ਆਗੈ = ਅੱਗੇ ਮਹਾ ਰਸੁ = ਵੱਡਾ ਰਸ ਭਾਵ ਬ੍ਰਹਮਾਨੰਦ ਰੂਪੀ ਰਸ ਆ ਕੇ ਪ੍ਰਾਪਤ ਹੁੰਦਾ ਹੈ। ਅਰਥਾਤ ਇਸ ਰਸ ਦੇ ਬਰਾਬਰ ਦੁਨੀਆਂ ਦਾ ਕੋਈ ਰਸ ਨਹੀਂ ਹੈ। ਦੁਨੀਆਂ ਦਾ ਵਿਸ਼ੇ ਅਨੰਦ ਪਾਣੀ ਦੇ ਕਟੋਰੇ ਦੀ ਨਿਆਈਂ ਹੈ। ਜੋਗਾ ਨੰਦ ਬਰਸਾਤੀ ਪਾਣੀ ਦੀ ਨਾਲੀ ਦੀ ਨਿਆਈਂ ਹੈ। ਬ੍ਰਹਮਾਨੰਦ ਮਹਾਂ ਸਾਗਰ ਦੀ ਨਿਆਈਂ ਹੈ। ਉਹ ਰਸ ਕਦੇ ਨਾਸ ਨਹੀਂ ਹੁੰਦਾ, ਸਦਾ ਇਕ-ਰਸ ਰਹਿੰਦਾ ਹੈ ॥੨॥

## ਸਤਿਗੁਰਿ ਮਿਲਿਐ; ਸਚ ਸੰਜਮਿ ਸੂਚਾ ॥ ਗੁਰ ਕੀ ਪਉੜੀ; ਊਚੋ ਊਚਾ ॥

ਹੇ ਭਾਈ ! ਸਤਿਗੁਰਾਂ ਦੇ ਮਿਲਿਐ = ਮਿਲਾਪ ਦੁਆਰਾ ਸਚ = ਸੱਚੇ ਨਾਮ ਨੂੰ ਗ੍ਰਹਿਣ ਕਰਕੇ ਝੂਠ ਬੋਲਣ ਵੱਲੋਂ ਸੰਜਮ ਕਰੇ ਤਾਂ ਹਿਰਦਾ ਸੂਚਾ = ਪਵਿੱਤਰ ਹੋ ਜਾਂਦਾ ਹੈ।

ਗੁਰਾਂ ਦੀ ਭਗਤੀ ਰੂਪੀ ਪਉੜੀ ਉੱਤੇ ਚੜ੍ਹ ਕੇ ਊਚੋ = ਉੱਚਿਆਂ ਤੋਂ ਵੀ ਊਚਾ = ਉੱਚਾ ਹੋ ਜਾਈਦਾ ਹੈ **ਵਾ:** ਉੱਚੇ ਬ੍ਰਹਮਾ ਆਦਿਕਾਂ ਤੋਂ ਵੀ ਉੱਚਾ ਹੋ ਜਾਈਦਾ ਹੈ।

## ਕਰਮਿ ਮਿਲੈ; ਜਮ ਕਾ ਭਉ ਮੂਚਾ ॥੩॥

ਜੇਕਰ ਨਿਸ਼ਕਾਮ ਕਰਮਾਂ ਦਾ ਸਦਕਾ ਪੂਰੇ ਗੁਰੂ ਮਿਲੈ = ਮਿਲ ਜਾਣ ਤਾਂ ਗੁਰਾਂ ਦੁਆਰਾ ਨਾਮ ਜਪ ਕੇ ਜਮ = ਯਮਰਾਜ ਕਾ = ਦਾ ਭਉ = ਡਰ ਮੂਚਾ = ਕੱਟਿਆ ਜਾਂਦਾ ਹੈ **ਵਾ:** ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਨਿਸ਼ਕਾਮ ਕਰਮਾਂ ਕਰਕੇ ਪਰਮੇਸ਼ਰ ਮਿਲਦਾ ਹੈ, ਤਾਂ ਫਿਰ ਜਮਾਂ ਦਾ ਭਉ = ਡਰ ਮੂਚਾ = ਕੱਟਿਆ ਜਾਂਦਾ ਹੈ ॥੩॥

## ਗੁਰਿ ਮਿਲਿਐ; ਮਿਲਿ ਅੰਕਿ ਸਮਾਇਆ ॥
## ਕਰਿ ਕਿਰਪਾ; ਘਰੁ ਮਹਲੁ ਦਿਖਾਇਆ ॥

ਹੇ ਭਾਈ ! ਪੂਰੇ ਗੁਰਾਂ ਦੇ ਮਿਲਿਐ = ਮਿਲਣ ਤੋਂ ਹੀ ਸ੍ਵਣ, ਮੰਨਣ, ਨਿਧਿਆਸਣ ਨਾਲ ਮਿਲ ਕੇ ਸੱਚ ਅੰਕਿ = ਸਰੂਪ ਵਿਚ ਸਮਾਇਆ = ਸਮਾਉਣਾ ਕਰੀਦਾ ਹੈ **ਵਾ:** ਜੋ ਗੁਰੂ ਦੇ ਹੁਕਮ ਵਿਚ ਮਿਲ ਕੇ ਸ਼੍ਵਣ ਮੰਨਣ ਨਿਧਿਆਸਣ ਨਾਲ ਮਿਲੇ ਹੋਏ ਹਨ, ਉਹ ਦੇਹ ਅਭਿਮਾਨ ਤੋਂ ਉਲਟ ਕੇ ਵਾਹਿਗੁਰੂ ਦੇ ਅੰਕਿ = ਸਰੂਪ ਵਿਚ ਸਮਾਇਆ = ਸਮਾ ਜਾਂਦੇ ਹਨ। ਗੁਰਾਂ **ਵਾ:** ਪਰਮੇਸ਼ਰ ਨੇ ਕਿਰਪਾ = ਮੇਹਰ ਦੀ ਦ੍ਰਿਸ਼ਟੀ ਕਰਕੇ ਉਸ ਨੂੰ ਘਰੁ = ਸਰੀਰ ਦੇ ਅੰਦਰ ਹੀ ਤੁਰੀਆ ਪਦ ਰੂਪੀ ਮਹਲ ਦਿਖਾਇਆ = ਦਿਖਾ ਦਿੱਤਾ ਹੈ।

## ਨਾਨਕ; ਹਉਮੈ ਮਾਰਿ ਮਿਲਾਇਆ ॥੪॥੯॥

ਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਪੁਰਖ ਨੇ ਗੁਰ ਉਪਦੇਸ਼ ਦੁਆਰਾ ਹਉਮੈ = ਹੰਗਤਾ ਨੂੰ ਮਾਰਿਆ ਹੈ, ਉਸ ਨੂੰ ਪਰਮੇਸ਼ਰ ਨੇ ਆਪਣੇ ਨਾਲ ਮਿਲਾਇਆ = ਮਿਲਾ ਲਿਆ ਹੈ। ਭਾਵ ਉਹ ਜੰਮਣ ਮਰਣ ਤੋਂ ਰਹਿਤ ਹੋ ਗਿਆ ਹੈ ॥੪॥੯॥

[ਅੰਗ ੧੫੪]

## ਗਉੜੀ, ਮਹਲਾ ੧ ॥

## ਕਿਰਤੁ ਪਇਆ; ਨਹ ਮੇਟੈ ਕੋਇ ॥ ਕਿਆ ਜਾਣਾ; ਕਿਆ ਆਗੈ ਹੋਇ ॥

ਜੋ ਜੀਵ ਦੇ ਕਿਰਤੁ = ਕੀਤੇ ਕਰਮਾਂ ਦਾ ਮੱਥੇ ਤੇ ਲੇਖ ਪਇਆ = ਪਿਆ ਹੋਇਆ ਹੈ, ਉਸ ਨੂੰ ਕੋਇ = ਕੋਈ ਵੀ ਮੇਟੈ = ਮੇਟ ਨਹ = ਨਹੀਂ ਸਕਦਾ। ਜੈਸਾ ਕਿ :

**ਅਵੱਸ਼ਜ ਮੇਵ ਭੋਕਤਬਯੰ ਕ੍ਰਿਤਮ ਕਰਮ ਸ਼ੁਭਾਸ਼ੁਭੰ।**
**ਨ ਭੁਕਤੰ ਖੀਯਤੇ ਕਰਮ ਕਲਪ ਕੋਟਿ ਸਤਈ: ਅਪਿ।**

ਕਿਆ = ਕੀ ਜਾਣਾ = ਜਾਨਣਾ ਕਰੀਏ ਕਿ ਆਗੈ = ਅੱਗੇ (ਪ੍ਰਲੋਕ ਵਿਚ ਜਾ ਕੇ ਜੀਵ ਨੂੰ ਕਿਆ = ਕੀ ਫਲ ਪ੍ਰਾਪਤ ਹੋਇ = ਹੋਵੇਗਾ।)

## ਜੋ ਤਿਸੁ ਭਾਣਾ; ਸੋਈ ਹੂਆ ॥ ਅਵਰੁ ਨ; ਕਰਣੈ ਵਾਲਾ ਦੂਆ ॥੧॥

ਜੋ ਤਿਸੁ = ਉਸ ਵਾਹਿਗੁਰੂ ਦਾ ਭਾਣਾ = ਹੁਕਮ ਮੰਨਣਾ ਕਰਦਾ ਹੈ **ਵਾ:** ਜੋ ਤਿਸੁ = ਉਸ ਵਾਹਿਗੁਰੂ ਨੂੰ ਭਾ ਗਿਆ, ਉਹ ਵਾਹਿਗੁਰੂ ਦਾ ਹੀ ਰੂਪ ਹੂਆ = ਹੋ ਜਾਂਦਾ ਹੈ। ਉਸ ਨੇ ਜਾਣ ਲਿਆ ਕਿ ਪਰਮੇਸ਼ਰ ਤੋਂ ਬਿਨਾਂ ਅਵਰੁ = ਹੋਰ ਦੂਆ = ਦੂਸਰਾ ਕੋਈ ਕੁਝ ਕਰਨ ਵਾਲਾ ਨਹੀਂ ਹੈ ॥੧॥

## ਨਾ ਜਾਣਾ ਕਰਮ; ਕੇਵਡ ਤੇਰੀ ਦਾਤਿ ॥
## ਕਰਮੁ ਧਰਮੁ; ਤੇਰੇ ਨਾਮ ਕੀ ਜਾਤਿ ॥੧॥ਰਹਾਉ॥

ਮੈਂ ਆਪਣੇ ਕੀਤੇ ਕਰਮਾਂ ਨੂੰ ਨਹੀਂ ਜਾਣਾ = ਜਾਣਦਾ ਕਿ ਇਨ੍ਹਾਂ ਦਾ ਕਿੱਡਾ ਕੁ ਵੱਡਾ ਫਲ ਹੈ ਅਤੇ ਤੇਰੀ ਦਾਤ ਕੇਵਡ = ਕਿਤਨੀ ਕੁ ਵੱਡੀ ਹੈ। ਜਿਸ ਕਰਕੇ ਕਰਮਾਂ ਦੇ ਜਾਲ ਤੋਂ ਛੁੱਟ ਜਾਈਦਾ ਹੈ **ਵਾ:** ਮੈਂ ਨਹੀਂ ਜਾਣਦਾ ਕਿ ਤੁਸੀਂ ਕਰਮ ਬਖ਼ਸ਼ੀ ਕ੍ਰਿਪਾਲਤਾ ਕਰਕੇ ਕਿੰਨੀ ਕੁ ਵੱਡੀ ਬ੍ਰਹਮ ਗਿਆਨ ਦੀ ਦਾਤ ਬਖ਼ਸ਼ਣ ਵਾਲੇ ਹੋ।

ਹੇ ਪਰਮੇਸ਼ਰ ! ਤੇਰੇ = ਤੁਹਾਡੇ ਨਾਮ ਕੀ = ਦੀ ਹੀ ਮੇਰੀ ਉੱਤਮ ਜਾਤਿ = ਜਾਤੀ ਤੇ ਨਿੱਤ ਨਮਿੱਤ ਆਦਿ ਕਰਮ, ਯੱਗ ਆਦਿ ਧਰਮ ਹਨ **ਵਾ:** ਕਰਮ ਧਰਮ ਤੇਰੇ ਨਾਮ ਦੀ ਜਾਤਿ = ਗਿਆਤ ਵਿਚ ਹੀ ਹਨ **ਵਾ:** ਤੇਰੇ ਨਾਮ ਦੀ ਕਮਾਈ ਕਰਕੇ ਹੀ ਜਾਤਿ = ਬੁੱਧੀ ਅੰਦਰ ਗਿਆਨ ਪ੍ਰਾਪਤ ਹੋਇਆ ਹੈ, ਇਹੋ ਮੇਰੇ ਨਿਸ਼ਕਾਮ ਕਰਮ ਤੇ ਯੱਗ ਆਦਿ ਧਰਮ ਹਨ ॥੧॥ਰਹਾਉ॥

## ਤੂ ਏਵਡੁ ਦਾਤਾ; ਦੇਵਣਹਾਰੁ ॥ ਤੋਟਿ ਨਾਹੀ; ਤੁਧੁ ਭਗਤਿ ਭੰਡਾਰ ॥

ਹੇ ਦੇਵਣਹਾਰ ਪਰਮੇਸ਼ਰ ਤੂੰ ਏਵਡੁ = ਇਤਨਾ ਵੱਡਾ ਦਾਤਾ ਹੈਂ ਕਿ ਹੋਰ ਤੇਰੇ ਜਿੱਡਾ ਕੋਈ ਨਹੀਂ ਹੈ। ਭਾਵ ਤੂੰ ਸਭ ਤੋਂ ਵੱਡਾ ਦਾਤਾ ਹੈਂ।

ਭਗਤਾਂ ਦੇ ਹਿਰਦਿਆਂ ਵਿਚ ਤੁਧੁ = ਤੁਹਾਡੀ ਭਗਤੀ ਦੇ ਭੰਡਾਰੇ ਭਰੇ ਪਏ ਹਨ। ਉਨ੍ਹਾਂ 'ਤੇ ਆਪ ਇਤਨੀ ਵੱਡੀ ਬਖ਼ਸ਼ਿਸ਼ ਕਰਦੇ ਹੋ ਕਿ ਤੋਟਿ = ਘਾਟਾ ਨਾਹੀ = ਨਹੀਂ ਆਉਂਦਾ।

## ਕੀਆ ਗਰਬੁ; ਨ ਆਵੈ ਰਾਸਿ ॥ ਜੀਉ ਪਿੰਡੁ; ਸਭੁ ਤੇਰੈ ਪਾਸਿ ॥੨॥

ਜਿਸ ਪੁਰਖ ਨੇ ਤੇਰੇ ਨਾਲ ਗਰਬੁ = ਹੰਕਾਰ ਕੀਆ = ਕੀਤਾ ਹੈ, ਉਸ ਦਾ ਹੰਕਾਰ ਰਾਸਿ = ਸੱਚਿਆਈ ਵਿਚ ਨਹੀਂ ਆਵੈ = ਆਉਂਦਾ।

ਮੇਰਾ ਤਾਂ ਜੀਉ = ਮਨ, ਪਿੰਡੁ = ਸਰੀਰ, ਧਨ ਆਦਿਕ ਸਭ ਕੁਝ ਤੇਰੈ = ਤੁਹਾਡੇ ਪਾਸਿ = ਕੋਲ ਅਰਪਨ ਕੀਤਾ ਹੈ ॥੨॥

## ਤੂ ਮਾਰਿ ਜੀਵਾਲਹਿ; ਬਖਸਿ ਮਿਲਾਇ ॥ ਜਿਉ ਭਾਵੀ; ਤਿਉ ਨਾਮੁ ਜਪਾਇ ॥

ਹੇ ਪ੍ਰਭੂ ! ਤੂੰ ਆਪ ਹੀ ਸਾਰੇ ਜੀਵਾਂ ਦੀ ਉਮਰ ਪੂਰੀ ਕਰਕੇ ਮਾਰਨ ਵਾਲਾ ਹੈਂ ਤੇ ਆਪ ਹੀ ਜਿਊਂਦੇ ਕਰਨ ਵਾਲਾ ਹੈਂ। ਤੂੰ ਹੀ ਗੁਰਾਂ ਦੁਆਰਾ ਬਖ਼ਸ਼ਸ਼ ਕਰਕੇ ਆਪਣੇ ਸਰੂਪ ਨਾਲ ਮਿਲਾਈ = ਮਿਲਾ ਲੈਂਦਾ ਹੈ। ਇਸੇ ਪ੍ਰਕਾਰ ਤੂੰ ਜੀਵਤ ਭਾਵ ਤੋਂ ਮਾਰ ਕੇ ਜੀਵਨ ਮੁਕਤੀ, ਸਚ ਅਨੰਦ ਰੂਪ ਜੀਵਨ ਦੇ ਕੇ ਆਪਣੇ ਸਰੂਪ ਵਲ ਜਿਊਂਦੇ ਕਰ ਲੈਂਦਾ ਹੈਂ **ਵਾ:** ਅਗਿਆਨ ਵੱਲੋਂ ਮਾਰ ਕੇ ਬ੍ਰਹਮ ਗਿਆਨ ਵਿਚ ਜਿਊਂਦੇ ਕਰ ਲੈਂਦਾ ਹੈਂ ਅਤੇ ਅਉਗਣਾਂ ਨੂੰ ਬਖ਼ਸ਼ ਕੇ ਆਪਣੇ ਸਰੂਪ ਵਿਚ ਮਿਲਾ ਲੈਂਦਾ ਹੈਂ। ਹੇ ਪਰਮੇਸ਼ਰ ! ਜਿਉ = ਜਿਵੇਂ ਤੈਨੂੰ ਭਾਵੀ = ਭਾਉਂਦਾ ਹੈ ਤਿਉ = ਤਿਵੇਂ ਹੀ ਮੇਰੇ ਕੋਲੋਂ ਆਪਣਾ ਨਾਮ ਜਪਾਇ = ਜਪਾਉਣਾ ਕਰ।

## ਤੂੰ ਦਾਨਾ ਬੀਨਾ; ਸਾਚਾ ਸਿਰਿ ਮੇਰੈ ॥ ਗੁਰਮਤਿ ਦੇਇ; ਭਰੋਸੈ ਤੇਰੈ ॥੩॥

ਤੂੰ ਹੀ ਜੀਵਾਂ ਦੀਆਂ ਗੁਪਤ ਗੱਲਾਂ ਨੂੰ ਦਾਨਾ = ਜਾਨਣ ਵਾਲਾ ਹੈਂ **ਵਾ:** ਸਾਰਿਆਂ ਦਾ ਦਾਨਾ = ਗਿਆਤਾ ਹੈਂ, ਸਾਰਿਆਂ ਨੂੰ ਦੇਖਣ ਵਾਲਾ ਬੀਨਾ = ਦ੍ਰਿਸ਼ਟਾ ਰੂਪ ਹੈਂ ਅਤੇ ਮੇਰੇ ਸਿਰ 'ਤੇ ਸਚਾ ਸਾਹਿਬ ਹੈਂ **ਵਾ:** ਤੂੰ ਮੇਰਾ ਸਾਚਾ = ਨਾਸ਼ ਤੋਂ ਰਹਿਤ ਸਾਰਿਆਂ ਦਾ ਸਿਰਿ = ਸ਼੍ਰੋਮਣੀ ਹੈਂ।

ਹੇ ਪ੍ਰਭੂ ! ਮੈਨੂੰ ਗੁਰਮਤਿ = ਗੁਰਾਂ ਦੀ ਸਿੱਖਿਆ ਦੇਇ = ਦੇਵੋ ਤਾਂ ਜੋ ਮੈਂ ਤੇਰੈ = ਤੁਹਾਡੇ ਹੀ ਭਰੋਸੇ ਹੋ ਜਾਵਾਂ ॥੩॥

## ਤਨ ਮਹਿ ਮੈਲੁ ਨਾਹੀ; ਮਨੁ ਰਾਤਾ ॥ ਗੁਰ ਬਚਨੀ; ਸਚੁ ਸਬਦਿ ਪਛਾਤਾ ॥

ਹੇ ਪ੍ਰਭੂ ! ਜਿਸ ਦਾ ਤੇਰੇ ਨਾਮ ਰੰਗ ਵਿਚ ਮਨ ਰਾਤਾ = ਰੰਗਿਆ ਗਿਆ ਹੈ ਉਸ ਦੇ ਤਨ = ਸਰੀਰ ਵਿਚ ਹੰਗਤਾ, ਅਵਿੱਦਿਆ ਆਦਿ ਦੀ ਮੈਲੁ ਨਾਹੀ = ਨਹੀਂ ਰਹਿੰਦੀ।

ਕਿਉਂਕਿ ਉਸ ਨੇ ਗੁਰ ਬਚਨੀ = ਗੁਰਾਂ ਦੇ ਬਚਨਾਂ ਦੁਆਰਾ ਸੱਚੇ ਸਬਦਿ = ਉਪਦੇਸ਼ ਵਿਚ ਬਿਰਤੀ ਜੋੜ ਕੇ ਤੇਰੇ ਸਰੂਪ ਨੂੰ ਪਛਾਤਾ = ਪਛਾਣਿਆ ਹੈ।

## ਤੇਰਾ ਤਾਣੁ; ਨਾਮ ਕੀ ਵਡਿਆਈ ॥
## ਨਾਨਕ; ਰਹਣਾ ਭਗਤਿ ਸਰਣਾਈ ॥੪॥੧੦॥

ਹੇ ਮਹਾਰਾਜ ! ਉਸ ਨੂੰ ਸਰੀਰ ਕਰਕੇ ਤੇਰਾ ਹੀ ਤਾਣੁ = ਬਲ ਹੈ ਅਤੇ ਉਹ ਤੇਰੇ ਨਾਮ ਕੀ = ਦੀ ਹੀ ਵਡਿਆਈ = ਉਪਮਾ ਕਰਦਾ ਹੈ **ਵਾ:** ਨਾਮ ਦੀ ਕਮਾਈ ਕਰਨੇ ਕਰਕੇ ਹੀ ਉਸਦੀ ਲੋਕ ਪਰਲੋਕ ਵਿਚ ਵਡਿਆਈ ਹੁੰਦੀ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਉਹ ਭਗਤੀ ਕਰਦੇ ਹੋਏ ਸਦਾ ਹੀ ਤੇਰੀ ਸ਼ਰਣ ਵਿਚ ਰਹਿਣਾ ਕਰਦਾ ਹੈ। **ਅਥਵਾ** ਜਿਸ ਨੂੰ ਤੇਰਾ ਤਾਣੁ = ਬਲ, ਨਾਮ ਦੀ ਵਡਿਆਈ ਪ੍ਰਾਪਤ ਹੈ, ਉਸ ਨੇ ਗੁਰ ਸ਼ਰਣ ਵਿਚ ਆ ਕੇ ਭਗਤੀ ਵਿਚ ਰਹਿਣਾ ਕੀਤਾ ਹੈ ॥੪॥੧੦॥

# ਗਉੜੀ, ਮਹਲਾ ੧ ॥

ਸਿਖਾਂ ਨੇ ਪੁੱਛਿਆ ਕਿ ਹੇ ਸਤਿਗੁਰੂ ਜੀ ਸਭ ਪ੍ਰਕਾਰ ਦਾ ਡਰ ਕਿਵੇਂ ਨਵਿਰਤ ਹੁੰਦਾ ਹੈ, ਤਾਂ ਗੁਰੂ ਜੀ ਫ਼ੁਰਮਾਉਂਦੇ ਹਨ :

## ਜਿਨਿ ਅਕਥੁ ਕਹਾਇਆ; ਅਪਿਓ ਪੀਆਇਆ ॥

(ਅੱਧਕ ਸਹਿਤ **ਅਕੱਥ** ਬੋਲੋ)

ਜਿਨਿ = ਜਿਨ੍ਹਾਂ ਨੇ ਅਕਥੁ = ਕਥਨ ਤੋਂ ਰਹਿਤ ਪਰਮੇਸ਼ਰ ਦੇ ਜਸ ਨੂੰ ਆਪ ਕਹਿਆ ਅਤੇ ਹੋਰਨਾਂ ਪਾਸੋਂ ਕਹਾਇਆ = ਕਹਾਉਣਾ ਕੀਤਾ ਹੈ ਉਨ੍ਹਾਂ ਨੇ ਆਪ ਨਾਮ ਅਪਿਓ = ਅੰਮ੍ਰਿਤ ਪੀਤਾ ਹੈ ਤੇ ਹੋਰਨਾਂ ਨੂੰ ਵੀ ਪੀਆਇਆ = ਪਿਲਾਉਣਾ ਕੀਤਾ ਹੈ।

## ਅਨ ਭੈ ਵਿਸਰੇ; ਨਾਮਿ ਸਮਾਇਆ ॥੧॥

ਉਨ੍ਹਾਂ ਦੇ ਅਨ = ਹੋਰ ਸਾਰੇ ਲੋਕ ਪ੍ਰਲੋਕ ਆਦਿ ਦੇ ਭੈ = ਡਰ ਵਿਸਰੇ = ਨਵਿਰਤ ਹੋ ਗਏ ਹਨ ਕਿਉਂਕਿ ਉਨ੍ਹਾਂ ਦਾ ਮਨ ਨਾਮ ਵਿਚ ਸਮਾਇਆ = ਮਿਲਿਆ ਹੋਇਆ ਹੈ ॥੧॥

## ਕਿਆ ਡਰੀਐ; ਡਰੁ ਡਰਹਿ ਸਮਾਨਾ ॥

ਉਨ੍ਹਾਂ ਨੇ ਹੋਰ ਕਿਸੇ ਤੋਂ ਕਿਆ = ਕੀ ਡਰਨਾ ਹੈ ਕਿਉਂਕਿ ਉਨ੍ਹਾਂ ਦਾ ਜਮ ਆਦਿਕ ਦਾ ਡਰ ਪਰਮੇਸ਼ਰ ਦੇ ਡਰਹਿ = ਡਰ ਵਿਚ ਸਮਾਨਾ = ਸਮਾ ਭਾਵ ਨਾਸ ਹੋ ਗਿਆ ਹੈ **ਵਾ:** ਹੇ ਗੁਰਸਿੱਖੋ ਕਿਸ ਵਾਸਤੇ ਡਰੀਏ, ਪਰਮੇਸ਼ਰ ਦਾ ਭੈ ਅੰਦਰ ਧਾਰਿਆਂ ਦੁਨੀਆਂ ਦੇ ਸਾਰੇ ਡਰ ਲੈਅ ਹੋ ਜਾਂਦੇ ਹਨ।

## ਪੂਰੇ ਗੁਰ ਕੈ; ਸਬਦਿ ਪਛਾਨਾ ॥੧॥ਰਹਾਉ॥

ਪੂਰੇ = ਪੂਰਿਆਂ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਬ੍ਰਹਮ ਨੂੰ ਪਛਾਣ ਲਿਆ ਹੈ ॥੧॥ਰਹਾਉ॥

## ਜਿਸੁ ਨਰ; ਰਾਮੁ ਰਿਦੈ ਹਰਿ ਰਾਸਿ ॥

ਜਿਸ ਨਰ = ਮਨੁੱਖ ਦੇ ਰਿਦੈ = ਹਿਰਦੇ ਵਿਚ ਰਾਮੁ = ਪਰਮੇਸ਼ਰ ਦੀ ਸ਼ਰਧਾ ਰੂਪੀ ਰਾਸਿ = ਪੂੰਜੀ ਹੈ।

## ਸਹਜਿ ਸੁਭਾਇ; ਮਿਲੇ ਸਾਬਾਸਿ ॥੨॥

ਉਸ ਨੂੰ ਸਹਜਿ ਸੁਭਾਇ = ਸੁਤੇਸਿੱਧ ਸੁਭਾਵਿਕ ਹੀ ਪਰਲੋਕ ਵਿਚ ਸਾਬਾਸਿ = ਧੰਨਤਾ ਮਿਲਦੀ ਹੈ, ਭਾਵ ਸਾਰਿਆਂ ਥਾਵਾਂ ਵਿਚ ਉਨ੍ਹਾਂ ਨੂੰ ਧੰਨਤਾ ਦੇ ਯੋਗ ਕਿਹਾ ਜਾਂਦਾ ਹੈ ॥੨॥ ਜੈਸਾ ਕਿ :

**ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ ਓਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ ॥**

*(ਸਿਰੀਰਾਗੁ ਕੀ ਵਾਰ, ਮ: ੪, ਅੰਗ ੮੭)*

## ਜਾਹਿ ਸਵਾਰੈ; ਸਾਝ ਬਿਆਲ ॥ ਇਤ ਉਤ; ਮਨਮੁਖ ਬਾਧੇ ਕਾਲ ॥੩॥

ਜਾਹਿ = ਜਿਨ੍ਹਾਂ ਨੂੰ ਪਰਮੇਸ਼ਰ ਨੇ ਸਾਝ ਬਿਆਲ = ਰਾਤ ਦਿਨ ਮਾਇਆ ਵਿਚ ਸੁਆ ਛੱਡਿਆ ਹੈ, ਉਹ ਮਨਮੁਖ ਕਾਲ ਦੇ ਬਾਧੇ = ਬੰਨ੍ਹੇ ਹੋਏ ਇਤ ਉਤ = ਲੋਕ ਪਰਲੋਕ ਵਿਚ ਧੱਕੇ ਖਾਂਦੇ ਹਨ ਭਾਵ ਉਨ੍ਹਾਂ ਨੂੰ ਕਦੇ ਵੀ ਸੁਖ ਨਹੀਂ ਮਿਲਦਾ **ਅਥਵਾ** ਗੁਰਮੁਖ ਜਨਾਂ ਦੇ ਜੀਵਨ ਨੂੰ ਪਰਮੇਸ਼ਰ ਗੁਰ ਉਪਦੇਸ਼ ਦੁਆਰਾ ਸਵਾਰੈ = ਸਵਾਰ ਕੇ ਅਵਿੱਦਿਆ ਰੂਪੀ ਸਾਝ = ਰਾਤ ਤੋਂ ਗਿਆਨ ਰੂਪੀ ਬਿਆਲ = ਦਿਨ ਚਾੜ੍ਹ ਦਿੰਦਾ ਹੈ।

ਜਿਸ ਦਾ ਸਦਕਾ ਗੁਰਮੁਖ ਜਨਾਂ ਨੇ ਮਨ ਤੇ ਮੁਖ ਕਰਕੇ ਲੋਕ ਤੇ ਪ੍ਰਲੋਕ ਵਿਚ ਕਾਲ ਨੂੰ ਬੰਨ ਲਿਆ ਹੈ **ਵਾ:** ਪਰ ਮਨਮੁਖਾਂ ਨੂੰ ਲੋਕ ਪਰਲੋਕ ਵਿਚ ਕਾਲ ਹੀ ਨਾਸ ਕਰਦਾ ਹੈ॥੩॥

## ਅਹਿ ਨਿਸਿ, ਰਾਮੁ ਰਿਦੈ; ਸੇ ਪੂਰੇ ॥

ਜੋ ਅਹਿ ਨਿਸਿ = ਰਾਤ ਦਿਨੇ ਪਰਮੇਸ਼ਰ ਦੇ ਨਾਮ ਨੂੰ ਰਿਦੈ = ਹਿਰਦੇ ਵਿਚ ਵਸਾਉਂਦੇ ਹਨ, ਸੇ = ਉਹ ਪੂਰੇ = ਪੂਰਨ ਪੁਰਖ ਹਨ।

## ਨਾਨਕ ਰਾਮ ਮਿਲੇ; ਭ੍ਰਮ ਦੂਰੇ ॥੪॥੧੧॥

ਸਤਿਗੁਰੂ ਜੀ ਕਥਨ ਕਰਦੇ ਹਨ ਉਹ ਰਾਮ = ਪਰਮੇਸ਼ਰ ਵਿਚ ਮਿਲੇ = ਅਭੇਦ ਹੋ ਗਏ ਹਨ, ਉਨ੍ਹਾਂ ਦੇ ਸਾਰੇ ਭਰਮ ਦੂਰੇ = ਨਵਿਰਤ ਹੋ ਗਏ ਹਨ॥੪॥੧੧॥

## ਗਉੜੀ, ਮਹਲਾ ੧ ॥

ਹੇ ਮਹਾਰਾਜ! ਜੀਵ ਜੰਮਦੇ ਮਰਦੇ ਕਿਉਂ ਹਨ ਤਾਂ ਹਜ਼ੂਰ ਫ਼ੁਰਮਾਉਂਦੇ ਹਨ:

## ਜਨਮਿ ਮਰੈ; ਤ੍ਰੈ ਗੁਣ ਹਿਤਕਾਰੁ ॥ ਚਾਰੇ ਬੇਦ ਕਥਹਿ; ਆਕਾਰੁ ॥

ਹੇ ਭਾਈ! ਜੀਵ ਤ੍ਰੈ = ਤਿੰਨ ਗੁਣਾਂ ਰਾਜਸੀ, ਤਾਮਸੀ, ਸਾਤਕੀ ਦੇ ਨਾਲ ਹਿਤਕਾਰੁ = ਪ੍ਰੇਮ ਹੋਣ ਕਰਕੇ ਹੀ ਜਨਮਿ = ਜੰਮਦੇ ਤੇ ਮਰੈ = ਮਰਦੇ ਹਨ, ਚਾਰੇ ਬੇਦ ਹੀ ਤਿੰਨਾਂ ਗੁਣਾਂ ਵਾਲੇ ਸੰਸਾਰ ਦਾ ਹੀ ਆਕਾਰੁ = ਰੂਪ ਕਥਹਿ = ਕਥਨ ਕਰਦੇ ਹਨ **ਵਾ:** ਚਾਰੇ ਵੇਦ ਵੀ ਇਹੋ ਕਥਨ ਕਰਦੇ ਹਨ ਕਿ ਤ੍ਰਿਗੁਣ ਆਤਮਿਕ ਮਾਇਆ ਨਾਲ ਪ੍ਰੇਮ ਕਰਨ ਵਾਲਾ ਮਨੁੱਖ ਆਕਾਰ = ਸਰੀਰ ਨੂੰ ਧਾਰਦਾ ਹੈ।

**ਅਥਵਾ** ਚਾਰੇ ਵੇਦ ਇਹੋ ਹੀ ਕਥਨ ਕਰਦੇ ਹਨ ਕਿ ਆਕਾਰੁ = ਰੂਪ ਵਾਲਾ ਸੰਸਾਰ ਤਿੰਨਾਂ ਗੁਣਾਂ ਤੋਂ ਬਣਿਆ ਹੈ, ਇਸ ਲਈ ਤਿੰਨਾਂ ਗੁਣਾਂ ਦੇ ਨਾਲ ਪ੍ਰੇਮ ਕਰਨ ਵਾਲਾ ਜਨਮ ਮਰਨ ਵਿਚ ਪਿਆ ਰਹੇਗਾ।

ਇਸੇ ਤਰ੍ਹਾਂ ਵੇਦ ਤਿੰਨ ਅਵਸਥਾਵਾਂ ਦਾ ਕਥਨ ਕਰਦੇ ਹਨ, ਤਿੰਨੇ ਅਵਸਥਾਵਾਂ ਤ੍ਰੈ ਗੁਣਾਤਮਕ ਹਨ ਇਸ ਕਰਕੇ ਤਿੰਨ ਗੁਣਾਂ ਦਾ ਹਿਤਕਾਰੀ ਵੀ ਜਨਮੇ ਮਰੇਗਾ।

## ਤੀਨਿ ਅਵਸਥਾ; ਕਹਹਿ ਵਖਿਆਨੁ ॥
## ਤੁਰੀਆਵਸਥਾ; ਸਤਿਗੁਰ ਤੇ ਹਰਿ ਜਾਨੁ ॥੧॥

(**ਤੁਰੀਆ-ਵਸਥਾ** ਬੋਲੋ)

ਜਾਗਤ, ਸੁਪਨ, ਸੁਖੋਪਤ ਤਿੰਨੇ ਅਵਸਥਾ ਦਾ ਬੇਦ ਕਥਨ ਕਰੀ ਜਾਂਦੇ ਹਨ, ਪਰ ਹਰਿ = ਪਰਮੇਸ਼ਰ ਦਾ ਗਿਆਨ ਸਰੂਪ ਤੁਰੀਆਵਸਥਾ ਸਤਿਗੁਰ ਤੋਂ ਹੀ ਜਾਣੀ ਜਾਂਦੀ ਹੈ।

ਤੁਰੀਆਵਸਥਾ = ਚੌਥੀ ਤੁਰੀਆ ਅਵਸਥਾ ਤਿੰਨਾਂ ਗੁਣਾਂ ਤੋਂ ਉੱਪਰ ਹਰਿ = ਪਰਮੇਸ਼ਰ ਰੂਪ ਹੈ, ਉਹ ਸਤਿਗੁਰਾਂ ਤੇ = ਤੋਂ ਹੀ ਜਾਨੁ = ਜਾਣੀ ਜਾਂਦੀ ਹੈ ਭਾਵ ਉਹ ਗੁਰੂ ਤੋਂ ਹੀ ਪ੍ਰਾਪਤ ਹੁੰਦੀ ਹੈ, ਬੇਦ ਦਾ ਪਾਠ ਪੜ੍ਹਨ ਨਾਲ ਨਹੀਂ ਪ੍ਰਾਪਤ ਹੋ ਸਕਦੀ॥੧॥

## ਰਾਮ ਭਗਤਿ; ਗੁਰ ਸੇਵਾ ਤਰਣਾ ॥

ਜੋ ਗੁਰਾਂ ਦੀ ਸੇਵਾ = ਟਹਿਲ ਕਰਕੇ ਰਾਮ = ਪਰਮੇਸ਼ਰ ਦੀ ਪ੍ਰੇਮਾ ਭਗਤਿ = ਭਗਤੀ ਕਰਦੇ ਹਨ, ਉਹ ਸੰਸਾਰ-ਸਮੁੰਦਰ ਤੋਂ ਤਰਨਾ ਕਰਦੇ ਹਨ, ਭਾਵ ਮੁਕਤ ਹੋ ਜਾਂਦੇ ਹਨ।

## ਬਾਹੁੜਿ ਜਨਮੁ; ਨ ਹੋਇ ਹੈ ਮਰਣਾ ॥੧॥ਰਹਾਉ॥

ਫੇਰ ਬਾਹੁੜਿ = ਮੁੜ ਕੇ ਉਨ੍ਹਾਂ ਦਾ ਨਾ ਹੀ ਜਨਮੁ = ਜੰਮਣਾ ਤੇ ਨਾ ਹੀ ਮਰਨਾ ਹੋਇ = ਹੁੰਦਾ ਹੈ ਭਾਵ ਉਹ ਪੁਰਖ ਜੰਮਣ ਮਰਣ ਦੇ ਦੁਖ ਤੋਂ ਮੁਕਤ ਹੋ ਜਾਂਦੇ ਹਨ ॥੧॥ਰਹਾਉ॥

## ਚਾਰਿ ਪਦਾਰਥ; ਕਹੈ ਸਭੁ ਕੋਈ ॥ ਸਿੰਮ੍ਰਿਤਿ ਸਾਸਤ; ਪੰਡਿਤ ਮੁਖਿ ਸੋਈ ॥

ਧਰਮ, ਅਰਥ, ਕਾਮ, ਮੋਖ ਰੂਪੀ ਚਾਰੇ ਪਦਾਰਥਾਂ[੧] ਬਾਰੇ ਸਭ ਕੋਈ ਕਹੈ = ਕਹਿੰਦਾ ਹੈ। ੨੭ ਸਿੰਮ੍ਰਿਤੀਆਂ, ਛੇ ਸ਼ਾਸਤਰਾਂ ਦੇ ਪੜ੍ਹਨ ਵਾਲੇ ਪੰਡਿਤ ਸੋਈ = ਉਹ ਵੀ ਮੁਖੋਂ ਇਹੋ ਉਚਾਰਨ ਕਰਦੇ ਹਨ।

## ਬਿਨੁ ਗੁਰ; ਅਰਥੁ ਬੀਚਾਰੁ, ਨ ਪਾਇਆ ॥

ਬਿਨਾਂ ਗੁਰੂ ਸਾਹਿਬ ਤੋਂ ਅਰਥੁ = ਸਿਧਾਂਤ ਦੀ ਵੀਚਾਰ ਨੂੰ ਕਿਸੇ ਨੇ ਨਹੀਂ ਪਾਇਆ = ਪਾਉਣਾ ਕੀਤਾ।

## ਮੁਕਤਿ ਪਦਾਰਥੁ; ਭਗਤਿ ਹਰਿ ਪਾਇਆ ॥੨॥

ਪਰੰਤੂ ਗੁਰਮੁਖ ਜਨਾਂ ਨੇ ਹੀ ਹਰਿ = ਹਰੀ ਪਰਮੇਸ਼ਰ ਦੀ ਭਗਤੀ ਕਰ ਕੇ ਮੁਕਤਿ = ਮੁਕਤੀ ਰੂਪ ਪਦਾਰਥ ਨੂੰ ਪਾਇਆ ਹੈ ॥੨॥

## ਜਾ ਕੈ ਹਿਰਦੈ; ਵਸਿਆ ਹਰਿ ਸੋਈ ॥ ਗੁਰਮੁਖਿ; ਭਗਤਿ ਪਰਾਪਤਿ ਹੋਈ ॥

ਜਾ = ਜਿਨ੍ਹਾਂ ਕੈ = ਦੇ ਹਿਰਦੇ ਵਿਚ ਸਾਰਿਆਂ ਨੂੰ ਹਰੇ ਭਰੇ ਕਰਨ ਵਾਲਾ ਸੋਈ = ਉਹ ਪਰਮੇਸ਼ਰ ਵੱਸ ਗਿਆ ਹੈ, ਉਨ੍ਹਾਂ ਨੂੰ ਗੁਰਮੁਖਿ = ਮੁਖੀ ਗੁਰਾਂ ਦੁਆਰਾ ਪਰਮੇਸ਼ਰ ਦੀ ਭਗਤਿ = ਭਗਤੀ ਪ੍ਰਾਪਤ ਹੋਈ ਹੈ।

## ਹਰਿ ਕੀ ਭਗਤਿ; ਮੁਕਤਿ ਆਨੰਦੁ ॥ ਗੁਰਮਤਿ ਪਾਏ; ਪਰਮਾਨੰਦੁ ॥੩॥

ਉਨ੍ਹਾਂ ਨੂੰ ਹਰਿ = ਪਰਮੇਸ਼ਰ ਕੀ = ਦੀ ਭਾਉ ਭਗਤੀ ਕਰਕੇ ਹੀ ਜੀਵਨ ਮੁਕਤੀ ਦਾ ਅਨੰਦ ਪ੍ਰਾਪਤ ਹੁੰਦਾ ਹੈ। ਕਿਉਂਕਿ ਉਨ੍ਹਾਂ ਨੇ ਗੁਰਮਤਿ = ਗੁਰਾਂ ਦੀ ਸਿੱਖਿਆ ਨੂੰ ਪਾਏ = ਪਾ ਕੇ ਪਰਮਾਨੰਦੁ = ਵੱਡੇ ਬ੍ਰਹਮਾਨੰਦ **ਵਾ**: ਅਨੰਦ ਸਰੂਪ ਪਰਮੇਸ਼ਰ ਨੂੰ ਪਾਉਣਾ ਕੀਤਾ ਹੈ ॥੩॥

## ਜਿਨਿ ਪਾਇਆ; ਗੁਰਿ ਦੇਖਿ ਦਿਖਾਇਆ ॥ ਆਸਾ ਮਾਹਿ; ਨਿਰਾਸੁ ਬੁਝਾਇਆ ॥

(**ਬੁਝਾਇਆ** ਕੱਸ ਕੇ ਬੋਲੋ)

ਜਿਨਿ = ਜਿਨ੍ਹਾਂ ਨੇ ਬ੍ਰਹਮਾਨੰਦ ਨੂੰ ਪਾਇਆ = ਪਾਉਣਾ ਕੀਤਾ ਹੈ, ਉਨ੍ਹਾਂ ਨੂੰ ਹਿਰਦੇ 'ਚੋਂ ਹੀ ਆਪਣੇ ਸਰੂਪ ਨੂੰ ਦੇਖਿ = ਵੇਖਣ ਵਾਲੇ ਗੁਰਾਂ ਨੇ ਪਰਮੇਸ਼ਰ ਪ੍ਰਗਟ ਕਰਕੇ ਦਿਖਾਇਆ = ਦਿੱਖਾ ਦਿੱਤਾ ਹੈ। ਆਸਾ ਰੂਪ ਜਗ ਦੇ ਵਿਚ ਨਿਰਾਸੁ = ਆਸਾ ਤੋਂ ਹੀਣ ਰਹਿਣਾ ਗੁਰਾਂ ਨੇ ਬੁਝਾਇਆ = ਸਮਝਾ ਦਿੱਤਾ ਹੈ।

## ਦੀਨਾ ਨਾਥੁ; ਸਰਬ ਸੁਖਦਾਤਾ ॥ ਨਾਨਕ ਹਰਿ ਚਰਣੀ; ਮਨੁ ਰਾਤਾ ॥੪॥੧੨॥

ਪਰਮੇਸ਼ਰ ਸਾਰਿਆਂ ਦੀਨਾ = ਗ਼ਰੀਬਾਂ ਦਾ ਨਾਥੁ = ਸੁਆਮੀ ਤੇ ਸਰਬ = ਸਾਰਿਆਂ ਸੁਖਾਂ ਦਾ ਦਾਤਾ ਹੈ। ਗੁਰੂ ਜੀ ਕਥਨ ਕਰਦੇ ਹਨ, ਅੱਗੇ ਹਰਿ = ਅਕਾਲ ਪੁਰਖ ਦੇ ਚਰਣੀ = ਚਰਣਾਂ ਕਮਲਾਂ ਨਾਲ ਗੁਰਮੁਖ ਜਨਾਂ ਦਾ ਮਨ ਰਾਤਾ = ਰੰਗਿਆ ਰਹਿੰਦਾ ਹੈ ॥੪॥੧੨॥

---

੧. ਧਰਮ = ਸੱਚ ਅਨੰਦ ਰੂਪ ਦਾ ਜਾਨਣਾ, ਅਰਥ = ਪਰਮੇਸ਼ਰ ਦਾ ਨਾਮ, ਕਾਮ = ਪਰਮੇਸ਼ਰ ਦੇ ਦਰਸ਼ਨ ਕਰਕੇ ਕਾਮਨਾਵਾਂ ਪੂਰੀਆਂ ਕਰਨਾ, ਮੋਖ = ਜੀਵ ਈਸ ਦੀ ਏਕਤਾ ਹੋਣੀ।

## ਗਉੜੀ ਚੇਤੀ, ਮਹਲਾ ੧ ॥

ਇਸ ਸ਼ਬਦ ਵਿਚ ਜੀਵ ਤੇ ਦੇਹ ਦੋਹਾਂ ਦਾ ਸੰਬਾਦ ਕਰਦੇ ਗੁਰੂ ਸਾਹਿਬ ਆਪ ਤਟਸਥੀ ਰੂਪ ਹੋ ਕੇ ਉਪਦੇਸ਼ ਦੇਣਗੇ।

ਜੀਵ ਨੇ ਕਿਹਾ :

**ਅੰਮ੍ਰਿਤ ਕਾਇਆ ਰਹੈ ਸੁਖਾਲੀ; ਬਾਜੀ ਇਹੁ ਸੰਸਾਰੋ ॥**

ਹੇ ਮੇਰੀ ਕਾਇਆ = ਦੇਹ! ਤੂੰ ਆਪਣੇ ਆਪ ਨੂੰ ਅੰਮ੍ਰਿਤ = ਅਮਰ ਮੰਨ ਕੇ ਸੁਖਾਲੀ = ਸੁੱਖਦਾਈ ਰਹੈ = ਰਹਿੰਦੀ ਹੈਂ **ਵਾ:** ਤੂੰ ਆਪਣੇ ਆਪ ਨੂੰ ਮ੍ਰਿਤੂ ਤੋਂ ਰਹਿਤ ਮੰਨ ਕੇ ਪਦਾਰਥਾਂ ਦੇ ਸੁਖਾਂ ਨੂੰ ਭੋਗਦੀ ਰਹਿੰਦੀ ਹੈਂ ਪਰ ਇਹ ਸੰਸਾਰ ਤਾਂ ਬਾਜ਼ੀਗਰ ਦੀ ਬਾਜੀ = ਖੇਲ ਦੀ ਨਿਆਈਂ ਹੈ **ਵਾ:** ਇਸ ਸੰਸਾਰ ਰੂਪੀ ਬਾਜ਼ੀ ਨੂੰ ਕਿਉਂ ਸੱਚਾ ਮੰਨੀ ਬੈਠੀ ਹੈਂ।

**ਲਬੁ ਲੋਭੁ ਮੁਚੁ ਕੂੜੁ ਕਮਾਵਹਿ; ਬਹੁਤੁ ਉਠਾਵਹਿ ਭਾਰੋ ॥**

ਦੇਹ ਕਹਿੰਦੀ ਹੈ ਕਿ ਹੇ ਜੀਵ! ਤੂੰ ਪਦਾਰਥਾਂ ਦੇ ਖਾਣ ਦਾ ਲਬੁ = ਲਾਲਚ, ਪਦਾਰਥਾਂ ਦੇ ਇਕੱਤਰ ਕਰਨ ਦਾ ਲੋਭੁ = ਲਾਲਚ ਅਤੇ ਹਰ ਸਮੇਂ ਮੁਚੁ = ਬਹੁਤੀਆਂ ਝੂਠ ਦੀਆਂ ਕਮਾਈਆਂ ਕਮਾਵਹਿ = ਕਮਾਉਂਦਾ ਹੈਂ। ਇਸ ਕਰਕੇ ਤੂੰ ਮੈਨੂੰ ਪਾ ਕੇ ਸਿਰ 'ਤੇ ਬਹੁਤ ਭਾਰ ਉਠਾਵਹਿ = ਉਠਾ ਰਿਹਾ ਹੈਂ, ਇਹ ਤੂੰ ਯੋਗ ਨਹੀਂ ਕਰ ਰਿਹਾ।

**ਤੂੰ ਕਾਇਆ, ਮੈ ਰੁਲਦੀ ਦੇਖੀ; ਜਿਉ ਧਰ ਉਪਰਿ ਛਾਰੋ ॥੧॥**

ਜੀਵ ਆਖਦਾ ਹੈ ਕਿ ਹੇ ਕਾਇਆ = ਦੇਹ! ਜਦੋਂ ਮੈਂ ਤੇਰੇ (ਦੇਹ) ਵਿੱਚੋਂ ਨਿਕਲ ਕੇ ਚਲਿਆ ਜਾਂਦਾ ਹਾਂ ਤਾਂ ਮੈਂ ਤੈਨੂੰ ਖਾਕ (ਮਿੱਟੀ) ਬਣਦੀ ਹੋਈ ਨੂੰ ਰੁਲਦੀ ਵੇਖਿਆ ਹੈ ਜਿਉ = ਜਿਵੇਂ ਧਰ = ਧਰਤੀ ਉਪਰਿ = ਉੱਤੇ ਛਾਰੋ = ਸਵਾਹ ਉੱਡਦੀ ਹੁੰਦੀ ਹੈ ॥੧॥

**ਸੁਣਿ ਸੁਣਿ; ਸਿਖ ਹਮਾਰੀ ॥**

(**ਸਿਖ** ਕੱਸ ਕੇ ਬੋਲੋ)

ਦੇਹ ਆਖਦੀ ਹੈ ਕਿ ਹੇ ਜੀਵ! ਸ਼ਰਧਾ ਤੇ ਵਿਸ਼ਵਾਸ ਰੂਪੀ ਸੁਣਿ = ਕੰਨਾਂ **ਵਾ:** ਸਤਿ ਸ਼ਾਸਤਰਾਂ ਦੁਆਰਾ ਹਮਾਰੀ = ਮੇਰੀ ਸਿਖ = ਸਿੱਖਿਆ ਨੂੰ ਸੁਣਿ = ਸੁਨਣਾ ਕਰ।

**ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ; ਬਹੁੜਿ ਨ ਆਵੈ ਵਾਰੀ ॥੧॥ਰਹਾਉ॥**

(**ਰਹਸੀ** ਪੋਲਾ ਬੋਲੋ)

ਹੇ ਮੇਰੇ ਜੀਅੜੇ = ਪਿਆਰੇ ਜੀਵ! ਮਨੁੱਖਾ ਜਨਮ ਵਿਚ ਤੇਰਾ ਕੀਤਾ ਹੋਇਆ ਸੁਕ੍ਰਿਤੁ = ਸ਼੍ਰੇਸ਼ਟ ਕਰਮ ਹੀ ਤੇਰੇ ਨਾਲ ਰਹਸੀ = ਰਹੇਗਾ। ਤੂੰ ਇਹ ਯਾਦ ਰੱਖ ਬਹੁੜਿ = ਮੁੜ ਕੇ ਤੈਨੂੰ ਮਨੁੱਖਾ ਦੇਹੀ ਦੇ ਮਿਲਣ ਦੀ ਵਾਰੀ ਨਹੀਂ ਆਵੈ = ਆਵੇਗੀ ॥੧॥ਰਹਾਉ॥

**[ਅੰਗ ੧੫੫]**

**ਹਉ ਤੁਧੁ ਆਖਾ, ਮੇਰੀ ਕਾਇਆ; ਤੂੰ ਸੁਣਿ ਸਿਖ ਹਮਾਰੀ ॥**

ਜੀਵ ਆਖਦਾ ਹੈ ਕਿ ਹੇ ਮੇਰੀ ਕਾਇਆ = ਦੇਹ! ਹਉ = ਮੈਂ ਤੇਰੇ ਤਾਈਂ ਆਖਾ = ਆਖਦਾ ਹਾਂ ਕਿ ਤੂੰ ਹਮਾਰੀ = ਮੇਰੀ ਸਿੱਖਿਆ ਸੁਣਿ = ਸੁਨਣਾ ਕਰ।

## ਨਿੰਦਾ ਚਿੰਦਾ ਕਰਹਿ ਪਰਾਈ; ਝੂਠੀ ਲਾਇਤਬਾਰੀ ॥

ਜੋ ਤੂੰ ਪਰਾਈ ਨਿੰਦਾ ਤੇ ਚਿੰਦਾ = ਉਸਤਤ ਕਰਹਿ = ਕਰਦੀ ਰਹਿੰਦੀ ਹੈਂ ਅਤੇ ਤੂੰ ਝੂਠੀ ਲਾਇਤਬਾਰੀ = ਚੁਗ਼ਲੀ ਲਾਉਂਦੀ ਹੈਂ, ਇਨ੍ਹਾਂ ਸਭ ਝੂਠਿਆਂ ਨੂੰ ਛੱਡ ਦੇਹ, ਨਹੀਂ ਤਾਂ ਫੇਰ ਦੁਖ ਰੂਪ ਫਲ ਭੋਗਣਾ ਪਵੇਗਾ।

## ਵੇਲਿ ਪਰਾਈ ਜੋਹਹਿ ਜੀਅੜੇ; ਕਰਹਿ ਚੋਰੀ ਬੁਰਿਆਰੀ ॥

ਦੇਹ ਜੀਵ ਨੂੰ ਕਹਿੰਦੀ ਹੈ ਕਿ ਹੇ ਜੀਅੜੇ = ਜੀਵ! ਤੂੰ ਹਰ ਵੇਲੇ ਪਰਾਈ = ਬਿਗਾਨੀਆਂ ਵੇਲਿ = ਇਸਤਰੀਆਂ ਵੱਲ ਮੰਦ ਦ੍ਰਿਸ਼ਟੀ ਨਾਲ ਜੋਹਹਿ = ਵੇਖਦਾ ਰਹਿੰਦਾ ਹੈਂ ਅਤੇ ਚੋਰੀ ਆਦਿਕ ਬੁਰਿਆਈ ਵਾਲੇ ਕੰਮ ਕਰਦਾ ਰਹਿੰਦਾ ਹੈਂ।

## ਹੰਸੁ ਚਲਿਆ ਤੂੰ ਪਿਛੈ ਰਹੀਏਹਿ; ਛੁਟੜਿ ਹੋਈਅਹਿ ਨਾਰੀ ॥੨॥

ਜੀਵ ਆਤਮਾ ਆਖਦਾ ਹੈ ਕਿ ਹੇ ਦੇਹ! ਜਿਸ ਵਕਤ ਮੈਂ ਹੰਸੁ = ਜੀਵ ਆਤਮਾ ਤੇਰੇ ਵਿੱਚੋਂ ਚਲਿਆ ਗਿਆ ਤਾਂ ਤੂੰ ਦੁਨੀਆਂ ਵਿਚ ਪਿੱਛੇ ਮਿੱਟੀ ਦੀ ਢੇਰੀ ਬਣ ਕੇ ਇਉਂ ਰਹੀਏਹਿ = ਰਹਿ ਜਾਵੇਂਗੀ। ਜਿਵੇਂ ਛੁਟੜ ਨਾਰੀ = ਇਸਤਰੀ ਹੋਈਅਹਿ = ਹੁੰਦੀ ਹੈ **ਵਾ:** ਜਿਵੇਂ ਛੁੱਟੜ ਹੋਈ ਇਸਤਰੀ ਨੂੰ ਪਤੀ ਛੱਡ ਦਿੰਦਾ ਹੈ ॥੨॥

## ਤੂੰ ਕਾਇਆ, ਰਹੀਅਹਿ ਸੁਪਨੰਤਰਿ; ਤੁਧੁ ਕਿਆ ਕਰਮ ਕਮਾਇਆ ॥

ਹੇ ਕਾਇਆ = ਦੇਹ ਤੂੰ ਸੁਪਨੰਤਰਿ = ਸੁਪਨੇ ਰੂਪ ਸੰਸਾਰ ਵਿਚ ਪਰਚ ਰਹੀ ਹੈਂ, ਭਾਵ ਇਸ ਨੂੰ ਸੱਚਾ ਮੰਨ ਕੇ ਇਸਥਿਤ ਹੋ ਰਹੀ ਹੈਂ।

ਤੁਧ ਕਿਆ ਕਰਮ ਕਮਾਇਆ = ਦੇਹ ਨੇ ਕਿਹਾ ਕਿ ਹੇ ਜੀਵ। ਤੂੰ ਕਿਆ = ਕਿਹੜਾ ਮੇਰੇ ਨਾਲ ਭਾਵ ਮਨੁੱਖਾ ਜਨਮ (ਮੈਨੂੰ) ਪਾ ਕੇ ਚੰਗਾ ਕਰਮ ਕਮਾਇਆ = ਕਮਾਉਣਾ ਕੀਤਾ ਹੈ ਭਾਵ ਤੈਨੂੰ ਚੰਗੇ ਕੰਮ ਕਰਨੇ ਚਾਹੀਦੇ ਸਨ, ਪਰ ਤੂੰ ਕੋਈ ਵੀ ਚੰਗਾ ਕੰਮ ਨਹੀਂ ਕੀਤਾ।

## ਕਰਿ ਚੋਰੀ, ਮੈ ਜਾ ਕਿਛੁ ਲੀਆ; ਤਾ ਮਨਿ ਭਲਾ ਭਾਇਆ ॥

ਜੀਵ ਆਤਮਾ ਕਹਿਣ ਲੱਗਾ ਕਿ ਹੇ ਦੇਹ! ਮੈਂ ਚੋਰੀ ਕਰ ਕੇ ਜਾ = ਜਦ ਕਿਛੁ = ਕੁਝ ਖਾਣ-ਪੀਣ ਨੂੰ ਪਦਾਰਥ ਲੀਆ = ਲਿਆਇਆ ਤਾਂ ਤੇਰੇ ਕਾਰਣ ਅੰਦਰ ਵੱਸਦੇ ਮੇਰੇ ਮਨ ਵਿਚ ਭਲਾ = ਚੰਗਾ ਭਾਇਆ = ਲੱਗਿਆ।

## ਹਲਤਿ ਨ ਸੋਭਾ, ਪਲਤਿ ਨ ਢੋਈ; ਅਹਿਲਾ ਜਨਮੁ ਗਵਾਇਆ ॥੩॥

ਹੇ ਦੇਹ! ਹਲਤਿ = ਇਸ ਲੋਕ ਵਿਚ ਵੀ ਤੇਰੀ ਸ਼ੋਭਾ ਨਹੀਂ ਹੈ, ਹੇ ਜੀਵ ਆਤਮਾ! ਤੈਨੂੰ ਵੀ ਪਲਤਿ = ਪਰਲੋਕ ਵਿਚ ਢੋਈ = ਓਟ ਨਹੀਂ ਮਿਲਣੀ ਕਿਉਂਕਿ ਤੂੰ ਮਨੁੱਖਾ-ਜਨਮ ਅਹਿਲਾ = ਬਿਨਾਂ ਲਾਹੇ ਤੋਂ ਗਵਾ ਲਿਆ **ਵਾ:** ਤੂੰ ਇਹ ਅਹਿਲਾ = ਦੁਰਲੱਭ ਮਨੁੱਖਾ ਜਨਮ ਬੇਅਰਥ ਗਵਾਇਆ = ਗਵਾ ਲਿਆ ਹੈ ॥੩॥

## ਹਉ ਖਰੀ ਦੁਹੇਲੀ ਹੋਈ; ਬਾਬਾ ਨਾਨਕ, ਮੇਰੀ ਬਾਤ ਨ ਪੁਛੈ ਕੋਈ ॥੧॥ਰਹਾਉ॥

ਦੇਹ ਆਖਦੀ ਹੈ—ਹੇ ਬਾਬਾ ਨਾਨਕ! ਹਉ = ਮੈਂ ਜੀਵ ਆਤਮਾ ਤੋਂ ਬਗ਼ੈਰ ਖਰੀ = ਬਹੁਤ ਦੁਹੇਲੀ = ਦੁੱਖੀ ਹੋਈ = ਹੋ ਰਹੀ ਹਾਂ, ਕਿਉਂਕਿ ਜੀਵ ਆਤਮਾ ਤੋਂ ਬਗ਼ੈਰ ਮੇਰੀ ਕੋਈ ਵੀ ਦੁਨੀਆਂ ਵਿਚ ਬਾਤ = ਗੱਲ ਨ = ਨਹੀਂ ਪੁਛੈ = ਪੁੱਛਦਾ ॥੧॥ਰਹਾਉ॥

ਅੱਗੇ ਗੁਰੂ ਸਾਹਿਬ ਜੀ ਆਪਣੇ ਵੱਲੋਂ ਉਪਦੇਸ਼ ਦਿੰਦੇ ਹਨ:

## ਤਾਜੀ ਤੁਰਕੀ ਸੁਇਨਾ ਰੁਪਾ; ਕਪੜ ਕੇਰੇ ਭਾਰਾ ॥

ਤੁਰਕੀ = ਤੁਰਕਾਨ ਦੇਸ ਦੇ ਤਾਜੀ = ਘੋੜੇ, ਸੁਇਨਾ = ਸੋਨਾ ਰੁਪਾ = ਚਾਂਦੀ ਅਤੇ ਕੱਪੜਿਆਂ ਕੇਰੇ = ਦੇ ਭਾਰਾ = ਬੋਝ ਇਤਿਆਦਿਕ ਵੱਡੀਆਂ-ਵੱਡੀਆਂ ਪੰਡਾਂ ਬੰਨ੍ਹੀਆਂ ਹਨ ਕਿ ਮੇਰੀਆਂ ਏਨੀਆਂ ਪੁਸ਼ਾਕਾਂ ਹਨ।

## ਕਿਸ ਹੀ ਨਾਲਿ ਨ ਚਲੇ, ਨਾਨਕ; ਝੜਿ ਝੜਿ ਪਏ ਗਵਾਰਾ ॥

ਪਰਲੋਕ ਵਿਚ ਕੱਪੜੇ, ਸੋਨਾਂ ਚਾਂਦੀ ਆਦਿਕ ਪਦਾਰਥ ਕਿਸੇ ਦੇ ਨਾਲ ਨਹੀਂ ਜਾਂਦੇ। ਗੁਰੂ ਜੀ ਕਥਨ ਕਰਦੇ ਹਨ ਕਿ ਮੂਰਖ ਪੁਰਖ ਐਵੇਂ ਹੀ ਪਦਾਰਥਾਂ ਵਿਚ, ਸਰੀਰ ਦੇ ਹੰਕਾਰ ਵਿਚ ਝੜਿ ਝੜਿ = ਡਿੱਗ ਡਿੱਗ ਪੈਂਦੇ ਹਨ।

ਸਤਿਗੁਰੂ ਜੀ ਕਥਨ ਕਰਦੇ ਹਨ ਇਹ ਸਾਰੇ ਪਦਾਰਥ ਪ੍ਰਲੋਕ ਵਿਚ ਕਿਸੇ ਦੇ ਵੀ ਨਾਲਿ = ਸਾਥ ਨ = ਨਹੀਂ ਚਲੇ = ਚੱਲਦੇ, ਜਾਂਦੇ, ਪਰ ਗਵਾਰਾ = ਮੂਰਖ ਪੁਰਖ ਐਵੇਂ ਹੀ ਇਨ੍ਹਾਂ ਪਦਾਰਥਾਂ ਨੂੰ ਇਕੱਤਰ ਕਰਨ ਵਾਸਤੇ ਤੇ ਝੜਿ ਝੜਿ = ਡਿਗ ਡਿਗ ਪਏ = ਪੈਂਦੇ ਹਨ।

## ਕੂਜਾ ਮੇਵਾ ਮੈ ਸਭ ਕਿਛੁ ਚਾਖਿਆ; ਇਕੁ ਅੰਮ੍ਰਿਤੁ ਨਾਮੁ ਤੁਮਾਰਾ ॥੪॥

(**ਕੂਜਾ** ਪੋਲਾ ਬੋਲੋ)

ਕੂਜਾ = ਦਾਣੇਦਾਰ ਮਿਸ਼ਰੀ ਮੇਵਾ = ਸੁੱਕੇ ਫਲ **ਵਾ:** (ਕੂ+ਜਾ) ਕੂ = ਪ੍ਰਿਥਵੀ ਦੇ ਉੱਤੇ ਜਾ = ਜਾਏ ਭਾਵ ਪੈਦਾ ਹੋਏ ਬਦਾਮ ਆਦਿ ਸੁੱਕੇ ਮੇਵੇ, ਆਦਿ ਮੈ ਸਭ = ਸਾਰਾ ਕਿਛੁ = ਕੁਝ ਚਾਖਿਆ = ਚੱਖਿਆ ਭਾਵ ਖਾਧਾ ਹੈ। ਪਰੰਤੂ ਹੇ ਪਰਮੇਸ਼ਰ! ਇਕ ਤੁਮਾਰਾ = ਤੁਹਾਡਾ ਅੰਮ੍ਰਿਤ ਨਾਮ ਹੀ ਇਨ੍ਹਾਂ ਸਾਰਿਆਂ ਪਦਾਰਥਾਂ ਤੋਂ ਮਿੱਠਾ ਹੈ ॥੪॥

## ਦੇ ਦੇ ਨੀਵ, ਦਿਵਾਲ ਉਸਾਰੀ; ਭਸਮੰਦਰ ਕੀ ਢੇਰੀ ॥

ਜੋ ਡੂੰਘੀਆਂ ਨੀਵ = ਨੀਹਾਂ ਦੇ ਦੇ ਕੇ ਦਿਵਾਲ = ਕੰਧਾਂ ਉਸਾਰ ਕੇ ਮਕਾਨ ਬਣਾਉਣਾ ਕੀਤੇ ਹਨ ਅੰਤ ਨੂੰ ਉਹ ਮੰਦਰ = ਮਕਾਨ ਭਸ = ਸੁਆਹ ਕੀ = ਦੀ ਢੇਰੀ ਹੋ ਜਾਣਗੇ **ਅਥਵਾ** ਮਾਤਾ ਦੇ ਗਰਭ ਦੇ ਅੰਦਰ ਰਕਤ ਬਿੰਦ ਖ਼ੁਰਾਕ ਰੂਪ ਨੀਵ ਦੇ ਕੇ ਪ੍ਰਾਲੱਬਧ ਰੂਪ ਕੰਧ ਉਸਾਰ ਕੇ ਸਰੀਰ ਰੂਪੀ ਮੰਦਰ ਬਣਾਉਣੇ ਕੀਤੇ ਹਨ ਅੰਤ ਨੂੰ ਇਹ ਸਰੀਰ ਰੂਪੀ ਮੰਦਰ ਭਸ = ਸਵਾਹ ਦੀ ਢੇਰੀ ਹੋ ਜਾਣਗੇ।

## ਸੰਚੇ ਸੰਚਿ, ਨ ਦੇਈ ਕਿਸ ਹੀ; ਅੰਧੁ ਜਾਣੈ ਸਭ ਮੇਰੀ ॥

ਇਹ ਜੀਵ ਮਾਇਆ ਅਤੇ ਪਦਾਰਥ ਸੰਚੇ ਸੰਚਿ = ਇਕੱਠੇ ਹੀ ਇਕੱਠੇ ਕਰੀ ਜਾਂਦਾ ਹੈ, ਕਿਸੇ ਨੂੰ ਦਿੰਦਾ ਨਹੀਂ ਕਿਉਂਕਿ ਇਹ ਅੰਧੁ = ਅਗਿਆਨੀ ਜਾਣੈ = ਜਾਣਦਾ ਹੈ ਕਿ ਇਹ ਸਭ = ਸਾਰੀ ਮਾਇਆ ਮੇਰੀ ਹੈ।

## ਸੋਇਨ ਲੰਕਾ ਸੋਇਨ ਮਾੜੀ; ਸੰਪੈ ਕਿਸੈ ਨ ਕੇਰੀ ॥੫॥

ਸੋਇਨ = ਸੋਨੇ ਦੀ ਲੰਕਾ, ਸੋਇਨ = ਸੋਨੇ ਦੇ ਮਾੜੀ = ਮਹਲ ਆਦਿ ਸੰਪੈ = ਵਿਭੂਤੀ ਕਿਸੇ ਕੇਰੀ = ਦੀ ਵੀ ਪ੍ਰਲੋਕ ਲਈ ਸੰਗੀ ਨ = ਨਹੀਂ ਬਣੀ ਅਰਥਾਤ

ਰਾਵਣ ਦੀ ਸੋਨੇ ਦੀ ਲੰਕਾ ਅਤੇ ਮਾੜੀ = ਅਟਾਰੀ, ਭਾਵ ਆਲੇ-ਦੁਆਲੇ ਸੋਨੇ ਦੀਆਂ ਕੰਧਾਂ ਕੱਢੀਆਂ ਹੋਈਆਂ ਸਨ। ਅੰਤ ਨੂੰ ਜਦੋਂ ਰਾਵਣ ਮਾਰਿਆ, ਉਸ ਵੇਲੇ ਹਿੰਦੂਆਂ ਵਿਚ ਇਕ ਰਿਵਾਜ ਸੀ, ਮਰੇ ਹੋਏ ਪੁਰਸ਼ ਦੇ ਮੂੰਹ ਵਿਚ ਚਾਰ ਰੱਤੀਆਂ ਸੋਨਾ ਪਾਉਂਦੇ ਸਨ ਕਿ ਪਵਿੱਤਰ ਹੋ ਜਾਵੇਗਾ, ਉਹ ਚਾਰ ਰੱਤੀਆਂ ਸੋਨਾ ਰਾਵਣ ਦੇ ਦੂਤ ਰਾਮ ਚੰਦ੍ਰ ਜੀ ਤੋਂ ਮੰਗਣ ਗਏ, ਉਸ ਵੇਲੇ ਰਾਮ ਚੰਦ੍ਰ ਜੀ ਨੇ ਕਿਹਾ ਕਿ ਅਸੀਂ ਤਾਂ ਭਭੀਖਣ ਨੂੰ ਲੰਕਾ ਦੇ ਚੁੱਕੇ ਹਾਂ, ਸ਼ਰੀਕ ਜਾਣ ਕੇ ਇਨ੍ਹਾਂ ਨੇ ਭਭੀਖਣ ਤੋਂ ਸੋਨਾ ਨਾ ਮੰਗਿਆ। ਇਹ ਸੋਨੇ ਦੀ ਲੰਕਾ

ਅੰਤ ਨੂੰ ਰਾਵਣ ਦੇ ਕੰਮ ਨਾ ਆਈ। ਅੰਤ ਨੂੰ ਨਾਸ ਹੀ ਹੋ ਗਿਆ, ਭਾਵ ਇਹ ਸੰਪਦਾ, ਧਨ ਪਦਾਰਥ ਕਿਸੇ ਦੇ ਭੀ ਨਹੀਂ ਬਣਦੇ ਹਨ ॥੫॥ ਜੈਸਾ ਕਿ :

**ਲੰਕਾ ਗਢੁ ਸੋਨੇ ਕਾ ਭਇਆ ॥**
**ਮੂਰਖੁ ਰਾਵਨੁ ਕਿਆ ਲੇ ਗਇਆ ॥੩॥** *(ਭੈਰਉ ਕਬੀਰ ਜੀ, ਅੰਗ ੧੧੫੮)*

## ਸੁਣਿ ਮੂਰਖ; ਮੰਨ ਅਜਾਣਾ ॥ ਹੋਗੁ; ਤਿਸੈ ਕਾ ਭਾਣਾ ॥੧॥ਰਹਾਉ॥

ਹੇ ਅਜਾਣਾ = ਅਣਜਾਣ ਤੇ ਮੂਰਖ = ਬੇਸਮਝ ਜੀਵ! ਗੁਰ ਉਪਦੇਸ਼ ਨੂੰ ਸੁਣਿ = ਸ੍ਰਵਣ ਕਰਕੇ ਮੰਨ = ਮੰਨਣਾ ਕਰ। **ਅਥਵਾ** ਹੇ ਮਨਾਂ ਅਗਿਆਤ, ਸ਼ਾਸਤਰ ਗਿਆਨ ਵੱਲੋਂ ਮੂਰਖ = ਬੇਸਮਝ ਅਤੇ ਪ੍ਰਮਾਰਥ ਗਿਆਨ ਵੱਲੋਂ ਅਜਾਣਾ = ਅਣਜਾਣ ਤੇ ਪਰਮਾਰਥ ਗਿਆਨ ਵੱਲੋਂ ਅਜਾਣਾ = ਅਨਜਾਣ ਮੰਨ = ਮਨਾ ਤੂੰ ਸੁਣਿ = ਸੁਨਣਾ ਕਰ।

ਜੋ ਤਿਸੈ = ਉਸ ਪਰਮੇਸ਼ਰ ਕਾ = ਦਾ ਭਾਣਾ ਹੈ ਉਹੋ ਹੀ ਤਿੰਨਾਂ ਕਾਲਾਂ ਵਿਚ ਹੋਗੁ = ਹੁੰਦਾ ਹੈ ॥੧॥ਰਹਾਉ॥

## ਸਾਹੁ ਹਮਾਰਾ ਠਾਕੁਰੁ ਭਾਰਾ; ਹਮ ਤਿਸ ਕੇ ਵਣਜਾਰੇ ॥

ਗੁਰੂ ਜੀ ਦੇਹ ਅਤੇ ਜੀਵ ਨੂੰ ਸਿੱਖਿਆ ਦਿੰਦੇ ਹੋਏ ਕਥਨ ਕਰਦੇ ਹਨ ਹਮਾਰਾ = ਸਾਡਾ ਠਾਕੁਰੁ = ਮਾਲਕ ਪਰਮੇਸ਼ਰ ਨਾਮ, ਗਿਆਨ ਦਾ ਭਾਰਾ = ਵੱਡਾ ਸ਼੍ਰੇਸਟ ਸਾਹੁ = ਸ਼ਾਹੂਕਾਰ ਹੈ ਅਤੇ ਹਮ = ਅਸੀਂ ਤਿਸ = ਉਸ ਕੇ = ਦੇ ਨਾਮ ਦਾ ਵਣਜ ਕਰਨ ਵਾਲੇ ਵਣਜਾਰੇ = ਵਪਾਰੀ ਹਾਂ **ਵਾ:** ਉਸ ਦੀ ਪ੍ਰਾਪਤੀ ਕਰਨ ਵਾਸਤੇ ਜੀਵ ਰੂਪ ਵਣਜਾਰੇ ਬਣ ਕੇ ਆਏ ਹਾਂ।

## ਜੀਉ ਪਿੰਡੁ ਸਭ ਰਾਸਿ ਤਿਸੈ ਕੀ; ਮਾਰਿ ਆਪੇ ਜੀਵਾਲੇ ॥੬॥੧॥੧੩॥

ਜੀਉ = ਜੀਵ ਆਤਮਾ ਪਿੰਡੁ = ਸਰੀਰ ਆਦਿ ਸਭ = ਸਾਰੀ ਤਿਸੈ = ਉਸੇ ਕੀ = ਦੀ ਹੀ ਰਾਸਿ = ਪੂੰਜੀ ਹੈ ਉਹ ਵਾਹਿਗੁਰੂ ਆਪ ਹੀ ਮਾਰਨ ਵਾਲਾ ਅਤੇ ਆਪ ਹੀ ਜੀਵਾਲੇ = ਜੀਵਾਲਣ ਵਾਲਾ ਹੈ ॥੬॥੧॥੧੩॥

## ਗਉੜੀ ਚੇਤੀ, ਮਹਲਾ ੧ ॥

## ਅਵਰਿ ਪੰਚ, ਹਮ ਏਕ ਜਨਾ; ਕਿਉ ਰਾਖਉ ਘਰ ਬਾਰੁ ਮਨਾ ॥

ਹੇ ਮਨਾ! ਅਵਰਿ = ਹੋਰ ਪੰਚ = ਪੰਜ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿਕਾਰ ਹਨ ਪਰ ਹਮ = ਮੈਂ ਜੀਵ ਰੂਪ ਜਨਾ = ਇਸਤਰੀ ਏਕ = ਇੱਕਲੀ ਹਾਂ, ਇਨ੍ਹਾਂ ਵਿਕਾਰਾਂ ਦੇ ਪਾਸੋਂ ਮੈਂ ਆਪਣੇ ਸਰੀਰ ਰੂਪੀ ਘਰ = ਇੰਦਰੀਏ ਰੂਪੀ ਬਾਰੁ = ਦਰਵਾਜੇ ਕਿਉ = ਕਿਵੇਂ ਬਚਾ ਕੇ ਰਾਖਉ = ਰੱਖਣਾ ਕਰਾਂ **ਵਾ:** ਨਿਜ ਸਰੂਪ ਰੂਪੀ ਘਰ ਦਾ ਗਿਆਨ, ਬਾਰ ਦੀ ਨਿਆਈਂ ਵੈਰਾਗ ਬਿਬੇਕ ਆਦਿ ਸਾਧਨਾਂ ਨੂੰ ਕਿਵੇਂ ਵਿਕਾਰਾਂ ਤੋਂ ਬਚਾ ਕੇ ਰੱਖਣਾ ਕਰਾਂ **ਵਾ:** ਤੁਰੀਆ ਅਵਸਥਾ ਰੂਪੀ ਘਰ ਵਿਚ ਅੰਤਸ਼ਕਰਣ ਰੂਪੀ ਬਾਰੁ = ਦੁਆਰੇ ਨੂੰ ਕਿਵੇਂ ਰੋਕ ਕੇ ਰੱਖਣਾ ਕਰਾਂ ਭਾਵ ਤੁਰੀਆ ਪਦ ਵਿਚ ਕਿਵੇਂ ਇਸਥਿਤ ਹੋਣਾ ਕਰਾਂ।

## ਮਾਰਹਿ ਲੂਟਹਿ ਨੀਤ ਨੀਤ; ਕਿਸੁ ਆਗੈ ਕਰੀ ਪੁਕਾਰ ਜਨਾ ॥੧॥

ਇਹ ਪੰਜ ਵਿਕਾਰ ਨੀਤ ਨੀਤ = ਨਿਤਾਪ੍ਰਤੀ ਹੀ ਆਤਮਿਕ ਮੌਤ ਕਰਕੇ ਮਾਰਹਿ = ਮਾਰਦੇ ਤੇ ਸ਼ੁਭ ਗੁਣਾਂ ਰੂਪੀ ਧਨ ਨੂੰ ਲੂਟਹਿ = ਲੁੱਟਦੇ ਹਨ ਦੁਨਿਆਵੀ ਜਨਾ = ਲੋਗ ਤਾਂ ਇਨ੍ਹਾਂ ਵਿਕਾਰਾਂ ਵਿਚ ਗ੍ਰਸੇ ਹੋਏ ਹਨ ਇਸ ਲਈ ਮੈਂ ਕਿਸ ਦੇ ਆਗੈ = ਅੱਗੇ ਜਾ ਕੇ ਪੁਕਾਰ = ਫ਼ਰਿਆਦ ਕਰੀ = ਕਰਾਂ ॥੧॥

## ਸ੍ਰੀ ਰਾਮ ਨਾਮਾ; ਉਚਰੁ ਮਨਾ॥

ਹੇ ਮਨਾਂ! ਇਨ੍ਹਾਂ ਵਿਕਾਰਾਂ ਤੋਂ ਰੱਖਿਆ ਕਰਨ ਵਾਸਤੇ ਇਹੋ ਉਪਾਅ ਹੈ ਕਿ ਸ੍ਰੀ = ਸ਼੍ਰੋਮਣੀ ਰਾਮ = ਪਰਮੇਸ਼ਰ ਦੇ ਨਾਮਾ = ਨਾਮ ਨੂੰ ਉਚਰੁ = ਉਚਾਰਨਾ ਕਰ। ਕਿਉਂਕਿ

## ਆਗੈ ਜਮ ਦਲੁ; ਬਿਖਮੁ ਘਨਾ॥੧॥ਰਹਾਉ॥

ਆਗੈ = ਅੱਗੇ ਪ੍ਰਲੋਕ ਵਿਚ ਜਮ = ਜਮਦੂਤਾਂ ਦਾ ਦਲ ਘਨਾ = ਬਹੁਤਾ ਬਿਖਮੁ = ਕਠਨ ਹੈ॥੧॥ਰਹਾਉ॥

## ਉਸਾਰਿ ਮੜੋਲੀ, ਰਾਖੈ ਦੁਆਰਾ; ਭੀਤਰਿ ਬੈਠੀ ਸਾ ਧਨਾ॥

ਪਰਮੇਸ਼ਰ ਨੇ ਆਪਣੇ ਹੁਕਮ ਅੰਦਰ ਮਾਤਾ ਦੇ ਗਰਭ ਵਿਚ ਮੜੋਲੀ = ਦੇਹ ਰੂਪ ਕੋਠੀ ਉਸਾਰਿ = ਸਾਜ ਕੇ ਇਸ ਦੇ ਨੌਂ ਗੋਲਕਾਂ ਰੂਪ ਦੁਆਰਾ = ਦਰਵਾਜ਼ੇ ਰਾਖੈ = ਰੱਖਣਾ ਕੀਤੇ ਹਨ। ਇਸ ਦੇਹੀ ਰੂਪੀ ਕੋਠੀ ਦੇ ਭੀਤਰਿ = ਵਿਚ ਸਾ = ਉਹ ਜੀਵ ਆਤਮਾ ਰੂਪ ਧਨਾ = ਇਸਤਰੀ ਬੈਠੀ ਹੈ।

## ਅੰਮ੍ਰਿਤ ਕੇਲ ਕਰੇ ਨਿਤ ਕਾਮਣਿ; ਅਵਰਿ ਲੁਟੇਨਿ ਸੁ ਪੰਚ ਜਨਾ॥੨॥

(ਦੂਸਰਾ ਪਾਠ **ਲੁਟੇ ਨਿਸੁ** ਬੋਲੋ)

ਇਹ ਜੀਵ ਰੂਪੀ ਕਾਮਣਿ = ਇਸਤਰੀ ਆਪਣੇ ਆਪ ਨੂੰ ਅੰ+ਮ੍ਰਿਤ = ਮ੍ਰਿਤੂ ਤੋਂ ਰਹਿਤ ਜਾਣ ਕੇ ਭਾਵ ਅਮਰ ਮੰਨ ਕੇ ਵਿਸ਼ਿਆਂ ਵਿਚ ਨਿਤ = ਨਿਤਾਪ੍ਰਤੀ ਕੇਲ = ਖ਼ੁਸ਼ੀਆਂ, ਕਰੀੜਾ ਕਰ ਰਹੀ ਹੈ ਅਵਰਿ = ਅਤੇ ਸੁ = ਉਹ ਪੰਚ = ਪੰਜ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਜਨਾ = ਜਾਣੇ ਨਿਤਾਪ੍ਰਤੀ ਸ਼ੁਭ ਗੁਣਾਂ ਰੂਪੀ ਧਨ ਨੂੰ ਲੁਟੇਨਿ = ਲੁੱਟ ਰਹੇ ਹਨ **ਵਾ:** ਅਵਿਦਿਆ ਦੀ (ਲੁਟੇ ਨਿਸੁ) ਨਿਸੁ = ਰਾਤ ਦੇ ਹਨੇਰੇ ਵਿਚ ਸੁ = ਉਹ ਪੰਚ ਜਨਾ = ਕਾਮ ਕ੍ਰੋਧਾਦਿ **ਵਾ:** ਸ਼ਬਦ, ਸਪਰਸ਼, ਰੂਪ ਰਸ, ਗੰਧ ਵਿਸ਼ੇ ਆਤਮਿਕ ਧਨ ਨੂੰ ਲੁਟੇ= ਲੁੱਟੀ ਜਾਂਦੇ ਹਨ॥੨॥

## ਢਾਹਿ ਮੜੋਲੀ ਲੂਟਿਆ ਦੇਹੁਰਾ; ਸਾ ਧਨ ਪਕੜੀ ਏਕ ਜਨਾ॥

ਜਦ ਪ੍ਰਾਲਬਧ ਪੂਰੀ ਹੋਣ ਤੇ ਪੱਚੀ ਪ੍ਰਕਿਰਤੀਆਂ ਦੀ ਬਣੀ ਦੇਹ ਰੂਪੀ ਮੜੋਲੀ = ਕੋਠੀ ਨੂੰ ਜਮਾਂ ਨੇ ਢਾਹ ਕੇ ਦੇਹੁਰਾ = ਸੂਖ਼ਮ ਸਰੀਰ ਨੂੰ ਲੂਟਿਆ = ਲੁੱਟ ਲਿਆ ਤਦ ਸਾ = ਉਹ ਜੀਵ ਰੂਪੀ ਧਨ = ਇਸਤਰੀ ਏਕ = ਇਕੱਲੀ ਹੀ ਜਮਾਂ ਦੇ ਜਨਾਂ ਨੇ ਪਕੜੀ = ਫੜ ਲਈ।

## ਜਮ ਡੰਡਾ ਗਲਿ ਸੰਗਲੁ ਪੜਿਆ; ਭਾਗਿ ਗਏ ਸੇ ਪੰਚ ਜਨਾ॥੩॥

(**ਗਲਿ ਅਤੇ ਪੜਿਆ** ਪੋਲਾ ਬੋਲੋ)

ਜਦੋਂ ਜਮਾਂ ਦਾ ਡੰਡਾ ਜੀਵ ਆਤਮਾ ਰੂਪ ਇਸਤਰੀ ਦੇ ਸਿਰ ਉੱਪਰ ਵੱਜਿਆ ਤੇ ਗਲ ਵਿਚ ਸੰਗਲ ਪੜਿਆ = ਪਿਆ, ਤਾਂ ਉਸ ਵੇਲੇ ਸੇ = ਉਹ ਪੰਚ = ਪੰਜ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਜਨਾ = ਜਾਣੇ ਭਾਗਿ = ਭੱਜ ਗਏ॥੩॥

ਅੱਗੇ ਸਤਿਗੁਰੂ ਦੱਸਦੇ ਹਨ ਕਿ ਜੀਵ ਕਿਉਂ ਮੰਦ ਕਰਮ ਕਰਦਾ ਹੈ, ਕਿਉਂਕਿ

## ਕਾਮਣਿ ਲੋੜੈ ਸੁਇਨਾ ਰੁਪਾ; ਮਿਤ੍ਰ ਲੁੜੇਨਿ ਸੁ ਖਾਧਾਤਾ॥

(**ਰੁੱਪਾ ਅਤੇ ਖਾਧਾ-ਤਾ** ਬੋਲੋ)

ਕਾਮਣਿ = ਇਸਤਰੀ, ਪੁਰਸ਼ ਦੇ ਪਾਸੋਂ ਸੁਇਨਾ = ਸੋਨਾ, ਰੁਪਾ = ਚਾਂਦੀ ਆਦਿ ਦੇ ਗਹਿਣਿਆਂ ਨੂੰ

ਲੋੜੈ = ਚਾਹੁੰਦੀ ਹੈ। ਅਤੇ ਜਿਹੜੇ ਦੁਨਿਆਵੀ ਝੂਠੇ ਮਿਤ੍ਰ = ਦੋਸਤ ਹਨ, ਸੁ = ਉਹ ਪੁਰਸ਼ ਦੇ ਪਾਸੋਂ ਤਰ੍ਹਾਂ-ਤਰ੍ਹਾਂ ਦੇ ਸੁਆਦਲੇ ਪਦਾਰਥ ਖਾਧਾਤਾ = ਖਾਣਾ ਲੁੜੇਨਿ = ਚਾਹੁੰਦੇ ਹਨ।

## ਨਾਨਕ, ਪਾਪ ਕਰੇ ਤਿਨ ਕਾਰਣਿ; ਜਾਸੀ ਜਮਪੁਰਿ ਬਾਧਾਤਾ ॥੪॥੨॥੧੪॥

(**ਬਾਧਾ-ਤਾ** ਬੋਲੋ)

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਨ ਕਾਰਣਿ = ਉਨ੍ਹਾਂ ਇਸਤਰੀ ਤੇ ਮਿੱਤਰਾਂ ਆਦਿ ਨੂੰ ਖ਼ੁਸ਼ ਕਰਨ ਵਾਸਤੇ ਜੀਵ ਦਿਨ ਰਾਤ ਪਾਪ ਕਰੇ = ਪਾਪ ਕਰਮ ਕਰਦਾ ਰਹਿੰਦਾ ਹੈ। ਇਨ੍ਹਾਂ ਪਾਪਾਂ ਦੇ ਕਾਰਨ ਹੀ ਜੀਵ ਜਮਪੁਰਿ = ਜਮਾਂ ਦੀ ਪੁਰੀ ਵਿਚ ਬਾਧਾਤਾ = ਬੰਨ੍ਹਿਆ ਜਾਸੀ = ਜਾਵੇਗਾ ॥੪॥੨॥੧੪॥

***ਨੋਟ :*** ਤੱਤੇ ਬੋਲਣ ਵਾਸਤੇ ਸਬੰਧਕ ਹਨ, ਪਾਠ ਇੱਕਠੇ ਹਨ।

## ਗਉੜੀ ਚੇਤੀ; ਮਹਲਾ ੧ ॥

**ਉਥਾਨਕਾ :** ਗੁਰੂ ਸਾਹਿਬ ਜੀ ਪਾਸ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਚ ਇਕ ਜੋਗੀ ਨੇ ਆ ਕੇ ਕਿਹਾ ਕਿ ਜੋਗ ਵਿਚ ਬਹੁਤ ਅਨੰਦ ਹੈ, ਤੁਸੀਂ ਵੀ ਜੋਗ ਨੂੰ ਧਾਰਨ ਕਰੋ। ਅੱਗੋਂ ਗੁਰੂ ਜੀ ਕਹਿੰਦੇ ਹਨ ਕਿ ਅਸੀਂ ਤਾਂ ਪਹਿਲਾਂ ਹੀ ਅੰਤਰੀਵ ਜੋਗ ਧਾਰਨ ਕੀਤਾ ਹੋਇਆ ਹੈ। ਤੂੰ ਵੀ ਐਸਾ ਜੋਗੀ ਬਨਣਾ ਕਰ। ਯੋਗੀ ਕਹਿਣ ਲੱਗਾ ਕਿ ਤੁਸੀਂ ਕਿਹੜਾ ਜੋਗ ਧਾਰਨ ਕੀਤਾ ਹੋਇਆ ਹੈ, ਤਾਂ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ :

## ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ[1]; ਕਾਂਇਆ ਕੀਜੈ ਖਿੰਥਾਤਾ ॥

(**ਖਿੰਥਾ-ਤਾ** ਬੋਲੋ)

ਹੇ ਜੋਗੀ ! ਜੋ ਘਟ = ਹਿਰਦੇ ਦੇ ਭੀਤਰਿ = ਵਿਚ ਸੰਕਲਪਾਂ-ਵਿਕਲਪਾਂ ਤੇ ਵਾਸਨਾਂ ਨੂੰ ਮੁੰਦ੍ਰਾ = ਰੋਕਣਾ ਹੈ ਤੂੰ ਵੀ ਤੇ = ਉਹੋ ਹੀ ਮੁੰਦਰਾਂ ਪਾਉਣਾ ਕਰ ਅਤੇ ਕਾਂਇਆ = ਦੇਹ ਨੂੰ ਖਿੰਥਾਤਾ = ਖੱਫਣੀ ਬਣਾਉਣਾ ਕੀਜੈ = ਕਰ ਅਥਵਾ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਵਿਚ ਸ੍ਰਵਣ ਮੰਨਣ ਰੂਪੀ ਮੁੰਦਰਾਂ ਪਾ ਕੇ ਘਟ = ਹਿਰਦੇ ਭੀਤਰਿ = ਵਿੱਚੋਂ ਪ੍ਰਮਾਣ ਤੇ ਪ੍ਰਮੇਯ ਗਤ ਸੰਸੇ ਨੂੰ ਮੁੰਦ੍ਰਾ = ਮੁੰਦਣਾ ਕਰ ਅਤੇ ਅਖੰਡ ਚੇਤਨ ਕਾਂਇਆ = ਦੇਹ ਨੂੰ ਖੱਫਣੀ ਬਣਾਉਣਾ ਕਰ।

**ਖਿੰਥਾ ਕਾਲੁ ਕੁਆਰੀ ਕਾਇਆ ॥** *(ਜਪੁਜੀ ਸਾਹਿਬ, ਅੰਗ ੬)*

ਇਸ ਦੇਹ ਨੂੰ ਕਾਲ ਤੋਂ ਨਿਰਲੇਪ ਰੱਖਣਾ ਹੈ :

**ਸਦਾ ਰਹੈ ਕੰਚਨ ਸੀ ਕਾਯਾ ਕਾਲ ਨ ਕਬਹੂੰ ਬਯਾਪੇ ॥** *(ਸ੍ਰੀ ਦਸਮ ਗ੍ਰੰਥ, ਪੰਨਾ ੭੧੦)*

## ਪੰਚ ਚੇਲੇ ਵਸਿ ਕੀਜਹਿ ਰਾਵਲ; ਇਹੁ ਮਨੁ ਕੀਜੈ ਡੰਡਾਤਾ ॥੧॥

(**ਡੰਡਾ-ਤਾ**)

ਹੇ ਰਾਵਲ = ਜੋਗੀ ! ਪੰਚ = ਪੰਜ ਕਾਮਾਦਿਕਾਂ ਨੂੰ ਚੇਲੇ ਬਣਾ ਕੇ ਵਸਿ = ਅਧੀਨ ਵਿਚ ਕੀਜਹਿ = ਕਰ **ਵਾ:** ਪੰਜੇ ਗਿਆਨ ਇੰਦ੍ਰਿਆਂ ਨੂੰ ਸਬਦ ਸਪਰਸ ਆਦਿ ਵਿਸ਼ਿਆਂ ਵੱਲ ਦੌੜਨ ਤੋਂ ਰੋਕ ਕੇ ਆਪਣੇ ਅਧੀਨ ਕਰਕੇ ਚੇਲੇ ਬਣਾਉਣਾ ਕਰ ਅਤੇ ਇਹ ਮਨ ਨੂੰ ਪਰਮੇਸ਼ਰ ਦੇ ਸਨਮੁਖ ਕਰਨ ਰੂਪ ਡੰਡਾਤਾ = ਡੰਡਾ ਬਣਾਉਣਾ

---

੧. ਗੋਰਖ ਨਾਥ, ਰਾਜੇ ਲੋਕਾਂ ਨੂੰ ਚੇਲੇ ਬਣਾਉਂਦਾ ਸੀ, ਰਾਜੇ ਦੁਖੀ ਹੋ ਕੇ ਘਰਾਂ ਵਿਚ ਜਾ ਵੜਦੇ ਸਨ ਤੇ ਜੋਗ ਨੂੰ ਛੱਡ ਦਿੰਦੇ ਸਨ। ਫਿਰ ਉਹ ਇਨ੍ਹਾਂ ਦੇ ਕੰਨ ਪਾੜਨ ਲੱਗ ਪਿਆ ਕਿ ਰਾਜੇ ਸ਼ਰਮ ਦੇ ਮਾਰੇ ਘਰਾਂ ਵਿਚ ਨਾ ਜਾ ਸਕਣ। ਉਦੋਂ ਤੋਂ ਇਹ ਮੁੰਦ੍ਰਾਂ ਪਾਉਣ ਦਾ ਰਿਵਾਜ ਚੱਲਿਆ ਹੈ।

ਕਰ **ਅਥਵਾ** ਜਿਵੇਂ ਡੰਡੇ ਨੂੰ ਹੱਥ ਵਿਚ ਫੜ ਕੇ ਰੱਖੀਦਾ ਹੈ, ਇਸੇ ਤਰ੍ਹਾਂ ਮਨ ਰੂਪੀ ਡੰਡੇ ਨੂੰ ਸਮ-ਦਮ ਰੂਪੀ ਹੱਥਾਂ ਵਿਚ ਫੜ ਕੇ ਰੱਖਣਾ ਕਰ। ਕਦੇ ਵੀ ਮਨ ਵਿਚ ਵਿਸ਼ੇ-ਵਾਸ਼ਨਾ ਨਾ ਆਵੇ, ਇਹ ਸਮ-ਦਮ ਰੂਪੀ ਹੱਥ ਹਨ। ਜਿਵੇਂ ਡੰਡੇ ਦੀਆਂ ਗੱਠਾਂ ਖਿੰਗਰੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਤੇਸੇ ਆਦਿਕ ਨਾਲ ਲਾਹ ਦੇਈਦਾ ਹੈ। (ਤੇਸਾ ਲੱਕੜ ਤਰਾਸ਼ਣ ਦਾ ਇਕ ਸੰਦ ਜੋ ਮਿਸਤਰੀਆਂ ਕੋਲ ਹੁੰਦਾ ਹੈ, ਉਸ ਨੂੰ ਤੇਸਾ ਕਹਿੰਦੇ ਹਨ।) ਉਵੇਂ ਹੀ ਮਨ ਰੂਪੀ ਡੰਡੇ ਤੋਂ ਰਾਗ ਦ੍ਵੈਖ ਰੂਪੀ ਗੱਠਾਂ ਨੂੰ ਵਿਚਾਰ ਰੂਪੀ ਤੇਸੇ ਨਾਲ ਘੜਨਾ ਕਰ ॥੧॥

## ਜੋਗ ਜੁਗਤਿ; ਇਵ ਪਾਵਸਿਤਾ ॥

ਇਸ ਪ੍ਰਕਾਰ ਪਰਮੇਸ਼ਰ ਵਿਚ ਜੁੜਨ ਰੂਪੀ ਜੋਗ ਦੀ ਜੁਗਤ = ਜੁਗਤੀ ਨੂੰ ਪਾਵਸਿਤਾ = ਪਾਉਣਾ ਕਰ।

## ਏਕੁ ਸਬਦੁ ਦੂਜਾ ਹੋਰੁ ਨਾਸਤਿ;
## ਕੰਦ ਮੂਲਿ ਮਨੁ ਲਾਵਸਿਤਾ ॥੧॥ਰਹਾਉ॥

ਹੇ ਜੋਗੀ! ਜੋ ਹੋਰ ਦੂਜਾ = ਦੂਸਰਾ ਸੰਸਾਰ ਨੂੰ ਨਾਸਤਿ = ਨਾਸ਼ਵਾਨ ਸਮਝ ਕੇ ਏਕੁ = ਇਕ ਸਬਦੁ = ਬ੍ਰਹਮ ਨੂੰ ਜਾਨਣਾ ਹੈ ਇਹੋ ਅਲੱਖ ਨੂੰ ਜਗਾਉਣਾ ਹੈ **ਵਾ:** ਹੇ ਜੋਗੀ! ਏਕੁ = ਇੱਕੋ ਸਬਦੁ = ਬ੍ਰਹਮ ਨੂੰ ਵਿਆਪਕ ਜਾਣ ਕੇ ਉਸ ਤੋਂ ਬਗ਼ੈਰ ਜੋ ਹੋਰ ਦੂਸਰਾ ਸੰਸਾਰ ਪ੍ਰਤੀਤ ਹੋ ਰਿਹਾ ਹੈ ਉਸਨੂੰ ਨਾਮ ਰੂਪ ਸਮਝ ਕੇ ਪਰਮੇਸ਼ਰ ਵਿਚ ਮਨ ਨੂੰ ਲਾਵਸਿਤਾ = ਲਾਉਣਾ ਹੀ ਕੰਦ ਮੂਲ[੧] ਖਾਣਾ ਕਰ।

**ਅਥਵਾ** ਇਹ ਬ੍ਰਹਮ ਤੋਂ ਬਗ਼ੈਰ ਹੋਰ ਮੋਹ ਆਦਿਕ ਦੂਜਾ = ਦਵੈਤ ਨੂੰ ਪਾਉਣ ਵਾਲੇ ਨਾਸ਼ ਰੂਪ ਹਨ ਇਸ ਲਈ ਉਸ ਪਰਮੇਸ਼ਰ ਵਿਚ ਮਨ ਲਾਉਣ ਰੂਪ ਕੰਦ ਮੂਲਿ = ਫਲ ਫੁੱਲ ਖਾਣਾ ਕਰ ॥੧॥ਰਹਾਉ॥ ਜੈਸਾ ਕਿ :

**ਆਕ ਕੋ ਚਰਯਾ ਫਲ ਫੂਲ ਕੋ ਭਛਯਾ;**
**ਸਦ ਬਨ ਕੋ ਭ੍ਰਮਯਾ ਅਉਰ ਦੂਸਰੋ ਨ ਬੋਕ ਸੌ ॥** *(ਸ੍ਰੀ ਦਸਮ ਗ੍ਰੰਥ, ਪੰਨਾ ੧੮)*

## ਮੂੰਡਿ ਮੁੰਡਾਇਐ, ਜੇ ਗੁਰੁ ਪਾਈਐ; ਹਮ ਗੁਰੁ ਕੀਨੀ ਗੰਗਾਤਾ ॥

ਮੂੰਡਿ = ਸਿਰ ਦੇ ਮੁੰਡਾਇਐ = ਮੁਨਾਇਆਂ ਜੇ = ਜੇਕਰ ਗੁਰੁ = ਗੁਰੂ ਨੂੰ ਪਾਈਐ = ਪਾ ਲਈਏ ਤਾਂ ਫੇਰ ਹਮ = ਤਮਾਮ ਗੰਗਾਤਾ = ਗੰਗਾਂ ਦੇ ਯਾਤਰੀਆਂ ਦੀ ਟੋਲੀ ਨੇ ਤੀਰਥਾਂ ਤੇ ਸਿਰ ਮੁੰਨਣ ਵਾਲਿਆਂ ਨੂੰ ਹੀ ਗੁਰੂ ਕੀਨੀ = ਕਰ ਲੈਣਾ ਸੀ **ਵਾ:** ਤਮਾਮ ਨੇ ਗੰਗਾ ਹੀ ਗੁਰੂ ਕੀਤੀ ਹੋਈ ਹੈ **ਅਥਵਾ** ਹੇ ਜੋਗੀ! ਜੇ ਤੁਸੀਂ ਗੰਗਾ ਤੇ ਜਾ ਕੇ ਸਿਰ ਮੁਨਾਇਆਂ ਹੀ ਗੁਰੂ ਦੀ ਪ੍ਰਾਪਤੀ ਸਮਝਦੇ ਹੋ ਤਾਂ ਫੇਰ ਹਮ = ਅਸੀਂ ਗੁਰੂ ਪਰਮੇਸ਼ਰ ਨੂੰ ਹੀ ਗੰਗਾ ਕੀਤਾ ਹੋਇਆ ਹੈ ਭਾਵ ਸਾਡੇ ਲਈ ਗੁਰੂ ਪਰਮੇਸ਼ਰ ਹੀ ਗੰਗਾ ਦੀ ਨਿਆਈਂ ਪਵਿੱਤਰ ਤੀਰਥ ਹੈ।

## ਤ੍ਰਿਭਵਣ ਤਾਰਣਹਾਰੁ ਸੁਆਮੀ; ਏਕੁ ਨ ਚੇਤਸਿ ਅੰਧਾਤਾ ॥੨॥

(**ਅੰਧਾ-ਤਾ** ਬੋਲੋ)

ਹੇ ਜੋਗੀ! ਜਿਹੜਾ ਸੁਆਮੀ = ਮਾਲਕ ਪਰਮੇਸ਼ਰ ਤ੍ਰਿਭਵਣ = ਤਿੰਨਾਂ ਲੋਕਾਂ ਵਿਚ ਤਾਰਣਹਾਰੁ = ਤਰਣ

---

੧. ਕੰਦ ਮੂਲਿ = ਕੰਦ = ਜਿਮੀਕੰਦ ਆਦਿ ਤੇ ਮੂਲਿ = ਮੂਲੀ ਗਾਜਰ ਆਦਿ ਜੋ ਧਰਤੀ ਦੇ ਵਿਚ ਪੈਦਾ ਹੁੰਦੇ ਹਨ **ਵਾ:** ਕੰਦ ਮੂਲ ਇਕ ਫਲ ਹੁੰਦਾ ਹੈ ਜੋ ਪਾਥੀ ਵਰਗੇ ਅਕਾਰ ਵਾਲਾ ਖੱਟੇ ਰੰਗ ਦਾ ਪਾਣੀ ਵਿਚ ਪੈਦਾ ਹੁੰਦਾ ਹੈ, ਜੇ ਉਸਨੂੰ ਖਾ ਲਈਏ ਤਾਂ ਛੇਤੀ ਭੁੱਖ ਨਹੀਂ ਲੱਗਦੀ।
**ਸੰਕੇਤੀ ਅਰਥ** : ਕੰਦ = ਜੋ ਟਾਹਣੀਆਂ ਨਾਲ ਫਲ ਲੱਗਦੇ ਹਨ ਉਸਨੂੰ ਕੰਦ ਸਮਝਣਾ, ਮੂਲ 'ਚੋਂ ਫੁੱਲ ਦਾ ਭਾਵ ਲੈਣਾ, ਇਉਂ ਕੰਦ ਮੂਲ ਦਾ ਸੰਕੇਤੀ ਅਰਥ ਫਲ ਫੁੱਲ ਹੀ ਹੈ।

ਵਾਲਾ ਹੈ, ਉਸ ਏਕ = ਅਕਾਲ ਪੁਰਖ ਨੂੰ ਚੇਤਸਿ = ਚੇਤੇ ਨਹੀਂ ਕਰਦਾ, ਜਿਸ ਕਰਕੇ ਤੂੰ ਪਰਮੇਸ਼ਰ ਦੇ ਗਿਆਨ ਵੱਲੋਂ ਅੰਧਾਤਾ = ਅੰਨ੍ਹਾ ਅਗਿਆਨੀ ਹੋ ਰਿਹਾ ਹੈਂ ॥੨॥

## ਕਰਿ ਪਟੰਬੁ ਗਲੀ ਮਨੁ ਲਾਵਸਿ; ਸੰਸਾ ਮੂਲਿ ਨ ਜਾਵਸਿਤਾ ॥

(**ਗੱਲੀ** ਅੱਧਕ ਸਹਿਤ ਬੋਲੋ)

ਹੇ ਜੋਗੀ ! ਪਟੰਬੁ = ਪਖੰਡ ਕਰਿ = ਕਰਕੇ ਗੱਲਾਂ (ਸੰਕਲਪਾਂ) ਵਿਚ ਆਪਣਾ ਮਨ ਲਾਵਸਿ = ਲਾਈ ਰੱਖਦਾ ਹੈਂ **ਵਾ:** ਲੋਕਾਂ ਦੇ ਮਨ ਨੂੰ ਗਿਆਨ ਦੀਆਂ ਗੱਲਾਂ ਸੁਣਾਉਣ ਵਿਚ ਲਾਈ ਰੱਖਦਾ ਹੈਂ ਇਉਂ ਕੇਵਲ ਗਿਆਨ ਦੀਆਂ ਗੱਲਾਂ ਕਰਨ ਨਾਲ ਮੂਲਿ = ਮੁੱਢ ਪ੍ਰਮਾਣ ਤੇ ਪ੍ਰਮੇਯਗਤ ਰਾਤ ਆਦਿ ਸੰਸਾ ਨਹੀਂ ਜਾਵਸਿਤਾ = ਜਾਵੇਗਾ **ਵਾ:** ਮੂਲ ਰੂਪ ਅਗਿਆਨ ਹਿਰਦੇ ਵਿੱਚੋਂ ਨ = ਨਹੀਂ ਜਾਵਸਿਤਾ = ਜਾਵੇਗਾ।

**[ਅੰਗ ੧੫੬]**

## ਏਕਸੁ ਚਰਣੀ ਜੇ ਚਿਤੁ ਲਾਵਹਿ; ਲਬਿ ਲੋਭਿ ਕੀ ਧਾਵਸਿਤਾ ॥੩॥

ਹੇ ਜੋਗੀ! ਏਕਸੁ = ਇਕ ਅਕਾਲ ਪੁਰਖ ਦੇ ਸਿਮਰਨ ਰੂਪੀ ਚਰਣੀ = ਚਰਨਾਂ ਵਿਚ ਚਿਤ ਨੂੰ ਲਾਵਹਿ = ਲਾਉਣਾ ਕਰ, ਤਾਂ ਫੇਰ ਤੇਰੇ ਮਨ ਵਿੱਚੋਂ ਪਦਾਰਥਾਂ ਦੇ ਖਾਣ ਦੇ ਲਬ ਜੋੜਣ ਦੇ ਲੋਭ = ਲਾਲਚ ਕੀ = ਦੀ ਅਵਸਥਾ ਧਾਵਸਿਤਾ = ਦੌੜ ਜਾਵੇਗੀ ॥੩॥

**ਸਾਖੀ—ਜਲਾਲੀ ਫ਼ਕੀਰ ਦੀ :** ਦਸਵੇਂ ਪਾਤਿਸ਼ਾਹ ਜੀ ਦੇ ਦਰਬਾਰ ਵਿਚ ਇਕ ਜਲਾਲੀ ਨਾਮੇ ਫ਼ਕੀਰ ਆਇਆ, ਉਸ ਦੇ ਸਿਰ ਦੀ ਟੋਪੀ ਵਿਚ ਇਕ ਘੱਟ ਨੱਬੇ ਮੋਹਰਾਂ ਸਨ, ਉਹ ਸਤਿਗੁਰਾਂ ਦੇ ਸਾਹਮਣੇ ਆ ਕੇ ਨੱਚਣ ਲੱਗ ਪਿਆ। ਕਲਗ਼ੀਧਰ ਪਾਤਿਸ਼ਾਹ ਭਾਈ ਆਲਮ ਸਿੰਘ ਜੀ ਨੂੰ ਕਹਿਣ ਲੱਗੇ ਕਿ ਇਹ ਕਿਉਂ ਨੱਚਦਾ ਹੈ। ਭਾਈ ਆਲਮ ਸਿੰਘ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਮੈਨੂੰ ਨਹੀਂ ਪਤਾ ਜੀ, ਕਿ ਕਿਉਂ ਨੱਚਦਾ ਹੈ। ਗੁਰੂ ਜੀ ਨੇ ਪੁੱਛਿਆ ਕਿ ਇਸ ਦਾ ਨਾਮ ਕੀ ਹੈ ? ਭਾਈ ਆਲਮ ਸਿੰਘ ਜੀ ਕਹਿੰਦੇ ਕਿ ਮਹਾਰਾਜ ਜੀ ਇਸ ਦਾ ਨਾਮ ਜਲਾਲੀ ਫ਼ਕੀਰ ਹੈ। ਸਤਿਗੁਰੂ ਜੀ ਕਹਿਣ ਲੱਗੇ ਕਿ ਇਹ ਜਲਾਲੀ ਨਹੀਂ ਪਲਾਲੀ ਹੈ, ਆਲਮ ਸਿੰਘ ਜੀ ਕਹਿਣ ਲੱਗੇ ਕਿ ਸਤਿਗੁਰੂ ਜੀ ਇਹ ਪਲਾਲੀ ਕਿਵੇਂ ਹੈ। ਮਹਾਰਾਜ ਜੀ ਕਹਿਣ ਲੱਗੇ ਕਿ ਇਸ ਨੇ ਆਪਣੀ ਟੋਪੀ ਵਿਚ ਇਕ ਘੱਟ ਨੱਬੇ ਮੋਹਰਾਂ ਰੱਖੀਆਂ ਹੋਈਆਂ ਹਨ। ਇਹ ਲਾਲਚ ਵਿਚ ਨੱਚ ਰਿਹਾ ਹੈ ਕਿ ਮੈਨੂੰ ਇਕ ਮੋਹਰ ਹੋਰ ਮਿਲ ਜਾਵੇ ਤਾਂ ਪੂਰੀਆਂ ਨੱਬੇ ਹੋ ਜਾਣ। ਭਾਈ ਆਲਮ ਸਿੰਘ ਜੀ ਕਹਿਣ ਲੱਗੇ ਕਿ ਕਿਵੇਂ ਪਤਾ ਚੱਲੇ ਕਿ ਇਸ ਕੋਲ ਇਕ ਘੱਟ ਨੱਬੇ ਮੋਹਰਾਂ ਹਨ। ਤਾਂ ਗੁਰੂ ਜੀ ਕਹਿਣ ਲੱਗੇ ਕਿ ਇਸ ਦੇ ਸਿਰ ਤੋਂ ਡੰਡੇ ਨਾਲ ਟੋਪੀ ਉਤਾਰ ਦੇ, ਤਾਂ ਸਾਰੀਆਂ ਮੋਹਰਾਂ ਖਿੰਡ ਜਾਣਗੀਆਂ। ਤਾਂ ਭਾਈ ਆਲਮ ਸਿੰਘ ਜੀ ਨੇ ਉਵੇਂ ਹੀ ਕੀਤਾ, ਡੰਡੇ ਨਾਲ ਉਸ ਦੀ ਟੋਪੀ ਸਿਰ ਤੋਂ ਉਤਾਰ ਦਿੱਤੀ ਤਾਂ ਸਾਰੀਆਂ ਮੋਹਰਾਂ ਖਿੰਡ ਗਈਆਂ। ਉਹ ਸ਼ਰਮਿੰਦਾ ਹੋ ਕੇ ਇਕੱਠੀਆਂ ਕਰਨ ਲੱਗ ਪਿਆ, ਤਾਂ ਮਹਾਰਾਜ ਜੀ ਉਸ ਫ਼ਕੀਰ ਨੂੰ ਕਹਿਣ ਲੱਗੇ ਕਿ "ਜਲਾਲੀ ਹੈ ਕਿ ਪਲਾਲੀ", ਤਾਂ ਅੱਗੋਂ ਫ਼ਕੀਰ ਜੀ ਬੋਲੇ, "ਕਹਾਉਂਦਾ ਤਾਂ ਜਲਾਲੀ ਸੀ, ਪਰ ਤੁਸੀਂ ਪਲਾਲੀ ਬਣਾ ਦਿੱਤਾ।" ਮਹਾਰਾਜ ਜੀ ਨੇ ਭਾਈ ਆਲਮ ਸਿੰਘ ਨੂੰ ਕਿਹਾ ਕਿ ਇਸ ਫ਼ਕੀਰ ਨੂੰ ਇਕ ਮੋਹਰ ਦੇ ਕੇ ਇਥੋਂ ਵਿਦਾ ਕਰ ਦੇਵੋ, ਨਹੀਂ ਤਾਂ ਇਸ ਦੇ ਮਨ ਵਿਚ ਹੋਰ ਲਾਲਚ ਵੱਧ ਜਾਵੇਗਾ ਕਿ ਜੇਕਰ ਇਕ ਹੋਰ ਮਿਲ ਜਾਵੇ ਤਾਂ ਇਕਾਨਵੇਂ ਹੋ ਜਾਣ, ਫਿਰ ਸੌ ਹੋ ਜਾਵੇ, ਇਸ ਦਾ ਲਾਲਚ ਵਧਦਾ ਜਾਵੇਗਾ।

ਇਉਂ ਮਨ ਲਾਲਚ ਵਿਚ ਅੱਗੇ ਅੱਗੇ ਦੌੜਦਾ ਰਹਿੰਦਾ ਹੈ, ਪਰ ਜੇਕਰ ਇਕ ਪਰਮੇਸ਼ਰ ਦੇ ਚਰਨਾਂ ਵਿਚ ਚਿਤ ਦੀ ਬਿਰਤੀ ਨੂੰ ਲਾਉਣਾ ਕਰੀਏ ਤਾਂ ਲਬ ਲੋਭ ਵਿਚ ਮਨ ਕੀ ਦੌੜੇਗਾ ਭਾਵ ਨਹੀਂ ਦੌੜੇਗਾ।

## ਜਪਸਿ ਨਿਰੰਜਨੁ; ਰਚਸਿ ਮਨਾ ॥
## ਕਾਹੇ ਬੋਲਹਿ ਜੋਗੀ; ਕਪਟੁ ਘਨਾ ॥੧॥ਰਹਾਉ॥

ਇਸ ਕਰਕੇ ਤੂੰ ਨਿਰੰਜਨੁ = ਸ਼ੁੱਧ ਸਰੂਪ ਪਰਮੇਸ਼ਰ ਦੇ ਨਾਮ ਨੂੰ ਜਪਸਿ = ਜਪ ਕੇ ਅਤੇ ਉਸ ਵਿਚ ਮਨਾ = ਮਨ ਨੂੰ ਰਚਸਿ = ਰਚਾਉਣਾ ਕਰ।

ਹੇ ਜੋਗੀ! ਤੂੰ ਘਨਾ = ਬਹੁਤੀਆਂ ਕਪਟੁ = ਛਲ ਵਾਲੀਆਂ ਗੱਲਾਂ ਕਾਹੇ = ਕਿਸ ਵਾਸਤੇ ਬੋਲਹਿ = ਬੋਲਦਾ ਹੈਂ ॥੧॥ਰਹਾਉ॥

## ਕਾਇਆ ਕਮਲੀ ਹੰਸੁ ਇਆਣਾ; ਮੇਰੀ ਮੇਰੀ ਕਰਤ ਬਿਹਾਣੀਤਾ ॥

ਕਾਇਆ = ਦੇਹ ਕਮਲੀ = ਝੱਲੀ ਭਾਵ ਜੜ੍ਹ ਹੈ ਅਤੇ ਹੰਸੁ = ਜੀਵ ਆਤਮਾ ਸਰੂਪ ਦੇ ਗਿਆਨ ਤੋਂ ਰਹਿਤ ਹੋਣ ਕਰਕੇ ਇਆਣਾ = ਅਣਜਾਣ ਹੈ, ਇਹ ਦੋਵੇਂ ਇੱਕੋ ਜਿਹੇ ਮਿਲ ਗਏ ਹਨ ਇਸ ਕਰਕੇ ਮੇਰੀ ਜਮੀਨ, ਮੇਰੀ ਜੋਰੂ, ਮੇਰੀ ਮਾਇਆ ਇਉਂ ਕਰਤ = ਕਰਦਿਆਂ ਹੋਇਆ ਹੀ ਸਾਰੀ ਉਮਰ ਬਿਹਾਣੀਤਾ = ਬਤੀਤ ਹੋ ਜਾਂਦੀ ਹੈ।

## ਪ੍ਰਣਵਤਿ ਨਾਨਕੁ ਨਾਗੀ ਦਾਝੈ; ਫਿਰਿ ਪਾਛੈ ਪਛੁਤਾਣੀਤਾ ॥੪॥੩॥੧੫॥

ਸਤਿਗੁਰੂ ਸਾਹਿਬ ਜੀ ਬੇਨਤੀ ਪੂਰਬਕ ਪ੍ਰਣਵਤਿ = ਕਥਨ ਕਰਦੇ ਹਨ, ਹੇ ਜੋਗੀ! ਜਦ ਦੇਹ ਕਾਮ ਕ੍ਰੋਧਾਦਿ ਨਾਗੀ = ਸੱਪਾਂ ਦੀ ਜ਼ਹਿਰ ਨਾਲ ਦਾਝੈ = ਸੜਦੀ ਹੈ **ਵਾ:** ਜਦ ਦੇਹ ਚਿਖਾ ਵਿਚ ਨਾਗੀ = ਨੰਗੀ ਦਾਝੈ = ਸੜਦੀ ਹੈ ਤਾਂ ਫੇਰ ਪਾਛੈ = ਪਿੱਛੇ ਜੀਵ ਆਤਮਾ ਦੇਹ ਨੂੰ ਸੜਦਿਆਂ ਵੇਖ ਕੇ ਪਛੁਤਾਣੀਤਾ = ਪਛਤਾਉਂਦਾ ਹੈ ॥੪॥੩॥੧੫॥

## ਗਉੜੀ ਚੇਤੀ, ਮਹਲਾ ੧ ॥

**ਉਥਾਨਕਾ :** ਫੇਰ ਜੋਗੀ ਕਹਿਣ ਲੱਗਾ ਕਿ ਮਹਾਰਾਜ ਜੀ ਮੈਂ ਤਾਂ ਦਵਾਈਆਂ ਬਣਾਉਣੀਆਂ ਜਾਣਦਾ ਹਾਂ। ਤੁਸੀਂ ਵੀ ਆਪਣੇ ਸਿੱਖਾਂ ਨੂੰ ਦਵਾਈਆਂ ਬਣਾਉਣੀਆਂ ਸਿਖਾਇਆ ਕਰੋ। ਇਹ ਸੁਣ ਕੇ ਗੁਰੂ ਜੀ ਨੇ ਕਿਹਾ ਕਿ ਹੇ ਜੋਗੀ! ਤੂੰ ਕੀ ਕੀ ਜਾਣਦਾ ਹੈਂ। ਜੋਗੀ ਕਹਿਣ ਲੱਗਾ ਕਿ ਮੈਂ ਸੱਪਾਂ ਨੂੰ ਵੱਸ ਕਰਨ ਦਾ ਮੰਤ੍ਰ ਜਾਣਦਾ ਹਾਂ, ਇਕ ਮੂਲ ਜੜ੍ਹੀਆਂ ਬੂਟੀਆਂ ਜਾਣਦਾ ਹਾਂ, ਜੋ ਘਸਾ ਕੇ ਲਗਾਈਆਂ ਜਾਂਦੀਆਂ ਹਨ, ਇਕ ਪਿਲਾਉਣ ਵਾਲੀਆਂ ਦਵਾਈਆਂ ਜਾਣਦਾ ਹਾਂ ਅਤੇ ਮੇਰੇ ਕੋਲ ਜ਼ਹਿਰ ਚੂਸਣ ਵਾਲੇ ਮਣਕੇ ਵੀ ਹਨ। ਇਹ ਸੁਣ ਕੇ ਗੁਰੂ ਜੀ ਕਹਿਣ ਲੱਗੇ ਕਿ ਹੇ ਜੋਗੀ!

## ਅਉਖਧ ਮੰਤ੍ਰ ਮੂਲੁ, ਮਨ ਏਕੈ; ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥

ਹੇ ਭਾਈ! ਪ੍ਰਤੱਖ ਤਾਪ ਆਦਿਕ ਰੋਗ **ਵਾ:** ਅਗਿਆਨ, ਜੰਮਣ ਮਰਣ ਰੂਪੀ ਰੋਗ ਦੇ ਨਵਿਰਤ ਕਰਨ ਲਈ ਏਕੈ = ਇਕ ਪਰਮੇਸ਼ਰ ਦਾ ਨਾਮ ਹੀ ਪਿਲਾਉਣ ਵਾਲੀ ਅਉਖਧ = ਦਵਾਈ ਹੈ।

ਪ੍ਰਤੱਖ ਸੱਪਾਂ ਦੀ ਜ਼ਹਿਰ **ਵਾ:** ਕਾਮ ਆਦਿਕ ਸੱਪਾਂ ਦੀ ਵਿਸ਼ਿਆਂ ਰੂਪੀ ਜ਼ਹਿਰ ਨੂੰ ਨਵਿਰਤ ਕਰਨ ਲਈ ਪਰਮੇਸ਼ਰ ਦਾ ਨਾਮ ਰੂਪੀ ਮੰਤ੍ਰ ਹੈ।

ਪ੍ਰਤੱਖ ਜ਼ਖਮਾਂ ਨੂੰ ਮੇਟਣ ਵਾਸਤੇ **ਵਾ:** ਰਾਗ ਦਵੈਸ਼ ਰੂਪੀ ਜਖ਼ਮਾਂ ਨੂੰ ਮੇਟਣ ਵਾਸਤੇ ਇਕ ਪਰਮੇਸ਼ਰ ਦਾ ਨਾਮ ਮੂਲੁ = ਜੜ੍ਹੀ ਬੂਟੀ ਦੀ ਤਰ੍ਹਾਂ ਹੈ।

ਪ੍ਰਤੱਖ ਸੱਪਾਂ ਦੀ ਜ਼ਹਿਰ ਚੂਸਣ ਵਾਸਤੇ **ਵਾ:** ਸ਼ਬਦ, ਸਪਰਸ਼, ਰੂਪ, ਰਸ ਗੰਧ ਆਦਿ ਵਿਸ਼ਿਆਂ ਰੂਪੀ

ਜ਼ਹਿਰ ਨੂੰ ਚੂਸਣ ਵਾਸਤੇ ਸ਼੍ਰੋਮਣੀ ਪਰਮੇਸ਼ਰ ਦਾ ਨਾਮ ਹੀ ਮਨ = ਮਣਕਾ ਰੂਪ ਹੈ, ਇਸ ਲਈ ਰੇ = ਹੇ ਜੋਗੀ ! ਜੇਕਰ ਤੂੰ ਚਿੱਤ ਨੂੰ ਦ੍ਰਿੜੁ = ਪ੍ਰਪੱਕ ਕਰਨਾ ਕੀਜੈ = ਕਰੇਂ ਤਾਂ ਤੈਨੂੰ ਇਹ ਨਾਮ ਰੂਪੀ ਦਵਾਈ, ਮੰਤਰ, ਜੜੀ ਬੂਟੀ ਤੇ ਮਣਕਾ ਆਦਿ ਦੀ ਦਾਤ ਪ੍ਰਾਪਤ ਹੋ ਜਾਵੇਗੀ।

## ਜਨਮ ਜਨਮ ਕੇ ਪਾਪ ਕਰਮ ਕੇ; ਕਾਟਨਹਾਰਾ ਲੀਜੈ ਰੇ ॥੧॥

ਰੇ = ਹੇ ਜੋਗੀ ! ਜਨਮ ਜਨਮ = ਜਨਮਾਂ ਜਨਮਾਂਤਰਾਂ ਕੇ = ਦੇ ਪਾਪ = ਮੰਦ ਕਰਮਾਂ ਕੇ = ਦੇ ਕਾਟਨਹਾਰਾ = ਕੱਟਣ ਵਾਲੇ ਪਰਮੇਸ਼ਰ ਦਾ ਨਾਮ ਗੁਰਾਂ ਪਾਸੋਂ ਲੀਜੈ = ਲੈਣ ਕਰ ॥੧॥

## ਮਨ; ਏਕੋ ਸਾਹਿਬੁ, ਭਾਈ ਰੇ ॥

ਰੇ = ਹੇ ਭਾਈ ! ਤੂੰ ਮਨ = ਹਿਰਦੇ ਵਿਚ ਏਕੋ = ਇਕ ਸਾਹਿਬੁ = ਮਾਲਕ ਪਰਮੇਸ਼ਰ ਦੇ ਨਾਮ ਨੂੰ ਵਸਾਉਣਾ ਕਰ **ਵਾ:** ਸਾਰਿਆਂ ਦੇ ਮਨ = ਹਿਰਦੇ ਵਿਚ ਏਕੋ = ਇਕ ਭਾਈ = ਭਾਵਨ ਰੂਪ ਸਾਹਿਬੁ = ਪਰਮੇਸ਼ਰ ਹੀ ਹੈ **ਵਾ:** ਜਿਨ੍ਹਾਂ ਨੂੰ ਪਰਮੇਸ਼ਰ ਦੀ ਪ੍ਰੇਮਾ-ਭਗਤੀ ਕਰਨੀਂ ਭਾਈ = ਭਾਅ ਗਈ ਹੈ ਉਹ ਪਰਮੇਸ਼ਰ ਵਿਚ ਅਭੇਦ ਹੋ ਗਏ ਹਨ।

## ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ; ਅਲਖੁ ਨ ਲਖਣਾ ਜਾਈ ਰੇ ॥੧॥ਰਹਾਉ॥

ਤੇਰੇ ਤੀਨਿ = ਤਿੰਨਾਂ ਗੁਣਾਂ ਵਿਚ ਪਰਵਿਰਤ ਸਰੀਰਕ ਇੰਦਰੇ ਸੰਸਾਰਿ = ਜਗਤ ਦੇ ਮੋਹ ਵਿਚ ਹੀ ਸਮਾਵਹਿ = ਸਮਾ ਰਹੇ ਹਨ, ਖਚਤ ਹੋ ਰਹੇ ਹਨ **ਵਾ:** ਤੇਰੇ ਤੀਨਿ = ਤਿੰਨ ਇੰਦਰੇ ਕੰਨ, ਨੇਤਰ ਤੇ ਰਸਨਾ[੧] ਰਾਤ ਦਿਨੇ ਗੁਣਾ = ਵਿਸ਼ਿਆਂ ਦੇ ਵਿਚ ਲੱਗ ਕੇ ਤ੍ਰਿਗੁਣੀ ਸੰਸਾਰ ਵਿਚ ਸਮਾ ਰਹੇ ਹਨ **ਵਾ:** ਤੇਰੇ ਮਨ, ਬਾਣੀ, ਸਰੀਰ ਸੰਸਾਰ ਤੇ ਤਿੰਨ ਗੁਣਾਂ ਰਾਜਸੀ, ਤਾਮਸੀ, ਸਾਤਕੀ ਦੇ ਸੁਭਾਅ ਵਿਚ ਸਮਾਏ ਰਹਿੰਦੇ ਹਨ, ਇਸ ਕਰਕੇ ਰੇ = ਹੇ ਭਾਈ ! ਤੇਰੇ ਪਾਸੋਂ ਅਲਖੁ = ਲੱਖਣ ਤੋਂ ਰਹਿਤ ਪਰਮੇਸ਼ਰ ਦਾ ਸਰੂਪ ਲਖਣਾ = ਜਾਣਿਆ ਨ = ਨਹੀਂ ਜਾਈ = ਜਾ ਸਕਦਾ ॥੧॥ਰਹਾਉ॥

## ਸਕਰ ਖੰਡੁ, ਮਾਇਆ ਤਨਿ ਮੀਠੀ; ਹਮ ਤਉ ਪੰਡ ਉਚਾਈ ਰੇ ॥

ਸ਼ੱਕਰ ਤੇ ਖੰਡ ਆਦਿ ਮਿੱਠੇ ਪਦਾਰਥਾਂ ਨਾਲੋਂ ਵੀ ਮਾਇਆ ਇਸ ਤਨਿ = ਸਰੀਰ ਵਿਚ ਮੀਠੀ = ਮਿੱਠੀ, ਪਿਆਰੀ ਲੱਗਦੀ ਹੈ। ਇਸ ਕਰਕੇ ਹਮ = ਅਸੀਂ ਤਉ = ਤੁਸੀਂ ਇਉਂ ਸਾਰਿਆਂ ਨੇ ਮਾਇਆ ਦੀ ਵਾਸ਼ਨਾ ਰੂਪ ਪੰਡ ਚੁੱਕੀ ਹੋਈ ਹੈ **ਵਾ:** ਦਿਲ ਦੇ ਅੰਦਰ ਜਿਹੜੀਆਂ ਆਸਾਂ ਲਾਈਆਂ ਹਨ, ਇਹ ਪੰਡਾਂ ਬੰਨ੍ਹੀਆਂ ਹਨ, ਇਸ ਕਰਕੇ ਹਮ ਤਉ = ਤਮਾਮ ਜੀਵਾਂ ਨੇ ਆਸਾ ਰੂਪ ਪੰਡ ਉਚਾਈ = ਚੁੱਕੀ ਹੋਈ ਹੈ **ਵਾ:** ਸਾਰਿਆਂ ਜੀਆਂ ਨੇ ਮਾਇਆ ਦੀ ਇੱਛਾ ਰੂਪ ਪੰਡ ਅੰਤਹਕਰਣ ਰੂਪੀ ਸਿਰ 'ਤੇ ਉਚਾਈ = ਚੁੱਕੀ ਹੋਈ ਹੈ।

## ਰਾਤਿ ਅਨੇਰੀ ਸੂਝਸਿ ਨਾਹੀ; ਲਜੁ ਟੂਕਸਿ ਮੂਸਾ, ਭਾਈ ਰੇ ॥੨॥

(**ਲੱਜ** ਬੋਲੋ)

ਰੇ = ਹੇ ਭਾਈ ! ਜਿਵੇਂ ਕੋਈ ਅੰਨ੍ਹਾ ਪੁਰਖ ਅੰਧੇਰੀ ਰਾਤ ਵਿਚ ਪੰਡ ਚੁੱਕ ਕੇ ਤੁਰ ਪਏ, ਦਿੱਸਦਾ ਕੁਝ ਨਾ ਹੋਵੇ। ਰਸਤੇ ਦੇ ਇਕ ਪਾਸੇ ਇਕ ਡੂੰਘੀ ਖਾਈ ਤੋਂ ਬਚਾ ਵਾਸਤੇ ਸਹਾਰੇ ਲਈ ਇਕ ਲੱਜ ਬੰਨ੍ਹੀ ਹੋਈ ਹੋਵੇ ਜਿਸ ਨੂੰ ਫੜ ਕੇ ਅੰਨ੍ਹਾ ਪੁਰਖ ਤੁਰਦਾ ਹੋਵੇ, ਪਰ ਜੇਕਰ ਚੂਹਾ ਉਸ ਲੱਜ ਨੂੰ ਟੁਕ ਦੇਵੇ ਤਾਂ ਫੇਰ ਉਹ ਪੁਰਖ ਖਾਈ ਵਿਚ ਡਿੱਗ ਪੈਂਦਾ ਹੈ।

---

੧. ਨੇਤਰ ਪਰਾਏ ਰੂਪ ਦੇਖਣ ਵਿਚ, ਰਸਨਾ ਸਵਾਦ ਚੱਖਣ ਵਿਚ, ਕੰਨ ਉਸਤਤ ਸੁਣਨ ਵਾਸਤੇ ਲੱਗੇ ਰਹਿੰਦੇ ਹਨ।

ਇਸੇ ਪ੍ਰਕਾਰ ਅਵਿੱਦਿਆ ਰੂਪੀ ਹਨੇਰੀ ਰਾਤ ਦੇ ਵਿਚ ਮਨ ਬੁੱਧ ਰੂਪ ਨੇਤਰਾਂ ਵਿਚ ਵਿਚਾਰ ਰੂਪੀ ਨਿਗ੍ਹਾ ਤੋਂ ਹੀਣੇ ਅਗਿਆਨੀ ਪੁਰਖ ਨੂੰ ਕੁਝ ਸ੍ਵੈ ਸਰੂਪ ਨਹੀਂ ਸੂਝਸਿ = ਦਿੱਸਦਾ ਉਸ ਦੀ ਉਮਰ ਪ੍ਰਾਣਾਂ ਰੂਪੀ ਲਜੁ = ਰੱਸੀ ਨੂੰ ਕਾਲ ਰੂਪੀ ਚੂਹਾ ਟੂਕਸਿ = ਟੁੱਕੀ ਜਾ ਰਿਹਾ ਹੈ, ਜਿਸ ਕਰਕੇ ਜੀਵ ਨਰਕਾਂ ਰੂਪੀ ਡੂੰਘੀ ਖਾਈ ਵਿਚ ਡਿੱਗ ਪੈਂਦਾ ਹੈ॥੨॥

## ਮਨਮੁਖਿ ਕਰਹਿ, ਤੇਤਾ ਦੂਖੁ ਲਾਗੈ; ਗੁਰਮੁਖਿ ਮਿਲੈ ਵਡਾਈ ਰੇ॥

ਰੇ = ਹੇ ਭਾਈ! ਮਨਮੁਖ ਜੀਵ ਜਿਤਨਾ ਵੀ ਮੰਦ ਕਰਮ ਕਰਹਿ = ਕਰਦੇ ਹਨ ਉਨ੍ਹਾਂ ਨੂੰ ਤੇਤਾ = ਉਤਨਾ ਹੀ ਦੁਖ = ਕਸ਼ਟ ਲਾਗੈ = ਲੱਗਦਾ ਹੈ ਅਤੇ ਗੁਰਮੁਖ ਜਨਾਂ ਨੂੰ ਨਾਮ ਜਪਣੇ ਕਰਕੇ ਪਰਮੇਸ਼ਰ ਦੇ ਘਰੋਂ ਸਰੂਪ ਵਿਚ ਅਭੇਦ ਹੋਣ ਰੂਪ ਵਡਾਈ = ਵਡਿਆਈ ਮਿਲੈ = ਮਿਲਦੀ ਹੈ।

## ਜੋ ਤਿਨਿ ਕੀਆ, ਸੋਈ ਹੋਆ; ਕਿਰਤੁ ਨ ਮੇਟਿਆ ਜਾਈ ਰੇ॥੩॥

ਰੇ = ਹੇ ਭਾਈ! ਜੋ ਕੁਝ ਤਿਨਿ = ਉਸ ਪਰਮੇਸ਼ਰ ਨੇ ਕੀਆ = ਕੀਤਾ ਹੈ ਸੋਈ = ਉਹੋ ਹੀ ਹੋਆ = ਹੁੰਦਾ ਹੈ **ਵਾ:** ਜੋ ਤਿਨਿ = ਤਿਨ੍ਹਾਂ ਜੀਵਾਂ ਨੇ ਚੰਗਾ ਮੰਦਾ ਕਰਮ ਕੀਤਾ ਹੈ, ਸੋਈ = ਉਹੋ ਜਿਹਾ ਹੀ ਫਲ ਪ੍ਰਾਪਤ ਹੁੰਦਾ ਹੈ ਇਉਂ ਜੀਵਾਂ ਦਾ ਕਿਰਤੁ = ਕੀਤੇ ਹੋਏ ਕਰਮ ਦਾ ਫਲ ਕਿਸੇ ਕੋਲੋਂ ਮੇਟਿਆ ਨਹੀਂ ਜਾਈ = ਜਾ ਸਕਦਾ॥੩॥ ਜੈਸਾ ਕਿ :

**ਅਵੱਸਮੇਯ ਮੇਵ ਭੋਕਤ ਬਯੰ ਕ੍ਰਿਤਮ ਕਰਮ ਸੁਭਾ ਸੁਭੰ।**
**ਨਾ ਭੁਕਤੰ ਖੀਯਤੇ ਕਰਮ ਕਲਪ ਕੋਟਿ ਸਤਈ; ਅਪਿ।**

## ਸੁਭਰ ਭਰੇ ਨ ਹੋਵਹਿ ਊਣੇ; ਜੋ ਰਾਤੇ ਰੰਗੁ ਲਾਈ ਰੇ॥

ਰੇ = ਹੇ ਭਾਈ! ਜੋ = ਜਿਹੜੇ ਪਰਮੇਸ਼ਰ ਵਿਚ ਰੰਗੁ = ਪ੍ਰੇਮ ਲਾਈ = ਲਾ ਕੇ ਰਾਤੇ = ਮਸਤ ਹੋਏ ਹਨ **ਵਾ:** ਜੋ ਨਾਮ ਰੰਗ ਵਿਚ ਰਾਤੇ = ਰੱਤੇ ਹੋਏ ਪਰਮੇਸ਼ਰ ਨਾਲ ਬਿਰਤੀ ਲਾਈ ਰੱਖਦੇ ਹਨ, ਉਹ ਆਤਮਾਨੰਦ ਰੂਪੀ ਜਲ ਨਾਲ ਸੁਭਰ = ਲਬਾਲਬ ਭਰੇ ਹੋਏ ਕਦੇ ਵੀ ਊਣੇ = ਖਾਲੀ ਨ = ਨਹੀਂ ਹੋਵਹਿ = ਹੁੰਦੇ।

## ਤਿਨ ਕੀ ਪੰਕ ਹੋਵੈ ਜੇ ਨਾਨਕੁ; ਤਉ ਮੂੜਾ ਕਿਛੁ ਪਾਈ ਰੇ॥੪॥੪॥੧੬॥

ਗੁਰੂ ਜੀ ਕਥਨ ਕਰਦੇ ਹਨ ਕਿ ਰੇ = ਹੇ ਭਾਈ! ਜੇ ਤਿਨ = ਉਨ੍ਹਾਂ ਗੁਰਮੁਖ ਜਨਾਂ ਦੇ ਚਰਨਾਂ ਦੀ ਪੰਕ = ਧੂੜ ਹੋਵੇ = ਹੋ ਜਾਵੇ ਤਉ = ਤਾਂ ਇਹ ਮੂੜਾ = ਮੂਰਖ ਜੀਵ ਕਿਛੁ = ਕੁਝ ਗਿਆਨ, ਭਗਤੀ ਆਦਿਕ ਦਾ ਲਾਭ, ਅਨੰਦ ਪਾਈ = ਪ੍ਰਾਪਤ ਕਰ ਸਕਦਾ ਹੈ॥੪॥੪॥੧੬॥

ਇਹ ਸੁਣ ਕੇ ਜੋਗੀ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਢਹਿ ਪਿਆ ਤੇ ਗੁਰੂ ਸਾਹਿਬ ਜੀ ਦਾ ਸਿੱਖ ਬਣ ਗਿਆ। ਇਸ ਪ੍ਰਕਾਰ ਬਾਣੀ ਦੁਆਰਾ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਕਰਤਾਰਪੁਰ ਸਾਹਿਬ ਵਿਚ ਜੋਗੀ ਨੂੰ ਨਿਹਾਲ ਕੀਤਾ।

## ਗਉੜੀ ਚੇਤੀ, ਮਹਲਾ ੧॥

**ਉਥਾਨਕਾ :** ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਚ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਚਰਨਾਂ ਵਿਚ ਇਕ ਦਾਸਾ ਭੱਟ ਨਾਮੀ ਸਿੱਖ ਰਹਿੰਦਾ ਸੀ। ਇਕ ਦਿਨ ਗੁਰੂ ਜੀ ਵਣ ਦੇ ਹੇਠਾਂ ਬੈਠੇ ਹੱਸ ਪਏ। ਕੋਲ ਬੈਠੇ ਦਾਸੇ ਭੱਟ ਨੇ ਗੁਰੂ ਜੀ ਨੂੰ ਹੱਸਣ ਦਾ ਕਾਰਨ ਪੁੱਛਿਆ। ਗੁਰੂ ਜੀ ਕਹਿਣ ਲੱਗੇ ਕਿ ਦਾਸਿਆ! ਚਿੜੀ ਕੀ ਬੋਲਦੀ ਹੈ। ਉਸ ਨੇ ਕਿਹਾ ਕਿ ਮਹਾਰਾਜ ਮੈਨੂੰ ਤਾਂ ਪਤਾ ਨਹੀਂ ਕੀ ਬੋਲਦੀ ਹੈ। ਇਹ ਜਾਨਵਰਾਂ

ਦੇ ਬੋਲਣ ਦਾ ਗਿਆਨ ਤਾਂ ਆਪ ਜੀ ਨੂੰ ਹੀ ਹੈ, ਤੁਸੀਂ ਹੀ ਜਾਣਦੇ ਹੋ। ਗੁਰੂ ਜੀ ਕਹਿਣ ਲੱਗੇ ਕਿ ਇਹ ਕਹਿੰਦੀ ਹੈ ਕਿ ਦਾਸਿਆ ਤੇਰੀ ਮਾਂ ਮਰ ਗਈ ਹੈ। ਇਹ ਸੁਣ ਕੇ ਦਾਸਾ ਰੋਣ ਲੱਗ ਪਿਆ। ਕਹਿਣ ਲੱਗਾ ਕਿ ਮਹਾਰਾਜ ਜੀ ਮੇਰੀ ਮਾਂ ਤਾਂ ਮੈਨੂੰ ਬਹੁਤ ਪਿਆਰੀ ਸੀ। ਜੇਕਰ ਉਹ ਮਰ ਗਈ ਹੈ ਤਾਂ ਕਿਰਪਾ ਕਰਕੇ ਉਸ ਦੀ ਰੂਹ ਨੂੰ ਬੁਲਾ ਕੇ ਮੈਨੂੰ ਦਰਸ਼ਨ ਕਰਾਉ। ਗੁਰੂ ਸਾਹਿਬ ਜੀ ਨੇ ਦਾਸੇ ਭੱਟ ਦੀ ਮਾਂ ਦੀ ਰੂਹ ਨੂੰ ਬੁਲਾ ਕੇ ਉਸ ਨੂੰ ਦਰਸ਼ਨ ਕਰਵਾਏ। ਜਿਸ ਸਮੇਂ ਉਸ ਦੀ ਮਾਤਾ ਸਾਹਮਣੇ ਆ ਗਈ ਤਾਂ ਦਾਸਾ ਮੋਹ ਵੱਸ ਹੋ ਕੇ ਚਿੰਬੜਨ ਲੱਗਾ, ਉਸ ਦੀ ਰੂਹ ਹੱਥ ਵਿਚ ਨਾ ਆਵੇ।

ਜਦੋਂ ਹੱਥ ਵਿਚ ਨਾ ਆਈ ਤਾਂ ਕਹਿਣ ਲੱਗਾ ਕਿ ਮਹਾਰਾਜ ਮੇਰੀ ਮਾਂ ਦਿਸੀ ਤਾਂ ਜਾਂਦੀ ਹੈ ਪਰ ਹੱਥ ਵਿਚ ਕਿਉਂ ਨਹੀਂ ਆਉਂਦੀ। ਗੁਰੂ ਜੀ ਨੇ ਕਿਹਾ ਕਿ ਉਹ ਜੋ ਪੰਜਾਂ ਤੱਤਾਂ ਦਾ ਤੇਰੀ ਮਾਂ ਦਾ ਸਰੀਰ ਸੀ, ਉਹ ਤਾਂ ਮਿੱਟੀ ਦਾ ਸਰੀਰ ਉਥੇ ਹੀ ਛੱਡ ਆਈ ਹੈ, ਇਹ ਤਾਂ ਹੁਣ ਸਿਰਫ਼ ਰੂਹ ਹੀ ਹੈ ਜੋ ਤੈਨੂੰ ਆਕਾਰ ਬਣ ਕੇ ਦਿੱਸ ਰਹੀ ਹੈ। ਤਾਂ ਦਾਸੇ ਭੱਟ ਨੇ ਮਹਾਰਾਜ ਜੀ ਨੂੰ ਕਿਹਾ ਕਿ ਮੇਰਾ ਮੋਹ ਨਹੀਂ ਟੁੱਟ ਰਿਹਾ। ਕਿਰਪਾ ਕਰਕੇ ਮੇਰੇ ਅੰਦਰੋਂ ਮੋਹ ਦੀ ਨਵਿਰਤੀ ਕਰੋ। ਤਾਂ ਗੁਰੂ ਸਾਹਿਬ ਜੀ ਨੇ ਦਾਸੇ ਭੱਟ ਨੂੰ ਉਪਦੇਸ਼ ਦਿੰਦਿਆਂ ਇਹ ਸ਼ਬਦ ਉਚਾਰਨ ਕੀਤਾ :

## ਕਤ ਕੀ ਮਾਈ ਬਾਪੁ ਕਤ ਕੇਰਾ; ਕਿਦੂ ਥਾਵਹੁ ਹਮ ਆਏ ॥

(**ਕਤ** ਪੋਲਾ ਬੋਲੋ)

ਹੇ ਭਾਈ! ਤੂੰ ਚੇਤੇ ਕਰ ਕਿ ਕਤ = ਕਦੋਂ ਕੀ = ਦੀ ਤੇਰੀ ਇਹ ਮਾਈ = ਮਾਂ ਹੈ ਅਤੇ ਕਤ = ਕਦੋਂ ਕੇਰਾ = ਦਾ ਤੇਰਾ ਬਾਪੁ = ਪਿਤਾ ਹੈ। ਤੂੰ ਵਿਚਾਰ ਕਰ ਕਿ ਇਸ ਦੁਨੀਆਂ ਵਿਚ ਅਸੀਂ ਕਿਦੂ = ਕਿਹੜੀ ਥਾਵਹੁ = ਜਗ੍ਹਾ ਤੋਂ ਆਏ ਹਾਂ। ਅਰਥਾਤ ਸਾਨੂੰ ਆਪਣੇ ਜਨਮਾਂ ਦੀ ਗਿਣਤੀ ਦਾ ਹੀ ਪਤਾ ਨਹੀਂ ਕਿ ਕਿਤਨੀਆਂ ਕੁ ਮਾਵਾਂ ਤੇ ਕਿਤਨੇ ਕੁ ਬਾਪ ਹੋ ਚੁੱਕੇ ਹਨ। ਅਸੀਂ ਕਿਹੜੀ ਜਗ੍ਹਾ ਵਿਚ, ਕਿਹੜੇ ਜਨਮ ਵਿਚ, ਕਿਤਨੀ ਕੁ ਵਾਰ ਆਏ ਹਾਂ, ਇਉਂ ਕਿਤਨੀਆਂ ਕੁ ਮਾਵਾਂ ਅਤੇ ਕਿਤਨੇ ਕੁ ਬਾਪ ਗਿਣੀਏ ਜੋ ਕਿਤਨੇ ਜਨਮਾਂ ਵਿਚ ਹੋਏ ਹਨ। ਇਸ ਪ੍ਰਕਾਰ ਕਿਹੜੀਆਂ ਥਾਵਾਂ ਤੇ ਕਿਹੜੀਆਂ ਜੂਨਾਂ ਵਿੱਚੋਂ ਅਸੀਂ ਫਿਰਦੇ ਹੋਏ ਆਏ ਹਾਂ। ਉਹ ਅਣਗਿਣਤ ਹੀ ਹਨ।

## ਅਗਨਿ ਬਿੰਬ ਜਲ ਭੀਤਰਿ ਨਿਪਜੇ; ਕਾਹੇ ਕੰਮਿ ਉਪਾਏ ॥੧॥

ਮਾਤਾ ਦੀ ਜਠਰ ਅਗਨਿ = ਅਗਨੀ ਤੇ ਪਿਤਾ ਦੇ ਬਿੰਦ ਰੂਪੀ ਜਲ ਦੀ ਬਿੰਬ = ਬੂੰਦ ਭੀਤਰਿ = ਵਿੱਚੋਂ ਅਸੀਂ ਜੀਵ ਨਿਪਜੇ = ਪੈਦਾ ਹੋਏ ਹਾਂ **ਵਾ:** ਅਗਨੀ ਤੇ ਜਲ ਆਦਿਕ ਪੰਜਾਂ ਤੱਤਾਂ ਕਰਕੇ ਬੂੰਦ ਰੂਪ ਵਿਚ ਪੈਦਾ ਹੋਏ ਹਾਂ ਅਸੀਂ ਪਰਮੇਸ਼ਰ ਨੇ ਕਾਹੇ = ਕਿਸ ਕੰਮਿ = ਕਾਰਜ ਵਾਸਤੇ ਉਪਾਏ = ਪੈਦਾ ਕੀਤੇ ਸੀ ਪਰ ਅਸੀਂ ਪੈਦਾ ਹੋ ਕੇ ਕੀ ਕੀਤਾ ? ਭਾਵ ਭਗਤੀ ਵਾਲੇ ਕਾਰਜਾਂ ਤੋਂ ਉਲਟੇ ਹੀ ਕੰਮ ਕੀਤੇ ਹਨ **ਅਥਵਾ** ਜਿਵੇਂ ਅਗਨਿ = ਅੱਗ ਦੇ ਚੰਗਿਆੜੇ ਅੱਗ 'ਚੋਂ ਪੈਦਾ ਹੋ ਕੇ ਅੱਗ ਤੋਂ ਵੱਖਰੇ ਦਿੱਸਦੇ ਹਨ ਤੇ ਪਾਣੀ ਦੇ ਬਿੰਬ = ਬੁਲਬੁਲੇ ਪਾਣੀ ਵਿੱਚੋਂ ਪੈਦਾ ਹੋ ਕੇ ਵੱਖਰੇ ਦਿੱਸਦੇ ਹਨ ਇਸੇ ਪ੍ਰਕਾਰ ਅੱਗ ਦੀ ਨਿਆਈਂ ਪ੍ਰਕਾਸ਼ ਰੂਪ ਬ੍ਰਹਮ ਵਿੱਚੋਂ ਜੀਵ ਰੂਪੀ ਚੰਗਿਆੜੇ ਪੈਦਾ ਹੋ ਕੇ ਵੱਖਰੇ ਦਿੱਸਦੇ ਹਨ ਤੇ ਬ੍ਰਹਮ ਰੂਪ ਜਲ ਵਿੱਚੋਂ ਜੀਵ ਰੂਪ ਬੁਲਬੁਲੇ ਪੈਦਾ ਹੋ ਕੇ ਵੱਖਰੇ ਦਿੱਸਦੇ ਹਨ, ਚੇਤਨ ਬ੍ਰਹਮ ਨੇ ਇਹ ਕਿਸ ਕੰਮ ਵਾਸਤੇ ਪੈਦਾ ਕੀਤੇ ਸਨ, ਪਰ ਇਨ੍ਹਾਂ ਨੇ ਪੈਦਾ ਹੋ ਕੇ ਕੀ ਕੰਮ ਕੀਤੇ ਹਨ ॥੧॥

ਅੱਗੇ ਸਤਿਗੁਰੂ ਜੀ ਬੇਨਤੀ ਕਰਨ ਦਾ ਢੰਗ ਦੱਸਦੇ ਹਨ :

## ਮੇਰੇ ਸਾਹਿਬਾ; ਕਉਣੁ ਜਾਣੈ ਗੁਣ ਤੇਰੇ ॥

ਹੇ ਮੇਰੇ ਸਾਹਿਬਾ = ਮਾਲਕਾ ! ਤੇਰੇ ਗੁਣ = ਉਪਕਾਰਾਂ ਨੂੰ ਕੌਣ ਜਾਣੈ = ਜਾਣ ਸਕਦਾ ਹੈ, ਭਾਵ ਕੋਈ ਨਹੀਂ ਜਾਣ ਸਕਦਾ।

## ਕਹੇ ਨ ਜਾਨੀ; ਅਉਗਣ ਮੇਰੇ ॥੧॥ਰਹਾਉ॥

ਪਰ ਹੇ ਵਾਹਿਗੁਰੂ ! ਮੇਰੇ ਅਉਗਣ = ਗੁਨਾਹ ਕਹੇ = ਕਥਨ ਨ = ਨਹੀਂ ਕੀਤੇ ਜਾਨੀ = ਜਾ ਸਕਦੇ।

**ਸਭਿ ਅਵਗਣ ਮੈ ਗੁਣੁ ਨਹੀ ਕੋਈ ॥** *(ਰਾਗੁ ਸੂਹੀ ਅਸਟਪਦੀਆ ਮਹਲਾ ੧, ਅੰਗ ੭੫੦)*

ਭੱਟ ਦਾਸਾ ਕਹਿਣ ਲੱਗਾ ਕਿ ਹੇ ਮਹਾਰਾਜ ! ਜਿਵੇਂ ਮੇਰੀ ਮਾਂ ਦੀ ਰੂਹ ਤੁਸੀਂ ਮੈਨੂੰ ਵਿਖਾ ਦਿੱਤੀ ਹੈ, ਇਸੇ ਤਰ੍ਹਾਂ ਕਿਰਪਾ ਕਰਕੇ ਮੇਰੇ ਪੂਰਬਲੇ ਜਨਮ ਵੀ ਦਿਖਾ ਦਿਉ। ਗੁਰੂ ਜੀ ਨੇ ਆਪਣਾ ਕਿਰਪਾ ਭਰਿਆ ਹੱਥ ਦਾਸੇ ਦੇ ਸਿਰ 'ਤੇ ਰੱਖਿਆ, ਜਿਸ ਨਾਲ ਉਸ ਦੇ ਕਪਾਟ ਖੁੱਲ੍ਹ ਗਏ। ਉਸ ਨੂੰ ਆਪਣੇ ਪਿਛਲੇ ਸਾਰੇ ਜਨਮਾਂ ਦਾ ਗਿਆਨ ਹੋ ਗਿਆ। ਗੁਰੂ ਜੀ ਨੇ ਦਾਸੇ ਨੂੰ ਕਿਹਾ ਕਿ ਆਪਣੇ ਪਿਛਲੇ ਜਨਮਾਂ ਦਾ ਹਾਲ ਦੇਖ ਤਦ ਜੋ ਉਸਨੇ ਦੇਖਿਆ ਤੇ ਸੰਸਾਰ ਨੂੰ ਸਿੱਖਿਆ ਦੇਣ ਲਈ ਗੁਰੂ ਜੀ ਨੇ ਉਹ ਕੁਝ ਬਾਣੀ ਵਿਚ ਵਰਣਨ ਕੀਤਾ **ਵਾ:** ਕੇਤੇ = ਕਿਤਨੇ ਹੀ ਰੁਖ ਦੀ ਨਿਆਈਂ, ਜੜ੍ਹ ਤੇ ਬਿਰਖ ਦੀ ਨਿਆਈਂ ਚੇਤਨ, ਭਾਵ ਜੜ੍ਹ ਚੇਤਨ ਦੇਹਾਂ ਆਦਿਕਾਂ ਨੂੰ ਤਮਾਮ ਜੀਵਾਂ ਨੇ ਧਾਰਨ ਕੀਤਾ ਹੋਇਆ ਅਸੀਂ ਦੇਖਿਆ ਹੈ **ਵਾ:** ਕਿਤਨੇ ਹੀ ਰੁਖ = ਰੁੱਖੇ ਪ੍ਰੇਮ ਤੋਂ ਖਾਲੀ ਪੈਦਾ ਹੋਏ ਤੇ ਕਈ ਵਾਰ ਫਲ ਦੇਣ ਵਾਲੇ ਬ੍ਰਿਛਾਂ ਵਾਂਗੂੰ ਲੋਕਾਂ ਨੂੰ ਵਰ ਦੇਣ ਵਾਲੇ ਜਨਮ ਧਾਰੇ ਦੇਖੇ ਕੇਤੇ = ਕਿਤਨੇ ਹੀ ਜਨਮ ਪਸ਼ੂਆਂ ਦੀ ਜੂਨ ਵਿਚ ਉਪਾਏ = ਪੈਦਾ ਕੀਤੇ ਗਏ ॥੧॥ਰਹਾਉ॥ ਜੈਸਾ ਕਿ :

**ਬੀਸ ਲਾਖ ਅਸਥਾਵਰ ਜਾਨੋ ॥ ਨੌ ਲਾਖ ਜਲ ਥਲ ਸਭ ਮਾਨੋ ॥**
**ਗਿਆਰਾ ਲਾਖ ਕੂਰਮ ਕਵੀ ਗਾਏ ॥ ਪੰਖੀ ਗਣ ਦਸ ਲਾਖ ਬਿਤਾਏ ॥**
**ਤੀਸ ਲਾਖ ਪਸੁ ਜਾਨੋ ਭਾਈ ॥ ਚਾਰ ਲਾਖ ਬਾਨਰ ਦੁਖਦਾਈ ॥**
**ਜਬ ਚੌਰਾਸੀ ਜੂਨ ਕਟ ਆਵੈ ॥ ਤਾ ਮਾਨਸ ਕੇ ਤਨ ਕੋ ਪਾਵੈ ॥**

ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ

## ਕੇਤੇ, ਰੁਖ ਬਿਰਖ ਹਮ ਚੀਨੇ; ਕੇਤੇ ਪਸੂ ਉਪਾਏ ॥

ਹੇ ਭਾਈ ! ਅਨੇਕਾਂ ਗੁਨਾਹਾਂ ਦੇ ਕਾਰਨ ਮਨੁੱਖਾ ਜਨਮ ਤੋਂ ਪਹਿਲਾਂ ਹਮ = ਤਮਾਮ ਜੀਵਾਂ ਨੇ ਕੇਤੇ = ਕਿਤਨੇ ਹੀ ਜੰਗਲਾਂ ਵਿਚ ਖੁਸ਼ਕ ਰੁਖ = ਬੂਟੇ ਤੇ ਬਾਗਾਂ ਦੇ ਫਲਦਾਰ ਬਿਰਖ = ਬ੍ਰਿਛਾਂ ਵਿਚ ਜਨਮ ਹੋਇਆ ਅਸੀਂ ਗਿਆਨ ਦ੍ਰਿਸ਼ਟੀ ਨਾਲ ਚੀਨੇ = ਦੇਖਿਆ।

## ਕੇਤੇ ਨਾਗ ਕੁਲੀ ਮਹਿ ਆਏ; ਕੇਤੇ ਪੰਖ ਉਡਾਏ ॥੨॥

(**ਕੁਲੀ** ਧੋਲਾ ਬੋਲੋ)

ਕੇਤੇ = ਕਿਤਨੇ ਹੀ ਨਾਗ = ਸੱਪਾਂ ਦੀਆਂ ਕੁਲੀ = ਕੁਲਾਂ ਮਹਿ = ਵਿਚ ਜਨਮ ਧਾਰ ਕੇ ਆਏ। (ਅਰਥਾਤ ਕੋਈ ਨਾਗਾਂ ਦੀਆਂ ਅੱਠਾਂ ਕੁਲਾਂ ਗਿਣਦੇ ਹਨ ਤੇ ਕੋਈ ਨੌਂ ਕੁਲਾਂ ਗਿਣਦੇ ਹਨ। ਕਿਤਨੇ ਹੀ ਨਾਗ ਫਨਾਂ ਵਾਲੇ ਹੁੰਦੇ ਹਨ। ਕਿਤਨੇ ਹੀ ਪਤਲੀ ਸਿਰੀ ਵਾਲੇ ਹੁੰਦੇ ਹਨ। ਕਿਤਨੇ ਹੀ ਨਾਗ, ਵਾਸ਼ਕ ਨਾਗ, ਸ਼ੇਸ਼ਨਾਗ ਅਤੇ ਤੱਛਕ ਨਾਗ ਆਦਿ ਦੀਆਂ ਕੁਲਾਂ ਹਨ।) ਕੇਤੇ = ਕਿਤਨੇ ਹੀ ਜਨਮ ਪੰਖ = ਖੰਭਾਂ ਵਾਲੇ ਪੰਛੀ ਬਣਾ ਕੇ ਉਡਾਏ ਜਾਂਦੇ ਰਹੇ **ਵਾ:** ਖੰਭਾਂ ਨਾਲ ਉੱਡਣ ਵਾਲੇ ਆਕਾਸ਼ਚਾਰੀ ਪੰਛੀਆਂ ਦੀਆਂ ਜੂਨਾਂ ਨੂੰ ਧਾਰਨ ਕੀਤਾ ॥੨॥

## ਹਟ ਪਟਣ ਬਿਜ ਮੰਦਰ ਭੰਨੈ; ਕਰਿ ਚੋਰੀ ਘਰਿ ਆਵੈ ॥

(**ਹੱਟ** ਬੋਲੋ)

ਕਈ ਵਾਰ ਜੀਵ ਚੌਰਾਸੀ ਲੱਖ ਜੂਨ ਭੋਗ ਕੇ ਮਨੁੱਖ ਬਣ ਗਏ। ਮਨੁੱਖ ਬਣ ਕੇ ਵੀ ਚੰਗੇ ਕੰਮ ਨਾ

ਕੀਤੇ। ਪਟਣ = ਸ਼ਹਿਰਾਂ ਦੀਆਂ ਹਟ = ਦੁਕਾਨਾਂ ਤੇ ਬਿਜ = ਪੱਕੇ ਚੂਨੇਦਾਰ ਮੰਦਰ = ਮਕਾਨਾਂ ਭਾਵ ਸ਼ਾਹੂਕਾਰਾਂ ਦੇ ਘਰਾਂ ਨੂੰ ਭੰਨੈ = ਭੰਨ ਭਾਵ ਸੰਨ੍ਹ ਲਾ ਕੇ ਉਨ੍ਹਾਂ ਵਿੱਚੋਂ ਧਨ ਆਦਿ ਚੋਰੀ ਕਰਿ = ਕਰਕੇ ਆਪਣੇ ਘਰ ਨੂੰ ਆਵੈ = ਆਉਂਦੇ ਰਹੇ।

## ਅਗਹੁ ਦੇਖੈ ਪਿਛਹੁ ਦੇਖੈ; ਤੁਝ ਤੇ ਕਹਾ ਛਪਾਵੈ ॥੩॥

ਅਗਹੁ = ਅੱਗੋਂ ਦੇਖੈ = ਦੇਖਦੇ ਹਨ ਕਿ ਕੋਈ ਘਰ ਵਾਲਾ ਤਾਂ ਨਹੀਂ ਆਉਂਦਾ, ਜਿਸ ਨੂੰ ਲੁੱਟਣ ਲੱਗੇ ਹਾਂ। ਪਿਛਹੁ = ਪਿੱਛੋਂ ਦੇਖੈ = ਦੇਖਦੇ ਹਨ ਕਿ ਪੁਲਿਸ ਵਗ਼ੈਰਾ ਤਾਂ ਨਹੀਂ ਆਉਂਦੀ ਪਰੰਤੂ ਹੇ ਪ੍ਰਭੂ ! ਤੁਝ = ਤੇਰੇ ਤੇ = ਤੋਂ ਕੋਈ ਕਹਾ ਛਪਾਵੈ = ਕਿਵੇਂ ਛੁਪਾ ਸਕਦਾ ਹੈ ॥੩॥

ਹੇ ਪ੍ਰਭੂ ! ਤੂੰ ਅੱਗੋਂ ਵੀ ਦੇਖਦਾ ਹੈਂ, ਪਿੱਛੋਂ ਵੀ ਦੇਖਦਾ ਹੈਂ। ਜਿਧਰ ਨੂੰ ਵੀ ਅਸੀਂ ਜਾਂਦੇ ਹਾਂ, ਤੂੰ ਹਰ ਪਾਸੇ ਹਰ ਵੇਲੇ ਦੇਖਦਾ ਹੈਂ। ਇਹ ਅਗਿਆਨ ਕਰਕੇ ਭੁੱਲਿਆ ਹੋਇਆ ਜੀਵ ਚੋਰੀ ਕਰ ਕੇ ਤੈਥੋਂ ਛੁਪਾ ਕੇ ਕਿਧਰ ਲੈ ਜਾ ਸਕਦਾ ਹੈ ?

## ਤਟ ਤੀਰਥ ਹਮ ਨਵ ਖੰਡ ਦੇਖੇ; ਹਟ ਪਟਣ ਬਾਜਾਰਾ ॥

ਕਈ ਵਾਰੀ ਤੀਰਥਾਂ ਦੇ ਤਟ = ਕਿਨਾਰਿਆਂ 'ਤੇ ਜਾਪ ਕਰਨ ਵਾਲੇ ਸਾਧੂ ਬਣ ਕੇ ਜਾਪ ਕਰਦੇ ਮਨੁੱਖਾਂ ਨੂੰ ਅਸੀਂ ਗਿਆਨ ਦ੍ਰਿਸ਼ਟੀ ਦੁਆਰਾ ਦੇਖਿਆ ਹੈ ਕਈ ਵਾਰੀ ਨਵ = ਨੌਂ ਖੰਡਾਂ ਵਿਚ ਜੂਨਾਂ ਧਾਰ ਕੇ ਪੈਦਾ ਹੋਏ ਜੀਵਾਂ ਨੂੰ ਦੇਖਿਆ ਹੈ **ਵਾ:** ਕਈ ਵਾਰੀ ਪਟਣ = ਸ਼ਹਿਰਾਂ ਦੇ ਬਜ਼ਾਰਾਂ ਦੀਆਂ ਹਟ = ਦੁਕਾਨਾਂ ਵਿਚ ਬਾਣੀਏ ਬਣ ਕੇ ਸੌਦਾ ਵੇਚਦੇ ਉਹੀ ਜੀਵ ਦੇਖੇ ਹਨ।

## ਲੈ ਕੈ ਤਕੜੀ ਤੋਲਣਿ ਲਾਗਾ; ਘਟ ਹੀ ਮਹਿ ਵਣਜਾਰਾ ॥੪॥

(**ਤੱਕੜੀ** ਬੋਲੋ)

ਜਦ ਇਹ ਜੀਵ ਆਤਮਾ ਵਿਚਾਰ ਰੂਪ ਤੱਕੜੀ ਲੈ ਕੇ ਸ਼ਾਸਤ੍ਰ ਪ੍ਰਮਾਣ ਰੂਪ ਵੱਟਾ ਪਾ ਕੇ ਤੋਲਣਿ ਲਾਗਾ = ਲੱਗਾ ਤਾਂ ਇਹ ਵਣਜਾਰਾ = ਵਣਜ ਕਰਨ ਵਾਲਾ ਜੀਵ ਘਟ = ਘਾਟੇ ਦੇ ਮਹਿ = ਵਿਚ ਹੀ ਰਿਹਾ। ਭਾਵ ਇਤਨੀਆਂ ਜੂਨਾਂ ਵਿਚ ਫਿਰਦੇ ਹੋਇਆਂ ਨੇ ਕੋਈ ਲਾਭ ਨਹੀਂ ਖੱਟਿਆ। ਔਗੁਣ ਹੀ ਔਗੁਣ ਪੱਲੇ ਬੰਨ੍ਹ ਲਏ।

**ਅਥਵਾ** ਜਿਸ ਵੇਲੇ ਜੀਵ ਬੁੱਧੀ ਰੂਪੀ ਤੱਕੜੀ ਤੇ ਵਿਚਾਰ ਰੂਪ ਵੱਟਾ ਲੈ ਕੇ ਪਰਮੇਸ਼ਰ ਦਾ ਤੋਲਣਿ = ਵਿਚਾਰ ਕਰਨ ਲੱਗਾ ਤਾਂ ਇਸ ਅੰਤਰੀਵ ਵਣਜਾਰਾ = ਵਣਜ ਕਰਨ ਵਾਲੇ ਜੀਵ ਨੇ ਘਟ = ਅੰਤਹਕਰਣ ਦੇ ਮਹਿ = ਵਿਚ ਹੀ ਪਰਮਾਤਮਾ ਨੂੰ ਨਿਸਚੇ ਕਰ ਲਿਆ ॥੪॥

ਅੱਗੇ ਬੇਨਤੀ ਕਰਨ ਦਾ ਢੰਗ ਦੱਸਦੇ ਹਨ

## ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ; ਤੇਤੇ ਅਉਗਣ ਹਮਾਰੇ ॥

ਹੇ ਪਰਮੇਸ਼ਰ ! ਜੇਤਾ = ਜਿਤਨਾ ਲੱਖ ਜੋਜਨ ਦੇ ਵਿਸਥਾਰ ਵਾਲਾ ਸਮੁੰਦੁ = ਸਮੁੰਦਰ ਤੇ ਸੌ ਜੋਜਨ ਦੇ ਵਿਸਥਾਰ ਵਾਲਾ ਸਾਗਰ ਨੀਰਿ = ਪਾਣੀ ਨਾਲ ਭਰਿਆ ਹੋਇਆ ਹੈ ਤੇਤੇ = ਉਤਨੇ ਹੀ ਹਮਾਰੇ = ਸਾਡੇ ਅਉਗਣ = ਗੁਨਾਹ ਹਨ **ਵਾ:** ਜਿਤਨਾ ਸੰਸਾਰ ਰੂਪੀ ਸਮੁੰਦਰ ਵਿਸ਼ਿਆਂ ਰੂਪ ਪਾਣੀ ਦੀ (ਸਾ+ਗਰੁ) ਗਰੁ = ਗਰਲਤਾ ਦੇ ਸਾ = ਸਹਿਤ ਭਰਿਆ ਹੋਇਆ ਹੈ ਉਤਨੇ ਹੀ ਸਾਡੇ ਵਿਚ ਔਗੁਣ ਹਨ।

## ਦਇਆ ਕਰਹੁ ਕਿਛੁ ਮਿਹਰ ਉਪਾਵਹੁ; ਡੁਬਦੇ ਪਥਰ ਤਾਰੇ ॥੫॥

ਹੇ ਪਰਮੇਸ਼ਰ ! ਸਾਡੇ ਤੇ ਆਪਣੀ ਦਇਆ = ਕਿਰਪਾ ਕਰੋ ਤੇ ਕਿਛੁ = ਕੁਝ ਮਿਹਰ = ਮੇਹਰਵਾਨੀ

ਉਪਾਵਹੁ = ਉਪਜਾਵੋ, ਕਿਉਂਕਿ ਤੁਸੀਂ ਤਾਂ ਪਥਰਾਂ ਵਤ ਕਠੋਰ, ਪਾਪਾਂ ਦੇ ਭਾਰ ਵਾਲੇ ਜੀਵ ਵੀ ਤਾਰੇ = ਤਾਰਨਾ ਕੀਤੇ ਹਨ **ਵਾ:** ਆਪਣੇ ਨਾਮ ਕਰਕੇ ਲੰਕਾ ਵਿਚ ਪੁੱਲ ਬੰਨ੍ਹਣ ਸਮੇਂ ਪ੍ਰੱਤਖ ਪੱਥਰਾਂ ਨੂੰ ਵੀ ਤਾਰਿਆ ਸੀ ॥੫॥

ਅਰਥਾਤ ਜਿਵੇਂ ਆਪ ਪਿਛਲਿਆਂ ਭਗਤਾਂ 'ਤੇ ਦਇਆ ਕਰਦੇ ਆਏ ਹੋ ਅਤੇ ਜਿਸ ਪ੍ਰਕਾਰ ਹੁਣ ਭਗਤਾਂ 'ਤੇ ਮਿਹਰਬਾਨੀ ਕਰਦੇ ਹੋ ਅਤੇ ਡੁੱਬਦੇ ਪੱਥਰਾਂ ਨੂੰ ਤਾਰਨ ਵਾਲੇ ਹੋ। ਜਿਵੇਂ ਰਾਮਚੰਦ੍ਰ ਜੀ ਨੇ ਨਲ ਤੇ ਨੀਲ ਨੂੰ ਕਾਰੀਗਰ ਬਣਾ ਕੇ ਲੰਕਾ ਨੂੰ ਜਾਣ ਵਾਸਤੇ ਪੁਲ ਬੰਨ੍ਹਿਆ ਸੀ। (ਨਲ ਤੇ ਨੀਲ ਨੂੰ ਰਿਖੀਆਂ ਨੇ ਸਰਾਪ ਦਿੱਤਾ ਸੀ ਕਿ ਤੁਹਾਡੇ ਹੱਥੋਂ ਪਾਣੀ ਵਿਚ ਡਿੱਗੀ ਵਸਤੂ ਡੁੱਬਿਆ ਨਹੀਂ ਕਰੇਗੀ) ਨਲ ਤੇ ਨੀਲ ਪੁਲ ਬਣਾਉਣ ਵਾਸਤੇ ਸਮੁੰਦਰ ਵਿਚ ਪੱਥਰ ਤਾਂ ਰੱਖੀ ਜਾਣ ਪਰ ਪੱਥਰ ਆਪਸ ਵਿਚ ਜੁੜਦੇ ਨਹੀਂ ਸਨ। ਜਦ ਰਾਮ ਚੰਦ੍ਰ ਜੀ ਨੇ ਇਕ ਪੱਥਰ ਤੇ 'ਰਾ' ਤੇ ਦੂਜੇ ਤੇ 'ਮ' ਲਿਖ ਕੇ ਉਨ੍ਹਾਂ ਕੋਲੋਂ ਪੱਥਰ ਸਮੁੰਦਰ ਵਿਚ ਸੁੱਟਵਾਏ ਤਾਂ ਪੱਥਰ ਜੁੜ ਗਏ। ਇਸ ਪ੍ਰਕਾਰ ਪੁਲ ਬਣ ਗਿਆ। ਤੁਲਸੀ ਦਾਸ ਜੀ ਵੀ ਕਹਿੰਦੇ ਹਨ:

**ਕਹੁ ਕਹਾ ਲਗ ਨਾਮ ਵਡਾਈ ॥ ਰਾਮ ਨ ਸਕੇ ਨਾਮ ਗੁਣ ਗਾਈ ॥**

ਕਹਿੰਦੇ ਨਾਮ ਦੀ ਵਡਿਆਈ ਕਿੰਨੀ ਕੁ ਦੱਸਾਂ ? ਜੋ ਰਾਮ ਚੰਦਰ ਜੀ ਅਵਤਾਰ ਸਨ, ਉਹ ਵੀ ਉਸ ਵੇਲੇ ਪਰਮੇਸ਼ਰ ਦੇ ਪੂਰਨ ਰੂਪ ਵਿਚ ਗੁਣ ਨਹੀਂ ਗਾ ਸਕੇ। ਇਉਂ ਪਰਮੇਸ਼ਰ ਦਾ ਏਡਾ ਉੱਚਾ ਨਾਮ ਹੈ। ਹੇ ਮਹਾਰਾਜ ਡੁੱਬਦੇ ਪੱਥਰਾਂ ਨਾਲੋਂ ਭਾਰੇ ਪਾਪੀ ਤੁਸੀਂ ਤਾਰ ਦਿੱਤੇ ਹਨ।

## ਜੀਅੜਾ ਅਗਨਿ ਬਰਾਬਰਿ ਤਪੈ; ਭੀਤਰਿ ਵਗੈ ਕਾਤੀ ॥

ਹੇ ਪਰਮੇਸ਼ਰ! ਇਹ ਜੀਅੜਾ = ਜੀਵ ਅਗਨਿ = ਅੱਗ ਦੇ ਬਰਾਬਰਿ = ਸਮਾਨ ਕਾਮ ਕ੍ਰੋਧ ਆਦਿ ਵਿਸ਼ਿਆਂ ਵਿਚ ਤਪੈ = ਤਪ ਰਿਹਾ ਹੈ, ਅਤੇ ਇਸ ਦੇ ਹਿਰਦੇ ਭੀਤਰਿ = ਵਿਚ ਤ੍ਰਿਸ਼ਨਾਂ ਰੂਪੀ ਕਾਤੀ = ਛੁਰੀ ਵਗੈ = ਵਗ ਰਹੀ ਹੈ।

## ਪ੍ਰਣਵਤਿ ਨਾਨਕੁ ਹੁਕਮੁ ਪਛਾਣੈ; ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥

ਸਤਿਗੁਰੂ ਜੀ ਪ੍ਰਣਵਤਿ = ਬੇਨਤੀ ਪੂਰਵਕ ਕਥਨ ਕਰਦੇ ਹਨ, ਹੇ ਪਰਮੇਸ਼ਰ! ਜਿਹੜਾ ਜੀਵ ਤੇਰਾ ਹੁਕਮ ਪਛਾਣੈ = ਪਛਾਣ ਲੈਂਦਾ ਹੈ ਉਸ ਨੂੰ ਦਿਨ ਰਾਤ ਹੀ ਆਤਮਿਕ ਸੁੱਖ ਪ੍ਰਾਪਤ ਹੋਵੈ = ਹੋ ਜਾਂਦਾ ਹੈ **ਵਾ:** ਅਵਿੱਦਿਆ ਰਾਤ ਤੋਂ ਬ੍ਰਹਮ ਗਿਆਨ ਰੂਪੀ ਦਿਨ ਚੜ੍ਹ ਕੇ ਆਤਮਿਕ ਸੁਖੁ = ਅਨੰਦ ਪ੍ਰਾਪਤ ਹੋ ਜਾਂਦਾ ਹੈ ॥੬॥੫॥੧੭॥

## ਗਉੜੀ ਬੈਰਾਗਣਿ, ਮਹਲਾ ੧ ॥

## ਰੈਣਿ ਗਵਾਈ ਸੋਇ ਕੈ; ਦਿਵਸੁ ਗਵਾਇਆ ਖਾਇ ॥

ਹੇ ਜੀਵ! ਤੂੰ ਸਾਰੀ ਰੈਣਿ = ਰਾਤ ਸੋਇ = ਸੌਂ ਕੈ = ਕੇ ਗਵਾਈ = ਗਵਾ ਦਿੱਤੀ ਅਤੇ ਦਿਵਸੁ = ਦਿਨ ਪਦਾਰਥਾਂ ਦੇ ਖਾਇ = ਖਾਣ ਪੀਣ ਵਿਚ ਗਵਾਇਆ = ਗਵਾ ਦਿੱਤਾ ਹੈ।

**ਅਥਵਾ** ਬਾਲਕ ਅਵਸਥਾ ਰੂਪੀ ਰਾਤ ਬਾਲਕ ਪੁਣੇ ਦੀਆਂ ਖੇਡਾਂ ਵਿਚ **ਵਾ:** ਜਵਾਨੀ ਰੂਪੀ ਰਾਤ ਵਿਸ਼ਿਆਂ ਵਿਚ ਅਤੇ ਸੌਂ ਕੇ ਗੁਆ ਲਈ ਅਤੇ ਬਿਰਧ ਅਵਸਥਾ ਰੂਪੀ ਦਿਨ ਸਰੀਰ ਤੰਦਰੁਸਤ ਰੱਖਣ ਲਈ ਚੰਗੇ ਚੰਗੇ ਪਦਾਰਥ ਖਾਇ = ਖਾ ਕੇ ਗਵਾ ਲਿਆ।

**ਅਥਵਾ** ਅਗਿਆਨੀ ਜੀਵਾਂ ਨੇ ਅਵਿੱਦਿਆ ਰੂਪੀ ਰਾਤ ਵਿਚ ਸੌਂ ਕੇ ਆਪਣੀ ਸਾਰੀ ਉਮਰ ਬੇਅਰਥ ਹੀ ਗਵਾ ਲਈ ਜਿਹੜੇ ਆਪਣੇ ਆਪ ਨੂੰ ਸ਼ਾਸਤਰਾਂ ਦੇ ਗਿਆਨੀ ਕਹਾਉਂਦੇ ਸਨ ਕਿ ਸਾਨੂੰ ਗਿਆਨ ਰੂਪ

ਦਿਨ ਚੜ੍ਹਿਆ ਹੋਇਆ ਹੈ, ਉਨ੍ਹਾਂ ਨੇ ਲੋਕਾਂ ਕੋਲੋਂ ਆਪਣੀ ਪੂਜਾ ਕਰਾਉਣ ਅਤੇ ਪਦਾਰਥਾਂ ਦੇ ਖਾਣ-ਪੀਣ ਵਿਚ ਹੀ ਮਨੁੱਖਾਂ ਸਰੀਰ ਰੂਪੀ ਦਿਨ ਗਵਾ ਲਿਆ। **ਵਾ:** ਗਿਆਨ ਦੇ ਹੰਕਾਰ ਵਿਚ ਹੀ ਦਿਨ ਨੂੰ ਗਵਾ ਲਿਆ।

## ਹੀਰੇ ਜੈਸਾ ਜਨਮੁ ਹੈ; ਕਉਡੀ ਬਦਲੇ ਜਾਇ ॥੧॥

ਹੇ ਜੀਵ! ਤੇਰਾ ਇਹ ਮਨੁੱਖਾ ਜਨਮ ਹੀਰੇ ਜੈਸਾ = ਵਰਗਾ ਅਮੋਲਕ ਹੈ। ਜੋ ਕਉਡੀਆਂ ਦੇ ਬਦਲੇ = ਵੱਟੇ, ਭਾਅ ਬੇਅਰਥ ਜਾਇ = ਜਾ ਰਿਹਾ ਹੈ **ਵਾ:** ਕਉਡੀ ਭਾਵ ਮਾਇਆ **ਵਾ:** ਵਿਸ਼ਿਆਂ ਵਿਕਾਰਾਂ ਦੇ ਬਦਲੇ = ਵੱਟੇ ਵਿਅਰਥ ਜਾਇ = ਜਾ ਰਿਹਾ ਹੈ ॥੧॥

**ਸਾਖੀ—ਇਕ ਲਾਲਚੀ ਪੁਰਸ਼ ਦੀ :** ਇਕ ਲਾਲਚੀ ਪੁਰਸ਼ ਨਦੀ ਦੇ ਕਿਨਾਰੇ ਤੁਰਿਆ ਜਾ ਰਿਹਾ ਸੀ। ਉਸ ਕੋਲ ਗੁਥਲੀ ਵਿਚ ਇਕ ਹੀਰਾ ਸੀ। ਉਸ ਨੇ ਨਦੀ ਵਿਚ ਇਕ ਗੁਥਲੀ ਰੁੜ੍ਹਦੀ ਆਉਂਦੀ ਹੋਈ ਦੇਖੀ। ਉਸ ਨੇ ਸੋਚਿਆ ਕਿ ਇਸ ਵਿਚ ਜ਼ਰੂਰ ਕੋਈ ਕੀਮਤੀ ਵਸਤੂ ਹੋਵੇਗੀ। ਲਾਲਚ ਵੱਸ ਹੋ ਕੇ ਉਸ ਨੇ ਬਿਨਾ ਦੇਰੀ ਕੀਤਿਆਂ ਨਦੀ ਵਿਚ ਛਾਲ ਮਾਰ ਦਿੱਤੀ। ਪਾਣੀ ਵਿਚ ਛਾਲ ਮਾਰਨ ਕਰਕੇ ਉਸ ਦੀ ਆਪਣੀ ਗੁਥਲੀ ਪਾਣੀ ਵਿਚ ਹੀ ਰੁੜ੍ਹ ਗਈ ਤੇ ਦੂਸਰੀ ਗੁਥਲੀ ਨੂੰ ਲੈ ਕੇ ਬਾਹਰ ਨਿਕਲ ਆਇਆ। ਬਾਹਰ ਆ ਕੇ ਉਸ ਨੇ ਦੇਖਿਆ ਕਿ ਉਸ ਦੀ ਗੁਥਲੀ ਜਿਸ ਵਿਚ ਇਕ ਹੀਰਾ ਸੀ, ਉਹ ਤਾਂ ਨਦੀ ਦੇ ਵਿਚ ਹੀ ਰੁੜ੍ਹ ਗਈ। ਫਿਰ ਮਨ ਨੂੰ ਧੀਰਜ ਦਿੰਦਾ ਹੋਇਆ ਕਹਿਣ ਲੱਗਾ ਕਿ ਕੋਈ ਗੱਲ ਨਹੀਂ, ਜੇਕਰ ਇਕ ਹੀਰਾ ਚਲਾ ਗਿਆ ਹੈ, ਪਰ ਇਸ ਗੁਥਲੀ ਵਿਚ ਹੋ ਸਕਦਾ ਹੈ ਕਿ ਉਸ ਤੋਂ ਵੀ ਕੀਮਤੀ ਵਸਤੂਆਂ ਹੋਣ। ਜਦ ਉਸ ਫ਼ਕੀਰ ਨੇ ਗੁਥਲੀ ਨੂੰ ਖੋਲ੍ਹ ਕੇ ਵੇਖਿਆ ਤਾਂ ਉਹ ਖੋਟੀਆਂ ਕੌਡੀਆਂ ਦੀ ਭਰੀ ਹੋਈ ਸੀ। ਇਹ ਦੇਖ ਕੇ ਉਸ ਲਾਲਚੀ ਪੁਰਸ਼ ਨੇ ਬਹੁਤ ਪਛਤਾਵਾ ਕੀਤਾ ਤੇ ਰੋਂਦਾ ਹੋਇਆ ਕੁਰਲਾਉਂਦਾ ਕਹਿੰਦਾ ਹੈ ਕਿ ਏਨਾ ਕੀਮਤੀ ਹੀਰਾ ਖੋਟੀਆਂ ਕੌਡੀਆਂ ਦੇ ਭਾਅ ਹੀ ਚਲਾ ਗਿਆ।

## ਨਾਮੁ ਨ ਜਾਨਿਆ; ਰਾਮ ਕਾ ॥ ਮੂੜੇ; ਫਿਰਿ ਪਾਛੈ ਪਛੁਤਾਹਿ ਰੇ ॥੧॥ਰਹਾਉ॥

ਹੇ ਜੀਵ ! ਤੂੰ ਰਾਮ = ਪਰਮੇਸ਼ਰ ਕਾ = ਦਾ ਨਾਮ ਜਪਣਾ ਨਹੀਂ ਜਾਣਿਆ ਕਿ ਇਹ ਮਨੁੱਖਾ ਜਨਮ ਨਾਮ ਸਿਮਰਨ ਲਈ ਹੀ ਮਿਲਿਆ ਹੈ। ਰੇ = ਹੇ ਮੂੜੇ = ਮੂਰਖ ਜੀਵ ! ਫੇਰ ਤੂੰ ਮਨੁੱਖਾ ਜਨਮ ਬੀਤੇ ਤੋਂ ਪਾਛੈ = ਪਿੱਛੋਂ ਪਛੁਤਾਹਿ = ਪਛਤਾਉਂਦਾ ਹੀ ਰਹੇਂਗਾ ॥੧॥ਰਹਾਉ॥ ਜੈਸਾ ਕਿ :

**ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈਹੈ ॥੪॥੧॥** *(ਗਉੜੀ ਕਬੀਰ ਜੀ, ਅੰਗ ੫੨੪)*

## ਅਨਤਾ ਧਨੁ ਧਰਣੀ ਧਰੇ; ਅਨਤ ਨ ਚਾਹਿਆ ਜਾਇ ॥

(**ਅਨਤ** ਪੋਲਾ ਬੋਲੋ, **ਅੱਨਤ** ਨਹੀਂ ਬੋਲਣਾ)

ਹੇ ਜੀਵ ! ਸ਼ਾਹੂਕਾਰ ਲੋਕਾਂ ਦਾ ਅਨਤਾ = ਬੇਅੰਤ ਧਨ ਧਰਣੀ = ਧਰਤੀ ਵਿਚ ਧਾਰੇ = ਧਰਿਆ ਭਾਵ ਦੱਬਿਆ ਹੋਇਆ ਹੈ, ਪਰੰਤੂ ਫੇਰ ਵੀ ਉਨ੍ਹਾਂ ਦੇ ਹਿਰਦੇ ਵਿੱਚੋਂ ਅਨਤ = ਹੋਰ ਧਨ ਨੂੰ ਇੱਕਤਰ ਕਰਨ ਦੀ ਚਾਹਿਆ = ਇੱਛਾ ਨ = ਨਹੀਂ ਜਾਇ = ਜਾਂਦੀ।

## ਅਨਤ ਕਉ ਚਾਹਨ ਜੋ ਗਏ; ਸੇ ਆਏ ਅਨਤ ਗਵਾਇ ॥੨॥

ਜੋ ਸ਼ਾਹੂਕਾਰ ਅਨਤ = ਹੋਰ ਧਨ ਕਉ = ਦੇ ਚਾਹਨ = ਚਾਹੁਣ ਵਾਸਤੇ ਦੇਸ਼ਾਂ ਪ੍ਰਦੇਸ਼ਾਂ ਵਿਚ ਗਏ ਸੇ = ਉਹ ਵਪਾਰ ਵਿਚ ਘਾਟਾ ਪੈਣ ਤੋਂ ਆਪਣਾ ਅਨਤ = ਬੇਅੰਤ ਧਨ ਗਵਾਇ = ਗੁਆ ਕੇ ਵਾਪਸ ਆਪਣੇ ਵਤਨਾਂ ਨੂੰ ਆਏ ਹਨ ॥੨॥

## ਦੂਸਰਾ ਅਰਥ

**ਅਨਤਾ ਧਨੁ ਧਰਣੀ ਧਰੇ; ਅਨਤ ਨ ਚਾਹਿਆ ਜਾਇ ॥**

ਅਨਤਾ = ਬੇਅੰਤ ਧਨ ਇਸ ਧਰਤੀ ਵਿਚ ਧਰਿਆ ਹੋਇਆ ਹੈ, ਜਿਸ ਧਨ ਦੀ ਇੱਛਾ ਕਰਕੇ ਜੀਵ ਦੇ ਅੰਦਰ ਪਰਮੇਸ਼ਰ ਦੀ ਪ੍ਰਾਪਤੀ ਰੂਪ ਚਾਹਿਆ = ਚਾਹਨਾ ਜਾਇ = ਪੈਦਾ ਨ = ਨਹੀਂ ਹੁੰਦੀ।

**ਅਨਤ ਕਉ ਚਾਹਨ ਜੋ ਗਏ; ਸੇ ਆਏ ਅਨਤ ਗਵਾਇ ॥੨॥**

ਜੋ ਅਨਤ = ਬੇਅੰਤ ਧਨ ਦੀ ਕਉ = ਨੂੰ ਚਾਹੁਣ ਵਾਸਤੇ ਦੇਸ਼ਾਂ ਪ੍ਰਦੇਸ਼ਾਂ ਵਿਚ ਗਏ ਹਨ ਸੇ = ਉਹ ਅਨਤ = ਬੇਅੰਤ ਪ੍ਰਭੂ ਨੂੰ ਗੁਆ ਆਏ ਹਨ **ਵਾ:** ਉਹ ਬੇਅੰਤ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਮਨੁਖਾ ਜਨਮ ਨੂੰ ਬੇਅਰਥ ਗੁਆ ਆਏ ਹਨ ॥੨॥

## ਤੀਸਰਾ ਅਰਥ

**ਅਨਤਾ ਧਨੁ ਧਰਣੀ ਧਰੇ; ਅਨਤ ਨ ਚਾਹਿਆ ਜਾਇ ॥**

ਅਨਤਾ = ਬੇਅੰਤ ਪਰਮੇਸ਼ਰ ਦਾ ਨਾਮ ਰੂਪੀ ਧਨ ਸਾਰਿਆਂ ਦੀ ਬੁੱਧ ਰੂਪ ਧਰਤੀ ਵਿਚ ਧਰੇ = ਧਰਿਆ ਹੋਇਆ ਹੈ, ਪਰੰਤੂ ਮਨਮੁਖ ਜੀਵਾਂ ਨੇ ਗੁਰਾਂ ਕੋਲ ਜਾਇ = ਜਾ ਕੇ ਅਨਤ = ਬੇਅੰਤ ਪਰਮੇਸ਼ਰ ਦੇ ਨਾਮ ਰੂਪੀ ਧਨ ਦੀ ਪ੍ਰਾਪਤੀ ਲਈ ਚਾਹਿਆ = ਇੱਛਾ ਹੀ ਪੈਦਾ ਨ = ਨਹੀਂ ਕੀਤੀ।

**ਅਨਤ ਕਉ ਚਾਹਨ ਜੋ ਗਏ; ਸੇ ਆਏ ਅਨਤ ਗਵਾਇ ॥੨॥**

ਪਰ ਜੋ = ਜਿਹੜੇ ਅਨਤ = ਬੇਅੰਤ ਪਰਮੇਸ਼ਰ ਦੇ ਨਾਮ ਧਨ ਨੂੰ ਚਾਹੁਣ ਲਈ ਗੁਰਾਂ ਕੋਲ ਗਏ ਹਨ ਸੇ = ਉਹ ਅਨਤ = ਬੇਅੰਤ ਜਨਮਾਂ ਜਨਮਾਂਤਰਾਂ ਦੇ ਦੁੱਖਾਂ ਨੂੰ ਗਵਾਇ = ਗਵਾ ਆਏ ਹਨ ॥੨॥

## ਆਪਣ ਲੀਆ ਜੇ ਮਿਲੈ; ਤਾ ਸਭੁ ਕੋ ਭਾਗਠੁ ਹੋਇ ॥

ਹੇ ਜੀਵ! ਜੇ = ਜੇਕਰ ਆਪਣੇ ਉੱਦਮ ਨਾਲ ਲੀਆ = ਲਿਆ ਹੋਇਆ ਇਹ ਪ੍ਰੱਤਖ ਧਨ **ਵਾ:** ਨਾਮ ਧਨ ਮਿਲੈ = ਮਿਲ ਸਕੇ ਤਾਂ ਸਭ ਕੋ = ਕੋਈ ਭਾਗਠੁ = ਸ਼ਾਹੂਕਾਰ **ਵਾ:** ਭਾਗਾਂ ਵਾਲਾ ਹੋਇ = ਹੋ ਜਾਵੇ।

[ਅੰਗ ੧੫੭]

## ਕਰਮਾ ਉਪਰਿ ਨਿਬੜੈ; ਜੇ ਲੋਚੈ ਸਭੁ ਕੋਇ ॥੩॥

ਜੇ = ਜੇਕਰ ਪ੍ਰੱਤਖ ਧਨ **ਵਾ:** ਨਾਮ ਧਨ ਨੂੰ ਲੋਚੈ = ਚਾਹੁੰਦਾ ਤਾਂ ਸਭ ਕੋਇ = ਕੋਈ ਹੈ, ਪਰੰਤੂ ਸਾਰਿਆਂ ਜੀਵਾਂ ਦਾ ਕਰਮਾਂ ਦੇ ਉਪਰਿ = ਉਤੇ ਹੀ ਨਿਬੜੈ = ਨਿਬੇੜਾ ਹੁੰਦਾ ਹੈ **ਵਾ:** ਜਿਸ ਦੇ ਉਪਰਿ = ਉਤੇ ਪੂਰੇ ਗੁਰਾਂ ਦੀ ਕਰਮਾ = ਕਿਰਪਾ ਹੁੰਦੀ ਹੈ, ਉਸਨੂੰ ਨਾਮ ਧਨ ਦੀ ਪ੍ਰਾਪਤੀ ਹੁੰਦੀ ਹੈ ਤੇ ਜਿਸ ਸਦਕਾ ਉਸਦਾ ਜੰਮਣ ਮਰਣ ਦਾ ਨਿਬੇੜਾ ਹੋ ਜਾਂਦਾ ਹੈ ॥੩॥

## ਨਾਨਕ ਕਰਣਾ ਜਿਨਿ ਕੀਆ; ਸੋਈ ਸਾਰ ਕਰੇਇ ॥

ਸਤਿਗੁਰੂ ਜੀ ਕਥਨ ਕਰਦੇ ਹਨ ਹੇ ਜੀਵ! ਇਹ ਕਰਣਾ = ਸੰਸਾਰ ਜਿਨਿ = ਜਿਸ ਵਾਹਿਗੁਰੂ ਨੇ ਪੈਦਾ ਕੀਆ = ਕੀਤਾ ਹੈ, ਸੋਈ = ਓਹੀ ਸਾਰਿਆਂ ਦੀ ਸਾਰ = ਸੰਭਾਲ ਕਰਦਾ ਹੈ, **ਵਾ:** ਉਹ ਵਾਹਿਗੁਰੂ ਪਰਮੇਸ਼ਰ ਹੀ ਸਾਰਿਆਂ ਦੀ ਸਾਰ = ਖ਼ਬਰ ਕਰਨ ਵਾਲਾ ਹੈ।

## ਹੁਕਮੁ ਨ ਜਾਪੀ ਖਸਮ ਕਾ; ਕਿਸੈ ਵਡਾਈ ਦੇਇ ॥੪॥੧॥੧੮॥

ਹੇ ਜੀਵ! ਅਗਿਆਨੀ ਪੁਰਖਾਂ ਦੇ ਪਾਸੋਂ ਖਸਮ = ਮਾਲਕ ਪਰਮੇਸ਼ਰ ਕਾ = ਦਾ ਹੁਕਮ ਨ = ਨਹੀਂ ਜਾਪੀ = ਜਾਣਿਆ ਜਾਂਦਾ ਕਿ ਕਿਸੈ = ਕਿਸ ਨੂੰ ਗੁਰਾਂ ਦੁਆਰਾ ਨਾਮ ਜਪਣ ਦੀ ਵਡਾਈ = ਵਡਿਆਈ ਦੇਇ = ਦਿੰਦਾ ਹੈ ॥੪॥੧॥੧੮॥

## ਗਉੜੀ ਬੈਰਾਗਣਿ, ਮਹਲਾ ੧ ॥

**ਉਥਾਨਕਾ :** ਦੁਨੀਆਂ ਵਿਚ ਚਾਰ ਪ੍ਰਕਾਰ ਦੇ ਆਸ਼ਰਮ ਹਨ, ਗ੍ਰਿਹਸਥੀ, ਬਾਣ ਪ੍ਰਸਤੀ, ਬ੍ਰਹਮਚਾਰੀ ਅਤੇ ਸੰਨਿਆਸੀ ਬਾਰੇ ਆਸ਼ਰਮਾਂ ਦਾ ਜ਼ਿਕਰ ਕਰਦੇ ਹੋਏ ਆਸ਼ਰਮਾਂ ਵਾਲਿਆਂ ਨੇ ਗੁਰੂ ਜੀ ਪਾਸ ਆ ਕੇ ਪੁੱਛਿਆ ਕਿ ਹੇ ਗੁਰੂ ਜੀ ਬਣਵਾਸੀ (ਬਾਣ ਪ੍ਰਸਤੀ) ਚੰਗਾ ਹੁੰਦਾ ਹੈ ਜਾਂ ਬ੍ਰਹਮਚਾਰੀ ਚੰਗਾ ਹੁੰਦਾ ਹੈ, ਬ੍ਰਹਮਚਾਰੀ ਚੰਗਾ ਹੁੰਦਾ ਹੈ ਜਾਂ ਗ੍ਰਿਹਸਥੀ ਚੰਗਾ ਹੁੰਦਾ ਹੈ। ਗ੍ਰਿਹਸਥੀ ਚੰਗਾ ਹੁੰਦਾ ਹੈ ਜਾਂ ਸੰਨਿਆਸੀ ਚੰਗਾ ਹੁੰਦਾ ਹੈ। ਇਨ੍ਹਾਂ ਚਾਰੇ ਆਸ਼ਰਮਾਂ ਵਿੱਚੋਂ ਚੰਗਾ ਕੌਣ ਹੈ ? ਇਹ ਸੁਣ ਕੇ ਗੁਰੂ ਜੀ ਚਾਰੇ ਆਸ਼ਰਮਾਂ ਵਾਲਿਆਂ ਨੂੰ ਉੱਤਰ ਦਿੰਦੇ ਹਨ :

## ਹਰਣੀ ਹੋਵਾ ਬਨਿ ਬਸਾ; ਕੰਦ ਮੂਲ ਚੁਣਿ ਖਾਉ ॥

ਜੇਕਰ ਮੈਂ ਵਿਵਹਾਰਕ ਧੰਦਿਆਂ ਨੂੰ ਛੱਡ ਕੇ ਹਰਣੀ = ਮ੍ਰਿਗੀ ਦੀ ਨਿਆਈਂ ਬਾਨਪ੍ਰਸਤੀ ਹੋਵਾ = ਹੋ ਕੇ ਬਨਿ = ਜੰਗਲ ਵਿਚ ਬਸਾ = ਵੱਸਣਾ ਕਰਾਂ ਅਤੇ ਸੁਆਦਲੇ ਪਦਾਰਥਾਂ ਦੀ ਇੱਛਾ ਛੱਡ ਕੇ ਕੰਦ ਮੂਲ = ਫਲ ਫੁੱਲ ਚੁਣਿ = ਚੁਗ ਕੇ ਭਾਵ ਇੱਕਠੇ ਕਰਕੇ ਖਾਉ = ਖਾਣਾ ਕਰਾਂ।

## ਗੁਰ ਪਰਸਾਦੀ ਮੇਰਾ ਸਹੁ ਮਿਲੈ; ਵਾਰਿ ਵਾਰਿ ਹਉ ਜਾਉ ਜੀਉ ॥੧॥

ਜੇਕਰ ਗੁਰ = ਸਤਿਗੁਰੂ ਸਾਹਿਬ ਜੀ ਦੀ ਪਰਸਾਦੀ = ਕਿਰਪਾ ਦੁਆਰਾ ਮੇਰਾ ਸਹੁ = ਪਤੀ ਪਰਮੇਸ਼ਰ ਮਿਲੈ = ਮਿਲ ਪਵੇ, ਤਾਂ ਹਉ = ਮੈਂ ਗੁਰੂ ਪਰਮੇਸ਼ਰ ਤੋਂ ਵਾਰਿ ਵਾਰਿ = ਬਲਿਹਾਰ, ਕੁਰਬਾਨ ਜਾਉ = ਜਾਣਾ ਕਰਾਂ ਜੀ ॥੧॥

ਅਤੇ ਇਉਂ ਬੇਨਤੀ ਕਰਦੀ ਹਾਂ ਕਿ ਤਾਂ ਹੀ ਮੇਰਾ ਬਾਨਪ੍ਰਸਤੀ ਹੋਣਾ ਸਫਲਾ ਹੈ।

## ਮੈ, ਬਨਜਾਰਨਿ; ਰਾਮ ਕੀ ॥ ਤੇਰਾ ਨਾਮੁ, ਵਖਰੁ; ਵਾਪਾਰੁ ਜੀ ॥੧॥ਰਹਾਉ॥

ਹੇ ਰਾਮ = ਪਰਮੇਸ਼ਰ ! ਮੈਂ ਤੇਰੀ ਕਿਰਪਾ ਨਾਲ ਤੇਰੇ ਨਾਮ ਕੀ = ਦੀ ਬਨਜਾਰਨਿ = ਵਣਜ ਕਰਨ ਵਾਲੀ ਬਣ ਜਾਵਾਂ।

ਅਤੇ ਜੋ ਤੇਰਾ ਨਾਮ ਰੂਪੀ ਵਖਰੁ = ਲਾਭਦਾਇਕ ਸੌਦਾ ਹੈ, ਉਸਦਾ ਵਾਪਾਰੁ = ਵਣਜ ਕਰਾਂ ਜੀ ॥੧॥ਰਹਾਉ॥

## ਕੋਕਿਲ ਹੋਵਾ ਅੰਬਿ ਬਸਾ; ਸਹਜਿ ਸਬਦ ਬੀਚਾਰੁ ॥

ਜੇਕਰ ਕੋਕਿਲ = ਕੋਇਲ ਦੀ ਨਿਆਈਂ ਬ੍ਰਹਮਚਾਰੀ ਹੋ ਕੇ ਸਤਿਸੰਗਤ ਰੂਪੀ ਅੰਬ ਦੇ ਬਾਗਾਂ ਵਿਚ ਬਸਾ = ਵੱਸਣਾ ਕਰਾਂ ਅਤੇ ਸਹਜਿ = ਸੁਤੇ ਸਿੱਧ ਹੀ ਗੁਰਾਂ ਦੇ ਸਬਦ = ਉਪਦੇਸ਼ ਦੀ ਬੀਚਾਰੁ = ਵਿਚਾਰ ਕਰਾਂ।

## ਸਹਜਿ ਸੁਭਾਇ ਮੇਰਾ ਸਹੁ ਮਿਲੈ; ਦਰਸਨਿ ਰੂਪਿ ਅਪਾਰੁ ॥੨॥

ਸਹਜਿ ਸੁਭਾਇ = ਸੁਤੇ ਸਿੱਧ ਹੀ ਮੈਨੂੰ ਮੇਰਾ ਸਹੁ = ਪਤੀ ਪਰਮੇਸ਼ਰ ਮਿਲੈ = ਮਿਲ ਪਵੇ ਅਤੇ ਮੈਂ ਉਸ

ਅਪਾਰੁ = ਪਾਰਾਵਾਰ ਤੋਂ ਰਹਿਤ ਸਰੂਪ ਦੇ ਦਰਸਨਿ = ਦੀਦਾਰ ਕਰਕੇ ਉਸਦਾ ਹੀ ਰੂਪ ਹੋ ਜਾਵਾਂ, ਤਾਂ ਹੀ ਮੇਰਾ ਬ੍ਰਹਮਚਾਰੀ ਹੋਣਾ ਸਫਲਾ ਹੈ॥੨॥

## ਮਛੁਲੀ ਹੋਵਾ ਜਲਿ ਬਸਾ; ਜੀਅ ਜੰਤ ਸਭਿ ਸਾਰਿ ॥

ਜੇਕਰ ਮਛੁਲੀ = ਮੱਛੀ ਦੀ ਨਿਆਈਂ ਗ੍ਰਿਹਸਥੀ ਹੋਵਾ = ਹੋ ਕੇ ਪਦਾਰਥਾਂ, ਸੰਬੰਧੀਆਂ ਰੂਪ ਜਲ ਵਿਚ ਬਸਾ = ਵੱਸਣਾ ਕਰਾਂ ਅਤੇ ਸਭਿ = ਸਾਰੇ ਜੀਅ ਜੰਤ ਭਾਵ ਪੁੱਤ ਪੋਤਰੇ ਆਦਿ ਬੱਚਿਆਂ ਦੀ ਸਾਰਿ = ਸੰਭਾਲ ਕਰਾਂ।

## ਉਰਵਾਰਿ ਪਾਰਿ ਮੇਰਾ ਸਹੁ ਵਸੈ; ਹਉ ਮਿਲਉਗੀ ਬਾਹ ਪਸਾਰਿ ॥੩॥

ਜੋ ਮੇਰਾ ਸਹੁ = ਪਤੀ ਪਰਮੇਸ਼ਰ ਉਰਵਾਰਿ = ਉਰਲੇ ਪਾਸੇ ਭਾਵ ਸੰਸਾਰ ਤੇ ਪਾਰਿ = ਪਰਲੇ ਪਾਸੇ ਭਾਵ ਪ੍ਰਲੋਕ ਵਿਚ ਵਸੈ = ਵੱਸ ਰਿਹਾ ਹੈ, ਹਉ = ਮੈਂ ਉਸਨੂੰ ਆਪਣੀ ਬਿਰਤੀ, ਬੁੱਧੀ ਰੂਪੀ ਬਾਹ = ਭੁਜਾ ਪਸਾਰਿ = ਫੈਲਾਅ ਕੇ ਮਿਲਉਗੀ = ਮਿਲਣਾ ਕਰਾਂ ਤਾਂ ਮੇਰਾ ਗ੍ਰਿਹਸਥੀ ਹੋਣਾ ਸਫਲਾ ਹੈ॥੩॥

## ਨਾਗਨਿ ਹੋਵਾ ਧਰ ਵਸਾ; ਸਬਦੁ ਵਸੈ ਭਉ ਜਾਇ ॥

ਜੇਕਰ ਨਾਗਨਿ = ਸੱਪਣੀ ਦੀ ਨਿਆਈਂ ਸੰਨਿਆਸੀ ਹੋਵਾ = ਹੋ ਕੇ ਧਰ = ਧਰਤੀ ਵਿਚ ਗੁਫ਼ਾ ਬਣਾ ਕੇ ਵਸਾ = ਵਸਣਾ ਕਰਾਂ, ਅਤੇ ਸਤਿਗੁਰਾਂ ਦਾ ਸਬਦੁ = ਉਪਦੇਸ਼, ਬ੍ਰਹਮ ਮੇਰੇ ਹਿਰਦੇ ਵਿਚ ਵਸੈ = ਵਸ ਜਾਵੇ ਤੇ ਮੇਰਾ ਭਉ = ਡਰ ਵੀ ਚੱਲਾ ਜਾਵੇ ਤਾਂ ਹੀ ਮੇਰਾ ਗ੍ਰਿਹਸਥੀ ਹੋਣਾ ਸਫਲਾ ਹੈ।

## ਨਾਨਕ ਸਦਾ ਸੋਹਾਗਣੀ; ਜਿਨ ਜੋਤੀ ਜੋਤਿ ਸਮਾਇ ॥੪॥੨॥੧੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਸਦਾ = ਹਮੇਸ਼ਾਂ ਹੀ ਸੋਹਾਗਣੀ = ਸੋਹਾਗਵੰਤੀਆਂ ਹਨ, ਜਿਨ = ਜਿਨ੍ਹਾਂ ਦੀ ਜੋਤੀ = ਪ੍ਰਕਾਸ਼ ਸਰੂਪ ਵਿਚ ਪਰਤਕ ਜੋਤ ਸਮਾਇ = ਸਮਾਅ ਗਈ ਹੈ॥੪॥੨॥੧੯॥

### ਦੂਸਰਾ ਅਰਥ :

### ਹਰਣੀ ਹੋਵਾ ਬਨਿ ਬਸਾ; ਕੰਦ ਮੂਲ ਚੁਣਿ ਖਾਉ ॥

ਹਰਣੀਆਂ ਵਣਾਂ ਵਿਚ ਹੀ ਵਸਦੀਆਂ ਹਨ, ਉਨ੍ਹਾਂ ਨੂੰ ਪਰਮੇਸ਼ਰ ਨਹੀਂ ਮਿਲ ਜਾਂਦਾ, ਇਸੇ ਤਰ੍ਹਾਂ ਵਣਾਂ ਵਿਚ ਰਹਿ ਕੇ ਬਾਣ ਪ੍ਰਸਤੀ ਬਣਿਆਂ ਕੁਝ ਨਹੀਂ ਬਣਨਾ ਹੈ।

ਕੰਦ = ਟਾਹਣੀਆਂ ਨਾਲੋਂ ਟੁੱਟੇ ਫਲ ਤੇ ਮੂਲ = ਮੂਲੀਆਂ, ਗਾਜਰਾਂ ਆਦਿਕ ਜੋ ਧਰਤੀ ਦੇ ਵਿਚ ਪੈਦਾ ਹੁੰਦੇ ਹਨ, ਮੁੱਢਾਂ ਵਿੱਚੋਂ ਜ਼ਿਮੀਕੰਦ ਆਦਿਕ! ਇਉਂ ਫਲ ਫੁੱਲ ਆਦਿਕ ਚੁੱਕ ਕੇ ਖਾਣੇ ਕਰਕੇ ਵੀ ਮੁਕਤ ਨਹੀਂ ਹੋ ਸਕੀਦਾ।

ਹਰਣੀਆਂ ਬੇਅੰਤ ਹਨ ਵਣਾਂ ਵਿਚ ਵਸਦੀਆਂ, ਫਲ ਫੁੱਲ ਖਾਂਦੀਆਂ। ਇਸੇ ਪ੍ਰਕਾਰ ਦਾ ਬਾਣ ਪ੍ਰਸਤੀਆਂ ਦਾ ਜੀਵਨ ਸਮਝੋ।

### ਗੁਰ ਪਰਸਾਦੀ ਮੇਰਾ ਸਹੁ ਮਿਲੈ; ਵਾਰਿ ਵਾਰਿ ਹਉ ਜਾਉ ਜੀਉ ॥੧॥

ਗੁਰੂ ਦੀ ਪਰਸਾਦੀ = ਕਿਰਪਾ ਨਾਲ ਮੇਰਾ ਸਹੁ ਭਾਵ ਕੂਟਸਥ ਮਾਲਕ ਮੈਨੂੰ ਮਿਲੇ ਅਰਥਾਤ ਪਹਿਲੇ ਸਰੂਪ ਦਾ ਗਿਆਨ ਹੋਵੇ। ਮਨੁੱਖਾ ਜਨਮ ਪਾ ਕੇ ਮੈਂ ਆਪ ਜੀ ਤੋਂ ਮਨ, ਬਾਣੀ, ਸਰੀਰ ਕਰਕੇ ਬਲਿਹਾਰ ਕੁਰਬਾਨ ਜਾਂਦੀ ਹਾਂ। ਸਤਿਗੁਰਾਂ ਤੋਂ ਆਪ ਦੀ ਹਉਮੈ ਨੂੰ ਵੀ ਕੁਰਬਾਨ ਕਰ ਦੇਈਏ॥੧॥

**ਮੈ ਬਨਜਾਰਨਿ; ਰਾਮ ਕੀ ॥ ਤੇਰਾ ਨਾਮੁ ਵਖਰੁ; ਵਾਪਾਰੁ ਜੀ ॥੧॥ਰਹਾਉ॥**

ਹੇ ਰਾਮ = ਵਾਹਿਗੁਰੂ ! ਮੈਂ ਤਾਂ ਸਰੂਪ ਰੂਪੀ ਬਨਜਾਰਨਿ = ਵਪਾਰ ਨੂੰ ਕਰਨ ਵਾਲੀ ਹਾਂ = ਸੰਸਾਰਕ ਵਣਜ ਵਾਸੀ ਨਹੀਂ ਹਾਂ। ਇਹ ਤੇਰੀ ਪ੍ਰਾਪਤੀ ਦਾ ਵਖਰੁ = ਲਾਭਦਾਇਕ ਨਾਮ ਹੈ। ਗੁਰਾਂ ਦੇ ਪਾਸੋਂ ਤਨ, ਮਨ, ਧਨ ਦੇ ਕੇ ਵਾਪਾਰ ਕਰਨਾ ਕੀਤਾ ਹੈ ਜੀ ॥੧॥ਰਹਾਉ॥

**ਕੋਕਿਲ ਹੋਵਾ ਅੰਬਿ ਬਸਾ; ਸਹਜਿ ਸਬਦ ਬੀਚਾਰੁ ॥**

ਅੰਬਾਂ ਦੀ ਨਿਆਈਂ ਮਹਾਤਮਾ ਦੇ ਸਰੀਰ ਹਨ। ਜਿਵੇਂ ਅੰਬਾਂ ਦੀ ਸੰਘਣੀ ਛਾਂ ਤੇ ਫਲ ਹੁੰਦੇ ਹਨ, ਇਵੇਂ ਹੀ ਮਹਾਤਮਾ ਜਨਾਂ ਦੇ ਕੋਲ ਸ਼ਾਂਤੀ ਰੂਪ ਸੰਘਣੀ ਛਾਂ ਤੇ ਗਿਆਨ ਰੂਪੀ ਫਲ ਲੱਗਿਆ ਹੋਇਆ ਹੈ। ਇਸ ਪ੍ਰਕਾਰ ਦੇ ਮਹਾਤਮਾ ਬ੍ਰਹਮਾਨੰਦ ਰੂਪੀ ਰਸ ਦੇ ਰਸੇ ਹੋਏ ਅੰਬ ਹਨ। ਇਸ ਵਿਚ ਕੋਕਿਲ ਹੋਵਾ = ਕੋਇਲ ਦੀ ਨਿਆਈਂ ਜਗਿਆਸੂ ਹੋ ਕੇ (ਬ੍ਰਹਮਚਾਰੀ ਹੋ ਕੇ) ਮਹਾਤਮਾ ਦੀ ਸੰਗਤ ਵਿਚ ਜਾਣਾ, ਇਹ ਮਹਾਤਮਾ ਰੂਪੀ ਅੰਬਾਂ ਦੇ ਬੂਟਿਆਂ ਦੀ ਸੰਘਣੀ ਛਾਂ ਹੇਠਾਂ ਜਾਣਾ ਹੈ।

ਜਿਵੇਂ ਵੱਡੇ ਬ੍ਰਿਛਾਂ ਦੀ ਛਾਂ ਹੇਠਾਂ ਛੋਟੇ ਬ੍ਰਿਛਾਂ ਨੂੰ ਕੋਈ ਦੁਖ ਨਹੀਂ ਹੁੰਦਾ। ਇਵੇਂ ਕੋਇਲ ਦੀ ਨਿਆਈਂ ਵੈਰਾਗ ਵਾਲੀ ਮਿੱਠੀ ਜ਼ੁਬਾਨ, ਸੰਤ ਮਹਾਤਮਾ ਦੀ ਰਸਨਾ, ਵੈਰਾਗ ਦੇ ਬਚਨ ਬੋਲਦੀ ਹੈ। ਸੋ ਅੰਬ ਮਹਾਤਮਾ ਦੇ ਸਰੀਰ ਹਨ, ਬ੍ਰਹਮਚਾਰੀ ਬਣ ਕੇ ਉਨ੍ਹਾਂ ਦੇ ਸੰਗ ਵਸਣਾ ਕਰੀਏ।

ਸਹਜਿ = ਸਹਿਜ ਨਾਮ ਸਮੁੰਦਰ ਦਾ ਹੈ, ਸਮੁੰਦਰ ਰੂਪ ਜੋ ਸੰਸਾਰ ਹੈ, ਇਸ ਵਿਚ ਸਹਿਜੇ ਵਾਹਿਗੁਰੂ ਦੀ ਵੀਚਾਰ ਕਰੀਏ। **ਵਾ:** ਸੰਸਾਰ ਵਿਚ ਜੋ ਸਬਦ = ਬ੍ਰਹਮ ਹੈ, ਉਹ ਸਹਿਜ ਸਰੂਪ ਹੈ, ਉਸ ਦੀ ਵੀਚਾਰ ਕਰੀਏ।

**ਸਹਜਿ ਸੁਭਾਇ ਮੇਰਾ ਸਹੁ ਮਿਲੈ; ਦਰਸਨਿ ਰੂਪਿ ਅਪਾਰੁ ॥੨॥**

ਜੇ ਸ਼ਾਂਤੀ ਸੁਭਾਅ ਧਾਰਨ ਕਰਾਂਗੇ, ਪ੍ਰੇਮ ਦੇ ਸਹਿਤ ਹੋਵਾਂਗੇ ਤਾਂ ਸਹੁ = ਪਤੀ ਅਕਾਲ ਪੁਰਖ ਮਿਲੈ = ਮਿਲੇਗਾ। ਵਿੱਦਿਆ ਆਦਿਕ ਪੜ੍ਹਨ ਨਾਲ ਪ੍ਰਾਪਤ ਨਹੀਂ ਹੋਣਾ :

**ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥** *(ਵਾਰ ਮਾਝ ਮ: ੧, ਅੰਗ ੧੪੮)*

ਅਪਾਰ ਸਰੂਪ ਦੇ ਦਰਸ਼ਨ ਪਾ ਕਰਕੇ ਪਾਰਾਵਾਰ ਤੋਂ ਰਹਿਤ ਹੋ ਜਾਈਦਾ ਹੈ ॥੨॥

**ਮਛੁਲੀ ਹੋਵਾ ਜਲਿ ਬਸਾ; ਜੀਅ ਜੰਤ ਸਭਿ ਸਾਰਿ ॥**

ਜੇਕਰ ਮਛੁਲੀ = ਮੱਛੀ ਦੀ ਨਿਆਈਂ ਬਣ ਕੇ ਜਲ ਵਿਚ ਵਸਣਾ ਕਰੀਏ। **ਵਾ:** ਗ੍ਰਿਹਸਥੀ ਰੂਪ ਮੱਛੀ ਬਣ ਕੇ ਪਦਾਰਥਾਂ ਰੂਪੀ ਜਲ ਵਿਚ ਵਸਣਾ ਕਰੀਏ। ਸਭਿ = ਸਾਰੇ ਜੀਆਂ ਜੰਤਾਂ ਦੀ, ਬੱਚਿਆਂ ਦੀ, ਵਿਆਹ ਸ਼ਾਦੀਆਂ ਆਦਿਕ ਸਾਰੀ ਸਾਰਿ = ਸੰਭਾਲ ਕਰੇ।

**ਉਰਵਾਰਿ ਪਾਰਿ ਮੇਰਾ ਸਹੁ ਵਸੈ; ਹਉ ਮਿਲਉਗੀ ਬਾਹ ਪਸਾਰਿ ॥੩॥**

ਮੇਰਾ ਸਹੁ = ਪਤੀ ਅਕਾਲ ਪੁਰਖ ਵਾਹਿਗੁਰੂ, ਲੋਕ ਪਰਲੋਕ ਵਿਚ ਵਸਦਾ ਹੈ, ਇਹ ਜਾਣ ਕੇ ਗ੍ਰਿਹਸਥੀ ਆਦਮੀ ਭਜਨ ਕਰਨਾ ਕਰੇ ਕਿ ਮੇਰਾ ਵਾਹਿਗੁਰੂ ਉਰਵਾਰਿ = ਉਰਲੇ ਪਾਸੇ ਅਤੇ ਸੰਸਾਰ ਦੇ ਪਾਰਿ = ਪਰਲੇ = ਪਰਲੋਕ ਦੇ ਪਾਸੇ ਵੱਸ ਰਿਹਾ ਹੈ, ਭਾਵ ਦੋਨਾਂ ਪਾਸਿਆਂ ਹੀ ਵਾਹਿਗੁਰੂ ਵੱਸ ਰਿਹਾ ਹੈ। ਹਉ = ਅਸੀਂ ਆਪਣੀ ਬੁੱਧੀ ਰੂਪ ਬਾਂਹ = ਭੁਜਾ ਨੂੰ ਪਰਮੇਸ਼ਰ ਵੱਲ ਪਸਾਰਿ = ਫੈਲਾਅ ਕਰ ਕੇ ਫਿਰ ਬ੍ਰਹਮਾਕਾਰ ਬਿਰਤੀ ਵਿਚ ਮਿਲਾਂਗੇ। ਜੇਕਰ ਪਰਿਵਾਰ ਵਿਚ ਹੀ ਫਸਿਆ ਰਿਹਾ, ਮੱਛੀ ਦੀ ਨਿਆਈਂ ਪਦਾਰਥਾਂ ਰੂਪ ਪਾਣੀ ਵਿਚ ਫਸਿਆ ਰਿਹਾ ਤਾਂ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋਣੀ, ਇਵੇਂ ਨਹੀਂ ਮਿਲਿਆ ਜਾਣਾ ॥੩॥

**ਨਾਗਨਿ ਹੋਵਾ ਧਰ ਵਸਾ; ਸਬਦੁ ਵਸੈ ਭਉ ਜਾਇ ॥**

ਜਿਵੇਂ ਨਾਗਨਿ = ਸੱਪਣੀ ਆਪ ਤਾਂ ਖੁੱਡ ਪੁੱਟਦੀ ਨਹੀਂ, ਚੂਹਿਆਂ ਦੀ ਖੁੱਡ ਵਿਚ ਪ੍ਰਵੇਸ਼ ਹੁੰਦੀ ਹੈ।

ਇਸੇ ਤਰ੍ਹਾਂ ਨਾਗਨੀ ਦੀ ਨਿਆਈਂ ਸੰਨਿਆਸੀ ਆਪ ਤਾਂ ਕੁਟੀਆ ਬਣਾਉਂਦੇ ਨਹੀਂ, ਧਰਤੀ ਵਿਚ ਬਣੀਆਂ ਹੋਈਆਂ ਗੁਫ਼ਾਵਾਂ ਵਿਚ ਹੀ ਵਸਣਾ ਕਰਦੇ ਹਨ।

ਜੇ ਚਿਤ ਵਿਚ ਬ੍ਰਹਮ ਦਾ ਸ਼ਬਦ ਵੱਸ ਗਿਆ ਤਾਂ ਜੰਮਣ ਮਰਣ ਦਾ ਭਉ = ਡਰ ਚਲਿਆ ਜਾਵੇਗਾ ਤਾਂ ਸੰਨਿਆਸੀ ਬਣੇਗਾ।

**ਨਾਨਕ ਸਦਾ ਸੋਹਾਗਣੀ; ਜਿਨ ਜੋਤੀ ਜੋਤਿ ਸਮਾਇ ॥੪॥੨॥੧੯॥**

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਉਚਾਰਨ ਕਰਦੇ ਹਨ ਕਿ ਉਹ ਸਦਾ = ਹਮੇਸ਼ਾ ਵਾਹਿਗੁਰੂ ਦੇ ਸੁਹਾਗ ਵਾਲੀਆਂ ਹਨ, ਜਿਨ੍ਹਾਂ ਦੀ ਜੋਤੀ ਸਰੂਪ ਨੇ ਜੋਤ ਆਪਣੇ ਵਿਚ ਸਮਾਇ = ਮਿਲਾ ਲਈ ਹੈ **ਵਾ:** ਜਿਨ੍ਹਾਂ ਦੀ ਜੋਤੀ ਸਰੂਪ ਨੇ ਆਪਣੇ ਵਿਚ ਪ੍ਰਤੱਖ ਜੋਤ ਸਮਾ ਲਈ ਹੈ, ਭਾਵ ਮੇਲ ਲਈ ਹੈ, ਉਹ ਮੁਕਤ ਹੋਣਗੇ। ਨਹੀਂ ਤਾਂ ਸੰਨਿਆਸੀ ਨਾਗਣੀਆਂ ਬਣਨਗੇ, ਗ੍ਰਹਿਸਥੀ ਮੱਛੀਆਂ ਬਣਨਗੇ, ਬ੍ਰਹਮਚਾਰੀ ਕੋਇਲਾਂ ਬਣਨਗੇ ਅਤੇ ਬਾਣ ਪ੍ਰਸਤੀ ਹਰਣੀਆਂ ਬਣਨਗੇ, ਮੁਕਤ ਨਹੀਂ ਹੋ ਸਕਣਗੇ ॥੪॥੨॥੧੯॥

# ਗਉੜੀ ਪੂਰਬੀ ਦੀਪਕੀ, ਮਹਲਾ ੧

**ਉਥਾਨਕਾ :** ਗੁਰੂ ਜੀ ਨੇ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਚ ਜਿਥੇ ਕੀਰਤਨ ਸੋਹਿਲਾ ਉਚਾਰਨ ਕੀਤਾ, ਉਥੇ ਦਰਬਾਰ ਵਿਚ ਦੁਪਹਿਰ ਨੂੰ ਬਿਰਾਜੇ ਹੋਏ ਸਨ। ਗੁਰੂ ਅੰਗਦ ਦੇਵ ਜੀ (ਭਾਈ ਲਹਿਣਾ ਜੀ) ਆਪ ਜੀ ਦੇ ਚਰਨਾਂ ਦੀ ਮੁੱਠੀ ਚਾਪੀ ਕਰ ਰਹੇ ਸਨ, ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਇਕਦਮ ਝਰੀਟਾਂ ਨਿਕਲੀਆਂ ਤੇ ਖ਼ੂਨ ਸਿੰਮ੍ਹ ਆਇਆ। ਭਾਈ ਲਹਿਣਾ ਜੀ ਕਹਿਣ ਲੱਗੇ ਕਿ ਮਹਾਰਾਜ ਆਪ ਕਿਤੇ ਬਾਹਰ ਕੰਡਿਆਂ ਵਾਲੇ ਥਾਂ ’ਤੇ ਗਏ ਨਹੀਂ, ਆਪ ਜੀ ਦੇ ਚਰਨਾਂ ਵਿੱਚੋਂ ਖ਼ੂਨ ਕਿਉਂ ਸਿੰਮ੍ਹ ਆਇਆ, ਕੰਡਿਆਂ ਦੇ ਚੋਭ ਕਿਉਂ ਹਨ, ਕੀ ਕਾਰਨ ਹੈ ? ਗੁਰੂ ਜੀ ਨੇ ਕਿਹਾ ਕਿ ਬਾਹਰ ਜੰਗਲ ਵਿਚ ਇਕ ਆਜੜੀ ਫਿਰ ਰਿਹਾ ਹੈ। ਉਸ ਨੂੰ ਇਥੇ ਸਾਡੇ ਕੋਲ ਲੈ ਕੇ ਆਉ। ਇਕ ਸਿੱਖ ਨੇ ਜਾ ਕੇ ਉਸ ਆਜੜੀ ਨੂੰ ਲਿਆਂਦਾ। ਹਜ਼ੂਰ ਨੇ ਆਪਣੇ ਚਰਨ ਵਿਖਾਏ ਤੇ ਕਿਹਾ ਕਿ ਦੇਖ ਸਿੱਖਾ ! ਤੂੰ ਪ੍ਰੇਮ ਵਿਚ ਰੰਗਿਆ ਹੋਇਆ ਬਾਣੀ ਦਾ ਪਾਠ ਕਰਦਾ ਫਿਰਦਾ ਹੈਂ ਤੇ ਅਸੀਂ ਤੇਰੇ ਮਗਰ-ਮਗਰ ਪ੍ਰੇਮ ਦੇ ਨਾਲ ਬਾਣੀ ਸੁਣਦੇ ਫਿਰਦੇ ਹਾਂ। ਤੁਸੀਂ ਇਸ ਬਾਣੀ ਨੂੰ ਇਕ ਥਾਂ ਟਿਕ ਕੇ ਪੜ੍ਹਿਆ ਕਰੋ। ਕੀਰਤਨ ਸੋਹਿਲਾ ਕਦੇ ਤੁਰ ਫਿਰ ਕੇ ਨਹੀਂ ਪੜ੍ਹਨਾ, ਰਾਤ ਨੂੰ ਸੌਣ ਵੇਲੇ ਪੜ੍ਹਿਆ ਕਰੋ। ਉਥੇ ਗੁਰੂ ਜੀ ਨੇ ਕਿਹਾ ਕਿ ਜਿਥੇ ਕੋਈ ਕੀਰਤਨ ਸੋਹਿਲਾ ਪੜ੍ਹੇ, ਉਸ ਵੇਲੇ ਅਸੀਂ ਹਾਜ਼ਰ ਹੁੰਦੇ ਹਾਂ। ਆਹ ਦੇਖ ਲੈ ਸਾਡੇ ਚਰਨਾਂ ਵਿਚ ਕੰਡਿਆਂ ਦੀਆਂ ਚੋਭਾਂ ਲੱਗੀਆਂ ਹਨ, ਤੇਰੇ ਪੈਰਾਂ ਵਿਚ ਵੱਜਣ ਵਾਲੇ ਕੰਡੇ ਅਸੀਂ ਹਟਾਉਂਦੇ ਰਹੇ ਹਾਂ। ਜਿਥੇ ਕੀਰਤਨ ਸੋਹਿਲਾ ਸਾਹਿਬ ਦਾ ਪਾਠ ਹੋਵੇ, ਅਸੀਂ ਉਥੇ ਹੀ ਹਾਜ਼ਰ ਹੁੰਦੇ ਹਾਂ।

ਇਥੇ ਗੁਰੂ ਜੀ ਨੇ ਗਉੜੀ, ਪੂਰਬੀ, ਦੀਪਕੀ ਤਿੰਨੇ ਰਾਗਣੀਆਂ ਇਕੱਠੀਆਂ ਲਾਈਆਂ ਹਨ। ਗਉੜੀ ਪੂਰਬੀ ਇਸ ਦੀ ਜਾਤੀ ਹੈ, ਦੀਪਕੀ ਵੀ ਇਸ ਦੀ ਜਾਤੀ ਹੈ। ਦੀਪਕ ਰਾਗ ਦੀ ਰਾਗਣੀ ਦੀਪਕੀ ਹੈ। ਇਸ ਨੂੰ ਵਿੱਚੇ ਮਿਲਾ ਕੇ ਪੂਰਬੀ ਜਾਤੀ ਦੀ ਗਉੜੀ ਦੇ ਵਿਚ, ਮਹਲਾ ੧ = ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਉਚਾਰਨ ਕਰਦੇ ਹਨ :

# ੴ ਸਤਿਗੁਰ ਪ੍ਰਸਾਦਿ ॥

੧ = ਇਕ ਅਦ੍ਵੈਤ ਸਰੂਪ ਪਰਮੇਸ਼ਰ, ਓ = ਸਾਰਿਆਂ ਦਾ ਪ੍ਰਕਾਸ਼ਕ, ਸਤਿਗੁਰ = ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਕਰ ਕੇ ਪ੍ਰਾਪਤ ਹੁੰਦਾ ਹੈ।

## ਜੈ ਘਰਿ ਕੀਰਤਿ ਆਖੀਐ; ਕਰਤੇ ਕਾ ਹੋਇ ਬੀਚਾਰੋ ॥

ਹੇ ਭਾਈ! ਜੈ ਘਰਿ = ਜਿਸ ਸਾਧਸੰਗਤ ਰੂਪੀ ਘਰ ਵਿਚ ਪਰਮੇਸ਼ਰ ਦੀ ਕੀਰਤਿ = ਮਹਿਮਾ ਆਖੀਐ = ਕਹੀ ਜਾਵੇ **ਵਾ:** ਕੀਰਤਨ ਭਜਨ ਆਖੀਦਾ ਹੈ। ਅਤੇ ਫੇਰ ਕਰਤੇ = ਰਚਣਹਾਰ ਪਰਮੇਸ਼ਰ ਦੀ ਪ੍ਰਾਪਤੀ ਕਾ = ਦਾ **ਵਾ:** ਸੱਤ ਅਸੱਤ ਦਾ ਵੀਚਾਰ ਹੋਇ = ਹੋਵੇ। ਜੈਸਾ ਕਿ :

੧. **ਕਥਾ ਕੀਰਤਨੁ ਆਨੰਦ ਮੰਗਲ ਧੁਨਿ ਪੂਰਿ ਰਹੀ ਦਿਨਸੁ ਅਰੁ ਰਾਤਿ ॥੧॥ਰਹਾਉ॥**

*(ਬਿਲਾਵਲੁ ਮਹਲਾ ੫, ਅੰਗ ੮੨੦)*

੨. **ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥** *(ਸਿਰੀਰਾਗੁ ਮ: ੧, ਅੰਗ ੭੨)*

## ਤਿਤੁ ਘਰਿ ਗਾਵਹੁ ਸੋਹਿਲਾ; ਸਿਵਰਹੁ ਸਿਰਜਣਹਾਰੋ ॥੧॥

ਤਿਤੁ = ਉਸ ਸਤਸੰਗਤ ਰੂਪੀ ਘਰ ਵਿਚ ਤੁਸੀਂ ਮਿਲ ਕੇ ਉਸ ਪ੍ਰਭੂ ਦਾ ਸੋਹਿਲਾ = ਜਸ ਗਾਵਹੁ = ਗਾਉਣਾ ਕਰੋ ਅਤੇ ਸੰਸਾਰ ਦੇ ਸਿਰਜਣਹਾਰੋ = ਪੈਦਾ ਕਰਨ ਵਾਲੇ ਪਰਮੇਸ਼ਰ ਨੂੰ ਸਿਵਰਹੁ = ਯਾਦ ਕਰੋ **ਵਾ:** ਜਦੋਂ ਕੀਰਤਨ ਕਰਨ ਤੋਂ ਵੀਚਾਰ ਤੋਂ ਥੱਕ ਜਾਵੋ, ਉਦੋਂ ਫਿਰ ਸਿਰਜਣਹਾਰ ਪਰਮੇਸ਼ਰ ਦਾ ਸਿਮਰਨ ਕਰਨ ਲੱਗ ਜਾਇਆ ਕਰੋ ॥੧॥

***ਨੋਟ :*** ਇਥੇ ਸਿਵਰਹੁ ਗੁਰੂ ਜੀ ਨੇ 'ਵ' ਨਾਲ ਉਚਾਰਨ ਕੀਤਾ ਹੈ। ਸਿਵਰਹੁ ਸਿਰਜਣਹਾਰੋ = ਸਿਮਰਨ ਕਰੋ। ਸੋਹਿਲੇ ਵਿਚ 'ਸਿਵਰਿਹੋ' 'ਰ' ਨੂੰ ਸਿਹਾਰੀ ਹੈ। ਇਥੇ 'ਰ' ਮੁਕਤਾ ਰੱਖ ਕੇ ਏਨਾ ਭੇਦ ਗੁਰੂ ਜੀ ਨੇ ਆਪ ਹੀ ਰੱਖਿਆ ਹੈ।

ਸਿਵਰਿਹੁ ਸ਼ਬਦ ਭਵਿੱਖਤ ਕਾਲ ਦਾ ਵਾਚਕ ਹੈ।

ਸਿਵਰਹੁ ਸ਼ਬਦ ਵਰਤਮਾਨ ਕਾਲ ਦਾ ਵਾਚਕ ਹੈ।

ਸਿਹਾਰੀ ਦਾ ਹੀ ਭੇਦ ਹੈ, ਵਰਤਮਾਨ ਸਮੇਂ ਵਿਚ ਵੀ ਸਿਰਜਣਹਾਰ ਦਾ ਸਿਮਰਨ ਕਰੋ।

## ਤੁਮ ਗਾਵਹੁ; ਮੇਰੇ ਨਿਰਭਉ ਕਾ ਸੋਹਿਲਾ ॥

ਹੇ ਭਾਈ! ਮੇਰੇ ਨਿਰਭਉ = ਭੈ ਤੋਂ ਰਹਿਤ ਪਰਮੇਸ਼ਰ ਕਾ = ਦਾ ਸੋਹਿਲਾ = ਜੱਸ ਤੁਮ = ਤੁਸੀਂ ਗਾਵਹੁ = ਗਾਉਣਾ ਕਰੋ।

## ਹਉ ਵਾਰੀ ਜਾਉ ਜਿਤੁ ਸੋਹਿਲੈ; ਸਦਾ ਸੁਖੁ ਹੋਇ ॥੧॥ਰਹਾਉ॥

ਹਉ = ਮੈਂ ਐਸੇ ਪਰਮੇਸ਼ਰ ਦੇ ਵਾਰੀ = ਵਾਰਨੇ ਜਾਉ = ਜਾਂਦਾ ਹਾਂ, ਜਿਤੁ = ਜਿਸ ਪਰਮੇਸ਼ਰ ਦਾ ਸੋਹਿਲੈ = ਜੱਸ ਗਾ ਕੇ ਸਦਾ = ਹਮੇਸ਼ਾ ਹੀ ਸੁਖੁ = ਅਨੰਦ ਦੀ ਪ੍ਰਾਪਤੀ ਹੋਇ = ਹੁੰਦੀ ਹੈ ॥੧॥ਰਹਾਉ॥

***ਨੋਟ :*** ਜੋ 'ਹਉ ਵਾਰੀ ਜਿਤੁ ਸੋਹਿਲੈ' ਪਾਠ ਸੀ। ਇਥੇ 'ਜਾਉ' ਸ਼ਬਦ ਦਾ ਭੇਦ ਰੱਖਿਆ ਹੈ, ਏਨਾ ਫ਼ਰਕ ਰੱਖਿਆ, ਸਾਰਿਆਂ ਥਾਵਾਂ 'ਤੇ ਇੱਕੋ ਜਿਹਾ ਨਹੀਂ ਪੜ੍ਹਨਾ ਚਾਹੀਦਾ, ਜਿਵੇਂ ਰਹਰਾਸਿ ਦਾ 'ਸੋ ਦਰ' ਜਪੁ ਜੀ ਸਾਹਿਬ ਦਾ 'ਸੋ ਦਰ', ਆਸਾ ਰਾਗ ਦਾ 'ਸੋ ਦਰੁ' ਸਭ ਵੱਖੋ-ਵੱਖ ਹਨ। ਇਵੇਂ ਇਹ ਵੀ ਵੱਖਰਾ ਸ਼ਬਦ ਭੇਦ ਸਮਝਣਾ।

## ਨਿਤ ਨਿਤ ਜੀਅੜੇ ਸਮਾਲੀਅਨਿ; ਦੇਖੈਗਾ ਦੇਵਣਹਾਰੁ ॥

ਹੇ ਭਾਈ! ਜੋ ਨਿਤ = ਸਦਾ ਰਹਿਣ ਵਾਲਾ ਪ੍ਰਭੂ ਨਿਤ = ਨਿਤਾਪ੍ਰਤੀ ਹੀ ਜੀਅੜੇ = ਜੀਵਾਂ ਨੂੰ ਸਮਾਲੀਅਨਿ = ਸੰਭਾਲਦਾ ਹੈ, ਉਹ ਦੇਵਣਹਾਰੁ = ਦਾਤਾਰ ਪਰਮੇਸ਼ਰ ਤੇਰੇ ਵੱਲ ਵੀ ਕ੍ਰਿਪਾ ਦ੍ਰਿਸ਼ਟੀ ਕਰਕੇ ਜ਼ਰੂਰ ਦੇਖੈਗਾ = ਦੇਖੇਗਾ।

## ਤੇਰੇ ਦਾਨੈ ਕੀਮਤਿ ਨਾ ਪਵੈ; ਤਿਸੁ ਦਾਤੇ ਕਵਣੁ ਸੁਮਾਰੁ ॥੨॥

ਹੇ ਭਾਈ ! ਤੇਰੇ ਪਾਸੋਂ ਤਾਂ ਉਸ ਪਰਮੇਸ਼ਰ ਦੁਆਰਾ ਦਿੱਤੇ ਗਏ ਦਾਨੈ = ਦਾਨ ਦੀ ਵੀ ਕੀਮਤ ਨਾ = ਨਹੀਂ ਪਵੈ = ਪੈਣੀ ਤਾਂ ਫੇਰ ਤਿਸੁ = ਉਸ ਦਾਤੇ (ਪ੍ਰਭੂ) ਦੀ ਸੁਮਾਰੁ = ਗਿਣਤੀ ਭਲਾ ਕਵਣੁ = ਕੌਣ ਕਰ ਸਕਦਾ ਹੈ ? ਭਾਵ ਉਸ ਨੇ ਕਿਤਨਾ ਕੁ ਦਾਨ ਦਿੱਤਾ ਹੈ ਕੋਈ ਗਿਣਤੀ ਨਹੀਂ ਕਰ ਸਕਦਾ।

**ਅਥਵਾ** ਤੇਰੇ ਪਾਸੋਂ ਤਾਂ ਉਸ ਪਰਮੇਸ਼ਰ ਦੇ ਦਾਨੈ = ਦਾਨੇ **ਵਾ:** ਦਾਨੇ ਦਿਵਾਨੇ ਮਸਤਾਨੇ ਆਦਿ ਦੀ ਵੀ ਕੀਮਤ ਨਹੀਂ ਪੈ ਸਕਦੀ ਫੇਰ ਉਨ੍ਹਾਂ ਨੂੰ ਦੀਵਾਨਗੀ ਦੇਣ ਵਾਲੇ ਉਸ ਦਾਤੇ ਪ੍ਰਭੂ ਦੀ ਸੁਮਾਰੁ = ਗਿਣਤੀ ਕੌਣ ਕਰ ਸਕਦਾ ਹੈ ਭਾਵ ਕੋਈ ਨਹੀਂ ਕਰ ਸਕਦਾ ॥੨॥

ਦ੍ਰਿਸ਼ਟਾਂਤ ਰੂਪ ਵਿਚ ਬਾਹਜ (ਇਹ ਰੂਪਕ ਅਲੰਕਾਰ ਵਰਤਿਆ ਹੈ)

## ਸੰਬਤਿ ਸਾਹਾ ਲਿਖਿਆ; ਮਿਲਿ ਕਰਿ ਪਾਵਹੁ ਤੇਲੁ ॥

ਜਿਸ ਤਰ੍ਹਾਂ ਲੜਕੀ ਦੇ ਵਿਆਹ ਸਮੇਂ ਸੰਬਤਿ = ਸਾਲ ਅਤੇ ਸਾਹਾ = ਵਿਆਹ ਦਾ ਦਿਨ ਲਿਖਿਆ ਜਾਂਦਾ ਹੈ ਅਤੇ ਵਿਆਹ ਵਾਲੀ ਲੜਕੀ ਦੀਆਂ ਤਾਈਆਂ, ਚਾਚੀਆਂ, ਸਹੇਲੀਆਂ ਆਦਿ ਨੂੰ ਕਿਹਾ ਜਾਂਦਾ ਹੈ ਕਿ ਮਿਲ ਕਰਿ = ਕਰਕੇ ਲੜਕੀ ਦੇ ਸਿਰ ਵਿਚ ਸ਼ਗਨਾਂ ਦਾ ਤੇਲ ਪਾਵਹੁ = ਪਾਉਣਾ ਕਰੋ।[੧] ਫੇਰ ਲੜਕੀ ਵੀ ਆਪਣੇ ਪਿਆਰ ਵਾਲੀਆਂ ਸਖੀਆਂ ਸਹੇਲੀਆਂ ਨੂੰ ਕਹਿੰਦੀ ਹੈ ਕਿ

## ਦੇਹੁ ਸਜਣ ਆਸੀਸੜੀਆ; ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥

ਹੇ ਸਜਣ = ਸੱਜਣੀਓ ! ਤੁਸੀਂ ਸਾਰੀਆਂ ਮੈਨੂੰ ਇਹੋ ਜਿਹੀਆਂ ਆਸੀਸੜੀਆ = ਅਸੀਸਾਂ ਦੇਹੁ = ਦੇਵੋ ਕਿ ਜਿਉ = ਜਿਸ ਕਰਕੇ ਮੇਰਾ ਸਾਹਿਬ = ਮਾਲਕ ਪਤੀ ਦੇ ਸਿਉ = ਨਾਲ ਸੁਖਦਾਇਕ ਮੇਲੁ = ਮਿਲਾਪ ਹੋਵੇ ॥੩॥

## ਘਰਿ ਘਰਿ ਏਹੋ ਪਾਹੁਚਾ; ਸਦੜੇ ਨਿਤ ਪਵੰਨਿ ॥

ਫੇਰ ਘਰਾਂ ਘਰਾਂ ਵਿਚ ਏਹੋ ਵਿਆਹ ਦੀਆਂ ਪਾਹੁਚਾ = ਗੰਢਾ ਦੇ ਸਦੜੇ = ਸੁਨੇਹੇ ਨਾਈ ਆਦਿ ਨਿਤ = ਹਰ ਰੋਜ ਪਵੰਨਿ = ਪਾਉਂਦੇ ਭਾਵ ਦਿੰਦੇ ਹਨ **ਵਾ:** ਘਰਾਂ ਘਰਾਂ ਵਿਚ ਨਾਈ ਪਾਹੁਚਾ = ਪਹੁੰਚ ਕੇ ਏਹੋ = ਇਹੋ ਹੀ ਨਿਤ = ਨਿਤਾਪ੍ਰਤੀ ਸਦੜੇ = ਸੁਨੇਹੇ ਪਵੰਨਿ = ਪਾਉਂਦੇ ਭਾਵ ਦਿੰਦੇ ਹਨ।

## ਸਦਣਹਾਰਾ ਸਿਮਰੀਐ; ਨਾਨਕ ਸੇ ਦਿਹ ਆਵੰਨਿ ॥੪॥੧॥੨੦॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਦਣਹਾਰਾ = ਸੱਦਣ ਵਾਲੇ ਲਾੜੇ ਨੂੰ ਸਿਮਰੀਐ = ਯਾਦ ਕਰਦਿਆਂ ਕਰਦਿਆਂ ਆਖਰ ਸੇ = ਉਹ ਵਿਆਹ ਵਾਲਾ ਦਿਹ = ਦਿਨ ਆਵੰਨਿ = ਆ ਜਾਂਦਾ ਹੈ ॥੪॥੧॥੨੦॥

### ਦੂਸਰਾ ਅਰਥ

ਵਿਆਹ ਦੀ ਤਰ੍ਹਾਂ ਮੌਤ ਦਾ ਵੀ ਸਾਲ ਤੇ ਦਿਨ ਆਦਿ ਲਿਖਿਆ ਜਾਂਦਾ ਹੈ, ਉਸ ਸੰਦਰਭ ਵਿਚ ਫ਼ਰਮਾਉਂਦੇ ਹਨ ਕਿ :

**ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥**

ਹੇ ਭਾਈ ! ਜੀਵ ਰੂਪ ਇਸਤਰੀ ਦਾ ਕਾਲ ਰੂਪੀ ਲਾੜੇ ਨਾਲ ਵਿਆਹੇ ਜਾਣ ਲਈ ਭਾਵ ਮਰ ਜਾਣ

---

੧. ਇਸ ਨੂੰ ਮਾਈਏ ਦੀ ਰਸਮ ਕਿਹਾ ਜਾਂਦਾ ਹੈ ਕਿ ਵਿਆਹੁਤਾ ਲੜਕੀ ਦੇ ਸਿਰ ਵਿਚ ਤਾਈਆਂ, ਚਾਚੀਆਂ, ਮਾਮੀਆਂ, ਮਾਸੀਆਂ, ਸਖੀਆਂ ਆਦਿ ਦੁਆਰਾ ਵਿਆਹ ਦਾ ਸਮਾਂ ਨਿਸ਼ਚਿਤ ਹੋਣ ਤੇ ਸ਼ਗਨਾਂ ਦਾ ਤੇਲ ਚੋਇਆ ਜਾਂਦਾ ਹੈ ਤੇ ਸਾਰੀਆਂ ਔਰਤਾਂ ਸੁਹਾਗ ਦੇ ਗੀਤ ਗਾਉਂਦੀਆਂ ਹਨ ਤੇ ਲੜਕੀ ਨੂੰ ਅਸੀਸਾਂ ਦਿੰਦੀਆਂ ਹਨ।

ਲਈ ਸੰਬਤਿ = ਸਾਲ ਆਦਿ ਨਿਸ਼ਚਿਤ ਸਮਾਂ ਤੇ ਗਿਣ ਕੇ ਸਾਹਾ = ਸੁਆਸਾਂ ਨੂੰ ਲਿਖਿਆ ਗਿਆ ਹੈ, ਇਸ ਲਈ ਜੀਵ ਰੂਪ ਇਸਤਰੀ ਨੂੰ ਚਾਹੀਦਾ ਹੈ ਕਿ ਮਹਾਤਮਾ ਰੂਪੀ ਸੱਜਣੀਆਂ (ਸਖੀਆਂ) ਨਾਲ ਮਿਲ ਕਰਕੇ ਪ੍ਰੇਮ ਰੂਪੀ ਤੇਲ ਆਪਣੇ ਅੰਤਹਕਰਣ ਰੂਪੀ ਸਿਰ ਵਿਚ ਪਾਉਣਾ ਕਰੇ। ਅਤੇ ਮਹਾਤਮਾ ਰੂਪ ਸਖੀਆਂ ਨੂੰ ਇਉਂ ਬੇਨਤੀ ਕਰੇ ਕਿ :

**ਦੇਹੁ ਸਜਣ ਆਸੀਸੜੀਆ; ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥**

ਹੇ ਮਹਾਤਮਾ ਰੂਪ ਸਜਣ = ਸੱਜਣੀਓ (ਸਹੇਲੀਓ) ਤੁਸੀਂ ਮੈਨੂੰ ਐਸੀਆਂ ਆਸੀਸੜੀਆ = ਅਸੀਸਾਂ ਦੇਹੁ = ਦੇਵੋ ਜਿਉ = ਜਿਸ ਅਸੀਸਾਂ ਦਾ ਸਦਕਾ ਮੇਰਾ ਉਸ ਸਾਹਿਬ = ਮਾਲਕ ਪਤੀ ਪਰਮੇਸ਼ਰ ਸਿਉ = ਨਾਲ ਮੇਲੁ = ਮਿਲਾਪ ਹੋ ਜਾਵੇ ॥੩॥

**ਘਰਿ ਘਰਿ ਏਹੋ ਪਾਹੁਚਾ; ਸਦੜੇ ਨਿਤ ਪਵੰਨਿ ॥**

ਘਰਿ ਘਰਿ = ਘਰਾਂ ਘਰਾਂ ਵਿਚ ਲੋਕ ਇਹੋ ਪਾਹੁਚਾ = ਸੁਨੇਹਾ ਦਿੰਦੇ ਹਨ ਕਿ ਅੱਜ ਫਲਾਣਾ ਮਰ ਗਿਆ ਹੈ, ਅਤੇ ਇਹੋ ਹੀ ਮਹਾਤਮਾ ਜਨ ਸਤਸੰਗਤ ਦੇ ਵਿਚ ਨਿਤਾਪ੍ਰਤੀ ਸੁਚੇਤ ਕਰਦੇ ਹੋਏ ਮੌਤ ਦੇ ਸਦੜੇ = ਸੱਦੇ ਪਵੰਨਿ = ਪਾਉਂਦੇ ਭਾਵ ਦਿੰਦੇ ਹਨ।

**ਸਦਣਹਾਰਾ ਸਿਮਰੀਐ; ਨਾਨਕ ਸੇ ਦਿਹ ਆਵੰਨਿ ॥੪॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ! ਉਸ ਸਦਣਹਾਰਾ = ਸੱਦਣ ਵਾਲੇ ਪਤੀ ਪਰਮੇਸ਼ਰ ਨੂੰ ਹਮੇਸ਼ਾ ਹੀ ਸਿਮਰੀਐ = ਯਾਦ (ਸਿਮਰਨਾ) ਕਰੋ ਕਿਉਂਕਿ ਤੁਹਾਡੇ ਉਤੇ ਵੀ ਸੇ = ਉਹ ਮੌਤ ਵਾਲਾ ਦਿਹ = ਦਿਨ ਆਵੰਨਿ = ਆ ਰਿਹਾ ਹੈ ਭਾਵ ਮੌਤ ਨੇੜੇ ਆ ਰਹੀ ਹੈ ॥੪॥

## ਤੀਸਰਾ ਅਰਥ :

***ਪ੍ਰਸ਼ਨ*** *: ਹੇ ਸਤਿਗੁਰੂ ਜੀ! ਉਸ ਪਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?*
*ਗੁਰ ਉੱਤਰ :*

**ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥**

ਹੇ ਭਾਈ! ਵੇਦਾਂ ਸ਼ਾਸਤਰਾਂ **ਵਾ:** ਸਤਿਨਾਮ ਰੂਪ ਬਾਣੀ ਵਿਚ ਵੀ ਸੰਬਤਿ[੧] = ਆਤਮ ਗਿਆਨ ਦੁਆਰਾ ਹੀ ਪਰਮੇਸ਼ਰ ਨਾਲ ਸਾਹਾ = ਮੇਲ ਹੋਣਾ ਲਿਖਿਆ ਹੈ, ਇਸ ਲਈ ਸਤਸੰਗਤ ਵਿਚ ਮਿਲ ਕਰਿ = ਕਰਕੇ ਪ੍ਰੇਮ ਰੂਪੀ **ਵਾ:** ਵੈਰਾਗ ਰੂਪੀ ਤੇਲ ਆਪਣੇ ਅੰਤਹਕਰਣ ਰੂਪੀ ਸਿਰ ਵਿਚ ਸੰਸਕਾਰਾਂ ਰੂਪੀ ਕੇਸ਼ਾ ਨੂੰ ਪਿੱਛੇ ਹਟਾ ਕੇ ਪਾਵਹੁ = ਪਾਉਣਾ ਕਰੋ ਤਾਂ ਹੀ (ਗੁਰਾਂ ਦੁਆਰਾ) ਬ੍ਰਹਮ ਦੀ ਪ੍ਰਾਪਤੀ ਹੁੰਦੀ ਹੈ।

**ਦੇਹੁ ਸਜਣ ਆਸੀਸੜੀਆ; ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥**

ਮਹਾਤਮਾ ਰੂਪੀ ਸੱਜਣਾਂ ਦੇ ਪਾਸ ਇਉਂ ਬੇਨਤੀਆਂ ਕਰੋ ਕਿ ਹੇ ਸਜਣ = ਸੰਤ ਜਨੋਂ ਸਾਨੂੰ ਐਸੀਆਂ ਅਸੀਸਾਂ ਦੇਵੋ, ਜਿਸ ਦਾ ਸਦਕਾ ਸਾਡਾ ਸਾਹਿਬ = ਮਾਲਕ ਪਤੀ ਪਰਮੇਸ਼ਰ ਦੇ ਨਾਲ ਮਿਲਾਪ ਹੋ ਜਾਵੇ ॥੩॥

**ਸਾਖੀ—ਰੁਕਮਣੀ ਦੀ :** ਜਿਸ ਤਰ੍ਹਾਂ ਵਿਦਰਭ ਦਾ ਰਾਜਾ ਭੀਸ਼ਮਕ ਆਪਣੀ ਲੜਕੀ ਰੁਕਮਣੀ ਦੀ ਸ਼ਾਦੀ ਕ੍ਰਿਸ਼ਨ ਨਾਲ ਕਰਨਾ ਚਾਹੁੰਦਾ ਸੀ, ਪਰ ਰੁਕਮਣੀ ਦਾ ਭਰਾ ਰੁਕਮਈਆ ਹੰਕਾਰੀ ਸੀ, ਕਹਿਣ ਲੱਗਾ ਕਿ ਮੈਂ ਆਪਣੀ ਭੈਣ ਨੂੰ ਕ੍ਰਿਸ਼ਨ ਨਾਲ ਨਹੀਂ ਵਿਆਹੁਣਾ, ਮੈਂ ਤਾਂ ਚੰਬਲੀ ਦੇ ਰਾਜੇ ਸ਼ਿਸ਼ਪਾਲ ਨਾਲ ਆਪਣੀ

---

੧. ਸੰਬਤਿ ਪਦ ਨੂੰ ਸੰਸਕ੍ਰਿਤ ਪਦ 'ਸੰਮਤਿ' (सम्मति) ਸਮਝ ਕੇ, ਜਿਸ ਦੇ ਅਰਥਾਂ ਵਿੱਚੋਂ ਇਕ ਅਰਥ ਆਤਮ ਗਿਆਨ ਹੈ।

ਭੈਣ ਦਾ ਵਿਆਹ ਕਰਨਾ ਹੈ। ਉਸ ਵੇਲੇ ਰੁਕਮਣੀ ਨੇ ਕ੍ਰਿਸ਼ਨ ਜੀ ਵੱਲ ਪ੍ਰੇਮ ਚਿੱਠੀ ਲਿਖ ਕੇ ਭੇਜੀ ਕਿ ਛੇਤੀ ਆ ਕੇ ਮੈਨੂੰ ਵਿਆਹ ਕੇ ਲੈ ਜਾਓ, ਨਹੀਂ ਤਾਂ ਮੇਰਾ ਵਿਆਹ ਕਿਸੇ ਹੋਰ ਜਗ੍ਹਾ ਕਰਨ ਲੱਗੇ ਹਨ।

ਕੁਝ ਦਿਨਾਂ ਬਾਅਦ ਰਾਜਾ ਸ਼ਿਸ਼ਪਾਲ ਲਾੜਾ ਬਣ ਕੇ ਜੰਞ ਸਮੇਤ ਆ ਗਿਆ, ਵਿਆਹ ਦੀਆਂ ਸਾਰੀਆਂ ਤਿਆਰੀਆਂ ਹੋ ਗਈਆਂ। ਉਸ ਵੇਲੇ ਰੁਕਮਣੀ ਬੜੀ ਘਬਰਾਈ, ਰੁਕਮਣੀ ਉਦਾਸ ਹੋਈ, ਸਖੀਆਂ ਸਮੇਤ ਦੇਵੀ ਦੀ ਪੂਜਾ ਕਰਨ ਵਾਸਤੇ ਗਈ, ਇਤਨੇ ਨੂੰ ਕ੍ਰਿਸ਼ਨ ਜੀ ਜਾ ਪਹੁੰਚੇ, ਉਸੇ ਵਕਤ ਸ਼੍ਰੀ ਕ੍ਰਿਸ਼ਨ ਰੁਕਮਣੀ ਨੂੰ ਆਪਣੇ ਰਥ 'ਤੇ ਬਿਠਾ ਕੇ ਚੱਲ ਪਏ, ਸ਼ਿਸ਼ਪਾਲ ਅਤੇ ਉਸ ਦੀ ਫ਼ੌਜ ਨੇ ਕ੍ਰਿਸ਼ਨ ਨਾਲ ਜੰਗ ਕੀਤਾ ਤੇ ਸ਼ਿਸ਼ਪਾਲ ਦੀ ਫ਼ੌਜ ਹਾਰ ਗਈ, ਫਿਰ ਰੁਕਮਈਆ ਚੜ੍ਹ ਕੇ ਆਇਆ ਤਾਂ ਕ੍ਰਿਸ਼ਨ ਜੀ ਨੇ ਰਥ ਦੇ ਨਾਲ ਬੰਨ੍ਹ ਲਿਆ। ਓਦੋਂ ਤੋਂ ਲੜਕਾ ਨਾਲ ਲਿਜਾਣ ਲੱਗ ਪਏ ਕਿ ਭੈਣ ਦੇ ਨਾਲ ਭਾਈ ਜਾਂਦਾ ਹੈ। ਇਹ ਕਿਹੋ ਜਿਹਾ ਰਿਵਾਜ ਪਾਇਆ। ਕ੍ਰਿਸ਼ਨ ਤਾਂ ਬੰਨ੍ਹ ਕੇ ਲੈ ਗਿਆ ਸੀ। ਪਰ ਹੁਣ ਭੈਣ ਦੇ ਨਾਲ ਭੇਜਦੇ ਹਨ, ਇਹ ਖੋਟਾ ਰਿਵਾਜ ਹੈ।

**ਵਾ:** ਹੇ ਮਹਾਤਮਾ ਜਨੋਂ, ਇਹ ਅਸੀਸਾਂ ਦਿਓ, ਜਿੰਦ ਤਾਂ ਵਹੁਟੀ ਦੀ ਭਾਵ ਰੁਕਮਣੀ ਦੀ ਨਿਆਈਂ ਹੈ, ਲਾੜਾ ਮੌਤ ਦੀ ਨਿਆਈਂ ਹੈ। ਸਾਰਿਆਂ ਦੀ ਜਿੰਦ ਨੂੰ ਕਾਲ ਲੈ ਜਾਂਦਾ ਹੈ। ਜਿਨ੍ਹਾਂ ਨੂੰ ਕ੍ਰਿਸ਼ਨ ਰੂਪ ਅਕਾਲ ਪੁਰਖ ਵਾਹਿਗੁਰੂ ਦੀ ਪ੍ਰਾਪਤੀ ਹੋਈ ਹੈ, ਜਿਨ੍ਹਾਂ ਨੇ ਪ੍ਰੇਮ ਰੂਪੀ ਪ੍ਰੋਹਿਤ ਦੇ ਤਾਈਂ ਭੇਜਿਆ ਹੈ, ਉਨ੍ਹਾਂ ਦੀ ਜਿੰਦ ਰੂਪੀ ਰੁਕਮਣੀ ਨੂੰ ਅਕਾਲ ਪੁਰਖ ਕ੍ਰਿਸ਼ਨ ਦੀ ਪ੍ਰਾਪਤੀ ਹੋ ਗਈ ਹੈ।

**ਘਰਿ ਘਰਿ ਏਹੋ ਪਾਹੁਚਾ; ਸਦੜੇ ਨਿਤ ਪਵੰਨਿ ॥**

ਘਰਿ ਘਰਿ = ਸਾਰੇ ਸ਼ਾਸਤ੍ਰ ਇਹ ਖ਼ਬਰ ਪਹੁੰਚਾ ਰਹੇ ਹਨ ਕਿ ਮਨੁੱਖਾ ਦੇਹ ਨੂੰ ਪਰਮੇਸ਼ਰ ਚੇਤੇ ਕਰਨ ਵਾਸਤੇ ਚੇਤਨ ਸਰੂਪ ਨੇ ਬਣਾਇਆ ਹੈ। ਭੋਗ ਤਾਂ ਸਾਰੀਆਂ ਜੂਨਾਂ ਵਿਚ ਹੀ ਪ੍ਰਾਪਤ ਹੁੰਦੇ ਹਨ:

**ਤਨ ਚੇਤਨ ਚੇਤਨ ਹੇਤ ਭਯੋ। ਭਵ ਭੋਗਨ ਹੇਤ ਨ ਦੈਵ ਦਯੋ ॥੪੭॥** *(ਵੈਰਾਗ ਸ਼ਤਕ, ਅਧਿ: ੧੦)*

ਸਦੜੇ ਨਿਤ ਪਵੰਨਿ = ਜੋ ਮਹਾਤਮਾ ਜਨ ਵੈਰਾਗ ਵਾਲੇ ਹਨ, ਉਹ ਕਹਿੰਦੇ ਹਨ ਕਿ ਗੁਰਾਂ ਦੇ ਸਦੜੇ = ਉਪਦੇਸ਼ ਨਿਤ = ਹਰ ਰੋਜ਼ ਪਵੰਨਿ = ਪੈ ਰਹੇ ਹਨ ਕਿ ਅੰਮ੍ਰਿਤ ਵੇਲੇ ਉੱਠ ਕੇ ਵਾਹਿਗੁਰੂ ਪਰਮੇਸ਼ਰ ਦਾ ਸਿਮਰਨ ਕਰ ਕੇ ਮਨੁੱਖਾ ਜਨਮ ਦਾ ਲਾਭ ਪ੍ਰਾਪਤ ਕਰੋ।

**ਸਦਣਹਾਰਾ ਸਿਮਰੀਐ; ਨਾਨਕ ਸੇ ਦਿਹ ਆਵੰਨਿ ॥੪॥੧॥੨੦॥**

ਹੇ ਭਾਈ ! ਵੇਦਾਂ ਸ਼ਾਸਤ੍ਰਾਂ ਦੁਆਰਾ ਸੱਦਣਹਾਰਾ ਪਰਮੇਸ਼ਰ ਹੈ, ਉਸ ਦਾ ਸਿਮਰਨ ਕਰੀਏ। ਨਾਨਕ ਸੇ ਦਿਹ ਆਵੰਨਿ = ਗੁਰੂ ਜੀ ਕਹਿੰਦੇ ਹਨ ਕਿ ਸੇ = ਉਹ ਬ੍ਰਹਮ ਗਿਆਨੀਆਂ ਵਾਲੇ ਦਿਹ = ਦਿਨ ਸਾਡੇ 'ਤੇ ਆਉਣਗੇ।

**ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥** *(ਗਉੜੀ ਸੁਖਮਨੀ ਮ: ੫, ਅੰਗ ੨੯੫)*

ਉਹ ਕਾਲ ਵਾਲੇ ਦਿਨ ਸਾਰਿਆਂ 'ਤੇ ਆ ਜਾਣੇ ਹਨ, ਕਾਲ ਰੂਪੀ ਸ਼ਿਸ਼ਪਾਲ ਨੇ ਜਿੰਦ ਰੂਪੀ ਰੁਕਮਣੀ ਨੂੰ ਵਿਆਹ ਕੇ ਲੈ ਜਾਣਾ ਹੈ। ਫਿਰ ਕੁਝ ਵੀ ਨਹੀਂ ਬਣ ਸਕੇਗਾ। ਸਾਡੇ ਅਕਾਲ ਪੁਰਖ ਨੂੰ ਮਿਲਣ ਦੇ ਦਿਨ ਆਉਣੇ ਚਾਹੀਦੇ ਹਨ ॥੪॥੧॥੨੦॥

ਇਹ ਵੀਹ ਸ਼ਬਦ ਗਉੜੀ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰਨ ਕੀਤੇ ਹਨ।

## ਰਾਗੁ ਗਉੜੀ ਮਹਲਾ ੩ ਚਉਪਦੇ ੴ ਸਤਿਗੁਰ ਪ੍ਰਸਾਦਿ ॥
## ਗਉੜੀ ਗੁਆਰੇਰੀ ॥

ਰਾਗ ਗਉੜੀ ਵਿਚ ਮਹਲਾ ੩ = ਤੀਸਰੇ ਸਰੂਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਚਉਪਦੇ = ਚਾਰ

ਚਾਰ ਪਦਿਆਂ ਵਾਲੇ ਸ਼ਬਦ ਉਚਾਰਨ ਕਰਦੇ ਹਨ ੧ = ਅਦੁੱਤੀ ਬ੍ਰਹਮ, ੴ = ਸਾਰਿਆਂ ਦਾ ਪ੍ਰਕਾਸ਼ਕ ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਮਿਲਦਾ ਹੈ। ਰਾਗ ਗਉੜੀ ਦੀ ਗੁਆਰੇਰੀ ਜਾਤੀ ਹੈ।

ਭਾਈ ਪਾਰੋ ਵਰਗੇ ਆਦਿ ਉੱਤਮ ਅਧਿਕਾਰੀ ਗੁਰਸਿੱਖਾਂ ਨੇ ਸਤਿਗੁਰਾਂ ਪਾਸ ਪ੍ਰਸ਼ਨ ਕੀਤਾ ਕਿ ਸਤਿਗੁਰੂ ਜੀ ਅਕਾਲ ਪੁਰਖ ਨਾਲ ਕਿਵੇਂ ਮਿਲੀਦਾ ਹੈ ? ਤਦ ਉੱਤਰ ਵਿਚ ਸਤਿਗੁਰੂ ਜੀ ਕਥਨ ਕਰਦੇ ਹਨ :

## ਗੁਰਿ ਮਿਲਿਐ; ਹਰਿ ਮੇਲਾ ਹੋਈ ॥ ਆਪੇ; ਮੇਲਿ ਮਿਲਾਵੈ ਸੋਈ ॥

ਹੇ ਭਾਈ ਸਤਿਗੁਰਾਂ ਦੇ ਮਿਲਣੇ ਤੋਂ ਹੀ ਹਰਿ = ਹਰੀ ਅਕਾਲ ਪੁਰਖ ਵਾਹਿਗੁਰੂ ਦਾ ਮਿਲਾਪ ਹੋਈ = ਹੁੰਦਾ ਹੈ। ਆਪੇ = ਆਪ ਹੀ ਸੋਈ = ਉਹ ਪਰਮੇਸ਼ਰ ਆਪਣੇ ਸਰੂਪ ਦੇ ਮੇਲ ਵਿਚ ਮਿਲਾਵੈ = ਮਿਲਾਉਂਦਾ ਹੈ **ਵਾ:** ਜਿਨ੍ਹਾਂ 'ਤੇ ਆਪ ਪਰਮੇਸ਼ਰ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਨ੍ਹਾਂ ਨੂੰ ਸਰੂਪ ਦੀ ਪ੍ਰਾਪਤੀ ਵਾਸਤੇ ਨਿਸ਼ਕਾਮ ਕਰਮ ਕਰਕੇ ਗੁਰਾਂ ਦੇ ਮੇਲ ਵਿਚ ਮਿਲਾਉਂਦਾ ਹੈ। ਜੋ ਗੁਰਾਂ ਦੇ ਮੇਲ ਵਿਚ ਮਿਲਦੇ ਹਨ, ਉਨ੍ਹਾਂ ਨੂੰ ਨਾਮ ਦੇ ਮੇਲ ਵਿਚ ਮਿਲਾਉਂਦਾ ਹੈ। ਜਿਹੜੇ ਨਾਮ ਦੇ ਮੇਲ ਵਿਚ ਮਿਲਦੇ ਹਨ, ਉਨ੍ਹਾਂ ਨੂੰ ਖ਼ੁਦ ਪਰਮੇਸ਼ਰ ਆਪਣੇ ਵਿਚ ਮਿਲਾ ਲੈਂਦਾ ਹੈ।

## ਮੇਰਾ ਪ੍ਰਭੁ; ਸਭ ਬਿਧਿ ਆਪੇ ਜਾਣੈ ॥ ਹੁਕਮੇ ਮੇਲੇ; ਸਬਦਿ ਪਛਾਣੈ ॥੧॥

ਮੇਰਾ ਪ੍ਰਭੁ = ਅਕਾਲ ਪੁਰਖ ਸਮਰਥ ਗੁਰਾਂ ਨਾਲ ਮੇਲਣ ਨਿਸ਼ਕਾਮ ਕਰਮਾਂ ਨਾਮ ਦੀ ਦਾਤ ਆਪਣੇ ਨਾਲ ਮੇਲਣ ਦੀਆਂ ਆਦਿ ਸਾਰੀਆਂ ਬਿਧਿ = ਜੁਗਤੀਆਂ ਆਪੇ ਹੀ ਜਾਣੈ = ਜਾਣਦਾ ਹੈ।

ਜਿਹੜਾ ਸਿੱਖ ਪਰਮੇਸ਼ਰ ਦੇ ਹੁਕਮ ਨੂੰ ਮੰਨ ਕੇ ਗੁਰਾਂ ਦੇ ਸਬਦਿ = ਉਪਦੇਸ਼ ਦੀ ਪਛਾਣ ਕਰਦਾ ਹੈ, ਉਸ ਨੂੰ ਵਾਹਿਗੁਰੂ ਮੇਲ ਲੈਂਦਾ ਹੈ ॥੧॥

## ਸਤਿਗੁਰ ਕੈ ਭਇ; ਭ੍ਰਮੁ ਭਉ ਜਾਇ ॥
## ਭੈ ਰਾਚੈ; ਸਚ ਰੰਗਿ ਸਮਾਇ ॥੧॥ਰਹਾਉ॥

ਸਤਿਗੁਰਾਂ ਕੈ = ਦੇ ਭਇ = ਡਰ ਵਿਚ ਰਹਿਣ ਕਰਕੇ ਸਰੂਪ ਦਾ ਭਰਮ, ਜੰਮਣ ਮਰਣ ਦਾ ਭਉ = ਡਰ ਚੱਲਿਆ ਜਾਇ = ਜਾਂਦਾ ਹੈ।

ਜਿਹੜਾ ਗੁਰੂ ਸਾਹਿਬ ਦੇ ਭੈਅ ਅਤੇ ਅਦਬ ਵਿਚ ਰਾਚੈ = ਰਚਦਾ ਹੈ, ਉਹ ਸਚ = ਸੱਚੇ ਪਰਮੇਸ਼ਰ ਦੇ ਰੰਗਿ = ਅਨੰਦ ਦੇ ਵਿਚ ਸਮਾਇ = ਸਮਾ ਜਾਂਦਾ ਹੈ ॥੧॥ਰਹਾਉ॥

## ਗੁਰਿ ਮਿਲਿਐ; ਹਰਿ ਮਨਿ ਵਸੈ ਸੁਭਾਇ ॥

ਸਤਿਗੁਰਾਂ ਦੇ ਮਿਲਣੇ ਕਰ ਕੇ ਹਰੀ ਦਾ ਨਾਮ ਮਨ ਵਿਚ ਸੁਭਾਇ = ਸੁਭਾਵਿਕ ਆ ਵਸੈ = ਵਸਦਾ ਹੈ।

## ਮੇਰਾ ਪ੍ਰਭੁ ਭਾਰਾ; ਕੀਮਤਿ ਨਹੀ ਪਾਇ ॥

ਮੇਰਾ ਪ੍ਰਭੁ = ਵਾਹਿਗੁਰੂ ਅਤਿਅੰਤ ਭਾਰਾ = ਵੱਡਾ, ਸ਼੍ਰੇਸਟ ਹੈ **ਵਾ:** ਭਾਰਾ = ਅਧਿਸ਼ਠਾਨ ਸਰੂਪ ਹੈ ਉਸ ਦੀ ਕੋਈ ਵੀ ਕੀਮਤ ਨਹੀਂ ਪਾਇ = ਪਾ ਸਕਦਾ। ਉਸ ਦੀ ਕੀਮਤ ਕਿਸੇ ਪਾਸੋਂ ਨਹੀਂ ਪਾਈ ਜਾਂਦੀ, ਉਹ ਬੇਅੰਤ ਹੈ।

## ਸਬਦਿ ਸਾਲਾਹੈ; ਅੰਤੁ ਨ ਪਾਰਾਵਾਰੁ ॥

ਜਿਸ ਦੇ ਪਾਰਾਵਾਰੁ = ਪਾਰ ਉਰਾਰ (ਲੋਕ, ਪ੍ਰਲੋਕ) ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਸ ਨੂੰ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਜੋ ਸਾਲਾਹੈ = ਸਲਾਹੁੰਦਾ ਹੈ।

## ਮੇਰਾ ਪ੍ਰਭੁ ਬਖਸੇ; ਬਖਸਣਹਾਰੁ ॥੨॥

ਉਸਨੂੰ ਮੇਰਾ ਪ੍ਰਭੁ = ਵਾਹਿਗੁਰੂ ਬਖਸੇ = ਬਖ਼ਸ਼ ਲੈਂਦਾ ਹੈ। ਕਿਉਂਕਿ ਉਸ ਦਾ ਬਖ਼ਸ਼ਣਹਾਰ ਬਿਰਦ ਹੈ ਜਿਵੇਂ ਪਿਛਲੇ ਭਗਤਾਂ ਨੂੰ ਬਖ਼ਸ਼ਿਆ ਹੈ, ਹੁਣ ਵੀ ਬਖ਼ਸ਼ਣਹਾਰ ਹੈ॥੨॥

## ਗੁਰਿ ਮਿਲਿਐ; ਸਭ ਮਤਿ ਬੁਧਿ ਹੋਇ ॥

ਸਤਿਗੁਰਾਂ ਦੇ ਨਾਲ ਮਿਲਣ ਕਰਕੇ, ਸ਼ਾਸਤਰਾਂ ਦੇ ਸਿਧਾਂਤ ਦੀ ਮੱਤ ਵੀ ਅਤੇ ਵੇਦਾਂ ਦੀਆਂ ਸੁਰਤੀਆਂ ਸਿੰਮ੍ਰਿਤੀਆਂ ਦੀ ਵੀ ਸਾਰੀ ਬੁੱਧ ਪ੍ਰਾਪਤ ਹੋ ਜਾਂਦੀ ਹੈ **ਵਾ:** ਵਿਵਹਾਰਾਂ ਦੀ ਵੀ ਮਤ ਅਤੇ ਪਰਮਾਰਥ ਦੇ ਵੀ ਬੋਧ ਵਾਲੀ ਬੁੱਧੀ ਪ੍ਰਾਪਤ ਹੋ ਜਾਂਦੀ ਹੈ।

[ਅੰਗ ੧੫੮]

## ਮਨਿ ਨਿਰਮਲਿ; ਵਸੈ ਸਚੁ ਸੋਇ ॥

ਜਦ ਮਨ ਵਿਕਾਰਾਂ ਦੀ ਮੈਲ ਤੋਂ ਨਿਰਮਲਿ = ਉੱਜਲ ਹੋ ਜਾਂਦਾ ਹੈ, ਤਦ ਸੋਇ = ਉਸ ਵੇਲੇ ਸਚੁ ਸਰੂਪ ਪਰਮੇਸ਼ਰ ਇਸ ਵਿਚ ਵਸੈ = ਵੱਸ ਜਾਂਦਾ ਹੈ। ਸੱਚੇ ਦੀ ਸੋਭਾ ਕਰਦੇ ਕਰਦੇ ਸੱਚੇ ਦਾ ਹੀ ਰੂਪ ਹੋ ਜਾਈਦਾ ਹੈ।

## ਸਾਚਿ ਵਸਿਐ; ਸਾਚੀ ਸਭ ਕਾਰ ॥ ਊਤਮ ਕਰਣੀ; ਸਬਦ ਬੀਚਾਰ ॥੩॥

ਜਿਨ੍ਹਾਂ ਦੇ ਹਿਰਦੇ ਵਿਚ ਸੱਚਾ ਪਾਤਿਸ਼ਾਹ ਵੱਸ ਜਾਂਦਾ ਹੈ, ਉਨ੍ਹਾਂ ਦੀ ਸਾਰੀ ਕਾਰ ਸੱਚੀ ਹੁੰਦੀ ਹੈ।

ਹੇ ਗੁਰਸਿੱਖੋ ! ਜਿਹੜੀ ਸੰਸਾਰ ਵਿਚ ਗੁਰੂ ਸਾਹਿਬ ਜੀ ਦੇ ਸ਼ਬਦ ਦੀ ਵੀਚਾਰ ਕਰਨੀ ਹੈ, ਇਹ ਸਭਨਾਂ ਕਮਾਈਆਂ ਤੋਂ ਉੱਤਮ ਕਮਾਈ ਹੈ॥੩॥

## ਗੁਰ ਤੇ; ਸਾਚੀ ਸੇਵਾ ਹੋਇ ॥ ਗੁਰਮੁਖਿ; ਨਾਮੁ ਪਛਾਣੈ ਕੋਇ ॥

ਗੁਰ = ਸਤਿਗੁਰਾਂ ਦੀ ਸ਼ਰਨ ਪਿਆ ਤੇ = ਤੋਂ ਹੀ ਸਾਚੀ = ਸੱਚੀ ਨਾਮ ਦੀ ਸੇਵਾ = ਟਹਿਲ ਰੂਪ ਦਾਤ ਪ੍ਰਾਪਤ ਹੁੰਦੀ ਹੈ **ਵਾ:** ਸੱਚੀ ਸੇਵਾ ਖੇਤੀ ਰੂਪ ਹੈ। ਗੁਰੂ ਸਾਹਿਬ ਜੀ ਬੱਦਲ ਦੀ ਨਿਆਈਂ ਹੋ ਕੇ ਉਪਦੇਸ਼ ਰੂਪੀ ਵਰਖਾ ਕਰਦੇ ਹਨ ਤਾਂ ਸੇਵਾ ਰੂਪੀ ਖੇਤੀ ਸੱਚੀ ਹੁੰਦੀ ਹੈ। ਫਿਰ ਗਿਆਨ ਰੂਪੀ ਫੁੱਲ, ਮੁਕਤੀ ਰੂਪੀ ਫਲ ਲੱਗਦੇ ਹਨ ਅਤੇ ਅਨੰਦ ਰੂਪੀ ਰਸ ਪ੍ਰਾਪਤ ਹੁੰਦਾ ਹੈ।

ਕੋਇ = ਕੋਈ ਕੋਈ ਗੁਰਮੁਖ ਭਾਗਾਂ ਵਾਲਾ ਹੀ ਨਾਮ ਦੀ ਪਛਾਣੈ = ਪਛਾਣ ਕਰਨ ਵਾਲਾ ਹੈ।

## ਜੀਵੈ ਦਾਤਾ; ਦੇਵਣਹਾਰੁ ॥ ਨਾਨਕ; ਹਰਿ ਨਾਮੇ ਲਗੈ ਪਿਆਰੁ ॥੪॥੧॥੨੧॥

ਗੁਰੂ ਸਾਹਿਬ ਸਦਾ ਪਰਮੇਸ਼ਰ ਦਾ ਰੂਪ ਚਾਰ ਜੁਗਾਂ ਵਿਚ ਦਾਤਾਂ ਦੇਣ ਵਾਲੇ ਜੀਵੈ = ਜਿਊਂਦੇ ਹਨ **ਵਾ:** ਗੁਰੂ ਸਾਹਿਬ ਜੀ ਨਾਮ ਦੀਆਂ ਦਾਤਾਂ ਦੇਣ ਵਾਲੇ ਹਨ। ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਉਨ੍ਹਾਂ ਦਾ ਹਰੀ ਦੇ ਨਾਮ ਵਿਚ ਪਿਆਰ ਲੱਗ ਜਾਂਦਾ ਹੈ, ਇਉਂ ਗੁਰਾਂ ਦੇ ਮਿਲਣੇ ਕਰਕੇ ਪਰਮੇਸ਼ਰ ਦਾ ਮਿਲਾਪ ਹੁੰਦਾ ਹੈ॥੪॥੧॥੨੧॥

## ਗਉੜੀ ਗੁਆਰੇਰੀ, ਮਹਲਾ ੩ ॥

## ਗੁਰ ਤੇ; ਗਿਆਨੁ ਪਾਏ ਜਨੁ ਕੋਇ ॥ ਗੁਰ ਤੇ ਬੂਝੈ; ਸੀਝੈ ਸੋਇ ॥

ਹੇ ਭਾਈ ! ਕੋਈ ਵਿਰਲਾ ਹੀ ਜਨੁ = ਭਗਤ, ਪ੍ਰੇਮੀ, ਸੇਵਾਦਾਰ ਸੰਸਾਰ ਵਿਚ ਸਤਿਗੁਰਾਂ ਤੋਂ ਗਿਆਨ ਪ੍ਰਾਪਤ ਕਰ ਸਕਦਾ ਹੈ। ਸਤਿਗੁਰਾਂ ਤੋਂ ਬਗ਼ੈਰ ਕੋਈ ਗਿਆਨ ਨਹੀਂ ਦੇ ਸਕਦਾ। ਜੋ ਗੁਰੂ ਸਾਹਿਬ ਦੇ ਪਾਸੋਂ ਅੰਮ੍ਰਿਤ ਨਾਮ ਬੂਝੈ = ਪੁੱਛਦਾ ਹੈ, ਉਹ ਪੁਰਖ ਸੀਝੈ = ਮੁਕਤ ਹੋ ਜਾਂਦਾ ਹੈ।

## ਗੁਰ ਤੇ; ਸਹਜੁ ਸਾਚੁ ਬੀਚਾਰੁ ॥ ਗੁਰ ਤੇ; ਪਾਏ ਮੁਕਤਿ ਦੁਆਰੁ ॥੧॥

ਗੁਰੂ ਸਾਹਿਬ ਤੋਂ ਹੀ ਸਹਜੁ = ਗਿਆਨ ਪ੍ਰਾਪਤੀ ਦਾ ਸੱਚਾ ਵੀਚਾਰ ਮਿਲਦਾ ਹੈ।

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਗਿਆਨ ਤਾਂ ਗੁਰਾਂ ਤੋਂ ਪਾ ਲਈਦਾ ਹੈ। ਕਿਰਪਾ ਕਰਕੇ ਦੱਸੋ ਕਿ ਮੁਕਤੀ ਦਾ ਦੁਆਰਾ ਕਿਥੋਂ ਪ੍ਰਾਪਤ ਹੁੰਦਾ ਹੈ ?*

***ਗੁਰ ਉੱਤਰ :*** ਹੇ ਭਾਈ ! ਗੁਰੂ ਸਾਹਿਬ ਤੋਂ ਹੀ ਸੰਸਾਰ ਤੋਂ ਮੁਕਤੀ ਦਾ ਦੁਆਰਾ ਅਪ੍ਰੋਖ ਗਿਆਨ ਪਾਇਆ ਜਾਂਦਾ ਹੈ ॥੧॥

***ਪ੍ਰਸ਼ਨ :*** *ਗੁਰੂ ਸਾਹਿਬ ਜੀ ਪਰਮੇਸ਼ਰ ਮਿਲਦਾ ਕਿਸ ਨੂੰ ਹੈ ?*

***ਉੱਤਰ :***

## ਪੂਰੈ ਭਾਗਿ; ਮਿਲੈ ਗੁਰੁ ਆਇ ॥ ਸਾਚੈ ਸਹਜਿ; ਸਾਚਿ ਸਮਾਇ ॥੧॥ਰਹਾਉ॥

ਪੂਰੈ = ਪੂਰਨ ਭਾਗਿ = ਕਰਮਾਂ ਵਾਲਿਆਂ ਨੂੰ ਗੁਰੂ ਸਾਹਿਬ ਜੀ ਮਨੁੱਖਾ ਜਨਮ ਵਿਚ ਆ ਕੇ ਮਿਲਦੇ ਹਨ।

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਜਿਨ੍ਹਾਂ ਨੂੰ ਸਤਿਗੁਰੂ ਜੀ ਮਿਲ ਜਾਂਦੇ ਹਨ, ਉਨ੍ਹਾਂ ਨੂੰ ਕੀ ਲਾਭ ਹੁੰਦਾ ਹੈ ?*

***ਗੁਰ ਉੱਤਰ :***

ਹੇ ਭਾਈ ! ਜਿਹੜੇ ਸਾਚੈ = ਸੱਚੇ ਦਾ ਸ੍ਰਵਣ ਕਰ ਕੇ ਸਹਜਿ = ਸ਼ਾਂਤੀਪੂਰਵਕ ਮੰਨਣ ਕਰ ਕੇ ਨਿਧਿਆਸਣ ਕਰਦੇ ਹਨ, ਉਹ ਸੱਚੇ ਨਾਮ ਨੂੰ ਜਪਣ ਵਾਲੇ ਸਾਚਿ = ਸੱਚ ਸਰੂਪ ਵਿਚ ਸਮਾ ਜਾਂਦੇ ਹਨ, **ਵਾ:** ਅਭੇਦ ਹੋ ਜਾਂਦੇ ਹਨ ॥੧॥ਰਹਾਉ॥

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਗੁਰੂ ਸਾਹਿਬ ਦੇ ਮਿਲਣ ਨਾਲ ਕੀ-ਕੀ ਲਾਭ ਪ੍ਰਾਪਤ ਹੁੰਦਾ ਹੈ ?*

***ਗੁਰ ਉੱਤਰ :***

## ਗੁਰਿ ਮਿਲਿਐ; ਤ੍ਰਿਸਨਾ ਅਗਨਿ ਬੁਝਾਏ ॥

(**ਬੁਝਾਏ** ਪੋਲਾ ਬੋਲੋ)

ਗੁਰੂ ਸਾਹਿਬ ਜੀ ਦੇ ਨਾਲ ਮਿਲਣੇ ਕਰਕੇ ਸੰਸਾਰ ਦੇ ਪਦਾਰਥਾਂ ਦੀ ਤ੍ਰਿਸ਼ਨਾ ਰੂਪੀ ਅਗਨਿ = ਅੱਗ ਬੁਝਾਏ = ਬੁਝ ਜਾਂਦੀ ਹੈ।

ਜਿਵੇਂ ਜੰਗਲਾਂ ਦੀ ਅੱਗ ਵਰਖਾ ਹੋਣ ਤੋਂ ਬੁਝ ਜਾਂਦੀ ਹੈ, ਇਸੇ ਤਰ੍ਹਾਂ ਸਤਿਗੁਰੂ ਜੀ ਦਾ ਉਪਦੇਸ਼ ਬੱਦਲ ਦੀ ਨਿਆਈਂ ਹੈ। ਤ੍ਰਿਸ਼ਨਾ ਰੂਪੀ ਅੱਗ ਨੂੰ ਉਪਦੇਸ਼ ਰੂਪ ਵਰਖਾ ਕਰ ਕੇ ਬੁਝਾ ਦਿੰਦੇ ਹਨ।

## ਗੁਰ ਤੇ; ਸਾਂਤਿ ਵਸੈ ਮਨਿ ਆਏ ॥

ਗੁਰ ਕਿਰਪਾ ਤੇ = ਤੋਂ ਹੀ ਸ਼ਾਂਤੀ ਮਨ ਵਿਚ ਆ ਕੇ ਵਸਦੀ ਹੈ। ਸਾਰੀਆਂ ਵਾਸ਼ਨਾਵਾਂ ਦਾ ਖੈਅ ਹੋ ਜਾਣ ਦਾ ਨਾਮ ਸ਼ਾਂਤੀ ਹੈ, ਭਾਵ ਜਿੰਨੀਆਂ ਵਾਸ਼ਨਾਵਾਂ ਹੋਣ, ਸਾਰੀਆਂ ਮਿਟ ਜਾਣੀਆਂ ਤੇ ਚਿੱਤ ਨੇ ਸ਼ਾਂਤ ਹੋ ਜਾਣਾ। ਜੈਸਾ ਕਿ :

**ਸੁਤ ਬਿਤ ਲੋਕ ਈਖਣਾ ਤੀਨੀ।**

## ਗੁਰ ਤੇ; ਪਵਿਤ ਪਾਵਨ ਸੁਚਿ ਹੋਇ ॥

ਹੇ ਭਾਈ ! ਗੁਰੂ ਸਾਹਿਬ ਦੇ ਉਪਦੇਸ਼ ਤੇ = ਤੋਂ ਹੀ ਮਨ ਪਵਿਤ = ਪਵਿੱਤਰ, ਸਰੀਰ ਪਾਵਨ = ਸੁਧ ਤੇ ਇੰਦ੍ਰੇ ਸੁਚਿ = ਸੁੱਚੇ ਹੋ ਜਾਂਦੇ ਹਨ **ਵਾ:** ਗੁਰਾਂ ਦੁਆਰਾ ਮਨ, ਬਾਣੀ ਸਰੀਰ ਕਰਕੇ ਪਵਿੱਤਰ ਹੋ ਜਾਈਦਾ

ਹੈ **ਅਥਵਾ** ਗੁਰੂ ਦੇ ਪਵਿੱਤਰ ਉਪਦੇਸ਼ ਦੁਆਰਾ, ਪਾਵਨ ਨਾਮ ਨੂੰ ਜਪਣੇ ਕਰਕੇ ਉਹ ਪੁਰਖ ਸੁੱਚੇ ਹੋ ਜਾਂਦੇ ਹਨ। ਉਨ੍ਹਾਂ ਦੀ ਸੰਗਤ ਕਰਨ ਵਾਲੇ ਪਵਿੱਤਰ ਹੋ ਜਾਂਦੇ ਹਨ। ਉਨ੍ਹਾਂ ਨੂੰ ਸਥੂਲ ਸਰੀਰ ਦੀ ਹੰਗਤਾ ਦੀ ਮੈਲ, ਸੂਖਮ ਦੇਹ ਦੀ ਵਾਸ਼ਨਾ ਅਤੇ ਕਾਰਨ ਦੇਹ ਦੀ ਹੰਗਤਾ ਨਹੀਂ ਰਹਿੰਦੀ।

## ਗੁਰ ਤੇ; ਸਬਦਿ ਮਿਲਾਵਾ ਹੋਇ ॥੨॥

ਗੁਰਾਂ ਤੇ = ਤੋਂ ਸਬਦਿ = ਉਪਦੇਸ਼ ਲੈ ਕੇ ਹੀ ਵਾਹਿਗੁਰੂ ਦਾ ਮਿਲਾਵਾ = ਮਿਲਾਪ ਹੋਇ = ਹੁੰਦਾ ਹੈ। (ਸਬਦਿ 'ਦੱਦੇ' ਨੂੰ ਸਿਹਾਰੀ ਹੈ, ਇਸ ਕਰਕੇ ਸੰਬੰਧਕ ਸ਼ਬਦ ਬਣਾਉਣਾ।) ॥੨॥

## ਬਾਝੁ ਗੁਰੂ; ਸਭ ਭਰਮਿ ਭੁਲਾਈ ॥

ਸਤਿਗੁਰੂ ਸਾਹਿਬ ਜੀ ਤੋਂ ਬਿਨਾਂ ਸਭ = ਸਾਰੀ ਸ੍ਰਿਸ਼ਟੀ ਅਗਿਆਨ ਨੇ ਭਰਮਿ = ਭੁਲੇਖੇ ਵਿਚ ਪਾ ਕੇ ਭੁਲਾਈ = ਭੁਲਾ ਦਿੱਤੀ ਹੈ।

## ਬਿਨੁ ਨਾਵੈ; ਬਹੁਤਾ ਦੁਖੁ ਪਾਈ ॥

ਹੇ ਭਾਈ ! ਸੱਚੇ ਪਾਤਿਸ਼ਾਹ ਦੇ ਨਾਮ ਤੋਂ ਬਿਨੁ = ਬਗ਼ੈਰ ਸਾਰੀ ਸ੍ਰਿਸ਼ਟੀ ਜੰਮਣ ਮਰਣ ਦਾ ਬਹੁਤਾ ਦੁਖ ਪਾ ਰਹੀ ਹੈ, ਭਾਵ ਜੂਨਾਂ ਵਿਚ ਭਰਮਦੀ ਰਹਿੰਦੀ ਹੈ।

***ਪ੍ਰਸ਼ਨ :*** *ਹੇ ਮਹਾਰਾਜ ! ਨਾਮ ਸਾਰੇ ਕਿਉਂ ਨਹੀਂ ਧਿਆਉਂਦੇ ? ਤਾਂ ਗੁਰੂ ਸਾਹਿਬ ਜੀ ਉਚਾਰਨ ਕਰਦੇ ਹਨ :*

## ਗੁਰਮੁਖਿ ਹੋਵੈ; ਸੁ ਨਾਮੁ ਧਿਆਈ ॥

ਜੋ ਗੁਰਮੁਖ ਗੁਰਾਂ ਦੁਆਰਾ ਅਧਿਕਾਰੀ ਹੋਵੈ = ਹੁੰਦਾ ਹੈ, ਸੁ = ਉਹੀ ਪਰਮੇਸ਼ਰ ਦੇ ਨਾਮ ਨੂੰ ਰੋਮ ਰੋਮ ਕਰਕੇ ਧਿਆਈ = ਧਿਆਉਂਦਾ ਹੈ।

***ਪ੍ਰਸ਼ਨ :*** *ਹੇ ਮਹਾਰਾਜ ! ਉਸ ਗੁਰਮੁਖ ਨੂੰ ਕੀ ਲਾਭ ਹੁੰਦਾ ਹੈ ?*

***ਉੱਤਰ :***

## ਦਰਸਨਿ ਸਚੈ; ਸਚੀ ਪਤਿ ਹੋਈ ॥੩॥

ਸੱਚੇ ਪਾਤਿਸ਼ਾਹ ਦੇ ਦਰਸ਼ਨ ਕਰ ਕੇ ਉਸ ਦੀ ਪਰਮਾਤਮਾ ਵਿਚ ਅਭੇਦ ਹੋਣ ਰੂਪ ਸੱਚੀ ਇੱਜ਼ਤ ਹੁੰਦੀ ਹੈ। ਉਸ ਦੀ ਕਾਮ ਕ੍ਰੋਧ ਆਦਿਕ ਬੇਪਤੀ ਨਹੀਂ ਕਰ ਸਕਦੇ। ਜਿਤਨਾ ਵੱਡਾ ਕਰਤਾਰ ਦਾ ਪ੍ਰਤਾਪ ਹੈ, ਉਤਨੀ ਵੱਡੀ ਰੱਬ ਦੇ ਪਿਆਰਿਆਂ ਦੀ ਸੋਭਾ ਹੁੰਦਾ ਹੈ **ਵਾ:** ਉਸ ਦੀ ਲੋਕ ਪਰਲੋਕ ਵਿਚ ਸੱਚੀ ਇੱਜ਼ਤ ਹੁੰਦੀ ਹੈ ॥੩॥ ਜੈਸਾ ਕਿ :

**ਐਸੀ ਸੋਭਾ ਜਨੈ ਕੀ ਜੇਵਡੁ ਹਰਿ ਪਰਤਾਪੈ ॥** *(ਮਾਰੂ ਵਾਰ ਮਹਲਾ ੫, ਅੰਗ ੧੦੯੭)*

## ਕਿਸ ਨੋ ਕਹੀਐ; ਦਾਤਾ ਇਕੁ ਸੋਈ ॥

ਹੇ ਭਾਈ ! ਹੋਰ ਕਿਸ ਨੂੰ ਜਾ ਕੇ ਕਹੀਏ ! ਇਕ ਦਾਤਾ ਤਾਂ ਸੋਈ = ਉਹ ਪਰਮੇਸ਼ਰ ਹੀ ਹੈ, ਉਸ ਦੇ ਪਾਸੋਂ ਇਹ ਦਾਤ ਮੰਗਣੀ ਚਾਹੀਦੀ ਹੈ। ਹੋਰ ਕਿਸੇ ਦੇ ਆਪਾਂ ਨੂੰ ਅਧੀਨ ਨਹੀਂ ਹੋਣਾ ਚਾਹੀਦਾ।

## ਕਿਰਪਾ ਕਰੇ; ਸਬਦਿ ਮਿਲਾਵਾ ਹੋਈ ॥

ਜਿਸ ਉੱਤੇ ਗੁਰੂ ਕਿਰਪਾ ਕਰਦਾ ਹੈ, ਉਸ ਦਾ ਗੁਰਾਂ ਦੇ ਸਬਦਿ = ਉਪਦੇਸ਼ ਕਰ ਕੇ ਵਾਹਿਗੁਰੂ ਨਾਲ ਮਿਲਾਵਾ = ਮਿਲਾਪ ਹੁੰਦਾ ਹੈ।

## ਮਿਲਿ ਪ੍ਰੀਤਮ; ਸਾਚੇ ਗੁਣ ਗਾਵਾ ॥

ਉਹ ਪ੍ਰੀਤਮ = ਪਿਆਰੇ ਪਰਮੇਸ਼ਰ ਨਾਲ ਮਿਲ ਕੇ ਸਾਚੇ = ਸੱਚੇ ਗੁਣਾਂ ਨੂੰ ਗਾਵਾ = ਗਾਉਣਾ ਕਰਦਾ ਹੈ।

## ਨਾਨਕ; ਸਾਚੇ ਸਾਚਿ ਸਮਾਵਾ ॥੪॥੨॥੨੨॥

ਗੁਰੂ ਜੀ ਉਚਾਰਨ ਕਰਦੇ ਹਨ ਕਿ ਇਸ ਪ੍ਰਕਾਰ ਸੱਚੇ ਨਾਮ ਨੂੰ ਜਪਣ ਵਾਲੇ ਪੁਰਖ, ਪਹਿਲਾਂ ਸੱਚੇ ਦਾ ਸ੍ਰਵਣ ਕਰਦੇ ਹਨ, ਫਿਰ ਸੱਚੇ ਦਾ ਮੰਨਣ ਕਰ ਕੇ ਕਮਾਈ ਕਰਦੇ ਹਨ। ਇਉਂ ਮਨ, ਬਾਣੀ, ਸਰੀਰ ਕਰਕੇ ਸੱਚੇ ਨੂੰ ਜਪਣ ਵਾਲੇ ਨਿਸਚੇ ਕਰਕੇ ਸਾਚਿ = ਸਚੁ ਵਿਚ ਸਮਾ ਜਾਂਦੇ ਹਨ ॥੪॥੨॥੨੨॥

## ਗਉੜੀ ਗੁਆਰੇਰੀ, ਮਹਲਾ ੩ ॥

## ਸੁਥਾਉ ਸਚੁ; ਮਨੁ ਨਿਰਮਲੁ ਹੋਇ ॥

(ਹੇ ਮਹਾਰਾਜ! ਸੱਚਾ ਸ੍ਰੇਸ਼ਟ ਥਾਉ ਕਿਹੜਾ ਹੈ ?) ਗੁਰੂ ਜੀ ਕਹਿੰਦੇ ਹਨ ਕਿ (ਸੁ + ਥਾਉ) ਸੁ = ਸ੍ਰੇਸ਼ਟ ਥਾਉ = ਥਾਂ ਸਾਧਸੰਗਤ ਹੈ। (ਹੇ ਮਹਾਰਾਜ! ਸਾਧ ਸੰਗਤ ਸੱਚਾ ਸ੍ਰੇਸ਼ਟ ਥਾਂ ਕਿਉਂ ਹੈ ?) ਗੁਰੂ ਜੀ ਕਹਿੰਦੇ ਹਨ ਕਿ ਸ੍ਰੇਸ਼ਟ ਥਾਂ ਸਾਧਸੰਗਤ ਵਿਚ ਬੈਠਣ ਕਰ ਕੇ ਮਨ ਵਿਚ ਸੱਚਾ ਨਾਮ ਵਸਦਾ ਹੈ। ਮਨ ਨਿਰਮਲ ਹੋ ਜਾਂਦਾ ਹੈ। ਸਾਰੀਆਂ ਵਿਕਾਰਾਂ ਦੀਆਂ ਮੈਲਾਂ ਧੋਤੀਆਂ ਜਾਂਦੀਆਂ ਹਨ।

## ਸਚਿ ਨਿਵਾਸੁ ਕਰੇ; ਸਚੁ ਸੋਇ ॥

ਫਿਰ ਹਿਰਦੇ ਵਿਚ ਸੱਚਾ ਪਾਤਿਸ਼ਾਹ ਨਿਵਾਸ ਕਰ ਲੈਂਦਾ ਹੈ, ਜਿਸ ਕਰਕੇ ਸੋਇ = ਉਹ ਹਿਰਦਾ ਵੀ ਸੱਚਾ ਹੋ ਜਾਂਦਾ ਹੈ। ਸੱਚੇ ਦੀ ਸੋਭਾ ਕਰਦੇ ਹੋਏ ਸੱਚ ਸਰੂਪ ਹੀ ਹੋ ਜਾਈਦਾ ਹੈ।

## ਸਚੀ ਬਾਣੀ; ਜੁਗ ਚਾਰੇ ਜਾਪੈ ॥

ਹੇ ਭਾਈ! ਇਹ ਸੱਚੀ ਧੁਰ ਕੀ ਨਾਮ ਰੂਪੀ ਬਾਣੀ ਜੁਗ ਚਾਰੇ = ਚਾਰੇ ਜੁਗਾਂ ਵਿਚ ਜਾਪੈ = ਜਾਣੀ ਜਾਵੇਗੀ **ਵਾ:** ਇਹ ਸੱਚੀ ਬਾਣੀ ਸਚੁ ਨੂੰ ਪ੍ਰਗਟ ਕਰਨ ਵਾਲੀ ਚਾਰੇ ਜੁਗਾਂ ਵਿਚ ਜਾਪੈ = ਜਾਣੀ ਜਾਂਦੀ ਹੈ। ਇਸ ਬਾਣੀ ਨਾਲ ਹੀ ਪਰਮੇਸ਼ਰ ਨੂੰ ਜਪੀਦਾ ਹੈ।

## ਸਭੁ ਕਿਛੁ ਸਾਚਾ; ਆਪੇ ਆਪੈ ॥੧॥

ਸਭੁ = ਸਾਰਾ ਕਿਛੁ = ਕੁਝ ਸਾਚਾ = ਸੱਚਾ ਪਰਮੇਸ਼ਰ ਆਪੇ ਆਪ ਹੀ ਹੈ **ਵਾ:** ਪਿੱਛੇ ਵੀ ਸੀ, ਹੁਣ ਵੀ ਹੈ ਅਤੇ ਅੱਗੇ ਨੂੰ ਵੀ ਹੋਵੇਗਾ **ਵਾ:** ਤਿੰਨਾਂ ਕਾਲਾਂ ਵਿਚ ਸੱਚਾ ਆਪੇ ਆਪ ਹੀ ਹੈ। ਆਪੇ ਹੀ ਜੀਵ ਰੂਪ, ਆਪ ਹੀ ਈਸ਼੍ਵਰ ਰੂਪ ਅਤੇ ਸਾਰਿਆਂ ਦੇ ਅੰਦਰ ਆਪਣਾ ਆਪ ਰੂਪ ਹੈ ॥੧॥

## ਕਰਮੁ ਹੋਵੈ; ਸਤਸੰਗਿ ਮਿਲਾਏ ॥ ਹਰਿ ਗੁਣ ਗਾਵੈ; ਬੈਸਿ ਸੁਥਾਏ ॥੧॥ਰਹਾਉ॥

(**ਸੁਥਾਏ** ਇਕੱਠਾ ਬੋਲੋ)

ਜੇ ਚੰਗੇ ਕਰਮ ਹੋਣ ਤਾਂ ਵਾਹਿਗੁਰੂ ਗੁਰਮੁਖਾਂ ਦੀ ਸਤਿਸੰਗਤ ਵਿਚ ਮਿਲਾਏ = ਮਿਲਾਉਂਦਾ ਹੈ।

ਫੇਰ ਉਸ ਸੁਥਾਏ = ਸ੍ਰੇਸ਼ਟ ਥਾਂ ਵਿਚ ਬੈਸਿ = ਬੈਠ ਕੇ ਹਰਿ = ਪਰਮੇਸ਼ਰ ਦੇ ਗੁਣਾਂ ਨੂੰ ਗਾਵੈ = ਗਾਉਣਾ ਕਰੀਦਾ ਹੈ ॥੧॥ਰਹਾਉ॥

## ਜਲਉ ਇਹ ਜਿਹਵਾ; ਦੂਜੈ ਭਾਇ ॥ ਹਰਿ ਰਸੁ ਨ ਚਾਖੈ; ਫੀਕਾ ਆਲਾਇ ॥

ਦੂਜੈ ਭਾਇ = ਦਵੈਤ ਭਾਵ ਨੂੰ ਕਹਿਣ ਵਾਲੀ ਇਹ ਜਿਹਵਾ = ਜ਼ੁਬਾਨ ਜਲਉ = ਸੜ ਜਾਵੇ। ਜਿਸ

ਨੇ ਹਰਿ = ਪਰਮੇਸ਼ਰ ਦੇ ਨਾਮ ਰਸ ਨੂੰ ਨ = ਨਹੀਂ ਚਾਖੈ = ਚੱਖਿਆ ਸਗੋਂ ਫੀਕਾ = ਫਿੱਕੀਆਂ, ਬੇਰਸੀ ਵਾਲੀਆਂ ਗੱਲਾਂ ਹੀ ਆਲਾਇ = ਆਲਾਪਦੀ ਰਹਿੰਦੀ ਹੈ।

## ਬਿਨੁ ਬੂਝੇ; ਤਨੁ ਮਨੁ ਫੀਕਾ ਹੋਇ ॥ ਬਿਨੁ ਨਾਵੈ; ਦੁਖੀਆ ਚਲਿਆ ਰੋਇ ॥੨॥

ਗੁਰੂ ਸਾਹਿਬ ਜੀ ਦੀ ਸਿੱਖਿਆ ਦੁਆਰਾ ਪਰਮੇਸ਼ਰ ਦੇ ਗਿਆਨ ਬੂਝੈ = ਸਮਝੇ ਤੋਂ ਬਿਨਾਂ ਜਿਹਵਾ ਤਾਂ ਕੀ ਸਗੋਂ ਤਨੁ = ਸਰੀਰ ਅਤੇ ਮਨ ਵੀ ਵਿਸ਼ਿਆਂ ਵਿਕਾਰਾਂ ਵਿਚ ਲੱਗ ਕੇ ਫੀਕਾ = ਫਿੱਕੇ ਹੋਇ = ਹੋ ਰਹੇ ਹਨ।

ਇਸ ਪ੍ਰਕਾਰ ਨਾਮ ਤੋਂ ਬਗ਼ੈਰ ਜੀਵ ਪਰਲੋਕ ਨੂੰ ਦੁਖੀਆ = ਦੁਖੀ ਹੋ ਕੇ, ਰੋਇ = ਰੋ ਰੋ ਕੇ ਚਲਿਆ ਜਾਂਦਾ ਹੈ ॥੨॥

## ਰਸਨਾ, ਹਰਿ ਰਸੁ ਚਾਖਿਆ; ਸਹਜਿ ਸੁਭਾਇ ॥

ਜਿਨ੍ਹਾਂ ਦੀ ਰਸਨਾ ਨੇ ਹਰੀ ਦੇ ਪ੍ਰੇਮ ਰਸ ਨੂੰ ਸਹਜਿ = ਸ਼ਾਂਤੀ ਸੁਭਾਇ = ਸੁਭਾਅ ਧਾਰ ਕੇ ਸਹਜਿ = ਸੁਤੇਸਿਧ ਚੱਖਿਆ ਹੈ।

## ਗੁਰ ਕਿਰਪਾ ਤੇ; ਸਚਿ ਸਮਾਇ ॥

ਉਨ੍ਹਾਂ ਉੱਤੇ ਸਤਿਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ, ਉਹ ਸਚਿ = ਸੱਚੇ ਸਰੂਪ ਵਿਚ ਸਮਾ ਜਾਂਦੇ ਹਨ।

## ਸਾਚੇ ਰਾਤੀ; ਗੁਰ ਸਬਦੁ ਵੀਚਾਰ ॥

ਜਿਨ੍ਹਾਂ ਦੀ ਜ਼ੁਬਾਨ ਸੱਚੇ ਨਾਮ ਵਿਚ ਰਾਤੀ = ਰੱਤੀ ਹੋਈ ਹੈ, ਉਨ੍ਹਾਂ ਨੂੰ ਗੁਰੂ ਦੁਆਰਾ ਸਬਦੁ = ਬ੍ਰਹਮ ਦੀ ਵੀਚਾਰ ਪ੍ਰਾਪਤ ਹੁੰਦੀ ਹੈ।

## ਅੰਮ੍ਰਿਤੁ ਪੀਵੈ; ਨਿਰਮਲ ਧਾਰ ॥੩॥

ਉਨ੍ਹਾਂ ਦੀ ਰਸਨਾ ਅੰਮ੍ਰਿਤ ਨਾਮ ਦੀ ਨਿਰਮਲ ਧਾਰਾ ਨੂੰ ਪੀਂਦੀ ਹੈ। **ਵਾ:** ਹਰ ਵਕਤ ਉਨ੍ਹਾਂ ਦੀ ਸੁਰਤ ਅੰਮ੍ਰਿਤ ਰੂਪੀ ਨਾਮ ਨੂੰ ਪੀਂਦੀ ਹੈ। ਉਨ੍ਹਾਂ ਦੇ ਅੰਦਰ ਨਿਰਮਲ = ਉੱਜਲ ਧਾਰ = ਇਕ-ਰਸ ਬ੍ਰਹਮਾ ਕਾਰ ਬਿਰਤੀ ਹੋਣ ਰੂਪ ਲਾਲਚ ਤੋਂ ਰਹਿਤ ਨਾਮ ਦਾ ਪ੍ਰਵਾਹ ਪੈਂਦਾ ਹੈ ॥੩॥

## ਨਾਮਿ ਸਮਾਵੈ; ਜੋ ਭਾਡਾ ਹੋਇ ॥

ਹੇ ਭਾਈ! ਜਿਹੜਾ ਭਾਡਾ = ਪਾਤ੍ਰ ਭਾਵ ਅਧਿਕਾਰੀ ਹੋਵੇ, ਉਸ ਦੇ ਹਿਰਦੇ ਵਿਚ ਨਾਮ ਸਮਾਵੈ = ਸਮਾਉਂਦਾ ਹੈ। ਜਿਵੇਂ ਸ਼ੇਰਨੀ ਦਾ ਦੁੱਧ ਸੋਨੇ ਦੇ ਬਰਤਨ ਤੋਂ ਬਿਨਾਂ ਹੋਰ ਕਿਸੇ ਵੀ ਧਾਤ ਦੇ ਭਾਂਡੇ ਵਿਚ ਚੋਈਏ ਤਾਂ ਸਾਰਿਆਂ ਵਿੱਚੋਂ ਛੇਕ ਕਰ ਕੇ ਨਿਕਲ ਜਾਂਦਾ ਹੈ। ਅਮਰੀਕਾ ਵਾਲਿਆਂ ਨੇ ਸ਼ੇਰਨੀ ਦਾ ਦੁੱਧ ਮਸ਼ੀਨਾਂ ਨਾਲ ਚੋਅ ਕੇ ਵੇਖਿਆ, ਉਹ ਸੋਨੇ ਦੇ ਭਾਂਡੇ ਤੋਂ ਬਗ਼ੈਰ ਕਿਸੇ ਵਿਚ ਵੀ ਨਹੀਂ ਟਿਕਿਆ। ਇਸੇ ਪ੍ਰਕਾਰ ਪਰਮੇਸ਼ਰ ਦਾ ਨਾਮ ਸ਼ੇਰਨੀ ਦੇ ਦੁੱਧ ਦੀ ਨਿਆਈਂ ਕਿਸੇ ਤੋਂ ਹਿਰਦੇ ਵਿਚ ਟਿਕਾਇਆ ਨਹੀਂ ਜਾਂਦਾ। ਜਿਹੜਾ ਹਿਰਦੇ ਰੂਪੀ ਭਾਡਾ = ਪਾਤ੍ਰ ਸੋਨੇ ਦੀ ਨਿਆਈਂ ਸ਼ੁਧ ਚਿਤ ਹੋਵੇ, ਉਸ ਦੇ ਵਿਚ ਹੀ ਪਵਿੱਤਰ ਨਾਮ ਟਿਕਦਾ ਹੈ। ਬਾਕੀ ਦੇ ਨਹੀਂ ਟਿਕਾ ਸਕਦੇ, ਝੱਟ ਹੀ ਮਨ ਹੋਰ ਪਾਸੇ ਲੱਗ ਜਾਂਦਾ ਹੈ।

## ਊਂਧੈ ਭਾਂਡੈ; ਟਿਕੈ ਨ ਕੋਇ ॥

(**ਟਿਕੈ** ਪੋਲਾ ਬੋਲੋ, **ਟਿੱਕੈ** ਨਹੀਂ ਬੋਲਣਾ)

ਗੁਰੂ ਜੀ ਕਥਨ ਕਰਦੇ ਹਨ ਕਿ ਜਿਹੜਾ ਭਾਂਡਾ ਊਂਧੈ = ਮੂਧਾ ਹੋਵੇ, ਭਾਵੇਂ ਉਸ ਵਿਚ ਸੌ ਗਊਆਂ ਦਾ ਦੁੱਧ ਚੋਅ ਕੇ ਪਾਈ ਜਾਈਏ, ਇਕ ਬੂੰਦ ਵੀ ਨਹੀਂ ਟਿਕਦੀ।

ਇਸੇ ਪ੍ਰਕਾਰ ਜਿਹੜਾ ਮਨ ਪਰਮੇਸ਼ਰ ਤੋਂ ਊਂਧੈ = ਮੂਧਾ ਭਾਵ ਬੇਮੁਖ ਹੈ, ਉਸ ਮਨ ਰੂਪੀ ਭਾਂਡੇ ਵਿਚ ਵੇਦ ਸ਼ਾਸਤਰ ਦਾ ਉਪਦੇਸ਼ ਟਿਕਦਾ ਨਹੀਂ, ਭਾਵੇਂ ਵੇਦ ਸ਼ਾਸਤਰ ਸੁਰਤੀਆਂ ਸਿੰਮ੍ਰਿਤੀਆਂ ਰੂਪ ਸੈਂਕੜੇ ਗਊਆਂ ਚੋਅ ਲਈਏ।

## ਗੁਰ ਸਬਦੀ; ਮਨਿ ਨਾਮਿ ਨਿਵਾਸੁ ॥

ਜਿਹੜਾ ਗੁਰੂ ਸਾਹਿਬ ਜੀ ਦੇ ਸ਼ਬਦ ਨਾਮ ਦੀ ਕਮਾਈ ਕਰੇ, ਉਸ ਦੇ ਮਨ ਵਿਚ ਪਰਮੇਸ਼ਰ ਦੇ ਨਾਮ ਦਾ ਨਿਵਾਸ ਹੁੰਦਾ ਹੈ।

## ਨਾਨਕ ਸਚੁ ਭਾਂਡਾ; ਜਿਸੁ ਸਬਦ ਪਿਆਸ ॥੪॥੩॥੨੩॥

ਗੁਰੂ ਜੀ ਕਹਿੰਦੇ ਹਨ ਕਿ ਉਹ ਸੱਚਾ ਭਾਂਡਾ = ਪਾਤ੍ਰ ਹੈ, ਜਿਸ ਨੂੰ ਪਰਮੇਸ਼ਰ ਦੇ ਨਾਮ ਜਪਣ ਦੀ ਪਿਆਸ = ਤ੍ਰੇਹ ਭਾਵ ਇੱਛਾ ਲੱਗੀ ਹੋਈ ਹੈ ॥੪॥੩॥੨੩॥

## ਗਉੜੀ ਗੁਆਰੇਰੀ ਮਹਲਾ ੩ ॥

## ਇਕਿ ਗਾਵਤ ਰਹੇ; ਮਨਿ ਸਾਦੁ ਨ ਪਾਇ ॥

ਇਕ ਗਵੱਈਏ ਲੋਕ ਠਮਰੀਆਂ ਢੋਲਕ ਨਾਲ ਗਾਉਂਦੇ ਰਹਿੰਦੇ ਹਨ, ਉਨ੍ਹਾਂ ਨੇ ਮਨ ਵਿਚ ਪਰਮੇਸ਼ਰ ਦੇ ਨਾਮ ਦਾ ਸਾਦੁ = ਸੁਆਦ ਨਹੀਂ ਪਾਇ = ਪਾਇਆ, ਭਾਵ ਉਹ ਖ਼ਾਲੀ ਰਹਿੰਦੇ ਹਨ।

## ਹਉਮੈ ਵਿਚਿ ਗਾਵਹਿ; ਬਿਰਥਾ ਜਾਇ ॥

ਆਪਣੀ ਸੁਰ ਨੂੰ ਚੰਗੀ ਵੇਖ ਵੇਖ ਹਉਮੈ ਵਿਚ ਗਾਉਂਦੇ ਹਨ, ਇਸ ਕਰਕੇ ਵਾਹਿਗੁਰੂ ਦੇ ਦਰ ਵਿਚ ਪ੍ਰਵਾਨ ਨਹੀਂ ਹੁੰਦੇ, ਉਨ੍ਹਾਂ ਦਾ ਗਾਇਆ ਬਿਰਥਾ = ਵਿਅਰਥ, ਨਿਸਫਲਾ ਹੀ ਜਾਇ = ਜਾਂਦਾ ਹੈ।

## ਗਾਵਣਿ ਗਾਵਹਿ; ਜਿਨ ਨਾਮ ਪਿਆਰੁ ॥

ਹੇ ਭਾਈ! ਅਸਲ ਗਾਵਣਿ = ਗਾਉਣਾ ਉਹ ਗਾਵਹਿ = ਗਾਉਂਦੇ ਹਨ **ਵਾ:** ਉਨ੍ਹਾਂ ਦਾ ਗਾਉਣ ਵਾਲੀਆਂ ਦਾ ਗਾਉਣਾ ਸਫਲ ਹੈ, ਜਿਨ੍ਹਾਂ ਦਾ ਨਾਮ ਨਾਲ ਪਿਆਰੁ = ਪ੍ਰੇਮ ਹੈ। ਅਤੇ

## ਸਾਚੀ ਬਾਣੀ; ਸਬਦ ਬੀਚਾਰੁ ॥੧॥

ਗੁਰਾਂ ਦੀ ਸੱਚੀ ਬਾਣੀ ਦੁਆਰਾ ਸਬਦ = ਬ੍ਰਹਮ ਪਰਮੇਸ਼ਰ ਦੀ ਵੀਚਾਰ ਕਰਦੇ ਹਨ ॥੧॥

## ਗਾਵਤ ਰਹੈ; ਜੇ ਸਤਿਗੁਰ ਭਾਵੈ ॥

ਉਹ ਹਰ ਵਕਤ ਪਰਮੇਸ਼ਰ ਦੇ ਜਸ ਨੂੰ ਗਾਉਂਦੇ ਹੀ ਰਹਿੰਦੇ ਹਨ, ਜੇ = ਜੋ ਸਤਿਗੁਰੂ ਜੀ ਨੂੰ ਭਾਵੈ = ਭਾਉਂਦੇ ਹਨ।

## ਮਨੁ ਤਨੁ ਰਾਤਾ; ਨਾਮਿ ਸੁਹਾਵੈ ॥੧॥ਰਹਾਉ॥

ਉਨ੍ਹਾਂ ਦਾ ਮਨ ਤਨ ਨਾਮ ਰੰਗ ਵਿਚ ਰਾਤਾ = ਰੰਗਿਆ ਜਾਂਦਾ ਹੈ, ਨਾਮ ਜਪਣੇ ਕਰਕੇ ਹੀ ਉਹ ਲੋਕ ਪ੍ਰਲੋਕ ਵਿਚ ਸੁਹਾਵੈ = ਸ਼ੋਭਨੀਕ ਹੁੰਦੇ ਹਨ ॥੧॥ਰਹਾਉ॥

## ਇਕਿ ਗਾਵਹਿ; ਇਕਿ ਭਗਤਿ ਕਰੇਹਿ ॥

ਇਕਿ = ਕਈ ਲੋਕ ਗਵੱਈਏ ਬਣ ਕੇ ਗਾਉਂਦੇ ਹਨ, ਇਕਿ = ਕਈ ਲੋਕ ਨ੍ਰਿਤਕਾਰੀ ਦੀ

ਭਗਤਿ = ਭਗਤੀ ਕਰੇਹਿ = ਕਰਦੇ ਹਨ, ਕਈ ਲੋਕਾਂ ਨੇ ਨੱਚਣ ਨੂੰ ਭਗਤੀ ਸਮਝਿਆ ਹੈ, ਕਈ ਨਾਚੇ ਬਣ ਕੇ ਮੋਰਾਂ ਵਾਂਗੂੰ ਪੈਲ ਪਾਉਂਦੇ ਹਨ।

## ਨਾਮੁ ਨ ਪਾਵਹਿ; ਬਿਨੁ ਅਸਨੇਹ ॥

ਉਹ ਵਾਹਿਗੁਰੂ ਦੇ ਅਸਨੇਹ = ਪ੍ਰੇਮ ਤੋਂ ਬਿਨਾਂ ਨਾਮ ਨੂੰ ਨਹੀਂ ਪਾਵਹਿ = ਪਾ ਸਕਦੇ, ਭਾਵੇਂ ਕਿਤਨੇ ਵੱਡੇ ਗਵੱਈਏ ਹੋਣ, ਨ੍ਰਿਤਕਾਰੀ ਕਰਨ ਦੀ ਭਗਤੀ ਕਰਦੇ ਹੋਣ, ਰਾਸ ਆਦਿਕ ਨੂੰ ਪਾਉਣ ਵਾਲੇ ਹੋਣ ਪਰ ਉਹ ਵਿਸ਼ੇਸ਼ ਕਰਕੇ ਪਰਮੇਸ਼ਰ ਦੇ ਪ੍ਰੇਮ ਤੋਂ ਬਿਨਾਂ ਹੀ ਹਨ।

## ਸਚੀ ਭਗਤਿ; ਗੁਰ ਸਬਦ ਪਿਆਰਿ ॥

ਹੇ ਭਾਈ ! ਉਨ੍ਹਾਂ ਗੁਰਮੁਖਾਂ ਦੀ ਸੱਚੀ ਭਗਤੀ ਹੈ, ਜੋ ਗੁਰੂ ਦੇ ਸਬਦ = ਉਪਦੇਸ਼ ਨਾਲ ਪਿਆਰਿ = ਪ੍ਰੇਮ ਕਰਦੇ ਹਨ। ਅਤੇ

## ਅਪਨਾ ਪਿਰੁ; ਰਾਖਿਆ ਸਦਾ ਉਰਿ ਧਾਰਿ ॥੨॥

ਜਿਨ੍ਹਾਂ ਨੇ ਅਪਨਾ = ਆਪਣਾ ਜਾਣ ਕੇ ਪਿਰੁ = ਪਤੀ ਪਰਮੇਸ਼ਰ ਨੂੰ ਸਦਾ = ਹਮੇਸ਼ਾ ਉਰਿ = ਹਿਰਦੇ ਵਿਚ ਧਾਰਿ = ਧਾਰਨ ਕਰਕੇ ਰਾਖਿਆ = ਰੱਖਿਆ ਹੋਇਆ ਹੈ ॥੨॥

**[ਅੰਗ ੧੫੯]**

## ਭਗਤਿ ਕਰਹਿ ਮੂਰਖ; ਆਪੁ ਜਣਾਵਹਿ ॥

ਜਿਹੜੇ ਆਪਣੇ ਆਪ ਨੂੰ ਜਣਾਵਹਿ = ਜਣਾਉਂਦੇ ਹਨ ਕਿ ਅਸੀਂ ਰਾਸ ਪਾਉਣ ਰੂਪ ਭਗਤਿ = ਭਗਤੀ ਕਰਦੇ ਹਾਂ, ਉਹ ਮੂਰਖ = ਬੇਸਮਝ ਹਨ। ਅਤੇ

## ਨਚਿ ਨਚਿ ਟਪਹਿ; ਬਹੁਤੁ ਦੁਖੁ ਪਾਵਹਿ ॥

ਉਹ ਨੱਚ ਨੱਚ ਕੇ ਟਪਹਿ = ਟੱਪਦੇ ਹਨ, ਭਾਵ ਛਾਲਾਂ ਮਾਰਦੇ ਹਨ, ਉਤਾਂਹ ਨੂੰ ਟੱਪਦੇ ਹਨ, ਇਉਂ ਨੱਚਣ ਟੱਪਣ ਕਰਕੇ ਬਹੁਤ ਦੁਖ ਪਾਵਹਿ = ਪ੍ਰਾਪਤ ਕਰਦੇ ਹਨ **ਵਾ:** ਜਨਮ ਮਰਣ ਦਾ ਬਹੁਤਾ ਦੁੱਖ ਪਾਉਂਦੇ ਹਨ।

## ਨਚਿਐ ਟਪਿਐ; ਭਗਤਿ ਨ ਹੋਇ ॥

ਨਚਾਰਾਂ ਵਾਂਗੂੰ ਨਾਚੇ ਬਣ ਕੇ ਨਚਿਐ = ਨੱਚਣ ਨਾਲ, ਪਚਾਧਿਆਂ ਵਾਂਗੂੰ ਟਪੂਸੀਆਂ ਮਾਰਨ ਕਰਕੇ, ਲੁੱਡੀ ਪਾਉਣੇ ਕਰਕੇ ਵਾਹਿਗੁਰੂ ਦੀ ਭਗਤਿ = ਭਗਤੀ ਨਹੀਂ ਹੋਇ = ਹੁੰਦੀ। ਭਾਵ ਨੱਚਣ ਟੱਪਣ ਆਦਿ ਦਾ ਨਾਮ ਭਗਤੀ ਨਹੀਂ ਹੈ।

## ਸਬਦਿ ਮਰੈ; ਭਗਤਿ ਪਾਏ ਜਨੁ ਸੋਇ ॥੩॥

ਜਿਹੜੇ ਗੁਰੂ ਦੇ ਸਬਦਿ = ਉਪਦੇਸ਼ ਦੀ ਕਮਾਈ ਕਰ ਕੇ ਜੀਵਤ-ਭਾਵ ਵੱਲੋਂ ਮਰ ਜਾਣ, ਸੋਇ = ਉਹ ਜਨੁ = ਪੁਰਖ ਪਰਮੇਸ਼ਰ ਦੀ ਭਗਤੀ ਨੂੰ ਪਾਏ = ਪਾ ਲੈਂਦੇ ਹਨ ॥੩॥

## ਭਗਤਿ ਵਛਲੁ; ਭਗਤਿ ਕਰਾਏ ਸੋਇ ॥

ਭਗਤਿ = ਭਗਤੀ ਕਰਨ ਵਾਲੇ ਭਗਤਾਂ ਦਾ ਵਛਲੁ = ਪਿਆਰਾ ਪਰਮੇਸ਼ਰ ਗੁਰਾਂ ਦੁਆਰਾ ਜਿਨ੍ਹਾਂ ਤੋਂ ਭਗਤਿ = ਭਗਤੀ ਕਰਾਉਂਦਾ ਹੈ, ਸੋਇ = ਉਹ ਪੁਰਖ ਹੀ ਭਗਤੀ ਕਰਦੇ ਹਨ।

***ਪ੍ਰਸ਼ਨ :*** *ਹੇ ਸਤਿਗੁਰੂ ਜੀ ਭਗਤੀ ਦਾ ਲੱਛਣ ਦੱਸੋ, ਕਿਸ ਨੂੰ ਭਗਤੀ ਕਹਿੰਦੇ ਹਨ ?*
***ਗੁਰ ਉੱਤਰ :***

## ਸਚੀ ਭਗਤਿ; ਵਿਚਹੁ ਆਪੁ ਖੋਇ ॥

ਹੇ ਭਾਈ! ਜਿਹੜਾ ਹਿਰਦੇ ਵਿੱਚੋਂ ਆਪਾ-ਭਾਵ (ਹੰਕਾਰ) **ਵਾ:** ਦੇਹ ਅਭਿਮਾਨ ਨੂੰ ਖੋਇ = ਖੋ ਦੇਣਾ, ਭਾਵ ਮਾਰ ਦੇਣਾ ਹੈ, ਇਹੋ ਹੀ ਸੱਚੀ ਭਗਤੀ ਹੈ।

## ਮੇਰਾ ਪ੍ਰਭੁ ਸਾਚਾ; ਸਭ ਬਿਧਿ ਜਾਣੈ ॥

ਮੇਰਾ ਸੱਚਾ ਪ੍ਰਭੁ = ਅਕਾਲ ਪੁਰਖ ਸਭ = ਸਾਰੀਆਂ ਬਿਧਿ = ਜੁਗਤੀਆਂ ਨੂੰ ਜਾਣੈ = ਜਾਣਦਾ ਹੈ।

## ਨਾਨਕ; ਬਖਸੇ ਨਾਮੁ ਪਛਾਣੈ ॥੪॥੪॥੨੪॥

ਗੁਰੂ ਜੀ ਕਥਨ ਕਰਦੇ ਹਨ ਕਿ ਜਿਹੜੇ ਗੁਰਾਂ ਦੁਆਰਾ ਨਾਮ ਦੀ ਪਛਾਣੈ = ਪਹਿਚਾਣ ਕਰਦੇ ਹਨ, ਉਨ੍ਹਾਂ ਨੂੰ ਵਾਹਿਗੁਰੂ ਬਖਸੇ = ਬਖ਼ਸ਼ ਲੈਂਦਾ ਹੈ ॥੪॥੪॥੨੪॥

## ਗਉੜੀ ਗੁਆਰੇਰੀ, ਮਹਲਾ ੩ ॥

ਰਾਗ ਗਉੜੀ ਅਤੇ ਧਨਾਸਰੀ ਰਾਗ ਵਿਚ ਆਏ ਸ਼ਬਦ ਵਿਚ ਪਾਠ ਭੇਦ ਇਉਂ ਹੈ :

| **ਗਉੜੀ ਗੁਆਰੇਰੀ ਮਹਲਾ ੩** (ਅੰਗ ੧੫੯) | **ਧਨਾਸਰੀ ਮਹਲਾ ੩** (ਅੰਗ ੬੬੫) |
|---|---|
| ਮਨੁ 'ਮਾਰੇ' ਧਾਤੁ ਮਰਿ ਜਾਇ ॥ | ਮਨੁ 'ਮਰੈ' ਧਾਤੁ ਮਰਿ ਜਾਇ ॥ |
| ਬਿਨੁ ਮੂਏ ਕੈਸੇ ਹਰਿ ਪਾਇ ॥ | ਬਿਨੁ 'ਮਨ' ਮੂਏ ਕੈਸੇ ਹਰਿ ਪਾਇ ॥ |
| ਮਨੁ ਮਰੈ ਦਾਰੂ ਜਾਣੈ ਕੋਇ ॥ | 'ਇਹ' ਮਨੁ ਮਰੈ ਦਾਰੂ ਜਾਣੈ ਕੋਇ ॥ |
| ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥ | ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥ |
| ਜਿਸ ਨੋ ਬਖਸੇ ਦੇ ਵਡਿਆਈ ॥ | ਜਿਸ ਨੋ ਬਖਸੇ 'ਹਰਿ' ਦੇ ਵਡਿਆਈ ॥ |
| ਗੁਰ ਪਰਸਾਦਿ 'ਹਰਿ' ਵਸੈ ਮਨ ਆਈ ॥'੧'॥ਰਹਾਉ॥ | ਗੁਰ ਪਰਸਾਦਿ ਵਸੈ ਮਨਿ ਆਈ ॥ਰਹਾਉ॥ |
| ਗੁਰਮੁਖਿ ਕਰਣੀ ਕਾਰ ਕਮਾਵੈ ॥ | ਗੁਰਮੁਖਿ ਕਰਣੀ ਕਾਰ ਕਮਾਵੈ ॥ |
| ਤਾ ਇਸੁ ਮਨ ਕੀ ਸੋਝੀ ਪਾਵੈ ॥ | ਤਾ ਇਸੁ ਮਨ ਕੀ ਸੋਝੀ ਪਾਵੈ ॥ |
| ਮਨੁ ਮੈ ਮਤੁ ਮੈਗਲ ਮਿਕਦਾਰਾ ॥ | ਮਨੁ ਮੈ ਮਤੁ ਮੈਗਲ ਮਿਕਦਾਰਾ ॥ |
| ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥ | ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥ |
| ਮਨੁ ਅਸਾਧੁ ਸਾਧੈ ਜਨੁ 'ਕੋਇ' ॥ | ਮਨੁ ਅਸਾਧੁ ਸਾਧੈ ਜਨੁ 'ਕੋਈ' ॥ |
| ਅਚਰੁ ਚਰੈ ਤਾ ਨਿਰਮਲੁ 'ਹੋਇ' ॥ | ਅਚਰੁ ਚਰੈ ਤਾ ਨਿਰਮਲੁ 'ਹੋਈ' ॥ |
| ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ | ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ |
| ਹਉਮੈ ਵਿਚਹੁ 'ਤਜੇ' ਵਿਕਾਰ ॥੩॥ | ਹਉਮੈ ਵਿਚਹੁ ਤਜੈ ਵਿਕਾਰ ॥੩॥ |
| ਜੋ ਧੁਰਿ 'ਰਾਖਿਅਨੁ' ਮੇਲਿ ਮਿਲਾਇ ॥ | ਜੋ ਧੁਰਿ 'ਰਖਿਅਨ' ਮੇਲਿ ਮਿਲਾਇ ॥ |
| ਕਦੇ ਨ ਵਿਛੁੜਹਿ ਸਬਦਿ ਸਮਾਇ ॥ | ਕਦੇ ਨ ਵਿਛੁੜਹਿ ਸਬਦਿ ਸਮਾਇ ॥ |
| ਆਪਣੀ ਕਲਾ ਆਪੇ 'ਹੀ' ਜਾਣੈ ॥ | ਆਪਣੀ ਕਲਾ ਆਪੇ 'ਪ੍ਰਭੁ' ਜਾਣੈ ॥ |
| ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੫॥੨੫॥ | ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੬॥ |

ਸ੍ਰੀ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਸਾਹਿਬ ਇਕ ਜੋਗੀ ਆਇਆ ਜੋ ਵੈਦ ਵੀ ਸੀ ਉਹ ਆ

ਕੇ ਕਹਿਣ ਲੱਗਾ ਕਿ ਗੁਰੂ ਜੀ ਸਿੱਖਾਂ ਨੂੰ ਤੁਸੀਂ ਧਾਤਾਂ ਮਾਰਨੀਆਂ ਸਿਖਾਓ। ਮੈਂ ਧਾਤਾਂ ਮਾਰਨੀਆਂ ਜਾਣਦਾ ਹਾਂ, ਤਾਂ ਗੁਰੂ ਜੀ ਕਹਿੰਦੇ ਹਨ :

## ਮਨੁ ਮਾਰੇ; ਧਾਤੁ ਮਰਿ ਜਾਇ ॥

ਹੇ ਭਾਈ! ਜੇਕਰ ਮਨ ਦਾ ਮੰਦਾ ਸੁਭਾਅ ਮਾਰੇ = ਮਾਰ ਦੇਵੇ ਤਾਂ ਧਾਤਾਂ ਆਪ ਹੀ ਮਰਿ ਜਾਇ = ਜਾਣਗੀਆਂ **ਵਾ:** ਧਾਤੁ = ਮਾਇਆ ਦੀ ਇੱਛਾ ਮਰ ਜਾਇ = ਜਾਂਦੀ ਹੈ **ਵਾ:** ਜੂਨਾਂ ਵਿਚ ਧਾਤੁ = ਧਾਉਣਾ (ਦੌੜਣਾ) ਮਰ ਜਾਂਦਾ ਹੈ।

## ਬਿਨੁ ਮੂਏ; ਕੈਸੇ ਹਰਿ ਪਾਇ ॥

ਮਨ ਦਾ ਮੰਦਾ ਸੁਭਾਅ ਮੂਏ = ਮਾਰੇ ਤੋਂ ਬਿਨੁ = ਬਗ਼ੈਰ ਕੈਸੇ = ਕਿਸ ਤਰ੍ਹਾਂ ਕੋਈ ਹਰਿ = ਪਰਮੇਸ਼ਰ ਨੂੰ ਪਾਇ = ਪਾ ਸਕਦਾ ਹੈ।

## ਮਨੁ ਮਰੈ; ਦਾਰੂ ਜਾਣੈ ਕੋਇ ॥

ਜਿਸ ਨਾਲ ਮਨ ਦਾ ਮੰਦਾ ਸੁਭਾਅ ਮਰੈ = ਮਰਦਾ ਹੈ, ਉਸ ਦਾਰੂ = ਦਵਾਈ ਨੂੰ ਕੋਇ = ਕੋਈ ਵਿਰਲਾ ਹੀ ਜਾਣੈ = ਜਾਣਦਾ ਹੈ। ਭਾਵ ਮਨ ਮਾਰਨਾ ਮਨ ਦੇ ਸੁਧਾਰਨ ਦਾ ਨਾਮ ਹੈ। ਜਿਵੇਂ ਪਾਰਾ ਸੋਧਣ ਦਾ ਨਾਮ ਪਾਰਾ ਮਾਰਨਾ ਹੈ। ਭਾਵ ਸ਼ਬਦ ਦੀ ਕਮਾਈ ਕਰ ਕੇ ਮਨ ਦੇ ਸੋਧਣ ਦਾ ਨਾਮ ਮਨ ਮਾਰਨਾ ਹੈ।

## ਮਨੁ ਸਬਦਿ ਮਰੈ; ਬੂਝੈ ਜਨੁ ਸੋਇ ॥੧॥

ਹੇ ਭਾਈ! ਇਹ ਮਨ ਗੁਰੂ ਸਾਹਿਬ ਦੇ ਸਬਦਿ = ਉਪਦੇਸ਼ ਨਾਲ ਮਰੈ = ਮਰਦਾ ਹੈ, ਪਰ ਜੋ ਇਸ ਗੱਲ ਨੂੰ ਬੂਝੈ = ਸਮਝ ਲਵੇ ਸੋਇ = ਉਹੋ ਹੀ ਹਰੀ ਦਾ ਜਨ ਹੈ **ਵਾ:** ਜੇ ਕੋਈ ਮਨ ਮਾਰਨਾ ਚਾਹੁੰਦਾ ਹੈ ਤਾਂ ਉਹ ਗੁਰਾਂ ਦੁਆਰਾ ਬੂਝੈ = ਬੁੱਝ ਭਾਵ ਸਮਝ ਲਵੇ ॥੧॥

ਅਰਥਾਤ ਜਿਸ ਪ੍ਰਕਾਰ ਕੱਚਾ ਪਾਰਾ ਥੋੜ੍ਹੇ ਜਿਹੇ ਪੈਸਿਆਂ ਦਾ ਹੀ ਹੁੰਦਾ ਹੈ। ਇਸ ਪ੍ਰਕਾਰ ਜਿੰਨਾ ਚਿਰ ਮਨ ਕੱਚਾ ਹੈ, ਜੰਮਣ ਮਰਨ ਦਾ ਥੋੜ੍ਹਾ ਮੁੱਲ ਹੀ ਇਸ ਨੂੰ ਮਿਲਦਾ ਹੈ। ਜੰਮਦਾ ਮਰਦਾ ਹੀ ਰਹਿੰਦਾ ਹੈ, ਜਿਸ ਪ੍ਰਕਾਰ ਅੰਤ ਵੇਲੇ ਇਸ ਦੇ ਸਿਰ ਦੇ ਕੋਲ ਜਾ ਕੇ ਪਾਣੀ ਦੀ ਮੱਘੀ ਭੰਨ ਦਿੰਦੇ ਹਨ। ਜੈਸਾ ਕਿ :

**ਅੰਤ ਕੀ ਬਾਰ ਗਗਰੀਆ ਫੋਰੀ ॥** *(ਗਉੜੀ ਕਬੀਰ ਜੀ, ਅੰਗ ੩੩੭)*

ਗੁਰੂ ਜੀ ਕਹਿੰਦੇ ਹਨ ਕਿ ਕੱਚੇ ਪਾਰੇ ਦੀ ਤਰ੍ਹਾਂ ਕੱਚੇ ਮਨ ਦੀ ਹਾਲਤ ਹੈ। ਜਦੋਂ ਪਾਰੇ ਨੂੰ ਬੂਟੀਆਂ ਵਿਚ ਰਲਾ ਕੇ ਖਰਲ ਕੀਤਾ ਜਾਵੇ, ਕਿਸੇ ਪ੍ਰਕਾਰ ਪਾਰੇ ਦਾ ਕਿਣਕਾ ਵੀ ਨਜ਼ਰ ਨਾ ਆਏ, ਕੇਵਲ ਬੂਟੀ ਦਾ ਹਰਾ ਰੰਗ ਹੀ ਰਹਿ ਜਾਵੇ ਤਾਂ ਇਹ ਸਮਝੋ ਕਿ ਪਾਰਾ ਖਰਲ ਹੋ ਗਿਆ। ਫਿਰ ਉਸ ਪਾਰੇ ਨੂੰ ਅੱਗ ਵਿਚ ਦਿੰਦੇ ਹਨ ਕਿ ਕੱਚਾ ਨਾ ਰਹੇ, ਭਾਰਾ ਨਾ ਰਹੇ, ਇਹ ਅੱਗ ਦੇ ਵਿਚ ਉੱਡ ਨਾ ਜਾਵੇ ਅਤੇ ਸੋਧਿਆ ਵੀ ਜਾਵੇ। ਫਿਰ ਉਸ ਪਾਰੇ ਨੂੰ ਸੰਪਟ ਦੇਈਦਾ ਹੈ। ਜਦੋਂ ਪੂਰਾ ਸੋਧਿਆ ਜਾਵੇ, ਫਿਰ ਉਸ ਨੂੰ ਕੱਖ ਕੁ ਲੈ ਕੇ ਖਾਈਏ ਤਾਂ ਖਾਣ ਵਾਲਾ ਆਦਮੀ ਮਣ ਖ਼ੁਰਾਕ ਹਜ਼ਮ ਕਰਨ ਦੀ ਸ਼ਕਤੀ ਪ੍ਰਦਾਨ ਕਰ ਸਕਦਾ ਅਤੇ ਹਾਥੀ ਦਾ ਮੁਕਾਬਲਾ ਕਰਨ ਜਿੰਨੀ ਤਾਕਤ ਹੋ ਜਾਂਦੀ ਹੈ। ਜੇਕਰ ਰਤੀ ਕੁ ਕਲੀ ਵਿਚ ਪਾ ਦੇਈਏ ਤਾਂ ਚਾਂਦੀ ਅਤੇ ਜੇਕਰ ਥੋੜ੍ਹਾ ਜਿਹਾ ਤਾਂਬੇ ਵਿਚ ਪਾ ਦੇਈਏ ਤਾਂ ਸੋਨਾ ਬਣ ਜਾਂਦਾ ਹੈ, ਐਸਾ ਵੈਦਾਂ ਨੇ ਮੰਨਿਆ ਹੈ। ਇਸੇ ਪ੍ਰਕਾਰ ਜਦੋਂ ਗੁਰੂ ਸਾਹਿਬ ਜੀ ਦੇ ਹੱਥ ਸਿੱਖ ਦਾ ਮਨ ਰੂਪੀ ਪਾਰਾ ਆ ਜਾਵੇ। ਗੁਰੂ ਸਾਹਿਬ ਜੀ ਦੀ ਬਾਣੀ ਨਿਰਮਲ ਬੂਟੀ ਹੈ। ਇਸ ਨੂੰ ਨਿਸਚੇ ਰੂਪੀ ਸੁਨਹਿਰੇ (ਕੂੰਡੇ) ਸੁਨਿਆਰੇ ਵਿਚ ਪਾ ਕੇ ਅਭਿਆਸ ਰੂਪੀ

ਡੰਡੇ ਨਾਲ ਰਗੜਿਆ। ਜਦੋਂ ਰਗੜਦੇ ਰਗੜਦੇ ਬਾਣੀ ਦਾ ਹੀ ਅਨੰਦ ਰਹਿ ਜਾਵੇ, ਹੋਰ ਮਨ ਦੇ ਸਾਰੇ ਸੰਕਲਪ ਮਿਟ ਜਾਣ, ਉਦੋਂ ਇਹ ਮਨ ਰੂਪੀ ਪਾਰਾ ਖਰਲ ਹੋਇਆ ਜਾਣੀਦਾ ਹੈ, ਫਿਰ ਇਸ ਨੂੰ ਜੋ ਸੰਪਟ ਦੇਣਾ ਹੈ:

**ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥**
**ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥**
**ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥**
**ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥**
**ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥** *(ਗੂਜਰੀ ਕੀ ਵਾਰ ਮਹਲਾ ੫, ਅੰਗ ੫੧੭)*

ਸਾਰੇ ਇੰਦ੍ਰਿਆਂ ਨੂੰ ਗੌਣ ਕਰ ਕੇ ਮਨ ਦੇ ਸੰਕਲਪ ਮੇਟ ਕੇ ਗੁਰੂ ਦੇ ਸਰੂਪ ਵਿਚ ਲੀਨ ਹੋਣਾ ਮਨ ਦਾ ਸੰਪਟ ਰੱਖਣਾ ਹੈ। ਜਿਵੇਂ ਆਲਸ ਆਉਣੀ; ਕਥਾ ਸੁਣਦੇ ਹੀ ਲੁਟਕਣ ਲੱਗ ਜਾਣਾ, ਇਉਂ ਮਨ ਉੱਡ ਨਾ ਜਾਵੇ ਜਾਂ ਕਿਸੇ ਜੂਨਾਂ ਵਿਚ ਨਾ ਭਟਕਦਾ ਫਿਰਦਾ ਹੋਵੇ ਅਤੇ ਕੱਚਾ ਨਾ ਰਹਿ ਜਾਵੇ, ਇਸ ਦੇ ਅੰਦਰ ਵਿਸ਼ਿਆਂ ਦੀ ਵਾਸ਼ਨਾ ਨਾ ਰਹਿ ਜਾਵੇ। ਜਦੋਂ ਪੂਰਾ ਸੋਧਿਆ ਜਾਵੇ, ਫਿਰ ਜੇ ਕੋਈ ਕੱਖ ਕੁ ਸਤਿਸੰਗਤ ਕਰੇ ਤਾਂ ਮਣ ਖ਼ੁਰਾਕ ਖਾਣ ਵਾਂਗ ਸਾਰੀਆਂ ਰਿਧੀਆਂ-ਸਿਧੀਆਂ ਦੀਆਂ ਤਾਕਤਾਂ ਇਸ ਦੇ ਚਰਨੀਂ ਆ ਲੱਗਦੀਆਂ ਹਨ ਅਤੇ ਰਿਧੀਆਂ ਸਿਧੀਆਂ ਦੀਆਂ ਤਾਕਤਾਂ ਹਜ਼ਮ ਕਰਨ ਦੀ ਤਾਕਤ ਇਸ ਨੂੰ ਮਿਲ ਜਾਂਦੀ ਹੈ। ਉਹ ਕਿਸੇ ਨੂੰ ਭੇਦ ਨਹੀਂ ਦਿੰਦੇ, ਇਤਨਾ ਵੱਡਾ ਅਨੰਦ ਉਨ੍ਹਾਂ ਨੂੰ ਪ੍ਰਾਪਤ ਹੋ ਜਾਂਦਾ ਹੈ:

**ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥੧੧੬॥** *(ਸਲੋਕ ਸੇਖ ਫਰੀਦ ਜੀ, ਅੰਗ ੧੩੮੪)*

ਸਾਰੀਆਂ ਸ਼ਕਤੀਆਂ ਨੂੰ ਵਿਚ ਹੀ ਅਜਰ ਅਵਸਥਾ ਵਿਚ ਜਰ ਲੈਂਦੇ ਹਨ। ਕਾਲ ਰੂਪ ਹਾਥੀ ਦਾ ਮੁਕਾਬਲਾ ਕਰਨ ਵਾਲੇ ਹੋ ਜਾਂਦੇ ਹਨ। ਜੋ ਉਪਾਸ਼ਕ ਹਨ, ਕਲੀ ਦੀ ਨਿਆਈਂ ਉਨ੍ਹਾਂ ਨੂੰ ਸੋਧਿਆ ਹੋਇਆ ਮਨ ਇਸ਼ਟ ਦੇਵਤਾ ਰੂਪ ਬਣਾ ਲੈਂਦਾ ਹੈ। ਜੋ ਜਗਿਆਸੂ ਜਨ ਹਨ ਉਨ੍ਹਾਂ ਨੂੰ ਤਾਂਬੇ ਦੀ ਨਿਆਈਂ ਸ਼ੁਧ ਰੂਪ ਸੋਨਾ ਬਣਾ ਦਿੰਦਾ ਹੈ। ਸ਼ੁਧ ਮਨ ਇਹੋ ਜਿਹੇ ਬਲ ਵਾਲਾ ਹੋ ਜਾਂਦਾ ਹੈ।

## ਜਿਸ ਨੋ ਬਖਸੇ; ਦੇ ਵਡਿਆਈ ॥

ਜਿਸ ਨੋ = ਨੂੰ ਗੁਰੂ ਸਾਹਿਬ ਜੀ ਬਖਸੇ = ਬਖਸ਼ ਕੇ ਨਾਮ ਜਪਣ ਦੀ ਵਡਿਆਈ = ਸ਼ੋਭਾ ਦੇ ਦਿੰਦੇ ਹਨ **ਵਾ:** ਬ੍ਰਹਮ ਵਿਦਿਆ, ਬ੍ਰਹਮ ਗਿਆਨ ਦੀ ਵਡਿਆਈ ਦੇ ਦਿੰਦੇ ਹਨ।

## ਗੁਰ ਪਰਸਾਦਿ; ਹਰਿ ਵਸੈ ਮਨਿ ਆਈ ॥੧॥ਰਹਾਉ॥

ਗੁਰ ਪਰਸਾਦਿ = ਗੁਰਾਂ ਦੀ ਕਿਰਪਾ ਦੁਆਰਾ ਉਸ ਦੇ ਮਨਿ = ਹਿਰਦੇ ਵਿਚ ਪਰਮੇਸ਼ਰ ਆਈ = ਆ ਵਸੈ = ਵੱਸਦਾ ਹੈ ॥੧॥ਰਹਾਉ॥

## ਗੁਰਮੁਖਿ; ਕਰਣੀ ਕਾਰ ਕਮਾਵੈ ॥

ਜਦ ਕੋਈ ਗੁਰਮੁਖ ਬਣ ਕੇ **ਵਾ:** ਗੁਰਮੁਖਿ = ਮੁਖੀ ਗੁਰਾਂ ਦੁਆਰਾ ਕਰਣੀ = ਕਰਨੇ ਯੋਗ ਭਗਤੀ ਰੂਪੀ ਕਾਰ ਨੂੰ ਕਮਾਵੈ = ਕਮਾਉਂਦਾ ਹੈ

## ਤਾ ਇਸੁ ਮਨ ਕੀ; ਸੋਝੀ ਪਾਵੈ ॥

ਤਾ = ਤਦੋ ਉਹ ਇਸ ਮਨ ਦੇ ਮੰਦੇ ਸੁਭਾਅ ਨੂੰ ਰੋਕਣ ਕੀ = ਦੀ ਸੋਝੀ = ਗਿਆਤ ਪਾਵੈ = ਪਾਉਂਦਾ ਹੈ।

## ਮਨੁ ਮੈ ਮਤੁ; ਮੈਗਲ ਮਿਕਦਾਰਾ ॥

(**ਮੈਂ** ਨਹੀਂ ਬੋਲਣਾ, '**ਮੱਤ**' ਬੋਲੋ ਅਤੇ '**ਮੈਗਲ**' ਕੱਸ ਕੇ ਬੋਲੋ)

ਇਹ ਮਨ ਹੰਗਤਾ ਮਮਤਾ ਰੂਪੀ ਮੈ = ਸ਼ਰਾਬ ਨਾਲ ਮੈਗਲ = ਹਾਥੀ ਮਿਕਦਾਰਾ = ਵਾਂਗ ਮਤੁ = ਮਸਤ ਹੋਇਆ ਫਿਰਦਾ ਹੈ।

**ਵਾ**: ਮਨ 'ਮੈਂ' ਰੂਪੀ ਸ਼ਰਾਬ ਪੀ ਕੇ ਮਸਤ ਹੋ ਕੇ ਮੈਗਲ = ਹਾਥੀ ਦੇ ਮਿਕਦਾਰਾ = ਸਦਰਸ਼ ਹੋ ਰਿਹਾ ਹੈ।

## ਗੁਰੁ ਅੰਕਸੁ ਮਾਰਿ; ਜੀਵਾਲਣਹਾਰਾ ॥੨॥

ਗੁਰੂ ਰੂਪ ਮਹਾਵਤ ਸ਼ਬਦ, ਗਿਆਨ ਰੂਪ ਅੰਕਸੁ = ਕੁੰਡਾ ਮਾਰ ਕੇ ਜੀਵਤ ਭਾਵ **ਵਾ**: ਪਰਮੇਸ਼ਰ ਵੱਲ ਜੀਵਾਲਣਹਾਰਾ = ਜਿਵਾਉਣ ਵਾਲੇ ਹਨ ॥੨॥

## ਮਨੁ ਅਸਾਧੁ; ਸਾਧੈ ਜਨੁ ਕੋਇ ॥

('**ਸਾਧੈ**' ਕੱਸ ਕੇ ਬੋਲੋ)

ਹੇ ਭਾਈ! ਇਹ ਮਨ ਅਸਾਧੁ = ਨਾ ਸਾਧੇ ਜਾਣ ਵਾਲੇ ਰੋਗ ਦੀ ਤਰ੍ਹਾਂ ਹੈ, ਕੋਇ = ਕੋਈ ਵਿਰਲਾ ਜਨੁ = ਪੁਰਖ ਹੀ ਗੁਰ ਉਪਦੇਸ਼ ਦੁਆਰਾ ਇਸ ਨੂੰ ਸਾਧੈ = ਸਾਧਨਾ ਕਰਦਾ ਹੈ ਭਾਵ ਵਸ ਵਿਚ ਕਰਦਾ ਹੈ।

## ਅਚਰੁ ਚਰੈ; ਤਾ ਨਿਰਮਲੁ ਹੋਇ ॥

(**ਅਚਰ** ਪੋਲਾ ਬੋਲੋ)

ਜਿਸ ਪਰਮੇਸ਼ਰ ਵੱਲੋਂ ਇਹ ਮਨ ਅਚਰੁ = ਅਮੋੜ ਹੋ ਰਿਹਾ ਹੈ, ਉਸ ਪਾਸੈ ਚਰੈ = ਚੱਲਣਾ ਕਰੇ **ਵਾ**: ਜਿਹੜੇ ਕਾਮ ਕ੍ਰੋਧ ਆਦਿ ਵਿਕਾਰ ਅਚਰੁ = ਨਾ ਕਾਬੂ ਆਉਣ ਵਾਲੇ ਹਨ ਉਨ੍ਹਾਂ ਨੂੰ ਚਰੇ ਅਰਥਾਤ ਅਭਾਵ ਕਰੇ **ਵਾ**: ਜੋ ਮਨ ਸੰਕਲਪਾਂ ਵਿਕਲਪਾਂ ਵਿਚ ਚਰੈ = ਵਿਚਰਦਾ ਰਹਿੰਦਾ ਹੈ, ਉਸਨੂੰ ਅਚਰੁ = ਵਿਚਰਨ ਤੋਂ ਰਹਿਤ, ਅਚੱਲ ਕਰੇ ਤਾ = ਤਦੋ ਇਹ ਮਨ ਨਿਰਮਲੁ = ਉੱਜਲ ਹੋਇ = ਹੋ ਜਾਂਦਾ ਹੈ।

## ਗੁਰਮੁਖਿ; ਇਹੁ ਮਨੁ ਲਇਆ ਸਵਾਰਿ ॥

ਇਸ ਪ੍ਰਕਾਰ ਗੁਰਮੁਖਾਂ ਨੇ ਇਹ ਮਨ ਸਵਾਰ ਲਿਆ ਹੈ।

## ਹਉਮੈ ਵਿਚਹੁ; ਤਜੇ ਵਿਕਾਰ ॥੩॥

ਹਿਰਦੇ ਵਿਚ ਹਉਮੈ = ਹੰਗਤਾ ਮਮਤਾ ਅਤੇ ਕਾਮ, ਕ੍ਰੋਧ, ਲੋਭ, ਮੋਹ ਆਦਿਕ ਵਿਕਾਰ ਵੀ ਤਜੇ = ਛੱਡ ਦਿੱਤੇ ਹਨ ਇਸ ਪ੍ਰਕਾਰ ਗੁਰਮੁਖ ਜਨ ਸਦਾ ਸੁਤੰਤਰ ਚੇਤਨ ਸਰੂਪ ਵਿਚ ਜੁੜੇ ਰਹਿੰਦੇ ਹਨ ॥੩॥

## ਜੋ ਧੁਰਿ ਰਾਖਿਅਨੁ; ਮੇਲਿ ਮਿਲਾਇ ॥

ਜੋ ਪਰਮੇਸ਼ਰ ਨੇ ਧੁਰਿ = ਧੁਰੋਂ ਗੁਰਾਂ ਦੇ ਮੇਲਿ = ਮਿਲਾਪ ਵਿਚ ਮਿਲਾਇ = ਮਿਲਾ ਕੇ ਰਾਖਿਅਨੁ = ਰੱਖਣਾ ਕੀਤੇ ਹਨ।

## ਕਦੇ ਨ ਵਿਛੁੜਹਿ; ਸਬਦਿ ਸਮਾਇ ॥

ਉਨ੍ਹਾਂ ਦਾ ਵਾਹਿਗੁਰੂ ਨਾਲੋਂ ਕਦੇ ਵੀ ਵਿਛੁੜਹਿ = ਵਿਛੋੜਾ ਨਹੀਂ ਹੁੰਦਾ ਅਤੇ ਸਦਾ ਸਬਦਿ = ਬ੍ਰਹਮ ਵਿਚ ਹੀ ਸਮਾਇ = ਅਭੇਦ ਹੋਏ ਰਹਿੰਦੇ ਹਨ, ਭਾਵ ਉਹ ਗੁਰਾਂ ਦੇ ਸ਼ਬਦ ਵਿਚ ਮਸਤ ਹੋ ਕੇ ਕਦੇ ਵਿਛੁੜਦੇ ਨਹੀਂ।

## ਆਪਣੀ ਕਲਾ; ਆਪੇ ਹੀ ਜਾਣੈ ॥

ਜੋ ਇਸ ਮਨ ਨੂੰ ਰੋਕਣਾ ਹੈ, ਇਹ ਉਸ ਵਾਹਿਗੁਰੂ ਦੀ ਆਪਣੀ ਕਲਾ-ਸ਼ਕਤੀ ਹੈ **ਵਾ:** ਪੰਜ ਤੱਤਾਂ ਦਾ ਅਤੇ ਸੰਸਾਰ ਦਾ ਜਿੰਨਾ ਵੀ ਪਸਾਰਾ ਹੈ, ਇਹ ਉਸ ਦੀ ਆਪਣੀ ਸ਼ਕਤੀ ਹੈ। ਇਸ ਨੂੰ ਉਹ ਆਪੇ ਹੀ ਜਾਣੈ = ਜਾਣਦਾ ਹੈ।

## ਨਾਨਕ; ਗੁਰਮੁਖਿ ਨਾਮੁ ਪਛਾਣੈ ॥੪॥੫॥੨੫॥

ਗੁਰੂ ਜੀ ਕਥਨ ਕਰਦੇ ਹਨ ਕਿ ਜੋ ਗੁਰਮੁਖ ਜਨ ਵਾਹਿਗੁਰੂ ਨਾਮ ਦੇ ਸਿਮਰਨ ਦੁਆਰਾ ਮਨ ਨੂੰ ਰੋਕਣਾ ਪਛਾਣੈ = ਪਛਾਣ ਲੈਂਦੇ ਹਨ, ਉਹ ਵਾਹਿਗੁਰੂ ਦੇ ਵਿਚ ਹੀ ਅਭੇਦ ਹੋ ਜਾਂਦੇ ਹਨ ॥੪॥੫॥੨੫॥

## ਗਉੜੀ ਗੁਆਰੇਰੀ, ਮਹਲਾ ੩ ॥

## ਹਉਮੈ ਵਿਚਿ; ਸਭੁ ਜਗੁ ਬਉਰਾਨਾ ॥ ਦੂਜੈ ਭਾਇ; ਭਰਮਿ ਭੁਲਾਨਾ ॥

ਹਉਮੈ = ਹੰਗਤਾ ਮਮਤਾ ਵਿਚ ਸਭੁ = ਸਾਰਾ ਜਗੁ = ਸੰਸਾਰ ਬਉਰਾਨਾ = ਕਮਲਾ ਹੋ ਰਿਹਾ ਹੈ।

ਦੂਜੈ = ਦਵੈਤ-ਭਾਵ ਹੋਣ ਕਰਕੇ, ਸਾਰਾ ਸੰਸਾਰ ਭਰਮਿ = ਭਰਮ ਦੇ ਭੁੱਲਣ ਵਿਚ ਆ ਰਿਹਾ ਹੈ।

## ਬਹੁ ਚਿੰਤਾ ਚਿਤਵੈ; ਆਪੁ ਨ ਪਛਾਨਾ ॥ ਧੰਧਾ ਕਰਤਿਆ; ਅਨਦਿਨੁ ਵਿਹਾਨਾ ॥੧॥

ਬਹੁ = ਬਹੁਤੀਆਂ ਚਿੰਤਾ = ਸੋਚਾ ਨੂੰ ਚਿਤਵੈ = ਚਿਤਵਦਾ ਰਹਿੰਦਾ ਹੈ ਪਰੰਤੂ ਆਪੁ = ਆਪਣੇ ਸਰੂਪ ਨੂੰ ਨਹੀਂ ਪਛਾਨਾ = ਪਛਾਣਦਾ।

ਇਉਂ ਧੰਧਾ = ਕਾਰ ਵਿਹਾਰ ਕਰਦਿਆਂ ਹੀ ਅਨਦਿਨੁ = ਰਾਤ ਦਿਨ ਵਿਹਾਨਾ = ਬਤੀਤ ਹੁੰਦਾ ਜਾ ਰਿਹਾ ਹੈ ॥੧॥

## ਹਿਰਦੈ ਰਾਮੁ ਰਮਹੁ; ਮੇਰੇ ਭਾਈ ॥

ਹੇ ਮੇਰੇ ਭਾਈ ! ਜੇ ਤੁਸੀਂ ਭਰਮ ਤੋਂ ਛੁੱਟਣਾ ਚਾਹੁੰਦੇ ਹੋ ਤਾਂ ਗੁਰਮੁਖਾਂ ਦੀ ਸੰਗਤ ਨਾਲ ਮਿਲ ਕੇ ਹਿਰਦੇ ਵਿਚ ਰਾਮੁ = ਪਰਮੇਸ਼ਰ ਦੇ ਨਾਮ ਨੂੰ ਰਮਹੁ = ਉਚਾਰਨ ਕਰੋ। ਕਿਉਂਕਿ

## ਗੁਰਮੁਖਿ ਰਸਨਾ; ਹਰਿ ਰਸਨ ਰਸਾਈ ॥੧॥ਰਹਾਉ॥

ਗੁਰਮੁਖ ਜਨਾਂ ਨੇ ਆਪਣੀ ਰਸਨਾ = ਜੀਭਾ ਹਰਿ = ਪਰਮੇਸ਼ਰ ਦੇ ਨਾਮ ਰਸਨ = ਰਸ ਵਿਚ ਰਸਾਈ ਹੋਈ ਹੈ **ਵਾ:** ਹਰੀ ਜੋ ਸਾਰਿਆਂ ਰਸਾਂ ਵਿਚ ਰਸਿਆ ਹੋਇਆ ਹੈ, ਉਸ ਵਿਚ ਆਪਣੀ ਬਿਰਤੀ ਰੂਪ ਰਸਨਾ ਰਸਾਈ ਹੋਈ ਹੈ **ਵਾ:** ਸਾਰਿਆਂ ਰਸਾਂ ਵਿਚ ਰਸ ਰੂਪ ਹਰੀ ਆਪ ਹੈ। ਉਸ ਵਿਚ ਰਸਨਾ ਰਸਾਈ ਹੋਈ ਹੈ ॥੧॥ਰਹਾਉ॥

## ਗੁਰਮੁਖਿ ਹਿਰਦੈ; ਜਿਨਿ ਰਾਮੁ ਪਛਾਤਾ ॥

ਜਿਨਿ = ਜਿਨ੍ਹਾਂ ਗੁਰਮੁਖ ਅਧਿਕਾਰੀਆਂ ਨੇ ਗੁਰਾਂ ਦੁਆਰਾ ਹਰੀ ਨੂੰ ਹਿਰਦੇ ਵਿਚ ਪਛਾਤਾ = ਪਛਾਣ ਲਿਆ ਹੈ।

## ਜਗਜੀਵਨੁ ਸੇਵਿ; ਜੁਗ ਚਾਰੇ ਜਾਤਾ ॥

ਉਨ੍ਹਾਂ ਨੇ ਜਗਜੀਵਨੁ = ਜਗਤ ਨੂੰ ਜੀਵਨ ਦੇਣ ਵਾਲੇ ਦਾ ਸੇਵਿ = ਸੇਵਨਾ, ਸਿਮਰਨ ਕਰਕੇ ਉਸ ਵਿਆਪਕ ਨੂੰ ਚਾਰੇ ਜੁਗਾਂ ਵਿਚ ਜਾਤਾ = ਜਾਣ ਲਿਆ ਹੈ **ਵਾ:** ਚਾਰੇ ਜੁੱਗਾਂ ਵਿਚ ਧ੍ਰੂ, ਪ੍ਰਹਿਲਾਦ ਆਦਿਕ ਮਹਾਂਪੁਰਖ ਜਾਣੇ ਗਏ ਹਨ।

## ਹਉਮੈ ਮਾਰਿ; ਗੁਰ ਸਬਦਿ ਪਛਾਤਾ ॥

ਜਿਨ੍ਹਾਂ ਨੇ ਹਉਮੈ = ਹੰਗਤਾ ਮਮਤਾ ਮਾਰ ਲਈ, ਉਨ੍ਹਾਂ ਨੇ ਗੁਰਾਂ ਦੇ ਸ਼ਬਦ ਦੁਆਰਾ ਆਪਣੇ ਆਪ ਨੂੰ ਪਛਾਤਾ = ਪਛਾਣ ਲਿਆ ਹੈ।

## ਕ੍ਰਿਪਾ ਕਰੇ ਪ੍ਰਭ; ਕਰਮ ਬਿਧਾਤਾ ॥੨॥

ਜਿਸ ਉੱਤੇ ਕਰਮ ਬਿਧਾਤਾ = ਫਲ ਬਰਦਾਤਾ ਪ੍ਰਭੂ ਅਕਾਲ ਪੁਰਖ ਕਿਰਪਾ ਦ੍ਰਿਸ਼ਟੀ ਕਰੇ = ਕਰਦਾ ਹੈ ॥੨॥

## ਸੇ ਜਨ ਸਚੇ; ਜੋ ਗੁਰ ਸਬਦਿ ਮਿਲਾਏ ॥

ਸੇ = ਉਹ ਜਨ = ਭਗਤ ਸੱਚੇ ਹਨ ਜੋ = ਜਿਹੜੇ ਗੁਰੂ ਸਾਹਿਬ ਜੀ ਨੇ ਸ਼ਬਦ ਦੁਆਰਾ ਆਪਣੇ ਵਿਚ ਮੇਲ ਲਏ ਹਨ।

## ਧਾਵਤ ਵਰਜੇ; ਠਾਕਿ ਰਹਾਏ ॥

ਉਨ੍ਹਾਂ ਨੇ ਵਾਸ਼ਨਾ ਵੱਲੋਂ ਧਾਵਤ = ਦੌੜਦੇ ਹੋਏ ਮਨ ਨੂੰ ਵਰਜੇ = ਰੋਕ ਲਿਆ ਹੈ ਅਤੇ ਇੰਦਰਿਆਂ ਨੂੰ ਵਿਸ਼ਿਆ ਵੱਲੋਂ ਠਾਕਿ = ਰੋਕ ਕੇ ਰੱਖਿਆ ਹੈ।

## ਨਾਮੁ ਨਵ ਨਿਧਿ; ਗੁਰ ਤੇ ਪਾਏ ॥

ਹੇ ਭਾਈ ! ਨਾਮ ਹੀ ਨਵ = ਨੌਂ ਨਿਧਿ = ਨਿਧੀਆਂ ਦੇ ਦੇਣ ਵਾਲਾ ਹੈ ਜੋ ਗੁਰਾਂ ਤੋਂ ਪਾਏ = ਪਾਇਆ ਹੈ।

## ਹਰਿ ਕਿਰਪਾ ਤੇ; ਹਰਿ ਵਸੈ ਮਨਿ ਆਏ ॥੩॥

ਗੁਰਮੁਖ ਜਨ ਹਉਮੈ ਨਹੀਂ ਕਰਦੇ ਕਿ ਸਾਡੇ ਅੰਦਰ ਨਾਮ ਵੱਸ ਗਿਆ ਹੈ, ਸਗੋਂ ਕਹਿੰਦੇ ਹਨ ਕਿ ਹਰਿ = ਹਰੀ ਅਕਾਲ ਪੁਰਖ ਦੀ ਕਿਰਪਾ ਮਿਹਰ ਦ੍ਰਿਸ਼ਟੀ ਤੇ = ਤੋਂ ਹੀ ਹਰੀ ਮਨ ਵਿਚ ਆ ਕੇ ਵਸੈ = ਵਸਿਆ ਹੈ ॥੩॥

## ਰਾਮ ਰਾਮ ਕਰਤਿਆ; ਸੁਖੁ ਸਾਂਤਿ ਸਰੀਰ ॥

ਹੇ ਭਾਈ ! ਰਾਮ = ਰਮੇ ਹੋਏ ਰਾਮ = ਪਰਮੇਸ਼ਰ ਦੇ ਨਾਮ ਦਾ ਅਭਿਆਸ ਕਰਦਿਆਂ ਸਰੀਰ ਵਿਚ ਸ਼ਾਂਤੀ ਅਤੇ ਸੁਖ ਪ੍ਰਾਪਤ ਹੁੰਦਾ ਹੈ।

## ਅੰਤਰਿ ਵਸੈ; ਨ ਲਾਗੈ ਜਮ ਪੀਰ ॥

ਹੇ ਭਾਈ ! ਜੇ ਹਿਰਦੇ ਅੰਤਰਿ = ਅੰਦਰ ਪਰਮੇਸ਼ਰ ਦਾ ਨਾਮ ਵਸੈ = ਵੱਸ ਜਾਵੇ ਤਾਂ ਫੇਰ ਜਮਾਂ ਦੀ ਪੀਰ = ਪੀੜ ਨਹੀਂ ਲਾਗੈ = ਲੱਗਦੀ; **ਵਾ:** ਜਮ = ਜ਼ਮਾਨੇ ਦੀ ਪੀੜ ਨਹੀਂ ਲੱਗਦੀ।

## ਆਪੇ ਸਾਹਿਬੁ; ਆਪਿ ਵਜੀਰ ॥

ਉਹ ਪਰਮੇਸ਼ਰ ਆਪ ਹੀ ਸਾਹਿਬ ਰੂਪ ਹੈ ਅਤੇ ਆਪ ਹੀ ਤਤ ਬੇਤਾ ਬ੍ਰਹਮ ਗਿਆਨੀ ਰੂਪ ਵਜ਼ੀਰ ਹੈ **ਵਾ:** ਗੁਰੂ ਸਰੂਪ, ਸਾਹਿਬ ਵੀ ਆਪ ਹੀ ਹੈ ਅਤੇ ਸੰਤ ਰੂਪ ਵਜ਼ੀਰ ਵੀ ਆਪ ਹੀ ਹੈ।

## ਨਾਨਕ ਸੇਵਿ ਸਦਾ; ਹਰਿ ਗੁਣੀ ਗਹੀਰ ॥੪॥੬॥੨੬॥

ਗੁਰੂ ਜੀ ਕਹਿੰਦੇ ਹਨ ਕਿ ਸਦਾ = ਹਮੇਸ਼ਾ ਉਸ ਵਾਹਿਗੁਰੂ ਦਾ ਸੇਵਿ = ਸੇਵਨ ਕਰੋ, ਜੋ ਹਰਿ = ਅਕਾਲ ਪੁਰਖ ਗੁਣਾਂ ਦਾ ਗਹੀਰ = ਖ਼ਜ਼ਾਨਾ, ਸਮੁੰਦਰ ਹੈ ੪॥੬॥੨੬॥

## ਗਉੜੀ ਗੁਆਰੇਰੀ, ਮਹਲਾ ੩ ॥

## ਸੋ ਕਿਉ ਵਿਸਰੈ; ਜਿਸ ਕੇ ਜੀਅ ਪਰਾਨਾ ॥

ਸੋ = ਉਹ ਵਾਹਿਗੁਰੂ ਕਿਉਂ = ਕਿਵੇਂ ਵਿਸਰੈ = ਭੁੱਲੇ ਜਿਸ ਕੇ = ਦੇ ਜੀਅ = ਜਿੰਦ ਤੇ ਪਰਾਨਾ = ਪ੍ਰਾਣ ਦਿੱਤੇ ਹੋਏ ਹਨ।

## ਸੋ ਕਿਉ ਵਿਸਰੈ; ਸਭ ਮਾਹਿ ਸਮਾਨਾ ॥

ਸੋ = ਉਹ ਪਰਮੇਸ਼ਰ ਕਿਉ = ਕਿਵੇਂ ਵਿਸਰੈ = ਭੁੱਲੇ ਜੋ ਸਭ = ਸਾਰਿਆਂ ਮਾਹਿ = ਵਿਚ ਸਮਾਨਾ = ਸਮਾਇਆ ਹੋਇਆ ਹੈ, ਭਾਵ ਵਿਆਪਕ ਹੈ।

## ਜਿਤੁ ਸੇਵਿਐ; ਦਰਗਹ ਪਤਿ ਪਰਵਾਨਾ ॥੧॥

ਜਿਤੁ = ਜਿਸ ਸਾਹਿਬ ਦੇ ਸੇਵਿਐ = ਸੇਵਨ ਕਰਕੇ ਦਰਗਾਹ ਵਿਚ ਪਤਿ = ਇੱਜ਼ਤ ਪਰਵਾਨਾ = ਪ੍ਰਵਾਨ ਹੁੰਦੀ ਹੈ **ਵਾ:** ਲੋਕ ਪਰਲੋਕ ਪ੍ਰਵਾਨ ਹੋਈਦਾ ਹੈ ॥੧॥

## ਹਰਿ ਕੇ ਨਾਮ ਵਿਟਹੁ; ਬਲਿ ਜਾਉ ॥

ਐਸੇ ਹਰਿ = ਹਰੀ ਅਕਾਲ ਪੁਰਖ ਕੇ = ਦੇ ਨਾਮ ਵਿਟਹੁ = ਉਪਰੋਂ ਮੈਂ ਬਲਿ = ਬਲਿਹਾਰ ਕੁਰਬਾਨ ਜਾਉ = ਜਾਂਦਾ ਹਾਂ।

## ਤੂੰ ਵਿਸਰਹਿ; ਤਦਿ ਹੀ ਮਰਿ ਜਾਉ ॥੧॥ਰਹਾਉ॥

ਹੇ ਪਰਮੇਸ਼ਰ ! ਜਿਸ ਵੇਲੇ ਤੂੰ ਵਿਸਰਹਿ = ਭੁੱਲ ਜਾਂਦਾ ਹੈਂ ਤਦਿ = ਉਸੇ ਵੇਲੇ ਹੀ ਮੇਰਾ ਮਰ ਜਾਉ = ਜਾਣਾ ਹੁੰਦਾ ਹੈ ॥੧॥ਰਹਾਉ॥

## ਤਿਨ ਤੂੰ ਵਿਸਰਹਿ; ਜਿ ਤੁਧੁ ਆਪਿ ਭੁਲਾਏ ॥

ਹੇ ਪਰਮੇਸ਼ਰ ! ਤਿਨ = ਉਨ੍ਹਾਂ ਨੂੰ ਤੂੰ ਵਿਸਰਹਿ = ਭੁੱਲਦਾ ਹੈਂ ਜਿ = ਜਿਹੜੇ ਤੁਧੁ = ਤੂੰ ਮਾਇਆ ਦੇ ਮੋਹ ਵਿਚ ਪਾ ਕੇ ਆਪ ਆਪਣੇ ਵੱਲੋਂ ਭੁਲਾਏ = ਭੁਲਾ ਦਿੱਤੇ ਹਨ **ਵਾ:** ਜਿਹੜੇ ਆਪ ਤੈਨੂੰ ਭੁੱਲਾ ਦਿੰਦੇ ਹਨ।

[ਅੰਗ ੧੬੦]

## ਤਿਨ ਤੂੰ ਵਿਸਰਹਿ; ਜਿ ਦੂਜੈ ਭਾਏ ॥

ਹੇ ਪਰਮੇਸ਼ਰ ! ਤਿਨ = ਉਨ੍ਹਾਂ ਨੂੰ ਤੂੰ ਵਿਸਰਹਿ = ਭੁੱਲ ਜਾਂਦਾ ਹੈਂ ਜਿ = ਜਿਹੜੇ ਦੂਜੈ = ਦ੍ਵੈਤ ਭਾਏ = ਭਾਵ ਵਿਚ ਲੱਗੇ ਹੋਏ ਹਨ, **ਵਾ:** ਜਿਹੜੇ ਦੂਜੀਆਂ ਚੀਜ਼ਾਂ ਨਾਲ ਪ੍ਰੇਮ ਕਰਦੇ ਹਨ।

## ਮਨਮੁਖ ਅਗਿਆਨੀ; ਜੋਨੀ ਪਾਏ ॥੨॥

ਹੇ ਪਰਮੇਸ਼ਰ ! ਮਨਮੁਖ = ਮਨ ਦੇ ਪਿੱਛੇ ਲੱਗਣ ਵਾਲੇ ਅਗਿਆਨੀ = ਬੇਸਮਝ ਪੁਰਖਾਂ ਨੂੰ ਤੂੰ ਚੌਰਾਸੀ ਲੱਖ ਜੋਨੀ = ਜੂਨੀਆਂ ਵਿਚ ਪਾਏ = ਪਾਉਣਾ ਕੀਤਾ ਹੈ ॥੨॥

## ਜਿਨ ਇਕ ਮਨਿ ਤੁਠਾ; ਸੇ ਸਤਿਗੁਰ ਸੇਵਾ ਲਾਏ ॥

ਹੇ ਪਰਮੇਸ਼ਰ ! ਜਿਨ = ਜਿਨ੍ਹਾਂ ਉੱਤੇ ਤੂੰ ਤੁਠਾ = ਪ੍ਰਸੰਨ ਹੁੰਦਾ ਹੈਂ ਉਹ ਇਕ ਮਨਿ = ਇਕਾਗਰ ਚਿੱਤ

ਵਾਲੇ ਹੋਏ ਹਨ **ਵਾ:** ਜਿਨ੍ਹਾਂ ਨੇ ਇਕ ਮਨ ਹੋ ਕੇ ਜਪਿਆ, ਉਨ੍ਹਾਂ 'ਤੇ ਆਪ ਤੁਠਾ = ਪ੍ਰਸੰਨ ਹੋਇਆ ਹੈਂ, ਸੇ = ਉਹ ਤੂੰ ਸਤਿਗੁਰਾਂ ਦੀ ਸੇਵਾ = ਟਹਿਲ ਵਿਚ ਲਾਏ = ਲਾ ਦਿੱਤੇ ਹਨ।

## ਜਿਨ ਇਕ ਮਨਿ ਤੁਠਾ; ਤਿਨ ਹਰਿ ਮੰਨਿ ਵਸਾਏ ॥

ਹੇ ਸੱਚੇ ਪਾਤਿਸ਼ਾਹ! ਜਿਨ੍ਹਾਂ ਦਾ ਇਕਾਗਰ ਮਨ ਦੇਖ ਕੇ ਤੂੰ ਤੁਠਾ = ਪ੍ਰਸੰਨ ਹੋਇਆ ਹੈਂ, ਤਿਨ = ਉਨ੍ਹਾਂ ਨੇ ਤੇਰੇ ਹਰਿ ਨਾਮ ਨੂੰ ਮੰਨਿ = ਮਨ ਵਸਾਏ = ਵਸਾਇਆ ਹੈ।

## ਗੁਰਮਤੀ; ਹਰਿ ਨਾਮਿ ਸਮਾਏ ॥੩॥

ਹੇ ਪਰਮੇਸ਼ਰ! ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰਨ ਵਾਲੇ ਤੇਰੇ ਹਰਿ ਨਾਮ ਵਿਚ ਸਮਾਏ = ਸਮਾ ਜਾਂਦੇ ਹਨ ॥੩॥

## ਜਿਨਾ ਪੋਤੈ ਪੁੰਨੁ; ਸੇ ਗਿਆਨ ਬੀਚਾਰੀ ॥

ਜਿਨ੍ਹਾਂ ਦੇ ਹਿਰਦੇ ਰੂਪੀ ਪੋਤੇ = ਖ਼ਜ਼ਾਨੇ ਵਿਚ ਪੁੰਨੁ = ਸ਼ੁਭ ਕਰਮ ਹਨ, ਸੇ = ਉਹ ਸਰੂਪ ਦੇ ਗਿਆਨ ਦੀ ਬੀਚਾਰ ਵਾਲੇ ਹਨ।

## ਜਿਨਾ ਪੋਤੈ ਪੁੰਨੁ; ਤਿਨ ਹਉਮੈ ਮਾਰੀ ॥

ਜਿਨ੍ਹਾਂ ਦੇ ਹਿਰਦੇ ਰੂਪੀ ਪੋਤੈ = ਖ਼ਜ਼ਾਨੇ ਵਿਚ ਪੂਰਬਲੇ ਨਿਸ਼ਕਾਮ ਕਰਮਾਂ ਦੇ ਪੁੰਨ ਹਨ, ਉਨ੍ਹਾਂ ਨੇ ਦੇਹ ਦੀ ਹਉਮੈ = ਹੰਗਤਾ ਮਾਰ ਲਈ ਹੈ।

## ਨਾਨਕ ਜੋ ਨਾਮਿ ਰਤੇ; ਤਿਨ ਕਉ ਬਲਿਹਾਰੀ ॥੪॥੭॥੨੭॥

ਗੁਰੂ ਸਾਹਿਬ ਜੀ ਉਚਾਰਨ ਕਰਦੇ ਹਨ ਕਿ ਜੋ = ਜਿਹੜੇ ਨਾਮ ਰੰਗ ਵਿਚ ਰਤੇ = ਰੰਗੇ ਹਨ, ਤਿਨ = ਉਨ੍ਹਾਂ ਕਉ = ਤਾਈਂ ਬਲਿਹਾਰੀ = ਬਲਿਹਾਰ ਕੁਰਬਾਨ ਜਾਈਏ ॥੪॥੭॥੨੭॥

## ਗਉੜੀ ਗੁਆਰੇਰੀ, ਮਹਲਾ ੩ ॥
## ਤੂੰ ਅਕਥੁ; ਕਿਉ ਕਥਿਆ ਜਾਹਿ ॥

ਹੇ ਪਰਮੇਸ਼ਰ! ਤੂੰ ਬੇਦਾ, ਸ਼ਾਸਤਰਾਂ, ਸੁਰਤੀ ਸਿਮ੍ਰਤੀ, ਸ਼ਕਤੀ ਬਿਰਤੀ ਕਰਕੇ ਅਕਥੁ = ਕਥਨ ਤੋਂ ਰਹਿਤ ਸਰੂਪ ਹੈਂ ਇਸ ਲਈ ਤੂੰ ਕਿਉ = ਕਿਵੇਂ ਕਥਿਆ ਜਾਹਿ = ਜਾ ਸਕਦਾ ਹੈਂ।

## ਗੁਰ ਸਬਦੁ ਮਾਰਣੁ; ਮਨ ਮਾਹਿ ਸਮਾਹਿ ॥

ਗੁਰੂ ਸਾਹਿਬ ਦਾ ਸਬਦੁ = ਉਪਦੇਸ਼ ਲਖਣਾ ਬਿਰਤੀ ਕਰ ਕੇ ਜੋ ਕਥਨ ਕਰਦਾ ਹੈ, ਇਹ ਇਕ ਮਾਰਣੁ = ਮਸਾਲਾ ਹੈ। ਜੇ ਮਨ ਦੇ ਮਾਹਿ = ਵਿਚ ਸਮਾ ਜਾਏ ਤਾਂ ਮੰਦਾ ਸੁਭਾਅ ਮਾਰਿਆ ਜਾਂਦਾ ਹੈ।

## ਤੇਰੇ ਗੁਣ ਅਨੇਕ; ਕੀਮਤਿ ਨਹ ਪਾਹਿ ॥੧॥

ਹੇ ਮਹਾਰਾਜ! ਤੇਰੇ ਅਨੇਕਾਂ ਗੁਣ ਹਨ, ਕਿਸੇ ਦੇ ਪਾਸੋਂ ਕੀਮਤ ਨਹ = ਨਹੀਂ ਪਾਹਿ = ਪਾਈ ਜਾ ਸਕਦੀ ॥੧॥

## ਜਿਸ ਕੀ ਬਾਣੀ; ਤਿਸੁ ਮਾਹਿ ਸਮਾਣੀ ॥

ਜਿਸ ਆਪ ਕੀ = ਦੀ ਬਾਣੀ ਹੈ ਤਿਸੁ = ਉਸ ਆਪ ਜੀ ਦੇ ਮਾਹਿ = ਵਿਚ ਹੀ ਸਮਾਣੀ = ਸਮਾ ਜਾਣੀ

ਹੈ **ਵਾ:** ਜਿਸ ਦੀ ਬਾਨੀ = ਬਣਾਵਟ ਹੈ ਅੰਤ ਨੂੰ ਉਸ ਵਿਚ ਹੀ ਸਮਾਂ ਜਾਂਦੀ ਹੈ **ਵਾ:** ਜਿਸ ਦੀ ਬਿਰਤੀ ਬਾਨੀ ਵਿਚ ਜੁੜ ਗਈ ਹੈ ਤਿਸੁ = ਉਸ ਦੀ ਬਿਰਤੀ ਪਰਮੇਸ਼ਰ ਵਿਚ ਸਮਾ ਗਈ ਹੈ।

## ਤੇਰੀ ਅਕਥ ਕਥਾ; ਗੁਰ ਸਬਦਿ ਵਖਾਣੀ ॥੧॥ਰਹਾਉ॥

ਹੇ ਪਰਮੇਸ਼ਰ ! ਤੇਰੀ ਕਥਾ ਸ਼ਕਤੀ ਬਿਰਤੀ ਕਰਕੇ ਅਕਥ = ਕਥਨ ਤੋਂ ਰਹਿਤ ਹੈ, ਪਰ ਗੁਰੂ ਸਾਹਿਬ ਜੀ ਨੇ ਸਬਦਿ = ਉਪਦੇਸ਼ ਦੀ ਵੀਚਾਰ ਕਰਕੇ ਲਖਣਾ ਬਿਰਤੀ ਦੁਆਰਾ ਵਖਾਣੀ = ਕਥਨ ਕੀਤੀ ਹੈ ॥੧॥ਰਹਾਉ॥

## ਜਹ ਸਤਿਗੁਰੁ; ਤਹ ਸਤਸੰਗਤਿ ਬਣਾਈ ॥

ਜਹ = ਜਿਥੇ ਸਤਿਗੁਰਾਂ ਦਾ ਨਿਵਾਸ ਹੋਵੇ, ਉਥੇ ਸਤਿਸੰਗਤ ਬਣਾਈ ਹੈ। ਸਤਿਗੁਰਾਂ ਦੇ ਨਿਵਾਸ ਤੋਂ ਬਿਨਾਂ ਸਤਿਸੰਗਤ ਨਹੀਂ ਹੋ ਸਕਦੀ :

**ਸਤਿਗੁਰ ਬਾਝਹੁ ਸੰਗਤਿ ਨ ਹੋਈ ॥** *(ਮਾਰੂ ਮਹਲਾ ੩, ਅੰਗ ੧੦੬੮)*

## ਜਹ ਸਤਿਗੁਰੁ; ਸਹਜੇ ਹਰਿ ਗੁਣ ਗਾਈ ॥

ਜਹ = ਜਿਥੇ ਸਤਿਗੁਰਾਂ ਦਾ ਨਿਵਾਸ ਹੋਵੇ, ਉਥੇ ਸਹਜੇ = ਸੁਤੇਸਿਧ ਹੀ ਹਰਿ = ਹਰੀ ਅਕਾਲ ਪੁਰਖ ਦੇ ਗੁਣ ਗਾਈਦੇ ਹਨ **ਵਾ:** ਹਰਿ = ਪਰਮੇਸ਼ਰ ਦੇ ਸਹਜੇ = ਸ਼ਾਂਤੀ ਪੂਰਬਕ ਗੁਣ ਗਾਉਣੇ ਚਾਹੀਦੇ ਹਨ।

## ਜਹ ਸਤਿਗੁਰੁ; ਤਹਾ ਹਉਮੈ ਸਬਦਿ ਜਲਾਈ ॥੨॥

ਜਿਥੇ ਸਤਿਗੁਰਾਂ ਦਾ ਹਿਰਦੇ ਵਿਚ ਨਿਵਾਸ ਹੈ, ਤਹਾ = ਉਸ ਹਿਰਦੇ 'ਚੋਂ ਗੁਰ ਸ਼ਬਦ ਨੇ ਹਉਮੈ = ਹੰਗਤਾ ਨੂੰ ਜਲਾਈ = ਜਲਾ ਦਿੱਤਾ ਹੈ ॥੨॥

## ਗੁਰਮੁਖਿ ਸੇਵਾ; ਮਹਲੀ ਥਾਉ ਪਾਏ ॥

ਗੁਰਮੁਖਿ = ਮੁਖੀ ਗੁਰਾਂ ਦੀ ਸੇਵਾ = ਟਹਿਲ ਕਰਕੇ ਤੁਰੀਆ ਪਦ ਰੂਪੀ ਮਹਲੀ = ਮਹਿਲ ਦਾ ਥਾਉ = ਟਿਕਾਣਾ ਪਾ ਲੈਂਦੇ ਹਨ **ਵਾ:** ਸਚਖੰਡ ਰੂਪੀ ਮਹਿਲਾਂ ਵਿਚ ਥਾਂ ਪਾ ਲੈਂਦੇ ਹਨ।

## ਗੁਰਮੁਖਿ ਅੰਤਰਿ; ਹਰਿ ਨਾਮੁ ਵਸਾਏ ॥

ਗੁਰਮੁਖ ਜਨ ਹਿਰਦੇ ਦੇ ਅੰਤਰਿ = ਅੰਦਰ ਹਰਿ = ਪਰਮੇਸ਼ਰ ਦੇ ਨਾਮ ਨੂੰ ਵਸਾਏ = ਵਸਾਉਂਦੇ ਹਨ।

## ਗੁਰਮੁਖਿ ਭਗਤਿ; ਹਰਿ ਨਾਮਿ ਸਮਾਏ ॥੩॥

ਗੁਰਮੁਖ ਜਨ ਗੁਰਾਂ ਦੁਆਰਾ ਭਗਤੀ ਕਰ ਕੇ ਹਰੀ ਪਰਮੇਸ਼ਰ ਦੇ ਨਾਮ ਵਿਚ ਸਮਾਏ = ਸਮਾਉਂਦੇ ਹਨ, ਭਾਵ ਮਿਲ ਜਾਂਦੇ ਹਨ ॥੩॥

## ਆਪੇ ਦਾਤਿ ਕਰੇ; ਦਾਤਾਰੁ ॥

ਆਪ ਹੀ ਦਾਤਾ ਪਰਮੇਸ਼ਰ ਜਿਨ੍ਹਾਂ ਨੂੰ ਨਾਮ ਦੀ ਦਾਤ ਦੇਣਾ ਕਰਦਾ ਹੈ।

## ਪੂਰੇ ਸਤਿਗੁਰ ਸਿਉ; ਲਗੈ ਪਿਆਰੁ ॥

ਉਨ੍ਹਾਂ ਦਾ ਪੂਰੇ = ਪੂਰਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਉ = ਨਾਲ ਪਿਆਰੁ = ਸਨੇਹ ਲਗੈ = ਲੱਗ ਜਾਂਦਾ ਹੈ।

## ਨਾਨਕ ਨਾਮਿ ਰਤੇ; ਤਿਨ ਕਉ ਜੈਕਾਰੁ ॥੪॥੮॥੨੮॥

ਸਤਿਗੁਰੂ ਜੀ ਕਹਿੰਦੇ ਹਨ ਕਿ ਜੋ ਨਾਮ ਵਿਚ ਰਤੇ = ਤਦਾਕਾਰ ਹੋਏ ਹਨ, ਤਿਨ = ਉਨ੍ਹਾਂ ਕਉ = ਨੂੰ ਲੋਕ ਪ੍ਰਲੋਕ ਵਿਚ ਜੈਕਾਰੁ = ਵਡਿਆਈ ਮਿਲਦੀ ਹੈ ॥੪॥੮॥੨੮॥

## ਗਉੜੀ ਗੁਆਰੇਰੀ, ਮਹਲਾ ੩ ॥

## ਏਕਸੁ ਤੇ; ਸਭਿ ਰੂਪ ਹਹਿ ਰੰਗਾ ॥

(**'ਹਹਿ'** ਦੋਵੇਂ ਹਾਹੇ ਪੂਰੇ ਬੋਲੋ)

ਏਕਸੁ = ਇਕ ਅਕਾਲ ਪੁਰਖ ਤੋਂ ਹੀ ਸਭਿ = ਸਾਰੇ ਰੂਪ = ਅਕਾਰ, ਗੋਰੇ, ਕਾਲੇ, ਆਦਿ ਅਨੇਕ ਰੰਗ ਬਣੇ ਹਹਿ = ਹਨ। **ਵਾ:** ਤਿੰਨਾਂ ਗੁਣਾਂ ਕਰਕੇ ਸੂਖਮ ਦੇਹਾਂ ਦੇ ਜੋ ਰੰਗ ਹਨ, ਇਹ ਸੁਭਾਅ ਹਨ। ਜੋ ਇਹ ਰਾਜਸੀ, ਤਾਮਸੀ, ਸਾਂਤਕੀ ਸੁਭਾਅ ਪ੍ਰਤੀਤ ਹੁੰਦੇ ਹਨ, ਇਹ ਇਕ ਵਾਹਿਗੁਰੂ ਤੋਂ ਹੀ ਸਾਰੇ ਬਣੇ ਹਨ।

## ਪਉਣੁ ਪਾਣੀ ਬੈਸੰਤਰੁ; ਸਭਿ ਸਹਲੰਗਾ ॥

ਹੇ ਭਾਈ! ਪਉਣ = ਹਵਾ ਪਾਣੀ ਬੈਸੰਤਰੁ = ਅਗਨੀ ਆਦਿ ਸਭਿ = ਸਾਰਿਆਂ ਦੇ ਨਾਲ ਪਰਮੇਸ਼ਰ ਸਹਲੰਗਾ = ਮਿਲਿਆ ਹੋਇਆ ਹੈ **ਵਾ:** ਪਰਮੇਸ਼ਰ ਪਉਣ ਵਿਚ ਹੀ ਮਿਲਿਆ ਹੋਇਆ ਹੈ, ਤਾਂਹੀਓਂ ਸਾਰਿਆਂ ਦੇ ਸਾਹ ਬਣੇ ਹਨ। ਪਾਣੀ ਵਿਚ ਮਿਲੇ ਹੋਣ ਕਰਕੇ ਸਾਰਿਆਂ ਦੇ ਆਕਾਰ ਬਣੇ ਹਨ ਤੇ ਬੈਸੰਤਰੁ = ਅਗਨੀ ਵਿਚ ਮਿਲਿਆ ਹੋਣ ਕਰਕੇ ਸਾਰਿਆਂ ਦੇ ਅੰਦਰ ਖਾਣ-ਪੀਣ ਦੀ ਜੋ ਖ਼ੁਰਾਕ ਹੈ, ਇਹ ਹਜ਼ਮ ਹੁੰਦੀ ਹੈ। ਇਉਂ ਪਉਣ ਵਿਚ ਪਾਣੀ ਵਿਚ ਤੇ ਅਗਨੀ ਵਿਚ ਸਾਰਿਆਂ ਦੇ ਸਹ = ਸਾਹ ਵਿਚ ਲੰਗਾ = ਲੱਗਿਆ ਹੋਇਆ ਹੈ। ਭਾਵ ਪਰਮੇਸ਼ਰ ਸਾਰਿਆਂ ਦਾ ਸਾਥੀ ਹੈ। **ਵਾ:** ਪਉਣੁ ਦੀ ਨਿਆਈਂ ਰਜੋਗੁਣ, ਪਾਣੀ ਦੀ ਨਿਆਈਂ ਸਤੋਗੁਣ, ਬੈਸੰਤਰੁ ਦੀ ਨਿਆਈਂ ਤਮੋਗੁਣ ਸਾਰਿਆਂ ਗੁਣਾਂ ਦੇ ਨਾਲ ਚੇਤਨ ਪਰਮੇਸ਼ਰ ਦਾ ਸਾਥ ਲੱਗਿਆ ਹੋਇਆ ਹੈ। ਉਸ ਕਰਕੇ ਰਾਜਸੀ, ਤਾਮਸੀ, ਸਾਂਤਕੀ ਆਦਿ ਦੇ ਗੁਣ ਸਿੱਧ ਹੁੰਦੇ ਹਨ।

## ਭਿੰਨ ਭਿੰਨ ਵੇਖੈ; ਹਰਿ ਪ੍ਰਭੁ ਰੰਗਾ ॥੧॥

ਹਰਿ = ਹਰੀ ਪ੍ਰਭੁ = ਪਰਮੇਸ਼ਰ ਅਨੇਕਾਂ ਰੰਗਾਂ ਵਾਲੀ ਸ੍ਰਿਸ਼ਟੀ ਵਿਚ ਭਿੰਨ ਭਿੰਨ = ਵੱਖੋ ਵੱਖਰੇ ਜੀਵਾਂ ਨੂੰ ਪੈਦਾ ਕਰਕੇ ਆਪ ਹੀ ਵੇਖੈ = ਵੇਖਦਾ ਹੈ **ਅਥਵਾ** ਹਰੀ ਪ੍ਰਭੂ ਭਿੰਨ ਭਿੰਨ = ਚਾਰ ਖਾਣੀਆਂ ਦੇ ਜੀਵ ਬਣਾ ਕੇ ਵੇਖੈ = ਵੇਖਦਾ ਹੈ। ਇੱਕੀ ਇੱਕੀ ਲੱਖ ਤਰ੍ਹਾਂ ਦੀ ਇਕ-ਇਕ ਖਾਣੀ ਦੀ ਜੂਨ ਬਣਾਈ ਹੈ। ਇਹ ਹਰਿ = ਹਰੀ ਵਾਹਿਗੁਰੂ ਪ੍ਰਭੂ ਦੇ ਰੰਗਾ = ਕੌਤਕ ਹਨ। ਜਿਵੇਂ ਉਸ ਨੂੰ ਤਮਾਸ਼ਾ ਕਰਨਾ ਚੰਗਾ ਲੱਗੇ, ਉਵੇਂ ਕਰਦਾ ਹੈ। **ਵਾ:** ਭਿੰਨ ਭਿੰਨ ਕਰਕੇ ਕੋਈ ਰਜੋਗੁਣੀ ਹੈ, ਜਿਵੇਂ ਖਾ ਲਿਆ, ਪੀ ਲਿਆ, ਜੋੜ ਲਿਆ, ਭੋਗ ਪਦਾਰਥ ਦੇ ਰਸ ਭੋਗ ਲਏ। ਕੋਈ ਤਮੋਗੁਣੀ ਹੈ, ਨਿਰੇ ਕ੍ਰੋਧ ਜਾਂ ਭੁੱਖੇ ਮਰਦੇ ਰਹਿਣਗੇ ਜਾਂ ਖਾ ਪੀ ਕੇ ਪਸ਼ੂਆਂ ਵਾਂਗੂੰ ਪੇਟ ਭਰ ਕੇ ਸੁੱਤੇ ਰਹਿੰਦੇ ਹਨ। ਕੋਈ ਸਤੋਗੁਣੀ ਹੈ। ਨਰਮ ਖ਼ੁਰਾਕ ਖਾਂਦੇ ਹਨ ਤੇ ਮਿੱਠਾ ਬੋਲਦੇ ਹਨ। ਇਉਂ ਭਿੰਨ ਭਿੰਨ ਕਰਕੇ ਹਰੀ ਪ੍ਰਭੂ ਦੇ ਰੰਗਾ=ਕੌਤਕ ਹਨ। ਆਪ ਹੀ ਸਾਰਿਆਂ ਨੂੰ ਵੇਖ ਰਿਹਾ ਹੈ, ਭਾਵ ਪ੍ਰਕਾਸ਼ ਰਿਹਾ ਹੈ ॥੧॥

## ਏਕੁ ਅਚਰਜੁ; ਏਕੋ ਹੈ ਸੋਈ ॥

ਏਕੁ = ਇਕ ਅਚਰਜੁ = ਅਸਚਰਜ ਵਾਹਿਗੁਰੂ ਹੈ ਅਤੇ ਸੋਈ = ਉਹ ਇੱਕੋ ਹੀ ਸੰਸਾਰ ਦੇ ਅੰਦਰ ਗੁਰੂ ਰੂਪ ਹੈ। **ਵਾ:** ਏਕੁ = ਇੱਕੋ ਅਚਰਜੁ = ਨਿਰਗੁਣ ਬ੍ਰਹਮ ਅਤੇ ਇੱਕੋ ਈਸ਼ਵਰ ਰੂਪ ਹੋ ਕੇ ਪਰਮੇਸ਼ਰ ਸਾਰੇ ਜਗ

ਦੀ ਪਾਲਨਾ ਪੋਸ਼ਣਾ ਲਾਇਤਾ ਕਰਨ ਵਾਲਾ ਹੈ। **ਵਾ:** ਏਕੁ ਅਚਰਜੁ = ਇੱਕੋ ਹੀ ਅਦ੍ਵੈਤ ਰੂਪ ਬ੍ਰਹਮ ਸਾਰਿਆਂ ਦਾ ਪ੍ਰਕਾਸ਼ਕ ਤੇ ਆਪ ਹੀ ਸੋਈ = ਉਹ ਇੱਕੋ ਸ੍ਵਯੰ ਪ੍ਰਕਾਸ਼ ਸਰੂਪ ਹੈ। ਸਾਰਿਆਂ ਦਾ ਆਧਾਰ ਤੇ ਨਿਰਾਧਾਰ ਸਰੂਪ ਹੈ।

## ਗੁਰਮੁਖਿ ਵੀਚਾਰੇ; ਵਿਰਲਾ ਕੋਈ ॥੧॥ਰਹਾਉ॥

ਕੋਈ ਵਿਰਲਾ ਗੁਰਮੁਖ ਹੀ ਐਸੇ ਹਰੀ ਵਾਹਿਗੁਰੂ ਨੂੰ ਵੀਚਾਰੇ = ਵੀਚਾਰਦਾ ਹੈ ॥੧॥ਰਹਾਉ॥

## ਸਹਜਿ ਭਵੈ; ਪ੍ਰਭੁ ਸਭਨੀ ਥਾਈ ॥

ਉਹ ਪਰਮੇਸ਼ਰ ਸਹਜਿ = ਸੁਭਾਵਿਕ ਹੀ ਸਾਰਿਆਂ ਥਾਵਾਂ ਵਿਚ ਭਵੈ = ਵਿਚਰ ਰਿਹਾ ਹੈ। **ਵਾ:** ਉਹ ਸਹਜਿ = ਗਿਆਨ ਸਰੂਪ ਪਰਮੇਸ਼ਰ ਆਪ ਹੀ ਸਭਨੀ = ਸਾਰਿਆਂ ਥਾਈ = ਥਾਵਾਂ ਵਿਚ ਸਾਖੀ ਚੇਤਨ ਹੋ ਕੇ ਭਵੈ = ਵਿਚਰ ਰਿਹਾ ਹੈ।

## ਕਹਾ ਗੁਪਤੁ ਪ੍ਰਗਟੁ; ਪ੍ਰਭਿ ਬਣਤ ਬਣਾਈ ॥

ਕਿਤੇ ਗੁਪਤੁ = ਸੂਖਮ ਦੇਹਾਂ ਕਿਤੇ ਪ੍ਰਗਟੁ = ਸਥੂਲ ਦੇਹਾਂ ਇਹ ਪ੍ਰਭੂ ਨੇ ਬਣਤ = ਬਣਾਵਟ ਬਣਾਈ = ਬਨਾਉਣਾ ਕੀਤੀ ਹੈ। **ਵਾ:** ਕਿਤੇ ਗੁਪਤੁ = ਨਿਰਗੁਣ ਸਰੂਪ ਕਿਤੇ ਪ੍ਰਗਟੁ = ਸਰਗੁਣ ਸਰੂਪ ਕਹਾਉਣਾ, ਇਹ ਪ੍ਰਭੂ ਨੇ ਸੰਸਾਰ ਦੀ ਬਨਾਵਟ ਇਸ ਤਰ੍ਹਾਂ ਦੀ ਬਣਾਈ ਹੈ। ਸਾਰਿਆਂ ਵਿਚ ਆਪ ਹੀ ਗੁਪਤ ਅਤੇ ਪ੍ਰਗਟ ਰੂਪ ਹੈ। **ਵਾ:** ਕਿਤੇ ਅਗਿਆਨੀਆਂ ਦੇ ਅੰਦਰ ਗੁਪਤ ਹੈ, ਕਿਤੇ ਬ੍ਰਹਮ ਅਗਿਆਨੀਆਂ ਦੇ ਅੰਦਰ ਪ੍ਰਗਟ ਹੈ। ਇਹ ਵਾਹਿਗੁਰੂ ਨੇ ਆਪ ਹੀ ਬਣਾਵਟ ਬਣਾਈ ਹੈ।

## ਆਪੇ; ਸੁਤਿਆ ਦੇਇ ਜਗਾਈ ॥੨॥

(**ਸੁੱਤਿਆ** ਬੋਲੋ)

ਉਹ ਪਰਮੇਸ਼ਰ ਆਪ ਹੀ ਅਵਿੱਦਿਆ ਰੂਪੀ ਨੀਂਦ 'ਚ ਸੁੱਤਿਆਂ ਜਗਿਆਸੂਆਂ ਨੂੰ ਗਿਆਨ ਅਵਸਥਾ ਦੇਇ = ਦੇ ਕੇ ਜਗਾਈ = ਜਗਾ ਦਿੰਦਾ ਹੈ ॥੨॥

## ਤਿਸ ਕੀ ਕੀਮਤਿ; ਕਿਨੈ ਨ ਹੋਈ ॥

ਤਿਸ = ਉਸ ਵਾਹਿਗੁਰੂ ਦੇ ਗੁਣਾਂ ਕੀ = ਦੀ ਕੀਮਤ ਕਿਸੇ ਪਾਸੋਂ ਨਹੀਂ ਹੋਈ = ਹੁੰਦੀ **ਵਾ:** ਨਾ ਹੀ ਹੋਈ ਅਤੇ ਨਾ ਹੀ ਹੋਵੇਗੀ।

## ਕਹਿ ਕਹਿ ਕਥਨੁ; ਕਹੈ ਸਭੁ ਕੋਈ ॥

ਸਭ ਕੋਈ ਕਹੈ = ਕਹਿਣ ਮਾਤਰ ਹੀ ਕਹਿ ਕਹਿ = ਆਖ ਆਖ ਕੇ ਕਥਨੁ = ਵਰਣਨ ਕਰਦੇ ਹਨ। **ਵਾ:** ਬਿਆਸ ਆਦਿਕਾਂ ਦਾ ਜੋ ਕਥਨ ਕੀਤਾ ਹੋਇਆ ਹੈ, ਉਨ੍ਹਾਂ ਨੂੰ ਕਹਿਣ ਵਾਲੇ ਹੋ ਕੇ ਹੋਰ ਪੰਡਿਤ ਵਿਦਵਾਨ ਸਭ ਕੋਈ ਪਿੱਛੇ ਕਹਿੰਦੇ ਸੀ, ਹੁਣ ਕਹਿੰਦੇ ਹਨ, ਅੱਗੇ ਵੀ ਸਭ ਕੋਈ ਕਹਿਣ ਵਾਲੇ ਹੋ ਕੇ ਕਹਿਣਗੇ।

## ਗੁਰ ਸਬਦਿ ਸਮਾਵੈ; ਬੂਝੈ ਹਰਿ ਸੋਈ ॥੩॥

ਜਿਸ ਦਾ ਮਨ ਗੁਰਾਂ ਦੇ ਸ਼ਬਦ ਵਿਚ ਸਮਾਵੈ = ਸਮਾ ਜਾਂਦਾ ਹੈ, ਸੋਈ = ਉਹ ਹਰਿ = ਹਰੀ ਅਕਾਲ ਪੁਰਖ ਨੂੰ ਬੂਝੈ = ਸਮਝਦਾ ਹੈ, ਭਾਵ ਉਸ ਦਾ ਸਰੂਪ ਹੀ ਹੋ ਜਾਂਦਾ ਹੈ ॥੩॥

## ਸੁਣਿ ਸੁਣਿ ਵੇਖੈ; ਸਬਦਿ ਮਿਲਾਏ ॥

ਜਿਹੜਾ ਸੱਤ ਸ਼ਾਸਤਰਾਂ ਦੁਆਰਾ ਸੁਣਿ = ਸ਼੍ਰਵਣ ਕਰ ਕੇ ਪਰਮੇਸ਼ਰ ਦਾ ਜੱਸ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣਿ = ਸੁਣਨਾ ਕਰਦਾ ਹੈ **ਵਾ:** ਆਪਣੇ ਸਰੂਪ ਦੀ ਵਿਚਾਰ ਨੂੰ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣਨਾ ਕਰਦਾ ਹੈ, ਉਸ ਨੂੰ ਪਰਮੇਸ਼ਰ ਗੁਰ ਸਬਦਿ = ਉਪਦੇਸ਼ ਦੁਆਰਾ ਆਪਣੇ ਸਰੂਪ ਨਾਲ ਮਿਲਾਏ = ਮਿਲਾ ਲੈਂਦਾ ਹੈ।

## ਵਡੀ ਵਡਿਆਈ; ਗੁਰ ਸੇਵਾ ਤੇ ਪਾਏ ॥

ਇਹ ਵੱਡੀ ਵਡਿਆਈ = ਮਹਿਮਾ ਗੁਰ ਦੀ ਸੇਵਾ = ਟਹਿਲ ਤੇ = ਤੋਂ ਹੀ ਪਾਏ = ਪ੍ਰਾਪਤ ਹੁੰਦੀ ਹੈ **ਵਾ:** ਉਹ ਪਰਮੇਸ਼ਰ ਨਾਲ ਅਭੇਦ ਹੋਣ ਰੂਪ ਵੱਡੀ ਵਡਿਆਈ ਗੁਰ ਸੇਵਾ ਤੋਂ ਹੀ ਪਾਉਂਦਾ ਹੈ।

## ਨਾਨਕ ਨਾਮਿ ਰਤੇ; ਹਰਿ ਨਾਮਿ ਸਮਾਏ ॥੪॥੯॥੨੯॥

ਗੁਰੂ ਜੀ ਕਹਿੰਦੇ ਹਨ ਕਿ ਜੋ ਹਰੀ ਦੇ ਨਾਮ ਵਿਚ ਰੰਗੇ ਹੋਏ ਹਨ, ਉਹ ਨਾਮਿ = ਨਾਮੀ ਹਰਿ = ਪਰਮੇਸ਼ਰ ਵਿਚ ਸਮਾਏ = ਸਮਾ, ਅਭੇਦ ਹੋ ਜਾਂਦੇ ਹਨ। ਜਿਵੇਂ ਜਲ ਵਿਚ ਜਲ ਮਿਲ ਜਾਂਦਾ ਹੈ, ਇਸੇ ਤਰ੍ਹਾਂ ਵਾਹਿਗੁਰੂ ਵਿਚ ਅਭੇਦ ਹੋ ਜਾਂਦਾ ਹੈ ॥੪॥੯॥੨੯॥

## ਗਉੜੀ ਗੁਆਰੇਰੀ, ਮਹਲਾ ੩ ॥

## ਮਨਮੁਖਿ ਸੂਤਾ; ਮਾਇਆ ਮੋਹਿ ਪਿਆਰਿ ॥

ਹੇ ਭਾਈ ! ਮਾਇਆ ਦੇ ਮੋਹ ਵਿਚ ਪਿਆਰ ਪਾ ਕੇ ਮਨਮੁਖ ਅਵਿੱਦਿਆ ਦੀ ਨੀਂਦ ਵਿਚ ਸੂਤਾ = ਸੁੱਤਾ ਪਿਆ ਹੈ।

## ਗੁਰਮੁਖਿ ਜਾਗੇ; ਗੁਣ ਗਿਆਨ ਬੀਚਾਰਿ ॥

ਗੁਰਮੁਖ ਜਨ ਗਿਆਨ ਆਦਿ ਗੁਣ ਦੀ ਵੀਚਾਰ ਵਿਚ ਜਾਗੇ = ਜਾਗ ਰਹੇ ਹਨ **ਵਾ:** ਗੁਰਮੁਖ ਜਨ ਸੱਤ, ਸੰਤੋਖ ਆਦਿ ਗੁਣਾਂ ਨੂੰ ਧਾਰਨ ਕਰਕੇ ਸਰੂਪ ਦੀ ਵੀਚਾਰ ਦੁਆਰਾ ਗਿਆਨ ਅਵਸਥਾ ਵਿਚ ਜਾਗਦੇ ਹਨ।
***ਪ੍ਰਸ਼ਨ** : ਹੇ ਮਹਾਰਾਜ ! ਹੋਰ ਵੀ ਕੋਈ ਜਾਗੇ ਹਨ ?*
***ਉੱਤਰ** :*

## ਸੇ ਜਨ ਜਾਗੇ; ਜਿਨ ਨਾਮ ਪਿਆਰਿ ॥੧॥

ਹੇ ਭਾਈ ! ਸੇ = ਉਹ ਜਨ = ਪੁਰਖ ਤਿੰਨਾਂ ਲੋਕਾਂ ਵਿਚ ਜਾਗ ਪਏ ਹਨ, ਜਿਨ੍ਹਾਂ ਦਾ ਸੱਚੇ ਪਾਤਿਸ਼ਾਹ ਦੇ ਨਾਮ ਨਾਲ ਪਿਆਰ ਹੈ ॥੧॥

## ਸਹਜੇ ਜਾਗੈ; ਸਵੈ ਨ ਕੋਇ ॥

ਜਿਹੜੇ ਸਹਜੇ = ਗਿਆਨ ਅਵਸਥਾ ਵਿਚ ਜਾਗ ਪੈਂਦੇ ਹਨ, ਉਹ ਕੋਇ = ਕੋਈ ਮੋਹ, ਅਵਿਦਿਆ ਦੀ ਨੀਂਦ ਵਿਚ ਨ = ਨਹੀਂ ਸਵੈ = ਸੌਂਦੇ।

## ਪੂਰੇ ਗੁਰ ਤੇ; ਬੂਝੈ ਜਨੁ ਕੋਇ ॥੧॥ਰਹਾਉ॥

ਪੂਰੇ ਸਤਿਗੁਰਾਂ ਦੀ ਸਿੱਖਿਆ ਤੇ = ਤੋਂ ਇਸ ਭੇਦ ਨੂੰ ਕੋਈ ਵਿਰਲਾ ਜਨੁ = ਪੁਰਸ਼ ਹੀ ਬੂਝੈ = ਬੁੱਝ, ਸਮਝ ਸਕਦਾ ਹੈ ॥੧॥ਰਹਾਉ॥

## ਅਸੰਤੁ ਅਨਾੜੀ; ਕਦੇ ਨ ਬੂਝੈ ॥

ਅਨਾੜੀ = ਮੂਰਖ ਤੇ ਅਸੰਤੁ = ਖੋਟੇ ਪੁਰਖਾਂ **ਵਾ:** (ਅਨ+ਆੜੀ) ਅਨ = ਦ੍ਵੈਤ ਦੇ ਆੜੀ = ਸੰਗੀ ਪੁਰਖਾਂ ਨੂੰ ਕਦੇ = ਕਦਾਚਿਤ ਵੀ ਪਰਮਾਰਥ ਦੀ ਬੂਝੈ = ਸਮਝ ਨ = ਨਹੀਂ ਪੈਂਦੀ।

## ਕਥਨੀ ਕਰੇ; ਤੈ ਮਾਇਆ ਨਾਲਿ ਲੂਝੈ ॥

ਉਹ ਵਿਖਾਵੇ, ਪਰਮਾਰਥ ਦੀਆਂ ਗੱਲਾਂ ਤਾਂ ਕਥਨੀ = ਕਥਨ ਕਰੇ = ਕਰਦੇ ਹਨ ਤੈ = ਅਤੇ ਮਾਇਆ ਵਾਸਤੇ ਲੋਕਾਂ ਨਾਲ ਲੂਝੈ = ਝਗੜਦੇ ਹਨ।

## ਅੰਧੁ ਅਗਿਆਨੀ; ਕਦੇ ਨ ਸੀਝੈ ॥੨॥

ਮਨ ਬੁੱਧ ਰੂਪ ਨੇਤਰਾਂ ਵਿਚ ਵਿਚਾਰ ਰੂਪੀ ਨਿਗਾਂ ਤੋਂ ਹੀਣੇ ਅੰਧੁ = ਅੰਨੇ ਅਗਿਆਨੀ ਪੁਰਖ ਕਦੇ = ਕਦਾਚਿਤ ਵੀ ਸੀਝੈ = ਮੁਕਤ ਨ = ਨਹੀਂ ਹੋ ਸਕਦੇ ॥੨॥

## ਇਸੁ ਜੁਗ ਮਹਿ; ਰਾਮ ਨਾਮਿ ਨਿਸਤਾਰਾ ॥

ਹੇ ਭਾਈ! ਇਸ ਜੁਗ = ਸੰਸਾਰ, ਕਲਿਜੁਗ ਮਹਿ = ਵਿਚ ਰਾਮ = ਪਰਮੇਸ਼ਰ ਦਾ ਨਾਮ ਜਪ ਕੇ ਹੀ ਨਿਸਤਾਰਾ = ਤਰਨਾ ਹੁੰਦਾ ਹੈ।

## ਵਿਰਲਾ ਕੋ ਪਾਏ; ਗੁਰ ਸਬਦਿ ਵੀਚਾਰਾ ॥

ਗੁਰਾਂ ਦੇ ਸਬਦਿ = ਉਪਦੇਸ਼ ਦੀ ਵੀਚਾਰ ਦੁਆਰਾ ਕੋ = ਕੋਈ ਵਿਰਲਾ = ਟਾਂਵਾ ਹੀ ਪਰਮੇਸ਼ਰ ਦੇ ਨਾਮ ਨੂੰ ਪਾਏ = ਪਾਉਂਦਾ ਹੈ।

## ਆਪਿ ਤਰੈ; ਸਗਲੇ ਕੁਲ ਉਧਾਰਾ ॥੩॥

(**ਕੁਲ** ਪੋਲਾ ਬੋਲੋ)

ਉਹ ਆਪ ਵੀ ਤਰ ਜਾਂਦਾ ਹੈ ਤੇ ਆਪਣੀਆਂ ਸਗਲੇ ਕੁਲ = ਸਾਰੀਆਂ ਕੁਲਾਂ ਜੋ ਬੇਗਤਿ ਹੋਈਆਂ ਹਨ, ਉਨ੍ਹਾਂ ਦਾ ਵੀ ਨਾਮ ਦੇ ਪ੍ਰਤਾਪ ਕਰਕੇ ਉਧਾਰ ਕਰ ਲੈਂਦਾ ਹੈ ॥੩॥

**[ਅੰਗ ੧੬੧]**

## ਇਸੁ ਕਲਿਜੁਗ ਮਹਿ; ਕਰਮ ਧਰਮੁ ਨ ਕੋਈ ॥

ਇਸ ਕਲਜੁਗ ਦੇ ਮਹਿ = ਵਿਚ ਕੋਈ ਨਹੀਂ ਫੱਲਦੇ ਵਾ: ਇਸ ਕਲਿਜੁਗ ਵਿਚ ਪਰਮੇਸ਼ਰ ਨੂੰ ਮਿਲਣ ਵਾਲੇ ਕੋਈ ਕਰਮ ਧਰਮ ਨਹੀਂ ਕਰਦਾ ਹੈ ਕਰਮ ਧਰਮ ਕਿਉਂਕਿ :

## ਕਲੀ ਕਾ ਜਨਮੁ; ਚੰਡਾਲ ਕੈ ਘਰਿ ਹੋਈ ॥

ਕਲੀ ਕਾ = ਕਲਜੁਗ ਦੇ ਜੀਵਾਂ ਦਾ ਜਨਮ ਕ੍ਰੋਧ ਰੂਪੀ ਚੰਡਾਲ ਦੇ ਘਰ ਹੋਇਆ ਹੈ। ਅਰਥਾਤ ਕ੍ਰੋਧ ਵਾਲੇ ਹਿਰਦੇ ਵਿਚ ਹੀ ਸਾਰੇ ਔਗੁਣ ਹਨ, ਕਲਜੁਗ ਵਿਚ ਸਾਰੇ ਜੀਵ ਕ੍ਰੋਧ ਵਾਲੇ ਹਨ, ਭਾਵ ਕਲਜੁਗ ਵਿਚ ਕ੍ਰੋਧਾਦਿਕ ਵਿਕਾਰਾਂ ਦੀ ਬਹੁਲਤਾ ਹੈ, ਭਾਵੇਂ ਤਾਕਤ ਕੋਈ ਨਹੀਂ ਪਰ ਕ੍ਰੋਧ ਵਿਚ ਕਿਸੇ ਨੂੰ ਬੁਰਾ ਕਹਿਣਾ ਦੁਖ ਦੇਣਾ, ਨਾਸ ਕਰ ਦੇਣਾ ਆਦਿ ਬੁਰੇ ਬਚਨ ਕਹਿੰਦੇ ਹਨ। ਇਉਂ ਕਲਜੁਗੀ ਜੀਵਾਂ ਦਾ ਜੋ ਜਨਮ ਹੈ, ਉਹ ਕ੍ਰੋਧ ਰੂਪੀ ਚੰਡਾਲ ਦੇ ਘਰ ਹੋਇਆ ਹੈ। (**ਵਾ:** ਚੰਡ+ਆਲ = ਚੰਡ = ਚੰਡਾ ਭਾਵ ਅਗਨੀ, ਆਲ = ਘਰ, ਭਾਵ ਜੋ ਕ੍ਰੋਧ ਰੂਪੀ ਅਗਨੀ ਦਾ ਘਰ ਹੋਵੇ, ਉਸ ਨੂੰ ਚੰਡਾਲ ਕਹਿੰਦੇ ਹਨ।)

ਉਪਰੋਕਤ ਤੁਕ ਦੇ ਅਰਥ ਨੂੰ ਸੰਪਰਦਾਈ ਗਿਆਨੀ ਇਕ ਹੋਰ ਸੌਖੇ ਜਿਹੇ ਪੁਰਾਤਨ ਵੀਚਾਰ ਅਨੁਸਾਰ ਇਕ ਛੋਟੀ ਜਿਹੀ ਸਾਖੀ ਦੁਆਰਾ ਖੋਲ੍ਹਦੇ ਹਨ, ਉਹ ਇਸ ਪ੍ਰਕਾਰ ਹੈ : ਪੁਰਾਤਨ ਵੀਚਾਰਧਾਰਾ ਅਨੁਸਾਰ ਕਿਹਾ ਜਾਂਦਾ ਹੈ ਕਿ ਕਲਜੁਗ ਦਾ ਜਨਮ ਸ਼ੂਦਰਾਂ ਦੇ ਘਰ ਹੋਣਾ ਸੀ। ਲੇਕਿਨ ਚੰਡਾਲਾਂ ਦੇ ਘਰ ਹੋ ਗਿਆ, ਜਿਵੇਂ ਕਿ ਸਤਿਜੁਗ ਅੰਦਰ ਬ੍ਰਾਹਮਣ ਸੁਭਾਅ ਦੀ ਬਹੁਲਤਾ ਸੀ। ਤ੍ਰੇਤੇ ਵਿਚ ਖੱਤ੍ਰੀ ਸੁਭਾਅ ਦੀ ਬਹੁਲਤਾ ਮੰਨੀ ਹੈ। ਦੁਆਪੁਰ ਵਿਚ ਵੈਸ਼ ਸੁਭਾਅ ਦੀ ਬਹੁਲਤਾ ਸੀ। ਕਲਜੁਗ ਵਿਚ ਸ਼ੂਦਰ ਸੁਭਾਅ ਦੀ ਬਹੁਲਤਾ ਹੋਣੀ ਸੀ। ਪ੍ਰੰਤੂ ਚੰਡਾਲ ਸੁਭਾਅ ਦੀ ਬਹੁਲਤਾ ਹੋ ਚੁੱਕੀ ਹੈ। ਸੋ ਇਸ ਕਰ ਕੇ ਕਲਜੁਗ ਦਾ ਜਨਮ ਚੰਡਾਲ ਦੇ ਘਰ ਕਿਹਾ ਹੈ। ਕਿਉਂਕਿ ਚੰਡਾਲਾਂ ਦਾ ਕੰਮ ਪਸ਼ੂਆਂ ਦੀ ਖੱਲ ਉਤਾਰਨਾ ਜਾਂ ਜੀਵਾਂ ਦਾ ਕਤਲ ਕਰਨਾ, ਫਾਹੇ ਦੇਣਾ ਹੈ।

ਇਸੇ ਪ੍ਰਕਾਰ ਵਿਭਾਂਡਵ ਰਿਸ਼ੀ ਦੀ ਵੀਚਾਰ ਆਉਂਦੀ ਹੈ ਕਿ ਵਿਭਾਂਡਵ ਰਿਸ਼ੀ ਸਮਾਧੀ ਵਿਚ ਲੀਨ ਸੀ। ਇਸ ਨੂੰ ਰਾਜੇ ਨੇ ਚੋਰ ਸਮਝ ਕੇ ਸੂਲੀ ’ਤੇ ਟੰਗ ਦਿੱਤਾ ਸੀ, ਜਦੋਂ ਪਰਲੋਕ ਵਿਚ ਜਾ ਕੇ ਰਿਸ਼ੀ ਦੀ ਜੀਵ ਆਤਮਾ ਨੇ ਧਰਮਰਾਜ ਨੂੰ ਪੁੱਛਿਆ ਕਿ ਮੈਨੂੰ ਬੇਗੁਨਾਹ ਨੂੰ ਸੂਲੀ ’ਤੇ ਕਿਉਂ ਚਾੜ੍ਹਿਆ ਗਿਆ ਹੈ, ਤਾਂ ਧਰਮ ਰਾਜੇ ਨੇ ਕਿਹਾ ਕਿ ਇਕ ਜਨਮ ਵਿਚ ਤੂੰ ਬਚਪਨ ਵਿਚ ਇਕ ਟਿੱਡੇ ਦੀਆਂ ਅੱਖਾਂ ਸੂਲ ਨਾਲ ਭੰਨਣ ਦਾ ਪਾਪ ਕੀਤਾ ਸੀ। ਇਸ ਕਰਕੇ ਤੈਨੂੰ ਸੂਲੀ ’ਤੇ ਟੰਗਿਆ ਗਿਆ ਹੈ, ਰਿਸ਼ੀ ਨੇ ਧਰਮਰਾਜੇ ਨੂੰ ਕਿਹਾ ਕਿ ਬੱਚੇ ਨੂੰ ਤਾਂ ਗਿਆਨ ਨਹੀਂ ਹੁੰਦਾ, ਪ੍ਰੰਤੂ ਤੈਨੂੰ ਪਰਮਾਤਮਾ ਵੱਲੋਂ ਨਿਆਂ ਕਰਨ ਦਾ ਹੁਕਮ ਹੈ, ਪਰ ਤੂੰ ਮੇਰੇ ਨਾਲ ਨਿਆਂ ਨਹੀਂ ਕੀਤਾ, ਇਸ ਕਰਕੇ ਮੈਂ ਤੈਨੂੰ ਸਰਾਪ ਦਿੰਦਾ ਹਾਂ, ਤਾਂ ਧਰਮਰਾਜੇ ਨੇ ਕਿਹਾ ਕਿ ਹੇ ਰਿਸ਼ੀ ! ਜੇਕਰ ਸਰਾਪ ਦੇਣ ਲੱਗਾ ਹੈਂ ਤਾਂ ਤੂੰ ਮੈਨੂੰ ਤਿੰਨ ਸਰਾਪ ਨਾ ਦੇਵੀਂ : ੧. ਸ਼ੂਦਰਾਂ ਦੇ ਘਰ ਜਨਮ ਨਾ ਦੇਵੀਂ; ੨. ਕਲਜੁਗ ਦਾ ਰਾਜਾ ਨਾ ਬਣਾਈ; ੩. ਚੰਡਾਲਾਂ ਦੇ ਘਰ ਜਨਮ ਨਾ ਦੇਵੀਂ। ਰਿਸ਼ੀ ਕ੍ਰੋਧ ਵਿਚ ਸੀ, ਕਹਿਣ ਲੱਗਾ ਕਿ ਤੂੰ ਮੈਨੂੰ ਸੂਲੀ ਉੱਤੇ ਚਾੜ੍ਹਿਆ ਹੈ, ਇਸ ਲਈ ਜਾਹ ਸ਼ੂਦਰ ਵੀ ਹੋਵੇਂਗਾ, ਕਲਜੁਗ ਦਾ ਰਾਜਾ ਵੀ ਹੋਵੇਂਗਾ ਅਤੇ ਚੰਡਾਲਾਂ ਦੇ ਘਰ ਜਨਮ ਵੀ ਹੋਵੇਗਾ। ਇਹ ਤਿੰਨੇ ਸਰਾਪ ਪੂਰੇ ਹੋਏ, ਉਹ ਧਰਮ ਰਾਜਾ ਸ਼ੂਦਰਾਂ ਦੇ ਘਰ ਦੇਵਦਾਸੀ ਦਾ ਪੁੱਤਰ ਬਿਦਰ ਬਣ ਕੇ ਪੈਦਾ ਹੋਇਆ ਅਤੇ ਪਰਮੇਸ਼ਰ ਦੀ ਭਗਤੀ ਕਰ ਕੇ ਮੁਕਤ ਹੋਇਆ। ਦੂਸਰਾ ਕਲਜੁਗ ਦਾ ਰਾਜਾ ਪ੍ਰੀਸ਼ਤ ਬਣ ਕੇ ਆਇਆ, ਜਿਸ ਨੇ ਇਕ ਤਪੱਸਵੀ ਰਿਸ਼ੀ ਦੇ ਗਲ ਵਿਚ ਮਰਿਆ ਸੱਪ ਪਾ ਦਿੱਤਾ ਸੀ। ਕਿਉਂਕਿ ਪ੍ਰੀਸ਼ਤ ਨੇ ਕਲਜੁਗ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਕਲਜੁਗ ਨੇ ਕਿਹਾ ਕਿ ਮੈਂ ਵੀ ਪਰਮਾਤਮਾ ਦੇ ਹੁਕਮ ਵਿਚ ਪੈਦਾ ਹੋਇਆ ਹਾਂ, ਤੁਸੀਂ ਮੈਨੂੰ ਮਾਰ ਨਹੀਂ ਸਕਦੇ, ਤਿੰਨਾਂ ਜੁਗਾਂ ਤੋਂ ਬਾਅਦ ਮੇਰੀ ਵਾਰੀ ਆਉਂਦੀ ਹੈ। ਮਾਰਨ ਤੋਂ ਬਿਨਾਂ ਮੈਨੂੰ ਜੋ ਹੋਰ ਕਹੋ, ਮੈਂ ਕਰਨ ਨੂੰ ਤਿਆਰ ਹਾਂ, ਤਾਂ ਇਸ ਨੇ ਕਿਹਾ ਸੀ ਕਿ ਮੇਰੇ ਰਾਜ ਤੋਂ ਬਾਹਰ ਚਲਾ ਜਾਹ ਤਾਂ ਕਲਜੁਗ ਨੇ ਕਿਹਾ ਕਿ ਤੁਹਾਡਾ ਵੀ ਰਾਜ ਹੈ ਅਤੇ ਮੇਰਾ ਵੀ ਰਾਜ ਹੈ, ਬਾਹਰ ਤਾਂ ਨਹੀਂ ਜਾ ਸਕਦਾ, ਜਿਥੇ ਕਹੋ ਉਥੇ ਹੀ ਰਹਾਂਗਾ। ਤਾਂ ਪ੍ਰੀਸ਼ਤ ਨੇ ਕਿਹਾ ਕਿ ਜਿਥੇ ਕੋਈ ੧. ਸ਼ਰਾਬ ਪੀਵੇ; ੨. ਜੂਆ ਖੇਡੇ; ੩. ਵਿਭਚਾਰ ਕਰੇ; ੪. ਜੀਵ ਘਾਤ ਕਰੇ; ੫. ਝੂਠ ਬੋਲੇ ਇਨ੍ਹਾਂ ਥਾਵਾਂ ’ਤੇ ਵਾਸਾ ਕਰ ਸਕਦਾ ਹੈਂ। ਜਿਥੇ ਕੋਈ ਨਾਮ ਜਪੇ, ਸਤਿਸੰਗਤ ਕਰੇ, ਦਾਨ ਪੁੰਨ ਕਰੇ, ਜੀਵਾਂ ਦੀ ਪਾਲਣਾ ਕਰੇ, ਗਊ ਗ਼ਰੀਬ ਦੀ ਰੱਖਿਆ ਕਰੇ, ਸੱਚ ਬੋਲੇ, ਇਨ੍ਹਾਂ ਥਾਵਾਂ ’ਤੇ ਤੂੰ ਕਦੀ ਨਹੀਂ ਜਾਵੇਂਗਾ। ਕਲਜੁਗ ਨੇ ਕਿਹਾ ਕਿ ਮਹਾਰਾਜ ਮੈਨੂੰ ਸਾਰੀਆਂ ਮਾੜੀਆਂ ਥਾਵਾਂ ਹੀ ਦਿੱਤੀਆਂ ਹਨ, ਕੋਈ ਤਾਂ ਚੰਗੀ ਥਾਂ ਦੇਣੀ ਸੀ ਤਾਂ ਰਾਜੇ ਨੇ ਕਿਹਾ ਕਿ ਇੱਕ ਚੰਗੀ ਥਾਂ ਤੈਨੂੰ ਦਿੰਦਾ ਹਾਂ, ਉਹ ਥਾਂ ਅੱਠਾਂ ਧਾਤਾਂ ਵਿੱਚੋਂ ਸਭ ਤੋਂ ਕੀਮਤੀ ਧਾਤ ਸੋਨਾ ਹੈ, ਤੇਰਾ ਵਾਸਾ ਸੋਨੇ ਵਿਚ ਹੋਵੇਗਾ, ਰਾਜੇ ਨੂੰ ਇਹ ਚੇਤਾ ਨਾ ਰਿਹਾ ਕਿ ਮੇਰੀ ਕਲਗ਼ੀ ਵੀ ਸੋਨੇ ਦੀ ਹੈ। ਇਸ ਕਰਕੇ ਸੋਨਾ ਪਹਿਨਣ ਨਾਲ ਰਾਜੇ ਦੀ ਬੁੱਧ ਭ੍ਰਿਸ਼ਟ ਹੋ ਗਈ ਤਾਂ ਉਸ ਨੇ ਰਿਸ਼ੀ ਦੇ ਗਲ ਵਿਚ ਮਰਿਆ ਸੱਪ ਪਾਇਆ, ਸੁਖਦੇਵ ਮੁਨੀ ਤੋਂ ਸਪਤਾਹਕ ਕਥਾ ਸੁਣਨੇ ਕਰਕੇ ਮੁਕਤ ਹੋਇਆ। ਰਿਸ਼ੀ ਦੇ ਤੀਸਰੇ ਸਰਾਪ ਨਾਲ ਧਰਮ ਰਾਜਾ ਚੰਡਾਲਾਂ ਦੇ ਘਰ ਬਾਲਮੀਕ ਰੂਪ ਧਾਰ ਕੇ ਪੈਦਾ ਹੋਇਆ ਜੋ ਭਗਤੀ ਦੇ ਪ੍ਰਤਾਪ ਕਰਕੇ ਮੁਕਤ ਹੋਇਆ ਤੇ ਹੋਰਨਾਂ ਨੂੰ ਵੀ ਮੁਕਤੀ ਬਖ਼ਸ਼ੀ। ਯੁਧਿਸ਼ਟਰ ਦਾ ਜਗ ਇਸ ਰਿਸ਼ੀ ਦੇ ਚਰਨ ਪੈਣ ਕਰਕੇ ਸੰਪੂਰਨ ਹੋਇਆ ਸੀ।

## ਨਾਨਕ ਨਾਮ ਬਿਨਾ; ਕੋ ਮੁਕਤਿ ਨ ਹੋਈ ॥੪॥੧੦॥੩੦॥

ਗੁਰੂ ਜੀ ਕਹਿੰਦੇ ਹਨ ਕਿ ਹੇ ਭਾਈ ! ਪਰਮੇਸ਼ਰ ਦੇ ਨਾਮ ਜਪੇ ਤੋਂ ਬਿਨਾਂ ਕੋ = ਕੋਈ ਵੀ ਮੁਕਤ ਨ = ਨਹੀਂ ਹੋਈ = ਹੋਵੇਗਾ ॥੪॥੧੦॥੩੦॥

## ਗਉੜੀ ਮਹਲਾ ੩, ਗੁਆਰੇਰੀ ॥
## ਸਚਾ ਅਮਰੁ; ਸਚਾ ਪਾਤਿਸਾਹੁ ॥

ਉਹ ਪਾਤਿਸਾਹੁ = ਪਾਤਸ਼ਾਹ ਪਰਮੇਸ਼ਰ ਆਪ ਸੱਚਾ ਹੈ **ਵਾ:** ਉਹ ਪਰਮੇਸ਼ਰ ਸਰੂਪ ਰੂਪੀ (ਪਾਤਿ+ਸਾਹੁ) ਪਾਤਿ = ਤਖ਼ਤ ਦਾ ਸਾਹੁ = ਮਾਲਕ ਹੈ ਅਤੇ ਉਸਦਾ ਅਮਰੁ = ਹੁਕਮ ਵੀ ਸੱਚਾ ਹੈ।

## ਮਨਿ ਸਾਚੈ ਰਾਤੇ; ਹਰਿ ਵੇਪਰਵਾਹੁ ॥

ਜਿਨ੍ਹਾਂ ਦੇ ਮਨ ਸਚਿਆਈ ਕਰਕੇ ਸੱਚੇ ਨਾਮ ਵਿਚ ਰਾਤੇ = ਰੰਗੇ ਹੋਏ ਹਨ, ਉਨ੍ਹਾਂ ਨੂੰ ਹਰੀ ਵੇਪਰਵਾਹੁ = ਬੇ-ਖ਼ਵਾਹਿਸ਼ ਕਰ ਦਿੰਦਾ ਹੈ **ਵਾ:** ਉਹ ਬੇਪਰਵਾਹ ਪਰਮੇਸ਼ਰ ਦੀ ਪ੍ਰਾਪਤੀ ਕਰ ਲੈਂਦੇ ਹਨ। ਜੈਸਾ ਕਿ :

**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥** *(ਆਸਾ ਦੀ ਵਾਰ ਮ: ੧, ਅੰਗ ੪੭੩)*

## ਸਚੈ ਮਹਲਿ; ਸਚਿ ਨਾਮਿ ਸਮਾਹੁ ॥੧॥

ਉਹ ਤੁਰੀਆ ਪਦ ਰੂਪੀ ਸਚੈ = ਸੱਚੇ ਮਹਿਲ ਵਿਚ ਸਚਿ = ਸੱਚੇ ਨਾਮ ਕਰਕੇ ਸਮਾਹੁ = ਸਮਾ ਜਾਂਦੇ ਹਨ **ਵਾ:** ਸੱਚੇ ਨਾਮ ਕਰਕੇ ਉਸ ਦਾ ਸਮਾਹੁ = ਅਨੰਦ ਪ੍ਰਾਪਤ ਹੁੰਦਾ ਹੈ ॥੧॥

## ਸੁਣਿ ਮਨ ਮੇਰੇ; ਸਬਦੁ ਵੀਚਾਰਿ ॥

ਹੇ ਮੇਰੇ ਪਿਆਰੇ ਮਨਾਂ ! ਗੁਰਾਂ ਦੀ ਸਿੱਖਿਆ ਨੂੰ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣਿ = ਸੁਨਣਾ ਕਰ ਅਤੇ ਗੁਰ ਸਬਦੁ = ਉਪਦੇਸ਼ ਦੀ ਵੀਚਾਰ ਕਰ। ਅਤੇ

## ਰਾਮ ਜਪਹੁ; ਭਵਜਲੁ ਉਤਰਹੁ ਪਾਰਿ ॥੧॥ਰਹਾਉ॥

ਰਾਮ = ਪਰਮੇਸ਼ਰ ਦਾ ਨਾਮ ਜਪਹੁ = ਜਪਣ ਕਰ ਤਾਂ ਭਵਜਲੁ = ਸੰਸਾਰ ਸਮੁੰਦਰ ਤੋਂ ਪਾਰ ਮੁਕਤੀ ਰੂਪ ਕਿਨਾਰੇ ਤੇ ਉਤਰਹੁ = ਉਤਰ ਜਾਵੇਗਾ ॥੧॥ਰਹਾਉ॥

## ਭਰਮੇ ਆਵੈ; ਭਰਮੇ ਜਾਇ ॥

ਇਹ ਜੀਵ ਭਰਮ ਕਰਕੇ ਸਰੂਪ ਧਾਰ ਕੇ ਆਵੈ = ਆਉਂਦਾ ਹੈ ਤੇ ਭਰਮ ਕਰਕੇ ਜੂਨਾਂ ਵਿਚ ਜਾਇ = ਜਾਂਦਾ ਹੈ, ਭਾਵ ਭਰਮ ਕਰਕੇ ਜੰਮਦਾ ਤੇ ਮਰਦਾ ਰਹਿੰਦਾ ਹੈ। ਕਿਉਂਕਿ

## ਇਹੁ ਜਗੁ ਜਨਮਿਆ; ਦੂਜੈ ਭਾਇ ॥

ਦੂਜੈ ਭਾਇ = ਦਵੈਤ ਭਾਵ ਕਰਕੇ ਹੀ ਇਹ ਜਗੁ = ਸੰਸਾਰ ਜਨਮਿਆ ਹੈ।

## ਮਨਮੁਖਿ ਨ ਚੇਤੈ; ਆਵੈ ਜਾਇ ॥੨॥

ਮਨਮੁਖ ਜੀਵ ਵਾਹਿਗੁਰੂ ਦਾ ਚੇਤੈ = ਚਿੰਤਨ ਨਹੀਂ ਕਰਦੇ, ਇਸੇ ਕਰਕੇ ਜਨਮ ਧਾਰ ਕੇ ਆਵੈ = ਆਉਂਦੇ ਤੇ ਮਰ ਕਰਕੇ ਜਾਇ = ਜਾਂਦੇ ਹਨ, ਭਾਵ ਜੰਮਦੇ ਮਰਦੇ ਰਹਿੰਦੇ ਹਨ ॥੨॥

## ਆਪਿ ਭੁਲਾ; ਕਿ ਪ੍ਰਭਿ ਆਪਿ ਭੁਲਾਇਆ ॥

(ਭੁੱਲਾ ਬੋਲੋ)

***ਪ੍ਰਸ਼ਨ ਰੂਪ ਪੰਗਤੀ :***

ਇਹ ਜੀਵ ਸੇਵਾ ਸਿਮਰਨ ਵੱਲੋਂ ਆਪਿ ਭੁਲਾ = ਭੁੱਲ ਗਿਆ ਹੈ ਕਿ ਪ੍ਰਭਿ = ਅਕਾਲ ਪੁਰਖ ਨੇ ਇਸ ਨੂੰ ਆਪ ਭੁਲਾਇਆ ਹੈ ?

ਹੇ ਭਾਈ ! ਇਹ ਅਵਿਦਿਆ ਦੇ ਪ੍ਰਤਾਪ ਕਰਕੇ ਅਉਗਣਾਂ ਕਰਕੇ ਆਪ ਹੀ ਭੁੱਲਿਆ ਹੋਇਆ ਹੈ। ਜੇ ਪ੍ਰਭੂ ਨੇ ਆਪ ਭੁਲਾਇਆ ਹੈ ਤਾਂ ਵੀ ਇਸ ਦੀ ਕਰਨੀ ਕਰਕੇ ਹੀ ਭੁਲਾਇਆ ਹੈ। ਪ੍ਰਭੂ ਕਰਮਾਂ ਅਨੁਸਾਰ ਫਲ ਦਿੰਦਾ ਹੈ। ਜਿਹੋ ਜਿਹੇ ਜੀਵ ਕਰਮ ਕਰਦਾ ਹੈ, ਉਹੋ ਜਿਹੇ ਹੀ ਫਲ ਪ੍ਰਾਪਤ ਕਰਦਾ ਹੈ। ਪਰਮੇਸ਼ਰ ਨੇ ਆਪ ਨਹੀਂ ਭੁਲਾਇਆ, ਇਸ ਦੇ ਕਰਮਾਂ ਕਰਕੇ ਭੁਲਾਇਆ ਹੈ, ਜੇਕਰ ਆਪ ਭੁੱਲਿਆ ਹੈ ਤਾਂ ਵੀ ਮਨਮੱਤ ਕਰ ਕੇ ਹੀ ਭੁੱਲਿਆ ਹੈ।

***ਪ੍ਰਸ਼ਨ :*** *ਹੇ ਮਹਾਰਾਜ ! ਇਸ ਦੀ ਕਰਨੀ ਕੀ ਹੈ ?*

***ਗੁਰ ਉੱਤਰ :***

## ਇਹੁ ਜੀਉ; ਵਿਡਾਣੀ ਚਾਕਰੀ ਲਾਇਆ ॥

ਇਸ ਜੀਉ = ਜੀਵ ਨੇ ਵਾਹਿਗੁਰੂ ਪਰਮੇਸ਼ਰ ਨੂੰ ਛੱਡ ਕੇ ਵਿਡਾਣੀ = ਪਰਾਈ ਅਰਥਾਤ ਹੋਰਨਾਂ ਦੀ ਚਾਕਰੀ = ਨੌਕਰੀ ਵਿਚ ਆਪਣਾ ਮਨ ਲਾਇਆ ਹੋਇਆ ਹੈ, ਭਾਵ ਦੇਵੀ ਦੇਵਤਿਆਂ ਦੀ ਉਪਾਸ਼ਨਾ ਵਿਚ ਲੱਗਾ ਹੋਇਆ ਹੈ। ਜੈਸਾ ਕਿ :

**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥** *(ਆਸਾ ਦੀ ਵਾਰ ਮ: ੧, ਅੰਗ ੪੭੦)*

## ਮਹਾ ਦੁਖੁ ਖਟੇ; ਬਿਰਥਾ ਜਨਮੁ ਗਵਾਇਆ ॥੩॥

ਇਉਂ ਮਹਾ = ਬੜੇ ਭਾਰੀ ਜੰਮਣ ਮਰਨ ਦੇ ਦੁਖ ਦੀ ਖੱਟੀ ਨੂੰ ਖੱਟਦੇ ਹਨ ਜਿਸ ਕਰਕੇ ਮਨੁੱਖਾ ਜਨਮ ਔਗੁਣਾਂ ਵਿਚ ਲਗਾ ਕਰਕੇ ਬਿਰਥਾ = ਵਿਅਰਥ ਹੀ ਗਵਾ ਲੈਂਦੇ ਹਨ ॥੩॥

## ਕਿਰਪਾ ਕਰਿ; ਸਤਿਗੁਰੂ ਮਿਲਾਏ ॥

ਪੂਰਬਲੇ ਪੁੰਨ ਅਤੇ ਨਿਸ਼ਕਾਮ ਕਰਮਾਂ ਕਰਕੇ, ਜਿਨ੍ਹਾਂ ਪੁਰਸ਼ਾਂ 'ਤੇ ਵਾਹਿਗੁਰੂ ਜੀ ਨੇ ਕਿਰਪਾ ਦ੍ਰਿਸ਼ਟੀ ਕਰਿ = ਕੀਤੀ ਹੈ, ਉਨ੍ਹਾਂ ਨੂੰ ਸਤਿਗੁਰੂ ਜੀ ਦੇ ਨਾਲ ਮਿਲਾਏ = ਮਿਲਾਉਣਾ ਕੀਤਾ ਹੈ। **ਵਾ**: ਉਨ੍ਹਾਂ ਨੂੰ ਸਤਿਗੁਰੂ ਜੀ ਦੇ ਨਾਲ ਮਿਲਾ ਦਿੱਤਾ ਹੈ। ਜਿਸ ਪ੍ਰਕਾਰ ਭਾਈ ਲਹਿਣੇ ਨੂੰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਮੇਲ ਦਿੱਤਾ।

## ਏਕੋ ਨਾਮੁ ਚੇਤੇ; ਵਿਚਹੁ ਭਰਮੁ ਚੁਕਾਏ ॥

ਉਹ ਇੱਕੋ ਹੀ ਪਰਮੇਸ਼ਰ ਦੇ ਨਾਮ ਦਾ ਚੇਤੇ = ਚਿੰਤਨ ਕਰਦੇ ਹਨ ਜਿਨ੍ਹਾਂ ਪੁਰਖਾਂ ਤੇ ਪਰਮੇਸ਼ਰ ਨੇ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰਕੇ ਸਤਿਗੁਰੂ ਨਾਲ ਮਿਲਾਏ = ਮਿਲਾਉਣਾ ਕੀਤਾ ਹੈ ਅਤੇ ਆਪਣੇ ਹਿਰਦੇ ਵਿਚਹੁ = ਵਿੱਚੋਂ ਭਰਮ ਚੁਕਾਏ = ਚੁਕਾ ਦਿੱਤਾ ਹੈ।

## ਨਾਨਕ ਨਾਮੁ ਜਪੇ; ਨਾਉ ਨਉ ਨਿਧਿ ਪਾਏ ॥੪॥੧੧॥੩੧॥

ਗੁਰੂ ਜੀ ਕਹਿੰਦੇ ਹਨ ਕਿ ਇਉਂ ਨਾਮ ਦੇ ਜਪਣੇ ਕਰਕੇ ਉਹ ਨਾਉ = ਨਾਮ ਦੁਆਰਾ ਨਉ = ਨੌਂ ਨਿਧਿ = ਨਿਧੀਆਂ ਦੇ ਦੇਣ ਵਾਲੇ ਪਰਮੇਸ਼ਰ ਨੂੰ ਪਾਏ = ਪਾ ਲੈਂਦੇ ਹਨ ॥੪॥੧੧॥੩੧॥

## ਗਉੜੀ ਗੁਆਰੇਰੀ, ਮਹਲਾ ੩ ॥

## ਜਿਨਾ ਗੁਰਮੁਖਿ ਧਿਆਇਆ; ਤਿਨ ਪੂਛਉ ਜਾਇ ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰਾ ਵਾਹਿਗੁਰੂ ਨੂੰ ਧਿਆਉਣਾ ਕੀਤਾ ਹੈ, ਤਿਨ = ਉਨ੍ਹਾਂ ਕੋਲ ਜਾ ਕੇ ਪੂਛਉ = ਪੁੱਛਣਾ ਕਰੋ ਤਾਂ ਉਹ ਅੱਗੇ ਦੱਸਦੇ ਹਨ ਕਿ :

## ਗੁਰ ਸੇਵਾ ਤੇ; ਮਨੁ ਪਤੀਆਇ ॥

ਗੁਰੂ ਸਾਹਿਬ ਦੀ ਸੇਵਾ ਕਰਨ ਤੇ = ਤੋਂ ਹੀ ਮਨ ਵਿਚ ਪਤੀਆਇ = ਭਰੋਸਾ ਆਉਂਦਾ ਹੈ।

## ਸੇ ਧਨਵੰਤ; ਹਰਿ ਨਾਮੁ ਕਮਾਇ ॥

ਸੇ = ਉਹ ਧਨਵੰਤ = ਧਨੀ, ਸ਼ਾਹੂਕਾਰ ਹਨ, ਜੋ ਪਰਮੇਸ਼ਰ ਦੇ ਨਾਮ ਦੀ ਕਮਾਈ ਕਰਦੇ ਹਨ।

## ਪੂਰੇ ਗੁਰ ਤੇ; ਸੋਝੀ ਪਾਇ ॥੧॥

ਪੂਰੇ = ਪੂਰਨ ਸਤਿਗੁਰਾਂ ਤੇ = ਤੋਂ ਹੀ ਜੀਵਨ, ਗਿਆਨ ਸੋਝੀ = ਸਮਝ ਪਾਇ = ਪਾਈਦੀ ਹੈ, ਪੈਂਦੀ ਹੈ ॥੧॥

## ਹਰਿ ਹਰਿ ਨਾਮੁ ਜਪਹੁ; ਮੇਰੇ ਭਾਈ ॥

ਹੇ ਮੇਰੇ ਭਾਈ! ਸਾਰਿਆਂ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਨੂੰ ਜਪਹੁ = ਜਪਣਾ ਕਰੋ।

## ਗੁਰਮੁਖਿ ਸੇਵਾ; ਹਰਿ ਘਾਲ ਥਾਇ ਪਾਈ ॥੧॥ਰਹਾਉ॥

ਜਿਹੜੇ ਗੁਰਮੁਖਿ = ਮੁਖੀ ਗੁਰਾਂ ਦੀ **ਵਾ:** ਗੁਰਮੁਖਾਂ ਦੀ ਸੇਵਾ = ਟਹਿਲ ਕਰਦੇ ਹਨ, ਉਨ੍ਹਾਂ ਦੀ ਘਾਲ = ਘਾਲਣਾ (ਕਮਾਈ) ਹਰਿ = ਪਰਮੇਸ਼ਰ ਨੇ ਥਾਇ = ਥਾਂ ਵਿਚ ਪਾਈ = ਪਾਉਣਾ ਕੀਤੀ ਹੈ ਭਾਵ ਪ੍ਰਵਾਨ ਕੀਤੀ ਹੈ ॥੧॥ਰਹਾਉ॥

## ਆਪੁ ਪਛਾਣੈ; ਮਨੁ ਨਿਰਮਲੁ ਹੋਇ ॥

ਜਦੋਂ ਜੀਵ ਗੁਰਾਂ ਦੁਆਰਾ ਆਪੁ = ਆਪਣੇ ਆਪ **ਵਾ:** ਆਤਮਾ ਦੀ ਪਛਾਣੈ = ਪਹਿਚਾਣ ਕਰਦਾ ਹੈ, ਉਦੋਂ ਇਸ ਦਾ ਮਨ ਨਿਰਮਲੁ = ਸ਼ੁੱਧ, **ਵਾ:** ਉੱਜਲਾ ਹੋਇ = ਹੋ ਜਾਂਦਾ ਹੈ।

## ਜੀਵਨ ਮੁਕਤਿ; ਹਰਿ ਪਾਵੈ ਸੋਇ ॥

ਉਹੋ ਹੀ ਜੀਵਨ ਮੁਕਤਿ ਅਵਸਥਾ ਵਾਲਾ ਪੁਰਖ ਕਹੀਦਾ ਹੈ ਅਤੇ ਸੋਇ = ਉਹੋ ਹੀ ਹਰਿ = ਹਰੀ ਅਕਾਲ ਪੁਰਖ ਨੂੰ ਪਾਵੈ = ਪਾਉਂਦਾ ਹੈ।

## ਹਰਿ ਗੁਣ ਗਾਵੈ; ਮਤਿ ਊਤਮ ਹੋਇ ॥

ਜੋ ਹਰੀ ਦੇ ਗੁਣ ਗਾਵੈ = ਗਾਉਂਦਾ ਹੈ, ਉਸੇ ਪੁਰਸ਼ ਦੀ ਊਤਮ = ਸ੍ਰੇਸ਼ਟ ਮਤ ਹੁੰਦੀ ਹੈ।

## ਸਹਜੇ; ਸਹਜਿ ਸਮਾਵੈ ਸੋਇ ॥੨॥

ਸੋਇ = ਉਹ ਪੁਰਖ ਸਹਜੇ = ਗਿਆਨ ਕਰਕੇ ਸਹਜਿ ਸਰੂਪ ਵਿਚ ਸਮਾਵੈ = ਸਮਾ ਜਾਂਦਾ ਹੈ ॥੨॥

## ਦੂਜੈ ਭਾਇ; ਨ ਸੇਵਿਆ ਜਾਇ ॥

ਦੂਜੈ ਭਾਇ = ਦ੍ਵੈਤ-ਭਾਵ ਕਰਕੇ ਵਾਹਿਗੁਰੂ ਦਾ ਸੇਵਿਆ = ਸੇਵਨ ਨਹੀਂ ਕੀਤਾ ਜਾਇ = ਜਾਂਦਾ। ਕਿਉਂਕਿ

## ਹਉਮੈ ਮਾਇਆ; ਮਹਾ ਬਿਖੁ ਖਾਇ ॥

ਉਹ ਮਾਇਆ ਦੀ ਹਉਮੈ = ਹੰਗਤਾ ਮਮਤਾ ਕਰ ਕੇ ਮਹਾ = ਬੜੀ ਵਿਸ਼ਿਆਂ ਰੂਪੀ ਬਿਖੁ = ਜ਼ਹਿਰ ਨੂੰ ਖਾਇ = ਖਾ ਰਿਹਾ ਹੈ।

## ਪੁਤਿ ਕੁਟੰਬਿ; ਗ੍ਰਿਹਿ ਮੋਹਿਆ ਮਾਇ ॥

ਪੁਤਿ = ਪੁੱਤ੍ਰ, ਕੁਟੰਬਿ = ਪਰਿਵਾਰ, ਗ੍ਰਿਹਿ = ਘਰ ਅਤੇ ਮਾਇ = ਮਾਇਆ ਦੇ ਬੰਧਨਾਂ ਵਿਚ ਮੋਹਿਆ ਗਿਆ ਹੈ।

## ਮਨਮੁਖਿ ਅੰਧਾ; ਆਵੈ ਜਾਇ ॥੩॥

ਇਸ ਕਰਕੇ ਉਹ ਮਨਮੁਖ ਅੰਧਾ = ਅਗਿਆਨੀ ਜਨਮ ਧਾਰ ਕੇ ਆਵੈ = ਆਉਂਦਾ ਅਤੇ ਮਰ ਕੇ ਜੂਨਾਂ ਵਿਚ ਜਾਇ = ਜਾਂਦਾ ਹੈ ॥੩॥

## ਹਰਿ ਹਰਿ ਨਾਮੁ; ਦੇਵੈ ਜਨੁ ਸੋਇ ॥

ਗੁਰੂ ਸਾਹਿਬ ਜੀ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਸੋਇ = ਉਸ ਜਨੁ = ਪੁਰਖ ਨੂੰ ਦੇਵੈ = ਦਿੰਦੇ ਹਨ।

## ਅਨਦਿਨੁ ਭਗਤਿ; ਗੁਰ ਸਬਦੀ ਹੋਇ ॥

ਜੋ ਗੁਰ ਸਬਦੀ = ਉਪਦੇਸ਼ ਦੀ ਵੀਚਾਰ ਵਾਲਾ ਹੋਇ = ਹੋ ਕੇ ਅਨਦਿਨੁ = ਰਾਤ ਦਿਨੇ ਪ੍ਰੇਮਾ ਭਗਤਿ = ਭਗਤੀ ਕਰਦਾ ਹੈ।

## ਗੁਰਮਤਿ; ਵਿਰਲਾ ਬੂਝੈ ਕੋਇ ॥

ਇਉਂ ਗੁਰਮਤਿ = ਗੁਰੂ ਦੀ ਸਿੱਖਿਆ ਦੁਆਰਾ ਕੋਈ ਵਿਰਲਾ ਹੀ ਗੁਰਾਂ ਪਾਸੋਂ ਬੂਝੈ = ਪੁੱਛਦਾ ਹੈ। **ਵਾ:** ਬ੍ਰਹਮ ਨੂੰ ਸਾਖਿਆਤ ਕਰ ਕੇ ਜਾਣਦਾ ਹੈ।

## ਨਾਨਕ; ਨਾਮਿ ਸਮਾਵੈ ਸੋਇ ॥੪॥੧੨॥੩੨॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੋਇ = ਉਹ ਨਾਮਿ = ਨਾਮੀ ਵਾਹਿਗੁਰੂ ਦੇ ਵਿਚ ਸਮਾ ਜਾਂਦਾ ਹੈ ॥੪॥੧੨॥੩੨॥

## ਗਉੜੀ ਗੁਆਰੇਰੀ, ਮਹਲਾ ੩ ॥

## ਗੁਰ ਸੇਵਾ; ਜੁਗ ਚਾਰੇ ਹੋਈ ॥

ਹੇ ਭਾਈ! ਗੁਰੂ ਸਾਹਿਬ ਜੀ ਦੀ ਸੇਵਾ = ਟਹਿਲ ਚਾਰੇ ਜੁਗਾਂ ਵਿਚ ਹੋਈ = ਹੁੰਦੀ ਆਈ ਹੈ **ਵਾ:** ਚਾਰੇ ਜੁਗਾਂ ਵਿਚ ਗੁਰਾਂ ਦੀ ਸੇਵਾ ਕਰ ਕੇ ਹੀ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਆਈ ਹੈ **ਵਾ:** ਇਸ ਜੁਗ = ਜਗਤ ਵਿਚ ਚਾਰੇ ਸਾਧਨਾਂ ਵਾਲੇ ਵੀ ਗੁਰੂ ਦੀ ਸੇਵਾ ਕਰ ਕੇ ਹੀ ਪਰਮੇਸ਼ਰ ਨੂੰ ਮਿਲੇ ਹਨ।

## ਪੂਰਾ ਜਨੁ; ਕਾਰ ਕਮਾਵੈ ਕੋਈ ॥

ਜੋ ਕੋਈ ਗੁਰਾਂ ਦੇ ਪਾਸੋਂ ਭਗਤੀ ਰੂਪੀ ਕਾਰ ਕਮਾਵੈ = ਕਮਾਉਂਦਾ ਹੈ। ਉਹ ਪੂਰਾ ਭਗਤ ਜਨ ਹੈ। ਕਿਉਂਕਿ

## ਅਖੁਟੁ ਨਾਮ ਧਨੁ; ਹਰਿ ਤੋਟਿ ਨ ਹੋਈ ॥

ਗੁਰੂ ਜੀ ਉਸ ਨੂੰ ਅਖੁਟੁ = ਨਾ ਮੁੱਕਣ ਵਾਲਾ ਨਾਮ ਰੂਪੀ ਧਨ ਬਖ਼ਸ਼ ਦਿੰਦੇ ਹਨ, ਜਿਸ ਹਰਿ = ਪਰਮੇਸ਼ਰ ਦੇ ਨਾਮ ਦਾ ਕਦੇ ਵੀ ਤੋਟਿ = ਘਾਟਾ ਨਹੀਂ ਹੋਈ = ਹੁੰਦਾ।

## ਐਥੈ ਸਦਾ ਸੁਖੁ; ਦਰਿ ਸੋਭਾ ਹੋਈ ॥੧॥

ਐਥੈ = ਇਸ ਲੋਕ ਵਿਚ ਉਸ ਨੂੰ ਸਦਾ = ਹਮੇਸ਼ਾ ਸੁਖ ਹੈ ਅਤੇ ਉਸ ਦੀ ਦਰਿ = ਦਰਗਾਹ ਵਿਚ ਵੀ ਸੋਭਾ = ਵਡਿਆਈ ਹੋਈ = ਹੁੰਦੀ ਹੈ ॥੧॥

## ਏ ਮਨ ਮੇਰੇ; ਭਰਮੁ ਨ ਕੀਜੈ ॥

ਏ = ਹੇ ਮੇਰੇ ਮਨ! ਐਵੇਂ ਭਰਮ ਨ ਕੀਜੈ = ਕਰਿਆ ਕਰ।

## ਗੁਰਮੁਖਿ ਸੇਵਾ; ਅੰਮ੍ਰਿਤ ਰਸੁ ਪੀਜੈ ॥੧॥ਰਹਾਉ॥

ਗੁਰਮੁਖਾਂ ਦੀ ਸੇਵਾ = ਟਹਿਲ ਕਰ ਕੇ ਅੰਮ੍ਰਿਤ ਰੂਪ ਨਾਮ ਰਸ ਨੂੰ ਪੀਜੈ = ਪੀਣਾ ਕਰ ॥੧॥ਰਹਾਉ॥

## ਸਤਿਗੁਰੁ ਸੇਵਹਿ; ਸੇ ਮਹਾਪੁਰਖ ਸੰਸਾਰੇ ॥

ਜਿਹੜੇ ਸਤਿਗੁਰਾਂ ਦੀ ਸੇਵਾ ਟਹਿਲ ਕਰਦੇ ਹਨ, ਸੇ = ਉਹ ਮਹਾਪੁਰਖ = ਪੂਰਨ ਪੁਰਖ, ਤਤਬੇਤੇ ਸੰਸਾਰ ਵਿਚ ਬ੍ਰਹਮ ਦਾ ਰੂਪ ਹਨ।

## ਆਪਿ ਉਧਰੇ; ਕੁਲ ਸਗਲ ਨਿਸਤਾਰੇ ॥

ਸਤਿਗੁਰਾਂ ਦੀ ਟਹਿਲ ਕਰਨ ਵਾਲੇ ਮਹਾਂਪੁਰਖ ਆਪ ਵੀ ਸੰਸਾਰ ਤੋਂ ਉਧਰੇ = ਮੁਕਤ ਹੋ ਗਏ ਅਤੇ ਸਗਲ = ਸਾਰੀਆਂ ਕੁਲਾਂ ਨੂੰ ਵੀ ਨਿਸਤਾਰੇ = ਤਾਰ ਲੈਂਦੇ ਹਨ।

## ਹਰਿ ਕਾ ਨਾਮੁ; ਰਖਹਿ ਉਰ ਧਾਰੇ ॥

ਉਹ ਹਮੇਸ਼ਾ ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਉਰ = ਹਿਰਦੇ ਵਿਚ ਧਾਰੇ = ਧਾਰ ਕੇ ਰਖਹਿ = ਰੱਖਦੇ ਹਨ।

## ਨਾਮਿ ਰਤੇ; ਭਉਜਲ ਉਤਰਹਿ ਪਾਰੇ ॥੨॥

ਜਿਹੜੇ ਪਰਮੇਸ਼ਰ ਦੇ ਨਾਮ ਵਿਚ ਰਤੇ = ਰੰਗੇ ਹਨ, ਉਹ ਭਉਜਲ = ਸੰਸਾਰ-ਸਮੁੰਦਰ ਤੋਂ ਪਾਰ ਉਤਰਹਿ = ਉਤਰ ਗਏ ਹਨ ॥੨॥

## ਸਤਿਗੁਰੁ ਸੇਵਹਿ; ਸਦਾ ਮਨਿ ਦਾਸਾ ॥

ਜੋ ਮਨ ਵਿਚ ਦਾਸਾ = ਸੇਵਕ ਭਾਵ ਧਾਰ ਕੇ ਸਦਾ = ਹਮੇਸ਼ਾ ਸਤਿਗੁਰਾਂ ਦੀ ਸੇਵਹਿ = ਸੇਵਾ ਕਰਦੇ ਹਨ।

## ਹਉਮੈ ਮਾਰਿ; ਕਮਲੁ ਪਰਗਾਸਾ ॥

ਉਹ ਗੁਰੂ ਕਿਰਪਾ ਸਦਕਾ ਹਉਮੈ = ਹੰਗਤਾ ਨੂੰ ਮਾਰ ਲੈਂਦੇ ਹਨ ਅਤੇ ਉਨ੍ਹਾਂ ਦਾ ਹਿਰਦੇ ਰੂਪ ਕਮਲ ਪਰਗਾਸਾ = ਖਿੜ ਆਉਂਦਾ ਹੈ **ਵਾ:** ਬ੍ਰਹਮ ਗਿਆਨੀ ਦੀਆਂ ਪੰਖੜੀਆਂ ਖਿੜ ਆਉਂਦੀਆਂ ਹਨ।

## ਅਨਹਦੁ ਵਾਜੈ; ਨਿਜ ਘਰਿ ਵਾਸਾ ॥

ਉਨ੍ਹਾਂ ਦੇ ਹਿਰਦੇ ਵਿਚ ਅਨਹਦੁ = ਇਕ-ਰਸ ਨਾਮ ਰੂਪੀ ਵਾਜੇ ਵਾਜੈ = ਵੱਜ ਆਉਂਦੇ ਹਨ ਅਤੇ ਉਨ੍ਹਾਂ ਦਾ ਨਿਜ = ਸ੍ਵੈ ਸਰੂਪ ਰੂਪੀ ਘਰ ਵਿਚ ਵਾਸਾ = ਨਿਵਾਸ ਹੋ ਜਾਂਦਾ ਹੈ।

## ਨਾਮਿ ਰਤੇ; ਘਰ ਮਾਹਿ ਉਦਾਸਾ ॥੩॥

ਉਹ ਨਾਮ ਰੰਗ ਵਿਚ ਰਤੇ = ਰੰਗੇ ਗਏ ਹਨ, ਅਤੇ ਘਰ ਮਾਹਿ = ਗ੍ਰਹਿਸਤ ਵਿਚ ਰਹਿੰਦੇ ਹੋਏ ਵੀ ਉਦਾਸਾ = ਉਪਰਾਮ ਰਹਿੰਦੇ ਹਨ **ਵਾ:** ਸਰੀਰ ਰੂਪੀ ਘਰ ਵਿਚ ਰਹਿੰਦੇ ਹੋਏ ਵੀ ਸੰਸਾਰ ਤੋਂ ਉਦਾਸਾ = ਉਪਰਾਮ ਰਹਿੰਦੇ ਹਨ ॥੩॥

## ਸਤਿਗੁਰੁ ਸੇਵਹਿ; ਤਿਨ ਕੀ ਸਚੀ ਬਾਣੀ ॥

ਜੋ ਸਤਿਗੁਰਾਂ ਦੀ ਟਹਿਲ ਕਰਦੇ ਹਨ ਤਿਨ = ਉਨ੍ਹਾਂ ਕੀ = ਦੀ ਬਾਣੀ ਸੱਚੀ ਹੈ ਭਾਵ ਉਨ੍ਹਾਂ ਦੇ ਮੁਖੋਂ ਜੋ ਬਚਨ ਨਿਕਲ ਜਾਂਦੇ ਹਨ, ਉਹ ਸੱਚੇ ਹੁੰਦੇ ਹਨ **ਵਾ:** ਗੁਰੂ ਦੀ ਸੇਵਾ ਕਰਨ ਵਾਲਿਆਂ ਦੇ ਮੁਖ ਵਿਚ ਸੱਚੀ ਬਾਣੀ ਹੈ।

## ਜੁਗੁ ਜੁਗੁ; ਭਗਤੀ ਆਖਿ ਵਖਾਣੀ ॥

ਇਹ ਜੁਗਾਂ ਜੁਗਾਂ ਦੇ ਭਗਤੀ = ਭਗਤਾਂ ਨੇ ਆਖ ਕੇ ਵਖਾਣੀ = ਕਥਨ ਕੀਤਾ ਕਿ ਸਤਿਗੁਰਾਂ ਦੀ ਸੇਵਾ ਕਰ ਕੇ ਧੁਰ ਕੀ ਬਾਣੀ, ਸੱਚੀ ਬਾਣੀ ਦੀ ਪ੍ਰਾਪਤੀ ਹੁੰਦੀ ਹੈ।

[ਅੰਗ ੧੬੨]

## ਅਨਦਿਨੁ ਜਪਹਿ; ਹਰਿ ਸਾਰੰਗਪਾਣੀ ॥

ਜੋ ਸਾਰੰਗ ਨਾਮੇ ਧਨੁੱਖ ਨੂੰ ਧਾਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਨੂੰ ਅਨਦਿਨੁ = ਰਾਤ ਦਿਨੇ ਜਪਹਿ = ਜਪਦੇ ਹਨ।

## ਨਾਨਕ ਨਾਮਿ ਰਤੇ; ਨਿਹਕੇਵਲ ਨਿਰਬਾਣੀ ॥੪॥੧੩॥੩੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਨਾਮ ਵਿਚ ਰਤੇ = ਰੰਗੇ ਹੋਏ ਹਨ, ਉਹ ਨਿਹਕੇਵਲ = ਸ਼ੁੱਧ ਚਿੱਤ ਵਾਲੇ ਤੇ ਨਿਰਬਾਣੀ = ਬੰਧਨਾਂ ਤੋਂ ਰਹਿਤ ਹਨ ਵਾ: ਨਿਰਬਾਣ ਪਦਵੀ ਨੂੰ ਪ੍ਰਾਪਤ ਹੋਏ ਹਨ ॥੪॥੧੩॥੩੩॥

## ਗਉੜੀ ਗੁਆਰੇਰੀ, ਮਹਲਾ ੩ ॥

## ਸਤਿਗੁਰੁ ਮਿਲੈ; ਵਡਭਾਗਿ ਸੰਜੋਗ ॥

ਜਿਨ੍ਹਾਂ ਨੂੰ ਸਤਿਗੁਰ ਸਾਹਿਬ ਜੀ ਮਿਲ ਗਏ ਹਨ, ਉਨ੍ਹਾਂ ਦੇ ਵੱਡੇ ਭਾਗ ਹਨ, ਉਨ੍ਹਾਂ ਦਾ ਨਾਮ ਨਾਲ ਸੰਜੋਗ ਹੁੰਦਾ ਹੈ **ਵਾ:** ਵੱਡਿਆਂ ਭਾਗਾਂ ਕਰਕੇ ਸਤਿਗੁਰੂ ਜੀ ਮਿਲਦੇ ਹਨ, ਸਤਿਗੁਰਾਂ ਕਰਕੇ ਨਾਮ ਨਾਲ ਸੰਜੋਗ = ਮਿਲਾਪ ਹੁੰਦਾ ਹੈ।

## ਹਿਰਦੈ ਨਾਮੁ; ਨਿਤ ਹਰਿ ਰਸ ਭੋਗ ॥੧॥

ਜਿਨ੍ਹਾਂ ਦੇ ਹਿਰਦੇ ਵਿਚ ਨਾਮ ਦਾ ਸੰਜੋਗ ਹੋ ਗਿਆ, ਉਹ ਨਿਤਾਪ੍ਰਤੀ ਹਰੀ ਦੇ ਰਸ = ਅਨੰਦ ਨੂੰ ਭੋਗ = ਮਾਣਦੇ ਹਨ ॥੧॥

## ਗੁਰਮੁਖਿ ਪ੍ਰਾਣੀ; ਨਾਮੁ ਹਰਿ ਧਿਆਇ ॥

ਹੇ ਪ੍ਰਾਣੀ = ਪ੍ਰਾਣਧਾਰੀ ਜੀਵ ਗੁਰਮੁਖਾਂ ਦੀ ਸੰਗਤ ਕਰ ਕੇ ਹਰਿ = ਹਰੀ ਦੇ ਨਾਮ ਨੂੰ ਧਿਆਉਣਾ ਕਰ।

## ਜਨਮੁ ਜੀਤਿ; ਲਾਹਾ ਨਾਮੁ ਪਾਇ ॥੧॥ਰਹਾਉ॥

ਜਿਸ ਕਰਕੇ ਪਰਮੇਸ਼ਰ ਦੇ ਨਾਮ ਦਾ ਲਾਹਾ = ਲਾਭ ਪਾ ਕੇ ਆਪਣੇ ਮਨੁੱਖਾ ਜਨਮ ਦੀ ਬਾਜੀ ਨੂੰ ਸਰੀਰ ਰੂਪੀ ਜੂਏ ਵਿੱਚੋਂ ਜੀਤਿ = ਜਿੱਤ ਲੈਣਾ ਕਰੇਂਗਾ ॥੧॥ਰਹਾਉ॥

## ਗਿਆਨੁ ਧਿਆਨੁ; ਗੁਰ ਸਬਦੁ ਹੈ ਮੀਠਾ ॥

ਜੋ ਗੁਰ ਸਬਦੁ = ਉਪਦੇਸ਼ ਨੂੰ ਮੀਠਾ = ਪਿਆਰਾ ਜਾਣ ਕੇ ਵੀਚਾਰ ਦਾ ਹੈ, ਉਸ ਨੂੰ ਨਿਰਗੁਣ ਸਰੂਪ ਦਾ ਗਿਆਨ ਤੇ ਸਰਗੁਣ ਸਰੂਪ ਦਾ ਧਿਆਨ ਪ੍ਰਾਪਤ ਹੁੰਦਾ ਹੈ।

## ਗੁਰ ਕਿਰਪਾ ਤੇ; ਕਿਨੈ ਵਿਰਲੈ ਚਖਿ ਡੀਠਾ ॥੨॥

ਗੁਰਾਂ ਦੀ ਕਿਰਪਾ = ਮੇਹਰ ਤੇ = ਤੋਂ ਕਿਨੈ = ਕਿਸੇ ਵਿਰਲੈ = ਟਾਂਵੇ ਨੇ ਹੀ ਨਿਰਗੁਣ ਸਰੂਪ ਦਾ ਗਿਆਨ ਤੇ ਸਰਗੁਣ ਸਰੂਪ ਦੇ ਧਿਆਨ ਦਾ ਰਸ ਚੱਖ ਕੇ ਡੀਠਾ = ਵੇਖਿਆ ਹੈ ॥੨॥

## ਕਰਮ ਕਾਂਡ; ਬਹੁ ਕਰਹਿ ਅਚਾਰ ॥

ਜਿਹੜੇ ਪੁਰਖ ਨਿੱਤ ਨਮਿੱਤ ਪ੍ਰਾਸਚਿਤ ਆਦਿ ਕਰਮ ਕਾਂਡ ਦੇ ਬਹੁ = ਬਹੁਤ ਸਾਰੇ ਅਚਾਰ = ਕਰਤੱਬਾਂ ਨੂੰ ਕਰਹਿ = ਕਰਦੇ ਰਹਿੰਦੇ ਹਨ।

## ਬਿਨੁ ਨਾਵੈ; ਧ੍ਰਿਗੁ ਧ੍ਰਿਗੁ ਅਹੰਕਾਰ ॥੩॥

ਉਹ ਕਰਮ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਹੋਣ ਕਰਕੇ ਅਹੰਕਾਰ = ਹੰਕਾਰ ਦਾ ਹੀ ਰੂਪ ਹਨ ਉਨ੍ਹਾਂ ਦੇ ਕਰਕੇ ਜੀਵਨ ਧ੍ਰਿਗੁ ਧ੍ਰਿਗੁ = ਧ੍ਰਿਕਾਰ ਯੋਗ ਹੀ ਰਹਿੰਦਾ ਹੈ **ਵਾ:** ਉਨ੍ਹਾਂ ਕਰਮਾਂ ਦੇ ਹੰਕਾਰ ਨੂੰ ਧ੍ਰਿਗੁ = ਧ੍ਰਿਕਾਰ ਹੈ ਅਤੇ ਕਰਮਾਂ ਦੇ ਫਲ ਦੀ ਇੱਛਾ (ਸਵਰਗ ਆਦਿ ਦੀ ਪ੍ਰਾਪਤੀ ਹੋਣਾ) ਨੂੰ ਵੀ ਧ੍ਰਿਗੁ[੧] = ਧ੍ਰਿਕਾਰ ਹੈ ॥੩॥ ਜੈਸਾ ਕਿ :

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥**
**ਨਾਨਕ ਨਿਹਫਲ ਜਾਤ ਤਿਹਿ ਜਿਉ ਕੁੰਚਰ ਇਸਨਾਨੁ ॥੪੬॥** *(ਸਲੋਕ ਮਹਲਾ ੯, ਅੰਗ ੧੪੨੮)*

## ਬੰਧਨਿ ਬਾਧਿਓ; ਮਾਇਆ ਫਾਸ ॥

ਇਹ ਜੀਵ ਮਾਇਆ ਦੇ ਮੋਹ ਰੂਪੀ ਫਾਸ = ਫਾਹੀ ਦੇ ਬੰਧਨਾਂ ਵਿਚ ਬਾਧਿਓ = ਬੱਝਿਆ ਹੋਇਆ ਹੈ। **ਵਾ:** ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਬੰਧਨਾਂ ਵਿਚ ਬੱਝਿਆ ਹੋਇਆ ਹੈ **ਵਾ:** ਮਾਇਆ ਦੇ ਫਾਸ = ਫਾਹੀ ਕਰਕੇ ਜੰਮਣ ਮਰਨ ਦੇ ਬੰਧਨਾਂ ਵਿਚ ਬੱਝਿਆ ਹੋਇਆ ਹੈ।

---

੧. ਸੌ ਵਾਰ ਫਿੱਟੇ ਮੂੰਹ ਕਹਿਣ ਨਾਲ ਇਕ ਲਾਹਨਤ ਹੁੰਦੀ ਹੈ ਅਤੇ ਸੌ ਵਾਰ ਲਾਹਨਤ ਕਹੀਏ ਤਾਂ ਇਕ ਧ੍ਰਿਗ ਹੁੰਦਾ ਹੈ।

## ਜਨ ਨਾਨਕ; ਛੂਟੈ ਗੁਰ ਪਰਗਾਸ ॥੪॥੧੪॥੩੪॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਜਨ = ਪੁਰਖ ਦੇ ਹਿਰਦੇ ਵਿਚ ਗੁਰਾਂ ਦੇ ਸ਼ਬਦ ਦੁਆਰਾ ਗਿਆਨ ਰੂਪੀ ਪਰਗਾਸ = ਚਾਨਣਾ ਹੋ ਜਾਵੇ ਉਹ ਵਿਕਾਰਾਂ, ਮਾਇਆਂ ਆਦਿ ਦੇ ਬੰਧਨਾਂ ਤੋਂ ਛੂਟੈ = ਛੁਟਕਾਰਾ ਪਾ ਲੈਂਦਾ ਹੈ ॥੪॥੧੪॥੩੪॥

## ਮਹਲਾ ੩, ਗਉੜੀ ਬੈਰਾਗਣਿ ॥

**ਉਥਾਨਕਾ :** ਜਿਸ ਵੇਲੇ ਗੁਰੂ ਅਮਰਦਾਸ ਸਾਹਿਬ ਜੀ ਹਰਿਦੁਆਰ ਗਏ, ਉਥੇ ਪੰਡਤਾਂ ਨੇ ਪਾਸ ਆ ਕੇ ਪ੍ਰਸ਼ਨ ਕੀਤਾ ਕਿ ਮਹਾਰਾਜ ਜੋ ਆਪ ਜੀ ਨੇ ਅਤੇ ਆਪ ਜੀ ਤੋਂ ਪਹਿਲਾਂ ਵਾਲੇ ਗੁਰੂ ਸਾਹਿਬ ਨੇ ਜੋ ਗੁਰਬਾਣੀ ਉਚਾਰਨ ਕੀਤੀ ਹੈ, ਇਹ ਬਾਣੀ ਵੇਦਾਂ ਅਨੁਸਾਰ ਹੈ ਜਾਂ ਵੇਦਾਂ ਤੋਂ ਵਿਰੁੱਧ ਹੈ ? ਅਤੇ ਜੇਕਰ ਵੇਦਾਂ ਅਨੁਸਾਰ ਕਹੋਗੇ ਤਾਂ ਵੇਦ ਹੀ ਅੱਗੇ ਗਿਆਨ ਦਿੰਦੇ ਸੀ। ਬਾਣੀ ਦੀ ਕੀ ਲੋੜ ਸੀ। ਜੇ ਵਿਰੁੱਧ ਕਹੋਗੇ ਤਾਂ ਨਾਸਤਿਕਤਾ ਸਿੱਧ ਹੁੰਦੀ ਹੈ। ਇਸ ਕਰਕੇ ਆਪ ਜੀ ਹੀ ਦੱਸਣਾ ਕਰੋ।

ਤਾਂ ਗੁਰੂ ਜੀ ਕਹਿੰਦੇ ਹਨ ਕਿ ਨਾ ਤਾਂ ਬਾਣੀ ਵੇਦਾਂ ਅਨੁਸਾਰ ਹੈ ਅਤੇ ਨਾ ਹੀ ਇਹ ਵੇਦਾਂ ਤੋਂ ਵਿਰੁੱਧ ਹੈ। ਇਹ ਬਾਣੀ ਤਾਂ ਸੁਤੰਤਰ ਹੀ ਹੈ।

ਹੇ ਮਹਾਰਾਜ ! ਕੀ ਵੇਦਾਂ ਦੀ ਜੋ ਸੰਸਕ੍ਰਿਤ ਬਾਣੀ ਹੈ, ਇਹ ਮੋਖ ਨਹੀਂ ਕਰਦੀ ? ਇਹ ਸੁਣ ਕੇ ਪੰਡਤਾਂ ਨੂੰ ਉੱਤਰ ਦੇਣ ਵਾਸਤੇ ਗੁਰੂ ਸਾਹਿਬ ਜੀ ਨੇ ਇਹ ਪਾਵਨ ਸ਼ਬਦ ਉਚਾਰਨ ਕੀਤਾ ਜਿਸ ਵਿਚ ਬਾਣੀ ਦੀ ਮਹਾਨਤਾ ਪ੍ਰਗਟਾਈ ਗਈ ਹੈ।

## ਜੈਸੀ ਧਰਤੀ ਊਪਰਿ, ਮੇਘੁਲਾ ਬਰਸਤੁ ਹੈ;
## ਕਿਆ ਧਰਤੀ ਮਧੇ ਪਾਣੀ ਨਾਹੀ ॥

ਹੇ ਭਾਈ ! ਜੈਸੀ = ਜਿਸ ਪ੍ਰਕਾਰ ਧਰਤੀ ਊਪਰਿ = ਉਤੇ ਮੇਘੁਲਾ = ਬੱਦਲ ਬਰਸਤੁ = ਵਰਸਦਾ ਹੈ। ਕੀ ਤੁਸੀਂ ਕਹੋਗੇ ਕਿ ਧਰਤੀ ਮਧੇ = ਵਿਚ ਪਾਣੀ ਨਹੀਂ ਹੈ।

ਧਰਤੀ ਵਿਚ ਵੀ ਪਾਣੀ ਹੁੰਦਾ ਹੈ, ਪਰ ਉਹ ਪੂਰੀ ਹਰਿਆਵਲਤਾ ਨਹੀਂ ਦਿੰਦਾ, ਫ਼ਸਲਾਂ ਲਈ ਵੀ ਸਾਧਨ ਕਰ ਕੇ ਖੂਹਾਂ ਆਦਿਕਾਂ ਵਿੱਚੋਂ ਕੱਢਿਆ ਪਾਣੀ ਪੂਰਾ ਨਹੀਂ ਆ ਸਕਦਾ।

## ਜੈਸੇ ਧਰਤੀ ਮਧੇ, ਪਾਣੀ ਪਰਗਾਸਿਆ;
## ਬਿਨੁ 'ਪਗਾ' ਵਰਸਤ ਫਿਰਾਹੀ ॥੧॥

('**ਪੱਗਾ**' ਬੋਲੋ)

ਜੈਸੇ = ਜਿਸ ਪ੍ਰਕਾਰ ਧਰਤੀ ਮਧੇ = ਵਿੱਚੋਂ ਨਦੀਆਂ, ਖੂਹਾਂ ਚਸ਼ਮਿਆਂ ਆਦਿ ਦੀ ਸ਼ਕਲ ਵਿਚ ਪਾਣੀ ਪਰਗਾਸਿਆ = ਪ੍ਰਗਟ ਵੀ ਹੁੰਦਾ ਹੈ ਪਰ ਇਹ ਪਾਣੀ ਤਾਂ ਹੀ ਹੈ ਜੇਕਰ ਬਿਨ ਪਗਾ = ਬਿਨਾਂ ਪੈਰਾਂ ਤੋਂ ਭਾਵ ਬੱਦਲ ਸਾਰੇ ਜਲਾਂ ਥਲਾਂ ਵਾਲੀ ਜਗ੍ਹਾ ਵਿਚ ਵਰਸਤ = ਵਰਸਦਾ ਫਿਰਦਾ ਹੈ **ਅਥਵਾ** ਜੈਸੇ = ਜਿਸ ਪ੍ਰਕਾਰ ਧਰਤੀ = ਜ਼ਮੀਨ ਮਧੇ = ਵਿੱਚੋਂ ਖੂਹ ਦਾ ਪਾਣੀ ਪਰਗਾਸਿਆ = ਪ੍ਰਗਟ ਤਾਂ ਹੁੰਦਾ ਹੈ, ਜੋ ਬਿਨਾਂ ਪਗਾ = ਪੈਰਾਂ ਤੋਂ ਕਹੀਦਾ ਹੈ ਪਰ ਬੱਦਲ ਸਾਰੇ ਪਾਸੇ ਹੀ ਵਰਸਤ = ਵਰਸਦੇ ਫਿਰਾਹੀ = ਫਿਰਦੇ ਹਨ। ਅਰਥਾਤ ਖੂਹ ਦਾ ਪਾਣੀ ਯਤਨ ਤੋਂ ਬਗ਼ੈਰ ਨਹੀਂ ਨਿਕਲਦਾ। ਜਾਂ ਤਾਂ ਬੋਕਾ ਵਾਹੁਣਾ ਪੈਂਦਾ ਹੈ ਜਾਂ ਹਲਟ ਲਾਉਣਾ ਪੈਂਦਾ ਹੈ ਅਤੇ ਜੋ ਇਹ ਬੱਦਲ ਵਰ੍ਹਦਾ ਫਿਰਦਾ ਹੈ। ਜੇ ਨਾ ਵਰਖਾ ਹੋਵੇ, ਤਾਂ ਖੂਹਾਂ ਦੇ ਪਾਣੀ ਵੀ ਸੁੱਕ ਜਾਂਦੇ ਹਨ, ਕਈਆਂ ਥਾਵਾਂ 'ਤੇ ਖੇਤੀਆਂ ਨੂੰ ਕੱਲਰ ਲੱਗ ਜਾਂਦਾ ਹੈ।

ਇਸ ਤਰ੍ਹਾਂ ਜੋ ਵੇਦ ਹਨ, ਇਹ ਧਰਤੀ ਦੇ ਪਾਣੀ ਵਾਂਗੂ ਹਨ। ਬਾਰਾਂ ਸਾਲ ਤਕ ਕੋਈ ਵੇਦਾਂ ਦੇ ਖਟ ਅੰਗ ਸਿੱਖਿਆ, ਕਲਪ, ਜੋਤਿਸ਼, ਪਿੰਗਲ ਵਿਆਕਰਣ ਆਦਿ ਮੋਖਸ਼, ਕੋਸ਼ ਇਤਿਹਾਸ ਆਦਿ ਪੜ੍ਹੇ ਤਾਂ ਵੇਦਾਂ ਦੀ ਕੁਝ ਸਮਝ ਪੈਂਦੀ ਹੈ। ਵੇਦਾਂ ਦੀ ਸਮਝ ਪਈ ਤੋਂ ਜਿਵੇਂ ਤੂੰਬੀ ਵਿਚ ਰੋੜ ਖੜਕਦੇ ਹਨ, ਇਵੇਂ ਆਪ ਹੀ ਬੋਲੀ ਜਾਵੇਗਾ। ਕੋਲ ਬੈਠੇ ਜਗਿਆਸੂ ਨੂੰ ਤਾਂ ਕੁਝ ਸਮਝ ਪੈ ਸਕਦੀ ਹੈ, ਪਰ ਦੂਸਰੇ ਕਿਸੇ ਨੂੰ ਕੁਝ ਸਮਝ ਨਹੀਂ ਪੈਣੀ, ਦੇਸੀ ਬੋਲੀ ਵਿਚ ਸਮਝਾਉਣਾ ਪਵੇਗਾ।

ਪਰ ਜੋ ਗੁਰਬਾਣੀ ਹੈ, ਇਹ ਹੰਸ ਬੋਲੀ ਦੀ ਨਿਆਈਂ ਹੈ, ਸਾਰਿਆਂ ਦੇਸਾਂ ਦੇ ਤਾਈਂ ਨਿਹਾਲ ਕਰਨ ਵਾਲੀ ਹੈ।

ਜੋ ਵੇਦਾਂ ਦੀ ਬਾਣੀ ਹੈ ਇਹ ਧਰਤੀ ਵਿਚਲੇ ਖੂਹ ਦੇ ਪਾਣੀ ਦੀ ਨਿਆਈਂ ਹੈ। ਜਿਵੇਂ ਬ੍ਰਾਹਮਣ ਲੋਕ ਆਪਣੀ ਖੂਹੀ 'ਤੇ ਕਿਸੇ ਸ਼ੂਦਰ ਆਦਿ ਨੂੰ ਚੜ੍ਹਨ ਨਹੀਂ ਦਿੰਦੇ ਹਨ, ਉਵੇਂ ਹੀ ਬ੍ਰਾਹਮਣਾਂ ਤੋਂ ਬਿਨਾਂ ਕੋਈ ਵੇਦਾਂ ਨੂੰ ਪੜ੍ਹ ਨਹੀਂ ਸਕਦਾ। ਛੱਤ੍ਰੀ ਪੜ੍ਹ ਸਕਦਾ ਹੈ, ਪੜ੍ਹਾ ਨਹੀਂ ਸਕਦਾ। ਵੈਸ਼ ਸੁਣ ਸਕਦਾ ਹੈ, ਪਰ ਪੜ੍ਹ ਨਹੀਂ ਸਕਦਾ ਅਤੇ ਸ਼ੂਦਰ ਨਾ ਤਾਂ ਸੁਣ ਸਕਦਾ ਹੈ ਤੇ ਨਾ ਹੀ ਪੜ੍ਹ ਸਕਦਾ ਹੈ। ਕਹਿੰਦੇ ਹਨ ਕਿ ਜੇਕਰ ਸ਼ੂਦਰ ਸੁਣ ਲਵੇ ਤਾਂ ਉਸ ਦੇ ਕੰਨ ਵਿਚ ਸਿੱਕਾ ਢਾਲ ਕੇ ਪਾ ਦਿਓ ਅਤੇ ਜੇਕਰ ਉਪਦੇਸ਼ ਦੇਣ ਲੱਗ ਪਏ ਤਾਂ ਉਸ ਦੀ ਜ਼ੁਬਾਨ ਵੱਢ ਦਿਉ। ਇਤਨੀ ਤੰਗੀ ਨਾਲ ਇਹ ਵੇਦਾਂ ਦਾ ਉਪਦੇਸ਼ ਹੈ ਐਸਾ ਬ੍ਰਾਹਮਣੀਮੱਤ ਵਿਚ ਕਿਹਾ ਗਿਆ ਹੈ।

ਇਹ ਜੋ ਗੁਰੂ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਹੈ, ਜਿਵੇਂ ਧਰਤੀ 'ਤੇ ਬੱਦਲ ਵਰ੍ਹਦਾ ਹੈ, ਇਵੇਂ ਸਾਰਿਆਂ ਨੂੰ ਨਿਹਾਲ ਕਰਨ ਵਾਲੀ ਹੈ। ਪਰ ਵੇਦਾਂ ਦਾ ਗਿਆਨ ਤਾਂ ਧਰਤੀ ਮਧੇ ਪਾਣੀ = ਧਰਤੀ ਵਿਚਲੇ ਪਾਣੀ ਦੀ ਨਿਆਈਂ ਹੈ ਜਿਸ ਦਾ ਕੋਸ਼, ਵਿਆਕਰਣ, ਪਿੰਗਲ ਆਦਿ ਪੜ੍ਹੇ ਤੋਂ ਪਰਗਾਸ ਭਾਵ ਗਿਆਨ ਹੁੰਦਾ ਹੈ ਤੇ ਪੜ੍ਹਨ ਵਾਲਾ ਆਪ ਹੀ ਸਮਝ ਸਕਦਾ ਹੈ। ਇਉਂ ਬੱਦਲ ਵਾਂਗ ਬਾਣੀ ਦੇ ਰਚਣ ਦੀ ਲੋੜ ਸੀ। ਬਾਣੀ ਤੋਂ ਬਿਨਾਂ ਕਿਸੇ ਦੀ ਕਲਿਆਣ ਨਹੀਂ ਹੋਣੀ ਸੀ। ਇਸ ਕਰਕੇ ਬਾਣੀ ਰਚੀ ਹੈ। ਜੋ ਚੌਹਾਂ ਵਰਨਾਂ ਦੇ ਜੀਵਾਂ ਨੂੰ ਹਰ ਅਸਥਾਨ ਵਿਖੇ ਸੁਖ ਦੇਣ ਵਾਲੀ ਹੈ॥੧॥

***ਪ੍ਰਸ਼ਨ :*** *ਹੇ ਮਹਾਰਾਜ ਜੀ ! ਇਹ ਸੰਸਾਰ ਕਿਸ ਤੋਂ ਪੈਦਾ ਹੋਇਆ ਹੈ। ਗੁਰੂ ਜੀ ਕਹਿੰਦੇ ਕਿ ਤੁਸੀਂ ਹੀ ਦੱਸਣਾ ਕਰੋ ਕਿ ਕਿਥੋਂ ਪੈਦਾ ਹੋਏ ਹੋ ਤਾਂ ਇਕ ਪੰਡਿਤ ਕਹਿਣ ਲੱਗਾ ਕਿ ਮਾਤਾ ਪਿਤਾ ਤੋਂ ਪੈਦਾ ਹੋਏ ਹਾਂ। ਤਾਂ ਗੁਰੂ ਜੀ ਕਹਿਣ ਲੱਗੇ ਕਿ :*

## ਬਾਬਾ; ਤੂੰ ਐਸੇ ਭਰਮੁ ਚੁਕਾਹੀ॥

ਬਾਬਾ = ਹੇ ਭਾਈ ! ਤੂੰ ਐਸੇ = ਇਸ ਤਰ੍ਹਾਂ ਦੇ ਭਰਮ ਨੂੰ ਮਨ ਵਿੱਚੋਂ ਚੁਕਾਹੀ = ਚੁਕਾਉਣਾ ਕਰ ਕਿ ਮਾਤਾ ਪਿਤਾ ਤੋਂ ਤੁਹਾਡੀ ਉਤਪਤੀ ਹੋਈ ਹੈ।

***ਪ੍ਰਸ਼ਨ :*** *ਹੇ ਮਹਾਰਾਜ ਮਾਤਾ ਪਿਤਾ ਤੋਂ ਹੀ ਤਾਂ ਪੈਦਾ ਹੋਏ ਹਾਂ।*

***ਗੁਰ ਉੱਤਰ :*** ਤੁਹਾਡੇ ਮਾਤਾ ਪਿਤਾ ਉਹ ਕਿਸ ਤੋਂ ਪੈਦਾ ਹੋਏ। ਪੰਡਿਤ ਕਹਿੰਦੇ ਕਿ ਉਹ ਆਪਣੇ ਮਾਤਾ ਪਿਤਾ ਤੋਂ ਪੈਦਾ ਹੋਏ। ਗੁਰੂ ਜੀ ਕਹਿੰਦੇ ਕਿ ਇਸ ਪ੍ਰਕਾਰ ਅੱਗੇ ਤੋਂ ਅੱਗੇ ਪੀੜ੍ਹੀ-ਦਰ-ਪੀੜ੍ਹੀ ਪੈਦਾਇਸ਼ ਮੰਨਦਿਆਂ ਆਖ਼ਿਰ ਪਰਮਾਤਮਾ ਤਕ ਹੀ ਜਾਣਾ ਪਵੇਗਾ। ਤੁਸੀਂ ਇਹ ਸਮਝੋ ਕਿ

## ਜੋ ਕਿਛੁ ਕਰਤੁ ਹੈ, ਸੋਈ ਕੋਈ ਹੈ ਰੇ;
## ਤੈਸੇ ਜਾਇ ਸਮਾਹੀ ॥੧॥ਰਹਾਉ॥

ਰੇ = ਹੇ ਭਾਈ ! ਸੋਈ = ਉਹ ਕੋਈ ਤਾਂ ਹੈ ਜੋ ਇਹ ਸਭ ਕਿਛੁ = ਕੁਝ ਕਰਤ = ਕਰਦਾ ਹੈ **ਵਾ:** ਹੇ ਭਾਈ ! ਜੋ ਕੁਝ ਵੀ ਕਰਦਾ ਹੈ ਉਹ ਕੋਈ ਹੈ ਕਿ ਨਹੀਂ। ਇਹ ਜੋ ਕੁਝ ਵੀ ਕਰਨ ਵਾਲਾ ਹੈ ਉਹ ਪਰਮੇਸ਼ਰ ਆਪ

ਹੀ ਹੈ ਅਤੇ ਅਖ਼ੀਰ ਨੂੰ ਉਸੇ ਪਰਮੇਸ਼ਰ ਵਿਚ ਵੀ ਸਮਾਹੀ = ਸਮਾਉਣਾ ਪਊ। ਅਰਥਾਤ ਮਾਤਾ ਪਿਤਾ ਦੇ ਰੂਪ ਵਿਚ ਪਰਮੇਸ਼ਰ ਹੀ ਆਪ ਪੈਦਾ ਕਰ ਰਿਹਾ ਹੈ॥੧॥ਰਹਾਉ॥

ਫਿਰ ਪੰਡਿਤ ਕਹਿਣ ਲੱਗੇ :

**ਦੂਸਰਾ ਅਰਥ :**

**ਬਾਬਾ; ਤੂੰ ਐਸੇ ਭਰਮੁ ਚੁਕਾਹੀ॥**

ਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਬਾਬਾ = ਸ੍ਰੀ ਗੁਰੂ ਅਮਰਦਾਸ ਜੀ ਤੁਸੀਂ ਅਜਿਹੇ ਭਰਮਾਂ ਨੂੰ ਚੁਕਾਹੀ = ਚੁੱਕਣ ਵਾਲੇ ਹੋ, ਹੋਰ ਕੋਈ ਵੀ ਸਾਡਾ ਭਰਮ ਨਹੀਂ ਮਿਟਾ ਸਕਦਾ। ਤੁਸੀਂ ਹੀ ਕਿਰਪਾ ਦ੍ਰਿਸ਼ਟੀ ਕੀਤੀ ਹੈ।

**ਜੋ ਕਿਛੁ ਕਰਤੁ ਹੈ, ਸੋਈ ਕੋਈ ਹੈ ਰੇ; ਤੈਸੇ ਜਾਇ ਸਮਾਹੀ॥੧॥ਰਹਾਉ॥**

ਜੋ ਕੁਝ ਵੀ ਕਰਦਾ ਹੈ, ਉਹ ਪਰਮੇਸ਼ਰ ਹੀ ਹੈ। ਜੋ ਇਹ ਮੰਨ ਕੇ ਉਸ ਪਰਮੇਸ਼ਰ ਦਾ ਲਗਾਤਾਰ ਸਿਮਰਨ ਕਰਦਾ, ਉਹ ਅਖ਼ੀਰ ਨੂੰ ਉਸੇ ਪਰਮੇਸ਼ਰ ਵਿਚ ਹੀ ਸਮਾਹੀ = ਸਮਾ ਜਾਵੇਗਾ, ਅਭੇਦ ਹੋ ਜਾਵੇਗਾ। ਜਿਵੇਂ ਨਦੀਆਂ ਨਾਲੇ ਸਮੁੰਦਰ ਵੱਲ ਨੂੰ ਤੁਰੇ ਜਾਂਦੇ ਹਨ ਅਤੇ ਅਖ਼ੀਰ ਨੂੰ ਸਮੁੰਦਰ ਵਿਚ ਹੀ ਜਾ ਕੇ ਸਮਾ ਜਾਂਦੇ ਹਨ, ਇਸੇ ਤਰ੍ਹਾਂ ਭਜਨ ਕਰਨ ਵਾਲੇ ਮਨੁੱਖ ਉਸ ਵਾਹਿਗੁਰੂ ਵਿਚ ਹੀ ਸਮਾ ਜਾਣਗੇ, ਇਹ ਸਤਿਗੁਰਾਂ ਦਾ ਮੱਤ ਹੈ॥੧॥ਰਹਾਉ॥

ਇਹ ਸੁਣ ਕੇ ਇਕ ਚਾਰਵਾਕੀਆ ਬੋਲਿਆ ਕਿ ਹੇ ਮਹਾਰਾਜ ਜੀ! ਇਸਤਰੀ ਤੇ ਪੁਰਸ਼ ਦੇ ਸੰਬੰਧ ਤੋਂ ਹੀ ਸੰਸਾਰ ਦੀ ਪੈਦਾਇਸ਼ ਹੁੰਦੀ ਹੈ। ਬ੍ਰਹਮ ਕਿਥੇ ਹੈ? ਕੋਈ ਨਹੀਂ ਹੈ। ਤਾਂ ਇਹ ਸੁਣ ਕੇ ਗੁਰੂ ਸਾਹਿਬ ਜੀ ਕਹਿੰਦੇ ਹਨ :

## ਇਸਤਰੀ ਪੁਰਖ ਹੋਇ ਕੈ; ਕਿਆ ਓਇ ਕਰਮ ਕਮਾਹੀ॥

ਹੇ ਭਾਈ! ਇਸਤਰੀ = ਔਰਤ ਪੁਰਖ = ਆਦਮੀ ਆਪਸ ਵਿਚ ਇੱਕਤਰ ਹੋਇ = ਹੋ ਕੇ ਕਿਆ = ਕੀ ਓਇ = ਉਹ ਸੰਤਾਨ ਦੀ ਉਤਪਤੀ ਦਾ ਕਰਮ ਕਮਾ ਸਕਦੇ ਹਨ।

**ਸਾਖੀ—ਰਾਜੇ ਦੇ ਪੁੱਤਰ ਨਾ ਹੋਣ ਦੀ :** ਪੁਰਾਣੇ ਸਮੇਂ ਵਿਚ ਇਕ ਰਾਜਾ ਸੀ, ਉਸ ਨੇ ਇਕ ਲੱਖ ਰਾਣੀਆਂ ਨਾਲ ਵਿਆਹ ਕਰਵਾਇਆ ਹੋਇਆ ਸੀ, ਪਰ ਸੰਤਾਨ ਕਿਸੇ ਦੇ ਵੀ ਨਹੀਂ ਸੀ। ਅਖ਼ੀਰ ਬੇਗਤਿ ਹੋ ਕੇ ਜਦੋਂ ਰਾਜਾ ਮਰਨ ਲੱਗਾ, ਉਸ ਵੇਲੇ ਇਕ ਰਾਣੀ ਦੇ ਔਲਾਦ ਪੈਦਾ ਹੋਈ, ਦੂਜੀਆਂ ਰਾਣੀਆਂ ਨੇ ਈਰਖਾ ਦੇ ਨਾਲ ਬੱਚੇ ਨੂੰ ਮਾਰ ਦਿੱਤਾ। ਫਿਰ ਰਾਜਾ ਉਸੇ ਸੋਗ ਵਿਚ ਹੀ ਮਰ ਗਿਆ। ਇਉਂ ਪ੍ਰਭੂ ਦੀ ਸੱਤਾ ਤੋਂ ਬਿਨਾਂ ਇਸਤਰੀ ਅਤੇ ਪੁਰਖ ਕੀ ਕਰਮ ਕਮਾ ਭਾਵ ਕਿਵੇਂ ਔਲਾਦ ਪੈਦਾ ਕਰ ਸਕਦੇ ਹਨ ਜੋ ਸੰਤਾਨ ਹੀਨ ਹਨ, ਉਹ ਸੰਤਾਨ ਹੀਨ ਹੀ ਮਰ ਜਾਂਦੇ ਹਨ। ਭਾਵੇਂ ਕਿੰਨੇ ਵਿਆਹ ਕਰਵਾ ਲੈਣ। ਇਹ ਤਾਂ ਪਰਮੇਸ਼ਰ ਦੀ ਬਖ਼ਸ਼ਿਸ਼ ਹੈ **ਅਥਵਾ** ਇਸਤਰੀ ਦੀ ਨਿਆਈਂ ਮਾਇਆ ਤੇ ਪੁਰਖ = ਜੀਵ ਪਰਮੇਸ਼ਰ ਦੀ ਚੇਤਨ ਸੱਤਾ ਤੋਂ ਬਗ਼ੈਰ ਹੋ ਕੇ ਉਹ ਕੀ ਕਰਮ ਕਮਾ ਸਕਦੇ ਹਨ **ਅਥਵਾ** ਇਸਤਰੀ ਦੀ ਨਿਆਈਂ ਜੋ ਜੀਵ ਹਨ ਅਤੇ ਪੁਰਖ ਦੀ ਨਿਆਈਂ ਈਸ਼ਰ ਹੈ। ਈਸ਼ਰ ਤੇ ਜੀਵ ਦਾ ਭੇਦ ਮੰਨਣ ਵਾਲੇ ਕਿਆ = ਕੀ ਉਹ ਕਰਮ ਕਮਾਹੀ = ਕਮਾ ਸਕਦੇ ਹਨ, ਭਾਵ ਕੁਝ ਵੀ ਨਹੀਂ ਕਰ ਸਕਦੇ **ਅਥਵਾ** ਆਪਣੇ ਹੰਕਾਰ ਨਾਲ ਇਸਤਰੀ ਦੀ ਨਿਆਈਂ ਜਗਿਆਸੂ ਬਣ ਕੇ ਤੇ ਪੁਰਖ ਦੀ ਨਿਆਈਂ ਗਿਆਨਵਾਨ ਬਣ ਕੇ ਕਿਆ = ਕੀ ਉਹ ਕਰਮ ਕਮਾ ਸਕਦੇ ਹਨ।

## ਨਾਨਾ ਰੂਪ ਸਦਾ ਹਹਿ ਤੇਰੇ; ਤੁਝ ਹੀ ਮਾਹਿ ਸਮਾਹੀ ॥੨॥

ਹੇ ਪਰਮੇਸ਼ਰ ਨਾਨਾ = ਅਨੇਕਾ ਤਰ੍ਹਾਂ ਦੇ ਪੁਰਖ, ਪ੍ਰਕ੍ਰਿਤੀ, ਜੀਵ, ਈਸ਼ਰ, ਅਸਥਾਵਰ, ਜੰਗਮ ਆਦਿ ਤੇਰੇ ਹੀ ਰੂਪ = ਅਕਾਰ ਹਨ ਤੇ ਅੰਤ ਨੂੰ ਤੁਝ = ਤੇਰੇ ਹੀ ਮਾਹਿ = ਵਿਚ ਸਮਾਹੀ = ਸਮਾ ਜਾਣਗੇ ॥੨॥

## ਇਤਨੇ ਜਨਮ ਭੂਲਿ ਪਰੇ ਸੇ; ਜਾ ਪਾਇਆ ਤਾ ਭੂਲੇ ਨਾਹੀ ॥

ਪੰਡਿਤ ਕਹਿਣ ਲੱਗੇ ਕਿ ਹੇ ਮਹਾਰਾਜ! ਇਤਨੇ ਜਨਮ = ਬੇਅੰਤ ਹੀ ਜਨਮਾਂ ਵਿਚ ਅਸੀਂ ਭੁੱਲ ਵਿਚ ਹੀ ਪਰੇ = ਪਏ ਰਹੇ। ਆਪ ਜੀ ਦੀ ਸਿੱਖਿਆ ਤੋਂ ਬਿਨਾਂ ਅਸੀਂ ਤਾਂ ਚਾਰਵਾਕੀਏ ਹੋ ਕੇ, ਨਿਆਂਇਕ ਹੋ ਕੇ, ਭੇਦ ਵਾਦੀ ਹੋ ਕੇ ਭੁੱਲ ਵਿਚ ਹੀ ਪਏ ਹੋਏ ਸੀ।

ਹੇ ਸ੍ਰੀ ਗੁਰੂ ਅਮਰਦਾਸ ਜੀ! ਅਸੀਂ ਹੁਣ ਤੁਹਾਨੂੰ ਗੁਰੂ ਪਾ ਲਿਆ ਹੈ, ਗੁਰੂ ਧਾਰ ਲਿਆ ਹੈ। ਹੁਣ ਸਾਨੂੰ ਕੋਈ ਵੀ ਭੁੱਲ ਨਹੀਂ ਰਹੀ। ਆਪ ਜੀ ਨੇ ਬਖ਼ਸ਼ਿਸ਼ ਕਰ ਦਿੱਤੀ ਹੈ।

## ਜਾ ਕਾ ਕਾਰਜੁ ਸੋਈ ਪਰੁ ਜਾਣੈ; ਜੇ ਗੁਰ ਕੈ ਸਬਦਿ ਸਮਾਹੀ ॥੩॥

ਗੁਰੂ ਜੀ ਕਹਿੰਦੇ ਹਨ ਕਿ ਜਾ = ਜਿਸ ਕਾ = ਦਾ ਕਾਰਜੁ = ਜਗਤ ਹੈ, ਉਹ ਪਰਮੇਸ਼ਰ ਆਪ ਹੀ ਜਾਣਦਾ ਹੈ। ਜੋ ਗੁਰੂ ਸਾਹਿਬ ਦੇ ਸ਼ਬਦ ਵਿਚ ਅਭੇਦ ਹੋ ਜਾਵੇ, ਉਹ ਵਾਹਿਗੁਰੂ ਦੇ ਸਰੂਪ ਵਿਚ ਹੀ ਲੀਨ ਹੋ ਜਾਂਦਾ ਹੈ, ਭਾਵ ਮਿਲ ਜਾਂਦਾ ਹੈ। ਕਾਰਨ ਕਾਰਜ ਦਾ ਭੇਦ ਮੇਟ ਕਰ ਕੇ ਫਿਰ ਇੱਕੋ ਹੀ ਰੂਪ ਹੋ ਜਾਂਦਾ ਹੈ। **ਅਥਵਾ** ਜੋ ਇਹ ਵਾਹਿਗੁਰੂ ਦਾ ਕਾਰਜੁ = ਸੰਸਾਰ ਹੈ; ਇਸ ਨੂੰ ਪਰੁ = ਵਿਸ਼ੇਸ਼ ਕਰਕੇ ਉਹੀ ਜਾਣੇ = ਜਾਣਦਾ ਹੈ, ਜੋ ਗੁਰੂ ਦੇ ਸਬਦਿ = ਉਪਦੇਸ਼ ਵਿਚ ਸਮਾਹੀ = ਸਮਾ ਜਾਂਦਾ ਹੈ ॥੩॥

## ਤੇਰਾ ਸਬਦੁ ਤੂੰਹੈ ਹਹਿ ਆਪੇ; ਭਰਮੁ ਕਹਾ ਹੀ ॥

ਹੇ ਵਾਹਿਗੁਰੂ! ਤੇਰਾ ਜੋ ਇਹ ਸਬਦੁ = ਸੰਸਾਰ ਹੈ। ਤੂੰ ਆਪ ਹੀ ਇਸ ਨੂੰ ਪੈਦਾ ਕਰਨ ਵਾਲਾ ਹੈਂ। ਤੂੰ ਹੀ ਇਸ ਦੀ ਪਾਲਣਾ ਕਰਨ ਵਾਲਾ ਹੈਂ। **ਵਾ:** ਤੂੰ ਹੀ ਭੂਤ ਕਾਲ ਵਿਚ, ਵਰਤਮਾਨ ਕਾਲ ਅਤੇ ਭਵਿੱਖ ਕਾਲ ਵਿਚ ਹੋਵੇਂਗਾ। ਇਸ ਵਿਚ ਕਾਹਦਾ ਭਰਮ ਹੈ, ਅਰਥਾਤ ਕੋਈ ਭਰਮ ਨਹੀਂ ਹੈ। **ਅਥਵਾ** ਹੇ ਮਹਾਰਾਜ ਭਰਮ ਕਿਥੇ ਹੈ ? ਤੇਰੇ ਸਰੂਪ ਵਿਚ ਕੋਈ ਭਰਮ ਨਹੀਂ ਹੈ। ਭਰਮ ਤਾਂ ਇਕ ਕਹਾਵਤ ਹੀ ਹੈ। ਤੇਰਾ ਸਰੂਪ ਨਿਰ ਭਰਮ ਸਰੂਪ ਹੈ।

## ਨਾਨਕ ਤਤੁ ਤਤ ਸਿਉ ਮਿਲਿਆ;<br>ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥

ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਜੋ ਤਤੁ = ਤ੍ਵੰ ਪਦ, ਜੋ ਜੀਵ ਦਾ ਵਾਚਕ ਹੈ ਅਤੇ ਤਤ = ਤਤ ਪਦ ਜੋ ਈਸ਼ਰ ਦਾ ਵਾਚਕ ਹੈ, ਇਨ੍ਹਾਂ ਨੂੰ ਸਮਝ ਕੇ ਜੋ ਉਸ ਵਿਆਪਕ ਬ੍ਰਹਮ ਸਿਉ = ਨਾਲ ਮਿਲਿਆ ਹੈ, ਭਾਵ ਉਸ ਵਿਚ ਅਭੇਦ ਹੋ ਗਿਆ ਹੈ, ਉਨ੍ਹਾਂ ਨੂੰ ਪੁਨ = ਫੇਰ ਰਪਿ = ਨਿਸਚੇ ਕਰਕੇ ਜਨਮਾਂ **ਵਾ:** ਜੂਨਾਂ ਵਿਚ ਨਹੀਂ ਆਉਣਾ ਪੈਂਦਾ। ਉਹ ਸਦਾ ਵਾਸਤੇ ਅਬਿਨਾਸੀ ਪਦ ਨੂੰ ਪਾ ਲੈਂਦੇ ਹਨ ॥੪॥੧॥੧੫॥੩੫॥

ਜਿਵੇਂ ਪਾਣੀ ਵਿਚ ਪਾਣੀ, ਅੱਗ ਵਿਚ ਅੱਗ, ਧਰਤੀ ਵਿਚ ਧਰਤੀ, ਹਵਾ ਵਿਚ ਹਵਾ ਅਤੇ ਆਕਾਸ਼ ਵਿਚ ਆਕਾਸ਼ ਮਿਲ ਜਾਂਦਾ ਹੈ। ਇਉਂ ਤਤ ਸਰੂਪ ਦੇ ਗਿਆਨ ਕਰਕੇ ਤਤ ਸਰੂਪ ਦੇ ਨਾਲ ਅਭੇਦ ਹੋ ਜਾਈਦਾ ਹੈ। ਮੁੜ ਕੇ ਜਨਮਾਂ ਵਿਚ ਨਹੀਂ ਆਉਣਾ ਪੈਂਦਾ, ਭਾਵ ਮੁਕਤ ਹੋ ਜਾਈਦਾ ਹੈ।

# ਗਉੜੀ ਬੈਰਾਗਣਿ, ਮਹਲਾ ੩ ॥

***ਪ੍ਰਸ਼ਨ :*** *ਹੇ ਮਹਾਰਾਜ ਜੀ ! ਸਾਰੇ ਸੰਸਾਰ ਦੀ ਕੀ ਹਾਲਤ ਹੈ ?*
***ਗੁਰ ਉੱਤਰ :***

## ਸਭੁ ਜਗੁ ਕਾਲੈ ਵਸਿ ਹੈ; ਬਾਧਾ ਦੂਜੈ ਭਾਇ ॥

(**'ਕਾਲੈ'** ਥੋੜਾ ਕੱਸ ਕੇ ਬੋਲੋ)

ਹੇ ਗੁਰਸਿੱਖੋ ! ਇਹ ਸਭੁ = ਸਾਰਾ ਜਗੁ = ਜਗਤ ਕਾਲੈ = ਕਾਲ ਦੇ ਵਸਿ = ਅਧੀਨ ਹੈ, ਕਿਉਂਕਿ ਇਹ ਦੂਜੇ ਭਾਇ = ਦ੍ਵੈਤ-ਭਾਵ ਵਿਚ ਬਾਧਾ = ਬੱਝਾ ਹੋਇਆ ਹੈ **ਵਾ:** ਦ੍ਵੈਤ ਭਾਵ ਵਾਲੀਆਂ ਵਸਤੂਆਂ ਵਿਚ ਬੱਝਾ ਹੋਇਆ ਹੈ।

## ਹਉਮੈ ਕਰਮ ਕਮਾਵਦੇ; ਮਨਮੁਖਿ ਮਿਲੈ ਸਜਾਇ ॥੧॥

ਇਹ ਜੀਵ ਹਉਮੈ = ਹੰਗਤਾ ਮਮਤਾ ਕਰਕੇ ਕਰਮਾਂ ਨੂੰ ਕਮਾਉਂਦੇ ਹਨ, ਜਿਸ ਕਰਕੇ ਮਨਮੁਖਾਂ ਨੂੰ ਜੰਮਣ ਮਰਣ ਦੀ ਸਜਾਇ = ਸਜ਼ਾ ਮਿਲੈ = ਮਿਲਦੀ ਹੈ ॥੧॥

## ਮੇਰੇ ਮਨ; ਗੁਰ ਚਰਣੀ ਚਿਤੁ ਲਾਇ ॥

ਹੇ ਮੇਰੇ ਮਨ ! ਗੁਰੂ ਸਾਹਿਬ ਜੀ ਦੇ ਚਰਨਾਂ ਕਮਲਾਂ ਵਿਚ ਚਿਤ ਦੀ ਬਿਰਤੀ ਨੂੰ ਲਾਉਣਾ ਕਰ।

## ਗੁਰਮੁਖਿ ਨਾਮੁ ਨਿਧਾਨੁ ਲੈ; ਦਰਗਹ ਲਏ ਛਡਾਇ ॥੧॥ਰਹਾਉ॥

ਗੁਰਮੁਖਾਂ ਦੀ ਸੰਗਤ ਕਰ ਕੇ ਨਾਮ ਰੂਪੀ ਨਿਧਾਨੁ = ਖ਼ਜ਼ਾਨਾ ਪ੍ਰਾਪਤ ਕਰ ਲੈ, ਜੋ ਤੈਨੂੰ ਦਰਗਹ = ਪਰਲੋਕ ਵਿਚ ਜਮਾਂ ਦੀ ਮਾਰ ਤੋਂ ਛਡਾਇ = ਛੁਡਾ ਲਏ = ਲਵੇਗਾ ॥੧॥ਰਹਾਉ॥ ਜੈਸਾ ਕਿ :

**ਜਹ ਦਰਗਹਿ ਪ੍ਰਭੁ ਲੇਖਾ ਮਾਗੈ ਤਹ ਛੁਟੈ ਨਾਮੁ ਧਿਆਇਥਈ ॥੧॥**

*(ਕਲਿਆਨ ਮਹਲਾ ੪, ਅੰਗ ੧੩੨੦)*

## ਲਖ ਚਉਰਾਸੀਹ ਭਰਮਦੇ; ਮਨਹਠਿ ਆਵੈ ਜਾਇ ॥

ਜੀਵ ਚੌਰਾਸੀ ਲੱਖ ਜੂਨਾਂ ਵਿਚ ਭਰਮਦੇ = ਭਟਕਦੇ ਹੋਏ ਮਨ ਦੇ ਹਠ ਕਰ ਕੇ ਆਉਂਦੇ ਜਾਂਦੇ ਹਨ। ਭਾਵ ਗੁਰਮਤਿ ਨੂੰ ਧਾਰਨ ਨਹੀਂ ਕਰਦੇ, ਮਨ ਦੀ ਮਤ ਨੂੰ ਛੱਡਦੇ ਨਹੀਂ। ਇਉਂ ਆਉਂਦੇ ਜਾਂਦੇ ਹਨ।

## ਗੁਰ ਕਾ ਸਬਦੁ ਨ ਚੀਨਿਓ; ਫਿਰਿ ਫਿਰਿ ਜੋਨੀ ਪਾਇ ॥੨॥

ਜਿਨ੍ਹਾਂ ਜੀਵਾਂ ਨੇ ਗੁਰ = ਗੁਰਾਂ ਕਾ = ਦਾ ਸਬਦੁ = ਉਪਦੇਸ਼ ਚੀਨਿਓ = ਜਾਣਿਆ, ਨ = ਨਹੀਂ ਹੈ ਉਹ ਫਿਰਿ ਫਿਰਿ = ਮੁੜ ਮੁੜ ਕੇ ਜੋਨੀ = ਜੂਨਾਂ ਵਿਚ ਪਾਇ = ਪਾਏ ਜਾਂਦੇ ਹਨ ॥੨॥

## ਗੁਰਮੁਖਿ ਆਪੁ ਪਛਾਣਿਆ; ਹਰਿ ਨਾਮੁ ਵਸਿਆ ਮਨਿ ਆਇ ॥

ਜਿਨ੍ਹਾਂ ਗੁਰਮੁਖਾਂ ਨੇ ਆਪਣੇ ਆਪ ਨੂੰ ਪਛਾਣ ਲਿਆ ਹੈ, ਉਨ੍ਹਾਂ ਦੇ ਮਨ ਵਿਚ ਹਰੀ ਵਾਹਿਗੁਰੂ ਦਾ ਨਾਮ ਆ ਕੇ ਵਸਿਆ ਹੈ।

## ਅਨਦਿਨੁ ਭਗਤੀ ਰਤਿਆ; ਹਰਿ ਨਾਮੇ ਸੁਖਿ ਸਮਾਇ ॥੩॥

ਜਿਨ੍ਹਾਂ ਦਾ ਮਨ ਅਨਦਿਨੁ = ਰਾਤ ਦਿਨ ਪਰਮੇਸ਼ਰ ਦੀ ਪ੍ਰੇਮਾ-ਭਗਤੀ ਵਿਚ ਰੰਗਿਆ ਹੋਇਆ ਹੈ, ਉਹ ਹਰੀ ਦੇ ਨਾਮ ਕਰਕੇ ਸੁੱਖ ਸਰੂਪ ਵਿਚ ਸਮਾਇ = ਸਮਾ ਜਾਂਦੇ ਹਨ ॥੩॥

## ਮਨੁ ਸਬਦਿ ਮਰੈ ਪਰਤੀਤਿ ਹੋਇ; ਹਉਮੈ ਤਜੇ ਵਿਕਾਰ ॥

ਜਦੋਂ ਗੁਰੂ ਦੇ ਸਬਦਿ = ਉਪਦੇਸ਼ ਦੁਆਰਾ ਕਮਾਈ ਕਰ ਕੇ ਮਨ ਦਾ ਮੰਦਾ ਸੁਭਾਅ ਮਰ ਜਾਂਦਾ ਹੈ ਤਾਂ ਉਦੋਂ ਵਾਹਿਗੁਰੂ ਅੰਦਰੋਂ ਪ੍ਰਤੀਤ ਹੋਣ ਲੱਗ ਜਾਂਦਾ ਹੈ, ਭਾਵ ਪਰਤੀਤਿ = ਭਰੋਸਾ ਹੋ ਜਾਂਦਾ ਹੈ ਕਿ ਮੇਰੇ ਅੰਦਰ ਜੋਤੀ ਸਰੂਪ ਹੈ, ਉਸ ਵੇਲੇ ਪੁਰਖ ਦੇਹ ਦੀ ਹਉਮੈ ਛੱਡ ਦਿੰਦਾ ਹੈ, ਕਾਮ ਆਦਿਕ ਵਿਕਾਰ ਵੀ ਤਿਆਗ ਦਿੰਦਾ ਹੈ।

## ਜਨ ਨਾਨਕ ਕਰਮੀ ਪਾਈਅਨਿ;<br>ਹਰਿ ਨਾਮਾ ਭਗਤਿ ਭੰਡਾਰ ॥੪॥੨॥੧੬॥੩੬॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਰਿ = ਪਰਮੇਸ਼ਰ ਦੇ ਨਾਮਾ = ਨਾਮ ਤੇ ਭਗਤਿ = ਭਗਤੀ ਰੂਪੀ ਭੰਡਾਰ = ਖਜ਼ਾਨੇ ਨੂੰ ਕੋਈ ਵਿਰਲਾ ਗੁਰਮੁਖ ਜਨ ਹੀ **ਵਾ:** ਸ੍ਰੀ ਗੁਰੂ ਨਾਨਕ ਦੇਵ ਜੀ ਕਰਮੀ = ਕਿਰਪਾ ਦੁਆਰਾ ਪਾਈਅਨਿ = ਪਾਉਂਦਾ ਹੈ ॥੪॥੨॥੧੬॥੩੬॥

## ਗਉੜੀ ਬੈਰਾਗਣਿ, ਮਹਲਾ ੩ ॥<br>ਪੇਈਅੜੈ ਦਿਨ ਚਾਰਿ ਹੈ; ਹਰਿ ਹਰਿ ਲਿਖਿ ਪਾਇਆ ॥

ਹੇ ਭਾਈ ! ਜਿਵੇਂ ਲੜਕੀ ਜਵਾਨ ਹੋਣ ਤੋਂ ਪੇਈਅੜੈ = ਪੇਕੇ ਘਰ ਵਿਚ ਚਾਰ ਕੁ ਦਿਨ ਭਾਵ ਥੋੜ੍ਹੇ ਦਿਨ ਹੀ ਰਹਿੰਦੀ ਹੈ ਇਹ ਹਰੀ ਪਰਮਾਤਮਾ ਨੇ ਮੱਥੇ 'ਤੇ ਲੇਖ ਲਿਖੇ ਹਨ ਕਿ ਸਹੁਰੇ ਘਰ ਜ਼ਰੂਰ ਜਾਣਾ ਪੈਂਦਾ ਹੈ। **ਅਥਵਾ** ਇਸੇ ਪ੍ਰਕਾਰ ਜੀਵ ਰੂਪ ਇਸਤਰੀ ਨੇ ਸੰਸਾਰ ਰੂਪੀ ਪੇਕੇ ਘਰ ਵਿਚ ਚਾਰ ਕੁ ਦਿਨ ਹੀ ਰਹਿਣਾ ਹੈ, ਕਿਉਂਕਿ ਹਰਿ = ਸਾਰੀਆਂ ਨੂੰ ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਨੇ ਇਸ ਦੇ ਮੱਥੇ ਉੱਪਰ ਪ੍ਰਲੋਕ ਰੂਪੀ ਸਹੁਰੇ ਘਰ ਜਾਣ ਦਾ ਲੇਖ ਲਿਖ ਕੇ ਪਾਇਆ ਹੋਇਆ ਹੈ।

## ਸੋਭਾਵੰਤੀ ਨਾਰਿ ਹੈ; ਗੁਰਮੁਖਿ ਗੁਣ ਗਾਇਆ ॥

ਜਿਹੜੀ ਇਸਤਰੀ ਪਤੀਵਰਤਾ ਧਰਮ ਨੂੰ ਧਾਰਦੀ ਹੈ, ਚੰਗੇ ਗੁਣ ਸਿੱਖਦੀ ਹੈ, ਉਹ ਸਹੁਰੇ ਘਰ ਵਿਚ ਸੋਭਾ ਪਾਉਂਦੀ ਹੈ। **ਅਥਵਾ** ਇਸੇ ਪ੍ਰਕਾਰ ਉਹ ਮਹਾਤਮਾ ਰੂਪ ਨਾਰਿ = ਇਸਤਰੀ ਸੋਭਾਵੰਤੀ = ਸ਼ੋਭਾ ਵਾਲੀ ਹੈ, ਜਿਸ ਨੇ ਗੁਰਮੁਖ ਬਣ ਕੇ ਗੁਰਾਂ ਦੁਆਰਾ ਵਾਹਿਗੁਰੂ ਦੇ ਗੁਣਾਂ ਨੂੰ ਗਾਇਆ ਹੈ। ਜੈਸਾ ਕਿ :

**ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥** *(ਸਿਰੀਰਾਗੁ ਮਹਲਾ ੧, ਅੰਗ ੧੭)*

## ਪੇਵਕੜੈ ਗੁਣ ਸੰਮਲੈ; ਸਾਹੁਰੈ ਵਾਸੁ ਪਾਇਆ ॥

ਜਿਹੜੀ ਇਸਤਰੀ ਪੇਕੇ ਘਰ ਵਿਚ ਰਹਿੰਦੀ ਹੋਈ ਪਤੀਬਰਤਾ ਧਰਮ ਆਦਿ ਗੁਣਾਂ ਨੂੰ ਸੰਭਾਲਦੀ ਹੈ, ਉਹ ਸਹੁਰੇ ਘਰ ਵਿਚ ਸੁਖ ਨਾਲ ਵਾਸਾ ਪਾਉਂਦੀ ਹੈ **ਅਥਵਾ** ਇਸੇ ਪ੍ਰਕਾਰ ਜੋ ਜਗਿਆਸੂ ਰੂਪ ਇਸਤਰੀ ਸੰਸਾਰ ਰੂਪੀ ਪੇਵਕੜੈ = ਪੇਕੇ ਘਰ ਵਿਚ ਵਾਹਿਗੁਰੂ ਦੇ ਗੁਣਾਂ ਨੂੰ ਸੰਮਲੈ = ਸੰਭਾਲਦੀ ਹੈ, ਉਸ ਨੇ ਪ੍ਰਲੋਕ ਰੂਪੀ ਸਾਹੁਰੈ = ਸਹੁਰੇ ਘਰ ਵਿਚ ਵਾਸੁ = ਨਿਵਾਸ ਪਾਇਆ = ਪਾਉਣਾ ਕੀਤਾ ਹੈ।

## ਗੁਰਮੁਖਿ ਸਹਜਿ ਸਮਾਣੀਆ; ਹਰਿ ਹਰਿ ਮਨਿ ਭਾਇਆ ॥੧॥

ਜਿਨ੍ਹਾਂ ਦੇ ਮਨਿ = ਹਿਰਦੇ ਵਿਚ ਹਰਿ ਹਰਿ = ਹਰੀ ਪਰਮੇਸ਼ਰ ਭਾਇਆ = ਚੰਗਾ ਲੱਗ ਆਇਆ ਹੈ ਉਹ ਗੁਰਮੁਖ ਰੂਪ ਸਖੀਆਂ ਸਹਜਿ = ਗਿਆਂਨ ਸਰੂਪ ਵਿਚ ਸਮਾਣੀਆ = ਸਮਾ ਗਈਆਂ ਹਨ ॥੧॥

## ਸਸੁਰੈ ਪੇਈਐ ਪਿਰੁ ਵਸੈ; ਕਹੁ ਕਿਤੁ ਬਿਧਿ ਪਾਈਐ ॥

ਪੇਈਐ = ਇਸ ਲੋਕ ਵਿਚ ਅਤੇ ਸਸੁਰੈ = ਪਰਲੋਕ ਵਿਚ ਜੋ ਪਿਰੁ = ਪਤੀ ਪਰਮਾਤਮਾ ਵਸ ਰਿਹਾ ਹੈ। ਹੇ ਸੰਤ ਜਨੋਂ, ਉਹ ਕਿਤੁ = ਕਿਹੜੀ ਵਿਧੀ ਨਾਲ ਪਾਇਆ ਜਾਂਦਾ ਹੈ।

[ਅੰਗ ੧੬੩]

## ਆਪਿ ਨਿਰੰਜਨੁ ਅਲਖੁ ਹੈ; ਆਪੇ ਮੇਲਾਈਐ ॥੧॥ਰਹਾਉ॥

ਹੇ ਭਾਈ ! ਉਹ ਪਤੀ ਪਰਮਾਤਮਾ ਆਪ ਨਿਰੰਜਨੁ = ਮਾਇਆ ਕਾਲਖ ਤੋਂ ਰਹਿਤ ਸ਼ੁੱਧ ਸਰੂਪ ਤੇ ਸ਼ਕਤੀ ਬਿਰਤੀ ਕਰਕੇ ਅਲਖੁ = ਲੱਖਣ ਤੋਂ ਰਹਿਤ ਹੈ, ਉਹ ਆਪੇ = ਆਪ ਹੀ ਗੁਰਾਂ ਦੁਆਰਾ ਆਪਣੇ ਸਰੂਪ ਨਾਲ ਮੇਲਾਈਐ = ਮਿਲਾਉਂਦਾ ਹੈ ॥੧॥ਰਹਾਉ॥

## ਆਪੇ ਹੀ ਪ੍ਰਭੁ ਦੇਹਿ ਮਤਿ; ਹਰਿ ਨਾਮੁ ਧਿਆਈਐ ॥

ਹੇ ਭਾਈ ! ਜੇਕਰ ਪ੍ਰਭੁ = ਪਰਮੇਸ਼ਰ ਆਪੇ = ਆਪ ਹੀ ਗੁਰ ਦੁਆਰਾ ਮਤਿ = ਸਿੱਖਿਆ ਦੇਹਿ = ਦੇਵੇ ਤਾਂ ਹੀ ਉਸ ਹਰਿ = ਹਰੀ ਅਕਾਲ ਪੁਰਖ ਦਾ ਨਾਮ ਧਿਆਈਐ = ਧਿਆਈਦਾ ਹੈ।

## ਵਡਭਾਗੀ ਸਤਿਗੁਰੁ ਮਿਲੈ; ਮੁਖਿ ਅੰਮ੍ਰਿਤੁ ਪਾਈਐ ॥

ਹੇ ਭਾਈ ! ਜੇਕਰ ਵਡਭਾਗੀ = ਵੱਡਿਆਂ ਭਾਗਾਂ ਕਰਕੇ ਸਤਿਗੁਰੂ ਜੀ ਮਿਲੈ = ਮਿਲ ਜਾਣ ਤਾਂ ਮੁਖ ਵਿਚ ਅੰਮ੍ਰਿਤ ਨਾਮ ਨੂੰ ਪਾਈਐ = ਪਾਈਦਾ ਹੈ **ਵਾ:** ਹਿਰਦੇ ਵਿਚ ਮੁਖ ਦੁਆਰਾ ਅੰਮ੍ਰਿਤ ਨਾਮ ਨੂੰ ਧਾਰਨ ਕਰੀਦਾ ਹੈ।

## ਹਉਮੈ ਦੁਬਿਧਾ ਬਿਨਸਿ ਜਾਇ; ਸਹਜੇ ਸੁਖਿ ਸਮਾਈਐ ॥

ਜਿਸ ਨਾਮ ਨਾਲ ਹਉਮੈ = ਹੰਗਤਾ ਮਮਤਾ ਤੇ ਦੁਬਿਧਾ = ਦਵੈਤ-ਭਾਵ ਆਦਿ ਵਿਕਾਰ ਬਿਨਸਿ = ਨਾਸ ਹੋ ਜਾਇ = ਜਾਂਦੇ ਹਨ ਅਤੇ ਸਹਜੇ = ਸੁਤੇ ਸਿਧ ਹੀ ਸੁੱਖ ਸਰੂਪ ਵਿਚ ਸਮਾਈਐ = ਸਮਾ ਜਾਈਦਾ ਹੈ, ਭਾਵ ਅਭੇਦ ਹੋ ਜਾਈਦਾ ਹੈ।

## ਸਭੁ ਆਪੇ ਆਪਿ ਵਰਤਦਾ; ਆਪੇ ਨਾਇ ਲਾਈਐ ॥੨॥

ਸਭੁ = ਸਾਰਿਆਂ ਵਿਚ ਵਾਹਿਗੁਰੂ ਆਪੇ ਆਪ ਹੀ ਵਰਤ ਰਿਹਾ ਹੈ ਅਤੇ ਆਪ ਹੀ ਜਗਿਆਸੂ ਜਨਾਂ ਨੂੰ ਨਾਇ = ਨਾਮ ਵਿਚ ਲਾਈਐ = ਲਾਉਂਦਾ ਹੈ ॥੨॥

## ਮਨਮੁਖਿ ਗਰਬਿ ਨ ਪਾਇਓ; ਅਗਿਆਨ ਇਆਣੇ ॥

ਮਨਮੁਖਾਂ ਨੇ ਗਰਬਿ = ਹੰਕਾਰ ਕਰਕੇ ਵਾਹਿਗੁਰੂ ਦੇ ਭੇਦ ਨੂੰ ਨਹੀਂ ਪਾਇਓ = ਪਾਇਆ ਅਗਿਆਨ ਕਰਕੇ ਇਆਣੇ = ਬੇਸਮਝ ਹੋ ਰਹੇ ਹਨ **ਵਾ:** ਸ਼ਾਸਤਰਾਂ ਦੀ ਗਿਆਤ ਨੂੰ ਪੜ੍ਹ ਸੁਣ ਕੇ ਵੀ ਅਗਿਆਨ ਕਰਕੇ ਇਆਣੇ = ਨਿਆਣੇ ਹੋ ਰਹੇ ਹਨ।

## ਸਤਿਗੁਰ ਸੇਵਾ ਨਾ ਕਰਹਿ; ਫਿਰਿ ਫਿਰਿ ਪਛੁਤਾਣੇ ॥

ਉਹ ਸਤਿਗੁਰੂ ਜੀ ਦੇ ਘਰ ਦੀ ਸੇਵਾ = ਟਹਿਲ ਨਾ = ਨਹੀਂ ਕਰਹਿ = ਕਰਦੇ, ਜਿਸ ਕਰਕੇ ਉਹ ਫਿਰਿ ਫਿਰਿ = ਮੁੜ ਮੁੜ ਕੇ ਪਛੁਤਾਣੇ = ਪਛਤਾਉਂਦੇ ਰਹਿੰਦੇ ਹਨ, ਭਾਵ ਜੂਨਾਂ ਦੇ ਫੇਰਿਆਂ ਵਿਚ ਫਿਰਦੇ ਹੋਏ ਪਛਤਾਉਂਦੇ ਰਹਿੰਦੇ ਹਨ।

## ਗਰਭ ਜੋਨੀ ਵਾਸੁ ਪਾਇਦੇ; ਗਰਭੇ ਗਲਿ ਜਾਣੇ ॥

ਉਹ ਮਾਤਾ ਦੇ ਗਰਭ ਵਿਚ ਜੂਨਾਂ ਦੁਆਰਾ ਵਾਸਾ ਪਾਇਦੇ = ਪਾਉਂਦੇ ਹਨ ਅਤੇ ਕਈ ਵਾਰ ਗਰਭ ਵਿਚ ਹੀ ਗਲ ਜਾਣੇ = ਜਾਣਗੇ।

**ਕਈ ਜਨਮ ਗਰਭ ਹਿਰਿ ਖਰਿਆ ॥** *(ਗਉੜੀ ਗੁਆਰੇਰੀ ਮ: ੫, ਅੰਗ ੧੭੬)*

## ਮੇਰੇ ਕਰਤੇ ਏਵੈ ਭਾਵਦਾ; ਮਨਮੁਖ ਭਰਮਾਣੇ ॥੩॥

ਮੇਰੇ ਕਰਤੇ ਪੁਰਖ ਨੂੰ ਏਵੈ = ਇਉਂ ਹੀ ਭਾਉਂਦਾ ਹੈ ਕਿ ਮਨਮੁਖ ਜੂਨਾਂ ਵਿਚ ਹੀ ਭਰਮਾਣੇ = ਭਰਮਦੇ ਰਹਿਣ, ਕਿਉਂਕਿ ਉਹ ਪਰਮਾਤਮਾ 'ਤੇ ਨਿਸਚਾ ਨਹੀਂ ਰੱਖਦੇ ॥੩॥

## ਮੇਰੈ ਹਰਿ ਪ੍ਰਭਿ ਲੇਖੁ ਲਿਖਾਇਆ; ਧੁਰਿ ਮਸਤਕਿ ਪੂਰਾ ॥

ਜਿਨ੍ਹਾਂ ਨੇ ਸ੍ਰੇਸ਼ਟ ਪੁੰਨਾਂ ਦਾ ਮੇਰੇ ਹਰੀ ਪਰਮੇਸ਼ਰ ਤੋਂ ਧੁਰਿ = ਧੁਰੋਂ ਮਸਤਕਿ = ਮੱਥੇ ਤੇ ਲੇਖ ਲਿਖਾ ਲਿਆ ਹੈ, ਉਨ੍ਹਾਂ ਨੂੰ ਪੂਰਾ = ਪੂਰਨ ਅਨੰਦ ਦੀ ਪ੍ਰਾਪਤੀ ਹੋ ਗਈ ਹੈ **ਅਥਵਾ** ਜਿਨ੍ਹਾਂ ਨੇ ਧੁਰਿ = ਧੁਰੋ ਹੀ ਆਪਣੇ ਮਸਤਕਿ = ਮੱਥੇ ਉੱਤੇ ਪੂਰਾ = ਪੂਰਨ ਭਾਗਾਂ ਦਾ ਮੇਰੇ ਹਰਿ ਪ੍ਰਭਿ = ਹਰੀ ਪਰਮੇਸ਼ਰ ਤੋਂ ਲੇਖ ਲਿਖਾਇਆ = ਲਿਖਾਉਣਾ ਕੀਤਾ ਹੈ ਉਨ੍ਹਾਂ ਨੂੰ ਪਰਮਾਨੰਦ ਦੀ ਪ੍ਰਾਪਤੀ ਹੋ ਗਈ ਹੈ।

## ਹਰਿ ਹਰਿ ਨਾਮੁ ਧਿਆਇਆ; ਭੇਟਿਆ ਗੁਰੁ ਸੂਰਾ ॥

ਜਿਨ੍ਹਾਂ ਨੂੰ ਲੋਕ ਪਰਲੋਕ ਦੇ ਰਾਖੇ, ਮਾਤਾ ਦੇ ਗਰਭ ਵਿਚ ਵੀ ਰੱਖਿਆ ਕਰਨ ਵਾਲਾ, ਕਾਮ ਕ੍ਰੋਧਾਦਿ ਵੈਰੀਆਂ ਦਾ ਅੰਦਰੋਂ ਨਾਸ ਕਰਨ ਵਾਲਾ ਗੁਰੁ ਸੂਰਾ = ਗੁਰੂ ਸੂਰਮਾ ਭੇਟਿਆ = ਮਿਲਿਆ ਹੈ, ਉਨ੍ਹਾਂ ਨੇ ਹੀ ਹਰੀ ਪਰਮੇਸ਼ਰ ਦੇ ਨਾਮ ਨੂੰ ਧਿਆਉਣਾ ਕੀਤਾ ਹੈ।

## ਮੇਰਾ ਪਿਤਾ ਮਾਤਾ ਹਰਿ ਨਾਮੁ ਹੈ; ਹਰਿ ਬੰਧਪੁ ਬੀਰਾ ॥

ਹਰਿ = ਹਰੀ ਅਕਾਲ ਪੁਰਖ ਦਾ ਨਾਮ ਹੀ ਮੇਰਾ ਮਾਤਾ ਪਿਤਾ ਹੈ, ਹਰੀ ਦਾ ਨਾਮ ਹੀ ਮੇਰਾ ਬੰਧਪੁ = ਸੰਬੰਧੀ ਅਤੇ ਵੱਡਾ ਬੀਰਾ = ਵੀਰ, ਭਾਈ ਹੈ **ਅਥਵਾ** ਸੰਤੋਖ ਰੂਪੀ ਪਿਤਾ, ਖਿਮਾ ਰੂਪੀ ਮਾਤਾ ਦੇ ਦੇਣ ਵਾਲਾ ਮੇਰਾ ਹਰੀ ਨਾਮ ਹੀ ਹੈ, ਦਇਆ, ਧਰਮ, ਆਦਿ ਸੰਬੰਧੀ ਤੇ ਸ੍ਰਵਣ ਮੰਨਣ ਆਦਿ ਵੀਰ ਦੇਣ ਵਾਲਾ ਹੀ ਹਰੀ ਨਾਮ ਹੀ ਹੈ।

## ਹਰਿ ਹਰਿ ਬਖਸਿ ਮਿਲਾਇ ਪ੍ਰਭ; ਜਨੁ ਨਾਨਕੁ ਕੀਰਾ ॥੪॥੩॥੧੭॥੩੭॥

ਗੁਰੂ ਜੀ ਕਥਨ ਕਰਦੇ ਹਨ ਕਿ ਮੈ ਜਨੁ = ਦਾਸ ਕੀਰਾ = ਕੀੜੇ ਵਾ ਤੁੱਛ ਹਾਂ **ਵਾ:** ਤੇਰੇ ਚਰਨਾਂ ਦੀ ਸ਼ਰਨ ਵਿਚ ਰਹਿਣ ਵਾਲੇ ਹਰਿ = ਹਰੇਕ ਨੂੰ ਹਰਿ = ਹਰੇ ਭਰੇ ਕਰਨ ਵਾਲੇ ਪ੍ਰਭ = ਪਰਮੇਸ਼ਰ ! ਮੇਰੇ ਔਗੁਣ ਬਖ਼ਸ਼ ਕੇ ਮੈਨੂੰ ਆਪਣੇ ਸਰੂਪ ਨਾਲ ਮਿਲਾਇ = ਮਿਲਾ ਲੈਣਾ ਕਰ ॥੪॥੩॥੧੭॥੩੭॥

# ਗਉੜੀ ਬੈਰਾਗਣਿ, ਮਹਲਾ ੩ ॥

## ਸਤਿਗੁਰ ਤੇ ਗਿਆਨੁ ਪਾਇਆ; ਹਰਿ ਤਤੁ ਬੀਚਾਰਾ ॥

ਹੇ ਭਾਈ ! ਜੇ ਕਿਸੇ ਨੇ ਗਿਆਨੁ = ਬੋਧ ਪਾਇਆ ਹੈ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਤੋਂ ਹੀ ਪਾਇਆ ਹੈ। ਹਰੀ ਦਾ ਤਤੁ = ਸਰੂਪ ਹੋ ਵਿਚਾਰਿਆ ਹੈ, ਉਹ ਗਿਆਨ ਹੈ **ਅਥਵਾ** ਹੇ ਭਾਈ ! ਜਦ ਪੂਰੇ ਸਤਿਗੁਰਾਂ ਤੇ = ਤੋਂ ਹੀ ਗਿਆਨ ਪਾਇਆ = ਪਾਉਣਾ ਕੀਤਾ ਤਦ ਤਤੁ = ਸਾਰ (ਸਿਧਾਂਤ) ਰੂਪ ਹਰਿ = ਪਰਮੇਸ਼ਰ ਨੂੰ ਬੀਚਾਰਾ = ਵਿਚਾਰਨਾ ਕੀਤਾ **ਵਾ:** ਸਤਿਗੁਰਾਂ ਦੇ ਕੋਲੋਂ ਤਤੁ = ਤਤ ਤੂੰ ਦੇ ਸੰਸ਼ੋਧਨ ਰੂਪੀ ਵਿਚਾਰ ਨੂੰ ਪਾਇਆ ਤਾਂ ਹਰਿ = ਪਰਮੇਸ਼ਰ ਦਾ ਗਿਆਨ ਹੋਇਆ।

## ਮਤਿ ਮਲੀਣ ਪਰਗਟੁ ਭਈ; ਜਪਿ ਨਾਮੁ ਮੁਰਾਰਾ ॥

ਮੁਰਾਰਾ = ਅਕਾਲ ਪੁਰਖ ਦਾ ਨਾਮ ਜਪਣ ਕਰਕੇ ਜੋ ਮਤਿ = ਬੁੱਧੀ ਪਾਪ ਕਰਮਾਂ ਕਰਕੇ ਮਲੀਣ = ਮੈਲੀ ਸੀ, ਉਹ ਹੁਣ ਆਤਮ ਵਿਸ਼ੈਣੀ ਹੋ ਕੇ ਪ੍ਰਗਟ ਭਈ = ਹੋ ਗਈ **ਵਾ:** ਅਵਿੱਦਿਆ ਕਰਕੇ ਮਲੀਣ ਮੱਤ ਸੀ ਉਹ ਬ੍ਰਹਮ ਵਿੱਦਿਆ ਕਰਕੇ ਸ਼ੁੱਧ ਰੂਪ ਪ੍ਰਗਟ ਹੋ ਗਈ ਜੈਸਾ ਕਿ :

**ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥੧॥** *(ਅੰਗ ੪੦੨)*

## ਸਿਵਿ ਸਕਤਿ ਮਿਟਾਈਆ; ਚੂਕਾ ਅੰਧਿਆਰਾ ॥

ਹੁਣ ਨਾ ਸਾਨੂੰ ਸ਼ਿਵਜੀ ਦੀ ਪੂਜਾ ਕਰਨ ਦੀ ਲੋੜ ਹੈ, ਨਾ ਹੀ ਸਕਤਿ = ਪਾਰਬਤੀ ਦੀ, ਅਸੀਂ ਦੋਹਾਂ ਦੀ ਪੂਜਾ ਮਿਟਾ ਦਿੱਤੀ ਹੈ **ਅਥਵਾ** ਸਿਵਿ = ਕਲਿਆਣ ਸਰੂਪ ਪਰਮੇਸ਼ਰ ਦੇ ਸਿਮਰਨ ਕਰਨ ਨਾਲ ਜਦੋਂ ਮਨ ਦੀ ਸੰਕਲਪਾਂ ਵਿਕਲਪਾਂ ਵਿਚ ਦੌੜਨ ਰੂਪ ਸ਼ਕਤੀ ਨੂੰ ਮਿਟਾਈਆ = ਮੇਟ ਦਿੱਤਾ ਤਾਂ ਅੰਤਹਕਰਣ ਵਿੱਚੋਂ ਅਗਿਆਨ ਰੂਪ ਅੰਧਿਆਰਾ = ਹਨੇਰਾ ਚੂਕਾ = ਚੁੱਕਿਆ ਭਾਵ ਨਾਸ ਹੋ ਗਿਆ।

## ਧੁਰਿ ਮਸਤਕਿ ਜਿਨ ਕਉ ਲਿਖਿਆ; ਤਿਨ ਹਰਿ ਨਾਮੁ ਪਿਆਰਾ ॥੧॥

ਜਿਨ੍ਹਾਂ ਦੇ ਧੁਰਿ = ਧੁਰੋਂ ਮਸਤਕਿ = ਮੱਥੇ 'ਤੇ ਪੂਰਬਲੇ ਸ਼ੁਭ ਕਰਮਾਂ ਦੇ ਲੇਖ ਲਿਖੇ ਹੋਏ ਹਨ, ਤਿਨ = ਉਨ੍ਹਾਂ ਨੂੰ ਪਰਮੇਸ਼ਰ ਦਾ ਨਾਮ ਪਿਆਰਾ ਲੱਗਦਾ ਹੈ ॥੧॥

ਅੱਗੇ ਸਤਿਗੁਰੂ ਜੀ ਜਗਿਆਸੂ ਰੂਪ ਹੋ ਕੇ ਪ੍ਰਸ਼ਨ ਕਰਦੇ ਹਨ ?

## ਹਰਿ ਕਿਤੁ ਬਿਧਿ ਪਾਈਐ, ਸੰਤ ਜਨਹੁ; ਜਿਸੁ ਦੇਖਿ ਹਉ ਜੀਵਾ ॥

ਹੇ ਸੰਤ ਜਨੋਂ ! ਕਿਤੁ = ਕਿਹੜੀ ਬਿਧੀ = ਜੁਗਤੀ ਨਾਲ ਹਰਿ = ਪਰਮੇਸ਼ਰ ਪਾਈਐ = ਪਾਈਦਾ ਹੈ। ਜਿਸ ਦੇ ਦਰਸ਼ਨ ਕਰ ਕੇ ਹਉ = ਅਸੀਂ ਜੀਵਾ = ਜਿਊਂਦੇ ਹੋ ਜਾਈਏ।

## ਹਰਿ ਬਿਨੁ ਚਸਾ ਨ ਜੀਵਤੀ; ਗੁਰ ਮੇਲਿਹੁ ਹਰਿ ਰਸੁ ਪੀਵਾ ॥੧॥ਰਹਾਉ॥

ਸਾਡੀ ਜ਼ਿੰਦਗੀ ਭਾਵ ਬਿਰਤੀ ਤਾਂ ਹਰੀ ਦੀ ਪ੍ਰਾਪਤੀ ਤੋਂ ਬਿਨਾਂ ਚਸਾ ਮਾਤਰ ਵੀ ਜੀਵਤੀ = ਜਿਊਂਦੀ ਨਹੀਂ ਰਹਿ ਸਕਦੀ। ਇਸ ਕਰਕੇ ਹੇ ਸੰਤ ਜਨੋ ! ਮੈਨੂੰ ਪੂਰੇ ਗੁਰਾਂ ਦੇ ਨਾਲ ਮੇਲਿਹੁ = ਮੇਲਣਾ ਕਰੋ, ਜਿਸ ਕਰਕੇ ਅਸੀਂ ਹਰੀ ਦੇ ਨਾਮ ਰਸ ਨੂੰ ਪੀਵਾ = ਪੀਣਾ ਕਰੀਏ ॥੧॥ਰਹਾਉ॥

## ਹਉ ਹਰਿ ਗੁਣ ਗਾਵਾ, ਨਿਤ ਹਰਿ ਸੁਣੀ; ਹਰਿ ਹਰਿ ਗਤਿ ਕੀਨੀ ॥

ਹਉ = ਅਸੀਂ ਤਾਂ ਹਰਿ = ਅਕਾਲ ਪੁਰਖ ਦੇ ਗੁਣਾਂ ਨੂੰ ਗਾਵਾ = ਗਾਉਂਦੇ ਅਤੇ ਨਿਤ = ਨਿਤਾਪ੍ਰਤੀ ਹਰੀ ਦੇ ਨਾਮ ਨੂੰ ਸੁਣਦੇ ਹਾਂ ਅਤੇ ਹਰਿ ਹਰਿ ਨਾਮ ਨੇ ਸਾਡੀ ਗਤਿ = ਮੁਕਤੀ ਭਾਵ ਕਲਿਆਣ ਕੀਨੀ = ਕੀਤੀ ਹੈ।

## ਹਰਿ ਰਸੁ ਗੁਰ ਤੇ ਪਾਇਆ; ਮੇਰਾ ਮਨੁ ਤਨੁ ਲੀਨੀ ॥

ਇਹ ਹਰਿ = ਹਰੀ ਵਾਹਿਗੁਰੂ ਦਾ ਨਾਮ ਰਸ ਅਸੀਂ ਗੁਰਾਂ (ਸ੍ਰੀ ਗੁਰੂ ਅੰਗਦ ਦੇਵ ਜੀ) ਤੋਂ ਪਾਇਆ = ਪਾਉਣਾ ਕੀਤਾ ਹੈ ਜਿਸ ਕਰਕੇ ਮੇਰਾ = ਸਾਡਾ ਮਨ ਤੇ ਤਨ ਵੀ ਪਰਮੇਸ਼ਰ ਵਿਚ ਲੀਨੀ = ਲੀਨ ਹੋ ਗਿਆ ਹੈ।

## ਧਨੁ ਧਨੁ ਗੁਰੁ ਸਤ ਪੁਰਖੁ ਹੈ; ਜਿਨਿ ਭਗਤਿ ਹਰਿ ਦੀਨੀ ॥

ਸਤ ਪੁਰਖ = ਅਕਾਲ ਪੁਰਖ ਦਾ ਸਰੂਪ ਗੁਰੁ = ਸਤਿਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਧਨੁ ਧਨੁ = ਧੰਨਤਾ ਦੇ ਯੋਗ ਹੈ = ਹਨ, ਜਿਨਿ = ਜਿਨ੍ਹਾਂ ਨੇ ਸਾਨੂੰ ਹਰਿ = ਪਰਮੇਸ਼ਰ ਦੀ ਪ੍ਰੇਮਾ ਭਗਤਿ = ਭਗਤੀ ਦੀ ਦਾਤ ਦੀਨੀ = ਦੇਣਾ ਕੀਤੀ ਹੈ।

## ਜਿਸੁ ਗੁਰ ਤੇ ਹਰਿ ਪਾਇਆ; ਸੋ ਗੁਰੁ ਹਮ ਕੀਨੀ ॥੨॥

ਜਿਸ ਗੁਰ = ਸਤਿਗੁਰਾਂ ਤੇ = ਤੋਂ ਅਸੀਂ ਹਰਿ = ਅਕਾਲ ਪੁਰਖ ਨੂੰ ਪਾਇਆ ਹੈ, ਸੋ = ਉਸ ਨੂੰ ਹੀ ਹਮ = ਅਸੀਂ ਗੁਰੂ ਧਾਰਨ ਕੀਨੀ = ਕੀਤਾ ਹੈ। (ਗੁਰੂ ਅਮਰਦਾਸ ਜੀ ਨੇ ੭੨ ਸਾਲ ਦੀ ਉਮਰ ਵਿਚ ਆ ਕੇ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਧਾਰਨ ਕੀਤਾ ਸੀ।) **ਅਥਵਾ** ਜਿਸ ਗੁਰੂ ਦੁਆਰਾ ਹਰੀ = ਵਾਹਿਗੁਰੂ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ, ਉਸ ਗੁਰੂ ਨੇ ਹੀ ਹਮ = ਤਮਾਮ ਜੀਵਾਂ ਦੀ ਗਤੀ ਕੀਨੀ = ਕੀਤੀ ਹੈ ॥੨॥

## ਗੁਣਦਾਤਾ ਹਰਿ ਰਾਇ ਹੈ; ਹਮ ਅਵਗਣਿਆਰੇ ॥

ਹੇ ਰਾਇ = ਪ੍ਰਕਾਸ਼ ਸਰੂਪ ਹਰਿ = ਪਰਮੇਸ਼ਰ ! ਤੂੰ ਸ਼ੁਭ ਗੁਣਦਾਤਾ = ਗੁਣਾਂ ਦਾ ਦਾਤਾ ਹੈਂ **ਵਾ:** ਸ਼ੁਭ ਗੁਣਾਂ ਦੇ ਦੇਣ ਵਾਲਾ ਹੈਂ ਅਤੇ ਹਮ = ਅਸੀਂ ਅਵਗਣਿਆਰੇ = ਔਗੁਣਾਂ ਵਾਲੇ ਹਾਂ।

## ਪਾਪੀ ਪਾਥਰ ਡੂਬਦੇ; ਗੁਰਮਤਿ ਹਰਿ ਤਾਰੇ ॥

ਅਸੀਂ ਤਾਂ ਪਾਪਾਂ ਕਰਕੇ ਭਾਰੇ ਪੱਥਰਾਂ ਵਾਂਗ ਸੰਸਾਰ ਸਮੁੰਦਰ ਵਿਚ ਡੁੱਬਦੇ = ਡੁੱਬ ਰਹੇ ਸੀ। ਹੇ ਹਰਿ = ਪਰਮੇਸ਼ਰ ! ਤੂੰ ਗੁਰਮਤਿ = ਗੁਰ ਸਿੱਖਿਆ ਦੇ ਕੇ ਸਾਨੂੰ ਤਾਰੇ = ਤਾਰ ਲਿਆ ਹੈ।

## ਤੂੰ ਗੁਣਦਾਤਾ ਨਿਰਮਲਾ; ਹਮ ਅਵਗਣਿਆਰੇ ॥

ਹੇ ਮਹਾਰਾਜ ! ਤੂੰ ਸਾਰਿਆਂ ਗੁਣਦਾਤਾ = ਗੁਣਾਂ ਦੀ ਦਾਤ ਦੇਣ ਵਾਲਾ ਤੇ ਨਿਰਮਲਾ = ਉੱਜਲ ਸਰੂਪ ਹੈਂ। ਹਮ = ਅਸੀਂ ਤਾਂ ਅਵਗਣਿਆਰੇ = ਗੁਨਾਹਾਂ ਨੂੰ ਕਰਨ ਵਾਲੇ ਹਾਂ।

## ਹਰਿ ਸਰਣਾਗਤਿ ਰਾਖਿ ਲੇਹੁ; ਮੂੜ ਮੁਗਧ ਨਿਸਤਾਰੇ ॥੩॥

ਹੇ ਹਰੀ ਅਸੀਂ ਆਪ ਜੀ ਦੀ ਸਰਣ ਵਿਚ ਆਏ ਹਾਂ, ਕਿਰਪਾ ਕਰਕੇ ਰੱਖ ਲੈਣਾ ਕਰੋ, ਕਿਉਂਕਿ ਤੁਸੀਂ ਤਾਂ ਪਰਮਾਰਥ ਤੋਂ ਹੀਣੇ ਮੂੜ = ਮੂਰਖ ਤੇ ਵਿਵਹਾਰਾ ਵੱਲੋਂ ਮੁਗਧ = ਬੇਸਮਝ ਵੀ ਨਿਸਤਾਰੇ = ਤਾਰ ਦਿੱਤੇ ਹਨ ॥੩॥

## ਸਹਜੁ ਅਨੰਦੁ ਸਦਾ ਗੁਰਮਤੀ; ਹਰਿ ਹਰਿ ਮਨਿ ਧਿਆਇਆ ॥

ਉਨ੍ਹਾਂ ਗੁਰਮਤੀਆਂ ਨੂੰ ਸਦਾ = ਹਮੇਸ਼ਾ ਸਹਜੁ = ਗਿਆਨ ਕਰਕੇ ਅਨੰਦ ਪ੍ਰਾਪਤ ਹੈ, ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਮਨ ਵਿਚ ਧਿਆਉਣਾ ਕੀਤਾ ਹੈ।

## ਸਜਣੁ ਹਰਿ ਪ੍ਰਭੁ ਪਾਇਆ; ਘਰਿ ਸੋਹਿਲਾ ਗਾਇਆ ॥

ਉਨ੍ਹਾਂ ਨੇ ਹੀ ਹਰੀ ਪ੍ਰਭੂ ਪਿਆਰਾ ਸਜਣ ਪਾਇਆ = ਪਾਉਣਾ ਕੀਤਾ ਹੈ ਜਿਨ੍ਹਾਂ ਨੇ ਸਾਧ ਸੰਗਤ ਦੁਆਰਾ ਹਿਰਦੇ ਰੂਪੀ ਘਰ ਵਿਚ ਸੋਹਿਲਾ = ਜਸ ਗਾਇਆ = ਗਾਉਣਾ ਕੀਤਾ ਹੈ।

## ਹਰਿ ਦਇਆ ਧਾਰਿ ਪ੍ਰਭ ਬੇਨਤੀ; ਹਰਿ ਹਰਿ ਚੇਤਾਇਆ ॥

ਹੇ ਹਰੀ ਪ੍ਰਭੂ ! ਸਾਡੀ ਇਹੋ ਬੇਨਤੀ ਹੈ ਕਿ ਸਾਡੇ 'ਤੇ ਦਇਆ = ਤਰਸ ਧਾਰਨ ਕਰ ਕੇ ਆਪਣੇ ਹਰਿ ਹਰਿ ਨਾਮ ਨੂੰ ਚੇਤਾਇਆ = ਚੇਤੇ ਕਰਾਉਣਾ ਕਰੋ।

## ਜਨ ਨਾਨਕੁ ਮੰਗੈ ਧੂੜਿ ਤਿਨ; ਜਿਨ ਸਤਿਗੁਰੁ ਪਾਇਆ ॥੪॥੪॥੧੮॥੩੮॥

ਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਉਨ੍ਹਾਂ ਜਨੁ = ਪਿਆਰਿਆਂ ਦੀ ਧੂੜ ਮੰਗਦੇ ਹਾਂ, ਜਿਨ੍ਹਾਂ ਨੇ ਮੇਰੇ ਸਤਿਗੁਰੂ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਜੀ ਨੂੰ ਸਤਿਗੁਰੂ ਜਾਣ ਕੇ ਪਾਇਆ ਹੈ, ਭਾਵ ਜਿਨ੍ਹਾਂ ਨੇ ਸਤਿਗੁਰੂ 'ਤੇ ਨਿਸਚਾ ਕੀਤਾ ਹੈ ॥੪॥੪॥੧੮॥੩੮॥

## ਗਉੜੀ ਗੁਆਰੇਰੀ, ਮਹਲਾ ੪ ਚਉਥਾ ਚਉਪਦੇ

('**੪**' '**ਚਉਥਾ**' ਦੋਨੋਂ ਵਾਰ ਬੋਲਣੇ ਹਨ)

ਸ੍ਰੀ ਗੁਰੂ ਰਾਮਦਾਸ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਨਿਵਾਸ ਕਰ ਰਹੇ ਸਨ। ਆਪ ਜੀ ਨੂੰ ਸਿੱਖਾਂ ਨੇ ਪੁੱਛਿਆ ਕਿ ਸੱਚੇ ਪਾਤਿਸ਼ਾਹ ਜੀ ਸਾਨੂੰ ਇਸ ਗੱਲ ਦੀ ਸਮਝ ਨਹੀਂ ਕਿ ਅਸੀਂ ਕਿਹੜਾ ਕਰਤੱਬ ਕਰਨਾ ਹੈ। ਕੋਈ ਕੁਝ ਤੇ ਕੋਈ ਕੁਝ ਕਹਿੰਦਾ ਹੈ। ਗੁਰੂ ਜੀ ਨੇ ਸਿੱਖਾਂ ਨੂੰ ਪੁੱਛਿਆ ਕਿ ਲੋਕ ਕੀ-ਕੀ ਕਰਤੱਬ ਕਹਿੰਦੇ ਹਨ। ਸਿੱਖਾਂ ਦੇ ਦੱਸਣ 'ਤੇ ਉਨ੍ਹਾਂ ਨੂੰ ਗੁਰੂ ਜੀ ਆਪਣੀ ਬਾਣੀ ਵਿਚ ਜਗਿਆਸੂ ਵੱਲੋਂ ਪ੍ਰਸ਼ਨ 'ਤੇ ਨਾਮ ਦੀ ਮਹੱਤਤਾ ਦੱਸਦੇ ਹੋਏ ਸ਼ਬਦ ਉਚਾਰਨ ਕਰਦੇ ਹਨ

## ੧ੴ ਸਤਿਗੁਰ ਪ੍ਰਸਾਦਿ ॥

੧ = ਅਦ੍ਵੈਤ ਰੂਪ ਪਰਮੇਸ਼ਰ ਜੋ ੴ = ਸਾਰਿਆਂ ਦਾ ਪ੍ਰਕਾਸ਼ਕ, ਸਤਿ = ਨਾਸ ਤੋਂ ਰਹਿਤ, ਗੁਰ = ਚੇਤਨ ਸਰੂਪ, ਪ੍ਰਸਾਦਿ = ਅਨੰਦ ਸਰੂਪ ਹੈ **ਵਾ**: ਸਤਿਗੁਰਾਂ ਦੀ ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ।

## ਪੰਡਿਤੁ; ਸਾਸਤ ਸਿਮ੍ਰਿਤਿ ਪੜਿਆ ॥

('**ਸਿਮ੍ਰਿਤਿ**' ਪੋਲਾ ਉਚਾਰਨ ਕਰੋ)

ਪੰਡਿਤ ਛੇ ਸ਼ਾਸਤਰਾਂ, ਸਤਾਈ ਸਿੰਮ੍ਰਿਤੀਆਂ ਆਦਿਕਾਂ ਨੂੰ ਪੜਿਆ = ਪੜ੍ਹਦਾ ਹੈ ਤੇ ਆਪਣੇ ਆਪ ਨੂੰ ਵਿਦਵਾਨ ਕਹਾਉਂਦਾ ਹੈ।

## ਜੋਗੀ; ਗੋਰਖੁ ਗੋਰਖੁ ਕਰਿਆ ॥

ਜੋਗੀਆਂ ਦੇ ਮੱਤ ਵਿਚ ਜੋਗੀ ਗੋਰਖ ਨੂੰ ਹੀ ਬ੍ਰਹਮ ਦਾ ਸਰੂਪ ਕਹਿੰਦੇ ਹਨ ਇਸ ਕਰਕੇ ਉਹ ਗੋਰਖ ਗੋਰਖ ਦਾ ਹੀ ਉਚਾਰਨ ਕਰਦੇ ਰਹਿੰਦੇ ਹਨ।

## ਮੈ ਮੂਰਖ; ਹਰਿ ਹਰਿ ਜਪੁ ਪੜਿਆ ॥੧॥

ਪਰ ਮੈ ਮੂਰਖ = ਬੇਸਮਝ ਤਾਂ ਇਕ ਹਰਿ ਹਰਿ = ਹਰੀ ਪਰਮੇਸ਼ਰ ਦਾ ਜਪੁ = ਜਾਪ ਹੀ ਗੁਰਾਂ ਪਾਸੋਂ ਲੈ ਕੇ ਪੜਿਆ = ਪੜ੍ਹਦਾ ਹਾਂ ਭਾਵ ਜਪਦਾ ਹਾਂ ॥੧॥

## ਨਾ ਜਾਨਾ; ਕਿਆ ਗਤਿ ਰਾਮ ਹਮਾਰੀ ॥

ਹੇ ਰਾਮ = ਪਰਮੇਸਰ ਸਰੂਪ ਸਤਿਗੁਰੂ ਜੀ ! ਹਮਾਰੀ = ਮੇਰੀ ਕਿਆ = ਕੀ ਗਤਿ = ਹਾਲਤ ਹੋਵੇਗੀ ਇਹ ਮੈਂ ਨਾ = ਨਹੀਂ ਜਾਨਾ = ਜਾਣਦਾ।

## ਹਰਿ ਭਜੁ ਮਨ ਮੇਰੇ;
## ਤਰੁ ਭਉਜਲੁ ਤੂ ਤਾਰੀ ॥੧॥ਰਹਾਉ॥

ਹੇ ਮੇਰੇ ਪਿਆਰੇ ਮਨਾਂ ! ਤੂੰ ਹਰਿ = ਹਰੀ ਦਾ ਭਜੁ = ਭਜਨ ਸਿਮਰਨ ਕਰ। ਤਾਂ ਤੂੰ ਬ੍ਰਹਮ ਗਿਆਨ ਦੀ, ਬਿਬੇਕ ਦੀ ਭਗਤੀ ਦੀ ਤਾਰੀ ਮਾਰ ਕੇ ਸੰਸਾਰ-ਸਮੁੰਦਰ ਵਿੱਚੋਂ ਤਰ ਜਾਵੇਂਗਾ **ਵਾ:** ਜਹਾਜ਼ ਦੀ ਨਿਆਈਂ ਆਪ ਤਰ ਜਾਵੇਂਗਾ ਤੇ ਹੋਰਨਾਂ ਨੂੰ ਤਾਰਨਾ ਕਰੇਂਗਾ ॥੧॥ਰਹਾਉ॥

[ਅੰਗ ੧੬੪]

## ਸੰਨਿਆਸੀ ਬਿਭੂਤ ਲਾਇ; ਦੇਹ ਸਵਾਰੀ ॥

ਸੰਨਿਆਸੀ ਬਿਭੂਤ = ਸਵਾਹ ਲਾਇ = ਲਾ ਕੇ ਆਪਣੇ ਦੇਹ = ਸਰੀਰ ਨੂੰ ਚੰਗੀ ਤਰ੍ਹਾਂ ਸਵਾਰੀ = ਸਵਾਰ ਲੈਂਦੇ ਹਨ।

## ਪਰ ਤ੍ਰਿਅ ਤਿਆਗੁ; ਕਰੀ ਬ੍ਰਹਮਚਾਰੀ ॥

ਜਿਹੜੇ ਬ੍ਰਹਮਚਾਰੀ ਹਨ, ਉਹ ਪਰ = ਵਿਸ਼ੇਸ਼ ਕਰਕੇ ਤ੍ਰਿਅ = ਇਸਤਰੀ ਦਾ ਤਿਆਗ ਕਰ ਕੇ ਬ੍ਰਹਮਚਾਰੀ ਕਹਾਉਣਾ ਕਰੀ = ਕਰਦੇ ਹਨ।

## ਮੈ ਮੂਰਖ; ਹਰਿ ਆਸ ਤੁਮਾਰੀ ॥੨॥

ਹੇ ਹਰੀ = ਪਰਮੇਸ਼ਰ ! ਮੈ = ਮੈਨੂੰ ਸਾਸਤਰ ਗਿਆਨ ਤੋਂ ਰਹਿਤ ਮੂਰਖ = ਬੇਸਮਝ ਨੂੰ ਇਕ ਤੁਮਾਰੀ = ਤੁਹਾਡੀ ਹੀ ਆਸ = ਉਮੀਦ ਹੈ ॥੨॥

## ਖਤ੍ਰੀ ਕਰਮ ਕਰੇ; ਸੂਰਤਣੁ ਪਾਵੈ ॥

(**ਸੂਰੱਤਣ** ਉਚਾਰਨ ਕਰਨਾ)

ਖੱਤ੍ਰੀ ਸੂਰਤਣੁ = ਸੂਰਮਤਾਈ ਦੇ ਪਾਵੈ = ਪਾਉਣ ਵਾਲੇ ਹੀ ਕਰਮ ਕਰੇ = ਕਰਦੇ ਹਨ।

## ਸੂਦੁ ਵੈਸੁ; ਪਰ ਕਿਰਤਿ ਕਮਾਵੈ ॥

ਸੂਦੁ = ਸ਼ੂਦਰ ਤੇ ਵੈਸ ਪਰ = ਪਰਾਈ ਤੇ ਆਪਣੀ ਕਿਰਤ ਨੂੰ ਕਮਾਵੈ = ਕਮਾਉਂਦੇ ਹਨ, ਭਾਵ ਸ਼ੂਦਰ ਬ੍ਰਾਹਮਣ, ਖੱਤ੍ਰੀ ਅਤੇ ਵੈਸ਼ ਆਦਿਕਾਂ ਦੀ ਸੇਵਾ ਕਰਦੇ ਹਨ ਅਤੇ ਵੈਸ਼ ਆਪਣੇ ਵਰਨ ਅਨੁਸਾਰ ਖੇਤੀਬਾੜੀ, ਵਣਜ ਆਦਿਕ ਕਰਦੇ ਹਨ।

## ਮੈ ਮੂਰਖ; ਹਰਿ ਨਾਮੁ ਛਡਾਵੈ ॥੩॥

ਹੇ ਹਰਿ = ਪਰਮੇਸ਼ਰ ! ਅਸੀਂ ਨਾ ਆਪਣੇ ਆਪ ਨੂੰ ਸ਼ੂਦਰ, ਨਾ ਖੱਤ੍ਰੀ, ਨਾ ਬ੍ਰਾਹਮਣ ਅਤੇ ਨਾ ਹੀ ਵੈਸ਼ ਮੰਨਦੇ ਹਾਂ। ਮੈ = ਮੈਨੂੰ ਮੂਰਖ ਨੂੰ ਤਾਂ ਤੇਰਾ ਹਰਿ ਨਾਮ ਹੀ ਛਡਾਵੇਗਾ। ਇਹੋ ਹੀ ਨਿਸਚਾ ਹੈ ॥੩॥

## ਸਭ ਤੇਰੀ ਸ੍ਰਿਸਟਿ; ਤੂੰ ਆਪਿ ਰਹਿਆ ਸਮਾਈ ॥

ਹੇ ਵਾਹਿਗੁਰੂ ! ਇਹ ਸਭ = ਸਾਰੀ ਖੱਤ੍ਰੀ, ਬ੍ਰਾਹਮਣ, ਸ਼ੂਦਰ, ਵੈਸ਼, ਸੰਨਿਆਸੀ, ਬ੍ਰਹਮਚਾਰੀ ਆਦਿ ਦੀ ਤੇਰੀ ਹੀ ਸ੍ਰਿਸ਼ਟੀ ਰਚੀ ਹੋਈ ਹੈ। ਤੂੰ ਆਪ ਹੀ ਸਾਰਿਆਂ ਵਿਚ ਸਮਾਈ = ਸਮਾ ਰਿਹਾ ਹੈਂ, ਭਾਵ ਵਿਆਪਕ ਹੋ ਰਿਹਾ ਹੈਂ।

## ਗੁਰਮੁਖਿ ਨਾਨਕ; ਦੇ ਵਡਿਆਈ ॥

ਗੁਰੂ ਜੀ ਕਥਨ ਕਰਦੇ ਹਨ ਕਿ ਹੇ ਸੱਚੇ ਪਾਤਿਸ਼ਾਹ ! ਆਪ ਗੁਰਮੁਖਾਂ ਨੂੰ ਗੁਰਾਂ ਦੁਆਰਾ ਨਾਮ ਜਪਣ ਦੀ ਵਡਿਆਈ ਦੇ = ਦਿੰਦੇ ਹੋ।

## ਮੈ ਅੰਧੁਲੇ; ਹਰਿ ਟੇਕ ਟਿਕਾਈ ॥੪॥੧॥੩੯॥

ਹੇ ਹਰਿ = ਪਰਮੇਸ਼ਰ ! ਮੈਂ ਵੈਰਾਗ ਬਿਬੇਕ ਰੂਪੀ ਨੇਤਰਾਂ ਤੋਂ ਹੀਣੇ ਨੇ ਇਕ ਤੇਰੀ ਹੀ ਟੇਕ = ਓਟ ਟਿਕਾਈ = ਇਸਥਿਤ ਕੀਤੀ ਹੋਈ ਹੈ ॥੪॥੧॥੩੯॥

## ਗਉੜੀ ਗੁਆਰੇਰੀ, ਮਹਲਾ ੪ ॥ ਨਿਰਗੁਣ ਕਥਾ; ਕਥਾ ਹੈ ਹਰਿ ਕੀ ॥

ਵੇਦਾਂ, ਸ਼ਾਸਤਰਾਂ, ਪੁਰਾਣਾਂ ਆਦਿ ਦੀਆਂ ਕਥਾਵਾਂ ਨਾਲੋਂ ਨਿਰਗੁਣ = ਤਿੰਨਾਂ ਗੁਣਾਂ ਤੋਂ ਰਹਿਤ ਬ੍ਰਹਮ ਦੀ ਕਥਾ ਸ੍ਰੇਸ਼ਟ ਹੈ, ਉਹੋ ਕਥਾ ਹੀ ਪਰਮੇਸ਼ਰ ਕੀ = ਦੀ ਪ੍ਰਾਪਤੀ ਕਰਾਉਣ ਵਾਲੀ ਹੈ।

## ਭਜੁ, ਮਿਲਿ ਸਾਧੂ; ਸੰਗਤਿ ਜਨ ਕੀ ॥

ਸਾਧੂ = ਸੰਤ ਜਨਾਂ ਦੀ ਸੰਗਤ ਵਿਚ ਮਿਲਿ ਕੇ ਉਸ ਵਾਹਿਗੁਰੂ ਦਾ ਸਿਮਰਨ ਭਜੁ = ਭਜਨ ਕਰ। ਅਤੇ

## ਤਰੁ ਭਉਜਲੁ; ਅਕਥ ਕਥਾ ਸੁਨਿ ਹਰਿ ਕੀ ॥੧॥

ਉਥੇ ਅਕਾਲ ਪੁਰਖ ਦੀ ਅਕਥ = ਕਥਨ ਤੋਂ ਰਹਿਤ ਕਥਾ ਨੂੰ ਸੁਨਿ = ਸ੍ਰਵਨ ਕਰ ਤਾਂ ਤੂੰ ਭਉਜਲੁ = ਸੰਸਾਰ-ਸਮੁੰਦਰ ਤੋਂ ਤਰ ਜਾਏਂਗਾ ॥੧॥

## ਗੋਬਿੰਦ; ਸਤਸੰਗਤਿ ਮੇਲਾਇ ॥

ਹੇ ਸੰਤ ਜਨੋ ! ਮੈਨੂੰ ਗੋਬਿੰਦ = ਪਰਮੇਸ਼ਰ ਦੀ ਪ੍ਰਾਪਤੀ ਵਾਲੀ ਸਤਸੰਗਤ ਵਿਚ ਮੇਲਾਇ = ਮੇਲਣਾ ਕਰੋ।

## ਹਰਿ ਰਸੁ ਰਸਨਾ; ਰਾਮ ਗੁਨ ਗਾਇ ॥੧॥ਰਹਾਉ॥

ਤਾਂ ਜੋ ਉਥੇ ਰਾਮ = ਪਰਮੇਸ਼ਰ ਦੇ ਗੁਣਾਂ ਨੂੰ ਗਾਇ = ਗਾ ਕੇ ਹਰਿ = ਹਰੀ ਨਾਮ ਰਸ ਨੂੰ ਰਸਨਾ ਨਾਲ ਚੱਖਣਾ ਕਰਾਂ ॥੧॥ਰਹਾਉ॥

## ਜੋ ਜਨ ਧਿਆਵਹਿ; ਹਰਿ ਹਰਿ ਨਾਮਾ ॥

ਜੋ = ਜਿਹੜੇ ਜਨ = ਪੁਰਸ਼ ਹਰਿ ਹਰਿ ਪਰਮੇਸ਼ਰ ਦੇ ਨਾਮ ਨੂੰ ਚਿਤ ਦੀ ਬਿਰਤੀ ਜੋੜ ਕੇ ਧਿਆਨ ਨਾਲ ਧਿਆਉਣਾ ਕਰਦੇ ਹਨ।

## ਤਿਨ ਦਾਸਨਿ ਦਾਸ ਕਰਹੁ ਹਮ; ਰਾਮਾ ॥

ਹੇ ਰਾਮਾ = ਪਰਮੇਸ਼ਰ ! ਹਮ = ਸਾਨੂੰ ਮਨ, ਬਾਣੀ, ਸਰੀਰ ਕਰਕੇ ਤਿਨ = ਉਨ੍ਹਾਂ ਦਾਸਨਿ ਦਾਸ = ਸੇਵਕਾਂ ਦੇ ਸੇਵਕ ਬਣਾਉਣਾ ਕਰਹੁ = ਕਰੋ, ਕਿਉਂਕਿ :

## ਜਨ ਕੀ ਸੇਵਾ; ਊਤਮ ਕਾਮਾ ॥੨॥

ਉਨ੍ਹਾਂ ਜਨ = ਪਿਆਰਿਆਂ ਕੀ = ਦੀ ਸੇਵਾ = ਟਹਿਲ ਕਰਨੀ ਸਭ ਤੋਂ ਊਤਮ = ਸ੍ਰੇਸ਼ਟ ਕਾਮਾ = ਕੰਮ ਹੈ ॥੨॥

## ਜੋ ਹਰਿ ਕੀ; ਹਰਿ ਕਥਾ ਸੁਣਾਵੈ ॥

ਹੇ ਭਾਈ ! ਜੋ = ਜਿਹੜਾ ਗੁਰਮੁਖ ਜਨ, ਹਰਿ = ਪਰਮੇਸ਼ਰ ਕੀ = ਦੀ ਪ੍ਰਾਪਤੀ ਵਾਲੀ ਹਰਿ ਨਾਮ ਰੂਪ ਕਥਾ ਸੁਣਾਵੈ = ਸੁਣਾਉਣਾ ਕਰਦਾ ਹੈ।

## ਸੋ ਜਨੁ; ਹਮਰੈ ਮਨਿ ਚਿਤਿ ਭਾਵੈ ॥

ਸੋ = ਉਹ ਜਨ = ਪੁਰਖ ਹਮਰੈ = ਸਾਡੇ ਮਨ ਤੇ ਚਿਤ ਨੂੰ ਭਾਵੈ = ਚੰਗਾ ਲੱਗਦਾ ਹੈ, ਭਾਵ ਪਿਆਰਾ ਲੱਗਦਾ ਹੈ। ਕਿਉਂਕਿ

## ਜਨ ਪਗ ਰੇਣੁ; ਵਡਭਾਗੀ ਪਾਵੈ ॥੩॥

ਪਰਮੇਸ਼ਰ ਦੇ ਭਗਤ ਜਨਾਂ ਦੇ ਪਗੁ = ਚਰਣਾਂ ਦੀ ਰੇਣੁ = ਧੂੜੀ ਕੋਈ ਵਡਭਾਗੀ = ਵੱਡਿਆਂ ਭਾਗਾਂ ਵਾਲਾ ਹੀ ਪਾਉਂਦਾ ਹੈ ॥੩॥

## ਸੰਤ ਜਨਾ ਸਿਉ; ਪ੍ਰੀਤਿ ਬਨਿ ਆਈ ॥

(**'ਬਨਿ' 'ਆਈ'** ਵੱਖਰਾ-ਵੱਖਰਾ ਬੋਲੋ)

ਹੇ ਭਾਈ ! ਉਨ੍ਹਾਂ ਦੀ ਹੀ ਵਾਹਿਗੁਰੂ ਦੇ ਪਿਆਰਿਆਂ ਸੰਤਾਂ ਭਗਤਾਂ ਦੇ ਸਿਉ = ਨਾਲ ਪ੍ਰੀਤੀ ਬਣ ਆਈ ਹੈ।

## ਜਿਨ ਕਉ ਲਿਖਤੁ; ਲਿਖਿਆ ਧੁਰਿ ਪਾਈ ॥

ਜਿਨ = ਜਿਨ੍ਹਾਂ ਦੇ ਮੱਥੇ ਕਉ = ਉੱਤੇ ਸ੍ਰੇਸ਼ਟ ਕਰਮਾਂ ਦੇ ਲਿਖਤੁ = ਲੇਖ ਧੁਰਿ = ਧੁਰੋਂ ਹੀ ਲਿਖਿਆ = ਲਿਖ ਕੇ ਪਾਈ = ਪਾਏ ਹਨ **ਵਾ:** ਜਿਨ੍ਹਾਂ ਦੇ ਧੁਰਿ = ਧੁਰੋਂ ਮੱਥੇ 'ਤੇ ਈਸ਼ਵਰ ਨੇ ਸ੍ਰੇਸ਼ਟ ਲੇਖ ਲਿਖੇ ਹੋਏ ਹਨ ਉਨ੍ਹਾਂ ਨੇ ਪੂਰਬਲੇ ਪੁੰਨਾਂ ਦੇ ਪ੍ਰੇਰੇ ਹੋਇਆਂ ਨੇ ਹੀ ਸਤਿਸੰਗਤ ਨਾਲ ਪ੍ਰੀਤੀ ਪਾਈ ਹੈ।

## ਤੇ ਜਨ ਨਾਨਕ; ਨਾਮਿ ਸਮਾਈ ॥੪॥੨॥੪੦॥

ਗੁਰੂ ਜੀ ਕਥਨ ਕਰਦੇ ਹਨ ਕਿ ਤੇ = ਉਹ ਗੁਰਮੁਖ ਜਨ ਪਰਮੇਸ਼ਰ ਦੇ ਨਾਮ ਵਿਚ ਸਮਾਈ = ਸਮਾ ਜਾਂਦੇ ਹਨ ਵਾ: ਨਾਮਿ = ਨਾਮੀ ਪਰਮੇਸ਼ਰ ਵਿਚ ਸਮਾਈ = ਲੀਨਤਾ ਹੋ ਜਾਂਦੀ ਹੈ ॥੪॥੨॥੪੦॥

## ਗਉੜੀ ਗੁਆਰੇਰੀ, ਮਹਲਾ ੪ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਸਤਿਗੁਰਾਂ ਦੀ ਗੁਰਸਿੱਖਾਂ ਦੇ ਨਾਲ ਅਤੇ ਗੁਰਸਿੱਖਾਂ ਦੀ ਸਤਿਗੁਰਾਂ ਦੇ ਨਾਲ ਕਿੰਨੀ ਕੁ ਪ੍ਰੀਤੀ ਹੈ ? ਇਸ ਬਾਰੇ ਕਥਨ ਕਰਦੇ ਹਨ :

## ਮਾਤਾ ਪ੍ਰੀਤਿ ਕਰੇ; ਪੁਤੁ ਖਾਇ ॥

ਜਿਸ ਪ੍ਰਕਾਰ ਮਾਂ ਆਪਣੇ ਪੁੱਤਰ ਨਾਲ ਪ੍ਰੀਤਿ = ਪ੍ਰੀਤੀ ਕਰੇ = ਕਰਦੀ ਹੈ ਕਿ ਮੇਰਾ ਪੁੱਤਰ ਚੰਗੀਆਂ ਖ਼ੁਰਾਕਾਂ ਖਾਇ = ਖਾ ਕੇ ਬਲ ਵਾਲਾ ਹੋਵੇ। ਇਉਂ ਗੁਰੂ ਸਾਹਿਬ ਮਾਤਾ ਰੂਪ ਹੋ ਕੇ ਆਪਣੇ ਗੁਰਸਿੱਖ ਭਗਤਾਂ ਨਾਲ ਪ੍ਰੀਤ ਕਰਦੇ ਹਨ ਕਿ ਸਾਡਾ ਸਿੱਖ ਰੂਪ ਪੁੱਤਰ ਬ੍ਰਹਮ ਗਿਆਨ ਰੂਪ ਭੋਜਨ ਖਾ ਕੇ ਆਤਮਿਕ ਬਲ ਵਾਲਾ ਹੋ ਜਾਵੇ।

## ਮੀਨੇ ਪ੍ਰੀਤਿ ਭਈ; ਜਲਿ ਨਾਇ ॥

(**ਨਾਇ** ਭਾਰਾ ਬੋਲੋ)

ਜਿਵੇਂ ਮੀਨੇ = ਮੱਛੀ ਦੀ ਜਲ ਨਾਲ ਪ੍ਰੀਤ ਭਈ = ਹੁੰਦੀ ਹੈ ਅਤੇ ਉਹ ਸਦਾ ਜਲਿ = ਪਾਣੀ ਵਿਚ ਹੀ ਨਾਇ = ਇਸ਼ਨਾਨ ਕਰਦੀ ਰਹਿੰਦੀ ਹੈ, ਇਸੇ ਪ੍ਰਕਾਰ ਜਿਨ੍ਹਾਂ ਗੁਰਸਿੱਖਾਂ ਦੀ ਗੁਰੂ ਸਾਹਿਬ ਦੇ ਨਾਲ ਮੱਛੀ ਦੀ ਨਿਆਈਂ ਪ੍ਰੀਤ ਹੈ, ਭਾਵ ਗੁਰੂ ਜੀ ਦੇ ਚਰਨ ਕਮਲਾਂ ਨਾਲ ਚਿਤ ਬ੍ਰਿਤੀ ਜੁੜੀ ਹੋਈ ਹੈ, ਉਹ ਗੁਰੂ ਦੇ ਪ੍ਰੇਮ ਰੂਪੀ ਜਲ ਵਿਚ ਸਦਾ ਹੀ ਇਸ਼ਨਾਨ ਕਰਦੇ ਰਹਿੰਦੇ ਹਨ।

## ਸਤਿਗੁਰ ਪ੍ਰੀਤਿ; ਗੁਰਸਿਖ ਮੁਖਿ ਪਾਇ ॥੧॥

ਸਤਿਗੁਰਾਂ ਦੇ ਅੰਦਰ ਗੁਰਸਿੱਖ ਪ੍ਰਤੀ ਪ੍ਰੀਤ ਹੈ ਕਿ ਅਸੀਂ ਗੁਰਸਿੱਖ ਦੇ ਮੁਖ = ਮੂੰਹ ਵਿਚ ਪਦਾਰਥ ਪਾਇ = ਪਾਉਣਾ ਕਰੀਏ **ਵਾ:** ਸਤ ਸੰਤੋਖ ਆਦਿਕ ਸ਼ੁਭ ਗੁਣਾਂ ਰੂਪੀ ਪਦਾਰਥ ਗੁਰਸਿੱਖ ਦੇ ਹਿਰਦੇ ਰੂਪੀ ਮੁੱਖ ਵਿਚ ਪਾਉਣਾ ਕਰੀਏ ॥੧॥

ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਲੰਗਰ ਵਿਚ ਸੰਗਤਾਂ ਨੂੰ ਕਈ ਪ੍ਰਕਾਰ ਦੀਆਂ ਮਠਿਆਈਆਂ ਆਦਿਕ ਪਦਾਰਥ ਬਣਵਾ ਕੇ ਛਕਾਉਂਦੇ ਸਨ ਤੇ ਆਪ ਅਲੂਣਾ ਦਲੀਆ ਖਾਂਦੇ ਸਨ। ਬਾਬਾ ਬੁੱਢਾ ਜੀ ਨੇ ਇਕ ਦਿਨ ਬੇਨਤੀ ਕੀਤੀ ਕਿ ਹਜ਼ੂਰ ਜੀ ਅਸੀਂ ਚੰਗੇ ਪਦਾਰਥ ਖਾਂਦੇ ਹਾਂ, ਆਪ ਅਲੂਣਾ ਦਲੀਆ ਖਾਂਦੇ ਹੋ, ਇਹ ਕੀ ਕਾਰਨ ਹੈ। ਗੁਰੂ ਜੀ ਕਹਿਣ ਲੱਗੇ ਕਿ ਜੋ ਸੰਗਤਾਂ ਦੇ ਮੂੰਹ ਵਿਚ ਪੈਂਦਾ ਹੈ ਉਹ ਅਸੀਂ ਛਕਦੇ ਹਾਂ, ਸਾਨੂੰ ਉਹੀ ਪ੍ਰਾਪਤ ਹੁੰਦਾ ਹੈ। ਗੁਰੂ ਜੀ ਨੇ ਚੁਲਾ ਕਰ ਕੇ ਅਲੂਣੇ ਦਲੀਏ ਵਿੱਚੋਂ ਸਾਰੇ ਪਦਾਰਥਾਂ ਦੇ ਕਿਣਕੇ ਬਾਬਾ ਬੁੱਢਾ ਜੀ ਨੂੰ ਵਿਖਾ ਦਿੱਤੇ, ਕਿ ਵੇਖੋ ਜੋ ਸੰਗਤ ਨੇ ਖੀਰ, ਪ੍ਰਸਾਦ, ਮਠਿਆਈਆਂ ਖਾਧੀਆਂ ਹਨ, ਉਹ ਸਾਰੇ ਦੇ ਸਾਰੇ ਕਿਣਕੇ ਸਾਡੇ ਚੁਲੇ ਵਿੱਚੋਂ ਨਿਕਲੇ ਹਨ, ਫਿਰ ਮੁਖ ਖੋਲ੍ਹ ਕੇ ਦਿਖਾਇਆ ਕਿ ਦੇਖੋ ਪਦਾਰਥਾਂ ਦੇ ਕਿਣਕੇ ਲੱਗੇ ਹੋਏ ਹਨ, ਜੋ ਸੰਗਤ ਛਕਦੀ ਹੈ।

ਜਿਵੇਂ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਅੰਬ ਅਰਪਣ ਕੀਤਾ ਸੀ, ਮਹਾਰਾਜ ਜੀ ਨੇ ਧਿਆਨ ਦੇ ਨਾਲ ਹੀ ਅਰਪਣ ਹੋਇਆ ਅੰਬ ਚੂਪ ਲਿਆ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਧਿਆਨ ਕਰਕੇ ਭੈਰੋਵਾਲ ਵਿਖੇ ਅੰਬ ਚੂਪਿਆ ਸੀ ਤੇ ਇਧਰ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਬੈਠੇ ਹੋਇਆਂ ਨੇ ਹੀ ਉਹ ਅੰਬ ਚੂਪ ਲਿਆ ਤੇ ਗੁਠਲੀ ਕੱਢ ਕੇ ਭਾਈ ਬੰਨੋ ਜੀ ਨੂੰ ਪਕੜਾ ਦਿੱਤੀ ਤੇ ਕਿਹਾ ਜਦ ਭਾਈ ਜੇਠਾ ਜੀ ਆਉਣ ਤਾਂ ਇਹ ਉਨ੍ਹਾਂ ਨੂੰ ਦਿਖਾ ਦੇਣੀ ਭਾਈ ਜੇਠਾ ਜੀ ਦੇ ਆਉਣ 'ਤੇ ਗੁਰੂ ਅਮਰਦਾਸ ਜੀ ਨੇ ਕਿਹਾ ਕਿ ਜੋ ਤੁਸੀਂ ਅਰਦਾਸ ਕਰ ਕੇ ਸਾਨੂੰ ਅੰਬ ਅਰਪਿਆ ਸੀ, ਉਹ ਅਸੀਂ ਚੂਪਿਆ ਹੈ ਤੇ ਉਸ ਦੀ ਗੁਠਲੀ ਭਾਈ ਬੰਨੋ ਜੀ ਤੋਂ ਲੈ ਲਵੋ।

ਇਉਂ ਸਤਿਗੁਰੂ ਸਾਹਿਬ ਜੀ ਦੀ ਗੁਰਸਿੱਖਾਂ ਪ੍ਰਤੀ ਪ੍ਰੀਤੀ ਹੈ ਕਿ ਜੋ ਗੁਰਸਿੱਖ ਦੇ ਮੂੰਹ ਵਿਚ ਪਵੇ, ਉਹ ਸਾਨੂੰ ਪ੍ਰਾਪਤ ਹੁੰਦਾ ਹੈ। ਸਤਿਗੁਰੂ ਜੀ ਦੀ ਪ੍ਰਸੰਨਤਾ ਹੁੰਦੀ ਹੈ, ਗੁਰੂ ਕੀ ਖ਼ੁਸ਼ੀ ਪ੍ਰਾਪਤ ਕਰਨ ਲਈ ਗੁਰ ਸਿੱਖਾਂ ਨੂੰ ਪਦਾਰਥ ਛਕਾਉਣ ਦੀ ਪ੍ਰਥਾ ਹੈ।

## ਤੇ ਹਰਿ ਜਨ; ਹਰਿ ਮੇਲਹੁ ਹਮ ਪਿਆਰੇ ॥

ਹੇ ਪਿਆਰੇ ਹਰੀ! ਹਮ = ਮੈਨੂੰ ਤੇ = ਉਨ੍ਹਾਂ ਹਰੀ ਦੇ ਸੰਤ ਜਨਾਂ ਨਾਲ ਮੇਲਹੁ = ਮੇਲਣਾ ਕਰ।

## ਜਿਨ ਮਿਲਿਆ; ਦੁਖ ਜਾਹਿ ਹਮਾਰੇ ॥੧॥ਰਹਾਉ॥

ਜਿਨ੍ਹਾਂ ਦੇ ਮਿਲਣੇ ਕਰ ਕੇ ਹਮਾਰੇ = ਸਾਡੇ ਤਮਾਮ ਦੁਖ ਜੰਮਣ ਮਰਣ ਆਦਿ ਦੇ ਚਲੇ ਜਾਣ ॥੧॥ਰਹਾਉ॥

## ਜਿਉ ਮਿਲਿ ਬਛਰੇ; ਗਊ ਪ੍ਰੀਤਿ ਲਗਾਵੈ ॥

ਜਿਵੇਂ ਬਛਰੇ = ਵੱਛੇ ਨੂੰ ਮਿਲਣ ਕਰ ਕੇ ਗਊ ਪ੍ਰੀਤੀ ਲਗਾਉਂਦੀ ਹੈ, ਇਸੇ ਪ੍ਰਕਾਰ ਵੱਛੇ ਦੀ ਨਿਆਈਂ ਗੁਰਸਿੱਖ ਅਤੇ ਗਊ ਦੀ ਨਿਆਈਂ ਮਾਤਾ ਪਿਤਾ ਰੂਪ ਗੁਰੂ ਸਾਹਿਬ ਜੀ ਹਨ। ਇਉਂ ਗੁਰਸਿੱਖਾਂ ਦੇ ਮਸਤਕ 'ਤੇ ਹੱਥ ਰੱਖ ਕੇ ਪ੍ਰੀਤ ਲਾਉਂਦੇ ਹਨ, ਭਾਵ ਨਿਹਾਲ ਕਰਦੇ ਹਨ।

## ਕਾਮਨਿ ਪ੍ਰੀਤਿ; ਜਾ ਪਿਰੁ ਘਰਿ ਆਵੈ ॥

ਜਾ = ਜਦੋਂ ਪ੍ਰਦੇਸ ਗਿਆ ਹੋਇਆ ਪਿਰੁ = ਪਤੀ ਘਰ ਵਿਚ ਆਵੈ = ਆਉਂਦਾ ਹੈ ਤਾਂ ਕਾਮਨਿ = ਇਸਤਰੀ (ਘਰਵਾਲੀ) ਉਸ ਨਾਲ ਪ੍ਰੀਤਿ = ਪ੍ਰੀਤੀ ਕਰਦੀ ਹੈ, ਇਸੇ ਪ੍ਰਕਾਰ ਗੁਰਸਿੱਖਾਂ ਦੇ ਅੰਦਰ ਪ੍ਰੀਤ ਹੈ ਕਿ ਗੁਰੂ ਸਾਹਿਬ ਆ ਕੇ ਮੈਨੂੰ ਦਰਸ਼ਨ ਦੇਣ।

## ਹਰਿ ਜਨ ਪ੍ਰੀਤਿ; ਜਾ ਹਰਿ ਜਸੁ ਗਾਵੈ ॥੨॥

ਤਿਵੇਂ ਜਾ = ਜਦੋਂ ਹਰੀ ਦੇ ਸੰਤ ਜਨ ਹਰਿ = ਪਰਮੇਸ਼ਰ ਦਾ ਜਸੁ = ਕੀਰਤ ਗਾਵੈ = ਗਾਉਂਦੇ ਹਨ ਤਾਂ ਉਨ੍ਹਾਂ ਹਰੀ ਦੇ ਜਨਾਂ ਦੀ ਹਰੀ ਨਾਲ ਪ੍ਰੀਤਿ = ਪ੍ਰੀਤੀ ਵੱਧ ਜਾਂਦੀ ਹੈ **ਵਾ:** ਪ੍ਰੀਤਿ = ਪ੍ਰਸੰਨਤਾ ਹੁੰਦੀ ਹੈ ॥੨॥

## ਸਾਰਿੰਗ ਪ੍ਰੀਤਿ; ਬਸੈ ਜਲਧਾਰਾ ॥

ਜਿਸ ਪ੍ਰਕਾਰ ਸਾਰਿੰਗ = ਬਬੀਹੇ ਦੀ ਪ੍ਰੀਤਿ = ਪ੍ਰੀਤੀ ਜਲਧਾਰਾ = ਪਾਣੀ ਦੀ ਧਾਰ ਭਾਵ ਸਵਾਂਤੀ ਬੂੰਦ ਦੇ ਬਸੈ = ਵਰਸਣ ਨਾਲ ਹੈ, ਭਾਵ ਕਿ ਜੇ ਬੱਦਲ ਜਲ ਦੀਆਂ ਧਾਰਾਂ ਹੋ ਕੇ ਵਰ੍ਹੇ ਅਤੇ ਸਵਾਂਤੀ ਬੂੰਦ ਦੀ ਵਰਖਾ ਹੋਵੇ ਤਾਂ ਬਬੀਹੇ ਦੀ ਤ੍ਰੇਹ ਮਿਟ ਜਾਂਦੀ ਹੈ। ਹੋਰ ਥਾਵਾਂ ਤੋਂ ਪੀਤਾ ਜਲ ਬਬੀਹੇ ਦੇ ਕੰਠ ਵਿਚ ਜੋ ਗਲੀ ਹੁੰਦੀ ਹੈ, ਉਸ ਰਾਹੀਂ ਨਿਕਲ ਜਾਂਦਾ ਹੈ। ਸਵਾਂਤੀ ਬੂੰਦ ਉਸ ਦੇ ਅੰਦਰ ਜਾ ਕੇ ਪਿਆਸ ਬੁਝਾਉਂਦੀ ਹੈ। **ਅਥਵਾ** ਇਸੇ ਪ੍ਰਕਾਰ ਬਬੀਹੇ ਦੀ ਨਿਆਈਂ ਗੁਰਸਿੱਖਾਂ ਦੀ ਪ੍ਰੀਤੀ ਗੁਰ ਉਪਦੇਸ਼, ਨਾਮ, ਪ੍ਰੇਮ ਰੂਪੀ ਸਵਾਂਤੀ ਬੂੰਦ ਦੇ ਵਰਸਣ ਨਾਲ ਹੈ। ਅਰਥਾਤ ਵੇਦ ਸ਼ਾਸਤਰਾਂ ਰੂਪੀ ਦਰਿਆ ਦੇ ਪਾਣੀ ਨਾਲ ਤ੍ਰਿਪਤੀ ਨਹੀਂ ਹੁੰਦੀ, ਨਿਸਚਾ ਨਹੀਂ ਹੁੰਦਾ। ਗੁਰੂ ਸਾਹਿਬ ਦੇ ਮੁੱਖੋਂ ਸੁਣ ਕੇ ਹੀ ਨਿਹਾਲ ਹੁੰਦੇ ਹਨ।

## ਨਰਪਤਿ ਪ੍ਰੀਤਿ; ਮਾਇਆ ਦੇਖਿ ਪਸਾਰਾ ॥

ਨਰਪਤਿ = ਨਰਾਂ ਦੇ ਪਤੀ ਰਾਜਿਆਂ ਦੀ ਪ੍ਰੀਤੀ ਮਾਇਆ ਦਾ ਬਹੁਤਾ ਪਸਾਰਾ ਦੇਖਿ = ਦੇਖਣ ਵਿਚ ਹੈ ਭਾਵ ਬਹੁਤਾ ਖਜ਼ਾਨਾ ਵਧਾਉਣ ਦੀ ਹੁੰਦੀ ਹੈ **ਅਥਵਾ** : ਇਸੇ ਪ੍ਰਕਾਰ ਬ੍ਰਹਮ ਬੇਤੇ ਨਰਾਂ ਦੇ ਪਤੀ ਪਰਮੇਸ਼ਰ ਦੀ ਭਗਤੀ ਰੂਪ, ਬ੍ਰਹਮ ਵਿੱਦਿਆ ਰੂਪੀ ਮਾਇਆ ਦੇ ਪਸਾਰੇ ਨੂੰ ਦੇਖ ਕੇ ਪ੍ਰਸੰਨਤਾ ਦੇ ਸਹਿਤ ਹੁੰਦੇ ਹਨ।

## ਹਰਿ ਜਨ ਪ੍ਰੀਤਿ; ਜਪੈ ਨਿਰੰਕਾਰਾ ॥੩॥

ਤਿਵੇਂ ਹੀ ਹਰਿ = ਪਰਮੇਸ਼ਰ ਦੇ ਸੰਤ ਜਨਾਂ ਦੀ ਪ੍ਰੀਤਿ = ਪ੍ਰੀਤੀ ਨਿਰੰਕਾਰਾ = ਆਕਾਰ ਤੋਂ ਰਹਿਤ ਪਰਮੇਸ਼ਰ ਨਾਮ ਜਪੈ = ਜੱਪਣ ਵਿਚ ਹੈ ॥੩॥

## ਨਰ ਪ੍ਰਾਣੀ ਪ੍ਰੀਤਿ; ਮਾਇਆ ਧਨੁ ਖਾਟੇ ॥

ਜਿਵੇਂ ਵੀ ਪ੍ਰਾਣੀ = ਪ੍ਰਾਣਾਂ ਧਾਰੀ ਨਰ = ਪੁਰਖਾਂ ਦੀ ਪ੍ਰੀਤਿ = ਪ੍ਰੀਤੀ ਮਾਇਆ = ਛਲ ਰੂਪ ਧਨੁ = ਰੁਪਏ, ਰੋਕੜੀ ਆਦਿ ਨੂੰ ਖਾਟੇ = ਖੱਟਣ ਵਿਚ ਭਾਵ ਇਕੱਤਰ ਕਰਨ ਵਿਚ ਹੈ।

## ਗੁਰਸਿਖ ਪ੍ਰੀਤਿ; ਗੁਰੁ ਮਿਲੈ ਗਲਾਟੇ ॥

ਇਸੇ ਪ੍ਰਕਾਰ ਗੁਰਸਿੱਖਾਂ ਦੀ ਪ੍ਰੀਤਿ = ਪ੍ਰੀਤੀ ਗੁਰੂ ਦੇ ਗਲਾਟੇ = ਕੰਠ ਨਾਲ ਮਿਲੈ = ਮਿਲਣ ਦੀ ਹੈ। ਭਾਵ ਗਲਵੱਕੜੀ ਪਾ ਕੇ ਮਿਲਨ ਦੀ ਹੈ **ਵਾ:** ਗੁਰਸਿੱਖਾਂ ਦੀ ਪ੍ਰੀਤੀ ਗੁਰਾਂ ਦੇ ਗਲਾਟੇ = ਕੰਠ ਵਿੱਚੋਂ ਨਿਕਲੇ ਉਪਦੇਸ਼ ਦੁਆਰਾ ਪਰਮੇਸ਼ਰ ਦੇ ਨਾਲ ਮਿਲਣ ਭਾਵ ਅਭੇਦ ਹੋਣ ਦੀ ਹੈ।

## ਜਨ ਨਾਨਕ ਪ੍ਰੀਤਿ; ਸਾਧ ਪਗ ਚਾਟੇ ॥੪॥੩॥੪੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੀ ਜਨਾਂ ਦੀ ਪ੍ਰੀਤਿ = ਪ੍ਰੀਤੀ ਤਾਂ ਮਹਾਰਾਜ ਜੀ ਦੇ ਸਾਧ = ਸੰਤਾਂ, ਭਗਤਾਂ ਦੇ ਪਗ = ਚਰਣ ਚਾਟੇ = ਚੱਟਣ ਵਿਚ ਹੀ ਹੈ **ਵਾ:** ਚਾਟੇ = ਚਾਅ ਲੱਗਿਆ ਹੋਇਆ ਹੈ ਕਿ ਉਨ੍ਹਾਂ ਸਾਧੂ ਮਹਾਤਮਾ ਦੀ ਪ੍ਰੀਤ ਪ੍ਰਾਪਤ ਹੋਵੇ ॥੪॥੩॥੪੧॥

## ਗਉੜੀ ਗੁਆਰੇਰੀ, ਮਹਲਾ ੪ ॥

## ਭੀਖਕ ਪ੍ਰੀਤਿ; ਭੀਖ ਪ੍ਰਭ ਪਾਇ ॥

ਜਿਵੇਂ ਭੀਖਕ = ਭਿਖਾਰੀ ਦੀ ਪ੍ਰੀਤੀ ਹੁੰਦੀ ਹੈ ਕਿ ਮੇਰਾ ਪ੍ਰਭ = ਮਾਲਕ ਮੈਨੂੰ ਭਿਖਿਆ ਪਾਇ = ਪਾ ਦੇਵੇ **ਅਥਵਾ** ਏਸੇ ਪ੍ਰਕਾਰ ਜਗਿਆਸੂ ਰੂਪ ਭੀਖਕ = ਭਿਖਾਰੀ ਦੀ ਪ੍ਰੀਤੀ ਹੁੰਦੀ ਹੈ ਕਿ ਮੇਰਾ ਪ੍ਰਭ = ਮਾਲਕ ਪਰਮੇਸ਼ਰ ਮੈਨੂੰ ਨਾਮ ਦੀ ਭੀਖ = ਭਿਖਿਆ ਪਾ ਦੇਵੇ। ਜੈਸਾ ਕਿ :

**ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥** *(ਆਸਾ ਸੇਖ ਫਰੀਦ ਜੀਉ ਕੀ ਬਾਣੀ, ਅੰਗ ੪੮੮)*

## ਭੂਖੇ ਪ੍ਰੀਤਿ ਹੋਵੈ; ਅੰਨੁ ਖਾਇ ॥

ਜਿਵੇਂ ਭੁੱਖੇ ਪੁਰਸ਼ਾਂ ਦੀ ਅੰਨੁ = ਭੋਜਨ ਆਦਿਕ ਪਦਾਰਥ ਖਾਇ = ਖਾਣ ਵਿਚ ਹੀ ਪ੍ਰੀਤੀ ਹੋਵੈ = ਹੁੰਦੀ ਹੈ। **ਅਥਵਾ** ਏਸੇ ਪ੍ਰਕਾਰ ਗੁਰਸਿੱਖ ਦਰਸ਼ਨਾਂ ਦੇ ਭੁੱਖੇ ਹਨ ਇਸੇ ਕਰਕੇ ਉਨ੍ਹਾਂ ਦੀ ਪਰਮੇਸ਼ਰ ਦੇ ਬ੍ਰਹਮਾਨੰਦ ਰੂਪ ਅੰਨੁ = ਭੋਜਨ ਨੂੰ ਖਾਇ = ਖਾਣ ਵਿਚ ਪ੍ਰੀਤੀ ਹੋਵੈ = ਹੁੰਦੀ ਹੈ।

## ਗੁਰਸਿਖ ਪ੍ਰੀਤਿ; ਗੁਰ ਮਿਲਿ ਆਘਾਇ ॥੧॥

ਇਵੇਂ ਗੁਰਸਿੱਖਾਂ ਦੀ ਪ੍ਰੀਤਿ = ਪ੍ਰੀਤੀ ਗੁਰੂ ਸਾਹਿਬ ਨਾਲ ਮਿਲਣ ਦੀ ਹੈ। ਕਿਉਂਕਿ ਗੁਰੂ ਸਾਹਿਬ ਨਾਲ ਮਿਲਣ ਕਰਕੇ ਗੁਰਸਿੱਖਾਂ ਦੇ ਮਨ ਆਘਾਇ = ਤ੍ਰਿਪਤ ਹੁੰਦੇ ਹਨ ॥੧॥

## ਹਰਿ ਦਰਸਨੁ ਦੇਹੁ; ਹਰਿ ਆਸ ਤੁਮਾਰੀ ॥

ਹੇ ਹਰੀ ! ਮੈਨੂੰ ਆਪਣਾ ਦਰਸ਼ਨ ਬਖ਼ਸ਼ ਦੇਹੁ = ਦੇਵੋ, ਕਿਉਂਕਿ ਹੇ ਹਰੀ ਮੈਨੂੰ ਤੁਮਾਰੀ = ਤੁਹਾਡੀ ਪ੍ਰਾਪਤੀ ਦੀ ਆਸਾ = ਚਾਹਨਾ, ਇੱਛਾ ਲੱਗੀ ਹੋਈ ਹੈ।

## ਕਰਿ ਕਿਰਪਾ; ਲੋਚ ਪੂਰਿ ਹਮਾਰੀ ॥੧॥ਰਹਾਉ॥

ਹੇ ਪ੍ਰਭੂ ! ਕਿਰਪਾ ਕਰਕੇ ਹਮਾਰੀ = ਮੇਰੀ ਇਹ ਲੋਚ = ਇੱਛਾ ਪੂਰੀ ਕਰ ਦਿਓ ॥੧॥ਰਹਾਉ॥

## ਚਕਵੀ ਪ੍ਰੀਤਿ; ਸੂਰਜੁ ਮੁਖਿ ਲਾਗੈ ॥ ਮਿਲੈ ਪਿਆਰੇ; ਸਭ ਦੁਖ ਤਿਆਗੈ ॥

ਜਿਵੇਂ ਸੂਰਜ ਦੇ ਮੁਖ ਲਾਗੈ = ਲੱਗਣ ਨਾਲ ਚਕਵੀ ਦੀ ਪ੍ਰੀਤੀ ਹੁੰਦੀ ਹੈ ਉਹ ਆਪਣੇ ਪਿਆਰੇ ਚਕਵੇ ਨਾਲ ਮਿਲੈ = ਮਿਲਣ ਕਰਕੇ ਰਾਤ੍ਰੀ ਦੇ ਵਿਛੋੜੇ ਦਾ ਸਾਰਾ ਦੁਖ ਤਿਆਗੈ = ਤਿਆਗ ਭੁੱਲ ਜਾਂਦੀ ਹੈ **ਅਥਵਾ** ਏਸੇ ਪ੍ਰਕਾਰ ਗੁਰੂ ਰੂਪ ਸੂਰਜ ਦੇ ਮੁਖ ਲੱਗਣ ਭਾਵ ਦਰਸ਼ਨ ਕਰਨ ਵਿਚ ਚਕਵੀ ਦੀ ਨਿਆਈਂ ਗੁਰ ਸਿੱਖਾਂ ਦੀ ਪ੍ਰੀਤੀ ਹੁੰਦੀ ਹੈ। ਉਹ ਆਪਣੇ ਪਿਆਰੇ ਬ੍ਰਹਮ ਰੂਪ ਚਕਵੇ ਨਾਲ ਮਿਲ ਕੇ ਅਵਿੱਦਿਆ ਰੂਪ ਰਾਤਰੀ ਦੇ ਕਰਕੇ ਪਏ ਵਿਛੋੜੇ, ਜੰਮਣ ਮਰਣ ਦੇ ਸਾਰੇ ਦੁੱਖ ਤਿਆਗ ਭਾਵ ਭੁੱਲ ਜਾਂਦੇ ਹਨ।

## ਗੁਰਸਿਖ ਪ੍ਰੀਤਿ; ਗੁਰੂ ਮੁਖਿ ਲਾਗੈ ॥੨॥

ਇਵੇਂ ਗੁਰਸਿਖਾਂ ਦੀ ਪ੍ਰੀਤ ਹੈ ਕਿ ਗੁਰੂ ਸਾਹਿਬ ਜੀ ਦੇ ਮੁਖਿ = ਸਨਮੁਖ ਲੱਗੀਏ, ਭਾਵ ਹਰ ਵਖਤ ਗੁਰੂ ਸਾਹਿਬ ਜੀ ਦੇ ਸਨਮੁਖ ਜੁੜੇ ਰਹੀਏ॥੨॥

## ਬਛਰੇ ਪ੍ਰੀਤਿ; ਖੀਰੁ ਮੁਖਿ ਖਾਇ ॥

ਬਛਰੇ = ਵੱਛੇ ਦੀ ਪ੍ਰੀਤੀ ਆਪਣੀ ਮਾਂ (ਗਊ) ਦੇ ਖੀਰੁ = ਦੁੱਧ ਨੂੰ ਮੁਖ ਵਿਚ ਪਾ ਕੇ ਖਾਇ = ਖਾਣ ਭਾਵ ਪੀਣ ਦੀ ਹੈ **ਅਥਵਾ** ਏਸੇ ਪ੍ਰਕਾਰ ਵੱਛੇ ਦੀ ਨਿਆਈਂ ਗੁਰਸਿੱਖਾਂ ਦੀ ਗੁਰੂ ਦੇ ਉਪਦੇਸ਼ ਰੂਪੀ ਦੁੱਧ ਨੂੰ ਮੁੱਖ ਵਿਚ ਪਾ ਕੇ ਖਾਣ ਭਾਵ ਪੀਣ ਨਾਲ ਪ੍ਰੀਤ ਹੈ।

## ਹਿਰਦੈ ਬਿਗਸੈ; ਦੇਖੈ ਮਾਇ ॥

ਜਿਸ ਪ੍ਰਕਾਰ ਜਦੋਂ ਵੱਛਾ ਆਪਣੀ ਮਾਇ = ਮਾਂ ਭਾਵ ਗਊ ਨੂੰ ਦੇਖ ਕੇ ਹਿਰਦੈ = ਦਿਲ ਵਿਚ ਬਿਗਸੈ = ਪ੍ਰਸੰਨ ਹੁੰਦਾ ਹੈ **ਵਾ:** ਏਸੇ ਪ੍ਰਕਾਰ ਗੁਰਸਿੱਖਾਂ ਦੇ ਹਿਰਦੇ, ਮਾਤਾ ਦੀ ਨਿਆਈਂ ਗੁਰੂ ਸਾਹਿਬ ਜੀ ਦੇ ਦਰਸ਼ਨ ਦੇਖ ਕੇ ਬਿਗਸੈ = ਖਿੜ ਜਾਂਦੇ ਹਨ, ਭਾਵ ਪ੍ਰਸੰਨ ਅਨੰਦ ਹੋ ਜਾਂਦੇ ਹਨ।

## ਗੁਰਸਿਖ ਪ੍ਰੀਤਿ; ਗੁਰੂ ਮੁਖਿ ਲਾਇ ॥੩॥

ਇਸ ਪ੍ਰਕਾਰ ਗੁਰਸਿੱਖਾਂ ਦੀ ਪ੍ਰੀਤੀ ਹੈ ਕਿ ਗੁਰੂ ਸਾਹਿਬ ਜੀ ਸਾਨੂੰ ਸਨਮੁਖ ਲਾਇ = ਲਾ ਲੈਣ ॥੩॥

## ਹੋਰੁ ਸਭ ਪ੍ਰੀਤਿ; ਮਾਇਆ ਮੋਹੁ ਕਾਚਾ ॥

ਹੋਰੁ ਸਭ = ਸਾਰੀਆਂ ਪ੍ਰੀਤਾਂ ਮਾਇਆ ਦਾ ਮੋਹ ਆਦਿਕ ਕਾਚਾ = ਕੱਚੀਆਂ ਭਾਵ ਨਾਸਵੰਤ ਹਨ, ਭਾਵ ਵਿਸ਼ਿਆਂ ਦਾ ਪ੍ਰੇਮ ਕਚਿਆਈ ਵਾਲਾ ਹੈ।

## ਬਿਨਸਿ ਜਾਇ; ਕੂਰਾ ਕਚੁ ਪਾਚਾ ॥

ਜਗਤ ਦੇ ਕੂਰਾ = ਝੂਠੇ ਪਦਾਰਥਾਂ ਦਾ ਕਚੁ = ਕੱਚਾ ਪਾਚਾ = ਪਾਜ ਸਾਰਾ ਬਿਨਸਿ = ਨਾਸ਼ ਹੋ ਜਾਇ = ਜਾਣ ਵਾਲਾ ਹੈ।

[ਅੰਗ ੧੬੫]

## ਜਨ ਨਾਨਕ ਪ੍ਰੀਤਿ; ਤ੍ਰਿਪਤਿ ਗੁਰੁ ਸਾਚਾ ॥੪॥੪॥੪੨॥

ਗੁਰਮੁਖ ਜਨਾਂ ਦੀ ਗੁਰਾਂ ਨਾਲ ਸੱਚੀ ਪ੍ਰੀਤੀ ਹੈ ਕਿਉਂਕਿ ਉਹ ਸਾਚਾ = ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਆਤਮਾਨੰਦ ਨੂੰ ਪਾ ਕੇ ਤ੍ਰਿਪਤਿ = ਸੰਤੁਸ਼ਟ ਹੁੰਦੇ ਹਨ ॥੪॥੪॥੪੨॥

## ਗਉੜੀ ਗੁਆਰੇਰੀ, ਮਹਲਾ ੪ ॥

ਗਉੜੀ ਰਾਗ ਦੀ ਗੁਆਰੇਰੀ ਜਾਤੀ ਵਿਚ ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਪਾਵਨ ਉਪਦੇਸ਼ ਕਥਨ ਕਰਦੇ ਹਨ :

## ਸਤਿਗੁਰ ਸੇਵਾ; ਸਫਲ ਹੈ ਬਣੀ ॥

ਦੁਨੀਆਂ ਦੀ ਝੂਠੀ ਸੇਵਾ ਨਾਲੋਂ ਸਤਿਗੁਰਾਂ ਦੀ ਸੇਵਾ = ਟਹਿਲ ਸਫਲ **ਵਾ:** (ਸ+ਫਲ) ਸ = ਸਹਿਤ ਗਿਆਨ ਫਲ ਦੇ ਬਣੀ = ਬਣ ਰਹੀ ਹੈ **ਅਥਵਾ** ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਜੋ ਸੇਵਾ ਹੈ, ਇਹ ਸਫਲ ਬਣ ਰਹੀ ਹੈ, ਭਾਵ ਸੇਵਾ ਰੂਪੀ ਸੋਹਣੀ ਬਗ਼ੀਚੀ ਲੱਗ ਰਹੀ ਹੈ, ਜਿਸ ਸੇਵਾ ਦੇ ਤਾਈਂ ਕਰੁਣਾ, ਮੁਦਤਾ, ਮੈਤ੍ਰੀ ਰੂਪ ਸੁੰਦਰ ਫੁੱਲ, ਧਰਮ ਰੂਪੀ ਫਲ ਅਤੇ ਗਿਆਨ ਰੂਪ ਵਿੱਚੋਂ ਰਸ ਨਿਕਲ ਰਿਹਾ ਹੈ। ਇਉਂ ਸਤਿਗੁਰਾਂ ਦੀ ਸੇਵਾ ਸੋਹਣੀ ਸਫਲ ਬਣ ਰਹੀ ਹੈ।

## ਜਿਤੁ ਮਿਲਿ; ਹਰਿ ਨਾਮੁ ਧਿਆਇਆ, ਹਰਿ ਧਣੀ ॥

ਜਿਤੁ = ਜਿਸ ਸਤਿਗੁਰਾਂ ਦੀ ਸੇਵਾ ਵਿਚ ਮਿਲਿ = ਮਿਲਾਪ ਕਰ ਕੇ ਧਣੀ = ਮਾਲਕ ਹਰਿ = ਵਾਹਿਗੁਰੂ ਦੇ ਹਰਿ ਨਾਮ ਨੂੰ ਹਰ ਵਕਤ ਧਿਆਨ ਦੁਆਰਾ ਧਿਆਇਆ = ਧਿਆਉਣਾ ਕੀਤਾ ਹੈ।

## ਜਿਨ ਹਰਿ ਜਪਿਆ; ਤਿਨ ਪੀਛੈ ਛੂਟੀ ਘਣੀ ॥੧॥

ਜਿਨ = ਜਿਨ੍ਹਾਂ ਨੇ ਹਰਿ = ਪਰਮੇਸ਼ਰ ਦੇ ਨਾਮ ਨੂੰ ਜਪਿਆ ਹੈ, ਤਿਨ = ਉਨ੍ਹਾਂ ਮਹਾਪੁਰਖਾਂ ਦੇ ਪੀਛੈ = ਪਿੱਛੇ ਘਣੀ = ਬਹੁਤੀ ਸ੍ਰਿਸ਼ਟੀ ਨੇ ਬੰਧਨਾਂ ਤੋਂ ਛੁਟਕਾਰਾ ਪਾਉਣਾ ਕੀਤਾ ਹੈ ॥੧॥

## ਗੁਰਸਿਖ ਹਰਿ ਬੋਲਹੁ; ਮੇਰੇ ਭਾਈ ॥

ਹੇ ਮੇਰੇ ਭਾਈ ਗੁਰਸਿਖ = ਗੁਰਸਿੱਖੋ ! ਹਰਿ = ਹਰੀ ਅਕਾਲ ਪੁਰਖ ਦੇ ਨਾਮ ਨੂੰ ਬੋਲਹੁ = ਬੋਲਣਾ ਕਰੋ ਭਾਵ ਜਪਣਾ ਕਰੋ, ਕਿਉਂਕਿ :

## ਹਰਿ ਬੋਲਤ; ਸਭ ਪਾਪ ਲਹਿ ਜਾਈ ॥੧॥ਰਹਾਉ॥

ਹਰੀ ਦਾ ਨਾਮ ਬੋਲਤ = ਬੋਲਣ ਕਰਕੇ ਭਾਵ ਜਪਣੇ ਕਰਕੇ ਸਭ = ਸਾਰੇ ਜਨਮਾਂ-ਜਨਮਾਂਤਰਾਂ ਦੇ ਪਾਪ ਲਹਿ ਜਾਂਦੇ ਹਨ, ਭਾਵ ਸਭ ਪਾਪ ਨਾਸ ਹੋ ਜਾਂਦੇ ਹਨ ॥੧॥ਰਹਾਉ॥

## ਜਬ ਗੁਰੁ ਮਿਲਿਆ; ਤਬ ਮਨੁ ਵਸਿ ਆਇਆ ॥

ਜਬ = ਜਦੋਂ ਗੁਰੁ = ਸਤਿਗੁਰੂ ਮਿਲਿਆ = ਮਿਲ ਪਿਆ ਤਬ = ਤਦ ਸਤਿਗੁਰਾਂ ਦੀ ਕਿਰਪਾ ਨਾਲ ਪਾਰੇ ਵਾਂਗ ਚੰਚਲ ਮਨ ਵਸ ਵਿਚ ਆਇਆ = ਆ ਗਿਆ।

## ਧਾਵਤ ਪੰਚ ਰਹੇ; ਹਰਿ ਧਿਆਇਆ ॥

ਪੰਜ ਗਿਆਨ ਇੰਦ੍ਰੇ ਵੀ ਵਿਸ਼ਿਆਂ ਵੱਲੋਂ ਧਾਵਤ = ਦੌੜਨ ਤੋਂ ਰਹਿ ਗਏ, ਜਦੋਂ ਹਰੀ ਦੇ ਨਾਮ ਨੂੰ ਧਿਆਇਆ = ਧਿਆਉਣਾ ਕੀਤਾ।

## ਅਨਦਿਨੁ ਨਗਰੀ; ਹਰਿ ਗੁਣ ਗਾਇਆ ॥੨॥

ਅਨਦਿਨੁ = ਰਾਤ ਦਿਨ ਨਗਰੀ = ਸਰੀਰ, ਦੇਹ ਨਾਲ ਅਕਾਲ ਪੁਰਖ ਦੇ ਗੁਣਾਂ ਨੂੰ ਗਾਇਆ ॥੨॥

## ਸਤਿਗੁਰ ਪਗ ਧੂਰਿ; ਜਿਨਾ ਮੁਖਿ ਲਾਈ ॥

ਜਿਨ੍ਹਾਂ ਨੇ ਸਤਿਗੁਰੂ ਜੀ ਦੇ ਪਗ = ਚਰਨ ਕਮਲਾਂ ਦੀ ਧੂਰਿ = ਧੂੜੀ ਆਪਣੇ ਮੁਖਿ = ਮੂੰਹ (ਮੱਥੇ) ਉੱਤੇ ਲਾਈ = ਲਾਉਣਾ ਕੀਤੀ ਹੈ।

## ਤਿਨ ਕੂੜ ਤਿਆਗੇ; ਹਰਿ ਲਿਵ ਲਾਈ ॥

ਤਿਨ = ਉਨ੍ਹਾਂ ਨੇ ਕੂੜ = ਝੂਠੇ ਪਦਾਰਥਾਂ ਦੇ ਮੋਹ ਤਿਆਗੇ = ਛੱਡ ਕੇ ਅਕਾਲ ਪੁਰਖ ਦੇ ਨਾਮ ਵਿਚ ਲਿਵ = ਬ੍ਰਿਤੀ ਲਾਈ = ਲਾ ਲਈ ਹੈ।

## ਤੇ ਹਰਿ ਦਰਗਹ; ਮੁਖ ਊਜਲ ਭਾਈ ॥੩॥

ਹੇ ਭਾਈ ! ਤੇ = ਉਨ੍ਹਾਂ ਦੇ ਹਰੀ ਦੀ ਦਰਗਾਹ ਵਿਚ ਮੁੱਖ ਊਜਲ = ਉਜਾਲੇ ਵਾਲੇ ਭਾਵ ਜਸ ਵਾਲੇ ਹੋਏ ਹਨ ॥੩॥

## ਗੁਰ ਸੇਵਾ; ਆਪਿ ਹਰਿ ਭਾਵੈ ॥

ਗੁਰੂ ਸਾਹਿਬ ਜੀ ਦੀ ਸੇਵਾ ਆਪ ਹਰਿ = ਅਕਾਲ ਪੁਰਖ ਨੂੰ ਭਾਵੈ = ਭਾਉਂਦੀ ਹੈ, ਭਾਵ ਚੰਗੀ ਲੱਗਦੀ ਹੈ।

ਜਿਸ ਪ੍ਰਕਾਰ ਹਰੀ ਦਾ ਰੂਪ ਰਾਮ ਚੰਦਰ ਜੀ ਆਪ ਵਿਸ਼ਿਸ਼ਟ ਮੁਨੀ ਜੀ ਦੀ ਜਾ ਕੇ ਸੇਵਾ ਕਰਦੇ ਰਹੇ, ਜਦੋਂ ਰਾਮ ਜੀ ਉਪਦੇਸ਼ ਲੈਣ ਲਈ ਗਏ ਤਾਂ ਵਿਸ਼ਿਸ਼ਟ ਮੁਨੀ ਜੀ ਦੀ ਸਮਾਧੀ ਲੱਗੀ ਹੋਈ ਸੀ, ਜਦੋਂ ਇਕ ਪਹਿਰ ਬਾਅਦ ਵਿਸ਼ਿਸ਼ਟ ਜੀ ਨੇ ਸਮਾਧੀ ਖੋਲ੍ਹੀ ਤਾਂ ਦੇਖਦੇ ਹਨ ਕਿ ਰਾਮ ਚੰਦਰ ਜੀ ਹੱਥ ਜੋੜੀ ਅੱਗੇ ਖੜ੍ਹੇ ਹਨ। ਤਾਂ ਵਿਸ਼ਿਸ਼ਟ ਜੀ ਕਹਿਣ ਲੱਗੇ ਕਿ ਹੇ ਰਾਮ ! ਆਪ ਤਾਂ ਵਿਸ਼ਨੂੰ ਦਾ ਅਵਤਾਰ ਹੋ, ਤੁਸੀਂ ਹੱਥ ਜੋੜੀ ਕਿਉਂ ਖੜ੍ਹੇ ਹੋ ? ਰਾਮ ਜੀ ਕਹਿਣ ਲੱਗੇ ਕਿ ਮਹਾਰਾਜ ਉਪਦੇਸ਼ ਲੈਣ ਵਾਸਤੇ ਆਇਆ ਹਾਂ। ਉਸ ਵੇਲੇ ਵਿਸ਼ਿਸ਼ਟ ਪੁਰਾਣ ਰਾਮ ਚੰਦਰ ਜੀ ਨੂੰ ਚੌਹਠ (੬੪) ਦਿਨਾਂ ਵਿਚ ਸੁਣਾਇਆ ਸੀ।

## ਕ੍ਰਿਸਨੁ ਬਲਭਦ੍ਰੁ; ਗੁਰ ਪਗ ਲਗਿ ਧਿਆਵੈ ॥

ਕ੍ਰਿਸ਼ਨ ਭਗਵਾਨ ਅਤੇ ਕ੍ਰਿਸ਼ਨ ਭਗਵਾਨ ਜੀ ਦੇ ਭਰਾ ਬਲਭਦ੍ਰ = ਬਲਰਾਮ ਆਦਿ ਵੀ ਆਪਣੇ ਗੁਰੂ ਦਰਵਾਸ਼ਾ, ਸੰਦੀਪਨ ਆਦਿ ਦੇ ਚਰਨੀਂ ਲੱਗ ਕੇ ਪ੍ਰਭੂ ਨਾਮ ਨੂੰ ਧਿਆਵੈ = ਧਿਆਉਂਦੇ ਰਹੇ।

## ਨਾਨਕ ਗੁਰਮੁਖਿ; ਹਰਿ ਆਪਿ ਤਰਾਵੈ ॥੪॥੫॥੪੩॥

ਗੁਰੂ ਜੀ ਕਥਨ ਕਰਦੇ ਹਨ ਕਿ ਜੋ ਗੁਰੂ ਦੁਆਰਾ ਗੁਰਮੁਖ ਬਣੇ ਹਨ, ਉਨ੍ਹਾਂ ਨੂੰ ਆਪ ਹਰਿ = ਅਕਾਲ ਪੁਰਖ ਤਾਰ ਦਿੰਦਾ ਹੈ **ਵਾ:** ਗੁਰਮੁਖਾਂ ਦੇ ਜੀਵਨ ਜਹਾਜ਼ ਦੀ ਨਿਆਈਂ ਬਣ ਜਾਂਦੇ ਹਨ, ਉਹ ਆਪ ਤਰਦੇ, ਹੋਰਨਾਂ ਨੂੰ ਤਾਰ ਦਿੰਦੇ ਹਨ ॥੪॥੫॥੪੩॥

## ਗਉੜੀ ਗੁਆਰੇਰੀ, ਮਹਲਾ ੪ ॥

## ਹਰਿ ਆਪੇ ਜੋਗੀ; ਡੰਡਾ ਧਾਰੀ ॥

ਗੁਰੂ ਜੀ ਸਾਰਿਆਂ ਵਿਚ ਪਰਮੇਸ਼ਰ ਨੂੰ ਦੱਸਦੇ ਹਨ ਕਿ ਹਰੀ ਪਰਮੇਸ਼ਰ ਆਪ ਹੀ ਜੋਗੀ = ਜੋਗ ਸਾਧਨਾ ਕਰਨ ਵਾਲਾ ਹੈ ਅਤੇ ਆਪ ਹੀ ਡੰਡਾ ਧਾਰੀ = ਤ੍ਰਿਦੰਡ ਨੂੰ ਧਾਰਨ ਵਾਲਾ ਸੰਨਿਆਸੀ ਰੂਪ ਹੋ ਰਿਹਾ ਹੈ। ਲੋਟਾ, ਸੋਟਾ ਤੇ ਲੰਗੋਟਾ ਤਿੰਨ ਨਿਸ਼ਾਨੀਆਂ ਤ੍ਰਿਦੰਡੀ ਸੰਨਿਆਸੀਆਂ ਦੀਆਂ ਹਨ। **ਅਥਵਾ** ਏਸੇ ਹੀ ਪ੍ਰਕਾਰ ਆਪਣੇ ਸਰੂਪ ਵਿਚ ਜੋਗੀ = ਜੁੜਿਆ ਹੋਇਆ ਭਾਵ ਸਮਾਧੀ ਲਾਉਣ ਵਾਲਾ ਵੀ ਆਪ ਹੀ ਹੈ ਅਤੇ ਡੰਡਾ ਧਾਰੀ ਭਾਵ ਲੋਕ ਦੰਡ, ਪਿਤਰ ਦੰਡ ਅਤੇ ਦੇਵ ਦੰਡ ਨੂੰ ਦੇਣ ਵਾਲਾ ਵੀ ਆਪ ਹੀ ਹੈ **ਵਾ:** ਡੰਡਾਧਾਰੀ = ਹੁਕਮ

ਰੂਪੀ ਡੰਡਾ ਵੀ ਆਪ ਹੀ ਧਾਰਨ ਕੀਤਾ ਹੈ **ਵਾ:** ਮਨ ਰੂਪੀ ਡੰਡੇ ਨੂੰ ਹੱਥ ਵਿਚ ਪਕੜ ਕੇ ਅਧੀਨ ਰੱਖਣ ਵਾਲਾ ਵੀ ਆਪ ਹੀ ਹੈ।

## ਹਰਿ ਆਪੇ; ਰਵਿ ਰਹਿਆ ਬਨਵਾਰੀ ॥

ਹਰਿ = ਪਰਮੇਸ਼ਰ ਆਪੇ = ਆਪ ਹੀ ਬਨਵਾਰੀ = ਸੰਸਾਰ ਬਾਗ਼ ਦਾ ਮਾਲਕ, ਸਾਰੇ ਰਵਿ ਰਹਿਆ = ਵਿਆਪਕ ਹੋ ਰਿਹਾ ਹੈ।

## ਹਰਿ ਆਪੇ, ਤਪੁ ਤਾਪੈ; ਲਾਇ ਤਾਰੀ ॥੧॥

(**'ਤਪ'** ਘੋਲੋ ਅਤੇ **'ਤਾਪੈ'** ਕੱਸ ਕੇ ਬੋਲੋ)

ਹਰਿ = ਪਰਮੇਸ਼ਰ ਆਪੇ = ਆਪ ਹੀ ਚਿਤ ਦੀ ਇਕਾਗਰਤਾ ਰੂਪ ਤਪ ਨੂੰ ਤਾਪੈ = ਤਪਾਉਣ ਵਾਲਾ ਹੈ, ਵਾ: ਆਧੀ, ਬਿਆਧੀ, ਉਪਾਧੀ ਆਦਿਕ ਤਾਪਾਂ ਨੂੰ ਤਪਾਉਣ ਵਾਲਾ, ਨਾਸ਼ ਕਰਨ ਵਾਲਾ ਵੀ ਆਪ ਹੀ ਹੈ ਅਤੇ ਆਪ ਹੀ ਆਪਣੇ ਸਰੂਪ ਵਿਚ ਤਾਰੀ = ਸਮਾਧੀ ਲਾਇ = ਲਾਉਣ ਵਾਲਾ ਹੈ ॥੧॥

## ਐਸਾ ਮੇਰਾ ਰਾਮੁ; ਰਹਿਆ ਭਰਪੂਰਿ ॥

ਐਸਾ = ਅਜਿਹਾ ਮੇਰਾ ਰਾਮੁ = ਪਰਮੇਸ਼ਰ ਸਾਰੇ ਭਰਪੂਰਿ = ਵਿਆਪਕ ਹੋ ਰਿਹਾ ਹੈ।

## ਨਿਕਟਿ ਵਸੈ; ਨਾਹੀ ਹਰਿ ਦੂਰਿ ॥੧॥ਰਹਾਉ॥

ਉਹ ਸਾਖੀ ਰੂਪ ਹੋ ਕੇ ਸਾਰਿਆਂ ਦੇ ਨਿਕਟਿ = ਨੇੜੇ, ਹੀ ਵਸ ਰਿਹਾ ਹੈ, ਉਹ ਹਰੀ ਪਰਮੇਸ਼ਰ ਦੂਰ ਨਹੀਂ ਹੈ ॥੧॥ਰਹਾਉ॥

## ਹਰਿ ਆਪੇ ਸਬਦੁ ਸੁਰਤਿ; ਧੁਨਿ ਆਪੇ ॥

ਹਰੀ ਆਪ ਹੀ ਸਬਦੁ = ਉਪਦੇਸ਼ ਰੂਪ ਹੈ, ਆਪ ਹੀ ਜਗਿਆਸੂ ਦੀ ਸੁਰਤ ਵਿਚ ਜੁੜਿਆ ਸੁਰਤੀਆਂ ਸਿੰਮ੍ਰਿਤੀਆਂ ਦੇ ਤਾਈਂ ਧੁਨਿ = ਉਚਾਰਣ ਵਾਲਾ ਹੈ। **ਅਥਵਾ** ਆਪ ਹੀ ਹਰੀ ਸਬਦੁ = ਬ੍ਰਹਮ ਰੂਪ ਹੈ, ਆਪ ਹੀ ਸੁਰਤਿ = ਸ੍ਰੋਤਾ ਅਧਿਕਾਰੀ ਰੂਪ ਹੈ, ਆਪ ਹੀ ਬਾਣੀ ਦੀ ਧੁਨ ਉਚਾਰਣ ਵਾਲਾ ਹੈ।

## ਹਰਿ ਆਪੇ ਵੇਖੈ; ਵਿਗਸੈ ਆਪੇ ॥

ਹਰਿ = ਹਰੀ ਆਪ ਹੀ ਆਪਣੀ ਰਚਨਾ ਨੂੰ ਵੇਖੈ = ਵੇਖਦਾ ਹੈ ਅਤੇ ਆਪ ਹੀ ਤਤਬੇਤਾ ਹੋ ਕੇ ਆਪਣੇ ਸਰੂਪ ਨੂੰ ਵੇਖ ਕੇ ਵਿਗਸੈ = ਪ੍ਰਸੰਨ ਹੁੰਦਾ ਹੈ।

## ਹਰਿ ਆਪਿ ਜਪਾਇ; ਆਪੇ ਹਰਿ ਜਾਪੇ ॥੨॥

ਹਰੀ ਆਪ ਹੀ ਗੁਰੂ ਸਰੂਪ ਹੋ ਕੇ ਨਾਮ ਜਪਾਇ = ਜਪਾਉਂਦਾ ਹੈ ਅਤੇ ਆਪ ਹੀ ਸਿੱਖ ਰੂਪ ਹੋ ਕੇ ਹਰਿ = ਵਾਹਿਗੁਰੂ ਦੇ ਨਾਮ ਨੂੰ ਜਾਪੇ = ਜਪਦਾ ਹੈ ॥੨॥

## ਹਰਿ ਆਪੇ ਸਾਰਿੰਗ; ਅੰਮ੍ਰਿਤਧਾਰਾ ॥

ਹਰੀ ਆਪ ਹੀ ਸਾਰਿੰਗ = ਬਬੀਹੇ ਵਾਂਗੂ ਹੈ ਤੇ ਆਪ ਹੀ ਬੱਦਲਾਂ ਵਿੱਚੋਂ ਵਰਸਣ ਵਾਲੀ ਅੰਮ੍ਰਿਤਧਾਰਾ = ਅੰਮ੍ਰਿਤ ਰੂਪ ਸ੍ਵਾਂਤੀ ਬੂੰਦ ਦੀ ਧਾਰਾ ਹੈ। **ਅਥਵਾ** ਹਰੀ ਆਪ ਹੀ ਜਗਿਆਸੂ ਰੂਪ ਸਾਰਿੰਗ = ਪਪੀਹਾ ਹੈ ਅਤੇ ਆਪ ਹੀ ਗੁਰੂ ਰੂਪ ਬੱਦਲ ਤੋਂ ਉਪਦੇਸ਼, ਨਾਮ ਰੂਪ ਸਵਾਂਤੀ ਬੂੰਦ ਦੀ ਅੰਮ੍ਰਿਤਧਾਰਾ ਪ੍ਰਾਪਤ

ਕਰਨ ਵਾਲਾ ਹੈ **ਵਾ:** ਬ੍ਰਹਮਾਨੰਦ ਰੂਪ ਅੰਮ੍ਰਿਤ ਦੀ ਧਾਰਾ ਭਾਵ ਬ੍ਰਹਮਾਕਾਰ ਬਿਰਤੀ ਵਿਚ ਪ੍ਰਗਟ ਹੋਣ ਵਾਲਾ ਵੀ ਆਪ ਹੀ ਹੈ **ਵਾ:** ਬੱਦਲ ਰੂਪ ਗੁਰੂ ਨਾਨਕ ਦੇਵ ਜੀ ਵੀ ਆਪ ਹੀ ਹੈ ਤੇ ਮਿੱਠੀ ਪਿਆਰੀ ਬਾਣੀ ਬੋਲ ਬੋਲ ਕੇ ਦੇਣ ਵਾਲਾ ਵੀ ਆਪ ਹੀ ਹੈ। ਜੈਸਾ ਕਿ :

**ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ॥ ਜਿਨਿ ਪੀਤੀ ਤਿਸੁ ਮੋਖ ਦੁਆਰ ॥੫॥**

*(ਮਲਾਰ ਮਹਲਾ ੧, ਅੰਗ ੧੨੭੫)*

## ਹਰਿ ਅੰਮ੍ਰਿਤੁ; ਆਪਿ ਪੀਆਵਣਹਾਰਾ॥

ਹਰੀ ਆਪ ਹੀ ਅੰਮ੍ਰਿਤ ਰੂਪ ਹੈ ਤੇ ਆਪਣਾ ਨਾਮ ਰੂਪ ਅੰਮ੍ਰਿਤ ਪਿਲਾਉਣ ਵਾਲਾ ਸਰੂਪ ਵੀ ਆਪ ਹੀ ਹੈ। ਜਿਵੇਂ ਪਰਮੇਸ਼ਰ ਆਪ ਹੀ ਗੁਰੂ ਗੋਬਿੰਦ ਸਿੰਘ ਜੀ ਰੂਪ ਧਾਰ ਕੇ (ਪੰਜਾਂ ਪਿਆਰਿਆਂ ਦੇ ਸੀਸ ਲੈ ਕੇ) ਆਪ ਹੀ ਅੰਮ੍ਰਿਤ ਪਿਲਾਉਣ ਵਾਲੇ ਗੁਰੂ ਸਨ ਤੇ ਆਪ ਹੀ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪੀਣ ਵਾਲੇ ਚੇਲਾ ਰੂਪ ਹਨ :

**ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥੧॥** *(ਵਾਰ ੪੧, ਪਉੜੀ ੧)*

## ਹਰਿ ਆਪਿ ਕਰੇ; ਆਪੇ ਨਿਸਤਾਰਾ॥੩॥

ਹਰੀ ਆਪ ਹੀ ਜਗਤ ਦੇ ਜੀਵਾਂ ਨੂੰ ਪੈਦਾ ਕਰੇ = ਕਰਦਾ ਹੈ, ਵਾ: ਆਪ ਹੀ ਸਿੱਖ ਰੂਪ ਹੋ ਭਗਤੀ ਕਰਦਾ ਹੈ, ਨਾਮ ਜਪਦਾ ਹੈ ਅਤੇ ਆਪ ਹੀ ਗੁਰੂ ਰੂਪ ਹੋ ਕੇ ਸੰਸਾਰ ਤੋਂ ਨਿਸਤਾਰਾ = ਤਾਰਨਾ ਭਾਵ ਮੁਕਤ ਕਰਦਾ ਹੈ॥੩॥

## ਹਰਿ ਆਪੇ ਬੇੜੀ; ਤੁਲਹਾ ਤਾਰਾ॥

ਹਰੀ ਆਪ ਹੀ ਬੇੜੀ ਰੂਪ ਹੈ, ਆਪ ਹੀ ਤੁਲਹਾ ਰੂਪ ਹੈ ਅਤੇ ਆਪ ਹੀ ਤਾਰਾ = ਜਹਾਜ਼ ਰੂਪ ਹੈ।

ਬੇੜੀਆਂ = ਨਦੀਆਂ ਤੋਂ ਲੰਘਣ ਵਾਸਤੇ ਹੁੰਦੀਆਂ ਹਨ।

ਤੁਲਹੇ = ਨਾਲਿਆਂ ਤੋਂ ਲੰਘਣ ਵਾਸਤੇ ਹੁੰਦੇ ਹਨ।

ਤਾਰਾ = ਜਹਾਜ਼, ਸਮੁੰਦਰ ਤੋਂ ਲੰਘਣ ਵਾਸਤੇ ਹੁੰਦੇ ਹਨ।

**ਅਥਵਾ** ਆਸਾ, ਤ੍ਰਿਸ਼ਨਾ ਰੂਪ ਨਦੀ ਤੋਂ ਪਾਰ ਕਰਨ ਵਾਸਤੇ ਭਗਤੀ ਰੂਪ ਬੇੜੀ ਵੀ ਆਪ ਹੀ ਹੈ। ਰਾਗ, ਦ੍ਵੈਖ, ਸੰਕਲਪਾਂ, ਵਿਕਲਪਾਂ ਰੂਪ ਨਾਲਿਆਂ ਤੋਂ ਪਾਰ ਕਰਨ ਵਾਸਤੇ ਪ੍ਰੇਮ ਰੂਪ ਤੁਲਹਾ ਵੀ ਹਰੀ ਆਪ ਹੀ ਹੈ। ਸੰਸਾਰ ਰੂਪ ਸਮੁੰਦਰ ਤੋਂ ਪਾਰ ਕਰਨ ਵਾਸਤੇ ਗੁਰੂ ਰੂਪ ਤਾਰਾ = ਮਲਾਹ **ਵਾ:** ਨਾਮ ਰੂਪੀ ਤਾਰਾ = ਜਹਾਜ਼ ਵੀ ਹਰੀ ਆਪ ਹੀ ਹੈ।

## ਹਰਿ ਆਪੇ; ਗੁਰਮਤੀ ਨਿਸਤਾਰਾ॥

ਹਰੀ ਆਪ ਹੀ ਗੁਰਮਤੀਆਂ ਨੂੰ ਗੁਰ-ਸਿੱਖਿਆ ਦੇ ਕੇ ਸੰਸਾਰ ਤੋਂ ਨਿਸਤਾਰਾ = ਤਾਰਨ ਵਾਲਾ ਹੈ **ਵਾ:** ਅਵਿੱਦਿਆ ਰੂਪੀ (ਨਿਸ+ਤਾਰਾ) ਨਿਸ = ਰਾਤ ਤੋਂ ਗਿਆਨ ਦਾ ਦਿਨ ਚੜ੍ਹਾ ਕੇ ਤਾਰਾ = ਤਾਰਨ ਵਾਲਾ ਹੈ।

## ਹਰਿ ਆਪੇ; ਨਾਨਕ ਪਾਵੈ ਪਾਰਾ॥੪॥੬॥੪੪॥

ਗੁਰੂ ਜੀ ਕਥਨ ਕਰਦੇ ਹਨ ਕਿ ਉਹ ਹਰੀ ਪਰਮੇਸ਼ਰ ਆਪ ਹੀ ਆਪਣੇ ਪਾਰਾਵਾਰ ਨੂੰ ਪਾਵੈ = ਪਾਉਣ ਵਾਲਾ ਹੈ **ਅਥਵਾ** ਹਰੀ ਪਰਮੇਸ਼ਰ ਆਪ ਹੀ ਜਗਿਆਸੂ ਰੂਪ ਹੋ ਕੇ ਸੰਸਾਰ-ਸਮੁੰਦਰ ਵਿੱਚੋਂ ਮੁਕਤੀ ਰੂਪ ਕਿਨਾਰਿਆਂ ਨੂੰ ਪਾਉਣ ਵਾਲਾ ਵੀ ਆਪ ਹੀ ਹੈ **ਵਾ:** ਪਰਾ ਸਰੂਪ ਬ੍ਰਹਮ ਨੂੰ ਪਾਉਣ ਵਾਲਾ ਵੀ ਆਪ ਹੀ ਹੈ॥੪॥੬॥੪੪॥

## ਗਉੜੀ ਬੈਰਾਗਣਿ, ਮਹਲਾ ੪ ॥

ਰਾਗ ਗਉੜੀ ਦੀ ਬੈਰਾਗਣਿ ਜਾਤੀ ਵਿਚ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਹੁਣ ਸਰਬ ਰੂਪ ਕਰ ਕੇ ਬ੍ਰਹਮ ਨੂੰ ਕਹਿ ਕੇ ਵਾਹਿਗੁਰੂ ਅੱਗੇ ਪ੍ਰਾਰਥਨਾ ਦਾ ਤਰੀਕਾ ਦੱਸਦੇ ਹਨ।

**ਸਾਹੁ ਹਮਾਰਾ ਤੂੰ ਧਣੀ; ਜੈਸੀ ਤੂੰ ਰਾਸਿ ਦੇਹਿ, ਤੈਸੀ ਹਮ ਲੇਹਿ ॥**

ਹੇ ਪਰਮੇਸ਼ਰ ! ਤੂੰ ਹਮਾਰਾ = ਸਾਡਾ ਸੱਚਾ ਸਾਹੁ = ਸ਼ਾਹੂਕਾਰ ਅਤੇ ਧਣੀ = ਮਾਲਕ ਹੈਂ। ਜੈਸੀ = ਜਿਸ ਤਰ੍ਹਾਂ ਦੀ ਤੁਸੀਂ ਸ਼ਰਧਾ ਰੂਪੀ ਰਾਸ = ਪੂੰਜੀ, ਭਗਤੀ ਰੂਪੀ ਪੂੰਜੀ ਦੇਹਿ = ਦਿੰਦੇ ਹੋ, ਉਹੋ ਜਿਹੀ ਹੀ ਹਮ = ਅਸੀਂ ਲੇਹਿ = ਲੈਂਦੇ ਹਾਂ।

**ਹਰਿ ਨਾਮੁ ਵਣੰਜਹ ਰੰਗ ਸਿਉ; ਜੇ ਆਪਿ ਦਇਆਲੁ ਹੋਇ ਦੇਹਿ ॥੧॥**

ਹੇ ਹਰਿ = ਪਰਮਾਤਮਾ ! ਅਸੀਂ ਤੇਰੇ ਨਾਮ ਨੂੰ ਰੰਗ = ਪ੍ਰੇਮ ਸਿਉ = ਨਾਲ ਗੁਰਾਂ ਪਾਸੋਂ ਤਾਂ ਖ਼ਰੀਦੀਏ, ਜੇ = ਜੇਕਰ ਆਪ ਦਇਆਲੁ = ਦਿਆਲੂ ਹੋਇ = ਹੋ ਕੇ ਸਾਨੂੰ ਨਾਮ ਦੀ ਦਾਤ ਦੇਹਿ = ਦੇਣਾ ਕਰੇਂ ॥੧॥

**ਹਮ ਵਣਜਾਰੇ; ਰਾਮ ਕੇ ॥ ਹਰਿ ਵਣਜੁ ਕਰਾਵੈ; ਦੇ ਰਾਸਿ ਰੇ ॥੧॥ਰਹਾਉ॥**

ਹੇ ਭਾਈ ! ਹਮ = ਅਸੀਂ ਤਾਂ ਰਾਮ = ਪਰਮਾਤਮਾ ਕੇ = ਦੇ ਨਾਮ ਦਾ ਵਣਜਾਰੇ = ਵਣਜ ਕਰਨ ਵਾਲੇ ਹਾਂ। ਰੇ = ਹੇ ਭਾਈ ! ਹਰੀ ਆਪ ਹੀ ਗੁਰੂ ਦੁਆਰਾ ਨਾਮ ਦੀ ਰਾਸਿ = ਪੂੰਜੀ ਦੇ ਕੇ ਵਣਜੁ = ਵਪਾਰ ਕਰਾਵੈ = ਕਰਾਉਂਦਾ ਹੈ **ਵਾ:** ਹਰੀ ਆਪ ਹੀ ਸ਼ਰਧਾ ਰੂਪੀ ਰਾਸ ਦੇ ਕੇ ਆਪਣੇ ਨਾਮ ਦਾ ਵਣਜ ਵਾਪਾਰ ਕਰਾਉਂਦਾ ਹੈ ॥੧॥ਰਹਾਉ॥

**ਲਾਹਾ ਹਰਿ ਭਗਤਿ ਧਨੁ ਖਟਿਆ; ਹਰਿ ਸਚੇ ਸਾਹ ਮਨਿ ਭਾਇਆ ॥**

ਹਰਿ = ਵਾਹਿਗੁਰੂ ਦੀ ਭਗਤੀ ਰੂਪ ਧਨ ਦਾ ਲਾਹਾ = ਲਾਭ ਸੰਤ ਜਨਾਂ ਨੇ, ਭਗਤ ਜਨਾਂ ਨੇ ਖੱਟਿਆ ਹੈ ਤੇ ਉਹੋ ਸੰਤ, ਭਗਤ ਹੀ ਸੱਚੇ ਸਾਹ = ਸ਼ਾਹੂਕਾਰ ਪਰਮੇਸ਼ਰ ਦੇ ਮਨ ਨੂੰ ਭਾਇਆ = ਚੰਗੇ ਲੱਗੇ ਹਨ।

**ਹਰਿ ਜਪਿ ਹਰਿ ਵਖਰੁ ਲਦਿਆ; ਜਮੁ ਜਾਗਾਤੀ ਨੇੜਿ ਨ ਆਇਆ ॥੨॥**

ਜਿਨ੍ਹਾਂ ਜਿਨ੍ਹਾਂ ਨੇ ਹਰਿ = ਵਾਹਿਗੁਰੂ ਦਾ ਨਾਮ ਜਪਿਆ ਹੈ ਅਤੇ ਹਰੀ ਦੇ ਲਾਭਦਾਇਕ ਨਾਮ ਦਾ ਵਖਰੁ = ਸੌਦਾ ਆਪਣੇ ਅੰਤਹਕਰਣ ਰੂਪ ਗੱਡੇ ਵਿਚ ਲੱਦ ਲਿਆ ਹੈ, ਉਨ੍ਹਾਂ ਦੇ ਜਮ ਜੋ ਕਰਮ, ਧਰਮ, ਆਦਿ ਦਾ ਜਾਗਾਤੀ = ਮਸੂਲੀਆ ਹੈ, ਉਹ ਨੇੜੇ ਨਹੀਂ ਆ ਸਕਦਾ ॥੨॥

**ਹੋਰੁ ਵਣਜੁ ਕਰਹਿ ਵਾਪਾਰੀਏ; ਅਨੰਤ ਤਰੰਗੀ ਦੁਖੁ ਮਾਇਆ ॥**

ਹੇ ਭਾਈ ! ਜਿਹੜੇ ਨਾਮ ਤੋਂ ਬਿਨਾਂ ਮਨਮੁਖ ਲੋਕ ਹੋਰ ਕਈ ਕਿਸਮ ਦੇ ਮਾਇਆ ਦੇ ਵਣਜ = ਵਾਪਾਰ ਕਰਦੇ ਹਨ। ਉਨ੍ਹਾਂ ਦੇ ਮਨ ਰੂਪ ਦਰਿਆ ਵਿਚ ਦੁੱਖ ਰੂਪ ਮਾਇਆ ਦੀ ਪ੍ਰਾਪਤੀ ਵਾਸਤੇ ਅਨੰਤ = ਬੇਅੰਤ ਤਰੰਗੀ = ਲਹਿਰਾਂ ਉੱਠਦੀਆਂ ਰਹਿੰਦੀਆਂ ਹਨ **ਵਾ:** ਉਹ ਅਨੇਕ ਪ੍ਰਕਾਰ ਦਾ ਦੁਖ ਪ੍ਰਾਪਤ ਕਰਦੇ ਹਨ।

**ਓਇ ਜੇਹੈ ਵਣਜਿ ਹਰਿ ਲਾਇਆ; ਫਲੁ ਤੇਹਾ ਤਿਨ ਪਾਇਆ ॥੩॥**

ਹੇ ਭਾਈ ! ਓਇ = ਉਨ੍ਹਾਂ ਮਨਮੁਖਾਂ ਨੂੰ ਜੇਹੈ = ਜਿਹੋ ਜਿਹੇ ਵਣਜਿ = ਵਪਾਰ ਵਿਚ ਹਰਿ = ਪਰਮੇਸ਼ਰ ਨੇ ਲਾਇਆ = ਲਾਉਣਾ ਕੀਤਾ ਹੈ, ਤਿਨ = ਉਨ੍ਹਾਂ ਨੇ ਤੇਹਾ = ਉਹੋ ਜਿਹਾ ਹੀ ਫਲ ਪਾਇਆ = ਪਾਉਣਾ ਕੀਤਾ ਹੈ ॥੩॥

## ਹਰਿ ਹਰਿ ਵਣਜੁ ਸੋ ਜਨੁ ਕਰੇ; ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ ॥

ਹਰਿ ਹਰਿ ਪਰਮਾਤਮਾ ਦੇ ਨਾਮ ਦੇ ਜਪਣ ਰੂਪ ਵਣਜੁ = ਸੌਦੇ ਨੂੰ ਸੋ = ਉਹੋ ਹੀ ਜਨੁ = ਪੁਰਖ ਕਰੇ = ਕਰ ਸਕਦਾ ਹੈ, ਜਿਸ ਦੇ ਪੂਰਬਲੇ ਸ੍ਰੇਸ਼ਟ ਪੁੰਨਾਂ ਦਾ ਸਦਕਾ ਪ੍ਰਭੁ = ਪਰਮੇਸ਼ਰ ਕ੍ਰਿਪਾਲੁ = ਦਿਆਲੂ ਹੋਇ = ਹੋ ਕੇ ਗੁਰਾਂ ਦੁਆਰਾ ਨਾਮ ਦੀ ਦਾਤ ਦੇਈ = ਦਿੰਦਾ ਹੈ।

## ਜਨ ਨਾਨਕ ਸਾਹੁ ਹਰਿ ਸੇਵਿਆ;<br>ਫਿਰਿ ਲੇਖਾ ਮੂਲਿ ਨ ਲੇਈ ॥੪॥੧॥੭॥੪੫॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਜਨ = ਪੁਰਖ ਨੇ ਸਾਹੁ = ਸ਼ਾਹੂਕਾਰ ਹਰੀ ਪਰਮਾਤਮਾ ਸੇਵਿਆ = ਸੇਵਨਾ ਕੀਤਾ ਹੈ ਫਿਰਿ = ਫੇਰ ਉਸਦਾ ਲੇਖਾ = ਹਿਸਾਬ ਕਿਤਾਬ ਮੂਲਿ = ਉੱਕਾ ਹੀ ਨ = ਨਹੀਂ ਲੇਈ = ਲੈਂਦਾ ਹੈ ਭਾਵ ਇੱਕੋ ਵਾਰੀ ਹੀ ਬਖ਼ਸ਼ਿਸ਼ ਕਰ ਕੇ ਸਭ ਗੁਨਾਹਾਂ ਨੂੰ ਬਖ਼ਸ਼ ਕੇ ਮੇਲ ਲੈਂਦਾ ਹੈ ॥੪॥੧॥੭॥੪੫॥ ਜੈਸਾ ਕਿ :

**ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥** *(ਜੈਤਸਰੀ ਮ: ੪, ਅੰਗ ੬੯੮)*

## ਗਉੜੀ ਬੈਰਾਗਣਿ, ਮਹਲਾ ੪ ॥

## ਜਿਉ ਜਨਨੀ ਗਰਭੁ ਪਾਲਤੀ; ਸੁਤ ਕੀ ਕਰਿ ਆਸਾ ॥

ਜਿਉ = ਜਿਵੇਂ ਜਨਨੀ = ਮਾਤਾ ਗਰਭ ਦੇ ਅੰਦਰ ਬੱਚੇ ਨੂੰ ਆਇਆ ਜਾਣ ਕੇ ਪਾਲਤੀ = ਪਾਲਣਾ ਕਰਦੀ ਹੈ ਅਤੇ ਸੁਤ = ਪੁੱਤਰ ਹੋਣ ਕੀ = ਦੀ ਆਸਾ = ਉਮੀਦ ਕਰੇ = ਕਰਦੀ ਹੈ।

## ਵਡਾ ਹੋਇ ਧਨੁ ਖਾਟਿ ਦੇਇ; ਕਰਿ ਭੋਗ ਬਿਲਾਸਾ ॥

ਵੱਡਾ ਹੋ ਕੇ ਧਨੁ = ਪੈਸਾ ਖਾਟਿ = ਖੱਟੀ ਕਰ ਕੇ ਭਾਵ ਧਨ ਕਮਾ ਕੇ ਸਾਨੂੰ ਬੁੱਢਿਆਂ ਹੋਇਆਂ ਨੂੰ ਦੇਵੇਗਾ, ਫਿਰ ਉਸ ਧਨ ਨਾਲ ਅਨੇਕ ਪ੍ਰਕਾਰ ਦੇ ਸੁਖ ਭੋਗਾਂਗੇ ਬਿਲਾਸਾ = ਅਨੰਦ ਮਾਨਣਾ ਕਰਿ = ਕਰਾਂਗੇ।

## ਤਿਉ ਹਰਿ ਜਨ ਪ੍ਰੀਤਿ ਹਰਿ ਰਾਖਦਾ; ਦੇ ਆਪਿ ਹਥਾਸਾ ॥੧॥

ਤਿਉ = ਤਿਵੇਂ ਹੀ ਹਰਿ = ਹਰੀ ਪਰਮਾਤਮਾ ਦਾ ਜਨ = ਸੇਵਕ, ਹਰੀ ਦੀ ਪ੍ਰੀਤੀ ਰਾਖਦਾ = ਰੱਖਦਾ ਹੈ, ਉਹ ਜਾਣਦਾ ਹੈ ਕਿ ਮੇਰਾ ਵਾਹਿਗੁਰੂ ਆਪਣੇ ਹਥਾਸਾ = ਹੱਥ ਦਾ ਆਸਰਾ ਦੇ ਕੇ ਮੇਰੀ ਰੱਖਿਆ ਕਰੇਗਾ, ਭਾਵ ਨਿਸਚੇ ਰੂਪ ਹੱਥ ਦੇ ਕੇ ਆਪਣੇ ਪਿਆਰਿਆਂ ਨੂੰ ਰੱਖਦਾ ਹੈ ॥੧॥

[ਅੰਗ ੧੬੬]

## ਮੇਰੇ ਰਾਮ ਮੈ ਮੂਰਖ; ਹਰਿ ਰਾਖੁ ਮੇਰੇ ਗੁਸਈਆ ॥

ਹੇ ਮੇਰੇ ਰਾਮ = ਪਰਮੇਸ਼ਰ ! ਮੈਂ ਵਿਚਾਰਾਂ ਵੱਲੋਂ ਮੂਰਖ = ਬੇਸਮਝ ਹਾਂ ਇਸ ਲਈ ਹੇ ਹਰੀ ! ਆਪ ਕਿਰਪਾ ਕਰਕੇ ਮੈਨੂੰ ਰੱਖ ਲੈਣਾ ਕਰੋ ਕਿਉਂਕਿ ਇਕ ਤੁਸੀਂ ਹੀ ਮੇਰੇ ਗੁਸਈਆ = ਮਾਲਕ ਹੋ।

## ਜਨ ਕੀ ਉਪਮਾ; ਤੁਝਹਿ ਵਡਈਆ ॥੧॥ਰਹਾਉ॥

ਹੇ ਪਰਮੇਸ਼ਰ ! ਤੇਰੇ ਜਨ = ਸੇਵਕ ਕੀ = ਦੀ ਉਪਮਾ = ਮਹਿਮਾ ਤੁਝਹਿ = ਤੇਰੀ ਹੀ ਵਡਈਆ = ਵਡਿਆਈ ਹੈ ॥੧॥ਰਹਾਉ॥

## ਮੰਦਰਿ ਘਰਿ ਆਨੰਦੁ ਹਰਿ; ਹਰਿ ਜਸੁ ਮਨਿ ਭਾਵੈ ॥

ਜਿਸ ਦੇ ਮਨ ਵਿਚ ਹਰਿ = ਪਰਮੇਸ਼ਰ ਦਾ ਜਸੁ = ਕੀਰਤਨ ਭਾਵੈ = ਚੰਗਾ ਲੱਗਿਆ ਹੈ, ਉਸ ਦੇ ਸਰੀਰ ਰੂਪੀ ਮੰਦਰ ਤੇ ਅੰਤਸ਼ਕਰਣ ਰੂਪੀ ਘਰ ਵਿਚ ਸਦਾ ਹੀ ਹਰੀ ਦਾ ਅਨੰਦ ਬਣਿਆ ਰਹਿੰਦਾ ਹੈ।

## ਸਭ ਰਸ ਮੀਠੇ ਮੁਖਿ ਲਗਹਿ; ਜਾ ਹਰਿ ਗੁਣ ਗਾਵੈ ॥

ਉਸ ਦੇ ਮੂੰਹ ਨੂੰ ਸਾਰੇ ਮਿੱਠੇ ਰਸ ਉਦੋਂ ਹੀ ਲੱਗ ਜਾਂਦੇ ਹਨ, ਜਾ = ਜਦੋਂ ਹਰੀ ਦੇ ਗੁਣਾਂ ਨੂੰ ਗਾਵੈ = ਗਾਉਂਦਾ ਹੈ।

## ਹਰਿ ਜਨੁ ਪਰਵਾਰੁ ਸਧਾਰੁ ਹੈ; ਇਕੀਹ ਕੁਲੀ ਸਭੁ ਜਗਤੁ ਛਡਾਵੈ ॥੨॥

(**ਇੱਕੀਹ** ਬੋਲੋ, **ਕੁਲੀ** ਪੋਲਾ ਬੋਲੋ)

ਹੇ ਭਾਈ ! ਹਰੀ ਦਾ ਜਨ = ਸੇਵਕ ਨਾਮ ਜਪ ਕੇ ਆਪਣੇ ਪਰਿਵਾਰ ਨੂੰ ਸੁਧਾਰ ਲੈਂਦਾ ਹੈ, ਭਾਵ ਗੁਰਮੁਖ ਬਣਾ ਲੈਂਦਾ ਹੈ ਉਹ ਆਪਣੀਆਂ ਇਕੀਹ = ਇੱਕੀ ਕੁਲੀ = ਕੁਲਾਂ ਕੀ ਬਲਕਿ ਸਭੁ = ਸਾਰੇ ਜਗਤ ਨੂੰ ਹੀ ਛਡਾਵੈ = ਛੁਡਾਉਣ ਵਾਲਾ ਹੋ ਜਾਂਦਾ ਹੈ **ਅਥਵਾ** ਹਰੀ ਦੇ ਜਨ = ਭਗਤ ਜਨ ਇੰਦਰੀਆਂ ਰੂਪ ਪਰਿਵਾਰ ਨੂੰ ਸੁਧਾਰ ਲੈਂਦੇ ਹਨ **ਵਾ:** ਇੰਦ੍ਰੀਆਂ ਰੂਪ ਪਰਿਵਾਰ ਨੂੰ ਸਧਾਰੁ = ਆਸ਼ੇ ਦੇ ਸਹਿਤ ਕਰ ਲੈਂਦੇ ਹਨ।

ਇਕੀਹ ਕੁਲੀ = ਇਕ ਪਰਮੇਸ਼ਰ ਦੇ ਵਿਚ ਹੀ ਉਹ ਜੁੜ ਜਾਂਦੇ ਹਨ ਅਤੇ ਸਭ ਜਗਤ ਦੀਆਂ ਕੁਲਾਂ ਨੂੰ ਵੀ ਮੁਕਤ ਕਰ ਦਿੰਦੇ ਹਨ, ਛੁਡਾ ਦਿੰਦੇ ਹਨ ॥੨॥

## ਜੋ ਕਿਛੁ ਕੀਆ, ਸੋ ਹਰਿ ਕੀਆ; ਹਰਿ ਕੀ ਵਡਿਆਈ ॥

ਉਹ ਜਾਣ ਲੈਂਦਾ ਹੈ ਕਿ ਜੋ ਕੁਝ ਵੀ ਕੀਆ = ਕੀਤਾ ਹੈ ਸੋ = ਉਹ ਹਰਿ = ਅਕਾਲ ਪੁਰਖ ਨੇ ਹੀ ਕੀਆ = ਕੀਤਾ ਹੈ। ਇਹ ਸਭ ਹਰਿ = ਪਰਮੇਸ਼ਰ ਕੀ = ਦੀ ਹੀ ਵਡਿਆਈ = ਸੋਭਾ ਹੈ।

## ਹਰਿ ਜੀਅ ਤੇਰੇ ਤੂੰ ਵਰਤਦਾ; ਹਰਿ ਪੂਜ ਕਰਾਈ ॥

ਹੇ ਹਰਿ = ਹਰੀ ! ਸਾਰੇ ਜੀਅ = ਜੀਵ ਜੰਤੂ ਤੇਰੇ ਹੀ ਪੈਦਾ ਕੀਤੇ ਹਨ ਤੇ ਤੂੰ ਹੀ ਸਾਰਿਆਂ ਵਿਚ ਸਾਖੀ ਰੂਪ ਹੋ ਕੇ ਵਰਤਦਾ = ਵਰਤ ਰਿਹਾ ਹੈਂ **ਵਾ:** ਸਾਰੇ ਜੀਅ = ਹਿਰਦਿਆਂ ਵਿਚ ਤੂੰ ਹੀ ਵਰਤ ਰਿਹਾ ਹੈਂ, ਇਸ ਕਰਕੇ ਹੇ ਹਰੀ ! ਅਸੀਂ ਸਾਰੇ ਤੇਰੀ ਪੂਜ = ਪੂਜਾ ਕਰਦੇ ਹਾਂ **ਵਾ:** ਤੂੰ ਆਪ ਹੀ ਆਪਣੀ ਪੂਜਾ ਕਰਾਈ = ਕਰਵਾ ਰਿਹਾ ਹੈਂ।

## ਹਰਿ ਭਗਤਿ ਭੰਡਾਰ ਲਹਾਇਦਾ; ਆਪੇ ਵਰਤਾਈ ॥੩॥

ਹੇ ਹਰੀ ! ਤੂੰ ਆਪ ਹੀ ਆਪਣੇ ਭਗਤਾਂ ਨੂੰ ਭਗਤੀ ਦੇ ਭੰਡਾਰ ਲਹਾਇਦਾ = ਪ੍ਰਾਪਤ ਕਰਵਾ ਦਿੰਦਾ ਹੈਂ ਤੇ ਆਪ ਹੀ ਗੁਰੂ ਰੂਪ ਹੋ ਕੇ ਸੰਤਾਂ ਭਗਤਾਂ ਨੂੰ ਵਰਤਾਈ = ਵਰਤਾਉਂਦਾ ਹੈਂ **ਵਾ:** ਆਪ ਹੀ ਭਗਤਾਂ ਦੇ ਰਾਹੀਂ ਵਰਤਾਉਂਦਾ ਹੈਂ ॥੩॥

## ਲਾਲਾ ਹਾਟਿ ਵਿਹਾਝਿਆ; ਕਿਆ ਤਿਸੁ ਚਤੁਰਾਈ ॥

ਜਿਵੇਂ ਕੋਈ ਲਾਲਾ = ਗ਼ੁਲਾਮ ਮੰਡੀਆਂ ਦੀਆਂ ਹਾਟਿ = ਹੱਟਾਂ ਵਿੱਚੋਂ ਮੁੱਲ ਵਿਹਾਝਿਆ = ਖਰੀਦਿਆ ਗਿਆ ਹੋਵੇ ਤਿਸੁ = ਉਸ ਦੀ ਆਪਣੇ ਮਾਲਕ ਅੱਗੇ ਕਿਆ = ਕੀ ਚਤੁਰਾਈ = ਸਿਆਣਪ ਚੱਲ ਸਕਦੀ ਹੈ ਭਾਵ ਕੁਝ ਵੀ ਸਿਆਣਪ ਨਹੀਂ ਚੱਲਦੀ, ਇਸੇ ਪ੍ਰਕਾਰ ਹੇ ਪਰਮੇਸ਼ਰ ! ਅਸੀਂ ਤੇਰੀ ਸਾਧਸੰਗਤ ਰੂਪ ਹਾਟਿ = ਹੱਟੀ ਤੋਂ ਤੇਰੇ ਵਿਹਾਝਿਆ = ਮੁੱਲ ਖ਼ਰੀਦੇ ਹੋਏ ਦਾਸ ਹਾਂ, ਤਿਸੁ = ਉਸ ਵਿਚ ਮੇਰੀ ਕੀ ਸਿਆਣਪ ਹੈ।

## ਜੇ ਰਾਜਿ ਬਹਾਲੇ, ਤਾ ਹਰਿ ਗੁਲਾਮੁ; ਘਾਸੀ ਕਉ ਹਰਿ ਨਾਮੁ ਕਢਾਈ ॥

ਹੇ ਪਰਮਾਤਮਾ ! ਜੇਕਰ ਤੂੰ ਸਾਨੂੰ ਰਾਜਿ = ਰਾਜਗੱਦੀ 'ਤੇ ਬਹਾਲੇ = ਬਿਠਾ ਦੇਵੇਂ ਤਾਂ ਵੀ ਅਸੀਂ ਤੇਰੇ ਗੁਲਾਮੁ = ਦਾਸ ਹੀ ਹਾਂ। ਜੇਕਰ ਘਾਹ ਖੋਤਣ ਵਾਲਾ ਘਾਸੀ = ਘਾਹੀ ਬਣਾ ਦੇਵੇਂ ਤਾਂ ਵੀ ਤੇਰੇ ਹੀ ਨਾਮ ਨੂੰ ਕਢਾਈ = ਕਢਾਵਾਂਗੇ, ਪ੍ਰਗਟ ਕਰਾਂਗੇ ਕਿ ਤੇਰੇ ਹੀ ਦਾਸ ਹਾਂ **ਅਥਵਾ** ਬ੍ਰਹਮਾਨੰਦ ਰੂਪ ਰਾਜ 'ਤੇ ਇਸਥਿਤ ਕਰ ਦੇਵੇਂ ਤਾਂ ਆਪ ਜੀ ਦੇ ਗ਼ੁਲਾਮ ਹੀ ਹਾਂ। ਜੇਕਰ ਸੰਸਾਰ ਦੇ ਮੋਹ ਵਿਚ ਭੋਗ ਪਦਾਰਥਾਂ ਰੂਪ ਘਾਹ ਖੁਤਾਉਂਦੇ ਰਹੋਗੇ ਤਾਂ ਵੀ ਆਪ ਜੀ ਦੇ ਹੀ ਦਾਸ ਅਖਵਾਵਾਂਗੇ।

## ਜਨੁ ਨਾਨਕੁ ਹਰਿ ਕਾ ਦਾਸੁ ਹੈ; ਹਰਿ ਕੀ ਵਡਿਆਈ ॥੪॥੨॥੮॥੪੬॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰਿ = ਅਕਾਲ ਪੁਰਖ ਵਾਹਿਗੁਰੂ ! ਮੈਂ ਜਨੁ ਤਾਂ ਆਪ ਜੀ ਕਾ = ਦਾ ਦਾਸੁ = ਸੇਵਕ ਹਾਂ, ਹੇ ਹਰਿ = ਪਰਮੇਸ਼ਰ ! ਇਹ ਸਭ ਆਪ ਜੀ ਕੀ = ਦੀ ਹੀ ਵਡਿਆਈ = ਸੋਭਾ ਹੈ **ਵਾ:** ਇਉਂ ਨਿਸਚੇ ਕੀਤਾ ਹੈ ਕਿ ਸਭ ਆਪਣੀ ਵਡਿਆਈ ਨੂੰ ਤੂੰ ਆਪੇ ਹੀ ਜਾਣਦਾ ਹੈਂ **ਵਾ:** ਕਿਰਪਾ ਕਰਕੇ ਆਪਣੇ ਨਾਮ ਦੀ ਵਡਿਆਈ ਸਾਨੂੰ ਬਖ਼ਸ਼ੋ ॥੪॥੨॥੮॥੪੬॥

## ਗਉੜੀ ਗੁਆਰੇਰੀ[1], ਮਹਲਾ ੪ ॥
## ਕਿਰਸਾਣੀ ਕਿਰਸਾਣੁ ਕਰੇ, ਲੋਚੈ ਜੀਉ ਲਾਇ ॥
## ਹਲੁ ਜੋਤੈ ਉਦਮੁ ਕਰੇ; ਮੇਰਾ ਪੁਤੁ ਧੀ ਖਾਇ ॥

**ਦ੍ਰਿਸ਼ਟਾਂਤ :** ਜਿਵੇਂ ਕਿਰਸਾਣੁ = ਜ਼ਿਮੀਂਦਾਰ ਆਪਣਾ ਜੀਉ = ਦਿਲ ਨੂੰ ਲਾਇ = ਲਾ ਕੇ ਕਿਰਸਾਣੀ = ਖੇਤੀ ਕਰਨ ਦੀ ਲੋਚੈ = ਚਾਹਨਾ ਕਰਦਾ ਹੈ ਅਤੇ ਸਵੱਖਤੇ ਉੱਠ ਕੇ ਜ਼ਮੀਨ ਨੂੰ ਵਾਹੁਣ ਵਾਸਤੇ ਉੱਦਮ ਕਰ ਕੇ ਹਲ ਨੂੰ ਜੋਤੈ = ਜੋੜਣਾ ਕਰੇ = ਕਰਦਾ ਹੈ ਕਿ ਇਸ ਵਿੱਚੋਂ ਅਨਾਜ ਪੈਦਾ ਹੋਵੇਗਾ, ਉਹ ਮੇਰਾ ਪੁਤੁ = ਪੁੱਤਰ ਤੇ ਧੀ ਆਦਿ ਖਾਇ = ਖਾਵੇਗਾ।

**ਦਾ ਦ੍ਰਿਸ਼ਟਾਂਤ :** ਏਸੇ ਹੀ ਪ੍ਰਕਾਰ ਜੋ ਗੁਰਮੁਖ ਹਨ ਉਹ ਕਿਰਸਾਣ ਬਣ ਕੇ ਆਪਣੀ ਦੇਹ ਰੂਪੀ ਧਰਤੀ ਵਿਚ ਪਰਮੇਸ਼ਰ ਦੀ ਭਗਤੀ ਰੂਪੀ ਕਿਰਸਾਣੀ = ਖੇਤੀ ਨੂੰ ਆਪਣਾ ਜੀਉ = ਹਿਰਦਾ ਲਾ ਕੇ, ਕਰਨ ਦੇ ਤਾਈਂ ਲੋਚੈ = ਚਾਹੁੰਦੇ ਰਹਿੰਦੇ ਹਨ।

ਅੰਮ੍ਰਿਤ ਵੇਲੇ ਉੱਠਣ ਦਾ ਉੱਦਮ ਕਰ ਕੇ ਭਗਤੀ ਰੂਪੀ ਖੇਤੀ ਨੂੰ ਕਰਨ ਰੂਪ ਵਾਹੁਣ ਵਾਸਤੇ ਸਤ ਸੰਤੋਖਾਦਿ ਨੂੰ ਬੈਲ ਬਣਾ ਕੇ ਵਿਚਾਰ ਰੂਪੀ ਹੱਲ ਜੋੜਣਾ ਕਰਦੇ ਹਨ ਕਿ ਮੇਰਾ ਮਨ ਰੂਪ ਪੁੱਤਰ ਅਤੇ ਬੁੱਧ ਰੂਪ ਧੀ, ਇਨ੍ਹਾਂ ਗੁਣਾਂ ਨੂੰ ਖਾਇ = ਧਾਰਨ ਕਰ ਕੇ ਨਿਹਾਲ ਹੋਣਗੇ।

## ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ; ਹਰਿ ਅੰਤਿ ਛਡਾਇ ॥੧॥

ਤਿਉ = ਤਿਵੇਂ ਹੀ ਹਰਿ = ਪਰਮੇਸ਼ਰ ਦੇ ਜਨੁ = ਦਾਸ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਦਾ ਜਪੁ = ਜਾਪ ਕਰੇ = ਕਰਦੇ ਹਨ, ਕਿਉਂਕਿ ਉਨ੍ਹਾਂ ਦਾ ਨਿਸ਼ਚਾ ਹੈ ਕਿ ਹਰਿ = ਪਰਮੇਸ਼ਰ ਅੰਤ ਸਮੇਂ ਸਾਨੂੰ ਜਮਾਂ ਤੋਂ ਛਡਾਇ = ਛੁੱਡਾ ਲਵੇਗਾ ॥੧॥

---

੧. ਭਾਈ ਵੀਰ ਸਿੰਘ ਜੀ ਦੀ ਲੇਖਣੀ ਅਨੁਸਾਰ ਇਕ ਪੁਰਾਤਨ ਬੀੜ ਵਿਚ ਇਥੇ ਸਿਰਲੇਖ ਗਉੜੀ ਬੈਰਾਗਣਿ ਹੈ ਅਤੇ ਉਨ੍ਹਾਂ ਨੇ ਕਿਹਾ ਕਿ ਜੋ ਚੱਲ ਰਹੇ ਸ਼ਬਦਾਂ ਦੇ ਸਿਰਲੇਖ ਅਨੁਸਾਰ ਠੀਕ ਢੁੱਕਦਾ ਜਾਪਦਾ ਹੈ ਪਰ ਦਮਦਮੀ ਬੀੜਾ ਵਿਚ ਗਉੜੀ ਗੁਆਰੇਰੀ ਹੀ ਸਿਰਲੇਖ ਹੈ।

## ਮੈ ਮੂਰਖ ਕੀ; ਗਤਿ ਕੀਜੈ ਮੇਰੇ ਰਾਮ ॥

ਹੇ ਮੇਰੇ ਰਾਮ = ਵਾਹਿਗੁਰੂ ! ਮੈ = ਮੇਰੇ ਸ਼ਾਸਤਰ ਗਿਆਤ, ਪਰਮਾਰਥ ਦੀ ਸੂਝ ਤੋਂ ਮੂਰਖ = ਬੇਸਮਝ ਕੀ = ਦੀ ਗਤਿ = ਕਲਿਆਣ ਕੀਜੈ = ਕਰੋ **ਵਾ:** ਮੈਂ (ਮੂ+ਰਖ) ਮੂ = ਮੂੰਹ ਆਦਿਕ ਇੰਦ੍ਰੀਆਂ ਨੂੰ ਰਸਾਂ ਕਸਾਂ ਤੋਂ ਰੱਖ (ਰੋਕ) ਕੇ ਆਪ ਜੀ ਦੀ ਸ਼ਰਨ ਵਿਚ ਪਿਆ ਹਾਂ। ਕਿਰਪਾ ਕਰਕੇ ਆਪ ਜੀ ਮੇਰੀ ਗਤਿ = ਕਲਿਆਣ ਕੀਜੈ = ਕਰੋ।

## ਗੁਰ ਸਤਿਗੁਰ ਸੇਵਾ; ਹਰਿ ਲਾਇ ਹਮ ਕਾਮ ॥੧॥ਰਹਾਉ॥

ਹੇ ਹਰਿ = ਹਰੀ ! ਗੁਰ = ਪੂਜਨੀਕ ਸਤਿਗੁਰੂ ਸਾਹਿਬ ਜੀ ਦੀ ਸੇਵਾ = ਟਹਿਲ ਦੇ ਕਾਮ = ਕਾਰਜ ਵਿਚ ਹਮ = ਸਾਨੂੰ ਲਾਇ = ਲਾਉਣਾ ਕਰੋ ॥੧॥ਰਹਾਉ॥

## ਲੈ ਤੁਰੇ ਸਉਦਾਗਰੀ; ਸਉਦਾਗਰੁ ਧਾਵੈ ॥

**ਦ੍ਰਿਸ਼ਟਾਂਤ :** ਜਿਸ ਪ੍ਰਕਾਰ ਤੁਰੇ = ਘੋੜੇ ਲੈ ਕੇ ਸਉਦਾਗਰੀ = ਵਪਾਰ ਕਰਨ ਲਈ ਸਉਦਾਗਰ = ਵਪਾਰੀ ਲੋਕ ਦੇਸ਼ਾਂ ਪ੍ਰਦੇਸ਼ਾਂ ਵੱਲ ਧਾਵੈ = ਧਾਉਂਦੇ ਭਾਵ ਜਾਂਦੇ ਹਨ ਭਾਵ ਇਕ ਮੰਡੀ ਵਿੱਚੋਂ ਘੋੜੇ ਖ਼ਰੀਦ ਕੇ ਵਪਾਰ ਲਈ ਦੂਸਰੀ ਮੰਡੀ ਵਿਚ ਧਾਵੈ = ਧਾਅ ਭਾਵ ਦੌੜ ਕੇ ਜਾਂਦੇ ਹਨ।

**ਦਾ ਦ੍ਰਿਸ਼ਟਾਂਤ :** ਇਸੇ ਪ੍ਰਕਾਰ ਨਾਮ ਦੇ ਵਪਾਰੀ ਸਤ, ਸੰਤੋਖ ਆਦਿ ਸ਼ੁਭ ਗੁਣਾਂ ਰੂਪੀ ਘੋੜਿਆਂ ਨੂੰ ਸਾਧ ਸੰਗਤ ਰੂਪ ਮੰਡੀ ਵਿੱਚੋਂ ਖ਼ਰੀਦ ਕੇ, ਸਉਦਾਗਰੀ = ਵਪਾਰ ਕਰਨ ਵਾਸਤੇ ਗੁਰਾਂ ਦੀ ਸ਼ਰਨ ਵਿਚ ਧਾਵੈ = ਦੌੜ ਕੇ ਜਾਂਦੇ ਹਨ।

## ਧਨੁ ਖਟੈ, ਆਸਾ ਕਰੈ; ਮਾਇਆ ਮੋਹੁ ਵਧਾਵੈ ॥

(ਖੱਟੈ ਬੋਲੋ)

**ਦ੍ਰਿਸ਼ਟਾਂਤ :** ਉਹ ਵਪਾਰੀ ਧਨ ਨੂੰ ਖਟੈ = ਖੱਟਦੇ ਹਨ ਅਤੇ ਆਸਾ ਕਰਦੇ ਹਨ ਕਿ ਘੋੜਿਆਂ ਦੀ ਸੌਦਾਗਰੀ ਵਿਚ ਸਾਡੇ ਤਾਈਂ ਨਫ਼ਾ ਹੋਵੇ। ਇਉਂ ਆਪਣੇ ਚਿਤ ਵਿਚ ਮਾਇਆ ਦਾ ਮੋਹ ਵਧਾਉਂਦੇ ਰਹਿੰਦੇ ਹਨ।

**ਦਾ ਦ੍ਰਿਸ਼ਟਾਂਤ :** ਏਸੇ ਪ੍ਰਕਾਰ ਪਰਮੇਸ਼ਰ ਦੇ ਨਾਮ ਦੇ ਵਪਾਰੀ ਸਤਿਗੁਰਾਂ ਪਾਸੋਂ ਨਾਮ ਰੂਪ ਧਨ ਦੀ ਖੱਟੀ ਖੱਟਦੇ ਹਨ ਅਤੇ ਆਸਾ ਰੱਖਦੇ ਹਨ ਕਿ ਸ਼ੁਭ ਗੁਣਾਂ ਰੂਪ ਘੋੜਿਆਂ ਦੀ ਸੌਦਾਗਰੀ ਨਾਲ ਸਾਡੇ ਤਾਈਂ ਨਫ਼ਾ ਹੋਵੇਗਾ। ਇਉਂ ਆਪਣੇ ਹਿਰਦੇ ਵਿਚ ਪਰਮੇਸ਼ਰ ਦੀ ਭਗਤੀ ਰੂਪ ਮਾਇਆ ਦਾ ਮੋਹ ਵਧਾਉਂਦੇ ਰਹਿੰਦੇ ਹਨ ਕਿ ਸਾਡੇ ਅੰਦਰ ਪਰਮੇਸ਼ਰ ਦੀ ਭਾਉ ਭਗਤੀ ਪ੍ਰਗਟ ਹੋਵੇ, ਪ੍ਰਤੱਖ ਹੋਵੇ।

## ਤਿਉ ਹਰਿ ਜਨੁ ਹਰਿ ਹਰਿ ਬੋਲਤਾ; ਹਰਿ ਬੋਲਿ ਸੁਖੁ ਪਾਵੈ ॥੨॥

ਤਿਉ = ਤਿਵੇਂ ਹਰੀ ਦਾ ਜਨੁ = ਦਾਸ ਹਰਿ ਹਰਿ ਪਰਮੇਸ਼ਰ ਦੇ ਨਾਮ ਨੂੰ ਬੋਲਤਾ = ਬੋਲਦਾ ਹੈ, ਕਿਉਂਕਿ ਹਰੀ ਦਾ ਜਸ ਬੋਲਿ = ਬੋਲਣ ਕਰਕੇ ਹੀ ਆਤਮਿਕ ਸੁਖ ਪਾਵੈ = ਪਾਉਂਦਾ ਹੈ ॥੨॥

## ਬਿਖੁ ਸੰਚੈ ਹਟਵਾਣੀਆ; ਬਹਿ ਹਾਟਿ ਕਮਾਇ ॥

**ਦ੍ਰਿਸ਼ਟਾਂਤ :** ਜਿਵੇਂ ਹਟਵਾਣੀਆ = ਹੱਟੀ ਵਾਲਾ, ਬਾਣੀਆ ਹੱਟੀ ਵਿਚ ਬਹਿ = ਬੈਠ ਕੇ ਕਮਾਇ = ਕਮਾਈ ਕਰਕੇ ਬਿਖੁ = ਮਾਇਆ ਸੰਚੈ = ਇਕੱਠੀ ਕਰਦਾ ਹੈ।

**ਦਾ ਦ੍ਰਿਸ਼ਟਾਂਤ :** ਇਸੇ ਪ੍ਰਕਾਰ ਬਾਣੀਏ ਦੀ ਨਿਆਈਂ ਹਰੀ ਦਾ ਸੇਵਕ ਪਰਮਾਤਮਾ ਦੀ ਭਗਤੀ ਜੋ

ਬਿਖੁ = ਵਿਸ਼ਿਆਂ ਦੀ ਵਿਹੁ ਨੂੰ ਨਾਸ਼ ਕਰਨ ਵਾਲੀ ਹੈ, ਉਸ ਭਗਤੀ ਨੂੰ ਸੰਚੈ = ਇਕੱਤਰ ਕਰਦਾ ਹੈ ਅਤੇ ਸਤਿਸੰਗਤ ਰੂਪੀ ਹੱਟੀ ਵਿਚ ਬੈਠ ਕੇ ਪਰਮੇਸ਼ਰ ਦੇ ਨਾਮ ਦੀ ਕਮਾਈ ਕਰਦਾ ਹੈ।

## ਮੋਹ ਝੂਠੁ, ਪਸਾਰਾ ਝੂਠ ਕਾ; ਝੂਠੇ ਲਪਟਾਇ ॥

**ਦ੍ਰਿਸ਼ਟਾਂਤ :** ਇਹ ਮਾਇਆ ਦਾ ਮੋਹ ਝੂਠਾ ਹੈ, ਤੇ ਇਸਦਾ ਪਸਾਰਾ = ਵਿਸਤਾਰ ਵੀ ਝੂਠ ਕਾ = ਦਾ ਹੀ ਹੈ ਅਤੇ ਝੂਠੇ ਪਦਾਰਥਾਂ ਵਿਚ ਜੀਵ ਲਪਟਾਇ = ਲਪਟਿਆ ਹੋਇਆ ਹੈ।

**ਦਾ ਦ੍ਰਿਸ਼ਟਾਂਤ :** ਮੋਹ = ਅਗਿਆਨ ਵੀ ਝੂਠਾ ਹੈ, ਪਸਾਰਾ = ਫੈਲਿਆ ਸੰਸਾਰ ਵੀ ਝੂਠਾ ਹੈ, ਇਸ ਵਿਚ ਜੋ ਪ੍ਰਵਿਰਤੀ ਹੋ ਰਹੀ ਹੈ, ਇਹ ਵੀ ਸਾਰਾ ਝੂਠ ਦਾ ਹੀ ਵਿਹਾਰ ਹੈ। ਝੂਠੇ ਪਦਾਰਥਾਂ ਵਿਚ ਜੀਵ ਲਪਟਿਆ ਹੋਇਆ ਹੈ **ਵਾ:** ਮੋਹ = ਅਗਿਆਨ ਕਰ ਕੇ ਸਾਰੇ ਸੰਸਾਰ ਦਾ ਜੋ ਝੂਠਾ ਪਸਾਰਾ ਹੈ, ਝੂਠਾ ਪੁਰਖ ਉਸ ਝੂਠੇ ਪਦਾਰਥਾਂ ਵਿਚ ਲਪਟਿਆ ਰਹਿੰਦਾ ਹੈ।

## ਤਿਉ ਹਰਿ ਜਨਿ, ਹਰਿ ਧਨੁ ਸੰਚਿਆ; ਹਰਿ ਖਰਚੁ ਲੈ ਜਾਇ ॥੩॥

ਤਿਉ = ਤਿਵੇਂ ਹਰੀ ਦੇ ਜਨ = ਭਗਤ ਜਨਾਂ ਨੇ ਹਰਿ = ਹਰੀ ਦੇ ਨਾਮ ਰੂਪੀ ਧਨ ਨੂੰ ਸੰਚਿਆ = ਇਕੱਠਾ ਕੀਤਾ ਹੈ, ਇਕੱਤਰ ਕੀਤਾ ਹੈ ਤੇ ਹਰਿ = ਪਰਮੇਸ਼ਰ ਦੇ ਨਾਮ ਦਾ ਖ਼ਰਚ ਲੈ ਕੇ ਪਰਲੋਕ, ਸਚਖੰਡ ਵਿਚ ਜਾਇ = ਜਾਂਦੇ ਹਨ ॥੩॥

## ਇਹੁ ਮਾਇਆ ਮੋਹ ਕੁਟੰਬੁ ਹੈ; ਭਾਇ ਦੂਜੈ ਫਾਸ ॥

ਇਹ ਜੋ ਮਾਇਆ ਅਤੇ ਕੁਟੰਬੁ = ਪਰਿਵਾਰ ਦਾ ਮੋਹ ਹੈ, ਇਸ ਵਿਚ ਦੂਜੈ = ਦ੍ਵੈਤ-ਭਾਵ ਹੋਣ ਕਰਕੇ ਜਮਾਂ ਦੀ ਫਾਸ = ਫਾਹੀ ਪੈਂਦੀ ਹੈ **ਵਾ:** ਕਾਲ ਦੀ ਫਾਹੀ ਪੈਂਦੀ ਹੈ।

## ਗੁਰਮਤੀ ਸੋ ਜਨੁ ਤਰੈ; ਜੋ ਦਾਸਨਿ ਦਾਸ ॥

ਜੋ ਮਨ, ਬਾਣੀ, ਸਰੀਰ ਕਰਕੇ ਪਰਮੇਸ਼ਰ ਦੇ ਦਾਸਨਿ = ਦਾਸਾਂ ਦਾ ਵੀ ਦਾਸ ਹੁੰਦਾ ਹੈ, ਸੋ = ਉਹ ਜਨੁ = ਸੇਵਕ ਗੁਰਮਤੀ = ਗੁਰਮਤਿ ਦੁਆਰਾ ਸੰਸਾਰ ਸਮੁੰਦਰ ਤੋਂ ਤਰੈ = ਤਰ ਜਾਂਦਾ ਹੈ।

## ਜਨਿ ਨਾਨਕਿ ਨਾਮੁ ਧਿਆਇਆ;
## ਗੁਰਮੁਖਿ ਪਰਗਾਸ ॥੪॥੩॥੯॥੪੭॥

ਸਤਿਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਜਿਸ ਜਨਿ = ਸੇਵਕ ਨੇ ਪਰਮੇਸ਼ਰ ਦੇ ਨਾਮ ਨੂੰ ਧਿਆਇਆ = ਧਿਆਉਣਾ ਕੀਤਾ ਹੈ, ਉਸ ਦੇ ਹਿਰਦੇ ਵਿਚ ਗੁਰਮੁਖਿ = ਮੁਖੀ ਗੁਰਾਂ ਦੇ ਉਪਦੇਸ਼ ਦੁਆਰਾ ਵਾਹਿਗੁਰੂ ਦੇ ਗਿਆਨ ਦਾ ਪਰਗਾਸ = ਪ੍ਰਕਾਸ਼ ਹੋ ਗਿਆ ਹੈ **ਵਾ:** ਨਿਰਾਵਰਣ ਬ੍ਰਹਮ ਦਾ ਪ੍ਰਕਾਸ਼ ਹੋ ਗਿਆ ਹੈ ॥੪॥੩॥੯॥੪੭॥

## ਗਉੜੀ ਬੈਰਾਗਣਿ, ਮਹਲਾ ੪ ॥
## ਨਿਤ ਦਿਨਸੁ ਰਾਤਿ, ਲਾਲਚੁ ਕਰੇ; ਭਰਮੈ ਭਰਮਾਇਆ ॥

ਇਹ ਜੀਵ ਨਿਤਾਪ੍ਰਤੀ ਦਿਨ ਤੇ ਰਾਤ ਪਦਾਰਥਾਂ ਦੇ ਇਕੱਠਾ ਕਰਨ ਦਾ ਲਾਲਚੁ = ਲੋਭ ਕਰੇ = ਕਰਦਾ ਰਹਿੰਦਾ ਹੈ ਇਸੇ ਕਰਕੇ ਮਾਇਆ ਦੇ ਭਰਮੈ = ਭੁਲੇਖੇ ਪਾ ਕੇ ਜੂਨਾਂ ਵਿਚ ਭਰਮਾਇਆ ਜਾਂਦਾ ਹੈ।

## ਵੇਗਾਰਿ ਫਿਰੈ ਵੇਗਾਰੀਆ; ਸਿਰਿ ਭਾਰੁ ਉਠਾਇਆ ॥

ਇਹ ਜੀਵ ਵੇਗਾਰੀ[੧] ਦੀ ਤਰ੍ਹਾਂ ਪਰਿਵਾਰ ਦੀ ਵੇਗਾਰ ਵਿਚ ਕਾਰਜ ਕਰਦਾ ਫਿਰੈ = ਫਿਰਦਾ ਰਹਿੰਦਾ ਹੈ ਅਤੇ ਇਸਨੇ ਉਨ੍ਹਾਂ ਦੇ ਪਾਲਣ ਪੋਸ਼ਣ ਦਾ ਸਿਰ ਉੱਤੇ ਭਾਰੁ = ਬੋਝ ਉਠਾਇਆ = ਚੁੱਕਿਆ ਹੋਇਆ ਹੈ।

## ਜੋ ਗੁਰ ਕੀ ਜਨੁ ਸੇਵਾ ਕਰੇ;
## ਸੋ ਘਰ ਕੈ ਕੰਮਿ ਹਰਿ ਲਾਇਆ ॥੧॥

ਜੋ = ਜਿਹੜਾ ਜਨੁ = ਪੁਰਖ ਗੁਰ = ਸਤਿਗੁਰੂ ਸਾਹਿਬ ਜੀ ਕੀ = ਦੀ ਸੇਵਾ = ਟਹਿਲ ਕਰੇ = ਕਰਦਾ ਹੈ, ਸੋ = ਉਸ ਨੂੰ ਹਰਿ = ਹਰੀ ਪਰਮੇਸ਼ਰ ਨੇ ਸਾਧਸੰਗਤ ਰੂਪੀ ਘਰ ਕੈ = ਦੇ ਵਿਚ ਨਾਮ, ਸਿਮਰਨ, ਭਗਤੀ ਰੂਪੀ ਕੰਮਿ = ਕਾਰਜ ਵਿਚ ਲਾਇਆ = ਲਾਉਣਾ ਕੀਤਾ ਹੈ ॥੧॥

## ਮੇਰੇ ਰਾਮ, ਤੋੜਿ ਬੰਧਨ ਮਾਇਆ; ਘਰ ਕੈ ਕੰਮਿ ਲਾਇ ॥

ਹੇ ਮੇਰੇ ਪਿਆਰੇ ਰਾਮ = ਅਕਾਲ ਪੁਰਖ! ਮੇਰੇ ਵੀ ਮਾਇਆ ਦੇ ਮੋਹ ਦੇ ਬੰਧਨਾਂ ਨੂੰ ਤੋੜ ਕੇ ਮੈਨੂੰ ਵੀ ਸਾਧਸੰਗਤ ਰੂਪ ਘਰ ਵਿਚ ਭਜਨ, ਬੰਦਗੀ, ਭਗਤੀ ਕਰਨ ਦੇ ਕੰਮ ਵਿਚ ਲਾਇ = ਲਾਉਣਾ ਕਰ।

## ਨਿਤ ਹਰਿ ਗੁਣ ਗਾਵਹ; ਹਰਿ ਨਾਮਿ ਸਮਾਇ ॥੧॥ਰਹਾਉ॥

ਹੇ ਹਰੀ! ਮੈਂ ਨਿਤ = ਨਿਤਾਪ੍ਰਤੀ ਭਾਵ ਦਿਨ ਰਾਤ ਆਪ ਜੀ ਦੇ ਗੁਣਾਂ ਨੂੰ ਗਾਵਹ = ਗਾਉਣਾ ਕਰਾਂ ਅਤੇ ਫੇਰ ਹੇ ਹਰਿ ਪਰਮੇਸ਼ਰ! ਤੇਰੇ ਨਾਮ ਵਿਚ ਸਮਾਇ = ਸਮਾ, ਲੀਨ ਹੋ ਜਾਵਾਂ **ਵਾ:** ਹੇ ਨਾਮੀ ਪਰਮੇਸ਼ਰ! ਤੇਰੇ ਸਰੂਪ ਵਿਚ ਸਮਾਇ = ਸਮਾ ਜਾਵਾਂ **ਵਾ:** ਅਭੇਦ ਹੋ ਜਾਵਾਂ ॥੧॥ਰਹਾਉ॥

## ਨਰੁ ਪ੍ਰਾਣੀ ਚਾਕਰੀ ਕਰੇ;
## ਨਰਪਤਿ ਰਾਜੇ, ਅਰਥਿ ਸਭ ਮਾਇਆ ॥

ਜੋ ਪ੍ਰਾਣੀ = ਪ੍ਰਾਣਾਧਾਰੀ ਨਰੁ = ਪੁਰਖ ਵੱਡੀ ਤੋਂ ਵੱਡੀ ਚਾਕਰੀ = ਨੌਂਕਰੀ ਕਰੇ = ਕਰਦਾ, ਉਹ ਚਾਹੇ ਕਿਸੇ ਨਰਪਤਿ = ਨਰਾਂ ਦੇ ਪਤੀ (ਚੱਕਰਵਰਤੀ ਬਾਦਸ਼ਾਹ) ਜਾਂ ਕਿਸੇ ਰਜਵਾੜੇ ਦੇ ਮਾਲਕ ਛੋਟੇ ਰਾਜੇ ਦੀ ਹੈ, ਉਹ ਸਭ ਮਾਇਆ ਦੇ ਅਰਥਿ = ਵਾਸਤੇ ਹੀ ਹੈ **ਅਥਵਾ** ਇਹ ਪ੍ਰਾਣੀ = ਪ੍ਰਾਣਾਧਾਰੀ ਨਰੁ = ਪੁਰਖ ਨਰਪਤਿ = ਨਰਾਂ ਦੇ ਪਤੀ ਭਾਵ ਚੱਕਰਵਤੀ ਬਾਦਸ਼ਾਹ ਅਤੇ ਰਾਜੇ = ਰਾਜਵਾੜਿਆਂ ਦੇ ਮਾਲਕ ਰਾਜਿਆਂ ਦੀ ਚਾਕਰੀ = ਨੌਂਕਰੀ ਮਾਇਆ = ਧਨ ਦੀ ਪ੍ਰਾਪਤੀ ਅਰਥਿ = ਵਾਸਤੇ ਕਰੇ = ਕਰਦੇ ਹਨ, ਪਰ ਉਹ ਸਭ = ਸਾਰੀ ਮਾਇਆ ਜ਼ਿਆਦਾਤਰ ਤਾਂ ਰਾਜਿਆਂ ਦੇ ਕੋਲ ਹੀ ਰਹਿ ਜਾਂਦੀ ਹੈ।

## ਕੈ ਬੰਧੈ, ਕੈ ਡਾਨਿ ਲੇਇ; ਕੈ ਨਰਪਤਿ ਮਰਿ ਜਾਇਆ ॥

ਉਸਦਾ ਅੰਤ ਅਕਸਰ ਇਹ ਹੁੰਦਾ ਹੈ ਕੈ = ਜਾਂ ਤਾਂ ਰਾਜਾ ਉਨ੍ਹਾਂ ਮਨੁੱਖਾਂ ਨੂੰ ਕਿਸੇ ਗੁਨਾਹ ਕਾਰਨ ਕੈਦੀ ਬਣਾ ਕੇ ਬੰਧੈ = ਬੰਨ੍ਹ ਲੈਂਦਾ ਹੈ, ਕੈ = ਜਾਂ ਉਨ੍ਹਾਂ ਪਾਸੋਂ ਡਾਨਿ = ਡੰਨ ਜ਼ੁਰਮਾਨਾ ਲਾ ਕੇ ਖੋਹ ਲੇਇ = ਲੈਂਦਾ ਹੈ ਕੈ = ਜਾਂ ਫਿਰ ਨਰਪਤਿ = ਰਾਜਾ ਹੀ ਮਰ ਜਾਇਆ = ਜਾਂਦਾ ਹੈ, ਉਨ੍ਹਾਂ ਦੀ ਹਕੂਮਤ ਚੁੱਕੀ ਜਾਂਦੀ ਹੈ ਤੇ ਤਨਖ਼ਾਹ ਮਿਲਦੀ ਹੀ ਨਹੀਂ ਹੈ।

ਪਰ ਸਤਿਗੁਰਾਂ ਦੀ ਸੇਵਾ ਵਿਚ ਅਜਿਹਾ ਘਾਟਾ ਨਹੀਂ ਹੈ ਕਿਉਂਕਿ

---

੧. ਬਿਨਾਂ ਮਜ਼ਦੂਰੀ ਮਿਲੇ ਤੋਂ ਜਾਂ ਥੋੜ੍ਹੀ ਮਜ਼ਦੂਰੀ ਤੇ ਕਿਸੇ ਦੇ ਅਧੀਨ ਰਹਿ ਕੇ ਕੰਮ ਕਰਨ ਵਾਲੇ ਨੂੰ ਵੇਗਾਰੀ ਕਹਿੰਦੇ ਹਨ।

## ਧੰਨੁ ਧਨੁ ਸੇਵਾ ਸਫਲ ਸਤਿਗੁਰੂ ਕੀ; ਜਿਤੁ ਹਰਿ ਹਰਿ ਨਾਮੁ ਜਪਿ ਹਰਿ ਸੁਖੁ ਪਾਇਆ ॥੨॥

ਸਤਿਗੁਰੂ ਜੀ ਕੀ = ਦੀ ਸੇਵਾ ਧੰਨੁ ਧਨੁ = ਧੰਨਤਾ ਦੇ ਜੋਗ ਅਤੇ ਸਫਲੀ ਹੈ, ਜਿਤੁ = ਜਿਸ ਸੇਵਾ ਦੁਆਰਾ ਹਰੀ ਪ੍ਰਭੂ ਦੇ ਨਾਮ ਨੂੰ ਜਪ ਕਰਕੇ ਹਰਿ = ਹਰ ਪ੍ਰਕਾਰ ਦੇ ਸੁੱਖਾਂ ਨੂੰ ਪਾਇਆ = ਪਾਉਣਾ ਕੀਤਾ ਹੈ ॥੨॥

## ਨਿਤ ਸਉਦਾ ਸੂਦੁ ਕੀਚੈ, ਬਹੁ ਭਾਤਿ ਕਰਿ; ਮਾਇਆ ਕੈ ਤਾਈ ॥

ਇਹ ਜੀਵ ਮਾਇਆ ਦੀ ਪ੍ਰਾਪਤੀ ਕੈ = ਦੇ ਤਾਈ = ਵਾਸਤੇ ਨਿਤ = ਹਮੇਸ਼ਾ ਹੀ ਬਹੁ = ਬਹੁਤੇ ਭਾਤਿ = ਤਰੀਕਿਆਂ ਕਰਿ = ਕਰਕੇ ਸਉਦਾ = ਪਦਾਰਥ ਤੇ ਹੋਰਨਾਂ ਨੂੰ ਸੂਦੁ = ਵਿਆਜ ਆਦਿ ਲਾਉਣ ਦਾ ਕੰਮ ਕੀਚੈ = ਕਰਦਾ ਹੈ।

## ਜਾ ਲਾਹਾ ਦੇਇ, ਤਾ ਸੁਖੁ ਮਨੇ; ਤੋਟੈ ਮਰਿ ਜਾਈ ॥

(**ਮਨੇ** ਥੋੜਾ ਕੱਸ ਕੇ ਬੋਲੋ)

ਜਾ = ਜਦੋਂ ਉਹ ਵਣਜ ਵਪਾਰ ਲਾਹਾ = ਲਾਭ ਦੇ ਦੇਇ = ਦਿੰਦਾ ਹੈ ਤਾ = ਤਦ ਮਨ ਵਿਚ ਸੁੱਖ ਮਨੇ = ਮੰਨਦਾ ਹੈ, ਜੇਕਰ ਤੋਟੈ = ਘਾਟਾ ਪੈ ਜਾਵੇ ਤਾਂ ਮਾਨੋ ਮਰ ਹੀ ਜਾਂਦਾ ਹੈ **ਅਥਵਾ** ਇਸੇ ਪ੍ਰਕਾਰ ਜੇਕਰ ਜੀਵ ਨੂੰ ਵਿਸ਼ਿਆਂ ਦਾ ਸੁਖ ਰੂਪੀ ਲਾਹਾ ਮਿਲ ਜਾਵੇ ਤਾਂ ਸੁਖ ਮੰਨਦਾ ਹੈ ਤੇ ਜੇਕਰ ਕਿਸੇ ਇਕ ਸੰਬੰਧੀ ਜਾਂ ਵਿਸ਼ਿਆਂ ਆਦਿ ਦਾ ਵਿਜੋਗ ਹੋ ਜਾਵੇ, ਸਰੀਰ ਰੋਗੀ ਹੋ ਜਾਵੇ ਤਾਂ ਤੋਟੈ = ਘਾਟੇ ਵਿਚ ਮਰ ਹੀ ਜਾਂਦਾ ਹੈ, ਅਰਥਾਤ ਜੀਵ ਸੁਖ-ਦੁਖ ਵਿਚ ਹੀ ਬੱਝਿਆ ਰਹਿੰਦਾ ਹੈ।

## ਜੋ ਗੁਣ ਸਾਝੀ ਗੁਰ ਸਿਉ ਕਰੇ; ਨਿਤ ਨਿਤ ਸੁਖੁ ਪਾਈ ॥੩॥

ਹੇ ਭਾਈ ! ਜੋ ਪੁਰਸ਼ ਗੁਰਾਂ ਦੇ ਤਾਈਂ ਤਨ, ਮਨ, ਧਨ ਦੇ ਕੇ ਸ੍ਰੇਸ਼ਟ ਗੁਣਾਂ ਦੀ ਸਾਝੀ = ਭਾਈਵਾਲਤਾ, ਸਾਂਝੀਵਾਲਤਾ ਕਰੇ = ਕਰਦਾ ਹੈ, ਉਹ ਗੁਰਸਿੱਖ ਨਿਤ ਨਿਤ = ਨਿਤਾਪ੍ਰਤੀ ਸੁਖ ਪਾਈ = ਪ੍ਰਾਪਤ ਕਰਦਾ ਹੈ ॥੩॥

[ਅੰਗ ੧੬੭]

## ਜਿਤਨੀ ਭੂਖ ਅਨ ਰਸ ਸਾਦ ਹੈ; ਤਿਤਨੀ ਭੂਖ ਫਿਰਿ ਲਾਗੈ ॥

ਹੇ ਭਾਈ! ਜਿਤਨੀ = ਜਿੰਨੀ ਤ੍ਰਿਸ਼ਨਾਲੂ ਪੁਰਖ ਨੂੰ ਅਨ ਰਸ = ਹੋਰਨਾਂ ਪਦਾਰਥਾਂ ਦੇ ਰਸਾਂ ਦੇ ਸਾਦ = ਸੁਆਦ ਦੀ ਭੂਖ = ਭੁੱਖ ਹੈ, ਜੇਕਰ ਉਹ ਪਦਾਰਥ ਪ੍ਰਾਪਤ ਹੋ ਜਾਣ ਤਾਂ ਫਿਰ ਵੀ ਉਸਨੂੰ ਤਿਤਨੀ = ਉਤਨੀ ਹੋਰ ਪਦਾਰਥਾਂ ਦੇ ਪ੍ਰਾਪਤ ਕਰਨ ਰੂਪ ਭੂਖ = ਭੁੱਖ ਲਾਗੈ = ਲੱਗੀ ਰਹਿੰਦੀ ਹੈ, ਜੈਸਾ ਕਿ :

**ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ਰਹਾਉ॥** *(ਗਉੜੀ ਮਹਲਾ ੫, ਅੰਗ ੨੧੩)*

## ਜਿਸੁ ਹਰਿ ਆਪਿ ਕ੍ਰਿਪਾ ਕਰੇ; ਸੋ ਵੇਚੇ ਸਿਰੁ ਗੁਰ ਆਗੈ ॥

ਜਿਸ ਜੀਵ 'ਤੇ ਹਰਿ = ਵਾਹਿਗੁਰੂ ਪਰਮੇਸ਼ਰ ਆਪ ਕਿਰਪਾ ਦ੍ਰਿਸ਼ਟੀ ਕਰੇ = ਕਰਦਾ ਹੈ, ਉਹੋ ਹੀ ਪੁਰਸ਼ ਹਉਮੈ, ਹੰਕਾਰ ਰੂਪ ਸਿਰ ਨੂੰ ਗੁਰ = ਸਤਿਗੁਰੂ ਸਾਹਿਬ ਅੱਗੇ ਵੇਚੇ = ਵੇਚ ਦਿੰਦਾ ਹੈ, ਭਾਵ ਵਿਕਾਰਾਂ ਨੂੰ ਮੇਟ ਕੇ ਗੁਰੂ ਸਾਹਿਬ ਜੀ ਦਾ ਬਣ ਜਾਂਦਾ ਹੈ। ਜੈਸਾ ਕਿ :

**ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥** *(ਤੁਖਾਰੀ ਛੰਤ ਮਹਲਾ ੪, ਅੰਗ ੧੧੧੪)*

**ਜਨ ਨਾਨਕ, ਹਰਿ ਰਸਿ ਤ੍ਰਿਪਤਿਆ; ਫਿਰਿ ਭੂਖ ਨ ਲਾਗੈ ॥੪॥੪॥੧੦॥੪੮॥**

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਜਨ = ਪੁਰਖ ਦਾ ਮਨ ਹਰੀ ਦੇ ਪ੍ਰੇਮ ਰਸ, ਨਾਮ ਰਸ, ਬ੍ਰਹਮ ਰਸ ਵਿਚ ਤ੍ਰਿਪਤਿਆ = ਰੱਜ ਗਿਆ ਹੈ, ਫਿਰ ਉਸ ਨੂੰ ਕਦੇ ਵੀ ਦੁਨੀਆਂ ਦੇ ਪਦਾਰਥਾਂ ਦੀ ਆਸਾ ਰੂਪ, ਤ੍ਰਿਸ਼ਨਾ ਰੂਪ ਭੁੱਖ ਨ = ਨਹੀਂ ਲਾਗੈ = ਲੱਗਦੀ ॥੪॥੪॥੧੦॥੪੮॥

## ਗਉੜੀ ਬੈਰਾਗਣਿ, ਮਹਲਾ ੪ ॥

## ਹਮਰੈ ਮਨਿ ਚਿਤਿ, ਹਰਿ ਆਸ ਨਿਤ; ਕਿਉ ਦੇਖਾ ਹਰਿ ਦਰਸੁ ਤੁਮਾਰਾ ॥

ਹੇ ਹਰਿ = ਪਰਮੇਸ਼ਰ ! ਹਮਰੈ = ਸਾਡੇ ਮਨ ਤੇ ਚਿਤ ਵਿਚ ਨਿਤ = ਨਿਤਾਪ੍ਰਤੀ ਇਹ ਆਸ = ਉਮੀਦ ਲੱਗੀ ਰਹਿੰਦੀ ਹੈ ਕਿ ਤੁਮਾਰਾ = ਤੁਹਾਡਾ, ਦਰਸੁ = ਦਰਸ਼ਨ ਕਿਉ = ਕਿਸ ਪ੍ਰਕਾਰ ਦੇਖਾ = ਦੇਖਣਾ ਕਰਾਂ।

**ਜਿਨਿ ਪ੍ਰੀਤਿ ਲਾਈ ਸੋ ਜਾਣਤਾ; ਹਮਰੈ ਮਨਿ ਚਿਤਿ, ਹਰਿ ਬਹੁਤੁ ਪਿਆਰਾ ॥**

ਜਿਨਿ = ਜਿਸ ਪੁਰਖ ਨੇ ਤੇਰੇ ਨਾਮ ਨਾਲ ਪ੍ਰੀਤੀ ਲਾਈ = ਲਾਉਣਾ ਕੀਤੀ ਹੈ ਸੋ = ਉਹੋ ਹੀ ਜਾਣਤਾ = ਜਾਣਦਾ ਹੈ **ਵਾ:** ਜਿਸ ਗੁਰਾਂ ਨੇ ਸਿੱਖਾਂ ਦੇ ਹਿਰਦੇ ਅੰਦਰੋਂ ਪ੍ਰੀਤੀ ਲਾਉਣਾ ਕੀਤੀ ਹੈ ਉਹੀ ਗੁਰੂ ਸਾਹਿਬ ਜੀ ਨੂੰ ਜਾਣਦਾ ਹੈ **ਵਾ:** ਜਿਸ ਵਾਹਿਗੁਰੂ ਨੇ ਆਪਣੇ ਸੰਤਾਂ ਭਗਤਾਂ ਨੂੰ ਜੋ ਪ੍ਰੀਤੀ ਲਾਈ ਹੈ, ਉਹ ਵਾਹਿਗੁਰੂ ਆਪ ਹੀ ਜਾਣਦਾ ਹੈ ਅਤੇ ਹਮਰੈ = ਸਾਡੇ ਮਨ ਤੇ ਚਿਤ ਵਿਚ ਵੀ ਹਰਿ = ਪਰਮੇਸ਼ਰ ਬਹੁਤ = ਅਤਿਅੰਤ ਹੀ ਪਿਆਰਾ ਹੈ। ਵਾ: ਹੇ ਸੱਚੇ ਪਾਤਿਸ਼ਾਹ ਤੂੰ ਸਾਡੇ ਮਨ ਦੀ ਚਿਤਵਨੀ ਵਿਚ ਬਹੁਤ ਪਿਆਰਾ ਹੈਂ।

## ਹਉ ਕੁਰਬਾਨੀ ਗੁਰ ਆਪਣੇ;
## ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ ॥੧॥

ਇਸ ਕਰਕੇ ਹਉ = ਅਸੀਂ ਆਪਣੇ ਗੁਰੂ ਸਾਹਿਬ ਜੀ ਤੋਂ ਕੁਰਬਾਨੀ = ਬਲਿਹਾਰ ਜਾਂਦੇ ਹਾਂ, ਜਿਨ੍ਹਾਂ ਮੇਰਾ = ਸਾਡਾ ਸਿਰਜਨਹਾਰਾ = ਜਗਤ ਰਚਣਹਾਰ ਸ਼੍ਰੋਮਣੀ ਪ੍ਰਭੂ ਜੋ ਕਈ ਜਨਮਾਂ ਦਾ ਵਿਛੜਿਆ ਹੋਇਆ ਸੀ, ਉਸ ਨੂੰ ਮੇਲਿਆ = ਮੇਲ ਦਿੱਤਾ ਹੈ, ਉਸ ਨਾਲ ਮਿਲਾ ਦਿੱਤਾ ਹੈ ॥੧॥

## ਮੇਰੇ ਰਾਮ; ਹਮ ਪਾਪੀ ਸਰਣਿ ਪਰੇ, ਹਰਿ ਦੁਆਰਿ ॥

ਹੇ ਮੇਰੇ ਰਾਮ = ਭਾਈ! ਹਮ = ਅਸੀਂ ਪਾਪੀ ਜੀਵ ਹਰਿ = ਪਰਮੇਸ਼ਰ ਦੇ ਸਤਿਸੰਗਤ ਰੂਪੀ ਦੁਆਰਿ = ਦਰਬਾਰ ਦੀ ਸ਼ਰਣ ਵਿਚ ਪਰੇ = ਪਏ ਹਾਂ ਤੇ ਇਹੀ ਆਸ ਰੱਖਦੇ ਹਾਂ ਕਿ

## ਮਤੁ ਨਿਰਗੁਣ ਹਮ ਮੇਲੈ ਕਬਹੂੰ; ਅਪੁਨੀ ਕਿਰਪਾ ਧਾਰਿ ॥੧॥ਰਹਾਉ॥

ਉਹ ਪਰਮੇਸ਼ਰ ਆਪਣੀ ਕਿਰਪਾ = ਦਇਆ ਦ੍ਰਿਸ਼ਟੀ ਧਾਰ ਕੇ ਮਤੁ = ਮਤਾਂ ਹਮ = ਸਾਨੂੰ ਨਿਰਗੁਣ = ਸ਼ੁਭ ਗੁਣਾਂ ਤੋਂ ਹੀਣਿਆਂ ਨੂੰ ਕਬਹੂੰ = ਕਦੇ ਆਪਣੇ ਨਾਲ ਮੇਲੈ = ਮੇਲ ਹੀ ਲਵੇ ॥੧॥ਰਹਾਉ॥

## ਹਮਰੇ ਅਵਗੁਣ ਬਹੁਤੁ ਬਹੁਤੁ ਹੈ; ਬਹੁ ਬਾਰ ਬਾਰ ਹਰਿ ਗਣਤ ਨ ਆਵੈ ॥

ਹੇ ਹਰਿ = ਪ੍ਰਭੂ ! ਹਮਰੇ = ਸਾਡੇ ਵਿਚ ਜਨਮਾਂ-ਜਨਮਾਂਤਰਾਂ ਦੇ ਕੀਤੇ ਹੋਏ ਬਹੁਤ ਹੀ ਬਹੁਤੁ = ਜ਼ਿਆਦਾ ਅਵਗੁਣ = ਔਗੁਣ ਹੈ = ਹਨ, ਜੋ ਬਾਰ ਬਾਰ = ਬਾਰੰਬਾਰ ਗਣਤ = ਗਿਣਤੀ ਵਿਚ ਨ = ਨਹੀਂ ਆਵੈ = ਆ

ਸਕਦੇ **ਵਾ:** ਸਾਡਾ ਬਾਰ ਬਾਰ = ਰੋਮ ਰੋਮ ਔਗੁਣਾਂ ਦੇ ਨਾਲ ਵਿੰਨ੍ਹਿਆ ਹੋਇਆ ਹੈ **ਵਾ:** ਬਾਰ ਬਾਰ = ਦਿਨੋ ਦਿਨ ਅਸੀਂ ਔਗੁਣ ਹੀ ਕਰਦੇ ਹਾਂ **ਵਾ:** ਵਾਰੀ ਵਾਰੀ ਔਗੁਣ ਕਰਦੇ ਹਾਂ। ਸਾਡੇ ਇਤਨੇ ਔਗੁਣ ਹਨ ਕਿ ਗਣਤ = ਗਿਣਤੀ ਹੀ ਨਹੀਂ ਆ ਸਕਦੀ। ਜੈਸਾ ਕਿ :

**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥** *(ਅੰਗ ੧੫੬)*

## ਤੂੰ ਗੁਣਵੰਤਾ ਹਰਿ ਹਰਿ ਦਇਆਲੁ; ਹਰਿ ਆਪੇ ਬਖਸਿ ਲੈਹਿ ਹਰਿ ਭਾਵੈ ॥

ਹੇ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ! ਤੂੰ ਗੁਣਵੰਤਾ = ਸ਼ੁਭ ਗੁਣਾਂ ਦੇ ਸਹਿਤ ਤੇ ਦਇਆਲੁ = ਦਿਆਲੂ ਸੁਭਾਅ ਵਾਲਾ ਹੈਂ **ਵਾ:** (ਦਇਆ+ਆਲੁ) ਦਇਆ ਦਾ ਆਲੁ = ਘਰ ਹੈਂ। ਹੇ ਪਾਪਾਂ ਦੇ ਹਰਿ = ਹਾਰਕ ਹਰਿ = ਪਰਮੇਸ਼ਰ ! ਜੇਕਰ ਤੈਨੂੰ ਭਾਵੈ = ਭਾਅ ਜਾਈਏ ਤਾਂ ਤੂੰ ਸਾਡੇ ਔਗੁਣਾਂ ਨੂੰ ਬਖ਼ਸ਼ ਕੇ ਆਪੇ = ਆਪਣੇ ਨਾਲ ਮੇਲ ਲੇਹਿ = ਲੈਂਦਾ ਹੈ **ਵਾ:** ਹੇ ਪਰਮੇਸ਼ਰ ਜਿਨ੍ਹਾਂ ਨੂੰ ਤੇਰਾ ਸਿਮਰਨ ਭਾਇਆ ਹੈ, ਉਨ੍ਹਾਂ ਨੂੰ ਤੂੰ ਬਖਸਿ = ਬਖ਼ਸ਼ਿਸ਼ ਕਰਕੇ ਮੇਲ ਲੈਂਦਾ ਹੈਂ।

## ਹਮ ਅਪਰਾਧੀ ਰਾਖੇ ਗੁਰ ਸੰਗਤੀ; ਉਪਦੇਸੁ ਦੀਓ ਹਰਿ ਨਾਮੁ ਛਡਾਵੈ ॥੨॥

ਹੇ ਹਰਿ = ਪਰਮੇਸ਼ਰ ! ਹਮ = ਸਾਨੂੰ ਅਪਰਾਧੀ = ਔਗੁਣਹਾਰਿਆਂ ਨੂੰ ਗੁਰਾਂ ਦੀ ਸੰਗਤੀ = ਸੰਗਤ ਵਿਚ ਮਿਲਾ ਕੇ ਤੂੰ ਰਾਖੇ = ਰੱਖ ਲਿਆ ਹੈ ਅਤੇ ਗੁਰਾਂ ਨੇ ਤੇਰੇ ਹਰਿ ਨਾਮ ਦਾ ਉਪਦੇਸ਼ ਦੀਓ = ਦਿੱਤਾ ਹੈ, ਜੋ ਜੰਮਣ ਮਰਣ ਦੇ ਬੰਧਨਾਂ ਤੋਂ ਛਡਾਵੈ = ਛੁੱਡਾ ਲਵੇਗਾ ॥੨॥

## ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ;<br>ਜਬ ਗੁਰੁ ਬੋਲਹ, ਤਬ ਬਿਸਮੁ ਹੋਇ ਜਾਇ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨਿਮਰਤਾ ਦੇ ਸਹਿਤ ਉਚਾਰਨ ਕਰਦੇ ਹਨ ਕਿ ਹੇ ਮੇਰੇ ਗੁਰੂ ਅਮਰਦਾਸ ਸਾਹਿਬ ਜੀ ਮੈਂ ਆਪ ਜੀ ਦੇ ਕਿਆ = ਕਿਹੜੇ ਕਿਹੜੇ ਗੁਣ ਕਹਾ = ਆਖਾਂ, ਜਦੋਂ ਤੁਸੀਂ ਮੈਨੂੰ ਆਪਣੀ ਗੱਦੀ 'ਤੇ ਬਿਠਾ ਕੇ ਸੰਗਤ ਨੂੰ ਸੰਬੋਧਨ ਕਰ ਕੇ ਕਿਹਾ ਕਿ (ਗੁਰੂ ਰਾਮਦਾਸ ਜੀ) ਸਾਡਾ ਹੀ ਸਰੂਪ ਹਨ, ਇਹ ਸੁਣ ਕੇ ਅਸੀਂ ਬਿਸਮੁ = ਹੈਰਾਨ ਹੋ ਗਏ ਕਿ ਸਾਡੇ ਵਿਚ ਤਾਂ ਕੋਈ ਗੁਣ ਨਹੀਂ ਸੀ, ਪਰ ਫਿਰ ਵੀ ਆਪ ਜੀ ਨੇ ਸਾਡੇ ਉੱਤੇ ਇਤਨੀ ਬਖ਼ਸ਼ਿਸ਼ ਕੀਤੀ ਹੈ। **ਅਥਵਾ** ਹੇ ਗ਼ਰੀਬ ਨਿਵਾਜ਼ ਸਤਿਗੁਰੂ ਸਾਹਿਬ ਜੀ, ਮੈਂ ਆਪ ਜੀ ਦੇ ਕਿਹੜੇ ਕਿਹੜੇ ਗੁਣਾਂ ਨੂੰ ਕਹਾ = ਵਰਣਨ ਕਰਾਂ, ਜਬ = ਜਦੋਂ ਤੁਸੀਂ ਆਪਣੇ ਪਾਵਨ ਮੁਖ ਤੋਂ ਕਿਰਪਾ ਰੂਪੀ ਉਪਦੇਸ਼ ਬੋਲਹ = ਬੋਲਦੇ ਹੋ ਤਾਂ ਅਸੀਂ ਬਿਸਮੁ = ਬਿਸਮਾਦ, ਹੈਰਾਨ ਹੋ ਜਾਂਦੇ ਹਾਂ।

## ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ;<br>ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥

ਹੇ ਮਹਾਰਾਜ ! ਹਮ = ਸਾਡੇ ਜੈਸੇ = ਵਰਗੇ ਅਪਰਾਧੀ = ਗੁਨਾਹਗਾਰਾਂ ਨੂੰ ਹੋਰ ਕੋਈ ਰੱਖ ਸਕਦਾ ਹੈ ? ਭਾਵ ਕੋਈ ਨਹੀਂ ਰੱਖ ਸਕਦਾ, ਹੇ ਸਤਿਗੁਰੂ ਜੀ ! ਜੈਸੇ = ਜਿਸ ਪ੍ਰਕਾਰ ਆਪ ਜੀ ਨੇ ਸਾਨੂੰ ਜਨਮ-ਮਰਣ ਦੇ ਬੰਧਨਾਂ ਤੋਂ ਛਡਾਇ = ਛੁਡਾ ਕੇ ਆਪਣੀ ਸ਼ਰਨ ਵਿਚ ਰਾਖਿ = ਰੱਖ ਲੀਏ = ਲਿਆ ਹੈ।

## ਤੂੰ ਗੁਰੁ ਪਿਤਾ, ਤੂੰਹੈ ਗੁਰੁ ਮਾਤਾ; ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ ॥੩॥

ਹੇ ਗੁਰੁ = ਗੁਰੂ ਜੀ ! ਤੂੰ ਹੀ ਸਾਡਾ ਪਿਤਾ = ਪਿਓ ਰੂਪ ਹੈਂ, ਹੇ ਗੁਰੂ ਜੀ ! ਤੂੰ ਹੀ ਸਾਡਾ ਮਾਤਾ ਰੂਪ

ਹੈਂ, ਹੇ ਗੁਰੂ ਜੀ ! ਤੂੰ ਹੀ ਸਾਡਾ ਬੰਧਪੁ = ਸੰਬੰਧੀ ਰੂਪ ਹੈਂ ਅਤੇ ਤੂੰ ਹੀ ਮੇਰਾ = ਸਾਡਾ ਇਸ ਲੋਕ ਦਾ ਪਿਆਰਾ ਸਖਾ = ਮਿੱਤਰ ਤੇ ਪ੍ਰਲੋਕ ਵਿਚ ਸਖਾਇ = ਸਹਾਇਤਾ ਕਰਨ ਵਾਲਾ ਹੈਂ ॥੩॥ ਜੈਸਾ ਕਿ :

**ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥**
**ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥**

*(ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੦)*

## ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ; ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥

ਹੇ ਮੇਰੇ ਸਤਿਗੁਰੂ ਸਾਹਿਬ ਜੀ ! ਜੋ ਹਮਰੀ = ਸਾਡੀ ਅਉਗਣਾਂ ਦੇ ਭਰਿਆਂ ਹੋਇਆਂ ਦੀ ਬਿਧਿ = ਹਾਲਤ ਹੋਤੀ = ਹੁੰਦੀ ਸੀ, ਸਾ = ਉਸ ਬਿਧਿ = ਹਾਲਤ ਨੂੰ ਤੁਸੀਂ ਹਰ ਪ੍ਰਕਾਰ, ਭਲੀਭਾਂਤ ਜਾਣਹੁ = ਜਾਣਦੇ ਹੋ।

## ਹਮ ਰੁਲਤੇ ਫਿਰਤੇ, ਕੋਈ ਬਾਤ ਨ ਪੂਛਤਾ; ਗੁਰ ਸਤਿਗੁਰ ਸੰਗਿ, ਕੀਰੇ ਹਮ ਥਾਪੇ ॥

ਹਮ = ਅਸੀਂ ਔਗੁਣਾਂ ਕਰਕੇ ਰੁਲਤੇ = ਰੁਲਦੇ ਫਿਰਤੇ = ਫਿਰਦੇ ਸੀ ਸਾਡੀ ਕੋਈ ਬਾਤ = ਗੱਲ ਵੀ ਨ = ਨਹੀਂ ਪੂਛਤਾ = ਪੁੱਛਦਾ ਸੀ, ਪਰ ਹੇ ਗੁਰ = ਪੂਜਨੀਕ ਸਤਿਗੁਰੂ ਜੀ ! ਤੁਹਾਡੀ ਸੰਗਤ ਦੇ ਸਿਉ = ਨਾਲ ਮਿਲ ਕੇ ਹਮ = ਅਸੀਂ ਕੀਰੇ = ਕੀੜੇ ਭਾਵ ਤੁੱਛ ਜੀਵ ਉੱਚ ਪਦਵੀ ਤੇ ਥਾਪੇ = ਸਥਾਪਿਤ ਕਰ ਦਿੱਤੇ **ਅਥਵਾ** ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਨਿਮਰਤਾ ਦੇ ਸਰੂਪ ਇਨ੍ਹਾਂ ਉਪਰੋਕਤ ਪੰਗਤੀਆਂ ਵਿਚ ਆਪਣੇ ਜੀਵਨ ਦੇ ਬਾਰੇ ਵਰਣਨ ਕਰਦੇ ਹਨ ਕਿ ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਜੋ ਹਮਰੀ = ਸਾਡੀ ਗ਼ਰੀਬੀ ਦੀ ਬਿਧਿ = ਹਾਲਤ ਸੀ ਕਿ ਮਾਪਿਆਂ ਨੇ ਸਾਨੂੰ ਘੁੰਗਣੀਆਂ ਵੇਚਣ ਵਾਸਤੇ ਲਾਹੌਰ ਸ਼ਹਿਰ ਦੇ ਡੱਬੀ ਬਜ਼ਾਰ ਵਿਚ ਭੇਜ ਦਿੱਤਾ ਸੀ। ਸਾ = ਉਸ ਗ਼ਰੀਬੀ ਦੀ ਬਿਧਿ = ਹਾਲਤ ਨੂੰ ਤੁਮ = ਤੁਸੀਂ ਹਰਿ = ਹਰ ਪ੍ਰਕਾਰ, ਭਲੀਭਾਂਤ ਜਾਣਦੇ ਸੀ। ਹਮ = ਅਸੀਂ ਘੁੰਗਣੀਆਂ ਵੇਚਦੇ ਹੋਏ ਗਲੀਆਂ, ਬਜ਼ਾਰਾਂ ਵਿਚ ਰੁਲਦੇ ਫਿਰਦੇ ਸੀ, ਸਾਡੀ ਕੋਈ ਬਾਤ = ਗੱਲ ਵੀ ਨਹੀਂ ਪੁੱਛਦਾ ਸੀ। ਹੇ ਗੁਰ = ਪੂਜਨੀਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੂਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਆਪ ਜੀ ਨੇ ਸਾਨੂੰ ਕੀਰੇ = ਕੀੜਿਆਂ ਨੂੰ ਆਪਣੇ ਨਾਲ ਰੱਖ ਕੇ, ਗੁਰਤਾ-ਗੱਦੀ ਬਖ਼ਸ਼ ਕੇ ਆਪਣੀ ਥਾਂ 'ਤੇ ਚੌਥਾ ਸਰੂਪ ਬਣਾ ਦਿੱਤਾ। ਇਉਂ ਸਾਨੂੰ ਕੀੜਿਆਂ ਨੂੰ ਗੁਰਤਾ-ਗੱਦੀ ਬਖ਼ਸ਼ ਕੇ ਬ੍ਰਹਮ ਰੂਪ ਬਣਾ ਕੇ ਥਾਪੇ = ਸਥਾਪਤ ਕਰ ਦਿੱਤਾ ਹੈ।

## ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ;
## ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥੧੧॥੪੯॥

ਇਸ ਜਨ = ਦਾਸ ਕੇਰਾ = ਦਾ ਪਿਆਰਾ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਧੰਨੁ = ਧੰਨਤਾ ਦੇ ਜੋਗ ਹੈ। ਜਿਤੁ = ਜਿਸ ਨੂੰ ਮਿਲਿਐ = ਮਿਲਣ ਕਰ ਕੇ, ਵਿਛੋੜੇ ਦੇ ਸੋਗ = ਚਿੰਤਾ ਅਤੇ ਸੰਤਾਪੇ = ਚਿਤ ਦੇ ਤਪਣ ਰੂਪ, ਆਧੀ ਬਿਆਧੀ, ਉਪਾਧੀ, ਜੰਮਣ, ਮਰਣ, ਆਦਿਕ ਸਭਿ = ਸਾਰੇ ਦੁਖ ਚੂਕੇ = ਦੂਰ ਹੋ ਗਏ, ਭਾਵ ਨਾਸ ਹੋ ਗਏ ॥੪॥੫॥੧੧॥੪੯॥

## ਗਉੜੀ ਬੈਰਾਗਣਿ, ਮਹਲਾ ੪ ॥
## ਕੰਚਨ ਨਾਰੀ ਮਹਿ ਜੀਉ ਲੁਭਤੁ ਹੈ; ਮੋਹੁ ਮੀਠਾ ਮਾਇਆ ॥

ਹੇ ਮਹਾਰਾਜ ਜੀ ! ਇਹ ਸਾਡਾ ਜੀਉ = ਮਨ ਕੰਚਨ = ਸੋਨੇ ਅਤੇ ਨਾਰੀ = ਇਸਤਰੀ ਮਹਿ = ਵਿਚ ਲੁਭਤੁ = ਲੁਭਾਇਮਾਨ ਹੋ ਰਿਹਾ ਹੈ ਅਤੇ ਮਾਇਆ ਦੇ ਪਦਾਰਥਾਂ ਨੂੰ ਮੋਹ ਕਰ ਕੇ ਮੀਠਾ = ਮਿੱਠਾ ਸਮਝਿਆ ਹੋਇਆ ਹੈ।

## ਘਰ ਮੰਦਰ ਘੋੜੇ ਖੁਸੀ; ਮਨੁ ਅਨ ਰਸਿ ਲਾਇਆ॥

ਘਰ = ਕੱਚੇ ਮਕਾਨ ਅਤੇ ਮੰਦਰ = ਪੱਕੀਆਂ ਹਵੇਲੀਆਂ, ਸਵਾਰੀ ਵਾਸਤੇ ਚੰਗੇ ਘੋੜੇ ਰੱਖਣੇ ਆਦਿ ਚੀਜ਼ਾਂ ਵਿਚ ਹੀ ਚਿੱਤ ਦੀ ਖ਼ੁਸ਼ੀ ਮੰਨਦੇ ਹਾਂ ਅਤੇ ਮਨ ਨੂੰ ਅਨ = ਦ੍ਵੈਤ ਦੇ ਝੂਠੇ ਰਸਾਂ ਵਿਚ ਲਾਇਆ = ਲਾਉਣਾ ਕੀਤਾ ਹੈ।

## ਹਰਿ ਪ੍ਰਭੁ ਚਿਤਿ ਨ ਆਵਈ; ਕਿਉ ਛੂਟਾ ਮੇਰੇ ਹਰਿ ਰਾਇਆ॥੧॥

ਹੇ ਹਰਿ = ਹਰੇ ਭਰੇ ਕਰਨ ਵਾਲੇ ਪ੍ਰਭੁ = ਪਰਮੇਸ਼ਰ! ਤੇਰਾ ਨਾਮ ਸਾਡੇ ਕਦੇ ਵੀ ਚਿਤਿ = ਚੇਤੇ ਨ = ਨਹੀਂ ਆਵਈ = ਆਉਂਦਾ, ਇਸ ਲਈ ਹੇ ਮੇਰੇ ਰਾਇਆ = ਰਾਜਾ ਰੂਪ ਹਰਿ = ਪਰਮੇਸ਼ਰ! ਸਾਡਾ ਇਸ ਸੰਸਾਰ ਦੇ, ਜੰਮਣ ਮਰਣ ਦੇ ਬੰਧਨਾਂ ਤੋਂ ਕਿਉ = ਕਿਸ ਪ੍ਰਕਾਰ ਛੂਟਾ = ਛੁਟਕਾਰਾ ਹੋਵੇਗਾ॥੧॥

## ਮੇਰੇ ਰਾਮ; ਇਹ ਨੀਚ ਕਰਮ ਹਰਿ ਮੇਰੇ॥

ਹੇ ਮੇਰੇ ਰਾਮ = ਪਰਮੇਸ਼ਰ! ਹੇ ਮੇਰੇ ਹਰਿ = ਹਰੀ! ਇਹ ਨੀਚ = ਭੈੜੇ ਕਰਮ ਮੇਰੇ ਵਿਚ ਹੀ ਹਨ।

## ਗੁਣਵੰਤਾ ਹਰਿ ਹਰਿ ਦਇਆਲੁ;
## ਕਰਿ ਕਿਰਪਾ,ਬਖਸਿ ਅਵਗਣ ਸਭਿ ਮੇਰੇ॥੧॥ਰਹਾਉ॥

ਹੇ ਹਰੀ ਵਾਹਿਗੁਰੂ ਤੂੰ ਗੁਣਵੰਤਾ = ਸ਼ੁਭ ਗੁਣਾਂ ਵਾਲਾ, ਪਰਉਪਕਾਰ ਕਰਨ ਵਾਲਾ ਹੈਂ ਅਤੇ ਦਇਆਲੁ = ਦਇਆ ਦਾ ਘਰ ਹੈਂ, ਇਸ ਕਰਕੇ ਆਪਣੀ ਕਿਰਪਾ ਦ੍ਰਿਸ਼ਟੀ ਕਰਿ = ਕਰਕੇ ਮੇਰੇ = ਸਾਡੇ ਸਾਰੇ ਅਵਗਣ = ਗੁਨਾਹਾਂ ਨੂੰ ਬਖਸਿ = ਬਖ਼ਸ਼ ਲੈਣਾ ਕਰੋ॥੧॥ਰਹਾਉ॥

## ਕਿਛੁ ਰੂਪੁ ਨਹੀ, ਕਿਛੁ ਜਾਤਿ ਨਾਹੀ; ਕਿਛੁ ਢੰਗੁ ਨ ਮੇਰਾ॥

ਹੇ ਵਾਹਿਗੁਰੂ! ਮੇਰਾ ਕਿਛੁ = ਕੁਝ ਰੂਪ ਵੀ ਸੁੰਦਰ ਨਹੀਂ ਹੈ, ਨਾ ਹੀ ਕਿਛੁ = ਕੁਝ ਮੇਰੀ ਉੱਚੀ ਜਾਤ ਹੈ, ਤੇ ਨਾ ਹੀ ਕੋਈ ਮੇਰਾ ਢੰਗੁ = ਚੱਜ ਆਚਾਰ ਆਦਿ ਹੈ **ਅਥਵਾ** ਹੇ ਮਹਾਰਾਜ! ਮੇਰਾ ਕੋਈ ਦਿਲ ਦੀ ਸਫ਼ਾਈ ਰੂਪੀ ਸੁੰਦਰ ਰੂਪ ਨਹੀਂ ਹੈ, ਨਾ ਹੀ ਉਚਿਤ ਕੁਲ ਰੂਪੀ ਮੇਰੀ ਜਾਤੀ ਹੈ ਅਤੇ ਨਾ ਹੀ ਗਿਆਨ ਹਾਸਲ ਕਰਨ ਦਾ ਕੋਈ ਮੇਰਾ ਢੰਗ ਤਰੀਕਾ ਹੈ **ਵਾ:** ਨਾ ਹੀ ਮੇਰਾ ਸ਼੍ਰਵਣ ਮੰਨਣ ਨਿਧਿਆਸਣ ਗਿਆਨ ਹਾਸਲ ਕਰਨ ਦਾ ਢੰਗ ਤਰੀਕਾ ਹੈ।

## ਕਿਆ ਮੁਹੁ ਲੈ ਬੋਲਹ, ਗੁਣ ਬਿਹੂਨ; ਨਾਮੁ ਜਪਿਆ ਨ ਤੇਰਾ॥

ਹੇ ਮਹਾਰਾਜ! ਕਿਆ = ਕਿਹੜਾ ਮੂੰਹ ਲੈ ਕੇ ਆਪ ਜੀ ਦੇ ਅੱਗੇ ਬੋਲਹ = ਬੋਲੀਏ, ਅਸੀਂ ਤਾਂ ਗੁਣਾਂ ਤੋਂ ਬਿਹੂਨ = ਹੀਣੇ, ਰਹਿਤ ਹਾਂ, ਕਿਉਂਕਿ ਅਸੀਂ ਬੇਮੁਖਾਂ ਨੇ ਤੇਰਾ = ਤੁਹਾਡਾ ਨਾਮ ਨਹੀਂ ਜਪਿਆ।

## ਹਮ ਪਾਪੀ ਸੰਗਿ ਗੁਰ ਉਬਰੇ; ਪੁੰਨੁ ਸਤਿਗੁਰ ਕੇਰਾ॥੨॥

ਹੇ ਵਾਹਿਗੁਰੂ! ਹਮ = ਸਾਨੂੰ ਪਾਪੀਆਂ ਨੂੰ ਗੁਰਾਂ ਦੀ ਸੰਗਤ ਨਾਲ ਮੇਲ ਕੇ ਬਚਾ ਲਿਆ ਹੈ, ਇਹ ਸਭ ਸਤਿਗੁਰਾਂ ਕੇਰਾ = ਦਾ ਹੀ ਪੁੰਨੁ = ਉਪਕਾਰ ਹੈ॥੨॥

## ਸਭੁ ਜੀਉ ਪਿੰਡੁ, ਮੁਖੁ ਨਕੁ ਦੀਆ; ਵਰਤਣ ਕਉ ਪਾਣੀ॥

ਹੇ ਵਾਹਿਗੁਰੂ ਜੀ! ਆਪ ਜੀ ਨੇ ਹੀ ਸਭੁ = ਸਾਰਿਆਂ ਨੂੰ ਜੀਉ = ਸੂਖਮ ਸਰੀਰ ਪਿੰਡ = ਸਥੂਲ ਸਰੀਰ ਤੇ ਬੋਲਣ ਵਾਸਤੇ ਮੁਖੁ = ਮੂੰਹ, ਸੁਗੰਧੀ ਲੈਣ ਵਾਸਤੇ ਨੱਕ ਦੀਆ = ਦਿੱਤਾ ਹੈ ਅਤੇ ਵਰਤਣ = ਇਸਤਮਾਲ ਕਰਨ ਕਉ = ਵਾਸਤੇ ਪਾਣੀ ਦਿੱਤਾ ਹੈ।

## ਅੰਨੁ ਖਾਣਾ ਕਪੜੁ ਪੈਨਣੁ ਦੀਆ; ਰਸ ਅਨਿ ਭੋਗਾਣੀ ॥

ਖਾਣ ਵਾਸਤੇ ਅੰਨੁ = ਭੋਜਨ ਅਤੇ ਪੈਨਣੁ = ਪਹਿਨਣ ਵਾਸਤੇ ਕਪੜੁ = ਕੱਪੜੇ ਅਤੇ ਅਨਿ = ਅਨੇਕ ਤਰ੍ਹਾਂ ਦੇ ਰਸ ਭੋਗਾਣੀ = ਭੋਗਣ ਵਾਸਤੇ ਦੀਆ = ਦਿੱਤੇ ਹਨ।

## ਜਿਨਿ ਦੀਏ ਸੁ ਚਿਤਿ ਨ ਆਵਈ; ਪਸੂ ਹਉ ਕਰਿ ਜਾਣੀ ॥੩॥

ਪਰ ਹੇ ਭਾਈ ! ਜਿਨਿ = ਜਿਸ ਐਸੇ ਕ੍ਰਿਪਾਲੂ ਵਾਹਿਗੁਰੂ ਨੇ ਇਹ ਸਾਰੇ ਭੋਗ ਪਦਾਰਥ ਦਿੱਤੇ ਹਨ, ਸੁ = ਉਹ ਪਰਮੇਸ਼ਰ ਜੀਵਾਂ ਦੇ ਚਿਤਿ = ਚੇਤੇ ਨਹੀਂ ਆਵਈ = ਆਉਂਦਾ ਕਿਉਂਕਿ ਇਹ ਪਸੂ ਦੀ ਨਿਆਈਂ ਅਗਿਆਤ ਜੀਵ ਹਉ = ਹਉਮੈ ਕਰਕੇ ਸਾਰੇ ਪਦਾਰਥਾਂ ਨੂੰ ਆਪਣੇ ਕਰਿ = ਕਰਕੇ ਜਾਨਿ = ਜਾਣਦਾ ਹੈ ਕਿ ਮੈਂ ਹੀ ਉੱਦਮ ਕਰ ਕੇ ਪ੍ਰਾਪਤ ਕੀਤੇ ਹਨ ॥੩॥

## ਸਭੁ ਕੀਤਾ ਤੇਰਾ ਵਰਤਦਾ; ਤੂੰ ਅੰਤਰਜਾਮੀ ॥

ਹੇ ਮੇਰੇ ਵਾਹਿਗੁਰੂ ਇਹ ਸਭ ਕੁਝ ਤੇਰਾ ਹੀ ਕੀਤਾ ਹੋਇਆ ਵਰਤ ਰਿਹਾ ਹੈ ਅਤੇ ਤੂੰ ਅੰਤਰਜਾਮੀ = ਸਾਰਿਆਂ ਦੇ ਅੰਦਰ ਦੀ ਜਾਨਣ ਵਾਲਾ ਹੈਂ।

## ਹਮ ਜੰਤ ਵਿਚਾਰੇ ਕਿਆ ਕਰਹ; ਸਭੁ ਖੇਲੁ ਤੁਮ ਸੁਆਮੀ ॥

ਹਮ = ਅਸੀਂ ਜੰਤ = ਜੀਵ ਵਿਚਾਰੇ = ਤੁਛ ਹਾਂ, ਅਸੀਂ ਕੀ ਕਰ ਸਕਦੇ ਹਾਂ, ਇਸ ਲਈ ਹੇ ਸੁਆਮੀ = ਮਾਲਕ ਪ੍ਰਭੂ ਇਹ ਸਭ ਕੁਝ ਤੁਮ = ਤੁਹਾਡਾ ਹੀ ਖੇਲੁ = ਤਮਾਸ਼ਾ ਹੈ।

## ਜਨ ਨਾਨਕੁ ਹਾਟਿ ਵਿਹਾਝਿਆ; ਹਰਿ ਗੁਲਮ ਗੁਲਾਮੀ ॥੪॥੬॥੧੨॥੫੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਗ਼ਰੀਬ ਨਿਵਾਜ਼ ! ਅਸੀਂ ਸਾਧਸੰਗਤ ਰੂਪੀ ਹਾਟਿ = ਹੱਟ ਵਿਚ ਤੇਰੇ ਵਿਹਾਝਿਆ = ਮੁੱਲ ਖ਼ਰੀਦੇ ਹੋਏ ਹਾਂ ਅਤੇ ਹੇ ਹਰੀ ! ਤੇਰੇ ਗੁਲਮ = ਦਾਸਾਂ ਦੇ ਵੀ ਗੁਲਾਮੀ = ਦਾਸ **ਵਾ:** ਗ਼ੁਲਾਮ ਹਾਂ ॥੪॥੬॥੧੨॥੫੦॥

[ਅੰਗ ੧੬੮]

## ਗਉੜੀ ਬੈਰਾਗਣਿ, ਮਹਲਾ ੪ ॥

## ਜਿਉ ਜਨਨੀ, ਸੁਤੁ ਜਣਿ ਪਾਲਤੀ; ਰਾਖੈ ਨਦਰਿ ਮਝਾਰਿ ॥

**ਦ੍ਰਿਸ਼ਟਾਂਤ :** ਜਿਉ = ਜਿਸ ਪ੍ਰਕਾਰ ਜਨਨੀ = ਮਾਤਾ ਆਪਣੇ ਪੇਟ ਵਿੱਚੋਂ ਸੁਤੁ = ਪੁੱਤਰ ਨੂੰ ਜਣਿ = ਪੈਦਾ ਕਰ ਕੇ ਉਸ ਦੀ ਪਾਲਤੀ = ਪਾਲਣਾ ਕਰਦੀ ਹੈ ਅਤੇ ਹਰ ਵੇਲੇ ਉਸ ਨੂੰ ਆਪਣੀ ਨਦਰਿ = ਨਿਗ੍ਹਾ ਮਝਾਰਿ = ਵਿਚ ਰਾਖੈ = ਰੱਖਦੀ ਹੈ।

## ਅੰਤਰਿ ਬਾਹਰਿ ਮੁਖਿ ਦੇ ਗਿਰਾਸੁ; ਖਿਨੁ ਖਿਨੁ ਪੋਚਾਰਿ ॥

ਉਹ ਅੰਤਰਿ = ਅੰਦਰ ਅਤੇ ਬਾਹਰ ਜਾਂਦੀ ਹੋਈ ਆਪਣੇ ਬੱਚੇ ਦੇ ਮੁਖਿ = ਮੂੰਹ ਵਿਚ ਗਿਰਾਸੁ = ਗਰਾਹੀ ਆਦਿ ਪਾਉਂਦੀ ਹੈ **ਵਾ:** ਚੂਰੀ, ਦੁੱਧ ਆਦਿ ਦੀ ਗਰਾਹੀ ਪਾਉਂਦੀ ਹੈ ਅਤੇ ਖਿਨੁ ਖਿਨੁ = ਹਰ ਵੇਲੇ ਉਸ ਨੂੰ ਪੋਚਾਰਿ = ਲਾਡ ਲਡਾਉਂਦੀ ਹੈ, ਪੁਚਕਾਰਦੀ ਹੈ। ਜੈਸਾ ਕਿ :

**ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥੪॥੧॥**

*(ਰਾਮਕਲੀ ਨਾਮਦੇਵ ਜੀ, ਅੰਗ ੯੭੨)*

**ਦਾ ਦ੍ਰਿਸ਼ਟਾਂਤ :** ਤਿਵੇਂ ਹੀ ਮਾਤਾ ਦੀ ਨਿਆਈਂ ਸਤਿਗੁਰੂ ਜੀ ਨੇ ਆਪਣੇ ਸਰੂਪ ਵਿੱਚੋਂ ਸਿੱਖਾਂ ਨੂੰ ਪ੍ਰਗਟ ਕਰ ਕੇ ਸਿੱਖੀ ਬਖ਼ਸ਼ੀ ਹੈ ਅਤੇ ਹਰ ਵੇਲੇ ਉਨ੍ਹਾਂ ਨੂੰ ਆਪਣੀ ਸਤਿਸੰਗਤ ਰੂਪੀ ਨਦਰਿ = ਨਿਗ੍ਹਾ ਮਝਾਰਿ = ਵਿਚ ਰਾਖੈ = ਰੱਖਣਾ ਕਰਦੇ ਹਨ ਅਤੇ ਗੁਰਸਿੱਖ ਦੀ ਬਾਹਰਮੁਖ ਬ੍ਰਿਤੀ ਨੂੰ ਅੰਤਰ ਮੁਖ ਕਰ ਕੇ ਬ੍ਰਹਮਾਨੰਦ ਰੂਪੀ ਗਿਰਾਸੁ = ਗਰਾਹੀ ਪਾਉਂਦੇ ਹਨ **ਵਾ:** ਨਾਮ ਰੂਪੀ ਚੂਰੀ, ਬ੍ਰਹਮ ਗਿਆਨ ਰੂਪੀ ਦੁੱਧ ਦੀ ਗਰਾਹੀ ਪਾਉਂਦੇ ਹਨ ਅਤੇ ਪ੍ਰੇਮ ਨਾਲ ਪੋਚਾਰਿ = ਲਾਡ ਲਡਾਉਂਦੇ ਹਨ।

## ਤਿਉ ਸਤਿਗੁਰੁ ਗੁਰਸਿਖ ਰਾਖਤਾ; ਹਰਿ ਪ੍ਰੀਤਿ ਪਿਆਰਿ ॥੧॥

ਤਿਉ = ਤਿਵੇਂ ਹੀ ਸਤਿਗੁਰੂ ਸਾਹਿਬ ਗੁਰਸਿੱਖਾਂ ਦੇ ਤਾਈਂ ਰਾਖਤਾ = ਰੱਖਣਾ ਕਰਦੇ ਹਨ, ਜਿਨ੍ਹਾਂ ਦੀ ਹਰੀ ਦੇ ਨਾਲ ਪ੍ਰੀਤੀ ਹੈ, ਸਤਿਗੁਰੂ ਜੀ ਉਨ੍ਹਾਂ ਨੂੰ ਪਿਆਰ ਨਾਲ ਰੱਖਦੇ ਹਨ॥੧॥

## ਮੇਰੇ ਰਾਮ; ਹਮ ਬਾਰਿਕ, ਹਰਿ ਪ੍ਰਭ ਕੇ ਹੈ ਇਆਣੇ ॥

ਹੇ ਮੇਰੇ ਰਾਮ = ਭਾਈ! ਹਮ = ਅਸੀਂ ਹਰਿ = ਹਰੀ ਪ੍ਰਭ = ਪ੍ਰਭੂ ਕੇ = ਦੇ ਇਆਣੇ = ਬੇਸਮਝ ਬਾਰਿਕ = ਬਾਲਕ ਹਾਂ **ਵਾ:** ਅਸੀਂ ਤਾਂ ਪਰਮੇਸ਼ਰ ਦੇ ਬਾਰਿਕ = ਬੱਚੇ ਹਾਂ ਪਰੰਤੂ ਸਾਡੀ ਬੁੱਧ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਗਿਆਨ ਵੱਲੋਂ ਇਆਣੇ = ਅਣਜਾਣ ਹੈ **ਵਾ:** ਸਾਸਤਰ ਗਿਆਨ ਵੱਲੋਂ ਅਣਜਾਣ ਹੈ।

## ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ;
## ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥੧॥ਰਹਾਉ॥

ਹੇ ਭਾਈ! ਸਾਡੇ ਗੁਰੂ = ਸ੍ਰੀ ਗੁਰੂ ਨਾਨਕ ਦੇਵ ਜੀ, ਗੁਰ = ਗੁਰੂ ਅੰਗਦ ਦੇਵ ਜੀ, ਸਤਿਗੁਰੁ = ਸ੍ਰੀ ਗੁਰੂ ਅਮਰਦਾਸ ਜੀ ਧੰਨੁ ਧੰਨੁ = ਧੰਨਤਾ ਦੇ ਜੋਗ ਹਨ **ਵਾ:** ਗੁਰੂ (ਗੁ+ਰੂ) ਗੁ = ਅਗਿਆਨ ਰੂਪ ਹਨੇਰੇ ਵਿਚ ਰੂ = ਪ੍ਰਕਾਸ਼ ਕਰਨ ਵਾਲੇ ਗੁਰ = ਚੇਤਨ ਸਰੂਪ ਸਤਿਗੁਰੁ = ਸਤਿਗੁਰੂ ਸਾਹਿਬ ਜੀ ਧੰਨੁ ਧੰਨੁ = ਧੰਨਤਾ ਦੇ ਜੋਗ ਹਨ। ਜੋ ਸਾਡੇ ਤਾਈਂ ਪਾਧਾ = ਪੱਧਤੀਆਂ ਦੱਸਣ ਵਾਲੇ ਹਨ, ਮਰਿਆਦਾ ਦੇ ਦੱਸਣ ਵਾਲੇ ਹਨ ਅਤੇ ਜਿਨ੍ਹਾਂ ਨੇ ਅਕਾਲ ਪੁਰਖ ਦੇ ਨਾਮ ਦਾ ਉਪਦੇਸ਼ ਦੇ ਕੇ ਨਾਮ ਦੇ ਜਹਾਜ਼ 'ਤੇ ਚਾੜ੍ਹ ਕੇ ਸਾਨੂੰ ਸਿਆਣੇ ਬਣਾ ਦਿੱਤਾ ਹੈ, ਬ੍ਰਹਮ-ਵੇਤੇ ਬਣਾ ਦਿੱਤਾ ਹੈ॥੧॥ਰਹਾਉ॥

## ਜੈਸੀ ਗਗਨਿ ਫਿਰੰਤੀ ਊਡਤੀ; ਕਪਰੇ ਬਾਗੇ ਵਾਲੀ ॥

**ਦ੍ਰਿਸ਼ਟਾਂਤ :** ਜੈਸੀ = ਜਿਸ ਪ੍ਰਕਾਰ ਗਗਨਿ = ਅਕਾਸ਼ ਵਿਚ ਬਾਗੇ = ਚਿੱਟੇ ਕਪਰੇ = ਕੱਪੜੇ ਭਾਵ ਖੰਭਾਂ ਵਾਲੀ ਕੂੰਜ ਊਡਤੀ = ਉੱਡਦੀ ਫਿਰੰਤੀ = ਫਿਰਦੀ ਰਹਿੰਦੀ ਹੈ।

## ਓਹ ਰਾਖੈ ਚੀਤੁ, ਪੀਛੈ ਬਿਚਿ ਬਚਰੇ; ਨਿਤ ਹਿਰਦੈ ਸਾਰਿ ਸਮਾਲੀ ॥

ਓਹ = ਉਹ ਕੂੰਜ ਪਿੱਛੇ ਪਹਾੜਾਂ ਦੀਆਂ ਖੁੱਡਾਂ ਵਿਚ ਆਂਡੇ ਦੇ ਕੇ ਆਉਂਦੀ ਹੈ ਤੇ ਉਨ੍ਹਾਂ ਬੱਚਿਆਂ ਨੂੰ ਆਪਣੇ ਚੇਤੇ ਰੱਖਦੀ ਹੈ। ਨਿਤ = ਹਰ ਵੇਲੇ ਉਨ੍ਹਾਂ ਬੱਚਿਆਂ ਦੀ ਹਿਰਦੇ ਵਿਚ ਸਾਰਿ = ਯਾਦਿ ਨੂੰ ਸਮਾਲੀ = ਸੰਭਾਲਦੀ ਹੈ। ਜੈਸਾ ਕਿ :

**ਊਡੈ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥**
**ਉਨ ਕਵਨੁ ਖਲਾਵੈ ਕਵਨੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥**

*(ਗੂਜਰੀ ਮਹਲਾ ੫, ਅੰਗ ੪੯੫)*

**ਦਾ ਦ੍ਰਿਸ਼ਟਾਂਤ :** ਏਸੇ ਹੀ ਪ੍ਰਕਾਰ ਕੂੰਜ ਦੀ ਨਿਆਈਂ ਸਤਿਗੁਰੂ ਸਾਹਿਬ ਜੀ ਗਗਨਿ = ਚਿਦਾਕਾਸ਼ ਵਿਚ ਅਪ੍ਰੋਖ ਗਿਆਨ ਰੂਪੀ ਬਾਗੇ = ਚਿੱਟੇ ਕਪਰੇ = ਬਸਤ੍ਰ ਪਹਿਣ ਕੇ ਆਪਣੇ ਅਨੁਭਵ ਸਰੂਪ ਵਿਚ ਫਿਰੰਤੀ ਊਡਤੀ = ਵਿਚਰਦੇ ਫਿਰਦੇ ਹਨ ਅਤੇ ਪੀਛੈ = ਪਿੱਛੇ ਮਾਤ-ਲੋਕ ਵਿਚ ਆਪਣੇ ਸਿੱਖਾਂ ਨੂੰ ਚੇਤੇ ਰੱਖਦੇ ਹਨ ਕਿ ਇਨ੍ਹਾਂ ਦੀ ਕਲਿਆਣ ਕਰਨੀ ਹੈ ਅਤੇ ਨਾਮ ਜਪਣ ਵਾਲੇ ਗੁਰਸਿੱਖਾਂ ਦੀ ਨਿਤ = ਨਿਤਾਪ੍ਰਤੀ, ਭਲੀ ਪ੍ਰਕਾਰ ਆਪਣੇ ਹਿਰਦੇ ਵਿਚ ਸਾਰ ਸੰਭਾਲ ਰੱਖਦੇ ਹਨ।

## ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ; ਗੁਰੁਸਿਖ ਰਖੈ ਜੀਅ ਨਾਲੀ ॥੨॥

ਤਿਉ = ਤਿਵੇਂ ਕੂੰਜ ਵਾਂਗ ਸਤਿਗੁਰੂ ਜੀ ਆਪਣੇ ਸਿੱਖਾਂ ਨਾਲ ਪ੍ਰੀਤੀ ਕਰਦੇ ਹਨ ਅਤੇ ਸਿੱਖਾਂ ਦੇ ਅੰਦਰ ਹਰਿ ਹਰਿ ਪਰਮੇਸ਼ਰ ਦੀ ਪ੍ਰੀਤੀ ਦੇ ਕੇ ਉਨ੍ਹਾਂ ਗੁਰਸਿੱਖਾਂ ਨੂੰ ਗੁਰੂ ਸਾਹਿਬ ਜੀ ਜੀਅ = ਰਿਦੈ ਨਾਲੀ = ਨਾਲ ਲਾ ਕੇ ਰਖੈ = ਰੱਖਦੇ ਹਨ **ਵਾ:** ਜਿਨ੍ਹਾਂ ਸਿੱਖਾਂ ਦੀ ਸਤਿਗੁਰੂ ਸਾਹਿਬ ਜੀ ਨਾਲ ਪ੍ਰੀਤੀ ਹੈ **ਵਾ:** ਜਿਨ੍ਹਾਂ ਸਿੱਖਾਂ ਨੇ ਗੁਰਾਂ ਤੋਂ ਹਰਿ ਹਰਿ ਨਾਮ ਜਪਣ ਦੀ ਪ੍ਰੀਤੀ ਪ੍ਰਾਪਤ ਕੀਤੀ ਹੈ, ਉਨ੍ਹਾਂ ਗੁਰਸਿੱਖਾਂ ਨੂੰ ਹਰੀ ਪਰਮੇਸ਼ਰ ਆਪਣੇ ਜੀਅ = ਰਿਦੇ ਨਾਲ, ਕੰਠ ਨਾਲ ਲਾ ਕੇ ਰੱਖਦਾ ਹੈ ॥੨॥

## ਜੈਸੇ ਕਾਤੀ, ਤੀਸ ਬਤੀਸ ਹੈ; ਵਿਚਿ ਰਾਖੈ ਰਸਨਾ, ਮਾਸ ਰਤੁ ਕੇਰੀ ॥

(**ਬੱਤੀਸ** ਬੋਲੋ)

**ਦ੍ਰਿਸ਼ਟਾਂਤ :** ਜੈਸੇ = ਜਿਸ ਪ੍ਰਕਾਰ ਕਈ ਪੁਰਸ਼ਾਂ ਦੀ ਦੰਦ ਰੂਪ ਕਾਤੀ = ਕਤਰਨੀ ਭਾਵ ਕੈਂਚੀ ਤੀਸ = ਤੀਹਾਂ ਦੰਦਾਂ ਅਤੇ ਕਈਆਂ ਦੀ ਬਤੀਸ = ਬੱਤੀ ਦੰਦਾਂ ਦੀ ਹੁੰਦੀ ਹੈ।

***ਨੋਟ :*** (ਕਈਆਂ ਦੇ ਅਠਾਈ ਦੰਦ ਹੁੰਦੇ ਹਨ, ਉਨ੍ਹਾਂ ਨੂੰ ਕਨਿਸ਼ਟ ਕਹਿੰਦੇ ਹਨ, ਤੀਹਾਂ ਦੰਦਾਂ ਵਾਲਿਆਂ ਨੂੰ ਮੱਧਮ ਅਤੇ ਬੱਤੀ ਦੰਦਾਂ ਵਾਲਿਆਂ ਨੂੰ ਉੱਤਮ ਪੁਰਸ਼ ਮੰਨਦੇ ਹਨ) ਇਨ੍ਹਾਂ ਸਮੂਹ ਦੰਦਾਂ ਦੇ ਵਿਚ ਮਾਸ ਅਤੇ ਲਹੂ ਕੇਰੀ = ਦੀ ਬਣੀ ਹੋਈ ਰਸਨਾ = ਜੀਭ ਰਾਖੈ = ਰੱਖੀ ਹੋਈ ਹੈ **ਵਾ:** ਵਾਹਿਗੁਰੂ ਪਰਮੇਸ਼ਰ ਨੇ ਰਾਖੈ = ਰੱਖਣਾ ਕੀਤੀ ਹੈ, ਬਚਾਉਣਾ ਕੀਤੀ ਹੈ ਭਾਵ ਦੰਦ ਇਸ ਨੂੰ ਚਿੱਥ ਨਹੀਂ ਸਕਦੇ।

## ਕੋਈ ਜਾਣਹੁ, ਮਾਸ ਕਾਤੀ ਕੈ ਕਿਛੁ ਹਾਥਿ ਹੈ; ਸਭ ਵਸਗਤਿ ਹੈ ਹਰਿ ਕੇਰੀ ॥

ਭਲਾ ਕੋਈ ਇਹ ਜਾਣੇ ਕਿ ਮਾਸ = ਮਾਸ, ਲਹੂ ਦੀ ਬਣੀ ਹੋਈ ਜੀਭ ਅਤੇ ਕਾਤੀ = ਕਤਰਣ ਵਾਲੇ ਦੰਦਾਂ ਦੇ ਕਿਛੁ = ਕੁਝ ਹਾਥ = ਹੱਥ ਵਿਚ ਹੈ ਭਾਵ ਨਹੀਂ ਹੈ। ਇਹ ਸਭ = ਸਾਰੇ ਤਾਂ ਹਰਿ = ਪਰਮੇਸ਼ਰ ਕੇਰੀ = ਦੀ ਵਸਗਤਿ = ਅਧੀਨਗੀ ਵਿਚ ਹੈ = ਹਨ ਜਿਸ ਪ੍ਰਕਾਰ ਦਸਵੇਂ ਪਾਤਿਸ਼ਾਹ ਜੀ ਵੀ ਲਿਖਦੇ ਹਨ :

**ਜੇ ਸਾਧੂ ਸਰਣੀ ਪਰੇ ਤਿਨ ਕੇ ਕਵਣ ਬਿਚਾਰ ॥**
**ਦੰਤ ਜੀਭ ਜਿਮ ਰਾਖਿ ਹੈ ਦੁਸਟ ਅਰਿਸਟ ਸੰਘਾਰ ॥੨੫॥** *(ਸ੍ਰੀ ਦਸਮ ਗ੍ਰੰਥ, ਪੰਨਾ ੭੨)*

ਪਰਿਆਵਾਂ ਵਿਚ ਲਿਖਿਆ ਹੈ ਕਿ ਦੰਦਾਂ ਅਤੇ ਜੀਭ ਦਾ ਵੈਰ ਇਉਂ ਹੈ। ਦੰਦ ਕਹਿੰਦੇ ਹਨ ਕਿ :

**ਹਮ ਬਤੀ ਤੁਮ ਏਕਲੀ ਬਸੇ ਹਮਾਰੇ ਬੀਚ ॥**
**ਇਗੜ ਤਿਗੜ ਜਿਉਂ ਕਰੇ ਬੀਚੇ ਦੇਵੋਂ ਪੀਸ ॥**

ਅਸੀਂ ਬੱਤੀ ਹਾਂ ਤੇ ਤੂੰ ਇਕੱਲੀ ਸਾਡੇ ਵਿਚ ਵਸਦੀ ਹੈਂ। ਜੇਕਰ ਉਰਲੀਆਂ ਪਰਲੀਆਂ ਕਹੇਂਗੀ ਤਾਂ ਵਿੱਚੇ ਹੀ ਪੀਸ ਦੇਵਾਂਗੇ। ਉਸ ਵੇਲੇ ਅੱਗੋਂ ਜ਼ੁਬਾਨ ਕਹਿੰਦੀ ਹੈ ਕਿ :

**ਤੁਮ ਬਤੀ ਹਮ ਏਕਲੀ ਬੀਚ ਤੁਮਾਰੇ ਬਾਸ ॥**
**ਏਕ ਬਚਨ ਐਸਾ ਕਰੂੰ ਬੱਤੀ ਦੇਊਂ ਨਿਕਾਸ ॥**

ਇਹ ਠੀਕ ਹੈ ਕਿ ਤੁਸੀਂ ਬੱਤੀ ਹੋ ਤੇ ਮੈਂ ਇਕੱਲੀ ਹਾਂ, ਪਰ ਜੇ ਮੈਂ ਕੋਈ ਇਕ ਗੱਲ ਵੀ ਅਜਿਹੀ ਕਰ ਦਿੱਤੀ ਤਾਂ ਤੁਹਾਨੂੰ ਬੱਤੀਆਂ ਨੂੰ ਭੰਨ ਦੇਣਗੇ। ਇਹੋ ਜਿਹਾ ਇਨ੍ਹਾਂ ਦੋਨਾਂ ਦਾ ਆਪਸ ਵਿਚ ਵੈਰ ਹੈ। ਨਾ ਤਾਂ ਜ਼ੁਬਾਨ ਆਪ ਬਚ ਸਕਦੀ ਹੈ ਅਤੇ ਨਾ ਹੀ ਦੰਦ ਬਚ ਸਕਦੇ ਹਨ, ਇਨ੍ਹਾਂ ਦੇ ਜੋ ਵਸ ਕਰਨ ਦੀ ਚਾਲ ਹੈ, ਇਹ ਵਾਹਿਗੁਰੂ ਦੇ ਹੀ ਵਸ ਹੈ।

## ਤਿਉ ਸੰਤ ਜਨਾ ਕੀ ਨਰ ਨਿੰਦਾ ਕਰਹਿ; ਹਰਿ ਰਾਖੈ ਪੈਜ ਜਨ ਕੇਰੀ ॥੩॥

**ਦਾ ਦ੍ਰਿਸ਼ਟਾਂਤ** : ਤਿਉ = ਤਿਵੇਂ ਹੀ ਦੰਦਾਂ ਵਾਂਗੂੰ ਕਈ ਨਰ = ਮਨੁੱਖ ਸੰਤਾਂ ਭਗਤਾਂ ਕੀ = ਦੀ ਨਿੰਦਾ ਕਰਹਿ = ਕਰਦੇ ਰਹਿੰਦੇ ਹਨ, ਪਰੰਤੂ ਹਰਿ = ਪਰਮੇਸ਼ਰ ਆਪਣੇ ਸੰਤ ਜਨਾਂ ਕੇਰੀ = ਦੀ ਆਪ ਲੋਕ ਪ੍ਰਲੋਕ ਵਿਚ ਪੈਜ = ਇੱਜ਼ਤ ਰਾਖੈ = ਰੱਖਦਾ ਹੈ ॥੩॥

## ਭਾਈ ਮਤ ਕੋਈ ਜਾਣਹੁ, ਕਿਸੀ ਕੈ ਕਿਛੁ ਹਾਥਿ ਹੈ; ਸਭ ਕਰੇ ਕਰਾਇਆ ॥

ਹੇ ਭਾਈ ! ਮਤ = ਮਤਾਂ ਕੋਈ ਇਸ ਗੱਲ ਨੂੰ ਜਾਣੋ ਕਿ ਕਿਸੇ ਜੀਵ ਕੈ = ਦੇ ਕਿਛੁ = ਕੁਝ ਹੱਥ ਵਿਚ ਹੈ। ਸਭ ਜੀਵ ਉਸ ਪਰਮੇਸ਼ਰ ਦਾ ਹੀ ਕਰਾਇਆ ਹੋਇਆ ਕਰੇ = ਕਰਦੇ ਹਨ **ਵਾ:** ਸਭ ਕਰਮਾਂ ਦੇ ਪ੍ਰੇਰੇ ਹੋਏ ਜੀਵ, ਜਿਹੋ ਜਿਹੀ ਕਿਸੇ ਦੀ ਵਾਸ਼ਨਾ ਹੈ, ਉਸੇ ਤਰ੍ਹਾਂ ਦੀ ਉਨ੍ਹਾਂ ਨੂੰ ਬੁੱਧ ਮਿਲੀ ਹੈ, ਉਸੇ ਤਰ੍ਹਾਂ ਹੀ ਕਰਮ ਕਰਦੇ ਹਨ।

## ਜਰਾ ਮਰਾ ਤਾਪੁ, ਸਿਰਤਿ ਸਾਪੁ, ਸਭੁ ਹਰਿ ਕੈ ਵਸਿ ਹੈ;
## ਕੋਈ ਲਾਗਿ ਨ ਸਕੈ, ਬਿਨੁ ਹਰਿ ਕਾ ਲਾਇਆ ॥

ਇਹ ਜੋ ਜਰਾ ਮਰਾ = ਰੇਸ਼ਾ ਹੋ ਜਾਣਾ **ਵਾ:** ਜਰਾ = ਬੁਢੇਪਾ ਆ ਜਾਣਾ, ਮਰਾ = ਮੌਤ, ਮਰੀ ਪੈ ਜਾਣੀ, ਤਾਪੁ = ਬੁਖ਼ਾਰ ਚੜ੍ਹ ਜਾਣਾ, ਸਿਰਤਿ = ਅੱਧਾ ਸਿਰ ਦੁਖਣ ਲੱਗ ਜਾਣਾ **ਵਾ:** ਸਿਰਤਿ = ਛਿਲਤਰ ਵੱਜ ਜਾਣੀ ਜਾਂ ਸ਼ਸਤਰਾਂ ਆਦਿ ਦੇ ਨਾਲ ਸਰੀਰ ਦੇ ਤਾਈਂ ਛਿੱਲਿਆ ਜਾਣਾ, ਸਾਪੁ = ਸੱਪ ਦਾ ਲੜ ਜਾਣਾ **ਵਾ:** ਕਿਸੇ ਵੱਲੋਂ ਸਾਪੁ = ਸਰਾਪ ਹੋ ਜਾਣਾ ਆਦਿ ਸਭੁ = ਸਾਰਾ ਕੁਝ ਹਰਿ = ਪਰਮੇਸ਼ਰ ਦੇ ਵਸਿ = ਅਧੀਨ ਹੈ। ਹਰਿ = ਹਰੀ ਪਰਮੇਸ਼ਰ ਦੇ ਲਾਏ ਤੋਂ ਬਿਨੁ = ਬਿਨਾਂ ਕੋਈ ਆਪਣੇ ਆਪ ਨ = ਨਹੀਂ ਲਾਗ = ਲੱਗ ਸਕਦਾ।

## ਐਸਾ ਹਰਿ ਨਾਮੁ, ਮਨਿ ਚਿਤਿ ਨਿਤਿ ਧਿਆਵਹੁ,
## ਜਨ ਨਾਨਕ; ਜੋ ਅੰਤੀ ਅਉਸਰਿ ਲਏ ਛਡਾਇਆ ॥੪॥੭॥੧੩॥੫੧॥

ਸਤਿਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਇਹੋ ਜਿਹੇ ਸਮਰੱਥ ਵਾਹਿਗੁਰੂ ਪਰਮੇਸ਼ਰ ਦੇ ਨਾਮ ਨੂੰ ਮਨ ਦੀ ਚਿਤਵਨੀ ਦੁਆਰਾ ਨਿਤਾਪ੍ਰਤੀ ਧਿਆਵਹੁ = ਧਿਆਉਣਾ ਕਰੋ। ਜੋ = ਜਿਹੜਾ ਅੰਤੀ = ਅੰਤਲੇ ਅਉਸਰਿ = ਸਮੇਂ, ਵੇਲੇ ਆਪਾਂ ਨੂੰ ਜਮਾਂ ਆਦਿਕਾਂ ਤੋਂ ਛਡਾਇਆ = ਛੁਡਾ ਲਏ = ਲਵੇਗਾ ॥੪॥੭॥੧੩॥੫੧॥

## ਗਉੜੀ ਬੈਰਾਗਣਿ, ਮਹਲਾ ੪ ॥

ਇਸ ਸ਼ਬਦ ਵਿਚ ਗੁਰੂ ਸਾਹਿਬ ਜੀ ਸਿੱਖਾਂ ਦੇ ਪੁੱਛਣ ਤੋਂ ਪੂਰਨ ਸਤਿਗੁਰਾਂ ਦੇ ਲੱਖਣ ਦੱਸਦੇ ਹਨ।

## ਜਿਸੁ ਮਿਲਿਐ ਮਨਿ ਹੋਇ ਅਨੰਦੁ; ਸੋ ਸਤਿਗੁਰੁ ਕਹੀਐ ॥

ਹੇ ਭਾਈ ! ਜਿਸ ਨੂੰ ਮਿਲਿਐ = ਮਿਲਣੈ ਕਰ ਕੇ ਅਨੰਦੁ (ਅਨ+ਦੁ) ਦੁ = ਦ੍ਵੈਤ ਤੋਂ ਅਨ = ਰਹਿਤ ਹੋ ਜਾਈਦਾ ਹੈ, ਸੋ = ਉਸ ਨੂੰ ਪੂਰਨ ਸਤਿਗੁਰੂ ਕਹੀਐ = ਕਹੀਦਾ ਹੈ **ਅਥਵਾ** ਜਿਸ ਨੂੰ ਮਿਲਣੇ ਕਰਕੇ ਜੀਵ,

ਈਸ ਦਾ ਭੇਦ ਮਿਟ ਜਾਵੇ, ਅਗਿਆਨ, ਰਾਗ ਦ੍ਵੈਖ ਮਿਟ ਜਾਣ ਅਤੇ ਅਨੰਦ ਸਰੂਪ ਪ੍ਰਗਟ ਹੋ ਜਾਵੇ, ਅਦ੍ਵੈਤ ਸਰੂਪ ਸਾਖਿਆਤ ਹੋ ਜਾਵੇ, ਸੋ = ਉਸ ਨੂੰ ਹੀ ਪੂਰਨ ਸਤਿਗੁਰ (ਸਤਿ+ਗੁਰ) ਸਤਿ = ਤ੍ਰੇਈ ਕਾਲ ਅਬਾਧ ਅਤੇ ਗੁਰ = ਚੇਤਨ ਸਰੂਪ ਕਹੀਐ = ਕਹੀਦਾ ਹੈ।

## ਮਨ ਕੀ ਦੁਬਿਧਾ ਬਿਨਸਿ ਜਾਇ; ਹਰਿ ਪਰਮ ਪਦੁ ਲਹੀਐ ॥੧॥

ਜਿਸ ਗੁਰਾਂ ਦੇ ਮਿਲਾਪ ਕਰਕੇ ਮਨ ਕੀ = ਦੀ ਦੁਬਿਧਾ = ਦ੍ਵੈਤ ਭਾਵਨਾ, ਦੁਚਿੱਤੀ ਬਿਨਸਿ = ਵਿਸ਼ੇਸ਼ ਕਰਕੇ ਨਾਸ ਹੋ ਜਾਇ = ਜਾਂਦੀ ਹੈ ਅਤੇ ਹਰੀ ਪਰਮਾਤਮਾ ਦੀ ਪਰਮ = ਵੱਡੀ ਪਦੁ = ਪਦਵੀ ਭਾਵ ਕੈਵਲ ਮੋਖ, ਅਭੇਦਤਾ ਰੂਪ ਪਦਵੀ ਲਹੀਐ = ਪ੍ਰਾਪਤ ਕਰ ਲਈਦੀ ਹੈ ॥੧॥

ਪੂਰਨ ਸਤਿਗੁਰਾਂ ਦੇ ਲੱਖਣ ਵਿਦਾਂਤ ਗ੍ਰੰਥਾਂ ਵਿਚ ਵੀ ਇਸ ਪ੍ਰਕਾਰ ਲਿਖੇ ਹਨ :

**ਇੰਦ੍ਰਨ ਕੋ ਖੈਂਚਯੋ ਗਨ, ਸੋਧਿ ਕੀਨੋ ਹਾਥ ਮਨ, ਪਰ ਉਪਕਾਰ ਹੀ ਲੌਂ ਤਨ ਭਾਈਯਤ ਹੈ।**
**ਬੇਦਨ ਬਖਾਨਬੇ ਕੋ, ਸਾਰਾ ਸਾਰ ਜਾਨਬੇ ਕੋ, ਭੇਦਾ ਗ੍ਰੰਥ ਭਾਨ ਬੇ ਕੋ, ਰੂਪ ਗਾਈਯਤ ਹੈ।**
**ਏਕ ਰੂਪ ਪਹਚਾਨਯੋ ਸਭ ਹੀ ਮੈ ਸੋਈ ਜਾਨਯੋ, ਆਪ ਤੇ ਨ ਜੁਦਾ ਮਾਨਯੋ ਯੌਂ ਬਤਾਈਯਤ ਹੈ।**
**ਈਸ਼ਵਰ ਲੌਂ ਧਯਾਵੈ, ਜੀ ਮੈ ਭਗਤ ਦਿੜਾਵੈ; ਜਬ ਐਸੋ ਗੁਰ ਪਾਵੈ ਤਾਸੋ ਗਯਾਨ ਪਾਈਯਤ ਹੈ ॥੯॥**

*(ਕਬਿੱਤ, ਅਧਿਆਤਮ ਪ੍ਰਕਾਸ਼)*

## ਮੇਰਾ ਸਤਿਗੁਰੁ ਪਿਆਰਾ; ਕਿਤੁ ਬਿਧਿ ਮਿਲੈ ॥

ਹੇ ਭਾਈ! ਐਸਾ ਮੇਰਾ ਪਿਆਰਾ ਸਤਿਗੁਰੂ ਕਿਤੁ = ਕਿਸ ਬਿਧਿ = ਤਰੀਕੇ ਨਾਲ ਮਿਲੈ = ਮਿਲ ਸਕਦਾ ਹੈ।

## ਹਉ ਖਿਨੁ ਖਿਨੁ ਕਰੀ ਨਮਸਕਾਰੁ; ਮੇਰਾ ਗੁਰੁ ਪੂਰਾ ਕਿਉ ਮਿਲੈ ॥੧॥ਰਹਾਉ॥

ਹਉ = ਮੈਂ ਖਿਨ ਖਿਨ = ਰੱਤੀ ਰੱਤੀ ਕਾਲ ਵਿਚ ਐਸੇ ਗੁਰਾਂ ਨੂੰ ਨਮਸਕਾਰੁ = ਬੰਦਨਾਂ ਕਰਦਾ ਹਾਂ ਕਿ ਮੇਰਾ ਪੂਰਾ = ਪੂਰਨ ਗੁਰੂ ਮੈਨੂੰ ਕਿਉ = ਕਿਵੇਂ ਮਿਲੈ = ਮਿਲ ਸਕਦਾ ਹੈ ॥੧॥ਰਹਾਉ॥

***ਨੋਟ :*** ਘਟ ਸ਼ਬਦ ਕਹਿੰਦਿਆਂ ਦੋ ਖਿਨ ਗੁਜ਼ਰ ਜਾਂਦੇ ਹਨ, ਨਿਆਇਕਾਂ ਦੇ ਮੱਤ ਅਨੁਸਾਰ ਪਿੱਪਲ ਦੇ ਪੱਤੇ ਵਿੱਚੋਂ ਸੂਈ ਕੱਢਣ ਨਾਲ ਚਾਰ ਖਿਨ ਲੱਗ ਜਾਂਦੇ ਹਨ। ਇਸ "ਖਿਨ" ਪਦ ਦਾ ਪੂਰਾ ਵਿਸਥਾਰ ਜਾਨਣ ਲਈ ਇਸੇ ਸਟੀਕ ਦੀ ਪਹਿਲੀ ਪੋਥੀ ਵਿਚ ਸੋਹਿਲੇ ਸਾਹਿਬ ਬਾਣੀ ਦੀ ਪੰਗਤੀ "ਵਿਸੁਏ ਚਸਿਆ ਘੜੀਆ ਪਹਰਾ" ਵਿਚ ਪੜ੍ਹੋ ਜੀ।

## ਕਰਿ ਕਿਰਪਾ ਹਰਿ ਮੇਲਿਆ; ਮੇਰਾ ਸਤਿਗੁਰੁ ਪੂਰਾ ॥

ਤਦੋਂ ਮੇਰਾ ਪੂਰਾ = ਪੂਰਨ ਸਤਿਗੁਰੂ ਹਰਿ = ਪਰਮੇਸ਼ਰ ਨੇ ਕਿਰਪਾ = ਮੇਹਰ ਦੀ ਦ੍ਰਿਸ਼ਟੀ ਕਰਿ = ਕਰਕੇ ਮੇਲਿਆ = ਮੇਲ ਦਿੱਤਾ ਹੈ।

## ਇਛ ਪੁੰਨੀ ਜਨ ਕੇਰੀਆ; ਲੇ ਸਤਿਗੁਰ ਧੂਰਾ ॥੨॥

ਉਸ ਪੂਰੇ ਸਤਿਗੁਰੂ ਸਾਹਿਬ ਜੀ ਦੀ ਚਰਨ ਧੂਰਾ = ਧੂੜੀ ਲੇ = ਲੈ ਕਰ ਕੇ ਮੇਰੇ ਜਨ = ਦਾਸ ਕੇਰੀਆ = ਦੀ ਲੋਕ ਪਰਲੋਕ ਦੇ ਸੁਖ ਆਦਿ ਦੀ ਸਭ ਇਛ = ਚਾਹਨਾ, ਕਾਮਨਾ ਪੁੰਨੀ = ਪੂਰੀ ਹੋ ਗਈ ॥੨॥

## ਹਰਿ ਭਗਤਿ ਦ੍ਰਿੜਾਵੈ ਹਰਿ ਭਗਤਿ ਸੁਣੈ; ਤਿਸੁ ਸਤਿਗੁਰ ਮਿਲੀਐ ॥

ਹੇ ਭਾਈ! ਤਿਸੁ = ਉਸ ਸਤਿਗੁਰਾਂ ਨੂੰ ਜ਼ਰੂਰ ਮਿਲੀਐ = ਮਿਲੀਏ ਜੋ ਸਿੱਖਾਂ ਦੇ ਹਿਰਦਿਆਂ ਵਿਚ

ਹਰਿ = ਵਾਹਿਗੁਰੂ ਪਰਮੇਸ਼ਰ ਦੀ ਭਗਤਿ = ਭਗਤੀ, ਨਾਮ ਨੂੰ ਦ੍ਰਿੜਾਵੈ = ਦ੍ਰਿੜ ਕਰਾਉਂਦੇ ਹਨ, ਭਾਵ ਦਰਸਾਉਂਦੇ ਹਨ ਅਤੇ ਆਪ ਹਰਿ = ਹਰੀ ਪਰਮੇਸ਼ਰ ਦੀ ਭਗਤਿ = ਭਗਤੀ, ਜਸ, ਕੀਰਤਨ ਨੂੰ ਸੁਣੈ = ਸੁਣਦੇ ਹਨ।

## ਤੋਟਾ ਮੂਲਿ ਨ ਆਵਈ; ਹਰਿ ਲਾਭੁ ਨਿਤਿ ਦ੍ਰਿੜੀਐ ॥੩॥

ਹੇ ਭਾਈ! ਸਤਿਗੁਰਾਂ ਨੂੰ ਮਿਲਣੇ ਕਰਕੇ ਫਿਰ ਕਿਸੇ ਪ੍ਰਕਾਰ ਦੇ ਪਦਾਰਥਾਂ ਆਦਿ ਦਾ ਤੋਟਾ = ਘਾਟਾ ਮੂਲਿ = ਕਦਾਚਿਤ ਵੀ ਨਹੀਂ ਆਉਂਦਾ **ਵਾ:** ਮੂਲਿ = ਜੋ ਪੂਰਬਲੇ ਜਨਮ ਦੇ ਪੁੰਨ ਕਰਮ ਹਨ, ਉਨ੍ਹਾਂ ਵਿਚ ਤੋਟਾ = ਘਾਟਾ ਨਹੀਂ ਆਉਂਦਾ **ਵਾ:** ਸਵਾਸਾਂ ਰੂਪੀ ਮੂਲਿ = ਪੂੰਜੀ ਸਫਲ ਹੋਵੇਗੀ ਅਤੇ ਮਨੁੱਖਾ ਜਨਮ ਹਾਰਨ ਰੂਪੀ ਤੋਟਾ = ਘਾਟਾ ਨਹੀਂ ਆਉਂਦਾ ਅਤੇ ਹਰੀ ਦਾ ਨਾਮ ਰੂਪੀ, ਗਿਆਨ ਰੂਪੀ, ਹਰੀ ਦੀ ਪ੍ਰਾਪਤੀ ਰੂਪ ਲਾਭ ਨਿਤਿ = ਨਿਤਾ ਪ੍ਰਤੀ ਦ੍ਰਿੜੀਐ = ਦ੍ਰਿੜ ਕਰ ਲਈਦਾ ਹੈ ॥੩॥

## ਜਿਸ ਕਉ ਰਿਦੈ ਵਿਗਾਸੁ ਹੈ; ਭਾਉ ਦੂਜਾ ਨਾਹੀ ॥

ਜਿਸ ਗੁਰੂ ਕਉ = ਦੇ ਰਿਦੈ = ਹਿਰਦੇ ਵਿਚ ਗਿਆਨ ਦਾ ਵਿਗਾਸੁ = ਖਿੜਾਉ, ਅਨੰਦ ਹੈ, ਅਤੇ ਭਾਉ ਦੂਜਾ = ਦ੍ਵੈਤ-ਭਾਵ ਨਾਹੀ = ਨਹੀਂ ਹੈ।

## ਨਾਨਕ ਤਿਸੁ ਗੁਰ ਮਿਲਿ ਉਧਰੈ; ਹਰਿ ਗੁਣ ਗਾਵਾਹੀ ॥੪॥੮॥੧੪॥੫੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਹਰਿ = ਪਰਮੇਸ਼ਰ ਦੇ ਗੁਣ ਗਾਵਾਹੀ = ਗਾਇਨ ਕਰਵਾਉਂਦਾ ਹੈ ਤਿਸੁ = ਉਸ ਗੁਰੂ ਨਾਲ ਮਿਲ ਕੇ ਸੰਸਾਰ ਸਮੁੰਦਰ ਤੋਂ ਉਧਰੈ = ਤਰ ਜਾਈਦਾ ਹੈ **ਅਥਵਾ** ਜਿਨ੍ਹਾਂ ਤੋਂ ਸਤਿਗੁਰੂ ਸਾਹਿਬ ਜੀ ਹਰੀ ਦੇ ਗੁਣਾਂ ਨੂੰ ਗਾਵਾਹੀ = ਗਵਾਉਂਦੇ ਹਨ **ਵਾ:** ਜੋ ਪੁਰਸ਼ ਹਰੀ ਦੇ ਗੁਣਾਂ ਨੂੰ ਆਪ ਗਾਉਂਦੇ ਹਨ ਅਤੇ ਹੋਰਨਾਂ ਤੋਂ ਗਾਵਾਹੀ = ਗੁਆਉਂਦੇ ਹਨ, ਉਹ ਪੁਰਸ਼ ਗੁਰੂ ਜੀ ਨਾਲ ਮਿਲ ਕੇ ਇਸ ਸੰਸਾਰ ਤੋਂ ਉਧਰੈ = ਤਰ ਜਾਂਦੇ ਹਨ ॥੪॥੮॥੧੪॥੫੨॥

## ਮਹਲਾ ੪, ਗਉੜੀ ਪੂਰਬੀ ॥

ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਗਉੜੀ ਰਾਗਣੀ ਦੀ ਪੂਰਬੀ ਜਾਤੀ ਵਿਚ ਪਾਵਨ ਸ਼ਬਦ ਉਚਾਰਨ ਕਰਦੇ ਹਨ।

## ਹਰਿ ਦਇਆਲਿ ਦਇਆ ਪ੍ਰਭਿ ਕੀਨੀ; ਮੇਰੈ ਮਨਿ ਤਨਿ ਮੁਖਿ ਹਰਿ ਬੋਲੀ ॥

ਜਦੋਂ ਹਰਿ = ਹਰੇ ਭਰੇ ਕਰਨ ਵਾਲੇ ਦਇਆਲਿ = ਦਿਆਲੂ ਪ੍ਰਭਿ = ਪਰਮੇਸ਼ਰ ਨੇ ਦਇਆ = ਕਿਰਪਾ ਦ੍ਰਿਸ਼ਟੀ ਕੀਨੀ = ਕੀਤੀ ਤਦ ਮੇਰੇ ਮਨਿ = ਹਿਰਦੇ ਵਿਚ ਪ੍ਰਭੂ ਦਾ ਧਿਆਨ, ਤਨਿ = ਸਰੀਰ, ਰੋਮ-ਰੋਮ ਕਰਕੇ ਭਗਤੀ ਵਿਚ ਤੇ ਮੁਖਿ = ਮੂੰਹ ਵਿਚ ਹਰੀ ਦੀ ਨਾਮ ਰੂਪ ਬੋਲੀ = ਬਾਣੀ ਨਾਮ ਦੇ ਸਿਮਰਨ ਦਾ ਉਚਾਰਨ ਸ਼ੁਰੂ ਹੋ ਗਿਆ **ਅਥਵਾ** ਜਦੋਂ ਮਨ, ਤਨ ਅਤੇ ਮੁਖਿ = ਬਾਣੀ ਕਰਕੇ ਸਿਮਰਨ ਹੋਵੇ, ਇਹ ਦਇਆਲੂ ਮਹਾਰਾਜ ਦੀ ਦਇਆ = ਬਖ਼ਸ਼ਿਸ਼ ਦੀ ਦਾਤ ਹੈ।

## ਗੁਰਮੁਖਿ ਰੰਗੁ ਭਇਆ ਅਤਿ ਗੂੜਾ; ਹਰਿ ਰੰਗਿ ਭੀਨੀ ਮੇਰੀ ਚੋਲੀ ॥੧॥

('**ਚੋਲੀ**' ਧਿਆਨ ਨਾਲ ਬੋਲੋ, ਝੋਲੀ ਨਹੀਂ ਬੋਲਣਾ)

ਗੁਰਮੁਖਿ = ਮੁਖੀ ਗੁਰਾਂ ਦੁਆਰਾ ਮੇਰੇ ਹਿਰਦੇ ਵਿਚ ਪਰਮੇਸ਼ਰ ਦੇ ਪ੍ਰੇਮ ਦਾ ਅਤਿ ਗੂੜਾ = ਅਤਿਅੰਤ ਗਾੜਾ ਰੰਗੁ = ਅਨੰਦ ਹੋ ਗਿਆ ਹੈ ਅਤੇ ਹਰੀ ਦੇ ਨਾਮ, ਪ੍ਰੇਮ ਰੰਗਿ ਵਿਚ ਸਾਡੀ ਦੇਹ ਰੂਪੀ ਚੋਲੀ **ਵਾ:** ਬੁੱਧੀ ਰੂਪੀ ਚੋਲੀ ਭੀਨੀ = ਭਿੱਜ ਗਈ ਹੈ ॥੧॥

## ਅਪੁਨੇ ਹਰਿ ਪ੍ਰਭ ਕੀ; ਹਉ ਗੋਲੀ ॥

(**ਗੋੱਲੀ** ਕੱਸ ਕੇ ਬੋਲੋ)

ਹਉ = ਮੈਂ ਆਪਣੇ ਹਰਿ = ਹਰੇ-ਭਰੇ ਕਰਨ ਵਾਲੇ ਪ੍ਰਭ = ਪਰਮੇਸ਼ਰ ਕੀ = ਦੀ ਗੋਲੀ = ਦਾਸੀ ਹਾਂ।

## ਜਬ ਹਮ ਹਰਿ ਸੇਤੀ ਮਨੁ ਮਾਨਿਆ; ਕਰਿ ਦੀਨੋ ਜਗਤੁ ਸਭੁ ਗੋਲ ਅਮੋਲੀ ॥੧॥ਰਹਾਉ॥

ਜਦੋਂ ਹਮ = ਮੇਰਾ ਹਰੀ ਵਾਹਿਗੁਰੂ ਸੇਤੀ = ਨਾਲ ਮਨ ਮਾਨਿਆ = ਮੰਨ ਗਿਆ ਤਾਂ ਇਸ ਸਾਰੇ ਜਗਤੁ = ਸੰਸਾਰ ਨੂੰ ਅਮੋਲੀ = ਬਿਨਾਂ ਮੁੱਲ ਤੋਂ ਮੇਰਾ ਗੋਲ = ਗੋੱਲਾ ਭਾਵ ਦਾਸ ਬਣਾ ਦਿੱਤਾ, ਭਾਵ ਸਾਰਾ ਸੰਸਾਰ ਸੇਵਾ ਕਰਨ ਲੱਗ ਪਿਆ ॥੧॥ਰਹਾਉ॥

## ਕਰਹੁ ਬਿਬੇਕੁ ਸੰਤ ਜਨ ਭਾਈ; ਖੋਜਿ ਹਿਰਦੈ ਦੇਖਿ ਢੰਢੋਲੀ ॥

ਹੇ ਸੰਤ ਜਨੋਂ ! ਹੇ ਸਾਰੇ ਭਾਈ = ਭਰਾਵੋ, ਇਹ ਜੀਵ ਅਤੇ ਈਸ਼ ਦੀ ਏਕਤਾ ਰੂਪ ਬਿਬੇਕੁ = ਵੀਚਾਰ ਕਰੋ ਕਿ ਸਤ, ਚੇਤਨ, ਅਨੰਦ ਸਰੂਪ ਬ੍ਰਹਮ, ਜੀਵ ਅਤੇ ਈਸ਼ ਦੋਨਾਂ ਵਿਚ ਵਿਆਪਕ ਹੈ, ਭਾਵ ਬ੍ਰਹਮ ਨੂੰ ਖੋਜਿ = ਖੋਜਣਾ ਕਰੋ। ਇਸ ਪ੍ਰਕਾਰ ਢੰਢੋਲੀ = ਖੋਜੀ ਬਣ ਕੇ ਸਤਿਸੰਗਤ ਵਿਚ ਹਿਰਦੇ ਰੂਪੀ ਰਸਤੇ ਨਾਲ ਆਪਣੇ ਸ਼ੁੱਧ ਸਰੂਪ ਨੂੰ ਵੇਖ ਕੇ ਬ੍ਰਹਮ ਨੂੰ ਖੋਜਿ = ਢੂੰਢ ਲਵੋਗੇ।

## ਹਰਿ ਹਰਿ ਰੂਪੁ ਸਭ ਜੋਤਿ ਸਬਾਈ; ਹਰਿ ਨਿਕਟਿ ਵਸੈ ਹਰਿ ਕੋਲੀ ॥੨॥

ਸਾਰੇ ਰੂਪ = ਆਕਾਰਾਂ ਵਿਚ ਹਰਿ = ਪਰਮੇਸ਼ਰ ਆਪ ਹੀ ਹੈ ਅਤੇ ਸਬਾਈ = ਸਾਰੀ ਸ੍ਰਿਸ਼ਟੀ ਵਿਚ ਉਸ ਦੀ ਚੇਤਨ ਸੱਤਾ ਰੂਪੀ ਜੋਤ ਆਈ ਹੋਈ ਹੈ ਉਹ ਹਰੀ ਪਰਮੇਸ਼ਰ ਸਾਰੇ ਸਰੀਰਾਂ ਦੇ ਨਿਕਟਿ = ਨੇੜੇ ਵਸਦਾ ਹੈ ਅਤੇ ਮਨ ਦੇ ਵੀ ਕੋਲੀ = ਕੋਲ ਹੀ ਹੈ। ਭਾਵ ਮਨ, ਬਾਣੀ, ਸਰੀਰ ਕਰਕੇ ਉਹ ਪਰਮੇਸ਼ਰ ਨੇੜੇ ਤੋਂ ਵੀ ਨੇੜੇ ਵਸੈ = ਵਸਦਾ ਹੈ ॥੨॥ ਜੈਸਾ ਕਿ :

**ਨੇਰੈ ਨਾਹੀ ਦੂਰਿ ॥ ਨਿਜ ਆਤਮੈ ਰਹਿਆ ਭਰਪੂਰਿ ॥੩॥**

*(ਰਾਗ ਸੋਰਠਿ ਬਾਣੀ ਭਗਤ ਨਾਮਦੇ ਜੀ ਕੀ, ਅੰਗ ੬੫੭)*

[ਅੰਗ ੧੬੯]

## ਹਰਿ ਹਰਿ ਨਿਕਟਿ ਵਸੈ ਸਭ ਜਗ ਕੈ; ਅਪਰੰਪਰ ਪੁਰਖੁ ਅਤੋਲੀ ॥

ਉਹ ਹਰਿ ਹਰਿ ਪਰਮਾਤਮਾ ਸਭ = ਸਾਰੇ ਜਗ = ਸੰਸਾਰ ਕੈ = ਦੇ ਨਿਕਟ = ਨੇੜੇ ਹੋ ਕੇ ਵਸੈ = ਵਸਦਾ ਹੈ ਪ੍ਰਕ੍ਰਿਤੀ ਦੇ ਅਪਰ = ਉਰੇ ਹੈ ਅਤੇ ਉਹ ਪਰ = ਪਰ੍ਹੇ ਭਾਵ ਪਰਾ ਸਰੂਪ ਹੈ। ਅਤੋਲੀ = ਮਾਪਣ ਤੋਲਣ ਤੋਂ ਅ = ਰਹਿਤ ਹੈ ਪੁਰਖੁ = ਪੂਰਨ ਹੈ।

## ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ; ਸਿਰੁ ਵੇਚਿਓ ਗੁਰ ਪਹਿ ਮੋਲੀ ॥੩॥

ਜਿਸ ਪੂਰੈ = ਪੂਰਨ ਗੁਰਾਂ ਨੇ ਹਿਰਦੇ ਵਿਚ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਨੂੰ ਪ੍ਰਗਟ ਕੀਓ = ਕੀਤਾ ਹੈ ਉਸ ਗੁਰਾਂ ਪਹਿ = ਕੋਲ ਮੈਂ ਹੰਗਤਾ ਰੂਪੀ ਸਿਰ ਮੋਲੀ = ਮੁੱਲ ਵੇਚਿਓ = ਵੇਚ ਦਿੱਤਾ ਹੈ ॥੩॥

## ਹਰਿ ਜੀ ਅੰਤਰਿ ਬਾਹਰਿ, ਤੁਮ ਸਰਣਾਗਤਿ; ਤੁਮ ਵਡ ਪੁਰਖ ਵਡੋਲੀ ॥

ਹੇ ਹਰੀ ਪਰਮੇਸ਼ਰ ਜੀ ਸਾਰਿਆਂ ਦੇ ਹਿਰਦੇ ਅੰਦਰ ਸਾਖੀ ਚੇਤਨ ਹੋ ਕੇ ਤੁਸੀਂ ਆਪ ਵਰਤ ਰਹੇ ਹੋ

ਅਤੇ ਬਾਹਰਿ = ਬਾਹਰੀ ਸੰਸਾਰ ਦੇ ਅੰਦਰ ਵੀ ਤੁਸੀਂ ਆਪ ਹੀ ਵਿਆਪਕ ਸਰੂਪ ਹੋ। ਇਸ ਲਈ ਮੈਂ ਤੁਮ = ਤੁਹਾਡੀ ਸਰਣਾਗਤਿ = ਸ਼ਰਣ ਵਿਚ ਆਇਆ ਹਾਂ। ਕਿਉਂਕਿ ਤੁਮ = ਤੁਸੀਂ ਵਡ ਪੁਰਖ = ਵੱਡੇ ਪੁਰਸ਼ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਨਾਲੋਂ ਵੀ ਵਡੋਲੀ = ਵੱਡੇ ਹੋ **ਵਾ:** ਵਡੋਲੀ (ਵਡ+ਓਲੀ) = ਓਲੀ ਨਾਮ ਪਰਦੇ ਦਾ ਹੈ। ਤੁਸੀਂ ਸਾਰਿਆਂ ਦਾ ਪਰਦਾ ਰੂਪ ਹੋ, ਆਸਰਾ ਰੂਪ ਹੋ **ਵਾ:** ਅਰਬੀ ਵਿਚ ਓਲ ਨਾਮ ਪੂਰਨ ਦਾ ਵੀ ਹੈ। ਤੁਸੀਂ ਸਾਰਿਆਂ ਤੋਂ ਪੂਰਨ = ਵੱਡੇ ਸਰੂਪ ਹੋ।

## ਜਨੁ ਨਾਨਕੁ, ਅਨਦਿਨੁ ਹਰਿ ਗੁਣ ਗਾਵੈ; ਮਿਲਿ ਸਤਿਗੁਰ ਗੁਰ ਵੇਚੋਲੀ ॥੪॥੧॥੧੫॥੫੩॥

ਸਤਿਗੁਰੂ ਜੀ ਕਥਨ ਕਰਦੇ ਹਨ ਜੋ ਗੁਰੂ ਪਰਮੇਸ਼ਰ ਨਾਲ ਮਿਲਾਉਣ ਦੀ ਵੇਚੋਲੀ = ਵਿਚੋਲਗੀ ਕਰਦਾ ਹੈ ਉਸ ਸਤਿਗੁਰਾਂ ਨਾਲ ਮਿਲ ਕੇ ਮੈਂ ਜਨੁ = ਦਾਸ ਅਨਦਿਨੁ = ਰਾਤ ਦਿਨੇ ਹਰਿ = ਪਰਮੇਸ਼ਰ ਦੇ ਗੁਣ ਗਾਵੈ = ਗਾਉਂਦਾ ਹਾਂ **ਅਥਵਾ** ਜੋ ਗੁਰਮੁਖ ਜਨ ਅਨਦਿਨੁ = ਰਾਤ-ਦਿਨ ਹਰੀ ਦੇ ਗੁਣਾਂ ਨੂੰ ਗਾਵੈ = ਗਾਉਂਦੇ ਹਨ, ਉਨ੍ਹਾਂ ਨੂੰ ਗੁਰ = ਚੇਤਨ ਸਰੂਪ ਸਤਿਗੁਰੂ ਸਾਹਿਬ ਜੀ ਸਤਿਸੰਗਤ ਰੂਪ ਵੇਚੋਲੀ = ਵਿਚੋਲਗੀ ਦੁਆਰਾ ਆਪਣੇ ਨਾਲ ਮੇਲ ਲੈਂਦੇ ਹਨ **ਵਾ:** ਲਿਵ ਲਗਾ ਕੇ ਵਿਚੋਲਗੀ ਕਰ ਕੇ ਮੇਲ ਲਿਆ ਹੈ ॥੪॥੧॥੧੫॥੫੩॥

## ਗਉੜੀ ਪੂਰਬੀ, ਮਹਲਾ ੪ ॥

## ਜਗਜੀਵਨ ਅਪਰੰਪਰ ਸੁਆਮੀ; ਜਗਦੀਸੁਰ ਪੁਰਖ ਬਿਧਾਤੇ ॥

ਹੇ ਵਾਹਿਗੁਰੂ ਪਰਮੇਸ਼ਰ ਜੀ ਤੁਸੀਂ ਸਾਰੇ ਜਗਜੀਵਨ = ਜਗਤ ਦਾ ਜੀਵਨ ਰੂਪ ਹੋ, ਸਾਰੇ ਜੀਵਾਂ ਦੇ ਅੰਦਰ ਚੇਤਨ ਸਰੂਪ ਹੋ, ਅਪਰੰਪਰ = ਪ੍ਰਕ੍ਰਿਤੀ ਦੇ ਉਰੇ ਅਤੇ ਪਰ੍ਹੇ, ਪਰਾ-ਸਰੂਪ ਹੋ, ਸਾਰਿਆਂ ਦੇ ਮਾਇਆ ਬ੍ਰਿਤੀ ਦੁਆਰਾ ਸੁਆਮੀ = ਮਾਲਕ ਹੋ। ਸਾਰੇ ਜਗਦੀਸੁਰ = ਜਗਤ ਦਾ ਈਸਰ ਪਾਤਿਸ਼ਾਹ ਹੋ, ਸਾਰਿਆਂ ਥਾਵਾਂ ਤੇ ਪੁਰਖ = ਪੂਰਨ ਹੋ ਅਤੇ ਕਰਮਾਂ ਦੇ ਅਨੁਸਾਰ ਜੀਵਾਂ ਦੇ ਤਾਈਂ ਫਲ ਦੇਣ ਵਾਲੇ ਬਿਧਾਤੇ = ਫਲ ਬਰ ਦਾਤੇ ਹੋ।

## ਜਿਤੁ ਮਾਰਗਿ ਤੁਮ ਪ੍ਰੇਰਹੁ ਸੁਆਮੀ; ਤਿਤੁ ਮਾਰਗਿ ਹਮ ਜਾਤੇ ॥੧॥

ਹੇ ਸੁਆਮੀ = ਮਾਲਕ ਪਰਮੇਸ਼ਰ ਜੀ! ਜਿਤੁ = ਜਿਸ ਭਾਉ-ਭਗਤੀ, ਗੁਰਾਂ ਦੀ ਸ਼ਰਨ ਰੂਪ ਮਾਰਗਿ = ਰਸਤੇ ਵੱਲ **ਵਾ:** ਸ਼ਰਧਾ ਦੁਆਰਾ ਗਿਆਨ ਰੂਪ ਮਾਰਗਿ = ਰਸਤੇ ਵੱਲ ਤੁਸੀਂ ਪ੍ਰੇਰਦੇ ਹੋ। ਤਿਤੁ = ਉਸ ਭਾਉ-ਭਗਤੀ, ਗੁਰਸਿੱਖੀ ਦੇ ਮਾਰਗਿ = ਰਸਤੇ ਵੱਲ ਹਮ = ਮੈਂ ਜਾਤੇ = ਜਾਂਦਾ ਹਾਂ ॥੧॥

## ਰਾਮ; ਮੇਰਾ ਮਨੁ ਹਰਿ ਸੇਤੀ ਰਾਤੇ ॥

ਹੇ ਰਾਮ ਦੇ ਪਿਆਰੇ ਸੰਤ ਜਨੋਂ ! ਮੇਰਾ ਮਨ ਹਰੀ ਦੇ ਨਾਮ ਰੰਗ ਸੇਤੀ = ਨਾਲ ਰਾਤੇ = ਰੰਗਿਆ ਗਿਆ ਹੈ।

## ਸਤਸੰਗਤਿ ਮਿਲਿ ਰਾਮ ਰਸੁ ਪਾਇਆ; ਹਰਿ ਰਾਮੈ ਨਾਮਿ ਸਮਾਤੇ ॥੧॥ਰਹਾਉ॥

ਸਤਿਗੁਰਾਂ ਦੀ ਸਤਿਸੰਗਤ ਵਿਚ ਮਿਲ ਕਰ ਕੇ ਰਾਮ = ਪਰਮਾਤਮਾ ਦੇ ਰਸੁ = ਅਨੰਦ ਨੂੰ ਪਾਇਆ = ਪ੍ਰਾਪਤ ਕੀਤਾ ਹੈ ਅਤੇ ਰਾਮੈ = ਰਮੇ ਹੋਏ ਹਰਿ = ਪਰਮੇਸ਼ਰ ਦੇ ਨਾਮ ਵਿਚ ਸਮਾਤੇ = ਸਮਾ ਗਏ ਹਾਂ ॥੧॥ਰਹਾਉ॥

## ਹਰਿ ਹਰਿ ਨਾਮੁ, ਹਰਿ ਹਰਿ ਜਗਿ ਅਵਖਧੁ; ਹਰਿ ਹਰਿ ਨਾਮੁ ਹਰਿ ਸਾਤੇ ॥

ਹੇ ਭਾਈ ! ਜੋ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਹੈ, ਉਹ ਨਾਮ ਜਗਿ = ਸੰਸਾਰ

ਵਿਚ ਆਧੀ, ਬਿਆਧੀ, ਉਪਾਧੀ ਆਦਿ ਹਰਿ = ਹਰੇਕ ਪ੍ਰਕਾਰ ਦੇ ਰੋਗਾਂ ਨੂੰ ਹਰਿ = ਨਾਸ ਕਰਨ ਲਈ ਅਵਖਧੁ = ਦਵਾਈ ਰੂਪ ਹੈ ਅਤੇ ਹਰਿ = ਹਰੇਕ ਨਾਮਾਂ ਵਿੱਚੋਂ ਹਰਿ = ਪਰਮੇਸ਼ਰ ਦਾ ਹਰਿ ਨਾਮ ਹੀ ਸਾਤੇ = ਸਤ ਸਰੂਪ ਦੀ ਪ੍ਰਾਪਤੀ ਕਰਾਉਣ ਵਾਲਾ ਹੈ **ਵਾ:** ਸ਼ਾਂਤੀ ਦੇਣ ਵਾਲਾ ਹੈ।

## ਤਿਨ ਕੇ ਪਾਪ ਦੋਖ ਸਭਿ ਬਿਨਸੇ; ਜੋ ਗੁਰਮਤਿ ਰਾਮ ਰਸੁ ਖਾਤੇ ॥੨॥

ਤਿਨ = ਉਨ੍ਹਾਂ ਦੇ ਸਭਿ = ਸਾਰੇ ਪਾਪ ਅਤੇ ਸ਼ਬਦ ਸਪਰਸ਼ ਆਦਿ ਦੋਖ = ਦੋਸ਼ ਸਾਰੇ ਬਿਨਸੇ = ਨਾਸ਼ ਹੋ ਗਏ ਹਨ ਜੋ = ਜਿਹੜੇ ਗੁਰਮਤ ਦੁਆਰਾ ਰਾਮ = ਪਰਮਾਤਮਾ ਦੇ ਰਸੁ = ਪ੍ਰੇਮ ਨੂੰ ਖਾਤੇ = ਛਕਦੇ ਭਾਵ ਧਾਰਨ ਕਰਦੇ ਹਨ ॥੨॥

**ਦੂਸਰਾ ਅਰਥ**

**ਹਰਿ ਹਰਿ ਨਾਮੁ, ਹਰਿ ਹਰਿ ਜਗਿ ਅਵਖਧੁ; ਹਰਿ ਹਰਿ ਨਾਮੁ ਹਰਿ ਸਾਤੇ ॥**

ਜੋ ਹਰੀ ਦਾ ਹਰਿ = ਹਰੇਕ ਨੂੰ ਹਰਿ = ਹਰੇ ਭਰੇ ਕਰਨ ਵਾਲਾ ਨਾਮ ਹੈ, ਇਹ ਹਰਿ = ਹਰੇਕ ਰਾਗ, ਦ੍ਵੈਖ ਨੂੰ ਨਵਿਰਤ ਕਰਨ ਵਾਸਤੇ ਅਵਖਧੁ = ਦਵਾਈ ਹੈ। ਜੋ ਹਰੇਕ ਨਾਮਾਂ ਵਿੱਚੋਂ ਹਰੀ ਦਾ ਸਤਿ ਨਾਮ ਹੈ, ਇਹ ਪਰਾ ਪੂਰਬਲਾ ਹੈ। ਇਸ ਨੂੰ ਸੰਤ ਜਨਾਂ ਨੇ ਸਾਤੇ = ਨਿਸਚੇ ਕੀਤਾ ਹੈ **ਅਥਵਾ** ਜੋ ਹਰਿ = ਹਾਥੀ ਸੀ, ਉਸ ਨੂੰ ਹਰਿ = ਤੰਦੂਏ ਨੇ ਹਰਿ = ਹਰ ਲਿਆ ਸੀ, ਜਦੋਂ ਸੁੰਢ ਮਾਤਰ ਹੀ ਪਾਣੀ ਤੋਂ ਬਾਹਰ ਰਹਿ ਗਿਆ ਤਾਂ ਹਾਥੀ ਦੇ ਪੁਕਾਰ ਕਰਨ 'ਤੇ ਹਰਿ = ਹਰੀ ਪਰਮੇਸ਼ਰ ਨੇ ਉਸ ਦੇ ਹਰਿ = ਹਰਨ ਮੇਟਣ ਵਾਸਤੇ ਸੁਦਰਸ਼ਨ ਚੱਕ੍ਰ ਤਾਈਂ ਹਰਿ = ਮਾਰ ਕੇ, ਭੇਜ ਕੇ ਉਸ ਹਾਥੀ ਦੇ ਤਾਈਂ ਬਚਾਇਆ, ਇਸ ਪ੍ਰਕਾਰ ਸਾਤੇ ਨਿਸਚੇ ਕਰ ਕੇ ਹਰਿ = ਹਰੀ ਦਾ ਨਾਮ ਹੀ ਅਵਖਧੁ = ਔਸ਼ਧੀ ਰੂਪ ਹੈ **ਅਥਵਾ** ਹਰਿ = ਹਰ ਜੁਗ ਵਿਚ, ਸਤਿਜੁਗ ਵਿਚ ਹਰਿ = ਹਰੀ ਪਰਮੇਸ਼ਰ ਦਾ ਨਾਮ ਹੀ ਔਸ਼ਧੀ ਰੂਪ ਸੀ। ਹਰਿ ਹਰਿ ਤ੍ਰੇਤੇ ਵਿਚ ਵੀ ਪਰਮੇਸ਼ਰ ਦਾ ਨਾਮ ਹੀ ਦਵਾਈ ਰੂਪ ਸੀ। ਹਰਿ ਹਰਿ ਪਰਮੇਸ਼ਰ ਦਾ ਨਾਮ ਦੁਆਪਰ ਵਿਚ ਵੀ ਦਵਾਈ ਰੂਪ ਸੀ ਅਤੇ ਕਲਜੁਗ ਵਿਚ ਵੀ ਜੀਵਾਂ ਦੀ ਕਲਿਆਣ ਵਾਸਤੇ ਹਰੀ ਦਾ ਸਤਿਨਾਮ ਹੀ ਔਸ਼ਧੀ ਰੂਪ ਹੈ।

**ਤਿਨ ਕੇ ਪਾਪ ਦੋਖ ਸਭਿ ਬਿਨਸੇ; ਜੋ ਗੁਰਮਤਿ ਰਾਮ ਰਸੁ ਖਾਤੇ ॥**

ਉਨ੍ਹਾਂ ਦੇ ਸਾਰੇ ਦੁੱਖ, ਪਾਪ ਨਾਸ ਹੋ ਗਏ ਹਨ, ਜੋ = ਜਿਹੜੇ ਗੁਰਮਤਿ ਦੁਆਰਾ ਰਾਮ ਦੇ ਰਸੁ = ਅਨੰਦ ਨੂੰ ਖਾਂਦੇ, ਧਾਰਨ ਕਰਦੇ ਹਨ।

## ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ; ਤੇ ਗੁਰ ਸੰਤੋਖ ਸਰਿ ਨਾਤੇ ॥

(**ਨਾਤੇ** ਭਾਰਾ ਬੋਲੋ)

ਜਿਨ ਕਉ = ਜਿਨ੍ਹਾਂ ਦੇ ਅੰਤਹਕਰਣ ਰੂਪੀ ਮੱਥੇ ਉੱਪਰ ਵਾਹਿਗੁਰੂ ਨੇ ਧੁਰੋਂ ਲਿਖਤ = ਲੇਖ ਲਿਖੇ = ਲਿਖ ਦਿੱਤੇ ਹਨ, ਉਹੋ ਹੀ ਗੁਰਮੁਖ ਸਤਿ, ਸੰਤੋਖ ਆਦਿਕ ਸ਼ੁਭ ਗੁਣਾਂ ਦੇ ਸਰਿ = ਸਰੋਵਰ ਵਿਚ, ਅਭੇਦਤਾ ਰੂਪ ਨਾਤੇ = ਇਸ਼ਨਾਨ ਕਰਦੇ ਹਨ **ਵਾ:** ਸੰਤੋਖੀ ਗੁਰੂ ਸਾਹਿਬ ਜੀ ਦੀ ਸਰਿ = ਸਰੋਵਰ ਰੂਪ ਸੰਗਤ ਵਿਚ ਸ੍ਰਵਣ, ਮੰਨਣ, ਰੂਪ ਇਸ਼ਨਾਨ ਕਰਦੇ ਹਨ। ਜੈਸਾ ਕਿ :

**ਸਤ ਸੰਤੋਖੀ ਸਤਿਗੁਰੁ ਪੂਰਾ ॥** *(ਮਾਰੂ ਮ: ੧, ਅੰਗ ੧੦੨੩)*

## ਦੁਰਮਤਿ ਮੈਲੁ ਗਈ ਸਭ ਤਿਨ ਕੀ; ਜੋ ਰਾਮ ਨਾਮ ਰੰਗਿ ਰਾਤੇ ॥੩॥

ਜੋ = ਜਿਹੜੇ ਹਰ ਵੇਲੇ ਪਰਮਾਤਮਾ ਦੇ ਨਾਮ ਰੰਗ ਵਿਚ ਰੱਤੇ ਹੋਏ ਹਨ, ਉਨ੍ਹਾਂ ਕੀ = ਦੀ ਦੁਰਮਤਿ = ਖੋਟੀ ਮੱਤ ਰੂਪੀ ਮੈਲ ਚਲੀ ਗਈ ਹੈ, ਨਾਸ ਹੋ ਗਈ ਹੈ ॥੩॥

## ਰਾਮ ਤੁਮ ਆਪੇ ਆਪਿ ਆਪਿ ਪ੍ਰਭੁ ਠਾਕੁਰ; ਤੁਮ ਜੇਵਡ ਅਵਰੁ ਨ ਦਾਤੇ ॥

ਹੇ ਰਾਮ = ਪਰਮਾਤਮਾ ਤੁਮ = ਤੁਸੀਂ ਆਪੇ = ਆਪ ਹੀ ਸਤਿਜੁਗ ਵਿਚ ਵੀ ਸੀ, ਤ੍ਰੇਤੇ ਵਿਚ ਵੀ ਆਪ ਹੀ ਸੀ, ਦੁਆਪੁਰ ਵਿਚ ਵੀ ਆਪ ਹੀ ਸੀ, ਹੇ ਮੇਰੇ ਸਾਖੀ ਚੇਤਨ ਠਾਕੁਰ = ਸੁਆਮੀ ਪ੍ਰਭੁ = ਪਰਮੇਸ਼ਰ ਜੀ ! ਹੁਣ ਕਲਜੁਗ ਵਿਚ ਵੀ ਆਪ ਜੀ ਜੇਵਡ = ਵਰਗਾ ਅਵਰੁ = ਹੋਰ ਕੋਈ ਦਾਤਾ = ਦਾਨੀ ਨਹੀਂ ਹੈ **ਅਥਵਾ** ਹੇ ਰਮੇ ਹੋਏ ਰਾਮ ਪਰਮੇਸ਼ਰ ਆਪੇ ਆਪਿ = ਭੂਤਕਾਲ ਵਿਚ ਵੀ ਤੁਸੀਂ ਆਪੇ ਆਪ ਸੀ। ਆਪਿ = ਵਰਤਮਾਨ ਕਾਲ ਵਿਚ ਵੀ ਪ੍ਰਭੁ = ਪ੍ਰਭੂ ਜੀ ਆਪ ਜੀ ਹੀ ਹੋ ਅਤੇ ਭਵਿੱਖਤ ਕਾਲ ਵਿਚ ਵੀ ਤੁਮ = ਤੇਰੇ ਜੇਵਡ = ਜਿੱਡਾ, ਹੋਰ ਕੋਈ ਦਾਤਾ ਨਹੀਂ ਹੋਵੇਗਾ **ਅਥਵਾ** ਹੇ ਰਾਮ ਤੁਮ = ਤੁਸੀਂ ਆਪੇ = ਆਪ ਹੀ ਸ਼ੁੱਧ ਸਰੂਪ (ਬ੍ਰਹਮ) ਹੋ। ਆਪਿ = ਆਪ ਹੀ ਜੀਵ ਰੂਪ ਹੋ, ਆਪਿ ਪ੍ਰਭੁ = ਆਪ ਹੀ ਈਸ਼ਰ ਰੂਪ ਹੋ। ਹੇ ਮੇਰੇ ਠਾਕੁਰ ਜੀ। ਆਪ ਜੀ ਵਰਗਾ ਹੋਰ ਕੋਈ ਦਾਤਾ ਨਹੀਂ ਹੈ।

## ਜਨੁ ਨਾਨਕੁ, ਨਾਮੁ ਲਏ ਤਾਂ ਜੀਵੈ;
## ਹਰਿ ਜਪੀਐ ਹਰਿ ਕਿਰਪਾ ਤੇ ॥੪॥੨॥੧੬॥੫੪॥

ਸਤਿਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਤੇਰੇ ਜਨ = ਭਗਤ, ਦਾਸ, ਗੁਰਮੁਖ ਜਨ ਤੇਰਾ ਨਾਮ ਲੈ ਕਰਕੇ ਹੀ ਆਤਮਿਕ ਜੀਵਨ ਵੱਲੋਂ ਜੀਵੈ = ਜਿਊਂਦੇ ਹਨ। ਪਰ ਹੇ ਹਰੀ ਆਪ ਜੀ ਦੀ ਹੀ ਕਿਰਪਾ ਦ੍ਰਿਸ਼ਟੀ ਤੇ = ਤੋਂ ਹੀ ਹਰਿ ਹਰਿ ਨਾਮ ਜਪੀਦਾ ਹੈ ॥੪॥੨॥੧੬॥੫੪॥ ਜੈਸਾ ਕਿ :

**ਤੁਮ੍ਰੀ ਕ੍ਰਿਪਾ ਤੇ ਜਪੀਐ ਨਾਉ ॥** *(ਭੈਰਉ ਮ: ੫, ਅੰਗ ੧੧੪੪)*

## ਗਉੜੀ ਪੂਰਬੀ, ਮਹਲਾ ੪ ॥
## ਕਰਹੁ ਕ੍ਰਿਪਾ ਜਗਜੀਵਨ ਦਾਤੇ; ਮੇਰਾ ਮਨੁ ਹਰਿ ਸੇਤੀ ਰਾਚੇ ॥

ਹੇ ਸਾਰੇ ਜਗਜੀਵਨ = ਜਗਤ ਦੇ ਜੀਵਨ ਚੇਤਨ ਸਰੂਪ ਅਤੇ ਸਾਰੇ ਸੰਸਾਰ ਨੂੰ ਰੋਜ਼ੀ ਦੇਣ ਵਾਲੇ, ਸਵਾਸ, ਪ੍ਰਾਣ ਆਦਿਕ ਸਭ ਪਦਾਰਥ ਦੇਣ ਵਾਲੇ ਦਾਤੇ ਵਾਹਿਗੁਰੂ ਜੀ, ਆਪ ਜੀ ਕ੍ਰਿਪਾ ਦ੍ਰਿਸ਼ਟੀ ਕਰਹੁ = ਕਰੋ। ਤਾਂ ਜੋ ਮੇਰਾ ਮਨ ਤੇਰੇ ਹਰਿ ਨਾਮ ਸੇਤੀ = ਨਾਲ ਰਾਚੇ = ਰਚ ਜਾਵੇ, ਰੰਗਿਆ ਜਾਵੇ।

## ਸਤਿਗੁਰਿ ਬਚਨੁ ਦੀਓ ਅਤਿ ਨਿਰਮਲੁ;
## ਜਪਿ ਹਰਿ ਹਰਿ ਹਰਿ ਮਨੁ ਮਾਚੇ ॥੧॥

ਹੇ ਪਰਮੇਸ਼ਰ ! ਜਦੋਂ ਤੇਰੀ ਕਿਰਪਾ ਸਦਕਾ ਸਤਿਗੁਰਾਂ ਨੇ ਅਤਿ = ਅਤੀ ਨਿਰਮਲੁ = ਉੱਜਲ ਨਾਮ ਜਪਣ ਦਾ ਬਚਨੁ = ਉਪਦੇਸ਼ ਦੀਓ = ਦਿੱਤਾ ਤਦੋਂ ਹੇ ਹਰਿ = ਪਰਮੇਸ਼ਰ ! ਤੇਰਾ ਹਰਿ ਹਰਿ ਨਾਮ ਜਪ ਕੇ ਮਨ ਮਾਚੇ = ਪ੍ਰਫੁੱਲਿਤ ਹੋ ਗਿਆ **ਵਾ:** ਸਤਿਗੁਰਾਂ ਨੇ ਸਤਿਨਾਮ ਮੰਤ੍ਰ ਰੂਪ ਉੱਜਲ ਬਚਨ ਦਿੱਤੇ ਹਨ ਕਿ ਹਰਿ = ਹਰੀ ਪਰਮੇਸ਼ਰ ਦੇ ਹਰਿ ਹਰਿ ਨਾਮ ਨੂੰ ਮਨ, ਬਾਣੀ, ਸਰੀਰ ਕਰਕੇ ਜਪਿ = ਜਪਣ ਨਾਲ ਮਨੁ ਮਾਚੇ = ਅੰਤਹਕਰਣ ਪ੍ਰਫੁੱਲਿਤ ਹੋ ਜਾਂਦਾ ਹੈ **ਅਥਵਾ** ਹਰਿ = ਹਰੀ ਜੋ ਪ੍ਰਮਾਣਗਤ ਸੰਸੇ ਨੂੰ ਹਰਨ ਵਾਲਾ ਹੈ, ਹਰਿ = ਹਰੀ ਜੋ ਪ੍ਰਮੇਯਗਤ ਸੰਸੇ ਨੂੰ ਹਰਨ ਵਾਲਾ ਹੈ। ਹਰਿ = ਹਰੀ ਜੋ ਵਿਪਰਜੈ ਬੁੱਧੀ ਰੂਪ ਸੰਸੇ ਨੂੰ ਹਰਨ ਵਾਲਾ ਹੈ, ਉਸ ਵਿਚ ਸਾਡਾ ਮਨ ਮਾਚੇ = ਮਿਚਕਾਰੇ ਮਾਰ ਮਾਰ ਕੇ ਤਦਾਕਾਰ ਹੋ ਰਿਹਾ ਹੈ ॥੧॥

## ਰਾਮ, ਮੇਰਾ ਮਨੁ ਤਨੁ; ਬੇਧਿ ਲੀਓ ਹਰਿ ਸਾਚੇ ॥

ਹੇ ਸੱਚੇ ਹਰੀ ! ਰਾਮ ਪ੍ਰਭੂ ! ਮੇਰਾ ਮਨ ਵੀ ਅਤੇ ਤਨੁ = ਸਰੀਰ ਵੀ ਆਪ ਜੀ ਨੇ ਆਪਣੇ ਪ੍ਰੇਮ ਦੇ ਵਿਚ

ਬੇਧਿ = ਵਿੰਨ੍ਹ ਲਿਆ ਹੈ ਮੇਲ ਲਿਆ ਹੈ **ਅਥਵਾ** ਜਿਵੇਂ ਤੀਰ ਨਾਲ ਨਿਸ਼ਾਨਾ ਵਿੰਨ੍ਹਿਆ ਜਾਂਦਾ ਹੈ, ਇਉਂ ਸਾਡਾ ਮਨ ਨਿਸ਼ਾਨਾ ਬਣ ਕੇ ਗੁਰੂ ਦੇ ਬਚਨਾਂ ਕਰ ਕੇ ਵਿੰਨ੍ਹਿਆ ਗਿਆ ਹੈ।

## ਜਿਹ ਕਾਲ ਕੈ ਮੁਖਿ, ਜਗਤੁ ਸਭੁ ਗ੍ਰਸਿਆ;
## ਗੁਰ ਸਤਿਗੁਰ ਕੈ ਬਚਨਿ, ਹਰਿ ਹਮ ਬਾਚੇ ॥੧॥ਰਹਾਉ॥

ਜਿਹ = ਜਿਸ ਕਾਲ = ਮੌਤ **ਵਾ:** ਮਾਇਆ ਦੇ ਮੂੰਹ ਵਿਚ ਸਭੁ = ਸਾਰਾ ਜਗਤੁ = ਸੰਸਾਰ ਗ੍ਰਸਿਆ = ਪਕੜਿਆ ਹੋਇਆ ਹੈ, ਉਸ ਕਾਲ ਦੀ ਪਕੜ ਤੋਂ ਅਸੀਂ, ਗੁਰ = ਪੂਜਨੀਕ ਸਤਿਗੁਰੂ ਸਾਹਿਬ ਜੀ ਦੇ ਬਚਨਿ = ਉਪਦੇਸ਼ ਦੁਆਰਾ ਹਰੀ ਦਾ ਚਿੰਤਨ ਕਰ ਕੇ ਬਾਚੇ = ਬਚ ਗਏ ਹਾਂ **ਵਾ:** ਹਰਿ = ਹਰ ਪ੍ਰਕਾਰ ਨਾਲ ਬਚ ਗਏ ਹਾਂ **ਵਾ:** ਹਮ = ਤਮਾਮ ਜੀਵ ਗੁਰੂ ਸਾਹਿਬ ਜੀ ਦੇ ਬਚਨਾਂ ਦੁਆਰਾ ਹਰੀ ਦਾ ਸਿਮਰਨ ਕਰਕੇ ਜਮਾਂ ਤੋਂ ਬਚ ਜਾਣਗੇ ॥੧॥ਰਹਾਉ॥

## ਜਿਨ ਕਉ, ਪ੍ਰੀਤਿ ਨਾਹੀ ਹਰਿ ਸੇਤੀ; ਤੇ ਸਾਕਤ ਮੂੜ ਨਰ ਕਾਚੇ ॥

ਹੇ ਭਾਈ ! ਜਿਨ = ਜਿਨ੍ਹਾਂ ਪੁਰਸ਼ਾਂ ਕਉ = ਨੂੰ ਹਰੀ ਵਾਹਿਗੁਰੂ ਸੇਤੀ = ਨਾਲ ਪ੍ਰੀਤੀ ਨਹੀਂ ਹੈ ਤੇ = ਉਨ੍ਹਾਂ ਸਾਕਤ = ਸ਼ਕਤੀ ਦੇ ਉਪਾਸ਼ਕ ਸ਼ਾਸਤ੍ਰ ਗਿਆਤ ਤੋਂ ਰਹਿਤ ਮੂੜ = ਮੂਰਖ ਨਰ = ਮਨੁੱਖਾਂ ਦੇ ਕਾਚੇ = ਕੱਚੇ ਵਿਸ਼ਿਆਂ ਵਿਚ ਪ੍ਰਾਣ ਲੱਗੇ ਹੋਏ ਹਨ।

## ਤਿਨ ਕਉ, ਜਨਮੁ ਮਰਣੁ ਅਤਿ ਭਾਰੀ; ਵਿਚਿ ਵਿਸਟਾ ਮਰਿ ਮਰਿ ਪਾਚੇ ॥੨॥

ਤਿਨ ਕਉ = ਉਨ੍ਹਾਂ ਨੂੰ ਜਨਮ ਮਰਣ ਰੂਪ ਅਤਿ = ਅਤਿਅੰਤ ਹੀ ਭਾਰੀ ਦੁਖ ਪ੍ਰਾਪਤ ਹੁੰਦਾ ਹੈ **ਵਾ:** ਅਤਿ = ਬਹੁਤ ਹੀ ਭਾਰੀ ਬਿਪਤਾ ਪਈ ਰਹਿੰਦੀ ਹੈ। ਉਹ ਮਰ ਮਰ ਕੇ ਵਿਸਟਾ = ਮੈਲ, ਗੰਦਗੀ ਦੇ ਕੀੜੇ ਬਣ ਬਣ ਕੇ ਉਸ ਦੇ ਵਿਚ ਹੀ ਪਾਚੇ = ਸੜਦੇ ਰਹਿੰਦੇ ਹਨ **ਵਾ:** ਸੜਨਗੇ **ਅਥਵਾ** ਮਾਤਾ ਦੇ ਗਰਭ ਰੂਪੀ ਵਿਸ਼ਟਾ ਵਿਚ ਕੀੜੇ ਬਣਦੇ ਹਨ **ਵਾ:** ਇਥੇ ਵਿਸ਼ਿਆਂ ਰੂਪੀ ਕੀੜੇ ਬਣ ਕੇ ਅੰਤ ਨੂੰ ਨਰਕ ਰੂਪੀ ਵਿਸ਼ਟਾ ਦੇ ਕੀੜੇ ਹੋ ਕੇ ਪਾਚੇ = ਸੜਨਗੇ **ਵਾ:** ਸੜਦੇ ਰਹਿੰਦੇ ਹਨ ॥੨॥

## ਤੁਮ ਦਇਆਲ ਸਰਣਿ ਪ੍ਰਤਿਪਾਲਕ;
## ਮੋਕਉ ਦੀਜੈ ਦਾਨੁ ਹਰਿ, ਹਮ ਜਾਚੇ ॥

ਹੇ ਹਰੀ ! ਤੁਮ = ਤੁਸੀਂ ਦਇਆਲ = ਦਇਆ ਦੇ ਘਰ ਸ਼ਰਣ ਆਇਆਂ ਦੀ ਪ੍ਰਤਿਪਾਲਕ = ਪਾਲਣਾ ਕਰਨ ਵਾਲੇ ਹੋ। ਮੋਕਉ = ਮੈਨੂੰ ਆਪਣੇ ਅੰਮ੍ਰਿਤ ਨਾਮ ਦਾ ਦਾਨ ਦੀਜੈ = ਦੇਣਾ ਕਰੋ, ਹਮ = ਮੈਂ ਆਪ ਜੀ ਦੇ ਨਾਮ ਨੂੰ ਜਾਚੇ = ਮੰਗਦਾ ਹਾਂ।

## ਹਰਿ ਕੇ ਦਾਸ ਦਾਸ ਹਮ ਕੀਜੈ;
## ਮਨੁ ਨਿਰਤਿ ਕਰੇ ਕਰਿ ਨਾਚੇ ॥੩॥

ਹੇ ਹਰੀ ! ਜੋ ਆਪ ਜੀ ਦੇ ਦਾਸ = ਸੇਵਕ ਹਨ, ਮੈਨੂੰ ਉਨ੍ਹਾਂ ਦੇ ਮਨ, ਬਾਣੀ, ਸਰੀਰ ਕਰਕੇ ਦਾਸ = ਸੇਵਕ ਬਣਾਉਣਾ ਕਰੋ ਅਤੇ ਮੇਰਾ ਮਨ ਉਨ੍ਹਾਂ ਦੇ ਅੱਗੇ ਨਿਰਤਿ = ਨਿਰਤਕਾਰੀ ਕਰ ਕਰ ਕੇ ਨਾਚੇ = ਨੱਚੇ **ਵਾ:** ਉਨ੍ਹਾਂ ਨੇ ਤੇਰਾ ਨਿਰਤਿ = ਨਿਰਨਾ ਕਰਨਾ ਹੈ ਤੇ ਸਾਡਾ ਮਨ ਉਨ੍ਹਾਂ ਦੇ ਅੱਗੇ ਨਾਚੇ = ਨ੍ਰਿਤਕਾਰੀ ਕਰੇਗਾ **ਵਾ:** ਮਨੁ = ਅੰਤਸ਼ਰਕਣ ਦੁਆਰਾ ਸਤਿ-ਅਸਤਿ ਦਾ ਨਿਰਤਿ = ਨਿਰਣਾ ਕਰ ਕੇ ਜੋ ਸੱਚੇ ਸਰੂਪ ਵਿਚ ਜੁੜਨਾ ਹੈ। ਇਹੋ ਹੀ ਵਿਚਾਰ ਕਰਨ ਵਿਚ ਨਾਚੇ = ਨੱਚਣਾ ਨ੍ਰਿਤਕਾਰੀ ਹੈ ॥੩॥

## ਆਪੇ ਸਾਹ ਵਡੇ, ਪ੍ਰਭ ਸੁਆਮੀ; ਹਮ ਵਣਜਾਰੇ ਹਹਿ ਤਾਚੇ ॥

(**ਤਾਚੇ** ਪਾਠ ਇਕੱਠਾ ਹੈ ਪਰ ਉਚਾਰਨ **ਤਾ—ਚੇ** ਡੈਸ਼ ਲਗਾ ਕੇ ਬੋਲੋ)

ਹੇ ਪ੍ਰਭ = ਪ੍ਰਭੂ ! ਆਪ ਜੀ ਹੀ ਸਾਰਿਆਂ ਤੋਂ ਵੱਡੇ ਸਾਹ = ਸ਼ਾਹੂਕਾਰ ਅਤੇ ਸੁਆਮੀ = ਮਾਲਕ ਹੋ। ਹਮ = ਅਸੀਂ ਤਾਂ ਤਾਚੇ = ਤੇਰੇ ਸਰੂਪ ਦੇ ਵਣਜਾਰੇ ਹਹਿ = ਹਾਂ **ਵਾ:** ਵਣਜਾਰਾ = ਵਣਜ ਕਰਨ ਵਾਲੇ ਭਾਵ ਵਪਾਰੀ ਹਾਂ।

## ਮੇਰਾ ਮਨੁ ਤਨੁ ਜੀਉ, ਰਾਸਿ ਸਭ ਤੇਰੀ;
## ਜਨ ਨਾਨਕ ਕੇ ਸਾਹ ਪ੍ਰਭ ਸਾਚੇ ॥੪॥੩॥੧੭॥੫੫॥

ਹੇ ਵਾਹਿਗੁਰੂ ਮੇਰਾ ਮਨ ਵੀ ਤਨ = ਸਰੀਰ ਵੀ, ਜੀਉ = ਜ਼ਿੰਦਗੀ, ਸੂਖਮ ਸਰੀਰ ਅਤੇ ਸਥੂਲ ਸਰੀਰ ਸਭ ਤੇਰੀ ਦਿੱਤੀ ਹੋਈ ਰਾਸਿ = ਪੂੰਜੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਸਾਚੇ = ਸੱਚੇ ਅਕਾਲ ਪੁਰਖ ! ਤੁਸੀਂ ਹੀ ਮੇਰੇ ਜਨ = ਦਾਸ ਕੇ = ਦੇ ਸੱਚੇ ਸਾਹ = ਸ਼ਾਹੂਕਾਰ ਹੋ ॥੪॥੩॥੧੭॥੫੫॥

## ਗਉੜੀ ਪੂਰਬੀ, ਮਹਲਾ ੪ ॥
## ਤੁਮ ਦਇਆਲ ਸਰਬ ਦੁਖ ਭੰਜਨ; ਇਕ ਬਿਨਉ ਸੁਨਹੁ ਦੇ ਕਾਨੇ ॥

ਹੇ ਵਾਹਿਗੁਰੂ ! ਤੁਮ = ਤੁਸੀਂ ਦਇਆਲ = ਦਇਆ ਦੇ ਆਲ = ਘਰ ਹੋ। ਸਰਬ = ਸਾਰੇ ਜੀਵਾਂ ਦੇ ਜੰਮਣ ਮਰਣ ਆਦਿ ਦੇ ਦੁੱਖਾਂ ਨੂੰ ਭੰਜਨ = ਭੰਨਣ ਵਾਲੇ ਭਾਵ ਨਾਸ ਕਰਨ ਵਾਲੇ ਹੋ। ਆਪ ਜੀ ਮੇਰੀ ਬੇਨਤੀ ਨੂੰ ਕਾਨੇ = ਕੰਨ ਦੇ ਕੇ ਭਾਵ ਖ਼ਿਆਲ ਦੇ ਕੇ ਸੁਨਹੁ = ਸੁਣਨਾ ਕਰੋ। ਜੈਸਾ ਕਿ :

**ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥** *(ਰਾਗੁ ਤਿਲੰਗ ਮ: ੧, ਅੰਗ ੭੨੧)*

## ਜਿਸ ਤੇ ਤੁਮ ਹਰਿ ਜਾਨੇ ਸੁਆਮੀ; ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ ॥੧॥

ਹੇ ਸੁਆਮੀ = ਮਾਲਕ ਹਰਿ = ਵਾਹਿਗੁਰੂ ! ਜਿਸ ਤੇ = ਤੋਂ ਤੁਮ = ਤੁਸੀਂ ਜਾਨੇ ਜਾਂਦੇ ਹੋ। ਸੋ = ਉਹ ਮੇਰਾ ਪ੍ਰਾਨੇ = ਪ੍ਰਾਣਾਂ ਦਾ ਆਸਰਾ ਰੂਪ ਸਤਿਗੁਰੂ ਮੈਨੂੰ ਮੇਲਿ = ਮੇਲਣਾ ਕਰ ॥੧॥

## ਰਾਮ; ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥

ਹੇ ਮੇਰੇ ਰਾਮ ! ਹਮ = ਅਸੀਂ ਤਾਂ ਸਤਿਗੁਰੂ ਸਾਹਿਬ ਜੀ ਨੂੰ ਪਾਰਬ੍ਰਹਮ ਪਰਮੇਸ਼ਰ ਦਾ ਰੂਪ ਕਰਿ = ਕਰਕੇ ਹੀ ਮਾਨੇ = ਮੰਨਦੇ ਹਾਂ। ਜੈਸਾ ਕਿ :

**ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥** *(ਸਿਰੀਰਾਗੁ ਮ: ੫, ਅੰਗ ੫੩)*

## ਹਮ ਮੂੜ ਮੁਗਧ, ਅਸੁਧ ਮਤਿ ਹੋਤੇ;
## ਗੁਰ ਸਤਿਗੁਰ ਕੈ ਬਚਨਿ, ਹਰਿ ਹਮ ਜਾਨੇ ॥੧॥ਰਹਾਉ॥

ਹਮ = ਅਸੀਂ ਤਾਂ ਵਿਹਾਰਾਂ ਵੱਲੋਂ ਮੂੜ = ਮੂਰਖ ਸ਼ਾਸਤਰ ਗਿਆਨ ਵੱਲੋਂ ਮੁਗਧ = ਬੇਸਮਝ ਅਤੇ ਆਤਮ ਵਿਸ਼ੈਣੀ ਬੁੱਧ ਵੱਲੋਂ ਅਸੁਧ = ਮਲੀਨ ਮਤਿ = ਅਕਲ ਵਾਲੇ ਹਾਂ ਪਰ ਗੁਰ = ਚੇਤਨ ਸਰੂਪ ਸਤਿਗੁਰੂ ਸਾਹਿਬ ਜੀ ਦੇ ਬਚਨਾਂ ਕਰਕੇ ਹੀ ਹੇ ਹਰੀ ! ਅਸੀਂ ਤੈਨੂੰ ਜਾਣ ਲਿਆ ਹੈ **ਅਥਵਾ** ਸ੍ਰੀ ਗੁਰੂ ਰਾਮਦਾਸ ਜੀ ਉਚਾਰਨ ਕਰਦੇ ਹਨ ਕਿ ਅਸੀਂ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਅਤੇ ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਬਚਨਾਂ ਕਰਕੇ ਹੀ ਹਰੀ ਰੂਪ ਕਰਕੇ ਜਾਣੇ ਗਏ ਹਾਂ ॥੧॥ਰਹਾਉ॥

[ਅੰਗ ੧੭੦]

## ਜਿਤਨੇ ਰਸ, ਅਨ ਰਸ ਹਮ ਦੇਖੇ; ਸਭ ਤਿਤਨੇ ਫੀਕ ਫੀਕਾਨੇ ॥

ਇਸ ਸੰਸਾਰ ਵਿਚ ਜਿਤਨੇ = ਜਿੰਨੇ ਵੀ ਰਸ = ਸ਼ਬਦ, ਸਪਰਸ਼, ਰੂਪ, ਰਸ, ਗੰਧ ਵਿਸ਼ਿਆਂ ਦੇ ਰਸ **ਵਾ**: ਖੱਟਾ ਮਿੱਠਾ, ਕੌੜਾ, ਕਸੈਲਾ ਆਦਿ ਖਟ ਰਸ ਹਨ ਅਤੇ ਹਮ = ਅਸੀਂ ਅਨ = ਹੋਰ ਦ੍ਵੈਤ ਭੋਗਣ, ਪਹਿਨਣ, ਖਾਣ ਆਦਿਕ ਦੇ ਰਸ ਦੇਖੇ ਹਨ। ਉਹ ਤਿਤਨੇ = ਉਤਨੇ ਸਭ = ਸਾਰੇ ਫੀਕ ਫੀਕਾਨੇ = ਫਿੱਕਿਆਂ ਤੋਂ ਵੀ ਫਿੱਕੇ ਹਨ, ਅੰਤ ਨੂੰ ਬੇਰਸੀ ਹੋ ਜਾਂਦੀ ਹੈ **ਵਾ**: ਅਸੀਂ ਫੀਕ = ਫਿੱਕੇ ਜਾਣ ਕੇ, ਬੇਰਸ ਜਾਣ ਕੇ ਫੀਕਾਨੇ = ਫੈਂਕ ਦਿੱਤੇ ਹਨ।

## ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ; ਮਿਲਿ ਸਤਿਗੁਰ, ਮੀਠ ਰਸ ਗਾਨੇ ॥੨॥

ਹੇ ਭਾਈ! ਜਦੋਂ ਸਤਿਗੁਰੂ ਸਾਹਿਬ ਜੀ ਨਾਲ ਮਿਲਾਪ ਹੋਇਆ ਤਾਂ ਗੁਰੂ ਜੀ ਨੇ ਗਾਨੇ = ਗੰਨੇ ਦੇ ਰਸ ਨਾਲੋਂ ਵੀ ਅਤਿ ਮਿੱਠਾ ਹਰਿ = ਪਰਮੇਸ਼ਰ ਕਾ = ਦਾ ਅੰਮ੍ਰਿਤ ਰੂਪ ਨਾਮ ਰਸ ਚਾਖਿਆ = ਚਖਾਉਣਾ ਕੀਤਾ **ਵਾ**: ਜਿਨ੍ਹਾਂ ਨੇ ਸਤਿਗੁਰੂ ਸਾਹਿਬ ਜੀ ਨਾਲ ਮਿਲ ਕਰਕੇ ਹਰੀ ਪਰਮਾਤਮਾ ਦਾ ਅੰਮ੍ਰਿਤ ਨਾਮ ਰਸ ਚਾਖਿਆ ਹੈ; ਧਾਰਨ ਕੀਤਾ ਹੈ, ਉਹੋ ਹੀ ਅਤੀ ਮਿੱਠੇ ਰਸ ਵਾਲੇ ਨਾਮ ਦੀ ਵਡਿਆਈ ਨੂੰ ਗਾਨੇ = ਗਾਉਂਦੇ ਹਨ ॥੨॥

## ਜਿਨ ਕਉ, ਗੁਰੁ ਸਤਿਗੁਰੁ ਨਹੀ ਭੇਟਿਆ; ਤੇ ਸਾਕਤ ਮੂੜ ਦਿਵਾਨੇ ॥

ਜਿਨ = ਜਿਨ੍ਹਾਂ ਕਉ = ਨੂੰ ਗੁਰੁ = ਚੇਤਨ ਸਰੂਪ ਸਤਿਗੁਰੂ ਸਾਹਿਬ ਜੀ ਨਹੀਂ ਭੇਟਿਆ = ਮਿਲਿਆ ਤੇ = ਉਹ ਪੁਰਖ ਸਾਕਤ = ਸ਼ਕਤੀ ਦੇ ਉਪਾਸ਼ਕ ਕਠੋਰ ਚਿੱਤ ਵਾਲੇ ਵਿਹਾਰਾਂ ਵੱਲੋਂ ਮੂੜ = ਮੂਰਖ ਅਤੇ ਪਰਮਾਰਥ ਵੱਲੋਂ ਦਿਵਾਨੇ = ਕਮਲੇ, ਝੱਲੇ ਹਨ।

## ਤਿਨ ਕੇ ਕਰਮਹੀਨ ਧੁਰਿ ਪਾਏ; ਦੇਖਿ ਦੀਪਕੁ ਮੋਹਿ ਪਚਾਨੇ ॥੩॥

ਤਿਨ ਕੇ = ਉਨ੍ਹਾਂ ਦੇ ਧੁਰਿ = ਧੁਰੋਂ ਦਰਗਾਹ ਤੋਂ ਹੀ ਕਰਮ ਹੀਨ = ਮੰਦ ਕਰਮ ਪਾਏ ਹਨ। ਉਹ, ਜਿਸ ਪ੍ਰਕਾਰ ਦੀਪਕੁ = ਦੀਵੇ ਨੂੰ ਵੇਖ ਕੇ ਪਤੰਗ ਉਸ ਦੇ ਮੋਹ ਵਿਚ ਸੜ ਜਾਂਦੇ ਹਨ। ਇਵੇਂ ਹੀ ਦੀਵੇ ਦੀ ਨਿਆਈਂ ਪਰਾਏ ਰੂਪ ਨੂੰ ਵੇਖ ਕੇ ਮੋਹ ਵਿਚ ਪੈ ਕੇ ਵਿਸ਼ੇ ਰੂਪ ਅੱਗ ਦੀ ਲਾਟ ਵਿਚ ਸੜ ਰਹੇ ਹਨ **ਵਾ**: ਪਰਿਵਾਰ ਰੂਪ ਦੀਵੇ ਨੂੰ ਦੇਖ ਕੇ ਮੋਹ ਰੂਪ ਅੱਗ ਦੀ ਲਾਟ ਉੱਤੇ ਪਤੰਗੇ ਵਾਂਗੂ ਪਚਾਨੇ = ਸੜ ਰਹੇ ਹਨ ॥੩॥

## ਜਿਨ ਕਉ, ਤੁਮ ਦਇਆ ਕਰਿ ਮੇਲਹੁ; ਤੇ ਹਰਿ ਹਰਿ ਸੇਵ ਲਗਾਨੇ ॥

ਹੇ ਹਰੀ ਵਾਹਿਗੁਰੂ! ਜਿਨ ਕਉ = ਜਿਨ੍ਹਾਂ ਨੂੰ ਤੁਸੀਂ ਦਇਆ = ਦਇਆਲਤਾ ਕਰਕੇ ਸਤਿਗੁਰੂ ਸਾਹਿਬ ਜੀ ਨਾਲ ਮੇਲਹੁ = ਮੇਲਣਾ ਕਰਦੇ ਹੋ ਹੇ ਹਰਿ = ਹਰੀ ਹਰਿ = ਪਰਮੇਸ਼ਰ ਤੇ = ਉਹ ਪੁਰਸ਼ ਤੇਰੀ ਸੇਵਾ = ਟਹਿਲ ਵਿਚ ਲਗਾਨੇ = ਲੱਗੇ ਹਨ। ਭਾਵ ਤੇਰੀ ਭਜਨ ਬੰਦਗੀ ਵਿਚ ਜੁੜ ਗਏ ਹਨ।

## ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ;
## ਮਤਿ ਗੁਰਮਤਿ ਨਾਮਿ ਸਮਾਨੇ ॥੪॥੪॥੧੮॥੫੬॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਗੁਰਮੁਖ ਜਨ ਤੇਰਾ ਹਰਿ = ਹਰੇ ਭਰੇ ਕਰਨ ਵਾਲਾ ਹਰਿ ਹਰਿ ਨਾਮ ਜਪ ਕੇ ਸੰਸਾਰ ਵਿਚ ਪ੍ਰਗਟੇ = ਪ੍ਰਸਿੱਧ ਹੋ ਗਏ ਹਨ, ਗੁਰਾਂ ਦੀ ਮਤਿ = ਸਿੱਖਿਆ ਦੁਆਰਾ ਉਨ੍ਹਾਂ ਦੀ ਮਤਿ = ਬੁੱਧੀ ਨਾਮ ਵਿਚ ਹੀ ਸਮਾਨੇ = ਸਮਾ ਗਈ ਹੈ **ਅਥਵਾ** ਜਿਨ੍ਹਾਂ ਨੇ ਮਨ ਕਰਕੇ ਹਰਿ = ਹਰੀ ਪਰਮੇਸ਼ਰ

ਨੂੰ ਜਪਿਆ ਹੈ, ਬਾਣੀ ਕਰਕੇ ਹਰਿ = ਹਰੀ ਪਰਮਾਤਮਾ ਨੂੰ ਜਪਿਆ ਹੈ, ਸਰੀਰ ਕਰਕੇ ਭਾਵ ਰੋਮ ਰੋਮ ਕਰਕੇ ਉਸ ਹਰਿ ਹਰਿ ਨੂੰ ਜਪਿਆ ਹੈ, ਉਨ੍ਹਾਂ ਦੇ ਹਿਰਦੇ ਵਿੱਚੋਂ ਹੀ ਹਰੀ ਪ੍ਰਗਟ ਹੋ ਗਿਆ ਹੈ। ਇਸ ਪ੍ਰਕਾਰ ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਮਤਿ = ਬੁੱਧੀ ਦੇ ਅੰਦਰ ਨਾਮਿ = ਨਾਮੀ ਪਰਮੇਸ਼ਰ ਸਮਾਨੇ = ਸਮਾ ਗਿਆ ਹੈ ॥੪॥੪॥੧੮॥੫੬॥

## ਗਉੜੀ ਪੂਰਬੀ, ਮਹਲਾ ੪ ॥

## ਮੇਰੇ ਮਨ, ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ; ਕਹੁ ਕਿਥੈ ਹਰਿ ਪਹੁ ਨਸੀਐ ॥

ਹੇ ਮੇਰੇ ਮਨ! ਸੋ = ਉਹ ਵਾਹਿਗੁਰੂ ਪ੍ਰਭੁ = ਪਰਮੇਸ਼ਰ, ਸਾਰਿਆਂ ਦੀ ਰੱਖਿਆ ਕਰਨ ਵਾਲਾ, ਸਾਰਿਆਂ ਦਾ ਸੁਆਮੀ = ਮਾਲਕ ਸਦਾ = ਹਮੇਸ਼ਾ ਤੇਰੇ ਅੰਗ ਸੰਗ ਹੈ। ਤੂੰ ਕਹੁ = ਦੱਸ ਖਾਂ ਕਿ ਮੰਦ ਕਰਮ, ਪਾਪ ਕਰਮ ਕਰਕੇ ਹਰਿ = ਹਰੀ ਪਰਮੇਸ਼ਰ ਦੇ ਪਹੁ = ਪਾਸੋਂ ਕਿਥੈ = ਕਿੱਧਰ ਨਸੀਐ = ਨੱਸ ਕੇ ਜਾਵੇਂਗਾ।

## ਹਰਿ ਆਪੇ ਬਖਸਿ ਲਏ ਪ੍ਰਭੁ ਸਾਚਾ; ਹਰਿ ਆਪਿ ਛਡਾਏ ਛੁਟੀਐ ॥੧॥

ਜੇਕਰ ਹਰੀ ਸੱਚਾ ਪ੍ਰਭੁ = ਪ੍ਰਭੂ ਆਪ ਕਿਰਪਾ ਕਰਕੇ ਸਾਡੇ ਔਗੁਣਾਂ ਨੂੰ ਬਖਸਿ = ਮੁਆਫ਼ ਕਰ ਲਏ = ਲਵੇ ਅਤੇ ਸੰਸਾਰ ਦੇ ਜਨਮ ਮਰਣ ਆਦਿਕ ਬੰਧਨਾਂ ਤੋਂ ਹਰੀ ਆਪ ਛਡਾਇ = ਛੁਡਾ ਲਵੇਂ ਤਾਂ ਛੁਟੀਐ = ਛੁਟੀਦਾ ਹੈ ॥੧॥

## ਮੇਰੇ ਮਨ; ਜਪਿ ਹਰਿ ਹਰਿ, ਹਰਿ ਮਨਿ ਜਪੀਐ ॥

ਹੇ ਮੇਰੇ ਪਿਆਰੇ ਮਨਾਂ! ਹਰੀ ਪਰਮੇਸ਼ਰ ਦੇ ਨਾਮ ਨੂੰ ਮਨ, ਬਾਣੀ, ਸਰੀਰ (ਰੋਮ-ਰੋਮ) ਕਰ ਕੇ ਜਪਣਾ ਕਰੀਏ **ਵਾ:** ਜੋ ਮਨ, ਬਾਣੀ, ਸਰੀਰ ਕਰ ਕੇ ਸੰਸਿਆਂ ਦਾ ਹਰਿ = ਹਾਰਕ ਭਾਵ ਨਾਸ ਕਰਨ ਵਾਲਾ ਹੈ, ਉਸ ਹਰਿ ਹਰਿ ਦੇ ਨਾਮ ਨੂੰ ਮਨਿ = ਹਿਰਦੇ ਅੰਦਰ ਜਪੀਐ = ਜਪਣਾ ਕਰੀਏ।

## ਸਤਿਗੁਰ ਕੀ ਸਰਣਾਈ ਭਜਿ ਪਉ ਮੇਰੇ ਮਨਾ;
## ਗੁਰ ਸਤਿਗੁਰ ਪੀਛੈ ਛੁਟੀਐ ॥੧॥ਰਹਾਉ॥

(**ਭੱਜਿ** ਬੋਲੋ)

ਹੇ ਮੇਰੇ ਮਨਾਂ! ਸੰਸਾਰਕ ਬੰਧਨਾਂ, ਕਰਮ-ਕਾਂਡਾਂ ਤੋਂ ਭਜਿ = ਦੌੜ ਕਰਕੇ ਸਤਿਗੁਰਾਂ ਦੀ ਸ਼ਰਣ ਵਿਚ ਪਉ = ਪੈਣਾ ਕਰ, ਕਿਉਂਕਿ ਗੁਰ = ਚੇਤਨ ਸਰੂਪ ਸਤਿਗੁਰੂ ਸਾਹਿਬ ਜੀ ਦੇ ਪਿੱਛੇ ਲਗਿਆਂ ਹੀ ਜੰਮਣ ਮਰਣ, ਸੰਸਾਰਕ ਬੰਧਨਾਂ ਤੋਂ ਛੁਟੀਐ = ਛੁਟਕਾਰਾ ਪਾ ਲਈਦਾ ਹੈ ॥੧॥ਰਹਾਉ॥

## ਮੇਰੇ ਮਨ, ਸੇਵਹੁ ਸੋ ਪ੍ਰਭ ਸ੍ਰਬ ਸੁਖਦਾਤਾ; ਜਿਤੁ ਸੇਵਿਐ ਨਿਜ ਘਰਿ ਵਸੀਐ ॥

ਹੇ ਮੇਰੇ ਮਨਾਂ! ਸੋ = ਉਹ ਪ੍ਰਭ = ਪਰਮੇਸ਼ਰ ਸ੍ਰਬ = ਸਾਰੇ ਸੁਖਦਾਤਾ = ਸੁੱਖਾਂ ਨੂੰ ਦੇਣ ਵਾਲਾ ਦਾਤਾ ਹੈ। ਜਿਤੁ = ਜਿਸ ਦਾ ਸੇਵਿਐ = ਭਜਨ, ਸਿਮਰਨ ਕਰਕੇ ਨਿਜ = ਆਪਣੇ ਸਰੂਪ ਰੂਪੀ ਘਰ ਵਿਚ ਵਸੀਐ = ਵਸੀਦਾ ਹੈ।

## ਗੁਰਮੁਖਿ ਜਾਇ ਲਹਹੁ ਘਰੁ ਅਪਨਾ;
## ਘਸਿ ਚੰਦਨੁ ਹਰਿ ਜਸੁ ਘਸੀਐ ॥੨॥

ਗੁਰਮੁਖਿ = ਮੁਖੀ ਗੁਰਾਂ ਦੀ ਸ਼ਰਣ ਵਿਚ ਜਾਇ = ਜਾ ਕਰਕੇ ਆਪਣਾ ਸਰੂਪ ਰੂਪੀ ਘਰ, ਤੁਰੀਆ ਪਦ

ਰੂਪੀ ਘਰ ਲਹਹੁ = ਜਾਣ ਲਵੇਂਗਾ ਅਤੇ ਹਰਿ = ਪਰਮੇਸਰ ਦਾ ਜਸੁ = ਕੀਰਤਨ ਚੰਦਨ ਵਿਚ ਕੇਸਰ ਪਾ ਕੇ ਘਸਿ = ਘਸਾਉਣ ਦੀ ਨਿਆਈਂ ਵਾਰ ਵਾਰ ਅਭਿਆਸ ਕਰਨ ਰੂਪ ਘਸੀਐ = ਘਸਾਈਦਾ ਹੈ। ਭਾਵ ਉਚਾਰਨ ਕਰੀਦਾ ਹੈ ॥੨॥

***ਨੋਟ :*** ਜੋ ਹਰੀ ਦੇ ਜਸ ਦਾ ਕੀਰਤਨ ਹੈ, ਉਹ ਚੰਦਨ ਘਸਾਉਣ ਵਾਂਗ ਹੈ ਅਤੇ ਜੋ ਹਿਰਦੇ ਵਿਚ ਧਾਰਨ ਕਰਨਾ ਹੈ, ਇਹ ਘਸਾ ਕੇ ਤਨ ਤੇ ਸੁਗੰਧੀ ਲਾਉਣ ਵਾਂਗ ਹੈ।

## ਮੇਰੇ ਮਨ, ਹਰਿ ਹਰਿ ਹਰਿ ਹਰਿ ਹਰਿਜਸੁ ਊਤਮੁ;
## ਲੈ ਲਾਹਾ ਹਰਿ, ਮਨਿ ਹਸੀਐ ॥

ਹੇ ਮੇਰੇ ਮਨਾਂ ! ਜੋ ਹਰਿ = ਹਰੇਕ ਦੇ ਪਾਪਾਂ ਨੂੰ ਹਰਿ = ਹਰਨ ਵਾਲਾ ਹਰਿ = ਹਰੀ ਹਰਿ = ਪਰਮੇਸ਼ਰ ਹੈ, ਉਸ ਦੇ ਹਰਿ ਜਸ ਨੂੰ ਉਚਾਰਨ ਕਰ ਕਿਉਂਕਿ ਉਹ ਸਾਰਿਆਂ ਤੋਂ ਉੱਤਮ ਹੈ **ਵਾ:** ਸਤਿਜੁਗ ਵਿਚ ਵੀ ਹਰੀ ਪਰਮੇਸ਼ਰ ਦਾ ਜਸ ਉੱਤਮ ਸੀ, ਤ੍ਰੇਤੇ ਵਿਚ ਵੀ, ਦੁਆਪਰ ਵਿਚ ਵੀ ਅਤੇ ਕਲਜੁਗ ਵਿਚ ਉੱਤਮ ਹੈ। ਐਸੇ ਹਰਿ = ਹਰੀ ਦੇ ਨਾਮ ਦਾ ਲਾਹਾ = ਲਾਭ ਲੈ ਕੇ ਮਨ ਵਿਚ ਹਸੀਐ = ਪ੍ਰਸੰਨ ਹੋਈਏ।

## ਹਰਿ ਹਰਿ ਆਪਿ ਦਇਆ ਕਰਿ ਦੇਵੈ;
## ਤਾ ਅੰਮ੍ਰਿਤੁ ਹਰਿ ਰਸੁ ਚਖੀਐ ॥੩॥

ਹੇ ਮੇਰੇ ਮਨ! ਜਦ ਹਰਿ = ਹਰੇ ਭਰੇ ਕਰਨ ਵਾਲਾ ਹਰਿ = ਪਰਮੇਸ਼ਰ ਗੁਰਾਂ ਦੁਆਰਾ ਆਪ ਦਇਆ = ਮੇਹਰ ਦੀ ਦ੍ਰਿਸ਼ਟੀ ਕਰ ਦੇਵੈ = ਦੇਵੇ ਤਾ = ਤਦ ਹੀ ਹਰੀ ਦੇ ਅੰਮ੍ਰਿਤ ਰਸ ਨੂੰ ਚਖੀਐ = ਚੱਖੀਦਾ ਧਾਰਨ ਕਰੀਦਾ ਹੈ ॥੩॥

## ਮੇਰੇ ਮਨ, ਨਾਮ ਬਿਨਾ ਜੋ ਦੂਜੈ ਲਾਗੇ; ਤੇ ਸਾਕਤ ਨਰ ਜਮਿ ਘੁਟੀਐ ॥

ਹੇ ਮੇਰੇ ਪਿਆਰੇ ਮਨਾਂ ! ਜੋ ਪਰਮੇਸ਼ਰ ਦੇ ਅੰਮ੍ਰਿਤ ਨਾਮ ਤੋਂ ਬਿਨਾਂ ਦੂਜੈ = ਦ੍ਵੈਤ-ਭਾਵ, ਵਿਕਾਰਾਂ ਵਿਚ ਲੱਗੇ ਹਨ ਤੇ = ਉਨ੍ਹਾਂ ਸਾਕਤ = ਸ਼ਕਤੀ ਦੇ ਉਪਾਸ਼ਕ ਕਠੋਰ ਚਿੱਤ ਵਾਲੇ ਨਰ = ਪੁਰਖਾਂ ਨੂੰ ਜਮ ਘੁਟੀਐ = ਨਪੀੜੇਗਾ **ਵਾ:** ਉਹ ਨਰ = ਮਨੁੱਖ ਸਾਕਤ = ਸ਼ਕਤੀ ਦੇ ਉਪਾਸ਼ਕ ਹਨ, ਸਾਕਤ = ਕਠੋਰ ਚਿੱਤ ਵਾਲੇ ਹਨ, ਉਨ੍ਹਾਂ ਨੂੰ ਜਮ ਘੁਟੀਐ = ਨਪੀੜੇਗਾ **ਵਾ:** ਮਿੱਝ, ਮਾਸ, ਹੱਡੀਆਂ ਆਦਿ ਨੂੰ ਜਮ ਘੁੱਟ ਕੇ ਨਾਸ ਕਰੇਗਾ।

## ਤੇ ਸਾਕਤ ਚੋਰ, ਜਿਨਾ ਨਾਮੁ ਵਿਸਾਰਿਆ;
## ਮਨ ਤਿਨ ਕੈ ਨਿਕਟਿ ਨ ਭਿਟੀਐ ॥੪॥

ਤੇ = ਉਹ ਸਾਕਤ = ਕਠੋਰ ਚਿਤ ਵਾਲੇ ਪੁਰਖ ਚੋਰ ਹਨ, ਜਿਨ੍ਹਾਂ ਨੇ ਪਰਮੇਸ਼ਰ ਦਾ ਨਾਮ ਵਿਸਾਰਿਆ = ਭੁਲਾ ਦਿੱਤਾ ਹੈ। ਹੇ ਮੇਰੇ ਮਨ! ਤਿਨ ਕੈ = ਉਨ੍ਹਾਂ ਪੁਰਸ਼ਾਂ ਦੇ ਨਿਕਟਿ = ਨੇੜੇ ਨ = ਨਹੀਂ ਭਿਟੀਐ = ਮਿਲਣਾ ਚਾਹੀਦਾ **ਵਾ:** ਉਨ੍ਹਾਂ ਦੇ ਨੇੜੇ ਛੋਹਣਾ ਨਾ ਕਰੀਏ। ਕਿਉਂ ਉਹ ਤੈਨੂੰ ਵੀ ਨਾਮ ਤੋਂ ਤੋੜ ਦੇਣਗੇ ॥੪॥

## ਮੇਰੇ ਮਨ, ਸੇਵਹੁ ਅਲਖ ਨਿਰੰਜਨ ਨਰਹਰਿ; ਜਿਤੁ ਸੇਵਿਐ ਲੇਖਾ ਛੁਟੀਐ ॥

ਹੇ ਮੇਰੇ ਪਿਆਰੇ ਮਨਾਂ ! ਜੋ ਅਲਖ = ਲਖਣ ਤੋਂ ਰਹਿਤ, ਨਿਰੰਜਨ = ਮਾਇਆ ਕਾਲਖ ਤੋਂ ਰਹਿਤ ਸ਼ੁੱਧ

ਸਰੂਪ, ਨਰਹਰਿ = ਨਰਾਂ ਨੂੰ ਹਰੇ ਭਰੇ ਕਰਨ ਵਾਲਾ ਪਰਮੇਸ਼ਰ ਉਸ ਨੂੰ ਸੇਵਹੁ = ਸੇਵਨਾ ਕਰ ਜਿਤੁ = ਜਿਸ ਦੇ ਸੇਵਿਐ = ਸਿਮਰਨ ਭਜਨ ਕਰਕੇ ਜਮਾਂ ਜੰਮਣ ਮਰਣ ਦੇ ਲੇਖਾ = ਹਿਸਾਬ ਕਿਤਾਬ ਤੋਂ ਛੁਟੀਐ = ਛੁੱਟ ਜਾਈਦਾ ਹੈ।

## ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ; ਖਿਨੁ ਮਾਸਾ ਤੋਲੁ ਨ ਘਟੀਐ ॥੫॥੫॥੧੯॥੫੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੇਰੇ ਮਨਾਂ! ਜੋ ਪੁਰਖ ਹਰੀ ਪ੍ਰਭੂ ਨੇ ਪੂਰਨ ਗਿਆਨ ਦੇ ਕੇ **ਵਾ:** ਪੂਰਨ ਬਖ਼ਸ਼ਿਸ਼ ਕਰਕੇ ਪੂਰੇ ਬਣਾਉਣ ਕੀਏ = ਕੀਤੇ ਹਨ, ਉਹ ਤੋਲੇ ਵਿੱਚੋਂ ਮਾਸਾ ਜਿੰਨਾ ਤੇ ਮਾਸੇ ਵਿੱਚੋਂ ਰੱਤੀ ਜਿੰਨਾ ਤੇ ਰੱਤੀਆਂ ਵਿੱਚੋਂ ਖਿਨ ਖਿਨ ਕਾਲ ਘਟਦੇ ਨਹੀਂ, ਭਾਵ ਪੂਰਨ ਹੀ ਰਹਿੰਦੇ ਹਨ **ਵਾ:** ਖਿਨ ਮਾਸਾ ਤੋਲੁ ਨ ਘਟੀਐ = ਉਹ ਤੋਲਾ = ਵਿਚਾਰ ਰੂਪ ਨੂੰ ਪੂਰਨ ਪ੍ਰਾਪਤ ਕਰਕੇ ਮਾਸਾ = ਮੱਸੂ ਭਾਵ ਉਸ ਨੇ ਇੰਦ੍ਰੀਆਂ ਦੇ ਤਾਈਂ ਦਮਨ ਕੀਤਾ ਹੈ, ਉਨ੍ਹਾਂ ਦਾ ਵਿਚਾਰ ਖਿਨ ਮਾਤਰ ਵੀ ਘਟਦਾ ਨਹੀਂ ॥੫॥੫॥੧੯॥੫੭॥

## ਗਉੜੀ ਪੂਰਬੀ, ਮਹਲਾ ੪ ॥

## ਹਮਰੇ ਪ੍ਰਾਨ ਵਸਗਤਿ ਪ੍ਰਭ ਤੁਮਰੈ; ਮੇਰਾ ਜੀਉ ਪਿੰਡੁ ਸਭ ਤੇਰੀ ॥

ਹੇ ਪਰਮੇਸ਼ਰ! ਹਮਰੇ = ਸਾਡੇ ਪ੍ਰਾਣਾਂ ਦੀ ਜੋ ਗਤਿ = ਚਾਲ ਹੈ, ਇਹ ਤੁਮਰੈ = ਤੁਹਾਡੇ ਵਸ ਵਿਚ ਹੀ ਹੈ ਅਤੇ ਜੀਉ = ਸੂਖਮ ਸਰੀਰ ਅਤੇ ਪਿੰਡੁ = ਸਥੂਲ ਸਰੀਰ ਵਿਚ ਸਭ ਤੇਰੀ ਹੀ ਬਖ਼ਸ਼ਿਸ਼ ਹੈ।

## ਦਇਆ ਕਰਹੁ ਹਰਿ ਦਰਸੁ ਦਿਖਾਵਹੁ; ਮੇਰੈ ਮਨਿ ਤਨਿ ਲੋਚ ਘਣੇਰੀ ॥੧॥

ਹੇ ਹਰਿ = ਹਰੀ! ਤੁਸੀਂ ਦਇਆ = ਮੇਹਰ ਕਰੋ ਅਤੇ ਆਪਣਾ ਪਵਿੱਤਰ ਦਰਸੁ = ਦਰਸ਼ਨ ਦਿਖਾਵਹੁ = ਦਿਖਾਉਣਾ ਕਰੋ, ਕਿਉਂਕਿ ਮੇਰੇ ਮਨ ਵਿਚ ਵੀ ਤੇ ਤਨਿ = ਸਰੀਰ ਵਿਚ ਵੀ ਤੇਰੇ ਦਰਸ਼ਨਾਂ ਦੀ ਘਣੇਰੀ = ਬਹੁਤ ਹੀ ਲੋਚ = ਇੱਛਾ ਲੱਗੀ ਹੋਈ ਹੈ ॥੧॥

## ਰਾਮ ਮੇਰੈ ਮਨਿ ਤਨਿ; ਲੋਚ ਮਿਲਣ ਹਰਿ ਕੇਰੀ ॥

ਹੇ ਰਾਮ = ਪਰਮੇਸ਼ਰ ਦੇ ਪਿਆਰਿਓ! ਮੇਰੇ ਮਨ ਤਨ ਵਿਚ ਹਰਿ = ਅਕਾਲ ਪੁਰਖ ਦੇ ਮਿਲਣ ਕੇਰੀ = ਦੀ ਬੜੀ ਲੋਚ = ਇੱਛਾ ਲੱਗੀ ਹੋਈ ਹੈ।

## ਗੁਰ ਕ੍ਰਿਪਾਲਿ ਕ੍ਰਿਪਾ ਕਿੰਚਤ ਗੁਰਿ ਕੀਨੀ; ਹਰਿ ਮਿਲਿਆ ਆਇ ਪ੍ਰਭੁ ਮੇਰੀ ॥੧॥ਰਹਾਉ॥

ਜੋ ਸਤਿਗੁਰੂ ਸਾਹਿਬ ਜੀ ਕ੍ਰਿਪਾਲਿ = ਕਿਰਪਾ ਦੇ ਘਰ ਹਨ। ਜਦ ਉਨ੍ਹਾਂ ਗੁਰਾਂ ਨੇ ਕਿੰਚਤ = ਥੋੜ੍ਹੇ ਮਾਤਰ ਹੀ ਕ੍ਰਿਪਾ = ਮੇਹਰ ਦੀ ਦ੍ਰਿਸ਼ਟੀ ਕੀਨੀ = ਕੀਤੀ, ਤਦ ਜਨਮਾਂ-ਜਨਮਾਂਤਰਾਂ ਦਾ ਮੇਰੀ = ਮੇਲੀ ਹਰਿ = ਹਰੀ ਪ੍ਰਭੁ = ਪਰਮੇਸ਼ਰ ਆਇ = ਆ ਕੇ ਮਿਲਿਆ = ਮਿਲ ਪਿਆ, ਪ੍ਰਾਪਤ ਹੋ ਗਿਆ ਹੈ ॥੧॥ਰਹਾਉ॥

## ਜੋ ਹਮਰੈ ਮਨ ਚਿਤਿ ਹੈ ਸੁਆਮੀ; ਸਾ ਬਿਧਿ ਤੁਮ ਹਰਿ ਜਾਨਹੁ ਮੇਰੀ ॥

ਹੇ ਮੇਰੇ ਸੁਆਮੀ = ਮਾਲਕ, ਜੋ ਹਮਰੈ = ਸਾਡੇ ਮਨ ਦੀ ਚਿਤਿ = ਚਿਤਵਣੀ ਦੇ ਵਿਚ ਵਿਚਾਰ ਹਨ। ਸਾ = ਉਸ ਮੇਰੀ ਬਿਧਿ = ਹਾਲਤ ਨੂੰ ਹੇ ਹਰੀ ਜੀ! ਤੁਸੀਂ ਆਪ ਹੀ ਜਾਣਦੇ ਹੋ।

## ਅਨਦਿਨੁ ਨਾਮੁ ਜਪੀ ਸੁਖੁ ਪਾਈ; ਨਿਤ ਜੀਵਾ ਆਸ ਹਰਿ ਤੇਰੀ ॥੨॥

ਹੇ ਪਰਮੇਸ਼ਰ ! ਜੇਕਰ ਅਨਦਿਨੁ = ਰਾਤ ਦਿਨੇ ਤੇਰਾ ਨਾਮ ਜਪੀਏ ਤਾਂ ਸੁੱਖ ਪਾਈ = ਪਾਈਦਾ ਹੈ ਇਸ ਕਰਕੇ ਹੇ ਹਰਿ = ਪਰਮੇਸ਼ਰ ਨਿਤ = ਹਮੇਸ਼ਾ ਹੀ ਤੇਰੀ ਪ੍ਰਾਪਤੀ ਦੀ ਆਸ = ਉਮੀਦ ਵਿਚ ਜੀਵਾ = ਜਿਉਂਦੇ ਹਾਂ ॥੨॥

## ਗੁਰਿ ਸਤਿਗੁਰਿ ਦਾਤੈ, ਪੰਥੁ ਬਤਾਇਆ; ਹਰਿ ਮਿਲਿਆ ਆਇ ਪ੍ਰਭੁ ਮੇਰੀ ॥

ਹੇ ਪਰਮੇਸ਼ਰ ! ਨਾਮ ਦੇ ਦਾਤੇ ਗੁਰਿ = ਪੂਜਨੀਕ ਸਤਿਗੁਰਾਂ ਨੇ ਤੇਰੀ ਭਾਉ ਭਗਤੀ ਦਾ ਪੰਥੁ = ਰਸਤਾ ਬਤਾਇਆ = ਦੱਸਿਆ ਤਾਂ ਉਸ ਰਸਤੇ ਤੇ ਚੱਲਿਆਂ ਹੇ ਹਰਿ = ਹਰੀ ਪ੍ਰਭੁ = ਪਰਮੇਸ਼ਰ ! ਤੂੰ ਮੇਰੀ ਸ਼ਰਧਾ ਵੇਖ ਕੇ ਮੈਨੂੰ ਆਇ = ਆ ਮਿਲਿਆ ਹੈਂ।

## ਅਨਦਿਨੁ ਅਨਦੁ ਭਇਆ ਵਡਭਾਗੀ; ਸਭ ਆਸ ਪੁਜੀ ਜਨ ਕੇਰੀ ॥੩॥

(**ਪੁੱਜੀ** ਬੋਲੋ)

ਹੇ ਪਰਮੇਸ਼ਰ ! ਵੱਡੇ ਭਾਗਾਂ ਕਰਕੇ ਅਨਦਿਨੁ = ਰਾਤ ਦਿਨੇ ਹੀ ਸਾਨੂੰ ਤੇਰੀ ਪ੍ਰਾਪਤੀ ਦਾ ਅਨੰਦ ਪ੍ਰਾਪਤ ਭਇਆ = ਹੋਇਆ ਹੈ **ਵਾ:** ਵਡ+ਭਾਗੀ = ਵਡ = ਵੱਡੀ ਜੋ ਦ੍ਵੈਤ ਅਤੇ ਵਡਿਆਈ ਆਦਿ ਦੀ ਇੱਛਾ ਸੀ, ਉਹ ਭਾਗੀ = ਭੱਜ ਗਈ ਹੈ ਅਤੇ ਸਾਡੇ ਜਨਾਂ ਕੇਰੀ = ਦੀ ਸਭ = ਸਾਰੀ ਆਸਾ ਪੁਜੀ = ਪੂਰੀ ਹੋ ਗਈ ਹੈ ॥੩॥

## ਜਗੰਨਾਥ ਜਗਦੀਸੁਰ ਕਰਤੇ; ਸਭ ਵਸਗਤਿ ਹੈ ਹਰਿ ਕੇਰੀ ॥

ਹੇ ਜਗੰਨਾਥ = ਜਗਤ ਦੇ ਨਾਥ = ਮਾਲਕ ਪਿੱਛੇ ਭੂਤਕਾਲ ਵਿਚ ਵੀ ਤੂੰ ਸੀ, ਹੁਣ ਵਰਤਮਾਨ ਕਾਲ ਵਿਚ ਵੀ ਜਗਦੀਸੁਰ = ਜਗਤ ਦਾ ਈਸ਼ਵਰ ਰੂਪ ਤੂੰ ਹੀ ਹੈਂ ਅਤੇ ਅੱਗੇ ਭਵਿੱਖਤ ਕਾਲ ਵਿਚ ਵੀ ਤੂੰ ਹੀ ਕਰਤਾ ਪੁਰਖ ਰਹੇਂਗਾ। ਹੇ ਹਰੀ ਸਭ = ਸਾਰੀ ਸ੍ਰਿਸ਼ਟੀ ਆਪ ਜੀ ਕੇਰੀ = ਦੀ ਵਸਗਤਿ = ਅਧੀਨਗੀ ਵਿਚ ਹੈ **ਵਾ:** ਸਾਰਿਆਂ ਦੀ ਗਤਿ = ਚਾਲ ਭਾਵ ਗਤੀ ਆਪ ਜੀ ਦੇ ਵਸ ਵਿਚ ਹੀ ਹੈ।

## ਜਨ ਨਾਨਕ ਸਰਣਾਗਤਿ ਆਏ;
## ਹਰਿ ਰਾਖਹੁ ਪੈਜ ਜਨ ਕੇਰੀ ॥੪॥੬॥੨੦॥੫੮॥

ਸਤਿਗੁਰੂ ਸਾਹਿਬ ਜੀ ਉਚਾਰਨ ਕਰਦੇ ਹਨ ਕਿ ਹੇ ਹਰੀ ! ਅਸੀਂ ਜਨ ਆ ਕੇ ਆਪ ਜੀ ਦੀ ਸ਼ਰਨ ਨੂੰ ਪ੍ਰਾਪਤ ਹੋਏ ਹਾਂ ਇਸ ਕਰਕੇ ਹੇ ਹਰਿ = ਪਰਮੇਸ਼ਰ ! ਸਾਡੇ ਜਨਾਂ ਕੇਰੀ = ਦੀ ਲੋਕ-ਪ੍ਰਲੋਕ ਵਿਚ ਪੈਜ = ਇੱਜ਼ਤ ਰਾਖਹੁ = ਰੱਖੋ ॥੪॥੬॥੨੦॥੫੮॥

[ਅੰਗ ੧੭੧]

## ਗਉੜੀ ਪੂਰਬੀ, ਮਹਲਾ ੪ ॥

## ਇਹੁ ਮਨੂਆ ਖਿਨੁ ਨ ਟਿਕੈ, ਬਹੁ ਰੰਗੀ; ਦਹ ਦਹਦਿਸਿ ਚਲਿ ਚਲਿ ਹਾਢੇ ॥

ਇਹ ਮਨੂਆ = ਮਨ ਬਹੁ = ਬਹੁਤਿਆਂ ਸੰਕਲਪਾਂ ਵਿਕਲਪਾਂ ਰੂਪੀ ਰੰਗੀ = ਰੰਗਾਂ ਵਾਲਾ ਹੈ **ਵਾ:** ਬਾਹਰਲੇ ਰੰਗਾਂ, ਸ਼ਬਦ, ਸਪਰਸ਼, ਰੂਪ, ਰਸ, ਗੰਧ ਵਿਸ਼ਿਆਂ ਵਿਚ **ਵਾ:** ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਰੰਗਾਂ ਵਿਚ **ਵਾ:** ਮਾਇਆ ਦੇ ਸੁਾਦਾਂ ਵਿਚ, ਵੇਖਣ, ਸੁਣਨ, ਸੁੰਘਣ, ਭੋਗਣ ਦੇ ਰੰਗਾਂ ਵਿਚ ਲੱਗਾ ਹੋਇਆ ਹੈ। ਇਕ ਖਿਨ ਮਾਤਰ ਵੀ ਨ ਟਿਕੈ = ਟਿਕਦਾ ਨਹੀਂ ਹੈ। ਇਹ ਤ੍ਰਿਸ਼ਨਾ ਰੂਪੀ ਅੱਗ ਦਾ ਦਹ = ਸਾੜਿਆ ਹੋਇਆ ਚਲਿ = ਭੰਭੀਰੀ ਵਾਂਗੂ ਚਲਿ = ਚੰਚਲ ਹੋ ਕੇ ਦਹਦਿਸਿ = ਦਸੋਂ ਦਿਸ਼ਾਵਾਂ ਵਿਚ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਹਾਢੇ = ਫਿਰਦਾ ਰਹਿੰਦਾ ਹੈ।

## ਗੁਰੁ ਪੂਰਾ ਪਾਇਆ ਵਡਭਾਗੀ; ਹਰਿ ਮੰਤ੍ਰੁ ਦੀਆ ਮਨੁ ਠਾਢੇ ॥੧॥

ਜਦ ਵਡਭਾਗੀ = ਵੱਡਿਆਂ ਭਾਗਾਂ ਕਰਕੇ ਪੂਰਾ = ਪੂਰਨ ਗੁਰੂ ਪਾਇਆ = ਪਾਉਣਾ ਕੀਤਾ ਤਾਂ ਗੁਰਾਂ ਨੇ ਹਰਿ = ਪਰਮੇਸ਼ਰ ਦਾ ਨਾਮ ਰੂਪੀ ਮੰਤ੍ਰ ਦੀਆ = ਦਿੱਤਾ ਜਿਸ ਕਰਕੇ ਮਨ ਠਾਢੇ = ਸੀਤਲ ਹੋ ਗਿਆ **ਵਾ:** ਗੁਰਾਂ ਨੇ ਹਰੀ ਨਾਮ ਦਾ ਮੰਤ੍ਰ ਦੇ ਕੇ ਸੰਕਲਪਾਂ ਵਿਕਲਪਾਂ ਵਿਚ ਭ੍ਰਮਣ ਤੋਂ ਹੱਟਾ ਕੇ ਨਿਜ ਸਰੂਪ ਵਿਚ ਇਸਥਿਤ ਕਰਨ ਰੂਪ ਠੰਢਾ ਕਰ ਦਿੱਤਾ ॥੧॥

## ਰਾਮ; ਹਮ ਸਤਿਗੁਰ ਲਾਲੇ ਕਾਂਢੇ ॥੧॥ਰਹਾਉ॥

ਹੇ ਰਾਮ = ਪਰਮੇਸ਼ਰ ਦੇ ਪਿਆਰਿਓ ! ਹਮ = ਅਸੀਂ ਤਾਂ ਸਤਿਗੁਰੂ ਸਾਹਿਬ ਜੀ ਦੇ ਲਾਲੇ = ਦਾਸ, ਗੋਲੇ ਕਾਂਢੇ = ਕਹੀਦੇ ਹਾਂ ॥੧॥ਰਹਾਉ॥

## ਹਮਰੈ ਮਸਤਕਿ ਦਾਗੁ ਦਗਾਨਾ; ਹਮ ਕਰਜ ਗੁਰੂ ਬਹੁ ਸਾਢੇ ॥

(**ਸਾਢੇ** ਬਿੰਦੀ ਤੋਂ ਰਹਿਤ ਬੋਲੋ)

ਹਮਰੈ = ਸਾਡੇ ਅੰਤਹਕਰਨ ਰੂਪੀ ਮਸਤਕਿ = ਮੱਥੇ ਵਿਚ ਗੁਰੂ ਨੇ ਪ੍ਰੇਮ ਰੂਪੀ ਦਾਗੁ = ਚਿੰਨ੍ਹ ਦਗਾਨਾ = ਦਾਗਨਾ ਭਾਵ ਲਗਾ ਦਿੱਤਾ ਹੈ ਇਸ ਕਰਕੇ ਅਸੀਂ ਗੁਰੂ ਸਾਹਿਬ ਜੀ ਦਾ ਬਹੁਤ ਕਰਜਾ ਸਾਢੇ = ਭਰਦੇ ਹਾਂ, ਭਾਵ ਕਿ ਅਸੀਂ ਗੁਰੂ ਜੀ ਦੇ ਕਰਜ਼ਾਈ ਹਾਂ।

## ਪਰਉਪਕਾਰੁ ਪੁੰਨੁ ਬਹੁ ਕੀਆ; ਭਉ ਦੁਤਰੁ ਤਾਰਿ ਪਰਾਢੇ ॥੨॥

ਸਤਿਗੁਰੂ ਸਾਹਿਬ ਜੀ ਨੇ ਸਾਡੇ ਉੱਤੇ ਬਹੁਤ ਹੀ ਭਾਰੀ ਪਰਉਪਕਾਰ ਰੂਪੀ ਪੁੰਨ ਕੀਆ = ਕੀਤਾ ਹੈ, ਜੋ ਸਾਨੂੰ ਦੁਤਰੁ = ਕਠਨਤਾਈ ਨਾਲ ਤਰਨ ਵਾਲੇ ਭੈਦਾਇਕ ਸੰਸਾਰ ਸਮੁੰਦਰ ਤੋਂ ਤਾਰ ਕੇ ਮੁਕਤੀ ਰੂਪ ਪਰਾਢੇ = ਪਰਲੇ ਕਿਨਾਰੇ ਤੇ ਲਾ ਦਿੱਤਾ ਹੈ। ਮੁਕਤੀ ਰੂਪ (ਪਰ+ਆਢੇ) ਪਰ = ਪਰਲੇ ਕਿਨਾਰੇ ਦੇ ਆਢੇ = ਆਸਰੇ ਲਾ ਦਿੱਤਾ ਹੈ ॥੨॥

## ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ; ਤਿਨ ਕੂਰੇ ਗਾਢਨ ਗਾਢੇ ॥

ਜਿਨ੍ਹਾਂ ਕਉ = ਦੇ ਹਿਰਦੇ ਵਿਚ ਹਰੀ ਨਾਲ ਪ੍ਰੀਤੀ ਨਹੀਂ ਹੈ, ਤਿਨ = ਉਨ੍ਹਾਂ ਪੁਰਖਾਂ ਨੇ ਤਾਂ ਐਵੇਂ ਕੂਰੇ = ਝੂਠੇ ਗਾਢਨ = ਗੰਢਨ ਗਾਢੇ = ਗੰਢੇ ਹਨ।

## ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ;
## ਤਿਉ ਮਨਮੁਖ ਗਰਭਿ ਗਲਾਢੇ ॥੩॥

ਜਿਉ = ਜਿਵੇਂ ਪਾਣੀ ਵਿਚ ਪਾਇਆ ਹੋਇਆ ਕਾਗਦੁ = ਕਾਗਜ਼ ਗਲ਼ ਕੇ ਬਿਨਸਿ = ਨਾਸ ਹੋ ਜਾਂਦਾ ਹੈ, ਤਿਉ = ਤਿਵੇਂ ਹੀ ਮਨਮੁਖ ਲੋਕ ਗਰਭ ਰੂਪੀ ਪਾਣੀ ਵਿਚ ਕਾਗ਼ਜ਼ ਵਾਂਗੂੰ ਗਲਾਢੇ = ਗਲ਼ ਜਾਂਦੇ ਹਨ ॥੩॥

## ਹਮ ਜਾਨਿਆ ਕਛੂ ਨ ਜਾਨਹ ਆਗੈ; ਜਿਉ ਹਰਿ ਰਾਖੈ ਤਿਉ ਠਾਢੇ ॥

ਹਮ = ਅਸੀਂ ਨਾ ਤਾਂ ਪਿੱਛੇ ਕੁਝ ਜਾਨਿਆ ਸੀ ਤੇ ਨਾ ਹੀ ਅੱਗੇ ਨੂੰ ਕੁਝ ਜਾਨਹ = ਜਾਣਾਂਗੇ। ਜਿਉ = ਜਿਵੇਂ ਹਰਿ = ਪਰਮੇਸ਼ਰ ਹੁਣ ਵਰਤਮਾਨ ਸਮੇਂ ਵਿਚ ਰਾਖੈ = ਰੱਖਦਾ ਹੈ ਤਿਉ = ਤਿਵੇਂ ਹੀ ਅਸੀਂ ਉਸ ਦੇ ਭਾਣੇ ਵਿਚ ਠਾਢੇ = ਖੜ੍ਹੇ ਰਹਿੰਦੇ ਹਾਂ।

# ਹਮ ਭੂਲ ਚੂਕ, ਗੁਰ ਕਿਰਪਾ ਧਾਰਹੁ; ਜਨ ਨਾਨਕ ਕੁਤਰੇ ਕਾਢੇ ॥੪॥੭॥੨੧॥੫੯॥

ਸਤਿਗੁਰੂ ਸਾਹਿਬ ਜੀ ਉਚਾਰਨ ਕਰਦੇ ਹਨ ਕਿ ਅਸੀਂ ਮਨ, ਬਾਣੀ, ਸਰੀਰ ਕਰਕੇ ਭੂਲ = ਭੁਲਦੇ ਚੂਕ = ਚੁੱਕਦੇ ਰਹਿੰਦੇ ਹਾਂ। ਹੇ ਗੁਰ = ਸਤਿਗੁਰੂ ਜੀ! ਤੁਸੀਂ ਮੇਰੇ ਤੇ ਕਿਰਪਾ = ਮੇਹਰ ਧਾਰਹੁ = ਧਾਰਨ ਕਰੋ ਕਿਉਂਕਿ ਅਸੀਂ ਜਨ = ਦਾਸ ਤਾਂ ਤੁਹਾਡੇ ਕੁਤਰੇ = ਕੂਕਰ ਕਾਢੇ = ਕਹੀਦੇ ਹਾਂ **ਅਥਵਾ** ਹੇ ਸਤਿਗੁਰੂ ਸਾਹਿਬ ਜੀ ਅਸੀਂ ਆਪ ਦੀ ਸਿੱਖੀ ਤੋਂ, ਆਪ ਦੀ ਆਗਿਆ ਤੋਂ ਭੁੱਲ ਕਰ ਕੇ ਚੂਕ = ਉੱਕ ਜਾਂਦੇ ਹਾਂ, ਆਪ ਜੀ ਕ੍ਰਿਪਾ ਦ੍ਰਿਸ਼ਟੀ ਕਰੋ, ਅਸੀਂ ਤਾਂ ਆਪ ਜੀ ਦੇ ਦਰ ਦੇ ਕੁਤਰੇ = ਕਤੂਰੇ ਭਾਵ ਛੋਟੇ ਕੂਕਰ ਕਾਢੇ = ਕਹੀਦੇ ਹਾਂ **ਅਥਵਾ** ਜਿਵੇਂ ਮੋਠਾਂ ਦੇ ਅੰਦਰ ਕੁਤਰਾ ਹੁੰਦਾ ਹੈ, ਉਹ ਮੋਠਾਂ ਨੂੰ ਕੁਤਰ ਕੁਤਰ ਕੇ ਖਾਂਦਾ ਹੈ। ਇਸੇ ਪ੍ਰਕਾਰ ਹੇ ਸਤਿਗੁਰੂ ਜੀ! ਅਸੀਂ ਤੇਰੇ ਗੁਣਾਂ ਤੇ ਉਪਕਾਰਾਂ ਨੂੰ ਕੁਤਰ ਕੁਤਰ ਕੇ ਨਾਸ ਕਰੀ ਜਾਂਦੇ ਹਾਂ, ਸਾਡੇ 'ਤੇ ਕਿਰਪਾ ਕਰੋ **ਅਥਵਾ** ਜਿਸ ਪ੍ਰਕਾਰ ਰੇਸ਼ਮ ਨੂੰ ਕੀੜਾ ਕੁਤਰ ਕੁਤਰ ਕੇ ਕੱਟ ਦਿੰਦਾ ਹੈ, ਉਸੇ ਪ੍ਰਕਾਰ ਕਾਮਾਦਿਕ ਵਿਸ਼ੇ ਰੂਪੀ ਕੀੜਾ ਸ਼ੁਭ ਗੁਣਾਂ ਰੂਪੀ ਰੇਸ਼ਮ ਨੂੰ ਕੱਟੀ ਜਾ ਰਿਹਾ ਹੈ। ਹੇ ਸਤਿਗੁਰੂ ਜੀ! ਅਸੀਂ ਔਗੁਣਾਂ ਦੇ ਨਾਲ ਕੁਤਰਾ-ਕੁਤਰਾ (ਭੋਰਾ-ਭੋਰਾ) ਹੋ ਰਹੇ ਹਾਂ, ਆਪ ਜੀ ਕ੍ਰਿਪਾ ਦ੍ਰਿਸ਼ਟੀ ਕਰ ਕੇ ਇਨ੍ਹਾਂ ਔਗੁਣਾਂ ਵਿੱਚੋਂ ਕੱਢ ਕੇ ਤਾਰ ਲਵੋ **ਅਥਵਾ** ਕੁਤਰੇ ਕਾਢੇ = ਹੇ ਮਹਾਰਾਜ ਅਸੀਂ ਕੁਤਰਕਾਂ ਕੱਢਣ ਵਾਲੇ ਹਾਂ, ਹਰ ਵਕਤ ਤੇਰੇ ਵਿਚ ਨੁਕਸ ਕੱਢਦੇ ਹਾਂ ਕਿ ਰੱਬ ਨੇ ਇਹ ਕਿਉਂ ਕੀਤਾ, ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਸੀ, ਇਸ ਲਈ ਸਾਡੇ ਤੇ ਕਿਰਪਾ ਕਰਕੇ ਸਾਨੂੰ ਬਖ਼ਸ਼ੋ ॥੪॥੭॥੨੧॥੫੯॥

**ਸਾਖੀ—ਕੁਤਰਕਾਂ ਕੱਢਣ ਵਾਲੇ ਪੁਰਖ ਦੀ :** ਜਿਵੇਂ ਇਕ ਆਦਮੀ ਖਜੂਰ ਦੇ ਹੇਠਾਂ ਲੰਮਾ ਪਿਆ ਹੋਇਆ ਸੀ। ਕਹਿਣ ਲੱਗਾ ਕਿ ਦੇਖੋ ਇਤਨਾ ਵੱਡਾ ਬ੍ਰਿਛ ਹੈ ਤੇ ਰੱਬ ਨੇ ਇਸ ਨੂੰ ਨਿੱਕੀਆਂ ਨਿੱਕੀਆਂ ਖਜੂਰਾਂ ਲਾਈਆਂ ਹਨ ਤੇ ਨਰਮ ਜਿਹੀਆਂ ਵੇਲਾਂ ਨੂੰ ਕਿਤਨੇ ਕਿਤਨੇ ਵੱਡੇ ਹਦਵਾਣੇ, ਮਤੀਰੇ ਆਦਿ ਲਾਏ ਹਨ, ਇਹ ਰੱਬ ਨੇ ਠੀਕ ਨਹੀਂ ਕੀਤਾ। ਇਤਨੇ ਚਿਰ ਨੂੰ ਕਿਸੇ ਪੰਛੀ ਨੇ ਇਕ ਖਜੂਰ ਟੁੱਕ ਦਿੱਤੀ ਤੇ ਉਹ ਉਸ ਆਦਮੀ ਦੀ ਅੱਖ 'ਤੇ ਆ ਕੇ ਵੱਜੀ। ਅੱਖ ਲਾਲ ਹੋ ਗਈ, ਦੁਖਣ ਲੱਗ ਪਈ ਤੇ ਕਹਿਣ ਲੱਗਾ ਕਿ ਹੇ ਖ਼ੁਦਾ ਤੂੰ ਜੋ ਕੀਤਾ, ਠੀਕ ਕੀਤਾ ਹੈ, ਕੁਝ ਗ਼ਲਤ ਨਹੀਂ ਕੀਤਾ। ਜੇਕਰ ਇਤਨੀ ਉਪਰੋਂ ਕਿਤੇ ਹਦਵਾਣਾ ਡਿੱਗ ਕੇ ਮੇਰੇ ਸਿਰ ਵਿਚ ਵੱਜਦਾ ਤਾਂ ਮੇਰਾ ਸਿਰ ਫਟ ਜਾਣਾ ਸੀ ਤੇ ਮੇਰੀ ਮੌਤ ਹੋ ਜਾਣੀ ਸੀ।

ਇਸ ਪ੍ਰਕਾਰ ਹੇ ਮਹਾਰਾਜ ਅਸੀਂ ਕੁਤਰਕਾਂ ਕੱਢਣ ਵਾਲੇ ਹਾਂ, ਆਪ ਜੀ ਕਿਰਪਾ ਕਰਕੇ ਸਾਨੂੰ ਕੱਢ ਲੈਣਾ ਕਰੋ।

# ਗਉੜੀ ਪੂਰਬੀ, ਮਹਲਾ ੪ ॥

**ਉਥਾਨਕਾ :** ਧੰਨ ਸਤਿਗੁਰੂ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਜੀ ਬਿਆਸ ਦਰਿਆ ਵਿਚ ਇਸ਼ਨਾਨ ਕਰ ਕੇ ਗੋਇੰਦਵਾਲ ਸਾਹਿਬ ਲੰਗਰ ਵੱਲ ਨੂੰ ਆ ਰਹੇ ਸਨ, ਰਸਤੇ ਵਿਚ ਕਿਸੇ ਜ਼ਿਮੀਂਦਾਰ ਦਾ ਬਾਜਰੇ ਦਾ ਖੇਤ ਸੀ। ਗੁਰੂ ਜੀ ਨੂੰ ਉਸ ਜ਼ਿਮੀਂਦਾਰ ਨੇ ਪਛਾਣਿਆ ਨਾ ਤੇ ਮਣ੍ਹੇ ਉੱਪਰ ਬੈਠੇ ਹੋਏ ਨੇ ਕਿਹਾ ਕਿ "ਓਹ ਜਾਣ ਵਾਲਿਆ! ਮੇਰੇ ਖੇਤ ਵਿੱਚੋਂ ਕਾਂ ਉਡਾਉਂਦਾ ਜਾਈਂ। ਸਤਿਗੁਰੂ ਜੀ ਨੇ 'ਹੇ' ਸ਼ਬਦ ਉਚਾਰਨ ਕਰ ਕੇ ਕਾਂ ਉਡਾ ਦਿੱਤੇ, ਗੁਰੂ ਸਾਹਿਬ ਜੀ ਉਸ ਜ਼ਿਮੀਂਦਾਰ ਕੋਲ ਆ ਕੇ ਹਲੇਮੀ ਨਾਲ ਕਹਿਣ ਲੱਗੇ ਕਿ ਹੇ ਭਾਈ! ਜੋ ਤੇਰਾ ਸਰੀਰ ਰੂਪੀ ਖੇਤ ਹੈ, ਉਸ ਵਿਚ ਸ਼ੁਭ ਗੁਣਾਂ ਰੂਪ ਬਾਜਰੇ ਤੋਂ ਵੀ ਕਦੇ ਕਾਮ, ਕ੍ਰੋਧਾਦਿਕ ਰੂਪੀ ਕਾਂ ਉਡਾਉਣ ਦਾ ਜਤਨ ਕਰਿਆ ਕਰ। ਇਹ ਬਚਨ ਸੁਣ ਕੇ ਉਹ ਜ਼ਿਮੀਂਦਾਰ ਸਤਿਗੁਰਾਂ ਦੇ ਚਰਨਾਂ ਉੱਪਰ ਡਿੱਗ ਪਿਆ ਤੇ ਬੇਨਤੀ ਕਰਨ ਲੱਗਾ ਕਿ ਮਹਾਰਾਜ! ਮੈਂ ਆਪ ਜੀ ਨੂੰ ਸਿਆਣਿਆਂ ਨਹੀਂ ਸੀ, ਮੈਂ

ਭੁੱਲ ਵਸ ਆਪ ਜੀ ਨੂੰ ਕਾਂ ਉਡਾਉਣ ਲਈ ਕਹਿ ਬੈਠਾ। ਆਪ ਜੀ ਕ੍ਰਿਪਾ ਕਰਕੇ ਮੈਨੂੰ ਮੁਆਫ਼ ਕਰ ਦਿਓ ਅਤੇ ਇਨ੍ਹਾਂ ਕਾਮਾਦਿਕ ਵਿਕਾਰਾਂ ਤੋਂ ਬਚਣ ਲਈ ਕੋਈ ਉਪਾਉ ਦੱਸੋ।

ਤਦ ਉਥੇ ਉਸ ਜ਼ਿਮੀਂਦਾਰ ਦੇ ਪ੍ਰਥਾਇ ਇਹ ਪਾਵਨ ਸ਼ਬਦ ਉਚਾਰਨ ਕੀਤਾ:

## ਕਾਮਿ ਕਰੋਧਿ ਨਗਰੁ ਬਹੁ ਭਰਿਆ; ਮਿਲਿ ਸਾਧੂ ਖੰਡਲ ਖੰਡਾ ਹੇ॥

ਹੇ ਭਾਈ! ਤੇਰਾ ਸਰੀਰ ਰੂਪੀ ਨਗਰ **ਵਾ:** ਅੰਤਹਕਰਣ ਰੂਪੀ ਨਗਰ ਕਾਮ = ਵਿਸ਼ੇ-ਵਾਸ਼ਨਾ ਅਤੇ ਕਰੋਧਿ = ਗ਼ੁੱਸੇ ਨਾਲ ਬਹੁ = ਅਤਿਅੰਤ ਭਰਿਆ ਪਿਆ ਹੈ। ਇਸ ਲਈ ਸਾਧੂ = ਸਤਿਗੁਰੂ ਸਾਹਿਬ **ਵਾ:** ਸੰਤ ਜਨਾਂ ਨਾਲ ਮਿਲ ਕਰਕੇ ਇਨ੍ਹਾਂ ਕਾਮ ਅਤੇ ਕ੍ਰੋਧਾਦਿਕ ਵਿਕਾਰਾਂ ਦੇ ਖੰਡਲ = ਸਮੂਹ ਨੂੰ ਖੰਡਾ = ਟੁਕੜੇ ਟੁਕੜੇ ਕਰ ਦੇਣਾ ਕਰ।

***ਵਾ: ਪ੍ਰਸ਼ਨ:** ਕਾਮ ਕੀ ਹੈ? **ਉੱਤਰ:***

**ਕਾਮ ਕਾਮ ਸਭ ਜਗ ਕਹੇ ਕਾਮ ਨ ਜਾਨੇ ਕੋਇ।**
**ਜੇਤੀ ਮਨ ਕੀ ਕਾਮਨਾ ਕਾਮ ਕਹਾਵੈ ਸੋਇ।**

ਗ੍ਰੰਥਾਂ ਵਿਚ ਕਾਮ ਅੱਠ ਪ੍ਰਕਾਰ ਦਾ ਮੰਨਿਆ ਹੈ:

**ਸ੍ਰਵਨ ਸਿਮਰਣ ਔ ਕੀਰਤਨ ਚਿਤਵਨ ਬਾਤ ਇਕੰਤ।**
**ਦ੍ਰਿੜ ਸੰਕਲਪ ਪ੍ਰਯਤਨ ਤਨ ਪ੍ਰਾਪਤਿ ਅਸ਼ਟ ਕਹੰਤ॥੮॥** *(ਵਿਚਾਰ ਮਾਲਾ, ੪ ਬਿਸ੍ਰਾਮ)*

***ਪ੍ਰਸ਼ਨ:** ਕ੍ਰੋਧ ਕੀ ਹੈ?*

***ਉੱਤਰ:*** ਕ੍ਰੋਧ ਚਿੱਤ ਦੀ ਹੀ ਬਿਰਤੀ ਹੈ। ਆਪਣੀ ਬਹੁਤ ਹੀ ਕੋਈ ਪਿਆਰੀ ਚੀਜ਼ ਨੂੰ ਕਿਸੇ ਦੁਆਰਾ ਛੇੜਨ ਕਰ ਕੇ ਚਿੱਤ ਦੀ ਬਿਰਤੀ ਦਾ ਤਿੱਖਾ ਹੋ ਜਾਣਾ ਕਿ ਇਸ ਨੇ ਮੇਰੀ ਚੀਜ਼ ਨੂੰ ਕਿਉਂ ਹੱਥ ਪਾਇਆ ਹੈ। ਜਿਸ ਪ੍ਰਕਾਰ ਜਿਵੇਂ ਅੱਗ ਦਾ ਮੱਚਣ ਵੇਲੇ ਪਹਿਲਾਂ ਹਰਾ ਰੰਗ ਹੁੰਦਾ ਹੈ, ਫਿਰ ਪੀਲਾ ਰੰਗ ਹੋ ਜਾਂਦਾ ਹੈ, ਫਿਰ ਲਾਲ ਹੋ ਕੇ ਅੱਗ ਮੱਚ ਜਾਂਦੀ ਹੈ। ਇਸੇ ਪ੍ਰਕਾਰ ਪਹਿਲਾਂ ਕ੍ਰੋਧ ਹਰਾ ਹੁੰਦਾ ਹੈ, ਅੱਖਾਂ ਲਾਲ ਹੋ ਜਾਂਦੀਆਂ ਹਨ, ਬੁੱਲ੍ਹ ਫਰਕਣ ਲੱਗ ਜਾਂਦੇ ਹਨ, ਰੰਗ ਪੀਲਾ ਹੋ ਜਾਂਦਾ ਹੈ। ਇਹ ਗਾਲਾਂ ਕੱਢਣ ਲੱਗ ਪੈਂਦਾ ਹੈ, ਡਾਂਗਾਂ, ਸੋਟਿਆਂ, ਗੰਡਾਸਿਆਂ ਆਦਿ ਨਾਲ ਕਤਲ ਹੋ ਜਾਂਦੇ ਹਨ। ਇਉਂ ਕ੍ਰੋਧ ਰੂਪੀ ਅੱਗ ਦਾ ਚੰਗਾ ਭਾਂਬੜ ਮੱਚ ਜਾਂਦਾ ਹੈ।

ਗ੍ਰੰਥਾਂ ਵਿਚ ਵੀ ਕ੍ਰੋਧ ਬਾਰੇ ਵਿਚਾਰ ਆਉਂਦੀ ਹੈ:

**ਸਵੈਯਾ: ਅੰਧ ਕਰੋ ਦ੍ਰਿਗਵੰਤਨ ਕੋ, ਸ੍ਰੁਤਵੰਤਨ ਕੋ ਬਧਰੋ ਕਰ ਡਾਰੋਂ।**
**ਧ੍ਰਿਤਵੰਤਨ ਕੋ ਅਧੀਰ ਕਰੋ, ਪੁਨ ਚਾਤਰ ਕੀ ਮਤ ਦੂਰ ਨਿਵਾਰੋਂ।**
**ਹਿਤ ਕਾਰਜ ਨਾਹਿੰ ਪਿਖੈ ਕਬਹੀ; ਜਿਨ ਕੇ ਉਰ ਭੀਤਰ ਮੈਂ ਪਗ ਧਾਰੋਂ।**
**ਹਿਤ ਆਤਮ ਕੋ ਨ ਸੁਨੈ ਕਬਹੀ, ਪਢਿਓ ਜਿਤਨੋ ਖਿਨ ਮਾਹਿ ਬਿਸਾਰੋ॥੧੩੫॥** *(ਪ੍ਰਬੋਧ ਚੰਦਰ ਨਾਟਕ)*

ਕ੍ਰੋਧ ਨੂੰ ਪਾਪਾਂ ਦਾ ਮੁੱਢ ਅਤੇ ਜੰਮਣ ਮਰਣ ਆਦਿ ਦਾ ਕਾਰਨ ਵੀ ਮੰਨਿਆ ਹੈ:

**ਸੋਰਠਾ॥ ਕਰੋਧ ਅਨਰਥਨ ਮੂਲੁ ਕਰੋਧ ਜਨਮ ਅਰੁ ਮਰਨ ਦੈ।**
**ਕਰੋਧ ਧਰਮ ਨਿਰਮੂਲ ਤਾਂ ਤੇ ਕਰੋਧ ਤਿਆਗ ਸੁਭ॥੮॥**

ਕ੍ਰੋਧ ਨੂੰ ਤਾਂ ਜ਼ਹਿਰ ਨਾਲੋਂ ਵੀ ਮਾੜਾ ਮੰਨਿਆ ਹੈ:

**ਦੋਹਰਾ॥ ਕਾਲਕੂਟ ਅਰੁ ਕਰੋਧ ਮੈ ਬਡੋ ਅੰਤਰੋ ਆਹਿ।**
**ਕਰੋਧ ਨਿਜਾਸ੍ਰੈ ਕੋ ਦਹੈ ਵਿਖੁ ਨਹਿ ਸ੍ਵਾਸ੍ਰੈ ਦਾਹਿ॥੯॥** *(ਸਾਰਕੁਤਾਵਲੀ, ਅਧਿ: ੧੦)*

ਜਿਵੇਂ ਜਿਸ ਡੱਬੀ ਜਾਂ ਬੋਤਲ ਵਿਚ ਜ਼ਹਿਰ ਹੁੰਦੀ ਹੈ, ਉਸ ਦਾ ਕੁਝ ਨਹੀਂ ਵਿਗਾੜਦੀ, ਲੇਕਿਨ ਜੋ ਖਾਂਦਾ ਹੈ, ਉਸੇ ਨੂੰ ਮਾਰਦੀ ਹੈ। ਪਰ ਇਸ ਤੋਂ ਉਲਟ ਕ੍ਰੋਧ ਜਿਥੇ ਵਸਦਾ ਹੈ, ਉਸ ਦਾ ਅੰਦਰ ਵੀ ਸਾੜਦਾ ਹੈ, ਜਿਸ ਨੂੰ ਅੱਗੋਂ ਕੁਝ ਕਹਿੰਦਾ ਹੈ, ਉਸ ਨੂੰ ਵੀ ਦੁਖੀ ਕਰਦਾ ਹੈ। ਇਸ ਪ੍ਰਕਾਰ ਅੰਤਸ਼ਕਰਣ ਰੂਪੀ ਨਗਰ ਇਨ੍ਹਾਂ ਵਿਕਾਰਾਂ ਨਾਲ ਅਤਿਅੰਤ ਭਰਿਆ ਪਿਆ ਹੈ, ਇਸ ਕਰਕੇ ਹੇ ਭਾਈ ਸਾਧੂਆਂ ਦੀ ਸੰਗਤ ਵਿਚ ਮਿਲ ਕੇ ਨਾਮ ਰੂਪ ਖੰਡਾ ਲੈ ਕੇ ਇਨ੍ਹਾਂ ਸਾਰੇ ਕਾਮ ਕ੍ਰੋਧਾਦਿ ਵਿਕਾਰਾਂ ਦੇ ਤਾਈਂ ਖੰਡਣਾ ਕਰੋ **ਵਾ:** ਕੱਟਣਾ ਕਰੋ।

## ਪੂਰਬਿ ਲਿਖਤ ਲਿਖੇ ਗੁਰੁ ਪਾਇਆ; ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥

ਜਿਨ੍ਹਾਂ ਨੂੰ ਪੂਰਬਲੇ ਨਿਸ਼ਕਾਮ ਤਥਾ ਪੁੰਨ ਕਰਮਾਂ ਦੀ ਲਿਖਤ ਅਨੁਸਾਰ ਗੁਰ = ਸਤਿਗੁਰੂ ਸਾਹਿਬ ਜੀ ਦੀ ਪ੍ਰਾਪਤੀ ਹੁੰਦੀ ਹੈ, ਉਨ੍ਹਾਂ ਗੁਰਮੁਖ ਜਨਾਂ ਨੇ ਆਪਣੇ ਮਨ ਰੂਪੀ ਬਸਤਰ ਨੂੰ ਹਰਿ = ਪ੍ਰਭੂ ਦੀ ਲਿਵ ਰੂਪੀ ਮੰਡਲ = ਮੱਟੀ ਵਿਚ ਪਾ ਕੇ ਨਾਮ ਦੇ ਰੰਗ ਵਿਚ ਮੰਡਾ = ਰੰਗਣਾ ਕੀਤਾ ਹੈ, ਭੂਖਸ਼ਤ ਕੀਤਾ ਹੈ **ਅਥਵਾ** ਇਸੇ ਪ੍ਰਕਾਰ ਸਤਿਗੁਰੂ ਸਾਹਿਬ ਜੀ ਰੰਗਰੇਜ਼ ਹਨ। ਜੋ ਸਤਿਸੰਗਤ ਰੂਪੀ ਮੰਡਲ = ਮੱਟੀ ਵਿਚ ਹਰੀ ਦੇ ਲਿਵ ਵਿਚ ਪ੍ਰੇਮ ਰੂਪੀ ਜਲ ਪਾ ਕੇ, ਨਾਮ ਦਾ ਰੰਗ ਪਾ ਕੇ ਕਾਮਾਦਿਕ ਦੀਆਂ ਲੱਕੜਾਂ ਨੂੰ, ਜਪ ਤਪ ਰੂਪੀ ਅਗਨੀ ਨਾਲ ਸਾੜ ਕੇ, ਗਿਆਨ ਦਾ ਸੇਕ ਦੇ ਕੇ ਗੁਰਸਿੱਖਾਂ ਦੇ ਦੇਹ, ਮਨ ਰੂਪੀ ਬਸਤ੍ਰ ਨੂੰ ਮੰਡਾ = ਸਜਾਉਣਾ ਕਰਦੇ ਹਨ, ਭੂਖਸ਼ਿਤ, ਰੰਗਣਾ ਕਰਦੇ ਹਨ ॥੧॥

## ਕਰਿ ਸਾਧੂ ਅੰਜੁਲੀ; ਪੁੰਨੁ ਵਡਾ ਹੇ ॥

ਹੇ ਭਾਈ ! ਸਾਧੂ = ਸ੍ਰੇਸਟ ਸਤਿਗੁਰੂ ਸਾਹਿਬ **ਵਾ:** ਸੰਤ ਜਨਾਂ ਨੂੰ ਅੰਜੁਲੀ = ਦੋਵੇਂ ਹੱਥ ਜੋੜ ਕਰਕੇ ਨਮਸਕਾਰ ਕਰ, ਬੰਦਨਾ ਕਰ, ਇਸ ਦਾ ਬੜਾ ਵਡਾ = ਭਾਰੀ ਪੁੰਨ ਹੈ।

## ਕਰਿ ਡੰਡਉਤ; ਪੁਨੁ ਵਡਾ ਹੇ ॥੧॥ਰਹਾਉ॥

ਜੇਕਰ ਆਪਾ-ਭਾਵ ਗਵਾ ਕੇ ਗੁਰੂ ਜੀ ਅੱਗੇ ਡੰਡਉਤ = ਡੰਡੇਵੱਤ ਲੰਮਾ ਪੈ ਕਰਕੇ ਨਮਸਕਾਰ ਕਰੇ ਤਾਂ ਉਸ ਤੋਂ ਵੀ ਵੱਡਾ ਪੁੰਨ ਹੋਵੇਗਾ ॥੧॥ਰਹਾਉ॥

## ਸਾਕਤ ਹਰਿ ਰਸ ਸਾਦੁ ਨ ਜਾਨਿਆ; ਤਿਨ ਅੰਤਰਿ ਹਉਮੈ ਕੰਡਾ ਹੇ ॥

ਜੋ ਸਾਕਤ = ਸ਼ਕਤੀ ਦੇ ਉਪਾਸ਼ਕ, ਕਠੋਰ ਚਿਤ ਵਾਲੇ ਪੁਰਸ਼ ਹਨ, ਉਨ੍ਹਾਂ ਨੇ ਹਰਿ = ਹਰੀ ਪਰਮੇਸ਼ਰ ਦੇ ਰਸ = ਪ੍ਰੇਮ ਰਸ ਦੇ ਸਾਦੁ = ਸੁਆਦ ਨੂੰ ਨ = ਨਹੀਂ ਜਾਨਿਆ = ਜਾਨਣਾ ਕੀਤਾ। ਕਿਉਂਕਿ ਉਨ੍ਹਾਂ ਮਨਮੁਖ ਪੁਰਸ਼ਾਂ ਦੇ ਅੰਤਰਿ = ਅੰਦਰ ਭਾਵ ਅੰਤਸ਼ਕਰਣ ਵਿਚ ਹਉਮੈ ਦਾ ਕੰਡਾ ਹੈ। ਜਿਵੇਂ ਬੱਚਿਆਂ ਦੇ ਗਲ ਵਿਚ ਕੰਡਾ ਪੈ ਜਾਂਦਾ ਹੈ, ਉਹ ਰੋਟੀ ਆਦਿਕ ਨਹੀਂ ਖਾਂਦੇ। ਇਸੇ ਪ੍ਰਕਾਰ ਸਾਕਤ ਪੁਰਸ਼ਾਂ ਦੇ ਹਿਰਦੇ ਅੰਦਰ ਹਉਮੈ ਦਾ ਕੰਡਾ ਚੁੱਭਿਆ ਹੋਇਆ ਹੈ। ਜਿਸ ਕਰਕੇ ਨਿਸ਼ਕਾਮ ਕਰਮਾਂ ਰੂਪੀ ਦੁੱਧ, ਸਤਿਗੁਰੂ ਸਾਹਿਬ ਜੀ ਦੇ ਉਪਦੇਸ਼ ਰੂਪੀ ਪ੍ਰਸ਼ਾਦ ਅਤੇ ਦੈਵੀ ਗੁਣਾਂ ਦਾ ਰਸ ਪ੍ਰਾਪਤ ਨਹੀਂ ਕਰ ਸਕਦੇ। ਹਰ ਵੇਲੇ ਦੁਖੀ ਹੀ ਰਹਿੰਦੇ ਹਨ।

## ਜਿਉ ਜਿਉ ਚਲਹਿ, ਚੁਭੈ ਦੁਖੁ ਪਾਵਹਿ;
## ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥

ਜਿਉ ਜਿਉ = ਜਿਵੇਂ ਜਿਵੇਂ ਉਹ ਜੂਨਾਂ ਵਿਚ ਚਲਹਿ = ਚੱਲਦੇ ਹਨ, ਉਹ ਹਉਮੈ ਰੂਪੀ ਕੰਡਾ ਉਨ੍ਹਾਂ ਨੂੰ ਚੁਭਦਾ ਹੈ ਅਤੇ ਦੁਖ ਨੂੰ ਪਾਵਹਿ = ਪਾਉਂਦੇ ਹਨ ਅਤੇ ਜਦੋਂ ਜੂਨਾਂ ਵਿੱਚੋਂ ਛੁੱਟ ਕੇ ਪਰਲੋਕ ਵਿਚ ਜਾਂਦੇ ਹਨ ਤਾਂ ਜਮ ਜੋ ਸਾਰਿਆਂ ਦਾ ਕਾਲ ਕਰਨੇ ਵਾਲਾ ਹੈ, ਉਸ ਦਾ ਡੰਡਾ ਸਿਰ ਉੱਤੇ ਸਹਹਿ = ਸਹਾਰਦੇ ਹਨ

**ਵਾ**: ਅੰਤ ਨੂੰ ਜਮਾਂ ਦਾ, ਕਾਲ ਦਾ, ਲੋਕ ਡੰਡ, ਦੇਵ ਦੰਡ, ਪਿਤਰ ਦੰਡ, ਰਾਜ ਡੰਡ ਆਦਿ ਦੇ ਡੰਡ ਹਰ ਵੇਲੇ ਸਿਰ 'ਤੇ ਸਹਾਰਦੇ ਹਨ॥੨॥

***ਪ੍ਰਸ਼ਨ*** *: ਹੇ ਮਹਾਰਾਜ! ਕੀ ਰੱਬ ਦੇ ਪਿਆਰੇ ਆਪਣਾ ਅਪਜਸ ਸੁਣ ਕੇ ਸਰਾਪ ਆਦਿਕ ਦਿੰਦੇ ਹੋਣਗੇ?*
***ਉੱਤਰ*** *: ਨਹੀਂ!*

## ਹਰਿ ਜਨ, ਹਰਿ ਹਰਿ ਨਾਮਿ ਸਮਾਣੇ; ਦੁਖੁ ਜਨਮ ਮਰਣ ਭਵ ਖੰਡਾ ਹੇ ॥

ਜੋ ਹਰਿ = ਹਰੀ ਦੇ ਜਨ = ਭਗਤ ਜਨ, ਸੰਤ ਜਨ ਹਰਿ ਹਰਿ ਪਰਮੇਸ਼ਰ ਦਾ ਨਾਮ ਜਪਣ ਵਿਚ ਮਨ, ਬਾਣੀ, ਸਰੀਰ ਕਰ ਕੇ ਸਮਾਣੇ = ਮਸਤ ਹੋਏ ਰਹਿੰਦੇ ਹਨ, ਸਮਾਏ ਰਹਿੰਦੇ ਹਨ, ਉਹ ਕਿਸੇ ਨੂੰ ਸਰਾਪ ਆਦਿ ਨਹੀਂ ਦਿੰਦੇ ਅਤੇ ਭਵ = ਸੰਸਾਰ ਵਿਚ ਜੰਮਣ ਮਰਣ ਆਦਿ ਦੇ ਦੁੱਖਾਂ ਨੂੰ ਖੰਡਾ = ਕੱਟ ਭਾਵ ਨਾਸ ਕਰ ਦਿੰਦੇ ਹਨ **ਵਾ**: ਉਨ੍ਹਾਂ ਨੇ ਹੋਰਨਾਂ ਦਾ ਵੀ ਜਨਮ ਮਰਨ ਦਾ ਦੁਖ ਅਤੇ ਭਵ = ਭੈ ਖੰਡਾ = ਕੱਟ ਦਿੱਤਾ ਹੈ।

## ਅਬਿਨਾਸੀ ਪੁਰਖੁ ਪਾਇਆ ਪਰਮੇਸਰੁ; ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥

ਉਨ੍ਹਾਂ ਸੰਤ ਜਨਾਂ ਨੇ ਅਬਿਨਾਸੀ = ਨਾਸ ਤੋਂ ਰਹਿਤ ਪੁਰਖ = ਪੂਰਨ, ਵਿਆਪਕ ਪਰਮੇਸ਼ਰ ਨੂੰ ਪਾਇਆ = ਪਾ ਲਿਆ ਹੈ। ਉਨ੍ਹਾਂ ਮਹਾਪੁਰਖਾਂ ਦੀ ਖੰਡਾ = ਨੌਂ ਖੰਡਾਂ ਅਤੇ ਇੱਕੀ ਪੁਰੀਆਂ (ਸਤ ਦੀਪ, ਸੱਤ ਪਾਤਾਲ, ਸੱਤ ਆਕਾਸ਼) ਵਾਲੇ ਬ੍ਰਹਿਮੰਡ ਵਿਚ ਬਹੁ = ਬੜੀ ਭਾਰੀ ਸੋਭ = ਸੋਭਾ, ਜਸ, ਵਡਿਆਈ ਹੋ ਰਹੀ ਹੈ॥੩॥

## ਹਮ ਗਰੀਬ ਮਸਕੀਨ ਪ੍ਰਭ ਤੇਰੇ; ਹਰਿ ਰਾਖੁ ਰਾਖੁ ਵਡ ਵਡਾ ਹੇ ॥

ਉਹ ਅਤੀ ਨਿਮਰਤਾ ਵਿਚ ਆਪਣੇ ਮੂੰਹੋਂ ਬੋਲਦੇ ਹਨ ਕਿ ਹੇ ਵਾਹਿਗੁਰੂ! ਅਸੀਂ ਤੇਰੇ ਗ਼ਰੀਬ ਤੋਂ ਵੀ ਮਸਕੀਨ = ਅਤਿਅੰਤ ਗ਼ਰੀਬ ਸੇਵਕ ਹਾਂ ਕਿਉਂਕਿ ਸਾਡੇ ਕੋਲ ਸ਼ੁਭ ਗੁਣਾਂ ਰੂਪ, ਨਾਮ ਰੂਪ ਧਨ ਨਹੀਂ ਹੈ। ਹੇ ਹਰੀ ਸਾਨੂੰ ਰਾਖੁ ਰਾਖੁ = ਰੱਖ ਲਓ, ਰੱਖ ਲਓ, ਆਪ ਜੀ ਵੱਡਿਆਂ ਤੋਂ ਵੱਡੇ ਹੋ **ਵਾ**: ਹੇ ਹਰੀ ਜਿਵੇਂ ਤੁਸੀਂ ਆਪਣੇ ਹੋਰਨਾਂ ਭਗਤਾਂ ਨੂੰ ਰਾਖੁ = ਰੱਖਿਆ ਹੈ, ਉਵੇਂ ਹੀ ਸਾਡੀ ਰਾਖੁ = ਰੱਖਿਆ ਕਰੋ, ਤੁਸੀਂ ਵੱਡਿਆਂ ਤੋਂ ਵੱਡੇ ਹੋ **ਵਾ**: ਰਾਖੁ = ਮਿੱਟੀ, ਆਦਿਕ ਪੰਜਾਂ ਤੱਤਾਂ ਦੀ ਦੇਹ ਦੇ ਅਧਿਆਸ ਤੋਂ ਰਾਖੁ = ਰੱਖ ਲਉ। ਆਪ ਜੀ ਬ੍ਰਹਮਾ, ਸ਼ਿਵ, ਵਿਸ਼ਨੂੰ ਆਦਿਕ ਵੱਡਿਆਂ ਤੋਂ ਵੱਡੇ ਹੋ **ਵਾ**: ਹੇ ਹਰੀ! ਲਾਹਨਤਾਂ ਦੀ ਰਾਖੁ = ਸੁਆਹ ਪਾਉਣ ਵਾਲੇ ਕਾਮਾਦਿਕ ਵਿਕਾਰਾਂ ਤੋਂ ਰਾਖੁ = ਰੱਖਿਆ ਕਰੋ, ਆਪ ਵੱਡਿਆਂ ਤੋਂ ਵੱਡੇ ਹੋ।

## ਜਨ ਨਾਨਕ ਨਾਮੁ ਅਧਾਰੁ ਟੇਕ ਹੈ; ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੮॥੨੨॥੬੦॥

ਸਤਿਗੁਰੂ ਸਾਹਿਬ ਜੀ ਉਚਾਰਨ ਕਰਦੇ ਹਨ ਕਿ ਹੇ ਪ੍ਰਭੂ! ਸਾਡੇ ਜਨ = ਦਾਸਾਂ ਦੇ ਮਨ ਵਿਚ ਤੇਰੇ ਨਾਮ ਦਾ ਅਧਾਰ = ਆਸਰਾ ਹੈ। ਸਾਡੇ ਤਨ ਵਿਚ ਵੀ ਤੇਰੇ ਨਾਮ ਦੀ ਟੇਕ = ਓਟ ਹੈ **ਵਾ**: ਇਸ ਲੋਕ ਵਿਚ ਵੀ ਨਾਮ ਦਾ ਅਧਾਰੁ = ਆਸਰਾ ਹੈ ਅਤੇ ਪਰਲੋਕ ਵਾਸਤੇ ਵੀ ਆਪ ਜੀ ਦੇ ਨਾਮ ਦੀ ਟੇਕ = ਓਟ ਹੈ।

ਹੇ ਹਰਿ = ਹਰੀ! ਤੇਰੇ ਨਾਮੇ = ਨਾਮ ਕਰਕੇ ਹੀ ਭਗਤ ਜਨਾਂ ਨੂੰ ਸੁਖ ਬਣਦਾ ਹੈ **ਵਾ**: ਨਾਮ ਕਰਕੇ ਸੁਖ ਵਿਚ ਮੰਡਾ = ਸੱਜ ਰਹੇ ਹਨ **ਅਥਵਾ** ਹੇ ਵਾਹਿਗੁਰੂ ਪਿੱਛੇ ਭੂਤਕਾਲ ਵਿਚ ਵੀ ਆਪ ਜੀ ਦੇ ਨਾਮ ਦਾ ਹੀ ਅਧਾਰੁ = ਆਸਰਾ ਸੀ, ਹੁਣ ਵਰਤਮਾਨ ਕਾਲ ਵਿਚ ਵੀ ਆਪ ਜੀ ਦੇ ਨਾਮ ਦੀ ਹੀ ਟੇਕ = ਓਟ ਹੈ ਅਤੇ ਅੱਗੇ ਭਵਿੱਖ ਕਾਲ ਵਿਚ ਵੀ ਨਾਮ ਕਰਕੇ ਹੀ ਸੁਖ ਪਾਵਾਂਗੇ।

ਇਸ ਪ੍ਰਕਾਰ ਸਤਿਗੁਰੂ ਸਾਹਿਬ ਜੀ ਨੇ ਜ਼ਿਮੀਂਦਾਰ ਦੇ ਵਿਕਾਰ ਮੇਟ ਕੇ ਉਸ ਨੂੰ ਨਿਹਾਲ ਕੀਤਾ॥੪॥੮॥੨੨॥੬੦॥

# ਗਉੜੀ ਪੂਰਬੀ, ਮਹਲਾ ੪ ॥

***ਪ੍ਰਸ਼ਨ :*** *ਸਿੱਖਾਂ ਨੇ ਪੁੱਛਿਆ ਕਿ ਸਤਿਗੁਰੂ ਸਾਹਿਬ ਜੀ ! ਪਰਮਾਤਮਾ ਕਿਥੇ ਵਸਦਾ ਹੈ ?*

***ਉੱਤਰ :*** ਸਤਿਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ :

## ਇਸੁ ਗੜ ਮਹਿ ਹਰਿ ਰਾਮ ਰਾਇ ਹੈ; ਕਿਛੁ ਸਾਦੁ ਨ ਪਾਵੈ ਧੀਠਾ ॥

(**'ਗੜ'** ਭਾਰਾ ਬੋਲੋ)

ਹੇ ਭਾਈ ! ਇਸ ਸੰਸਾਰ ਰੂਪੀ ਗੜ = ਕਿਲ੍ਹੇ ਮਹਿ = ਵਿਚ ਹਰਿ = ਹਰ ਥਾਂ 'ਤੇ ਪਰੀਪੂਰਨ, ਵਿਆਪਕ ਰਾਮ = ਪਰਮੇਸ਼ਰ ਰਾਇ = ਰਾਜਾ ਰੂਪ ਹੋ ਕੇ ਬਿਰਾਜਮਾਨ ਹੈ।

**ਵਾ:** ਇਸ ਸਰੀਰ ਰੂਪੀ ਗੜ = ਕਿਲ੍ਹੇ ਵਿਚ ਹਰੀ ਰਾਮ ਰਾਜਾ ਵਿਆਪਕ ਹੈ।

**ਵਾ:** ਦਸਵੇਂ ਦੁਆਰ ਰੂਪੀ ਗੜ = ਕਿਲ੍ਹੇ ਵਿਚ ਹਰੀ ਰਾਮ ਰਾਜਾ ਹੈ।

**ਵਾ:** ਹਿਰਦੇ ਰੂਪੀ ਗੜ = ਕਿਲ੍ਹੇ ਵਿਚ ਵੀ ਹਰੀ ਰਾਮ ਰਾਜਾ ਹੈ।

**ਵਾ:** ਤੁਰੀਆਪਦ ਰੂਪੀ ਗੜ = ਕਿਲ੍ਹੇ ਵਿਚ ਵੀ ਹਰੀ ਰਾਮ ਰਾਜਾ ਹੈ।

**ਵਾ:** ਸਾਧਸੰਗਤ ਰੂਪੀ ਗੜ = ਕਿਲ੍ਹੇ ਵਿਚ ਵੀ ਹਰੀ ਰਾਮ ਰਾਜਾ ਬਿਰਾਜਮਾਨ ਹੈ। ਪਰ ਧੀਠਾ = ਕਠੋਰ ਚਿਤ ਵਾਲਾ ਹਠੀ ਪੁਰਸ਼ ਉਸ ਪਰਮੇਸ਼ਰ ਦੇ ਪ੍ਰੇਮ ਰਸ ਦੇ ਸਾਦੁ = ਸੁਆਦ ਅਨੰਦ ਨੂੰ ਪਾਵੈ = ਪ੍ਰਾਪਤ ਨ = ਨਹੀਂ ਕਰਦਾ।

## ਹਰਿ ਦੀਨ ਦਇਆਲਿ ਅਨੁਗ੍ਰਹੁ ਕੀਆ; ਹਰਿ ਗੁਰ ਸਬਦੀ ਚਖਿ ਡੀਠਾ ॥੧॥

ਹੇ ਹਰਿ = ਹਰੀ ਜਿਨ੍ਹਾਂ ਦੀਨ = ਗ਼ਰੀਬਾਂ ਦੇ ਸਿਰ ਉੱਤੇ ਆਪ ਜੀ ਨੇ ਦਇਆਲੂ ਹੋ ਕੇ ਅਨੁਗ੍ਰਹੁ = ਕ੍ਰਿਪਾ ਦਾ ਹੱਥ ਰੱਖਣਾ ਕੀਆ = ਕੀਤਾ ਹੈ, ਉਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਸਬਦੀ = ਉਪਦੇਸ਼ ਦੁਆਰਾ ਹਰੀ ਦੇ ਨਾਮ ਰਸ ਨੂੰ ਚੱਖ ਕੇ ਡੀਠਾ = ਵੇਖਣਾ ਕੀਤਾ ਹੈ **ਵਾ:** ਧਾਰਨ ਕਰ ਕੇ ਪ੍ਰਕਾਸ਼ ਸਰੂਪ ਕਰ ਕੇ ਦੇਖ ਲਿਆ ਹੈ ॥੧॥

## ਰਾਮ, ਹਰਿ ਕੀਰਤਨੁ; ਗੁਰ ਲਿਵ ਮੀਠਾ ॥੧॥ਰਹਾਉ॥

ਰਾਮ = ਹੇ ਭਾਈ ! ਜਿਨ੍ਹਾਂ ਦੀ ਲਿਵ ਗੁਰੂ ਸਾਹਿਬ ਜੀ ਨੇ ਲਗਾ ਦਿੱਤੀ ਹੈ **ਵਾ:** ਜਿਨ੍ਹਾਂ ਦੀ ਲਿਵ = ਬਿਰਤੀ ਹਰ ਵੇਲੇ ਗੁਰ = ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਲੱਗੀ ਹੋਈ, ਜੁੜੀ ਹੋਈ ਹੈ, ਉਨ੍ਹਾਂ ਨੂੰ ਹੀ ਹਰੀ ਦਾ ਕੀਰਤਨ ਮਿੱਠਾ ਲੱਗਦਾ ਹੈ **ਵਾ:** ਹਰੀ ਦੇ ਕੀਰਤਨ ਵਿੱਚੋਂ ਮੀਠਾ = ਮਿੱਠਾ ਅਨੰਦ ਪ੍ਰਾਪਤ ਹੁੰਦਾ ਹੈ ॥੧॥ਰਹਾਉ॥

## ਹਰਿ ਅਗਮੁ ਅਗੋਚਰੁ ਪਾਰਬ੍ਰਹਮੁ ਹੈ;
## ਮਿਲਿ ਸਤਿਗੁਰ ਲਾਗਿ ਬਸੀਠਾ ॥

ਹੇ ਭਾਈ ! ਜੋ ਹਰੀ ਪਿੱਛੇ ਵੀ ਅਗਮ = ਮਨ ਦੀ ਗੰਮਤਾ ਤੋਂ ਰਹਿਤ ਸੀ, ਹੁਣ ਵੀ ਅਗੋਚਰੁ = ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹੇ ਹੈ ਅਤੇ ਅੱਗੇ ਵੀ ਪਾਪਾਂ ਪੁੰਨਾਂ ਤੋਂ ਪਰ੍ਹੇ ਬ੍ਰਹਮ = ਵਿਆਪਕ ਸਰੂਪ ਪਰਮੇਸ਼ਰ ਹੈ।

ਉਸ ਵਿਆਪਕ ਪਰਮੇਸ਼ਰ ਵਿਚ ਸਤਿਗੁਰੂ ਸਾਹਿਬ ਬਸੀਠਾ = ਵਿਚੋਲੇ ਨਾਲ ਮਿਲ ਕਰਕੇ ਪ੍ਰੇਮ ਦੀ ਲਾਗਿ = ਲਗਨ ਲੱਗਦੀ ਹੈ।

## ਜਿਨ ਗੁਰ ਬਚਨ ਸੁਖਾਨੇ ਹੀਅਰੈ; ਤਿਨ ਆਗੈ ਆਣਿ ਪਰੀਠਾ ॥੨॥

ਜਿਨ = ਜਿਨ੍ਹਾਂ ਦੇ ਹਿਰਦੇ ਵਿਚ ਗੁਰੂ ਸਾਹਿਬ ਜੀ ਦੇ ਬਚਨ = ਉਪਦੇਸ਼ ਸੁਖਾਨੇ = ਸਖਾਏ ਹਨ, ਭਾਵ ਚੰਗੇ ਲੱਗੇ ਹਨ, ਉਨ੍ਹਾਂ ਦੀ ਸ਼ਰਧਾ ਰੂਪੀ ਥਾਲੀ ਵਿਚ ਸਤਿਗੁਰੂ ਜੀ ਨੇ ਗਿਆਨ ਰੂਪੀ ਭੋਜਨ ਪਰੀਠਾ = ਪਰੋਸ

ਦਿੱਤਾ ਹੈ **ਵਾ:** ਸ੍ਰਵਣ, ਮੰਨਣ, ਨਿਧਿਆਸਣ ਗਿਆਨ, ਸਾਖਸ਼ਾਤ ਗਿਆਨ ਰੂਪੀ ਭੋਜਨ ਪਰੀਠਾ = ਪਰੋਸਣਾ ਕੀਤਾ ਹੈ ॥੨॥ ਜੈਸਾ ਕਿ :

**ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥** *(ਗਉੜੀ ਸੁਖਮਨੀ ਮ: ੫, ਅੰਗ ੨੭੩)*

## ਮਨਮੁਖ ਹੀਅਰਾ ਅਤਿ ਕਠੋਰੁ ਹੈ; ਤਿਨ ਅੰਤਰਿ ਕਾਰ ਕਰੀਠਾ ॥

ਮਨਮੁਖ ਪੁਰਸ਼ਾਂ ਦਾ ਹੀਅਰਾ = ਹਿਰਦਾ ਅਤਿ = ਬਹੁਤ ਹੀ ਕਠੋਰੁ = ਕਰੜਾ, ਸਖ਼ਤ ਹੈ। ਉਨ੍ਹਾਂ ਦਾ ਅੰਤਰਿ = ਅੰਤਸ਼ਕਰਣ ਵੀ ਕਾਰ ਕਰੀਠਾ = ਕਾਲਾ ਕਲੋਟ, ਕਾਲਾ ਕੱਟ ਹੈ **ਵਾ:** (ਕਾਰਕ ਰੀਠਾ) ਰੀਠੇ ਵਾਂਗੂੰ ਕਾਰਕ = ਕੌੜਾ ਚਿੱਤ ਹੈ।

## ਬਿਸੀਅਰ ਕਉ ਬਹੁ ਦੂਧੁ ਪੀਆਈਐ; ਬਿਖੁ ਨਿਕਸੈ ਫੋਲਿ ਫੁਲੀਠਾ ॥੩॥

**ਦਿਸ਼ਟਾਂਤ :** ਜੇਕਰ ਬਿਸੀਅਰ = ਸੱਪ ਨੂੰ ਬਹੁ = ਬਹੁਤ ਸਾਰਾ ਦੁੱਧ ਪੀਆਈਐ = ਪਿਆਉਂਦੇ ਰਹੀਏ, ਪਰ ਜਦੋਂ ਉਸ ਨੂੰ ਫੋਲਿ = ਫੌਲਿਆ ਤੇ ਫੁਲੀਠਾ = ਫੋਲ ਤੇ ਵੇਖਿਆ ਤਾਂ ਉਸ ਦੇ ਫੁੰਕਾਰਾ ਮਾਰਨ 'ਤੇ ਅੰਦਰੋਂ ਬਿਖੁ = ਵਿਹੁ ਹੀ ਨਿਕਸੈ = ਨਿਕਲਦੀ ਹੈ ॥੩॥ ਜੈਸਾ ਕਿ :

**ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥** *(ਸੂਹੀ ਮ: ੩, ੭੫੫ ਅੰਗ)*

**ਦਾ ਦ੍ਰਿਸ਼ਟਾਂਤ :** ਏਸੇ ਪ੍ਰਕਾਰ ਮਨਮੁਖ, ਵਿਕਾਰੀ ਪੁਰਸ਼ ਰੂਪੀ ਬਿਸੀਅਰ = ਸੱਪ ਨੂੰ ਨਿਸ਼ਕਾਮ ਕਰਮਾਂ ਦਾ ਉਪਦੇਸ਼ ਰੂਪੀ ਦੁੱਧ ਪਿਆਉਂਦੇ ਰਹੀਏ ਪਰ ਜਦ ਅੰਤ ਨੂੰ ਉਸ ਦੀ ਫੋਲ ਨੂੰ ਫੋਲੀਏ ਭਾਵ ਗੱਲਬਾਤ ਕਰੀਏ ਤਾਂ ਮੁੱਖ ਵਿੱਚੋਂ ਵਿਸ਼ਿਆਂ ਰੂਪੀ ਵਿਹੁ ਹੀ ਨਿਕਲਦੀ ਹੈ, ਉਹ ਕਾਮਨਾ ਤੋਂ ਰਹਿਤ ਨਿਸ਼ਕਾਮੀ ਨਹੀਂ ਹੁੰਦੇ।

## ਹਰਿ ਪ੍ਰਭ, ਆਨਿ ਮਿਲਾਵਹੁ ਗੁਰੁ ਸਾਧੂ; ਘਸਿ ਗਰੁੜੁ ਸਬਦੁ ਮੁਖਿ ਲੀਠਾ ॥

ਹੇ ਹਰੀ ਪ੍ਰਭੂ ! ਸਾਨੂੰ ਇਸ ਮਨੁੱਖਾ ਜਨਮ ਵਿਚ ਗੁਰੂ ਸਾਹਿਬ ਅਤੇ ਸਾਧੂ = ਸੰਤ ਜਨਾਂ **ਵਾ:** ਸਾਧੂ = ਸ੍ਰੇਸ਼ਟ ਗੁਰੂ ਸਾਹਿਬ ਜੀ ਦੀ ਸੰਗਤ ਵਿਚ ਆਨਿ = ਲਿਆ ਕੇ ਮਿਲਾਵਹੁ = ਮਿਲਾਉਣਾ ਕਰੋ। ਜਿਸ ਕਰਕੇ ਗੁਰੂ ਸਾਹਿਬ ਜੀ ਦੇ ਸਬਦੁ = ਉਪਦੇਸ਼ ਰੂਪੀ ਗਰੁੜ ਮੰਤ੍ਰ ਨੂੰ ਲੀਠਾ = ਪ੍ਰਾਪਤ ਕਰ ਕੇ ਘਸਿ = ਉਚਾਰਨਾ, ਜਪਣਾ ਕਰੀਏ **ਅਥਵਾ** ਜਿਸ ਪ੍ਰਕਾਰ ਗਰੁੜ ਮੰਤ੍ਰ ਨੂੰ ਪੜ੍ਹਨੇ ਕਰ ਕੇ ਸੱਪ ਵਸ ਵਿਚ ਆ ਜਾਂਦੇ **ਵਾ:** ਗਰੁੜ ਇਕ ਬੂਟੀ ਹੈ, ਜਿਸ ਦੇ ਘਸਾ ਕੇ ਮੂੰਹ ਵਿਚ ਲੈਣ ਕਰਕੇ ਸੱਪਾਂ ਦੀ ਜ਼ਹਿਰ ਨਹੀਂ ਚੜ੍ਹਦੀ। ਏਸੇ ਪ੍ਰਕਾਰ ਸੰਤਾਂ ਮਹਾਂਪੁਰਖਾਂ ਨਾਲ ਮਿਲ ਕਰ ਕੇ ਜੋ ਨਾਮ ਦਾ ਅਭਿਆਸ ਕਰਨਾ ਹੈ, ਇਹੀ ਬੂਟੀ ਦਾ ਘਸਾਉਣਾ ਹੈ ਅਤੇ ਗੁਰੂ ਸਾਹਿਬ ਜੀ ਦਾ ਸਬਦ ਗਰੁੜ ਮੰਤ੍ਰ ਦੀ ਨਿਆਈਂ ਹੈ, ਜਿਸ ਨੂੰ ਮੂੰਹ ਦੁਆਰਾ ਲੀਠਾ = ਲੈਣ ਨਾਲ ਭਾਵ ਜਪਣ ਨਾਲ ਮਨ ਰੂਪੀ ਸੱਪ ਵਸ ਵਿਚ ਆ ਜਾਂਦਾ ਹੈ ਅਤੇ ਵਿਸ਼ਿਆਂ ਰੂਪੀ ਜ਼ਹਿਰ ਚੜ੍ਹਦੀ ਨਹੀਂ, ਸਾਰੀ ਉਤਰ ਜਾਂਦੀ ਹੈ।

## ਜਨ ਨਾਨਕ ਗੁਰ ਕੇ ਲਾਲੇ ਗੋਲੇ; ਲਗਿ ਸੰਗਤਿ ਕਰੂਆ ਮੀਠਾ ॥੪॥੯॥੨੩॥੬੧॥

ਸਤਿਗੁਰੂ ਸਾਹਿਬ ਜੀ ਉਚਾਰਨ ਕਰਦੇ ਹਨ ਕਿ ਜੋ ਜਨ = ਪੁਰਖ ਗੁਰੂ ਜੀ ਦੇ ਲਾਲੇ ਗੋਲੇ = ਦਾਸਾਂ ਦੇ ਦਾਸ, ਸੇਵਕਾਂ ਦੇ ਸੇਵਕ ਹਨ, ਉਨ੍ਹਾਂ ਦਾ ਸਤਿਗੁਰੂ ਜੀ ਦੀ ਸੰਗਤ ਨਾਲ ਲੱਗਣ ਕਰ ਕੇ ਜੋ ਕਰੂਆ = ਕੌੜਾ ਸੁਭਾਅ ਸੀ, ਉਹ ਮਿੱਠਾ ਹੋ ਗਿਆ ਹੈ **ਅਥਵਾ** ਬਾਹਰਮੁਖ ਬਿਰਤੀ ਹੋਣ ਕਰਕੇ ਸਤਿ ਸੰਤੋਖ ਆਦਿ ਦੈਵੀ ਗੁਣ ਜੋ ਕਰੂਆ = ਕੌੜੇ ਲੱਗਦੇ ਸਨ, ਸਤਿਗੁਰਾਂ ਦੀ ਸੰਗਤ ਵਿਚ ਲਾਗਿ = ਮਿਲਣੇ ਕਰਕੇ ਉਹ ਮੀਠੇ = ਮਿੱਠੇ ਲੱਗਣ ਲੱਗ ਪਏ ਅਤੇ ਕਾਮਾਦਿਕ ਵਿਕਾਰ ਜੋ ਮੀਠੇ = ਮਿੱਠੇ ਲੱਗਦੇ ਸਨ, ਉਹ ਕਰੂਆ = ਕੌੜੇ ਭਾਵ ਦੁਖਦਾਈ ਜਾਣ ਕੇ ਤਿਆਗ ਦਿੱਤੇ ॥੪॥੯॥੨੩॥੬੧॥

ਜਿਵੇਂ ਗੁਰੂ ਸਾਹਿਬ ਜੀ ਦੀ ਸੰਗਤ ਨਾਲ ਮਿਲ ਕੇ ਕੌੜਾ ਰੀਠਾ ਮਿੱਠਾ ਹੋ ਗਿਆ ਸੀ। ਸਿੱਧਾਂ ਨੇ ਕਿਹਾ ਕਿ ਮਹਾਰਾਜ ਸਾਡੇ ਵੱਲ ਤਾਂ ਕੌੜਾ ਹੈ। ਸਿੱਧਾਂ ਨੂੰ ਗੁਰੂ ਸਾਹਿਬ ਜੀ ਨੇ ਕਿਹਾ ਕਿ ਸਿੱਧੋ ਆਪਣੇ ਵਾਲਾ ਪਾਸਾ ਮਿੱਠਾ ਕਰ ਲਉ। ਸਿੱਧਾਂ ਨੇ ਬਥੇਰੀ ਸ਼ਕਤੀ ਅਜ਼ਮਾਈ ਪਰ ਨਾ ਕਰ ਸਕੇ। ਗੁਰੂ ਜੀ ਕਹਿੰਦੇ ਕਿ ਸਾਡੇ ਵਾਲੇ ਪਾਸੇ ਤਾਂ ਰੀਠੇ ਮਿੱਠੇ ਹਨ। ਜਦੋਂ ਮਛਿੰਦਰ ਨਾਥ ਨੇ ਤੋੜ ਕੇ ਖਾਧੇ ਤਾਂ ਰੀਠੇ ਮਿੱਠੇ ਸਨ। ਉਹ ਰੀਠੇ ਦਾ ਕੌੜਾ ਟਾਹਣਾ ਟੁੱਟ ਗਿਆ ਸੀ। ਮਹਾਰਾਜ ਦਾ ਮਿੱਠਾ ਕੀਤਾ ਰੀਠੇ ਦਾ ਅੱਧਾ ਦਰੱਖ਼ਤ ਕਾਫ਼ੀ ਚਿਰ ਤਕ ਖੜਾ ਰਿਹਾ। ਫਿਰ ਉੱਨੀ ਸੌ ਸੰਤਾਲੀ (੧੯੪੭) ਵਿਚ ਜੜ੍ਹਾਂ ਤੋਂ ਉੱਖੜ ਗਿਆ ਸੀ। ਹੁਣ ਹੋਰ ਰੀਠਾ ਹਰਾ ਹੋਇਆ ਹੈ, ਜਿਸ ਨੂੰ ਰੀਠੇ ਲੱਗਦੇ ਹਨ।

ਇਸ ਪ੍ਰਕਾਰ ਸਤਿਗੁਰੂ ਜੀ ਦੀ ਸੰਗਤ ਨਾਲ ਮਿਲ ਕੇ ਕੌੜੇ ਰੀਠੇ ਵੀ ਮਿੱਠੇ ਹੋ ਗਏ। ਇਉਂ ਕੌੜੇ ਮਨ ਨੂੰ ਸੰਗਤ ਨਾਲ ਮਿਲਾ ਕੇ ਵਾਹਿਗੁਰੂ ਦੇ ਪ੍ਰੇਮ ਵਾਲਾ ਮਿੱਠਾ ਬਣਾਉ।

## ਗਉੜੀ ਪੂਰਬੀ, ਮਹਲਾ ੪ ॥

## ਹਰਿ ਹਰਿ ਅਰਥਿ, ਸਰੀਰੁ ਹਮ ਬੇਚਿਆ; ਪੂਰੇ ਗੁਰ ਕੈ ਆਗੇ ॥

ਹਰਿ ਹਰਿ ਪਰਮੇਸ਼ਰ ਦੀ ਪ੍ਰਾਪਤੀ ਦੇ ਅਰਥਿ = ਵਾਸਤੇ ਹਮ = ਅਸੀਂ ਆਪਣਾ ਸਰੀਰ ਪੂਰੇ = ਪੂਰਨ ਸਤਿਗੁਰੂ ਸਾਹਿਬ ਜੀ ਕੈ = ਦੇ ਆਗੈ = ਅੱਗੇ ਬੇਚਿਆ = ਵੇਚ ਦਿੱਤਾ ਹੈ।

## ਸਤਿਗੁਰ ਦਾਤੈ ਨਾਮੁ ਦਿੜਾਇਆ;
## ਮੁਖਿ ਮਸਤਕਿ ਭਾਗ ਸਭਾਗੇ ॥੧॥

ਦਾਤੈ = ਦਾਨੀ ਸਤਿਗੁਰਾਂ ਨੇ ਅੰਮ੍ਰਿਤ ਨਾਮ ਸਾਡੇ ਹਿਰਦੇ ਵਿਚ ਦਿੜਾਇਆ = ਦ੍ਰਿੜ੍ਹ ਕਰਵਾ ਦਿੱਤਾ, ਵਸਾ ਦਿੱਤਾ ਹੈ। ਸਾਡੇ ਮੁਖ ਅਤੇ ਮਸਤਕਿ = ਮੱਥੇ ਦੇ ਪੂਰਬਲੇ ਚੰਗੇ ਭਾਗ ਹੋਣ ਕਰਕੇ ਸਭਾਗੇ = ਸ੍ਰੇਸ਼ਟ ਭਾਗਾਂ ਵਾਲੇ ਬਣ ਗਏ ਹਾਂ **ਵਾ:** ਮੁਖਿ = ਮੁਖੀ ਸਤਿਗੁਰਾਂ ਨੇ ਸਾਡੇ ਅੰਤਸ਼ਕਰਣ ਰੂਪੀ ਮਸਤਕਿ = ਮੱਥੇ ਦੇ ਅੰਦਰ ਪ੍ਰੇਮ ਰੂਪੀ ਭਾਗ = ਛਾਂਦਾ (ਵਰਤਾਰਾ) ਦਿੱਤਾ ਤਾਂ ਅਸੀਂ (ਸ+ਭਾਗੇ) ਸ = ਸ੍ਰੇਸ਼ਟ ਭਾਗੇ = ਭਾਗਾਂ ਵਾਲੇ ਬਣ ਗਏ ॥੧॥

[ਅੰਗ ੧੭੨]

## ਰਾਮ; ਗੁਰਮਤਿ ਹਰਿ ਲਿਵ ਲਾਗੇ ॥੧॥ਰਹਾਉ॥

ਰਾਮ = ਹੇ ਭਾਈ! ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਹੀ ਹਰਿ = ਅਕਾਲ ਪੁਰਖ ਦੇ ਨਾਮ ਵਿਚ ਲਿਵ = ਬਿਰਤੀ ਲੱਗਦੀ ਹੈ ॥੧॥ਰਹਾਉ॥

## ਘਟਿ ਘਟਿ ਰਮਈਆ, ਰਮਤ ਰਾਮ ਰਾਇ;
## ਗੁਰ ਸਬਦਿ ਗੁਰੂ ਲਿਵ ਲਾਗੇ ॥

ਘਟਿ ਘਟਿ = ਚਾਰੇ ਖਾਣੀਆਂ **ਵਾ:** ਸਾਰੇ ਘਟਿ = ਸਰੀਰਾਂ ਅਤੇ ਘਟਿ = ਅੰਤਹਕਰਣਾਂ ਵਿਚ ਰਮਈਆ = ਰਮਿਆ ਹੋਇਆ ਰਾਮਰਾਇ = ਰਾਜਾ ਸਰੂਪ ਪਰਮੇਸ਼ਰ ਰਮਤ = ਵਿਆਪਕ ਹੋ ਰਿਹਾ ਹੈ। ਪਰ ਗੁਰ ਸਬਦਿ = ਉਪਦੇਸ਼ ਦੁਆਰਾ ਹੀ ਉਸ ਗੁਰੂ = ਪੂਜਯ ਪਰਮੇਸ਼ਰ ਵਿਚ ਲਿਵ = ਬਿਰਤੀ ਲਾਗੇ = ਲੱਗ ਜਾਂਦੀ ਹੈ **ਵਾ:** ਜੋ ਗੁਰੂ ਜੀ ਦੇ ਸ਼ਬਦ ਵਿਚ ਜੁੜੇ ਹਨ, ਉਨ੍ਹਾਂ ਦੀ ਸਤਿਗੁਰਾਂ ਦੇ ਚਰਨ ਕਮਲਾਂ ਨਾਲ ਲਿਵ = ਬਿਰਤੀ ਲਾਗੇ = ਲੱਗ ਜਾਂਦੀ ਹੈ, ਜੁੜ ਜਾਂਦੀ ਹੈ।

## ਹਉ ਮਨੁ ਤਨੁ ਦੇਵਉ, ਕਾਟਿ ਗੁਰੂ ਕਉ; ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ ॥੨॥

ਹਉ = ਮੈਂ ਆਪਣਾ ਮਨ ਤੇ ਤਨ ਦਾ ਮਾਣ ਕੱਟ ਕੇ ਗੁਰਾਂ ਕਉ = ਨੂੰ ਭੇਟਾ ਕਰ ਦੇਵਉ = ਦੇਵਾਂ ਤਾਂ ਜੋ ਗੁਰੂ ਸਾਹਿਬ ਜੀ ਦੇ ਬਚਨੀ = ਉਪਦੇਸ਼ ਕਰ ਕੇ ਮੇਰਾ ਪੰਜ ਪ੍ਰਕਾਰ ਦਾ ਭਰਮ ਅਤੇ ਸੱਤ ਪ੍ਰਕਾਰ ਦਾ ਭਉ = ਭੈਅ ਭਾਗੇ = ਭੱਜ ਜਾਵੇ, ਨਾਸ ਹੋ ਜਾਵੇ ॥੨॥

## ਅੰਧਿਆਰੈ, ਦੀਪਕ ਆਨਿ ਜਲਾਏ;
## ਗੁਰ ਗਿਆਨਿ ਗੁਰੂ, ਲਿਵ ਲਾਗੇ ॥

**ਦ੍ਰਿਸ਼ਟਾਂਤ :** ਜਿਵੇਂ ਘਰ ਦੇ ਅੰਦਰ ਅੰਧਿਆਰੈ = ਹਨੇਰੇ ਵਿਚ ਦੀਪਕ = ਦੀਵਾ ਆਨਿ = ਲਿਆ ਕਰ ਕੇ ਜਲਾਏ = ਜਗਾ ਦੇਈਏ ਤਾਂ ਚਾਨਣ ਹੋ ਜਾਂਦਾ ਹੈ।

**ਦਾ ਦ੍ਰਿਸ਼ਟਾਂਤ :** ਇਸੇ ਪ੍ਰਕਾਰ ਜਦ ਅੰਤਸ਼ਕਰਣ ਰੂਪੀ ਘਰ ਦੇ ਅੰਦਰ ਅਗਿਆਨ ਰੂਪੀ ਅੰਧਿਆਰੈ = ਹਨੇਰੇ ਵਿਚ ਗੁਰੂ ਸਾਹਿਬ ਜੀ ਨੇ ਗਿਆਨ ਰੂਪੀ ਦੀਪਕ = ਦੀਵਾ ਆਨਿ = ਲਿਆ ਕੇ ਜਲਾਏ = ਜਲਾਉਣਾ ਕੀਤਾ ਤਦੋਂ ਗੁਰੂ = ਪੂਜਣ ਜੋਗ ਪਰਮੇਸ਼ਰ ਵਿਚ ਲਿਵ = ਬਿਰਤੀ ਲਾਗੇ = ਲੱਗ ਗਈ। ਭਾਵ ਸੰਸਾਰਾਕਾਰ ਤੋਂ ਬ੍ਰਹਮਾਕਾਰ ਹੋ ਗਈ **ਵਾ:** ਜਿਨ੍ਹਾਂ ਦੀ ਗੁਰਾਂ ਦੇ ਉਪਦੇਸ਼ ਨਾਲ ਬਿਰਤੀ ਲੱਗੀ ਹੈ ਉਨ੍ਹਾਂ ਨੂੰ ਗੁਰ ਗਿਆਨ = ਵੱਡੇ ਗਿਆਨ ਭਾਵ ਅਪ੍ਰੋਖ ਗਿਆਨ ਰੂਪੀ ਦੀਵੇ ਦੀ ਪ੍ਰਾਪਤੀ ਹੋ ਗਈ ਹੈ।

## ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ; ਘਰਿ ਵਸਤੁ ਲਹੀ ਮਨ ਜਾਗੇ ॥੩॥

ਜੋ ਅਗਿਆਨ ਦਾ ਅੰਧੇਰਾ = ਹਨੇਰਾ ਜਗਤ ਨੂੰ ਬਿਨਸਿ = ਨਾਸ ਕਰਨ ਵਾਲਾ ਸੀ, ਉਸ ਨੂੰ ਸਤਿਗੁਰੂ ਸਾਹਿਬ ਜੀ ਨੇ ਬਿਨਾਸਿਓ = ਵਿਸ਼ੇਸ਼ ਕਰਕੇ ਨਾਸ ਕਰ ਦਿੱਤਾ ਅਤੇ ਮਨ ਗਿਆਨ ਅਵਸਥਾ ਵਿਚ ਜਾਗੇ = ਜਾਗ ਪਿਆ ਅਤੇ ਘਰਿ = ਹਿਰਦੇ ਦੇ ਅੰਦਰੋਂ ਹੀ ਆਤਮਾਨੰਦ ਰੂਪੀ ਵਸਤੁ = ਵਸਤੂ ਲਹੀ = ਪ੍ਰਾਪਤ ਕਰ ਲਈ ॥੩॥

## ਸਾਕਤ ਬਧਿਕ ਮਾਇਆਧਾਰੀ; ਤਿਨ ਜਮ ਜੋਹਨਿ ਲਾਗੇ ॥

ਜੋ ਸਾਕਤ = ਕਠੋਰ ਚਿਤ ਵਾਲੇ, ਬਧਿਕ = ਹਿੰਸਕ (ਜੀਵ ਘਾਤ ਕਰਨ ਵਾਲੇ) ਮਾਇਆ ਧਾਰੀ = ਮਾਇਆ ਦੀ ਇੱਛਾ ਧਾਰਨ ਕਰਨ ਵਾਲੇ ਪੁਰਸ਼ ਹਨ। ਤਿਨਾ = ਉਨ੍ਹਾਂ ਨੂੰ ਜਮ ਜੋਹਨਿ = ਵੇਖਣ ਵਿਚ ਲਾਗੇ = ਲੱਗਾ ਹੈ ਕਿ ਕਦੋਂ ਇਨ੍ਹਾਂ ਦੇ ਸਵਾਸ ਪੂਰੇ ਹੋਣ ਤੇ ਮੈਂ ਨਰਕਾਂ ਨੂੰ ਲੈ ਜਾਵਾਂ। ਕਿਉਂਕਿ

## ਉਨ ਸਤਿਗੁਰ ਆਗੈ ਸੀਸੁ ਨ ਬੇਚਿਆ; ਓਇ ਆਵਹਿ ਜਾਹਿ ਅਭਾਗੇ ॥੪॥

ਉਨ = ਉਨ੍ਹਾਂ ਪੁਰਸ਼ਾਂ ਨੇ ਸਤਿਗੁਰੂ ਸਾਹਿਬ ਜੀ ਦੇ ਆਗੈ = ਅੱਗੇ ਆਪਣਾ ਸੀਸੁ = ਸਿਰ ਨ = ਨਹੀਂ ਬੇਚਿਆ = ਵੇਚਿਆ, ਭਾਵ ਭੇਟ ਨਹੀਂ ਕੀਤਾ **ਵਾ:** ਨਿਰਹੰਕਾਰ ਹੋਣ ਰੂਪ ਸਿਰ ਭੇਟ ਨਹੀਂ ਕੀਤਾ।

ਓਇ = ਉਹ ਅਭਾਗੇ = ਭਾਗਾਂ ਤੋਂ ਹੀਣੇ ਮਾਇਆਧਾਰੀ ਪੁਰਸ਼ ਸੰਸਾਰ ਵਿਚ, ਜੂਨਾਂ ਵਿਚ ਜਨਮ ਧਾਰ ਕੇ ਆਵਹਿ = ਆਉਂਦੇ ਅਤੇ ਮਰ ਕਰ ਕੇ ਨਰਕਾਂ ਨੂੰ ਜਾਹਿ = ਜਾਂਦੇ ਰਹਿਣਗੇ ॥੪॥

## ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ; ਹਮ ਸਰਣਿ ਪ੍ਰਭੂ ਹਰਿ ਮਾਗੇ ॥

ਹੇ ਠਾਕਰੁ = ਸੁਆਮੀ ਪ੍ਰਭ = ਪਰਮੇਸ਼ਰ ! ਹਮਰਾ = ਸਾਡਾ ਬਿਨਉ = ਬੇਨਤੀ ਦਾ ਸ਼ਬਦ ਸੁਨਹੁ = ਸੁਣਨਾ ਕਰੋ। ਹੇ ਹਰਿ = ਹਰੀ ਪ੍ਰਭੂ = ਪਰਮੇਸ਼ਰ ! ਅਸੀਂ ਹਰ ਵੇਲੇ ਆਪ ਜੀ ਦੀ ਹੀ ਸ਼ਰਣ ਮਾਗੇ = ਮੰਗਦੇ ਹਾਂ।

## ਜਨ ਨਾਨਕ ਕੀ ਲਜ ਪਾਤਿ ਗੁਰੂ ਹੈ; ਸਿਰੁ ਬੇਚਿਓ ਸਤਿਗੁਰ ਆਗੇ ॥੫॥੧੦॥੨੪॥੬੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੀ ਜਨਾਂ ਕੀ = ਦੀ ਲੋਕ ਪਰਲੋਕ ਵਿਚ ਲਜ = ਸ਼ਰਮ ਪਾਤਿ = ਇੱਜ਼ਤ ਗੁਰੂ = ਸਤਿਗੁਰੂ ਸਾਹਿਬ ਜੀ ਰੱਖਦੇ ਹਨ ਕਿਉਂਕਿ ਅਸੀਂ ਆਪਣਾ ਸਿਰ ਸਤਿਗੁਰਾਂ ਦੇ ਆਗੇ = ਅੱਗੇ ਬੇਚਿਓ = ਵੇਚ ਦਿੱਤਾ ਹੈ। ਭਾਵ ਨਿਰਹੰਕਾਰ ਹੋਣ ਰੂਪ ਸਿਰ ਵੇਚਿਆ ਹੈ ॥੫॥੧੦॥੨੪॥੬੨॥

## ਗਉੜੀ ਪੂਰਬੀ, ਮਹਲਾ ੪ ॥
## ਹਮ ਅਹੰਕਾਰੀ ਅਹੰਕਾਰ ਅਗਿਆਨ ਮਤਿ; ਗੁਰਿ ਮਿਲਿਐ ਆਪੁ ਗਵਾਇਆ ॥

ਹਮ = ਅਸੀਂ ਅਹੰਕਾਰੀ ਜੀਵ ਅਹੰਕਾਰ ਤੇ ਅਗਿਆਨ ਵਾਲੀ ਮਤ ਦੇ ਸਹਿਤ ਹਾਂ ਪਰ ਗੁਰਾਂ ਦੇ ਨਾਲ ਮਿਲਿਐ = ਮਿਲਣ ਕਰਕੇ ਆਪੁ = ਆਪਾ ਭਾਵ ਗਵਾਇਆ = ਗਵਾ ਲਿਆ ਹੈ **ਵਾ:** ਹਮ = ਤਮਾਮ ਅਹੰਕਾਰੀ = ਹੰਕਾਰੀ ਜੀਵ ਅਗਿਆਨ ਵਾਲੀ ਮੱਤ ਹੋਣ ਕਰਕੇ, ਵਿਦਿਆ, ਗੁਣ ਅਤੇ ਵਡਿਆਈ ਆਦਿ ਦਾ ਅਹੰਕਾਰ = ਹੰਕਾਰ ਕਰਦੇ ਹਨ ਪਰ ਗੁਰਸਿੱਖਾਂ ਨੇ ਗੁਰਿ = ਸਤਿਗੁਰਾਂ ਨਾਲ ਮਿਲਿਐ = ਮਿਲ ਕਰਕੇ ਆਪ = ਆਪਾ-ਭਾਵ (ਹੰਕਾਰ) ਗਵਾਇਆ = ਗਵਾ ਦਿੱਤਾ ਹੈ।

## ਹਉਮੈ ਰੋਗੁ ਗਇਆ ਸੁਖੁ ਪਾਇਆ; ਧਨੁ ਧੰਨੁ ਗੁਰੂ ਹਰਿ ਰਾਇਆ ॥੧॥

ਉਨ੍ਹਾਂ ਗੁਰਮੁਖਾਂ ਦੇ ਅੰਦਰੋਂ ਹਉਮੈ ਦਾ ਰੋਗ ਗਇਆ = ਚਲਿਆ ਗਿਆ, ਨਵਿਰਤ ਹੋ ਗਿਆ ਤੇ ਸੁਖੁ = ਸੁਖ ਸਰੂਪ, ਆਤਮ ਸੁਖ ਨੂੰ ਪਾਇਆ = ਪ੍ਰਾਪਤ ਕਰ ਲਿਆ। ਇਸ ਕਰਕੇ ਹੇ ਰਾਇਆ = ਰਾਜਾ ਰੂਪ ਹਰੀ ਪਰਮੇਸ਼ਰ ਦੇ ਸਰੂਪ ਗੁਰੂ ਸਾਹਿਬ ਜੀ! ਆਪ ਜੀ ਧਨੁ ਧੰਨੁ = ਧੰਨਤਾ ਦੇ ਜੋਗ ਹੋ ॥੧॥

## ਰਾਮ; ਗੁਰ ਕੈ ਬਚਨਿ ਹਰਿ ਪਾਇਆ ॥੧॥ਰਹਾਉ॥

ਰਾਮ = ਹੇ ਭਾਈ! ਗੁਰ = ਸਤਿਗੁਰਾਂ ਦੇ ਬਚਨਾਂ ਕਰਕੇ ਹੀ ਹਰੀ ਪਰਮੇਸ਼ਰ **ਵਾ:** ਹਰੀ ਨਾਮ, ਪਾਇਆ = ਪ੍ਰਾਪਤ ਕੀਤਾ ਜਾਂਦਾ ਹੈ ॥੧॥ਰਹਾਉ॥

## ਮੇਰੈ ਹੀਅਰੈ ਪ੍ਰੀਤਿ ਰਾਮ ਰਾਇ ਕੀ; ਗੁਰਿ ਮਾਰਗੁ ਪੰਥੁ ਬਤਾਇਆ ॥

ਮੇਰੈ = ਸਾਡੇ ਹੀਅਰੈ = ਹਿਰਦੇ ਵਿਚ ਰਾਮ ਰਾਇ = ਰਾਜਾ ਸਰੂਪ ਪਰਮੇਸ਼ਰ ਕੀ = ਦੀ ਪ੍ਰੀਤੀ ਹੈ, ਇਸ ਕਰਕੇ ਗੁਰੂ ਸਾਹਿਬ ਜੀ ਨੇ ਹੋਰਨਾ ਮਾਰਗੁ = ਰਸਤਿਆਂ ਨਾਲੋਂ ਪ੍ਰਭੂ ਦੀ ਭਾਉ-ਭਗਤੀ, ਗਿਆਨ ਦਾ ਪੰਥੁ = ਰਸਤਾ ਬਤਾਇਆ = ਦੱਸਣਾ ਕੀਤਾ ਹੈ।

## ਮੇਰਾ ਜੀਉ ਪਿੰਡੁ ਸਭੁ ਸਤਿਗੁਰ ਆਗੈ; ਜਿਨਿ ਵਿਛੁੜਿਆ ਹਰਿ ਗਲਿ ਲਾਇਆ ॥੨॥

ਮੇਰਾ = ਸਾਡਾ ਜੀਉ = ਜੀਵਨ, ਪਿੰਡੁ = ਸਰੀਰ ਸਭੁ = ਸਾਰਾ ਸਤਿਗੁਰੂ ਜੀ ਦੇ ਅੱਗੇ ਭੇਟਾ ਹੈ। ਜਿਨਿ = ਜਿਨ੍ਹਾਂ ਨੇ ਕਈ ਜਨਮਾਂ ਦਾ ਵਿਛੜਿਆ ਹੋਇਆ ਹਰੀ ਪ੍ਰਭ ਮੇਰੇ ਗਲਿ = ਕੰਠ ਨਾਲ ਲਾਇਆ = ਲਾ ਦਿੱਤਾ ਹੈ, ਭਾਵ ਮਿਲਾ ਦਿੱਤਾ ਹੈ **ਵਾ:** ਹਰੀ ਦੇ ਅਭੇਦ ਨਿਸ਼ਚੇ ਰੂਪੀ ਕੰਠ ਨਾਲ ਲਗਾ ਦਿੱਤਾ ਹੈ ॥੨॥

## ਮੇਰੈ ਅੰਤਰਿ ਪ੍ਰੀਤਿ ਲਗੀ ਦੇਖਨ ਕਉ; ਗੁਰਿ ਹਿਰਦੇ ਨਾਲਿ ਦਿਖਾਇਆ ॥

ਮੇਰੈ = ਸਾਡੇ ਹਿਰਦੇ ਅੰਤਰਿ = ਅੰਦਰ ਹਰੀ ਪ੍ਰਭੂ ਦੇ ਦਰਸ਼ਨ ਦੇਖਣ ਵਾਸਤੇ ਬਹੁਤ ਪ੍ਰੀਤਿ = ਪ੍ਰੀਤੀ ਲੱਗੀ ਹੋਈ ਸੀ। ਗੁਰਿ = ਸਤਿਗੁਰੂ ਜੀ ਨੇ ਕ੍ਰਿਪਾ ਕਰਕੇ ਹਿਰਦੇ ਨਾਲ ਹੀ ਵਸਦਾ ਪਰਮੇਸ਼ਰ ਪ੍ਰਗਟ ਕਰਕੇ ਦਿਖਾਇਆ = ਦਿਖਾ ਦਿੱਤਾ।

## ਸਹਜ ਅਨੰਦੁ ਭਇਆ ਮਨਿ ਮੋਰੈ; ਗੁਰ ਆਗੈ ਆਪੁ ਵੇਚਾਇਆ ॥੩॥

ਜਦੋਂ ਗੁਰੂ ਜੀ ਦੇ ਅੱਗੇ ਅਸੀਂ ਆਪਣਾ ਆਪੁ = ਆਪਾ-ਭਾਵ ਵੇਚ ਦਿੱਤਾ, ਭਾਵ ਅਰਪਣ ਕਰ ਦਿੱਤਾ ਤਾਂ ਮੋਰੈ = ਸਾਡੇ ਮਨ ਵਿਚ ਸਹਜ = ਸੁਤੇ-ਸਿਧ ਹੀ ਅਨੰਦ ਪ੍ਰਾਪਤ ਭਇਆ = ਹੋ ਗਿਆ ॥੩॥

## ਹਮ ਅਪਰਾਧ, ਪਾਪ ਬਹੁ ਕੀਨੇ; ਕਰਿ ਦੁਸਟੀ ਚੋਰ ਚੁਰਾਇਆ ॥

ਹਮ = ਅਸੀਂ ਤਾਂ ਬਹੁ = ਬਹੁਤ ਹੀ ਜ਼ਿਆਦਾ ਅਪਰਾਧ = ਬੇਅਦਬੀ **ਵਾ:** ਹੋਰਨਾਂ ਦੀ ਅਰਾਧਨਾ ਕਰਦੇ ਹੋਏ ਪਾਪ = ਖੋਟੇ ਕਰਮ ਕੀਨੇ = ਕੀਤੇ ਹਨ ਅਤੇ ਦੁਸਟੀ = ਦੁਸ਼ਟਾਈ **ਵਾ:** ਨਿੰਦਾ ਚੁਗ਼ਲੀ ਆਦਿ ਕਰਿ = ਕਰਕੇ ਲੋਕਾਂ ਦੇ ਧਨ ਪਦਾਰਥਾਂ ਅਤੇ ਗੁਣਾਂ ਆਦਿਕਾਂ ਨੂੰ ਚੋਰ ਬਣ ਕੇ ਚੁਰਾਇਆ = ਚੋਰੀ ਕੀਤਾ ਭਾਵ ਲੋਭ ਕੀਤਾ **ਵਾ:** ਚੋਰ ਬਣ ਕੇ, ਅਸੀਂ ਆਪਣੇ ਚਿੱਤ ਨੂੰ ਆਪ ਜੀ ਦੇ ਨਾਮ ਜਪਣ ਵੱਲੋਂ ਚੁਰਾਇਆ = ਚੁਰਾ ਕੇ ਰੱਖਿਆ, ਭਾਵ ਨਾਮ ਨਹੀਂ ਜਪਿਆ।

## ਅਬ ਨਾਨਕ ਸਰਣਾਗਤਿ ਆਏ;
## ਹਰਿ ਰਾਖਹੁ ਲਾਜ ਹਰਿ ਭਾਇਆ ॥੪॥੧੧॥੨੫॥੬੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰੀ! ਅਬ = ਹੁਣ ਅਸੀਂ ਆਪ ਜੀ ਦੀ ਸਰਣਾਗਤਿ = ਸ਼ਰਣ ਵਿਚ ਆ ਕੇ ਪ੍ਰਾਪਤ ਹੋਏ ਹਾਂ ਅਤੇ ਆਪ ਜੀ ਦਾ ਹਰਿ ਨਾਮ ਹੀ ਸਾਨੂੰ ਭਾਇਆ = ਚੰਗਾ ਲੱਗਿਆ ਹੈ। ਇਸ ਕਰਕੇ ਤੁਸੀਂ ਮੇਰੀ ਲਾਜ = ਲੱਜਾ ਰਾਖਹੁ = ਰੱਖਣੀ ਕਰੋ **ਵਾ:** ਲਾਜ = ਸ਼ਰਮ ਰਾਖਹੁ = ਰੱਖਣੀ ਕਰੋ ॥੪॥੧੧॥੨੫॥੬੩॥

## ਗਉੜੀ ਪੂਰਬੀ, ਮਹਲਾ ੪ ॥
## ਗੁਰਮਤਿ ਬਾਜੈ ਸਬਦੁ ਅਨਾਹਦੁ; ਗੁਰਮਤਿ ਮਨੂਆ ਗਾਵੈ ॥

ਹੇ ਭਾਈ! ਗੁਰਮਤਿ ਦੁਆਰਾ ਅੰਮ੍ਰਿਤ ਨਾਮ ਜਪਣ ਕਰਕੇ ਅਨਾਹਦ ਸ਼ਬਦ ਬਾਜੈ = ਪ੍ਰਗਟ ਹੋ ਆਉਂਦਾ ਹੈ ਅਤੇ ਗੁਰਮਤਿ ਦੁਆਰਾ ਹੀ ਮਨ, ਪ੍ਰਭੂ ਦੇ ਜਸ ਨੂੰ ਗਾਵੈ = ਗਾਉਂਦਾ ਹੈ **ਅਥਵਾ** ਗੁਰਮੱਤੀਆਂ ਦੇ ਹਿਰਦੇ ਵਿਚ ਗੁਰਮਤਿ ਦੁਆਰਾ ਅਨਾਹਦ = ਹੱਦ ਤੋਂ ਰਹਿਤ ਇਕ-ਰਸ ਸਬਦੁ = ਬ੍ਰਹਮ ਬਾਜੈ = ਪ੍ਰਗਟ ਹੋ ਆਉਂਦਾ ਹੈ ਅਤੇ ਉਹ ਗੁਰਮੱਤੀਏ ਮਨ ਕਰ ਕੇ ਪਰਮੇਸ਼ਰ ਦਾ ਮੰਨਣ ਕਰਦੇ ਹਨ ਅਤੇ ਬਾਣੀ ਕਰਕੇ ਉਸ ਦੇ ਜਸ ਨੂੰ ਗਾਵੈ = ਗਾਉਂਦੇ ਹਨ।

## ਵਡਭਾਗੀ ਗੁਰ ਦਰਸਨੁ ਪਾਇਆ; ਧਨੁ ਧੰਨੁ ਗੁਰੂ ਲਿਵ ਲਾਵੈ ॥੧॥

ਵਡਭਾਗੀ = ਵੱਡੇ ਭਾਗਾਂ ਵਾਲਿਆਂ **ਵਾ:** ਨਿਸ਼ਕਾਮੀਆਂ ਨੇ ਸਤਿਗੁਰਾਂ ਦੇ ਦਰਸਨ = ਦੀਦਾਰਿਆਂ ਨੂੰ ਪਾਇਆ = ਪਾਉਣਾ ਕੀਤਾ ਹੈ, ਜੋ ਗੁਰੂ ਸਾਹਿਬ ਜੀ ਪਰਮੇਸ਼ਰ ਵਿਚ ਲਿਵ = ਬਿਰਤੀ ਨੂੰ ਲਾਵੈ = ਲਗਾ ਦਿੰਦੇ ਹਨ, ਜੋੜ ਦਿੰਦੇ ਹਨ, ਉਹ ਧਨੁ ਧੰਨੁ = ਧੰਨਤਾ ਦੇ ਯੋਗ ਹਨ ॥੧॥

## ਗੁਰਮੁਖਿ; ਹਰਿ ਲਿਵ ਲਾਵੈ ॥੧॥ਰਹਾਉ॥

ਗੁਰਮੁਖਿ ਜਨ ਗੁਰਾਂ ਦੁਆਰਾ ਹਰੀ ਅਕਾਲ ਪੁਰਖ ਵਿਚ ਲਿਵ = ਬਿਰਤੀ ਨੂੰ ਲਾਵੈ = ਲਾਉਂਦੇ ਹਨ, ਜੋੜਦੇ ਹਨ **ਅਥਵਾ** ਗੁਰਮੁਖਾਂ ਦੀ ਲਿਵ = ਬਿਰਤੀ ਨੂੰ, ਹਰਿ = ਹਰੀ ਪਰਮੇਸ਼ਰ, ਆਪ ਗੁਰਾਂ ਦੁਆਰਾ, ਆਪਣੇ ਵਿਚ ਲਾਵੈ = ਲਗਾਉਂਦਾ ਹੈ ॥੧॥ਰਹਾਉ॥

## ਹਮਰਾ ਠਾਕੁਰੁ ਸਤਿਗੁਰੁ ਪੂਰਾ; ਮਨੁ ਗੁਰ ਕੀ ਕਾਰ ਕਮਾਵੈ ॥

ਹਮਰਾ = ਸਾਡਾ ਪੂਰਾ = ਪੂਰਨ ਸਤਿਗੁਰੂ ਸਾਹਿਬ ਹੀ ਠਾਕੁਰ = ਸੁਆਮੀ, ਮਾਲਕ ਹੈ ਅਤੇ ਸਾਡਾ ਮਨ ਗੁਰੂ ਕੀ = ਦੀ ਭਗਤੀ ਰੂਪੀ **ਵਾ:** ਸੇਵਾ, ਟਹਿਲ ਰੂਪੀ ਕਾਰ ਨੂੰ ਕਮਾਵੈ = ਕਮਾਉਂਦਾ ਹੈ।

## ਹਮ ਮਲਿ ਮਲਿ ਧੋਵਹ ਪਾਵ ਗੁਰੂ ਕੇ;
## ਜੋ ਹਰਿ ਹਰਿ ਕਥਾ ਸੁਨਾਵੈ ॥੨॥

ਹਮ = ਅਸੀਂ ਸਤਿਗੁਰੂ ਸਾਹਿਬ ਜੀ ਦੇ ਪਾਵ = ਚਰਨ ਕਮਲਾਂ ਨੂੰ ਮਲ-ਮਲ ਕੇ ਪ੍ਰੇਮ **ਵਾ:** ਧਿਆਨ ਨਾਲ ਧੋਣਾ ਕਰਦੇ ਹਾਂ ਜੋ ਗੁਰੂ ਜੀ ਹਰਿ ਹਰਿ ਪਰਮਾਤਮਾ ਦੀ ਪ੍ਰਾਪਤੀ ਰੂਪ ਕਥਾ ਸਰੂਪ ਲਖਣਾ ਦੁਆਰਾ ਸੁਨਾਵੈ = ਸ੍ਰਵਣ ਕਰਾਉਂਦੇ ਹਨ ॥੨॥

## ਹਿਰਦੈ ਗੁਰਮਤਿ ਰਾਮ ਰਸਾਇਣੁ; ਜਿਹਵਾ ਹਰਿ ਗੁਣ ਗਾਵੈ ॥

ਗੁਰਮਤਿ = ਗੁਰਮੱਤੀਆਂ, ਗੁਰਮੁਖਾਂ ਦੇ ਹਿਰਦੇ ਵਿਚ ਰਸਾਇਣੁ = ਰਸਾਂ ਦਾ ਘਰ ਰਾਮ = ਪਰਮੇਸ਼ਰ ਵਸਿਆ ਹੋਇਆ ਹੈ ਅਤੇ ਉਹ ਜਿਹਵਾ = ਰਸਨਾ ਕਰਕੇ ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਦੇ ਗੁਣਾਂ ਨੂੰ ਗਾਵੈ = ਗਾਉਂਦੇ ਹਨ।

## ਮਨ ਰਸਕਿ ਰਸਕਿ, ਹਰਿ ਰਸਿ ਆਘਾਨੇ;
## ਫਿਰਿ ਬਹੁਰਿ ਨ ਭੂਖ ਲਗਾਵੈ ॥੩॥

ਉਨ੍ਹਾਂ ਦੇ ਮਨ, ਰਸਕਿ = ਰਸੀਏ ਹੋ ਕੇ ਵਾ: ਹਰੀ ਜੋ ਸਾਰਿਆਂ ਰਸਾਂ ਵਿਚ ਰਸਕਿ = ਰਸਿਆ ਹੋਇਆ ਹੈ, ਉਸ ਦੇ ਰਸਿ = ਅਨੰਦ ਵਿਚ ਰਸਕਿ = ਤਦਾਕਾਰ ਹੋ ਕੇ ਆਘਾਨੇ = ਰੱਜਦੇ ਹਨ, ਫਿਰ ਉਨ੍ਹਾਂ ਨੂੰ ਬਹੁਰਿ = ਮੁੜ ਕੇ ਦੁਨੀਆਂ ਦੇ ਪਦਾਰਥਾਂ ਦੀ **ਵਾ:** ਤ੍ਰਿਸ਼ਨਾ ਰੂਪੀ ਭੁੱਖ ਨਹੀਂ ਲੱਗਦੀ ॥੩॥

## ਕੋਈ ਕਰੈ ਉਪਾਵ ਅਨੇਕ ਬਹੁਤੇਰੇ; ਬਿਨੁ ਕਿਰਪਾ ਨਾਮੁ ਨ ਪਾਵੈ ॥

ਹੇ ਭਾਈ ! ਭਾਵੇਂ ਕੋਈ ਜਲਧਾਰਾ, ਧੂਣੀਆਂ ਤਾਉਣੀਆਂ, ਵਰਤ ਆਦਿ ਰੱਖਣ ਰੂਪ ਅਨੇਕ ਤਰੀਕਿਆਂ ਦੇ ਬਹੁਤੇਰੇ = ਬਹੁਤੇ ਉਪਾਵ = ਯਤਨ ਕਰੈ = ਕਰ ਲਵੇ, ਪਰ ਮਹਾਰਾਜ ਜੀ ਦੀ ਕ੍ਰਿਪਾ ਦ੍ਰਿਸ਼ਟੀ ਤੋਂ ਬਿਨਾਂ ਨਾਮ ਦੀ ਦਾਤ ਨ = ਨਹੀਂ ਪਾਵੈ = ਪਾ ਸਕਦਾ।

## ਜਨ ਨਾਨਕ ਕਉ ਹਰਿ ਕਿਰਪਾ ਧਾਰੀ;
## ਮਤਿ ਗੁਰਮਤਿ ਨਾਮੁ ਦ੍ਰਿੜਾਵੈ ॥੪॥੧੨॥੨੬॥੬੪॥

ਸਤਿਗੁਰੂ ਸਾਹਿਬ ਜੀ ਉਚਾਰਨ ਕਰਦੇ ਹਨ ਕਿ ਸਾਡੇ ਜਨਾਂ ਉੱਪਰ ਅਕਾਲ ਪੁਰਖ ਹਰਿ = ਹਰੀ ਨੇ ਕ੍ਰਿਪਾ ਦ੍ਰਿਸ਼ਟੀ ਧਾਰੀ = ਕੀਤੀ ਹੈ, ਜੋ ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਮਤਿ = ਬੁੱਧੀ ਦੇ ਅੰਦਰ ਨਾਮ ਦ੍ਰਿੜ ਕਰਵਾ ਦਿੱਤਾ ਹੈ ॥੪॥੧੨॥੨੬॥੬੪॥

# ਰਾਗੁ ਗਉੜੀ ਮਾਝ, ਮਹਲਾ ੪ ॥

## ਗੁਰਮੁਖਿ ਜਿੰਦੂ; ਜਪਿ ਨਾਮੁ ਕਰੰਮਾ ॥

ਹੇ ਮੇਰੀ ਜਿੰਦੂ = ਜਿੰਦੇ **ਵਾ:** ਮੇਰੀ ਬੁੱਧ ਵਾ: ਜਗਿਆਸੂ ਜਨੋਂ ਗੁਰਮੁਖਾਂ ਦੀ ਸੰਗਤ ਵਿਚ ਸਤਿਗੁਰਾਂ ਦੀ ਕਰੰਮਾ = ਕ੍ਰਿਪਾ ਨਾਲ ਨਾਮ ਨੂੰ ਜਪਿ = ਜਪਣਾ ਕਰੋ।

## ਮਤਿ ਮਾਤਾ ਮਤਿ ਜੀਉ; ਨਾਮੁ ਮੁਖਿ, ਰਾਮਾ ॥

ਹੇ ਪਿਆਰੇ ਜੀਉ = ਜੀਵ ਜੋ ਮਤਿ = ਬੁੱਧੀ ਦੇ ਅੰਦਰ ਮਤਿ = ਗੁਰਮਤਿ ਭਾਵ ਗੁਰਾਂ ਦੀ ਸਿੱਖਿਆ ਧਾਰਨ ਕਰਨੀ ਹੈ, ਇਸ ਨੂੰ ਮਾਤਾ ਜਾਨਣਾ ਕਰ, ਜੋ ਮੁਖਿ = ਮੂੰਹ ਵਿਚ ਰਾਮਾ = ਪਰਮੇਸ਼ਰ ਦਾ ਨਾਮ ਰੂਪੀ **ਵਾ:** ਅਨੰਦ ਰੂਪੀ ਦੁੱਧ ਚੁੰਘਾਉਂਦੀ ਹੈ।

[ਅੰਗ ੧੭੩]

## ਸੰਤੋਖੁ ਪਿਤਾ ਕਰਿ; ਗੁਰੁ ਪੁਰਖੁ ਅਜਨਮਾ ॥

ਸੰਤੋਖ ਰੂਪ ਪਿਤਾ ਧਾਰਨ ਕਰ ਅਤੇ ਅਜਨਮਾ = ਜਨਮ ਮਰਨ ਤੋਂ ਰਹਿਤ ਪੁਰਖੁ = ਵਿਆਪਕ ਪਰਮੇਸ਼ਰ ਨੂੰ ਆਪਣਾ ਗੁਰੂ ਧਾਰਨ ਕਰ।

## ਵਡਭਾਗੀ; ਮਿਲੁ ਰਾਮਾ ॥੧॥

ਇਸ ਪ੍ਰਕਾਰ ਹੇ ਵਡਭਾਗੀ = ਵੱਡਿਆਂ, ਸ੍ਰੇਸ਼ਟ ਭਾਗਾਂ ਵਾਲੇ ਜੀਵ, ਜਗਿਆਸੂ ਉਸ ਰਾਮਾ = ਪਰਮਾਤਮਾ ਵਿਚ ਮਿਲਿ = ਮਿਲਣਾ ਕਰ **ਵਾ:** ਵਡਭਾਗੀ = ਵੱਡੇ ਭਾਗਾਂ ਕਰਕੇ ਰਾਮਾ = ਵਾਹਿਗੁਰੂ ਪਰਮੇਸ਼ਰ ਮਿਲੁ = ਮਿਲਦਾ ਹੈ ॥੧॥

## ਗੁਰੁ ਜੋਗੀ ਪੁਰਖੁ ਮਿਲਿਆ; ਰੰਗੁ ਮਾਣੀ ਜੀਉ ॥

ਜਿਨ੍ਹਾਂ ਨੂੰ ਪਰਮੇਸ਼ਰ ਵਿਚ ਬਿਰਤੀ ਜੋਗੀ = ਜੋੜਨ ਵਾਲੇ ਪੁਰਖ = ਪੂਰਨ ਗੁਰੂ ਸਾਹਿਬ ਜੀ ਮਿਲੇ ਹਨ, ਉਨ੍ਹਾਂ ਗੁਰਮੁਖਾਂ ਨੇ ਜੀਉ = ਹਿਰਦੇ ਵਿਚ ਰੰਗੁ = ਅਨੰਦ ਮਾਣੀ = ਮਾਨਣਾ ਕੀਤਾ ਹੈ, ਮਾਣਿਆ ਹੈ, ਕਿਉਂਕਿ :

## ਗੁਰੁ ਹਰਿ ਰੰਗਿ ਰਤੜਾ; ਸਦਾ ਨਿਰਬਾਣੀ ਜੀਉ ॥

ਗੁਰੂ ਸਾਹਿਬ ਜੀ ਆਪ ਹਰੀ ਅਕਾਲ ਪੁਰਖ ਦੇ ਰੰਗਿ = ਪ੍ਰੇਮ **ਵਾ:** ਅਨੰਦ ਵਿਚ ਰਤੜਾ = ਰੰਗੇ **ਵਾ:** ਤਦਾਕਾਰ ਹੋਏ ਹਨ ਅਤੇ ਸਦਾ ਨਿਰਬਾਣੀ = ਨਿਰਬੰਧ ਭਾਵ ਬੰਧਨਾਂ ਤੋਂ ਰਹਿਤ **ਵਾ:** ਦੁੱਖਾਂ ਤੋਂ ਰਹਿਤ ਹਨ ਜੀਉ = ਜੀ **ਅਥਵਾ** ਗੁਰੁ = ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਨਿਰਬਾਣੀ ਹਰੀ ਦੇ ਪ੍ਰੇਮ ਰੰਗ ਵਿਚ ਰੰਗਣ ਵਾਲੇ ਹਨ।

## ਵਡਭਾਗੀ ਮਿਲੁ; ਸੁਘੜ ਸੁਜਾਣੀ ਜੀਉ ॥

(**ਸੁੱਘੜ** ਇਕੱਠਾ ਹੀ ਬੋਲੋ)

ਵਡਭਾਗੀ = ਵੱਡਿਆਂ ਭਾਗਾਂ ਕਰਕੇ ਸੁਘੜ = ਸਿਆਣਾ **ਵਾ:** (ਸੁ+ਘੜ) ਸੁ = ਸ੍ਰੇਸ਼ਟ ਘੜ = ਘਾੜਤਾਂ ਨੂੰ ਘੜਨ ਵਾਲਾ ਈਸ਼ਰ ਅਤੇ ਸੁਜਾਣੀ = ਸਭ ਦੇ ਅੰਦਰ ਦੀ ਜਾਨਣ ਵਾਲਾ ਅੰਤਰਜਾਮੀ ਦਾ ਰੂਪ ਸਤਿਗੁਰੂ ਸਾਹਿਬ ਜੀ ਸਾਨੂੰ ਮਿਲੁ = ਮਿਲੇ ਹਨ।

## ਮੇਰਾ ਮਨੁ ਤਨੁ; ਹਰਿ ਰੰਗਿ ਭਿੰਨਾ ॥੨॥

ਜਿਨ੍ਹਾਂ ਗੁਰਾਂ ਨੇ ਮੇਰਾ ਮਨ ਅਤੇ ਤਨ ਹਰਿ = ਹਰੀ ਦੇ ਰੰਗ = ਪ੍ਰੇਮ ਵਿਚ ਭਿੰਨਾ = ਸਨਿਗਧ ਕਰ ਦਿੱਤਾ, ਭਿਉਂ ਦਿੱਤਾ ਹੈ ॥੨॥

## ਆਵਹੁ ਸੰਤਹੁ; ਮਿਲਿ ਨਾਮੁ ਜਪਾਹਾ ॥

(ਦੂਸਰਾ ਬਿਸ੍ਰਾਮ **ਮਿਲਿ** ਤੇ ਵੀ ਹੈ)

ਹੇ ਜੀਵ ! ਆਵਹੁ = ਆਉ ਸੰਤਹੁ = ਸ਼ਾਂਤ ਚਿੱਤ ਵਾਲੇ ਸੰਤ ਜਨਾਂ ਦੇ ਨਾਲ ਮਿਲਿ = ਮਿਲ ਕੇ ਨਾਮ ਨੂੰ ਜਪਾਹਾ = ਜਪਣਾ ਕਰੀਏ, ਅਤੇ

## ਵਿਚਿ ਸੰਗਤਿ; ਨਾਮੁ ਸਦਾ ਲੈ ਲਾਹਾ ਜੀਉ ॥

ਉਨ੍ਹਾਂ ਗੁਰਮੁਖ ਸੰਤ ਜਨਾਂ ਦੀ ਸੰਗਤ ਵਿਚ ਮਿਲ ਕਰ ਕੇ ਸਦਾ = ਹਮੇਸ਼ਾਂ ਨਾਮ ਦਾ ਹੀ ਲਾਹਾ = ਲਾਭ ਲੈ = ਲੈਣਾ ਕਰੀਏ ਜੀ।

## ਕਰਿ ਸੇਵਾ ਸੰਤਾ; ਅੰਮ੍ਰਿਤੁ ਮੁਖਿ ਪਾਹਾ ਜੀਉ ॥

ਕਰਿ = ਹੱਥਾਂ ਨਾਲ ਸੰਤਾਂ ਦੀ ਸੇਵਾ = ਟਹਿਲ ਕਰੀਏ ਅਤੇ ਸੰਗਤ ਵਿਚ ਮਿਲ ਕੇ ਨਾਮ ਅੰਮ੍ਰਿਤ ਨੂੰ ਜਪਣ ਰੂਪ ਮੁਖਿ = ਮੂੰਹ ਵਿਚ ਪਾਹਾ = ਪਾਉਣਾ ਕਰੀਏ **ਵਾ:** ਅੰਮ੍ਰਿਤ ਨਾਮ ਨੂੰ ਅੰਤਹਕਰਣ ਰੂਪੀ ਮੁਖ ਵਿਚ ਪਾਹਾ = ਪਾਉਣਾ ਕਰੀਏ।

## ਮਿਲੁ ਪੂਰਬਿ ਲਿਖਿਅੜੇ; ਧੁਰਿ ਕਰਮਾ ॥੩॥

ਜਿਨ੍ਹਾਂ ਦੇ ਧੁਰੋਂ ਹੀ ਪੂਰਬਿ = ਪੂਰਬਲੇ ਸ੍ਰੇਸ਼ਟ **ਵਾ:** ਨਿਸ਼ਕਾਮ ਕਰਮ ਲਿਖਿਅੜੇ = ਲਿਖੇ ਹੋਏ ਹਨ, ਉਨ੍ਹਾਂ ਨੂੰ ਗੁਰੂ ਸਾਹਿਬ **ਵਾ:** ਨਾਮ ਵਾ: ਗੁਰਮਤਿ ਮਿਲੁ = ਮਿਲਦੀ ਹੈ, ਪ੍ਰਾਪਤ ਹੁੰਦੀ ਹੈ ॥੩॥

## ਸਾਵਣਿ ਵਰਸੁ; ਅੰਮ੍ਰਿਤਿ ਜਗੁ ਛਾਇਆ ਜੀਉ ॥

**ਦ੍ਰਿਸ਼ਟਾਂਤ :** ਜਿਸ ਪ੍ਰਕਾਰ ਸਾਵਣ ਦੇ ਮਹੀਨੇ ਵਰਸੁ = ਵਰਖਾ ਦੇ ਸਮੇਂ ਸਾਰੇ ਜਗ ਵਿਚ ਅੰਮ੍ਰਿਤਿ = ਜਲ ਛਾਇਆ = ਛਾ ਜਾਂਦਾ ਹੈ, ਧਰਤੀ 'ਤੇ ਵਿਛ ਜਾਂਦਾ ਹੈ।

**ਦਾ ਦ੍ਰਿਸ਼ਟਾਂਤ :** ਏਸੇ ਪ੍ਰਕਾਰ ਜਦ ਮਨੁੱਖਾ ਜਨਮ ਰੂਪੀ ਸਾਵਣ ਦੇ ਮਹੀਨੇ ਵਿਚ ਸਤਿਗੁਰੂ ਸਾਹਿਬ ਜੀ ਉਪਦੇਸ਼ ਰੂਪੀ ਵਰਖਾ ਕਰਦੇ ਹਨ ਤਦ ਸਾਰੇ ਸੰਸਾਰ ਵਿਚ ਅੰਮ੍ਰਿਤ ਰੂਪੀ ਨਾਮ, ਜਲ ਨਾਲ ਜੀਉ = ਜੀਵਾਂ ਦੇ ਹਿਰਦੇ ਛਾਇਆ = ਪੂਰੇ ਜਾਂਦੇ ਹਨ, ਭਾਵ ਸਤਿਗੁਰਾਂ ਦੇ ਉਪਦੇਸ਼ ਕਰਕੇ ਲਬਾ ਲਬ ਭਰ ਜਾਂਦੇ ਹਨ **ਅਥਵਾ** ਸਾਵਣਿ = ਸ਼ੌਕ ਅਵਸਥਾ ਰੂਪ ਸਾਵਣ ਦੇ ਮਹੀਨੇ ਵਿਚ ਗੁਰੂ ਸਾਹਿਬ ਬੱਦਲ ਦੀ ਨਿਆਈਂ ਵਰਸਦੇ ਹਨ, ਉਦੋਂ ਸਾਰਿਆਂ ਵਿਚ ਛਾਇਆ = ਪੂਰਿਆ ਹੋਇਆ ਅੰਮ੍ਰਿਤ ਰੂਪ ਬ੍ਰਹਮਾਨੰਦ ਸਾਖਿਆਤ ਹੋ ਜਾਂਦਾ ਹੈ।

## ਮਨੁ ਮੋਰੁ ਕੁਹੁਕਿਅੜਾ; ਸਬਦੁ ਮੁਖਿ ਪਾਇਆ ॥

ਸਤਿਗੁਰਾਂ ਦਾ ਅੰਮ੍ਰਿਤ ਰੂਪੀ ਸ਼ਬਦ ਮੁਖਿ = ਮੂੰਹ ਵਿਚ ਪਾਇਆ = ਪੈਣ ਕਰਕੇ ਮਨ ਰੂਪੀ ਮੋਰ, ਜਿਸ ਦੇ ਗਿਆਨ ਤੇ ਬਿਬੇਕ ਰੂਪੀ ਸੋਹਣੇ ਖੰਭ ਹਨ ਤੇ ਕਰੁਣਾ, ਮੁਦਤਾ ਮੈਤ੍ਰੀ, ਅਪੇਖਿਆ ਨੂੰ ਧਾਰਨ ਰੂਪੀ ਪੈਲਾਂ ਪਾਉਂਦਾ ਹੋਇਆ ਮਹਾਰਾਜ ਜੀ ਦੇ ਜਸ ਦੇ ਤਾਈਂ ਕੁਹੁਕਿਅੜਾ = ਕੂਕਦਾ, ਬੋਲਦਾ ਹੈ।

## ਹਰਿ ਅੰਮ੍ਰਿਤੁ ਵੁਠੜਾ; ਮਿਲਿਆ ਹਰਿ ਰਾਇਆ ਜੀਉ ॥

ਹੇ ਪਿਆਰੇ ਜੀ! ਜਦ ਹਰਿ = ਪਰਮੇਸ਼ਰ ਦਾ ਨਾਮ ਅੰਮ੍ਰਿਤ ਹਿਰਦੇ ਵਿਚ ਵੁਠੜਾ = ਵਸਿਆ ਤਦ ਰਾਇਆ = ਰਾਜਾ ਰੂਪ ਹਰਿ = ਪਰਮੇਸ਼ਰ ਆ ਕੇ ਮਿਲਿਆ = ਮਿਲ ਪਿਆ।

## ਜਨ ਨਾਨਕ; ਪ੍ਰੇਮਿ ਰਤੰਨਾ ॥੪॥੧॥੨੭॥੬੫॥

ਸਤਿਗੁਰੂ ਸਾਹਿਬ ਜੀ ਉਚਾਰਨ ਕਰਦੇ ਹਨ ਕਿ ਸਾਡੇ ਜਨਾਂ ਦੇ ਅੰਦਰ ਪ੍ਰੇਮ ਰੂਪੀ ਰਤੰਨਾ = ਰਤਨ ਪ੍ਰਕਾਸ਼ਦਾ ਹੈ **ਵਾ:** ਸਾਡਾ ਮਨ ਪ੍ਰੇਮ ਵਿਚ ਰਤੰਨਾ = ਰੱਤਾ ਗਿਆ ਹੈ **ਅਥਵਾ** ਜਨ = ਗੁਰਮੁਖ ਜਨਾਂ ਦਾ ਮਨ ਪਰਮੇਸ਼ਰ ਦੇ ਪ੍ਰੇਮ ਵਿਚ ਹੀ ਰਤੰਨਾ = ਤਦਾਕਾਰ ਰਹਿੰਦਾ ਹੈ ॥੪॥੧॥੨੭॥੬੫॥

## ਗਉੜੀ ਮਾਝ, ਮਹਲਾ ੪ ॥

ਜਿਸ ਪ੍ਰਕਾਰ ਕਈ ਇਸਤਰੀਆਂ ਦਾ ਸੁਭਾਅ ਹੁੰਦਾ ਹੈ, ਉਹ ਆਪਣੇ ਪਤੀ ਨੂੰ ਵਸ ਵਿਚ ਕਰਨ ਵਾਸਤੇ ਟੂਣਾ ਆਦਿ ਕਰਦੀਆਂ ਹਨ, ਇਹ ਰੂਪਕ ਅਲੰਕਾਰ ਦੁਆਰਾ ਏਸੇ ਪ੍ਰਕਾਰ ਗੁਰੂ ਸਾਹਿਬ ਜੀ ਪਰਮਾਤਮਾ ਪਤੀ ਨੂੰ ਵਸੀਕਾਰ ਕਰਨ ਲਈ ਉਚਾਰਦੇ ਹਨ:

## ਆਉ ਸਖੀ; ਗੁਣ ਕਾਮਣ ਕਰੀਹਾ ਜੀਉ ॥

ਹੇ ਗੁਰਮੁਖ ਰੂਪੀ ਸਖੀ = ਸਹੇਲੀਓ ਆਉ = ਆਉਣਾ ਕਰੋ। ਪਰਮੇਸ਼ਰ ਪਤੀ ਦੇ ਮਿਲਣ ਵਾਸਤੇ ਸਤਿ ਸੰਤੋਖਾਦਿ ਸ਼ੁਭ ਗੁਣਾਂ ਰੂਪੀ ਕਾਮਣ = ਟੂਣਾ ਕਰੀਹਾ = ਕਰਨਾ ਕਰੀਏ, ਇਨ੍ਹਾਂ ਦੈਵੀ ਗੁਣਾਂ ਕਰਕੇ ਵਾਹਿਗੁਰੂ ਵਸ ਵਿਚ ਆ ਜਾਂਦਾ ਹੈ।

## ਮਿਲਿ ਸੰਤ ਜਨਾ; ਰੰਗੁ ਮਾਣਿਹ ਰਲੀਆ ਜੀਉ ॥

ਸੰਤ = ਮਹਾਤਮਾ ਜਨਾਂ ਦੀ ਸੰਗਤ ਨਾਲ ਮਿਲ ਕਰ ਕੇ ਪਰਮੇਸ਼ਰ ਦਾ ਚਿੰਤਨ ਕਰਨ ਰੂਪ **ਵਾ:** ਰੰਗ = ਆਤਮਾ ਅਨੰਦ ਰੂਪ ਰਲੀਆ = ਖ਼ੁਸ਼ੀਆਂ ਮਾਣਿਹ = ਮਾਨਣਾ ਕਰੀਏ ਜੀ।

## ਗੁਰ ਦੀਪਕੁ ਗਿਆਨੁ; ਸਦਾ ਮਨਿ ਬਲੀਆ ਜੀਉ ॥

ਜਿਨ੍ਹਾਂ ਸੰਤ ਜਨਾਂ ਦੇ ਮਨ ਰੂਪੀ ਘਰ ਵਿਚ ਗੁਰ = ਸਤਿਗੁਰਾਂ ਦਾ ਗਿਆਨ ਰੂਪੀ ਦੀਪਕੁ = ਦੀਵਾ ਸਦਾ = ਹਮੇਸ਼ਾਂ ਬਲੀਆ = ਬਲਦਾ ਰਹਿੰਦਾ ਹੈ।

## ਹਰਿ ਤੁਠੈ; ਢੁਲਿ ਢੁਲਿ ਮਿਲੀਆ ਜੀਉ ॥੧॥

ਉਨ੍ਹਾਂ ਨੂੰ ਹਰਿ = ਹਰੀ ਤੁਠੈ = ਪ੍ਰਸੰਨ ਹੋ ਕੇ ਢੁਲਿ ਢੁਲਿ = ਡੁਲ੍ਹ ਡੁਲ੍ਹ ਕੇ ਮਿਲੀਆ = ਮਿਲਿਆ ਹੈ ਜੀ **ਅਥਵਾ** ਜੋ ਜੀਉ = ਜੀਵ ਆਪਣੀ ਦੇਹ ਅਭਿਮਾਨ ਵੱਲੋਂ ਢੁਲਿ = ਢਲ ਗਿਆ ਅਤੇ ਗੁਣਾਂ ਦੇ ਮਾਣ ਵੱਲੋਂ ਢੁਲਿ = ਢਲ ਗਿਆ ਹੈ, ਭਾਵ ਦੇਹ ਦਾ ਅਭਿਮਾਨ ਅਤੇ ਗੁਣਾਂ ਦਾ ਹੰਕਾਰ ਤਿਆਗ ਦਿੱਤਾ ਹੈ, ਉਸ ਉੱਤੇ ਹਰਿ = ਹਰੀ ਤੁਠੈ = ਪ੍ਰਸੰਨ ਹੋ ਕੇ ਉਸ ਨੂੰ ਮਿਲੀਆ = ਮਿਲ ਪੈਂਦਾ ਹੈ **ਅਥਵਾ** ਜਿਨ੍ਹਾਂ ਉੱਤੇ ਹਰਿ = ਹਰੀ ਪਰਮੇਸ਼ਰ ਤੁਠੈ = ਪ੍ਰਸੰਨ ਹੋਇਆ ਹੈ, ਉਹ ਜੀਉ = ਪੁਰਸ਼ ਅਵਿਦਿਆ ਦੀ ਜੜ੍ਹਤਾ ਕਰਕੇ ਜੀਵਪੁਣੇ ਵੱਲੋਂ ਗੁਰ ਦੀ ਸ਼ਬਦ ਰੂਪੀ ਕਿਰਨ ਨਾਲ ਢੁਲਿ ਢੁਲਿ = ਢਲ ਢਲ ਕੇ ਬ੍ਰਹਮ ਰੂਪੀ ਜਲ ਵਿਚ ਮਿਲੀਆ = ਮਿਲ ਗਏ ਹਨ ॥੧॥

## ਮੇਰੈ ਮਨਿ ਤਨਿ ਪ੍ਰੇਮੁ ਲਗਾ; ਹਰਿ ਢੋਲੇ ਜੀਉ ॥

ਮੇਰੈ = ਸਾਡੇ ਮਨ ਅਤੇ ਤਨ ਵਿਚ ਢੋਲੇ = ਪਿਆਰੇ ਹਰੀ ਪਰਮੇਸ਼ਰ ਦਾ ਪ੍ਰੇਮ ਲੱਗਾ ਹੋਇਆ ਹੈ ਜੀਉ = ਜੀ।

***ਨੋਟ :*** ਢੋਲਣ ਸ਼ਬਦ ਤੋਂ ਢੋਲਾ ਬਣਿਆ ਹੈ, ਇਸਤਰੀਆਂ ਆਪਣੇ ਪਤੀ ਨੂੰ ਪ੍ਰੇਮ ਨਾਲ ਢੋਲਾ ਕਰ ਕੇ ਬੁਲਾਉਂਦੀਆਂ ਹਨ, ਇਸੇ ਪ੍ਰਕਾਰ ਗੁਰੂ ਜੀ ਨੇ ਇਥੇ ਉਹੋ 'ਢੋਲੇ' ਅਲੰਕਾਰ ਵਰਤਿਆ ਹੈ।

## ਮੈ ਮੇਲੇ ਮਿਤ੍ਰੁ; ਸਤਿਗੁਰੁ ਵੇਚੋਲੇ ਜੀਉ ॥

ਹੇ ਪਿਆਰੇ ਸੰਤ ਜਨੋ! ਮੈ = ਮੈਨੂੰ ਜੋ ਸਤਿਗੁਰੂ ਜੀ ਵਿਚੋਲੇ ਹੋ ਕੇ ਮਿਤ੍ਰੁ = ਸੱਜਣ ਰੂਪ ਹਰੀ ਨਾਲ ਮੇਲੇ = ਮੇਲਦੇ ਹਨ।

## ਮਨੁ ਦੇਵਾਂ ਸੰਤਾ; ਮੇਰਾ ਪ੍ਰਭੁ ਮੇਲੇ ਜੀਉ ॥

ਉਨ੍ਹਾਂ ਸੰਤਾ = ਸ਼ਾਂਤ ਚਿੱਤ ਵਾਲੇ ਸਤਿਗੁਰਾਂ ਨੂੰ ਮੈਂ ਆਪਣਾ ਮਨ ਭੇਟਾ ਰੂਪ ਵਿਚ ਦੇਵਾਂ = ਦੇਣਾ ਕਰਾਂ ਕਿਉਂਕਿ ਉਨ੍ਹਾਂ ਨੇ ਮੇਰਾ ਪ੍ਰਭੁ = ਪਰਮੇਸ਼ਰ ਨਾਲ ਮੇਲੇ = ਮਿਲਾਪ ਕਰਵਾ ਦਿੱਤਾ ਹੈ ਜੀ।

## ਹਰਿ ਵਿਟੜਿਅਹੁ; ਸਦਾ ਘੋਲੇ ਜੀਉ ॥੨॥

ਹੇ ਪਿਆਰੇ ਜੀਉ = ਜੀਅ! ਹਰੀ ਪਰਮੇਸ਼ਰ ਦੇ ਵਿਟੜਿਅਹੁ = ਉਪਰੋਂ ਸਦਾ = ਹਮੇਸ਼ਾ ਘੋਲੇ = ਕੁਰਬਾਨ, ਬਲਿਹਾਰ ਜਾਈਏ ॥੨॥

## ਵਸੁ ਮੇਰੇ ਪਿਆਰਿਆ, ਵਸੁ ਮੇਰੇ ਗੋਵਿਦਾ;
## ਹਰਿ ਕਰਿ ਕਿਰਪਾ ਮਨਿ ਵਸੁ ਜੀਉ ॥

ਹੇ ਮੇਰੇ ਪਿਆਰਿਆ! ਆਪ ਕ੍ਰਿਪਾ ਕਰਕੇ ਮੇਰੀ ਬਾਣੀ ਵਿਚ ਵਸੁ = ਵਸਣਾ ਕਰੋ। ਹੇ ਮੇਰੇ ਗੋਵਿਦਾ = ਪਰਮੇਸ਼ਰ ਸਰੀਰ ਵਿਚ ਵੀ ਵਸੁ = ਵਸਣਾ ਕਰੋ ਹੇ ਹਰਿ = ਹਰੀ! ਤੁਸੀਂ ਕਿਰਪਾ = ਮਿਹਰ ਕਰਿ = ਕਰਕੇ ਮਨ ਵਿਚ ਵੀ ਵਸੁ = ਵਸਣਾ ਕਰੋ ਜੀ **ਅਥਵਾ** ਹੇ ਮੇਰੇ ਪਿਆਰੇ ਹਰੀ ਪਰਮੇਸ਼ਰ! ਤੂੰ ਸਤਿਜੁਗ ਵਿਚ ਵੀ ਵਸਦਾ ਸੀ, ਤ੍ਰੇਤੇ ਅਤੇ ਦੁਆਪਰ ਵਿਚ ਵੀ ਤੂੰ ਵਸਦਾ ਸੀ ਤੇ ਹੁਣ ਕ੍ਰਿਪਾ ਕਰ ਕੇ ਕਲਜੁਗ ਦੇ ਜੀਵਾਂ ਦੇ ਮਨ ਵਿਚ ਵੀ ਵਸਣਾ ਕਰੋ **ਅਥਵਾ** ਜਿਵੇਂ ਪਿੱਛੇ ਭੂਤਕਾਲ ਵਿਚ ਆਪਣੇ ਪਿਆਰੇ ਭਗਤਾਂ ਦੇ ਹਿਰਦੇ ਵਿਚ ਤੁਸੀਂ ਵਸ ਕੇ ਉਨ੍ਹਾਂ ਦੀ ਰੱਖਿਆ ਕੀਤੀ ਅਤੇ ਹੁਣ ਵਰਤਮਾਨ ਸਮੇਂ ਵਿਚ ਵੀ ਭਗਤਾਂ ਦੇ ਚਿਤ ਵਿਚ ਤੁਸੀਂ ਰੱਖਿਆ ਕਰਨ ਵਾਸਤੇ ਵਸਦੇ ਹੋ। ਇਸੇ ਤਰ੍ਹਾਂ ਆਪ ਜੀ ਕ੍ਰਿਪਾ ਕਰਕੇ ਸਾਡੇ ਮਨ ਵਿਚ ਹੁਣ ਵੀ ਅਤੇ ਭਵਿੱਖਤ ਸਮੇਂ ਵਿਚ ਵੀ ਵਸਣਾ ਕਰੋ **ਅਥਵਾ** ਹੇ ਮੇਰੇ ਪਿਆਰੇ ਪਰਮੇਸ਼ਰ! ਜਿਵੇਂ ਪਿਛਲੇ ਭਗਤਾਂ ਦੇ ਮਨ ਨੂੰ ਤੁਸੀਂ ਵਸ ਵਿਚ ਕੀਤਾ ਸੀ ਅਤੇ ਜਿਵੇਂ ਹੁਣਦਿਆਂ ਭਗਤਾਂ ਦੇ ਮਨ ਨੂੰ ਵਸ ਵਿਚ ਕਰਦੇ ਹੋ, ਏਸੇ ਹੀ ਪ੍ਰਕਾਰ ਹਰੀ ਪ੍ਰਭੂ ਜੀ ਕਿਰਪਾ ਕਰਕੇ ਮੇਰੇ ਮਨ ਨੂੰ ਵੀ ਵਸ ਵਿਚ ਕਰਨਾ ਕਰੋ, ਭਾਵ ਆਪਣੇ ਅਧੀਨ ਕਰ ਲਵੋ।

## ਮਨਿ ਚਿੰਦਿਅੜਾ ਫਲੁ ਪਾਇਆ, ਮੇਰੇ ਗੋਵਿੰਦਾ;
## ਗੁਰੁ ਪੂਰਾ ਵੇਖਿ ਵਿਗਸੁ ਜੀਉ ॥

(**ਵਿਗੱਸੁ** ਬੋਲੋ)

ਹੇ ਗੋਵਿੰਦਾ = ਪਰਮੇਸ਼ਰ! ਜਿਨ੍ਹਾਂ ਦਾ ਚਿਤ, ਗੁਰ ਪੂਰਾ = ਪੂਰਨ ਗੁਰ ਸਾਹਿਬ ਜੀ ਦੇ ਦਰਸ਼ਨ

ਵੇਖਿ = ਦੇਖ ਕੇ ਵਿਗਸੁ = ਖਿੜ ਗਿਆ ਹੈ ਜੀ। ਉਨ੍ਹਾਂ ਨੇ ਮਨਿ ਚਿੰਦਿਅੜਾ = ਮਨ ਬਾਂਛਤ ਫਲ ਪਾਇਆ = ਪਾ ਲਿਆ ਹੈ।

## ਹਰਿ ਨਾਮੁ ਮਿਲਿਆ ਸੋਹਾਗਣੀ, ਮੇਰੇ ਗੋਵਿੰਦਾ; ਮਨਿ ਅਨਦਿਨੁ ਅਨਦੁ ਰਹਸੁ ਜੀਉ ॥

(**ਰਹੱਸੁ** ਬੋਲੋ)

ਹੇ ਮੇਰੇ ਗੋਵਿੰਦ ਦੇ ਪਿਆਰੇ ਭਗਤ ਜਨੋਂ! ਜੋ ਅਕਾਲ ਪੁਰਖ ਹਰੀ ਪਰਮੇਸ਼ਰ ਦਾ ਨਾਮ ਜਿਨ੍ਹਾਂ ਸੰਤ ਰੂਪ ਸੋਹਾਗਣੀ = ਸੁਹਾਗਵੰਤੀਆਂ ਨੂੰ ਮਿਲਿਆ ਹੈ, ਉਨ੍ਹਾਂ ਦਾ ਮਨ ਅਨਦਿਨੁ = ਰਾਤ ਦਿਨੇ ਅਨਦੁ = ਅਨੰਦ (ਬ੍ਰਹਮਾਨੰਦ) ਵਿਚ ਰਹਸੁ = ਪ੍ਰਸੰਨ ਹੋ ਗਿਆ ਹੈ ਜੀ।

## ਹਰਿ ਪਾਇਅੜਾ ਵਡਭਾਗੀਈ, ਮੇਰੇ ਗੋਵਿੰਦਾ; ਨਿਤ ਲੈ ਲਾਹਾ ਮਨਿ ਹਸੁ ਜੀਉ ॥੩॥

(**ਹੱਸੁ** ਬੋਲੋ)

ਹੇ ਮੇਰੇ ਗੋਵਿੰਦ ਦੇ ਪਿਆਰਿਓ! ਸੰਤ ਜਨਾਂ ਨੇ ਵਡਭਾਗੀ = ਵੱਡਿਆਂ ਭਾਗਾਂ ਕਰ ਕੇ, ਨਿਸਚੇ ਕਰਕੇ ਹਰਿ = ਹਰੀ ਪਰਮੇਸ਼ਰ ਨੂੰ ਪਾਇਅੜਾ = ਪਾਉਣਾ ਕੀਤਾ ਹੈ ਅਤੇ ਨਿਤ = ਨਿਤਾਪ੍ਰਤੀ ਹੀ ਨਾਮ ਦਾ **ਵਾ:** ਮਨੁੱਖਾ ਜਨਮ ਦਾ ਲਾਹਾ = ਲਾਭ ਲੈ ਕੇ ਮਨ ਵਿਚ ਹਸੁ = ਪ੍ਰਸੰਨ ਹੁੰਦੇ ਹਨ ॥੩॥

## ਹਰਿ ਆਪਿ ਉਪਾਏ, ਹਰਿ ਆਪੇ ਵੇਖੈ; ਹਰਿ ਆਪੇ ਕਾਰੈ ਲਾਇਆ ਜੀਉ ॥

ਇਹ ਜਾਣਦੇ ਹਨ ਕਿ ਹਰੀ ਆਪੇ ਹੀ ਸ੍ਰਿਸ਼ਟੀ ਨੂੰ ਉਪਾਏ = ਪੈਦਾ ਕਰਦਾ ਹੈ ਅਤੇ ਹਰੀ ਆਪ ਹੀ ਵੇਖੈ = ਵੇਖਦਾ, ਪਾਲਣਾ ਕਰਦਾ ਹੈ। ਆਪੇ ਹੀ ਹਰੀ ਨੇ ਜੀਉ = ਜੀਵਾਂ ਨੂੰ ਵਾਸ਼ਨਾ ਅਨੁਸਾਰ ਕਾਰੈ = ਕੰਮਾਂ ਵਿਚ ਲਾਇਆ ਹੋਇਆ ਹੈ **ਵਾ:** ਆਪਣੇ ਸੰਤ ਜਨਾਂ ਨੂੰ ਭਗਤੀ ਰੂਪ ਕਾਰ ਵਿਚ ਲਾਇਆ = ਲਾਉਣਾ ਕੀਤਾ ਹੈ ਜੀ।

## ਇਕਿ ਖਾਵਹਿ ਬਖਸ, ਤੋਟਿ ਨ ਆਵੈ; ਇਕਨਾ ਫਕਾ ਪਾਇਆ ਜੀਉ ॥

ਇਕਿ = ਇਕਨਾ ਜੀਉ = ਜੀਵਾਂ ਨੂੰ ਪੂਰਬਲੇ ਪੁੰਨ ਕਰਮਾਂ ਕਰਕੇ, ਪਰਮੇਸ਼ਰ ਪਦਾਰਥਾਂ ਦੀ ਬਖਸ = ਬਖ਼ਸ਼ਿਸ਼ ਕਰਦਾ ਹੈ ਤੇ ਉਹ ਰੱਜ ਕੇ ਪਦਾਰਥਾਂ ਨੂੰ ਖਾਵਹਿ = ਖਾਂਦੇ ਹਨ ਤੇ ਹੋਰਨਾਂ ਨੂੰ ਬਖ਼ਸ਼ਦੇ ਹਨ, ਉਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਤੋਟਿ = ਘਾਟਾ ਨਹੀਂ ਆਵੈ = ਆਉਂਦਾ ਅਤੇ ਇਕਨਾ = ਇਕ ਇਹੋ ਜਿਹੇ ਹਨ, ਜਿਨ੍ਹਾਂ ਕੋਲ ਫਕਾ = ਫੱਕਾ ਮਾਤ੍ਰ ਭਾਵ ਥੋੜ੍ਹੇ ਪਦਾਰਥ ਹਨ **ਵਾ:** ਫਾਕਾ ਪਿਆ ਰਹਿੰਦਾ ਹੈ ਭਾਵ ਚਾਰ-ਚਾਰ ਦਾਣੇ ਘਰ-ਘਰ ਤੋਂ ਮੰਗਣੇ ਪੈਂਦੇ ਹਨ **ਅਥਵਾ** ਇਕ ਬ੍ਰਹਮਾਨੰਦ ਰੂਪੀ ਭੋਜਨ ਆਪ ਖਾਂਦੇ ਤੇ ਹੋਰਨਾਂ ਭਾਉ-ਭਗਤੀ ਵਾਲਿਆਂ ਨੂੰ ਗਿਆਨ ਬਖ਼ਸ਼ਦੇ ਹਨ, ਉਨ੍ਹਾਂ ਦੇ ਅਨੰਦ ਵਿਚ ਤੋਟਿ = ਘਾਟਾ ਨਹੀਂ ਆਵੈ = ਆਉਂਦਾ ਅਤੇ ਇਕਨਾਂ ਨੂੰ ਜੂਨਾਂ ਵਿਚ ਪੈਣ ਰੂਪ ਫਾਕਾ ਪਾ ਛੱਡਿਆ ਹੈ, ਭਾਵ ਵਾਰ ਵਾਰ ਜੰਮਦੇ ਮਰਦੇ ਰਹਿੰਦੇ ਹਨ।

## ਇਕਿ ਰਾਜੇ ਤਖਤਿ ਬਹਹਿ ਨਿਤ ਸੁਖੀਏ; ਇਕਨਾ ਭਿਖ ਮੰਗਾਇਆ ਜੀਉ ॥

ਹੇ ਪਿਆਰੇ ਜੀ! ਇਕਿ = ਕਈ ਰਾਜੇ ਬਣਾ ਕੇ ਤਖ਼ਤਾਂ ਉਪਰ ਬਹਹਿ = ਬੈਠਾਏ ਹਨ, ਜੋ ਨਿਤ = ਨਿਤਾਪ੍ਰਤੀ ਸੁਖੀਏ = ਸੁਖੀ ਰਹਿੰਦੇ ਹਨ ਅਤੇ ਇਕਨਾ = ਕਈਆਂ ਤੋਂ ਭਿਖ = ਭਿਖਿਆ ਹੀ ਮੰਗਾਇਆ = ਮੰਗਾਉਂਦਾ ਰਹਿੰਦਾ ਹੈ **ਅਥਵਾ** ਇਕ ਬ੍ਰਹਮਗਿਆਨੀ ਰੂਪੀ ਰਾਜੇ ਸਰੂਪਾ ਨੰਦ ਰੂਪੀ **ਵਾ:**

ਬ੍ਰਹਮਾਨੰਦ ਰੂਪੀ ਤਖ਼ਤ ਤੇ ਬਹਹਿ = ਬੈਠ ਕੇ ਨਿਤਾਪ੍ਰਤੀ ਸੁਖੀ ਰਹਿੰਦੇ ਹਨ ਅਤੇ ਇਕਨਾਂ ਨੂੰ ਕਰਮਾਂ ਅਨੁਸਾਰ ਚੌਰਾਸੀ ਲੱਖ ਜੂਨਾਂ ਵਿਚ ਫਿਰਨ ਰੂਪ ਭਿੱਖਿਆ ਮੰਗਾਉਂਦਾ ਹੈ, ਭਾਵ ਚੌਰਾਸੀ ਲੱਖ ਜੂਨਾਂ ਵਿਚ ਭਿੱਖਿਆ ਮੰਗਦੇ ਹੋਏ, ਭਰਮਦੇ ਹੋਏ ਦੁਖ ਪ੍ਰਾਪਤ ਕਰਦੇ ਹਨ।

## ਸਭੁ ਇਕੋ ਸਬਦੁ ਵਰਤਦਾ, ਮੇਰੇ ਗੋਵਿਦਾ;
## ਜਨ ਨਾਨਕ ਨਾਮੁ ਧਿਆਇਆ ਜੀਉ ॥੪॥੨॥੨੮॥੬੬॥

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰਿਓ ! ਸਭੁ = ਸਾਰੀ ਸ੍ਰਿਸ਼ਟੀ, (ਬ੍ਰਹਮੰਡ) ਵਿਚ ਇਕੋ = ਅਦਵੈਤ ਸਰੂਪ ਸਬਦੁ = ਬ੍ਰਹਮ ਹੀ ਵਰਤਦਾ = ਵਰਤ ਰਿਹਾ ਹੈ, ਵਿਆਪਕ ਹੋ ਰਿਹਾ ਹੈ। ਸਤਿਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਹੇ ਪਰਮੇਸ਼ਰ ! ਜੋ ਜਨ = ਪੁਰਖ ਤੇਰੇ ਜਾਣੂ ਹਨ, ਉਨ੍ਹਾਂ ਨੇ ਹੀ ਤੇਰੇ ਨਾਮ ਨੂੰ ਧਿਆਇਆ = ਧਿਆਉਣਾ ਕੀਤਾ ਹੈ॥੪॥੨॥੨੮॥੬੬॥

**ਸਾਖੀ—ਭਾਈ ਨੰਦ ਲਾਲ ਜੀ ਦੀ :** ਜਿਵੇਂ ਭਾਈ ਨੰਦ ਲਾਲ ਜੀ ਨੇ ਸਾਰਿਆਂ ਵਿਚ ਵਾਹਿਗੁਰੂ ਜੀ ਦੀ ਜੋਤ ਜਾਣ ਕੇ ਕਲਗ਼ੀਧਰ ਪਾਤਿਸ਼ਾਹ ਜੀ ਦੀਆਂ ਖ਼ੁਸ਼ੀਆਂ ਲਈਆਂ ਸਨ। ਇਕ ਦਿਨ ਦਸਮੇਸ਼ ਪਾਤਿਸ਼ਾਹ ਜੀ ਭੇਸ ਬਦਲ ਕੇ ਸਿੱਖ ਰੂਪ ਵਿਚ ਸਾਰੇ ਲੰਗਰਾਂ ਵਿਚ ਗਏ ਅਤੇ ਛਕਣ ਲਈ ਪ੍ਰਸ਼ਾਦਾ ਮੰਗਿਆ। ਤਾਂ ਅੱਗੋਂ ਕੋਈ ਕਹੇ ਕਿ ਅਜੇ ਅਨੰਦੁ ਸਾਹਿਬ ਨਹੀਂ ਪੜ੍ਹਿਆ, ਕੋਈ ਕਹੇ ਕਿ ਅਜੇ ਸੰਗਤ ਨਹੀਂ ਆਈ, ਹੁਣੇ ਪ੍ਰਸ਼ਾਦਾ ਨਹੀਂ ਦੇ ਸਕਦੇ। ਫਿਰ ਸਤਿਗੁਰੂ ਜੀ ਅਨੰਦਪੁਰ ਸਾਹਿਬ ਵਿਖੇ ਭਾਈ ਨੰਦ ਲਾਲ ਜੀ ਦੇ ਕੋਲ ਲੰਗਰ ਵਿਚ ਆਏ ਤੇ ਆ ਕੇ ਪ੍ਰਸ਼ਾਦਾ ਮੰਗਿਆ। ਉਸ ਵੇਲੇ ਭਾਈ ਸਾਹਿਬ ਆਟਾ ਗੁੰਨ੍ਹ ਰਹੇ ਸੀ। ਦਾਲ ਨੂੰ ਤੜਕਾ ਲਗਾਉਣ ਵਾਲਾ ਸੀ। ਮਸਾਲਾ ਰਗੜਿਆ ਹੋਇਆ ਸੀ ਅਤੇ ਦਾਲ ਭਿਉਂਤੀ ਪਈ ਸੀ। ਭਾਈ ਸਾਹਿਬ ਨੇ ਅੱਗੋਂ ਕੋਈ ਨਾਂਹ ਵਾਲਾ ਬਚਨ ਨਾ ਕੀਤਾ, ਉਸੇ ਤਰ੍ਹਾਂ ਹੀ ਲਿਆ ਕੇ ਅੱਗੇ ਰੱਖ ਦਿੱਤਾ, ਬੇਨਤੀ ਕੀਤੀ ਕਿ ਮਹਾਰਾਜ ਜੀ ਅਜੇ ਇਤਨਾ ਕੁ ਹੀ ਤਿਆਰ ਹੈ, ਜੇਕਰ ਆਪ ਜੀ ਦੀ ਆਗਿਆ ਹੋਵੇ ਤਾਂ ਪਕਾ ਦੇਵਾਂ। ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਇਕ ਸਿੱਖ ਨੂੰ ਇਸ਼ਾਰਾ ਕਰ ਕੇ ਸਭ ਕੁਝ ਚੁਕਾ ਲਿਆਏ। ਅਗਲੇ ਦਿਨ ਸੰਗਤ ਵਿਚ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਕਿਸ ਦਾ ਲੰਗਰ ਚੱਲਦਾ ਹੈ ਤਾਂ ਕੋਈ ਕਹੇ ਕਿ ਮੇਰਾ ਇਕ ਮਣ ਚਲਦਾ ਹੈ, ਕੋਈ ਕਹੇ ਕਿ ਦੋ ਮਣ ਚੱਲਦਾ ਹੈ ਅਤੇ ਕੋਈ ਕਹੇ ਕਿ ਮੇਰਾ ਪੰਜ ਮਣ ਚੱਲਦਾ ਹੈ। ਸਤਿਗੁਰੂ ਜੀ ਹੱਸ ਪਏ ਤੇ ਕਹਿਣ—ਲੱਗੇ ਨਹੀਂ ਭਾਈ, ਸਿਰਫ਼ ਭਾਈ ਨੰਦ ਲਾਲ ਜੀ ਦਾ ਹੀ ਲੰਗਰ ਚੱਲਦਾ ਹੈ। ਅਸੀਂ ਆਪ ਸਾਰੇ ਲੰਗਰਾਂ ਵਿਚ ਜਾ ਕੇ ਆਏ ਹਾਂ। ਇਨ੍ਹਾਂ ਦੇ ਕੋਲ ਜਿਸ ਤਰ੍ਹਾਂ ਦਾ ਤਿਆਰ ਸੀ, ਉਸੇ ਤਰ੍ਹਾਂ ਦਾ ਹਾਜ਼ਰ ਕਰ ਦਿੱਤਾ ਸੀ। ਅਤੇ ਆਪ ਹੀ ਵੇਖ ਲੈਣਾ ਕਰੋ। ਸਤਿਗੁਰਾਂ ਨੇ ਉਹ ਸਾਰਾ ਸਾਮਾਨ ਸੰਗਤ ਨੂੰ ਦਿਖਾਇਆ, ਸਭ ਸ਼ਰਮਿੰਦੇ ਜਿਹੇ ਹੋ ਗਏ। ਸਤਿਗੁਰਾਂ ਨੇ ਕਿਹਾ ਕਿ ਜੋ ਤਿਆਰ ਹੋਵੇ, ਉਹੀ ਹਾਜ਼ਰ ਕਰ ਦੇਣਾ ਉਸ ਨੂੰ ਲੰਗਰ ਕਹਿੰਦੇ ਹਨ, ਭਾਵੇਂ ਸਾਨੂੰ ਸਿੱਖ ਰੂਪ ਵਿਚ ਭਾਈ ਨੰਦ ਲਾਲ ਪਛਾਣ ਨਾ ਸਕਿਆ ਪਰ ਸਭਨਾਂ ਵਿਚ ਵਾਹਿਗੁਰੂ ਜੀ ਦੀ ਜੋਤ ਜਾਣ ਕੇ ਹਾਜ਼ਰ ਹੋ ਗਿਆ ਸੀ।

ਭਾਈ ਨੰਦ ਲਾਲ ਜੀ ਇਹ ਕੌਤਕ ਵੇਖ ਬਹੁਤ ਪ੍ਰਸੰਨ ਹੋਇਆ ਕਿ ਕਦੇ ਮਹਾਰਾਜ ਕੋਈ ਰੂਪ ਧਾਰਨ ਕਰ ਲੈਂਦੇ ਹੋ ਅਤੇ ਕਦੇ ਕੋਈ ਰੂਪ ਧਾਰਨ ਕਰ ਲੈਂਦੇ ਹੋ। ਸੋ ਇਸ ਪ੍ਰਕਾਰ ਸਾਰਿਆਂ ਵਿਚ ਇੱਕੋ ਹੀ ਬ੍ਰਹਮ ਹੋ ਕੇ ਵਸਦਾ ਹੈ ਇਸੇ ਕਰਕੇ ਗੁਰਮੁਖ ਜਨ ਉਸ ਦੇ ਨਾਮ ਨੂੰ ਧਿਆਉਣਾ ਕਰਦੇ ਹਨ।

## ਗਉੜੀ ਮਾਝ, ਮਹਲਾ ੪ ॥

**ਉਥਾਨਕਾ :** ਸ੍ਰੀ ਗੁਰੂ ਰਾਮਦਾਸ ਸਾਹਿਬ ਜੀ, ਅੰਮ੍ਰਿਤਸਰ ਸਾਹਿਬ ਦੁਖਭੰਜਨੀ ਬੇਰੀ ਦੇ ਹੇਠਾਂ ਦੀਵਾਨ ਵਿਚ ਸੰਗਤਾਂ ਦੇ ਵਿਚ ਸੁਸ਼ੋਭਿਤ ਸਨ, ਸੰਗਤ ਵਿੱਚੋਂ ਕੁਝ ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ!

ਜਿਸ ਪਰਮੇਸ਼ਰ ਦਾ ਸਿਮਰਨ ਕਰਨ ਬਾਰੇ ਆਪ ਜੀ ਉਪਦੇਸ਼ ਕਰਦੇ ਹੋ, ਉਹ ਪਰਮੇਸ਼ਰ ਕਿਥੇ ਵਸਦਾ ਹੈ **ਵਾ**: ਕਿਥੋਂ ਪ੍ਰਾਪਤ ਹੁੰਦਾ ਹੈ। ਤਦ ਸਤਿਗੁਰੂ ਸਾਹਿਬ ਜੀ ਨੇ ਇਹ ਪਾਵਨ ਸ਼ਬਦ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤਾ:

## ਮਨ ਮਾਹੀ, ਮਨ ਮਾਹੀ ਮੇਰੇ ਗੋਵਿੰਦਾ; ਹਰਿ ਰੰਗਿ ਰਤਾ ਮਨ ਮਾਹੀ ਜੀਉ ॥

***ਪਹਿਲਾ ਅਰਥ :*** ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰੇ ਸੰਤ ਜਨੋਂ! ਪਰਮੇਸ਼ਰ ਮਨ ਦੇ ਮਾਹੀ = ਵਿਚ ਹੀ ਹੈ, ਮਨ ਦੇ ਮਾਹੀ = ਵਿਚ ਹੀ ਹੈ, ਇਸ ਕਰਕੇ ਨਿਸ਼ਚੇ ਕਰੋ ਕਿ ਹਰੇਕ ਰੰਗ ਵਿਚ ਰਤਾ = ਰੰਗਿਆ ਹੋਇਆ ਹਰਿ = ਪਰਮੇਸ਼ਰ ਸਾਰਿਆਂ ਦੇ ਮਨ ਮਾਹੀ = ਵਿਚ ਹੀ ਹੈ ਜੀ।

ਸ਼ੰਕਾ: ਇਸ ਵਿਚ ਪੁਨਰੁਕਤੀ ਦੋਸ਼ ਹੈ?

ਸਮਾਧਾਨ: ਨਹੀਂ! ਇਸ ਵਿਚ ਪੁਨਰੁਕਤੀ ਦੋਸ਼ ਨਹੀਂ ਹੈ। ਇਥੇ ਸਤਿਗੁਰੂ ਸਾਹਿਬ ਜੀ ਜਗਿਆਸੂ ਅਧਿਕਾਰੀ ਦੀ ਦ੍ਰਿੜ੍ਹਤਾ ਲਈ ਵਾਰ ਵਾਰ ਕਥਨ ਕਰਦੇ ਹਨ। ਤਿੰਨ ਵਾਰੀ ਵਾਕ ਕਹਿਣ ਨੂੰ ਨਿਯਾਮਕ ਵਾਕ ਕਹਿੰਦੇ ਹਨ **ਵਾ**: ਇਥੇ ਸਤਿਗੁਰੂ ਜੀ ਨੇ ਥੂਣੀ ਖੰਨਨ ਨਯਾਯ ਅਨੁਸਾਰ ਪ੍ਰਪੱਕਤਾ ਕਰਨ ਲਈ ਅਤੇ ਪ੍ਰੇਮ ਦੀ ਮੌਜ ਵਿਚ ਉਪਦੇਸ਼ ਦਿੱਤਾ ਹੈ।

***ਦੂਸਰਾ ਅਰਥ :*** ਹੇ ਭਾਈ! ਪਿੱਛੇ ਭੂਤਕਾਲ ਵਿਚ ਵੀ ਮੇਰਾ ਗੋਵਿੰਦ ਪਰਮੇਸ਼ਰ ਮਨ ਦੇ ਮਾਹੀ = ਵਿਚ ਸੀ, ਹੁਣ ਵਰਤਮਾਨ ਕਾਲ ਵਿਚ ਵੀ ਮਨ ਦੇ ਮਾਹੀ = ਵਿਚ ਹੀ ਹੈ ਅਤੇ ਅੱਗੇ ਭਵਿੱਖਤ ਕਾਲ ਵਿਚ ਵੀ ਹਰੇਕ ਰੰਗ ਵਿਚ ਰਤਾ = ਰੰਗਿਆ ਹੋਇਆ ਪਰਮੇਸ਼ਰ ਮਨ ਦੇ ਮਾਹੀ = ਵਿਚ ਹੀ ਹੋਵੇਗਾ। ਵਾ: ਮਨ ਦੇ ਵਿੱਚੋਂ ਹੀ ਪ੍ਰਗਟ ਹੋਵੇਗਾ।

***ਤੀਸਰਾ ਅਰਥ :*** ਜਿਨ੍ਹਾਂ ਸੰਤ ਜਨਾਂ ਨੇ ਆਪ ਮਨ ਦੇ ਮਾਹੀ = ਵਿਚ ਮੇਰੇ ਗੋਵਿੰਦਾ = ਪਰਮੇਸ਼ਰ ਦਾ ਚਿੰਤਨ ਕੀਤਾ ਹੈ, ਉਨ੍ਹਾਂ ਦੇ ਮਨ ਮਾਹੀ = ਵਿੱਚੋਂ ਹੀ ਪਰਮੇਸ਼ਰ ਸਾਖਿਆਤ ਹੋ ਗਿਆ ਹੈ ਅਤੇ ਉਨ੍ਹਾਂ ਦੀ ਸੰਗਤ ਕਰ ਕੇ ਜਿਹੜਾ ਹਰੀ ਦੇ ਰੰਗ = ਪ੍ਰੇਮ ਵਿਚ ਰਤਾ = ਰੰਗਿਆ ਗਿਆ ਹੈ, ਉਨ੍ਹਾਂ ਨੂੰ ਮਨ ਦੇ ਮਾਹੀ = ਵਿੱਚੋਂ ਹੀ, ਪਰਮੇਸ਼ਰ ਪ੍ਰਾਪਤ ਹੋ ਜਾਂਦਾ ਹੈ ਜੀ।

***ਚੌਥਾ ਅਰਥ :*** ਪ੍ਰਾਪਤੀ ਰੂਪ ਅਰਥ, ਜਿਸ ਵੇਲੇ ਮਨ ਉਸ ਗੋਵਿੰਦ ਦੇ ਸ਼ਬਦ ਦੇ ਮਾਹੀ = ਵਿਚ, ਉਸ ਨੂੰ ਮਨ = ਸ਼੍ਰੋਮਣੀ ਜਾਣ ਕੇ ਮਾਹੀ = ਮੱਛੀ ਦੀ ਨਿਆਈਂ ਜਲ ਰੂਪ ਪਰਮੇਸ਼ਰ ਦੇ ਪ੍ਰੇਮ ਰੰਗ ਵਿਚ ਰਤਾ = ਤਦਾਕਾਰ ਹੋਇਆ, ਤਾਂ ਉਸ ਵੇਲੇ ਪਰਮੇਸ਼ਰ ਮਨ ਦੇ ਮਾਹੀ = ਵਿੱਚੋਂ ਹੀ ਪ੍ਰਾਪਤ ਹੋ ਜਾਂਦਾ ਹੈ ਜੀ। ਫ਼ਾਰਸੀ ਵਿਚ 'ਮਾਹੀ' ਮੱਛੀ ਨੂੰ ਕਹਿੰਦੇ ਹਨ।

## ਹਰਿ ਰੰਗੁ ਨਾਲਿ ਨ ਲਖੀਐ, ਮੇਰੇ ਗੋਵਿਦਾ; ਗੁਰੁ ਪੂਰਾ ਅਲਖੁ ਲਖਾਹੀਂ ਜੀਉ ॥

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਸੰਤ ਜਨੋਂ! ਹਰੀ ਦਾ ਰੰਗੁ = ਅਨੰਦ ਤਾਂ ਸਾਰਿਆਂ ਦੇ ਹਿਰਦਿਆਂ ਦੇ ਨਾਲ ਹੀ ਹੈ ਪਰ ਬਾਹਰਮੁਖ ਬ੍ਰਿਤੀ ਕਰ ਕੇ **ਵਾ**: ਬਾਹਰਲੇ ਰੰਗਾਂ ਵਿਚ ਲੱਗਣ ਕਰ ਕੇ ਨ ਲਖੀਐ = ਜਾਣਿਆ ਨਹੀਂ ਜਾਂਦਾ। ਪੂਰਾ = ਪੂਰਨ ਗੁਰੁ = ਸਤਿਗੁਰੂ ਸਾਹਿਬ ਜੀ ਹੀ ਉਸ ਅਲਖ ਸਰੂਪ ਨੂੰ ਪ੍ਰਗਟ ਕਰ ਕੇ ਲਖਾਹੀਂ = ਜਣਾ ਦਿੰਦੇ ਹਨ।

## ਹਰਿ ਹਰਿ ਨਾਮੁ ਪਰਗਾਸਿਆ, ਮੇਰੇ ਗੋਵਿੰਦਾ;
## ਸਭ ਦਾਲਦ ਦੁਖ ਲਹਿ ਜਾਹੀ ਜੀਉ ॥

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰਿਓ! ਜਿਨ੍ਹਾਂ ਦੇ ਹਿਰਦੇ ਵਿਚ ਹਰੀ ਨੇ ਆਪਣਾ ਨਾਮ

ਪਰਗਾਸਿਆ = ਪ੍ਰਕਾਸ਼ **ਵਾ:** ਪ੍ਰਗਟ ਕਰ ਦਿੱਤਾ ਹੈ, ਉਨ੍ਹਾਂ ਦਾ ਅਵਿਦਿਆ ਰੂਪੀ ਦਾਲਦ = ਦਲਿੱਦਰ ਅਤੇ ਜੰਮਣ ਮਰਣ ਰੂਪੀ ਦੁਖ ਆਦਿ ਸਭ = ਸਾਰੇ ਲਹਿ ਜਾਹੀ = ਲਹਿ ਜਾਂਦੇ ਹਨ ਭਾਵ ਨਾਸ ਹੋ ਜਾਂਦੇ ਹਨ, ਜੀ।

## ਹਰਿ ਪਦੁ ਊਤਮੁ ਪਾਇਆ, ਮੇਰੇ ਗੋਵਿੰਦਾ; ਵਡਭਾਗੀ ਨਾਮਿ ਸਮਾਹੀ ਜੀਉ ॥੧॥

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰਿਓ! ਜਿਨ੍ਹਾਂ ਨੇ ਹਰਿ = ਪਰਮੇਸ਼ਰ ਦੀ ਪ੍ਰਾਪਤੀ ਵਾਲੀ ਊਤਮੁ = ਉੱਚੀ ਪਦੁ = ਪਦਵੀ ਭਾਵ ਤੁਰੀਆ ਪਦ ਨੂੰ ਪਾਇਆ = ਪ੍ਰਾਪਤ ਕਰ ਲਿਆ ਹੈ, ਉਹ ਵਡਭਾਗੀ = ਵੱਡੇ ਭਾਗਾਂ ਵਾਲੇ ਉਸ ਦੇ ਨਾਮ ਵਿਚ ਹੀ ਸਮਾਹੀ = ਸਮਾ ਜਾਂਦੇ ਹਨ, ਅਭੇਦ ਹੋ ਜਾਂਦੇ ਹਨ, ਅਨੰਦ ਰੂਪ ਹੋ ਜਾਂਦੇ ਹਨ॥੧॥ ਜੈਸਾ ਕਿ :

**ਜਿਨਿ ਜਾਤਾ ਸੋ ਤਿਸ ਹੀ ਜੇਹਾ॥** *(ਰਾਮਕਲੀ ਮਹਲਾ ੧ ਦਖਣੀ ਓਅੰਕਾਰ, ਅੰਗ ੯੩੧)*

**ਹਰਿ ਕਾ ਸੇਵਕੁ ਸੋ ਹਰਿ ਜੇਹਾ॥** *(ਮਾਰੂ ਸੋਲਹੇ ਮਹਲਾ ੫, ਅੰਗ ੧੦੭੬)*

## ਨੈਣੀ ਮੇਰੇ ਪਿਆਰਿਆ, ਨੈਣੀ ਮੇਰੇ ਗੋਵਿਦਾ; ਕਿਨੈ ਹਰਿ ਪ੍ਰਭੁ ਡਿਠੜਾ ਨੈਣੀ ਜੀਉ ॥

ਹੇ ਮੇਰੇ ਪਿਆਰਿਆ ਨੈਣੀ = ਨੇਤ੍ਰਾਂ ਨਾਲ, ਹੇ ਮੇਰੇ ਗੋਵਿਦਾ = ਪਰਮੇਸ਼ਰ ਦੇ ਪਿਆਰਿਓ! ਨੇਤ੍ਰਾਂ ਨਾਲ ਕਿਨੈ = ਕਿਸੇ ਕਿਸੇ ਨੇ ਹੀ ਹਰੀ ਪ੍ਰਭੂ ਨੂੰ ਨੈਣੀ = ਅੱਖਾਂ ਨਾਲ ਡਿਠੜਾ = ਵੇਖਿਆ ਹੈ **ਵਾ:** ਇਨ੍ਹਾਂ ਅੱਖਾਂ ਨਾਲ ਕਿਨੈ = ਕਿਸ ਨੇ ਹਰੀ ਪ੍ਰਭੂ ਨੂੰ ਦੇਖਿਆ ਹੈ **ਅਥਵਾ** ਹੇ ਮੇਰੇ ਪਿਆਰਿਆ! ਮਨ ਬੁੱਧ ਰੂਪੀ ਨੈਣੀ = ਨੇਤ੍ਰਾਂ ਨਾਲ ਤੇ ਮੇਰੇ ਗੋਵਿੰਦਾ! ਬਿਬੇਕ ਵੈਰਾਗ ਰੂਪ ਨੇਤ੍ਰਾਂ ਨਾਲ ਅਤੇ ਸੁਰਤੀ ਸਿਮਰਤੀ ਰੂਪੀ ਨੈਣੀ = ਨੇਤ੍ਰਾਂ ਨਾਲ **ਵਾ:** ਪ੍ਰੋਖ ਅਪ੍ਰੋਖ ਗਿਆਨ ਰੂਪੀ ਨੇਤ੍ਰਾਂ ਨਾਲ ਉਸ ਹਰੀ ਪ੍ਰਭੂ ਨੂੰ ਕਿਨੈ = ਕਿਸੇ ਕਿਸੇ ਨੇ ਹੀ ਡਿਠੜਾ = ਵੇਖਣਾ ਕੀਤਾ ਹੈ **ਅਥਵਾ** (ਨੈਣੀ ਮੇਰੇ ਪਿਆਰਿਆ) ਹੇ ਮੇਰੇ ਪਿਆਰੇ ਸੰਤ ਜਨੋਂ! ਸਾਰਿਆਂ ਨੂੰ ਨੈਣੀ = ਨੇਤਰਾਂ ਨਾਲ ਦੇਖਣ ਵਾਲੇ ਦ੍ਰਿਸ਼ਟਾ ਰੂਪ ਹਰੀ ਪ੍ਰਭੂ ਨੂੰ (ਨੈਣੀ ਮੇਰੇ ਗੋਵਿਦਾ) ਪ੍ਰੋਖ ਤੇ ਅਪ੍ਰੋਖ ਗਿਆਨ ਵਾਲੇ ਗੋਵਿੰਦ ਰੂਪ ਗੁਰੂ ਸਾਹਿਬ ਜੀ ਦੁਆਰਾ ਕਿਨੈ = ਕਿਸੇ ਵਿਰਲੇ ਨੇ ਬਿਬੇਕ ਵੈਰਾਗ **ਵਾ:** ਮਨ ਬੁਧ ਰੂਪੀ ਨੈਣੀ = ਨੇਤ੍ਰਾਂ ਕਰਕੇ, ਦ੍ਰਿਸ਼ਟਾ ਰੂਪ ਕਰ ਕੇ ਡਿਠੜਾ = ਦੇਖਣਾ ਕੀਤਾ ਹੈ।

### [ਅੰਗ ੧੭੪]

## ਮੇਰਾ ਮਨੁ ਤਨੁ ਬਹੁਤੁ ਬੈਰਾਗਿਆ, ਮੇਰੇ ਗੋਵਿੰਦਾ; ਹਰਿ ਬਾਝਹੁ ਧਨ ਕੁਮਲੈਣੀ ਜੀਉ ॥

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰੇ ਜਨੋਂ! ਮੇਰਾ ਮਨ ਅਤੇ ਤਨ ਪ੍ਰਭੂ ਦੇ ਮਿਲਣ ਵਾਸਤੇ ਬਹੁਤ ਹੀ ਬੈਰਾਗਿਆ = ਬੈਰਾਗ ਦੇ ਸਹਿਤ ਹੋ ਗਿਆ ਹੈ ਅਤੇ ਮੇਰੀ ਬੁੱਧ ਰੂਪ **ਵਾ:** ਅਭਾਸ ਬਿਰਤੀ ਰੂਪ ਧਨ = ਇਸਤਰੀ ਪਤੀ ਹਰਿ = ਪਰਮੇਸ਼ਰ ਦੀ ਪ੍ਰਾਪਤੀ ਤੋਂ ਬਾਝਹੁ = ਬਗ਼ੈਰ ਕੁਮਲੈਣੀ = ਕਮਲਾ, ਮੁਰਝਾ ਰਹੀ ਹੈ ਜੀ।

## ਸੰਤ ਜਨਾ ਮਿਲਿ ਪਾਇਆ, ਮੇਰੇ ਗੋਵਿਦਾ; ਮੇਰਾ ਹਰਿ ਪ੍ਰਭੁ ਸਜਣੁ ਸੈਣੀ ਜੀਉ ॥

ਹੇ ਮੇਰੇ ਗੋਵਿਦਾ = ਪਰਮੇਸ਼ਰ ਦੇ ਪਿਆਰੇ ਜਨੋਂ! ਸੰਤ = ਸ਼ਾਂਤ ਚਿੱਤ ਵਾਲੇ ਜਨਾ = ਪੁਰਖਾਂ ਦੀ ਸੰਗਤ ਵਿਚ ਮਿਲ ਕੇ ਹੀ ਉਸ ਪਰਮੇਸ਼ਰ ਨੂੰ ਪਾਇਆ = ਪਾਉਣਾ ਕੀਤਾ ਹੈ, ਜੋ ਮੇਰਾ ਹਰਿ = ਹਰੀ ਪ੍ਰਭੁ = ਪਰਮੇਸ਼ਰ ਇਸ ਲੋਕ ਦਾ ਸੱਜਣ ਤੇ ਪ੍ਰਲੋਕ ਦਾ ਸੈਣੀ = ਸਾਥੀ ਹੈ ਜੀ।

## ਹਰਿ ਆਇ ਮਿਲਿਆ ਜਗਜੀਵਨੁ, ਮੇਰੇ ਗੋਵਿੰਦਾ;
## ਮੈ ਸੁਖਿ ਵਿਹਾਣੀ ਰੈਣੀ ਜੀਉ ॥੨॥

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰੇ ਜਨੋਂ! ਜਦੋਂ ਦਾ ਜਗਜੀਵਨ = ਜਗਤ ਦਾ ਜੀਵਨ, ਚੇਤਨ ਸਰੂਪ ਪਰਮੇਸ਼ਰ, ਸਾਧ ਸੰਗਤ ਦੁਆਰਾ ਸਾਨੂੰ ਆਇ = ਆ ਕੇ ਮਿਲਿਆ = ਪ੍ਰਾਪਤ ਹੋਇਆ ਹੈ, ਤਦੋਂ ਤੋਂ ਮੇਰੀ ਜ਼ਿੰਦਗੀ ਰੂਪ ਰੈਣੀ = ਰਾਤ ਸੁਖਿ = ਸੁਖਦ ਅਵਸਥਾ ਵਿਚ ਹੀ ਵਿਹਾਣੀ = ਬੀਤ ਰਹੀ ਹੈ **ਵਾ:** ਮੇਰੀ ਅਵਿਦਿਆ ਰੂਪੀ ਰੈਣੀ = ਰਾਤ ਵਿਹਾਣੀ = ਬਤੀਤ ਹੋ ਗਈ ਹੈ ਤੇ ਹੁਣ ਸੁਖ ਸਰੂਪ ਦੇ ਵਿਚ ਇਸਥਿਤ ਹੋ ਗਏ ਹਾਂ ਜੀਉ = ਜੀ ॥੨॥

## ਮੈ ਮੇਲਹੁ ਸੰਤ, ਮੇਰਾ ਹਰਿ ਪ੍ਰਭੁ ਸਜਣੁ;
## ਮੈ ਮਨਿ ਤਨਿ ਭੁਖ ਲਗਾਈਆ ਜੀਉ ॥

ਹੇ ਪਿਆਰੇ ਸੰਤ ਜਨੋਂ! ਜੋ ਮੇਰਾ ਹਰੀ ਪ੍ਰਭੂ ਲੋਕ ਪ੍ਰਲੋਕ ਦਾ ਸਜਣੁ = ਮਿੱਤ੍ਰ ਹੈ ਉਸ ਪਿਆਰੇ ਦੇ ਤਾਈਂ ਮੈ = ਮੈਨੂੰ ਮੇਲਹੁ = ਮੇਲਣਾ ਕਰੋ, ਕਿਉਂਕਿ ਮੇਰੇ ਮਨ ਅਤੇ ਤਨ ਦੇ ਅੰਦਰ ਪਰਮੇਸ਼ਰ ਦੇ ਦਰਸ਼ਨਾਂ ਦੀ ਬਹੁਤ ਭੁਖ = ਆਸਾ, ਇੱਛਾ ਲਗਾਈਆ = ਲੱਗੀ ਹੋਈ ਹੈ ਜੀਉ = ਜੀ।

## ਹਉ ਰਹਿ ਨ ਸਕਉ, ਬਿਨੁ ਦੇਖੇ ਮੇਰੇ ਪ੍ਰੀਤਮ;
## ਮੈ ਅੰਤਰਿ ਬਿਰਹੁ ਹਰਿ ਲਾਈਆ ਜੀਉ ॥

ਹੇ ਮੇਰੇ ਪ੍ਰੀਤਮ = ਪਿਆਰੇ ਸੰਤ ਜਨੋਂ! ਹਉ = ਮੈਂ ਵਾਹਿਗੁਰੂ, ਸਤਿਗੁਰਾਂ ਦੇ ਦਰਸ਼ਨ ਦੇਖੇ ਤੋਂ ਬਿਨੁ = ਬਿਨਾਂ ਰਹਿ ਨਹੀਂ ਸਕਉ = ਸਕਦਾ, ਕਿਉਂਕਿ ਮੈ = ਮੇਰੇ ਅੰਦਰ ਹਰੀ ਨੇ ਆਪਣੇ ਮਿਲਣ ਦਾ ਬਿਰਹੁ = ਪ੍ਰੇਮ ਲਾ ਦਿੱਤਾ ਹੈ ਜੀ।

## ਹਰਿ ਰਾਇਆ ਮੇਰਾ ਸਜਣੁ ਪਿਆਰਾ; ਗੁਰੁ ਮੇਲੇ ਮੇਰਾ ਮਨੁ ਜੀਵਾਈਆ ਜੀਉ ॥

ਜੋ ਸਾਰਿਆਂ ਦਾ ਮਨ, ਬਾਣੀ ਸਰੀਰ ਕਰਕੇ ਰਾਇਆ = ਰਾਜਾ, ਪ੍ਰਕਾਸ਼ ਰੂਪ ਪਿਆਰਾ ਸਜਣੁ = ਮਿੱਤਰ ਹਰਿ = ਪਰਮੇਸ਼ਰ ਹੈ। ਸਤਿਗੁਰੂ ਸਾਹਿਬ ਜੀ ਨੇ ਉਸ ਨਾਲ ਮੇਲ = ਮੇਲ ਕਰਕੇ ਮੇਰਾ = ਵਿਛੋੜੇ ਕਰਕੇ ਮਾਰਿਆ ਹੋਇਆ ਮਨ ਜੀਵਾਈਆ = ਜਿਊਂਦਾ ਕਰ ਦਿੱਤਾ ਹੈ ਜੀ।

## ਮੇਰੈ ਮਨਿ ਤਨਿ ਆਸਾ ਪੂਰੀਆ, ਮੇਰੇ ਗੋਵਿੰਦਾ;
## ਹਰਿ ਮਿਲਿਆ ਮਨਿ ਵਾਧਾਈਆ ਜੀਉ ॥੩॥

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰੇ ਸੰਤ ਜਨੋਂ! ਮੇਰੇ ਮਨ ਅਤੇ ਤਨ ਦੀਆਂ ਆਸਾ ਪੂਰੀਆਂ ਹੋ ਗਈਆਂ ਹਨ, ਜਦੋਂ ਦਾ ਹਰੀ = ਪ੍ਰਭੂ ਮਿਲਿਆ ਹੈ, ਉਦੋਂ ਦੀਆਂ ਮਨ ਵਿਚ ਵਾਧਾਈਆ = ਖ਼ੁਸ਼ੀਆਂ ਵਧ ਗਈਆਂ ਹਨ ਜੀਉ = ਜੀ ॥੩॥

## ਵਾਰੀ ਮੇਰੇ ਗੋਵਿੰਦਾ, ਵਾਰੀ ਮੇਰੇ ਪਿਆਰਿਆ;
## ਹਉ ਤੁਧੁ ਵਿਟੜਿਅਹੁ ਸਦ ਵਾਰੀ ਜੀਉ ॥

***ਪਹਿਲਾ ਅਰਥ :*** ਹੇ ਮੇਰੇ ਗੋਵਿੰਦ ਦੇ ਸੰਤ ਜਨੋਂ! ਅਸੀਂ ਤੁਹਾਡੇ ਤੋਂ ਵਾਰੀ = ਵਾਰਨੇ ਜਾਂਦੇ ਹਾਂ। ਹੇ

ਮੇਰੇ ਪਿਆਰਿਆ = ਪਿਆਰੇ ਸਤਿਗੁਰੂ ਜੀ ਅਸੀਂ ਆਪ ਜੀ ਤੋਂ ਵਾਰੀ = ਵਾਰਨੇ ਜਾਂਦੇ ਹਾਂ। ਹੇ ਅਕਾਲ ਪੁਰਖ ਜੀ! ਅਸੀਂ ਤੁਧੁ = ਤੇਰੇ ਵਿਟੜਿਅਹੁ = ਉਪਰੋਂ ਸਦ = ਹਮੇਸ਼ਾਂ, ਸੈਂਕੜੇ ਵਾਰ, ਵਾਰਨੇ ਜਾਂਦੇ ਹਾਂ।

***ਦੂਸਰਾ ਅਰਥ :*** ਹੇ ਭਾਈ! ਚੌਰਾਸੀ ਲੱਖ ਜੂਨਾਂ ਰੂਪੀ ਵਾਰੀਆ ਵਿੱਚੋਂ ਇਹ ਮਨੁੱਖਾ ਦੇਹ ਵਿਚ ਮੇਰੇ ਗੋਵਿੰਦ ਨੂੰ ਮਿਲਣ ਦੀ ਵਾਰੀ ਹੈ, ਮੇਰੇ ਪਿਆਰੇ ਨੂੰ ਮਿਲਣ ਦੀ ਇਹ ਵਾਰੀ ਹੈ। ਹੇ ਪ੍ਰਭੂ ਹਉ = ਅਸੀਂ ਤੁਧੁ = ਤੇਰੇ ਵਿਟੜਿਅਹੁ = ਉੱਪਰੋਂ ਸਦ = ਹਮੇਸ਼ਾਂ, ਸੈਂਕੜੇ ਵਾਰ, ਵਾਰੀ = ਵਾਰਨੇ ਜਾਂਦੇ ਹਾਂ, ਬਲਿਹਾਰ ਜਾਂਦੇ ਹਾਂ।

***ਤੀਸਰਾ ਅਰਥ :*** (ਵਾਰੀ ਮੇਰੇ ਗੋਵਿੰਦਾ!) ਹੇ ਮੇਰੇ ਗੋਵਿੰਦਾ = ਪਰਮੇਸ਼ਰ! ਜਿਨ੍ਹਾਂ ਨੇ ਆਪਣੀ ਮੇਰ ਆਪ ਜੀ ਦੇ ਚਰਨਾਂ ਤੋਂ ਵਾਰ ਦਿੱਤੀ ਹੈ। (ਵਾਰੀ ਮੇਰੇ ਪਿਆਰਿਆ) ਹੇ ਮੇਰੇ ਪਿਆਰੇ! ਉਨ੍ਹਾਂ ਤੋਂ ਤੂੰ ਆਪਣਾ ਆਪ ਵਾਰ ਦਿੱਤਾ ਹੈ। ਇਸ ਕਰਕੇ ਹਉ = ਅਸੀਂ ਤੁਧੁ = ਤੇਰੇ ਵਿਟੜਿਅਹੁ = ਉਪਰੋਂ ਸੈਂਕੜੇ ਵਾਰੀ ਵਾਰਨੇ ਜਾਂਦੇ ਹਾਂ, ਕੁਰਬਾਨ ਜਾਂਦੇ ਹਾਂ **ਵਾ:** ਰੋਮ ਰੋਮ ਕਰ ਕੇ ਧੰਨਵਾਦ ਕਰਦੇ ਹਾਂ।

***ਚੌਥਾ ਅਰਥ :*** ਜਿਨ੍ਹਾਂ ਨੇ ਆਪਣੀ ਜ਼ਿੰਦਗੀ ਗੋਵਿੰਦਾ = ਪਰਮੇਸ਼ਰ ਤੋਂ ਵਾਰੀ = ਕੁਰਬਾਨ ਕਰ ਦਿੱਤੀ ਹੈ, ਉਨ੍ਹਾਂ ਨੂੰ ਪਿਆਰੇ ਪਰਮੇਸ਼ਰ ਦੇ ਮਿਲਣ ਦੀ ਇਹ ਵਾਰੀ ਮਿਲੀ ਹੈ ਤੇ ਪਰਮੇਸ਼ਰ ਅਸੀਂ ਤੁਧੁ = ਤੇਰੇ ਵਿਟੜਿਅਹੁ = ਉਪਰੋਂ ਸਦ = ਹਮੇਸ਼ਾਂ ਵਾਰੀ = ਕੁਰਬਾਨ ਜਾਂਦੇ ਹਾਂ।

## ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ, ਮੇਰੇ ਗੋਵਿਦਾ; ਹਰਿ ਪੂੰਜੀ ਰਾਖੁ ਹਮਾਰੀ ਜੀਉ ॥

ਹੇ ਮੇਰੇ ਗੋਵਿੰਦ ਦੇ ਪਿਆਰਿਓ! ਮੇਰੇ ਮਨ ਅਤੇ ਤਨ ਵਿਚ ਪਿਰੰਮ = ਪਿਆਰੇ ਅਕਾਲ ਪੁਰਖ ਦਾ ਪ੍ਰੇਮੁ = ਸਨੇਹ ਲੱਗ ਰਿਹਾ ਹੈ। ਹੇ ਹਰੀ ਹਮਾਰੀ = ਸਾਡੀ ਸ਼ਰਧਾ ਰੂਪੀ ਪੂੰਜੀ, ਸ੍ਵਾਸਾਂ ਰੂਪੀ ਪੂੰਜੀ, ਪੁੰਨਾਂ ਰੂਪੀ ਪੂੰਜੀ, ਸ਼ੁਭ ਗੁਣਾਂ ਰੂਪੀ ਪੂੰਜੀ, ਨਾਮ ਰੂਪੀ ਪੂੰਜੀ ਦੇ ਕੇ ਰਾਖੁ = ਰੱਖਿਆ ਕਰੋ ਜੀ।

## ਸਤਿਗੁਰੁ ਵਿਸਟੁ ਮੇਲਿ, ਮੇਰੇ ਗੋਵਿੰਦਾ; ਹਰਿ ਮੇਲੇ ਕਰਿ ਰੈਬਾਰੀ ਜੀਉ ॥

ਹੇ ਮੇਰੇ ਗੋਵਿੰਦਾ = ਵਾਹਿਗੁਰੂ ਦੇ ਪਿਆਰਿਓ! ਆਪ ਕ੍ਰਿਪਾ ਕਰਕੇ ਮੈਨੂੰ ਸਤਿਗੁਰੂ ਸਾਹਿਬ ਵਿਸਟੁ = ਵਿਚੋਲੇ ਨਾਲ ਮੇਲਿ = ਮੇਲ ਦੇਣਾ ਕਰੋ, ਤਾਂ ਫਿਰ ਸਤਿਗੁਰੂ ਜੀ ਰੈਬਾਰੀ = ਵਿਚੋਲਗੀ ਕਰਕੇ ਮੈਨੂੰ ਹਰਿ = ਵਾਹਿਗੁਰੂ! ਦੇ ਨਾਲ ਮੇਲੇ = ਮੇਲ ਦੇਣਗੇ ਜੀ।

## ਹਰਿ ਨਾਮੁ ਦਇਆ ਕਰਿ ਪਾਇਆ, ਮੇਰੇ ਗੋਵਿੰਦਾ;<br>ਜਨ ਨਾਨਕੁ ਸਰਣਿ ਤੁਮਾਰੀ ਜੀਉ ॥੪॥੩॥੨੯॥੬੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰਿਓ! ਮੈਂ ਸਤਿਗੁਰਾਂ ਦੀ ਦਇਆ = ਮੇਹਰ ਕਰਕੇ ਹਰਿ = ਪਰਮੇਸ਼ਰ ਦਾ ਨਾਮ ਪਾਇਆ = ਪ੍ਰਾਪਤ ਕੀਤਾ ਹੈ ਅਤੇ ਇਉਂ ਬੇਨਤੀ ਕਰਦਾ ਹਾਂ ਕਿ ਹੇ ਹਰਿ = ਪਰਮੇਸ਼ਰ! ਮੈਂ ਤੁਮਾਰੀ = ਤੁਹਾਡੀ ਸਰਣਿ = ਓਟ ਗ੍ਰਹਿਣ ਕੀਤੀ ਹੈ ॥੪॥੩॥੨੯॥੬੭॥

## ਗਉੜੀ ਮਾਝ, ਮਹਲਾ ੪ ॥

## ਚੋਜੀ ਮੇਰੇ ਗੋਵਿੰਦਾ, ਚੋਜੀ ਮੇਰੇ ਪਿਆਰਿਆ; ਹਰਿ ਪ੍ਰਭੁ ਮੇਰਾ ਚੋਜੀ ਜੀਉ ॥

***ਪਹਿਲਾ ਅਰਥ :*** ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰੇ ਸੰਤ ਜਨੋਂ! ਪਿੱਛੇ ਭੂਤਕਾਲ ਵਿਚ ਮੇਰਾ ਗੋਵਿੰਦ ਚੋਜੀ = ਕੌਤਕੀ ਸੀ। ਹੁਣ ਵਰਤਮਾਨ ਕਾਲ ਵਿਚ ਵੀ ਮੇਰਾ ਪਿਆਰਾ ਚੋਜੀ = ਕੌਤਕੀ ਹੈ ਅਤੇ ਅੱਗੇ ਭਵਿੱਖਤ ਕਾਲ ਵਿਚ ਵੀ ਮੇਰਾ ਹਰੀ ਪ੍ਰਭੂ ਚੋਜੀ = ਕੌਤਕੀ ਰਹੇਗਾ।

***ਦੂਸਰਾ ਅਰਥ :*** ਹੇ ਮੇਰੇ ਗੋਵਿੰਦ ਜੀ! ਪਹਿਲਾਂ ਆਪ ਜੀ ਸ੍ਰਿਸ਼ਟੀ ਦੀ ਉਤਪਤੀ ਰੂਪ ਚੋਜੀ = ਚੋਜ, ਕੌਤਕ ਕੀਤਾ ਹੈ। ਫਿਰ ਮੇਰੇ ਪਿਆਰੇ ਪ੍ਰਭੂ ਜੀ ਤੁਸੀਂ ਸ੍ਰਿਸ਼ਟੀ **ਵਾ:** ਸ੍ਰਿਸ਼ਟੀ ਦੇ ਜੀਵਾਂ ਦੀ ਪਾਲਣਾ ਰੂਪ

ਚੋਜੀ = ਚੋਜ, ਕੌਤਕ ਕਰਦੇ ਹੋ। ਇਸੇ ਪ੍ਰਕਾਰ ਫਿਰ ਅੰਤ ਨੂੰ ਹੇ ਮੇਰੇ ਹਰੀ ਪ੍ਰਭੂ ਜੀ ਤੁਸੀਂ ਸ੍ਰਿਸ਼ਟੀ ਦੀ ਲੈਤਾ ਰੂਪ ਚੋਜੀ = ਚੋਜ, ਕੌਤਕ ਵੀ ਤੁਸੀਂ ਆਪ ਹੀ ਕਰਦੇ ਹੋ, ਭਾਵ ਵਚਿਤ੍ਰ ਸ੍ਰਿਸ਼ਟੀ ਦੀ ਉਤਪਤੀ, ਪਾਲਣਾ ਅਤੇ ਸੰਘਾਰ ਰੂਪ ਚੋਜ ਕਰਦੇ ਹੋ।

***ਤੀਸਰਾ ਅਰਥ :*** ਚੋਜੀ ਮੇਰੇ ਗੋਵਿੰਦਾ = ਗੋਵਿੰਦ ਦਾ ਰੂਪ ਸਤਿਗੁਰੂ ਸਾਹਿਬ ਜੀ, ਜੋ ਪ੍ਰੋਖ ਅਪ੍ਰੋਖ ਗਿਆਨ ਕਰਾਉਣ ਰੂਪੀ **ਵਾ:** ਸਾਧਨਾ ਰੂਪੀ ਅਸਚਰਜ ਕੌਤਕਾਂ ਨੂੰ ਕਰਨ ਵਾਲੇ ਹਨ।

(ਚੋਜੀ ਮੇਰੇ ਪਿਆਰਿਆ) ਮੇਰੇ ਪਿਆਰੇ ਦੇ ਸੰਤ ਜਨ **ਵਾ:** ਅਧਿਕਾਰੀ ਜਗਿਆਸੂ ਜਨ ਜਿਨ੍ਹਾਂ ਨੇ ਸਤ, ਸੰਤੋਖ, ਸ਼ਰਧਾ, ਵਿਸ਼ਵਾਸ ਆਦਿਕ ਸ਼ੁਭ ਗੁਣਾਂ ਦੇ ਸਹਿਤ ਹੋ ਕੇ ਆਪਣਾ ਤਨ, ਮਨ, ਧਨ ਗੁਰੂ ਸਾਹਿਬ ਤੋਂ ਵਾਰਿਆ ਹੈ। ਉਨ੍ਹਾਂ ਨੂੰ, (ਹਰਿ ਪ੍ਰਭ ਮੇਰਾ ਚੋਜੀ ਜੀਉ) ਗੋਵਿੰਦ ਰੂਪ ਸਤਿਗੁਰੂ ਸਾਹਿਬ ਜੀ, ਹਰੀ ਪ੍ਰਭ ਨਾਲ, ਜੋ ਅਸਚਰਜ ਤੋਂ ਅਸਚਰਜ ਰੂਪ, ਵਿਸਮਾਦ ਤੋਂ ਵਿਸਮਾਦ ਰੂਪ ਧਾਰਨ ਵਾਲਾ ਚੋਜੀ = ਕੌਤਕੀ ਹੈ। ਉਸ ਨਾਲ ਮੇਲ ਦਿੰਦੇ ਹਨ, ਪ੍ਰਾਪਤ ਕਰਾ ਦਿੰਦੇ ਹਨ। (ਅਗਲੀਆਂ ਪੰਗਤੀਆਂ ਵਿਚ ਸਤਿਗੁਰੂ ਜੀ ਪਰਮੇਸ਼ਰ ਦੇ ਕੌਤਕਾਂ ਬਾਰੇ ਵਰਣਨ ਕਰਦੇ ਹਨ):

## ਹਰਿ ਆਪੇ ਕਾਨੑੁ ਉਪਾਇਦਾ, ਮੇਰੇ ਗੋਵਿਦਾ; ਹਰਿ ਆਪੇ ਗੋਪੀ ਖੋਜੀ ਜੀਉ ॥

***ਪਹਿਲਾ ਅਰਥ :*** ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਸੰਤ ਜਨੋਂ! ਹਰੀ ਆਪ ਹੀ ਦੁਆਪਰ ਜੁਗ ਵਿਚ ਕਾਨੑੁ = ਕ੍ਰਿਸ਼ਨ ਭਗਵਾਨ ਨੂੰ ਉਪਾਇਆ = ਪੈਦਾ ਕਰਨ ਵਾਲਾ ਹੈ ਅਤੇ ਆਪ ਹੀ ਕ੍ਰਿਸ਼ਨ ਰੂਪ ਹੋ ਕੇ ਗੋਪੀਆਂ ਨੂੰ ਖੋਜੀ = ਖੋਜਣ ਵਾਲਾ ਹੈ, ਭਾਵ ਲੱਭਣ ਵਾਲਾ ਹੈ **ਅਥਵਾ** ਆਪ ਹੀ ਕਾਨੑੁ = ਕ੍ਰਿਸ਼ਨ ਰੂਪ ਪੁਰਖ ਪੈਦਾ ਕਰਦਾ ਹੈ ਅਤੇ ਆਪ ਹੀ ਗੋਪੀ = ਰਾਧਕਾ ਰੂਪ ਹੋ ਕੇ ਕ੍ਰਿਸ਼ਨ ਭਗਵਾਨ ਨੂੰ ਖੋਜੀ = ਲੱਭਦਾ ਪਿਆ ਹੈ।

***ਦੂਸਰਾ ਅਰਥ :*** ਹੇ ਮੇਰੇ ਗੋਵਿਦਾ ਦੇ ਪਿਆਰਿਓ! ਕਾਨੑੁ (ਕ+ਅਨ) ਕ = ਸੁਖ ਰੂਪ ਵਿਚ ਸਾਖੀ ਚੇਤਨ ਦੀ ਅਨ = ਚੇਸ਼ਟਾ ਹੈ। ਹਰੀ ਆਪ ਹੀ ਅੰਤਹਕਰਨ ਦੇ ਅੰਦਰ ਸਾਖੀ ਰੂਪ ਹੈ ਅਤੇ ਆਪ ਹੀ ਆਭਾਸ ਬਿਰਤੀ ਰੂਪੀ ਗੋਪੀ ਬਣ ਕੇ ਖੋਜੀ = ਖੋਜਣ ਵਾਲਾ ਬਣ ਰਿਹਾ ਹੈ **ਵਾ:** ਜਿਨ੍ਹਾਂ ਦੀ ਅਭਾਸ ਬ੍ਰਿਤੀ ਬ੍ਰਹਮਾਕਾਰ ਹੋ ਗਈ ਹੈ, ਉਹ ਚੇਤਨ ਦੇ ਤਾਈਂ ਖੋਜ ਲੈਂਦੇ ਹਨ।

## ਹਰਿ ਆਪੇ ਸਭ ਘਟ ਭੋਗਦਾ, ਮੇਰੇ ਗੋਵਿੰਦਾ; ਆਪੇ ਰਸੀਆ ਭੋਗੀ ਜੀਉ ॥

ਹੇ ਮੇਰੇ ਗੋਵਿੰਦ ਦੇ ਪਿਆਰੇ ਸੰਤ ਜਨੋਂ! ਹਰੀ ਆਪ ਹੀ ਸਾਰਿਆਂ ਘਟਾਂ ਵਿਚ ਬੈਠ ਕੇ ਅਨੰਦ ਭੋਗਦਾ ਹੈ, ਭਾਵ ਜੋ ਕੋਈ ਵੀ ਭਾਵਨਾ ਨਾਲ ਅਰਪਣ ਕਰਦਾ ਹੈ, ਹਰੀ ਆਪ ਭੋਗਦਾ = ਭੋਗ ਲਾਉਂਦਾ ਹੈ, ਗ੍ਰਹਿਣ ਕਰਦਾ ਹੈ। ਹਰੀ ਆਪ ਹੀ ਸਾਰੇ ਰਸੀਆ = ਰਸਾਂ ਦਾ ਗਿਆਤਾ ਹੈ ਅਤੇ ਆਪ ਹੀ ਜੀਵ ਰੂਪ, ਰਾਜਾ ਰੂਪ ਹੋ ਕੇ ਪਦਾਰਥਾਂ ਨੂੰ ਭੋਗ ਰਿਹਾ ਹੈ **ਵਾ:** (ਹਰੀ ਆਪੇ ਰਸੀਆ) ਹਰੀ ਆਪ ਹੀ ਤਤਬੇਤਾ ਗੁਰੂ ਹੈ ਅਤੇ ਆਪ ਹੀ ਬ੍ਰਹਮਾਨੰਦ ਦੇ ਭੋਗਣ ਵਾਲਾ ਬ੍ਰਹਮਬੇਤਾ ਰੂਪ ਹੈ **ਵਾ:** ਆਪੇ ਹੀ ਆਤਮਾਨੰਦ ਰੂਪ ਰਸ ਲੈਣ ਦੇ ਤਾਈਂ ਜਗਿਆਸੂ ਰੂਪ ਰਸੀਆ ਹੈ ਅਤੇ ਆਪ ਹੀ ਬ੍ਰਹਮਾਨੰਦ ਨੂੰ ਭੋਗੀ = ਭੋਗਣ ਵਾਲਾ ਗਿਆਨਵਾਨ ਹੈ।

## ਹਰਿ ਸੁਜਾਣੁ ਨ ਭੁਲਈ, ਮੇਰੇ ਗੋਵਿੰਦਾ; ਆਪੇ ਸਤਿਗੁਰੁ ਜੋਗੀ ਜੀਉ ॥੧॥

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰਿਓ! ਉਹ ਹਰੀ ਸੁਜਾਣੁ = ਅੰਤਰਜਾਮੀ ਕਦੇ ਨ ਭੁਲਈ = ਭੁੱਲਦਾ ਨਹੀਂ ਹੈ ਕਿਉਂਕਿ ਉਸ ਨੇ ਆਪੇ = ਆਪ ਸਤਿਗੁਰੂ ਰੂਪ ਹੋ ਕੇ ਮੇਰੀ ਬਿਰਤੀ ਨੂੰ ਆਪਣੇ ਸਰੂਪ ਵਿਚ ਜੋਗੀ = ਜੋੜਣਾ ਕੀਤਾ ਹੈ॥੧॥

## ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ; ਹਰਿ ਆਪਿ ਖੇਲੈ ਬਹੁ ਰੰਗੀ ਜੀਉ ॥

ਹੇ ਮੇਰੇ ਗੋਵਿਦਾ = ਪਰਮੇਸ਼ਰ ਦੇ ਪਿਆਰਿਓ ! ਹਰੀ ਆਪ ਹੀ ਜਗਤੁ = ਸੰਸਾਰ ਨੂੰ ਮਾਇਆ ਸਬਲ ਹੋ ਕੇ ਉਪਾਇਦਾ = ਪੈਦਾ ਕਰਦਾ ਹੈ ਅਤੇ ਹਰਿ = ਪਰਮੇਸ਼ਰ ਆਪ ਹੀ ਰਾਜਸੀ, ਤਾਮਸੀ, ਸਾਂਤਕੀ ਆਦਿਕ ਬਹੁਤ ਰੰਗਾਂ ਵਿਚ ਖੇਲੈ = ਖੇਡ ਰਿਹਾ ਹੈ ਜੀ।

## ਇਕਨਾ ਭੋਗ ਭੋਗਾਇਦਾ, ਮੇਰੇ ਗੋਵਿੰਦਾ; ਇਕਿ ਨਗਨ ਫਿਰਹਿ, ਨੰਗ ਨੰਗੀ ਜੀਉ ॥

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਸੰਤ ਜਨੋਂ ! ਇਕਨਾ = ਇਕ, ਜਿਨ੍ਹਾਂ ਨੇ ਪਿਛਲੇ ਜਨਮਾਂ ਵਿਚ ਪੁੰਨ ਕਰਮ, ਦਾਨ ਕੀਤੇ ਹੋਏ ਹਨ, ਉਨ੍ਹਾਂ ਨੂੰ ਇਸ ਦੁਨੀਆਂ ਦੇ ਅੰਦਰ ਅਨੇਕ ਤਰ੍ਹਾਂ ਦੇ ਭੋਗ ਪਦਾਰਥ ਭੋਗਾਇਦਾ = ਭੁਗਤਾਉਂਦਾ ਹੈ ਅਤੇ ਇਕ ਜਿਨ੍ਹਾਂ ਨੇ ਕੋਈ ਪੁੰਨ ਦਾਨ ਨਹੀਂ ਕੀਤਾ, ਉਹ ਪੈਰਾਂ ਤੋਂ ਵੀ ਨੰਗ = ਨੰਗੇ ਅਤੇ ਸਿਰੋਂ ਵੀ ਨੰਗੀ = ਨੰਗੇ ਹੀ ਤੁਰੇ ਫਿਰਦੇ ਹਨ **ਵਾ:** ਬੇਪਤ ਹੋ ਕੇ ਸੰਸਾਰ ਵਿਚ ਨੰਗੇ ਹੀ ਫਿਰਦੇ ਹਨ **ਵਾ:** ਉਹ ਨੰਗ ਨੰਗੀ = ਪਹਾੜਾਂ ਹੀ ਪਹਾੜਾਂ ਵਿਚ ਨੰਗੇ ਹੀ ਤੁਰੇ ਫਿਰਦੇ ਹਨ **ਅਥਵਾ** ਇਕ ਬ੍ਰਹਮਗਿਆਨੀਆਂ ਨੂੰ ਬ੍ਰਹਮਾਨੰਦ ਰੂਪੀ ਭੋਗ ਭੁਗਾਉਂਦਾ ਹੈ ਅਤੇ ਇਕ ਜੂਨਾਂ ਵਿਚ, ਪਸ਼ੂ, ਜਾਨਵਰ, ਬਾਂਦਰ ਆਦਿਕਾਂ ਦੀ ਨਿਆਈਂ ਨਗਨ = ਨੰਗੇ ਹੀ ਤੁਰੇ ਫਿਰਦੇ ਹਨ।

## ਆਪੇ ਜਗਤੁ ਉਪਾਇਦਾ, ਮੇਰੇ ਗੋਵਿਦਾ; ਹਰਿ ਦਾਨੁ ਦੇਵੈ ਸਭ ਮੰਗੀ ਜੀਉ ॥

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਸੰਤ ਜਨੋਂ ! ਉਹ ਹਰੀ ਪਰਮੇਸ਼ਰ ਆਪ ਹੀ ਜਗਤੁ = ਸੰਸਾਰ ਨੂੰ ਉਪਾਇਦਾ = ਪੈਦਾ ਕਰਨ ਵਾਲਾ ਹੈ ਅਤੇ ਆਪ ਹੀ ਸਭ = ਸਾਰਿਆਂ ਦੀ ਇੱਛਾ **ਵਾ:** ਵਾਸ਼ਨਾ ਅਨੁਸਾਰ ਮੂੰਹ ਮੰਗੀ ਦਾਤ ਦੇਵੈ = ਦੇਣੀ ਕਰਦਾ ਹੈ।

## ਭਗਤਾ ਨਾਮੁ ਆਧਾਰੁ ਹੈ, ਮੇਰੇ ਗੋਵਿੰਦਾ; ਹਰਿ ਕਥਾ ਮੰਗਹਿ ਹਰਿ ਚੰਗੀ ਜੀਉ ॥੨॥

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰੇ ਜਨੋਂ ! ਭਗਤਾ = ਭਗਤ ਜਨਾਂ ਨੂੰ ਤਾਂ ਕੇਵਲ ਪਰਮੇਸ਼ਰ ਦੇ ਨਾਮ ਦਾ ਹੀ ਆਧਾਰੁ = ਆਸਰਾ ਹੈ ਅਤੇ ਉਹ ਨਿਰਗੁਣ ਸਰੂਪ ਹਰੀ ਪਰਮੇਸ਼ਰ ਦੀ ਪ੍ਰਾਪਤੀ ਦੀ ਹੀ ਚੰਗੀ = ਉੱਤਮ ਕਥਾ ਮੰਗਹਿ = ਮੰਗਦੇ ਹਨ **ਵਾ:** ਹੇ ਹਰੀ ਪਰਮੇਸ਼ਰ ਭਗਤ ਜਨ ਸਰੂਪ ਲਖਣਾ ਵਾਲੀ, ਤਟਸਥੀ ਲਖਣਾ ਵਾਲੀ ਸ੍ਰੇਸ਼ਟ ਕਥਾ ਨੂੰ ਮੰਗਦੇ ਹਨ ਜੀ ॥੨॥

## ਹਰਿ ਆਪੇ ਭਗਤਿ ਕਰਾਇਦਾ, ਮੇਰੇ ਗੋਵਿੰਦਾ; ਹਰਿ ਭਗਤਾ ਲੋਚ ਮਨਿ ਪੂਰੀ ਜੀਉ ॥

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਸੰਤ ਜਨੋਂ ! ਹਰੀ ਆਪ ਹੀ ਸਤਿਗੁਰੂ ਰੂਪ ਧਾਰਨ ਕਰਕੇ ਆਪਣੇ ਭਗਤਾਂ ਕੋਲੋਂ ਪ੍ਰੇਮਾ- ਭਗਤੀ ਕਰਾਉਂਦਾ ਹੈ ਅਤੇ ਹਰੀ ਆਪ ਹੀ ਆਪਣੇ ਭਗਤ ਜਨਾਂ ਦੇ ਮਨ ਦੀ ਲੋਚ = ਇੱਛਾ ਪੂਰੀ ਕਰਦਾ ਹੈ ਜੀ।

**ਆਪੇ ਜਲਿ ਥਲਿ ਵਰਤਦਾ, ਮੇਰੇ ਗੋਵਿਦਾ; ਰਵਿ ਰਹਿਆ ਨਹੀ ਦੂਰੀ ਜੀਉ ॥**

ਹੇ ਮੇਰੇ ਗੋਵਿਦਾ = ਪਰਮੇਸ਼ਰ ਦੇ ਪਿਆਰੇ ਸੰਤ ਜਨੋਂ ! ਉਹ ਪਰਮੇਸ਼ਰ ਆਪੇ = ਆਪ ਹੀ ਨਿਰਗੁਣ ਸਰੂਪ ਹੋ ਕੇ ਜਲ ਵਿਚ ਜਲ ਰੂਪ ਅਤੇ ਥਲ ਵਿਚ ਥਲ ਰੂਪ ਹੋ ਕੇ ਵਰਤਦਾ = ਵਰਤ ਰਿਹਾ ਹੈ **ਵਾ:** ਜਲ ਵਿਚ ਦ੍ਰਵਤਾ ਰੂਪ ਅਤੇ ਥਲ ਵਿਚ ਇਸਥਿਤ ਰੂਪ ਹੋ ਕੇ ਵਰਤ ਰਿਹਾ ਹੈ **ਵਾ:** ਜਲਿ ਦੀ ਨਿਆਈਂ ਪ੍ਰੇਮੀਆਂ ਵਿਚ ਪ੍ਰੇਮ ਰੂਪ ਹੋ ਕੇ ਅਤੇ ਥਲਿ ਦੀ ਨਿਆਈਂ ਕਾਮਨਾਂ ਵਾਲਿਆਂ ਲੋਕਾਂ ਦੀਆਂ ਕਾਮਨਾਂ ਪੂਰੀਆਂ ਕਰਨ ਵਿਚ ਵਰਤ ਰਿਹਾ ਹੈ ਅਤੇ ਸਾਰੇ ਥਾਵਾਂ 'ਤੇ ਰਵਿ = ਵਿਆਪਕ ਹੋ ਰਿਹਾ ਹੈ। ਉਹ ਕਿਤੇ ਦੂਰ ਨਹੀਂ ਹੈ, ਸਦਾ ਹਾਜ਼ਰ ਨਾਜ਼ਰ ਹੈ।

**ਹਰਿ ਅੰਤਰਿ ਬਾਹਰਿ ਆਪਿ ਹੈ, ਮੇਰੇ ਗੋਵਿਦਾ;**
**ਹਰਿ ਆਪਿ ਰਹਿਆ ਭਰਪੂਰੀ ਜੀਉ ॥**

ਹੇ ਮੇਰੇ ਗੋਵਿਦਾ = ਪਰਮੇਸ਼ਰ ਦੇ ਪਿਆਰੇ ਸੰਤ ਜਨੋਂ ! ਉਹ ਪਰਮੇਸ਼ਰ ਸਰੀਰ ਦੇ ਅੰਦਰ ਸੁਆਸਾਂ ਵਿਚ ਅਤੇ ਬਾਹਰਿ = ਬ੍ਰਹਮੰਡ ਵਿਚ ਆਪ ਹੀ ਹੈ ਅਤੇ ਆਪ ਹੀ ਹਰੀ ਅੰਦਰ ਬਾਹਰ ਦੇ ਭੇਦ ਤੋਂ ਰਹਿਤ ਭਰਪੂਰੀ = ਲਬਾ-ਲਬ, ਆਕਾਸ਼ ਦੀ ਨਿਆਈਂ ਵਿਆਪਕ ਹੋ ਰਿਹਾ ਹੈ ਜੀ।

**ਹਰਿ ਆਤਮ ਰਾਮੁ ਪਸਾਰਿਆ, ਮੇਰੇ ਗੋਵਿੰਦਾ;**
**ਹਰਿ ਵੇਖੈ ਆਪਿ ਹਦੂਰੀ ਜੀਉ ॥੩॥**

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰਿਓ ! ਹਰੀ ਰਾਮ ਨੇ ਸਾਰਿਆਂ ਜੀਵਾਂ ਦੇ ਅੰਦਰ ਆਪਣਾ ਆਪ ਰੂਪ ਪਸਾਰਿਆ = ਫੈਲਾਇਆ ਹੋਇਆ ਹੈ **ਵਾ:** ਹਰੀ ਆਪ ਹੀ ਆਤਮ = ਜੀਵ ਆਤਮਾ ਰੂਪ ਅਤੇ ਮਾਇਆ ਸਬਲ ਰਾਮੁ = ਈਸ਼ਰ ਰੂਪ ਹੋ ਕੇ ਪਸਰਿਆ ਹੋਇਆ ਹੈ **ਵਾ:** ਪਸਾਰਿਆ = ਬ੍ਰਹਮਰੂਪ ਹੋ ਕੇ ਫੈਲਿਆ ਹੈ **ਵਾ:** ਹਰੀ ਨੇ ਰਾਮ, ਵਾਸੁਦੇਵ ਆਦਿ ਅਵਤਾਰ ਧਾਰ ਕੇ ਆਪਣੇ ਆਪ ਨੂੰ ਪਸਾਰਿਆ ਹੋਇਆ ਹੈ, ਆਪ ਹੀ ਹਦੂਰੀ = ਨੇੜੇ ਹੋ ਕੇ, ਪ੍ਰਤੱਖ ਹੋ ਕੇ ਵੇਖੈ = ਵੇਖ ਰਿਹਾ ਹੈ ॥੩॥

**ਹਰਿ ਅੰਤਰਿ ਵਾਜਾ ਪਉਣੁ ਹੈ, ਮੇਰੇ ਗੋਵਿੰਦਾ;**
**ਹਰਿ ਆਪਿ ਵਜਾਏ ਤਿਉ ਵਾਜੈ ਜੀਉ ॥**

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਸੰਤ ਜਨੋਂ ! ਹਰੀ ਨੇ ਸਰੀਰ ਦੇ ਅੰਤਰਿ = ਅੰਦਰ ਪੰਜ ਪ੍ਰਾਣ (ਪ੍ਰਾਣ, ਉਪਾਨ, ਬਿਆਨ, ਸਮਾਨ, ਉਦਾਨ ਆਦਿ) ਰੂਪੀ ਪਉਣ = ਹਵਾ ਦਾ ਵਾਜਾ ਵਜਾਇਆ ਹੋਇਆ ਹੈ। ਜਿਵੇਂ ਉਹ ਹਰੀ ਆਪ ਵਾਜਾ ਵਜਾਏ = ਵਜਾਉਂਦਾ ਹੈ, ਤਿਉ = ਤਿਵੇਂ ਹੀ ਸੁਆਸਾਂ ਰੂਪੀ ਵਾਜੇ ਵੱਜ ਰਹੇ ਹਨ ਜੀ ਅਰਥਾਤ ਪ੍ਰਾਣ ਆਪ ਤਾਂ ਜੜ੍ਹ ਹਨ, ਚੇਤਨ ਦੇ ਆਸਰੇ ਹੀ ਇਨ੍ਹਾਂ ਦੀ ਚੇਸ਼ਟਾ ਹੈ। ਜਿਵੇਂ ਕੋਈ ਚੰਗਾ, ਮੰਦਾ, ਉੱਤਮ, ਮੱਧਮ, ਕਨਿਸ਼ਟ ਆਦਿ ਬੋਲ ਰਹੇ ਹਨ **ਅਥਵਾ** ਹੇ ਹਰੀ ਪਰਮੇਸ਼ਰ ਪਉਣ ਦੇ ਅੰਦਰ ਤੇਰਾ ਆਪਣਾ ਚੇਤਨ ਸਰੂਪ ਰੂਪੀ ਵਾਜਾ ਵੱਜ ਰਿਹਾ ਹੈ ਅਤੇ ਜਿਵੇਂ ਆਪ ਦੇਹਾਂ ਰੂਪੀ ਵਾਜਿਆਂ ਨੂੰ ਵਜਾਉਂਦੇ ਹੋ, ਉਵੇਂ ਹੀ ਸਰੀਰ ਰੂਪੀ ਵਾਜੇ ਵੱਜਦੇ ਹਨ।

**ਹਰਿ ਅੰਤਰਿ ਨਾਮੁ ਨਿਧਾਨੁ ਹੈ, ਮੇਰੇ ਗੋਵਿੰਦਾ;**
**ਗੁਰ ਸਬਦੀ ਹਰਿ ਪ੍ਰਭੁ ਗਾਜੈ ਜੀਉ ॥**

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰੇ ਸੰਤ ਜਨੋਂ ! ਜਿਨ੍ਹਾਂ ਦੇ ਅੰਦਰ ਹਰੀ ਨਾਮ ਦਾ ਨਿਧਾਨੁ = ਖ਼ਜ਼ਾਨਾ

ਹੈ। ਗੁਰੂ ਸਾਹਿਬ ਜੀ ਦੇ ਸਬਦੀ = ਉਪਦੇਸ਼ ਦੁਆਰਾ ਉਨ੍ਹਾਂ ਦੇ ਹਿਰਦੇ ਵਿਚ ਹਰੀ ਪ੍ਰਭੂ ਗਾਜੈ = ਪ੍ਰਗਟ ਸਾਖਿਆਤ ਹੋ ਜਾਂਦਾ ਹੈ।

## ਆਪੇ ਸਰਣਿ ਪਵਾਇਦਾ, ਮੇਰੇ ਗੋਵਿੰਦਾ; ਹਰਿ ਭਗਤ ਜਨਾ ਰਾਖੁ ਲਾਜੈ ਜੀਉ ॥

ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰੇ ਸੰਤ ਜਨੋਂ! ਹਰੀ ਪਰਮੇਸ਼ਰ ਆਪ ਹੀ ਜੀਵਾਂ ਨੂੰ ਪੂਰਬਲੇ ਪੁੰਨ **ਵਾ:** ਨਿਸ਼ਕਾਮ ਕਰਮਾਂ ਕਰਕੇ ਗੁਰੂ ਦੀ ਸਰਣਿ ਵਿਚ ਪਵਾਇਦਾ = ਪਾ ਦਿੰਦਾ ਹੈ ਅਤੇ ਆਪ ਹੀ ਆਪਣੇ ਭਗਤ ਜਨਾਂ ਦੀ ਲਾਜੈ = ਲੱਜਿਆ ਰਾਖੁ = ਰੱਖਦਾ ਹੈ ਜੀ।

[ਅੰਗ ੧੭੫]

## ਵਡਭਾਗੀ ਮਿਲੁ ਸੰਗਤੀ, ਮੇਰੇ ਗੋਵਿੰਦਾ; ਜਨ ਨਾਨਕ ਨਾਮ ਸਿਧਿ ਕਾਜੈ ਜੀਉ ॥੪॥੪॥੩੦॥੬੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਮੇਰੇ ਗੋਵਿੰਦਾ = ਪਰਮੇਸ਼ਰ ਦੇ ਪਿਆਰਿਓ! ਵੱਡੇ ਭਾਗਾਂ ਕਰਕੇ ਸਤਿਸੰਗਤ ਦੇ ਵਿਚ ਮਿਲਣਾ ਕਰੋ। ਜੋ ਜਨ = ਪੁਰਖ ਨਾਮ ਦੇ ਤਾਈਂ ਜਪਣਗੇ, ਉਨ੍ਹਾਂ ਦੇ ਲੋਕ-ਪ੍ਰਲੋਕ, ਵਿਵਹਾਰਕ ਤੇ, ਪਰਮਾਰਥ ਆਦਿ ਦੇ ਸਾਰੇ ਕਾਜੈ = ਕਾਰਜ ਸਿਧਿ = ਪੂਰੇ ਹੋ ਜਾਣਗੇ ॥੪॥੪॥੩੦॥੬੮॥

## ਗਉੜੀ ਮਾਝ, ਮਹਲਾ ੪ ॥

## ਮੈ ਹਰਿ ਨਾਮੈ; ਹਰਿ ਬਿਰਹੁ ਲਗਾਈ ਜੀਉ ॥

ਮੈ = ਮੇਰੇ ਅੰਦਰ ਹਰੀ ਪਰਮੇਸ਼ਰ ਨੇ ਆਪਣੇ ਹਰਿ ਨਾਮ ਦੀ ਬਿਰਹੁ = ਪ੍ਰੀਤੀ ਲਗਾਉਣਾ ਕੀਤੀ ਹੈ, ਭਾਵ ਮੇਰੇ ਅੰਦਰ ਹਰੀ ਨੂੰ ਮਿਲਣ ਦਾ ਬਹੁਤ ਪ੍ਰੇਮ ਲੱਗਾ ਹੋਇਆ ਹੈ ਜੀ।

## ਮੇਰਾ ਹਰਿ ਪ੍ਰਭੁ ਮਿਤੁ ਮਿਲੈ; ਸੁਖੁ ਪਾਈ ਜੀਉ ॥

ਹੇ ਮੇਰੇ ਪਿਆਰੇ ਮਿਤੁ = ਮਿੱਤ੍ਰ ਹਰੀ ਪ੍ਰਭੂ ਜੀ! ਜੇਕਰ ਆਪ ਮਿਲੈ = ਮਿਲਣਾ ਕਰੋ ਤਾਂ ਹੀ ਸੁਖ = ਅਨੰਦ ਨੂੰ ਪਾਈ = ਪਾਉਣਾ ਕਰੀਦਾ ਹੈ।

## ਹਰਿ ਪ੍ਰਭੁ ਦੇਖਿ ਜੀਵਾ; ਮੇਰੀ ਮਾਈ ਜੀਉ ॥

ਹੇ ਮੇਰੀ ਮਾਈ = ਮਾਤਾ ਦੀ ਨਿਆਈਂ ਪਿਆਰੇ ਸੰਤ ਜਨੋਂ! ਮੈਂ ਹਰੀ ਪ੍ਰਭੂ ਨੂੰ ਦੇਖ ਕੇ ਹੀ ਜੀਵਾ = ਜਿਊਂਦਾ ਹਾਂ ਜੀ। ਕਿਉਂਕਿ :

## ਮੇਰਾ ਨਾਮੁ ਸਖਾ; ਹਰਿ ਭਾਈ ਜੀਉ ॥੧॥

ਮੇਰਾ ਇਸ ਲੋਕ ਦਾ ਸਖਾ = ਮਿੱਤ੍ਰ ਅਤੇ ਪਰਲੋਕ ਦਾ ਭਾਈ = ਭਰਾ, ਹਰੀ ਪਰਮੇਸ਼ਰ ਦਾ ਨਾਮ ਹੀ ਹੈ **ਵਾ:** ਮੈਨੂੰ ਸਖਾ ਰੂਪ ਹਰੀ ਪਰਮੇਸ਼ਰ ਦਾ ਨਾਮ ਹੀ ਭਾਈ = ਭਾਉਂਦਾ ਹੈ ਜੀ ॥੧॥

## ਗੁਣ ਗਾਵਹੁ ਸੰਤ ਜੀਉ; ਮੇਰੇ ਹਰਿ ਪ੍ਰਭ ਕੇਰੇ ਜੀਉ ॥

ਹੇ ਸੰਤ ਸ਼ਾਂਤ ਚਿੱਤ ਵਾਲੇ ਮਹਾਤਮਾ ਜੀਉ = ਜੀ! ਮੇਰੇ ਹਰੀ ਪ੍ਰਭੂ ਜੀ ਕੇਰੇ = ਦੇ ਗੁਣਾਂ ਨੂੰ ਗਾਵਹੁ = ਗਾਉਣਾ ਕਰੋ।

## ਜਪਿ ਗੁਰਮੁਖਿ ਨਾਮੁ ਜੀਉ; ਭਾਗ ਵਡੇਰੇ ਜੀਉ ॥

ਹੇ ਭਾਈ! ਜਿਨ੍ਹਾਂ ਨੇ ਗੁਰਮੁਖ ਜਨਾਂ ਦੇ ਨਾਲ ਮਿਲ ਕੇ ਜੀਉ = ਹਿਰਦੇ ਨਾਲ ਹਰੀ ਨਾਮ ਨੂੰ ਜਪਣਾ ਕੀਤਾ ਹੈ, ਉਨ੍ਹਾਂ ਦੇ ਵਡੇਰੇ = ਵੱਡੇ ਭਾਗ ਹਨ ਜੀ।

## ਹਰਿ ਹਰਿ ਨਾਮੁ ਜੀਉ; ਪ੍ਰਾਨ ਹਰਿ ਮੇਰੇ ਜੀਉ ॥

ਹੇ ਭਾਈ! ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸਰ ਦਾ ਨਾਮ ਹੀ ਮੇਰੀ ਜੀਉ = ਜ਼ਿੰਦਗੀ ਹੈ ਅਤੇ ਹਰਿ = ਪਰਮੇਸ਼ਰ ਦਾ ਨਾਮ ਹੀ ਮੇਰੇ ਪ੍ਰਾਣਾਂ ਦਾ ਆਸਰਾ ਹੈ ਜੀ।

## ਫਿਰਿ ਬਹੁੜਿ; ਨ, ਭਵਜਲ ਫੇਰੇ ਜੀਉ ॥੨॥

ਉਸ ਨੂੰ ਜਪਣ ਦੇ ਨਾਲ ਫਿਰ ਭਵਜਲ = ਸੰਸਾਰ-ਸਮੁੰਦਰ ਦੇ ਫੇਰੇ ਵਿਚ ਨਹੀਂ ਪੈਣਾ ਪਵੇਗਾ **ਵਾ:** ਚੌਰਾਸੀ ਲੱਖ ਜੂਨਾਂ ਦੇ ਫੇਰੇ = ਚੱਕਰ ਵਿਚ ਨਹੀਂ ਪੈਣਾ ਪਵੇਗਾ, ਜੀ॥੨॥

## ਕਿਉ ਹਰਿ ਪ੍ਰਭ ਵੇਖਾ; ਮੇਰੈ ਮਨਿ ਤਨਿ ਚਾਉ ਜੀਉ ॥

ਮੇਰੇ ਮਨ ਅਤੇ ਤਨ ਵਿਚ ਇਹ ਚਾਉ = ਉਤਸ਼ਾਹ ਲੱਗਾ ਹੈ **ਵਾ:** ਚਾਹਨਾ ਹੈ ਕਿ ਹਰੀ ਪ੍ਰਭੂ ਦੇ ਦਰਸ਼ਨਾਂ ਨੂੰ ਕਿਉ = ਕਿਵੇਂ ਵੇਖਾ = ਵੇਖਣਾ ਕਰਾਂ ਜੀ।

## ਹਰਿ ਮੇਲਹੁ ਸੰਤ ਜੀਉ; ਮਨਿ ਲਗਾ ਭਾਉ ਜੀਉ ॥

ਹੇ ਸੰਤ ਜੀਉ! ਮੇਰੇ ਮਨ ਵਿਚ ਭਾਉ = ਪ੍ਰੇਮ ਲਗਾ = ਲੱਗ ਗਿਆ ਹੈ। ਆਪ ਕ੍ਰਿਪਾ ਕਰ ਕੇ ਮੈਨੂੰ ਹਰੀ ਨਾਲ ਮੇਲਹੁ = ਮੇਲਣਾ ਕਰੋ ਜੀ।

## ਗੁਰ ਸਬਦੀ ਪਾਈਐ; ਹਰਿ ਪ੍ਰੀਤਮ ਰਾਉ ਜੀਉ ॥

ਹੇ ਪਿਆਰੇ ਜੀ! ਰਾਉ = ਰਾਜਾ ਰੂਪ ਪ੍ਰੀਤਮ = ਪਿਆਰੇ ਹਰਿ = ਪਰਮੇਸ਼ਰ ਨੂੰ ਗੁਰ ਸਬਦੀ = ਗੁਰੂ ਦੇ ਸ਼ਬਦਾਂ ਦੀ ਕਮਾਈ ਕਰ ਕੇ ਪਾਈਐ = ਪਾਈਦਾ ਹੈ ਜੀ।

## ਵਡਭਾਗੀ; ਜਪਿ ਨਾਉ ਜੀਉ ॥੩॥

ਹੇ ਪਿਆਰੇ ਵਡਭਾਗੀ = ਵੱਡਿਆਂ ਭਾਗਾਂ ਕਰਕੇ ਜੀਉ = ਹਿਰਦੇ ਵਿਚ ਨਾਮ ਨੂੰ ਜਪਿ = ਜਪਣਾ ਕਰ ॥੩॥

## ਮੇਰੈ ਮਨਿ ਤਨਿ ਵਡੜੀ; ਗੋਵਿੰਦ ਪ੍ਰਭ ਆਸਾ ਜੀਉ ॥

ਹੇ ਪਿਆਰੇ ਜੀ! ਮੇਰੈ = ਮੇਰੇ ਮਨ ਤੇ ਤਨ ਵਿਚ ਗੋਵਿੰਦ = (ਗੋ+ਵਿੰਦ) ਗੋ = ਪ੍ਰਿਥਵੀ ਦੀ ਵਿੰਦ = ਰੱਖਿਆ ਕਰਨ ਵਾਲੇ ਪ੍ਰਭੁ = ਪਰਮੇਸ਼ਰ ਦੀ ਬਹੁਤ ਵਡੜੀ = ਵੱਡੀ ਆਸਾ = ਉਮੀਦ ਲੱਗੀ ਹੋਈ ਹੈ ਜੀ।

## ਹਰਿ ਮੇਲਹੁ ਸੰਤ ਜੀਉ; ਗੋਵਿਦ ਪ੍ਰਭ ਪਾਸਾ ਜੀਉ ॥

ਹੇ ਗੋਵਿੰਦ ਦੇ ਪਿਆਰੇ ਸੰਤ ਜੀਉ! ਤੁਸੀਂ ਸਦਾ ਹੀ ਪ੍ਰਭੂ ਦੇ ਪਾਸਾ = ਪਾਸ, ਨੇੜੇ ਰਹਿੰਦੇ ਹੋ। ਕ੍ਰਿਪਾ ਕਰਕੇ ਮੈਨੂੰ ਵੀ ਹਰੀ ਦੇ ਨਾਲ ਮੇਲਹੁ = ਮੇਲ ਦੇਣਾ ਕਰੋ **ਅਥਵਾ** ਹੇ ਸੰਤ ਜੀਉ! ਜੋ ਗੋਵਿੰਦ ਪ੍ਰਭੂ ਸਾਰਿਆਂ ਦੇ ਪਾਸਾ = ਨੇੜੇ ਹੈ। ਮੇਰਾ ਮਨ ਉਸ ਤੋਂ ਪਾਸੇ ਹੋ ਗਿਆ ਹੈ ਇਸ ਲਈ ਤੁਸੀਂ ਕਿਰਪਾ ਕਰਕੇ ਮੈਨੂੰ ਉਸ ਵਾਹਿਗੁਰੂ ਦੇ ਨਾਲ ਮੇਲਣਾ ਕਰੋ ਜੀ।

## ਸਤਿਗੁਰ ਮਤਿ; ਨਾਮੁ ਸਦਾ ਪਰਗਾਸਾ ਜੀਉ ॥

ਸੰਤ ਮਹਾਂਪੁਰਖ ਦੱਸਦੇ ਹਨ ਕਿ ਜਿਸ ਨੂੰ ਸਤਿਗੁਰੂ ਸਾਹਿਬ ਜੀ ਦੀ ਮਤਿ = ਸਿੱਖਿਆ ਪ੍ਰਾਪਤ ਹੋ ਗਈ ਹੈ, ਉਸ ਦੇ ਹਿਰਦੇ ਵਿਚ ਸਦਾ ਵਾਸਤੇ ਨਾਮ ਦਾ ਪਰਗਾਸਾ = ਪ੍ਰਕਾਸ਼ ਹੋ ਜਾਂਦਾ ਹੈ **ਵਾ:** ਗਿਆਨ ਰੂਪ ਚਾਨਣਾ ਨਾਮ ਜਪਣ ਤੋਂ ਮਿਲਦਾ ਹੈ।

## ਜਨ ਨਾਨਕ; ਪੂਰਿਅੜੀ ਮਨਿ ਆਸਾ ਜੀਉ ॥੪॥੫॥੩੧॥੬੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੇ ਜਨਾਂ **ਵਾ:** ਭਗਤ ਜਨਾਂ ਦੇ ਮਨ ਦੀਆਂ ਸੰਪੂਰਨ ਆਸਾ = ਉਮੀਦਾਂ ਪੂਰਿਅੜੀ = ਪੂਰੀਆਂ ਹੋ ਗਈਆਂ ਹਨ ਜੀ ॥੪॥੫॥੩੧॥੬੯॥

## ਗਉੜੀ ਮਾਝ, ਮਹਲਾ ੪ ॥

## ਮੇਰਾ ਬਿਰਹੀ ਨਾਮੁ ਮਿਲੈ; ਤਾ ਜੀਵਾ ਜੀਉ ॥

ਮੇਰਾ ਬਿਰਹੀ = ਪਿਆਰਾ ਨਾਮ ਮੈਨੂੰ ਮਿਲੈ = ਮਿਲਿਆ ਰਹੇ ਤਾਂ ਹੀ ਮੇਰਾ ਜੀਵਾ = ਜਿਊਣਾ ਹੁੰਦਾ ਹੈ ਜੀ।

## ਮਨ ਅੰਦਰਿ ਅੰਮ੍ਰਿਤੁ; ਗੁਰਮਤਿ ਹਰਿ ਲੀਵਾ ਜੀਉ ॥

ਹੇ ਪਿਆਰੇ ਜੀ! ਮਨ ਦੇ ਅੰਦਰ ਹੀ ਅੰਮ੍ਰਿਤ ਨਾਮ ਦਾ ਅਨੰਦ ਹੈ ਪਰ ਗੁਰਮਤਿ = ਗੁਰ-ਸਿੱਖਿਆ ਦੁਆਰਾ ਹਰਿ = ਹਰੀ ਨਾਮ ਅੰਮ੍ਰਿਤ ਨੂੰ ਲੀਵਾ = ਲੈਣਾ ਕਰੀਏ ਤਾਂ ਹੀ ਲਾਭ ਪ੍ਰਾਪਤ ਹੁੰਦਾ ਹੈ ਜੀ।

## ਮਨੁ ਹਰਿ ਰੰਗਿ ਰਤੜਾ; ਹਰਿ ਰਸੁ ਸਦਾ ਪੀਵਾ ਜੀਉ ॥

ਜੇਕਰ ਮਨ ਹਰੀ ਦੇ ਰੰਗਿ = ਪ੍ਰੇਮ ਰੰਗ ਵਿਚ ਰਤੜਾ = ਰੰਗਿਆ ਜਾਵੇ ਤਾਂ ਸਦਾ ਵਾਸਤੇ ਹੀ ਹਰੀ ਰਸ ਨੂੰ ਪੀਵਾ = ਪੀਣਾ ਕਰੀਏ **ਵਾ:** ਮਨ ਦਾ ਸੁਭਾਅ ਹੈ ਕਿ ਹਰਿ = ਹਰੇਕ ਰੰਗ ਵਿਚ ਰਤੜਾ = ਰੰਗਿਆ ਰਹਿੰਦਾ ਹੈ। ਜੇਕਰ ਹਰੀ ਰੰਗ ਵਿਚ ਰੰਗਿਆ ਜਾਵੇ ਤਾਂ ਜੀਉ = ਜੀਅ ਕਰਕੇ ਸਦਾ ਵਾਸਤੇ ਹਰੀ ਰਸ ਨੂੰ ਪੀਵਾ = ਪੀਣਾ ਕਰੀਏ।

## ਹਰਿ ਪਾਇਅੜਾ; ਮਨਿ ਜੀਵਾ ਜੀਉ ॥੧॥

ਸਤਿਗੁਰਾਂ ਦੁਆਰਾ ਹਰੀ ਨੂੰ ਪਾਇਅੜਾ = ਪਾਉਣ ਕਰਕੇ ਮਨ ਜੀਵਾ = ਜਿਊਂਦਾ ਹੋ ਜਾਂਦਾ ਹੈ ਜੀ ॥੧॥

## ਮੇਰੈ ਮਨਿ ਤਨਿ ਪ੍ਰੇਮੁ ਲਗਾ; ਹਰਿ ਬਾਣੁ ਜੀਉ ॥

ਮੇਰੇ ਮਨ ਅਤੇ ਤਨ ਵਿਚ ਗੁਰੂ ਸਾਹਿਬ ਜੀ ਨੇ ਆਪਣੀ ਰਸਨਾ ਰੂਪੀ ਕਮਾਨ ਖਿੱਚ ਕੇ ਹਰੀ ਦਾ ਪ੍ਰੇਮ ਰੂਪੀ ਬਾਣੁ = ਤੀਰ ਮੈਨੂੰ ਨਿਸ਼ਾਨਾ ਬਣਾ ਕੇ ਲਗਾ ਦਿੱਤਾ ਹੈ **ਵਾ:** ਗੁਰੂ ਸਾਹਿਬ ਜੀ ਨੇ ਪ੍ਰੇਮ ਰੂਪੀ ਕਮਾਨ ਖਿੱਚ ਕੇ ਹਰੀ ਦਾ ਨਾਮ ਰੂਪੀ ਬਾਣੁ = ਤੀਰ ਮੇਰੇ ਮਨ ਤਨ ਨੂੰ ਨਿਸ਼ਾਨਾ ਬਣਾ ਕੇ ਲਗਾਉਣਾ ਕੀਤਾ ਹੈ।

## ਮੇਰਾ ਪ੍ਰੀਤਮੁ ਮਿਤ੍ਰੁ; ਹਰਿ ਪੁਰਖੁ ਸੁਜਾਣੁ ਜੀਉ ॥

ਮੇਰਾ ਮਨ ਦਾ ਪ੍ਰੀਤਮੁ = ਪਿਆਰਾ ਅਤੇ ਬਾਣੀ ਦਾ ਮਿਤ੍ਰੁ = ਸਖਾ **ਵਾ:** ਇਸ ਲੋਕ ਦਾ ਪ੍ਰੀਤਮ = ਪਿਆਰਾ ਅਤੇ ਪਰਲੋਕ ਦਾ ਮਿਤ੍ਰੁ = ਮਿੱਤਰ ਹਰੀ ਪਰਮੇਸ਼ਰ ਪੁਰਖੁ = ਪੂਰਨ ਅਤੇ ਸੁਜਾਣੁ = ਅੰਤਰਜਾਮੀ ਹੈ।

## ਗੁਰੁ ਮੇਲੇ ਸੰਤ; ਹਰਿ ਸੁਘੜੁ ਸੁਜਾਣੁ ਜੀਉ ॥

ਹੇ ਪਿਆਰੇ ਜੀ ! ਉਸ ਸੁਘੜੁ = ਸਿਆਣੇ **ਵਾ:** (ਸੁ+ਘੜ) ਸੁ = ਸ਼੍ਰੇਸਟ ਗੁਣਾਂ ਦੀ ਘਾੜਤ ਨੂੰ ਘੜਨ ਵਾਲੇ ਸੁਜਾਣੁ = ਅੰਤਰਜਾਮੀ ਹਰਿ = ਪਰਮੇਸ਼ਰ ਦੇ ਨਾਲ ਸੰਤ = ਸ਼ਾਤ ਆਤਮ ਵਾਲੇ ਗੁਰੂ ਸਾਹਿਬ ਜੀ ਹੀ ਮੇਲੇ = ਮੇਲਦੇ ਹਨ।

## ਹਉ ਨਾਮ ਵਿਟਹੁ; ਕੁਰਬਾਣੁ ਜੀਉ ॥੨॥

ਹੇ ਪਿਆਰੇ ਜੀ! ਹਉ = ਮੈਂ ਪਰਮੇਸ਼ਰ ਦੇ ਨਾਮ ਵਿਟਹੁ = ਉਪਰੋਂ ਕੁਰਬਾਣੁ = ਬਲਿਹਾਰ ਜਾਂਦਾ ਹਾਂ ॥੨॥

## ਹਉ ਹਰਿ ਹਰਿ ਸਜਣੁ; ਹਰਿ ਮੀਤੁ ਦਸਾਈ ਜੀਉ ॥

ਹੇ ਪਿਆਰੇ ਜੀ ! ਜੋ ਹਰਿ = ਹਰੇਕ ਦਾ ਸਜਣੁ = ਪਿਆਰਾ ਹਰੀ ਹੈ। ਮੈਂ ਗੁਰਾਂ ਤੋਂ **ਵਾ:** ਸੰਤ ਜਨਾਂ ਤੋਂ ਉਸ ਹਰਿ = ਹਰੀ ਮੀਤੁ = ਮਿੱਤਰ ਬਾਰੇ ਦਸਾਈ = ਦੱਸ ਪਵਾਉਂਦਾ ਹਾਂ **ਵਾ:** ਪੁੱਛਦਾ ਹਾਂ **ਵਾ:** ਗੁਰੂ ਸਾਹਿਬ ਜੀ ਦਸਾਈ = ਦੱਸਣਾ ਕਰੋ ਕਿ ਕਿਵੇਂ ਪ੍ਰਾਪਤ ਹੋਵੇ।

## ਹਰਿ ਦਸਹੁ ਸੰਤਹੁ ਜੀ; ਹਰਿ ਖੋਜੁ ਪਵਾਈ ਜੀਉ ॥

ਹੇ ਸੰਤਹੁ = ਸੰਤ ਜਨੋਂ ਜੀ ! ਮੈਨੂੰ ਉਸ ਹਰਿ = ਹਰੀ ਦੀ ਪ੍ਰਾਪਤੀ ਬਾਰੇ ਦਸਹੁ = ਦੱਸਣਾ ਕਰੋ ਅਤੇ ਹਰਿ = ਹਰੀ ਦੀ ਖੋਜ = ਤਲਾਸ਼ ਵਿਚ ਪਵਾਈ = ਪਾਉਣਾ ਕਰੋ ਜੀ **ਅਥਵਾ** ਹੇ ਹਰੀ ਦੇ ਸੰਤ ਜਨੋ ! ਮੈਨੂੰ ਉਹ ਸ਼ੁਭ ਮਾਰਗ ਦੱਸੋ ਜਿਸ ਕਰਕੇ ਮੈਂ ਹਰੀ ਦੀ ਖੋਜ = ਭਾਲ ਵਿਚ ਪਵਾਈ = ਪੈ ਜਾਵਾਂ ਜੀ।

## ਸਤਿਗੁਰੁ ਤੁਠੜਾ; ਦਸੇ ਹਰਿ ਪਾਈ ਜੀਉ ॥

ਜਿਸ ਵੇਲੇ ਸਤਿਗੁਰੂ ਸਾਹਿਬ ਜੀ ਤੁਠੜਾ = ਪ੍ਰਸੰਨ ਹੋ ਜਾਂਦੇ ਹਨ ਤਦ ਹੀ ਹਰੀ ਦੀ ਪ੍ਰਾਪਤੀ ਬਾਰੇ ਦਸੇ = ਦੱਸ ਪਾਈ = ਪਾਉਂਦੇ ਹਨ ਜੀ **ਅਥਵਾ** ਜਦੋਂ ਸਤਿਗੁਰੂ ਜੀ ਤੁਠੜਾ = ਪ੍ਰਸੰਨ ਹੋ ਕੇ ਹਰੀ ਦੇ ਤਾਈਂ ਦਸੇ = ਦੱਸਦੇ ਹਨ ਤਾਂ ਹਰੀ ਨੂੰ ਜੀਉ = ਹਿਰਦੇ ਵਿੱਚੋਂ ਹੀ ਪਾ ਲਈਦਾ ਹੈ ਜੀ।

## ਹਰਿ ਨਾਮੇ ਨਾਮਿ; ਸਮਾਈ ਜੀਉ ॥੩॥

ਜਿਸ ਕਰਕੇ ਫੇਰ ਹਰਿ = ਹਰੀ ਦੇ ਨਾਮੇ = ਨਾਮ ਦੇ ਪ੍ਰਤਾਪ ਕਰਕੇ ਨਾਮਿ = ਨਾਮੀ ਪਰਮਾਤਮਾ ਵਿਚ ਸਮਾਈ = ਸਮਾ ਜਾਈਦਾ ਹੈ, ਅਭੇਦ ਹੋ ਜਾਈਦਾ ਹੈ ॥੩॥

## ਮੈ ਵੇਦਨ ਪ੍ਰੇਮੁ; ਹਰਿ ਬਿਰਹੁ ਲਗਾਈ ਜੀਉ ॥

ਮੈ = ਮੈਨੂੰ ਹਰੀ ਨੇ ਆਪਣੇ ਪ੍ਰੇਮ ਦੀ ਵੇਦਨ = ਪੀੜਾ ਲਗਾਈ = ਲਾ ਛੱਡੀ ਹੈ। ਇਸ ਬਿਰਹੁ = ਵਿਛੋੜੇ ਕਰਕੇ, ਪੀੜਾ ਕਰਕੇ ਵਿਜੋਗੀ ਹੋ ਰਹੇ ਹਾਂ **ਵਾ:** ਮਨ ਵਿਚ ਪ੍ਰੇਮ ਤੇ ਤਨ ਵਿਚ ਬਿਰਹੁ = ਵਿਜੋਗ ਰੂਪ ਵੇਦਨ = ਪੀੜਾ ਲਗਾਈ ਹੋਈ ਹੈ ਜੀ।

## ਗੁਰ ਸਰਧਾ ਪੂਰਿ; ਅੰਮ੍ਰਿਤੁ ਮੁਖਿ ਪਾਈ ਜੀਉ ॥

ਗੁਰ = ਸਤਿਗੁਰੂ ਸਾਹਿਬ ਜੀ ਨੇ ਮੇਰੀ ਸਰਧਾ = ਇਛਾ ਪੂਰਿ = ਪੂਰੀ ਕਰ ਦਿੱਤੀ ਹੈ ਅਤੇ ਅੰਮ੍ਰਿਤ ਨਾਮ ਦੀ ਬੂੰਦ ਮੇਰੇ ਅੰਤਹਕਰਣ ਰੂਪ ਮੁਖਿ = ਮੂੰਹ ਵਿਚ ਪਾਈ = ਪਾਉਣਾ ਕੀਤਾ ਹੈ ਜੀ।

## ਹਰਿ ਹੋਹੁ ਦਇਆਲੁ; ਹਰਿ ਨਾਮੁ ਧਿਆਈ ਜੀਉ ॥

ਮੈਂ ਹਰ ਸਮੇਂ ਬੇਨਤੀ ਕਰਦਾ ਸੀ ਕਿ ਹੇ ਹਰੀ ਸਰੂਪ ਗੁਰੂ ਸਾਹਿਬ ਜੀ ! ਆਪ ਜੀ ਦਇਆਲੁ = ਦਇਆਲੂ ਹੋਵੋ, ਜਿਸ ਕਰਕੇ ਮੈਂ ਜੀਉ = ਹਿਰਦੇ ਵਿਚ ਹਰਿ ਨਾਮ ਨੂੰ ਧਿਆਈ = ਧਿਆਉਣਾ ਕਰਾਂ ਜੀ।

## ਜਨ ਨਾਨਕ; ਹਰਿ ਰਸੁ ਪਾਈ ਜੀਉ ॥੪॥੬॥੨੦॥੧੮॥੩੨॥੭੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਮੈਂ ਜਨ = ਦਾਸ ਨੇ ਹਰੀ ਦੇ ਨਾਮ ਰਸ ਨੂੰ ਪਾਈ = ਪਾਉਣਾ ਕੀਤਾ ਹੈ ਜੀ ॥੪॥੬॥੨੦॥੧੮॥੩੨॥੭੦॥

## ਮਹਲਾ ੫ ਰਾਗੁ ਗਉੜੀ ਗੁਆਰੇਰੀ ਚਉਪਦੇ

## ੧ੴ ਸਤਿਗੁਰ ਪ੍ਰਸਾਦਿ ॥

**ਉਥਾਨਕਾ :** ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਤਾਇਆ ਸਹਾਰੀ ਮਲ ਜੀ ਦਾ ਬੇਟਾ ਭਾਈ ਵਡਭਾਗਾ ਸ੍ਰੀ ਅੰਮ੍ਰਿਤਸਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆਇਆ। ਉਸ ਵੇਲੇ ਸਤਿਗੁਰੂ ਸਾਹਿਬ ਜੀ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦੀ ਰਚਨਾ ਕਰ ਰਹੇ ਸਨ। ਭਾਈ ਵਡਭਾਗੇ ਨੇ ਬੇਨਤੀ ਕੀਤੀ ਕਿ ਮਹਾਰਾਜ ਆਪ ਜੀ ਨੇ ਮੇਰੀ ਸ਼ਾਦੀ ਵਿਚ ਪਹੁੰਚ ਕੇ ਸਾਰਾ ਕਾਰਜ ਨਿਰਵਿਘਨਤਾ ਨਾਲ ਸੰਪੂਰਨ ਕੀਤਾ ਸੀ। ਹੇ ਸਤਿਗੁਰੂ ਜੀ ਮੈਂ ਬਹੁਤ ਹੀ ਯਤਨ ਕਰ ਕੇ ਵੇਖ ਲਏ ਹਨ, ਪਰ ਕਿਤੋਂ ਵੀ ਸੁਖ ਪ੍ਰਾਪਤ ਨਹੀਂ ਹੋਇਆ। ਮੇਰਾ ਬੇਨਤੀ ਪੂਰਵਕ ਪ੍ਰਸ਼ਨ ਹੈ ਕਿ ਮੈਨੂੰ ਸੁੱਖ ਕਿਵੇਂ ਪ੍ਰਾਪਤ ਹੋਵੇ ? ਅਤੇ ਹਰ ਥਾਂ ਸਹਾਇਕ ਰਾਮ ਪਰਮੇਸ਼ਰ ਕਿਵੇਂ ਪ੍ਰਾਪਤ ਹੁੰਦਾ ਹੈ ? ਤਾਂ ਸਤਿਗੁਰੂ ਜੀ ਨੇ ਭਾਈ ਵਡਭਾਗੇ ਵੱਲੋਂ ਕੀਤੇ ਪ੍ਰਸ਼ਨਾਂ ਨੂੰ ਇਹ ਪਾਵਨ ਸ਼ਬਦ ਉਚਾਰਨ ਕੀਤਾ।

ਮਹਲਾ ੫ = ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਰਾਗ ਗਉੜੀ = ਰਾਗ ਗਉੜੀ ਗੁਆਰੇਰੀ ਜਾਤੀ ਵਿਚ ਪਾਵਨ ਬਾਣੀ ਉਚਾਰਨ ਕਰਦੇ ਹਨ, ਜਿਸ ਵਿਚ ਚਉਪਦੇ = ਚਾਰ ਚਾਰ ਪਦਿਆਂ ਵਾਲੇ ਸ਼ਬਦ ਹਨ। ੧ = ਅਦ੍ਵੈਤ ਰੂਪ ਪਰਮੇਸ਼ਰ, ੴ = ਸਾਰਿਆਂ ਦਾ ਪ੍ਰਕਾਸ਼ਕ ਸਤਿਗੁਰ = ਸਤਿਗੁਰਾਂ ਦੀ ਪ੍ਰਸਾਦਿ = ਕ੍ਰਿਪਾ ਕਰਕੇ ਪ੍ਰਾਪਤ ਹੁੰਦਾ ਹੈ।

## ਕਿਨ ਬਿਧਿ ਕੁਸਲੁ ਹੋਤ; ਮੇਰੇ ਭਾਈ ॥

ਹੇ ਮੇਰੇ ਭਾਈ ! ਕਿਨ = ਕਿਸ ਬਿਧਿ = ਤਰੀਕੇ ਨਾਲ ਆਤਮਿਕ ਕੁਸਲੁ = ਸੁਖ **ਵਾ:** ਅਨੰਦ ਪ੍ਰਾਪਤ ਹੋਤ = ਹੁੰਦਾ ਅਤੇ

## ਕਿਉ ਪਾਈਐ; ਹਰਿ ਰਾਮ ਸਹਾਈ ॥੧॥ਰਹਾਉ॥

ਜੋ ਰਾਮ = ਰਮਿਆ ਹੋਇਆ ਹਰਿ = ਪਰਮੇਸ਼ਰ ਸਾਰਿਆਂ ਦਾ ਸਹਾਈ = ਸਹਾਇਕ ਹੈ, ਉਸ ਨੂੰ ਕਿਉ = ਕਿਵੇਂ ਪਾਈਐ = ਪ੍ਰਾਪਤ ਕਰੀਏ ?॥੧॥ਰਹਾਉ॥

ਜੋ ਭਾਈ ਵਡਭਾਗੇ ਨੇ ਅੱਗੋ ਕਿਹਾ ਉਸਨੂੰ ਸਤਿਗੁਰੂ ਆਪਣੇ ਮੁਖ ਦੁਆਰਾ ਕਥਨ ਕਰਦੇ ਹਨ

## ਕੁਸਲੁ ਨ, ਗ੍ਰਿਹਿ; ਮੇਰੀ ਸਭ ਮਾਇਆ ॥

ਹੇ ਸਤਿਗੁਰੂ ਜੀ ! ਗ੍ਰਿਹਿ = ਗ੍ਰਹਿਸਥੀ ਹੋਣ ਕਰ ਕੇ ਵੀ ਸੁਖ ਪ੍ਰਾਪਤ ਨਹੀਂ ਹੋਇਆ **ਵਾ:** ਗ੍ਰਿਹ = ਘਰ, ਮਕਾਨ ਅਤੇ ਇਹ ਸਭ = ਸਾਰੀ ਮੇਰੀ ਮਾਇਆ ਹੈ ਆਦਿ ਇਨ੍ਹਾਂ ਨੂੰ ਆਪਣਾ ਸਮਝ ਕੇ ਵੀ ਕੁਸਲੁ ਨ = ਸੁਖ ਨਹੀਂ ਮਿਲਦਾ।

## ਊਚੇ ਮੰਦਰ; ਸੁੰਦਰ ਛਾਇਆ ॥

ਹੇ ਭਾਈ ਜੀ ! ਸੁਖ ਵਾਸਤੇ ਊਚੇ = ਉੱਚੇ ਉੱਚੇ ਮੰਦਰ = ਪੱਕੇ ਮਕਾਨ ਬਣਾ ਲਏ ਅਤੇ ਸੁੰਦਰ = ਸੋਹਣੀ ਛਾਇਆ = ਛਾਂ ਵਾਲੇ ਬਗ਼ੀਚੇ ਵੀ ਲਗਾਏ **ਵਾ:** ਛਾਇਆ = ਤੰਬੂ ਆਦਿਕਾਂ ਦੀਆਂ ਕਨਾਤਾਂ ਤਾਣ ਲਈਆਂ।

## ਝੂਠੇ ਲਾਲਚਿ; ਜਨਮੁ ਗਵਾਇਆ ॥੧॥

ਮਹਾਰਾਜ ਜੀ ਇਨ੍ਹਾਂ ਝੂਠੇ ਪਦਾਰਥਾਂ ਦੇ ਲਾਲਚਿ = ਲੋਭ ਵਿਚ ਲੱਗ ਕੇ ਜੀਵਾਂ ਨੇ ਆਪਣਾ ਮਨੁੱਖਾ ਜਨਮ ਵਿਅਰਥ ਹੀ ਗਵਾਇਆ = ਗਵਾ ਲਿਆ ਹੈ ॥੧॥

[ਅੰਗ ੧੭੬]

## ਹਸਤੀ ਘੋੜੇ; ਦੇਖਿ ਵਿਗਾਸਾ ॥

ਜਿਹੜੇ ਪੁਰਖ ਹਸਤੀ = ਹਾਥੀ ਘੋੜੇ ਆਦਿ ਸਾਰਿਆਂ ਨੂੰ ਦੇਖਿ = ਵੇਖ ਕੇ ਵਿਗਾਸਾ = ਪ੍ਰਸੰਨ ਹੁੰਦੇ ਹਨ ਅਤੇ

## ਲਸਕਰ ਜੋੜੇ; ਨੇਬ ਖਵਾਸਾ ॥

ਦੁਨੀਆਂ ਦੇ ਰਜਵਾੜਿਆਂ ਦੇ ਮਾਲਕ ਬਣ ਕੇ ਪੈਦਲ, ਰਥ ਵਾਲੀਆਂ, ਘੋੜ ਚੜ੍ਹੀਆਂ ਤੇ ਹਾਥੀਆਂ ਵਾਲੀਆਂ ਲਸਕਰ = ਫ਼ੌਜਾਂ ਰੱਖ ਲੈਂਦੇ ਹਨ ਜੋੜੇ = ਪੁਸ਼ਾਕੇ ਪਹਿਨ ਲੈਂਦੇ ਹਨ ਤੇ ਨੇਬ = ਚੋਬਦਾਰ ਅਤੇ ਖਵਾਸਾ = ਚੌਰ ਬਰਦਾਰ **ਵਾ:** (ਨੇਬ ਖਵਾਸਾ = ਇਕ ਖ਼ਾਸ ਨੌਕਰ ਦਾ ਨਾਮ ਹੁੰਦਾ ਹੈ) **ਵਾ:** ਨੇਬ ਖਵਾਸਾ = ਖ਼ਾਸ ਹਜ਼ੂਰੀਏ ਸੇਵਕ ਨੌਕਰ ਆਦਿ ਰੱਖ ਕੇ ਖੁਸ਼ ਹੁੰਦੇ ਹਨ।

## ਗਲਿ ਜੇਵੜੀ; ਹਉਮੈ ਕੇ ਫਾਸਾ ॥੨॥

ਇਉਂ ਉਨ੍ਹਾਂ ਦੇ ਗੱਲ ਵਿਚ ਮਾਇਆ ਦੇ ਮੋਹ ਦੀ ਜੇਵੜੀ = ਰੱਸੀ, ਫਾਹੀ ਪੈ ਗਈ ਹੈ ਅਤੇ ਉਹ ਹਉਮੈ = ਹੰਗਤਾ ਮਮਤਾ ਕੇ = ਦੇ ਫਾਸਾ = ਫਾਹੇ ਵਿਚ ਫੱਸ ਗਏ ਹਨ **ਵਾ:** ਉਨ੍ਹਾਂ ਦੇ ਗੱਲ ਵਿਚ ਇਸ ਲੋਕ ਵਿਚ ਹੰਗਤਾ ਮਮਤਾ ਦਾ ਫਾਹਾ ਹੈ ਅਤੇ ਪ੍ਰਲੋਕ ਵਿਚ ਜਮਾਂ ਦੀ ਜੇਵੜੀ = ਫਾਹੀ ਪੈਂਦੀ ਹੈ **ਵਾ:** ਗੱਲ ਵਿਚ ਹੰਗਤਾ ਮਮਤਾ ਰੂਪੀ ਜੇਵੜੀ ਦੇ ਹੋਣ ਕਰਕੇ ਅੰਤ ਨੂੰ ਜਮਾਂ ਦੇ ਫਾਹੇ ਵਿਚ ਫੱਸਦੇ ਹਨ। ਇਸ ਕਰਕੇ ਇਨ੍ਹਾਂ ਕੰਮਾਂ ਵਿਚ ਵੀ ਸੁੱਖ ਨਹੀਂ ਦਿੱਸਿਆ ॥੨॥

## ਰਾਜੁ ਕਮਾਵੈ; ਦਹ ਦਿਸ ਸਾਰੀ ॥

ਕੋਈ ਚੱਕ੍ਰਵਰਤੀ ਰਾਜੇ ਬਣ ਕੇ ਦਹ ਦਿਸ = ਦਸਾਂ ਦਿਸ਼ਾਵਾਂ ਭਾਵ ਸਾਰੀ ਧਰਤੀ ਨੂੰ ਜਿੱਤ ਕੇ ਰਾਜ ਕਮਾਵੈ = ਕਮਾਉਣਾ ਕਰਦੇ ਹਨ। ਅਤੇ

## ਮਾਣੈ ਰੰਗ; ਭੋਗ ਬਹੁ ਨਾਰੀ ॥

ਬਹੁ = ਬਹੁਤ ਸਾਰੀਆਂ ਨਾਰੀ = ਇਸਤਰੀਆਂ ਦੇ ਨਾਲ ਭੋਗਾਂ ਨੂੰ ਭੋਗ ਕੇ ਰੰਗ = ਅਨੰਦ ਨੂੰ ਮਾਣੈ = ਮਾਨਣਾ ਕਰਦੇ ਹਨ।

ਇਹ ਸਾਰੇ ਸੁੱਖ ਤਾਂ ਇਸ ਪ੍ਰਕਾਰ ਹਨ :

## ਜਿਉ ਨਰਪਤਿ; ਸੁਪਨੈ ਭੇਖਾਰੀ ॥੩॥

ਜਿਵੇਂ ਕੋਈ ਭੇਖਾਰੀ = ਮੰਗਤਾ, ਸਿਰਹਾਣੇ ਠੂਠਾ ਰੱਖ ਕੇ ਸੁੱਤਾ ਹੋਵੇ ਅਤੇ ਸੁਪਨੇ ਵਿਚ ਨਰਪਤਿ = ਨਰਾਂ ਦਾ ਪਤੀ ਭਾਵ ਰਾਜਾ ਬਣ ਕੇ ਰਾਜ ਭਾਗ ਭੋਗਦਾ ਹੋਵੇ। ਪਰ ਅੱਖ ਖੁੱਲ੍ਹਣ 'ਤੇ ਉਹੀ ਭਿਖਿਆ ਲੈਣ ਵਾਲਾ ਮੰਗਤਾ ਹੀ ਹੁੰਦਾ ਹੈ। ਇਸ ਪ੍ਰਕਾਰ ਇਨ੍ਹਾਂ ਚੀਜ਼ਾਂ ਵਿੱਚੋਂ ਕੋਈ ਸੁਖ ਨਹੀਂ ਮਿਲਦਾ ॥੩॥

## ਏਕੁ ਕੁਸਲੁ; ਮੋਕਉ ਸਤਿਗੁਰੂ ਬਤਾਇਆ ॥

ਹੇ ਭਾਈ ! ਮੋਕਉ = ਮੇਰੇ ਤਾਈਂ ਸਤਿਗੁਰੂ = ਸ੍ਰੀ ਗੁਰੂ ਰਾਮਦਾਸ ਜੀ ਨੇ ਬਤਾਇਆ = ਦੱਸਣਾ ਕੀਤਾ ਹੈ ਕਿ ਏਕੁ = ਇਕ ਗੱਲ ਵਿਚ ਹੀ ਕੁਸਲੁ = ਸੁਖ, ਅਨੰਦ ਹੈ, ਜੋ ਇਸ ਪ੍ਰਕਾਰ ਹੈ :

## ਹਰਿ ਜੋ ਕਿਛੁ ਕਰੇ; ਸੁ ਹਰਿ ਕਿਆ ਭਗਤਾ ਭਾਇਆ ॥

ਹਰੀ ਪਰਮੇਸ਼ਰ ਜੋ ਕਿਛੁ = ਕੁਝ ਵੀ ਕਰੇ = ਕਰਦਾ ਹੈ, ਸੁ = ਉਹ ਹਰੀ ਦੇ ਭਗਤਾਂ ਨੂੰ ਭਾਇਆ = ਚੰਗਾ ਲੱਗਦਾ ਹੈ **ਵਾ:** ਭਗਤ ਜਨਾਂ ਨੇ ਉਸ ਨੂੰ ਚੰਗਾ ਸਮਝਿਆ ਹੋਇਆ ਹੈ ਅਤੇ ਉਹ ਪ੍ਰਸੰਨ ਰਹਿੰਦੇ ਹਨ, ਭਾਵ ਪਰਮੇਸ਼ਰ ਜੀਵਾਂ ਦੀ ਕਰਨੀ ਅਨੁਸਾਰ ਸੁਖ ਦੁਖ ਦਿੰਦਾ ਹੈ। ਇਸ ਪ੍ਰਕਾਰ ਉਸ ਦੇ ਭਾਣੇ ਨੂੰ ਮੰਨ ਕੇ ਅਨੰਦ ਵਿਚ ਰਹਿਣਾ ਚਾਹੀਦਾ ਹੈ।

ਹੁਣ ਸਤਿਗੁਰੂ ਜੀ ਭਾਈ ਵਡਭਾਗੇ ਵੱਲੋਂ ਕੀਤੇ ਦੂਜੇ ਪ੍ਰਸ਼ਨ ਦਾ ਉੱਤਰ ਦਿੰਦੇ ਹਨ :

## ਜਨ ਨਾਨਕ; ਹਉਮੈ ਮਾਰਿ ਸਮਾਇਆ ॥੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਭਗਤ ਜਨ ਹਉਮੈ = ਹੰਗਤਾ ਮਮਤਾ ਨੂੰ ਮਾਰ ਕੇ ਪਰਮੇਸ਼ਰ ਵਿਚ ਸਮਾਇਆ = ਸਮਾਉਣਾ ਕਰਦੇ ਹਨ ॥੪॥

## ਇਨਿ ਬਿਧਿ ਕੁਸਲ ਹੋਤ; ਮੇਰੇ ਭਾਈ ॥

ਹੇ ਮੇਰੇ ਭਾਈ ! ਇਨਿ = ਇਸ ਬਿਧਿ = ਤਰੀਕੇ ਨਾਲ ਕੁਸਲੁ = ਸੁਖ ਪ੍ਰਾਪਤ ਹੋਤ = ਹੁੰਦਾ ਹੈ।

## ਇਉ ਪਾਈਐ; ਹਰਿ ਰਾਮ ਸਹਾਈ ॥੧॥ਰਹਾਉ ਦੂਜਾ॥

ਜੋ ਰਾਮ = ਰਮਿਆ ਹੋਇਆ ਹਰਿ = ਪਰਮੇਸ਼ਰ ਸਾਰਿਆਂ ਦਾ ਸਹਾਈ = ਸਹਾਇਕ ਹੈ, ਉਸ ਨੂੰ ਇਉ = ਇਸ ਪ੍ਰਕਾਰ ਭਾਣੇ ਵਿਚ ਚੱਲ ਕੇ ਪਾਈਐ = ਪਾਈਦਾ ਹੈ, ਭਾਵ ਹਉਮੈ ਨੂੰ ਮਾਰ ਕੇ ਸਾਰਿਆਂ ਦੀ ਸਹਾਇਤਾ ਕਰਨ ਵਾਲੇ ਹਰੀ ਰਾਮ ਪਰਮੇਸ਼ਰ ਨੂੰ ਮਿਲੀਦਾ ਹੈ ॥੧॥ਰਹਾਉ ਦੂਜਾ॥

### ਅਰਥ ਦੂਸਰਾ

ਜਗਿਆਸੂ, ਅਧਿਕਾਰੀ ਜਨ ਸਤਿਗੁਰੂ ਸਾਹਿਬ ਜੀ ਨੂੰ ਬੇਨਤੀ ਕਰਦੇ ਹਨ ਕਿ :

**ਕਿਨ ਬਿਧਿ ਕੁਸਲੁ ਹੋਤ; ਮੇਰੇ ਭਾਈ ॥**

ਹੇ ਸਤਿਗੁਰੂ ਜੀ ! ਇਸ ਜੀਵ ਨੂੰ ਕਿਨਿ = ਕਿਸ ਬਿਧਿ = ਤਰੀਕੇ ਨਾਲ ਕੁਸਲੁ = ਅਨੰਦ ਪ੍ਰਾਪਤ ਹੋਤ = ਹੋਵੇ।

**ਕਿਉ ਪਾਈਐ; ਹਰਿ ਰਾਮ ਸਹਾਈ ॥੧॥ਰਹਾਉ॥**

ਅਤੇ ਦੂਜਾ ਪ੍ਰਸ਼ਨ ਕਿ ਹਰਿ = ਹਰੇਕ ਦੀ ਸਹਾਈ = ਸਹਾਇਤਾ ਕਰਨ ਵਾਲਾ ਰਾਮ = ਪਰਮੇਸ਼ਰ ਕਿਉ = ਕਿਸ ਪ੍ਰਕਾਰ ਪਾਈਐ = ਪਾਈਦਾ ਹੈ ॥੧॥ਰਹਾਉ॥

ਸਤਿਗੁਰੂ ਸਾਹਿਬ ਜੀ ਇਨ੍ਹਾਂ ਦੋਨਾਂ ਪ੍ਰਸ਼ਨਾਂ ਦਾ ਉੱਤਰ ਇਸ ਸ਼ਬਦ ਦੀਆਂ ਅਖ਼ੀਰਲੀਆਂ ਤੁਕਾਂ ਵਿਚ ਦੇਣਗੇ। ਹੁਣ ਜਗਿਆਸੂ **ਵਾ:** ਆਪਣੇ ਸਿੱਖਾਂ ਨੂੰ ਸਮਝਾਉਂਦੇ ਹਨ ਕਿ :

**ਕੁਸਲੁ ਨ ਗ੍ਰਿਹਿ; ਮੇਰੀ ਸਭ ਮਾਇਆ ॥**
**ਊਚੇ ਮੰਦਰ; ਸੁੰਦਰ ਛਾਇਆ ॥**

ਮੈਂ-ਮੇਰੀ ਵਿਚ ਗ੍ਰਿਹਿ = ਘਰ ਬਣਾ ਲੈਣੇ, ਧਰਤੀ ਤੋਂ ਊਚੇ = ਉੱਪਰ ਲੰਮੇ ਕਈ ਕਈ ਮੰਜ਼ਲੇ ਮੰਦਰ = ਮਹਿਲ ਬਣਾ ਲੈਣੇ ਅਤੇ ਬਹੁਤ ਹੀ ਸੁੰਦਰ = ਸੋਹਣੀ ਛਾਇਆ = ਛਾਂ ਵਾਲੇ ਰੁੱਖ, ਬਗ਼ੀਚੇ ਆਦਿ ਲਾ ਲੈਣ ਨਾਲ ਵੀ ਕੁਸਲੁ = ਅਨੰਦ ਪ੍ਰਾਪਤ ਨਹੀਂ ਹੁੰਦਾ। ਇਹ ਸਭ ਤਾਂ ਮਾਇਆ ਦੇ ਕੌਤਕ ਹਨ।

**ਝੂਠੇ ਲਾਲਚਿ; ਜਨਮੁ ਗਵਾਇਆ ॥੧॥**

ਇਨ੍ਹਾਂ ਝੂਠੇ ਪਦਾਰਥਾਂ ਦੇ ਲਾਲਚ ਵਿਚ ਲੱਗ ਕੇ ਜੀਵ ਆਪਣਾ ਮਨੁੱਖਾ ਜਨਮ ਵਿਅਰਥ ਹੀ ਗਵਾਇਆ = ਗਵਾ ਰਹੇ ਹਨ ॥੧॥

**ਹਸਤੀ ਘੋੜੇ; ਦੇਖਿ ਵਿਗਾਸਾ ॥ ਲਸਕਰ ਜੋੜੇ; ਨੇਬ ਖਵਾਸਾ ॥**

ਇਹ ਜੀਵ ਹਸਤੀ = ਹਾਥੀ, ਘੋੜੇ, ਚਾਰ ਪ੍ਰਕਾਰ ਦੀ ਲਸਕਰ = ਫ਼ੌਜ ਜੋੜ ਕੇ **ਵਾ:** ਜੋੜੇ = ਪੁਸ਼ਾਕੇ, ਨੇਬ = ਚੌਬਦਾਰ ਅਤੇ ਖਵਾਸਾ = ਚੌਰ ਬਰਦਾਰ ਆਦਿਕ ਸਭਨਾਂ ਨੂੰ ਵੇਖ ਕਰਕੇ ਬਹੁਤ ਵਿਗਾਸਾ = ਪ੍ਰਸੰਨ ਹੋ ਰਿਹਾ ਹੈ।

**ਗਲਿ ਜੇਵੜੀ; ਹਉਮੈ ਕੇ ਫਾਸਾ ॥੨॥**

ਇਸ ਪ੍ਰਕਾਰ ਇਨ੍ਹਾਂ ਚੀਜ਼ਾਂ, ਪਦਾਰਥਾਂ ਨੂੰ ਇਕੱਠਾ ਕਰ ਕੇ ਹਉਮੈ = ਹੰਗਤਾ ਮਮਤਾ ਰੂਪੀ ਫਾਹੀ ਵਿਚ ਫਸ ਰਿਹਾ ਹੈ ਅਤੇ ਗਲੇ ਵਿਚ ਮੋਹ ਰੂਪੀ ਜੇਵੜੀ = ਰੱਸੀ ਪਈ ਹੋਈ ਹੈ ॥੨॥

**ਰਾਜੁ ਕਮਾਵੈ; ਦਹ ਦਿਸ ਸਾਰੀ ॥**

ਮਨ ਵਿਚ ਇਹ ਵਿਚਾਰਾਂ ਕਰਦਾ ਹੈ ਕਿ ਦਹ ਦਿਸ = ਦਸਾਂ ਦਿਸ਼ਾਵਾਂ ਭਾਵ ਸਾਰੀ ਧਰਤੀ ਨੂੰ ਜਿੱਤ ਕੇ ਸਭਨਾਂ ਉੱਪਰ ਆਪਣਾ ਰਾਜ ਭਾਗ ਕਮਾਵੈ = ਕਮਾਉਣਾ ਕਰਾਂ ਅਤੇ :

**ਮਾਣੈ ਰੰਗ; ਭੋਗ ਬਹੁ ਨਾਰੀ ॥**

ਬਹੁ = ਬਹੁਤ ਸਾਰੀਆਂ ਨਾਰੀ = ਇਸਤਰੀਆਂ ਦੇ ਨਾਲ ਭੋਗ ਬਿਲਾਸ ਕਰਦੇ ਹੋਏ ਰੰਗ = ਅਨੰਦ ਨੂੰ ਮਾਣੈ = ਮਾਨਣਾ ਕਰਾਂ ਭਾਵ ਵਿਸ਼ੇ ਰਸ ਦੇ ਸੁਖ ਮਾਨਣਾ ਕਰਾਂ ਪਰ ਇਹ ਤਾਂ :

**ਜਿਉ ਨਰਪਤਿ; ਸੁਪਨੈ ਭੇਖਾਰੀ ॥੩॥**

ਇਸ ਪ੍ਰਕਾਰ ਇਹ ਭੇਖਾਰੀ = ਤੁਛ ਜੀਵ, ਦੇਹ ਰੂਪੀ ਨੂਠੇ ਨਾਲ ਅਵਿਦਿਆ ਰੂਪੀ ਨੀਂਦ ਵਿਚ ਸੁਪਨੇ ਰੂਪ ਸੰਸਾਰ ਵਿਚ ਨਰਪਤਿ = ਲੋਕਾਂ ਦਾ ਪਤੀ ਭਾਵ ਰਾਜਾ ਬਣੀ ਫਿਰਦਾ ਹੈ। ਜਦੋਂ ਇਸ ਦੀ ਮੌਤ ਰੂਪੀ ਅੱਖ ਖੁੱਲ੍ਹੇਗੀ ਤਾਂ ਮੰਗਤੇ ਦਾ ਮੰਗਤਾ, ਕੰਗਾਲ ਦਾ ਕੰਗਾਲ ਹੀ ਰਹਿ ਜਾਵੇਗਾ। ਇਸ ਪ੍ਰਕਾਰ ਦੀ ਇਸ ਜੀਵ ਦੀ ਹਾਲਤ ਹੈ ॥੩॥

**ਏਕੁ ਕੁਸਲੁ; ਮੋਕਉ ਸਤਿਗੁਰੂ ਬਤਾਇਆ ॥**

ਹੇ ਜਗਿਆਸੂ ਜਨੋਂ, ਅਧਿਕਾਰੀ ਸਿੱਖੋ, ਮੋਕਉ = ਸਾਨੂੰ ਸਾਡੇ ਸਤਿਗੁਰਾਂ ਨੇ ਇਕ ਕੁਸਲੁ = ਅਨੰਦ ਸਰੂਪ ਬਾਰੇ ਬਤਾਇਆ = ਦੱਸਣਾ ਕੀਤਾ ਹੈ ਕਿ :

**ਹਰਿ ਜੋ ਕਿਛੁ ਕਰੇ; ਸੁ, ਹਰਿ ਕਿਆ ਭਗਤਾ ਭਾਇਆ॥**

ਹਰੀ ਪਰਮਾਤਮਾ ਜੋ ਕੁਝ ਵੀ ਕਰਦਾ ਹੈ, ਸੁ = ਉਹ ਹਰੀ ਕਿਆ = ਦਿਆਂ ਭਗਤ ਜਨਾਂ ਨੂੰ ਭਾਇਆ = ਭਾਉਂਦਾ ਹੈ, ਭਾਵ ਭਾਣਾ ਮੰਨਣ ਵਿਚ ਹੀ ਸੁਖ ਹੈ। ਜੈਸਾ ਕਿ :

**ਭਾਣੇ ਤੇ ਸਭਿ ਸੁਖ ਪਾਵੈ ਸੰਤਹੁ ਅੰਤੇ ਨਾਮੁ ਸਖਾਈ॥੧੨॥** *(ਰਾਮਕਲੀ ਮਹਲਾ ੩, ਅੰਗ ੯੧੦)*

**ਭਾਣਾ ਮੰਨੇ ਸਦਾ ਸੁਖੁ ਹੋਇ॥** *(ਆਸਾ ਮਹਲਾ ੩, ਅੰਗ ੩੬੪)*

**ਜਨ ਨਾਨਕ; ਹਉਮੈ ਮਾਰਿ ਸਮਾਇਆ॥੪॥**

ਸਤਿਗੁਰੂ ਸਾਹਿਬ ਜੀ ਉਚਾਰਨ ਕਰਦੇ ਹਨ ਕਿ ਹਉਮੈ = ਹੰਗਤਾ ਮਮਤਾ, ਦੇਹ ਹੰਗਤਾ ਨੂੰ ਮਾਰਿ = ਮੇਟ ਕਰਕੇ ਉਸ ਹਰੀ ਪ੍ਰਭੂ ਵਿਚ ਸਮਾਇਆ = ਸਮਾਈਦਾ ਹੈ॥੪॥

**ਇਨਿ ਬਿਧਿ ਕੁਸਲ ਹੋਤ; ਮੇਰੇ ਭਾਈ॥**

ਹੇ ਜਗਿਆਸੂ ਜਨੋਂ ਇਸ ਤਰੀਕੇ ਨਾਲ ਕੁਸਲ = ਅਨੰਦ ਪ੍ਰਾਪਤ ਹੁੰਦਾ ਹੈ।

**ਇਉ ਪਾਈਐ; ਹਰਿ ਰਾਮ ਸਹਾਈ॥੧॥ਰਹਾਉ ਦੂਜਾ॥**

ਅਤੇ ਹਉਮੈ ਨੂੰ ਮਾਰ ਕਰਕੇ ਹਰੀ ਰਾਮ ਪਰਮੇਸ਼ਰ ਜੋ ਸਾਰਿਆਂ ਦਾ ਸਹਾਇਕ ਹੈ, ਉਸ ਨੂੰ ਪਾਈਦਾ ਹੈ॥੧॥ਰਹਾਉ ਦੂਜਾ॥

***ਨੋਟ :*** ਇਸ ਉਪਰੋਕਤ ਤੇ ਅਗਲੇ ਸ਼ਬਦ ਦੀ ਗਿਣਤੀ ਦਾ ਅੰਕ (੭੧) ਹੀ ਹੈ। ਭਾਵ ਇਨ੍ਹਾਂ ਦੋਨਾਂ ਸਬਦਾਂ ਦੀ ਗਿਣਤੀ ਇਕ ਹੀ ਹੈ।

## ਗਉੜੀ ਗੁਆਰੇਰੀ, ਮਹਲਾ ੫॥

ਫਿਰ ਭਾਈ ਵਡਭਾਗੇ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਭਰਮ ਨਹੀਂ ਮਿਟਦਾ, ਇਹ ਬਨਿਆ ਹੀ ਰਹਿੰਦਾ ਹੈ, ਆਪ ਜੀ ਕ੍ਰਿਪਾ ਕਰਕੇ ਇਸ ਭਰਮ ਨੂੰ ਮੇਟਣਾ ਕਰੋ। ਤਾਂ ਸਤਿਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ :

## ਕਿਉ ਭ੍ਰਮੀਐ; ਭ੍ਰਮੁ ਕਿਸ ਕਾ ਹੋਈ॥

ਹੇ ਭਾਈ! ਕਿਉ = ਕਿਸ ਵਾਸਤੇ ਭ੍ਰਮੀਐ = ਭ੍ਰਮ ਕਰਦੇ ਹੋ **ਵਾ:** ਮਨ ਦੇ ਸੰਕਲਪਾਂ ਕਰਕੇ ਕਿਉਂ ਭ੍ਰਮੀਐ = ਭਰਮਦੇ ਫਿਰਦੇ ਹੋ ਤੇ ਜੋ ਇਹ ਅਣਹੋਇਆ ਭਰਮ ਤੁਹਾਨੂੰ ਚਿੰਬੜਿਆ ਹੋਇਆ ਹੈ, ਇਹ ਕਿਸ ਦਾ ਹੈ।

## ਜਾ ਜਲਿ ਥਲਿ ਮਹੀਅਲਿ; ਰਵਿਆ ਸੋਈ॥

ਜਾ = ਜਦੋਂ ਜਲ ਥਲਿ = ਖ਼ੁਸ਼ਕ ਥਾਵਾਂ ਮਹੀਅਲਿ = ਵਿਚ **ਵਾ:** (ਮਹੀ+ਅਲਿ) ਮਹੀ = ਧਰਤੀ ਅਲਿ = ਆਕਾਸ਼ ਵਿਚ ਸੋਈ = ਉਹੋ ਪਰਮੇਸ਼ਰ ਰਵਿਆ = ਵਿਆਪਕ ਹੈ, ਭਾਵ ਉਸ ਪਰਮੇਸ਼ਰ ਤੋਂ ਬਿਨਾਂ ਕੋਈ ਚੀਜ਼ ਦੇਖਣ ਵਿਚ ਨਹੀਂ ਆਉਂਦੀ। ਜਿਸ ਪ੍ਰਕਾਰ ਪਾਰਸ ਨਾਲ ਲੋਹਾ ਧਾਂਤ ਛੋਹਣ 'ਤੇ, ਸੋਨਾ ਬਣ ਜਾਂਦਾ ਹੈ, ਇਉਂ ਜਿਸ ਦੀ ਮਨ ਦੀ ਬ੍ਰਿਤੀ ਸ਼ਬਦ ਰੂਪੀ ਪਾਰਸ ਨਾਲ ਛੋਹ ਜਾਂਦੀ ਹੈ, ਉਦੋਂ ਸਾਰਾ ਜਗਤ ਹੀ ਵਾਹਿਗੁਰੂ ਦੀ ਜੋਤ ਦਿਸ ਆਉਂਦਾ ਹੈ। ਫਿਰ ਭਰਮ ਦਾ ਥਾਂ ਕਿਥੇ ਹੈ ? ਭਾਵ ਭਰਮ ਕਿਤੇ ਵੀ ਨਹੀਂ ਹੈ।

## ਗੁਰਮੁਖਿ ਉਬਰੇ; ਮਨਮੁਖ ਪਤਿ ਖੋਈ॥੧॥

ਇਸ ਤਰ੍ਹਾਂ ਸੰਸਾਰ ਨੂੰ ਭ੍ਰਮ ਰੂਪ ਜਾਣ ਕੇ ਗੁਰਮੁਖ ਜਨ ਗੁਰਾਂ ਦੇ ਸ਼ਬਦ ਦੁਆਰਾ ਸੰਸਾਰ-ਸਮੁੰਦਰ ਤੋਂ

ਉਬਰੇ = ਬਚ ਗਏ ਹਨ ਅਤੇ ਮਨਮੁਖਾਂ ਨੇ ਚਿੰਤਾ ਵਿਚ **ਵਾ:** ਭਰਮ ਵਿਚ ਪੈ ਕੇ ਦੁਨੀਆਂ ਕਰਕੇ, ਵਿਕਾਰਾਂ ਕਰਕੇ ਆਪਣੀ ਪਤਿ = ਇੱਜ਼ਤ ਖੋਈ = ਖੋਹ ਗਵਾ ਲਈ ਹੈ॥੧॥

## ਜਿਸੁ ਰਾਖੈ ਆਪਿ; ਰਾਮੁ ਦਇਆਰਾ॥

ਹੇ ਭਾਈ! ਜਿਸ ਨੂੰ ਦਇਆਰਾ = ਦਇਆ ਦਾ ਘਰ ਰਾਮੁ = ਪਰਮੇਸ਼ਰ ਆਪ ਰਾਖੈ = ਰੱਖਦਾ ਹੈ।

## ਤਿਸੁ ਨਹੀ ਦੂਜਾ; ਕੋ ਪਹੁਚਨਹਾਰਾ॥੧॥ਰਹਾਉ॥

ਤਿਸੁ = ਉਸ ਭਗਤ ਜਨ ਦੀ ਬਰਾਬਰੀ ਕਰਨ ਲਈ ਕੋਈ ਹੋਰ ਦੂਜਾ = ਦੂਸਰਾ ਪਹੁਚਨਹਾਰਾ = ਪਹੁੰਚਣ ਵਾਲਾ ਨਹੀਂ ਹੋ ਸਕਦਾ॥੧॥ਰਹਾਉ॥

## ਸਭ ਮਹਿ ਵਰਤੈ; ਏਕੁ ਅਨੰਤਾ॥

ਹੇ ਭਾਈ! ਅਨੰਤਾ = ਅੰਤ ਤੋਂ ਰਹਿਤ ਪਰਮੇਸ਼ਰ ਸਭ = ਸਾਰਿਆਂ ਮਹਿ = ਵਿਚ ਏਕੁ = ਅਦ੍ਵੈਤ ਰੂਪ ਹੋ ਕੇ ਵਰਤੈ = ਵਰਤ ਰਿਹਾ ਹੈ।

## ਤਾ ਤੂੰ ਸੁਖਿ ਸਉ; ਹੋਇ ਅਚਿੰਤਾ॥

(**ਸਉ** ਪਾਠ ਸ਼ੁੱਧ ਹੈ ਪਾਠੰਤ੍ਰ **ਸੋਉ**)

ਹੇ ਭਾਈ ਤਾਂ = ਤਿਸ ਕਰਕੇ ਤੂੰ ਸਾਰੀਆਂ ਅਚਿੰਤਾ = ਚਿੰਤਾਵਾਂ ਤੋਂ ਰਹਿਤ ਹੋ ਕਰਕੇ ਆਤਮਿਕ ਸੁਖ ਦੇ ਸਉ = ਸਮੇਤ ਹੋਣਾ ਕਰ।

## ਓਹੁ ਸਭੁ ਕਿਛੁ ਜਾਣੈ; ਜੋ ਵਰਤੰਤਾ॥੨॥

ਜੋ ਕੁਝ ਵੀ ਸਾਡੇ ਅੰਦਰ ਵਰਤੰਤਾ = ਵਰਤ ਰਿਹਾ ਹੈ **ਵਾ:** ਬ੍ਰਹਮੰਡ ਵਿਚ ਵਰਤ ਰਿਹਾ ਹੈ, ਓਹੁ = ਉਹ ਪਰਮੇਸ਼ਰ ਸਭੁ = ਸਾਰਾ ਕਿਛੁ = ਕੁਝ ਜਾਣੈ = ਜਾਣਦਾ ਹੈ॥੨॥

## ਮਨਮੁਖ ਮੁਏ; ਜਿਨ ਦੂਜੀ ਪਿਆਸਾ॥

ਜਿਨ੍ਹਾਂ ਨੂੰ ਦੂਜੀ = ਦ੍ਵੈਤ ਦੀ ਪਿਆਸ ਹੈ, ਉਹ ਮਨਮੁਖ ਮਰ ਗਏ ਹਨ **ਵਾ:** ਦੂਜੀ = ਦੂਸਰੀ ਮਾਇਆ ਦੀ ਪਿਆਸਾ = ਤਰੇਹ, ਤ੍ਰਿਸ਼ਨਾ, ਇੱਛਾ ਵਾਲੇ ਮਨਮੁਖ ਲੋਕ ਪਰਮੇਸ਼ਰ ਤੋਂ ਬੇਮੁਖ ਹੋ ਕੇ ਨਿਸਫਲ ਹੀ ਮੁਏ = ਮਰ ਰਹੇ ਹਨ।

## ਬਹੁ ਜੋਨੀ ਭਵਹਿ; ਧੁਰਿ ਕਿਰਤਿ ਲਿਖਿਆਸਾ॥

ਉਹ ਮਨਮੁਖ ਜੀਵ ਬਹੁ = ਬਹੁਤੀਆਂ ਜੋਨੀ = ਜੂਨਾਂ ਵਿਚ ਭਵਹਿ = ਭਾਉਂਦੇ ਫਿਰਦੇ ਹਨ, ਕਿਉਂਕਿ ਉਨ੍ਹਾਂ ਦੀ ਕਰਨੀ ਅਨੁਸਾਰ ਪਰਮੇਸ਼ਰ ਨੇ ਧੁਰੋਂ ਹੀ ਕਿਰਤ = ਕੀਤੇ ਹੋਏ ਕਰਮਾਂ ਦਾ ਫਲ ਭੋਗਣ ਦਾ ਲੇਖ ਲਿਖਿਆਸਾ = ਲਿਖਿਆ ਹੋਇਆ ਹੈ।

## ਜੈਸਾ ਬੀਜਹਿ; ਤੈਸਾ ਖਾਸਾ॥੩॥

ਇਸ ਪ੍ਰਕਾਰ ਜੀਵ ਜਿਸ ਤਰ੍ਹਾਂ ਦਾ ਕਰਮਾਂ ਰੂਪੀ ਬੀਜ ਬੀਜਹਿ = ਬੀਜੇਗਾ, ਤੈਸਾ = ਉਸੇ ਪ੍ਰਕਾਰ ਦਾ ਉਸ ਦਾ ਫਲ ਖਾਸਾ = ਖਾਣਾ ਕਰੇਗਾ ਭਾਵ ਭੋਗਣਾ ਕਰੇਗਾ॥੩॥

## ਦੇਖਿ ਦਰਸੁ; ਮਨਿ ਭਇਆ ਵਿਗਾਸਾ ॥

ਸਤਿਗੁਰੂ ਸਾਹਿਬ ਜੀ ਦੇ ਦਰਸੁ = ਦਰਸ਼ਨ ਦੇਖਿ = ਵੇਖ ਕੇ ਗੁਰਮੁਖਾਂ ਦੇ ਮਨ ਵਿਚ ਵਿਗਾਸਾ = ਖਿੜਾਉ ਭਇਆ = ਹੋਇਆ ਹੈ, ਭਾਵ ਅਨੰਦ ਪ੍ਰਾਪਤ ਹੋਇਆ ਹੈ।

## ਸਭੁ ਨਦਰੀ ਆਇਆ; ਬ੍ਰਹਮੁ ਪਰਗਾਸਾ ॥

ਉਨ੍ਹਾਂ ਨੂੰ ਸਭੁ = ਸਾਰਿਆਂ ਵਿਚ ਇਕ ਬ੍ਰਹਮ ਦਾ ਹੀ ਪਰਗਾਸਾ = ਪ੍ਰਕਾਸ਼ ਨਦਰੀ = ਨਿਗ੍ਹਾ ਵਿਚ ਆਉਂਦਾ ਹੈ।

## ਜਨ ਨਾਨਕ ਕੀ; ਹਰਿ ਪੂਰਨ ਆਸਾ ॥੪॥੨॥੭੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਡੀ ਜਨਾਂ ਦੀ **ਵਾ:** ਗੁਰਮੁਖ ਜਨਾਂ ਦੀ ਹਰਿ = ਅਕਾਲ ਪੁਰਖ ਨੇ ਸਾਰੀ ਆਸਾ = ਉਮੀਦ ਪੂਰੀ ਕਰ ਦਿੱਤੀ ਹੈ। ਇਸ ਪ੍ਰਕਾਰ ਸਤਿਗੁਰਾਂ ਨੇ ਭਾਈ ਵਡਭਾਗੇ ਦਾ ਭਰਮ ਦੂਰ ਕਰ ਕੇ ਉਸ ਨੂੰ ਨਦਰੀ ਨਦਰਿ ਨਿਹਾਲ ਕੀਤਾ ॥੪॥੨॥੭੧॥

***ਨੋਟ :*** ਜੇਕਰ ਕੋਈ ਸ਼ਬਦਾਂ ਦੇ ਜੋੜ ਦੀ ਗਿਣਤੀ ਤੇ ਸ਼ੰਕਾ ਕਰੇ ਅਤੇ ਸਮਝੇ ਕਿ ਲਿਖਾਰੀ ਦੀ ਭੁੱਲ ਨਾਲ ਜਾਂ ਲਿਖਾਉਣ ਵਾਲੇ ਦੀ ਭੁੱਲ ਨਾਲ ਐਸਾ ਹੋ ਗਿਆ ਹੈ ਤਾਂ "ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥" (ਅੰਗ ੬੧) ਦੇ ਸਿਧਾਂਤ ਨੂੰ ਠੇਸ ਪਹੁੰਚੇਗੀ ਅਤੇ ਸ਼ੰਕਾ ਕਰਨ ਨਾਲ ਸਿੱਖ ਦੀ ਕਲਿਆਣ ਨਹੀਂ ਹੁੰਦੀ ਹੈ ਬਲਕਿ ਸਾਨੂੰ "ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥" (ਅੰਗ ੧੪੧੨) ਵਾਲੇ ਸਿਧਾਂਤ ਤੇ ਹੀ ਵਿਸ਼ਵਾਸ ਰੱਖਣਾ ਚਾਹੀਦਾ ਹੈ। ਸਤਿਗੁਰੂ ਸਾਹਿਬ ਜੀ ਨੇ ਇਥੇ ਆਪਣੀ ਮੌਜ ਵਿਚ ਸ਼ਬਦ ਵੱਖੋ ਵੱਖਰੇ ਦੋ ਉਚਾਰਨ ਕੀਤੇ ਤੇ ਗਿਣਤੀ ਵਿਚ ਇਕ ਦੀ ਹੀ ਰੱਖੀ ਹੈ।

## ਗਉੜੀ ਗੁਆਰੇਰੀ, ਮਹਲਾ ੫ ॥

ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ! ਇਹ ਜੀਵ ਕਿੰਨੀਆਂ ਕੁ ਜੂਨਾਂ ਵਿੱਚੋਂ ਆਇਆ ਹੈ, ਭਾਵ ਕਿਤਨੇ ਕੁ ਜਨਮ ਧਾਰੇ ਹਨ ਤਾਂ ਸਤਿਗੁਰੂ ਸਾਹਿਬ ਜੀ ਚੌਰਾਸੀ ਲੱਖ ਜੂਨਾਂ ਤੋਂ ਸੂਚਿਤ ਕਰਾਉਂਦੇ ਹੋਏ ਅਤੇ ਮਨੁੱਖਾ ਜਨਮ ਦੀ ਦੁਰਲੱਭਤਾ ਦੱਸਦੇ ਹੋਏ ਇਹ ਪਾਵਨ ਸ਼ਬਦ ਉਚਾਰਨ ਕਰਦੇ ਹਨ

## ਕਈ ਜਨਮ; ਭਏ ਕੀਟ ਪਤੰਗਾ ॥

ਹੇ ਭਾਈ! ਇਹ ਜੀਵ ਮਨੁੱਖਾ ਜਨਮ ਮਿਲਣ ਤੋਂ ਪਹਿਲਾਂ ਕਈ ਜਨਮਾਂ ਵਿਚ ਪੈਰਾਂ ਹੇਠਾਂ ਆ ਕੇ ਮਰਨ ਵਾਲਾ ਕੀਟ = ਕੀੜਾ ਦੀਵੇ ਉੱਤੇ ਸੜਨ ਵਾਲਾ ਪਤੰਗਾ = ਪਰਵਾਨਾ ਬਣਿਆ।

## ਕਈ ਜਨਮ; ਗਜ ਮੀਨ ਕੁਰੰਗਾ ॥

ਕਈ ਜਨਮ ਗਜ = ਹਾਥੀ, ਮੀਨ = ਮੱਛੀ ਅਤੇ ਕੁਰੰਗਾ = ਹਿਰਨਾਂ ਦੇ ਧਾਰਨ ਕੀਤੇ।

## ਕਈ ਜਨਮ; ਪੰਖੀ ਸਰਪ ਹੋਇਓ ॥

ਕਈ ਜਨਮ ਪੰਖੀ = ਪੰਛੀ ਬਣ ਬਣ ਉੱਠਦਾ ਫਿਰਦਾ ਰਿਹਾ। ਮਾਇਆ ਦੇ ਮੋਹ ਕਰਕੇ, ਉਸ ਦੀ ਚਿਤਵਨੀ ਵਿਚ ਮਰਨ ਕਰਕੇ ਕਈ ਜਨਮ ਸਰਪ = ਸੱਪ ਜੂਨੀ ਦੇ ਧਾਰਨ ਕੀਤੇ। ਜੈਸਾ ਕਿ :

**ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਸਰਪ ਜੋਨਿ ਵਲਿ ਵਲਿ ਅਉਤਰੈ ॥੧॥** *(ਗੂਜਰੀ ਸ੍ਰੀ ਤ੍ਰਿਲੋਚਨ ਜੀਉ, ਅੰਗ ੫੨੬)*

## ਕਈ ਜਨਮ; ਹੈਵਰ ਬ੍ਰਿਖ ਜੋਇਓ ॥੧॥

ਕਈ ਜਨਮਾਂ ਵਿਚ ਹੈ = ਘੋੜੇ ਵਰ = ਸ੍ਰੇਸ਼ਟ ਭਾਵ ਸਵਾਰੀ ਕਰਨ ਵਾਲੇ ਦਰਿਆਈ ਘੋੜੇ ਬਣਿਆ ਅਤੇ ਕਈ ਜਨਮ ਬ੍ਰਿਖ = ਬਲਦ ਬਣ ਕੇ ਜੋਇਓ = ਜੋੜਿਆ ਗਿਆ, ਜੋਤਿਆ ਗਿਆ।

**ਵਾ:** ਕਈ ਜਨਮ ਬ੍ਰਿਖ = ਰੁੱਖ ਰੂਪ ਜੋਇਓ = ਦੇਖੇ ਹਨ ॥੧॥

***ਨੋਟ :*** ਇਨ੍ਹਾਂ ਜੂਨਾਂ ਦੇ ਨਿਰਣੇ ਧਰਮ ਸ਼ਾਸਤਰ ਗ੍ਰੰਥ ਵਿਚ ਆਉਂਦੇ ਹਨ।

## ਮਿਲੁ ਜਗਦੀਸ; ਮਿਲਨ ਕੀ ਬਰੀਆ ॥

ਹੇ ਭਾਈ! ਹੁਣ ਇਹ ਮਨੁੱਖਾ ਜਨਮ ਵਿਚ ਜਗਦੀਸ = ਜਗਤ ਦੇ ਈਸ਼ਵਰ ਨੂੰ ਮਿਲਣ ਦੀ ਬਰੀਆ = ਵਾਰੀ, ਸਮਾਂ ਪ੍ਰਾਪਤ ਹੋਇਆ ਹੈ। ਜੈਸਾ ਕਿ :

**ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥** *(ਅੰਗ ੧੨)*

## ਚਿਰੰਕਾਲ; ਇਹ ਦੇਹ ਸੰਜਰੀਆ ॥੧॥ਰਹਾਉ॥

ਇਸ ਪ੍ਰਕਾਰ ਚਿਰੰਕਾਲ = ਬਹੁਤ ਚਿਰ ਪਿੱਛੋਂ ਭਾਵ ਚੌਰਾਸੀ ਲੱਖ ਜੂਨ ਭੋਗਣ ਤੋਂ ਬਾਅਦ ਇਹ ਮਨੁੱਖਾ ਦੇਹ = ਦੇਹੀ ਸੰਜਰੀਆ = ਪ੍ਰਾਪਤ ਹੋਈ ਹੈ ॥੧॥ਰਹਾਉ॥

## ਕਈ ਜਨਮ; ਸੈਲ ਗਿਰਿ ਕਰਿਆ ॥

ਕਈ ਜਨਮ ਸੈਲ = ਸਿਲਾ, ਪੱਥਰ ਅਤੇ ਗਿਰਿ = ਪਹਾੜ ਬਣ ਕੇ ਪੈਦਾ ਹੋਇਆ, ਜਿਸ ਵਿਚ ਝਰਨੇ ਝਰਦੇ ਹਨ।

**ਵਾ:** ਸੈਲ = ਖ਼ੁਸ਼ਕ ਗਿਰਿ = ਪਰਬਤ ਬਣਿਆ।

**ਵਾ:** ਕਈ ਜਨਮ ਗਿਰਿ = ਪਹਾੜਾਂ ਦੀ ਸੈਲ = ਸੈਰ ਕਰਿਆ = ਕਰਦਾ ਰਿਹਾ ਹੈ।

## ਕਈ ਜਨਮ; ਗਰਭ ਹਿਰਿ ਖਰਿਆ ॥

ਇਹ ਜੀਵ ਕਈ ਜਨਮਾਂ ਵਿਚ ਮਾਤਾ ਦੇ ਗਰਭ ਵਿਚ ਹੀ ਹਿਰਿ ਖਰਿਆ = ਛਣਦਾ ਰਿਹਾ, ਨਾਸ ਹੁੰਦਾ ਰਿਹਾ **ਵਾ:** ਹਿਰਿ ਨਾਮ ਡਿੱਗਣ ਦਾ ਹੈ, ਭਾਵ ਮਾਤਾ ਦੇ ਗਰਭ ਵਿੱਚੋਂ ਨੌਂ ਮਹੀਨਿਆਂ ਤੋਂ ਪਹਿਲਾਂ ਹੀ ਡਿੱਗਦਾ ਰਿਹਾ ਅਤੇ ਖਰਿਆ ਨਾਮ ਖੁਰਨ ਦਾ ਹੈ, ਭਾਵ ਮਾਤਾ ਦੇ ਗਰਭ ਵਿਚ ਇਕ ਦੋ ਮਹੀਨਿਆਂ ਦਾ ਜਲ ਰੂਪ ਹੋ ਕੇ ਗਰਭ ਦੇ ਵਿੱਚੋਂ ਖੁਰ ਜਾਂਦਾ ਰਿਹਾ।

## ਕਈ ਜਨਮ; ਸਾਖ ਕਰਿ ਉਪਾਇਆ ॥

ਇਹ ਜੀਵ ਕਈ ਜਨਮਾਂ ਵਿਚ ਸਾਖ = ਖੇਤੀ ਰੂਪ ਕਰਿ = ਕਰ ਕੇ ਉਪਾਇਆ = ਪੈਦਾ ਕੀਤਾ ਗਿਆ, ਭਾਵ ਖੇਤੀਆਂ ਦੀ ਜੂਨ ਵਿਚ ਪਾਇਆ ਗਿਆ।

## ਲਖ ਚਉਰਾਸੀਹ; ਜੋਨਿ ਭ੍ਰਮਾਇਆ ॥੨॥

ਇਸ ਪ੍ਰਕਾਰ ਇਹ ਜੀਵ ਅੰਡਜ, ਜੇਰਜ, ਸੇਤਜ ਅਤੇ ਉਤਭੁਜ ਵਿਚ ਪੈਦਾ ਕਰ ਕੇ ਚੌਰਾਸੀ ਲੱਖ ਜੋਨਿ = ਜੂਨਾਂ ਵਿਚ, ਭ੍ਰਮਾਇਆ = ਫੇਰਿਆ ਗਿਆ **ਵਾ:** (ਭ੍ਰਮ+ਆਇਆ) ਭ੍ਰਮ = ਭਰਮਦਾ ਫਿਰਦਾ ਹੋਇਆ ਹੁਣ ਮਨੁੱਖਾ ਜਨਮ ਵਿਚ ਆਇਆ ਹੈ ॥੨॥

## ਸਾਧਸੰਗਿ; ਭਇਓ ਜਨਮੁ ਪਰਾਪਤਿ ॥
## ਕਰਿ ਸੇਵਾ; ਭਜੁ ਹਰਿ ਹਰਿ ਗੁਰਮਤਿ ॥

ਹੇ ਭਾਈ! ਇਸ ਲਈ ਇਹ ਮਨੁੱਖਾਂ ਜਨਮ ਸਾਧਸੰਗਿ = ਸ਼੍ਰੇਸਟ ਜਨਾਂ ਦੀ ਸੰਗਤ ਕਰਨ ਲਈ ਪ੍ਰਾਪਤ ਭਇਓ = ਹੋਇਆ ਹੈ। ਇਉਂ ਇਸ ਜਨਮ ਵਿਚ ਸੇਵਾ = ਟਹਿਲ ਕਰ ਅਤੇ ਗੁਰਮਤਿ = ਗੁਰ ਸਿੱਖਿਆ ਦੁਆਰਾ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਨੂੰ ਭਜੁ = ਭਜਨਾ, ਜਪਣਾ ਕਰੋ **ਅਥਵਾ**

***ਦੂਸਰਾ ਅਰਥ ਅੰਨਵੈ ਅਨੁਸਾਰ :*** (ਭਇਓ ਜਨਮੁ ਪਰਾਪਤਿ) ਹੇ ਜੀਵ ਹੁਣ ਤੈਨੂੰ ਮਨੁੱਖਾ ਜਨਮ ਪ੍ਰਾਪਤ ਭਇਓ = ਹੋਇਆ ਹੈ। (ਸਾਧਸੰਗਿ ਕਰਿ ਸੇਵਾ) ਸਾਧ ਸੰਗਤ ਦੀ ਸੇਵਾ ਕਰ ਅਤੇ (ਭਜੁ ਹਰਿ ਹਰਿ ਗੁਰਮਤਿ) ਗੁਰਾਂ ਦੀ ਸਿੱਖਿਆ ਲੈ ਕੇ ਹਰੀ ਦਾ ਭਜਨ ਕਰ, ਜੋ ਤੇਰੇ ਪਾਪਾਂ ਨੂੰ ਹਰਿ = ਨਾਸ ਕਰ ਦੇਵੇਗਾ **ਅਥਵਾ** ਸਾਧ = ਸੰਤ, ਗੁਰੂ ਸਾਹਿਬ ਜੀ ਦੀ ਸੰਗਿ = ਸੰਗਤ ਕਰਨ ਵਾਸਤੇ ਇਹ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ, ਇਸ ਕਰਕੇ ਉਨ੍ਹਾਂ ਸੰਤਾਂ, ਗੁਰੂ ਸਾਹਿਬ ਜੀ ਦੀ ਸੇਵਾ ਕਰਿ = ਕਰਨੀ ਕਰ ਅਤੇ ਗੁਰਮਤਿ = ਗੁਰਾਂ ਦੀ ਸਿੱਖਿਆ ਗ੍ਰਹਿਣ ਕਰ ਕੇ ਹਰਿ ਹਰਿ = ਹਰੀ ਪਰਮੇਸ਼ਰ ਦੇ ਨਾਮ ਨੂੰ ਭਜ = ਜਪਣਾ ਕਰ।

## ਤਿਆਗਿ; ਮਾਨੁ ਝੂਠੁ ਅਭਿਮਾਨੁ ॥

ਇਹ ਜੀਵ ਮਾਨ = ਵਡਿਆਈ ਆਦਿ ਦੀ ਇੱਛਾ, ਝੂਠ ਅਤੇ ਆਪਣੇ, ਸਰੀਰ, ਗੁਣਾਂ ਆਦਿ ਦਾ ਅਭਿਮਾਨ = ਹੰਕਾਰ ਤਿਆਗਿ = ਛੱਡ ਦੇਵੇ। ਅਤੇ

## ਜੀਵਤ ਮਰਹਿ; ਦਰਗਹ ਪਰਵਾਨੁ ॥੩॥

ਜੀਵਤ-ਭਾਵ ਤੋਂ ਮਰਹਿ = ਮਰ ਜਾਵੇਂ ਤਾਂ ਪਰਮਾਤਮਾ ਦੀ ਦਰਗਾਹ ਵਿਚ ਪਰਵਾਨੁ = ਪ੍ਰਮਾਣਨੀਕ ਹੋ ਜਾਵੇਗਾ ॥੩॥

## ਜੋ ਕਿਛੁ ਹੋਆ; ਸੁ ਤੁਝ ਤੇ ਹੋਗੁ ॥

ਵਾਹਿਗੁਰੂ ਦੇ ਸਨਮੁਖ ਚਿੱਤ ਨੂੰ ਕਰ ਕੇ ਇਹ ਜਾਣੇ ਕਿ ਹੇ ਪਰਮੇਸ਼ਰ! ਜੋ = ਜਿੰਨਾ ਕਿਛੁ = ਕੁਛ ਸੰਸਾਰ ਤੇ ਹੋਆ = ਹੋਇਆ ਹੈ, ਸੁ = ਉਹ ਤੁਝ = ਤੇਰੇ ਤੇ = ਤੋਂ ਹੀ ਪੈਦਾ ਹੋਗੁ = ਹੋਇਆ ਹੈ **ਵਾ:** ਹੋਵੇਗਾ।

## ਅਵਰੁ ਨ ਦੂਜਾ; ਕਰਣੈ ਜੋਗੁ ॥

ਤੁਹਾਡੇ ਤੋਂ ਬਿਨਾਂ ਅਵਰੁ = ਹੋਰ ਦੂਜਾ = ਦੂਸਰਾ ਕੋਈ ਕਰਣੈ = ਕਰਨ ਦੇ ਜੋਗੁ = ਲਾਇਕ ਨ = ਨਹੀਂ ਹੈ।

## ਤਾ ਮਿਲੀਐ; ਜਾ ਲੈਹਿ ਮਿਲਾਇ ॥

ਹੇ ਮਹਾਰਾਜ! ਤੇਰੇ ਨਾਲ ਤਾਂ ਮਿਲ ਸਕੀਦਾ ਹੈ, ਜਾ = ਜੇਕਰ ਤੁਸੀਂ ਕ੍ਰਿਪਾ ਕਰਕੇ, ਸਤਿਗੁਰਾਂ ਦੀ ਸ਼ਰਨ ਵਿਚ ਪਾ ਕੇ ਸੰਗਤ ਨਾਲ ਮੇਲ ਕਰ ਕੇ ਆਪਣੇ ਨਾਲ ਮਿਲਾਇ = ਮਿਲਾ ਲੈਹਿ = ਲਵੇਂ।

## ਕਹੁ ਨਾਨਕ; ਹਰਿ ਹਰਿ ਗੁਣ ਗਾਇ ॥੪॥੩॥੭੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ! ਇਸ ਪ੍ਰਕਾਰ ਇਹ ਜੀਵ ਉਸ ਹਰਿ ਹਰਿ ਪਰਮੇਸ਼ਰ ਦੇ ਗੁਣਾਂ ਨੂੰ ਗਾਇ = ਗਾ ਕੇ ਆਪਣੇ ਮਨੁੱਖਾ ਜਨਮ ਨੂੰ ਸਫਲ ਕਰ ਕੇ ਉਸ ਵਾਹਿਗੁਰੂ ਵਿਚ ਅਭੇਦ ਹੋਣਾ ਕਰੇ ॥੪॥੩॥੭੨॥

# ਗਉੜੀ ਗੁਆਰੇਰੀ, ਮਹਲਾ ੫ ॥

# ਕਰਮ ਭੂਮਿ ਮਹਿ; ਬੋਅਹੁ ਨਾਮੁ ॥

ਹੇ ਭਾਈ! ਇਸ ਮਨੁੱਖਾ ਦੇਹ ਰੂਪੀ ਕਰਮ ਭੂਮਿ = ਭੂਮੀ ਵਿਚ ਵਾ: ਭਾਰਤ ਖੰਡ ਦੀ ਧਰਤੀ ਵਿਚ ਰਹਿ ਕੇ ਪਰਮੇਸ਼ਰ ਦੇ ਨਾਮ ਰੂਪੀ ਬੀਜ ਨੂੰ ਬੋਅਹੁ = ਬੀਜਣਾ ਕਰੋ। ਜੈਸਾ ਕਿ :

**ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥** *(ਅੰਗ ੭੮)*

***ਨੋਟ :*** ਭਾਰਤ ਖੰਡ ਨੂੰ ਕਰਮ ਭੂਮੀ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਹੋਰਨਾਂ ਮੁਲਕਾਂ ਵਿਚ ਲੋਕ ਭੋਗਣ, ਐਸ਼ੋ-ਆਰਾਮ ਅਤੇ ਮਾਇਆ ਖੱਟਣ ਤੋਂ ਬਿਨਾਂ ਕੁਝ ਨਹੀਂ ਜਾਣਦੇ, ਇਥੇ ਭਾਰਤ ਖੰਡ ਵਿਚ ਸਤਸੰਗਤ, ਭਾਉ ਭਗਤੀ, ਸ਼ਰਧਾ, ਭਾਵਨਾ ਪਰਮੇਸ਼ਰ ਦਾ ਗਿਆਨ, ਪਾਪ ਪੁੰਨ ਅਤੇ ਚੰਗੇ ਮਾੜੇ ਆਦਿ ਦਾ ਗਿਆਨ ਹੈ। ਇਹ ਧਰਤੀ ਉੱਤੇ ਕਰਮਾਂ ਕਰਕੇ ਹੀ ਮਨੁੱਖਾ ਜਨਮ ਪ੍ਰਾਪਤ ਹੁੰਦਾ ਹੈ। ਇਸ ਕਰਕੇ ਇਥੇ ਨਾਮ ਰੂਪੀ ਬੀਜ ਨੂੰ ਬੀਜਣਾ ਕਰੋ, ਭਾਵ ਨਾਮ ਜਪਣਾ ਕਰੋ, ਇਹ ਭਾਰਤ ਖੰਡ ਕਰਮ ਭੂਮੀ ਹੈ, ਬਾਕੀ ਦੇਸ ਭੋਗ ਭੂਮੀ ਹਨ।

# ਪੂਰਨ ਹੋਇ; ਤੁਮਾਰਾ ਕਾਮੁ ॥

ਜਿਸ ਕਰਕੇ ਤੁਮਾਰਾ = ਤੁਹਾਡਾ ਧਰਮ, ਅਰਥ, ਕਾਮ, ਮੋਖ ਆਦਿ ਸਭ ਕਾਮੁ = ਕਾਰਜ ਪੂਰਨ = ਪੂਰਾ ਹੋਇ = ਹੋ ਜਾਵੇਗਾ ਅਤੇ :

# ਫਲ ਪਾਵਹਿ; ਮਿਟੈ ਜਮ ਤ੍ਰਾਸ ॥

ਬ੍ਰਹਮ ਗਿਆਨ ਰੂਪੀ ਫਲ **ਵਾ:** ਸੁਖ ਰੂਪੀ ਫਲ ਪਾਵਹਿ = ਪਾ ਲਵੋਗੇ ਤੇ ਜਮਾਂ ਦਾ ਤ੍ਰਾਸ = ਡਰ ਵੀ ਮਿਟੈ = ਮਿਟ ਜਾਵੇਗਾ।

# ਨਿਤ ਗਾਵਹਿ; ਹਰਿ ਹਰਿ ਗੁਣ ਜਾਸ ॥੧॥

ਜੇਕਰ ਨਿਤ = ਨਿਤਾਪ੍ਰਤੀ ਹਰਿ ਹਰਿ ਪਰਮੇਸ਼ਰ ਦੇ ਗੁਣਾਂ ਦਾ ਜਾਸ = ਜਸ ਗਾਵਹਿ = ਗਾਉਣਾ ਕਰੋਗੇ **ਵਾ:** ਜੋ ਗੁਰਮੁਖ ਜਨ ਨਿਤਾਪ੍ਰਤੀ ਪਰਮੇਸ਼ਰ ਦੇ ਗੁਣ ਗਾਉਂਦੇ ਹਨ ਉਨ੍ਹਾਂ ਨਾਲ ਮਿਲ ਕੇ ਤੁਸੀਂ ਵੀ ਹਰਿ ਹਰਿ ਪਰਮੇਸ਼ਰ ਦੇ ਜਾਸ = ਜਸ ਨੂੰ ਗਾਉਣਾ ਕਰੋ ॥੧॥

# ਹਰਿ ਹਰਿ ਨਾਮੁ; ਅੰਤਰਿ ਉਰਿ ਧਾਰਿ ॥

ਜੋ ਹਰਿ = ਹਰੇਕ ਦੇ ਪਾਪਾਂ ਨੂੰ ਹਰਿ = ਹਰਨ ਵਾਲਾ ਹਰਿ = ਪਰਮੇਸ਼ਰ ਦਾ ਨਾਮ ਹੈ, ਉਸ ਨੂੰ ਉਰਿ = ਹਿਰਦੇ ਦੇ ਅੰਤਰਿ = ਅੰਦਰ ਧਾਰਿ = ਧਾਰਨ ਕਰੋ। ਅਤੇ

# ਸੀਘਰ; ਕਾਰਜੁ ਲੇਹੁ ਸਵਾਰਿ ॥੧॥ਰਹਾਉ॥

ਮੌਤ ਦਾ ਸਮਾਂ ਨੇੜੇ ਆਉਣ ਤੋਂ ਪਹਿਲਾਂ ਪਹਿਲਾਂ ਇਸ ਮਨੁੱਖਾ ਜਨਮ ਵਿਚ ਸੀਘਰ = ਜਲਦੀ ਹੀ ਆਪਣਾ ਮੁਕਤੀ ਰੂਪੀ ਕਾਰਜ ਸਵਾਰ ਲੇਹੁ = ਲੈਣਾ ਕਰੋ ॥੧॥ਰਹਾਉ॥

# ਅਪਨੇ ਪ੍ਰਭ ਸਿਉ; ਹੋਹੁ ਸਾਵਧਾਨੁ ॥

ਹੇ ਭਾਈ! ਆਪਣੇ ਪ੍ਰਭ = ਮਾਲਕ ਪਰਮੇਸ਼ਰ ਸਿਉ = ਨਾਲ, ਭਾਵ ਉਸ ਪਰਮੇਸ਼ਰ ਦੀ ਪ੍ਰਾਪਤੀ ਤਾਈਂ ਸਾਵਧਾਨੁ = ਇਕਾਗਰ ਚਿਤ ਹੋਹੁ = ਹੋ ਕੇ ਜੁੜਨਾ ਕਰੋ।

## ਤਾ ਤੂੰ; ਦਰਗਹ ਪਾਵਹਿ ਮਾਨੁ ॥

ਤਾ = ਤਦ, ਤੂੰ = ਤੁਸੀਂ ਪਰਮੇਸ਼ਰ ਵਾਹਿਗੁਰੂ ਦੀ ਦਰਗਹ ਭਾਵ ਸਚਖੰਡ ਵਿਚ ਮਾਨ = ਆਦਰ, ਸਤਿਕਾਰ ਪਾਵਹਿ = ਪਾਉਣਾ ਕਰੋਗੇ।

[ਅੰਗ ੧੭੭]

## ਉਕਤਿ ਸਿਆਣਪ; ਸਗਲੀ ਤਿਆਗੁ ॥

ਆਪਣੀ ਉਕਤਿ = ਚਤੁਰਾਈ ਦੀਆਂ ਗੱਲਾਂ ਕਰਨੀਆਂ ਅਤੇ ਬੁੱਧੀ ਦੀਆਂ ਸਾਰੀਆਂ ਸਿਆਣਪਾਂ ਤਿਆਗ = ਛੱਡਣਾ ਕਰੋ।

## ਸੰਤ ਜਨਾ ਕੀ; ਚਰਣੀ ਲਾਗੁ ॥੨॥

ਸੰਤ = ਸ਼ਾਂਤ ਆਤਮਾ ਗੁਰੂ ਸਾਹਿਬ, ਮਹਾਪੁਰਖ ਅਤੇ ਜਨ = ਗੁਰਮੁਖ ਜਨਾਂ ਕੀ = ਦੀ ਚਰਣੀ = ਚਰਨਾਂ ਦੇ ਨਾਲ ਲਾਗੁ = ਲੱਗਣਾ ਕਰੋ ॥੨॥

## ਸਰਬ ਜੀਅ ਹਹਿ; ਜਾ ਕੈ ਹਾਥਿ ॥

ਜਾ = ਜਿਸ ਵਾਹਿਗੁਰੂ ਪਰਮੇਸ਼ਰ ਕੈ = ਦੇ ਹੁਕਮ ਰੂਪੀ ਹਾਥਿ = ਹੱਥ ਵਿਚ ਸਰਬ = ਸਾਰੇ ਜੀਅ = ਜੀਵ ਜੰਤ ਹਹਿ = ਹਨ।

## ਕਦੇ ਨ ਵਿਛੁੜੈ; ਸਭ ਕੈ ਸਾਥਿ ॥

ਉਹ ਪਰਮੇਸ਼ਰ ਸਭ = ਸਾਰਿਆਂ ਕੈ = ਦੇ ਸਾਥਿ = ਅੰਗ ਸੰਗ ਹੈ, ਕਦੇ ਵੀ ਵਿਛੁੜੈ = ਵਿਛੜਦਾ ਨਹੀਂ ਭਾਵ ਵੱਖਰਾ ਨਹੀਂ ਹੁੰਦਾ।

## ਉਪਾਵ ਛੋਡਿ; ਗਹੁ ਤਿਸ ਕੀ ਓਟ ॥

ਇਸ ਕਰਕੇ ਸਾਰੇ ਉਪਾਵ = ਯਤਨਾਂ ਨੂੰ ਛੋਡਿ = ਛੱਡ ਕਰ ਕੇ, ਉਸ ਪਰਮੇਸ਼ਰ ਕੀ = ਦੀ ਓਟ = ਟੇਕ, ਆਸਰੇ ਨੂੰ ਗਹੁ = ਗ੍ਰਹਿਣ ਕਰੋ।

## ਨਿਮਖ ਮਾਹਿ; ਹੋਵੈ ਤੇਰੀ ਛੋਟਿ ॥੩॥

ਜਿਸ ਨਾਲ ਤੁਹਾਡਾ ਨਿਮਖ = ਅੱਖ ਖੋਲ੍ਹਣ ਮੀਚਣ ਦੇ ਸਮੇਂ ਮਾਹਿ = ਵਿਚ ਛੋਟਿ = ਛੁਟਕਾਰਾ ਹੋਵੈ = ਹੋ ਜਾਵੇਗਾ ॥੩॥

## ਸਦਾ ਨਿਕਟਿ ਕਰਿ; ਤਿਸ ਨੋ ਜਾਣੁ ॥

ਤਿਸ ਨੋ = ਉਸ ਵਾਹਿਗੁਰੂ ਨੂੰ ਸਦਾ = ਹਮੇਸ਼ਾਂ ਆਪਣੇ ਨਿਕਟਿ = ਨੇੜੇ ਕਰ ਕੇ ਜਾਣੁ = ਜਾਨਣਾ ਕਰੋ।

## ਪ੍ਰਭ ਕੀ ਆਗਿਆ; ਸਤਿ ਕਰਿ ਮਾਨੁ ॥

ਪ੍ਰਭ = ਪਰਮੇਸ਼ਰ ਦੀ ਆਗਿਆ = ਹੁਕਮ, ਭਾਣਾ, ਰਜ਼ਾ ਨੂੰ ਸਤਿ = ਸਤਬਚਨ **ਵਾ:** ਸੱਚ ਕਰਿ = ਕਰ ਕੇ ਮਾਨੁ = ਮੰਨਣਾ ਕਰੋ।

## ਗੁਰ ਕੈ ਬਚਨਿ; ਮਿਟਾਵਹੁ ਆਪੁ ॥

ਗੁਰ = ਸਤਿਗੁਰਾਂ ਦੇ ਬਚਨਿ = ਉਪਦੇਸ਼ ਦੀ ਕਮਾਈ ਕਰ ਕੇ ਆਪਣੇ ਅੰਦਰੋਂ ਆਪੁ = ਆਪਾ-ਭਾਵ (ਹੰਕਾਰ) ਨੂੰ ਮਿਟਾਵਹੁ = ਮੇਟਣਾ ਕਰੋ।

## ਹਰਿ ਹਰਿ ਨਾਮੁ; ਨਾਨਕ ਜਪਿ ਜਾਪੁ ॥੪॥੪॥੭੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ਇਸ ਪ੍ਰਕਾਰ ਉਸ ਹਰਿ ਹਰਿ ਪਰਮੇਸ਼ਰ ਦੇ ਨਾਮ ਦੇ ਜਾਪ ਨੂੰ ਜਪਿ = ਜਪਣਾ ਕਰੋ ॥੪॥੪॥੭੩॥

## ਗਉੜੀ ਗੁਆਰੇਰੀ, ਮਹਲਾ ੫ ॥

ਇਸ ਪਾਵਨ ਸ਼ਬਦ ਵਿਚ ਸਤਿਗੁਰੂ ਸਾਹਿਬ ਜੀ ਗੁਰੂ ਦੇ ਬਚਨਾਂ ਦੀ ਮਹਿਮਾ, ਵਡਿਆਈ ਉਚਾਰਨ ਕਰਦੇ ਹਨ।

## ਗੁਰ ਕਾ ਬਚਨੁ; ਸਦਾ ਅਬਿਨਾਸੀ ॥

ਹੇ ਭਾਈ ! ਗੁਰ = ਸਤਿਗੁਰੂ ਸਾਹਿਬ ਕਾ = ਦਾ ਬਚਨੁ = ਉਪਦੇਸ਼ ਸਦਾ = ਹਮੇਸ਼ਾਂ ਅਬਿਨਾਸੀ = ਨਾਸ ਤੋਂ ਰਹਿਤ ਹੈ **ਵਾ:** ਗੁਰੂ ਸਾਹਿਬ ਜੀ ਦੇ ਬਚਨਾਂ ਦੀ ਕਮਾਈ ਕਰ ਕੇ ਸਦਾ ਵਾਸਤੇ ਅਬਿਨਾਸੀ ਪਦ ਨੂੰ ਪਾ ਲਈਦਾ ਹੈ। ਜੈਸਾ ਕਿ :

**ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥**
**ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥੩॥** *(ਸਾਰਗ ਮਹਲਾ ੫, ਅੰਗ ੧੨੦੪)*

## ਗੁਰ ਕੈ ਬਚਨਿ; ਕਟੀ ਜਮ ਫਾਸੀ ॥

ਸਤਿਗੁਰੂ ਸਾਹਿਬ ਜੀ ਦੇ ਬਚਨਿ = ਉਪਦੇਸ਼ ਦੀ ਕਮਾਈ ਕਰ ਕੇ ਜਮਾਂ ਦੀ ਫਾਸੀ = ਫਾਹੀ ਕੱਟੀ ਜਾਂਦੀ ਹੈ।

## ਗੁਰ ਕਾ ਬਚਨੁ; ਜੀਅ ਕੈ ਸੰਗਿ ॥

ਸਤਿਗੁਰਾਂ ਦਾ ਬਚਨੁ = ਉਪਦੇਸ਼ ਸਦਾ ਜੀਅ = ਜੀਵ ਕੈ = ਦੇ ਸੰਗਿ = ਨਾਲ ਰਹਿਣ ਵਾਲਾ ਹੈ।

## ਗੁਰ ਕੈ ਬਚਨਿ; ਰਚੈ ਰਾਮ ਕੈ ਰੰਗਿ ॥੧॥

ਸਤਿਗੁਰਾਂ ਕੈ = ਦੇ ਬਚਨਿ = ਬਚਨਾਂ, ਮਹਾਂਵਾਕਾਂ ਦੁਆਰਾ ਰਾਮ = ਪਰਮੇਸ਼ਰ ਕੈ = ਦੇ ਰੰਗਿ = ਪ੍ਰੇਮ ਵਿਚ ਰਚੈ = ਰਚ ਜਾਈਦਾ ਹੈ ॥੧॥

## ਜੋ ਗੁਰਿ ਦੀਆ; ਸੁ ਮਨ ਕੈ ਕਾਮਿ ॥

ਜੋ ਗੁਰਿ = ਸਤਿਗੁਰੂ ਸਾਹਿਬ ਜੀ ਨੇ ਉਪਦੇਸ਼ ਦੀਆ = ਦਿੱਤਾ ਹੈ, ਸੁ = ਉਹ ਲੋਕ ਅਤੇ ਪਰਲੋਕ ਵਿਚ ਮਨ ਦੇ ਕਾਮਿ = ਕੰਮ ਆਉਣ ਵਾਲਾ ਹੈ।

## ਸੰਤ ਕਾ ਕੀਆ; ਸਤਿ ਕਰਿ ਮਾਨਿ ॥੧॥ਰਹਾਉ॥

ਇਸ ਕਰਕੇ ਸੰਤ = ਸ਼ਾਂਤ ਆਤਮਾ ਗੁਰੂ ਸਾਹਿਬ ਜੀ ਦਾ ਕੀਆ = ਕੀਤਾ ਹੋਇਆ ਜੋ ਉਪਦੇਸ਼ ਹੈ, ਉਸ ਨੂੰ ਸਤਿ = ਸੱਚ ਕਰ ਕੇ ਮਾਨਿ = ਮੰਨਣਾ ਕਰੋ ॥੧॥ਰਹਾਉ॥

## ਗੁਰ ਕਾ ਬਚਨੁ; ਅਟਲ ਅਛੇਦ ॥

(**ਅਟੱਲ** ਅੱਧਕ ਸਹਿਤ ਬੋਲੋ)

ਗੁਰ = ਸਤਿਗੁਰਾਂ ਕਾ = ਦਾ ਬਚਨੁ = ਉਪਦੇਸ਼ ਅਟਲ = ਟਲਣ ਤੋਂ ਰਹਿਤ ਅਤੇ ਅਛੇਦ = ਕੱਟਣ ਤੋਂ ਰਹਿਤ ਹੈ।

## ਗੁਰ ਕੈ ਬਚਨਿ; ਕਟੇ ਭ੍ਰਮ ਭੇਦ ॥

ਗੁਰ = ਸਤਿਗੁਰਾਂ ਕੈ = ਦੇ ਬਚਨਿ = ਬਚਨਾਂ ਨਾਲ, ਭੇਦ ਭਰਮ ਆਦਿ ਸਾਰੇ ਭਰਮ ਕੱਟੇ ਜਾਂਦੇ ਹਨ। ਵਾ: ਭ੍ਰਮ = ਪੰਜ ਪ੍ਰਕਾਰ ਦਾ ਭਰਮ ਅਤੇ ਭੇਦ = ਛੇ ਪ੍ਰਕਾਰ ਦੇ ਭੇਦ ਆਦਿ ਸਾਰੇ ਕਟੇ = ਨਾਸ ਹੋ ਜਾਂਦੇ ਹਨ।

## ਗੁਰ ਕਾ ਬਚਨੁ; ਕਤਹੁ ਨ ਜਾਇ ॥

ਸਤਿਗੁਰੂ ਸਾਹਿਬ ਜੀ ਕਾ = ਦਾ ਬਚਨੁ = ਉਪਦੇਸ਼ ਗ੍ਰਹਿਣ ਕਰਨ ਵਾਲਾ ਜੀਵ ਜੂਨਾਂ ਆਦਿ ਵਿਚ ਕਤਹੁ = ਕਿਧਰੇ ਵੀ ਨ = ਨਹੀਂ ਜਾਇ = ਜਾਂਦਾ **ਵਾ:** ਗੁਰੂ ਸਾਹਿਬ ਜੀ ਦਾ ਬਚਨ ਕਦੇ ਵਿਅਰਥ ਨਹੀਂ ਜਾਂਦਾ, ਖ਼ਾਲੀ ਨਹੀਂ ਜਾਂਦਾ।

## ਗੁਰ ਕੈ ਬਚਨਿ; ਹਰਿ ਕੇ ਗੁਣ ਗਾਇ ॥੨॥

ਗੁਰਾਂ ਕੈ = ਦੇ ਬਚਨਿ = ਉਪਦੇਸ਼ ਦੁਆਰਾ ਹਰਿ = ਪਰਮੇਸ਼ਰ ਦੇ ਗੁਣ ਗਾਇ = ਗਾਉਣਾ ਕਰੋ ॥੨॥

## ਗੁਰ ਕਾ ਬਚਨੁ; ਜੀਅ ਕੈ ਸਾਥ ॥

ਸਤਿਗੁਰਾਂ ਦਾ ਬਚਨੁ = ਉਪਦੇਸ਼ ਜੀਅ = ਜੀਵ **ਵਾ:** ਹਿਰਦੇ ਦੇ ਸਾਥ = ਨਾਲ ਰਹਿੰਦਾ ਹੈ।

## ਗੁਰ ਕਾ ਬਚਨੁ; ਅਨਾਥ ਕੋ ਨਾਥ ॥

ਸਤਿਗੁਰੂ ਸਾਹਿਬ ਜੀ ਦਾ ਬਚਨ ਅਨਾਥ = ਗ਼ਰੀਬਾਂ ਕੋ = ਦਾ ਨਾਥ = ਸੁਆਮੀ ਹੈ **ਵਾ:** ਗੁਰੂ ਜੀ ਦਾ ਬਚਨ ਅਨਾਥ = ਜਿਨ੍ਹਾਂ ਦਾ ਕੋਈ ਮਾਲਕ ਨਹੀਂ ਹੈ, ਉਨ੍ਹਾਂ ਨੂੰ ਸਾਰਿਆਂ ਦਾ ਨਾਥ = ਮਾਲਕ ਬਣਾ ਦਿੰਦਾ ਹੈ।

## ਗੁਰ ਕੈ ਬਚਨਿ; ਨਰਕਿ ਨ ਪਵੈ ॥

ਸਤਿਗੁਰਾਂ ਦੇ ਬਚਨਾਂ ਦੀ ਕਮਾਈ ਕਰਨ ਨਾਲ ਜੀਵ ਨੂੰ ਮੁੜ ਕੇ ਨਰਕਿ = ਨਰਕਾਂ ਦੇ ਦੁੱਖਾਂ ਵਿਚ ਨ = ਨਹੀਂ ਪਵੈ = ਪੈਣਾ ਪੈਂਦਾ।

## ਗੁਰ ਕੈ ਬਚਨਿ; ਰਸਨਾ ਅੰਮ੍ਰਿਤੁ ਰਵੈ ॥੩॥

ਹੇ ਭਾਈ ! ਇਸ ਕਰਕੇ ਗੁਰੂ ਸਾਹਿਬ ਜੀ ਦੇ ਬਚਨਿ = ਉਪਦੇਸ਼ ਦੁਆਰਾ ਹੀ ਰਸਨਾ = ਜੀਭਾ ਅੰਮ੍ਰਿਤ ਨਾਮ ਨੂੰ ਨਾਲ ਰਵੈ = ਉਚਾਰਨ ਕਰਦੀ ਹੈ **ਵਾ:** ਅੰਮ੍ਰਿਤ ਰਸ ਨੂੰ ਰਵੈ = ਮਾਣਦੀ ਹੈ ॥੩॥

## ਗੁਰ ਕਾ ਬਚਨੁ; ਪਰਗਟੁ ਸੰਸਾਰਿ ॥

ਸਤਿਗੁਰੂ ਸਾਹਿਬ ਜੀ ਕਾ = ਦਾ ਬਚਨੁ = ਉਪਦੇਸ਼ ਸਾਰੇ ਸੰਸਾਰ ਵਿਚ ਪਰਗਟੁ = ਪ੍ਰਸਿੱਧ ਹੈ **ਵਾ:** ਜੋ ਗੁਰੂ ਜੀ ਦੇ ਬਚਨਾਂ ਦੀ ਕਮਾਈ ਕਰਦਾ ਹੈ, ਉਹ ਸਾਰੀ ਦੁਨੀਆਂ ਵਿਚ ਪ੍ਰਗਟ ਹੋ ਜਾਂਦਾ ਹੈ।

## ਗੁਰ ਕੈ ਬਚਨਿ; ਨ ਆਵੈ ਹਾਰਿ ॥

ਸਤਿਗੁਰੂ ਜੀ ਦੇ ਬਚਨਿ = ਉਪਦੇਸ਼ ਮੰਨਣ ਨਾਲ ਕਦੇ ਵੀ ਲੋਕ ਪਰਲੋਕ ਵਿਚ ਹਾਰ ਨਹੀਂ ਆਵੈ = ਆਉਂਦੀ।

## ਜਿਸੁ ਜਨ ਹੋਏ; ਆਪਿ ਕ੍ਰਿਪਾਲ ॥

ਜਿਸ ਜਨ = ਸੇਵਕ ਉੱਪਰ ਮਹਾਰਾਜ ਆਪਿ ਕ੍ਰਿਪਾਲ = ਕ੍ਰਿਪਾਲੂ ਹੋਏ ਹਨ।

## ਨਾਨਕ; ਸਤਿਗੁਰ ਸਦਾ ਦਇਆਲ ॥੪॥੫॥੭੪॥

ਗੁਰੂ ਜੀ ਕਥਨ ਕਰਦੇ ਹਨ ਕਿ ਉਸ ਉੱਪਰ ਸਤਿਗੁਰੂ ਸਾਹਿਬ ਜੀ ਸਦਾ = ਹਮੇਸ਼ਾ ਦਇਆਲ = ਕ੍ਰਿਪਾਲੂ ਹੁੰਦੇ ਹਨ **ਅਥਵਾ** ਜਿਸ ਉੱਪਰ ਸਤਿਗੁਰੂ ਨਾਨਕ ਦੇਵ ਜੀ ਸਦਾ ਦਿਆਲੂ ਹਨ, ਉਸ ਜਨ ਉੱਪਰ ਆਪ ਵਾਹਿਗੁਰੂ ਕ੍ਰਿਪਾਲੂ ਹੋਇਆ ਹੈ ॥੪॥੫॥੭੪॥

## ਗਉੜੀ ਗੁਆਰੇਰੀ, ਮਹਲਾ ੫ ॥

ਇਸ ਪਾਵਨ ਸ਼ਬਦ ਵਿਚ ਗੁਰੂ ਸਾਹਿਬ ਜੀ ਪਰਮਾਤਮਾ ਦੇ ਪਰਉਪਕਾਰ ਬਾਰੇ ਦੱਸਦੇ ਹੋਏ ਫ਼ੁਰਮਾਉਂਦੇ ਹਨ :

## ਜਿਨਿ ਕੀਤਾ; ਮਾਟੀ ਤੇ ਰਤਨੁ ॥

ਹੇ ਜੀਵ ! ਜਿਨਿ = ਜਿਸ ਵਾਹਿਗੁਰੂ ਪਰਮੇਸ਼ਰ ਨੇ ਮਾਟੀ = ਮਿੱਟੀ ਆਦਿ ਪੰਜ ਤੱਤਾਂ ਦਾ ਸੁਮੇਲ ਕਰ ਕੇ ਤੇਰਾ ਰਤਨੁ = ਰਤਨਾਂ ਦੀ ਨਿਆਈਂ ਅਮੋਲਕ ਸਰੀਰ ਬਣਾ ਦਿੱਤਾ ਹੈ **ਵਾ:** ਮਿੱਟੀ ਆਦਿ ਪੰਜਾਂ ਤੱਤਾਂ ਕਰਕੇ ਰਕਤ ਬਿੰਦ ਦਾ ਬਨਿਆ ਹੋਇਆ ਜੋ ਸਰੀਰ ਹੈ, ਇਸ ਨੂੰ ਗੁਣਾਂ ਕਰਕੇ ਰਤਨਾਂ ਵਰਗਾ ਚਮਕੀਲਾ ਬਣਾ ਦਿੱਤਾ।

## ਗਰਭ ਮਹਿ ਰਾਖਿਆ; ਜਿਨਿ ਕਰਿ ਜਤਨੁ ॥

ਫਿਰ ਮਾਤਾ ਦੇ ਗਰਭ = ਪੇਟ ਵਿਚ ਬੜੇ ਜਤਨਾਂ ਨਾਲ ਤੈਨੂੰ ਰੱਖਣਾ ਕੀਤਾ **ਵਾ:** ਜਿਨਿ = ਜਿਸ ਵਾਹਿਗੁਰੂ ਨੇ ਮਾਤਾ ਦੇ ਗਰਭ = ਪੇਟ ਵਿਚ ਆਪਣਾ ਸਿਮਰਨ ਦੇ ਕੇ ਤੈਨੂੰ ਰੱਖਣਾ ਕੀਤਾ ਹੈ। ਹੇ ਜੀਵ ! ਉਸ ਪਰਮੇਸ਼ਰ ਨੂੰ ਮਿਲਣ ਦਾ ਜਤਨ ਕਰ **ਵਾ:** ਉਸ ਦੀ ਪ੍ਰਾਪਤੀ ਦਾ ਜਤਨ ਕਰ।

## ਜਿਨਿ ਦੀਨੀ; ਸੋਭਾ ਵਡਿਆਈ ॥

ਹੇ ਜੀਵ ! ਜਿਨਿ = ਜਿਸ ਪਰਮੇਸ਼ਰ ਨੇ ਤੈਨੂੰ ਇਸ ਲੋਕ ਵਿਚ ਸੋਭਾ = ਮਹਿਮਾ ਅਤੇ ਪਦਾਰਥਾਂ ਕਰਕੇ ਵਡਿਆਈ = ਉਸਤਤ ਬਖ਼ਸ਼ੀ ਹੈ **ਵਾ:** ਗੁਣਾਂ ਨੂੰ ਧਾਰਨ ਕਰਨੇ ਕਰਕੇ ਤੈਨੂੰ ਪ੍ਰਲੋਕ ਵਿਚ ਵਡਿਆਈ ਦੇਵੇਗਾ।

## ਤਿਸੁ ਪ੍ਰਭ ਕਉ; ਆਠ ਪਹਰ ਧਿਆਈ ॥੧॥

ਤਿਸੁ = ਉਸ ਪ੍ਰਭ = ਮਾਲਕ ਵਾਹਿਗੁਰੂ ਕਉ = ਨੂੰ ਅੱਠੇ ਪਹਿਰ ਭਾਵ ਰਾਤ ਦਿਨ, ਸ੍ਵਾਸ ਸ੍ਵਾਸ ਧਿਆਈ = ਧਿਆਉਣਾ ਕਰ ॥੧॥

## ਰਮਈਆ; ਰੇਨੁ ਸਾਧ ਜਨ ਪਾਵਉ ॥

ਹੇ ਜੀਵ ! ਰਮਈਆ = ਰਮੇ ਹੋਏ ਵਿਆਪਕ ਪਰਮੇਸ਼ਰ ਦੇ ਸਾਧ = ਸੰਤ ਜਨਾਂ ਦੀ **ਵਾ:** ਗੁਰੂ ਸਾਹਿਬ ਦੀ ਰੇਨੁ = ਧੂੜੀ ਪਾਉ = ਪਾਉਣਾ ਕਰ।

## ਗੁਰ ਮਿਲਿ; ਅਪੁਨਾ ਖਸਮੁ ਧਿਆਵਉ ॥੧॥ਰਹਾਉ॥

ਗੁਰ = ਸਤਿਗੁਰੂ ਸਾਹਿਬ ਜੀ ਨਾਲ ਮਿਲਿ = ਮਿਲਾਪ ਕਰ ਕੇ ਅਪੁਨਾ = ਆਪਣਾ ਜਾਣ ਕੇ ਖਸਮੁ = ਮਾਲਕ ਪਰਮੇਸ਼ਰ ਨੂੰ ਧਿਆਵਉ = ਧਿਆਉਣਾ ਕਰ ॥੧॥ਰਹਾਉ॥

## ਜਿਨਿ ਕੀਤਾ; ਮੂੜ ਤੇ ਬਕਤਾ ॥

ਹੇ ਜੀਵ ! ਜਿਨਿ = ਜਿਸ ਵਾਹਿਗੁਰੂ ਨੇ ਤੈਨੂੰ ਮੂੜ = ਮੂਰਖ, ਬੇਸਮਝ ਤੇ = ਤੋਂ ਚਾਰ ਵੇਦਾ, ਖਟ ਸ਼ਾਸਤ੍ਰਾਂ, ਸਤਾਈ ਸਿੰਮ੍ਰਿਤੀਆ, ਪੁਰਾਣਾਂ, ਗੀਤਾ ਆਦਿ ਦਾ ਬਕਤਾ = ਬੋਲਣ ਵਾਲਾ ਭਾਵ ਪੰਡਿਤ (ਵਿਦਵਾਨ) ਬਣਾਉਣਾ ਕੀਤਾ ਹੈ।

## ਜਿਨਿ ਕੀਤਾ; ਬੇਸੁਰਤ ਤੇ, ਸੁਰਤਾ ॥

ਜਿਨਿ = ਜਿਸ ਵਾਹਿਗੁਰੂ ਨੇ ਤੈਨੂੰ ਬੇਸੁਰਤ = ਅਗਿਆਤ ਤੇ = ਤੋਂ ਸੁਰਤਾ = ਗਿਆਨ ਵਾਲਾ ਬਣਾਉਣਾ ਕੀਤਾ ਹੈ।

## ਜਿਸੁ ਪਰਸਾਦਿ; ਨਵੈ ਨਿਧਿ ਪਾਈ ॥

ਜਿਸ ਵਾਹਿਗੁਰੂ ਦੀ ਪਰਸਾਦਿ = ਕਿਰਪਾ ਕਰਕੇ, ਪਦਮ, ਮਹਾਂ ਪਦਮ, ਨੀਲ ਆਦਿਕ ਨਵੈ = ਨੌਂ ਨਿਧਿ = ਨਿਧੀਆਂ ਪਾਈ = ਪ੍ਰਾਪਤ ਕਰੀ ਦੀਆਂ ਹਨ।

## ਸੋ ਪ੍ਰਭੁ; ਮਨ ਤੇ ਬਿਸਰਤ ਨਾਹੀ ॥੨॥

ਸੋ = ਉਹ ਪ੍ਰਭ = ਮਾਲਕ ਵਾਹਿਗੁਰੂ ਤੈਨੂੰ ਕਦੇ ਵੀ ਮਨ ਤੇ = ਤੋਂ ਬਿਸਰਤ = ਭੁੱਲਣਾ ਨਾਹੀ = ਨਹੀਂ ਚਾਹੀਦਾ ॥੨॥

## ਜਿਨਿ ਦੀਆ; ਨਿਥਾਵੇ ਕਉ ਥਾਨੁ ॥

ਹੇ ਜੀਵ ! ਜਿਸ ਵਾਹਿਗੁਰੂ ਨੇ ਤੈਨੂੰ ਨਿਥਾਵੇ = ਟਿਕਾਣੇ ਤੋਂ ਹੀਣੇ ਕਉ = ਨੂੰ ਥਾਨੁ = ਥਾਂ, ਟਿਕਾਣਾ ਦੀਆ = ਦਿੱਤਾ ਹੈ **ਅਥਵਾ** ਹੇ ਜੀਵ ! ਤੈਨੂੰ ਨਿਥਾਵੇ = ਟਿਕਾਣੇ ਤੋਂ ਰਹਿਤ ਜੂਨਾਂ ਵਿਚ ਭਰਮਦੇ ਹੋਏ ਕਉ = ਨੂੰ ਪਰਮੇਸ਼ਰ ਨੇ ਆਪਣੇ ਵਿਚ ਅਭੇਦ ਕਰਨ ਰੂਪੀ, ਸਰੂਪ ਰੂਪੀ ਥਾਨ = ਥਾਂ ਦੀਆ = ਦਿੱਤਾ ਹੈ।

## ਜਿਨਿ ਦੀਆ; ਨਿਮਾਨੇ ਕਉ ਮਾਨੁ ॥

ਜਿਨਿ = ਜਿਸ ਵਾਹਿਗੁਰੂ ਨੇ ਨਿਮਾਨੇ = ਮਾਣ (ਵਡਿਆਈ) ਤੋਂ ਹੀਣੇ ਕਉ = ਨੂੰ ਮਾਨੁ = ਮਾਣ ਬਖ਼ਸ਼ਿਆ ਹੈ। **ਅਥਵਾ** ਹੇ ਜੀਵ ! ਜਿਨਿ = ਜਿਸ ਪਰਮੇਸ਼ਰ ਨੇ ਤੈਨੂੰ ਨਿਮਾਨੇ = ਨਿਮਾਣੇ ਕਉ = ਨੂੰ ਬ੍ਰਹਮ ਗਿਆਨ ਦੁਆਰਾ ਸਰੂਪ ਦੀ ਪ੍ਰਾਪਤੀ ਰੂਪ ਮਾਨੁ = ਮਾਣ ਦਿੱਤਾ ਹੈ। ਜੈਸਾ ਕਿ :

**ਨਿਮਾਣੇ ਮਾਣੁ ਕਰਹਿ ਤੁਧੁ ਭਾਵੈ ॥** *(ਮਾਰੂ ਮ: ੪, ਅੰਗ ੧੦੭੭)*

## ਜਿਨਿ ਕੀਨੀ; ਸਭ ਪੂਰਨ ਆਸਾ ॥

ਜਿਨਿ = ਜਿਸ ਵਾਹਿਗੁਰੂ ਨੇ ਸਭ = ਸਾਰੇ ਜੀਵਾਂ ਦੀ ਆਸਾ = ਇੱਛਾ ਪੂਰਨ = ਪੂਰੀ ਕੀਨੀ = ਕੀਤੀ ਹੈ।

## ਸਿਮਰਉ ਦਿਨੁ ਰੈਨਿ; ਸਾਸ ਗਿਰਾਸਾ ॥੩॥

ਹੇ ਜੀਵ ! ਐਸੇ ਉਪਕਾਰੀ ਪਰਮੇਸ਼ਰ ਨੂੰ ਰੈਨਿ = ਰਾਤ ਦਿਨ ਸਾਸ = ਸਾਹ ਲੈਂਦਿਆਂ **ਵਾ:** ਸ੍ਵਾਸ-ਸ੍ਵਾਸ ਅਤੇ ਗਿਰਾਸਾ = ਗਰਾਹੀ ਲੈਂਦਿਆਂ ਭਾਵ ਭੋਜਨ ਖਾਂਦਿਆਂ ਹਰ ਵਕਤ ਸਿਮਰਉ = ਸਿਮਰਨਾ ਕਰ ॥੩॥

## ਜਿਸੁ ਪ੍ਰਸਾਦਿ; ਮਾਇਆ ਸਿਲਕ ਕਾਟੀ ॥

ਜਿਸ ਵਾਹਿਗੁਰੂ ਦੀ ਪ੍ਰਸਾਦਿ = ਕ੍ਰਿਪਾ ਕਰਕੇ ਮਾਇਆ ਦੀ ਸਿਲਕ = ਫਾਹੀ ਕਾਟੀ = ਕੱਟੀ ਜਾਂਦੀ ਹੈ।

## ਗੁਰ ਪ੍ਰਸਾਦਿ; ਅੰਮ੍ਰਿਤੁ ਬਿਖੁ ਖਾਟੀ ॥

ਜਿਸ ਉਪਰ ਗੁਰ = ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕ੍ਰਿਪਾ ਹੋਈ ਹੈ, ਉਸ ਨੇ ਦੇਵਤਿਆਂ ਦੇ ਅੰਮ੍ਰਿਤ ਅਤੇ ਬਿਖੁ = ਵਿਹੁ, ਜ਼ਹਿਰ ਨੂੰ ਇਕ ਰੂਪ ਕਰਕੇ ਖਾਟੀ = ਪ੍ਰਾਪਤ ਕੀਤਾ ਹੈ। ਭਾਵ ਦੁੱਖ ਸੁੱਖ ਨੂੰ ਸਮ ਕਰਕੇ ਜਾਣਿਆ ਹੈ **ਅਥਵਾ** ਗੁਰ ਪ੍ਰਸਾਦਿ = ਸਤਿਗੁਰਾਂ ਦੀ ਕ੍ਰਿਪਾ ਕਰਕੇ ਵਿਸ਼ਿਆਂ ਰੂਪੀ ਬਿਖੁ = ਵਿਹੁ, ਜੋ ਬਹੁਤ ਖਾਟੀ = ਦੁਖਦਾਇਕ ਸੀ, ਉਹ ਮਿਟ ਕਰ ਕੇ ਨਿਰਵਿਕਾਰ ਜੀਵਨ ਵਿਚ ਅੰਮ੍ਰਿਤ ਰੂਪ ਅਨੰਦ ਪ੍ਰਾਪਤ ਹੋ ਗਿਆ **ਅਥਵਾ** ਜੋ ਬਿਖੁ = ਜ਼ਹਿਰ ਰੂਪ ਸੰਸਾਰ ਬਹੁਤ ਦੁਖਦਾਇਕ ਹੈ, ਇਸ ਵਿਚ ਗੁਰ ਪ੍ਰਸਾਦਿ = ਸਤਿਗੁਰਾਂ ਦੀ ਕਿਰਪਾ ਕਰਕੇ ਅੰਮ੍ਰਿਤ ਰੂਪੀ ਨਾਮ ਖਾਟੀ = ਖੱਟੀ ਦਾ ਹੈ, ਪ੍ਰਾਪਤ ਕਰੀਦਾ ਹੈ।

**ਅਥਵਾ** ਬਿਖੁ = ਜ਼ਹਿਰ ਰੂਪੀ ਮਾਇਆ ਜੋ ਖਾਟੀ = ਕੌੜੀ, ਭਾਵ ਦੁਖਦਾਇਕ ਸੀ, ਉਹ ਗੁਰ ਪ੍ਰਸਾਦਿ = ਗੁਰਾਂ ਦੀ ਕ੍ਰਿਪਾ ਕਰਕੇ ਅੰਮ੍ਰਿਤ ਰੂਪ, ਸੁਖ ਰੂਪ ਹੋ ਗਈ, ਭਾਵ ਭਗਤ ਜਨਾਂ ਦੀ ਸੇਵਾ ਕਰਨ ਲੱਗ ਪਈ। ਜੈਸਾ ਕਿ :

**ਜਿਨਿ ਜੁਆਲਾ ਜਗੁ ਜਾਰਿਆ ਸੁ ਜਨ ਕੇ ਉਦਕ ਸਮਾਨਿ ॥੧੭੫॥** *(ਸਲੋਕ ਕਬੀਰ ਜੀ, ਅੰਗ ੧੩੭੩)*

## ਕਹੁ ਨਾਨਕ; ਇਸ ਤੇ ਕਿਛੁ ਨਾਹੀ ॥

ਸਤਿਗੁਰੂ ਸਾਹਿਬ ਜੀ ਕਹੁ = ਕਹਿੰਦੇ ਹਨ ਕਿ ਹੇ ਜੀਵ! ਇਸ ਕਰਕੇ ਤੇਰੇ ਤੇ = ਤੋਂ ਕਿਛੁ = ਕੁਝ ਨਾਹੀ = ਨਹੀਂ ਬਣ ਸਕਦਾ, ਭਾਵ ਤੇਰੇ ਹੱਥ ਵਸ ਕੁਝ ਨਹੀਂ ਹੈ।

## ਰਾਖਨਹਾਰੇ ਕਉ; ਸਾਲਾਹੀ ॥੪॥੬॥੭੫॥

ਇਸ ਕਰਕੇ ਸਾਰੇ ਬ੍ਰਹਮੰਡ ਨੂੰ ਆਪਣੀ ਚੇਤਨ ਸੱਤਾ ਦੁਆਰਾ ਰਾਖਨਹਾਰੇ = ਰੱਖਣ ਵਾਲੇ ਪਰਮੇਸ਼ਰ ਕਉ = ਨੂੰ ਸਾਲਾਹੀ = ਸਲਾਹੁਣਾ ਕਰ ॥੪॥੬॥੭੫॥

## ਗਉੜੀ ਗੁਆਰੇਰੀ, ਮਹਲਾ ੫ ॥

## ਤਿਸ ਕੀ ਸਰਣਿ; ਨਾਹੀ ਭਉ ਸੋਗੁ ॥

ਹੇ ਭਾਈ! ਤਿਸ = ਉਸ ਵਾਹਿਗੁਰੂ ਪਰਮੇਸ਼ਰ ਕੀ = ਦੀ ਸਰਣਿ = ਓਟ ਵਿਚ ਪੈਣ ਕਰਕੇ ਸੱਤ ਪ੍ਰਕਾਰ ਦਾ ਭਉ = ਡਰ ਅਤੇ ਪਦਾਰਥਾਂ ਦੇ ਵਿਛੋੜੇ ਕਰਕੇ ਸੋਗ = ਗ਼ਮ, ਫ਼ਿਕਰ ਨਾਹੀ = ਨਹੀਂ ਚਿੰਬੜਦੇ ਭਾਵ ਨਾਸ ਹੋ ਜਾਂਦੇ ਹਨ।

## ਉਸ ਤੇ ਬਾਹਰਿ; ਕਛੂ ਨ ਹੋਗੁ ॥

ਉਸ = ਵਾਹਿਗੁਰੂ ਪਰਮੇਸ਼ਰ ਦੇ ਹੁਕਮ ਤੇ = ਤੋਂ ਬਾਹਰਿ = ਭਿੰਨ, ਵੱਖਰਾ, ਕਿਸੇ ਕੋਲੋ ਕਛੂ = ਕੁਝ ਵੀ ਨ = ਨਹੀਂ ਹੋਗੁ = ਹੋ ਸਕਦਾ।

## ਤਜੀ ਸਿਆਣਪ; ਬਲ ਬੁਧਿ ਬਿਕਾਰ ॥

ਇਸ ਕਰਕੇ ਆਪਣੀ ਸਿਆਣਪ = ਚਤੁਰਾਈ, ਦੇਹ ਦਾ ਬਲ = ਜ਼ੋਰ, ਬੁਧਿ = ਬੁੱਧੀ ਅਤੇ ਬਿਕਾਰ = ਖੋਟੀ ਕਾਰ **ਵਾ:** ਕਾਮ ਕ੍ਰੋਧਾਦਿ ਦਾ ਤਜੀ = ਤਿਆਗਣਾ ਕਰ **ਅਥਵਾ** ਬੁਧਿ = ਬੁਧੀ ਦੇ ਬਲ ਦੀ

ਬਿਕਾਰ = ਵਿਕਾਰਾਂ ਨੂੰ ਪੈਦਾ ਕਰਨ ਵਾਲੀ ਸਿਆਣਪ = ਚਤੁਰਾਈ ਨੂੰ ਤਜੀ = ਛੱਡਣਾ ਕਰ **ਅਥਵਾ** ਦੁਨੀਆਂ ਦੀ ਸਿਆਣਪ = ਚਤੁਰਾਈ, ਵਿਸ਼ਿਆਂ ਦਾ ਬਲ = ਜ਼ੋਰ, ਚੰਚਲ ਬੁਧਿ = ਬੁੱਧੀ ਦੀ ਸਿਆਣਪ ਅਤੇ ਵਿਕਾਰਾਂ ਨੂੰ ਤਜੀ = ਛੱਡਣਾ ਕਰ **ਅਥਵਾ** ਆਪਣੀ ਬੁੱਧੀ ਦੀ ਸਿਆਣਪ ਅਤੇ ਵਿਕਾਰਾਂ ਦਾ ਬਲ = ਜ਼ੋਰ ਪਾ ਕੇ ਮੰਦ ਕਰਮ ਕਰਨੇ ਸੀ, ਮੰਦੇ ਫੁਰਨੇ ਜੋ ਪੈਦਾ ਹੁੰਦੇ ਸੀ, ਉਨ੍ਹਾਂ ਨੂੰ ਤਜੀ = ਛੱਡਣਾ ਕਰ **ਅਥਵਾ** ਪਦਾਰਥਾਂ ਨੂੰ ਇਕੱਠੇ ਕਰਨ ਦੀ ਸਿਆਣਪ, ਕਿਸੇ ਨੂੰ ਸਰੀਰ ਦੇ ਬਲ ਨਾਲ ਦਬਾਉਣਾ, ਬੁੱਧੀ ਦੀ ਚਤੁਰਾਈ ਅਤੇ ਵਿਕਾਰਾਂ ਨੂੰ ਤਜੀ = ਛੱਡਣਾ ਕਰ।

## ਦਾਸ ਅਪਨੇ ਕੀ; ਰਾਖਨਹਾਰ ॥੧॥

ਉਹ ਵਾਹਿਗੁਰੂ ਆਪਣੇ ਦਾਸ = ਭਗਤ ਜਨਾਂ ਕੀ = ਦੀ ਰਾਖਨਹਾਰ = ਰੱਖਿਆ ਕਰਨ ਵਾਲਾ ਹੈ **ਵਾ:** ਅਸੀਂ ਇਹ ਨਿਸਚੇ ਕੀਤਾ ਹੈ ਕਿ ਹੇ ਮਹਾਰਾਜਾ! ਤੁਸੀਂ ਆਪਣੇ ਦਾਸ = ਸੇਵਕਾਂ ਕੀ = ਦੀ ਰਾਖਨਹਾਰ = ਰੱਖਿਆ ਕਰਨ ਵਾਲੇ ਹੋ ॥੧॥

## ਜਪਿ ਮਨ ਮੇਰੇ; ਰਾਮ ਰਾਮ ਰੰਗਿ ॥

ਹੇ ਮੇਰੇ ਪਿਆਰੇ ਮਨ = ਮਨਾਂ ! ਰਾਮ = ਰਮੇ ਹੋਏ ਰਾਮ = ਪਰਮੇਸ਼ਰ ਨੂੰ ਰੰਗਿ = ਪ੍ਰੇਮ ਨਾਲ ਜਪਿ = ਜਪਣਾ ਕਰ।

## ਘਰਿ ਬਾਹਰਿ; ਤੇਰੈ ਸਦ ਸੰਗਿ ॥੧॥ਰਹਾਉ॥

ਜੋ ਤੇਰੈ = ਤੇਰੇ ਘਰਿ = ਸਰੀਰ ਵਿਚ, ਬਾਹਰਿ = ਸੰਸਾਰ ਵਿਚ ਸਦ = ਹਮੇਸ਼ਾਂ ਹੀ ਸੰਗਿ = ਨਾਲ ਹੈ **ਵਾ:** ਘਰਿ ਬਾਹਰਿ ਭਾਵ ਲੋਕ ਪ੍ਰਲੋਕ ਵਿਚ ਸਦਾ ਅੰਗ ਸੰਗ ਹੈ ॥੧॥ਰਹਾਉ॥

[ਅੰਗ ੧੭੮]

## ਤਿਸ ਕੀ ਟੇਕ; ਮਨੈ ਮਹਿ ਰਾਖੁ ॥

ਹੇ ਭਾਈ! ਉਸ ਵਾਹਿਗੁਰੂ ਕੀ = ਦੀ ਟੇਕ = ਓਟ ਮਨੈ = ਮਨ ਮਹਿ = ਵਿਚ ਰਾਖੁ = ਰੱਖਣਾ ਕਰੋ।

## ਗੁਰ ਕਾ ਸਬਦੁ; ਅੰਮ੍ਰਿਤ ਰਸੁ ਚਾਖੁ ॥

ਜੋ ਗੁਰ = ਸਤਿਗੁਰੂ ਸਾਹਿਬ ਜੀ ਕਾ = ਦਾ ਸਬਦੁ = ਉਪਦੇਸ਼ ਅੰਮ੍ਰਿਤ ਨਾਮ ਹੈ, ਉਸ ਨੂੰ ਰਸੁ = ਪ੍ਰੇਮ ਨਾਲ ਚਾਖੁ = ਚੱਖਣਾ ਕਰ ਭਾਵ ਧਾਰਨ ਕਰ।

## ਅਵਰਿ ਜਤਨ; ਕਹਹੁ ਕਉਨ ਕਾਜ ॥

ਇਸ ਤੋਂ ਇਲਾਵਾ ਅਵਰਿ = ਹੋਰ ਜਪ, ਤਪ, ਯੱਗ, ਯੋਗ ਆਦਿਕ ਜਤਨ = ਉਪਾਵ ਕਹਹੁ = ਦੱਸਣਾ ਕਰ ਕਿ ਕਉਨ = ਕਿਸ ਕਾਜ = ਕੰਮ ਹਨ, ਭਾਵ ਕਿਸੇ ਕੰਮ ਨਹੀਂ ਆਉਣੇ।

## ਕਰਿ ਕਿਰਪਾ; ਰਾਖੈ ਆਪਿ ਲਾਜ ॥੨॥

ਉਹ ਵਾਹਿਗੁਰੂ ਆਪ ਕਿਰਪਾ = ਮਿਹਰਬਾਨੀ ਕਰਿ = ਕਰ ਕੇ ਤੇਰੀ ਲਾਜ = ਲੱਜਾ ਰਾਖੈ = ਰੱਖੇਗਾ ॥੨॥

## ਕਿਆ ਮਾਨੁਖ ਕਹਹੁ; ਕਿਆ ਜੋਰੁ ॥

ਹੇ ਮਾਨੁਖ = ਮਨੁੱਖਾ ਕਹਹੁ = ਦੱਸਣਾ ਕਰ ਕਿ ਤੂੰ ਕਿਆ = ਕੀ ਹੈਂ ਅਤੇ ਤੇਰੇ ਵਿਚ ਕਿਆ = ਕੀ ਜੋਰੁ = ਬਲ ਹੈ, ਭਾਵ ਮਨੁੱਖ ਦੇ ਹੱਥ ਵਿਚ ਕੁਝ ਨਹੀਂ ਹੈ। ਜਦੋਂ ਸਾਹ ਖਿੱਚ ਲਵੇ, ਉਦੋਂ ਮੁਰਦਾ ਹੈ।

## ਝੂਠਾ; ਮਾਇਆ ਕਾ ਸਭੁ ਸੋਰੁ ॥

ਇਹ ਸਭੁ = ਸਾਰਾ ਤਾਂ ਐਵੇਂ ਮਾਇਆ ਦਾ ਝੂਠਾ ਹੀ ਸੋਰੁ = ਰੌਲਾ ਪਾਇਆ ਹੋਇਆ ਹੈ **ਵਾ:** ਸਭੁ = ਸਾਰਾ ਮਾਇਆ ਦਾ ਝੂਠਾ ਸ਼ੋਰ ਸ਼ਰਾਬਾ ਹੈ।

## ਕਰਣ ਕਰਾਵਨਹਾਰ; ਸੁਆਮੀ ॥

ਭਗਤ ਜਨਾਂ ਦਾ ਇਹ ਨਿਸਚਾ ਹੈ ਕਿ ਉਹ ਸੁਆਮੀ = ਮਾਲਕ ਵਾਹਿਗੁਰੂ ਹੀ ਸਾਰਿਆਂ ਕਾਰਜਾਂ ਦੇ ਕਰਣ = ਕਰਨ ਵਾਲਾ ਅਤੇ ਕਰਾਵਨਹਾਰ = ਕਰਾਉਣ ਵਾਲਾ ਹੈ।

## ਸਗਲ ਘਟਾ ਕੇ; ਅੰਤਰਜਾਮੀ ॥੩॥

ਉਹ ਸਗਲ = ਸਾਰਿਆਂ ਕੇ = ਦੇ ਘਟਾ = ਹਿਰਦਿਆਂ ਦੀ ਅੰਤਰਜਾਮੀ = ਜਾਨਣ ਵਾਲਾ ਹੈ **ਵਾ:** ਸਗਲ = ਸਾਰੇ ਘਟਾ = ਘਟਾਂ ਘਟਾਂ ਦੀ ਅੰਤਰਜਾਮੀ = ਜਾਨਣ ਵਾਲਾ ਵਾਹਿਗੁਰੂ ਪਰਮੇਸ਼ਰ ਹੀ ਹੈ ॥੩॥

## ਸਰਬ ਸੁਖਾ ਸੁਖੁ; ਸਾਚਾ ਏਹੁ ॥

ਹੇ ਭਾਈ! ਸਰਬ = ਸਾਰੇ ਸੁਖਾ = ਸੁੱਖਾਂ ਵਿੱਚੋਂ ਸਾਚਾ = ਸੱਚਾ ਸੁਖ ਤਾਂ ਏਹੁ = ਏਹੋ ਹੀ ਹੈ ਕਿ:

## ਗੁਰ ਉਪਦੇਸੁ; ਮਨੈ ਮਹਿ ਲੇਹੁ ॥

ਗੁਰ = ਸਤਿਗੁਰੂ ਸਾਹਿਬ ਜੀ ਦੇ ਉਪਦੇਸੁ = ਬਚਨਾਂ ਨੂੰ ਆਪਣੇ ਮਨੈ = ਮਨ ਮਹਿ = ਵਿਚ ਧਾਰਨ ਕਰ ਲੇਹੁ = ਲਵੋ।

## ਜਾ ਕਉ; ਰਾਮ ਨਾਮ ਲਿਵ ਲਾਗੀ ॥

ਹੇ ਭਾਈ! ਜਾ = ਜਿਸ ਕਉ = ਨੂੰ ਰਾਮ = ਪਰਮੇਸ਼ਰ ਦੇ ਨਾਮ ਜਪਣ ਵਿਚ ਲਿਵ = ਪ੍ਰੀਤੀ ਲਾਗੀ = ਲੱਗੀ ਹੈ **ਵਾ:** ਜਿਸ ਦੀ ਰਾਮ ਦੇ ਨਾਮ ਜਪਣ ਵਿਚ ਲਿਵ = ਬਿਰਤੀ ਲਾਗੀ = ਲੱਗ ਗਈ, ਭਾਵ ਜੁੜ ਗਈ ਹੈ।

## ਕਹੁ ਨਾਨਕ; ਸੋ ਧੰਨੁ ਵਡਭਾਗੀ ॥੪॥੭॥੭੬॥

ਸਤਿਗੁਰੂ ਸਾਹਿਬ ਜੀ ਕਹੁ = ਕਹਿੰਦੇ ਹਨ ਕਿ ਸੋ = ਉਹ ਪੁਰਖ ਲੋਕ ਪ੍ਰਲੋਕ ਵਿਚ ਧੰਨੁ = ਧੰਨਤਾ ਦੇ ਜੋਗ ਅਤੇ ਵਡਭਾਗੀ = ਵੱਡਿਆਂ ਭਾਗਾਂ ਵਾਲੇ ਹਨ ॥੪॥੭॥੭੬॥

## ਗਉੜੀ ਗੁਆਰੇਰੀ, ਮਹਲਾ ੫ ॥

## ਸੁਣਿ ਹਰਿ ਕਥਾ; ਉਤਾਰੀ ਮੈਲੁ ॥

ਜਿਨ੍ਹਾਂ ਨੇ ਹਰਿ = ਅਕਾਲ ਪੁਰਖ ਦੀ ਕਥਾ ਨੂੰ ਸ਼ਰਧਾ ਤੇ ਭਰੋਸੇ ਰੂਪੀ ਕੰਨਾਂ ਨਾਲ ਸੁਣਿ = ਸੁਣਿਆ ਹੈ, ਉਨ੍ਹਾਂ ਦੀ ਪਰਮੇਸ਼ਰ ਨੇ ਜਨਮਾਂ-ਜਨਮਾਂਤਰਾਂ ਦੇ ਪਾਪਾਂ ਦੀ, ਅਵਿੱਦਿਆ ਦੀ ਮੈਲੁ = ਮਲੀਨਤਾ, ਗੰਦਗੀ ਉਤਾਰੀ = ਉਤਾਰ ਦਿੱਤੀ ਹੈ।

## ਮਹਾ ਪੁਨੀਤ ਭਏ; ਸੁਖ ਸੈਲੁ ॥

ਉਹ ਮਹਾ = ਵੱਡੇ, ਬਹੁਤ ਪੁਨੀਤ = ਪਵਿੱਤਰ ਭਏ = ਹੋ ਗਏ ਹਨ ਅਤੇ ਸੁਖ ਸਰੂਪ ਵਿਚ ਸੈਲੁ = ਸੈਰ

ਕਰਦੇ ਭਾਵ ਵਿਚਰਦੇ ਹਨ **ਅਥਵਾ** ਉਨ੍ਹਾਂ ਨੂੰ ਸੈਲੁ = ਪਹਾੜ ਦੀ ਨਿਆਈਂ ਮਹਾ = ਬਹੁਤ ਭਾਰੀ **ਵਾ:** ਅਚੱਲ ਸੁਖ ਸਰੂਪ ਦੀ ਪ੍ਰਾਪਤੀ ਹੋਈ ਹੈ **ਵਾ:** ਸੁਖ ਸਰੂਪ ਦੇ ਸੈਲੁ ਭਾਵ ਸਹਿਤ ਹੋ ਗਏ ਹਨ।

## ਵਡੈ ਭਾਗਿ; ਪਾਇਆ ਸਾਧਸੰਗੁ ॥

ਜਿਨ੍ਹਾਂ ਵਡੈ = ਵੱਡਿਆਂ ਭਾਗਿ = ਭਾਗਾਂ ਵਾਲਿਆਂ ਨੇ ਸਾਧਸੰਗੁ = ਸਤਸੰਗਤਿ ਦੇ ਤਾਈਂ ਪਾਇਆ = ਪ੍ਰਾਪਤ ਕੀਤਾ ਹੈ।

## ਪਾਰਬ੍ਰਹਮ ਸਿਉ; ਲਾਗੋ ਰੰਗੁ ॥੧॥

ਉਨ੍ਹਾਂ ਪੁਰਸ਼ਾਂ ਦਾ ਪਾਰਬ੍ਰਹਮ = ਪਰਮੇਸ਼ਰ ਦੇ ਸਿਉ = ਨਾਲ ਰੰਗੁ = ਪ੍ਰੇਮ ਲਾਗੋ = ਲੱਗ ਜਾਂਦਾ ਹੈ ॥੧॥

## ਹਰਿ ਹਰਿ ਨਾਮੁ ਜਪਤ; ਜਨੁ ਤਾਰਿਓ ॥

ਜੋ ਹਰਿ = ਹਰੇਕ ਨੂੰ ਹਰਿ = ਹਰੇ ਭਰੇ ਕਰਨ ਵਾਲੇ ਪਰਮੇਸ਼ਰ ਦਾ ਨਾਮ ਜਪਤ = ਜਪਦੇ ਹਨ। ਉਨ੍ਹਾਂ ਭਗਤ ਜਨਾਂ ਨੂੰ ਵਾਹਿਗੁਰੂ ਨੇ ਸੰਸਾਰ ਸਮੁੰਦਰ ਤੋਂ ਤਾਰਿਓ = ਤਾਰਨਾ ਕੀਤਾ ਹੈ ਅਤੇ

## ਅਗਨਿ ਸਾਗਰੁ; ਗੁਰਿ ਪਾਰਿ ਉਤਾਰਿਓ ॥੧॥ਰਹਾਉ॥

ਤ੍ਰਿਸ਼ਨਾ, ਈਰਖਾ, ਕਾਲ, ਵਿਕਾਰਾਂ ਆਦਿ ਦੀ ਅਗਨਿ = ਅੱਗ ਨਾਲ ਭਰੇ ਹੋਏ ਸੰਸਾਰ ਸਾਗਰੁ = ਸਮੁੰਦਰ ਤੋਂ ਗੁਰਿ = ਸਤਿਗੁਰਾਂ ਨੇ ਪਾਰਿ = ਪਾਰ ਉਤਾਰਿਓ = ਉਤਾਰ ਦਿੱਤਾ ਹੈ ॥੧॥ਰਹਾਉ॥

## ਕਰਿ ਕੀਰਤਨੁ; ਮਨ ਸੀਤਲ ਭਏ ॥

ਪਰਮੇਸ਼ਰ ਦਾ ਕੀਰਤਨੁ = ਜਸ ਕਰਿ = ਕਰਨ ਨਾਲ ਜਿਨ੍ਹਾਂ ਦੇ ਮਨ = ਹਿਰਦੇ ਸੀਤਲ = ਠੰਢੇ ਭਏ = ਹੋ ਗਏ ਹਨ।

## ਜਨਮ ਜਨਮ ਕੇ; ਕਿਲਵਿਖ ਗਏ ॥

ਉਨ੍ਹਾਂ ਦੇ ਜਨਮ ਜਨਮ = ਜਨਮਾਂ-ਜਨਮਾਂਤਰਾਂ ਕੇ = ਦੇ ਕਿਲਵਿਖ = ਪਾਪ ਚਲੇ ਗਏ ਹਨ, ਭਾਵ ਨਾਸ ਹੋ ਜਾਂਦੇ ਹਨ।

## ਸਰਬ ਨਿਧਾਨ; ਪੇਖੇ ਮਨ ਮਾਹਿ ॥

ਉਹ ਸਰਬ = ਸਾਰੇ ਨਿਧੀਆਂ ਰੂਪੀ ਨਿਧਾਨ = ਖ਼ਜ਼ਾਨੇ ਮਨ ਮਾਹਿ ਵਿੱਚੋਂ ਹੀ ਪੇਖੇ = ਵੇਖਣਾ ਕਰਦੇ ਹਨ।

**ਵਾ:** ਨਵਧਾ ਭਗਤੀ ਰੂਪੀ ਗੁਣਾਂ ਰੂਪੀ ਨਿਧਾਨ = ਖ਼ਜ਼ਾਨੇ ਦਾ ਮਾਲਕ ਵਾਹਿਗੁਰੂ ਮਨ ਦੇ ਮਾਹਿ = ਵਿੱਚੋਂ ਹੀ ਪੇਖੇ = ਵੇਖ ਲੈਂਦੇ ਹਨ **ਅਥਵਾ** ਤੁਰੀਆ ਆਦਿਕ ਸੱਤ ਭੂਮਿਕਾ ਰੂਪੀ ਨਿਧਾਨ = ਖ਼ਜ਼ਾਨਾ ਮਨ ਮਾਹਿ = ਵਿੱਚੋਂ ਹੀ ਪੇਖੇ = ਵੇਖ ਲੈਂਦੇ ਹਨ।

## ਅਬ ਢੂਢਨ; ਕਾਹੇ ਕਉ ਜਾਹਿ ॥੨॥

ਫਿਰ ਅਬ = ਹੁਣ ਢੂਢਨ = ਭਾਲਣ ਲਈ ਹੋਰਨਾਂ ਕੋਲ ਕਾਹੇ = ਕਿਸ ਵਾਸਤੇ ਜਾਹਿ = ਜਾਣਾ ਕਿਉਂਕਿ ਉਨ੍ਹਾਂ ਨੂੰ ਸਾਰੇ ਖ਼ਜ਼ਾਨੇ ਅੰਦਰੋਂ ਹੀ ਪ੍ਰਗਟ ਹੋ ਗਏ ਹਨ ॥੨॥

## ਪ੍ਰਭ ਅਪੁਨੇ ਜਬ; ਭਏ ਦਇਆਲ ॥

ਜਬ = ਜਦੋਂ ਪ੍ਰਭ = ਪਰਮੇਸ਼ਰ ਅਪੁਨੇ = ਆਪਣੇ ਸੇਵਕਾਂ ਉਪਰ ਦਇਆਲ = ਦਿਆਲੂ ਭਏ = ਹੋਏ ਹਨ।

## ਪੂਰਨ ਹੋਈ; ਸੇਵਕ ਘਾਲ ॥

ਉਸ ਵੇਲੇ ਸੇਵਕ = ਦਾਸਾਂ ਦੀ ਜੋ ਘਾਲ = ਕਮਾਈ ਕੀਤੀ ਹੋਈ ਸੀ, ਉਹ ਸਾਰੀ ਪੂਰਨ = ਪੂਰੀ ਹੋਈ = ਹੋ ਜਾਂਦੀ ਹੈ।

## ਬੰਧਨ ਕਾਟਿ; ਕੀਏ ਅਪਨੇ ਦਾਸ ॥

ਉਨ੍ਹਾਂ ਦੇ ਹਉਮੈ, ਜੰਮਣ ਮਰਣ ਆਦਿ ਦੇ ਬੰਧਨ ਕਾਟਿ = ਕੱਟ ਕੇ ਅਪਨੇ = ਆਪਣੇ ਦਾਸ = ਸੇਵਕ ਬਣਾਉਣਾ ਕੀਏ = ਕੀਤੇ ਹਨ।

## ਸਿਮਰਿ ਸਿਮਰਿ; ਸਿਮਰਿ ਗੁਣਤਾਸ ॥੩॥

ਉਹ ਭਗਤ ਸਿਮਰਿ = ਸਿਮਰਨ ਜੋਗ ਪਰਮੇਸ਼ਰ ਨੂੰ ਸਿਮਰਿ ਸਿਮਰਿ = ਯਾਦ ਕਰ ਕਰ ਕੇ, ਗੁਣਤਾਸ = ਸ਼ੁਭ ਗੁਣਾਂ ਦੇ ਪਾਤਰ, ਹਿੱਸੇਦਾਰ, ਖ਼ਜ਼ਾਨੇ ਬਣ ਗਏ **ਵਾ:** ਹੇ ਭਾਈ ! ਉਸ ਗੁਣਤਾਸ = ਗੁਣਾਂ ਦੇ ਖ਼ਜ਼ਾਨੇ ਪਰਮੇਸ਼ਰ ਨੂੰ ਮਨ, ਬਾਣੀ, ਸਰੀਰ ਕਰ ਕੇ ਸਿਮਰਿ = ਯਾਦ ਕਰ ॥੩॥

## ਏਕੋ ਮਨਿ; ਏਕੋ ਸਭ ਠਾਇ ॥

ਏਕੋ = ਅਦ੍ਵੈਤ ਬ੍ਰਹਮ ਦਾ ਮਨਿ = ਮੰਨਣ ਕਰਨ ਨਾਲ, ਸਭ = ਸਾਰੀਆਂ ਠਾਇ = ਜਗ੍ਹਾ, ਥਾਵਾਂ ਵਿਚ ਏਕੋ = ਅਦ੍ਵੈਤ ਰੂਪ ਪਰਮੇਸ਼ਰ ਹੀ ਦਿੱਸਦਾ ਹੈ **ਵਾ:** ਏਕੋ ਮਨਿ = ਇੱਕੋ ਪਰਮੇਸ਼ਰ ਹੀ ਮਨ ਵਿਚ ਰਹਿੰਦਾ ਹੈ ਤੇ ਸਭ = ਸਾਰੀਆਂ ਠਾਇ = ਥਾਵਾਂ 'ਤੇ ਵੀ ਏਕੋ = ਇੱਕੋ ਪਰਮੇਸ਼ਰ ਹੀ ਹੈ।

## ਪੂਰਨ ਪੂਰਿ ਰਹਿਓ; ਸਭ ਜਾਇ ॥

ਲੋਕ ਪਰਲੋਕ, ਬ੍ਰਹਮ ਲੋਕ, ਪਾਤਾਲ ਲੋਕ ਆਦਿ ਸਭ = ਸਾਰੇ ਬ੍ਰਹਿਮੰਡ ਦੀ ਜਾਇ = ਜਗ੍ਹਾ ਵਿਚ ਉਹ ਪੂਰਨ = ਮੁਕੰਮਲ ਪਰਮੇਸ਼ਰ ਪ੍ਰਕਾਸ਼ ਦੀ ਨਿਆਈਂ ਪੂਰਿ = ਵਿਆਪਕ ਹੋ ਰਹਿਓ = ਰਿਹਾ ਹੈ।

## ਗੁਰਿ ਪੂਰੈ; ਸਭੁ ਭਰਮੁ ਚੁਕਾਇਆ ॥

ਪੂਰੈ = ਪੂਰਨ ਗੁਰਿ = ਸਤਿਗੁਰੂ ਸਾਹਿਬ ਜੀ ਨੇ ਸਾਡੇ ਅੰਦਰੋਂ ਸਭੁ = ਸਾਰਾ ਭਰਮ ਚੁਕਾਇਆ = ਚੁੱਕ ਦਿੱਤਾ ਹੈ।

## ਹਰਿ ਸਿਮਰਤ; ਨਾਨਕ ਸੁਖੁ ਪਾਇਆ ॥੪॥੮॥੭੭॥

ਸਤਿਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਇਸ ਪ੍ਰਕਾਰ ਹਰਿ = ਅਕਾਲ ਪੁਰਖ ਦਾ ਸਿਮਰਤ = ਸਿਮਰਨ ਕਰ ਕੇ ਆਤਮਿਕ ਸੁਖ ਪਾਇਆ = ਪਾਉਣਾ ਕੀਤਾ ਹੈ ॥੪॥੮॥੭੭॥

## ਗਉੜੀ ਗੁਆਰੇਰੀ, ਮਹਲਾ ੫ ॥

## ਅਗਲੇ ਮੁਏ; ਸਿ ਪਾਛੈ ਪਰੇ ॥

ਜਿਹੜੇ ਅਗਲੇ = ਅੱਗੇ ਭਾਵ ਪਹਿਲਾਂ ਪਿਤਾ ਪਿਤਾਮਾ ਆਦਿ ਮੁਏ = ਮਰੇ ਸਨ, ਸੇ = ਉਹ ਤਾਂ ਪਾਛੈ = ਪਿੱਛੇ ਪਰੇ = ਪੈ ਗਏ ਹਨ ਭਾਵ ਉਨ੍ਹਾਂ ਦਾ ਚੇਤਾ ਹੀ ਭੁਲਾ ਦਿੱਤਾ ਹੈ ਕਿ ਹੁਣ ਉਨ੍ਹਾਂ ਦਾ ਕੀ ਨਾਮ ਲੈਣਾ ਹੈ।

## ਜੋ ਉਬਰੇ; ਸੇ ਬੰਧਿ ਲਕੁ ਖਰੇ ॥

(**ਲੱਕ** ਅੱਧਕ ਸਹਿਤ ਬੋਲਣਾ)

ਜੋ = ਜਿਹੜੇ ਉਬਰੇ = ਬਚੇ ਹੋਏ ਹਨ, ਸੇ = ਉਹ ਲਕੁ = ਕਮਰ ਬੰਧਿ = ਬੰਨ੍ਹ ਕੇ ਖਰੇ = ਖੜ੍ਹੇ ਹਨ, ਭਾਵ ਕਹਿੰਦੇ ਹਨ ਕਿ ਸਾਡੇ ਦਾਦੇ ਪੜਦਾਦੇ ਮਾਇਆ ਨਹੀਂ ਕਮਾ ਸਕੇ, ਅਸੀਂ ਉਸ ਨਾਲੋਂ ਵੱਧ ਕਮਾ ਕੇ ਦਿਖਾਵਾਂਗੇ।

## ਜਿਹ ਧੰਧੇ ਮਹਿ; ਓਇ ਲਪਟਾਏ ॥

ਜਿਹ = ਜਿਸ ਧੰਧੇ = ਵਿਵਹਾਰਾਂ ਮਹਿ = ਵਿਚ ਓਇ = ਉਹ ਲਪਟਾਏ = ਫਸੇ ਹੋਏ ਸਨ।

## ਉਨ ਤੇ ਦੁਗੁਣ; ਦਿੜੀ ਉਨ ਮਾਏ ॥੧॥

(**ਦੁੱਗੁਣ** ਇੱਕਠਾ ਬੋਲੋ ਦੁ-ਗੁਣ ਨਹੀਂ ਬੋਲਣਾ)

ਉਨ = ਉਨ੍ਹਾਂ ਤੇ = ਨਾਲੋਂ ਦੁਗੁਣ = ਦੋ ਗੁਣਾਂ ਵੱਧ ਭਾਵ ਦੂਣੀ ਮਾਏ = ਮਾਇਆ ਉਨ = ਉਨ੍ਹਾਂ ਨੇ ਇਕੱਤ੍ਰ ਕਰਨੀ ਦਿੜੀ = ਦ੍ਰਿੜ੍ਹ ਕੀਤੀ ਹੋਈ ਹੈ ॥੧॥

## ਓਹ ਬੇਲਾ; ਕਛੁ ਚੀਤਿ ਨ ਆਵੈ ॥

ਇਸ ਜੀਵ ਦੇ ਤਾਈਂ ਓਹ = ਉਹ ਅੰਤ ਦਾ ਬੇਲਾ = ਸਮਾਂ ਕਛੁ = ਕੁਝ ਚੀਤਿ = ਚਿੱਤ ਵਿਚ ਨ = ਨਹੀਂ ਆਵੈ = ਆਉਂਦਾ।

## ਬਿਨਸਿ ਜਾਇ; ਤਾਹੂ ਲਪਟਾਵੈ ॥੧॥ਰਹਾਉ॥

ਜਿਹੜੇ ਮਾਇਕੀ ਪਦਾਰਥ ਬਿਨਸਿ = ਨਾਸ ਹੋ ਜਾਇ = ਜਾਣ ਵਾਲੇ ਹਨ **ਵਾ:** ਜਿਨ੍ਹਾਂ ਪਦਾਰਥਾਂ ਵੱਲੋਂ ਬਿਨਸਿ = ਨਾਸ ਹੋ ਕੇ ਚਲੇ ਜਾਇ = ਜਾਣਾ ਹੈ ਤਾਹੂ = ਉਨ੍ਹਾਂ ਪਦਾਰਥਾਂ **ਵਾ:** ਸੰਬੰਧੀਆਂ ਵਿਚ ਹੀ ਲਪਟਾਵੈ = ਫਸਿਆ ਰਹਿੰਦਾ ਹੈ ॥੧॥ਰਹਾਉ॥

## ਆਸਾ ਬੰਧੀ; ਮੂਰਖ ਦੇਹ ॥

ਇਸ ਮੂਰਖ ਜੀਵ ਨੇ ਨਾਸਵੰਤ ਸੰਸਾਰ ਵਿਚ ਆਪਣੀ ਦੇਹ = ਦੇਹੀ ਦੀ ਸਦਾ ਸਥਿਰਤਾ ਰੂਪ ਆਸਾ = ਉਮੀਦ ਬੰਧੀ = ਬੰਨ੍ਹੀ ਹੋਈ ਹੈ। ਜੈਸਾ ਕਿ :

**ਆਸਾ ਆਸ ਕਰੇ ਸਭੁ ਕੋਈ ॥ ਹੁਕਮੈ ਬੂਝੈ ਨਿਰਾਸਾ ਹੋਈ ॥** *(ਆਸਾ ਮ: ੩, ਅੰਗ ੪੨੩)*

## ਕਾਮ ਕ੍ਰੋਧ ਲਪਟਿਓ; ਅਸਨੇਹ ॥

ਕਾਮ = ਕਾਮ-ਵਾਸ਼ਨਾ ਅਤੇ ਕ੍ਰੋਧ = ਗ਼ੁੱਸੇ ਵਿਚ ਅਤੇ ਸੰਬੰਧੀਆਂ ਦੇ ਅਸਨੇਹ = ਪ੍ਰੇਮ ਵਿਚ ਲਪਟਿਓ = ਲਪਟਿਆ ਹੋਇਆ ਹੈ, ਫਸਿਆ ਹੋਇਆ ਹੈ **ਵਾ:** ਅਸਨੇਹ = ਐਸਾ ਮੋਹਿਆ ਹੋਇਆ ਹੈ ਕਿ :

## ਸਿਰ ਊਪਰਿ; ਠਾਢੋ ਧਰਮ ਰਾਇ ॥

ਇਸ ਦੇ ਸਿਰ ਊਪਰਿ = ਉੱਪਰ ਧਰਮਰਾਇ = ਧਰਮਰਾਜਾ ਭਾਵ ਜਮਦੂਤ ਠਾਢੋ = ਖੜ੍ਹਾ ਹੈ।

## ਮੀਠੀ ਕਰਿ ਕਰਿ; ਬਿਖਿਆ ਖਾਇ ॥੨॥

ਪਰ ਇਹ ਬਿਖਿਆ = ਜ਼ਹਿਰ ਰੂਪ ਮਾਇਆ ਨੂੰ ਮੀਠੀ = ਮਿੱਠੀ ਮੰਨ ਕਰ ਕੇ ਖਾਇ = ਖਾਣਾ ਕਰ ਰਿਹਾ ਹੈ **ਵਾ:** ਬਿਖਿਆ = ਵਿਸ਼ਿਆਂ ਨੂੰ ਖਾਇ = ਭੋਗਣ ਵਿਚ ਲੱਗਾ ਹੋਇਆ ਹੈ ॥੨॥

## ਹਉ ਬੰਧਉ; ਹਉ ਸਾਧਉ ਬੈਰੁ ॥

(**ਸਾਧਉ** ਕੱਸ ਕੇ ਬੋਲਣਾ)

ਫਿਰ ਹੰਕਾਰ ਵਿਚ ਕਹਿੰਦਾ ਹੈ ਕਿ ਹਉ = ਮੈਂ ਜੇ ਚਾਹਾਂ ਤਾਂ ਕਿਸੇ ਨੂੰ ਵੀ ਬੰਧਉ = ਬੰਨ੍ਹ ਲਵਾਂ, ਕੈਦ ਕਰ ਲਵਾਂ ਅਤੇ ਹਉ = ਮੈਂ ਹੀ ਆਪਣੇ ਵੱਡਿਆਂ ਦਾ ਬੈਰੁ = ਵੈਰ ਭਾਵ ਬਦਲਾ ਸਾਧਉ = ਸਾਧ ਸਕਦਾ ਹਾਂ, ਭਾਵ ਆਪਣਾ ਵੈਰ ਲੈ ਸਕਦਾ ਹਾਂ।

## ਹਮਰੀ ਭੂਮਿ; ਕਉਣੁ ਘਾਲੈ ਪੈਰੁ ॥

ਮਾਣ ਕਰਦਾ ਹੈ ਕਿ ਹਮਰੀ = ਮੇਰੀ ਭੂਮਿ = ਭੂਮੀ ਭਾਵ ਜ਼ਮੀਨ ਵਿਚ ਕਉਣੁ = ਕਿਹੜਾ ਪੈਰੁ = ਕਦਮ ਘਾਲੈ = ਪਾਉਂਦਾ ਹੈ, ਪਾ ਸਕਦਾ ਹੈ।

## ਹਉ ਪੰਡਿਤੁ; ਹਉ ਚਤੁਰੁ ਸਿਆਣਾ ॥

ਹਉ = ਮੈਂ ਵਿੱਦਿਆ ਪੜ੍ਹਿਆ ਹੋਇਆ ਪੰਡਿਤੁ = ਵਿਦਵਾਨ ਹਾਂ, ਹਉ = ਮੈਂ ਹੀ ਦੁਨੀਆਂ ਵਿਚ, ਚਰਚਾ ਕਰਨ ਵਿਚ ਚਤੁਰੁ = ਚਲਾਕ ਹਾਂ ਅਤੇ ਵਿਹਾਰਾਂ ਵਿਚ **ਵਾ:** ਸ਼ਾਸਤ੍ਰ ਗਿਆਨ ਵਿਚ ਸਿਆਣਾ = ਸੁਜਾਨ ਹਾਂ।

## ਕਰਣੈਹਾਰੁ; ਨ ਬੁਝੈ ਬਿਗਾਨਾ ॥੩॥

ਇਸ ਪ੍ਰਕਾਰ ਬਿਗਾਨਾ = ਬਿਨਾਂ ਗਿਆਨ ਤੋਂ (ਬੇਗਿਆਤ) ਹੋ ਕੇ, ਸਾਰੇ ਬ੍ਰਹਮੰਡ ਨੂੰ ਪੈਦਾ ਕਰਣੈਹਾਰੁ = ਕਰਨ ਵਾਲੇ ਪਰਮੇਸ਼ਰ ਨੂੰ ਬੁਝੈ = ਜਾਣਦਾ ਹੀ ਨ = ਨਹੀਂ ਹੈ ॥੩॥

## ਅਪੁਨੀ ਗਤਿ ਮਿਤਿ; ਆਪੇ ਜਾਨੈ ॥

(**'ਗਤਿ' 'ਮਿਤਿ'** ਅੱਧਕ ਰਹਿਤ ਪੋਲੇ ਬੋਲੋ)

ਵਾਹਿਗੁਰੂ ਅਪੁਨੀ = ਆਪਣੀ ਗਤਿ = ਪ੍ਰਾਪਤੀ ਦੀ ਮਿਤਿ = ਮਰਿਆਦਾ ਨੂੰ ਆਪੇ = ਆਪ ਹੀ ਜਾਨੈ = ਜਾਣਦਾ ਹੈਂ।

## ਕਿਆ ਕੋ ਕਹੈ; ਕਿ ਆਖਿ ਵਖਾਨੈ ॥

(**ਕਿ** ਸ਼ੁੱਧ ਹੈ ਕਿਆ ਨਹੀਂ ਕਰਨਾ)

ਕਿ = ਕੀ ਕੋ = ਕੋਈ ਅੱਗੇ ਨੂੰ ਸ਼ਾਸਤ੍ਰ ਨਾਲ ਕਹੈ = ਕਹੇਗਾ ਅਤੇ ਹੁਣ ਵਰਤਮਾਨ ਸਮੇਂ ਵਿਚ ਵੀ ਅਖਾਣਾਂ ਪੁਰਾਣਾਂ ਦੁਆਰਾ ਕਿ = ਕੀ ਕੋਈ ਆਖਿ = ਕਹਿ ਕੇ ਵਖਾਨੈ = ਕਥਨ ਕਰ ਸਕਦਾ ਹੈ **ਵਾ:** ਕੀ ਕੋਈ ਵਰਤਮਾਨ ਸਮੇਂ ਵਿਚ ਹੁਣ ਕਹੇ, ਕੀ ਕੋਈ ਭਵਿੱਖ ਦੇ ਸਮੇਂ ਨੂੰ ਕਹਿ ਕੇ ਵਖਾਨੈ = ਕਥਨ ਕਰੇਗਾ।

## ਜਿਤੁ ਜਿਤੁ ਲਾਵਹਿ; ਤਿਤੁ ਤਿਤੁ ਲਗਨਾ ॥

ਹੇ ਮਹਾਰਾਜ ! ਜੀਵਾਂ ਦੀ ਕਰਣੀ ਅਨੁਸਾਰ ਜਿਤੁ ਜਿਤੁ = ਜਿਸ ਜਿਸ ਪਾਸੇ ਲਾਵਹਿ = ਲਾਉਣਾ ਕਰਦੇ ਹੋ, ਤਿਤੁ ਤਿਤੁ = ਉਸ ਉਸ ਪਾਸੇ ਜੀਵਾਂ ਨੇ ਲਗਨਾ = ਲੱਗਣਾ ਕੀਤਾ ਹੈ।

## ਅਪਨਾ ਭਲਾ; ਸਭ ਕਾਹੂ ਮੰਗਨਾ ॥੪॥

ਅਪਨਾ = ਆਪਣਾ ਭਲਾ = ਸੁਖ ਤਾਂ ਸਭ ਕਾਹੂ = ਕਿਸੇ ਨੇ ਹੀ ਮੰਗਨਾ = ਮੰਗਣਾ ਕੀਤਾ ਹੈ ॥੪॥

## ਸਭ ਕਿਛੁ ਤੇਰਾ; ਤੂੰ ਕਰਣੈਹਾਰੁ ॥

ਹੇ ਮਹਾਰਾਜ ਸਭ = ਸਾਰਾ ਕਿਛੁ = ਕੁਝ ਤੇਰਾ = ਤੁਹਾਡਾ ਹੀ ਹੈ ਅਤੇ ਤੂੰ = ਤੁਸੀਂ ਹੀ ਜਗਤ ਨੂੰ ਪੈਦਾ ਕਰਣੈਹਾਰੁ = ਕਰਨ ਵਾਲੇ ਹੋ।

## ਅੰਤੁ ਨਾਹੀ; ਕਿਛੁ ਪਾਰਾਵਾਰੁ ॥

ਤੁਹਾਡੇ ਪਾਰਾਵਾਰੁ = ਪਾਰ ਉਰਵਾਰ, ਹੱਦ ਦਾ, ਲੋਕ ਪਰਲੋਕ ਕਰ ਕੇ ਕਿਛੁ = ਕੁਝ, ਥੋੜ੍ਹੇ ਮਾਤਰ ਵੀ **ਵਾ:** ਕਿਛੁ = ਕਿਸੇ ਦੇ ਕੋਲੋਂ ਅੰਤ ਨਾਹੀ = ਨਹੀਂ ਪਾਇਆ ਜਾਂਦਾ।

## ਦਾਸ ਅਪਨੇ ਕਉ; ਦੀਜੈ ਦਾਨੁ ॥

ਹੇ ਮਹਾਰਾਜ ! ਸਾਨੂੰ ਅਪਨੇ = ਆਪਣੇ ਦਾਸ = ਸੇਵਕਾਂ ਕਉ = ਨੂੰ ਅੰਮ੍ਰਿਤ ਨਾਮ ਦਾ ਦਾਨ ਦੀਜੈ = ਦੇਣਾ ਕਰੋ।

## ਕਬਹੂ ਨ ਵਿਸਰੈ; ਨਾਨਕ ਨਾਮੁ ॥੫॥੯॥੭੮॥

ਸਤਿਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਹੇ ਮਹਾਰਾਜ ! ਤੁਹਾਡਾ ਅੰਮ੍ਰਿਤ ਨਾਮ ਸਾਨੂੰ ਕਬਹੂ = ਕਦੇ ਵੀ ਵਿਸਰੈ = ਭੁੱਲੇ ਨ = ਨਾ ॥੫॥੯॥੭੮॥

## ਗਉੜੀ ਗੁਆਰੇਰੀ, ਮਹਲਾ ੫ ॥

## ਅਨਿਕ ਜਤਨ; ਨਹੀ ਹੋਤ ਛੁਟਾਰਾ ॥

ਨਾਮ ਤੋਂ ਬਿਨਾਂ ਅਨਿਕ = ਅਨੇਕਾਂ ਜਤਨ = ਉਪਾਅ ਕਰਨ ਨਾਲ ਸੰਸਾਰ ਬੰਧਨਾਂ ਤੋਂ ਛੁਟਾਰਾ = ਛੁਟਕਾਰਾ ਨਹੀਂ ਹੋਤ = ਹੁੰਦਾ।

## ਬਹੁਤੁ ਸਿਆਣਪ; ਆਗਲ ਭਾਰਾ ॥

(‘**ਆਗਲ**’ ਇਕੱਠਾ ਅਤੇ ਕੱਸ ਕੇ ਬੋਲੋ)

ਬਹੁਤੁ = ਜ਼ਿਆਦਾ ਬੁੱਧੀ ਦੀਆਂ ਸਿਆਣਪ = ਚਤੁਰਾਈਆਂ ਨਾਲ ਆਗਲ = ਪਰਲੋਕ ਵਿਚ ਬਹੁਤ ਸਾਰਾ ਪਾਪਾਂ ਦਾ ਭਾਰ ਪੈ ਜਾਂਦਾ ਹੈ **ਵਾ:** ਪਾਪਾਂ ਦਾ ਭਾਰਾ = ਭਾਰ (ਆ+ਗਲ) ਆ ਕੇ ਗਲ ਵਿਚ ਪੈ ਜਾਂਦਾ ਹੈ। ਜੈਸਾ ਕਿ :

**ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥** *(ਅੰਗ ੨੬੫-੬੬)*

## ਹਰਿ ਕੀ ਸੇਵਾ; ਨਿਰਮਲ ਹੇਤ ॥

ਹੇ ਭਾਈ ਹਰਿ = ਪਰਮੇਸ਼ਰ ਕੀ = ਦੀ ਭਗਤੀ ਰੂਪੀ ਸੇਵਾ = ਟਹਿਲ ਨਿਰਮਲ = ਉੱਜਲ ਅਤੇ ਸਾਰਿਆਂ ਨਾਲ ਹੇਤ = ਪਿਆਰ ਕਰਨ ਵਾਲੀ ਹੈ **ਅਥਵਾ** ਨਿਰਮਲ = ਉੱਜਲ ਪਰਮੇਸ਼ਰ ਨਾਲ, ਮਾਇਆ ਦੀ ਮੈਲ ਤੋਂ ਰਹਿਤ ਹੋ ਕੇ ਜੋ ਹੇਤ = ਪ੍ਰੇਮ ਕਰਨਾ ਹੈ, ਇਹ ਹਰੀ ਦੀ ਸੇਵਾ ਹੈ।

## ਪ੍ਰਭ ਕੀ ਦਰਗਹ; ਸੋਭਾ ਸੇਤ ॥੧॥

ਭਗਤੀ ਕਰਕੇ, ਪ੍ਰੇਮ ਕਰਕੇ ਹੀ ਪ੍ਰਭ = ਪਰਮੇਸ਼ਰ ਦੀ ਦਰਗਹ = ਦਰਗਾਹ, ਸਚਖੰਡ ਵਿਚ ਸੇਤ = ਉੱਜਲੀ ਸੋਭਾ = ਜਸ, ਵਡਿਆਈ ਹੁੰਦੀ ਹੈ **ਅਥਵਾ** ਵਾਹਿਗੁਰੂ ਦੀ ਦਰਗਾਹ ਵਿਚ ਗੁਰਮੁਖ ਜਨ ਸੋਭਾ ਵਾਲੇ ਹੁੰਦੇ ਹਨ ਅਤੇ ਉਨ੍ਹਾਂ ਦੇ ਮੁਖ ਸੇਤ = ਉੱਜਲੇ ਹੁੰਦੇ ਹਨ ॥੧॥ ਜੈਸਾ ਕਿ :

**ਐਸੀ ਸੋਭਾ ਜਨੈ ਕੀ ਜੇਵਡੁ ਹਰਿ ਪਰਤਾਪੈ ॥** *(ਅੰਗ ੧੦੯੭)*

**ਅਥਵਾ** ਦਰਗਹ = ਸਤਿਸੰਗਤ ਵਿਚ ਮਿਲ ਕਰ ਕੇ ਪਰਮੇਸ਼ਰ ਦੀ ਸੋਭਾ = ਕੀਰਤੀ ਕਰਨੀ ਸੰਸਾਰ-ਸਮੁੰਦਰ ਤੋਂ ਪਾਰ ਕਰਨ ਵਾਸਤੇ ਸੇਤ = ਪੁਲ ਦੀ ਨਿਆਈਂ ਹੈ **ਵਾ:** ਗੁਰਮੁਖਾਂ ਦਾ ਜੀਵਨ ਸੇਤ = ਪੁਲ ਦੀ ਨਿਆਈਂ ਹੁੰਦਾ ਹੈ। ਜਿਨ੍ਹਾਂ ਦੀ ਸੰਗਤ ਕਰ ਕੇ ਪਰਮੇਸ਼ਰ ਦੇ ਦਰਗਹ = ਸਚਖੰਡ ਦਰਬਾਰ ਵਿਚ ਸੋਭਾ ਦੇ ਸਹਿਤ ਹੋਈਦਾ ਹੈ।

[ਅੰਗ ੧੭੯]

## ਮਨ ਮੇਰੇ; ਗਹੁ ਹਰਿ ਨਾਮ ਕਾ ਓਲਾ ॥

ਹੇ ਮੇਰੇ ਪਿਆਰੇ ਮਨ = ਮਨਾਂ! ਹਰਿ = ਹਰੀ ਪਰਮੇਸ਼ਰ ਦਾ ਨਾਮ ਓਲਾ = ਆਸਰਾ ਰੂਪ ਹੈ, ਉਸ ਨੂੰ ਗਹੁ = ਗ੍ਰਹਿਣ ਕਰ **ਵਾ:** (ਅਰਬੀ ਵਿਚ ਓਲਾ ਪਰਦੇ ਨੂੰ ਕਹਿੰਦੇ ਹਨ) ਹੇ ਮੇਰੇ ਮਨਾਂ ਹਰੀ ਦਾ ਨਾਮ ਹੀ ਤੇਰਾ ਲੋਕ ਪਰਲੋਕ ਵਿਚ ਓਲਾ = ਪਰਦਾ ਰੂਪ ਹੈ, ਉਸ ਨੂੰ ਗਹੁ = ਗ੍ਰਹਿਣ ਕਰ **ਵਾ:** (ਅਰਬੀ ਵਿਚ 'ਓਲਾ' ਸੁੰਦਰ ਨੂੰ ਵੀ ਕਹਿੰਦੇ ਹਨ) ਹੇ ਮੇਰੇ ਮਨਾਂ! ਹਰੀ ਪਰਮੇਸ਼ਰ ਦਾ ਨਾਮ ਓਲਾ = ਸੁੰਦਰ ਰੂਪ ਹੈ ਉਸ ਨੂੰ ਗਹੁ = ਗ੍ਰਹਿਣ ਕਰ।

## ਤੁਝੈ ਨ ਲਾਗੈ; ਤਾਤਾ ਝੋਲਾ ॥੧॥ਰਹਾਉ॥

(**ਤਾਤਾ** ਕੱਸ ਕੇ ਬੋਲੋ)

ਜਿਸ ਕਰਕੇ ਤੁਝੈ = ਤੈਨੂੰ ਦੁੱਖ, ਵਿਕਾਰਾਂ, ਨਰਕਾਂ ਦਾ ਤਾਤਾ = ਤੱਤਾ, ਸੇਕ ਰੂਪ ਝੋਲਾ = ਬੁੱਲ੍ਹਾ ਨ = ਨਹੀਂ ਲਾਗੈ = ਲੱਗੇਗਾ **ਵਾ:** ਮਾਤਾ ਦੇ ਗਰਭ ਵਿਚ ਤੱਤਾ, ਸੇਕ ਰੂਪ ਬੁੱਲ੍ਹਾ ਨ = ਨਹੀਂ ਲਾਗੈ = ਲੱਗੇਗਾ ॥੧॥ਰਹਾਉ॥

## ਜਿਉ ਬੋਹਿਥੁ; ਭੈ ਸਾਗਰ ਮਾਹਿ ॥

**ਦ੍ਰਿਸ਼ਟਾਂਤ :** ਜਿਉ = ਜਿਸ ਪ੍ਰਕਾਰ ਭੈ = ਭੈਦਾਇਕ ਸਾਗਰ = ਸਮੁੰਦਰ ਮਾਹਿ = ਵਿਚ ਕਿਸੇ ਡੁੱਬਦੇ ਨੂੰ ਬੋਹਿਥੁ = ਜਹਾਜ਼ ਰੱਖਿਅਕ ਹੁੰਦਾ ਹੈ।

**ਦਾ ਦ੍ਰਿਸ਼ਟਾਂਤ :** ਏਸੇ ਪ੍ਰਕਾਰ ਭੈ = ਭੈਦਾਇਕ ਸੰਸਾਰ ਸਾਗਰ = ਸਮੁੰਦਰ ਮਾਹਿ = ਵਿਚ ਪਦਾਰਥਾਂ ਰੂਪ ਪਾਣੀ ਵਿਚ ਡੁੱਬਦੇ ਹੋਏ ਜੀਵ ਨੂੰ ਤਾਰਨ ਵਾਲਾ ਪਰਮੇਸ਼ਰ ਦਾ ਨਾਮ ਰੂਪ ਬੋਹਿਥੁ = ਜਹਾਜ਼ ਹੈ।

## ਅੰਧਕਾਰ; ਦੀਪਕ ਦੀਪਾਹਿ ॥

ਜਿਵੇਂ ਅੰਧਕਾਰ = ਬਹੁਤ ਹਨੇਰੇ ਵਿਚ ਦੀਪਕ = ਦੀਵਾ ਦੀਪਾਹਿ = ਪ੍ਰਕਾਸ਼ ਕਰਦਾ ਹੈ। ਏਸੇ ਪ੍ਰਕਾਰ ਅਗਿਆਨ ਦੇ ਅੰਧਕਾਰ = ਹਨੇਰੇ ਵਿਚ ਪਰਮੇਸ਼ਰ ਦਾ ਨਾਮ ਰੂਪ ਦੀਪਕ = ਦੀਵਾ ਜੀਵ ਦੇ ਅੰਤਸ਼ਕਰਣ ਵਿਚ ਦੀਪਾਹਿ = ਪ੍ਰਕਾਸ਼ ਕਰਦਾ ਹੈ।

## ਅਗਨਿ; ਸੀਤ ਕਾ ਲਾਹਸਿ ਦੂਖ ॥

ਜਿਵੇਂ ਅਗਨਿ = ਅੱਗ ਨਾਲ ਸੀਤ = ਠੰਡ ਕਾ = ਦਾ ਦੂਖ = ਦੁਖ ਲਾਹਸਿ = ਲਹਿ ਜਾਂਦਾ ਹੈ। ਇਵੇਂ ਪਰਮੇਸ਼ਰ ਦਾ ਨਾਮ ਅਗਨਿ = ਅੱਗ ਦੀ ਨਿਆਈਂ ਹੈ। ਜੋ ਪਾਪਾਂ ਦੇ ਸੀਤ = ਪਾਲੇ ਰੂਪੀ ਦੂਖ = ਦੁਖ ਨੂੰ ਲਾਹਸਿ = ਲਾਹ ਦੇਣ ਵਾਲਾ ਹੈ, ਮੇਟ ਦੇਣ ਵਾਲਾ ਹੈ।

## ਨਾਮੁ ਜਪਤ; ਮਨਿ ਹੋਵਤ ਸੂਖ ॥੨॥

ਪਰਮੇਸ਼ਰ ਦਾ ਨਾਮ ਜਪਤ = ਜਪਣ ਕਰ ਕੇ ਮਨਿ ਸੂਖ = ਸੁਖੀ ਹੋਵਤ = ਹੋ ਜਾਂਦਾ ਹੈ **ਵਾ:** ਮਨ ਵਿਚ ਪੂਰਨ ਸੁਖ ਪ੍ਰਾਪਤ ਹੋ ਜਾਂਦਾ ਹੈ ॥੨॥

## ਉਤਰਿ ਜਾਇ; ਤੇਰੇ ਮਨ ਕੀ ਪਿਆਸ ॥

ਹੇ ਪਿਆਰਿਆ ! ਜੋ ਤੇਰੇ ਮਨ ਵਿਚ ਪਦਾਰਥਾਂ ਦੀ, ਵਿਸ਼ੇ ਆਦਿਕਾਂ ਦੀ, ਤ੍ਰਿਸ਼ਨਾ ਦੀ ਪਿਆਸ = ਤ੍ਰੇਹ ਹੈ, ਇਹ ਸਾਰੀ ਉਤਰਿ = ਲਹਿ ਜਾਇ = ਜਾਵੇਗੀ ਭਾਵ ਨਾਸ ਹੋ ਜਾਵੇਗੀ।

## ਪੂਰਨ ਹੋਵੈ; ਸਗਲੀ ਆਸ ॥

ਸਗਲੀ = ਸਾਰੀਆਂ ਆਸ = ਆਸਾਂ ਪੂਰਨ = ਪੂਰੀਆਂ ਹੋਵੈ = ਹੋ ਜਾਣਗੀਆਂ।

## ਡੋਲੈ ਨਾਹੀ; ਤੁਮਰਾ ਚੀਤੁ ॥

ਹੇ ਭਾਈ ! ਪਦਾਰਥਾਂ ਆਦਿ ਨੂੰ ਵੇਖ ਕੇ, ਸੰਸਾਰ ਦੇ ਭੈਅ ਆਦਿ ਵਿਚ ਤੁਮਰਾ = ਤੇਰਾ ਚੀਤ = ਚਿੱਤ ਡੋਲੈ = ਡੋਲੇਗਾ ਨਾਹੀ = ਨਹੀਂ ਭਾਵ ਚਿਤ ਅਡੋਲ ਹੋ ਜਾਵੇਗਾ।

## ਅੰਮ੍ਰਿਤ ਨਾਮੁ ਜਪਿ; ਗੁਰਮੁਖਿ ਮੀਤ ॥੩॥

ਹੇ ਮੀਤ = ਮਿੱਤਰਾ, ਸੱਜਣਾ ! ਗੁਰਮੁਖਿ = ਗੁਰਮੁਖ ਜਨਾਂ ਦੀ ਸੰਗਤ ਕਰ ਕੇ ਅੰਮ੍ਰਿਤ ਰੂਪ ਨਾਮ ਨੂੰ ਜਪਿ = ਜਪਣਾ ਕਰ ॥੩॥

## ਨਾਮੁ ਅਉਖਧੁ; ਸੋਈ ਜਨੁ ਪਾਵੈ ॥

ਹੇ ਭਾਈ ! ਨਾਮ ਰੂਪੀ ਅਉਖਧੁ = ਦਵਾਈ ਸੋਈ = ਉਹੋ ਜਨੁ = ਪੁਰਖ ਹੀ ਪਾਵੈ = ਪਾ ਸਕਦਾ ਹੈ।

## ਕਰਿ ਕਿਰਪਾ; ਜਿਸੁ ਆਪਿ ਦਿਵਾਵੈ ॥

ਜਿਸ ਨੂੰ ਪੂਰਬਲੇ ਪੁੰਨਾਂ ਦਾ ਪ੍ਰੇਰਿਆ ਹੋਇਆ ਪਰਮੇਸ਼ਰ ਕਿਰਪਾ = ਮੇਹਰ ਦੀ ਦ੍ਰਿਸ਼ਟੀ ਕਰਿ = ਕਰਕੇ ਆਪ ਗੁਰਾਂ ਪਾਸੋਂ ਨਾਮ ਦੀ ਦਾਤ ਦਿਵਾਵੈ = ਦਿਵਾ ਦਿੰਦਾ ਹੈ।

## ਹਰਿ ਹਰਿ ਨਾਮੁ; ਜਾ ਕੈ ਹਿਰਦੈ ਵਸੈ ॥

ਜਾ = ਜਿਸ ਕੈ = ਦੇ ਹਿਰਦੈ = ਮਨ ਵਿਚ ਪਾਪਾਂ ਦੇ ਹਰਿ = ਹਾਰਕ ਹਰਿ = ਪਰਮੇਸ਼ਰ ਦਾ ਨਾਮ ਵਸੈ = ਵੱਸ ਜਾਂਦਾ ਹੈ।

## ਦੂਖੁ ਦਰਦੁ; ਤਿਹ ਨਾਨਕ ਨਸੈ ॥੪॥੧੦॥੭੯॥

ਸਤਿਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਉਸ ਦਾ ਜੰਮਣ ਮਰਣ ਰੂਪ ਦੁਖ ਅਤੇ ਅਵਿਦਿਆ ਆਦਿ ਦੀ ਦਰਦੁ = ਪੀੜਾ ਸਭ ਨਸੈ = ਨੱਸ ਜਾਂਦੀ ਹੈ, ਨਾਸ ਹੋ ਜਾਂਦੀ ਹੈ ॥੪॥੧੦॥੭੯॥

## ਗਉੜੀ ਗੁਆਰੇਰੀ, ਮਹਲਾ ੫ ॥

## ਬਹੁਤੁ ਦਰਬੁ ਕਰਿ; ਮਨੁ ਨ ਅਘਾਨਾ ॥

ਬਹੁਤ ਸਾਰਾ ਦਰਬੁ = ਧਨ ਇਕੱਠਾ ਕਰਿ = ਕਰ ਕੇ ਕਿਸੇ ਦਾ ਮਨ ਨ = ਨਹੀਂ ਅਘਾਨਾ = ਰੱਜਦਾ, ਤ੍ਰਿਪਤ ਨਹੀਂ ਹੁੰਦਾ ਹੈ।

ਇਸੇ ਤੁਕ ਅਨੁਸਾਰ ਢੁਕਵੀਂ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿੱਚੋਂ ਭਾਈ ਸੰਤੋਖ ਸਿੰਘ ਜੀ ਦੁਆਰਾ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਲਿਖੀ ਹੋਈ ਮਿਲਦੀ ਹੈ।

**ਸਾਖੀ—ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦੁਨੀਚੰਦ ਦੀ :** ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਦੀ ਕਲਿਆਣ ਕਰਦੇ ਹੋਏ ਲਾਹੌਰ ਵਿਚ ਪਹੁੰਚੇ, ਤਾਂ ਉਥੇ ਦੁਨੀਚੰਦ ਜੋ ਮੰਨਿਆ ਪ੍ਰਮੰਨਿਆ ਸ਼ਾਹੂਕਾਰ ਸੀ। ਮਾਇਆ ਇਕੱਠੀ ਕਰਨ ਦਾ ਸੁਭਾਅ ਹੋਣ ਕਰਕੇ ਸੱਤ ਲੱਖ ਧੱਜਾਂ ਖ਼ਜ਼ਾਨਿਆਂ ਵਿਚ ਹੋਣ ਕਰਕੇ ਮਕਾਨ ਦੀ ਛੱਤ ’ਤੇ ਸੱਤ ਧਜਾਂ ਲਹਿਰਾ ਰਹੀਆਂ ਸਨ। ਪਰ ਫਿਰ ਵੀ ਮਾਇਆ ਦਾ ਲਾਲਚ ਜਿਉਂ ਦਾ ਤਿਉਂ ਸੀ। ਗੁਰੂ ਜੀ ਨੇ ਇਸਦੀ ਬੇਨਤੀ ਮੰਨ ਕੇ ਇਸ ਦੇ ਘਰ ਚਰਨ ਪਾਏ। ਘਰ ਵਿਚ ਭੋਜਨ ਛਕਣ ਵਾਲਿਆਂ ਦੀ ਭੀੜ ਦੇਖ ਕੇ ਗੁਰੂ ਜੀ ਨੇ ਪੁੱਛਿਆ ਕਿ ਇਸ ਭੀੜ ਦਾ ਕੀ ਕਾਰਨ ਹੈ ? ਤਾਂ ਦੁਨੀਚੰਦ ਨੇ ਕਿਹਾ ਕਿ ਮੇਰੇ ਪਿਤਾ ਦਾ ਸਰਾਧ ਹੈ। ਇਹ ਭੋਜਨ ਉਸੇ ਦੇ ਨਮਿੱਤ ਕੀਤਾ ਗਿਆ ਹੈ, ਤਾਂ ਸੁਣ ਕੇ ਸਤਿਗੁਰੂ ਜੀ ਨੇ ਕਿਹਾ ਕਿ ਇਹ ਭੋਜਨ ਤੇਰੇ ਪਿਤਾ ਨੂੰ ਪਹੁੰਚ ਗਿਆ ਹੈ। ਦੁਨੀਚੰਦ ਕਹਿੰਦਾ ਕਿ ਗੁਰੂ ਜੀ ਮੈਨੂੰ ਤਾਂ ਇਸ ਗੱਲ ਦਾ ਪਤਾ ਨਹੀਂ, ਆਪ ਸਭ ਕੁਝ ਜਾਣਦੇ ਹੋ ਕ੍ਰਿਪਾ ਕਰਕੇ ਤੁਸੀਂ ਹੀ ਦੱਸਣਾ ਕਰੋ। ਗੁਰੂ ਜੀ ਨੇ ਕਿਹਾ ਕਿ ਤੇਰਾ ਪਿਤਾ ਬਘਿਆੜ ਦੀ ਜੂਨ ਵਿਚ ਪਿਆ ਹੋਇਆ, ਜੰਗਲ ਵਿਚ ਕਈ ਦਿਨਾਂ ਦਾ ਭੁੱਖਾ ਦੁਖੀ ਹੋ ਰਿਹਾ ਹੈ। ਤੂੰ ਭੋਜਨ ਲੈ ਕੇ ਜਾਹ, ਡਰਨ ਦੀ ਲੋੜ ਨਹੀਂ, ਤੇਰੇ ਦਰਸ਼ਨ ਕਰ ਕੇ ਉਸ ਦਾ ਭਲਾ ਹੋ ਜਾਵੇਗਾ। ਦੁਨੀਚੰਦ ਭੋਜਨ ਲੈ ਕੇ ਗਿਆ, ਦੁਨੀਚੰਦ ਨੂੰ ਦੇਖ ਕੇ ਬਘਿਆੜ ਦੀ ਜੂਨ ਵਿਚ ਪਏ ਹੋਏ ਉਸ ਦੇ ਪਿਤਾ ਨੂੰ ਗੁਰੂ ਪ੍ਰਤਾਪ ਨਾਲ ਗਿਆਨ ਹੋ ਗਿਆ। ਜਿਹੜੇ ਨੇਤ੍ਰਾਂ ਨਾਲ ਦੁਨੀਚੰਦ ਗੁਰੂ ਸਾਹਿਬ ਜੀ ਦੇ ਦਰਸ਼ਨ ਕਰ ਕੇ ਗਿਆ ਸੀ, ਜਦ ਬਘਿਆੜ ਦੀ ਜੂਨ ਪਏ ਪਿਤਾ ਵੱਲ ਵੇਖਿਆ ਤਾਂ ਉਸ ਸਮੇਂ ਦੇਹ ਤਿਆਗ ਕੇ ਪ੍ਰਕਾਸ਼ ਰੂਪ ਦੇਹ, ਸੂਖਮ ਸਰੀਰ ਸਹੀ ਪਿਤਾ ਵਾਲੇ ਰੂਪ ਦੇ ਵਿਚ ਹੋ ਕੇ ਧੰਨਵਾਦ ਕਰਦਾ ਹੈ ਕਿ ਬੇਟਾ ਜਿਹੜੇ ਨੇਤ੍ਰਾਂ ਨਾਲ ਤੂੰ ਪਰਮੇਸ਼ਰ ਸਰੂਪ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕਰ ਕੇ ਆਇਆ ਹੈਂ, ਤੇਰੇ ਪਵਿੱਤਰ ਹੋਏ ਨੇਤ੍ਰਾਂ ਦੇ ਕਾਰਨ ਹੀ ਮੇਰੀ ਕਲਿਆਣ ਹੋ ਗਈ ਹੈ, ਹੁਣ ਤੂੰ ਵੀ ਸੇਵਾ ਕਰ ਕੇ ਆਪਣਾ ਜਨਮ ਸਵਾਰ ਲੈ। ਮੈਂ ਸਚਖੰਡ ਨੂੰ ਚਲਿਆ ਹਾਂ, ਤਾਂ ਦੁਨੀਚੰਦ ਨੇ ਕਿਹਾ ਕਿ ਪਿਤਾ ਜੀ ਇਹ ਨਖਿਧ ਜੂਨੀ ਤੁਸੀਂ ਕਿਵੇਂ ਪਾਈ, ਤਾਂ ਉਸ ਨੇ ਕਿਹਾ ਕਿ ਜਦ ਮੈਂ ਮਰਨ ਲੱਗਿਆ ਸੀ, ਉਸ ਵੇਲੇ ਗਵਾਂਢੀ ਦੇ ਚੁੱਲ੍ਹੇ ’ਤੇ ਮੱਛੀ ਦਾ ਮਾਸ ਰਿਝਦੇ ਦੀ ਵਾਸਨਾ ਆਈ, ਮੇਰੇ ਮਨ ਵਿਚ ਮਾਸ ਖਾਣ ਦਾ ਸੰਕਲਪ ਪੈਦਾ ਹੋ ਗਿਆ, ਉਸ ਸਮੇਂ ਮੇਰੇ ਪ੍ਰਾਣ ਨਿਕਲ ਗਏ, ਜਿਸ ਕਾਰਨ ਹੁਣ ਮੈਨੂੰ ਮਾਸਾਹਾਰੀ ਜੀਵ ਦੀ ਜੂਨ ਪ੍ਰਾਪਤ ਹੋਈ ਸੀ, ਪਰ ਹੁਣ ਗੁਰ ਕਿਰਪਾ ਸਦਕਾ ਮੈਂ ਸਚਖੰਡ ਨੂੰ ਜਾ ਰਿਹਾ ਹਾਂ। ਇਹ ਕਹਿ ਕੇ ਦੁਨੀਚੰਦ ਦਾ ਪਿਤਾ ਸਚਖੰਡ ਨੂੰ ਚਲਾ ਗਿਆ ਅਤੇ ਦੁਨੀਚੰਦ ਆ ਕੇ ਸਤਿਗੁਰਾਂ ਦੇ ਚਰਨੀਂ ਢਹਿ ਪਿਆ। ਕਹਿਣ ਲੱਗਾ—ਮਹਾਰਾਜ ਕੋਈ ਸੇਵਾ ਬਖ਼ਸ਼ੋ, ਮਹਾਰਾਜ ਜੀ ਨੇ ਇਕ ਸੂਈ ਦੇ ਕੇ ਕਿਹਾ ਕਿ ਇਸ ਨੂੰ ਸੰਭਾਲ ਕੇ ਰੱਖੀਂ, ਅਸੀਂ ਪਰਲੋਕ ਵਿਚ ਤੈਥੋਂ ਵਾਪਸ ਲਵਾਂਗੇ, ਉਸ ਨੇ ਸੂਈ ਲਿਆ ਕੇ ਆਪਣੀ ਘਰਵਾਲੀ ਨੂੰ ਫੜਾ ਦਿੱਤੀ ਤੇ ਕਿਹਾ ਕਿ ਇਸ ਨੂੰ ਸੰਭਾਲ ਕੇ ਰੱਖਣਾ ਹੈ, ਗੁਰੂ ਜੀ ਨੇ ਪਰਲੋਕ ਵਿਚ ਲੈਣੀ ਹੈ, ਘਰਵਾਲੀ ਸੂਝਵਾਲੀ ਸੀ, ਉਸ ਨੇ ਕਿਹਾ ਕਿ ਪਰਲੋਕ ਵਿਚ ਤਾਂ ਆਪਣਾ ਸਰੀਰ ਭੀ ਨਹੀਂ ਜਾਣਾ, ਸੂਈ ਕਿਸ ਪ੍ਰਕਾਰ ਲੈ ਕੇ ਜਾਵਾਂਗੇ, ਚਲੋ ਗੁਰੂ ਜੀ ਦੇ ਕੋਲ ਇਸ ਗੱਲ ਦਾ ਰਹੱਸ ਪੁੱਛੀਏ। ਦੁਨੀਚੰਦ ਨੇ ਸੂਈ ਲਿਆ ਕੇ ਗੁਰੂ ਜੀ ਦੇ ਕੋਲ ਰੱਖਦੇ ਹੋਏ ਨੇ ਕਿਹਾ ਕਿ ਮਹਾਰਾਜ ਇਹ ਸੇਵਾ ਮੇਰੇ ਕੋਲੋਂ ਨਹੀਂ ਹੋ ਸਕਦੀ, ਕਿਉਂਕਿ ਪਰਲੋਕ ਵਿਚ ਤਾਂ ਮੇਰਾ ਸਰੀਰ ਭੀ ਨਹੀਂ ਜਾਵੇਗਾ, ਫਿਰ ਇਹ ਸੂਈ ਕਿਸ ਪ੍ਰਕਾਰ ਉਥੇ ਲੈ ਕੇ ਜਾਵਾਂਗਾ।

ਤਦ ਗੁਰੂ ਜੀ ਨੇ ਕਿਹਾ—ਫਿਰ ਤੇਰਾ ਸੱਤ ਧਜਾਂ ਦਾ ਧਨ ਕਿਵੇਂ ਜਾਵੇਗਾ। ਦੁਨੀਚੰਦ ਨੂੰ ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਗਿਆਨ ਹੋਇਆ ਤੇ ਬੇਨਤੀ ਕੀਤੀ ਕਿ ਮਹਾਰਾਜ ਆਪ ਜੀ ਹੀ ਕ੍ਰਿਪਾ ਕਰੋ। ਤਾਂ ਗੁਰੂ ਜੀ ਨੇ ਉਹ ਸਾਰੇ ਪੈਸੇ ਦਾਨ ਪੁੰਨ ਵਿਚ ਖ਼ਰਚ ਕਰਾ ਕੇ ਸਰਾਧ ਆਦਿ ਦੇ ਭੁਲੇਖੇ ਵਿੱਚੋਂ ਕੱਢ ਦਿੱਤਾ।

ਜਿਹੜਾ ਮਨ ਬਹੁਤ ਧਨ ਇਕੱਠਾ ਕਰ ਕੇ ਵੀ ਰੱਜਿਆ ਨਹੀਂ ਸੀ, ਹੁਣ ਗੁਰੂ ਉਪਦੇਸ਼ ਤੇ ਨਾਮ ਦੀ ਕਮਾਈ ਨਾਲ ਤ੍ਰਿਪਤ ਹੋ ਗਿਆ। ਸੋ ਇਸ ਸਾਖੀ ਤੋਂ ਭਾਵ ਹੈ ਜੋ ਉਪਰੋਕਤ ਤੁਕ ਵਿਚ ਸਿਧਾਂਤ ਆਇਆ ਸੀ ਬਹੁਤ ਮਾਇਆ ਕਰ ਕੇ ਕੋਈ ਤ੍ਰਿਪਤ ਨਹੀਂ ਹੁੰਦਾ।

## ਅਨਿਕ ਰੂਪ ਦੇਖਿ; ਨਹ ਪਤੀਆਨਾ ॥

ਇਹ ਜੀਵ, ਅਨਿਕ = ਅਨੇਕ ਤਰ੍ਹਾਂ ਦੀਆਂ ਸੁੰਦਰ ਰੂਪ = ਸੂਰਤਾਂ ਦੇਖਿ = ਵੇਖ ਕਰ ਕੇ ਪਤੀਆਨਾ = ਪਤੀਜਦਾ ਨਹ = ਨਹੀਂ ਹੈ। ਭਰੋਸਾ ਨਹੀਂ ਆਉਂਦਾ ਭਾਵ ਇਕ ਮੂੰਹ ਦੇਖ ਕੇ ਫਿਰ ਦੂਸਰੇ ਦਾ ਸੋਹਣਾ ਮੂੰਹ ਦੇਖਣ ਦੀ ਇੱਛਾ ਫੁਰਦੀ ਰਹਿੰਦੀ ਹੈ।

## ਪੁਤ੍ਰ ਕਲਤ੍ਰ; ਉਰਝਿਓ ਜਾਨਿ ਮੇਰੀ ॥

ਪੁਤ੍ਰ = ਬੇਟਾ ਕਲਤ੍ਰ = ਇਸਤਰੀ **ਵਾ:** ਪੁਤ੍ਰ ਕਲਤ੍ਰ = ਪੁੱਤਰ ਦੀ ਇਸਤਰੀ ਭਾਵ ਨੂੰਹ ਆਦਿ ਵਿਚ ਮੇਰੀ = ਮੇਰ ਕਰ ਕੇ ਉਰਝਿਓ = ਉਲਝ ਰਿਹਾ ਹੈ। ਸਭ ਨੂੰ ਆਪਣੀ ਜਾਨਿ = ਜਿੰਦ ਜਾਨ ਸਮਝਿਆ ਹੋਇਆ ਹੈ **ਵਾ:** ਪੁੱਤਰ ਅਤੇ ਕਲਤ੍ਰ = ਇਸਤਰੀ ਆਦਿ ਦੇ ਮੋਹ ਵਿਚ ਉਰਝਿਓ = ਫਸਿਆ ਹੋਇਆ ਕਹਿੰਦਾ ਹੈ ਕਿ ਇਹ ਤਾਂ ਮੇਰੀ ਜਿੰਦ ਜਾਨ ਹਨ।

## ਓਹ ਬਿਨਸੈ; ਓਇ ਭਸਮੈ ਢੇਰੀ ॥੧॥

ਪਰ ਇਹ ਜੀਵ ਸਮਝਦਾ ਨਹੀਂ ਕਿ ਓਹ = ਉਹ ਜੋ ਪਦਾਰਥ ਅੰਤ ਨੂੰ ਬਿਨਸੈ = ਨਾਸ ਹੋ ਜਾਣਗੇ ਤੇ ਓਇ = ਉਹ ਸੰਬੰਧੀ ਵੀ ਅੰਤ ਨੂੰ ਭਸਮੈ = ਸੁਆਹ ਦੀ ਢੇਰੀ ਹੋ ਜਾਣਗੇ **ਵਾ:** ਓਹ = ਉਹ ਜੋ ਅਨੇਕਾਂ ਤਰ੍ਹਾਂ ਦੇ ਰੂਪ ਦੇਖਦਾ ਹੈਂ, ਉਹ ਬਿਨਸੈ = ਨਾਸ ਹੋ ਜਾਣ ਵਾਲੇ ਹਨ ਅਤੇ ਓਇ = ਉਹ ਜੋ ਪੁੱਤਰ, ਇਸਤਰੀ ਆਦਿਕ ਦੇ ਸਰੀਰ ਹਨ, ਇਹ ਵੀ ਅੰਤ ਨੂੰ ਭਸਮੈ = ਰਾਖ ਦੀ ਢੇਰੀ ਹੋ ਜਾਣੇ ਹਨ॥੧॥

## ਬਿਨੁ ਹਰਿ ਭਜਨ; ਦੇਖਉ ਬਿਲਲਾਤੇ ॥

ਹੇ ਭਾਈ ! ਹਰਿ = ਹਰੀ ਦੇ ਭਜਨ = ਸਿਮਰਨ ਤੋਂ ਬਿਨੁ = ਬਿਨਾਂ ਤਾਂ ਬਿਲਲਾਤੇ = ਵਿਰਲਾਪ ਕਰਦੇ ਦੇਖਉ = ਦੇਖੀਦੇ ਹਨ।

## ਧ੍ਰਿਗੁ ਤਨੁ ਧ੍ਰਿਗੁ ਧਨੁ; ਮਾਇਆ ਸੰਗਿ ਰਾਤੇ ॥੧॥ਰਹਾਉ॥

ਉਨ੍ਹਾਂ ਦੇ ਤਨੁ = ਸਰੀਰ ਨੂੰ ਧ੍ਰਿਗੁ = ਧ੍ਰਿਕਾਰ ਹੈ ਅਤੇ ਧਨ ਨੂੰ ਵੀ ਧ੍ਰਿਗੁ = ਧ੍ਰਿਕਾਰ ਹੈ, ਜਿਸ ਕਰਕੇ ਉਹ ਸਾਰੇ ਮਾਇਆ ਦੇ ਸੰਗਿ = ਨਾਲ ਰਾਤੇ = ਰੱਤੇ ਭਾਵ ਪ੍ਰੇਮ ਕਰਦੇ ਹਨ॥੧॥ਰਹਾਉ॥

## ਜਿਉ ਬਿਗਾਰੀ ਕੈ ਸਿਰਿ; ਦੀਜਹਿ ਦਾਮ ॥
## ਓਇ ਖਸਮੈ ਕੈ ਗ੍ਰਿਹਿ; ਉਨ ਦੂਖ ਸਹਾਮ ॥

**ਦ੍ਰਿਸ਼ਟਾਂਤ :** ਜਿਉ = ਜਿਵੇਂ ਬਿਗਾਰੀ = ਬਿਨਾਂ ਮਜ਼ਦੂਰੀ ਤੋਂ ਕੰਮ ਕਰਨ ਵਾਲੇ ਕੈ = ਦੇ ਸਿਰ ਉੱਪਰ ਦਾਮ = ਧਨ ਦੀ ਪੰਡ ਦੀਜਹਿ = ਦੇਣੀ ਕਰੇ ਭਾਵ ਬੇਗਾਰੀ ਪੁਰਸ਼ ਧਨ ਦੀ ਪੰਡ ਆਪਣੇ ਸਿਰ 'ਤੇ ਚੁੱਕ ਲਵੇ, ਓਇ = ਉਸ ਪੰਡ ਨੇ ਤਾਂ ਖਸਮੈ = ਮਾਲਕ ਦੇ ਗ੍ਰਿਹਿ = ਘਰ ਚਲੇ ਜਾਣਾ ਹੈ ਤੇ ਉਨ = ਉਸ ਬਿਗਾਰੀ ਨੇ ਤਾਂ ਪੰਡ ਚੁੱਕਣ ਰੂਪ ਨਿਰਾ ਦੂਖ = ਦੁਖ ਹੀ ਸਹਾਮ = ਸਹਾਰਨਾ ਕੀਤਾ ਹੈ।

**ਦਾ ਦ੍ਰਿਸ਼ਟਾਂਤ :** ਏਸੇ ਪ੍ਰਕਾਰ ਇਹ ਜੀਵ ਬੇਗਾਰੀ ਦੀ ਨਿਆਈਂ ਇਸਤਰੀ, ਪੁੱਤਰ ਆਦਿ ਸੰਬੰਧੀਆਂ ਦੇ ਪਾਲਣ ਪੋਸਣ ਵਾਸਤੇ ਆਪਣੇ ਸਿਰ ਉੱਪਰ ਪਦਾਰਥਾਂ ਰੂਪ ਪੰਡ ਚੁੱਕੀ ਫਿਰਦਾ ਹੈ। ਪਰੰਤੂ ਪੁੰਨ ਕਰਮ ਖਤਮ ਹੋਣ ਤੇ ਕੁਝ ਪਦਾਰਥ ਹੋਰ ਖਸਮੈ = ਮਾਲਕ, ਪੁਰਖ ਕੈ = ਦੇ ਗ੍ਰਹਿ = ਘਰ ਚਲੇ ਜਾਂਦੇ ਹਨ ਤੇ ਉਨ = ਉਹ ਜੀਵ ਮੇਰ ਤੇਰ ਕਰ ਕੇ ਦੂਖ = ਦੁਖ ਹੀ ਸਹਾਮ = ਸਹਾਰਦੇ ਹਨ।

## ਜਿਉ ਸੁਪਨੈ; ਹੋਇ ਬੈਸਤ ਰਾਜਾ ॥ ਨੇਤ੍ਰ ਪਸਾਰੈ; ਤਾ ਨਿਰਾਰਥ ਕਾਜਾ ॥੨॥

ਜਿਉ = ਜਿਵੇਂ ਸੁਪਨੈ = ਸੁਪਨੇ ਵਿਚ ਕੋਈ ਗ਼ਰੀਬ ਆਦਮੀ ਰਾਜਾ = ਪਾਤਸ਼ਾਹ ਹੋਇ = ਹੋ ਕੇ, ਬਣ ਕੇ ਰਾਜ ਗੱਦੀ 'ਤੇ ਬੈਸਤ = ਬੈਠ ਜਾਵੇ। ਤੇ ਜਦੋਂ ਨੇਤ੍ਰ = ਅੱਖਾਂ ਪਸਾਰੈ = ਖੋਲ੍ਹ ਕੇ ਵੇਖਿਆ ਭਾਵ ਜਦੋਂ ਨੀਂਦ ਤੋਂ ਉਠਿਆ ਤਾਂ ਸਾਰਾ ਰਾਜ ਭਾਗ ਦਾ ਕਾਜਾ = ਕਾਰਜ ਨਿਰਾਰਥ = ਨਿਸਫਲ, ਵਿਅਰਥ ਹੀ ਦਿੱਸਦਾ ਹੈ। ਏਸੇ ਪ੍ਰਕਾਰ ਇਹ ਜੀਵ ਸੁਪਨੇ ਦੀ ਨਿਆਈਂ ਸੰਸਾਰ ਵਿਚ ਹੰਕਾਰ ਕਰ ਕੇ ਬਾਦਸ਼ਾਹ ਬਣੀ ਬੈਠਾ ਹੈ। ਪਰ ਜਦੋਂ ਜਮਾਂ ਨੇ ਆ ਕੇ ਸਿਰ ਵਿਚ ਡੰਡਾ ਮਾਰਿਆ, ਤਦੋਂ ਹੀ ਇਸ ਜੀਵ ਦੀਆਂ ਅੱਖਾਂ ਖੁੱਲ੍ਹਣਗੀਆਂ ਤਾਂ ਪਤਾ ਲੱਗੇਗਾ ਕਿ ਸਾਰੇ ਕਾਰ-ਵਿਹਾਰ ਨਿਰਾਰਥ = ਵਿਅਰਥ ਹੀ ਹਨ ॥੨॥

## ਜਿਉ ਰਾਖਾ; ਖੇਤ ਊਪਰਿ ਪਰਾਏ ॥ ਖੇਤੁ ਖਸਮ ਕਾ; ਰਾਖਾ ਉਠਿ ਜਾਏ ॥

ਜਿਉ = ਜਿਵੇਂ ਪਰਾਏ = ਪਰਾਇਆਂ ਖੇਤ = ਖੇਤਾਂ ਊਪਰਿ = ਉੱਤੇ ਰਾਖਾ = ਰਾਖੀ ਕਰਨ ਵਾਲਾ, ਫ਼ਸਲ ਦੀ ਰਾਖੀ ਕਰਦਾ ਹੈ, ਪਰ ਉਹ ਖੇਤ ਤਾਂ ਖੇਤਾਂ ਦੇ ਖਸਮ = ਮਾਲਕ ਕਾ = ਦਾ ਹੁੰਦਾ ਹੈ ਤੇ ਫ਼ਸਲ ਦੀ ਕਟਾਈ ਤੋਂ ਮਗਰੋਂ ਉਹ ਰਾਖਾ ਉਠ ਕੇ ਚਲਿਆ ਜਾਏ = ਜਾਂਦਾ ਹੈ, ਭਾਵ ਰਾਖਾ ਖੇਤ ਦਾ ਮਾਲਕ ਨਹੀਂ ਹੁੰਦਾ।

ਏਸੇ ਪ੍ਰਕਾਰ ਇਹ ਜੀਵ ਰਾਖੇ ਦੀ ਨਿਆਈਂ ਪਰਾਏ ਖੇਤ ਰੂਪ ਇਸਤਰੀ, ਪੁੱਤਰ ਆਦਿਕ ਦੀ ਰਾਖੀ ਕਰ ਰਿਹਾ ਹੈ। ਹਉਮੈ ਕਰਕੇ ਆਪਣੇ ਮੰਨੀ ਬੈਠਾ ਹੈ। ਪਰ ਇਸ ਇਸਤਰੀ ਪੁੱਤਰ ਆਦਿਕ ਸੰਬੰਧੀਆਂ ਦੇ ਸਰੀਰ ਰੂਪੀ ਖੇਤ ਦਾ ਖਸਮ = ਮਾਲਕ ਤਾਂ ਵਾਹਿਗੁਰੂ ਹੀ ਹੈ। ਇਸ ਜੀਵ ਰੂਪ ਰਾਖੇ ਨੇ ਅੰਤ ਨੂੰ ਸੰਸਾਰ ਵਿੱਚੋਂ ਉਠ ਕੇ ਪਰਲੋਕ ਨੂੰ ਚਲੇ ਜਾਣਾ ਹੈ।

## ਉਸੁ ਖੇਤ ਕਾਰਣਿ; ਰਾਖਾ ਕੜੈ ॥ ਤਿਸ ਕੈ ਪਾਲੈ; ਕਛੂ ਨ ਪੜੈ ॥੩॥

(**ਕੜੈ** ਤੇ **ਪੜੈ** ਪੋਲਾ ਬੋਲੋ)

ਉਸੁ = ਉਨ੍ਹਾ ਖੇਤਾਂ ਕਾਰਣਿ = ਵਾਸਤੇ ਰਾਖਾ ਕੜੈ = ਝੂਰਦਾ ਹੈ, ਭਾਵ ਸਾਰਾ ਦਿਨ ਰਾਖੀ ਕਰਦਾ ਰਹਿੰਦਾ ਹੈ, ਪਰ ਤਿਸ ਕੈ = ਉਸ ਦੇ ਪਾਲੈ = ਪੱਲੇ ਇਕ ਮਜ਼ਦੂਰੀ ਤੋਂ ਬਿਨਾਂ ਕਛੂ = ਕੁਝ ਵੀ ਨ = ਨਹੀਂ ਪੜੈ = ਪੈਂਦਾ। ਖੇਚਲ ਹੀ ਪੱਲੇ ਪਈ, ਹੋਰ ਕੁਝ ਨਹੀਂ। ਏਸੇ ਪ੍ਰਕਾਰ ਇਹ ਜੀਵ ਸਰੀਰ ਰੂਪੀ ਖੇਤਾਂ ਦੀ ਰਾਖੀ ਕਰਨ ਵਾਸਤੇ ਐਵੇਂ ਹੀ ਕੜੈ = ਝੂਰਦਾ ਰਹਿੰਦਾ ਹੈ ਕਿ ਇਹ ਮੇਰੇ ਸੰਬੰਧੀ ਹਨ, ਪਰ ਅੰਤ ਵੇਲੇ ਪਰਲੋਕ ਨੂੰ ਲਿਜਾਣ ਵਾਸਤੇ ਇਸ ਦੇ ਪੱਲੇ ਕੁਝ ਨਹੀਂ ਪੈਂਦਾ, ਖ਼ਾਲੀ ਹੀ ਜਾਂਦਾ ਹੈ ॥੩॥

## ਜਿਸ ਕਾ ਰਾਜੁ; ਤਿਸੈ ਕਾ ਸੁਪਨਾ ॥

ਹੇ ਭਾਈ ! ਜਿਸ ਵਾਹਿਗੁਰੂ ਕਾ = ਦਾ ਰਾਜੁ = ਪ੍ਰਕਾਸ਼ ਹੈ, ਤਿਸੈ = ਉਸੇ ਦਾ ਹੀ ਸੰਸਾਰ ਰੂਪੀ ਸੁਪਨਾ ਪੈਦਾ ਕੀਤਾ ਹੋਇਆ ਹੈ **ਅਥਵਾ** ਜਿਸ ਜੀਵ ਦਾ ਜਿਹੋ ਜਿਹਾ ਮਨੋਂ ਰਾਜੁ = ਸੰਕਲਪ ਹੁੰਦਾ ਹੈ, ਉਹੋ ਜਿਹਾ ਹੀ ਉਸ ਨੂੰ ਸੁਪਨਾ ਆਉਂਦਾ ਹੈ **ਅਥਵਾ** ਜਿਸ ਦਾ ਰਾਜ ਹੋਵੇ ਭਾਵ ਬਹੁਲਤਾ ਹੋਵੇ, ਉਸੇ ਚੀਜ਼ ਦਾ ਸੁਪਨਾ ਆਉਂਦਾ ਹੈ ਜਿਸ ਪ੍ਰਕਾਰ ਆਪਣੇ ਸਰੀਰ ਵਿਚ ਜੇਕਰ 'ਅੱਗ' ਤੱਤ ਦੀ ਬਹੁਲਤਾ ਹੋਵੇ ਤਾਂ ਸੁਪਨੇ ਵਿਚ ਵੀ ਅੱਗ ਹੀ ਮੱਚਦੀ ਨਜ਼ਰ ਆਉਂਦੀ ਹੈ, ਜਦੋਂ 'ਆਕਾਸ਼ ਤੱਤ' ਦੀ ਬਹੁਲਤਾ ਹੋਵੇ ਉਦੋਂ ਨੀਲਾ ਆਕਾਸ਼ ਹੀ ਭਾਵ ਸਭ ਖ਼ਾਲੀ ਹੀ ਪ੍ਰਤੀਤ ਹੋਣ ਰੂਪ ਸੁਪਨਾ ਆਉਂਦਾ ਹੈ। ਜਦੋਂ 'ਪੌਣ ਤੱਤ' ਦੀ ਬਹੁਲਤਾ ਹੋਵੇ, ਉਦੋਂ ਸੁਪਨੇ ਵਿਚ ਹਵਾ ਵਿਚ ਉਡਾਰੀਆਂ ਮਾਰਦਾ ਫਿਰਦਾ ਹੈ। ਜਦੋਂ 'ਧਰਤੀ ਤੱਤ' ਦੀ ਬਹੁਲਤਾ ਹੋਵੇ ਉਦੋਂ ਆਪਣੇ ਆਪ ਨੂੰ ਧਰਤੀ ਵਿਚ ਦੱਬਿਆ ਹੋਇਆ ਸੁਪਨਾ ਵੇਖਦਾ ਹੈ ਅਤੇ ਜਦੋਂ 'ਪਾਣੀ ਤੱਤ' ਦੀ ਬਹੁਲਤਾ ਹੁੰਦੀ ਹੈ, ਉਦੋਂ ਪਾਣੀ ਵਿਚ ਤਾਰੀਆਂ ਲਾਉਣ ਰੂਪ ਸੁਪਨਾ ਵੇਖਦਾ ਹੈ। ਇਸੇ ਤਰ੍ਹਾਂ ਜਿਸ ਚੀਜ਼

ਦੀ ਬਹੁਲਤਾ, ਉਸ ਪੁਰਖ ਦੇ ਤਾਈਂ ਹੋਵੇ, ਉਸੇ ਪ੍ਰਕਾਰ ਦਾ ਸੁਪਨਾ ਆਉਂਦਾ ਹੈ **ਅਥਵਾ** ਜਿਸ ਪੁਰਸ਼ ਦੇ ਤਾਈ ਪਰਮੇਸ਼ਰ ਨੇ ਆਪਣਾ ਰਾਜ ਭਾਵ ਗਿਆਨ ਬਖ਼ਸ਼ਿਆ ਹੈ, ਉਸ ਪੁਰਖ ਨੂੰ ਇਹ ਸੰਸਾਰ ਸੁਪਨੇ ਦੀ ਨਿਆਈਂ ਪ੍ਰਤੀਤ ਹੁੰਦਾ ਹੈ।

## ਜਿਨਿ ਮਾਇਆ ਦੀਨੀ; ਤਿਨਿ ਲਾਈ ਤ੍ਰਿਸਨਾ ॥

ਜਿਨਿ = ਜਿਸ ਵਾਹਿਗੁਰੂ ਨੇ ਜੀਵਾਂ ਨੂੰ ਮਾਇਆ ਦੀਨੀ = ਦਿੱਤੀ ਹੈ, ਤਿਨਿ = ਉਸੇ ਨੇ ਪਰਖਣ ਵਾਸਤੇ ਤ੍ਰਿਸ਼ਨਾ ਲਾਈ ਹੋਈ ਹੈ ਕਿ ਮੇਰੇ ਵਿਚ ਬਿਰਤੀ ਜੋੜਦੇ ਹਨ, ਜਾਂ ਮਾਇਆ ਵਿਚ ਖਚਤ ਹੋ ਜਾਂਦੇ ਹਨ **ਅਥਵਾ** ਜਿਨਿ = ਜਿਸ ਪਰਮੇਸ਼ਰ ਨੇ ਆਪਣੇ ਭਗਤਾਂ ਨੂੰ ਭਗਤੀ ਰੂਪ ਮਾਇਆ ਦਿੱਤੀ ਹੈ, ਤਿਨਿ = ਉਨ੍ਹਾਂ ਭਗਤਾਂ ਨੂੰ ਆਪਣੇ ਨਾਲ ਮਿਲਣ ਦੀ ਤ੍ਰਿਸ਼ਨਾ = ਤ੍ਰੇਹ ਲਾਈ = ਲਾ ਦਿੱਤੀ ਹੈ।

## ਆਪਿ ਬਿਨਾਹੇ; ਆਪਿ ਕਰੇ ਰਾਸਿ ॥

ਆਪਿ = ਆਪੇ ਹੀ ਵਾਹਿਗੁਰੂ ਸੰਸਾਰ ਨੂੰ ਬਿਨਾਹੇ = ਨਾਸ਼ ਕਰਨ ਵਾਲਾ ਹੈ ਤੇ ਆਪਿ = ਆਪ ਹੀ ਸੰਸਾਰ ਨੂੰ ਰਾਸਿ = ਸਜਾਉਣਾ ਕਰੇ = ਕਰਦਾ ਹੈ **ਅਥਵਾ** ਆਪ ਹੀ ਗੁਰਮੁਖ ਜਨਾਂ ਦੇ ਮਨ ਸਤ ਸੰਤੋਖ, ਸ਼ਰਧਾ ਆਦਿਕ ਸ਼ੁਭ ਗੁਣਾਂ ਕਰਕੇ ਰਾਸਿ = ਠੀਕ ਕਰ ਲੈਂਦਾ ਹੈ ਅਤੇ ਆਪ ਹੀ ਉਨ੍ਹਾਂ ਦੇ ਕਾਮਾਦਿਕ ਵਿਕਾਰਾਂ ਅਤੇ ਅਗਿਆਨ ਆਦਿਕ ਨੂੰ ਬਿਨਾਹੇ = ਨਾਸ ਕਰ ਦਿੰਦਾ ਹੈ।

## ਨਾਨਕ; ਪ੍ਰਭ ਆਗੈ ਅਰਦਾਸਿ ॥੪॥੧੧॥੮੦॥

ਸਤਿਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਹੇ ਭਾਈ! ਇਸ ਕਰਕੇ ਉਸ ਐਸੇ ਸਰਬ ਕਲਾ ਸਮਰੱਥ ਪ੍ਰਭ = ਪਰਮੇਸ਼ਰ ਦੇ ਆਗੈ = ਅੱਗੇ ਅਰਦਾਸਿ = ਬੇਨਤੀ ਕਰਨੀ ਹੀ ਬਣਦੀ ਹੈ ॥੪॥੧੧॥੮੦॥

## ਗਉੜੀ ਗੁਆਰੇਰੀ, ਮਹਲਾ ੫ ॥

**ਉਥਾਨਕਾ :** ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕੋਲ ਸਿੱਖਾਂ ਨੇ ਬੇਨਤੀ ਕੀਤੀ ਕਿ ਹੇ ਮਹਾਰਾਜ ਐਸਾ ਸੁਖ ਦੱਸੋ, ਜਿਸ ਨਾਲ ਸਾਡੀ ਤ੍ਰਿਸ਼ਨਾ ਨਵਿਰਤ ਹੋ ਜਾਵੇ। ਗੁਰੂ ਜੀ ਨੇ ਕਿਹਾ ਕਿ ਹੇ ਸਿੱਖੋ! ਤੁਸੀਂ ਕਿਹੜੀਆਂ ਕਿਹੜੀਆਂ ਚੀਜ਼ਾਂ ਵੇਖੀਆਂ ਹਨ ਤਾਂ ਸਿੱਖਾਂ ਵੱਲੋਂ ਬੇਨਤੀਆਂ ਨੂੰ ਆਪਣੀ ਪਾਵਨ ਬਾਣੀ ਦੁਆਰਾ ਕਥਨ ਕਰਦੇ ਹਨ :

## ਬਹੁ ਰੰਗ ਮਾਇਆ; ਬਹੁ ਬਿਧਿ ਪੇਖੀ ॥

ਹੇ ਮਹਾਰਾਜ! ਇਹ ਮਾਇਆ ਬਹੁ = ਬਹੁਤ ਰੰਗ = ਰੰਗਾਂ ਵਾਲੀ ਹੈ ਕਿਸੇ ਨੂੰ ਰਜੋਗੁਣ, ਕਿਸੇ ਨੂੰ ਤਮੋਗੁਣ ਤੇ ਕਿਸੇ ਨੂੰ ਸਤੋਗੁਣ ਹੋ ਕੇ ਚਿੰਬੜੀ ਹੋਈ ਹੈ, ਇਸ ਕਰਕੇ ਬਹੁ = ਬਹੁਤ ਬਿਧਿ = ਬਿਧੀਆਂ ਪੂਰਵਕ ਮੋਂਹਦੀ ਪੇਖੀ = ਵੇਖੀ ਗਈ ਹੈ।

## ਕਲਮ ਕਾਗਦ; ਸਿਆਨਪ ਲੇਖੀ ॥

ਕਿਸੇ ਨੂੰ ਕਲਮ ਰੂਪ ਹੋ ਕੇ ਚਿੰਬੜੀ ਹੈ, ਭਾਵ ਮੂੰਹੋਂ ਤਾਂ ਮਿੱਠੀਆਂ ਮਿੱਠੀਆਂ ਗੱਲਾਂ ਕਰਦੇ ਹਨ, ਜਦੋਂ ਕਲਮ ਵਾਹੁੰਦੇ ਹਨ, ਉਸ ਵੇਲੇ ਕਿਸੇ ਦੀ ਲਿਹਾਜ਼ ਮਸੂਲ ਨਹੀਂ ਕਰਦੇ, ਕਿਸੇ ਨੂੰ ਕਾਗਦ = ਪਰਵਾਨਾ ਰੂਪ ਹੋ ਕੇ ਚਿੰਬੜੀ ਹੋਈ ਹੈ ਭਾਵ ਪਰਵਾਨੇ ਦੇ ਦੇ ਕੇ ਕਿਸੇ ਨੂੰ (ਨੋਟਿਸ, ਟੈਕਸ) ਵਗ਼ੈਰਾ ਲਗਾਉਂਦੇ ਹਨ। ਕਈਆਂ ਨੂੰ ਸਿਆਨਪ = ਸਿਆਣਪਾਂ ਰੂਪ ਹੋ ਕੇ ਚਿੰਬੜੀ ਹੋਈ ਹੈ। ਜਿਵੇਂ ਸਾਇੰਸਦਾਨ ਆਦਿਕ ਆਪਣੀ ਸਿਆਣਪ

ਨਾਲ ਪ੍ਰਮਾਣੂ ਬੰਬ ਆਦਿਕ ਤਿਆਰ ਕਰਦੇ ਹਨ ਅਤੇ ਕਈਆਂ ਨੂੰ ਲੇਖੀ = ਲਿਖਾਰੀ ਰੂਪ ਬਣ ਕੇ ਚਿੰਬੜੀ ਹੋਈ ਹੈ, ਭਾਵ ਕਹਿੰਦੇ ਹਨ ਕਿ ਮੈਂ ਹੀ ਸਭ ਤੋਂ ਸੋਹਣੀ ਕਵਿਤਾ ਲਿਖਦਾ ਹਾਂ ਆਦਿ **ਅਥਵਾ** ਬਹੁਤ ਸਾਰੇ ਕਾਗ਼ਜ਼ ਅਤੇ ਕਲਮਾਂ ਲੈ ਕੇ ਸਿਆਣਪਾਂ ਲਿਖਣ ਲੱਗੇ ਹੋਏ ਹਨ ਕਿ ਅਸੀਂ ਅੰਦਾਜ਼ਾ ਲਾ ਕੇ, ਗਿਣਤੀ ਗਿਣ ਕੇ ਦੱਸ ਦਿੰਦੇ ਹਾਂ, ਇਉਂ ਕਿਸੇ ਦੇ ਤਾਈਂ ਲਿਖਾਰੀਪੁਣੇ ਵਿਚ ਮਾਇਆ ਚਿੰਬੜੀ ਹੋਈ ਹੈ **ਅਥਵਾ** ਕਰਮਾਂ ਰੂਪ ਕਲਮ ਦੁਆਰਾ ਚਿਤ੍ਰ ਗੁਪਤ ਰੂਪੀ ਲੇਖੀ = ਲਿਖਾਰੀ ਜੀਵ ਦੀ ਸਿਆਣਪ ਦੁਆਰਾ ਉਸ ਦੇ ਅੰਤਹਕਰਣ ਰੂਪੀ ਕਾਗਦ 'ਤੇ ਚੰਗਾ ਮਾੜਾ ਲੇਖਾ ਲਿਖਦੇ ਹਨ **ਅਥਵਾ** ਕਈਆਂ ਨੇ ਵਾਸ਼ਨਾ ਰੂਪੀ ਕਲਮ ਪਕੜੀ ਹੋਈ ਹੈ, ਕਈਆਂ ਦਾ ਮੱਥਾ ਰੂਪ ਕਾਗ਼ਜ਼ ਬਣਿਆ ਹੋਇਆ ਹੈ। ਕਈਆਂ ਦੀ ਬੁੱਧੀ ਦੀ ਸਿਆਣਪ ਲਿਖਾਰਨ ਬਣੀ ਹੋਈ ਹੈ। ਇਹ ਸਭ ਮਾਇਆ ਹੀ ਚਿੰਬੜੀ ਹੋਈ ਹੈ।

## ਮਹਰ ਮਲੂਕ; ਹੋਇ ਦੇਖਿਆ ਖਾਨ ॥

ਕਈ ਵਾਰੀ ਮਹਰ = ਗੁੱਜਰਾਂ ਦੇ ਨੰਬਰਦਾਰ, ਮਲੂਕ = ਬਲੋਚਾਂ ਦੇ ਸਰਦਾਰ ਅਤੇ ਖਾਨ = ਪਠਾਣਾਂ ਦੇ ਵਿੱਚੋਂ ਸਰਦਾਰ ਹੋਇ = ਹੋ ਕੇ ਵੀ ਵੇਖਿਆ ਹੈ (ਪਠਾਣਾਂ ਵਿੱਚੋਂ ਸਰਦਾਰ ਆਪਣੇ ਆਪ ਨੂੰ ਖ਼ਾਨ ਅਖਵਾਉਂਦੇ ਹਨ) **ਵਾ:** ਸਾਰਿਆਂ ਦੇ ਦਿਲਾਂ ਦੇ ਮਹਰ = ਮਹਿਰੂ ਭਾਵ ਜਾਣੂ ਹੋ ਕਰਕੇ ਮਲੂਕ = ਪਾਤਸ਼ਾਹੀ ਲਿਬਾਸ ਪਹਿਨ ਕੇ, ਖਾਨ = ਬਹਾਦਰ ਪਠਾਣ ਬਣ ਕੇ ਵੀ ਵੇਖਿਆ ਹੈ।

## ਤਾ ਤੇ; ਨਾਹੀ ਮਨੁ ਤ੍ਰਿਪਤਾਨ ॥੧॥

ਤਾ ਤੇ = ਤਿਸ ਪਦਾਰਥਾਂ ਕਰਕੇ ਮਨ ਤ੍ਰਿਪਤਾਨ = ਤ੍ਰਿਪਤੀ ਵਿਚ ਨਾਹੀ = ਨਹੀਂ ਆਉਂਦਾ, ਭਾਵ ਮਨ ਰੱਜਦਾ ਨਹੀਂ ਹੈ, ਸੰਤੁਸ਼ਟ ਨਹੀਂ ਹੁੰਦਾ ॥੧॥

## ਸੋ ਸੁਖੁ ਮੋ ਕਉ; ਸੰਤ ਬਤਾਵਹੁ ॥

ਹੇ ਸੰਤ = ਮਹਾਤਮਾ ਜਨੋਂ ! ਸੋ = ਉਹ ਸੁਖ ਮੋ ਕਉ = ਮੈਨੂੰ ਬਤਾਵਹੁ = ਦੱਸਣਾ ਕਰੋ।

## ਤ੍ਰਿਸਨਾ ਬੂਝੈ; ਮਨੁ ਤ੍ਰਿਪਤਾਵਹੁ ॥੧॥ਰਹਾਉ॥

(**ਬੂਝੈ** ਪੋਲਾ ਬੋਲੋ)

ਜਿਸ ਨਾਲ ਹਿਰਦੇ ਵਿੱਚੋਂ ਭੋਗਾਂ ਦੀ, ਰਸ ਕਸਾਂ, ਦੁਨੀਆਂ ਦੇ ਪਦਾਰਥਾਂ **ਵਾ:** ਸਵਰਗ ਲੋਕ ਆਦਿ ਦੀ ਤ੍ਰਿਸਨਾ = ਆਸਾ, ਇੱਛਾ ਬੂਝੈ = ਬੁਝ ਜਾਵੇ ਤੇ ਸਾਡਾ ਮਨ ਤ੍ਰਿਪਤਾਵਹੁ = ਤ੍ਰਿਪਤੀ ਵਿਚ ਆ ਜਾਵੇ ॥੧॥ਰਹਾਉ॥

## ਅਸੁ ਪਵਨ; ਹਸਤਿ ਅਸਵਾਰੀ ॥

ਹੇ ਮਹਾਰਾਜ ! ਅਸੁ = ਘੋੜੇ ਜੋ ਪਵਨ = ਹਵਾ ਤੋਂ ਵੀ ਤੇਜ਼ ਦੌੜਦੇ ਹਨ ਅਤੇ ਹਸਤਿ = ਹਾਥੀਆਂ ਦੀਆਂ ਅਸਵਾਰੀਆਂ ਕਰ ਕੇ ਵੀ ਵੇਖਿਆ।

## ਚੋਆ ਚੰਦਨੁ; ਸੇਜ ਸੁੰਦਰਿ ਨਾਰੀ ॥

ਚੋਆ = ਅਗਰ ਦੀ ਲੱਕੜ ਤੋਂ ਟਪਕਾਇਆ ਹੋਇਆ ਤੇਲ ਅਤੇ ਚੰਦਨ ਆਦਿ ਦੀ ਸੁਗੰਧੀ ਸਰੀਰ **ਵਾ:** ਕੱਪੜਿਆਂ ਉੱਤੇ ਲਾਉਣੀ ਦੁੱਧ ਦੀ ਝੱਗ ਵਰਗੀਆਂ ਕੋਮਲ ਸੇਜ = ਸੇਜਾ, ਸੌਣ ਦਾ ਬਿਸਤਰ, ਪਲੰਘ ਬਣਾ ਲਏ ਅਤੇ ਬਹੁਤ ਹੀ ਸੁੰਦਰਿ = ਸੋਹਣੀਆਂ ਨਾਰੀ = ਇਸਤਰੀਆਂ ਵੀ ਵਿਸ਼ੇ ਰਸ ਭੋਗਣ ਲਈ ਪ੍ਰਾਪਤ ਕਰ ਲਈਆਂ।

## ਨਟ ਨਾਟਿਕ; ਆਖਾਰੇ ਗਾਇਆ ॥

ਸੋਹਣੇ ਨਟਾਂ ਦੇ ਨਾਟਿਕ = ਤਮਾਸ਼ੇ ਆਖਾਰੇ = ਆਖਾੜੇ ਵਿਚ ਪਹਿਲਵਾਨਾਂ ਦੀਆਂ ਕੁਸ਼ਤੀਆਂ ਅਤੇ ਗਾਇਆ = ਗਾਇਕਾ ਭਾਵ ਵੇਸਵਾ ਆਦਿਕ ਦੇ ਨਾਚ ਵੀ ਵੇਖੇ ਹਨ **ਅਥਵਾ** ਨਟ ਨਾਟਿਕ– ਨਾਟਿਕ = ਨਾੜੀਆਂ ਦੇ ਤਾਈਂ ਵੇਖਣ ਵਾਲੇ ਨਟ = ਹਕੀਮਾਂ ਦੇ ਨਾਲ ਮਿਲ ਮਿਲ ਕੇ ਤਜਰਬੇ ਵੀ ਕੀਤੇ ਅਤੇ ਵੇਸਵਾ ਦੇ ਆਖਾਰੇ = ਅਖਾੜੇ ਵੀ ਦੇਖੇ, ਜਿਥੇ ਉਹ ਗਾਇਆ = ਗਾਉਂਦੀਆਂ ਹਨ।

## ਤਾ ਮਹਿ; ਮਨਿ ਸੰਤੋਖੁ ਨ ਪਾਇਆ ॥੨॥

ਤਾ = ਤਦ ਵੀ ਉਪਰੋਕਤ ਸਭ ਚੀਜ਼ਾਂ ਮਹਿ = ਵਿੱਚੋਂ ਜੀਵਾਂ ਦੇ ਮਨ ਨੇ ਸੰਤੋਖ = ਸਬਰ ਨ = ਨਹੀਂ ਪਾਇਆ = ਪ੍ਰਾਪਤ ਕੀਤਾ, ਭਾਵ ਮਨ ਤ੍ਰਿਪਤ ਨਹੀਂ ਹੋਇਆ ॥੨॥

## ਤਖਤੁ ਸਭਾ; ਮੰਡਨ ਦੋਲੀਚੇ ॥

ਤਖਤੁ = ਰਾਜ ਸਿੰਘਾਸਨ ’ਤੇ ਬੈਠ ਕੇ ਸਭਾ = ਕਚਹਿਰੀਆਂ ਮੰਡਨ = ਸਜਾ ਲਈਆਂ, ਸਜਾਉਣੀਆਂ ਕੀਤੀਆਂ ਅਤੇ ਹੇਠਾਂ ਫ਼ਰਸ਼ ਉਪਰ ਦੋਲੀਚੇ = ਗਲੀਚੇ ਵਿਛਾਉਣਾ ਕੀਤੇ **ਵਾ**: ਸਮੂਹ ਰਾਜਿਆਂ ਨੂੰ ਇਕੱਠੇ ਕਰ ਲਿਆ ਅਤੇ ਆਪ ਦਾ ਮੰਡਨ = ਮੁੱਠੀ ਚਾਪੀ ਕਰਾਉਣਾ ਕੀਤੀ **ਵਾ**: ਤਖਤੁ = ਸਿੰਘਾਸਨ ਉੱਪਰ ਬੈਠ ਕੇ ਸਭਾ ਲਾ ਕੇ ਮੰਡਨ = ਗਹਿਣੇ ਆਦਿ ਪਹਿਨ ਕੇ ਅਤੇ ਹੇਠਾਂ ਦੋਲੀਚੇ ਆਦਿ ਵੀ ਵਿਛਾ ਲਏ।

## ਸਗਲ ਮੇਵੇ; ਸੁੰਦਰ ਬਾਗੀਚੇ ॥

ਸਗਲ = ਸਾਰਿਆਂ ਰੁੱਖਾਂ ਦੇ ਮੇਵੇ ਇਕੱਠੇ ਕਰ ਲਏ, ਸੁੰਦਰ = ਸੋਹਣੇ ਬਾਗੀਚੇ = ਵਾਟਿਕਾ, ਛੋਟੇ ਬਾਗ਼ ਵੀ ਲਾ ਲਏ।

## ਆਖੇੜ ਬਿਰਤਿ; ਰਾਜਨ ਕੀ ਲੀਲਾ ॥

ਬਹੁਤ ਲੋਕਾਂ ਨੇ ਆਖੇੜ = ਸ਼ਿਕਾਰ ਖੇਡਣ ਵਾਲੀ ਬਿਰਤਿ = ਬਿਰਤੀ ਧਾਰਨ ਕਰ ਕੇ ਅਨੇਕਾਂ ਜੀਵ ਘਾਤ ਵੀ ਕੀਤੇ ਅਤੇ ਰਾਜਨ = ਰਾਜਿਆਂ ਕੀ = ਦੀ ਤਰ੍ਹਾਂ ਲੀਲਾ = ਚੋਜ ਕਰ ਕੇ ਵੀ ਦੇਖੇ ਹਨ।

## ਮਨੁ ਨ ਸੁਹੇਲਾ; ਪਰਪੰਚੁ ਹੀਲਾ ॥੩॥

ਹੇ ਮਹਾਰਾਜ ਇਨ੍ਹਾਂ ਚੀਜ਼ਾਂ ਕਰਕੇ ਵੀ ਮਨ ਸੁਹੇਲਾ = ਸੁਖੀ ਨ = ਨਹੀਂ ਹੋਇਆ। ਇਹ ਸਭ ਤਾਂ ਪਰਪੰਚੁ = ਛਲ ਕਰਨ ਦੇ ਹੀਲਾ = ਬਹਾਨੇ ਹੀ ਹਨ **ਵਾ**: ਇਹ ਪਰਪੰਚੁ = ਸੰਸਾਰ ਹੀਲਾ = ਦੁਖ ਰੂਪ ਹੀ ਹੈ **ਵਾ**: ਇਸ ਪਰਪੰਚੁ = ਸੰਸਾਰ ਵਿਚ ਹੀਲਾ = ਉੱਦਮ ਕਰ ਕੇ ਵੀ ਮਨ ਸੁਖੀ ਨਹੀਂ ਹੋਇਆ **ਵਾ**: ਮਨ ਹੀਲਾ = ਦੁਖੀ ਹੀ ਰਹਿੰਦਾ ਹੈ **ਵਾ**: ਹਿੱਲਿਆ ਹੀ ਰਹਿੰਦਾ ਹੈ ॥੩॥

## ਕਰਿ ਕਿਰਪਾ; ਸੰਤਨ ਸਚੁ ਕਹਿਆ ॥

ਸੰਤਨ = ਮਹਾਂਪੁਰਖਾਂ **ਵਾ**: ਗੁਰੂ ਸਾਹਿਬ ਜੀ ਨੇ ਕਿਰਪਾ = ਦਇਆ ਕਰਿ = ਕਰ ਕੇ ਇਹ ਸਚੁ = ਸੱਚਾ ਉਪਦੇਸ਼ ਕਹਿਆ = ਦੱਸਿਆ ਹੈ ਕਿ :

## ਸਰਬ ਸੂਖ; ਇਹੁ ਆਨਦੁ ਲਹਿਆ ॥

ਆਨਦੁ = ਆਨੰਦ ਸਰੂਪ ਪਰਮੇਸ਼ਰ ਨੂੰ ਲਹਿਆ = ਪ੍ਰਾਪਤ ਕਰਨ ਕਰਕੇ ਸਵਰਗ, ਬ੍ਰਹਮ ਲੋਕ, ਜੀਵਨ

ਮੁਕਤ ਰੂਪ ਆਦਿ ਦਾ ਇਹ ਸਰਬ = ਸਾਰਾ ਸੂਖ = ਸੁਖ ਪ੍ਰਾਪਤ ਹੋ ਜਾਂਦਾ ਹੈ **ਵਾ:** ਸਾਰੇ ਸੁਖ ਸਰਵਣ ਕਰ ਕੇ, ਮੰਨਣ ਕਰ ਕੇ, ਨਿਧਿਆਸਣ ਕਰ ਕੇ ਸਾਖਿਆਤ ਹੋਣ ਰੂਪ ਇਹ ਅਨੰਦ ਪ੍ਰਾਪਤ ਕੀਤਾ ਹੈ।

## ਸਾਧਸੰਗਿ; ਹਰਿ ਕੀਰਤਨੁ ਗਾਈਐ ॥

ਹੇ ਭਾਈ ਸਾਧਸੰਗਿ = ਸ਼੍ਰੇਸ਼ਟ ਜਨਾਂ ਦੇ ਨਾਲ ਮਿਲ ਕੇ ਹਰਿ = ਪਰਮੇਸ਼ਰ ਦਾ ਕੀਰਤਨੁ = ਜਸ ਗਾਈਐ = ਗਾਉਣਾ ਕਰੀਏ।

## ਕਹੁ ਨਾਨਕ; ਵਡਭਾਗੀ ਪਾਈਐ ॥੪॥

ਸਤਿਗੁਰੂ ਸਾਹਿਬ ਜੀ ਕਹੁ = ਕਹਿੰਦੇ ਹਨ ਕਿ ਵਡਭਾਗੀ = ਵੱਡਿਆਂ ਭਾਗਾਂ ਕਰਕੇ ਇਹ ਦਾਤ ਪਾਈਐ = ਪਾਈਦੀ ਹੈ, ਪ੍ਰਾਪਤ ਹੁੰਦੀ ਹੈ। ਇਸ ਪ੍ਰਕਾਰ ਮਨ ਸੁਖੀ ਹੁੰਦਾ ਹੈ॥੪॥

## ਜਾ ਕੈ ਹਰਿ ਧਨੁ; ਸੋਈ ਸੁਹੇਲਾ ॥

ਜਾ = ਜਿਸ ਕੈ = ਦੇ ਹਿਰਦੇ ਵਿਚ ਹਰਿ = ਪਰਮੇਸ਼ਰ ਦਾ ਨਾਮ ਰੂਪੀ ਧਨ ਹੈ, ਸੋਈ = ਉਹੋ ਪੁਰਖ ਹੀ ਸੁਹੇਲਾ = ਸੁਖੀ ਹੈ।

## ਪ੍ਰਭ ਕਿਰਪਾ ਤੇ; ਸਾਧਸੰਗਿ ਮੇਲਾ ॥੧॥ਰਹਾਉ ਦੂਜਾ॥੧੨॥੮੧॥

ਹੇ ਭਾਈ ਪ੍ਰਭ = ਪਰਮੇਸ਼ਰ ਦੀ ਕਿਰਪਾ = ਦਇਆ ਕਰ ਕੇ ਹੀ ਸਾਧ ਸੰਗਿ = ਸ੍ਰੇਸ਼ਟ ਜਨਾਂ ਦੇ ਨਾਲ ਮੇਲਾ = ਮਿਲਾਪ ਹੁੰਦਾ ਹੈ॥੧॥ਰਹਾਉ ਦੂਜਾ॥੧੨॥੮੧॥

***ਨੋਟ :*** ਰਾਗੀਆਂ ਲਈ ਸੰਬੋਧਕ ਸ਼ਬਦ ਹੈ ਕਿ ਭਾਵੇਂ ਪਹਿਲੀ ਰਹਾਉ ਨੂੰ ਅਸਥਾਈ ਬਣਾਵੋ, ਭਾਵੇਂ ਦੂਜੇ ਰਹਾਉ ਦੀ ਪੰਗਤੀ ਨੂੰ ਅਸਥਾਈ ਬਣਾਵੋ।

[ਅੰਗ ੧੮੦]

## ਗਉੜੀ ਗੁਆਰੇਰੀ, ਮਹਲਾ ੫ ॥ ਪ੍ਰਾਣੀ ਜਾਣੈ; ਇਹੁ ਤਨੁ ਮੇਰਾ ॥

ਹੇ ਭਾਈ ! ਪ੍ਰਾਣੀ = ਪ੍ਰਾਣਾਧਾਰੀ ਜੀਵ ਜਾਣੈ = ਜਾਣਦਾ ਹੈ, ਕਿ ਇਹ ਤਨੁ = ਸਰੀਰ ਮੇਰਾ ਹੀ ਹੈ।

## ਬਹੁਰਿ ਬਹੁਰਿ; ਉਆਹੂ ਲਪਟੇਰਾ ॥

ਬਹੁਰਿ ਬਹੁਰਿ = ਮੁੜ ਮੁੜ ਕੇ ਇਸ ਸਰੀਰ ਨਾਲ ਹੀ ਲਪਟੇਰਾ = ਲਪਟਿਆ, ਖਚਿਤ ਹੋਇਆ ਰਹਿੰਦਾ ਹੈ **ਵਾ:** ਸਰੀਰ ਦੁਆਰਾ ਵਿਸ਼ਿਆਂ ਵਿਚ ਲਪਟੇਰਾ = ਖਚਿਤ ਹੋਇਆ ਰਹਿੰਦਾ ਹੈ।

## ਪੁਤ੍ਰ ਕਲਤ੍ਰ; ਗਿਰਸਤ ਕਾ ਫਾਸਾ ॥

ਫਿਰ ਕਹਿੰਦਾ ਹੈ ਕਿ ਇਹ ਮੇਰਾ ਪੁੱਤਰ ਤੇ ਇਹ ਮੇਰੀ ਕਲਤ੍ਰ = ਇਸਤਰੀ ਹੈ, ਇਉਂ ਗ੍ਰਿਹਸਤ ਕਾ = ਦਾ ਫਾਸਾ = ਫਾਹਾ ਪਿਆ ਹੋਇਆ ਹੈ **ਵਾ:** ਗ੍ਰਹਿਸਤ ਵਿਚ ਫਾਸਾ = ਫਸਿਆ ਪਿਆ ਹੈ।

## ਹੋਨੁ ਨ ਪਾਈਐ; ਰਾਮ ਕੇ ਦਾਸਾ ॥੧॥

ਇਸ ਕਰਕੇ ਰਾਮ = ਪਰਮੇਸ਼ਰ ਕੇ = ਦੇ ਦਾਸਾ = ਸੇਵਕ ਹੋਨੁ = ਹੋਣਾ ਨ = ਨਹੀਂ ਪਾਈਐ = ਪਾਈਦਾ, ਭਾਵ ਰਾਮ ਦਾ ਸੇਵਕ ਨਹੀਂ ਬਣਿਆ ਜਾਂਦਾ॥੧॥

## ਕਵਨ ਸੁ ਬਿਧਿ; ਜਿਤੁ ਰਾਮ ਗੁਣ ਗਾਇ ॥

ਹੇ ਸਤਿਗੁਰੂ ਜੀ ! ਫਿਰ ਉਹ ਕਵਨ = ਕਿਹੜੀ ਸੁ = ਸ੍ਰੇਸ਼ਟ ਬਿਧਿ =ਜੁਗਤੀ ਹੈ, ਜਿਤੁ = ਜਿਸ ਕਰਕੇ ਰਾਮ = ਪਰਮੇਸ਼ਰ ਦੇ ਗੁਣ ਗਾਇ = ਗਾਏ ਜਾਣ **ਅਥਵਾ** ਉਹ ਸ੍ਰੇਸ਼ਟ ਜੁਗਤੀ ਹੀ ਹੈ ਜਿਸ ਕਰਕੇ ਰਾਮ = ਪਰਮੇਸ਼ਰ ਦੇ ਗੁਣ ਗਾਏ ਜਾਂਦੇ ਹਨ।

## ਕਵਨ ਸੁ ਮਤਿ; ਜਿਤੁ ਤਰੈ ਇਹ ਮਾਇ ॥੧॥ਰਹਾਉ॥

ਉਹ ਕਵਨ = ਕਿਹੜੀ ਸੁ = ਸ੍ਰੇਸ਼ਟ ਮਤਿ = ਮੱਤ ਹੈ, ਜਿਤੁ = ਜਿਸ ਕਰਕੇ ਜੀਵ ਦਾ ਮਨ ਇਹ ਮਾਇ = ਮਾਇਆ ਤੋਂ ਤਰੈ = ਤਰ ਜਾਵੇ, ਉਧਰ ਜਾਵੇ **ਅਥਵਾ** ਉਹ ਸ੍ਰੇਸ਼ਟ ਮੱਤ ਹੀ ਹੈ ਜਿਸ ਕਰਕੇ ਇਹ ਮਾਇਆ ਤੋਂ ਤਰ ਜਾਵੇਗਾ।੧॥ਰਹਾਉ॥ ਅੱਗੇ ਮਾਇਆ ਵਿਚ ਫਸੇ ਜੀਵ ਦੀ ਹਾਲਤ ਦੱਸਦੇ ਹਨ ॥੧॥ਰਹਾਉ॥

## ਜੋ ਭਲਾਈ; ਸੋ ਬੁਰਾ ਜਾਨੈ ॥

ਇਸ ਜੀਵ ਦਾ ਸੁਭਾਅ ਹੈ ਕਿ ਜੇ ਇਸ ਦੀ ਭਲਾਈ = ਭਲਿਆਈ ਕਰੀਏ ਤਾਂ ਸੋ = ਉਸ ਨੂੰ ਇਹ ਬੁਰਾ ਜਾਨੈ = ਜਾਣਦਾ ਹੈ। ਏਸੇ ਪ੍ਰਕਾਰ ਪਰਮੇਸ਼ਰ ਭਲਾ ਕਰਨਾ ਚਾਹੁੰਦਾ ਹੈ, ਉਸ ਨੂੰ ਜੀਵ ਬੁਰਾ ਕਰਕੇ ਸਮਝਦਾ ਹੈ।

## ਸਾਚੁ ਕਹੈ; ਸੋ ਬਿਖੈ ਸਮਾਨੈ ॥

ਜੇਕਰ ਸਾਚੁ = ਸੱਚ ਕਹੈ = ਕਹਿ ਦੇਈਏ ਕਿ ਤੂੰ ਇਕ ਦਿਨ ਮਰਨਾ ਹੈ ਤਾਂ ਸੋ = ਉਹ ਗੱਲ ਇਸ ਨੂੰ ਬਿਖੈ = ਜ਼ਹਿਰ ਦੇ ਸਮਾਨੈ = ਸਮਾਨ ਲੱਗਦੀ ਹੈ।

## ਜਾਣੈ ਨਾਹੀ; ਜੀਤ ਅਰੁ ਹਾਰ ॥

ਇਹ ਜਾਣੈ = ਜਾਣਦਾ ਨਾਹੀ = ਨਹੀਂ ਹੈ ਕਿ ਪਰਮੇਸ਼ਰ ਦਾ ਭਜਨ ਸਿਮਰਨ ਕਰ ਕੇ ਮੇਰੀ ਸੰਸਾਰ ਤੇ ਜਿੱਤ ਹੋਵੇਗੀ। ਅਰੁ = ਅਤੇ ਵਿਸ਼ਿਆਂ **ਵਾ:** ਔਗੁਣਾਂ ਵਿਚ ਲੱਗਣ ਕਰਕੇ ਮੇਰੀ ਹਾਰ ਹੋਵੇਗੀ, ਭਾਵ ਮਨੁੱਖ ਜਨਮ ਦੀ ਸਫਲਤਾ ਅਤੇ ਅਸਫਲਤਾ ਨਹੀਂ ਜਾਣਦਾ।

## ਇਹੁ ਵਲੇਵਾ; ਸਾਕਤ ਸੰਸਾਰ ॥੨॥

ਇਹੁ = ਇਹੋ ਜਿਹਾ ਸਾਕਤ = ਕਠੋਰ ਚਿੱਤ ਵਾਲੇ ਪੁਰਸ਼ਾਂ ਦਾ ਸੰਸਾਰ = ਜਗਤ ਵਿਚ ਵਲੇਵਾ = ਵਰਤ ਵਰਤਾਰਾ ਹੈ **ਵਾ:** ਸੰਸਾਰ ਵਿਚ ਇਹ ਸਾਕਤ ਪੁਰਸ਼ ਵਲੇਵਾ = ਮੂਰਖ ਹੈ **ਵਾ:** ਇਹ ਹਰ ਵਕਤ ਸੰਸਾਰੀ ਵਲੇਵਾ = ਪਦਾਰਥਾਂ ਦੇ ਇਕੱਠੇ ਕਰਨ ਵਿਚ ਹੀ ਲੱਗਾ ਰਹਿੰਦਾ ਹੈ॥੨॥

## ਜੋ ਹਲਾਹਲ; ਸੋ ਪੀਵੈ ਬਉਰਾ ॥

(**ਹਲਾ ਹਲ** ਨਹੀਂ ਕਹਿਣਾ)

ਪ੍ਰਤੱਖ ਜ਼ਹਿਰ **ਵਾ:** ਜੋ = ਜਿਹੜੀ ਹਲਾਹਲ = ਜ਼ਹਿਰ ਰੂਪ ਸ਼ਰਾਬ ਹੈ, ਸੋ = ਉਸ ਨੂੰ ਪੀਵੈ = ਪੀ ਕਰ ਕੇ, ਬਉਰਾ = ਕਮਲਾ ਹੋਇਆ ਫਿਰਦਾ ਹੈ **ਵਾ:** ਪਰਾਈ ਨਿੰਦਿਆ ਰੂਪ **ਵਾ:** ਵਿਸ਼ੇ ਰੂਪ ਹਲਾਹਲ = ਜ਼ਹਿਰ ਨੂੰ ਪੀਵੈ = ਪੀ ਕੇ ਬਉਰਾ = ਪਾਗਲ ਹੋਇਆ ਫਿਰਦਾ ਹੈ।

## ਅੰਮ੍ਰਿਤੁ ਨਾਮੁ; ਜਾਨੈ ਕਰਿ ਕਉਰਾ ॥

ਜੋ ਅਮਰ ਕਰਨ ਵਾਲਾ ਅੰਮ੍ਰਿਤ ਨਾਮ ਹੈ, ਉਸ ਨੂੰ ਕਉਰਾ = ਕੌੜਾ ਕਰਿ = ਕਰ ਕੇ ਜਾਨੈ = ਜਾਣਦਾ ਹੈ।

## ਸਾਧਸੰਗ ਕੈ; ਨਾਹੀ ਨੇਰਿ ॥

ਸਾਧਸੰਗ = ਸਤਿਸੰਗਤ ਕੈ = ਦੇ ਨੇਰਿ = ਨੇੜੇ ਵੀ ਨਾਹੀ = ਨਹੀਂ ਆਉਂਦਾ।

## ਲਖ ਚਉਰਾਸੀਹ; ਭ੍ਰਮਤਾ ਫੇਰਿ ॥੩॥

ਇਸ ਪ੍ਰਕਾਰ ਲਖ ਚਉਰਾਸੀਹ = ਚੌਰਾਸੀ ਲੱਖ ਜੂਨਾਂ ਵਿਚ ਭ੍ਰਮਤਾ = ਭਰਮਦਾ ਫੇਰਿ = ਫਿਰਦਾ ਹੈ **ਵਾ:** ਭਰਮਦਾ ਹੋਇਆ ਜੰਮਣ ਮਰਣ ਫੇਰਿਆਂ ਵਿਚ ਪਿਆ ਰਹਿੰਦਾ ਹੈ ॥੩॥

## ਏਕੈ ਜਾਲਿ; ਫਹਾਏ ਪੰਖੀ ॥

ਏਕੈ = ਇਕ ਮਾਇਆ ਨੇ ਮੋਹ ਰੂਪੀ ਜਾਲ ਵਿਚ ਸਾਰੇ ਜੀਵ ਰੂਪੀ ਪੰਖੀ = ਪੰਛੀ ਫਹਾਏ = ਫਸਾਏ ਹੋਏ ਹਨ।

## ਰਸਿ ਰਸਿ; ਭੋਗ ਕਰਹਿ ਬਹੁ ਰੰਗੀ ॥

ਇਸ ਕਰਕੇ ਜੀਵ ਰਸਿ = ਸ਼ਬਦ, ਸਪਰਸ਼, ਰੂਪ, ਰਸ, ਗੰਧ, ਵਿਸ਼ਿਆਂ ਵਿਚ ਰਸਿ = ਤਦਾਕਾਰ ਹੋ ਕੇ **ਵਾ:** ਰਸਿ = ਰਸਾਂ, ਸਵਾਦਾਂ ਦਾ ਰਸਿ = ਰਸੀਆ ਹੋ ਕੇ ਬਹੁ ਰੰਗੀ = ਅਨੇਕ ਕੌਤਕਾਂ ਵਾਲੀ ਮਾਇਆ ਦੇ ਪਦਾਰਥਾਂ ਦੇ ਭੋਗ = ਭੋਗਾਂ ਨੂੰ ਭੋਗਣਾ ਕਰਹਿ = ਕਰਦਾ ਹੈ।

## ਕਹੁ ਨਾਨਕ; ਜਿਸੁ ਭਏ ਕ੍ਰਿਪਾਲ ॥

ਸਤਿਗੁਰੂ ਸਾਹਿਬ ਜੀ ਕਹੁ = ਕਹਿੰਦੇ ਹਨ ਕਿ ਜਿਸ ਜੀਵ ਉਪਰ ਮਹਾਰਾਜ ਆਪ ਕ੍ਰਿਪਾਲ = ਕ੍ਰਿਪਾਲੂ ਭਏ = ਹੋਏ ਹਨ।

## ਗੁਰਿ ਪੂਰੈ; ਤਾ ਕੇ ਕਾਟੇ ਜਾਲ ॥੪॥੧੩॥੮੨॥

ਪੂਰੈ = ਪੂਰਨ ਗੁਰਿ = ਗੁਰੂ ਸਾਹਿਬ ਜੀ ਨੇ ਤਾ ਕੇ = ਉਸ ਦੇ ਮਮਤਾ ਦੇ, ਜਨਮ ਮਰਣ ਆਦਿ ਦੇ ਜਾਲ = ਫਾਸ ਕਾਟੇ = ਕੱਟ ਦਿੱਤੇ ਹਨ। ਇਸ ਕਰਕੇ ਪੂਰੇ ਗੁਰਾਂ ਦੀ ਸ਼ਰਨ ਵਿਚ ਪੈ ਕੇ ਸ੍ਰੇਸ਼ਟ ਮੱਤ ਧਾਰਨ ਕਰ ਕੇ ਉਸ ਦੇ ਗੁਣਾਂ ਨੂੰ ਗਾਉਣਾ ਕਰੋ ਤਾਂ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ॥੪॥੧੩॥੮੨॥

## ਗਉੜੀ ਗੁਆਰੇਰੀ, ਮਹਲਾ ੫ ॥

## ਤਉ ਕਿਰਪਾ ਤੇ; ਮਾਰਗੁ ਪਾਈਐ ॥ ਪ੍ਰਭ ਕਿਰਪਾ ਤੇ; ਨਾਮੁ ਧਿਆਈਐ ॥

ਹੇ ਵਾਹਿਗੁਰੂ! ਤਉ = ਤੇਰੀ ਕਿਰਪਾ = ਦਇਆ ਤੇ = ਤੋਂ ਹੀ ਭਗਤੀ, ਗਿਆਨ, ਸਤਿਸੰਗਤ, ਬ੍ਰਹਮਾਕਾਰ ਬ੍ਰਿਤੀ ਰੂਪ ਮਾਰਗੁ = ਰਸਤਾ ਪਾਈਐ = ਪਾਈਦਾ ਹੈ।

ਹੇ ਪ੍ਰਭ = ਪ੍ਰਭੂ ਜੀ ! ਤੇਰੀ ਕਿਰਪਾ = ਮੇਹਰ ਤੇ = ਤੋਂ ਹੀ ਤੇਰਾ ਅੰਮ੍ਰਿਤ ਨਾਮ ਧਿਆਈਐ = ਧਿਆਇਆ ਜਾਂਦਾ ਹੈ।

## ਪ੍ਰਭ ਕਿਰਪਾ ਤੇ; ਬੰਧਨ ਛੁਟੈ ॥ ਤਉ ਕਿਰਪਾ ਤੇ; ਹਉਮੈ ਤੁਟੈ ॥੧॥

ਹੇ ਪ੍ਰਭ = ਪ੍ਰਭੂ ! ਤੇਰੀ ਕਿਰਪਾ ਤੇ = ਤੋਂ ਹੀ ਜੰਮਣ ਮਰਨ ਰੂਪ, ਕਰਤਾ ਭੋਗਤਾ ਆਦਿ ਦੇ ਬੰਧਨ ਛੁਟੈ = ਛੁੱਟਦੇ, ਖੁੱਲ੍ਹਦੇ ਹਨ। ਤਉ = ਤੇਰੀ ਕਿਰਪਾ = ਮਿਹਰ ਤੇ = ਤੋਂ ਹੀ ਹਉਮੈ = ਹੰਗਤਾ ਮਮਤਾ ਦਾ ਪਰਦਾ ਤੁਟੈ = ਟੁੱਟਦਾ ਹੈ ॥੧॥

## ਤੁਮ ਲਾਵਹੁ; ਤਉ ਲਾਗਹ ਸੇਵ ॥
## ਹਮ ਤੇ; ਕਛੂ ਨ ਹੋਵੈ ਦੇਵ ॥੧॥ਰਹਾਉ॥

ਹੇ ਵਾਹਿਗੁਰੂ ! ਜੇਕਰ ਤੁਮ = ਤੁਸੀਂ ਸਤਿਗੁਰਾਂ ਦੀ ਸ਼ਰਨ ਵਿਚ ਪਾ ਕੇ ਆਪਣੀ ਸੇਵਾ, ਭਜਨ ਬੰਦਗੀ ਵਿਚ ਲਾਵਹੁ = ਲਾਉਣਾ ਕਰੋ, ਤਉ = ਤਾਂ ਹੀ ਅਸੀਂ ਸੇਵ = ਟਹਿਲ, ਭਜਨ ਬੰਦਗੀ ਵਿਚ ਲਾਗਹੁ = ਲੱਗਾਂਗੇ **ਵਾ:** ਲੱਗ ਸਕਾਂਗੇ। ਹੇ ਦੇਵ = ਪ੍ਰਕਾਸ਼ ਸਰੂਪ ਪਰਮੇਸ਼ਰ ! ਹਮ = ਸਾਡੇ ਤੇ = ਤੋਂ ਤਾਂ ਕਛੂ = ਕੁਝ ਭੀ ਨ = ਨਹੀਂ ਹੋਵੈ = ਹੋ ਸਕਦਾ ਹੈ ॥੧॥ਰਹਾਉ॥

## ਤੁਧੁ ਭਾਵੈ; ਤਾ ਗਾਵਾ ਬਾਣੀ ॥ ਤੁਧੁ ਭਾਵੈ; ਤਾ ਸਚੁ ਵਖਾਣੀ ॥

ਹੇ ਵਾਹਿਗੁਰੂ ! ਜੇਕਰ ਤੁਧੁ = ਤੁਹਾਨੂੰ ਨਿਸ਼ਕਾਮ ਕਰਮ ਭਾਵੈ = ਭਾਅ ਜਾਣ ਤਾ = ਤਦ ਹੀ ਅਸੀਂ ਤੇਰੀ ਨਾਮ ਰੂਪ ਬਾਣੀ ਨੂੰ ਗਾਵਾ = ਗਾਉਣਾ ਕਰੀਏ।

ਜੇਕਰ ਤੁਧੁ = ਤੈਨੂੰ ਭਾਵੈ = ਭਾਅ ਜਾਈਏ ਤਾ = ਤਦ ਹੀ ਅਸੀਂ ਤੇਰੇ ਸਚੁ = ਸੱਚੇ ਨਾਮ ਦਾ ਵਖਾਣੀ = ਕਥਨ ਕਰੀਏ **ਵਾ:** ਸੱਚ ਵਖਾਣੀ = ਬੋਲਣਾ ਕਰੀਏ।

## ਤੁਧੁ ਭਾਵੈ; ਤਾ ਸਤਿਗੁਰ ਮਇਆ ॥
## ਸਰਬ ਸੁਖਾ; ਪ੍ਰਭ ਤੇਰੀ ਦਇਆ ॥੨॥

ਹੇ ਵਾਹਿਗੁਰੂ ! ਜੇ ਤੁਧੁ = ਤੈਨੂੰ ਭਾਵੈ = ਭਾਅ ਜਾਵੇ ਤਾ = ਤਦ ਹੀ ਸਤਿਗੁਰੂ ਸਾਹਿਬ ਜੀ ਦੀ ਮਇਆ = ਕ੍ਰਿਪਾਲਤਾ ਹੁੰਦੀ ਹੈ। ਹੇ ਪ੍ਰਭ = ਪਰਮੇਸ਼ਰ ! ਸਰਬ = ਸਾਰੇ ਸੁਖਾ = ਸੁਖ ਤੇਰੀ = ਤੁਹਾਡੀ ਦਇਆ = ਦਇਆਲਤਾ ਵਿਚ ਹੀ ਪ੍ਰਾਪਤ ਹੁੰਦੇ ਹਨ ॥੨॥

## ਜੋ ਤੁਧੁ ਭਾਵੈ; ਸੋ ਨਿਰਮਲ ਕਰਮਾ ॥ ਜੋ ਤੁਧੁ ਭਾਵੈ; ਸੋ ਸਚੁ ਧਰਮਾ ॥

ਹੇ ਵਾਹਿਗੁਰੂ ! ਜੋ = ਜਿਹੜੇ ਤੁਧੁ = ਤੁਹਾਨੂੰ ਭਾਵੈ = ਭਾਅ ਜਾਂਦੇ ਹਨ, ਸੋ = ਉਹ ਨਿਰਮਲ = ਉੱਜਲ ਕਰਮਾਂ ਵਾਲੇ ਹੋ ਜਾਂਦੇ ਹਨ। ਜੋ = ਜਿਹੜੇ ਤੁਧੁ = ਤੁਹਾਨੂੰ ਭਾਵੈ = ਭਾਅ ਜਾਂਦੇ ਹਨ, ਸੋ = ਉਹ ਸਚੁ = ਸੱਚੇ ਧਰਮਾ = ਧਰਮ ਵਾਲੇ ਪੁਰਖ ਹਨ।

## ਸਰਬ ਨਿਧਾਨ ਗੁਣ; ਤੁਮ ਹੀ ਪਾਸਿ ॥ ਤੂੰ ਸਾਹਿਬੁ; ਸੇਵਕ ਅਰਦਾਸਿ ॥੩॥

ਹੇ ਵਾਹਿਗੁਰੂ ! ਸਰਬ = ਸਾਰੇ ਪ੍ਰੋਖ ਅਪ੍ਰੋਖ ਗਿਆਨ ਆਦਿਕ ਦੇ ਨਿਧਾਨ = ਖ਼ਜ਼ਾਨੇ ਅਤੇ ਸਤਿ, ਸੰਤੋਖ, ਦਇਆ, ਧਰਮ ਆਦਿ ਸ਼ੁਭ ਗੁਣ ਤੁਮ ਹੀ = ਤੁਹਾਡੇ ਹੀ ਪਾਸਿ = ਕੋਲ ਹਨ।

ਤੂੰ ਹੀ ਸਾਰਿਆਂ ਦਾ ਸਾਹਿਬੁ = ਮਾਲਕ ਹੈਂ ਸਾਡੀ ਸੇਵਕ = ਦਾਸਾਂ ਦੀ ਤਾਂ ਤੁਹਾਡੇ ਅੱਗੇ ਅਰਦਾਸਿ = ਬੇਨਤੀ ਹੀ ਹੈ ॥੩॥

## ਮਨੁ ਤਨੁ ਨਿਰਮਲੁ ਹੋਇ; ਹਰਿ ਰੰਗਿ ॥ ਸਰਬ ਸੁਖਾ; ਪਾਵਉ ਸਤਸੰਗਿ ॥

ਹੇ ਹਰਿ = ਹਰੀ ! ਆਪ ਜੀ ਦਾ ਰੰਗਿ = ਪ੍ਰੇਮ ਸਾਨੂੰ ਲੱਗ ਜਾਵੇ ਤਾਂ ਸਾਡਾ ਮਨ ਤੇ ਤਨ ਨਿਰਮਲੁ = ਉੱਜਲ ਹੋਇ = ਹੋ ਜਾਵੇਗਾ **ਵਾ:** ਨਿਰਮਲ = ਪਾਪਾਂ ਦੀ ਮੈਲ ਤੋਂ ਰਹਿਤ ਹੋ ਜਾਵੇਗਾ। ਇਸ ਲਈ ਤੁਸੀਂ ਕਿਰਪਾ ਕਰਕੇ ਸਾਨੂੰ ਸਤਸੰਗ ਬਖ਼ਸ਼ੋ ਕਿਉਂਕਿ ਸਰਬ = ਸਾਰੇ ਸੁਖਾ = ਸੁੱਖ ਤੁਹਾਡੀ ਸਤਿਸੰਗਤ ਵਿੱਚੋਂ ਹੀ ਪਾਵਉ = ਪਾਈਦੇ ਹਨ।

## ਨਾਮਿ ਤੇਰੈ; ਰਹੈ ਮਨੁ ਰਾਤਾ ॥
## ਇਹੁ ਕਲਿਆਣੁ; ਨਾਨਕ ਕਰਿ ਜਾਤਾ ॥੪॥੧੪॥੮੩॥

ਹੇ ਵਾਹਿਗੁਰੂ ! ਤੁਸੀਂ ਕਿਰਪਾ ਕਰੋ, ਜਿਸ ਕਰਕੇ ਸਾਡਾ ਮਨ ਹਰ ਵੇਲੇ ਤੇਰੈ = ਤੁਹਾਡੇ ਅੰਮ੍ਰਿਤ ਨਾਮ ਵਿਚ ਰਾਤਾ = ਰੰਗਿਆ ਜਾਵੇ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ਤੇਰੇ ਇਹ ਨਾਮ ਕਰਕੇ ਹੀ ਕਲਿਆਣੁ = ਮੁਕਤੀ ਹੋਣੀ ਹੈ ਅਸੀਂ ਤਾਂ ਨਾਮ ਨੂੰ ਹੀ ਮੁਕਤੀ ਦਾ ਸਾਧਨ ਕਰਿ = ਕਰ ਕੇ ਜਾਤਾ = ਜਾਣਿਆ ਹੈ ॥੪॥੧੪॥੮੩॥

## ਗਉੜੀ ਗੁਆਰੇਰੀ, ਮਹਲਾ ੫ ॥

ਸਤਿਗੁਰੂ ਸਾਹਿਬ ਜੀ ! ਰਸਨਾ ਦੇ ਤਾਈਂ ਸਿੱਖਿਆ ਦਿੰਦੇ ਹੋਏ ਉਪਦੇਸ਼ ਕਥਨ ਕਰਦੇ ਹਨ :

## ਆਨ ਰਸਾ; ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ; ਤੇਰੀ ਲਾਥੇ ॥

ਹੇ ਰਸਨਾ ! ਆਨ = ਹੋਰ ਖੱਟੇ, ਮਿੱਠੇ, ਕੌੜੇ, ਕਸੈਲੇ ਅਤੇ ਛੱਤੀ ਪ੍ਰਕਾਰ ਦੇ ਰਸਾ = ਰਸਦਾਇਕ ਭੋਜਨਾਂ ਦੇ ਸਵਾਦਾਂ ਨੂੰ ਤੈ = ਤੂੰ ਚਾਖੇ = ਚੱਖਣਾ ਕੀਤਾ ਹੈ। ਉਨ੍ਹਾਂ ਸਵਾਦਾਂ ਤੋਂ ਨਿਮਖ ਮਾਤਰ **ਵਾ:** ਨਿਮਖ = ਅੱਖ ਦੇ ਝਮਕਣ ਜਿੰਨਾ ਸਮਾਂ ਭਾਵ ਥੋੜ੍ਹੇ ਮਾਤਰ ਵੀ ਤੇਰੀ ਤ੍ਰਿਸ਼ਨਾ = ਇੱਛਾ ਨਹੀਂ ਲਾਥੇ = ਲਹਿੰਦੀ, ਨਵਿਰਤ ਨਹੀਂ ਹੁੰਦੀ।

## ਹਰਿ ਰਸ ਕਾ; ਤੂੰ ਚਾਖਹਿ ਸਾਦੁ ॥ ਚਾਖਤ; ਹੋਇ ਰਹਹਿ ਬਿਸਮਾਦੁ ॥੧॥

ਹੇ ਰਸਨਾ ! ਜੇ ਤੂੰ ਹਰਿ = ਪਰਮੇਸ਼ਰ ਦੇ ਰਸ = ਪ੍ਰੇਮ **ਵਾ:** ਨਾਮ ਰਸ ਦਾ ਸਾਦੁ = ਸੁਆਦ ਚਾਖਹਿ = ਚੱਖਣਾ ਕਰੇਂ। ਉਸ ਰਸ ਨੂੰ ਚਾਖਤ = ਚਖਦਿਆਂ ਸਾਰ ਹੀ ਬਿਸਮਾਦੁ = ਅਸਚਰਜ ਹੋਇ = ਹੋ ਕੇ ਰਹਹਿ = ਰਹਿ ਜਾਵੇਂਗੀ ॥੧॥

## ਅੰਮ੍ਰਿਤੁ ਰਸਨਾ; ਪੀਉ ਪਿਆਰੀ ॥
## ਇਹ ਰਸ ਰਾਤੀ; ਹੋਇ ਤ੍ਰਿਪਤਾਰੀ ॥੧॥ਰਹਾਉ॥

ਹੇ ਪਿਆਰੀ ਰਸਨਾ ! ਤੂੰ ਅੰਮ੍ਰਿਤ ਨਾਮ ਰਸ ਨੂੰ ਪੀਣਾ ਕਰ। ਇਹ = ਇਸ ਨਾਮ ਰਸ ਵਿਚ ਰਾਤੀ = ਰੰਗ ਜਾਣ ਕਰਕੇ ਤੂੰ ਤ੍ਰਿਪਤਾਰੀ = ਤ੍ਰਿਪਤ ਹੋ ਜਾਵੇਗੀ ਰੱਜ ਜਾਵੇਂਗੀ, ਭਾਵ ਹੋਰ ਰਸਾਂ ਕਸਾਂ ਦੀ ਲੋੜ ਨਹੀਂ ਰਹੇਗੀ ॥੧॥ਰਹਾਉ॥

## ਹੇ ਜਿਹਵੇ; ਤੂੰ ਰਾਮ ਗੁਣ ਗਾਉ ॥

ਹੇ ਜਿਹਵੇ = ਰਸਨਾ ! ਤੂੰ ਵਾਕ ਇੰਦ੍ਰੀ ਹੈਂ, ਤੇਰੇ ਅੰਦਰ ਬੋਲਣ ਦੀ ਸ਼ਕਤੀ ਹੈ, ਇਸ ਕਰਕੇ ਤੂੰ ਰਾਮ = ਪਰਮੇਸ਼ਰ ਦੇ ਗੁਣ ਗਾਉ = ਗਾਉਣਾ ਕਰ।

## ਨਿਮਖ ਨਿਮਖ; ਹਰਿ ਹਰਿ ਹਰਿ ਧਿਆਉ ॥

ਹੇ ਰਸਨਾ ! ਨਿਮਖ ਨਿਮਖ ਕਾਲ ਭਾਵ ਥੋੜ੍ਹੇ ਤੋਂ ਵੀ ਥੋੜ੍ਹੇ ਸਮੇਂ ਵਿਚ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਹਰੀ ਪਰਮੇਸ਼ਰ ਨੂੰ ਧਿਆਉ = ਧਿਆਉਣਾ ਕਰ **ਵਾ:** ਮਨ, ਬਾਣੀ, ਸਰੀਰ ਕਰਕੇ ਹਰੀ ਪਰਮੇਸ਼ਰ ਦੇ ਹਰਿ ਹਰਿ ਨਾਮ ਨੂੰ ਧਿਆਉਣਾ ਕਰ **ਅਥਵਾ** ਹੇ ਮੇਰੇ ਮਨਾਂ ! ਤੂੰ ਨਿਮਖ = ਅੱਖ ਝਪਕਣ ਦੇ ਸਮੇਂ ਵਿਚ ਸੰਕਲਪ ਉਠਾਉਣਾ ਛੱਡ ਕੇ ਨਿਮਖ = ਥੋੜ੍ਹੇ ਸਮੇਂ ਵਿਚ ਵੀ ਹਰੀ ਪਰਮੇਸ਼ਰ ਨੂੰ ਧਿਆਉਣਾ ਕਰ, ਜੋ ਤੇਰੇ ਹਰਿ = ਹਰੇਕ ਪਾਪਾਂ ਨੂੰ ਹਰਿ = ਨਾਸ ਕਰ ਦੇਵੇਗਾ।

## ਆਨ ਨ ਸੁਨੀਐ; ਕਤਹੂੰ ਜਾਈਐ ॥
## ਸਾਧਸੰਗਤਿ; ਵਡਭਾਗੀ ਪਾਈਐ ॥੨॥

ਹੇ ਰਸਨਾ ! ਪਰਮੇਸ਼ਰ ਦੇ ਗੁਣਾਂ ਤੋਂ ਬਗ਼ੈਰ ਆਨ = ਹੋਰ ਕੁਝ ਨ = ਨਾ = ਸੁਨੀਐ = ਸੁਣੀਏ ਤੇ ਸਤਸੰਗਤ ਤੋਂ ਬਗ਼ੈਰ ਹੋਰ ਕਤਹੂੰ = ਕਿਤੇ ਵੀ ਨਾ ਜਾਈਐ = ਜਾਈਏ। ਕਿਉਂਕਿ

ਸਾਧਸੰਗਤਿ = ਸ੍ਰੇਸ਼ਟ ਜਨਾਂ ਦੀ ਸੰਗਤ ਵਡਭਾਗੀ = ਵੱਡੇ ਭਾਗਾਂ ਕਰਕੇ ਪਾਈਐ = ਪਾਈਦੀ ਹੈ **ਅਥਵਾ** ਹੇ ਮੇਰੇ ਕੰਨੋ ! ਪਰਮੇਸ਼ਰ ਦੇ ਨਾਮ ਤੋਂ ਬਿਨਾਂ ਆਨ = ਹੋਰ ਕਿਸੇ ਦੀ ਦ੍ਵੈਸ਼ ਆਦਿ ਦੀ ਗੱਲ ਨ = ਨਾ ਸੁਨੀਐ = ਸੁਣਿਆ ਕਰੋ। ਹੇ ਮੇਰੇ ਪੈਰੋ ਤੁਸੀਂ ਵੀ ਕਤਹੂੰ = ਕਿਧਰੇ ਕੁਸੰਗਤ ਵੱਲ ਚੱਲ ਕੇ ਨਾ ਜਾਈਐ = ਜਾਇਆ ਕਰੋ **ਵਾ:** ਹੇ ਮੇਰੇ ਕੰਨੋ ! ਸਤਿਸੰਗਤ ਤੋਂ ਬਿਨਾਂ ਹੋਰ ਕੁਝ ਨਾ ਸੁਣੋ ਅਤੇ ਨਾ ਹੀ ਕਤਹੂੰ = ਕਿਤੇ ਹੋਰ ਪਾਸੇ ਗੱਲਾਂ ਸੁਣਨ ਜਾਇਆ ਕਰੋ **ਵਾ:** ਹੇ ਮੇਰੇ ਕੰਨੋ ਜੇ ਸ੍ਵਣ ਕਰਨਾ ਹੈ ਤਾਂ ਸਤਸੰਗਤ ਵਿਚ ਜਾ ਕੇ ਹਰੀ ਜਸ ਸ੍ਵਣ ਕਰੋ ਹੇ ਮੇਰੇ ਪੈਰੋ ਜੇ ਚੱਲ ਕੇ ਜਾਣਾ ਹੈ ਤਾਂ ਸਤਿਸੰਗਤ ਵਿਚ ਜਾਇਆ ਕਰੋ, ਕਿਉਂਕਿ ਸਤਸੰਗਤ ਵਡਭਾਗੀ = ਵੱਡਿਆਂ ਭਾਗਾਂ ਕਰਕੇ ਪਾਈਐ = ਪ੍ਰਾਪਤ ਕਰੀਦੀ ਹੈ ॥੨॥

## ਆਠ ਪਹਰ; ਜਿਹਵੇ ਆਰਾਧਿ ॥ ਪਾਰਬ੍ਰਹਮ; ਠਾਕੁਰ ਆਗਾਧਿ ॥

ਹੇ ਜਿਹਵੇ = ਰਸਨਾ ! ਤੂੰ ਉਸ ਪਰਮੇਸ਼ਰ ਨੂੰ ਆਠ ਪਹਰ = ਅੱਠੇ ਪਹਰ, ਰਾਤ ਦਿਨੇ ਆਰਾਧਿ = ਅਰਾਧਿਆ ਕਰ, ਜੋ ਪਾਰਬ੍ਰਹਮ = ਪਰਮੇਸ਼ਰ ਸਾਰਿਆਂ ਦਾ ਠਾਕੁਰ = ਸੁਆਮੀ ਹੈ ਤੇ ਆਗਾਧਿ = ਡੂੰਘਾ ਹੈ।

## ਈਹਾ ਊਹਾ; ਸਦਾ ਸੁਹੇਲੀ ॥
## ਹਰਿ ਗੁਣ ਗਾਵਤ; ਰਸਨ ਅਮੋਲੀ ॥੩॥

ਹੇ ਰਸਨਾ ! ਇਉਂ ਤੂੰ ਈਹਾ = ਇਸ ਲੋਕ ਵਿਚ ਵੀ ਅਤੇ ਊਹਾ = ਪਰਲੋਕ ਵਿਚ ਵੀ ਸਦਾ = ਹਮੇਸ਼ਾਂ ਸੁਹੇਲੀ = ਸੁਖੀ ਹੋ ਜਾਵੇਂਗੀ। ਹੇ ਰਸਨ = ਰਸਨਾ ! ਤੂੰ ਹਰਿ = ਹਰੀ ਦੇ ਗੁਣ = ਗੁਣਾਂ, ਜਸ ਨੂੰ ਗਾਵਤ = ਗਾਉਂਦੀ ਹੋਈ ਅਮੋਲੀ = ਅਮੋਲਕ ਬਣ ਜਾਵੇਂਗੀ ॥੩॥

## ਬਨਸਪਤਿ ਮਉਲੀ; ਫਲ ਫੁਲ ਪੇਡੇ ॥

(**ਬਨੱਸਪਤਿ** ਦਾ ਉਚਾਰਨ ਅੱਧਕ ਸਹਿਤ ਹੈ)

ਉਸ ਵਾਹਿਗੁਰੂ ਦੀ ਸੱਤਾ ਨਾਲ ਅਠਾਰਾਂ ਭਾਰ ਬਨਸਪਤੀ ਮਉਲੀ = ਪ੍ਰਫੁੱਲਤ ਹੋ ਰਹੀ ਹੈ ਅਤੇ ਪੇਡੇ = ਬੂਟਿਆਂ ਨੂੰ ਫਲ ਅਤੇ ਫੁੱਲ ਲੱਗੇ ਹੋਏ ਹਨ **ਅਥਵਾ** ਇਹ ਸੰਸਾਰ ਰੂਪੀ ਬਨਸਪਤੀ ਮਉਲੀ = ਪ੍ਰਫੁੱਲਤ ਹੋ ਰਹੀ ਹੈ ਅਤੇ ਦੇਹਾਂ ਰੂਪ ਪੇਡੇ = ਬੂਟਿਆਂ ਨੂੰ ਦੁਖ ਤੇ ਸੁਖ ਰੂਪ ਫਲ ਅਤੇ ਕਰਮ ਤੇ ਧਰਮ ਰੂਪੀ ਫੁੱਲ ਲੱਗੇ ਹੋਏ ਹਨ **ਅਥਵਾ** ਇਸੇ ਪ੍ਰਕਾਰ ਵਾਹਿਗੁਰੂ ਦੀ ਸਤਿਸੰਗਤ ਰੂਪੀ ਬਨਸਪਤੀ ਸ਼ੁਭ ਗੁਣਾਂ ਕਰਕੇ ਬੜੀ ਮੌਲ ਰਹੀ ਹੈ, ਸਤਸੰਗੀ **ਵਾ:** ਜਗਿਆਸੂ ਰੂਪੀ ਪੇਡੇ = ਬੂਟਿਆਂ ਨੂੰ ਗਿਆਨ ਰੂਪੀ ਫਲ ਲੱਗਾ ਹੋਇਆ ਹੈ ਅਤੇ ਧਰਮ ਰੂਪੀ ਫੁੱਲ ਲੱਗੇ ਹੋਏ ਹਨ।

## ਇਹ ਰਸ ਰਾਤੀ; ਬਹੁਰਿ ਨ ਛੋਡੇ ॥

ਹੇ ਰਸਨਾ ! ਜੇ ਤੂੰ ਵਾਹਿਗੁਰੂ ਦੇ ਰਸ ਵਿਚ ਰਾਤੀ = ਰੰਗੀ ਜਾਵੇਂ ਤਾਂ ਬਹੁਰ = ਫਿਰ ਕਦੇ ਵੀ ਤੂੰ ਇਸ ਨੂੰ ਛੋਡੇ = ਛੱਡੇਂਗੀ ਨ = ਨਹੀਂ **ਵਾ:** ਜੇਕਰ ਤੂੰ ਜਗਿਆਸਣਾ ਵਾਲੇ ਰੰਗ ਵਿਚ ਰੰਗੀ ਜਾਵੇਂਗੀ ਤਾਂ ਮੁੜ ਕੇ ਪ੍ਰਭੂ ਦੇ ਅਨੰਦ ਨੂੰ ਕਦੇ ਛੱਡ ਨਹੀਂ ਸਕੇਂਗੀ।

## ਆਨ ਨ ਰਸ ਕਸ; ਲਵੈ ਨ ਲਾਈ ॥

(ਦੂਸਰਾ ਪਾਠ **ਆਨਨ** ਹੈ)

ਆਨ = ਹੋਰ ਕੋਈ ਰਸ ਕਸ ਨਾਮ ਦੇ ਤੁਲ ਨਹੀਂ ਹੋ ਸਕਦਾ ਅਤੇ ਨਾ ਹੀ ਪਰਮੇਸ਼ਰ ਦੇ ਨਾਮ ਦੇ ਲਵੈ = ਸਦਰਸ ਕੋਈ ਲਾਈ = ਲੱਗ ਸਕਦਾ ਹੈ **ਅਥਵਾ** ਹੇ ਰਸਨਾ ! ਜੋ ਤੂੰ ਆਨਨ = ਮੂੰਹ ਦੇ ਨਾਲ ਰਸਾਂ ਅਤੇ ਕਸਾਂ ਨੂੰ ਖਾਂਦੀ ਹੈਂ, ਪਰਮੇਸ਼ਰ ਦੇ ਨਾਮ ਰਸ ਦੇ ਲਵੈ = ਬਰਾਬਰ ਤਾਂ ਕੋਈ ਚੀਜ਼ ਨਹੀਂ ਲੱਗ ਸਕਦੀ।

## ਕਹੁ ਨਾਨਕ; ਗੁਰ ਭਏ ਹੈ ਸਹਾਈ ॥੪॥੧੫॥੮੪॥

ਸਤਿਗੁਰੂ ਸਾਹਿਬ ਜੀ ਕਹੁ = ਕਹਿੰਦੇ ਹਨ ਕਿ ਹੇ ਰਸਨਾ ! ਜਿਨ੍ਹਾਂ ਦੇ ਸਹਾਈ = ਸਹਾਇਕ ਗੁਰੂ ਸਾਹਿਬ ਜੀ ਭਏ = ਹੋਏ ਹੈ = ਹਨ, ਉਨ੍ਹਾਂ ਨੂੰ ਪਤਾ ਲੱਗ ਗਿਆ ਹੈ ਕਿ ਨਾਮ ਦੇ ਤੁਲ ਹੋਰ ਕੋਈ ਚੀਜ਼ ਨਹੀਂ ਹੈ ॥੪॥੧੫॥੮੪॥

## ਗਉੜੀ ਗੁਆਰੇਰੀ, ਮਹਲਾ ੫ ॥

ਸਿੱਖਾਂ ਨੇ ਸਤਿਗੁਰੂ ਸਾਹਿਬ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕੋਲ ਪ੍ਰਸ਼ਨ ਕੀਤਾ ਕਿ ਮਹਾਰਾਜ ਪਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੋਵੇ। ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਪਰਮੇਸ਼ਰ ਦੇ ਸਨਮੁਖ ਇਉਂ ਬੇਨਤੀ ਕਰੋ ਕਿ

## ਮਨੁ ਮੰਦਰੁ; ਤਨੁ ਸਾਜੀ ਬਾਰਿ ॥

ਹੇ ਸੱਚੇ ਪਾਤਿਸ਼ਾਹ ਜੀ ! ਪਰਮੇਸ਼ਰ ਦੀ ਪ੍ਰਾਪਤੀ ਵਾਸਤੇ ਮਨ ਰੂਪੀ ਮੰਦਰ ਦੇ ਇਰਦ ਗਿਰਦ ਤਨੁ = ਸਥੂਲ ਸਰੀਰ ਰੂਪੀ ਬਾਰਿ = ਵਾੜ ਸਾਜੀ = ਸਜਾਉਣਾ ਕੀਤੀ ਹੈ।

[ਅੰਗ ੧੮੧]

## ਇਸ ਹੀ ਮਧੇ; ਬਸਤੁ ਅਪਾਰ ॥

ਇਸ = ਏਸੇ ਮਨ ਰੂਪੀ ਮੰਦਰ ਦੇ ਮਧੇ = ਵਿਚ ਹੀ ਅਪਾਰ = ਬੇਅੰਤ ਗੁਣਾਂ ਰੂਪ ਵਸਤੂਆਂ ਹਨ।

## ਇਸ ਹੀ ਭੀਤਰਿ; ਸੁਨੀਅਤ ਸਾਹੁ ॥

ਇਸ ਮਨ ਰੂਪੀ ਮੰਦਰ ਦੇ ਭੀਤਰਿ = ਵਿਚ ਹੀ ਸਾਹੁ = ਸਾਹੂਕਾਰ ਰੂਪ ਪਰਮੇਸ਼ਰ ਵਸਦਾ ਸੁਨੀਅਤ = ਸੁਣਿਆ ਜਾਂਦਾ ਹੈ **ਵਾ:** ਵੇਦਾ ਸ਼ਾਸਤ੍ਰਾਂ ਰਿਖੀਆਂ ਮੁਨੀਆਂ ਸਤਿਪੁਰਸ਼ਾਂ ਪਾਸੋਂ ਸੁਨੀਅਤ = ਸੁਣਿਆ ਗਿਆ ਹੈ।

## ਕਵਨੁ ਬਾਪਾਰੀ; ਜਾ ਕਾ ਊਹਾ ਵਿਸਾਹੁ ॥੧॥

***ਪ੍ਰਸ਼ਨ :*** *ਉਸ ਸਾਹੂਕਾਰ ਪਰਮੇਸ਼ਰ ਨਾਲ ਵਣਜ ਕਰਨ ਵਾਲਾ ਬਾਪਾਰੀ = ਵਪਾਰੀ ਕਵਨੁ = ਕਿਹੜਾ ਹੈ ?*
***ਉੱਤਰ :*** ਜਾ ਕਾ = ਜਿਸ ਦਾ ਊਹਾ = ਉਸ ਸ਼ਾਹੂਕਾਰ ਪਰਮੇਸ਼ਰ ਉੱਤੇ ਵਿਸਾਹੁ = ਭਰੋਸਾ ਹੈ ਉਹੋ ਹੀ ਬਾਪਾਰੀ = ਵਪਾਰ ਕਰਨ ਵਾਲਾ ਹੈ ॥੧॥

## ਨਾਮ ਰਤਨ; ਕੋ ਕੋ ਬਿਉਹਾਰੀ ॥

***ਪ੍ਰਸ਼ਨ :*** *ਨਾਮ ਰੂਪੀ ਰਤਨ ਦਾ ਕੋ ਕੋ = ਕੌਣ ਕੌਣ ਬਿਉਹਾਰੀ = ਵਪਾਰੀ ਹੈ।*

## ਅੰਮ੍ਰਿਤ ਭੋਜਨੁ; ਕਰੇ ਆਹਾਰੀ ॥੧॥ਰਹਾਉ॥

***ਉੱਤਰ :*** ਜਿਹੜਾ ਅੰਮ੍ਰਿਤ ਰੂਪੀ ਭੋਜਨ ਦੀ ਆਹਾਰੀ = ਖ਼ੁਰਾਕ ਕਰੇ = ਕਰਦਾ ਹੈ, ਉਹੋ ਹੀ ਨਾਮ ਰਤਨ ਦਾ ਅਧਿਕਾਰੀ ਰੂਪ ਵਪਾਰੀ ਹੈ ॥੧॥ਰਹਾਉ॥

## ਮਨੁ ਤਨੁ ਅਰਪੀ; ਸੇਵ ਕਰੀਜੈ ॥

ਹੇ ਮਹਾਰਾਜ ! ਅਸੀਂ ਆਪਣਾ ਮਨ ਵੀ ਅਰਪੀ = ਅਰਪਣ ਕਰ ਦੇਈਏ, ਤਨ ਵੀ ਭੇਟਾ ਕਰ ਦੇਈਏ ਅਤੇ ਸੇਵ = ਟਹਿਲ ਵੀ ਕਰੀਜੈ = ਕਰੀਏ।

## ਕਵਨ ਸੁ ਜੁਗਤਿ; ਜਿਤੁ ਕਰਿ ਭੀਜੈ ॥

ਉਹ ਕਵਨ = ਕਿਹੜੀ ਸੁ = ਸ੍ਰੇਸ਼ਟ ਜੁਗਤਿ = ਜੁਗਤੀ ਹੈ, ਜਿਤੁ = ਜਿਸ ਕਰਿ = ਕਰ ਕੇ ਤੂੰ ਭੀਜੈ = ਪ੍ਰਸੰਨ ਹੋ ਜਾਵੇਂ।

## ਪਾਇ ਲਗਉ; ਤਜਿ ਮੇਰਾ ਤੇਰੈ ॥

ਅਸੀਂ ਤਾਂ ਮੇਰਾ ਤੇਰੈ = ਮੇਰ ਤੇਰ ਛੱਡ ਕੇ ਆਪ ਜੀ ਦੀ ਪਾਇ = ਚਰਨੀਂ ਲਗਉ = ਲੱਗਦੇ ਹਾਂ।

## ਕਵਨੁ ਸੁ ਜਨੁ; ਜੋ ਸਉਦਾ ਜੋਰੈ ॥੨॥

ਹੇ ਸੱਚੇ ਪਾਤਿਸ਼ਾਹ ! ਉਹ ਕਵਨ = ਕਿਹੜਾ ਸੁ = ਸ੍ਰੇਸ਼ਟ ਜਨ ਹੈ ? ਜੋ ਤੇਰੀ ਪ੍ਰਾਪਤੀ ਰੂਪ ਸਉਦਾ = ਸੌਦੇ ਨਾਲ ਜੋਰੈ = ਜੋੜਨਾ ਕਰੇ ॥੨॥

## ਮਹਲੁ ਸਾਹ ਕਾ; ਕਿਨ ਬਿਧਿ ਪਾਵੈ ॥

ਹੇ ਸਾਹ = ਸਾਹੂਕਾਰ ਰੂਪ ਪਰਮੇਸ਼ਰ ! ਆਪ ਜੀ ਕਾ = ਦਾ ਸਚਖੰਡ ਰੂਪੀ ਮਹਲ ਕਿਨ = ਕਿਸ ਬਿਧਿ = ਤਰੀਕੇ ਨਾਲ ਪਾਵੈ = ਪਾ ਸਕੀਦਾ ਹੈ।

## ਕਵਨ ਸੁ ਬਿਧਿ; ਜਿਤੁ ਭੀਤਰਿ ਬੁਲਾਵੈ ॥

ਹੇ ਮਹਾਰਾਜ ! ਉਹ ਕਵਨ = ਕਿਹੜਾ ਸੁ = ਸ੍ਰੇਸ਼ਟ ਬਿਧਿ = ਤਰੀਕਾ ਹੈ। ਜਿਤੁ = ਜਿਸ ਕਰਕੇ ਤੂੰ ਸਾਨੂੰ ਤੁਰੀਆ ਪਦ ਰੂਪੀ ਮਹਲ ਦੇ ਭੀਤਰਿ = ਅੰਦਰ ਬੁਲਾਵੈ = ਬੁਲਾ ਲਵੇਂ।

## ਤੂੰ ਵਡ ਸਾਹੁ; ਜਾ ਕੇ ਕੋਟਿ ਵਣਜਾਰੇ ॥

ਹੇ ਮੇਰੇ ਵਾਹਿਗੁਰੂ ਤੂੰ ਹੀ ਵਡ = ਵੱਡਾ ਸਾਹੁ = ਸਾਹੂਕਾਰ ਪਾਤਿਸ਼ਾਹ ਹੈਂ, ਜਾ ਕੇ = ਜਿਸ ਆਪ ਜੀ ਕੇ = ਦੇ ਕੋਟਿ = ਕ੍ਰੋੜਾਂ ਹੀ ਵਣਜਾਰੇ = ਵਣਜ ਕਰਨ ਵਾਲੇ ਜਗਿਆਸੂ ਜਨ ਹਨ।

## ਕਵਨੁ ਸੁ ਦਾਤਾ; ਲੇ ਸੰਚਾਰੇ ॥੩॥

ਹੇ ਮਹਾਰਾਜ ! ਆਪ ਤੋਂ ਬਿਨਾਂ ਸੁ = ਉਹ ਕਵਨੁ = ਕਿਹੜਾ ਦਾਤਾ ਹੈ ? ਜੋ ਸਾਡੇ ਮਨ ਨੂੰ ਲੇ = ਲੈ ਕੇ ਤੇਰੇ ਨਾਲ ਸੰਚਾਰੇ = ਮੇਲਣਾ ਕਰੇ ॥੩॥

## ਖੋਜਤ ਖੋਜਤ; ਨਿਜ ਘਰੁ ਪਾਇਆ ॥

ਜਦੋਂ ਵੇਦਾਂ ਨੂੰ ਖੋਜਤ = ਖੋਜਿਆ, ਜਦੋਂ ਸ਼ਾਸਤ੍ਰਾਂ ਨੂੰ ਖੋਜਤ = ਖੋਜਿਆ **ਵਾ:** ਖੋਜਤ ਖੋਜਤ = ਲੱਭਦਿਆਂ ਲੱਭਦਿਆਂ ਸਤਿਸੰਗਤ ਦੁਆਰਾ ਨਿਜ = ਸ੍ਵੈ ਸਰੂਪ ਰੂਪੀ ਘਰ ਪਾਇਆ = ਪਾਉਣਾ ਕੀਤਾ ਹੈ।

## ਅਮੋਲ ਰਤਨੁ; ਸਾਚੁ ਦਿਖਲਾਇਆ ॥

ਹੇ ਪਰਮੇਸ਼ਰ ! ਤੇਰਾ ਰਤਨਾ ਦੀ ਨਿਆਈਂ ਅਮੋਲ = ਅਮੋਲਕ ਸਾਚੁ = ਸੱਚ ਸਰੂਪ ਗੁਰਾਂ ਨੇ ਅੰਦਰੋਂ ਪ੍ਰਗਟ ਕਰਕੇ ਦਿਖਲਾਇਆ = ਦਿਖਾ ਦਿੱਤਾ ਹੈ।

## ਕਰਿ ਕਿਰਪਾ; ਜਬ ਮੇਲੇ ਸਾਹਿ ॥

ਹੇ ਸਾਹਿ = ਸਾਹੂਕਾਰ ਰੂਪ ਪਰਮੇਸ਼ਰ ! ਜਬ = ਜਦੋਂ ਆਪ ਜੀ ਨੇ ਕਿਰਪਾ = ਮੇਹਰ ਦ੍ਰਿਸ਼ਟੀ ਕਰਿ = ਕਰਕੇ ਪੂਰੇ ਗੁਰੂ ਜੀ ਮੇਲੇ = ਮੇਲ ਦਿੱਤੇ।

## ਕਹੁ ਨਾਨਕ; ਗੁਰ ਕੈ ਵੇਸਾਹਿ ॥੪॥੧੬॥੮੫॥

ਸਤਿਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਉਸ ਵੇਲੇ ਗੁਰ = ਸਤਿਗੁਰਾਂ ਕੈ = ਦੇ ਬਚਨਾਂ 'ਤੇ ਵੇਸਾਹਿ = ਭਰੋਸਾ ਬੱਝ ਗਿਆ ਹੈ॥੪॥੧੬॥੮੫॥

### ਅਰਥ ਦੂਸਰਾ

### ਮਨੁ ਮੰਦਰੁ; ਤਨੁ ਸਾਜੀ ਬਾਰਿ ॥

ਮਨ ਰੂਪੀ ਮੰਦਰ ਦੇ ਦੁਆਲੇ ਤਨ ਰੂਪੀ ਬਾਰਿ = ਵਾੜ ਬਣਾ ਕੇ ਪੱਚੀ ਪ੍ਰਕਿਰਤੀਆਂ ਰੂਪ ਪਰਮੇਸ਼ਰ ਨੇ ਸਾਜੀ = ਸਾਜਣਾ ਕੀਤਾ ਹੈ।

### ਇਸ ਹੀ ਮਧੇ; ਬਸਤੁ ਅਪਾਰ ॥

ਇਸ ਦੇ ਮਧੇ = ਵਿਚ ਹੀ ਅਪਾਰ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਬਸਤੁ = ਵੱਸ ਰਿਹਾ ਹੈ।

### ਇਸ ਹੀ ਭੀਤਰਿ; ਸੁਨੀਅਤ ਸਾਹੁ ॥

ਮੈਂ ਵੇਦ ਸ਼ਾਸਤ੍ਰਾਂ ਦੁਆਰਾ ਸੁਨੀਅਤ = ਸੁਣਿਆ ਹੈ ਕਿ ਇਸ ਮਨੁੱਖਾ ਦੇਹ ਦੇ ਭੀਤਰਿ = ਅੰਦਰ ਹੀ ਸਾਹੁ = ਸਾਹੂਕਾਰ ਪਰਮੇਸ਼ਰ ਵਸਦਾ ਹੈ।

### ਕਵਨੁ ਬਾਪਾਰੀ; ਜਾ ਕਾ ਊਹਾ ਵਿਸਾਹੁ ॥੧॥

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਉਸ ਪਰਮੇਸ਼ਰ ਦਾ ਬਾਪਾਰੀ = ਵਪਾਰੀ ਕਵਨ = ਕੌਣ ਹੋ ਸਕਦਾ ਹੈ ?*
***ਗੁਰ ਉੱਤਰ :*** ਗੁਰੂ ਜੀ ਕਹਿੰਦੇ ਹਨ ਕਿ ਜਿਨ੍ਹਾਂ ਦਾ ਉਸ ਪਰਮੇਸ਼ਰ ਦੇ ਉੱਤੇ ਵਿਸਾਹੁ = ਭਰੋਸਾ ਬੱਝ ਗਿਆ ਹੈ ॥੧॥

### ਨਾਮ ਰਤਨ; ਕੋ ਕੋ ਬਿਉਹਾਰੀ ॥

***ਪ੍ਰਸ਼ਨ :*** *ਸਤਿਗੁਰੂ ਜੀ ਨਾਮ ਰਤਨ ਦਾ ਕੋ ਕੋ = ਕੌਣ ਕੌਣ ਬਿਉਹਾਰੀ = ਵਪਾਰੀ ਹੈ।*
***ਗੁਰ ਉੱਤਰ :*** ਨਾਮ ਰੂਪੀ ਰਤਨ ਦਾ ਕੋ ਕੋ = ਕੋਈ ਕੋਈ ਵਿਰਲਾ ਹੀ ਬਿਉਹਾਰੀ = ਵਪਾਰੀ ਹੈ।

### ਅੰਮ੍ਰਿਤ ਭੋਜਨੁ ਕਰੇ ਆਹਾਰੀ ॥੧॥ਰਹਾਉ॥

ਕੋਈ ਕੌਣ ਹੈ ਜੋ ਅੰਮ੍ਰਿਤ ਰੂਪੀ ਨਾਮ ਭੋਜਨ ਦਾ ਆਹਾਰ ਕਰੇ, ਭਾਵ ਆਪਣੀ ਖ਼ੁਰਾਕ ਸਮਝੇ ॥੧॥ਰਹਾਉ॥

### ਮਨੁ ਤਨੁ ਅਰਪੀ; ਸੇਵ ਕਰੀਜੈ ॥ ਕਵਨ ਸੁ ਜੁਗਤਿ; ਜਿਤੁ ਕਰਿ ਭੀਜੈ ॥

ਹੇ ਮਹਾਰਾਜ ! ਕਿਰਪਾ ਕਰਕੇ ਦੱਸੋ ਕਿ ਉਹ ਕਵਨ = ਕਿਹੜੀ ਸੁ = ਸ੍ਰੇਸ਼ਟ ਜੁਗਤਿ = ਜੁਗਤੀ ਹੈ, ਜਿਤੁ = ਜਿਸ ਕਰਕੇ ਪਰਮੇਸ਼ਰ ਸਾਡੇ ਤਾਈਂ ਭੀਜੈ = ਪ੍ਰਸੰਨ ਹੋ ਜਾਵੇ।

ਹੇ ਭਾਈ! ਆਪਣਾ ਮਨ ਅਤੇ ਤਨ ਅਰਪੀ = ਅਰਪਣ ਕਰ ਕੇ ਸੇਵ = ਸੇਵਾ ਟਹਿਲ ਕਰੀਜੈ = ਕਰਨਾ ਕਰੋ, ਇਹੋ ਹੀ ਜੁਗਤੀ ਹੈ, ਜਿਸ ਨਾਲ ਪਰਮੇਸ਼ਰ ਪ੍ਰਸੰਨ ਹੁੰਦਾ ਹੈ।

**ਪਾਇ ਲਗਉ; ਤਜਿ ਮੇਰਾ ਤੇਰੈ ॥ ਕਵਨੁ ਸੁ ਜਨੁ; ਜੋ ਸਉਦਾ ਜੋਰੈ ॥੨॥**

ਹੇ ਮਹਾਰਾਜ! ਆਪ ਤੋਂ ਬਿਨਾਂ ਉਹ ਕਵਨ = ਕਿਹੜਾ ਜਨ ਹੈ ਜੋ ਪਰਮਾਤਮਾ ਦੀ ਪ੍ਰਾਪਤੀ ਰੂਪ ਸੌਦੇ ਨਾਲ ਜੋੜ ਦੇਵੇ। ਅਸੀਂ ਇਸ ਕਰਕੇ ਆਪਣੀ ਮੇਰ-ਤੇਰ ਛੱਡ ਕਰ ਕੇ ਤੁਹਾਡੇ ਚਰਨੀਂ ਲੱਗਦੇ ਹਾਂ। ਤੁਸੀਂ ਹੀ ਕਿਰਪਾ ਕਰਕੇ ਸਾਡਾ ਸੌਦਾ ਜੋੜੋ, ਨਾਮ ਦੇ ਵਿਚ ਚਿਤ ਨੂੰ ਜੋੜੋ ਜੀ ਹੋਰ ਕੋਈ ਉਪਾਅ ਨਹੀਂ ॥੨॥

**ਮਹਲੁ ਸਾਹ ਕਾ; ਕਿਨ ਬਿਧਿ ਪਾਵੈ ॥ ਕਵਨ ਸੁ ਬਿਧਿ; ਜਿਤੁ ਭੀਤਰਿ ਬੁਲਾਵੈ ॥**

ਹੇ ਮਹਾਰਾਜ! ਜੋ ਸਾਹ = ਪਰਮੇਸ਼ਰ ਦਾ ਤੁਰੀਆ ਪਦ ਰੂਪੀ ਮਹਲ ਹੈ, ਇਹ ਕਿਨ = ਕਿਹੜੇ ਬਿਧਿ = ਤਰੀਕੇ ਨਾਲ ਪਾਵੈ = ਪ੍ਰਾਪਤ ਹੋਵੇ। ਅਤੇ ਉਹ ਕਵਨ = ਕਿਹੜੀ ਸੁ = ਸ੍ਰੇਸ਼ਟ ਬਿਧਿ = ਬਿਧੀ ਹੈ, ਜਿਤੁ = ਜਿਸ ਕਰਕੇ ਪਰਮੇਸ਼ਰ ਸਾਨੂੰ ਭੀਤਰਿ = ਅੰਦਰ ਬੁਲਾਵੈ = ਬੁਲਾ ਲਵੇ।

**ਤੂੰ ਵਡ ਸਾਹੁ; ਜਾ ਕੇ ਕੋਟਿ ਵਣਜਾਰੇ ॥**

ਗੁਰੂ ਸਾਹਿਬ ਜੀ ਕਹਿੰਦੇ ਕਿ ਹੇ ਸਿੱਖ! ਤੂੰ ਆਪ ਹੀ ਪਰਮੇਸ਼ਰ ਦੀ ਅੰਸ਼ ਹੋਣ ਕਰਕੇ ਵਡ = ਵੱਡਾ ਸਾਹੁ = ਸ਼ਾਹ ਹੈਂ। ਜਗਿਆਸੂ ਰੂਪ ਕੋਟਿ = ਕ੍ਰੋੜਾਂ ਹੀ ਵਣਜਾਰੇ ਹਨ, ਜੋ ਤੇਰੇ ਨਿਜ ਸਰੂਪ ਦੀ ਪ੍ਰਾਪਤੀ ਵਾਸਤੇ ਯਤਨ ਕਰਦੇ ਹਨ।

**ਕਵਨੁ ਸੁ ਦਾਤਾ; ਲੇ ਸੰਚਾਰੇ ॥੩॥**

ਹੇ ਸਿੱਖਾ! ਜਗਿਆਸੂ ਤੈਥੋਂ ਬਿਨਾਂ ਅਜਿਹਾ ਕਵਨ = ਕਿਹੜਾ ਸੁ = ਸ੍ਰੇਸ਼ਟ ਦਾਤਾ ਹੈ, ਜੋ ਤੈਨੂੰ ਸੰਚਾਰੇ = ਮਿਲਾ ਦੇਵੇ, ਭਾਵ ਤੂੰ ਖ਼ੁਦ ਹੀ ਬ੍ਰਹਮ ਦਾ ਸਰੂਪ ਹੈਂ, ਆਪਣੇ ਸਰੂਪ ਦੀ ਪਛਾਣ ਤੈਨੂੰ ਆਪ ਕਰਨੀ ਪਵੇਗੀ। ਉਪਦੇਸ਼ ਤੇਰੇ ਹਿਰਦੇ ਦੀ ਧਰਤੀ 'ਤੇ ਗੁਰੂ ਸੰਚਾਰੇ = ਸਿਰਜਣਾ ਕਰਨਗੇ ॥੩॥

**ਖੋਜਤ ਖੋਜਤ; ਨਿਜ ਘਰੁ ਪਾਇਆ ॥**

ਇਉਂ ਵੇਦਾਂ ਦੁਆਰਾ ਖੋਜਤ = ਖੋਜਿਆ, ਸ਼ਾਸਤ੍ਰਾਂ ਦੁਆਰਾ ਖੋਜਤ = ਖੋਜਿਆ, ਨਿਜ = ਆਪਣੇ ਸਾਧਸੰਗਤ ਰੂਪੀ ਘਰ ਦੁਆਰਾ ਜਦੋਂ ਅੰਤਰਮੁਖ ਬਿਰਤੀ **ਵਾ:** ਬ੍ਰਹਮਾਕਾਰ ਬਿਰਤੀ ਨੂੰ ਪਾਇਆ = ਪਾਉਣਾ ਕੀਤਾ।

**ਅਮੋਲ ਰਤਨੁ; ਸਾਚੁ ਦਿਖਲਾਇਆ ॥**

ਤਾਂ ਅਮੋਲ = ਅਮੋਲਕ ਰਤਨ ਰੂਪ ਪਰਮੇਸ਼ਰ, ਸ੍ਵੈ ਜੋਤੀ ਸਰੂਪ ਜੋ ਆਪਣੇ ਆਪ ਤੋਂ ਪ੍ਰਕਾਸ਼ ਹੋ ਰਿਹਾ ਹੈ, ਉਹ ਮੁਲ ਤੋਂ ਰਹਿਤ ਰਤਨ ਸਾਚੁ = ਸੱਚ ਸਰੂਪ ਗੁਰੂ ਜੀ ਨੇ ਕਿਰਪਾ ਕਰਕੇ ਅੰਦਰੋਂ ਹੀ ਪ੍ਰਗਟ ਕਰਕੇ ਦਿਖਲਾਇਆ = ਦਿਖਾ ਦਿੱਤਾ।

**ਕਰਿ ਕਿਰਪਾ; ਜਬ ਮੇਲੇ ਸਾਹਿ ॥**

ਇਉਂ ਕਿਰਪਾ = ਦਇਆ, ਮਿਹਰਬਾਨੀ ਕਰ ਕੇ ਜਦੋਂ ਸਾਹਿ = ਸ਼ਾਹ ਸਤਿਗੁਰੂ ਜੀ ਦੇ ਨਾਲ ਮੇਲੇ = ਮੇਲ ਦਿੱਤੇ।

**ਕਹੁ ਨਾਨਕ; ਗੁਰ ਕੈ ਵੇਸਾਹਿ ॥੪॥੧੬॥੮੫॥**

ਗੁਰੂ ਜੀ ਕਥਨ ਕਰਦੇ ਹਨ ਕਿ ਸਤਿਗੁਰਾਂ ਕੈ = ਦੇ ਵੇਸਾਹਿ = ਭਰੋਸੇ ਕਰਕੇ ਅਸੀਂ ਉਸ ਅਨੰਦ ਨੂੰ ਪ੍ਰਾਪਤ ਕੀਤਾ ਹੈ ॥੪॥੧੬॥੮੫॥

## ਅਰਥ ਤੀਸਰਾ

**ਮਨੁ ਮੰਦਰੁ; ਤਨੁ ਸਾਜੀ ਬਾਰਿ ॥**

ਹੇ ਭਾਈ ! ਉਸ ਮਨੁ = ਸ਼ਿਰੋਮਣੀ ਮੰਦਰੁ = ਅਧਿਸ਼ਠਾਨ ਸਰੂਪ ਪਰਮੇਸ਼ਰ ਨੇ ਪੰਜਾਂ ਤੱਤਾਂ ਦੁਆਰਾ ਸਾਰੇ ਤਨੁ = ਸਰੀਰ ਸਾਜੀ = ਸਾਜ ਕੇ ਇਕ ਬਾਰਿ = ਬਗੀਚੀ ਲਾਈ ਹੋਈ ਹੈ।

**ਇਸ ਹੀ ਮਧੇ; ਬਸਤੁ ਅਪਾਰ ॥**

ਇਸ ਦੇਹ ਦੇ ਅੰਦਰ **ਵਾ:** ਇਸ ਸੰਸਾਰ ਦੇ ਮਧੇ = ਵਿਚ ਅਪਾਰ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਪਰਮੇਸ਼ਰ ਬਸਤੁ = ਵੱਸ ਰਿਹਾ ਹੈ।

**ਇਸ ਹੀ ਭੀਤਰਿ; ਸੁਨੀਅਤ ਸਾਹੁ ॥**

ਵੇਦਾਂ ਸ਼ਾਸਤ੍ਰਾਂ ਤੋਂ ਵੀ ਇਹੀ ਸੁਨੀਅਤ = ਸੁਣੀਦਾ ਹੈ ਕਿ ਸਾਹੁ = ਪਾਤਿਸ਼ਾਹ ਇਸੇ ਦੇ ਭੀਤਰਿ = ਅੰਦਰ ਹੀ ਹੈ।

**ਕਵਨੁ ਬਾਪਾਰੀ; ਜਾ ਕਾ ਊਹਾ ਵਿਸਾਹੁ ॥੧॥**

ਉਸ ਦੀ ਪ੍ਰਾਪਤੀ ਵਾਲਾ ਅਧਿਕਾਰੀ ਰੂਪ ਬਾਪਾਰੀ = ਵਪਾਰੀ ਕਵਨੁ = ਕੌਣ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਦਾ ਉਸ ਪਰਮੇਸ਼ਰ ਉਪਰ ਵਿਸਾਹੁ = ਭਰੋਸਾ ਹੈ, ਭਾਵ ਜਿਸ ਨੇ ਸਤਿਗੁਰਾਂ ਦੁਆਰਾ ਉਪਦੇਸ਼ ਨੂੰ ਖ਼੍ਰੀਦਿਆ ਹੈ। ਉਹੋ ਹੀ ਵਾਪਾਰੀ ਹੈ॥੧॥

***ਪ੍ਰਸ਼ਨ :*** *ਕੀ ਨਾਮ ਰਤਨ ਦੇ ਬਹੁਤ ਵਪਾਰੀ ਹੁੰਦੇ ਹਨ ?*

**ਨਾਮ ਰਤਨ; ਕੋ ਕੋ ਬਿਉਹਾਰੀ ॥**

ਹੇ ਭਾਈ ! ਪਰਮੇਸ਼ਰ ਦੇ ਨਾਮ ਰਤਨ ਦਾ ਕੋ ਕੋ = ਕੋਈ ਕੋਈ ਵਿਰਲਾ ਹੀ ਵਪਾਰੀ ਹੈ, ਜੋ ਤਨ ਮਨ ਧਨ ਦੇ ਕੇ ਪ੍ਰਾਪਤ ਕਰਦਾ ਹੈ **ਵਾ:** ਕੋਈ ਇਕ ਅੱਧਾ ਹੀ ਪਰਮੇਸ਼ਰ ਦੇ ਨਾਮ ਦਾ ਰਸੀਆ ਹੈ, ਭਾਵ ਇਕ ਤਾਂ ਬ੍ਰਹਮ ਗਿਆਨੀ ਹੈ ਅਤੇ ਅੱਧਾ ਜਗਿਆਸੂ ਕਿਉਂਕਿ ਇਸ ਦੇ ਨਾਲ ਸੰਕਲਪ ਵੀ ਹੈ, ਤਾਂ ਜਗਿਆਸੂ ਨੂੰ ਅੱਧਾ ਕਿਹਾ ਹੈ।

**ਅੰਮ੍ਰਿਤ ਭੋਜਨੁ; ਕਰੇ ਆਹਾਰੀ ॥੧॥ਰਹਾਉ॥**

ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਜੋ ਬ੍ਰਹਮ ਗਿਆਨ ਰੂਪੀ ਭੋਜਨ ਹੈ, ਉਸ ਬ੍ਰਹਮਾਨੰਦ ਦੀ ਖ਼ੁਰਾਕ ਨੂੰ ਖਾ ਕੇ ਆਪਣਾ ਆਹਾਰ ਕਰਦਾ ਹੈ॥੧॥ਰਹਾਉ॥

**ਮਨੁ ਤਨੁ ਅਰਪੀ; ਸੇਵ ਕਰੀਜੈ ॥ ਕਵਨ ਸੁ ਜੁਗਤਿ; ਜਿਤੁ ਕਰਿ ਭੀਜੈ ॥**

***ਪ੍ਰਸ਼ਨ :*** *ਹੇ ਮਹਾਰਾਜ ! ਉਹ ਕਿਹੜੀ ਜੁਗਤੀ ਹੈ ਜਿਸ ਕਰਕੇ ਪਰਮੇਸ਼ਰ ਭੀਜੈ = ਪ੍ਰਸੰਨ ਹੁੰਦਾ ਹੈ ?*

***ਗੁਰ ਉੱਤਰ :*** ਹੇ ਸਿੱਖ ! ਆਪਣੇ ਮਨ ਅਤੇ ਤਨ ਦਾ ਅਭਿਮਾਨ ਅਰਪੀ = ਅਰਪਣ ਕਰ ਕੇ ਸੇਵਾ ਕਰੀਜੈ = ਕਰਨਾ ਕਰ, ਇਹੋ ਹੀ ਪਰਮੇਸ਼ਰ ਨੂੰ ਪ੍ਰਸੰਨ ਕਰਨ ਦੀ ਵੱਡੀ ਜੁਗਤੀ ਹੈ।

**ਪਾਇ ਲਗਉ; ਤਜਿ ਮੇਰਾ ਤੇਰੈ ॥ ਕਵਨੁ ਸੁ ਜਨੁ; ਜੋ ਸਉਦਾ ਜੋਰੈ ॥੨॥**

***ਪ੍ਰਸ਼ਨ :*** *ਹੇ ਮਹਾਰਾਜ ! ਉਹ ਕਿਹੜਾ ਜਨ ਹੈ ਜੋ ਤੇਰੇ ਨਾਲ ਮੇਰਾ ਸੌਦਾ ਜੋੜ ਦੇਵੇ ?*

***ਗੁਰ ਉੱਤਰ :*** ਅਜਿਹਾ ਕਵਨੁ = ਕਿਹੜਾ ਜਨ ਹੈ ਜੋ ਸਾਧਨਾ ਤੋਂ ਬਗ਼ੈਰ ਤੇਰਾ ਸੌਦਾ ਜੋਰੈ = ਜੋੜ ਦੇਵੇ, ਭਾਵ ਹੋਰ ਕੋਈ ਨਹੀਂ ਹੈ। ਇਸ ਕਰਕੇ ਪਦਾਰਥਾਂ ਦੀ ਮੇਰ ਅਤੇ ਹੰਗਤਾ ਮਮਤਾ ਦੀ ਤੇਰ **ਵਾ:** ਜੀਵਪੁਣੇ

ਦੀ ਮੇਰ ਅਤੇ ਈਸ਼ਰਪੁਣੇ ਦੀ ਸਰਬਗਤਾ ਰੂਪ ਤੇਰੈ =ਤੇਰ ਤਜਿ =ਛੱਡ ਕੇ ਪ੍ਰਭੂ ਦੇ ਪਾਇ =ਚਰਣੀ ਲੱਗਣਾ ਕਰ **ਵਾ:** ਤੁਰੀਆ ਪਦ ਰੂਪੀ ਚਰਨਾਂ ਵਿਚ ਲੱਗਣਾ ਕਰ ॥੨॥

**ਮਹਲੁ ਸਾਹ ਕਾ; ਕਿਨ ਬਿਧਿ ਪਾਵੈ ॥**

ਹੇ ਮਹਾਰਾਜ ! ਜੋ ਸਾਹ = ਪਾਤਸ਼ਾਹ ਦਾ ਸਰੂਪ, ਤੁਰੀਆ ਪਦ ਰੂਪੀ ਮਹਲ ਹੈ, ਉਹ ਕਿਨ = ਕਿਸ ਬਿਧਿ = ਤਰੀਕੇ ਨਾਲ ਪਾਵੈ = ਪਾਇਆ ਜਾਂਦਾ ਹੈ।

**ਕਵਨ ਸੁ ਬਿਧਿ; ਜਿਤੁ ਭੀਤਰਿ ਬੁਲਾਵੈ ॥**

ਉਹ ਕਿਹੜੀ ਸੁ = ਸ੍ਰੇਸ਼ਟ ਬਿਧਿ = ਜੁਗਤੀ ਹੈ ਜਿਤੁ = ਜਿਸ ਕਰਕੇ ਪਰਮੇਸ਼ਰ ਸਾਡੀ ਬਿਰਤੀ ਨੂੰ ਭੀਤਰਿ = ਅੰਤਰਮੁਖ ਕਰ ਕੇ ਬੁਲਾਵੈ = ਬੁਲਾ ਲਵੇ।

**ਤੂੰ ਵਡ ਸਾਹੁ; ਜਾ ਕੇ ਕੋਟਿ ਵਣਜਾਰੇ ॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਅਧਿਕਾਰੀ ! ਤੂੰ ਹੀ ਵਡ = ਵੱਡਾ ਸਾਹੁ = ਸ਼ਾਹ ਹੈਂ, ਜਾ ਕੇ = ਜਿਸ ਆਪ ਜੀ ਦੇ ਜਗਿਆਸੂ ਰੂਪ, ਜੀਵਨ ਮੁਕਤ ਰੂਪ ਕੋਟਿ = ਕ੍ਰੋੜਾਂ ਹੀ ਵਣਜਾਰੇ ਹਨ।

**ਕਵਨੁ ਸੁ ਦਾਤਾ; ਲੇ ਸੰਚਾਰੇ ॥੩॥**

ਅਜਿਹਾ ਕਿਹੜਾ ਦਾਤਾ ਹੈ ਜੋ ਤੈਨੂੰ ਲੈ ਕੇ ਅਨੰਦ ਸੰਚਾਰੇ = ਪ੍ਰਾਪਤ ਕਰਾ ਦੇਵੇ, ਭਾਵ ਕੋਈ ਨਹੀਂ ਹੈ, ਇਸ ਕਰਕੇ ਤੈਨੂੰ ਆਪਣੇ ਆਪ ਦਾ ਬੋਧ ਹੋਣਾ ਚਾਹੀਦਾ ਹੈ, ਭਾਵ ਉਹ ਮਹਾਤਮਾ ਜਨ ਤੈਨੂੰ ਸ੍ਰਵਣ ਗਿਆਨ ਦੁਆਰਾ ਸਮਝਾ ਦੇਣਗੇ, ਫਿਰ ਮੰਨਣ ਗਿਆਨ ਦੁਆਰਾ ਸਮਝਾ ਦੇਣਗੇ ਪਰ ਸਾਖਿਆਤ ਦਾ ਅਨੰਦ ਤੈਨੂੰ ਆਪ ਹੀ ਪ੍ਰਾਪਤ ਕਰਨਾ ਪਵੇਗਾ ॥੩॥

**ਖੋਜਤ ਖੋਜਤ; ਨਿਜ ਘਰੁ ਪਾਇਆ ॥**

ਪਹਿਲਾਂ ਖੋਜਤ = ਖੋਜਿਆ ਸਰੀਰ ਨੂੰ, ਫਿਰ ਖੋਜਤ = ਖੋਜਿਆ ਮਨ ਨੂੰ ਤੇ ਮਨ ਦੁਆਰਾ ਖੋਜ ਕੇ ਨਿਜ = ਸ੍ਵੈ ਸਰੂਪ ਤੁਰੀਆ ਪਦ ਰੂਪੀ ਘਰ ਪਾਇਆ = ਪ੍ਰਾਪਤ ਕੀਤਾ।

**ਅਮੋਲ ਰਤਨੁ; ਸਾਚੁ ਦਿਖਲਾਇਆ ॥**

ਉਹ ਪਰਮੇਸ਼ਰ ਸਾਚੁ = ਸਤ, ਚੇਤਨ ਅਨੰਦ ਰੂਪ ਰਤਨ ਵਤ ਅਮੋਲ = ਅਮੋਲਕ ਹੈ, ਮਹਾਰਾਜ ਨੇ ਪ੍ਰਗਟ ਕਰਕੇ ਆਪਣਾ ਆਪ ਦਿਖਲਾਇਆ = ਦਿਖਾ ਦਿੱਤਾ ਹੈ।

**ਕਰਿ ਕਿਰਪਾ; ਜਬ ਮੇਲੇ ਸਾਹਿ ॥**

ਜਬ = ਜਦੋਂ ਕਿਰਪਾ ਦ੍ਰਿਸ਼ਟੀ ਕਰਕੇ ਸਾਹਿ = ਅਕਾਲ ਪੁਰਖ ਨੇ ਆਪ ਦੇ ਵਿਚ ਮੇਲ ਲਏ।

**ਕਹੁ ਨਾਨਕ; ਗੁਰ ਕੈ ਵੇਸਾਹਿ ॥੪॥੧੬॥੮੫॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿਉਂਕਿ ਅਸੀਂ ਗੁਰੂ ਸਾਹਿਬ ਦੇ ਪਾਸੋਂ ਆਪਣਾ ਤਨ ਮਨ ਧਨ ਦੇ ਕੇ ਨਾਮ ਵੇਸਾਹਿ = ਖ਼ਰੀਦਣਾ ਕੀਤਾ ਹੈ।

ਇਸ ਪ੍ਰਕਾਰ ਮਨ ਦੇ ਅੰਦਰੋਂ ਹੀ ਪਰਮੇਸ਼ਰ ਪ੍ਰਾਪਤ ਹੋ ਗਿਆ ॥੪॥੧੬॥੮੫॥

## ਗਉੜੀ ਮਹਲਾ ੫, ਗੁਆਰੇਰੀ ॥

ਗੁਆਰੇਰੀ, ਇਹ ੧੩ ਪ੍ਰਕਾਰ ਦੀ ਗਉੜੀ ਦੀ ਜਾਤੀ 'ਚੋਂ (ਗੁਆਰੇਰੀ) ਇਕ ਜਾਤੀ ਹੈ, ਸਤਿਗੁਰੂ ਜੀ ਇਸ ਪਾਵਨ ਸ਼ਬਦ ਵਿਚ ਸੰਤਾਂ ਦੇ ਜੀਵਨ ਬਾਰੇ ਕਥਨ ਕਰਦੇ ਹਨ ਕਿ :

## ਰੈਣਿ ਦਿਨਸੁ; ਰਹੈ ਇਕ ਰੰਗਾ ॥

ਪਰਮੇਸ਼ਰ ਦੇ ਸੰਤ ਜਨ ਰੈਣਿ = ਰਾਤ ਦਿਨਸੁ = ਦਿਨ ਇਕ = ਅਦ੍ਵੈਤ ਸਰੂਪ ਵਾਹਿਗੁਰੂ ਦੇ ਰੰਗਾ = ਪ੍ਰੇਮ ਵਿਚ **ਵਾ:** ਅਨੰਦ ਵਿਚ ਇਸਥਿਤ ਰਹੈ = ਰਹਿੰਦੇ ਹਨ।

## ਪ੍ਰਭ ਕਉ ਜਾਣੈ; ਸਦ ਹੀ ਸੰਗਾ ॥

ਉਹ ਪ੍ਰਭ = ਪਰਮੇਸ਼ਰ ਕਉ = ਨੂੰ ਸਦ = ਸਦਾ, ਹਮੇਸ਼ਾਂ ਹੀ ਆਪਣੇ ਸੰਗਾ = ਨਾਲ ਭਾਵ ਅੰਗ ਸੰਗ ਜਾਣੈ = ਜਾਣਦੇ ਹਨ।

## ਠਾਕੁਰ ਨਾਮੁ; ਕੀਓ ਉਨਿ ਵਰਤਨਿ ॥

ਉਨਿ = ਉਨ੍ਹਾਂ ਸੰਤ ਜਨਾਂ ਨੇ ਠਾਕੁਰ = ਸ੍ਵਾਮੀ ਪਰਮੇਸ਼ਰ ਦੇ ਨਾਮ ਦਾ ਹੀ ਆਪਣੇ ਸਰੀਰ ਦਾ ਵਰਤਨਿ = ਵਰਤਾਵਾ ਕੀਤਾ ਹੈ।

## ਤ੍ਰਿਪਤਿ ਅਘਾਵਨੁ; ਹਰਿ ਕੈ ਦਰਸਨਿ ॥੧॥

ਉਹ ਹਰਿ = ਹਰੀ ਕੈ = ਦੇ ਦਰਸਨਿ = ਦੀਦਾਰ ਕਰਕੇ ਮਨ ਕਰਕੇ ਵੀ ਤ੍ਰਿਪਤਿ = ਰੱਜ ਗਏ ਹਨ ਅਤੇ ਤਨ ਕਰਕੇ ਵੀ ਅਘਾਵਨੁ = ਰੱਜ ਗਏ ਹਨ **ਵਾ:** ਇਸ ਲੋਕ ਦੇ ਪਦਾਰਥਾਂ ਵੱਲੋਂ ਵੀ ਤ੍ਰਿਪਤ = ਰੱਜ ਗਏ ਹਨ ਅਤੇ ਸਵਰਗ ਲੋਕ ਆਦਿਕਾਂ ਦੇ ਪਦਾਰਥਾਂ ਵੱਲੋਂ ਵੀ ਅਘਾਵਨੁ = ਰੱਜ ਗਏ ਹਨ, ਭਾਵ ਉਹ ਆਤਮਾ ਤ੍ਰਿਪਤੀ ਕਰਕੇ ਐਸੇ ਰੱਜੇ ਹਨ ਕਿ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਭੁੱਖ ਨਹੀਂ ਰਹਿੰਦੀ॥੧॥

## ਹਰਿ ਸੰਗਿ ਰਾਤੇ; ਮਨ ਤਨ ਹਰੇ ॥

ਉਹ ਹਰਿ = ਹਰੀ ਦੇ ਸੰਗਿ = ਨਾਲ ਰਾਤੇ = ਰੰਗੇ ਹੋਏ ਹਨ, ਇਸ ਲਈ ਉਹ ਮਨ ਤਨ ਕਰਕੇ ਹਰੇ ਭਰੇ ਹੋ ਗਏ ਹਨ।

## ਗੁਰ ਪੂਰੇ ਕੀ; ਸਰਨੀ ਪਰੇ ॥੧॥ਰਹਾਉ॥

ਉਹ ਹਮੇਸ਼ਾ ਪੂਰੇ = ਪੂਰਨ ਗੁਰ = ਸਤਿਗੁਰੂ ਸਾਹਿਬ ਜੀ ਕੀ = ਦੀ ਸਰਨੀ = ਸ਼ਰਣ ਵਿਚ ਪਰੇ = ਪਏ ਰਹਿੰਦੇ ਹਨ॥੧॥ਰਹਾਉ॥

## ਚਰਣ ਕਮਲ; ਆਤਮ ਆਧਾਰ ॥

ਉਨ੍ਹਾਂ ਦੇ ਆਤਮ = ਮਨ ਅੰਦਰ ਇਕ ਪਰਮੇਸ਼ਰ ਦੇ ਚਰਣ ਕਮਲਾਂ ਦਾ ਹੀ ਆਧਾਰ = ਆਸਰਾ ਹੈ।

## ਏਕੁ ਨਿਹਾਰਹਿ; ਆਗਿਆਕਾਰ ॥

ਉਹ ਸਭ ਥਾਵਾਂ 'ਤੇ ਏਕੁ = ਇਕ ਪਰਮੇਸ਼ਰ ਨੂੰ ਹੀ ਨਿਹਾਰਹਿ = ਦੇਖਦੇ ਹਨ ਅਤੇ ਉਸੇ ਦੇ ਹੀ ਆਗਿਆਕਾਰ ਬਣੇ ਰਹਿੰਦੇ ਹਨ।

## ਏਕੋ ਬਨਜੁ; ਏਕੋ ਬਿਉਹਾਰੀ ॥

ਉਹ ਏਕੋ = ਇੱਕੋ ਨਾਮ ਦਾ ਆਪ ਜਪਣ ਰੂਪ ਬਨਜੁ = ਵਪਾਰ ਕਰਦੇ ਹਨ ਅਤੇ ਹੋਰਨਾਂ ਨੂੰ ਏਕੋ = ਇੱਕੋ ਨਾਮ ਜਪਾਉਣ ਦੇ ਬਿਉਹਾਰੀ = ਵਪਾਰੀ ਬਣੇ ਰਹਿੰਦੇ ਹਨ।

## ਅਵਰੁ ਨ ਜਾਨਹਿ; ਬਿਨੁ ਨਿਰੰਕਾਰੀ ॥੨॥

ਉਹ ਇਕ ਨਿਰੰਕਾਰੀ = ਪਰਮੇਸ਼ਰ ਤੋਂ ਬਿਨੁ = ਬਿਨਾਂ **ਵਾ:** ਪਰਮੇਸ਼ਰ ਦੀ ਭਗਤੀ ਤੋਂ ਬਿਨਾਂ ਅਵਰੁ = ਹੋਰ ਕੁਝ ਨ = ਨਹੀਂ ਜਾਨਹਿ = ਜਾਣਦੇ, ਭਾਵ ਹਰ ਸਮੇਂ ਪਰਮੇਸ਼ਰ ਦੇ ਹੀ ਬਣੇ ਰਹਿੰਦੇ ਹਨ ॥੨॥

## ਹਰਖ ਸੋਗ; ਦੁਹਹੂੰ ਤੇ ਮੁਕਤੇ ॥

ਪਰ ਉਹ ਸੰਤ ਜਨ ਹਰਖ ਸੋਗ[੧] ਇਨ੍ਹਾਂ ਦੁਹਹੂੰ = ਦੋਵਾਂ ਤੋਂ ਹੀ ਮੁਕਤੇ = ਛੁੱਟੇ ਹੁੰਦੇ ਹਨ।

## ਸਦਾ ਅਲਿਪਤੁ; ਜੋਗ ਅਰੁ ਜੁਗਤੇ ॥

ਉਹ ਸਦਾ = ਹਮੇਸ਼ਾਂ ਸੰਸਾਰ ਵਿਚ ਅਲਿਪਤ = ਨਿਰਲੇਪ ਰਹਿੰਦੇ ਹਨ ਅਤੇ ਜੋਗ = ਜੁੜਨੇ ਜੋਗ ਜੋ ਪਰਮੇਸ਼ਰ ਹੈ, ਉਸ ਵਿਚ ਆਤਮ ਪਰਮਾਤਮ ਰੂਪ ਜੁਗਤੇ = ਜੁੜੇ ਰਹਿੰਦੇ ਹਨ।

## ਦੀਸਹਿ ਸਭ ਮਹਿ; ਸਭ ਤੇ ਰਹਤੇ ॥

ਸਰੀਰ ਕਰਕੇ ਤਾਂ ਸਾਰੀ ਦੁਨੀਆਂ ਵਿਚ **ਵਾ:** ਸਾਰੇ ਵਿਹਾਰਾਂ ਵਿਚ ਲੱਗੇ ਹੋਏ ਦੀਸਹਿ = ਦਿਖਦੇ ਹਨ, ਪਰ ਮਨ ਕਰਕੇ ਸਭ = ਸਾਰਿਆਂ ਤੇ = ਤੋਂ ਰਹਤੇ = ਰਹਿਤ ਹੁੰਦੇ ਹਨ, ਭਾਵ ਅਸੰਗ ਰਹਿੰਦੇ ਹਨ।

## ਪਾਰਬ੍ਰਹਮ ਕਾ; ਓਇ ਧਿਆਨੁ ਧਰਤੇ ॥੩॥

ਓਇ = ਉਹ ਹਰ ਵੇਲੇ ਦਿਲ ਵਿਚ ਪਾਰਬ੍ਰਹਮ = ਪਰਮੇਸ਼ਰ ਕਾ = ਦਾ ਧਿਆਨ ਧਰਤੇ = ਧਰਦੇ ਹਨ ॥੩॥

## ਸੰਤਨ ਕੀ ਮਹਿਮਾ; ਕਵਨ ਵਖਾਨਉ ॥

ਹੇ ਭਾਈ! ਸੰਤਨ = ਸੰਤਾਂ ਮਹਾਂਪੁਰਖਾਂ ਕੀ = ਦੀ ਮਹਿਮਾ = ਵਡਿਆਈ, ਕਵਨ = ਕਿਹੜੀ ਵਖਾਨਉ = ਕਥਨ ਕਰੀਏ।

## ਅਗਾਧਿ ਬੋਧਿ; ਕਿਛੁ ਮਿਤਿ ਨਹੀ ਜਾਨਉ ॥

ਉਨ੍ਹਾਂ ਦੇ ਜੀਵਨ ਦਾ ਬੋਧਿ = ਵਿਚਾਰ ਬਹੁਤ ਅਗਾਧਿ = ਅਥਾਹ ਭਾਵ ਬੇਅੰਤ ਹੈ **ਵਾ:** ਉਨ੍ਹਾਂ ਨੇ ਅਗਾਧਿ = ਪਰਮੇਸ਼ਰ ਦਾ ਬੋਧਿ = ਗਿਆਨ ਪ੍ਰਾਪਤ ਕੀਤਾ ਹੈ, ਇਸ ਕਰਕੇ ਵੇਦਾਂ ਸ਼ਾਸਤ੍ਰਾਂ ਦੁਆਰਾ ਭੀ ਉਨ੍ਹਾਂ ਦੀ ਕਿਛੁ = ਕੋਈ ਮਿਤਿ = ਮਰਯਾਦਾ ਨਹੀਂ ਜਾਨਉ = ਜਾਣੀ ਜਾ ਸਕਦੀ।

## ਪਾਰਬ੍ਰਹਮ; ਮੋਹਿ ਕਿਰਪਾ ਕੀਜੈ ॥

ਹੇ ਪਾਰਬ੍ਰਹਮ = ਪਰਮੇਸ਼ਰ ਮੋਹਿ = ਮੇਰੇ 'ਤੇ ਭੀ ਕਿਰਪਾ = ਦਇਆ ਦ੍ਰਿਸ਼ਟੀ ਕੀਜੈ = ਕਰਨਾ ਕਰੋ।

## ਧੂਰਿ ਸੰਤਨ ਕੀ; ਨਾਨਕ ਦੀਜੈ ॥੪॥੧੭॥੮੬॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਵਾਹਿਗੁਰੂ! ਸਾਡੇ ਤਾਈਂ ਵੀ ਉਨ੍ਹਾਂ ਸੰਤਨ = ਸੰਤਾਂ ਭਗਤਾਂ ਕੀ = ਦੀ ਚਰਨ ਧੂਰਿ = ਧੂੜੀ ਦੀਜੈ = ਦੇਣਾ ਕਰੋ ॥੪॥੧੭॥੮੬॥

---

੧. ਪਦਾਰਥਾਂ ਦੇ ਆਉਣ ਨਾਲ ਪ੍ਰਸੰਨ ਹੋਣ ਨੂੰ ਹਰਖ ਕਹਿੰਦੇ ਹਨ ਅਤੇ ਚਲੇ ਜਾਣ ਕਰਕੇ ਜੋ ਚਿੰਤਾ ਹੋਣੀ ਹੈ, ਉਸ ਨੂੰ ਸੋਗ = ਗ਼ਮ, ਫ਼ਿਕਰ ਕਹਿੰਦੇ ਹਨ।

# ਗਉੜੀ ਗੁਆਰੇਰੀ, ਮਹਲਾ ੫ ॥

ਸਤਿਗੁਰੂ ਸਾਹਿਬ ਜੀ ਮਨ ਬਾਣੀ ਸਰੀਰ ਕਰਕੇ ਪਰਮੇਸ਼ਰ ਨਾਲ ਪਿਆਰ ਪਾਉਣ ਦੀ ਜਾਚ ਦੱਸਦਿਆਂ ਹੋਏ ਪਰਮੇਸ਼ਰ ਦੇ ਸਨਮੁਖ ਪ੍ਰਾਰਥਨਾ ਕਰਦੇ ਹੋਏ ਇਹ ਪਾਵਨ ਸ਼ਬਦ ਉਚਾਰਨ ਕਰਦੇ ਹਨ :

## ਤੂੰ ਮੇਰਾ ਸਖਾ; ਤੂੰਹੀ ਮੇਰਾ ਮੀਤੁ ॥

ਹੇ ਮੇਰੇ ਵਾਹਿਗੁਰੂ ! ਮਾਤਾ ਦੇ ਗਰਭ ਵਿਚ ਗਰਭ ਅਗਨੀ ਤੋਂ ਰੱਖਿਆ ਕਰਨ ਵਾਲਾ ਤੂੰ ਹੀ ਮੇਰਾ ਸਖਾ = ਸਾਥੀ ਸੀ ਅਤੇ ਹੁਣ ਇਸ ਲੋਕ ਵਿਚ ਤੂੰ ਹੀ ਮੇਰਾ ਪਾਲਣਾ ਕਰਨ ਵਾਲਾ ਮੀਤੁ = ਮਿੱਤਰ ਹੈਂ।

## ਤੂੰ ਮੇਰਾ ਪ੍ਰੀਤਮੁ; ਤੁਮ ਸੰਗਿ ਹੀਤੁ ॥

ਤੂੰ ਹੀ ਮੇਰਾ ਪ੍ਰਲੋਕ ਦਾ ਪ੍ਰੀਤਮੁ = ਪਿਆਰਾ ਸੱਜਣ ਹੈਂ ਅਤੇ ਤੁਮ = ਤੇਰੇ ਸੰਗਿ = ਨਾਲ ਹੀ ਮੈਂ ਆਪਣੇ ਮਨ ਦਾ ਹੀਤ = ਹਿਤ ਲਾਇਆ ਹੋਇਆ ਹੈ।

## ਤੂੰ ਮੇਰੀ ਪਤਿ; ਤੂਹੈ ਮੇਰਾ ਗਹਣਾ ॥

ਹੇ ਮਹਾਰਾਜ ਤੂੰ ਹੀ ਇਸ ਲੋਕ ਵਿਚ ਮੇਰੀ ਪਤਿ = ਇੱਜ਼ਤ ਹੈਂ ਅਤੇ ਤੂੰ ਹੀ ਪਰਲੋਕ ਵਿਚ ਮੇਰਾ ਗਹਣਾ = ਭੂਖਣ ਰੂਪ ਹੈਂ।

## ਤੁਝ ਬਿਨੁ; ਨਿਮਖੁ ਨ ਜਾਈ ਰਹਣਾ ॥੧॥

ਹੇ ਵਾਹਿਗੁਰੂ ਤੁਝ = ਤੇਰੇ ਤੋਂ ਬਿਨੁ = ਬਿਨਾਂ ਮੇਰੇ ਕੋਲੋਂ ਨਿਮਖੁ = ਅੱਖ ਝਮਕਣ ਜਿੰਨਾ ਸਮਾਂ ਵੀ ਰਹਣਾ = ਰਿਹਾ ਨ = ਨਹੀਂ ਜਾਈ = ਜਾਂਦਾ ॥੧॥

## ਤੂੰ ਮੇਰੇ ਲਾਲਨ; ਤੂੰ ਮੇਰੇ ਪ੍ਰਾਨ ॥

ਤੂੰ ਹੀ ਮੇਰੇ ਨਾਲ ਲਾਡ ਲਡਾਉਣ ਵਾਲਾ ਲਾਲਨ = ਪਿਆਰਾ ਹੈਂ ਅਤੇ ਮੇਰੇ ਪ੍ਰਾਨ = ਪ੍ਰਾਣਾਂ ਦਾ ਆਸਰਾ ਰੂਪ ਵੀ ਤੂੰ ਹੀ ਹੈਂ।

## ਤੂੰ ਮੇਰੇ ਸਾਹਿਬ; ਤੂੰ ਮੇਰੇ ਖਾਨ ॥੧॥ਰਹਾਉ॥

ਤੂੰ ਹੀ ਮੇਰੇ ਅਨਾਥ ਦਾ ਸਾਹਿਬ = ਮਾਲਕ ਹੈਂ, ਤੂੰ ਹੀ ਮੇਰੇ ਗ਼ਰੀਬ ਦਾ ਖਾਨ = ਸਰਦਾਰ ਹੈਂ (ਪਠਾਣਾਂ ਦੇ ਸਰਦਾਰਾਂ ਦਾ ਨਾਮ ਖ਼ਾਨ ਹੁੰਦਾ ਹੈ) **ਵਾ:** ਤੂੰ ਹੀ ਮੇਰੇ ਤਾਈਂ ਖਾਨ = ਸਰਦਾਰੀ ਦੇਣ ਵਾਲਾ ਹੈਂ ॥੧॥ਰਹਾਉ॥

## ਜਿਉ ਤੁਮ ਰਾਖਹੁ; ਤਿਵ ਹੀ ਰਹਨਾ ॥

ਹੇ ਵਾਹਿਗੁਰੂ ! ਜਿਉ = ਜਿਵੇਂ ਤੁਮ = ਤੂੰ ਰਾਖਹੁ = ਰੱਖਣਾ ਕਰਦਾ ਹੈਂ, ਤਿਵ = ਤਿਵੇਂ ਹੀ ਮੇਰਾ ਰਹਨਾ = ਰਹਿਣਾ ਹੁੰਦਾ ਹੈ।

## ਜੋ ਤੁਮ ਕਹਹੁ; ਸੋਈ ਮੋਹਿ ਕਰਨਾ ॥

ਜੋ ਵੀ ਤੁਮ = ਤੂੰ ਕਹਹੁ = ਕਹਿਣਾ ਕਰੇਂ, ਸੋਈ = ਉਹੋ ਕੁਝ ਹੀ ਮੋਹਿ = ਮੈਂ ਕਰਨਾ ਹੈ।

## ਜਹ ਪੇਖਉ; ਤਹਾ ਤੁਮ ਬਸਨਾ ॥

ਹੇ ਮਹਾਰਾਜ ! ਮੈਂ ਜਹ = ਜਿਥੇ ਵੀ ਪੇਖਉ = ਵੇਖਦਾ ਹਾਂ, ਤਹਾ = ਉਥੇ ਹੀ ਤੁਮ = ਤੂੰ ਬਸਨਾ = ਵਸਣਾ ਕਰਦਾ ਹੈਂ, ਭਾਵ ਸਾਰਿਆਂ ਥਾਵਾਂ 'ਤੇ ਆਪ ਜੀ ਦਾ ਨਿਵਾਸ ਹੈ।

## ਨਿਰਭਉ ਨਾਮੁ; ਜਪਉ ਤੇਰਾ ਰਸਨਾ ॥੨॥

ਹੇ ਮਹਾਰਾਜ ! ਮੇਰੇ 'ਤੇ ਕਿਰਪਾ ਕਰੋ ਕਿ ਜੋ ਤੇਰਾ = ਤੁਹਾਡਾ ਨਿਰਭਉ = ਭੈ ਤੋਂ ਰਹਿਤ ਕਰਨ ਵਾਲਾ ਨਾਮ ਮੈਂ ਰਸਨਾ ਦੁਆਰਾ ਜਪਉ = ਜਪਣਾ ਕਰਾਂ ॥੨॥

## ਤੂੰ ਮੇਰੀ ਨਵ ਨਿਧਿ; ਤੂੰ ਭੰਡਾਰੁ ॥

ਤੂੰ ਹੀ ਮੇਰੀ ਨਵਨਿਧਿ = ਨੌਂ ਨਿਧੀਆਂ ਰੂਪੀ ਦੌਲਤ ਹੈਂ ਅਤੇ ਤੂੰ ਹੀ ਮੇਰਾ ਸੁਭ ਗੁਣਾਂ ਰੂਪੀ ਭੰਡਾਰੁ = ਖ਼ਜ਼ਾਨਾ ਹੈਂ।

## ਰੰਗ ਰਸਾ; ਤੂੰ ਮਨਹਿ ਅਧਾਰੁ ॥

ਹੇ ਵਾਹਿਗੁਰੂ ! ਤੂੰ ਹਰੇਕ ਰੰਗ ਵਿਚ ਰਸਾ = ਰਸਿਆ ਹੋਇਆ ਹੈਂ **ਵਾ:** ਇਸ ਲੋਕ ਦੇ ਵਿਚ ਰੰਗ = ਸੋਭਾ ਦੇਣ ਵਾਲਾ ਹੈਂ ਅਤੇ ਪਰਲੋਕ ਦਾ ਰਸਾ = ਅਨੰਦ ਦੇਣ ਵਾਲਾ ਹੈਂ **ਵਾ:** ਰੰਗ ਬਾਣੀ ਵਿਚ ਅਤੇ ਰਸ ਤਨ ਵਿਚ ਦੇਣ ਵਾਲਾ ਹੈਂ **ਵਾ:** ਮੇਰਾ ਮਨ ਆਪ ਜੀ ਦੇ ਰੰਗ = ਪ੍ਰੇਮ ਵਿਚ ਰਸਾ = ਰਸਿਆ ਗਿਆ ਹੈ।

ਹੇ ਵਾਹਿਗੁਰੂ ! ਤੂੰ ਹੀ ਮੇਰਾ ਮਨਹਿ = ਚਿਤ ਦਾ ਅਧਾਰੁ = ਆਸਰਾ ਰੂਪ ਹੈਂ।

## ਤੂੰ ਮੇਰੀ ਸੋਭਾ; ਤੁਮ ਸੰਗਿ ਰਚੀਆ ॥

ਤੂੰ ਹੀ ਮੇਰੀ ਸੋਭਾ = ਵਡਿਆਈ ਹੈਂ ਤੁਮ = ਤੇਰੇ ਸੰਗਿ = ਨਾਲ ਮੇਰੇ ਮਨ ਦੀ ਬਿਰਤੀ ਰਚੀਆ = ਰਚੀ ਹੋਈ ਹੈ।

## ਤੂੰ ਮੇਰੀ ਓਟ; ਤੂੰ ਹੈ ਮੇਰਾ ਤਕੀਆ ॥੩॥

ਤੂੰ ਹੀ ਮੇਰੀ ਤਨ ਕਰਕੇ ਓਟ = ਟੇਕ ਹੈਂ ਅਤੇ ਤੂੰ ਹੀ ਮੇਰਾ ਮਨ ਦਾ ਤਕੀਆ = ਆਸਰਾ ਰੂਪ ਹੈਂ **ਵਾ:** ਮੈਂ ਇਕ ਤੇਰਾ ਹੀ ਆਸਰਾ ਤਕੀਆ = ਤੱਕਿਆ ਹੈ ॥੩॥

## ਮਨ ਤਨ ਅੰਤਰਿ; ਤੁਹੀ ਧਿਆਇਆ ॥

ਮੇਰੇ ਮਨ = ਚਿਤ ਅਤੇ ਤਨ = ਸਰੀਰ ਦੇ ਅੰਤਰਿ = ਵਿਚ ਇਕ ਰਸ ਆਪ ਹੀ ਹੈਂ ਅਤੇ ਮੈਂ ਤੁਹੀ = ਤੈਨੂੰ ਹੀ ਧਿਆਇਆ = ਧਿਆਉਣਾ ਕੀਤਾ ਹੈ।

## ਮਰਮੁ ਤੁਮਾਰਾ; ਗੁਰ ਤੇ ਪਾਇਆ ॥

ਇਹ ਤੁਮਾਰਾ = ਤੁਹਾਡਾ ਮਰਮੁ = ਭੇਤ ਮੈਂ ਗੁਰ = ਸਤਿਗੁਰਾਂ ਤੇ = ਤੋਂ ਪਾਇਆ = ਪ੍ਰਾਪਤ ਕੀਤਾ ਹੈ।

## ਸਤਿਗੁਰ ਤੇ ਦ੍ਰਿੜਿਆ; ਇਕੁ ਏਕੈ ॥

ਹੇ ਵਾਹਿਗੁਰੂ ! ਮੈਂ ਸਤਿਗੁਰਾਂ ਤੇ = ਤੋਂ ਉਪਦੇਸ਼ ਲੈ ਕੇ ਇਕੁ ਏਕੈ = ਇੱਕੋ ਇਕ ਤੇਰਾ ਸਰੂਪ ਹੀ ਦ੍ਰਿੜਿਆ = ਦ੍ਰਿੜ ਕੀਤਾ ਹੈ, ਭਾਵ ਪੱਕਾ ਕੀਤਾ ਹੈ।

## ਨਾਨਕ ਦਾਸ; ਹਰਿ ਹਰਿ ਹਰਿ ਟੇਕੈ ॥੪॥੧੮॥੮੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਵਾਹਿਗੁਰੂ ! ਮੈਂ ਤੇਰਾ ਦਾਸ = ਸੇਵਕ ਹਾਂ, ਇਸ ਕਰਕੇ ਹੇ ਪਾਪਾਂ ਦੇ ਹਰਿ = ਹਾਰਕ ਸਭ ਨੂੰ ਚੇਤਨ ਸੱਤਾ ਦੇ ਕੇ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ! ਮੈਨੂੰ ਮਨ, ਬਾਣੀ, ਸਰੀਰ ਕਰਕੇ ਇਕ ਤੇਰੀ ਹੀ ਟੇਕੈ = ਓਟ ਹੈ ॥੪॥੧੮॥੮੭॥

# ਗਉੜੀ ਗੁਆਰੇਰੀ, ਮਹਲਾ ੫ ॥

ਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਮਾਇਆ ਕਿਸ ਪ੍ਰਕਾਰ ਵਿਆਪ ਰਹੀ ਹੈ, ਤਾਂ ਸਤਿਗੁਰੂ ਜੀ ਨੇ ਇਹ ਪਾਵਨ ਸ਼ਬਦ ਉਚਾਰਨ ਕੀਤਾ।

***ਨੋਟ :*** ਅੰਨਵੈ ਰੀਤ ਅਨੁਸਾਰ ਰਹਾਉ ਵਾਲੀ ਪੰਗਤੀ ਤੋਂ ਅਰਥ ਸ਼ੁਰੂ ਕਰਨਾ।

**ਮਾਇਆ ਬਿਆਪਤ; ਬਹੁ ਪਰਕਾਰੀ ॥**

ਹੇ ਅਧਿਕਾਰੀ ਸਿੱਖੋ! ਸਾਰੇ ਜੀਵਾਂ ਦੇ ਤਾਈਂ ਮਾਇਆ ਬਹੁ = ਬਹੁਤ ਪਰਕਾਰੀ = ਤਰੀਕਿਆਂ ਕਰਕੇ ਬਿਆਪਤ = ਵਿਆਪ ਰਹੀ ਹੈ।

**ਸੰਤ ਜੀਵਹਿ; ਪ੍ਰਭ ਓਟ ਤੁਮਾਰੀ ॥੧॥ਰਹਾਉ॥**

ਪਰ ਹੇ ਪ੍ਰਭ = ਪਰਮੇਸ਼ਰ! ਇਕ ਤੁਮਾਰੀ = ਤੁਹਾਡੀ ਓਟ = ਟੇਕ ਦੇ ਆਸਰੇ ਹੀ ਸੰਤ ਭਗਤ ਜੀਵਹਿ = ਜਿਉਂਦੇ ਹਨ ॥੧॥ਰਹਾਉ॥

[ਅੰਗ ੧੯੨]

## ਬਿਆਪਤ; ਹਰਖ ਸੋਗ ਬਿਸਥਾਰ ॥

ਇਹ ਮਾਇਆ ਕਿਸੇ ਨੂੰ ਹਰਖ = ਖ਼ੁਸ਼ੀ ਰੂਪ ਹੋ ਕੇ ਬਿਆਪਤ = ਵਿਆਪ ਰਹੀ ਹੈ ਅਤੇ ਕਿਸੇ ਨੂੰ ਸੋਗ = ਚਿੰਤਾ ਰੂਪ ਹੋ ਕੇ ਬਿਸਥਾਰ = ਫੈਲੀ ਹੋਈ ਹੈ।

## ਬਿਆਪਤ; ਸੁਰਗ ਨਰਕ ਅਵਤਾਰ ॥

ਕਿਸੇ ਨੂੰ ਸੁਰਗ = ਸਵਰਗ ਰੂਪ ਹੋ ਕੇ ਬਿਆਪਤ = ਵਿਆਪ ਰਹੀ ਹੈ। ਜਿਵੇਂ ਇੰਦਰ ਸਵਰਗ ਦੀ ਪ੍ਰਾਪਤੀ ਵਾਸਤੇ ਬੜੇ ਯਤਨ ਕਰਦਾ ਹੈ ਅਤੇ ਕਿਸੇ ਨੂੰ ਨਰਕਾਂ ਵਿਚ ਅਵਤਾਰ = ਜਨਮ ਧਾਰਨ ਰੂਪ ਵਿਆਪ ਰਹੀ ਹੈ।

## ਬਿਆਪਤ; ਧਨ ਨਿਰਧਨ ਪੇਖਿ ਸੋਭਾ ॥

ਕਿਸੇ ਨੂੰ ਧਨ = ਧਨੀ ਰੂਪ ਹੋ ਕੇ ਵਿਆਪ ਰਹੀ ਹੈ, ਕਿਸੇ ਨੂੰ ਨਿਰਧਨ = ਕੰਗਾਲ ਰੂਪ ਹੋ ਕੇ ਵਿਆਪ ਰਹੀ ਹੈ ਅਤੇ ਕਿਸੇ ਨੂੰ ਸੋਭਾ ਰੂਪ ਹੋ ਕੇ ਵਿਆਪ ਰਹੀ ਪੇਖਿ = ਵੇਖੀਦੀ ਹੈ **ਵਾ:** ਧਨ ਖ਼ਰਚ ਖ਼ਰਚ ਕੇ ਨਿਰਧਨ ਹੋ ਜਾਂਦੇ ਹਨ ਕਿ ਸਾਡੀ ਸੋਭਾ ਹੋਵੇ, ਇਉਂ ਕੰਗਾਲ ਹੋਏ ਵੇਖੀਦੇ ਹਨ।

## ਮੂਲੁ ਬਿਆਧੀ; ਬਿਆਪਸਿ ਲੋਭਾ ॥੧॥

ਕਈਆਂ ਨੂੰ ਸਾਰੇ ਬਿਆਧੀ = ਰੋਗਾਂ ਦਾ ਮੂਲੁ = ਮੁੱਢ ਲੋਭਾ = ਲੋਭ ਰੂਪ ਹੋ ਕੇ ਬਿਆਪਸਿ = ਵਿਆਪ ਰਹੀ ਹੈ **ਅਥਵਾ** ਸਾਰੀਆਂ ਬਿਆਧੀਆਂ ਦਾ ਮੂਲ ਕਾਰਨ ਅਗਿਆਨ ਹੈ, ਇਸ ਦੇ ਕਰਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰ ਜੀਵਾਂ ਨੂੰ ਚਿੰਬੜ ਰਹੇ ਹਨ ॥੧॥

## ਮਾਇਆ ਬਿਆਪਤ; ਬਹੁ ਪਰਕਾਰੀ ॥

ਇਸ ਪ੍ਰਕਾਰ ਮਾਇਆ ਬਹੁ = ਅਨੇਕਾਂ ਪਰਕਾਰੀ = ਤਰੀਕਿਆਂ ਕਰਕੇ ਬਿਆਪਤ = ਵਿਆਪ ਰਹੀ ਹੈ।

## ਸੰਤ ਜੀਵਹਿ; ਪ੍ਰਭ ਓਟ ਤੁਮਾਰੀ ॥੧॥ਰਹਾਉ॥

ਹੇ ਪ੍ਰਭ = ਵਾਹਿਗੁਰੂ ! ਪਰ ਸੰਤ ਭਗਤ ਤੁਮਾਰੀ = ਤੁਹਾਡੀ ਓਟ = ਟੇਕ ਦੇ ਆਸਰੇ ਜੀਵਹਿ = ਜਿਊਂਦੇ ਹਨ ॥੧॥ਰਹਾਉ॥

## ਬਿਆਪਤ; ਅਹੰਬੁਧਿ ਕਾ ਮਾਤਾ ॥

(**ਮਾਤਾ** ਦਾ ਉਚਾਰਨ ਕੱਸ ਕੇ ਹੈ)

ਕਈਆਂ ਨੂੰ ਅਹੰਬੁਧਿ = ਹੰਕਾਰ ਵਾਲੀ ਬੁੱਧੀ ਵਿਚ ਮਾਤਾ = ਮਸਤ ਹੋਣ ਰੂਪ ਮਾਇਆ ਬਿਆਪਤ = ਵਿਆਪ ਰਹੀ ਹੈ।

## ਬਿਆਪਤ; ਪੁਤ੍ਰ ਕਲਤ੍ਰ ਸੰਗਿ ਰਾਤਾ ॥

ਜੋ ਪੁੱਤਰ ਇਕਲਤ੍ਰ = ਇਸਤਰੀ ਆਦਿ ਸੰਬੰਧੀਆਂ ਸੰਗਿ = ਨਾਲ ਰਾਤਾ = ਰੰਗਿਆ ਹੋਇਆ ਹੈ ਉਸ ਨੂੰ ਇਹ ਮਾਇਆ ਪ੍ਰੀਤੀ ਰੂਪ ਹੋ ਕੇ ਬਿਆਪਤ = ਵਿਆਪ ਰਹੀ ਹੈ।

## ਬਿਆਪਤ; ਹਸਤਿ ਘੋੜੇ ਅਰੁ ਬਸਤਾ ॥

ਕਈਆਂ ਨੂੰ ਹਸਤਿ = ਹਾਥੀ, ਘੋੜਿਆਂ ਦੀਆਂ ਸਵਾਰੀਆਂ ਦੀ ਇੱਛਾ ਰੂਪ ਮਾਇਆ ਵਿਆਪ ਰਹੀ ਹੈ ਅਤੇ ਕਈਆਂ ਨੂੰ ਬਸਤਾ = ਬਸਤ੍ਰ ਰੂਪ **ਵਾ:** ਬਸਤਾ = ਵਸਤੂਆਂ, ਇਕੱਠੀਆਂ ਕਰਨ ਰੂਪ ਵਿਆਪ ਰਹੀ ਹੈ **ਵਾ:** ਇਸ ਤਰ੍ਹਾਂ ਇਨ੍ਹਾਂ ਚੀਜ਼ਾਂ ਵਿਚ ਬਸਤਾ = ਬੱਝਿਆ ਰਹਿੰਦਾ ਹੈ।

## ਬਿਆਪਤ; ਰੂਪ ਜੋਬਨ ਮਦ ਮਸਤਾ ॥੨॥

ਕਈਆਂ ਨੂੰ ਸੁੰਦਰ ਰੂਪ ਦੇਖਣ ਦੀ, ਕਿਸੇ ਨੂੰ ਜੋਬਨ = ਜਵਾਨੀ ਰੂਪ, ਕਿਸੇ ਨੂੰ ਮਦ = ਸ਼ਰਾਬ ਭਾਵ ਨਸ਼ੇ ਵਿਚ ਮਸਤਾ = ਮਸਤ ਹੋਣ ਰੂਪ ਮਾਇਆ ਬਿਆਪਤ = ਵਿਆਪ ਰਹੀ ਹੈ **ਵਾ:** ਕਈਆਂ ਨੂੰ ਮਦ = ਹੰਕਾਰ ਵਿਚ ਮਸਤ ਹੋਣ ਰੂਪ ਮਾਇਆ ਵਿਆਪ ਰਹੀ ਹੈ ॥੨॥

## ਬਿਆਪਤ; ਭੂਮਿ ਰੰਕ ਅਰੁ ਰੰਗਾ ॥

ਕਿਸੇ ਨੂੰ ਭੂਮਿ = ਧਰਤੀ ਦਾ ਹੰਕਾਰ ਰੂਪ ਹੋ ਕੇ ਚਿੰਬੜੀ ਹੋਈ ਹੈ, ਭਾਵ ਮੇਰੇ ਕੋਲ ਇਤਨੀ ਜ਼ਮੀਨ ਹੈ ਆਦਿ ਕਿਸੇ ਨੂੰ ਰੰਕ = ਕੰਗਾਲ ਰੂਪ ਹੋ ਕੇ ਮਾਇਆ ਵਿਆਪ ਰਹੀ ਹੈ। ਅਰੁ = ਅਤੇ ਕਿਸੇ ਨੂੰ ਰੰਗਾ = ਦੌਲਤ ਵਾਲਾ, ਰਾਜਾ **ਵਾ:** ਬਹੁਤ ਤਰ੍ਹਾਂ ਦੇ ਰਾਗ ਰੰਗ ਰੂਪ ਹੋ ਕੇ ਮਾਇਆ ਵਿਆਪ ਰਹੀ ਹੈ।

## ਬਿਆਪਤ; ਗੀਤ ਨਾਦ ਸੁਣਿ ਸੰਗਾ ॥

ਕਿਸੇ ਨੂੰ ਗਵੱਈਆਂ ਦੇ ਗੀਤ = ਗਾਣੇ ਗਾਉਣ ਰੂਪ, ਕਿਸੇ ਨੂੰ ਵਾਜੇ, ਸੁਰੰਗੀ ਆਦਿ ਦੀਆਂ ਧੁਨਾਂ ਦੇ ਨਾਦ = ਸ਼ਬਦ ਸੁਣਿ = ਸੁਣਨ ਸੰਗਾ = ਨਾਲ ਮੋਹਿਤ ਹੋ ਜਾਣ ਰੂਪ ਮਾਇਆ ਵਿਆਪ ਰਹੀ ਹੈ **ਅਥਵਾ** ਵਿਸ਼ਿਆਂ ਨੂੰ ਪੈਦਾ ਕਰਨ ਵਾਲੇ ਗੀਤ ਸੁਣਨਾ ਅਤੇ ਵਿਸ਼ਿਆਂ ਨੂੰ ਪੈਦਾ ਕਰਨ ਵਾਲੀਆਂ ਨਾਦ = ਧੁਨਾਂ ਨੂੰ ਸੁਣਨਾ ਅਤੇ ਉਨ੍ਹਾਂ ਸੁਣਿ = ਸੁਣਨ ਵਾਲਿਆਂ ਦੀ ਸੰਗਾ = ਸੰਗਤ ਕਰਨ ਰੂਪ ਮਾਇਆ ਵਿਆਪ ਰਹੀ ਹੈ।

## ਬਿਆਪਤ; ਸੇਜ ਮਹਲ ਸੀਗਾਰ ॥

ਕਿਸੇ ਨੂੰ ਸੇਜ = ਸਉਣ ਦਾ ਬਿਸਤਰਾ ਸਜਾਉਣ ਰੂਪ, ਕਿਸੇ ਨੂੰ ਸੁੰਦਰ ਮਹਲ = ਮੰਦਰ, ਮਕਾਨ ਬਨਾਉਣ ਰੂਪ ਅਤੇ ਕਿਸੇ ਨੂੰ ਤਨ ਦੇ ਸੀਗਾਰ = ਸਿੰਗਾਰਨ ਰੂਪ ਮਾਇਆ ਵਿਆਪ ਰਹੀ ਹੈ।

## ਪੰਚ ਦੂਤ; ਬਿਆਪਤ ਅੰਧਿਆਰ ॥੩॥

ਅਗਿਆਨ ਦਾ ਅੰਧਿਆਰ = ਹਨੇਰਾ ਹੋਣ ਕਰਕੇ ਪੰਚ = ਪੰਜ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੂਤ **ਵਾ**: ਪੰਚ ਦੂਤ = ਜਿਬਰਾਈਲ, ਮੀਕਾਇਲ, ਇਸਰਾਫੀਲ, ਇਜਰਾਈਲ (ਅਜਰਾਈਲ) ਜੋ ਜੀਵ ਨੂੰ ਚਿੰਬੜੇ ਹੋਏ ਹਨ, ਇਹ ਵੀ ਮਾਇਆ ਹੀ ਵਿਆਪ ਰਹੀ ਹੈ ॥੩॥

## ਬਿਆਪਤ; ਕਰਮ ਕਰੈ ਹਉ ਫਾਸਾ ॥

ਇਹ ਜੀਵ ਜੋ ਕਰਮਾਂ ਨੂੰ ਕਰੈ = ਕਰਦੇ ਹਨ, ਕੀਤੇ ਹੋਏ ਕਰਮਾਂ ਦੀ ਹਉ = ਹਉਮੈ ਰੂਪ ਫਾਸਾ = ਫਾਹੀ ਗਲ ਵਿਚ ਪਈ ਰਹਿੰਦੀ ਹੈ, ਇਹ ਵੀ ਮਾਇਆ ਹੀ ਵਿਆਪ ਰਹੀ ਹੈ।

## ਬਿਆਪਤਿ ਗਿਰਸਤ; ਬਿਆਪਤ ਉਦਾਸਾ ॥

ਜੋ ਗਿਰਸਤ = ਗਿਰਸਤੀ ਪੁਣੇ ਦਾ ਮਾਣ ਹੈ ਕਿ ਸਾਡੇ ਵਰਗਾ ਕੋਈ ਗ੍ਰਹਿਸਤੀ ਨਹੀਂ ਹੈ, ਇਹ ਵੀ ਮਾਇਆ ਹੀ ਵਿਆਪ ਰਹੀ ਹੈ। ਕਿਸੇ ਨੂੰ ਉਦਾਸਾ = ਤਿਆਗ ਰੂਪ ਹੋ ਕੇ ਮਾਇਆ ਵਿਆਪ ਰਹੀ ਹੈ, ਭਾਵ ਉਦਾਸੀ ਜੋ ਮਾਣ ਕਰਦਾ ਹੈ ਕਿ ਮੇਰੇ ਵਰਗਾ ਕੋਈ ਤਿਆਗੀ ਨਹੀਂ ਹੈ, ਇਹ ਸਭ ਮਾਇਆ ਹੀ ਹੈ।

## ਆਚਾਰ ਬਿਉਹਾਰ; ਬਿਆਪਤ ਇਹ ਜਾਤਿ ॥

ਕਿਸੇ ਨੂੰ ਆਚਾਰ = ਕਰਤੱਬ ਰੂਪ, ਕਿਸੇ ਨੂੰ ਬਿਉਹਾਰ = ਵਾਪਾਰ ਰੂਪ ਅਤੇ ਕਿਸੇ ਨੂੰ ਜਾਤਿ = ਜਾਤੀ ਦਾ ਹੰਕਾਰ ਰੂਪ ਹੋ ਕੇ ਮਾਇਆ ਵਿਆਪ ਰਹੀ ਹੈ, ਭਾਵ ਕਹਿੰਦੇ ਹਨ ਕਿ ਮੇਰੇ ਵਰਗਾ ਕੋਈ ਸ੍ਰੇਸ਼ਟ ਆਚਾਰ ਵਾਲਾ ਨਹੀਂ ਹੈ, ਮੇਰੇ ਵਰਗਾ ਕੋਈ ਵਪਾਰੀ ਨਹੀਂ ਹੈ ਅਤੇ ਮੇਰੇ ਵਰਗੀ ਕਿਸੇ ਦੀ ਉੱਤਮ ਜਾਤੀ ਨਹੀਂ ਹੈ **ਵਾ**: ਕਈ ਕਹਿੰਦੇ ਹਨ ਕਿ ਮੇਰੀ ਵਰਗੀ ਕਿਸੇ ਕੋਲ ਜਾਤਿ = ਬੁੱਧੀ ਨਹੀਂ ਹੈ, ਇਹ ਸਭ ਮਾਇਆ ਹੀ ਵਿਆਪ ਰਹੀ ਹੈ।

## ਸਭ ਕਿਛੁ ਬਿਆਪਤ; ਬਿਨੁ ਹਰਿ ਰੰਗ ਰਾਤ ॥੪॥

ਹੇ ਭਾਈ ! ਇਸ ਪ੍ਰਕਾਰ ਹੋਰ ਕੀ ਦੱਸੀਏ ? ਹਰਿ = ਹਰੀ ਪਰਮੇਸ਼ਰ ਦੇ ਰੰਗ = ਪ੍ਰੇਮ **ਵਾ**: ਅਨੰਦ ਵਿਚ ਰਾਤ = ਰੱਤੇ, ਰੰਗੇ ਤੋਂ ਬਿਨਾਂ ਸਭ ਕਿਛੁ = ਕੁਝ ਮਾਇਆ ਹੀ ਬਿਆਪ ਰਹੀ ਹੈ ॥੪॥

## ਸੰਤਨ ਕੇ ਬੰਧਨ; ਕਾਟੇ ਹਰਿ ਰਾਇ ॥

ਹੇ ਭਾਈ ! ਜੋ ਪਰਮੇਸ਼ਰ ਦੇ ਸੰਤਨ = ਭਗਤ ਜਨ ਹਨ, ਉਨ੍ਹਾਂ ਕੇ = ਦੇ ਹਉਮੈ ਆਦਿ ਦੇ ਬੰਧਨ, ਰਾਇ = ਰਾਜਾ ਸਰੂਪ ਹਰਿ = ਹਰੀ ਪਰਮੇਰਸ਼ਰ ਨੇ ਕਾਟੇ = ਕੱਟ ਦਿੱਤੇ ਹਨ।

## ਤਾ ਕਉ; ਕਹਾ ਬਿਆਪੈ ਮਾਇ ॥

ਹੇ ਭਾਈ ! ਤਾ = ਉਨ੍ਹਾਂ ਕਉ = ਨੂੰ ਫਿਰ ਕਹਾ = ਕਿਵੇਂ ਮਾਇ = ਮਾਇਆ ਬਿਆਪੈ = ਵਿਆਪ ਸਕਦੀ ਹੈ ? ਭਾਵ ਨਹੀਂ ਵਿਆਪ ਸਕਦੀ।

## ਕਹੁ ਨਾਨਕ; ਜਿਨਿ ਧੂਰਿ ਸੰਤ ਪਾਈ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨਿ = ਜਿਨ੍ਹਾਂ ਨੇ ਅਜਿਹੇ ਸੰਤ = ਮਹਾਤਮਾ ਦੀ ਚਰਨ ਧੂਰਿ = ਧੂੜੀ ਸ਼ਰਧਾ ਦੇ ਨਾਲ ਪਾਈ = ਪ੍ਰਾਪਤ ਕੀਤੀ ਹੈ।

## ਤਾ ਕੈ ਨਿਕਟਿ; ਨ ਆਵੈ ਮਾਈ ॥੫॥੧੯॥੮੮॥

ਤਾ ਕੈ = ਉਨ੍ਹਾਂ ਦੇ ਨਿਕਟਿ = ਨੇੜੇ ਵੀ ਇਹ ਮਾਈ = ਮਾਇਆ ਨ = ਨਹੀਂ ਆਵੈ = ਆ ਸਕਦੀ **ਵਾ:** ਜੋ ਸਾਰਿਆਂ ਦੀ ਮਾਈ = ਮਾਂ ਬਣੀ ਬੈਠੀ ਹੈ, ਇਹ ਉਨ੍ਹਾਂ ਗੁਰਮੁਖਾਂ ਦੇ ਨੇੜੇ ਨਹੀਂ ਆ ਸਕਦੀ ॥੫॥੧੯॥੮੮॥

## ਗਉੜੀ; ਗੁਆਰੇਰੀ, ਮਹਲਾ ੫ ॥

ਜਗਿਆਸੂ ਜਨ ਸਤਿਗੁਰੂ ਸਾਹਿਬ ਜੀ ਨੂੰ ਪ੍ਰਸ਼ਨ ਕਰਦੇ ਹਨ ਕਿ ਸਤਿਗੁਰੂ ਜੀ ਜੋ ਸਾਡੇ ਦੇਹ ਦੇ ਅੰਦਰ ਆਤਮਨੰਦ ਰੂਪੀ ਯਥਾਰਥ ਵਸਤੂ ਹੈ, ਉਹ ਸਾਨੂੰ ਕਿਵੇਂ ਪ੍ਰਾਪਤ ਹੋਵੇ ? ਤਾਂ ਸਤਿਗੁਰੂ ਜੀ ਦ੍ਰਿਸ਼ਟਾਂਤ ਦੇ ਕੇ ਜਗਿਆਸੂ ਜਨਾਂ ਦੇ ਪ੍ਰਥਾਏ ਸਮੁੱਚੀ ਮਨੁੱਖਤਾ ਦੇ ਭਲੇ ਲਈ ਸਾਂਝਾ ਉਪਦੇਸ਼ ਕਥਨ ਕਰਦੇ ਹਨ।

***ਨੋਟ :*** ਰਹਾਉ ਵਾਲੀਆਂ ਤੁਕਾਂ ਤੋਂ ਅਰਥ ਸ਼ੁਰੂ ਕਰਨਾ।

**ਇਸੁ ਗ੍ਰਿਹ ਮਹਿ; ਕੋਈ ਜਾਗਤੁ ਰਹੈ ॥**
**ਸਾਬਤੁ ਵਸਤੁ ਓਹੁ; ਅਪਨੀ ਲਹੈ ॥੧॥ਰਹਾਉ॥**

ਹੇ ਭਾਈ ! ਇਸ ਸਰੀਰ ਰੂਪੀ ਗ੍ਰਿਹਿ = ਘਰ ਮਹਿ = ਵਿਚ ਜਿਹੜਾ ਕੋਈ ਅਵਿਦਿਆ ਦੀ ਨੀਂਦ ਤੋਂ ਜਾਗਤ = ਜਾਗਦਾ ਰਹੈ = ਰਹਿੰਦਾ ਹੈ। ਓਹੁ = ਉਹੋ ਹੀ ਅਪਨੀ = ਆਪਣੀ ਆਤਮਾਨੰਦ ਰੂਪੀ ਸਾਬਤੁ = ਯਥਾਰਥ ਵਸਤੁ = ਵਸਤੂ ਲਹੈ = ਪ੍ਰਾਪਤ ਕਰ ਸਕਦਾ ਹੈ ॥੧॥ਰਹਾਉ॥

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਜੀਵ ਸੁੱਤਾ ਕਿਸ ਪ੍ਰਕਾਰ ਹੈ ?*

***ਗੁਰ ਉੱਤਰ :***

## ਨੈਨਹੁ ਨੀਦ; ਪਰ ਦ੍ਰਿਸਟਿ ਵਿਕਾਰ ॥

ਹੇ ਭਾਈ ! ਜੋ ਪਰ = ਪਰਾਇਆ ਧਨ **ਵਾ:** ਪਰ = ਪਰਾਈਆਂ ਇਸਤਰੀਆਂ ਨੂੰ ਵਿਕਾਰ ਵਾਲੀ ਦ੍ਰਿਸਟਿ = ਦ੍ਰਿਸ਼ਟੀ ਨਾਲ ਵੇਖਣਾ ਹੈ, ਇਹ ਨੈਨਹੁ = ਨੇਤ੍ਰਾਂ ਵਿਚ ਨੀਂਦ ਆਈ ਹੋਈ ਹੈ, ਭਾਵ ਉਹ ਅੱਖਾਂ ਵਾਹਿਗੁਰੂ ਦੇ ਦਰਸ਼ਨ ਨਹੀਂ ਕਰ ਸਕਦੀਆਂ।

## ਸ੍ਰਵਣ ਸੋਏ; ਸੁਣਿ ਨਿੰਦ ਵੀਚਾਰ ॥

ਸ੍ਰਵਣ = ਕੰਨ ਪਰਾਈ ਨਿੰਦ = ਨਿੰਦਿਆ ਦੀ ਵੀਚਾਰ ਸੁਣਿ = ਸੁਣਨ ਵਿਚ ਪਰਮਾਰਥ ਵੱਲੋਂ ਸੋਏ = ਸੁੱਤੇ ਪਏ ਹਨ, ਇਸ ਤਰ੍ਹਾਂ ਕੰਨਾਂ ਨਾਲ ਪਰਮੇਸ਼ਰ ਦਾ ਜਸ ਸੁਣਿਆ ਨਹੀਂ ਜਾਂਦਾ।

## ਰਸਨਾ ਸੋਈ; ਲੋਭਿ ਮੀਠੈ ਸਾਦਿ ॥

ਰਸਨਾ = ਜੀਭਾ ਮੀਠੈ = ਮਿੱਠੇ ਸਾਦਿ = ਸੁਆਦਾਂ ਦੇ ਲੋਭਿ = ਲਾਲਚ ਵਿਚ **ਵਾ:** ਲੋਭਿ = ਲਾਲਚ ਦੀਆਂ ਗੱਲਾਂ ਕਰਨ ਵਿਚ ਹਰ ਵੇਲੇ ਪਰਮੇਸ਼ਰ ਦੇ ਸਿਮਰਨ ਕਰਨ ਤੋਂ ਸੋਈ = ਸੁੱਤੀ ਹੋਈ ਹੈ, ਭਾਵ ਪਰਮੇਸ਼ਰ ਦਾ ਸਿਮਰਨ ਭਜਨ ਨਹੀਂ ਕਰਦੀ।

## ਮਨੁ ਸੋਇਆ; ਮਾਇਆ ਬਿਸਮਾਦਿ ॥੧॥

ਅਤੇ ਇੰਦ੍ਰੀਆਂ ਦਾ ਕੋਤਵਾਲ ਜੋ ਮਨ ਹੈ, ਇਹ ਮਾਇਆ ਦੀ ਬਿਸਮਾਦਿ = ਅਸਚਰਜਤਾ, ਹੈਰਾਨਗੀ ਵਿਚ ਸੋਇਆ = ਸੁੱਤਾ ਪਿਆ ਹੈ, ਭਾਵ ਮਾਇਆ ਦੇ ਹੀ ਸੰਕਲਪਾਂ, ਵਿਕਲਪਾਂ ਵਿਚ ਪਿਆ ਰਹਿੰਦਾ ਹੈ ॥੧॥

## ਇਸੁ ਗ੍ਰਿਹ ਮਹਿ; ਕੋਈ ਜਾਗਤੁ ਰਹੈ ॥

ਹੇ ਭਾਈ ! ਇਸ ਪ੍ਰਕਾਰ ਇਸ ਸਰੀਰ ਰੂਪੀ ਘਰ ਵਿਚ ਕੋਈ ਤਾਂ ਜਾਗਤੁ = ਜਾਗਦਾ ਰਹੇ, ਭਾਵ ਜਾਗਣ ਵਾਲੇ ਅੱਖਾਂ, ਕੰਨ, ਜੀਭ, ਨੱਕ, ਮਨ ਆਦਿ ਤਾਂ ਆਪਣੇ ਆਪਣੇ ਸੁਆਦਾਂ ਵਿਚ ਸੁੱਤੇ ਪਏ ਹਨ, ਕੋਈ ਵੀ ਜਾਗਦਾ ਨਾ ਰਿਹਾ। ਕੋਈ ਵੀ ਜਾਗਦਾ ਰਹੇ ! ਫਿਰ

## ਸਾਬਤੁ ਵਸਤੁ ਓਹੁ; ਅਪਨੀ ਲਹੈ ॥੧॥ਰਹਾਉ॥

ਓਹ ਆਪਣੀ ਆਤਮਾਨੰਦ ਰੂਪੀ ਸਾਬਤੁ = ਯਥਾਰਥ (ਸੰਪੂਰਨ) ਵਸਤੁ = ਵਸਤੂ ਲਹੈ = ਪ੍ਰਾਪਤ ਕਰ ਸਕਦਾ ਹੈ ॥੧॥ਰਹਾਉ॥

## ਸਗਲ ਸਹੇਲੀ; ਅਪਨੈ ਰਸ ਮਾਤੀ ॥

(**ਮਾਤੀ** ਦਾ ਉਚਾਰਨ ਕੱਸ ਕੇ ਹੈ)

ਇਹ ਸਗਲ = ਸਾਰੀਆਂ, ਇੰਦ੍ਰੀਆਂ ਰੂਪ, ਬ੍ਰਿਤੀਆਂ ਰੂਪ ਸਹੇਲੀ = ਸਖੀਆਂ ਅਪਨੈ = ਆਪਣੇ-ਆਪਣੇ ਰਸ = ਸੁਆਦਾਂ ਵਿਚ ਮਾਤੀ = ਮਸਤ ਹੋਈਆਂ ਪਈਆਂ ਹਨ।

## ਗ੍ਰਿਹ ਅਪੁਨੇ ਕੀ; ਖਬਰਿ ਨ ਜਾਤੀ ॥

ਇਸ ਪ੍ਰਕਾਰ ਪ੍ਰਮਾਣ, ਵਿਪਰਜੇ, ਨਿੰਦਿਆ, ਸਿੰਮ੍ਰਿਤੀ ਤੇ ਵਿਕਲਪ ਆਦਿਕ ਬ੍ਰਿਤੀਆਂ ਅਤੇ ਦਸੇ ਇੰਦ੍ਰੀਆਂ ਨੇ ਆਪਣਾ ਅੰਤਹਕਰਣ ਰੂਪੀ ਗ੍ਰਿਹ = ਘਰ ਰੱਖਣ ਦੀ ਭਾਵ ਕਾਮਾਦਿਕ ਵਿਕਾਰਾਂ ਦੇ ਮਨ ਵਿਚ ਫੁਰਨ ਤੋਂ ਬਚਾਉਣ ਦੀ ਖਬਰਿ = ਸਮਝ ਨ = ਨਹੀਂ ਜਾਤੀ = ਜਾਣੀ।

## ਮੁਸਨਹਾਰ; ਪੰਚ ਬਟਵਾਰੇ ॥

(**ਮੁੱਸਨਹਾਰ** ਦਾ ਉਚਾਰਨ ਅਧਕ ਸਹਿਤ ਹੈ)

ਮੁਸਨਹਾਰ = ਲੁੱਟਣ ਵਾਲੇ ਪੰਚ = ਪੰਜ ਕਾਮ ਕ੍ਰੋਧ ਲੋਭ ਮੋਹ ਹੰਕਾਰ **ਵਾ:** ਸ਼ਬਦ ਸਪਰਸ਼ ਰੂਪ ਰਸ ਗੰਧ **ਵਾ:** ਪੰਜ ਗਿਆਨ ਇੰਦ੍ਰੇ ਅੰਦਰੋ-ਅੰਦਰੀ ਜੀਵ ਦੇ ਸ਼ੁਭ ਗੁਣਾਂ ਨੂੰ ਬਟਵਾਰੇ = ਡਾਕੂ, ਧਾੜਵੀ ਰੂਪ ਹੋ ਕੇ ਲੁੱਟ ਰਹੇ ਹਨ **ਵਾ:** ਪਰਮਾਰਥ ਵਾਲੇ ਬਟ = ਰਸਤੇ 'ਤੇ ਤੁਰੇ ਜਾਂਦਿਆਂ ਨੂੰ ਇਹ ਇੰਦ੍ਰੀਆਂ ਦੇ ਵਿਸ਼ੇ ਵਰ = ਵਰਜਣ ਵਾਲੇ ਹਨ, ਰੋਕਣ ਵਾਲੇ ਹਨ।

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਕੀ ਇਹ ਵਿਸ਼ੇ ਵਿਕਾਰ ਸਾਰੇ ਸੰਸਾਰ ਨੂੰ ਠੱਗ ਰਹੇ ਹਨ ?*

***ਗੁਰ ਉੱਤਰ :*** ਨਹੀਂ।

## ਸੂਨੇ ਨਗਰਿ; ਪਰੇ ਠਗਹਾਰੇ ॥੨॥

ਜਿਹੜੇ ਅੰਤਸ਼ਕਰਣ ਰੂਪੀ ਨਗਰਿ = ਸ਼ਹਿਰ ਸ਼ੁਭ ਗੁਣਾਂ **ਵਾ:** ਪਰਮੇਸ਼ਰ ਦੇ ਨਾਮ ਤੋਂ ਸੂਨੇ = ਖ਼ਾਲੀ ਹਨ, ਉਨ੍ਹਾਂ ਨੂੰ ਲੁੱਟਣ ਵਾਸਤੇ, ਠੱਗਣ ਵਾਸਤੇ ਇਹ ਵਿਸ਼ੇ-ਵਿਕਾਰ ਰੂਪ ਠਗਹਾਰੇ = ਠੱਗਣ ਵਾਲੇ ਹੋ ਕੇ ਪਿੱਛੇ ਪਰੇ = ਪਏ ਹੋਏ ਹਨ, ਠੱਗ ਰਹੇ ਹਨ ॥੨॥

## ਉਨ ਤੇ; ਰਾਖੈ ਬਾਪੁ ਨ ਮਾਈ ॥

ਉਨ = ਉਨ੍ਹਾਂ ਪੰਜਾਂ ਕਾਮਾਦਿਕਾਂ **ਵਾ:** ਸਬਦਾਦਿਕਾਂ ਤੇ = ਤੋਂ ਬਾਪੁ = ਪਿਤਾ ਅਤੇ ਮਾਈ = ਮਾਂ ਬਚਾਅ ਕੇ ਨ = ਨਹੀਂ ਰੱਖ ਸਕਦੇ **ਵਾ:** ਬਾਪੁ ਦੀ ਨਿਆਈਂ ਮਨ ਵੀ ਨਹੀਂ ਰੱਖ ਸਕਦਾ ਅਤੇ ਮਾਈ ਦੀ ਨਿਆਈਂ ਬੁੱਧੀ ਵੀ ਨਹੀਂ ਰੱਖ ਸਕਦੀ।

## ਉਨ ਤੇ; ਰਾਖੈ ਮੀਤੁ ਨ ਭਾਈ ॥

ਉਨ = ਉਨ੍ਹਾਂ ਪੰਜਾਂ ਵਿਕਾਰਾਂ ਤੇ = ਤੋਂ ਮੀਤੁ = ਮਿੱਤਰ ਅਤੇ ਭਾਈ = ਭਰਾ ਵੀ ਨ = ਨਹੀਂ ਬਚਾਅ ਕੇ ਰਾਖੈ = ਰੱਖ ਸਕਦੇ **ਵਾ:** ਇੰਦ੍ਰੀਆਂ ਦੇ ਵਿਸ਼ੇ ਰੂਪ ਮੀਤੁ = ਮਿੱਤਰ ਅਤੇ ਇੰਦ੍ਰੀਆਂ ਰੂਪ ਭਾਈ = ਭਰਾਤਾ ਵੀ ਨਹੀਂ ਰਾਖੈ = ਰੱਖਿਆ ਕਰ ਸਕਦੇ, ਕਿਉਂਕਿ ਇਹ ਤਾਂ ਆਪ ਹੀ ਠੱਗ ਹਨ।

## ਦਰਬਿ ਸਿਆਣਪ; ਨਾ ਓਇ ਰਹਤੇ ॥

ਦਰਬਿ = ਧਨ ਅਤੇ ਆਪਣੀ ਬੁੱਧੀ ਦੀ ਸਿਆਣਪ = ਚਤੁਰਾਈ ਦੇ ਨਾਲ ਵੀ ਓਇ = ਉਹ ਵਿਸ਼ੇ-ਵਿਕਾਰ ਨਾ = ਨਹੀਂ ਰਹਤੇ = ਰੁਕ ਸਕਦੇ।

***ਪ੍ਰਸ਼ਨ :*** *ਫਿਰ ਮਹਾਰਾਜ ਜੀ ਇਹ ਵਿਕਾਰ ਕਿਸ ਪ੍ਰਕਾਰ ਵਸ ਵਿਚ ਆਉਂਦੇ ਹਨ ?*
***ਗੁਰ ਉੱਤਰ :***

## ਸਾਧਸੰਗਿ; ਓਇ ਦੂਸਟ ਵਸਿ ਹੋਤੇ ॥੩॥

ਹੇ ਭਾਈ ! ਸਿਰਫ਼ ਓਇ = ਉਹ ਕਾਮਾਦਿਕ ਦੂਸਟ = ਵੈਰੀ ਸਾਧਸੰਗਿ = ਸਤਿਸੰਗਤ ਵਿਚ ਮਿਲ ਕੇ ਭਜਨ ਸਿਮਰਨ ਕਰਨ ਨਾਲ ਹੀ ਵਸਿ = ਅਧੀਨ ਹੋਤੇ = ਹੁੰਦੇ ਹਨ ॥੩॥

## ਕਰਿ ਕਿਰਪਾ ਮੋਹਿ; ਸਾਰਿੰਗਪਾਣਿ ॥

ਹੇ ਸਾਰਿੰਗ ਨਾਮੇ ਧਨੁਖ ਨੂੰ ਧਾਰਣ ਵਾਲੇ ਪਰਮੇਸ਼ਰ **ਵਾ:** ਜਿਵੇਂ ਸਾਰਿੰਗ = ਬਬੀਹਾ ਸ੍ਵਾਂਤੀ ਬੂੰਦ ਨੂੰ ਚਾਹੁੰਦਾ ਹੈ, ਇਵੇਂ ਸ੍ਰੇਸ਼ਟਤਾਈ, ਸ਼ਾਂਤੀ ਦੇਣ ਵਾਲੇ ਪਰਮੇਸ਼ਰ ! ਮੋਹਿ = ਮੇਰੇ ਤੇ ਵੀ ਕਿਰਪਾ = ਮੇਹਰ ਦੀ ਦ੍ਰਿਸ਼ਟੀ ਕਰਿ = ਕਰੋ।

## ਸੰਤਨ ਧੂਰਿ; ਸਰਬ ਨਿਧਾਨ ॥

ਮੈਨੂੰ ਸੰਤਨ = ਸਾਧ ਸੰਗਤ **ਵਾ:** ਸੰਤਾਂ ਮਹਾਤਮਾ ਦੀ ਚਰਨ ਧੂਰਿ = ਧੂੜੀ ਦੇਣਾ ਕਰੋ, ਕਿਉਂਕਿ ਇਸ ਵਿਚ ਹੀ ਸਰਬ = ਸਾਰੇ ਨਿਧਾਨ = ਖ਼ਜ਼ਾਨੇ ਹਨ।

## ਸਾਬਤੁ ਪੂੰਜੀ; ਸਤਿਗੁਰ ਸੰਗਿ ॥

ਹੇ ਭਾਈ ! ਜਿਨ੍ਹਾਂ ਨੇ ਸਤਿਗੁਰਾਂ ਨੂੰ ਆਪਣੇ ਸੰਗਿ = ਨਾਲ ਜਾਣਿਆ ਹੈ, ਉਨ੍ਹਾਂ ਦੀ ਸ਼ੁਭ ਗੁਣਾਂ ਰੂਪੀ ਪੂੰਜੀ ਸਾਬਤੁ = ਕਾਇਮ, ਪੂਰੀ ਰਹਿੰਦੀ ਹੈ।

## ਨਾਨਕੁ; ਜਾਗੈ ਪਾਰਬ੍ਰਹਮ ਕੈ ਰੰਗਿ ॥੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਦੇ ਪਾਰਬ੍ਰਹਮ = ਪਰਮੇਸ਼ਰ ਕੈ = ਦੇ ਰੰਗਿ = ਪ੍ਰੇਮ ਵਿਚ ਚਿਤ ਜਾਗੈ = ਜਾਗੇ ਪਏ ਹਨ, ਉਹੀ ਜਾਗਦੇ ਹਨ, ਬਾਕੀ ਤਾਂ ਸਾਰੀ ਸ੍ਰਿਸ਼ਟੀ ਸੁੱਤੀ ਪਈ ਹੈ ॥੪॥

## ਸੋ ਜਾਗੈ; ਜਿਸੁ ਪ੍ਰਭੁ ਕਿਰਪਾਲੁ ॥

ਸੋ = ਉਹੀ ਜਾਗੈ = ਜਾਗਦਾ ਹੈ, ਜਿਸੁ = ਜਿਨ੍ਹਾਂ 'ਤੇ ਪ੍ਰਭੁ = ਪਰਮੇਸ਼ਰ ਆਪ ਕਿਰਪਾਲੁ = ਦਇਆਲੂ ਹੁੰਦਾ ਹੈ, ਕਿਰਪਾ ਕਰਦਾ ਹੈ।

## ਇਹ ਪੂੰਜੀ; ਸਾਬਤੁ ਧਨੁ ਮਾਲੁ ॥੧॥ਰਹਾਉ ਦੂਜਾ॥੨੦॥੮੯॥

ਜਿਨ੍ਹਾਂ ਕੋਲ ਸ਼ਰਧਾ ਰੂਪੀ ਪੂੰਜੀ ਹੈ, ਉਨ੍ਹਾਂ ਦਾ ਨਾਮ ਰੂਪੀ ਧਨ ਅਤੇ ਸ੍ਰਵਣ ਮੰਨਣ ਰੂਪ ਮਾਲ = ਸੰਪਦਾ ਸਾਬਤੁ = ਕਾਇਮ ਹੈ। ਇਉਂ ਉਹ ਸੰਸਾਰ ਦੇ ਅੰਦਰ ਸਾਬਤ ਹਨ **ਅਥਵਾ** ਜਿਨ੍ਹਾਂ ਕੋਲ ਨਾਮ ਰੂਪੀ ਪੂੰਜੀ ਹੈ, ਉਨ੍ਹਾਂ ਦਾ ਇਸ ਲੋਕ ਵਿਚ ਵੀ ਧਨ ਸਾਬਤ ਹੈ ਅਤੇ ਪਰਲੋਕ ਵਿਚ ਵੀ ਸ਼ੁਭ ਗੁਣਾਂ ਰੂਪ ਮਾਲ = ਰੋਕੜੀ ਸਾਬਤ ਹੈ ॥੧॥ਰਹਾਉ ਦੂਜਾ॥੨੦॥੮੯॥

***ਨੋਟ :*** ਇਸ ਸ਼ਬਦ ਵਿਚ ਦੋ ਰਹਾਉ ਹਨ। ਰਾਗੀ ਸਿੰਘ ਭਾਵੇਂ ਪਹਿਲੀ ਤੁਕ ਰਹਾਉ ਵਾਲੀ ਜਾਂ ਰਹਾਉ ਵਾਲੀ ਦੂਜੀ ਤੁਕ ਨੂੰ ਅਸਥਾਈ ਬਣਾ ਕੇ ਉਚਾਰਨ ਕਰਨ ਇਸ ਦਾ ਸੰਕੇਤ ਦਿੱਤਾ ਹੈ।

## ਗਉੜੀ ਗੁਆਰੇਰੀ, ਮਹਲਾ ੫ ॥

ਜਿਸ ਵੇਲੇ ਸੁਲਹੀ ਖ਼ਾਨ ਚੜ੍ਹ ਕੇ ਆਇਆ ਸੀ, ਉਸ ਵੇਲੇ ਅੰਮ੍ਰਿਤਸਰ ਸਾਹਿਬ ਦੀ ਸੰਗਤ ਨੇ ਬੇਨਤੀ ਕੀਤੀ ਕਿ ਮਹਾਰਾਜ ਸੁਲਹੀ ਖ਼ਾਨ ਚੜ੍ਹ ਕੇ ਆ ਰਿਹਾ ਹੈ, ਇਸ ਤੋਂ ਰੱਖਿਆ ਕਰੋ। ਉਸ ਸਮੇਂ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਨੇ ਇਹ ਪਾਵਨ ਸ਼ਬਦ ਉਚਾਰਨ ਕੀਤਾ :

## ਜਾ ਕੈ ਵਸਿ; ਖਾਨ ਸੁਲਤਾਨ ॥

ਹੇ ਗੁਰਸਿੱਖੋ ! ਜਾ = ਜਿਸ ਵਾਹਿਗੁਰੂ ਕੈ = ਦੇ ਵਸ ਵਿਚ ਖਾਨ = ਮੁਸਲਮਾਨਾਂ ਦੇ ਸਰਦਾਰ ਅਤੇ ਸੁਲਹੀ ਖ਼ਾਨ ਆਦਿਕ ਵਰਗੇ ਸੁਲਤਾਨ = ਚੱਕਰਵਰਤੀ ਪਾਤਿਸ਼ਾਹ ਹਨ, ਭਾਵ ਵੱਡੇ ਵੱਡੇ ਬਾਦਸ਼ਾਹ ਉਸ ਵਾਹਿਗੁਰੂ ਨੇ ਆਪਣੇ ਵਸ ਵਿਚ ਰੱਖੇ ਹਨ, ਆਪ ਕੁਝ ਨਹੀਂ ਕਰ ਸਕਦੇ **ਅਥਵਾ** ਖਾਨ ਦੀ ਨਿਆਈਂ ਇੰਦ੍ਰੇ ਅਤੇ ਸੁਲਤਾਨ ਦੀ ਨਿਆਈਂ ਮਨ, ਜਿਸ ਵਾਹਿਗੁਰੂ ਨੇ ਆਪਣੇ ਵਸ ਵਿਚ ਰੱਖੇ ਹੋਏ ਹਨ **ਅਥਵਾ** ਖਾਨ ਦੀ ਨਿਆਈਂ ਘਰ ਸੰਸਾਰ ਅਤੇ ਸੁਲਤਾਨ ਦੀ ਨਿਆਈਂ ਅਗਿਆਨ ਰੂਪੀ ਪਾਤਿਸ਼ਾਹ ਜਿਸ ਵਾਹਿਗੁਰੂ ਨੇ ਆਪਣੇ ਵਸ ਵਿਚ ਰੱਖੇ ਹੋਏ ਹਨ **ਅਥਵਾ** ਇਹ ਜੀਵ ਰੂਪ ਸੁਲਤਾਨ = ਪਾਤਿਸ਼ਾਹ ਅਤੇ ਖਾਨ = ਸਰਦਾਰਾਂ ਦੀ ਨਿਆਈਂ ਇੰਦ੍ਰੀਆਂ ਦੇ ਯੋਗ ਭੋਗ ਉਸ ਵਾਹਿਗੁਰੂ ਨੇ ਆਪਣੇ ਵਸ ਵਿਚ ਰੱਖੇ ਹੋਏ ਹਨ **ਅਥਵਾ** ਇਸੇ ਪ੍ਰਕਾਰ ਸਰੀਰ ਵਿਚ ਖਾਨ ਦੀ ਨਿਆਈਂ ਪ੍ਰਾਣ ਅਤੇ ਜੀਵ ਆਤਮਾ ਰੂਪ ਸੁਲਤਾਨ = ਪਾਤਿਸ਼ਾਹ ਜੋ ਹੈ, ਇਹ ਸਭ ਜਾ ਕੈ = ਜਿਸ ਵਾਹਿਗੁਰੂ ਦੇ ਵਸ ਵਿਚ ਹਨ।

## ਜਾ ਕੈ ਵਸਿ ਹੈ; ਸਗਲ ਜਹਾਨ ॥

ਜਾ = ਜਿਸ ਵਾਹਿਗੁਰੂ ਕੈ = ਦੇ ਵਸਿ = ਅਧੀਨ ਸਗਲ = ਸਾਰਾ ਜਹਾਨ = ਸੰਸਾਰ ਹੈ।

## ਜਾ ਕਾ ਕੀਆ; ਸਭੁ ਕਿਛੁ ਹੋਇ ॥

ਜਾ = ਜਿਸ ਵਾਹਿਗੁਰੂ ਕਾ = ਦਾ ਹੀ ਸਭੁ = ਸਾਰਾ ਕਿਛੁ = ਕੁਝ **ਵਾ:** ਸੰਸਾਰ ਪੈਦਾ ਕੀਆ = ਕੀਤਾ ਹੋਇ = ਹੋਇਆ ਹੈ।

## ਤਿਸ ਤੇ ਬਾਹਰਿ; ਨਾਹੀ ਕੋਇ ॥੧॥

ਤਿਸ ਤੇ = ਉਸ ਤੋਂ ਬਾਹਰਿ = ਭਿੰਨ ਨਾਹੀ = ਨਹੀਂ ਕੋਇ = ਕੋਈ ਹੋ ਸਕਦਾ ॥੧॥

## ਕਹੁ ਬੇਨੰਤੀ; ਅਪੁਨੇ ਸਤਿਗੁਰ ਪਾਹਿ ॥

ਇਸ ਕਰਕੇ ਅਪੁਨੇ = ਆਪਣੇ ਸਤਿਗੁਰੂ ਸਾਹਿਬ ਜੀ ਪਾਹਿ = ਪਾਸ ਬੇਨੰਤੀ = ਬੇਨਤੀ ਕਹੁ = ਉਚਾਰਨ ਕਰੋ।

## ਕਾਜ ਤੁਮਾਰੇ; ਦੇਇ ਨਿਬਾਹਿ ॥੧॥ਰਹਾਉ॥

ਸਤਿਗੁਰੂ ਜੀ ਤੁਮਾਰੇ = ਤੁਹਾਡੇ ਲੋਕ ਪਰਲੋਕ ਦੇ ਸਾਰੇ ਕਾਜ = ਕਾਰਜ ਨਿਬਾਹਿ = ਨਿਭਾ ਦੇਇ = ਦੇਵੇਗਾ, ਭਾਵ ਪੂਰੇ ਕਰ ਦੇਵੇਗਾ ॥੧॥ਰਹਾਉ॥

## ਸਭ ਤੇ ਊਚ; ਜਾ ਕਾ ਦਰਬਾਰੁ ॥

ਜਾ = ਜਿਸ ਵਾਹਿਗੁਰੂ ਕਾ = ਦਾ ਸਤਿਸੰਗਤ ਰੂਪੀ **ਵਾ**: ਸਚਖੰਡ ਰੂਪੀ **ਵਾ**: ਸਰੂਪ ਰੂਪੀ ਦਰਬਾਰ ਸਭ ਤੋਂ ਊਚ = ਉੱਚਾ ਹੈ **ਅਥਵਾ** ਸਾਰਿਆਂ ਤੋਂ ਉੱਚਾ ਜਿਸ ਦਾ ਹਰਿਮੰਦਰ ਸਾਹਿਬ ਦਰਬਾਰ ਹੈ।

## ਸਗਲ ਭਗਤ; ਜਾ ਕਾ ਨਾਮੁ ਅਧਾਰੁ ॥

ਸਗਲ = ਸਾਰੇ ਭਗਤ = ਸੇਵਕ ਜਨ ਜਾ = ਜਿਸ ਵਾਹਿਗੁਰੂ ਦੇ ਨਾਮ ਕਾ = ਦਾ ਅਧਾਰੁ = ਆਸਰਾ ਲੈਂਦੇ ਹਨ।

## ਸਰਬ ਬਿਆਪਤ; ਪੂਰਨ ਧਨੀ ॥

ਉਹ ਵਾਹਿਗੁਰੂ ਸਰਬ = ਸਾਰੀਆਂ ਥਾਵਾਂ 'ਤੇ ਆਕਾਸ਼ ਦੀ ਨਿਆਈਂ ਬਿਆਪਤ = ਵਿਆਪਿਆ ਹੋਇਆ ਹੈ, ਮਿਲਿਆ ਹੋਇਆ ਹੈ। ਸਾਰਿਆਂ ਵਿਚ੨੮੦

ਪੂਰਨ = ਪੂਰਤੀ ਕਰਨ ਵਾਲਾ ਹੈ ਅਤੇ ਸਾਰਿਆਂ ਦਾ ਧਨੀ = ਮਾਲਕ ਹੈ।

## ਜਾ ਕੀ ਸੋਭਾ; ਘਟਿ ਘਟਿ ਬਨੀ ॥੨॥

ਜਾ = ਜਿਸ ਵਾਹਿਗੁਰੂ ਕੀ = ਦੀ ਸੋਭਾ ਸਾਰੇ ਘਟਿ ਘਟਿ = ਚਾਰੇ ਖਾਣੀਆਂ ਅੰਡਜ, ਜੇਰਜ, ਸੇਤਜ ਅਤੇ ਉਤਭੁਜ ਖਾਣੀਆਂ ਵਿਚ ਸੁੰਦਰ ਬਣ ਰਹੀ ਹੈ **ਵਾ**: ਘਟਿ = ਸਰੀਰਾਂ ਅਤੇ ਘਟਿ = ਅੰਤਹਕਰਣਾਂ ਵਿਚ ਚੇਤਨ ਸੱਤਾ ਰੂਪ ਸੋਭਾ ਬਣ ਰਹੀ ਹੈ ॥੨॥

## ਜਿਸੁ ਸਿਮਰਤ; ਦੂਖ ਡੇਰਾ ਢਹੈ ॥

ਜਿਸ ਵਾਹਿਗੁਰੂ ਦਾ ਸਿਮਰਤ = ਸਿਮਰਨ ਭਜਨ ਕਰਨ ਕਰਕੇ ਜੰਮਣ ਮਰਣ ਦੇ ਦੁਖ ਦਾ ਅਗਿਆਨ ਰੂਪ ਡੇਰਾ ਹਿਰਦੇ ਵਿੱਚੋਂ ਢਹੈ = ਮਿਟ ਜਾਂਦਾ ਹੈ।

## ਜਿਸੁ ਸਿਮਰਤ; ਜਮੁ ਕਿਛੂ ਨ ਕਹੈ ॥

ਜਿਸ ਵਾਹਿਗੁਰੂ ਦਾ ਸਿਮਰਤ = ਭਜਨ ਕਰਨ ਕਰਕੇ ਜਮੁ = ਯਮਰਾਜ ਕਿਛੂ = ਕੁਝ ਨ = ਨਹੀਂ ਕਹੈ = ਕਹਿ ਸਕਦਾ।

[ਅੰਗ ੧੯੩]

## ਜਿਸੁ ਸਿਮਰਤ; ਹੋਤ ਸੂਕੇ ਹਰੇ ॥

ਜਿਸ ਵਾਹਿਗੁਰੂ ਦਾ ਸਿਮਰਤ = ਭਜਨ ਕਰਨ ਨਾਲ ਪ੍ਰਮਾਰਥ ਵੱਲੋਂ ਸੁੱਕੇ ਹੋਏ ਮਨ ਸ਼ੁਭ ਗੁਣਾਂ ਨਾਲ ਹਰੇ ਭਰੇ ਹੋ ਜਾਂਦੇ ਹਨ **ਅਥਵਾ** ਜਿਨ੍ਹਾਂ ਦੇ ਸਾਧਸੰਗਤ ਰੂਪੀ, ਸ਼ਰਧਾ ਰੂਪੀ ਜੜ੍ਹ ਵਿਚ ਨਿਸ਼ਰਧਕਪੁਣਾ ਰੂਪੀ ਸੋਕਾ ਪਿਆ ਹੈ। ਮਹਾਰਾਜ ਦਾ ਸਿਮਰਨ ਕਰਨ ਨਾਲ ਸ਼ਰਧਾ ਰੂਪੀ ਜੜ੍ਹ ਫਿਰ ਪੈਦਾ ਹੋ ਜਾਂਦੀ ਹੈ। ਸ਼ੁਭ ਗੁਣਾਂ ਦੀ ਹਰਿਆਵਲਤਾ ਹੋ ਜਾਂਦੀ ਹੈ। ਕਰੁਣਾ, ਮੁਦਤਾ, ਮੈਤ੍ਰੀ, ਅਪੇਖਿਆ ਰੂਪ ਟਾਹਣੀਆਂ ਨਿਕਲ ਆਉਂਦੀਆਂ ਹਨ। ਸਤਿ ਸੰਤੋਖ ਰੂਪੀ ਪੱਤਰੇ ਨਿਕਲ ਆਉਂਦੇ ਹਨ, ਧਰਮ ਰੂਪੀ ਫੁੱਲ ਨਿਕਲ ਆਉਂਦੇ ਹਨ। ਗਿਆਨ ਰੂਪੀ ਫਲ ਲੱਗ ਜਾਂਦੇ ਹਨ। ਇਉਂ ਸੁੱਕੇ ਹੋਏ ਮਨ ਹਰੇ ਹੋ ਜਾਂਦੇ ਹਨ।

## ਜਿਸੁ ਸਿਮਰਤ; ਡੂਬਤ ਪਾਹਨ ਤਰੇ ॥੩॥

ਜਿਸ ਵਾਹਿਗੁਰੂ ਦਾ ਸਿਮਰਤ = ਸਿਮਰਨ ਕਰਨ ਕਰਕੇ ਪਾਹਨ = ਪੱਥਰਾਂ ਨਾਲੋਂ ਵੀ ਕਠੋਰ ਚਿੱਤ ਵਾਲੇ **ਵਾ:** ਪਾਹਨ = ਪੱਥਰ ਵਾਂਗੂੰ ਪਾਪਾਂ ਕਰਕੇ ਭਾਰੀ ਹੋ ਕੇ ਸੰਸਾਰ-ਸਮੁੰਦਰ ਵਿਚ ਡੂਬਤ = ਡੁੱਬਦੇ ਹੋਏ ਵੀ ਤਰੇ = ਤਰ ਗਏ ਹਨ। ਨਾਮ ਦੀ ਬਰਕਤ ਨਾਲ ਪ੍ਰਤੱਖ ਵੀ ਪੱਥਰ ਪਾਣੀ ਵਿਚ ਤਰੇ, ਜੈਸਾ ਤ੍ਰੇਤੇ ਦਾ ਇਤਿਹਾਸ ਹੈ, ਜਦੋਂ ਰਾਮ ਜੀ ਨੇ ਸਮੁੰਦਰ 'ਤੇ ਪੁਲ ਬੰਨ੍ਹਿਆ ਸੀ, ਨਾਮ ਦੇ ਆਸਰੇ ਪੱਥਰ ਤਰੇ ਤਾਂ ਪੁੱਲ ਬੰਨ੍ਹਿਆ ਗਿਆ ॥੩॥

## ਸੰਤ ਸਭਾ ਕਉ; ਸਦਾ ਜੈਕਾਰੁ ॥

ਭਜਨ ਸਿਮਰਨ ਕਰਨ ਵਾਲੀ ਸੰਤ ਜਨਾਂ ਦੀ ਸਭਾ = ਇਕੱਰਤਤਾ ਕਉ = ਨੂੰ ਸਦਾ = ਹਮੇਸ਼ਾ ਹੀ ਜੈਕਾਰੁ = ਨਮਸਕਾਰ ਹੈ।

## ਹਰਿ ਹਰਿ ਨਾਮੁ; ਜਨ ਪ੍ਰਾਨ ਅਧਾਰੁ ॥

ਹਰਿ ਹਰਿ ਪਰਮੇਸ਼ਰ ਦਾ ਨਾਮ ਜਨ = ਭਗਤ ਜਨਾਂ ਦੇ ਪ੍ਰਾਨ = ਪ੍ਰਾਣਾਂ, ਸੁਆਸਾਂ ਦਾ ਅਧਾਰੁ = ਆਸਰਾ ਰੂਪ ਹੈ।

## ਕਹੁ ਨਾਨਕ; ਮੇਰੀ ਸੁਣੀ ਅਰਦਾਸਿ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੇਰੀ ਵਾਹਿਗੁਰੂ ਨੇ ਅਰਦਾਸਿ = ਬੇਨਤੀ ਸੁਣੀ ਹੈ।

## ਸੰਤ ਪ੍ਰਸਾਦਿ; ਮੋ ਕਉ ਨਾਮ ਨਿਵਾਸਿ ॥੪॥੨੧॥੯੦॥

ਸੰਤ = ਸ਼ਾਤ ਆਤਮਾ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੀ ਪ੍ਰਸਾਦਿ = ਕਿਰਪਾ ਸਦਕਾ ਮੋਕਉ = ਮੇਰੇ ਹਿਰਦੇ ਵਿਚ ਅੰਮ੍ਰਿਤ ਨਾਮ ਦਾ ਨਿਵਾਸਿ = ਵਾਸਾ ਹੋਇਆ ਹੈ ॥੪॥੨੧॥੯੦॥

## ਗਉੜੀ ਗੁਆਰੇਰੀ, ਮਹਲਾ ੫ ॥
## ਸਤਿਗੁਰ ਦਰਸਨਿ; ਅਗਨਿ ਨਿਵਾਰੀ ॥

ਸਤਿਗੁਰੂ ਸਾਹਿਬ ਜੀ ਦੇ ਦਰਸਨਿ = ਦੀਦਾਰ ਕਰ ਕੇ ਤ੍ਰਿਸ਼ਨਾ ਮਾਇਆ ਦੇ ਮੋਹ ਰੂਪੀ ਕ੍ਰੋਧਾਦਿ ਰੂਪੀ ਅਗਨੀ ਨਿਵਾਰੀ = ਨਵਿਰਤ ਹੋ ਜਾਂਦੀ ਹੈ **ਵਾ:** ਪ੍ਰਤੱਖ ਅਗਨੀ ਵੀ ਨਵਿਰਤ ਹੋ ਜਾਂਦੀ ਹੈ। ਅੱਗ ਕੁਝ ਨਹੀਂ ਸਾੜ ਸਕਦੀ।

**ਸਾਖੀ—ਭਾਈ ਸੰਗਤੀਆ ਜੀ ਦੀ :** ਜਿਵੇਂ ਭਾਈ ਸੰਗਤੀਆ ਜੀ ਨੂੰ ਅੱਗ ਸਾੜ ਨਹੀਂ ਸਕੀ ਸੀ। ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀਵਾਂ ਦੀ ਕਲਿਆਣ ਕਰਦੇ ਹੋਏ ਅੱਚਲ ਬਟਾਲੇ ਪਹੁੰਚੇ, ਜਿਥੇ ਸ਼ਿਵਰਾਤਰੀ ਦਾ ਮੇਲਾ ਲੱਗਾ ਹੋਇਆ ਸੀ ਤੇ ਸਿੱਧ ਲੋਕ ਆਪਣੀਆਂ ਕਰਾਮਾਤਾਂ ਦਿਖਾ ਕੇ ਲੋਕਾਂ ਤੋਂ ਆਪਣੀ ਵਡਿਆਈ ਕਰਵਾ ਰਹੇ ਸਨ। ਸਤਿਗੁਰੂ ਜੀ ਵੀ ਉਥੇ ਜਾ ਕੇ ਬੈਠ ਗਏ, ਸਿੱਧਾਂ ਨੇ ਬਹੁਤ ਸ਼ਕਤੀਆਂ ਦਿਖਾਈਆਂ। ਹਨੇਰੀ ਚਲਾਈ, ਕਈ ਤਰ੍ਹਾਂ ਦੇ ਰੂਪ ਬਣ ਕੇ ਗੁਰੂ ਜੀ ਨੂੰ ਡਰਾਉਣਾ ਚਾਹਿਆ।

ਗੁਰੂ ਸਾਹਿਬ ਜੀ ਨੇ ਤਾਂ ਕੀ ਡਰਨਾ ਸੀ, ਸਗੋਂ ਇਨ੍ਹਾਂ ਦੀਆਂ ਸਾਰੀਆਂ ਸ਼ਕਤੀਆਂ ਵੀ ਖਿੱਚ ਲਈਆਂ। ਸਾਰੇ ਸਿੱਧ ਨਿੰਮੋਝੂਣੇ ਜਿਹੇ ਹੋ ਕੇ ਬੈਠ ਗਏ। ਉਥੇ ਭਾਈ ਅਜਿੱਤਾ ਵੀ ਸਰੋਵਰ ਦੇ ਪਾਣੀ ਉੱਤੇ ਚਾਦਰ ਵਿਛਾ ਕੇ ਬੈਠਾ ਸੀ ਤੇ ਜੋ ਹਨੇਰੀ ਚੱਲਣ ਕਰ ਕੇ ਪੰਛੀ ਮਰੇ ਸਨ, ਉਨ੍ਹਾਂ ਨੂੰ ਹੱਥ ਨਾਲ ਫੜ ਕੇ ਜਿਊਂਦੇ ਕਰ ਕੇ ਉਤਾਂਹ ਨੂੰ ਉਡਾਈ ਜਾ ਰਿਹਾ ਸੀ। ਸਤਿਗੁਰੂ ਜੀ ਨੇ ਪੁੱਛਿਆ ਕਿ ਇਹ ਕੌਣ ਹੈ ਤਾਂ ਸਿੱਧ ਕਹਿਣ

ਲੱਗੇ ਕਿ ਆਪ ਜੀ ਦਾ ਹੀ ਸਿੱਖ ਹੈ, ਤਾਂ ਸਤਿਗੁਰੂ ਜੀ ਨੇ ਉਸ ਨੂੰ ਕੋਲ ਬੁਲਾ ਕੇ ਉਸ ਦੀ ਵੀ ਸਾਰੀ ਸ਼ਕਤੀ ਖਿੱਚ ਲਈ, ਭਾਈ ਅਜਿੱਤਾ ਜੀ ਸਿੱਧਾਂ ਵਾਂਗ ਖ਼ਾਲੀ ਹੋ ਕੇ ਉਥੇ ਬੈਠ ਗਿਆ।

ਉਸ ਵੇਲੇ ਇਕ ਮਿਸਤਰੀ ਸਿੱਖ ਆਇਆ, ਜਿਸ ਦੇ ਨਾਲ ਉਸ ਦਾ ਇਕ ਕੋਈ ਬਾਰਾਂ ਕੁ ਵਰ੍ਹੇ ਦਾ ਪੁੱਤਰ ਵੀ ਸੀ। ਉਸ ਨੇ ਆ ਕੇ ਸਤਿਗੁਰਾਂ ਦੇ ਚਰਨਾਂ 'ਤੇ ਨਮਸਕਾਰ ਕੀਤੀ, ਬੇਨਤੀ ਕਰ ਕੇ ਕਿਹਾ ਕਿ ਮਹਾਰਾਜ ਮੇਰੇ ਪੁੱਤਰ ਨੂੰ ਆਪ ਜੀ ਆਪਣੀ ਭੇਟਾ ਰੱਖ ਲਉ ਕਿਉਂਕਿ ਮੈਂ ਸੰਗਤ ਵਿਚ ਅਰਦਾਸ ਕੀਤੀ ਹੋਈ ਹੈ। ਮੇਰੇ ਘਰ ਕੋਈ ਲੜਕਾ ਜਿਊਂਦਾ ਨਹੀਂ ਰਹਿੰਦਾ ਸੀ। ਮੈਂ ਬਹੁਤ ਸਾਰੇ ਪੀਰ, ਫ਼ਕੀਰ, ਸਿੱਧ ਆਦਿਕ ਦੀ ਪੂਜਾ ਕੀਤੀ ਪਰ ਫਿਰ ਵੀ ਮੇਰੇ ਪੁੱਤਰ ਜਿਊਂਦੇ ਨਾ ਰਹਿ ਸਕੇ। ਜਿਸ ਵੇਲੇ ਮੈਂ ਆਪ ਜੀ ਦੀ ਵਡਿਆਈ ਸੁਣੀ ਤਾਂ ਸੰਗਤ ਵਿਚ ਅਰਦਾਸ ਕੀਤੀ ਕਿ ਹੇ ਮਹਾਰਾਜ ਜੇਕਰ ਮੇਰਾ ਪੁੱਤਰ ਜਿਊਂਦਾ ਰਹਿ ਗਿਆ ਤਾਂ ਆਪ ਜੀ ਦੀ ਭੇਟ ਚੜ੍ਹਾਅ ਦਿਆਂਗਾ। ਹੁਣ ਇਸ ਨੂੰ ਆਪ ਜੀ ਪ੍ਰਵਾਣ ਕਰੋ। ਤਾਂ ਸਤਿਗੁਰਾਂ ਨੇ ਕਿਹਾ ਕਿ ਚੰਗਾ ਭਾਈ ਹੁਣ ਇਹ ਬਾਲਕ ਸਾਡਾ ਹੈ।

ਮਹਾਰਾਜ ਕਹਿਣ ਲੱਗੇ ਕਿ ਬਾਲਕ ਤੂੰ ਸਾਡਾ ਬਚਨ ਮੰਨ, ਸਤਿਗੁਰੂ ਜੀ ਨੇ ਆਗਿਆ ਕੀਤੀ ਕਿ ਲੱਕੜਾਂ ਇਕੱਠੀਆਂ ਕਰ ਕੇ ਅੱਗ ਬਾਲ ਕੇ ਵਿਚ ਬੈਠ ਜਾਹ। ਉਹ ਬੱਚਾ (ਭਾਈ ਸੰਗਤੀਆ) ਹੁਕਮ ਮੰਨ ਕੇ ਅੱਗ ਬਾਲ ਕੇ ਵਿਚ ਬੈਠ ਗਿਆ। ਸਤਿਗੁਰੂ ਦੀ ਐਸੀ ਕਿਰਪਾ ਹੋਈ ਕਿ ਅੱਗ ਇਕ ਰੋਮ ਤਕ ਵੀ ਸਾੜ ਨਹੀਂ ਸਕੀ। ਜੈਸਾ ਕਿ :

**ਸਵਾ ਜਾਮ ਬੈਠਯੋ ਜਬਿ ਰਹਯੋ। ਸਭਿਨਿ ਦੇਖਿ ਅਚਰਜ ਉਰ ਲਹਯੋ।**
**ਪਰਮ ਪ੍ਰਸੀਦ ਭਏ ਗੁਨਖਾਨੀ। ਕਰਨ ਕ੍ਰਿਤਾਰਥ ਉਚਰੀ ਬਾਨੀ॥੮॥**

*(ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ ਅਧਿ: ੪੦)*

ਇਸ ਪ੍ਰਕਾਰ ਸਵਾ ਪਹਿਰ ਤਕ ਅੱਗ ਦੇ ਵਿਚ ਬੈਠਾ ਰਿਹਾ, ਫਿਰ ਗੁਰੂ ਜੀ ਨੇ ਬਾਹਰ ਬੁਲਾਇਆ ਤੇ ਕਿਹਾ ਕਿ ਜੋ ਤੇਰੀ ਇੱਛਾ ਹੈ, ਮੰਗਣਾ ਕਰ, ਉਹੋ ਹੀ ਅਸੀਂ ਦੇਵਾਂਗੇ :

**ਸ਼੍ਰੀ ਗੁਰ ਕਹੈਂ ਜਾਚ ਜੋ ਚਾਹੀ। ਦੇਵੌਂ ਸੋ ਅਬ ਬਿਲਮੰ ਨਾਂਹੀਂ॥੨॥**

*(ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ ਅਧਿ: ੪੦)*

ਤਾਂ ਭਾਈ ਸੰਗਤੀਆ ਨੇ ਕਿਹਾ ਕਿ ਮਹਾਰਾਜ ਆਪ ਜੀ ਇਨ੍ਹਾਂ ਸਿੱਧਾਂ ਅਤੇ ਅਜਿੱਤੇ ਰੰਧਾਵੇ ਸਿੱਖ ਦੀਆਂ ਸ਼ਕਤੀਆਂ ਵਾਪਸ ਦੇ ਦਿਉ, ਆਪ ਤਾਂ ਸਮਰੱਥ ਹੋ। ਗੁਰੂ ਜੀ ਨੇ ਕਿਹਾ ਕਿ ਇਹ ਦੁਨੀਆਂ ਨੂੰ ਪਖੰਡ ਕਰ ਕੇ ਆਪਣੇ ਮਗਰ ਲਗਾਉਂਦੇ ਹਨ, ਆਪਣੀ ਵਡਿਆਈ ਕਰਾਉਂਦੇ ਹਨ। ਅਜਿੱਤਾ ਵੀ ਭਾਣੇ 'ਚ ਨਹੀਂ ਰਿਹਾ।

ਪਰ ਅਸੀਂ ਤੇਰੇ ਨਾਲ ਬਚਨ ਕੀਤਾ ਹੈ ਕਿ ਜੋ ਮੰਗੇਂਗਾ ਉਹੋ ਦੇਵਾਂਗੇ, ਸੋ ਗੁਰੂ ਜੀ ਨੇ ਉਨ੍ਹਾਂ ਦੀਆਂ ਸ਼ਕਤੀਆਂ ਵਾਪਸ ਦੇ ਦਿੱਤੀਆਂ। ਗੋਰਖ ਨਾਥ ਵਰਗੇ ਸਿਧ ਅਤੇ ਅਜਿੱਤੇ ਵਰਗੇ ਬਹੁਤ ਖ਼ੁਸ਼ ਹੋਏ ਕਿ ਹੇ ਬਾਲਕ ਤੂੰ ਧੰਨ ਹੈਂ, ਜਿਸ ਨੇ ਸਾਨੂੰ ਗੁਰੂ ਸਾਹਿਬ ਤੋਂ ਬਖ਼ਸ਼ਾ ਕੇ ਇਹ ਸ਼ਕਤੀਆਂ ਸਾਨੂੰ ਮੁੜ ਦਿਵਾ ਦਿੱਤੀਆਂ ਹਨ। ਭਾਵ ਸਤਿਗੁਰਾਂ ਦੇ ਦਰਸ਼ਨ ਕਰਨ ਕਰਕੇ ਅਤੇ ਬਚਨ ਮੰਨ ਕੇ ਉਹ ਬਾਲਕ ਅੱਗ ਵਿਚ ਬੈਠਾ ਸੀ ਤੇ ਅੱਗ ਉਸ ਨੂੰ ਕੁਝ ਵੀ ਨਾ ਕਰ ਸਕੀ ਅਜਿੱਤੇ ਨੂੰ ਵੀ ਸਮਝਾਇਆ ਕਿ ਕਰਾਮਾਤ ਨਹੀਂ ਦਿਖਾਉਣੀ, ਅਜਿੱਤੇ ਨੇ ਮਾਫ਼ੀ ਮੰਗੀ।

## ਸਤਿਗੁਰ ਭੇਟਤ; ਹਉਮੈ ਮਾਰੀ॥

ਸਤਿਗੁਰਾਂ ਦੇ ਭੇਟਤ = ਮਿਲਾਪ ਕਰਕੇ ਜੋ ਦੇਹ ਦੀ ਹਉਮੈ = ਹੰਗਤਾ ਸੀ, ਉਹ ਸਤਿਗੁਰਾਂ ਨੇ ਮਾਰੀ = ਨਾਸ ਕਰ ਦਿੱਤੀ ਹੈ।

## ਸਤਿਗੁਰ ਸੰਗਿ; ਨਾਹੀ ਮਨੁ ਡੋਲੈ ॥

ਸਤਿਗੁਰਾਂ ਦੀ ਸੰਗਿ = ਸੰਗਤ ਕਰ ਕੇ ਗੁਰਮੁਖ ਪਿਆਰਿਆਂ ਦਾ ਮਨ ਕਦੇ ਪਦਾਰਥਾਂ ਵਿਚ ਡੋਲੈ = ਡਗਮਗਾਉਂਦਾ (ਡੋਲਦਾ) ਨਾਹੀ = ਨਹੀਂ ਹੈ।

## ਅੰਮ੍ਰਿਤ ਬਾਣੀ; ਗੁਰਮੁਖਿ ਬੋਲੈ ॥੧॥

ਜਿਹੜੀ ਸਤਿਗੁਰਾਂ ਦੀ ਅੰਮ੍ਰਿਤ = ਮ੍ਰਿਤੂ ਤੋਂ ਰਹਿਤ, ਅਮਰ ਕਰਨ ਵਾਲੀ ਬਾਣੀ ਹੈ, ਗੁਰਮੁਖ ਜਨ ਹਰ ਵੇਲੇ ਉਸੇ ਅੰਮ੍ਰਿਤ ਰੂਪ ਬਾਣੀ ਨੂੰ ਬੋਲੈ = ਬੋਲਦੇ ਹਨ, ਭਾਵ ਉਚਾਰਨ ਕਰਦੇ ਹਨ ॥੧॥

## ਸਭੁ ਜਗੁ ਸਾਚਾ; ਜਾ ਸਚ ਮਹਿ ਰਾਤੇ ॥

ਜਾ = ਜਦੋਂ ਸਚ = ਸੱਚੇ ਪਰਮੇਸ਼ਰ ਦੇ ਮਹਿ = ਵਿਚ ਮਨ ਰਾਤੇ = ਰੰਗੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਸਭੁ = ਸਾਰਾ ਜਗੁ = ਸੰਸਾਰ ਸਾਚਾ = ਸੱਚਾ ਪ੍ਰਤੀਤ ਹੋਣ ਲੱਗ ਜਾਂਦਾ ਹੈ, ਭਾਵ ਸਾਰੇ ਹੀ ਅਕਾਲ ਪੁਰਖ ਪ੍ਰਗਟ ਰੂਪ ਵਿਚ ਦਿੱਸਣ ਲੱਗ ਜਾਂਦਾ ਹੈ।

## ਸੀਤਲ ਸਾਤਿ; ਗੁਰ ਤੇ ਪ੍ਰਭ ਜਾਤੇ ॥੧॥ਰਹਾਉ॥

ਜਦੋਂ ਗੁਰ = ਸਤਿਗੁਰਾਂ ਤੇ = ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਪ੍ਰਭ = ਪਰਮੇਸ਼ਰ ਨੂੰ ਜਾਤੇ = ਜਾਣ ਲਿਆ ਤਦੋਂ ਮਨ ਕਰਕੇ ਵੀ ਸੀਤਲ = ਠੰਢੇ ਹੋ ਗਏ ਤੇ ਤਨ ਕਰਕੇ ਵੀ ਸਾਤਿ = ਸ਼ਾਂਤੀ ਦੇ ਸਹਿਤ ਹੋ ਗਏ **ਵਾ:** ਸੀਤਲ ਰੂਪ ਪ੍ਰਭੂ ਨੂੰ ਜਾਣ ਕਰਕੇ ਸਤਿਗੁਰਾਂ ਦੁਆਰਾ ਸ਼ਾਂਤੀ ਨੂੰ ਪ੍ਰਾਪਤ ਹੋ ਗਏ ॥੧॥ਰਹਾਉ॥

## ਸੰਤ ਪ੍ਰਸਾਦਿ; ਜਪੈ ਹਰਿ ਨਾਉ ॥

ਜਿਨ੍ਹਾਂ ਉੱਤੇ ਸੰਤ = ਮਹਾਪੁਰਖਾਂ **ਵਾ:** ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਹੈ, ਉਹ ਹਰਿ = ਪਰਮੇਸ਼ਰ ਦਾ ਨਾਉ = ਨਾਮ ਜਪੈ = ਜਪਦੇ ਹਨ **ਵਾ:** ਸੰਤਾਂ ਦੀ ਪ੍ਰਸਾਦਿ = ਕਿਰਪਾ ਕਰਕੇ ਹਰੀ ਪਰਮੇਸ਼ਰ ਦਾ ਨਾਮ ਜਪੈ = ਜਪਿਆ ਜਾਂਦਾ ਹੈ।

## ਸੰਤ ਪ੍ਰਸਾਦਿ; ਹਰਿ ਕੀਰਤਨੁ ਗਾਉ ॥

ਸੰਤਾਂ ਦੀ ਪ੍ਰਸਾਦਿ = ਕਿਰਪਾ ਕਰਕੇ ਹਰਿ = ਹਰੀ ਵਾਹਿਗੁਰੂ ਦਾ ਕੀਰਤਨੁ = ਜਸ ਗਾਉ = ਗਾਇਆ ਜਾਂਦਾ ਹੈ **ਵਾ:** ਗਾਉਣਾ ਕਰੋ।

## ਸੰਤ ਪ੍ਰਸਾਦਿ; ਸਗਲ ਦੁਖ ਮਿਟੇ ॥

ਸੰਤਾਂ **ਵਾ:** ਸਾਧ ਸੰਗਤ ਦੀ ਪ੍ਰਸਾਦਿ = ਕਿਰਪਾ ਕਰਕੇ ਜੰਮਣ ਮਰਣ ਦੇ ਸਗਲ = ਸਾਰੇ ਦੁਖ ਮਿਟੇ = ਮਿਟ ਜਾਂਦੇ ਹਨ, ਨਾਸ ਹੋ ਜਾਂਦੇ ਹਨ।

## ਸੰਤ ਪ੍ਰਸਾਦਿ; ਬੰਧਨ ਤੇ ਛੁਟੇ ॥੨॥

ਸੰਤਾਂ ਦੀ ਪ੍ਰਸਾਦਿ = ਕਿਰਪਾ ਕਰਕੇ ਕਰਤਾ ਭੋਗਤਾ ਦੇ ਬੰਧਨਾਂ ਤੇ = ਤੋਂ ਜੀਵ ਛੁਟੇ = ਛੁੱਟ ਜਾਂਦੇ ਹਨ ॥੨॥

## ਸੰਤ ਕ੍ਰਿਪਾ ਤੇ; ਮਿਟੇ ਮੋਹ ਭਰਮ ॥

ਸੰਤਾਂ ਦੀ ਕ੍ਰਿਪਾ = ਮੇਹਰ ਤੇ = ਤੋਂ ਮੋਹ ਅਤੇ ਭਰਮ ਮਿਟੇ = ਮਿਟ ਜਾਂਦੇ ਹਨ।

## ਸਾਧ ਰੇਣ; ਮਜਨ ਸਭਿ ਧਰਮ ॥

ਸਾਧ = ਮਹਾਂ ਪੁਰਖਾਂ ਦੀ ਚਰਨ ਰੇਣ = ਧੂੜੀ ਪ੍ਰਾਪਤ ਹੋਣ ਕਰਕੇ ਸਭਿ = ਸਾਰੇ ਹੀ ਪੁਰਬਾਂ ਦੇ ਤੀਰਥਾਂ ਦੇ ਮਜਨ = ਇਸ਼ਨਾਨ ਅਤੇ ਸਾਰੇ ਹੀ ਧਰਮ = ਪੁੰਨ ਕਰਮ, ਦਾਨ ਆਦਿ ਹੋ ਜਾਂਦੇ ਹਨ **ਵਾ:** ਸਾਰੇ ਤੀਰਥਾਂ ਦੇ ਮਜਨ = ਇਸ਼ਨਾਨ ਅਤੇ ਧਰਮ = ਸ਼ੁੱਭ ਕਰਮ ਸਾਧ = ਸੰਤਾਂ ਦੀ ਚਰਨ ਰੇਣ = ਧੂੜੀ ਵਿੱਚੋਂ ਹੀ ਪ੍ਰਾਪਤ ਹੋ ਜਾਂਦੇ ਹਨ।

## ਸਾਧ ਕ੍ਰਿਪਾਲ; ਦਇਆਲ ਗੋਵਿੰਦੁ ॥

ਜਿਨ੍ਹਾਂ ਉਪਰ ਸਾਧ = ਸੰਤ, ਮਹਾਤਮਾ ਕ੍ਰਿਪਾਲ = ਕ੍ਰਿਪਾਲੂ ਹੁੰਦੇ ਹਨ, ਉਨ੍ਹਾਂ ਉਪਰ ਗੋਵਿੰਦੁ = ਪਰਮੇਸ਼ਰ ਵਾਹਿਗੁਰੂ ਵੀ ਦਇਆਲ = ਦਿਆਲੂ ਹੋ ਜਾਂਦਾ ਹੈ।

## ਸਾਧਾ ਮਹਿ; ਇਹ ਹਮਰੀ ਜਿੰਦੁ ॥੩॥

(**ਸਾਧਾ** ਦਾ ਉਚਾਰਨ ਪੋਲਾ ਹੈ)

ਸਾਧਾ = ਸੰਤਾਂ ਮਹਾਂਪੁਰਖਾਂ ਮਹਿ = ਵਿਚ ਹੀ ਹਮਰੀ = ਸਾਡੀ ਜਿੰਦੁ = ਜਿੰਦ ਜਾਨ ਹੈ, ਭਾਵ ਅਸੀਂ ਆਪਣੀ ਜ਼ਿੰਦਗੀ ਸਾਧ ਸੰਗਤ ਵਿਚ ਹੀ ਅਰਪਣਾ ਕੀਤੀ ਹੈ॥੩॥

## ਕਿਰਪਾ ਨਿਧਿ; ਕਿਰਪਾਲ ਧਿਆਵਉ ॥

ਕਿਰਪਾ = ਦਇਆ ਦੇ ਨਿਧਿ = ਸਮੁੰਦਰ, ਖ਼ਜ਼ਾਨੇ ਕਿਰਪਾਲ = ਦਇਆਲਤਾ ਦੇ ਘਰ ਰੂਪ ਪਰਮੇਸ਼ਰ ਨੂੰ ਧਿਆਵਉ = ਧਿਆਉਣਾ ਕਰੋ **ਵਾ:** ਜੋ ਪਰਮੇਸ਼ਰ ਪਿੱਛੇ ਵੀ ਕਿਰਪਾ ਦਾ ਨਿਧਿ = ਖ਼ਜ਼ਾਨਾ ਸੀ, ਹੁਣ ਵੀ ਕਿਰਪਾਲ = ਕਿਰਪਾ ਦਾ ਘਰ ਹੈਂ, ਉਸ ਨੂੰ ਧਿਆਵਉ = ਧਿਆਉਣਾ ਕਰੋ।

## ਸਾਧ ਸੰਗਿ; ਤਾ ਬੈਠਣੁ ਪਾਵਉ ॥

ਤਾ = ਤਦ ਹੀ ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਵਿਚ ਬੈਠਣਾ ਪਾਵਉ = ਪਾਵੋਗੇ **ਅਥਵਾ** ਤਦ ਹੀ ਸਾਧੂਆਂ ਦੇ ਸੰਗ ਦੁਆਰਾ ਸਰੂਪ ਰੂਪੀ ਤਖ਼ਤ ਵਿਚ ਬੈਠਣੁ = ਇਸਥਿਤ ਹੋਣਾ ਪਾਵਉ = ਪਾਵੋਗੇ।

## ਮੋਹਿ ਨਿਰਗੁਣ ਕਉ; ਪ੍ਰਭਿ ਕੀਨੀ ਦਇਆ ॥

ਮੋਹਿ = ਮੇਰੇ ਨਿਰਗੁਣ = ਗੁਣਾਂ ਤੋਂ ਹੀਣੇ ਕਉ = ਤਾਈਂ ਪ੍ਰਭਿ = ਪਰਮੇਸ਼ਰ ਨੇ ਦਇਆ = ਦਇਆਲਤਾ ਕੀਨੀ = ਕੀਤੀ ਹੈ।

## ਸਾਧਸੰਗਿ; ਨਾਨਕ ਨਾਮੁ ਲਇਆ ॥੪॥੨੨॥੯੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਧਸੰਗਿ = ਸਾਧ ਸੰਗਤ ਵਿਚ ਮਿਲ ਕਰ ਕੇ ਪਰਮੇਸ਼ਰ ਦੇ ਨਾਮ ਨੂੰ ਲਇਆ = ਲੈਣਾ ਕੀਤਾ ਹੈ॥੪॥੨੨॥੯੧॥

## ਗਉੜੀ ਗੁਆਰੇਰੀ, ਮਹਲਾ ੫ ॥

## ਸਾਧਸੰਗਿ; ਜਪਿਓ ਭਗਵੰਤੁ ॥

ਜਿਨ੍ਹਾਂ ਨੇ ਸਾਧਸੰਗਿ = ਸਤਿਸੰਗਤ ਵਿਚ ਮਿਲ ਕੇ ਭਗਵੰਤ = ਪਰਮੇਸ਼ਰ ਦਾ ਨਾਮ ਜਪਿਓ = ਜਪਣਾ ਕੀਤਾ ਹੈ।

## ਕੇਵਲ ਨਾਮੁ ਦੀਓ; ਗੁਰਿ ਮੰਤੁ ॥

ਉਨ੍ਹਾਂ ਨੂੰ ਕੇਵਲ = ਕੈਵਲ ਮੋਖਸ਼ ਦੇ ਕਰਨ ਵਾਲਾ ਨਾਮ ਮੰਤੁ = ਮੰਤਰ ਗੁਰਿ = ਗੁਰੂ ਸਾਹਿਬ ਜੀ ਨੇ ਦੀਓ = ਦੇਣਾ ਕੀਤਾ ਹੈ **ਵਾ:** ਉਨ੍ਹਾਂ ਨੂੰ ਕੇਵਲ ਗੁਰਿ ਮੰਤੁ = ਵਾਹਿਗੁਰੂ ਨਾਮ ਮੰਤਰ ਦੇਣਾ ਕੀਤਾ ਹੈ।

## ਤਜਿ ਅਭਿਮਾਨ; ਭਏ ਨਿਰਵੈਰ ॥

ਉਹੋ ਜਨ ਸਤਿਗੁਰਾਂ ਦੇ ਨਾਮ ਦੇ ਪ੍ਰਤਾਪ ਕਰਕੇ ਅਭਿ = ਹਿਰਦੇ ਦੇ ਮਾਨ = ਹੰਕਾਰ ਨੂੰ ਤਜਿ = ਛੱਡ ਕੇ ਨਿਰਵੈਰ = ਵੈਰ-ਭਾਵ ਤੋਂ ਰਹਿਤ ਹੋ ਗਏ ਹਨ।

## ਆਠ ਪਹਰ; ਪੂਜਹੁ ਗੁਰ ਪੈਰ ॥੧॥

ਇਸ ਕਰਕੇ ਹੇ ਭਾਈ! ਆਠ ਪਹਰ = ਅੱਠੇ ਪਹਰ, ਰਾਤ ਦਿਨ ਗੁਰ = ਸਤਿਗੁਰੂ ਸਾਹਿਬ ਜੀ ਦੇ ਪੈਰ = ਚਰਣਾਂ ਨੂੰ ਪੂਜਹੁ = ਪੂਜਣਾ ਕਰੋ ॥੧॥

## ਅਬ ਮਤਿ ਬਿਨਸੀ; ਦੁਸਟ ਬਿਗਾਨੀ ॥

ਅਬ = ਹੁਣ ਦੁਸਟ = ਦੁਸਟਤਾਈ ਵਾਲੀ ਭਾਵ ਕਾਮਾਦਿਕਾਂ ਵਾਲੀ ਅਤੇ ਬਿਗਾਨੀ = ਬਿਗਿਆਤ ਕਰਨ ਵਾਲੀ, ਸਰੂਪ ਦੀ ਪ੍ਰਾਪਤੀ ਤੋਂ ਰਹਿਤ ਕਰਨ ਵਾਲੀ ਮਤਿ = ਮੱਤੀ ਬਿਨਸੀ = ਵਿਸ਼ੇਸ਼ ਕਰਕੇ ਨਾਸ ਹੋ ਗਈ ਹੈ **ਵਾ:** ਜੋ ਦੂਤਾਂ ਦੀ ਬਿਗਾਨੀ = ਬਿਡਾਨੀ ਕਰ ਰਹੀ ਸੀ, ਉਹ ਨਾਸ ਹੋ ਗਈ ਹੈ।

## ਜਬ ਤੇ; ਸੁਣਿਆ ਹਰਿ ਜਸੁ ਕਾਨੀ ॥੧॥ਰਹਾਉ॥

ਜਬ ਤੇ = ਜਦੋਂ ਤੋਂ ਅਸੀਂ ਹਰੀ ਪਰਮੇਸ਼ਰ ਦਾ ਜਸੁ = ਕੀਰਤਨ ਸ਼ਰਧਾ ਤੇ ਭਰੋਸੇ ਰੂਪ ਕਾਨੀ = ਕੰਨਾਂ ਨਾਲ ਸੁਣਿਆ = ਸ੍ਰਵਨ ਕੀਤਾ ਹੈ ॥੧॥ਰਹਾਉ॥

## ਸਹਜ ਸੂਖ; ਆਨੰਦ ਨਿਧਾਨ ॥

ਜੋ ਸਹਜ = ਗਿਆਨ ਸਰੂਪ ਸੂਖ = ਸੁੱਖਾਂ ਦਾ ਦਾਤਾ ਤੇ ਆਨੰਦ ਦਾ ਨਿਧਾਨ = ਖ਼ਜ਼ਾਨਾ ਪਰਮੇਸ਼ਰ ਹੈ।

## ਰਾਖਨਹਾਰ; ਰਖਿ ਲੇਇ ਨਿਦਾਨ ॥

ਉਸ ਰਾਖਨਹਾਰ = ਰੱਖਿਆ ਕਰਨ ਵਾਲੇ ਪਰਮੇਸ਼ਰ ਨੇ ਸਾਨੂੰ ਨਿਦਾਨ = ਬੇਸਮਝਾਂ ਨੂੰ ਰੱਖ ਲੇਇ = ਲੈਣਾ ਕੀਤਾ ਹੈ **ਅਥਵਾ** ਐਸਾ ਸਮਰੱਥ ਰਾਖਨਹਾਰ = ਰੱਖਿਆ ਕਰਨ ਵਾਲਾ ਪਰਮੇਸ਼ਰ ਮੈਨੂੰ ਨਿਦਾਨ = ਅੰਤ ਸਮੇਂ ਰੱਖ ਲੇਇ = ਲਵੇਗਾ।

## ਦੂਖ ਦਰਦ ਬਿਨਸੇ; ਭੈ ਭਰਮ ॥

ਸੱਤ ਪ੍ਰਕਾਰ ਦਾ ਭੈ = ਡਰ, ਪੰਜ ਪ੍ਰਕਾਰ ਦਾ ਭਰਮ, ਜੰਮਣ ਮਰਣ ਦਾ ਦੂਖ = ਦੁੱਖ, ਅਵਿੱਦਿਆ ਦੀ ਦਰਦ = ਪੀੜ ਆਦਿ ਸਭ ਕੁਝ ਸਤਿਗੁਰਾਂ ਦੀ ਕਿਰਪਾ ਕਰਕੇ ਬਿਨਸੇ = ਨਾਸ਼ ਹੋ ਗਿਆ ਹੈ।

## ਆਵਣ ਜਾਣ ਰਖੇ; ਕਰਿ ਕਰਮ ॥੨॥

ਸਤਿਗੁਰਾਂ ਨੇ ਕਰਮ = ਬਖ਼ਸ਼ਿਸ਼ ਕਰਿ = ਕਰ ਕੇ, ਆਵਣ = ਆਉਣਾ ਜਾਣ = ਜਾਣਾ ਰਖੇ = ਰੱਖ ਲਿਆ ਹੈ, ਭਾਵ ਜੋ ਸੰਸਾਰ ਦੇ ਵਿਚ ਮਾਤਾ ਦੇ ਗਰਭ ਵਿਚ ਜਨਮ ਧਾਰ ਕੇ ਆਵਣ = ਆਉਣਾ ਸੀ ਤੇ

ਫਿਰ ਮਰ ਕਰ ਕੇ ਜੋ ਨਰਕਾਂ ਵਿਚ ਜਾਣ = ਜਾਣਾ ਸੀ ਉਸ ਤੋਂ ਸਤਿਗੁਰੂ ਜੀ ਨੇ ਕਰਮ = ਬਖ਼ਸ਼ਿਸ਼ ਕਰ ਕੇ ਰਖੇ = ਰੱਖ ਲੈਣਾ ਕੀਤਾ ਹੈ **ਅਥਵਾ** ਜੋ ਕਰਮ = ਨਿਸ਼ਕਾਮ ਕਰਮ ਕਰਿ = ਕਰਦੇ ਹਨ, ਉਨ੍ਹਾਂ ਨੂੰ ਆਵਾਗਵਨ ਤੋਂ ਸਤਿਗੁਰੂ ਜੀ ਰੱਖ ਲੈਂਦੇ ਹਨ ॥੨॥

## ਪੇਖੈ ਬੋਲੈ; ਸੁਣੈ ਸਭੁ ਆਪਿ ॥

ਹੇ ਭਾਈ! ਉਹ ਪਰਮੇਸ਼ਰ ਆਪ ਹੀ ਸਭੁ = ਸਾਰੇ ਪਾਸੇ ਪੇਖੈ = ਵੇਖ ਰਿਹਾ ਹੈ, ਆਪ ਹੀ ਬੋਲੈ = ਬੋਲ ਰਿਹਾ ਹੈ ਅਤੇ ਆਪ ਹੀ ਸਭਨਾਂ ਦੀਆਂ ਗੱਲਾਂ ਸੁਣ ਰਿਹਾ ਹੈ **ਅਥਵਾ** ਜਿਸ ਦੀ ਕਿਰਪਾ ਕਰ ਕੇ ਸਾਡੀਆਂ ਅੱਖਾਂ ਪੇਖੈ = ਵੇਖ ਰਹੀਆਂ ਹਨ। ਜਿਸ ਦੀ ਕਿਰਪਾ ਕਰਕੇ ਸਾਡੀ ਜ਼ਬਾਨ ਬੋਲੈ = ਬੋਲ ਰਹੀ ਹੈ ਅਤੇ ਜਿਸ ਦੀ ਕਿਰਪਾ ਸਾਡੇ ਕੰਨ ਸੁਣੈ = ਸੁਣ ਰਹੇ ਹਨ, ਇਹ ਸਭ = ਸਾਰਿਆਂ ਵਿਚ ਸਾਖੀ ਚੇਤਨ ਰੂਪ ਹੋ ਕੇ ਆਪੇ ਆਪ ਹੀ ਹੈ, ਕਿਉਂਕਿ ਉਸ ਪਰਮੇਸ਼ਰ ਦੀ ਸਤਾ ਤੋਂ ਬਿਨਾਂ ਇਹ ਸਭ ਇੰਦਰੇ ਜੜ੍ਹ ਰੂਪ ਹਨ।

**ਅਥਵਾ**: ਗੁਰਮੁਖ ਜਨਾਂ ਦਾ ਜੋ ਜੀਵਨ ਹੈ ਕਿ:

(ਪੇਖੈ) **ਜੇਤਾ ਪੇਖਨੁ ਤੇਤਾ ਧਿਆਨੁ ॥੨॥**
ਇਹ ਵੀ ਆਪ ਹੀ ਹੈ।
(ਬੋਲੈ) **ਜੇਤਾ ਬੋਲਣੁ ਤੇਤਾ ਗਿਆਨੈ ॥**
ਇਹ ਵੀ ਆਪ ਹੀ ਹੈ।
(ਸੁਣੈ) **ਜੇਤਾ ਸੁਨਣਾ ਤੇਤਾ ਨਾਮੁ ॥** *(ਅੰਗ ੨੩੬)*
ਇਹ ਵੀ ਆਪ ਹੀ ਹੈ।

ਭਾਵ ਬ੍ਰਹਮ ਬੇਤਿਆਂ, ਗੁਰਮੁਖ ਜਨਾਂ ਦੇ ਅੰਦਰ ਆਪਣਾ ਆਪ ਰੂਪ ਹੀ ਹੈ।

## ਸਦਾ ਸੰਗਿ; ਤਾ ਕਉ ਮਨ ਜਾਪਿ ॥

ਹੇ ਭਾਈ! ਜੋ ਸਦਾ = ਹਮੇਸ਼ਾਂ ਤੇਰੇ ਸੰਗਿ = ਨਾਲ ਹੈ ਤਾ = ਉਸ ਵਾਹਿਗੁਰੂ ਕਉ = ਨੂੰ ਮਨ ਵਿਚ ਜਾਪਿ = ਜਪਣਾ ਕਰ।

## ਸੰਤ ਪ੍ਰਸਾਦਿ; ਭਇਓ ਪਰਗਾਸੁ ॥

ਜਦੋਂ ਸੰਤ = ਮਹਾਤਮਾਂ ਦੀ ਪ੍ਰਸਾਦਿ = ਕਿਰਪਾ ਹੋਈ ਤਾਂ ਗਿਆਨ ਦਾ ਪਰਗਾਸੁ = ਪ੍ਰਕਾਸ਼ ਭਇਓ = ਹੋ ਗਿਆ, ਅਤੇ

## ਪੂਰਿ ਰਹੇ; ਏਕੈ ਗੁਣਤਾਸੁ ॥੩॥

ਜੋ ਏਕੈ = ਇੱਕੋ ਗੁਣਤਾਸੁ = ਗੁਣਾਂ ਦਾ ਖ਼ਜ਼ਾਨਾ ਪਰਮੇਸ਼ਰ ਸਾਰੇ ਪੂਰਿ = ਪੂਰਨ, ਵਿਆਪਕ ਹੋ ਰਿਹਾ ਹੈ ॥੩॥

## ਕਹਤ ਪਵਿਤ੍ਰ; ਸੁਣਤ ਪੁਨੀਤ ॥

ਪਰਮੇਸ਼ਰ ਦਾ ਜਸ ਕਹਤ = ਕਹਿਣ ਵਾਲੇ ਵੀ ਪਵਿਤ੍ਰ = ਨਿਰਮਲ ਹਨ ਅਤੇ ਜਸ ਸੁਣਨ ਵਾਲੇ ਵੀ ਪੁਨੀਤ = ਪਵਿੱਤਰ ਹਨ।

## ਗੁਣ ਗੋਵਿੰਦ; ਗਾਵਹਿ ਨਿਤ ਨੀਤ ॥

ਗੁਰਮੁਖ ਜਨ ਗੋਵਿੰਦ = ਪਰਮੇਸ਼ਰ ਦੇ ਗੁਣਾਂ ਨੂੰ ਨਿਤ ਨੀਤ = ਨਿਤਾਪ੍ਰਤੀ ਹੀ ਗਾਵਹਿ = ਗਾਉਂਦੇ ਹਨ।

## ਕਹੁ ਨਾਨਕ; ਜਾ ਕਉ ਹੋਹੁ ਕ੍ਰਿਪਾਲ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਵਾਹਿਗੁਰੂ ਜਾ ਕਉ = ਜਿਸ ਉਪਰ ਆਪ ਕ੍ਰਿਪਾਲ = ਕ੍ਰਿਪਾਲੂ ਹੋਹੁ = ਹੁੰਦੇ ਹੋ।

## ਤਿਸੁ ਜਨ ਕੀ; ਸਭ ਪੂਰਨ ਘਾਲ ॥੪॥੨੩॥੯੨॥

ਤਿਸ = ਉਸ ਜਨ = ਪੁਰਖ ਕੀ = ਦੀ ਸਭ = ਸਾਰੀ ਘਾਲ = ਘਾਲਣਾ, ਕਮਾਈ ਪੂਰਨ = ਪੂਰੀ ਹੋ ਜਾਂਦੀ ਹੈ ॥੪॥੨੩॥੯੨॥

## ਗਉੜੀ ਗੁਆਰੇਰੀ, ਮਹਲਾ ੫ ॥

## ਬੰਧਨ ਤੋੜਿ; ਬੋਲਾਵੈ ਰਾਮੁ ॥

ਹੇ ਭਾਈ! ਗੁਰੂ ਸਾਹਿਬ ਜੀ ਰਾਮੁ = ਪਰਮੇਸ਼ਰ ਦੇ ਨਾਮ ਨੂੰ ਪ੍ਰਤੱਖ ਰਸਨਾ (ਪ੍ਰੀਤ ਰੂਪੀ ਰਸਨਾ) ਨਾਲ ਬੁਲਾ ਕਰ ਕੇ ਜੀਵਾਂ ਦੇ ਜੰਮਣ ਮਰਣ, ਕਰਤਾ ਭੋਗਤਾ, ਹੰਗਤਾ ਮਮਤਾ ਆਦਿ ਬੰਧਨਾਂ ਨੂੰ ਤੋੜਿ = ਤੋੜ ਦਿੰਦੇ ਹਨ, ਨਾਸ ਕਰ ਦਿੰਦੇ ਹਨ।

**ਸਾਖੀ—ਇਕ ਤੋਤੇ ਅਤੇ ਮਹਾਤਮਾ ਦੀ :** ਇਕ ਮਹਾਤਮਾ ਜੀ ਕਥਾ ਵਿਚ ਜਗਿਆਸੂਆਂ ਨੂੰ ਉਪਦੇਸ਼ ਦੇ ਰਹੇ ਸਨ, ਉਥੇ ਇਕ ਤੋਤਾ ਵੀ ਪਿੰਜਰੇ ਵਿਚ ਪਿਆ ਹੋਇਆ ਕਥਾ ਸੁਣ ਰਿਹਾ ਸੀ। ਤੋਤੇ ਨੇ ਮਹਾਤਮਾ ਨੂੰ ਕਿਹਾ ਕਿ ਮਹਾਰਾਜ ਤੁਸੀਂ ਕਹਿੰਦੇ ਹੋ ਕਿ ਰਾਮ ਰਾਮ ਕਹਿਣ ਨਾਲ ਸਾਰੇ ਬੰਧਨ ਟੁੱਟ ਜਾਂਦੇ ਹਨ। ਪਰ ਦੇਖੋ ਮੈਂ ਤਾਂ ਰੋਜ਼ਾਨਾ ਹੀ ਰਾਮ ਰਾਮ ਕਹਿੰਦਾ ਹਾਂ, ਮੇਰੀ ਤਾਂ ਪਿੰਜਰੇ ਦੀ ਕੈਦ ਟੁੱਟਦੀ ਨਹੀਂ, ਫਿਰ ਇਨ੍ਹਾਂ ਦੇ ਮੋਹ ਦੇ, ਕਾਲ ਦੇ ਜਾਲ ਅਤੇ ਅਗਿਆਨ ਦੇ ਬੰਧਨ ਕਿਵੇਂ ਟੁੱਟ ਜਾਣਗੇ, ਤੁਸੀਂ ਹੀ ਸਮਝਾਉਣਾ ਕਰੋ।

ਮਹਾਤਮਾ ਨੇ ਕਿਹਾ ਕਿ ਹੇ ਤੋਤੇ ਤੂੰ ਰਾਮ ਰਾਮ, ਬੰਧਨ ਦੇ ਤੋੜਨ ਵਾਸਤੇ ਨਹੀਂ ਜਪਦਾ, ਤੂੰ ਤਾਂ ਚੂਰੀ ਵਾਸਤੇ, ਫਲਾਂ ਵਾਸਤੇ ਰਾਮ ਰਾਮ ਕਹਿੰਦਾ ਹੈਂ। ਜੇਕਰ ਬੰਧਨਾਂ ਨੂੰ ਤੋੜਨ ਵਾਸਤੇ ਰਾਮ ਰਾਮ ਜਪੇਂਗਾ ਤਾਂ ਪ੍ਰਭੂ ਦਾ ਨਾਮ ਜ਼ਰੂਰ ਤੇਰੇ ਬੰਧਨ ਤੋੜ ਦੇਵੇਗਾ। ਤੋਤਾ ਕਹਿਣ ਲੱਗਾ ਕਿ ਮਹਾਰਾਜ ਉਹ ਕਿਵੇਂ ਜਪੀਦਾ ਹੈ? ਮਹਾਤਮਾ ਜੀ ਕਹਿਣ ਲੱਗੇ ਕਿ ਤੂੰ ਇਕ ਚਿਤ ਹੋ ਕੇ ਅੰਦਰੋਂ ਪਰਮੇਸ਼ਰ ਦਾ ਨਾਮ ਉਚਾਰਨ ਕਰ, ਜਿਸ ਵਿਚ ਨਾ ਚੂਰੀ, ਨਾ ਚੋਗੇ ਦਾ ਲਾਲਚ, ਨਾ ਹੀ ਪਾਣੀ ਦੀ ਇੱਛਾ ਹੋਵੇ।

ਤੋਤੇ ਨੇ ਮਹਾਤਮਾ ਦੇ ਬਚਨ ਮੰਨ ਕੇ ਉਸੇ ਵੇਲੇ ਅੰਤਰ ਚਿਤ ਟਿਕਾ ਕੇ ਰਾਮ ਰਾਮ ਦਾ ਨਾਮ ਉਚਾਰਨ ਕਰਨਾ ਸ਼ੁਰੂ ਕਰ ਦਿੱਤਾ। ਉਧਰੋਂ ਤੋਤੇ ਦਾ ਮਾਲਕ ਆਇਆ, ਉਸ ਨੇ ਪਿੰਜਰੇ ਨੂੰ ਹਿਲਾ ਕੇ ਕਿਹਾ ਕਿ ਗੰਗਾ ਰਾਮ! ਬੋਲ ਰਾਮ ਰਾਮ, ਪਰ ਤੋਤਾ ਨਾ ਬੋਲਿਆ, ਦੁਬਾਰਾ ਫਿਰ ਆਖਿਆ ਕਿ ਗੰਗਾ ਰਾਮ ਬੋਲ ਰਾਮ ਰਾਮ, ਤੋਤਾ ਫਿਰ ਵੀ ਨਾ ਬੋਲਿਆ, ਮਾਲਕ ਨੇ ਤੋਤੇ ਅੱਗੇ ਚੂਰੀ ਰੱਖ ਦਿੱਤੀ, ਤੋਤੇ ਨੇ ਉਹ ਨਾ ਖਾਧੀ, ਫਿਰ ਫਲ ਅੱਗੇ ਰੱਖ ਦਿੱਤੇ, ਉਹ ਵੀ ਨਾ ਖਾਧੇ। ਤੋਤੇ ਦੇ ਮਾਲਕ ਨੇ ਸੋਚਿਆ ਕਿ ਲੱਗਦਾ ਹੈ ਤੋਤਾ ਬਿਮਾਰ ਹੋ ਗਿਆ ਤੋਤਾ ਬਿਮਾਰ ਜਾਣ ਕੇ ਮਾਲਕ ਨੇ ਬਾਹਰ ਕੱਢ ਦਿੱਤਾ। ਉਥੇ ਸੰਤਾਂ ਨੇ ਕਿਹਾ ਦੱਸ ਬਈ! ਤੂੰ ਕਹਿੰਦਾ ਸੀ ਕਿ ਮੇਰੇ ਬੰਧਨ ਨਹੀਂ ਟੁੱਟਦੇ, ਹੁਣ ਦੱਸ ਪਿੰਜਰੇ ਤੋਂ ਬਾਹਰ ਆ ਕੇ ਬੈਠਾ ਹੈਂ ਕਿ ਨਹੀਂ। ਉਸੇ ਵੇਲੇ ਤੋਤੇ ਨੇ ਮਹਾਤਮਾ ਨੂੰ ਨਮਸਕਾਰ ਕੀਤੀ ਤੇ ਮੰਨ ਗਿਆ ਕਿ ਪਰਮੇਸ਼ਰ ਦਾ ਨਾਮ ਸਾਰੇ ਬੰਧਨਾਂ ਨੂੰ ਤੋੜ ਦਿੰਦਾ ਹੈ। 'ਰਾਮ ਨਾਮ ਸੱਤ ਹੈ ਪਰ ਕੁੰਜੀ ਸੰਤਾਂ ਦੇ ਹੱਥ ਹੈ।'

## ਮਨ ਮਹਿ; ਲਾਗੈ ਸਾਚੁ ਧਿਆਨੁ ॥

ਮਨ = ਚਿਤ ਮਹਿ = ਵਿਚ ਸਾਚੁ = ਸੱਚ ਸਰੂਪ ਦਾ ਧਿਆਨ ਲਾਗੈ = ਲੱਗ ਜਾਂਦਾ ਹੈ, ਭਾਵ ਮਨ ਜੁੜ ਜਾਂਦਾ ਹੈ।

## ਮਿਟਹਿ ਕਲੇਸ; ਸੁਖੀ ਹੋਇ ਰਹੀਐ ॥

ਸਾਰੇ ਕਲੇਸ = ਦੁਖ ਮਿਟਹਿ = ਮਿਟ ਜਾਂਦੇ ਹਨ ਅਤੇ ਸੁਖੀ = ਸੁਖ ਸਰੂਪ ਵਿਚ ਇਸਥਿਤ ਹੋਇ = ਹੋ ਕੇ ਰਹੀਐ = ਰਹੀਦਾ ਹੈ **ਅਥਵਾ** ਪੰਜ ਪ੍ਰਕਾਰ ਦੇ ਕਲੇਸ਼ ਜੋਗੀਆਂ ਨੇ ਮੰਨੇ ਹਨ।

੧. ਅਵਿਦਿਆ = ਆਪਣੇ ਸਰੂਪ ਦਾ ਅਗਿਆਨ, ਬ੍ਰਹਮ ਵਿਦਿਆ ਪ੍ਰਾਪਤ ਨਾ ਹੋਣੀ; ੨. ਅਸੰਮਤਾ = ਕਿਸੇ ਨਾਲ ਸੰਮਤੀ ਨਾ ਹੋਣਾ, ਸਭ ਨਾਲ ਵਿਖੇਪ ਰੱਖਣਾ, ਝਗੜੇ ਪਾਈ ਰੱਖਣੇ **ਵਾ:** ਦੇਹ, ਧਨ ਅਤੇ ਸੰਬੰਧੀ ਆਦਿਕਾਂ ਵਿਚ ਅਸੰਮਤਾ ਹੋਣੀ; ੩. ਰਾਗ = ਪਦਾਰਥਾਂ ਵਿਚ ਪ੍ਰੇਮ ਹੋਣਾ **ਵਾ:** ਬਿਨਾਂ ਕਾਰਨ ਤੋਂ ਕਿਸੇ ਨਾਲ ਮੋਹ ਕਰੀ ਜਾਣਾ; ੪. ਦ੍ਵੈਖ = ਬਿਨਾਂ ਕਾਰਨ ਤੋਂ ਕਿਸੇ ਨਾਲ ਵੈਰ-ਵਿਰੋਧ ਬਣਾਈ ਰੱਖਣਾ; ੫. ਅਭਿਨਿਵੇਸੁ = ਉਲਟਾ ਹਠ ਕਰਨਾ, ਭਾਵ ਨਾ ਕਰਨ ਯੋਗ ਕਰਮਾਂ ਨੂੰ ਜਾਣ ਕੇ ਹਠ ਨਾਲ ਕਰਨਾ, ਉਨ੍ਹਾਂ ਕਰਮਾ ਨੂੰ ਕਰਨ ਵਿਚ ਮਨ ਲਾਉਣਾ। ਇਨ੍ਹਾਂ ਪੰਜ ਪ੍ਰਕਾਰ ਦੇ ਕਲੇਸ਼ਾਂ ਦੀ ਨਵਿਰਤੀ ਜੋਗੀਆਂ ਨੇ ਮੁਕਤੀ ਮੰਨੀ ਹੈ।

ਗੁਰੂ ਜੀ ਕਹਿੰਦੇ ਹਨ ਕਿ ਜਿਸ ਦੀ ਕਿਰਪਾ ਕਰਕੇ ਇਹ ਪੰਜ ਪ੍ਰਕਾਰ ਦੇ ਕਲੇਸ਼ ਮਿਟ ਜਾਂਦੇ ਹਨ, ਨਾਸ ਹੋ ਜਾਂਦੇ ਹਨ ਅਤੇ ਸੁਖ ਦੇ ਸਹਿਤ ਹੋ ਕੇ ਪਰਮਾਰਥ ਵਿਚ ਚਿਤ ਇਸਥਿਤ ਹੋ ਕੇ ਰਹੀਦਾ ਹੈ।

## ਐਸਾ ਦਾਤਾ; ਸਤਿਗੁਰੁ ਕਹੀਐ ॥੧॥

ਐਸਾ = ਇਸ ਪ੍ਰਕਾਰ ਦੇ ਦਾਤਾ = ਦਾਨੀ ਸਤਿਗੁਰੂ ਸਾਹਿਬ ਜੀ ਕਹੀਐ = ਕਹੀਦੇ ਹਨ ॥੧॥

## ਸੋ ਸੁਖਦਾਤਾ; ਜਿ ਨਾਮੁ ਜਪਾਵੈ ॥

ਸੋ = ਉਹੋ ਹੀ ਸੁਖ = ਸੁਖਾਂ ਨੂੰ ਦੇਣ ਵਾਲੇ ਦਾਤਾ = ਦਾਨੀ ਹਨ, ਜਿ = ਜਿਹੜੇ ਪਰਮੇਸ਼ਰ ਦਾ ਨਾਮ ਜਪਾਵੈ = ਜਪਾਉਂਦੇ ਹਨ।

## ਕਰਿ ਕਿਰਪਾ; ਤਿਸੁ ਸੰਗਿ ਮਿਲਾਵੈ ॥੧॥ਰਹਾਉ॥

ਸਤਿਗੁਰੂ ਸਾਹਿਬ ਜੀ ਕਿਰਪਾ = ਦਇਆ ਕਰਿ = ਕਰ ਕੇ ਤਿਸੁ = ਉਸ ਵਾਹਿਗੁਰੂ ਪਰਮੇਸ਼ਰ ਸੰਗਿ = ਨਾਲ ਮਿਲਾਵੈ = ਮਿਲਾ ਦਿੰਦੇ ਹਨ **ਵਾ:** ਹੇ ਗੁਰੂ ਜੀ ਕਿਰਪਾ ਕਰਕੇ ਸਾਨੂੰ ਵੀ ਤਿਸੁ = ਉਸ ਪਰਮੇਸ਼ਰ ਦੇ ਸੰਗਿ = ਨਾਲ ਮਿਲਾਵੈ = ਮਿਲਾਉਣਾ ਕਰੋ ॥੧॥ਰਹਾਉ॥

## ਜਿਸੁ ਹੋਇ ਦਇਆਲੁ; ਤਿਸੁ ਆਪਿ ਮਿਲਾਵੈ ॥

ਜਿਸ ’ਤੇ ਨਿਸ਼ਕਾਮ ਕਰਮਾਂ ਕਰ ਕੇ ਪ੍ਰਭੂ ਜੀ ਦਇਆਲੁ = ਦਿਆਲੁ ਹੋਇ = ਹੁੰਦੇ ਹਨ, ਤਿਸੁ = ਉਸ ਨੂੰ ਪਰਮੇਸ਼ਰ ਆਪ ਗੁਰੂ ਸਾਹਿਬ ਜੀ ਨਾਲ ਮਿਲਾਵੈ = ਮਿਲਾਉਂਦਾ ਹੈ।

## ਸਰਬ ਨਿਧਾਨ; ਗੁਰੂ ਤੇ ਪਾਵੈ ॥

ਫਿਰ ਉਹ ਪੁਰਖ ਗੁਰੂ = ਸਤਿਗੁਰਾਂ ਤੇ = ਤੋਂ ਰਿਧੀਆਂ, ਸਿੱਧੀਆਂ ਨੌਂ ਨਿਧੀਆਂ, ਸ੍ਰਵਣ, ਮੰਨਣ, ਨਿਧਿਆਸਣ, ਵਿਵੇਕ, ਵਿਰਾਗ, ਖਟਸੰਪਤੀ, ਮੋਖ ਇੱਛਾ, ਧਰਮ, ਅਰਥ, ਕਾਮ, ਮੋਖ ਆਦਿ ਦੇ ਸਰਬ = ਸਾਰੇ ਨਿਧਾਨ = ਖ਼ਜ਼ਾਨੇ ਪਾਵੈ = ਪਾ ਲੈਂਦਾ ਹੈ। ਅਤੇ

## ਆਪੁ ਤਿਆਗਿ; ਮਿਟੈ ਆਵਣ ਜਾਣਾ ॥

ਉਸ ਦਾ ਆਪੁ = ਆਪਾ-ਭਾਵ ਹੰਕਾਰ ਤਿਆਗਿ = ਤਿਆਗਣ ਨਾਲ ਆਵਣ ਜਾਣਾ = ਆਉਣਾ ਜਾਣਾ ਭਾਵ ਜੰਮਣ ਮਰਣਾ ਮਿਟੈ = ਮਿਟ ਜਾਂਦਾ ਹੈ। ਕਿਉਂਕਿ

## ਸਾਧ ਕੈ ਸੰਗਿ; ਪਾਰਬ੍ਰਹਮੁ ਪਛਾਣਾ ॥੨॥

ਉਹ ਸਾਧ = ਸਾਧੂ ਮਹਾਂਪੁਰਖਾਂ ਕੈ = ਦੇ ਸੰਗਿ = ਨਾਲ ਰਹਿਣ ਕਰ ਕੇ ਭਾਵ ਉਨ੍ਹਾਂ ਦੀ ਸੰਗਤ ਕਰ ਕੇ ਪਾਰਬ੍ਰਹਮ = ਪਰਮੇਸ਼ਰ ਦੀ ਪਛਾਣਾ = ਪਛਾਣ ਵਾਲਾ ਹੋ ਜਾਂਦਾ ਹੈ **ਅਥਵਾ** ਉਪਰੋਕਤ ਦੋਨਾਂ ਪੰਗਤੀਆਂ ਦੇ ਅੰਨਵੈ ਗੀਤ ਅਨੁਸਾਰ ਅਰਥ ਕਰਨੇ ਜਿਸ ਨੇ ਸਾਧ = ਮਹਾਤਮਾਂ ਜਨਾ ਕੈ = ਦੇ ਨਾਲ ਮਿਲ ਕੇ ਆਪੁ = ਆਪਾ-ਭਾਵ, ਦੇਹ ਦੀ ਹੰਗਤਾ ਦਾ ਤਿਆਗਿ ਭਾਵ ਨਾਸ ਕੀਤਾ ਹੈ ਤੇ ਪਾਰਬ੍ਰਹਮੁ = ਪ੍ਰਕਿਰਤੀ ਤੋਂ ਪਰੇ ਬ੍ਰਹਮ ਸਰੂਪ ਦੀ ਪਛਾਣ ਕੀਤੀ ਹੈ, ਉਨ੍ਹਾਂ ਦਾ ਆਉਣਾ ਜਾਣਾ ਮਿਟੈ = ਮਿਟ ਜਾਂਦਾ ਹੈ ॥੨॥ ਜੈਸਾ ਕਿ :

**ਨਹ ਕਿਛੁ ਜਨਮੈ ਨਹ ਕਿਛੁ ਮਰੈ ॥** *(ਗਉੜੀ ਸੁਖਮਨੀ ਮ: ੫, ਅੰਗ ੨੮੧)*

## ਜਨ ਊਪਰਿ; ਪ੍ਰਭ ਭਏ ਦਇਆਲ ॥

ਆਪਣੇ ਭਗਤ ਜਨਾਂ ਊਪਰਿ = ਉੱਤੇ ਪ੍ਰਭ = ਪਰਮੇਸ਼ਰ ਜੀ ਦਇਆਲ = ਦਿਆਲੂ ਭਏ = ਹੋਏ ਹਨ।

**[ਅੰਗ ੧੮੪]**

## ਜਨ ਕੀ ਟੇਕ; ਏਕ ਗੋਪਾਲ ॥

ਜਨ = ਭਗਤ ਜਨਾਂ ਕੀ = ਦੀ ਟੇਕ = ਓਟ ਏਕ = ਇਕ ਗੋਪਾਲ = ਪਰਮੇਸ਼ਰ ਤੇ ਹੀ ਰੱਖੀ ਹੋਈ ਹੈ।

## ਏਕਾ ਲਿਵ; ਏਕੋ ਮਨਿ ਭਾਉ ॥

ਉਨ੍ਹਾਂ ਭਗਤ ਜਨਾਂ ਦੀ ਏਕਾ = ਇੱਕੋ ਆਸਰੇ ਹੀ ਮਨ ਦੀ ਲਿਵ = ਬਿਰਤੀ ਰਹਿੰਦੀ ਹੈ ਅਤੇ ਏਕੋ = ਇਕ ਦਾ ਹੀ ਮਨਿ = ਚਿਤ ਵਿਚ ਭਾਉ = ਪ੍ਰਕਾਸ਼ ਹੈ **ਵਾ:** ਭਾਉ = ਪ੍ਰੇਮ ਹੈ **ਅਥਵਾ** ਇੱਕੋ ਦੀ ਹੀ ਤਨ ਕਰਕੇ ਲਿਵ ਲਾਉਂਦੇ ਹਨ ਅਤੇ ਮਨ ਵਿਚ ਵੀ ਇੱਕੋ ਦੀ ਭਾਉ = ਭਾਵਨਾ ਧਾਰਦੇ ਹਨ।

## ਸਰਬ ਨਿਧਾਨ; ਜਨ ਕੈ ਹਰਿ ਨਾਉ ॥੩॥

ਪਰਮੇਸ਼ਰ ਦੇ ਜਨ = ਭਗਤ ਜਨਾਂ ਦਾ ਤਾਂ ਹਰਿ = ਹਰੀ ਪਰਮੇਸ਼ਰ ਦਾ ਨਾਉ = ਨਾਮ ਹੀ ਸਰਬ = ਸਾਰੇ ਨਿਧਾਨ = ਖ਼ਜ਼ਾਨੇ ਹਨ ॥੩॥

## ਪਾਰਬ੍ਰਹਮ ਸਿਉ; ਲਾਗੀ ਪ੍ਰੀਤਿ ॥

ਗੁਰਮੁਖ ਜਨਾਂ ਦੀ ਪਾਰਬ੍ਰਹਮ = ਪਰਮੇਸ਼ਰ ਦੇ ਸਿਉ = ਨਾਲ ਪ੍ਰੀਤਿ = ਪ੍ਰੀਤੀ ਲਾਗੀ = ਲੱਗੀ ਹੋਈ ਹੈ।

## ਨਿਰਮਲ ਕਰਣੀ; ਸਾਚੀ ਰੀਤਿ ॥

ਉਨ੍ਹਾਂ ਦੀ ਕਰਣੀ = ਕਮਾਈ ਨਿਰਮਲ = ਉੱਜਲੀ ਹੈ ਅਤੇ ਰੀਤਿ = ਮਰਿਆਦਾ ਵੀ ਸਾਚੀ = ਸੱਚੀ ਹੈ **ਵਾ:** ਉਨ੍ਹਾਂ ਦੀ ਭਾਉ ਭਗਤੀ ਰੂਪੀ ਕਰਣੀ ਨਿਰਮਲ = ਉੱਜਲੀ ਹੈ ਅਤੇ ਨਿਸ਼ਕਾਮ ਕਰਮ ਰੂਪ ਰੀਤਿ = ਰੀਤੀ ਵੀ ਸੱਚੀ ਹੈ।

## ਗੁਰਿ ਪੂਰੈ; ਮੇਟਿਆ ਅੰਧਿਆਰਾ ॥

ਪੂਰੈ = ਪੂਰਨ ਗੁਰਿ = ਗੁਰੂ ਸਾਹਿਬ ਜੀ ਨੇ ਜਿਨ੍ਹਾਂ ਦੇ ਅੰਦਰੋਂ ਅਗਿਆਨ ਦਾ ਅੰਧਿਆਰਾ = ਹਨੇਰਾ ਮੇਟਿਆ = ਮੇਟ ਦਿੱਤਾ ਹੈ, ਨਾਸ ਕਰ ਦਿੱਤਾ ਹੈ।

## ਨਾਨਕ ਕਾ ਪ੍ਰਭੁ; ਅਪਰ ਅਪਾਰਾ ॥੪॥੨੪॥੯੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਸਾਡੇ ਜਨਾਂ ਕਾ = ਦਾ ਪ੍ਰਭੁ = ਪ੍ਰਭੂ ਅਪਰ = ਪ੍ਰਕਿਰਤੀ ਤੋਂ ਪਰ੍ਹੇ ਅਤੇ ਅਪਾਰਾ = ਪਾਰਾਵਾਰ ਤੋਂ ਰਹਿਤ ਹੈ। ਉਸ ਨੂੰ ਉਨ੍ਹਾਂ ਭਗਤਾਂ ਨੇ ਜਾਣਿਆ ਹੈ ॥੪॥੨੪॥੯੩॥

## ਗਉੜੀ ਗੁਆਰੇਰੀ, ਮਹਲਾ ੫ ॥ ਜਿਸੁ ਮਨਿ ਵਸੈ; ਤਰੈ ਜਨੁ ਸੋਇ ॥

ਹੇ ਭਾਈ! ਜਿਸ ਦੇ ਮਨਿ = ਚਿਤ ਵਿਚ ਪਰਮੇਸ਼ਰ ਦਾ ਨਾਮ ਵਸੈ = ਵੱਸ ਜਾਂਦਾ ਹੈ, ਸੋਇ = ਉਹ ਜਨੁ = ਪੁਰਸ਼ ਸੰਸਾਰ-ਸਮੁੰਦਰ ਤੋਂ ਤਰੈ = ਤਰ ਜਾਂਦਾ ਹੈ।

## ਜਾ ਕੈ ਕਰਮਿ; ਪਰਾਪਤਿ ਹੋਇ ॥

ਜਾ = ਜਿਸ ਕੈ = ਦੇ ਪੂਰਬਲੇ ਕਰਮਿ = ਨਿਸ਼ਕਾਮ ਕਰਮ ਹਨ, ਉਸ ਨੂੰ ਗੁਰਾਂ ਦੁਆਰਾ ਅੰਮ੍ਰਿਤ ਨਾਮ ਦੀ ਪਰਾਪਤਿ = ਪ੍ਰਾਪਤੀ ਹੋਇ = ਹੁੰਦੀ ਹੈ **ਅਥਵਾ** ਜਾ = ਜਿਸ ਕੈ = ਦੇ ਉੱਪਰ ਵਾਹਿਗੁਰੂ ਦੀ ਕਰਮਿ = ਬਖ਼ਸ਼ਿਸ਼ ਹੁੰਦੀ ਹੈ, ਉਸ ਨੂੰ ਗੁਰੂ ਸਾਹਿਬ ਜੀ ਦੀ ਪਰਾਪਤਿ = ਪ੍ਰਾਪਤੀ ਹੋਇ = ਹੁੰਦੀ ਹੈ।

## ਦੂਖੁ ਰੋਗੁ; ਕਛੁ ਭਉ ਨ ਬਿਆਪੈ ॥

ਉਸ ਨੂੰ ਜੰਮਣ ਮਰਣ ਰੂਪੀ ਦੂਖੁ = ਦੁਖ, ਕਾਮਾਦਿਕ, ਜਮ ਆਦਿਕਾਂ ਦਾ ਰੋਗ ਅਤੇ ਕਾਲ ਆਦਿਕਾਂ ਦਾ ਭਉ = ਡਰ ਕਛੁ = ਕੁਝ ਵੀ ਨਹੀਂ ਬਿਆਪੈ = ਵਿਆਪਦਾ, ਭਾਵ ਲੱਗਦਾ।

## ਅੰਮ੍ਰਿਤ ਨਾਮੁ; ਰਿਦੈ ਹਰਿ ਜਾਪੈ ॥੧॥

ਜੋ ਅੰਮ੍ਰਿਤ = ਮ੍ਰਿਤੂ ਤੋਂ ਰਹਿਤ, ਅਮਰ ਕਰਨ ਵਾਲਾ ਹਰੀ ਪਰਮੇਸ਼ਰ ਦਾ ਨਾਮ ਰਿਦੈ = ਹਿਰਦੇ ਵਿਚ ਜਾਪੈ = ਜਪਦਾ ਹੈ ॥੧॥ ਜੈਸਾ ਕਿ :

**ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ ॥** *(ਵਾਰ ਗੂਜਰੀ ਮ: ੩, ਅੰਗ ੫੧੫)*

## ਪਾਰਬ੍ਰਹਮੁ; ਪਰਮੇਸੁਰੁ ਧਿਆਈਐ ॥

ਜੋ ਪਾਰ = ਪਾਪਾਂ ਪੁੰਨਾਂ ਤੋਂ ਪਰ੍ਹੇ ਤੇ ਸਾਰਿਆਂ ਵਿਚ ਬ੍ਰਹਮ = ਵਿਆਪਕ ਹੈ ਅਤੇ ਪਰਮੇਸੁਰੁ = ਪਰਮ ਈਸ਼ਵਰ ਦੀ ਬਿਭੂਤੀ ਵਾਲਾ ਹੈ, ਉਸ ਨੂੰ ਧਿਆਈਐ = ਧਿਆਉਣਾ ਕਰੀਏ।

ਹਿੰਦੂ ਮੱਤ ਵਿਚ ਪੰਜ ਈਸ਼ਵਰ ਮੰਨੇ ਜਾਂਦੇ—੧. ਵਿਸ਼ਨੂੰ; ੨. ਸੂਰਜ; ੩. ਗਣੇਸ਼; ੪. ਸ਼ਕਤੀ (ਦੁਰਗਾ); ੫. ਸ਼ਿਵਜੀ ਪਰ ਇਹ ਸਾਰੇ ਕਾਰਜ ਰੂਪ ਹਨ, ਅਕਾਲ ਪੁਰਖ ਪਰਮੇਸ਼ਰ ਇਨ੍ਹਾਂ ਸਾਰਿਆਂ ਦਾ ਕਾਰਨ ਰੂਪ ਹੈ, ਇਸ ਲਈ ਉਹ ਅਕਾਲ ਪੁਰਖ ਵੱਡਾ ਈਸ਼ਵਰ ਹੈ, ਉਸ ਨੂੰ ਧਿਆਉਣਾ ਕਰੋ।

## ਗੁਰ ਪੂਰੇ ਤੇ; ਇਹ ਮਤਿ ਪਾਈਐ ॥੧॥ਰਹਾਉ॥

ਪਰ ਇਹ ਚੰਗੀ ਮਤਿ = ਸਿੱਖਿਆ ਪੂਰੇ = ਪੂਰਨ ਗੁਰ = ਸਤਿਗੁਰੂ ਸਾਹਿਬ ਜੀ ਤੇ = ਤੋਂ ਹੀ ਪਾਈਐ = ਪ੍ਰਾਪਤ ਕਰੀਦੀ ਹੈ ॥੧॥ਰਹਾਉ॥

## ਕਰਣ ਕਰਾਵਨਹਾਰ; ਦਇਆਲ ॥

ਦਇਆਲ = ਦਇਆਲੂ ਪਰਮੇਸ਼ਰ ਆਪ ਹੀ ਸਾਰੇ ਕਾਰਜਾਂ ਨੂੰ ਕਰਨ ਵਾਲਾ ਤੇ ਬ੍ਰਹਮਾ ਆਦਿਕਾਂ ਤੋਂ ਕਰਾਵਨਹਾਰ = ਕਰਾਉਣ ਵਾਲਾ ਹੈ **ਅਥਵਾ** ਕਰਣ = ਪ੍ਰਧਾਨ ਕਾਰਨ, ਭਾਵ 'ਤੀਨ ਗੁਣਾ ਕੀ ਸਾਮਿਆ

ਜੋਈ, ਨਾਮ ਪ੍ਰਧਾਨ ਕਹਾਵੈ ਸੋਈ'। ਰਜ ਤਮ ਤੇ ਸਤ ਗੁਣ ਜੋ ਜਗਤ ਦਾ ਉਪਾਦਾਨ ਕਾਰਨ ਮੰਨੇ ਹਨ, ਇਸ ਤੋਂ ਅੱਗੇ ਸੂਖਮ ਤੱਤ, ਸਥੂਲ ਤੱਤ ਆਦਿਕ ਸਭ ਸ੍ਰਿਸ਼ਟੀ ਪੈਦਾ ਕਰਾਉਣ ਵਾਲਾ ਉਹ ਦਇਆਲੂ ਪਰਮੇਸ਼ਰ ਆਪ ਹੀ ਹੈ।

ਜਿਵੇਂ ਮੱਕੜੀ ਆਪਣੇ ਸਥੂਲ ਸਰੀਰ ਦੁਆਰਾ ਜਾਲੇ ਨੂੰ ਪੈਦਾ ਕਰਦੀ ਹੈ, ਇਹ ਉਪਾਦਾਨ ਕਾਰਨ ਹੈ। ਮੱਕੜੀ ਦਾ ਸੂਖਮ ਸਰੀਰ ਨਮਿਤ ਕਾਰਨ ਹੈ। ਇਸੇ ਪ੍ਰਕਾਰ ਸੰਸਾਰ ਦਾ ਨਮਿਤ, ਉਪਾਦਾਨ ਕਾਰਨ ਬ੍ਰਹਮ ਚੇਤਨ ਦਇਆ ਦਾ ਘਰ ਆਪ ਹੀ ਹੈ।

## ਜੀਅ ਜੰਤ; ਸਗਲੇ ਪ੍ਰਤਿਪਾਲ ॥

ਜਿੰਨੇ ਵੀ ਜੀਅ = ਅਸਥੂਲ ਜੀਵ ਅਤੇ ਜੰਤ = ਸੂਖਮ ਜੰਤ ਭਾਵ ਛੋਟੇ ਵੱਡੇ ਸਗਲੇ = ਸਾਰੇ ਜੀਵ ਜੰਤੂਆਂ ਦੇ ਤਾਈਂ ਪਰਮੇਸ਼ਰ ਆਪ ਪ੍ਰਤਿਪਾਲ = ਪ੍ਰਤਿਪਾਲਣਾ ਕਰਦਾ ਹੈ, ਰੱਖਿਆ ਕਰਦਾ ਹੈ।

## ਅਗਮ ਅਗੋਚਰ; ਸਦਾ ਬੇਅੰਤਾ ॥

ਉਹ ਪਰਮੇਸ਼ਰ ਅਗਮ = ਅਚੱਲ, ਅਪਹੁੰਚ ਭਾਵ ਬੁੱਧੀ ਦੀ ਪਹੁੰਚ ਤੋਂ ਰਹਿਤ ਹੈ **ਵਾ:** ਅਗਮ = ਮਨ ਦੇ ਸੰਕਲਪਾਂ ਵਿਕਲਪਾਂ ਦਾ ਵਿਸ਼ਾ ਨਹੀਂ ਹੈ, ਅਗੋਚਰ = ਇੰਦ੍ਰੀਆਂ ਦੇ ਵੀ ਅਵਿਸ਼ੇ ਹੈ ਅਤੇ ਸਦਾ = ਹਮੇਸ਼ਾਂ ਬੇਅੰਤਾ = ਅੰਤ ਤੋਂ ਰਹਿਤ ਸਰੂਪ ਹੈ।

## ਸਿਮਰਿ ਮਨਾ; ਪੂਰੇ ਗੁਰ ਮੰਤਾ ॥੨॥

ਹੇ ਮੇਰੇ ਪਿਆਰੇ ਮਨਾਂ ! ਪੂਰੇ = ਪੂਰਨ ਗੁਰ = ਸਤਿਗੁਰਾਂ ਦੇ ਮੰਤਾ = ਮੰਤ੍ਰ ਦੁਆਰਾ ਉਸ ਸਮਰੱਥ ਪਰਮੇਸ਼ਰ ਦਾ ਸਿਮਰਿ = ਸਿਮਰਨ ਕਰ ॥੨॥

## ਜਾ ਕੀ ਸੇਵਾ; ਸਰਬ ਨਿਧਾਨੁ ॥

ਜਾ = ਜਿਸ ਪਰਮੇਸ਼ਰ ਕੀ = ਦੀ ਭਗਤੀ ਰੂਪੀ ਸੇਵਾ = ਟਹਿਲ ਕਰ ਕੇ ਸਰਬ = ਸਾਰੇ ਨਿਧਾਨੁ = ਖ਼ਜ਼ਾਨੇ ਪ੍ਰਾਪਤ ਹੋ ਜਾਂਦੇ ਹਨ।

## ਪ੍ਰਭ ਕੀ ਪੂਜਾ; ਪਾਈਐ ਮਾਨੁ ॥

ਪ੍ਰਭ = ਪਰਮੇਸ਼ਰ ਕੀ = ਦੀ ਪੂਜਾ ਕਰ ਕੇ ਹੀ ਮਾਨੁ = ਸਤਿਕਾਰ ਪਾਈਐ = ਪ੍ਰਾਪਤ ਕਰੀਦਾ ਹੈ **ਵਾ:** ਮਾਨੁ = ਖਟ ਪ੍ਰਮਾਣਾਂ ਦੇ ਅਵਿਸ਼ੇ ਜੋ ਸ੍ਵੈ ਅਨੁਭਵ ਇਕ ਪ੍ਰਮਾਣ ਹੈ, ਉਸ ਗਿਆਨ ਨੂੰ ਮੰਨਣ ਦੁਆਰਾ ਪਾਈਐ = ਪਾਈਦਾ ਹੈ।

## ਜਾ ਕੀ ਟਹਲ; ਨ ਬਿਰਥੀ ਜਾਇ ॥

ਜਾ = ਜਿਸ ਵਾਹਿਗੁਰੂ ਕੀ = ਦੀ ਟਹਲ = ਸੇਵਾ ਕੀਤੀ ਹੋਈ ਕਦੇ ਬਿਰਥੀ = ਨਿਸਫਲ ਨ = ਨਹੀਂ ਜਾਇ = ਜਾਂਦੀ।

## ਸਦਾ ਸਦਾ; ਹਰਿ ਕੇ ਗੁਣ ਗਾਇ ॥੩॥

ਸਦਾ ਸਦਾ = ਸਦੀਵ ਕਾਲ ਉਸ ਹਰਿ = ਪਰਮੇਸ਼ਰ ਕੇ = ਦੇ ਗੁਣਾਂ ਨੂੰ ਗਾਇ = ਗਾਉਣਾ ਕਰੋ ॥੩॥

## ਕਰਿ ਕਿਰਪਾ; ਪ੍ਰਭ ਅੰਤਰਜਾਮੀ ॥

ਹੇ ਅੰਤਰਜਾਮੀ (ਅੰਤਰ+ਜਾਮੀ) ਅੰਤਰ = ਹਿਰਦੇ ਦੀ ਜਾਮੀ = ਜਾਨਣ ਵਾਲੇ ਪ੍ਰਭ = ਪ੍ਰਭੂ ਜੀ ! ਸਾਡੇ 'ਤੇ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰੋ।

## ਸੁਖ ਨਿਧਾਨ; ਹਰਿ ਅਲਖ ਸੁਆਮੀ ॥

ਹੇ ਅਲਖ = ਲਖਣ ਤੋਂ ਰਹਿਤ (ਅਸ਼ੁੱਧ ਮਨ ਕਰ ਕੇ ਲਖੇ ਨਹੀਂ ਜਾਂਦੇ) ਸਾਰਿਆਂ ਦੇ ਮਾਇਆ ਬ੍ਰਿਤੀ ਕਰ ਕੇ ਸੁਆਮੀ = ਮਾਲਕ ਹਰਿ = ਪਰਮੇਸ਼ਰ ! ਤੁਸੀਂ ਸਾਰੇ ਸੁਖਾਂ ਦੇ ਨਿਧਾਨ = ਖ਼ਜ਼ਾਨੇ ਹੋ।

## ਜੀਅ ਜੰਤ; ਤੇਰੀ ਸਰਣਾਈ ॥

ਹੇ ਪਰਮੇਸ਼ਰ ਜੀ ! ਜਿਤਨੇ ਵੀ ਜੀਅ ਜੰਤ = ਜੀਵ ਜੰਤ ਭਾਵ ਛੋਟੇ ਵੱਡੇ ਜੀਵ ਹਨ, ਸਾਰੇ ਹੀ ਤੇਰੀ = ਤੁਹਾਡੀ ਸਰਣਾਈ = ਸ਼ਰਣ ਵਿਚ ਹਨ।

## ਨਾਨਕ; ਨਾਮੁ ਮਿਲੈ ਵਡਿਆਈ ॥੪॥੨੫॥੯੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਸਾਨੂੰ ਗੁਰਾਂ ਦੁਆਰਾ ਤੁਹਾਡੇ ਨਾਮ ਦੀ ਵਡਿਆਈ ਮਿਲੈ = ਪ੍ਰਾਪਤ ਹੋਵੇ ॥੪॥੨੫॥੯੪॥

## ਗਉੜੀ ਗੁਆਰੇਰੀ, ਮਹਲਾ ੫ ॥
## ਜੀਅ ਜੁਗਤਿ; ਜਾ ਕੈ ਹੈ ਹਾਥ ॥

ਹੇ ਭਾਈ ! ਜਾ = ਜਿਸ ਵਾਹਿਗੁਰੂ ਕੈ = ਦੇ ਹਾਥ = ਹੱਥ ਵਿਚ ਜੀਅ = ਜੀਵਾਂ ਦੇ ਪਾਲਣ-ਪੋਸ਼ਣ ਦੀ, ਪੈਦਾ ਕਰਨ ਦੀ, ਪਰਲੋ ਕਰਨ ਦੀ ਸਾਰੀ ਜੁਗਤਿ = ਵਿਉਂਤ ਹੈ।

## ਸੋ ਸਿਮਰਹੁ; ਅਨਾਥ ਕੋ ਨਾਥੁ ॥

ਸੋ = ਉਸ ਅਨਾਥ = ਗ਼ਰੀਬਾਂ ਕੋ = ਦੇ ਨਾਥੁ = ਸੁਆਮੀ ਨੂੰ ਸਿਮਰਹੁ = ਸਿਮਰਨਾ ਕਰੋ, ਭਾਵ ਯਾਦ ਕਰੋ।

## ਪ੍ਰਭ ਚਿਤਿ ਆਏ; ਸਭੁ ਦੁਖੁ ਜਾਇ ॥

ਜੇਕਰ ਪ੍ਰਭ = ਪਰਮੇਸ਼ਰ ਚਿਤਿ = ਚੇਤੇ ਆਏ = ਆ ਜਾਵੇ ਤਾਂ ਗਰਭ ਤੋਂ ਲੈ ਕੇ ਮਰਨ ਤਕ **ਵਾ:** ਬਾਲ, ਜੁਆਨੀ, ਬਿਰਧ ਅਵਸਥਾ ਦੇ ਸਭੁ = ਸਾਰੇ ਦੁੱਖ ਚਲੇ ਜਾਇ = ਜਾਂਦੇ ਹਨ, ਭਾਵ ਨਾਸ ਹੋ ਜਾਂਦੇ ਹਨ।

## ਭੈ ਸਭ ਬਿਨਸਹਿ; ਹਰਿ ਕੈ ਨਾਇ ॥੧॥

ਹਰਿ = ਪਰਮੇਸ਼ਰ ਕੈ = ਦੇ ਨਾਇ = ਨਾਮ ਕਰ ਕੇ ਸਭ = ਸਾਰੇ ਭੈ = ਡਰ ਬਿਨਸਹਿ = ਵਿਸ਼ੇਸ਼ ਕਰ ਕੇ ਨਾਸ ਹੋ ਜਾਂਦੇ ਹਨ ॥੧॥

## ਬਿਨੁ ਹਰਿ; ਭਉ ਕਾਹੇ ਕਾ ਮਾਨਹਿ ॥

ਹੇ ਭਾਈ ! ਉਸ ਹਰਿ = ਅਕਾਲ ਪੁਰਖ ਤੋਂ ਬਿਨ = ਬਿਨਾਂ ਹੋਰ ਕਾਹੇ = ਕਿਸੇ ਕਾ = ਦਾ ਭਉ = ਡਰ ਕਿਉਂ ਮਾਨਹਿ = ਮੰਨਦਾ ਹੈਂ ? ਭਾਵ ਵਾਹਿਗੁਰੂ ਦਾ ਸਿਮਰਨ ਕਰ ਕੇ ਨਿਰਭਉ ਹੋ ਜਾਹ।

## ਹਰਿ ਬਿਸਰਤ; ਕਾਹੇ ਸੁਖੁ ਜਾਨਹਿ ॥੧॥ਰਹਾਉ॥

ਹਰਿ = ਹਰੀ ਪਰਮੇਸ਼ਰ ਦੇ ਬਿਸਰਤ = ਭੁੱਲਣ ਕਰ ਕੇ ਕਾਹੇ = ਕਿਸ ਗੱਲ ਵਿਚ ਸੁਖ ਜਾਨਹਿ = ਜਾਣਦਾ ਹੈਂ, ਭਾਵ ਪਰਮੇਸ਼ਰ ਦੇ ਭੁੱਲਣ ਕਰ ਕੇ ਸਾਰੇ ਦੁਖ ਕਲੇਸ਼ ਹੀ ਚਿੰਬੜਦੇ ਹਨ, ਸੁਖ ਨਹੀਂ ਪ੍ਰਾਪਤ ਹੁੰਦਾ ॥੧॥ਰਹਾਉ॥

## ਜਿਨਿ ਧਾਰੇ; ਬਹੁ ਧਰਣਿ ਅਗਾਸ ॥

ਜਿਨ = ਜਿਸ ਵਾਹਿਗੁਰੂ ਨੇ ਬਹੁ = ਬਹੁਤ ਸਾਰੀਆਂ ਧਰਣਿ = ਧਰਤੀਆਂ ਅਤੇ ਅਗਾਸ = ਆਕਾਸ਼ ਮੰਡਲ ਆਪਣੇ ਆਸਰੇ ਧਾਰੇ = ਧਾਰਨ ਕੀਤੇ ਹੋਏ ਹਨ। ਜੈਸਾ ਕਿ :

**ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥** *(ਸੋਰਠਿ ਮ: ੫, ਅੰਗ ੬੧੨)*

## ਜਾ ਕੀ ਜੋਤਿ; ਜੀਅ ਪਰਗਾਸ ॥

ਜਾ = ਜਿਸ ਵਾਹਿਗੁਰੂ ਕੀ = ਦੀ ਜੋਤ ਆਪਣੇ ਜੀਅ = ਹਿਰਦਿਆਂ ਵਿਚ ਪਰਗਾਸ = ਪ੍ਰਕਾਸ਼ ਕਰ ਰਹੀ ਹੈ **ਵਾ:** ਸਾਰੇ ਜੀਅ = ਜੀਵਾਂ ਵਿਚ ਜਿਸ ਦੀ ਜੋਤ ਪਰਗਾਸ = ਪ੍ਰਕਾਸ਼ ਰਹੀ ਹੈ।

## ਜਾ ਕੀ ਬਖਸ; ਨ ਮੇਟੈ ਕੋਇ ॥

ਜਾ = ਜਿਸ ਵਾਹਿਗੁਰੂ ਕੀ = ਦੀ ਅਜਿਹੀ ਬਖਸ = ਬਖ਼ਸ਼ਿਸ਼ ਹੈ ਜਿਸ ਨੂੰ ਮੇਟੈ = ਮੇਟਣ ਵਾਸਤੇ ਕੋਇ = ਕੋਈ ਵੀ ਸਮਰੱਥ ਨ = ਨਹੀਂ ਹੈ **ਵਾ:** ਜਿਨ੍ਹਾਂ ਨੂੰ ਵਾਹਿਗੁਰੂ ਨੇ ਬ੍ਰਹਮ ਵਿਦਿਆ ਦੀ ਦਾਤ ਬਖ਼ਸ਼ਿਸ਼ ਕੀਤੀ ਹੈ, ਉਸ ਦਾਤ ਨੂੰ ਮੇਟਣ ਵਾਸਤੇ ਕੋਈ ਸਮਰੱਥ ਨਹੀਂ ਹੈ, ਕਿਉਂਕਿ ਉਹ ਬ੍ਰਹਮ ਦਾ ਹੀ ਰੂਪ ਹੋ ਗਏ ਹਨ।

## ਸਿਮਰਿ ਸਿਮਰਿ ਪ੍ਰਭੁ; ਨਿਰਭਉ ਹੋਇ ॥੨॥

ਹੇ ਭਾਈ ! ਉਸ ਸਿਮਰਿ = ਸਿਮਰਨ ਜੋਗ ਪ੍ਰਭੁ = ਪਰਮੇਸ਼ਰ ਦਾ ਸਿਮਰਿ = ਸਿਮਰਨ ਕਰਕੇ ਨਿਰਭਉ = ਭੈ ਤੋਂ ਰਹਿਤ ਹੋਇ = ਹੋ ਜਾਈਦਾ ਹੈ ॥੨॥

## ਆਠ ਪਹਰ; ਸਿਮਰਹੁ ਪ੍ਰਭ ਨਾਮੁ ॥

ਆਠ ਪਹਰ = ਅੱਠੇ ਪਹਰ, ਭਾਵ ਰਾਤ ਦਿਨ ਉਸ ਪ੍ਰਭ = ਪਰਮੇਸ਼ਰ ਦੇ ਨਾਮ ਨੂੰ ਸਿਮਰਹੁ = ਸਿਮਰਨਾ ਕਰੋ।

## ਅਨਿਕ ਤੀਰਥ; ਮਜਨੁ ਇਸਨਾਨੁ ॥

ਜਿਸ ਕਰਕੇ ਅਨਿਕ = ਅਨੇਕਾਂ ਤੀਰਥਾਂ ਦੇ ਮਜਨੁ = ਪੁਰਬਾਂ ਦੇ ਇਸਨਾਨੁ = ਨਹਾਉਣ ਦਾ ਫਲ ਪ੍ਰਾਪਤ ਹੁੰਦਾ ਹੈ **ਅਥਵਾ** ਅੱਠੇ ਪਹਿਰ ਪਰਮੇਸ਼ਰ ਦਾ ਸਿਮਰਨ ਕਰਨ ਨਾਲ, ਇਕ ਤੀਰਥ ਕੀ ? ਸਗੋਂ ਅਨਿਕ = ਅਨੇਕਾਂ ਤੀਰਥਾਂ ਦੇ ਮਜਨੁ = ਪੁਰਬਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ ਹੈ।

## ਪਾਰਬ੍ਰਹਮ ਕੀ; ਸਰਣੀ ਪਾਹਿ ॥

ਹੇ ਭਾਈ ! ਪਾਰਬ੍ਰਹਮ = ਵਾਹਿਗੁਰੂ ਪਰਮੇਸ਼ਰ ਕੀ = ਦੀ ਸਰਣੀ = ਸ਼ਰਣ ਵਿਚ ਆਪਣੇ ਆਪ ਨੂੰ ਪਾਹਿ = ਪਾਉਣਾ ਕਰੋ ਵਾ: (ਪਾਰ+ਬ੍ਰਹਮ) ਪਾਰ = ਪਾਰ-ਉਰਾਰ ਤੋਂ ਰਹਿਤ ਬ੍ਰਹਮ = ਵਿਆਪਕ ਸਰੂਪ ਦੀ ਸ਼ਰਨੀ ਪੈਣਾ ਕਰੋ।

## ਕੋਟਿ ਕਲੰਕ; ਖਿਨ ਮਹਿ ਮਿਟਿ ਜਾਹਿ ॥੩॥

ਜਿਸ ਕਰਕੇ ਕੋਟਿ = ਕ੍ਰੋੜਾਂ ਹੀ ਕਲੰਕ = ਪਾਪ ਖਿਨ = ਅੱਖ ਝਮਕਣ ਦੇ ਸਮੇਂ ਮਹਿ = ਵਿਚ ਹੀ ਮਿਟ ਜਾਹਿ = ਜਾਣਗੇ, ਨਾਸ ਹੋ ਜਾਣਗੇ ॥੩॥

## ਬੇਮੁਹਤਾਜੁ; ਪੂਰਾ ਪਾਤਿਸਾਹੁ ॥

(**ਬੇ-ਮੁਹਤਾਜੁ** ਉਚਾਰਨ ਕਰਨਾ ਹੈ)

ਉਹ ਪਰਮੇਸ਼ਰ ਬੇਮੁਹਤਾਜ = ਹਾਜਤਮੰਦ ਨਹੀਂ, ਭਾਵ ਕਿਸੇ ਦੀ ਨਿਆਜ 'ਤੇ ਖ਼ੁਸ਼ ਹੋਣ ਵਾਲਾ ਨਹੀਂ, ਉਹ ਖ਼ੁਸ਼ਾਮਦ ਤੋਂ ਰਹਿਤ ਅਤੇ ਸਾਰੀ ਥਾਂ ਪੂਰਾ = ਪਰੀਪੂਰਨ ਪਾਤਿਸਾਹੁ = ਪਾਤਸ਼ਾਹ ਹੈ।

## ਪ੍ਰਭ ਸੇਵਕ; ਸਾਚਾ ਵੇਸਾਹੁ ॥

ਪ੍ਰਭ = ਪਰਮੇਸ਼ਰ ਦੇ ਸੇਵਕ = ਦਾਸਾਂ ਨੂੰ ਪਰਮੇਸ਼ਰ ਉੱਪਰ ਸਾਚਾ = ਸੱਚਾ ਵੇਸਾਹੁ = ਭਰੋਸਾ ਹੈ।

## ਗੁਰਿ ਪੂਰੈ; ਰਾਖੇ ਦੇ ਹਾਥ ॥

ਪੂਰੈ = ਪੂਰਨ ਗੁਰਿ = ਸਤਿਗੁਰਾਂ ਨੇ ਆਪਣੇ ਸੇਵਕਾਂ ਨੂੰ ਆਪਣਾ ਕਿਰਪਾ ਦਾ ਹਾਥ = ਹੱਥ ਦੇ ਕੇ ਰਾਖੇ = ਰੱਖਣਾ ਕੀਤਾ ਹੈ।

## ਨਾਨਕ; ਪਾਰਬ੍ਰਹਮ ਸਮਰਾਥ ॥੪॥੨੬॥੯੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪਾਰਬ੍ਰਹਮ = ਪਰਮੇਸ਼ਰ ਬਹੁਤ ਹੀ ਸਮਰਾਥ = ਬਲਵਾਨ, ਸ਼ਕਤੀ ਵਾਲਾ ਹੈ ॥੪॥੨੬॥੯੫॥

## ਗਉੜੀ ਗੁਆਰੇਰੀ, ਮਹਲਾ ੫ ॥

## ਗੁਰ ਪਰਸਾਦਿ; ਨਾਮਿ ਮਨੁ ਲਾਗਾ ॥ ਜਨਮ ਜਨਮ ਕਾ; ਸੋਇਆ ਜਾਗਾ ॥

ਜਿਨ੍ਹਾਂ ਦਾ ਗੁਰ = ਸਤਿਗੁਰੂ ਜੀ ਦੀ ਪਰਸਾਦਿ = ਕਿਰਪਾ ਕਰਕੇ ਮਨੁ = ਚਿਤ ਨਾਮ ਵਿਚ ਲਾਗਾ = ਲੱਗ ਗਿਆ ਹੈ।

ਉਨ੍ਹਾਂ ਦਾ ਮਨ ਜਨਮ ਜਨਮ = ਜਨਮ ਜਨਮਾਂਤਰਾਂ ਦਾ, ਜੋ ਅਵਿਦਿਆ ਦੀ ਨੀਂਦ ਵਿਚ ਸੋਇਆ = ਸੁੱਤਾ ਪਿਆ ਸੀ, ਉਹ ਹੁਣ ਗਿਆਨ ਅਵਸਥਾ ਵਿਚ ਜਾਗਾ = ਜਾਗ ਪਿਆ ਹੈ।

## ਅੰਮ੍ਰਿਤ ਗੁਣ; ਉਚਰੈ ਪ੍ਰਭ ਬਾਣੀ ॥ ਪੂਰੇ ਗੁਰ ਕੀ; ਸੁਮਤਿ ਪਰਾਣੀ ॥੧॥

ਉਹੋ ਹੀ ਪ੍ਰਭ = ਪ੍ਰਭੂ ਦੇ ਸਤ ਸੰਤੋਖ ਦਇਆ ਧਰਮ ਆਦਿ ਗੁਣ = ਗੁਣਾਂ ਵਾਲੀ ਅੰਮ੍ਰਿਤ ਰੂਪ ਬਾਣੀ ਨੂੰ ਉਚਰੈ = ਉਚਾਰਦੇ ਹਨ।

ਹੇ ਪਰਾਣੀ = ਪ੍ਰਾਣਾਧਾਰੀ ਜੀਵ! ਇਹ ਪੂਰੇ = ਪੂਰਨ ਗੁਰ = ਸਤਿਗੁਰੂ ਸਾਹਿਬ ਜੀ ਕੀ = ਦੀ ਹੀ ਸੁਮਤਿ = ਸ੍ਰੇਸ਼ਟ ਮੱਤ ਦਿੱਤੀ ਹੋਈ ਹੈ ॥੧॥

## ਪ੍ਰਭ ਸਿਮਰਤ; ਕੁਸਲ ਸਭਿ ਪਾਏ ॥ ਘਰਿ ਬਾਹਰਿ; ਸੁਖ ਸਹਜ ਸਬਾਏ ॥੧॥ਰਹਾਉ॥

ਉਨ੍ਹਾਂ ਨੇ ਪ੍ਰਭ = ਪ੍ਰਭੂ ਦਾ ਸਿਮਰਤ = ਸਿਮਰਨ ਕਰਨ ਕਰਕੇ ਸਭਿ = ਸਾਰੇ ਕੁਸਲ = ਸੁਖ ਪਾਏ = ਪ੍ਰਾਪਤ ਕਰ ਲਏ ਹਨ।

ਉਨ੍ਹਾਂ ਨੂੰ ਘਰਿ = ਗ੍ਰਿਹਿ ਵਿਚ ਵੀ ਸੁਖ ਹੈ ਤੇ ਬਾਹਰ = ਘਰ ਤੋਂ ਬਿਨਾਂ ਵੀ ਸੁਖ ਹੈ, ਸਹਜ = ਸੁਤੇ ਸਿਧ ਸਬਾਏ = ਸਾਰੇ ਸੰਬੰਧੀਆਂ ਵਿਚ ਵੀ ਸੁਖ ਹੈ **ਅਥਵਾ** ਘਰ ਭਾਵ ਅੰਤਰਮੁਖ ਬਿਰਤੀ ਵਿਚ, ਬਾਹਰਿ ਭਾਵ ਸੰਸਾਰਾਕਾਰ ਬਿਰਤੀ ਵਿਚ ਵੀ ਤੇ ਸਹਜੇ ਸਬਾਏ = ਸਾਰੇ ਅਧਿਕਾਰੀਆਂ ਵਿਚ ਵੀ ਅਚੁੱਤ ਸੁਖ ਦੀ ਪ੍ਰਾਪਤੀ ਹੁੰਦੀ ਹੈ ॥੧॥ਰਹਾਉ॥

## ਸੋਈ ਪਛਾਤਾ; ਜਿਨਹਿ ਉਪਾਇਆ ॥ ਕਰਿ ਕਿਰਪਾ; ਪ੍ਰਭਿ ਆਪਿ ਮਿਲਾਇਆ ॥

ਜਿਨਹਿ = ਜਿਸ ਵਾਹਿਗੁਰੂ ਨੇ ਸਾਰੇ ਸੰਸਾਰ ਨੂੰ ਉਪਾਇਆ = ਪੈਦਾ ਕੀਤਾ ਹੈ, ਸੋਈ = ਉਸ ਨੂੰ ਗੁਰਾ ਦੁਆਰਾ ਗਿਆਨ ਪ੍ਰਾਪਤ ਕਰਕੇ ਪਛਾਤਾ = ਪਛਾਣ ਲਿਆ ਹੈ।

ਤਦ ਪ੍ਰਭ = ਪਰਮੇਸ਼ਰ ਨੇ ਕਿਰਪਾ ਕਰਿ = ਕਰ ਕੇ ਆਪਿ = ਆਪਣੇ ਨਾਲ ਮਿਲਾਇਆ = ਮਿਲਾ ਲਿਆ ਹੈ।

## ਬਾਹ ਪਕਰਿ; ਲੀਨੋ ਕਰਿ ਅਪਨਾ ॥ ਹਰਿ ਹਰਿ ਕਥਾ; ਸਦਾ ਜਪੁ ਜਪਨਾ ॥੨॥

ਸਾਡੀ ਬਿਰਤੀ ਰੂਪ ਬਾਹ = ਭੁਜਾ ਪਕਰਿ = ਫੜ ਕੇ ਬ੍ਰਹਮਾਕਾਰ ਕਰ ਕੇ ਅਪਨਾ = ਆਪਣਾ ਬਣਾ ਲੀਨੋ = ਲਿਆ ਹੈ ਤੇ ਇਸੇ ਕਰਕੇ ਮੈਂ ਸਭ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੀ ਕਥਾ ਸੁਣਦਾ ਹਾਂ ਅਤੇ ਸਦਾ = ਹਮੇਸ਼ਾ ਉਸ ਦੇ ਨਾਮ ਦਾ ਜਪੁ = ਜਾਪ ਜਪਨਾ = ਜਪਦਾ ਹਾਂ ॥੨॥

[ਅੰਗ ੧੯੫]

## ਮੰਤ੍ਰੁ ਤੰਤ੍ਰੁ; ਅਉਖਧੁ ਪੁਨਹਚਾਰੁ ॥ ਹਰਿ ਹਰਿ ਨਾਮੁ; ਜੀਅ ਪ੍ਰਾਨ ਅਧਾਰੁ ॥

(**ਪੁਨਹ-ਚਾਰ** ਉਚਾਰਨ ਕਰਨਾ ਹੈ)

ਮੈਂ ਮੰਤ੍ਰੁ = ਜਪਣ ਯੋਗ ਸ਼ਬਦ ਤੰਤ੍ਰੁ = ਤਵੀਤ, ਅਉਖਧੁ = ਦਵਾਈ ਅਤੇ ਪੁਨਹਚਾਰ = ਪ੍ਰਾਸਚਿਤ ਕਰਮ ਆਦਿ। ਸਭ ਦੀ ਥਾਂ ਹਰਿ = ਹਰੀ ਹਰਿ = ਪਰਮੇਸ਼ਰ ਦਾ ਨਾਮ ਹੀ ਸਮਝਿਆ ਹੈ ਅਤੇ ਇਹ ਨਾਮ ਹੀ ਸਾਡੇ ਜੀਆ = ਹਿਰਦੇ ਤੇ ਪ੍ਰਾਨ = ਸੁਆਸਾਂ ਦਾ ਆਧਾਰੁ = ਆਸਰਾ ਰੂਪ ਹੈ **ਅਥਵਾ** ਮੰਤ੍ਰੁ = ਜੋ ਮੂੰਹ ਦੇ ਨਾਲ ਪੜ੍ਹਨਾ ਹੈ, ਤੰਤ੍ਰੁ = ਧਾਗਾ, ਤਵੀਤ ਤਿੰਨ ਚਾਰ ਗੰਢਾਂ ਦੇ ਕੇ ਤੰਤਰ ਕਰਦੇ ਹਨ। ਅਉਖਧੁ = ਔਸ਼ਧੀ, ਦਵਾਈ ਆਦਿ ਦੇਣੀ ਪੁਨਹਚਾਰੁ = ਪਾਪਾਂ ਦੀ ਨਵਿਰਤੀ ਵਾਸਤੇ ਪੁਨਹ = ਪ੍ਰਾਸ਼ਚਿਤ ਅਤੇ ਪੁੰਨਾਂ ਦੀ ਪ੍ਰਵਿਰਤੀ ਵਾਸਤੇ ਜੋ ਕੰਮ ਕਰਨਾ ਹੈ, ਉਸ ਨੂੰ ਪੁਨਹਚਾਰ ਕਹਿੰਦੇ ਹਨ। ਸਾਡਾ ਤਾਂ ਹਰਿ ਹਰਿ ਪਰਮੇਸ਼ਰ ਦਾ ਨਾਮ ਹੀ ਸਭ ਕੁਝ ਹੈ। ਨਾਮ ਹੀ ਜੀਅ = ਹਿਰਦੇ ਅਤੇ ਪ੍ਰਾਨ = ਪ੍ਰਾਣਾਂ ਦਾ ਅਧਾਰੁ = ਆਸਰਾ ਹੈ।

**ਅਥਵਾ** ਕਾਮ ਕ੍ਰੋਧਾਦਿਕ ਵਿਕਾਰਾਂ ਨੂੰ ਵਸ ਕਰਨ ਵਾਸਤੇ ਹਰਿ = ਪਰਮੇਸ਼ਰ ਦਾ ਨਾਮ ਮੰਤਰ ਰੂਪ ਹੈ। ਮਨ ਦੀਆਂ ਵਾਸ਼ਨਾਵਾਂ ਨੂੰ ਕੀਲਣ ਵਾਸਤੇ ਨਾਮ ਹੀ ਤੰਤਰ ਰੂਪ ਹੈ। ਰਾਗ ਦ੍ਵੈਖ ਆਦਿਕ ਜ਼ਖ਼ਮਾਂ ਨੂੰ ਮੇਟਣ ਵਾਸਤੇ **ਵਾ:** ਅਗਿਆਨ ਰੂਪੀ ਰੋਗ ਨੂੰ ਮੇਟਣ ਵਾਸਤੇ ਹਰੀ ਪਰਮੇਸ਼ਰ ਦਾ ਨਾਮ ਹੀ ਅਉਖਧੁ = ਦਵਾਈ ਰੂਪ ਹੈ ਅਤੇ ਪੁਨਹਚਾਰ = ਪਾਪਾਂ ਦੀ ਨਵਿਰਤੀ **ਵਾ:** ਸਕਾਮ ਕਰਮਾਂ ਤੋਂ ਛੁਟਣ ਵਾਸਤੇ ਅਤੇ ਨਿਸ਼ਕਾਮੀ ਹੋਣ ਵਾਸਤੇ ਪਰਮੇਸ਼ਰ ਦਾ ਨਾਮ ਹੀ ਹੈ। ਪਰਮੇਸ਼ਰ ਦਾ ਨਾਮ ਹੀ ਸਾਡੇ ਜੀਅ = ਹਿਰਦੇ ਵਿਚ ਪ੍ਰਾਨ = ਸੁਆਸਾਂ ਦਾ ਅਧਾਰੁ = ਆਸਰਾ ਹੈ।

## ਸਾਚਾ ਧਨੁ; ਪਾਇਓ ਹਰਿ ਰੰਗਿ ॥ ਦੁਤਰੁ ਤਰੇ; ਸਾਧ ਕੈ ਸੰਗਿ ॥੩॥

ਹੇ ਭਾਈ ! ਪਰਮੇਸ਼ਰ ਦਾ ਸਾਚਾ = ਸੱਚਾ ਨਾਮ ਰੂਪੀ ਧਨੁ ਹਰੀ ਦੇ ਰੰਗਿ = ਪ੍ਰੇਮ ਕਰ ਕੇ ਪਾਇਓ = ਪ੍ਰਾਪਤ ਕਰੀਦਾ ਹੈ।

ਸਾਧ = ਮਹਾਤਮਾ ਦੀ ਸੰਗਿ = ਸੰਗਤ ਕਰ ਕੇ ਦੁਤਰ = ਕਠਿਨ ਸੰਸਾਰ-ਸਮੁੰਦਰ ਤੋਂ ਤਰੇ = ਤਰ ਜਾਈਦਾ ਹੈ ॥੩॥

## ਸੁਖਿ ਬੈਸਹੁ; ਸੰਤ ਸਜਨ ਪਰਵਾਰੁ ॥ ਹਰਿ ਧਨੁ ਖਟਿਓ; ਜਾ ਕਾ ਨਾਹਿ ਸੁਮਾਰੁ ॥

ਹੇ ਸਜਨ = ਪਿਆਰੇ ਸੰਤ = ਮਹਾਤਮਾ ਜਨੋਂ, ਹੇ ਦੈਵੀ ਗੁਣਾਂ ਰੂਪੀ ਪਰਿਵਾਰ ਵਾਲਿਓ ਸੰਤ ਜਨ ਸਜਣੋਂ ! ਤੁਸੀਂ ਸੁਖ ਦੇ ਸਹਿਤ ਆਪਣੇ ਸਰੂਪ ਵਿਚ ਇਸਥਿਤ ਹੋ ਕੇ ਬੈਸਹੁ = ਬੈਠਣਾ ਕਰੋ। ਕਿਉਂਕਿ ਤੁਸੀਂ ਹੀ ਹਰਿ = ਹਰੀ ਦੇ ਨਾਮ ਰੂਪ ਧਨ ਨੂੰ ਖਟਿਓ = ਖੱਟਿਆ ਹੈ, ਜਾ ਕਾ = ਜਿਸ ਦਾ ਸੁਮਾਰੁ = ਗਿਣਤੀ ਮਿਣਤੀ ਕਰਕੇ ਕਈ ਅੰਤ ਨਾਹਿ = ਨਹੀਂ ਪਾਇਆ ਜਾ ਸਕਦਾ।

## ਜਿਸਹਿ ਪਰਾਪਤਿ; ਤਿਸੁ ਗੁਰੁ ਦੇਇ ॥ ਨਾਨਕ; ਬਿਰਥਾ ਕੋਇ ਨ ਹੋਇ ॥੪॥੨੭॥੯੬॥

ਹੇ ਭਾਈ ! ਜਿਸਹਿ = ਜਿਸ ਨਿਸ਼ਕਾਮ ਕਰਮਾਂ ਵਾਲੇ ਨੂੰ ਗੁਰੂ ਸਾਹਿਬ ਦੀ ਪਰਾਪਤਿ = ਪ੍ਰਾਪਤੀ ਹੋਈ ਹੈ ਭਾਵ ਗੁਰੂ ਜੀ ਮਿਲੇ ਹਨ। ਤਿਸੁ = ਉਸੇ ਨੂੰ ਨਾਮ ਧਨ ਦੇਇ = ਦਿੰਦੇ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਦੀ ਕੋਇ = ਕੋਈ ਵੀ ਬਿਰਥਾ = ਪੀੜਾ ਨ = ਨਹੀਂ ਰਹਿੰਦੀ ਹੋਇ = ਹੈ **ਵਾ:** ਗੁਰੂ ਜੀ ਤੋਂ ਕੋਈ ਬਿਰਥਾ = ਖ਼ਾਲੀ ਨਹੀਂ ਜਾਂਦਾ ॥੪॥੨੭॥੯੬॥

## ਗਉੜੀ ਗੁਆਰੇਰੀ, ਮਹਲਾ ੫ ॥

## ਹਸਤ ਪੁਨੀਤ ਹੋਹਿ; ਤਤਕਾਲ ॥ ਬਿਨਸਿ ਜਾਹਿ; ਮਾਇਆ ਜੰਜਾਲ ॥

ਹੇ ਭਾਈ ! ਸਤਿਗੁਰਾਂ ਦਾ ਜਸ ਲਿਖਣ ਨਾਲ, ਝਾੜੂ ਫੇਰਨ ਨਾਲ, ਲੰਗਰ ਪਕਾਉਣ ਨਾਲ, ਜੂਠੇ ਭਾਂਡੇ ਮਾਂਜਣ ਨਾਲ ਤਤਕਾਲ = ਛੇਤੀ ਹੀ ਹਸਤ = ਹੱਥ ਪੁਨੀਤ = ਪਵਿੱਤਰ ਹੋਹਿ = ਹੋ ਜਾਂਦੇ ਹਨ **ਵਾ:** ਜਿਨ੍ਹਾਂ ਦੇ ਅੰਦਰ ਪ੍ਰੇਮ ਹੈ, ਉਹ ਪ੍ਰੇਮ ਰੂਪੀ ਹੱਥ ਤਤਕਾਲ = ਛੇਤੀ ਹੀ ਪੁਨੀਤ = ਪਵਿੱਤ ਹੋ ਜਾਂਦੇ ਹਨ।

ਉਨ੍ਹਾਂ ਦੇ ਮਾਇਆ ਦੇ ਸਾਰੇ ਜੰਜਾਲ = ਬੰਧਨ ਬਿਨਸਿ = ਨਾਸ ਹੋ ਜਾਹਿ = ਜਾਂਦੇ ਹਨ।

## ਰਸਨਾ ਰਮਹੁ; ਰਾਮ ਗੁਣ ਨੀਤ ॥ ਸੁਖੁ ਪਾਵਹੁ; ਮੇਰੇ ਭਾਈ ਮੀਤ ॥੧॥

ਰਸਨਾ = ਜੀਭਾ ਕਰ ਕੇ ਰਾਮ ਦੇ ਨਾਮ ਦੇ ਗੁਣਾਂ ਨੂੰ ਨੀਤ = ਨਿਤਾਪ੍ਰਤੀ ਰਮਹੁ = ਉਚਾਰਨਾ ਕਰੋ। ਤਾਂ ਫਿਰ ਹੇ ਮੇਰੇ ਭਾਈ = ਭਰਾਵੋ ਅਤੇ ਮੀਤ = ਮਿੱਤਰੋ ! ਲੋਕ ਪਰਲੋਕ ਵਿਚ ਸੁਖ ਪਾਵਹੁ = ਪ੍ਰਾਪਤ ਕਰੋਗੇ ॥੧॥ (ਭਾਈ ਸ੍ਰਵਣ ਆਦਿਕ ਅਤੇ ਮਿੱਤਰ ਸੰਤੋਖਾਦਿਕ)

## ਲਿਖੁ ਲੇਖਣਿ; ਕਾਗਦਿ ਮਸਵਾਣੀ ॥

ਕਾਗਦਿ = ਕਾਗ਼ਜ਼, ਮਸਵਾਣੀ = ਸਿਆਹੀ ਦੀ ਦਵਾਤ ਅਤੇ ਲੇਖਣਿ = ਕਲਮ ਲੈ ਕੇ ਲਿਖੁ = ਲਿਖਣਾ ਕਰੋ।

***ਪ੍ਰਸ਼ਨ :*** *ਹੇ ਸਤਿਗੁਰੂ ਜੀ ਕੀ ਲਿਖੀਏ ?*

***ਗੁਰ ਉੱਤਰ :***

## ਰਾਮ ਨਾਮ; ਹਰਿ ਅੰਮ੍ਰਿਤ ਬਾਣੀ ॥੧॥ਰਹਾਉ॥

ਹੇ ਭਾਈ ! ਰਾਮ = ਪਰਮੇਸ਼ਰ ਦਾ ਨਾਮ ਤੇ ਹਰਿ = ਪਰਮੇਸ਼ਰ ਦੀ ਅੰਮ੍ਰਿਤ = ਅਮਰ ਕਰਨ ਵਾਲੀ ਸਤਿਨਾਮ ਰੂਪੀ, ਧੁਰ ਕੀ ਬਾਣੀ ਲਿਖਣਾ ਕਰੋ **ਅਥਵਾ** ਹੇ ਭਾਈ ! ਲੇਖਣਿ = ਕਲਮ ਲੈ ਕੇ ਅਤੇ ਮਸਵਾਣੀ = ਦਵਾਤ ਲੈ ਕੇ ਕਾਗਦਿ = ਕਾਗ਼ਜ਼ ਉੱਪਰ ਰਾਮ ਦਾ ਨਾਮ ਅਤੇ ਹਰੀ ਦੀ ਅੰਮ੍ਰਿਤਮਈ ਬਾਣੀ ਲਿਖੁ = ਲਿਖਣਾ

ਕਰੋ **ਅਥਵਾ** ਮਨ ਰੂਪੀ ਮਸਵਾਣੀ = ਦਵਾਤ ਅਤੇ ਸ਼ਰਧਾ ਰੂਪੀ, ਪ੍ਰੇਮ ਰੂਪੀ ਲੇਖਣਿ = ਕਲਮ ਲੈ ਕੇ ਅੰਤਸ਼ਕਰਣ ਰੂਪੀ ਕਾਗਦਿ = ਕਾਗ਼ਜ਼ ਉੱਪਰ ਰਾਮ = ਪਰਮੇਸ਼ਰ ਦਾ ਨਾਮ ਅਤੇ ਹਰੀ ਦੀ ਅੰਮ੍ਰਿਤ = ਅਮਰ ਕਰਨ ਵਾਲੀ ਜਸ ਰੂਪ ਬਾਣੀ ਨੂੰ ਲਿਖ = ਲਿਖਣਾ ਕਰੋ **ਵਾ:** ਸੱਤ ਅਸੱਤ ਦਾ ਵਿਚਾਰ ਰੂਪੀ ਲੇਖ ਲਿਖਣਾ ਕਰੋ ॥੧॥ਰਹਾਉ॥

## ਇਹ ਕਾਰਜਿ; ਤੇਰੇ ਜਾਹਿ ਬਿਕਾਰ ॥ ਸਿਮਰਤ ਰਾਮ; ਨਾਹੀ ਜਮ ਮਾਰ ॥

ਜੇਕਰ ਤੂੰ ਇਹ ਕਾਰਜਿ = ਕੰਮ ਕਰੇਂਗਾ ਤਾਂ ਤੇਰੇ ਕਾਮਾਦਿਕ ਸਾਰੇ ਬਿਕਾਰ = ਦੋਸ਼ ਚਲੇ ਜਾਹਿ = ਜਾਣਗੇ, ਨਾਸ ਹੋ ਜਾਣਗੇ।

ਰਾਮ = ਪਰਮੇਸ਼ਰ ਦਾ ਸਿਮਰਤ = ਸਿਮਰਨ ਕਰਨ ਨਾਲ ਜਮ = ਜਮਾਂ ਦੀ ਮਾਰ ਨਾਹੀ = ਨਹੀਂ ਪਵੇਗੀ, ਭਾਵ ਜਮ ਨਹੀਂ ਮਾਰਨਗੇ **ਵਾ:** ਜਮ = ਜੰਮੇਗਾ ਵੀ ਨਹੀਂ ਅਤੇ ਮਾਰ = ਮਰੇਂਗਾ ਵੀ ਨਹੀਂ, ਭਾਵ ਜੰਮਣ ਮਰਣ ਤੋਂ ਮੁਕਤ ਹੋ ਜਾਵੇਂਗਾ। ਅਤੇ

## ਧਰਮ ਰਾਇ ਕੇ; ਦੂਤ ਨ ਜੋਹੈ ॥ ਮਾਇਆ ਮਗਨ; ਨ ਕਛੂਐ ਮੋਹੈ ॥੨॥

ਧਰਮ ਰਾਇ = ਯਮਰਾਜੇ ਕੇ = ਦੇ ਦੂਤ ਵੀ ਤੇਰੇ ਵੱਲ ਜੋਹੈ = ਦੇਖ ਨ = ਨਹੀਂ ਸਕਣਗੇ। ਮਾਇਆ ਦੀ ਮਗਨ = ਮਸਤੀ ਤੈਨੂੰ ਕਛੂਐ = ਕੁਝ ਮੋਹੈ = ਮੋਹਿਤ ਨ = ਨਹੀਂ ਕਰ ਸਕੇਗੀ **ਵਾ:** ਮਾਇਆ ਪਦਾਰਥਾਂ ਵਿਚ ਲਗਾਉਣ ਰੂਪ ਤੈਨੂੰ ਮੋਹੈ = ਮੋਹਿਤ ਨਹੀਂ ਕਰ ਸਕਦੀ॥੨॥

## ਉਧਰਹਿ ਆਪਿ; ਤਰੈ ਸੰਸਾਰੁ ॥ ਰਾਮ ਨਾਮ ਜਪਿ; ਏਕੰਕਾਰੁ ॥

ਤੂੰ ਆਪ ਵੀ ਸੰਸਾਰ ਤੋਂ ਉਧਰਹਿ = ਉਧਰ ਜਾਵੇਂਗਾ ਅਤੇ ਸੰਬੰਧੀਆਂ ਆਦਿਕਾਂ ਨੂੰ ਵੀ ਸੰਸਾਰ ਤੋਂ ਤਰੈ = ਤਾਰ ਦੇਵੇਂਗਾ, ਪਾਰ ਉਤਾਰ ਦੇਵੇਂਗਾ। ਇਸ ਕਰਕੇ ਏਕੰਕਾਰੁ = ਅਦ੍ਵੈਤ ਸਰੂਪ ਰਾਮ = ਪਰਮੇਸ਼ਰ ਦੇ ਨਾਮ ਨੂੰ ਜਪਿ = ਜਪਣਾ ਕਰ।

## ਆਪਿ ਕਮਾਉ; ਅਵਰਾ ਉਪਦੇਸ ॥ ਰਾਮ ਨਾਮ; ਹਿਰਦੈ ਪਰਵੇਸ ॥੩॥

ਆਪ ਵੀ ਨਾਮ ਨੂੰ ਕਮਾਉ = ਕਮਾਉਣਾ ਕਰ ਅਤੇ ਹੋਰਨਾਂ ਨੂੰ ਵੀ ਨਾਮ ਕਮਾਉਣ ਦਾ ਉਪਦੇਸ਼ ਦਿਆ ਕਰ। ਇਸ ਪ੍ਰਕਾਰ ਰਾਮ = ਪਰਮੇਸ਼ਰ ਦਾ ਨਾਮ ਹਿਰਦੈ = ਚਿਤ ਵਿਚ ਪਰਵੇਸ = ਦਾਖਲ ਹੋ ਜਾਵੇਗਾ **ਵਾ:** ਜੋ ਕਮਾਈ ਕਰਨ ਵਾਲੇ ਦੇ ਮੂੰਹੋਂ ਸੁਣਨਗੇ, ਉਨ੍ਹਾਂ ਦੇ ਹਿਰਦੇ ਵਿਚ ਵੀ ਰਾਮ ਨਾਮ ਪ੍ਰਵੇਸ਼ ਹੋ ਜਾਵੇਗਾ॥੩॥

## ਜਾ ਕੈ ਮਾਥੈ; ਏਹੁ ਨਿਧਾਨੁ ॥ ਸੋਈ ਪੁਰਖੁ; ਜਪੈ ਭਗਵਾਨੁ ॥

ਜਾ = ਜਿਨ੍ਹਾਂ ਕੈ = ਦੇ ਅੰਤਸ਼ਕਰਣ ਰੂਪੀ ਮਾਥੈ = ਮੱਥੇ ਵਿਚ ਏਹੁ = ਇਹ ਨਾਮ ਦਾ ਨਿਧਾਨੁ = ਖ਼ਜ਼ਾਨਾ ਬਖ਼ਸ਼ਿਆ ਹੈ, ਸੋਈ = ਉਹੀ ਪੁਰਖੁ ਭਗਵਾਨੁ = ਪਰਮੇਸ਼ਰ ਦੇ ਨਾਮ ਨੂੰ ਜਪਦੇ ਹਨ।

## ਆਠ ਪਹਰ; ਹਰਿ ਹਰਿ ਗੁਣ ਗਾਉ ॥
## ਕਹੁ ਨਾਨਕ; ਹਉ ਤਿਸੁ ਬਲਿ ਜਾਉ ॥੪॥੨੮॥੯੭॥

ਇਸ ਕਰਕੇ ਹੇ ਭਾਈ ਆਠ ਪਹਰ = ਅੱਠੇ ਪਹਰ ਰਾਤ ਦਿਨ ਹਰਿ = ਹਰੀ ਪਰਮੇਸ਼ਰ ਦੇ ਗੁਣਾਂ ਨੂੰ ਗਾਉ = ਗਾਉਣਾ ਕਰ, ਜੋ ਹਰੀ ਸਭ ਦੇ ਪਾਪਾਂ ਨੂੰ ਹਰਿ = ਹਰਨ ਵਾਲਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਉ = ਮੈਂ ਤਿਸ = ਉਸ ਵਾਹਿਗੁਰੂ ਤੋਂ ਬਲਿ = ਬਲਿਹਾਰ ਕੁਰਬਾਨ ਜਾਉ = ਜਾਂਦਾ ਹਾਂ ॥੪॥੨੮॥੯੭॥

# ਰਾਗੁ ਗਉੜੀ ਗੁਆਰੇਰੀ, ਮਹਲਾ ੫ ਚਉਪਦੇ ਦੁਪਦੇ
# ੧ੴ ਸਤਿਗੁਰ ਪ੍ਰਸਾਦਿ ॥

ਰਾਗ ਗਉੜੀ ਦੀ ਗੁਆਰੇਰੀ ਜਾਤੀ ਵਿਚ ਮਹਲਾ ੫ = ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਚਉਪਦੇ = ਚਾਰ ਚਾਰ ਪਦਿਆਂ ਵਾਲੇ ਅਤੇ ਦੁਪਦੇ = ਦੋ ਦੋ ਪਦਿਆਂ ਵਾਲੇ ਪਹਿਲਾ ਵਸਤੂ ਨਿਰਦੇਸ਼ਕ ਮੰਗਲ ਉਚਾਰਨ ਕਰਦਿਆਂ ਸ਼ਬਦ ਕਥਨ ਕਰਦੇ ਹਨ।

੧ = ਅਦ੍ਵੈਤ ਸਰੂਪ ਪਰਮੇਸ਼ਰ ੴ = ਸਾਰਿਆਂ ਦਾ ਪ੍ਰਕਾਸ਼ਕ ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ।

## ਜੋ ਪਰਾਇਓ; ਸੋਈ ਅਪਨਾ ॥ ਜੋ ਤਜਿ ਛੋਡਨ; ਤਿਸੁ ਸਿਉ ਮਨੁ ਰਚਨਾ ॥੧॥

ਹੇ ਭਾਈ! ਜੀਵ ਦੀ ਐਸੀ ਹਾਲਤ ਹੈ ਕਿ ਜੋ = ਜਿਹੜਾ ਪਰਾਇਓ = ਬਿਗਾਨਾ ਪਦਾਰਥ ਹੈ, ਸੋਈ = ਉਸੇ ਨੂੰ ਅਪਨਾ = ਆਪਣਾ ਸਮਝਣ ਲੱਗ ਪਿਆ ਹੈ, ਭਾਵ ਜੋ ਪਰਾਈ ਇਸਤਰੀ, ਪਰਾਏ ਪੁੱਤਰ, ਪਰਾਇਆ ਧਨ ਆਦਿਕ ਹੈ, ਉਸ ਨੂੰ ਆਪਣਾ ਮੰਨੀ ਬੈਠਾ ਹੈ, ਉਨ੍ਹਾਂ ਤੇ ਆਪਣੀ ਮੇਰ ਕਰ ਲਈ ਹੈ।

ਜੋ = ਜਿਹੜੇ ਸੰਬੰਧੀਆਂ, ਧਨ, ਪਦਾਰਥਾਂ ਆਦਿ ਨੇ ਤੈਨੂੰ ਤਜਿ = ਛੱਡ ਜਾਣਾ ਹੈ **ਵਾ:** ਜਿਹੜੇ ਸੰਬੰਧੀ ਤੂੰ ਤਜਿ = ਤਿਆਗ ਜਾਣੇ ਹਨ, ਜਿਨ੍ਹਾਂ ਪਦਾਰਥਾਂ ਨੂੰ ਤੂੰ ਛੋਡਨ = ਛੱਡ ਜਾਣਾ ਹੈ, ਤਿਸੁ = ਉਨ੍ਹਾਂ ਦੇ ਸਿਉ = ਨਾਲ ਆਪਣੇ ਮਨ ਨੂੰ ਰਚਨਾ = ਰਚਾਉਣਾ ਕੀਤਾ ਹੈ ॥੧॥

## ਕਹਹੁ; ਗੁਸਾਈ ਮਿਲੀਐ ਕੇਹ ॥ ਜੋ ਬਿਬਰਜਤ; ਤਿਸ ਸਿਉ ਨੇਹ ॥੧॥ਰਹਾਉ॥

(**ਬਿ-ਬਰਜਤ** ਦਾ ਡੈਸ਼ ਲੱਗਾ ਕੇ ਉਚਾਰਨ ਹੈ)

ਹੇ ਭਾਈ! ਕਹਹੁ = ਕਹੋ ਖ਼ਾਂ ਇਸ ਤਰ੍ਹਾਂ ਕਿਸ ਪ੍ਰਕਾਰ ਉਸ (ਗੁ+ਸਾਈ) ਗੁ = ਪ੍ਰਿਥਵੀ ਦੇ ਸਾਈ = ਮਾਲਕ ਅਕਾਲ ਪੁਰਖ ਨਾਲ ਮਿਲੀਐ = ਮਿਲ ਪਵੇਂਗਾ, ਕਿਉਂਕਿ ਜੋ = ਜਿਹੜੀਆਂ ਗੱਲਾਂ ਨੂੰ ਵੇਦ, ਸ਼ਾਸਤਰ, ਗੁਰੂ ਸਾਹਿਬ ਬਿਬਰਜਤ = ਵਿਸ਼ੇਸ਼ ਕਰਕੇ ਰੋਕਦੇ ਹਨ। ਤਿਸ = ਉਨ੍ਹਾਂ ਵਿਸ਼ਿਆਂ ਦੇ ਸਿਉ = ਨਾਲ ਤੂੰ ਨੇਹ = ਪ੍ਰੇਮ ਲਾਇਆ ਹੋਇਆ ਹੈ ॥੧॥ਰਹਾਉ॥

## ਝੂਠੁ ਬਾਤ; ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ; ਮਨਿ ਲਗੈ ਨ ਰਾਤੀ ॥੨॥

ਜਿਹੜੀ ਝੂਠੁ = ਮਿਥਿਆ ਬਾਤ = ਗੱਲ ਹੈ ਭਾਵ ਜਿਵੇਂ ਕੋਈ ਸਿਰ 'ਤੇ ਹੱਥ ਰੱਖ ਕੇ ਅਸੀਸ ਦੇਵੇ ਕਿ ਜਿਊਂਦਾ ਰਹਿ, ਇਹ ਤਾਂ ਝੂਠੀ ਗੱਲ ਹੈ ਪਰ ਅਵਿਦਿਆ ਕਰਕੇ ਜੀਵ ਨੇ ਇਸ ਨੂੰ ਸਚੁ = ਸੱਚੀ ਕਰਿ = ਕਰ ਕੇ ਜਾਤੀ = ਜਾਣਿਆ ਹੋਇਆ ਹੈ ਅਤੇ

ਜਿਹੜੀ ਸਤਿ = ਸੱਚੀ ਹੋਵਨੁ = ਹੋਣ ਵਾਲੀ ਗੱਲ ਹੈ ਕਿ ਇਕ ਦਿਨ ਮਰਨਾ ਹੈ। ਇਸ ਦਾ ਖ਼ਿਆਲ ਮਨ ਵਿਚ ਰਾਤੀ = ਰੱਤੀ ਜਿੰਨਾ ਵੀ ਨ = ਨਹੀਂ ਲਗੈ = ਲੱਗਦਾ ॥੨॥

## ਬਾਵੈ ਮਾਰਗੁ; ਟੇਢਾ ਚਲਨਾ ॥

ਬਾਵੈ ਮਾਰਗੁ = ਕੁਮਾਰਗ ਭਾਵ ਖੋਟੇ ਰਸਤੇ ਉਪਰ ਟੇਢਾ = ਟੇਢਤਾਈ ਨਾਲ ਚਲਨਾ = ਚੱਲਦਾ ਹੈਂ।

**ਵਾ:** ਸਤਿਸੰਗਤ ਵੱਲੋਂ ਬੇਮੁਖ ਹੋ ਕੇ ਬਾਵੈ ਮਾਰਗੁ = ਖੋਟੇ ਰਸਤੇ ਭਾਵ ਕੁਸੰਗਤ ਵਾਲੇ ਮਾਰਗੁ = ਰਸਤੇ ਉਪਰ ਟੇਢਾ ਹੋ ਕੇ ਮਨ ਨੂੰ ਚਲਾਉਣਾ ਕਰਦਾ ਹੈਂ। ਜੈਸਾ ਕਿ :

**ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ॥**
**ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ ॥੧॥** *(ਕੇਦਾਰਾ ਬਾਣੀ ਕਬੀਰ ਜੀਉ, ਅੰਗ ੧੧੨੪)*

## ਸੀਧਾ ਛੋਡਿ; ਅਪੂਠਾ ਬੁਨਨਾ ॥੩॥

ਸੀਧਾ = ਜੋ ਪਰਮੇਸ਼ਰ ਦੇ ਸਨਮੁਖ ਮਨ ਨੂੰ ਰੱਖਣਾ ਸੀ **ਵਾ:** ਸੀਧਾ = ਜੋ ਚੰਗੇ ਗੁਣਾਂ ਵਾਲਾ ਸੁਭਾਅ ਹੈ, ਉਸ ਨੂੰ ਛੋਡਿ = ਛੱਡ ਦਿੱਤਾ ਹੈ ਅਤੇ ਅਪੂਠਾ = ਪੁੱਠੇ ਕਰਮ ਕਰਦਾ ਹੋਇਆ ਆਪਣੇ ਵਿਚਾਰਾਂ ਦੀ ਬੁਣਤੀ ਨੂੰ ਬੁਨਨਾ = ਬੁਣਦਾ ਹੈਂ। ਭਾਵ ਜਿਵੇਂ ਕੋਈ ਪੁੱਠਾ ਮੰਜਾ ਬੁਣ ਦੇਵੇ, ਇਸ ਪ੍ਰਕਾਰ ਇਹ ਜੀਵ ਅਪੂਠਾ = ਉਲਟੀਆਂ, ਪੁੱਠੀਆਂ ਗੱਲਾਂ ਨੂੰ ਬੁਣਦਾ ਹੈ, ਕਹਿੰਦਾ ਹੈ **ਵਾ:** ਸਤਿਸੰਗਤ ਰੂਪੀ ਸਿੱਧਾ ਰਸਤਾ ਛੋਡਿ = ਛੱਡ ਕੇ ਹਰ ਵੇਲੇ ਪਾਪਾਂ ਵਾਲਾ ਪੁੱਠਾ ਰਸਤਾ, ਪੁੱਠੀ ਬੁਣਤੀ ਬੁਣਦਾ ਰਹਿੰਦਾ ਹੈਂ, ਕੁਕਰਮ ਕਰਦਾ ਰਹਿੰਦਾ ਹੈ ॥੩॥

## ਦੁਹਾ ਸਿਰਿਆ ਕਾ; ਖਸਮੁ ਪ੍ਰਭੁ ਸੋਈ ॥
## ਜਿਸੁ ਮੇਲੇ ਨਾਨਕ; ਸੋ ਮੁਕਤਾ ਹੋਈ ॥੪॥੨੯॥੯੮॥

ਦੁਹਾ = ਦੋਵਾਂ ਸਿਰਿਆਂ ਭਾਵ ਸੱਜੇ ਤੇ ਖੱਬੇ ਚੱਲਣ ਵਾਲਿਆਂ ਦਾ, ਪੁੱਠੇ ਤੇ ਸਿੱਧੇ ਚੱਲਣ ਵਾਲਿਆਂ ਦਾ, ਪਾਪ ਤੇ ਪੁੰਨ ਕਰਨ ਵਾਲਿਆਂ ਦਾ, ਲੋਕ ਅਤੇ ਪਰਲੋਕ ਕਾ = ਦਾ ਖਸਮੁ = ਮਾਲਕ ਤਾਂ ਸੋਈ = ਉਹ ਪ੍ਰਭੁ = ਪਰਮੇਸ਼ਰ ਹੀ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਨੂੰ ਗੁਰੂ ਜੀ ਸਤਿਸੰਗਤ ਵਿਚ ਮੇਲੇ = ਮੇਲ ਲੈਂਦੇ ਹਨ, ਸੋ = ਉਹੋ ਹੀ ਮੁਕਤਾ = ਮੁਕਤ ਹੋਈ = ਹੋ ਜਾਂਦਾ ਹੈ ॥੪॥੨੯॥੯੮॥

## ਗਉੜੀ ਗੁਆਰੇਰੀ, ਮਹਲਾ ੫ ॥

**ਉਥਾਨਕਾ :** ਇਕ ਅਜਿਹੀ ਇਸਤਰੀ ਸੀ, ਜਿਸ ਦਾ ਆਚਰਨ ਠੀਕ ਨਹੀਂ ਸੀ। ਆਪਣੇ ਪਤੀਬ੍ਰਤਾ ਧਰਮ ਵਿਚ ਕਾਇਮ ਨਹੀਂ ਸੀ। ਉਸ ਨੇ ਆਪਣੇ ਅੱਠ ਪਤੀਆਂ ਨੂੰ ਮਾਰਿਆ ਸੀ, ਕਿਉਂਕਿ ਉਹ ਇਸ ਨੂੰ ਪਸੰਦ ਨਹੀਂ ਆਏ ਸੀ। ਫਿਰ ਲੋਕਾਂ ਦੀ ਨਿੰਦਿਆ ਦੇ ਕਾਰਨ ਇਹ ਸਤੀ ਹੋਣ ਲੱਗੀ ਸੀ। ਬਹੁਤ ਲੋਕਾਂ ਦੀ ਭੀੜ ਇਕੱਠੀ ਹੋਈ, ਸਾਰੇ ਦੇਖਣ ਵਾਸਤੇ ਚੱਲ ਪਏ ਕਿ ਇਹ ਸਤੀ ਹੋਣ ਲੱਗੀ ਹੈ। ਉਸ ਵੇਲੇ ਕੁਝ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਕੋਲ ਆ ਕੇ ਕਿਹਾ ਕਿ ਸਤਿਗੁਰੂ ਜੀ ਇਹ ਜੋ ਸਤੀ ਹੋਣਾ ਹੈ, ਇਹ ਬਹੁਤ ਜ਼ੁਲਮ ਹੈ। ਤਾਂ ਗੁਰੂ ਸਾਹਿਬਾਨ ਨੇ ਇਹ ਮਨਮਤ ਅੰਧ-ਵਿਸ਼ਵਾਸੀ ਨੂੰ ਬੰਦ ਕਰਨ ਲਈ ਗਿਆਨ ਦਿੱਤਾ ਅਤੇ ਇਹ ਪਾਵਨ ਸ਼ਬਦ ਉਚਾਰਨ ਕੀਤਾ :

## ਕਲਿਜੁਗ ਮਹਿ; ਮਿਲਿ ਆਏ ਸੰਜੋਗ ॥

ਕਲਿਜੁਗ ਦੇ ਸਮੇਂ ਮਹਿ = ਵਿਚ ਪੂਰਬਲੇ ਕਰਮਾਂ ਦੇ ਸੰਜੋਗ ਕਰਕੇ ਹੀ ਜੀਵ ਪਤੀ ਪਤਨੀ ਦੇ ਰਿਸ਼ਤੇ ਵਿਚ ਆਏ = ਆ ਕਰਕੇ ਮਿਲਿ = ਮਿਲੇ ਹਨ।

## ਜਿਚਰੁ ਆਗਿਆ; ਤਿਚਰੁ ਭੋਗਹਿ ਭੋਗ ॥੧॥

ਜਿਚਰੁ = ਜਿੰਨਾ ਚਿਰ ਤਕ ਪਰਮੇਸ਼ਰ ਦੀ ਆਗਿਆ = ਆਦੇਸ਼ ਹੈ, ਤਿਚਰੁ = ਓਨਾ ਚਿਰ ਜੀਵ ਪਤੀ ਪਤਨੀ ਦੇ ਰਿਸ਼ਤੇ ਵਿਚ ਵਿਸ਼ੇ ਰਸ ਦੇ ਭੋਗ = ਭੋਗਾਂ ਨੂੰ ਭੋਗਹਿ = ਭੋਗਦੇ ਹਨ ॥੧॥

## ਜਲੈ ਨ ਪਾਈਐ; ਰਾਮ ਸਨੇਹੀ ॥
## ਕਿਰਤਿ ਸੰਜੋਗਿ; ਸਤੀ ਉਠਿ ਹੋਈ ॥੧॥ਰਹਾਉ॥

ਹੇ ਭਾਈ! ਚਿਤਾ ਦੀ ਅਗਨੀ ਵਿਚ ਜਲੈ = ਸੜਨ ਨਾਲ ਰਾਮ ਰੂਪ ਪਤੀ ਦਾ ਸਨੇਹੀ = ਪਿਆਰ

ਨ = ਨਹੀਂ ਪਾਈਐ = ਪਾਈਦਾ। ਪੂਰਬਲੇ ਕਿਰਤਿ = ਕੀਤੇ ਹੋਏ ਕਰਮਾਂ ਦੇ ਸੰਜੋਗ ਕਰਕੇ ਹੁਣ ਇਸਤਰੀ ਸਤੀ ਹੋਣ ਲਈ ਉੱਠ ਕੇ ਤੁਰ ਪਈ ਹੈ। ਭਾਵ ਇਸ ਨੇ ਆਪਣੇ ਪੂਰਬਲੇ ਜਨਮ ਵਿਚ ਕਿਸੇ ਨੂੰ ਅੱਗ ਵਿਚ ਸਾੜਿਆ ਹੋਣਾ ਹੈ। ਉਸੇ ਕਰਮ ਦਾ ਹੀ ਫਲ ਹੈ ਜੋ ਹੁਣ ਇਕ ਮੁਰਦੇ ਨਾਲ ਜਿਊਂਦੀ ਹੀ ਅੱਗ ਵਿਚ ਸੜਨ ਲੱਗੀ ਹੈ, ਹੋਰ ਕੋਈ ਗੱਲ ਨਹੀਂ ਹੈ ॥੧॥ਰਹਾਉ॥

ਪਤੀ ਦੀ ਆਗਿਆ ਤਾਂ ਮੰਨਦੀਆਂ ਨਹੀਂ, ਸਗੋਂ ਕੁਕਰਮਾਂ ਵਿਚ ਵਿਭਚਾਰ ਵਿਚ ਲੱਗੀਆਂ ਹੋਈਆਂ ਹਨ।

## ਦੇਖਾ ਦੇਖੀ; ਮਨਹਠਿ ਜਲਿ ਜਾਈਐ ॥
## ਪ੍ਰਿਅ ਸੰਗੁ ਨ ਪਾਵੈ; ਬਹੁ ਜੋਨਿ ਭਵਾਈਐ ॥੨॥

ਪ੍ਰੰਤੂ ਦੇਖਾ ਦੇਖੀ = ਰੀਸੋ-ਰੀਸੀ ਮਨ ਦੇ ਹਠ ਕਰਕੇ ਚਿਖਾ 'ਤੇ ਚੜ੍ਹ ਕੇ ਜਲਿ = ਸੜ ਜਾਈਐ = ਜਾਂਦੀਆਂ ਹਨ।

ਇਸ ਪ੍ਰਕਾਰ ਉਹ ਸਵਰਗ ਆਦਿ ਵਿਚ ਆਪਣੇ ਪ੍ਰਿਅ = ਪਤੀ ਦਾ ਸੰਗੁ = ਸਾਥ ਨ = ਨਹੀਂ ਪਾਵੈ = ਪਾਉਣਗੀਆਂ, ਬਲਕਿ ਉਨ੍ਹਾਂ ਨੂੰ ਬਹੁ = ਬਹੁਤੀਆਂ ਜੋਨਿ = ਜੂਨਾਂ ਵਿਚ ਭਵਾਈਐ = ਘੁਮਾਇਆ ਜਾਂਦਾ ਹੈ ॥੨॥

ਅੱਗੇ ਸਤਿਗੁਰੂ ਜੀ ਇਸਤਰੀ ਨੂੰ ਲੋਕ ਪ੍ਰਲੋਕ ਦੇ ਸੁੱਖ ਦੀ ਪ੍ਰਾਪਤੀ ਦਾ ਢੰਗ ਦੱਸਦੇ ਹਨ।

## ਸੀਲ ਸੰਜਮਿ; ਪ੍ਰਿਅ ਆਗਿਆ ਮਾਨੈ ॥
## ਤਿਸੁ ਨਾਰੀ ਕਉ; ਦੁਖੁ ਨ ਜਮਾਨੈ ॥੩॥

ਜਿਹੜੀ ਇਸਤਰੀ ਸੀਲ = ਨਰਮ ਨਿਮਰਤਾ ਵਾਲੇ ਸੁਭਾਅ ਅਤੇ ਸੰਜਮਿ = ਇੰਦ੍ਰੀਆਂ ਨੂੰ ਕਾਬੂ ਕਰਨ ਵਾਲੀ ਹੋਵੇ ਅਤੇ ਪ੍ਰਿਅ = ਪਤੀ ਦੀ ਆਗਿਆ ਮਾਨੈ = ਮੰਨਣ ਵਾਲੀ ਹੋਵੇ।

ਤਿਸੁ = ਉਸ ਨਾਰੀ = ਇਸਤਰੀ ਕਉ = ਨੂੰ ਜਮਾਨੈ = ਸੰਸਾਰ ਵਿਚ **ਵਾ:** ਜਮਾਨੈ = ਜਮਾਂ ਦਾ ਮੂਲੋਂ ਹੀ ਕੋਈ ਦੁਖ ਨਹੀਂ ਹੁੰਦਾ ॥੩॥

## ਕਹੁ ਨਾਨਕ; ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥
## ਧੰਨੁ ਸਤੀ; ਦਰਗਹ ਪਰਵਾਨਿਆ ॥੪॥੩੦॥੯੯॥

ਸਤਿਗੁਰੂ ਸਾਹਿਬ ਜੀ ਕਹੁ = ਕਹਿੰਦੇ ਹਨ ਕਿ ਜਿਨਿ = ਜਿਸ ਇਸਤਰੀ ਨੇ ਆਪਣੇ ਪ੍ਰਿਉ = ਪਤੀ ਨੂੰ ਪਰਮੇਸਰੁ = ਪਰਮਾਤਮਾ ਰੂਪ ਕਰਿ = ਕਰ ਕੇ ਜਾਨਿਆ = ਜਾਣਿਆ ਹੈ। ਉਹੋ ਹੀ ਅਸਲ ਸਤੀ ਹੈ ਅਤੇ ਧੰਨੁ = ਧੰਨਤਾ ਦੇ ਯੋਗ ਹੈ। ਐਸੀ ਸਤ ਵਾਲੀ ਇਸਤਰੀ ਵਾਹਿਗੁਰੂ ਦੀ ਦਰਗਹ = ਸਚਖੰਡ ਵਿਚ ਪਰਵਾਨਿਆ = ਪ੍ਰਵਾਣ ਹੈ, ਪ੍ਰਵਾਣਨੀਕ ਹੈ। ਅੱਗ ਵਿਚ ਸੜਨ ਵਾਲੀ ਪ੍ਰਵਾਨ ਨਹੀਂ ਹੈ ॥੪॥੩੦॥੯੯॥ ਜੈਸਾ ਕਿ :

**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍ ॥**
**ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍ ॥੧॥** *(ਵਾਰ ਸੂਹੀ ਕੀ ਸਲੋਕ ਮ: ੩, ਅੰਗ ੭੮੭)*

**ਸਾਖੀ—ਸਤੀ ਪਦਮਾਵਤੀ ਦੀ :** ਭਗਤ ਜੈਦੇਵ ਜੀ ਦੀ ਪਤਨੀ ਪਦਮਾਵਤੀ ਸੀ। ਇਹ ਬਹੁਤ ਹੀ ਭਾਉ-ਭਗਤੀ ਤੇ ਪਤੀਬ੍ਰਤ ਧਰਮ ਵਾਲੀ ਸੀ। ਭਗਤ ਪੀਪਾ (ਰਾਜੇ) ਨੇ ਵੀ ਭਗਤ ਜੈਦੇਵ ਦੀ ਸੰਗਤ

ਕਰ ਕੇ ਭਗਤੀ ਵਾਲੀ ਮੱਤ ਪਾਈ ਸੀ। ਭਗਤ ਪੀਪਾ ਜੀ ਦੀ ਰਾਣੀ ਸੀਤਾ ਸੀ। ਜਿਸ ਦੇ ਭਰਾ ਗੁਜ਼ਰ ਜਾਣ ਕਰ ਕੇ ਉਸਦੀਆਂ ਭਰਜਾਈਆਂ ਸਤੀ ਹੋਈਆਂ ਸਨ। ਇਸ ਨੇ ਪਦਮਾਵਤੀ ਨੂੰ ਕਿਹਾ ਕਿ ਮੇਰੀਆਂ ਭਰਜਾਈਆਂ ਧੰਨ ਹਨ ਜੋ ਮੇਰੇ ਭਰਾਵਾਂ ਦੇ ਨਾਲ ਹੀ ਸਤੀ ਹੋ ਗਈਆਂ। ਭਗਤ ਜੈਦੇਵ ਜੀ ਦੀ ਘਰਵਾਲੀ ਪਦਮਾਵਤੀ ਕਹਿਣ ਲੱਗੀ ਕਿ ਇਨ੍ਹਾਂ ਦਾ ਨਾਮ ਸਤੀਆਂ ਨਹੀਂ ਹੁੰਦਾ। ਹੇ ਰਾਣੀ ਸਤੀਆਂ ਤਾਂ ਉਹ ਹੁੰਦੀਆਂ ਹਨ ਜੋ ਪਤੀ ਦੇ ਵਿਛੋੜੇ ਨਾਲ ਹੀ ਸਰੀਰ ਛੱਡ ਜਾਣ।

ਇਹ ਗੱਲ ਸੁਣ ਕੇ ਸੀਤਾ ਰਾਣੀ ਕਹਿਣ ਲੱਗੀ ਕਿ ਤੈਨੂੰ ਵੇਖਾਂਗੀ ਵੱਡੀ ਸਤੀ ਨੂੰ, ਤੂੰ ਮੇਰੀਆਂ ਭਰਜਾਈਆਂ ਦੀ ਨਿੰਦਿਆ ਕੀਤੀ ਹੈ। ਕੁਝ ਸਮਾਂ ਗੁਜ਼ਰ ਗਿਆ। ਇਕ ਦਿਨ ਸੀਤਾ ਰਾਣੀ ਨੇ ਆਪਣੇ ਪਤੀ ਰਾਜੇ ਪੀਪਾ ਨੂੰ ਕਿਹਾ ਕਿ ਤੁਸੀਂ ਇਸ ਤਰ੍ਹਾਂ ਕਰੋ ਕਿ ਭਗਤ ਜੈਦੇਵ ਜੀ ਨੂੰ ਸ਼ਿਕਾਰ ਖੇਡਣ ਦੇ ਬਹਾਨੇ ਲੈ ਜਾਵੋ, ਉਥੇ ਕਿਸੇ ਬਹਾਨੇ ਇਨ੍ਹਾਂ ਦੀ ਪੁਸ਼ਾਕ ਲੁਹਾ ਕੇ ਖ਼ੂਨ ਨਾਲ ਲਬੇੜ ਕੇ ਲੈ ਆਵੋ। ਰਾਜੇ ਨੇ ਉਵੇਂ ਹੀ ਕੀਤਾ। ਭਗਤ ਜੈਦੇਵ ਜੀ ਨੂੰ ਨਾਲ ਲੈ ਗਿਆ, ਸ਼ਿਕਾਰ ਖੇਡਦੇ ਸਮੇਂ ਭਗਤ ਜੈਦੇਵ ਜੀ ਦੀ ਬਹਾਨੇ ਨਾਲ ਪੁਸ਼ਾਕ ਲੁਹਾ ਲਈ ਤੇ ਆਪਣੀ ਪੁਸ਼ਾਕ ਪਹਿਨਾ ਦਿੱਤੀ। ਭਗਤ ਜੀ ਉਥੇ ਸਮਾਧੀ ਲਗਾ ਕੇ ਬੈਠ ਗਏ। ਰਾਜੇ ਨੇ ਉਹ ਬਸਤ੍ਰ ਸ਼ਿਕਾਰ ਕੀਤੇ ਹੋਏ ਜਾਨਵਰ ਦੇ ਖ਼ੂਨ ਨਾਲ ਭਿਉਂ ਕੇ ਰਾਣੀ ਕੋਲ ਭੇਜ ਦਿੱਤੇ, ਸੀਤਾ ਰਾਣੀ ਕੱਪੜਿਆਂ ਨੂੰ ਲੈ ਕੇ ਪਦਮਾਵਤੀ ਦੇ ਕੋਲ ਗਈ ਤੇ ਜਾ ਕੇ ਕਿਹਾ ਕਿ ਤੂੰ ਮੇਰੀਆਂ ਭਰਜਾਈਆਂ ਦੀ ਨਿੰਦਿਆ ਕੀਤੀ ਸੀ ਕਿ ਉਹ ਸਤੀਆਂ ਨਹੀਂ ਹੋ ਸਕਦੀਆਂ, ਸਤੀਆਂ ਤਾਂ ਉਹ ਹਨ ਜੋ ਪਤੀ ਦੇ ਵਿਛੋੜੇ ਦੀ ਖ਼ਬਰ ਸੁਣਦਿਆਂ ਹੀ ਪ੍ਰਾਣ ਤਿਆਗ ਦੇਣ। ਆਹ ਵੇਖ! ਤੇਰੇ ਪਤੀ ਜੈਦੇਵ ਦੇ ਲਹੂ ਨਾਲ ਭਿੱਜੇ ਬਸਤ੍ਰ ਜਿਸ ਨੂੰ ਜੰਗਲ ਵਿਚ ਸ਼ੇਰ ਨੇ ਖਾ ਲਿਆ ਹੈ।

ਇਹ ਸੁਣਦਿਆਂ ਸਾਰ ਹੀ ਪਦਮਾਵਤੀ ਦੇ ਹਉਕੇ ਨਾਲ ਹੀ ਸਵਾਸ ਨਿਕਲ ਗਏ। ਜਿਸ ਵੇਲੇ ਪਦਮਾਵਤੀ ਗੁਜ਼ਰ ਗਈ ਤਾਂ ਭਗਤ ਪੀਪਾ ਜੀ ਨੂੰ ਬਹੁਤ ਪਛਤਾਵਾ ਹੋਇਆ, ਬਹੁਤ ਵੈਰਾਗ ਹੋਇਆ, ਉਸੇ ਵੇਲੇ ਹੀ ਪੀਪਾ ਜੀ ਚਿਖਾ ਬਣਾ ਕੇ ਸੜਨ ਲੱਗੇ ਕਿ ਰਾਣੀ ਨੇ ਮੇਰੇ ਕੋਲੋਂ ਇਹ ਬਹੁਤ ਵੱਡਾ ਪਾਪ ਕਰਵਾਇਆ ਹੈ। ਇਹ ਮੇਰੇ ਕਾਰਨ ਹੀ ਗੁਜ਼ਰੀ ਹੈ, ਜੇਕਰ ਮੈਂ ਭਗਤ ਜੀ ਦੇ ਬਸਤਰ ਸ਼ਿਕਾਰ ਦੇ ਖ਼ੂਨ ਨਾਲ ਨਾ ਭਿਉਂ ਕੇ ਲਿਆਉਂਦਾ ਤਾਂ ਇਹ ਨਾ ਗੁਜ਼ਰਦੀ। ਉਧਰੋਂ ਭਗਤ ਜੈਦੇਵ ਜੀ ਵੀ ਆ ਗਏ।

ਸਾਰੀ ਗੱਲ ਜਾਣ ਕੇ ਭਗਤ ਜੀ ਨੇ ਕਿਹਾ ਕਿ ਰਾਜਾ ਤੂੰ ਕਿਉਂ ਮਰਦਾ ਹੈਂ, ਉਸ ਦੀ ਉਮਰ ਹੀ ਏਨੀ ਸੀ। ਇਹ ਸਰੀਰ ਛੱਡ ਗਈ, ਤੂੰ ਚਿੰਤਾ ਨਾ ਕਰ। ਰਾਜਾ ਪੀਪਾ ਕਹਿਣ ਲੱਗਾ ਕਿ ਭਗਤ ਜੀ ਮੈਂ ਤਾਂ ਮਰ ਹੀ ਜਾਣਾ ਹੈ, ਕਿਉਂਕਿ ਮੇਰੇ ਕੋਲੋਂ ਬਹੁਤ ਵੱਡਾ ਪਾਪ ਹੋਇਆ ਹੈ। ਉਸ ਵੇਲੇ ਭਗਤ ਜੈਦੇਵ ਜੀ ਕਹਿਣ ਲੱਗੇ ਕਿ ਤੂੰ ਜਿਊਂਦਾ ਕਿਵੇਂ ਰਹਿ ਸਕਦਾ ਹੈਂ। ਪੀਪਾ ਜੀ ਨੇ ਕਿਹਾ ਕਿ ਜੇਕਰ ਇਹ ਜਿਊਂਦੀ ਹੋ ਜਾਵੇ। ਉਸ ਵੇਲੇ ਭਗਤ ਜੈਦੇਵ ਜੀ ਨੇ ਪਰਮੇਸ਼ਰ ਦਾ ਨਾਮ ਕਹਿ ਕੇ ਉਪਰ ਜਲ ਛਿੜਕਿਆ ਤਾਂ ਪਦਮਾਵਤੀ ਜਿਊਂਦੀ ਹੋ ਗਈ।

ਇਸ ਪ੍ਰਕਾਰ ਰਾਣੀ ਸੀਤਾ ਨੇ ਪਦਮਾਵਤੀ ਕੋਲੋਂ ਮੁਆਫ਼ੀ ਮੰਗੀ। ਫਿਰ ਰਾਣੀ ਵੀ ਰਾਜੇ ਪੀਪੇ ਨਾਲ ਮਿਲ ਕਰਕੇ ਭਗਤੀ ਕਰਨ ਲੱਗ ਪਈ। ਇਹ ਕਥਾ *ਭਗਤ ਮਾਲਾ* ਵਿਚ ਆਉਂਦੀ ਹੈ।

## ਦੂਸਰਾ ਅਰਥ :

**ਕਲਿਜੁਗ ਮਹਿ; ਮਿਲਿ ਆਏ ਸੰਜੋਗ ॥ ਜਿਚਰੁ ਆਗਿਆ; ਤਿਚਰੁ ਭੋਗਹਿ ਭੋਗ ॥੧॥**

ਜੋ ਆਪਣੇ ਆਪ ਨੂੰ ਸਾਧੂ ਕਹਾਉਂਦੇ ਹਨ, ਉਹ ਇਸ ਕਲਿਜੁਗ ਦੇ ਸਮੇਂ ਮਹਿ = ਵਿਚ ਪੂਰਬਲੇ ਪੁੰਨ ਕਰਮਾਂ ਦੇ ਸੰਜੋਗ ਕਰਕੇ ਮਨੁੱਖਾ ਦੇਹ ਵਿਚ ਆਏ ਹੋਏ ਹਨ।

ਜਿਚਰੁ = ਜਿਤਨਾ ਚਿਰ ਵਾਹਿਗੁਰੂ ਦੀ ਆਗਿਆ = ਰਜਾ ਹੈ, ਤਿਚਰੁ = ਉਤਨਾ ਚਿਰ ਉਹ ਸੰਸਾਰ ਤੇ ਦਿੱਤੇ ਹੋਏ ਭੋਗ = ਪਦਾਰਥਾਂ ਨੂੰ ਭੋਗਤਾ ਹੋ ਕਰਕੇ ਭੋਗਹਿ = ਭੋਗਦੇ ਹਨ ॥੧॥

**ਜਲੈ ਨ ਪਾਈਐ; ਰਾਮ ਸਨੇਹੀ ॥ ਕਿਰਤਿ ਸੰਜੋਗਿ; ਸਤੀ ਉਠਿ ਹੋਈ ॥੧॥ਰਹਾਉ॥**

ਉਹ ਜੇਠ ਦੇ ਮਹੀਨੇ ਵਿਚ ਪੰਜ ਪੰਜ ਧੂਣੀਆਂ ਲਾ ਕੇ ਆਪਣੇ ਸਰੀਰ ਨੂੰ ਜਲੈ = ਸਾੜਦੇ ਹਨ, ਇਸ ਤਰ੍ਹਾਂ ਜਾਲਣੇ ਕਰਕੇ, ਸਾਧ ਬਣ ਕੇ ਸਨੇਹੀ = ਪਿਆਰਾ ਰਾਮ = ਪਰਮੇਸ਼ਰ ਨ = ਨਹੀਂ ਪਾਈਐ = ਪਾਈਦਾ।

ਉਨ੍ਹਾਂ ਨੇ ਤਾਂ ਪਿਛਲੇ ਜਨਮ ਵਿਚ ਕੋਈ ਮਾੜੇ ਕਿਰਤਿ = ਕਰਮ ਕੀਤੇ ਹੋਣੇ ਹਨ ਭਾਵ ਕਿਸੇ ਨੂੰ ਸਾੜਿਆ ਹੋਵੇਗਾ, ਉਸ ਸੰਜੋਗ ਦੇ ਕਰਕੇ ਹੁਣ ਉੱਠ ਕਰਕੇ ਸਤੀ = ਸਤਪ੍ਰਤੱਗੀ ਕਹਾਉਣ ਵਾਲੇ ਸਾਧ ਬਣ ਕੇ ਧੂਣੀਆਂ ਤਪਾਉਣ ਲੱਗ ਪਏ ਹਨ ॥੧॥ਰਹਾਉ॥

**ਦੇਖਾ ਦੇਖੀ; ਮਨਹਠਿ ਜਲਿ ਜਾਈਐ ॥ ਪ੍ਰਿਅ ਸੰਗੁ ਨ ਪਾਵੈ; ਬਹੁ ਜੋਨਿ ਭਵਾਈਐ ॥੨॥**

ਇਸ ਪ੍ਰਕਾਰ ਇਹ ਦੇਖਾ ਦੇਖੀ = ਰੀਸੋ-ਰੀਸੀ ਕਿ ਦੂਜਾ ਸੰਤ ਧੂਣੀਆਂ ਤਪਾਉਂਦਾ ਹੈ, ਅਸੀਂ ਵੀ ਧੂਣੀਆਂ ਤਪਾਉਣਾ ਕਰੀਏ, ਇਉਂ ਮਨ ਦੇ ਹਠਿ ਕਰਕੇ ਧੂਣੀਆਂ ਤਾਅ ਤਾਅ ਕੇ ਕ੍ਰੋਧਾਦਿਕਾਂ ਦੇ ਵਿਚ ਹੀ ਜਲਿ = ਸੜ ਬਲ ਜਾਈਐ = ਜਾਂਦੇ ਹਨ।

ਇਸ ਤਰ੍ਹਾਂ ਉਹ ਪ੍ਰਿਅ = ਪਿਆਰੇ ਪਤੀ ਪਰਮੇਸ਼ਰ ਦਾ ਸੰਗੁ = ਸਾਥ, ਮਿਲਾਪ ਪਾਵੈ = ਪ੍ਰਾਪਤ ਨਹੀਂ ਕਰ ਸਕਦੇ ਸਗੋਂ ਬਹੁ = ਬਹੁਤੀਆਂ ਜੋਨਿ = ਜੂਨੀਆਂ ਭਾਵ ਚੌਰਾਸੀ ਲੱਖ ਜੂਨਾਂ ਵਿਚ ਭਵਾਈਐ = ਭਰਮਾਏ ਜਾਂਦੇ ਹਨ ॥੨॥

ਅੱਗੇ ਸਤਿਗੁਰੂ ਜੀ ਲੋਕ ਪ੍ਰਲੋਕ ਵਿਚ ਸੁੱਖ ਦੀ ਪ੍ਰਾਪਤੀ ਵਾਲੇ ਸ੍ਰੇਸ਼ਟ ਸਾਧੂਆਂ ਬਾਰੇ ਕਥਨ ਕਰਦੇ ਹਨ।

**ਸੀਲ ਸੰਜਮਿ; ਪ੍ਰਿਅ ਆਗਿਆ ਮਾਨੈ ॥ ਤਿਸੁ ਨਾਰੀ ਕਉ; ਦੁਖੁ ਨ ਜਮਾਨੈ ॥੩॥**

ਜਿਹੜੇ ਸੀਲ = ਨਰਮ ਸੁਭਾਅ ਵਾਲੇ ਸਾਧੂ ਬਣ ਕੇ ਸੰਜਮਿ = ਇੰਦਰੀਆਂ ਦਾ ਦਮਨ ਕਰਨ ਅਤੇ ਪ੍ਰਿਅ = ਪਿਆਰੇ ਪਰਮੇਸ਼ਰ ਦੀ ਆਗਿਆ = ਰਜਾ ਨੂੰ ਮਾਨੈ = ਮੰਨਣ ਭਾਵ ਉਸ ਦੇ ਭਾਣੇ ਵਿਚ ਚੱਲਣ ਵਾਲੇ ਹੋਣ।

ਤਿਸੁ = ਉਨ੍ਹਾਂ ਨਾਰੀ = ਇਸਤਰੀਆਂ ਦੀ ਨਿਆਈਂ ਮਹਾਤਮਾ ਜਨਾਂ ਨੂੰ ਜਮਾਨੈ = ਸੰਸਾਰ ਦਾ ਦੁੱਖ ਨਹੀਂ ਹੁੰਦਾ **ਵਾ:** ਜਮਾਨੈ = ਜਮਾਂ ਦਾ ਦੁੱਖ ਨਹੀਂ ਹੁੰਦਾ **ਵਾ:** ਜਮ੍ਹਾ ਭਾਵ ਉੱਕਾ ਹੀ ਕਿਸੇ ਪ੍ਰਕਾਰ ਦਾ ਲੋਕ ਪ੍ਰਲੋਕ ਆਦਿ ਦਾ ਦੁੱਖ ਨਹੀਂ ਹੁੰਦਾ ॥੩॥

**ਕਹੁ ਨਾਨਕ; ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥**

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਜਿਨਿ = ਜਿਨ੍ਹਾਂ ਸਾਧੂਆਂ ਨੇ ਪਰਮੇਸ਼ਰ ਨੂੰ ਆਪਣਾ ਪ੍ਰਿਉ = ਪਤੀ ਕਰਕੇ ਜਾਨਿਆ = ਜਾਣਨਾ ਕੀਤਾ ਹੈ।

**ਧੰਨੁ ਸਤੀ; ਦਰਗਹ ਪਰਵਾਨਿਆ ॥੪॥੩੦॥੯੯॥**

ਉਹ ਸਤੀ = ਸਤ ਪ੍ਰਤੱਗੀ ਸਾਧੂ ਇਸ ਲੋਕ ਵਿਚ ਧੰਨੁ = ਧੰਨਤਾ ਦੇ ਯੋਗ ਹਨ ਅਤੇ ਪ੍ਰਲੋਕ ਅੰਦਰ ਪਰਮੇਸ਼ਰ ਦੀ ਦਰਗਾਹ ਵਿਚ ਵੀ ਪਰਵਾਨਿਆ = ਪ੍ਰਵਾਣਨੀਕ ਹਨ ॥੪॥੩੦॥੯੯॥

ਇਸੇ ਸ਼ਬਦ ਦੇ ਅੰਤਰੀਵ ਭਾਵ ਵਿਚ ਪਾਖੰਡ ਕਰਨ ਵਾਲੇ ਪਾਖੰਡੀਆਂ ਨੂੰ ਉਪਦੇਸ਼ ਹੈ, ਜੋ ਜਲ ਧਾਰੇ ਅਤੇ ਧੂਣੀਆਂ ਤਾਪ ਕੇ ਲੋਕਾਂ ਨੂੰ ਆਪਣੇ ਤਪੱਸਵੀ ਹੋਣ ਦਾ ਪ੍ਰਵਾਹ ਦੇ ਕੇ ਪੂਜਾ ਕਰਵਾਉਂਦੇ ਹਨ।

## ਗਉੜੀ ਗੁਆਰੇਰੀ, ਮਹਲਾ ੫ ॥

**ਉਥਾਨਕਾ :** ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਗੋਇੰਦਵਾਲ ਸਾਹਿਬ ਬਾਬਾ ਮੋਹਨ ਜੀ ਦੇ ਕੋਲੋਂ ਪਹਿਲੇ ਚਾਰ ਸਤਿਗੁਰਾਂ ਦੀ ਬਾਣੀ ਪ੍ਰਾਪਤ ਕਰ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਆਏ ਤਾਂ ਅਠਸਠ ਨਾਮੇ ਘਾਟ ਵਾਲੇ ਅਸਥਾਨ ਉੱਪਰ ਬੈਠ ਕੇ (ਜੋ ਦੁਖਭੰਜਨੀ ਬੇਰੀ ਦੇ ਨਾਲ ਅਸਥਾਨ ਹੈ) ਪੋਥੀਆਂ ਸਾਹਿਬ ਸੁਸ਼ੋਭਿਤ ਕੀਤੀਆਂ ਅਰ ਬਾਬਾ ਬੁੱਢਾ ਜੀ ਦੀ ਸੇਵਾ (ਡਿਊਟੀ) ਲਾਈ ਕਿ ਸਾਰੀ ਰਾਤ ਹੀ ਜਾਗ ਕਰ ਕੇ

ਇਥੇ ਸ਼ਬਦ ਕੀਰਤਨ ਕਰੋ। ਬਾਬਾ ਜੀ ਨੇ ਸਾਰੀ ਰਾਤ ਜਾਗ ਕਰ ਕੇ ਅਠਸਠ ਘਾਟ ਉੱਪਰ ਸੰਗਤਾਂ ਨਾਲ ਮਿਲ ਕੇ ਕੀਰਤਨ ਕੀਤਾ। ਜਦੋਂ ਅੰਮ੍ਰਿਤ ਵੇਲੇ ਸਤਿਗੁਰੂ ਸਾਹਿਬ ਜੀ ਮਹਿਲਾਂ ਵਿੱਚੋਂ ਆਏ ਤਾਂ ਚੌਹਾਂ ਸਤਿਗੁਰਾਂ ਦੀ ਬਾਣੀ ਦੀਆਂ ਪੋਥੀਆਂ ਸਾਹਿਬ ਦੇ ਦਰਸ਼ਨ ਕਰ ਕੇ ਇਹ ਪਾਵਨ ਸ਼ਬਦ ਉਚਾਰਿਆ। ਜੈਸਾ ਕਿ :

**ਪੋਥੀ ਪਰਮੇਸਰ ਕਾ ਥਾਨੁ ॥** *(ਅੰਗ ੧੨੨੬)*

ਇਹ ਸ਼ਬਦ ਅਠਸਠ ਘਾਟ 'ਤੇ ਉਚਾਰਨ ਕੀਤਾ। ਫਿਰ ਸਤਿਗੁਰੂ ਜੀ ਨੇ ਰਾਮਸਰ ਅਸਥਾਨ ਪਸੰਦ ਕੀਤਾ, ਉਥੇ ਇਕ ਛੋਟਾ ਜਿਹਾ ਟੋਭਾ ਸੀ, ਉਸ ਨੂੰ ਸਰੋਵਰ ਦਾ ਰੂਪ ਦੇ ਕੇ ਉਸ ਦਾ ਨਾਮ ਰਾਮਸਰ ਤੀਰਥ ਰੱਖਿਆ ਅਤੇ ਮਹਾਤਮ ਉਚਾਰਿਆ :

**ਨਿਤਪ੍ਰਤਿ ਨਾਵਣੁ ਰਾਮਸਰਿ ਕੀਜੈ ॥** *(ਗਉੜੀ ਮ: ੫, ਅੰਗ ੧੯੮)*

ਫਿਰ ਸਤਿਗੁਰਾਂ ਨੇ ਤੰਬੂ ਤਣਵਾ ਕਰ ਕੇ ਚੌਹਾਂ ਸਤਿਗੁਰਾਂ ਦੀ ਬਾਣੀ ਦੀਆਂ ਪੋਥੀਆਂ ਪ੍ਰਕਾਸ਼ ਕੀਤੀਆਂ ਅਤੇ ਬਾਣੀ ਦੇ ਦਰਸ਼ਨ ਕਰ ਕੇ ਬਹੁਤ ਹੀ ਪ੍ਰਸੰਨ ਹੋ ਕਰਕੇ ਗੁਰੂ ਜੀ ਨੇ ਇਹ ਪਾਵਨ ਸ਼ਬਦ ਸ੍ਰੀ ਰਾਮਸਰ ਵਾਲੇ ਅਸਥਾਨ ਉਪਰ ਉਚਾਰਨ ਕੀਤਾ :

## ਹਮ ਧਨਵੰਤ; ਭਾਗਠ ਸਚ ਨਾਇ ॥

ਹੇ ਭਾਈ ! ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਆਦਿਕ ਮਹਾਂਪੁਰਖੋ ! ਹਮ = ਅਸੀਂ ਧਨਵੰਤ = ਧਨ ਵਾਲੇ ਬਣ ਗਏ ਹਾਂ, ਧਨਾਢ ਹੋ ਗਏ ਹਾਂ।

***ਪ੍ਰਸ਼ਨ :*** *ਹੇ ਮਹਾਰਾਜ ਜੀ ! ਕਿਸ ਤਰ੍ਹਾਂ ਧਨ ਵਾਲੇ ਬਣ ਗਏ ਹੋ ?*

***ਗੁਰ ਉੱਤਰ :*** ਸਚ = ਸੱਚੇ ਨਾਇ = ਨਾਮ ਰੂਪੀ ਧਨ ਕਰ ਕੇ ਭਾਗਠ = ਸ਼ਾਹੂਕਾਰ ਬਣ ਗਏ ਹਾਂ।

## ਹਰਿ ਗੁਣ ਗਾਵਹ; ਸਹਜਿ ਸੁਭਾਇ ॥੧॥ਰਹਾਉ॥

ਇਹ ਚੌਹਾਂ ਸਤਿਗੁਰਾਂ ਦਾ ਅਜਿਹਾ ਖ਼ਜ਼ਾਨਾ ਪ੍ਰਾਪਤ ਹੋਇਆ ਹੈ ਕਿ ਇਸ ਅੰਮ੍ਰਿਤ ਬਾਣੀ ਕਰਕੇ ਅਸੀਂ ਸਹਜਿ ਸੁਭਾਇ = ਸੁਤੇਸਿਧ ਹੀ ਹਰਿ = ਵਾਹਿਗੁਰੂ ਦੇ ਗੁਣ ਗਾਵਹ = ਗਾਇਆ ਕਰਾਂਗੇ **ਅਥਵਾ** ਜੋ ਹਰਿ = ਹਰੀ ਪਰਮੇਸ਼ਰ ਦੇ ਗੁਣਾਂ ਨੂੰ ਗਾਵਹ = ਗਾਉਣਾ ਕਰਨਗੇ, ਉਨ੍ਹਾਂ ਨੂੰ ਸੁਭਾਇ = ਸੁਭਾਵਿਕ ਹੀ ਸਹਜਿ = ਗਿਆਨ ਪ੍ਰਾਪਤ ਹੋ ਜਾਵੇਗਾ **ਵਾ:** ਸਹਜਿ = ਸਹਜੇ ਹੀ ਸੁਭਾਇ = ਪ੍ਰਕਾਸ਼ ਸਰੂਪ ਦਾ ਪ੍ਰਕਾਸ਼ ਹੋਵੇਗਾ ॥੧॥ਰਹਾਉ॥

ਅੱਗੇ ਸਤਿਗੁਰੂ ਜੀ ਗੁਰਤਾ ਗੱਦੀ ਤੇ ਬਿਰਾਜਮਾਨ ਹੋਣ ਕਰਕੇ ਆਪਣੇ ਵੱਡੇ ਗੁਰਾਂ ਨੂੰ ਪਿਤਾ ਦਾਦੇ ਆਦਿ ਕਹਿ ਕੇ ਸੰਬੋਧਨ ਕਰਦੇ ਹਨ।

### [ਅੰਗ ੧੯੬]

## ਪੀਊ ਦਾਦੇ ਕਾ; ਖੋਲਿ ਡਿਠਾ ਖਜਾਨਾ ॥

ਪੀਊ = ਪਿਤਾ ਸ੍ਰੀ ਗੁਰੂ ਰਾਮਦਾਸ ਜੀ (ਦਾਦੇ ਬਹੁ-ਵਚਨ ਹੈ ਇਸ ਕਰਕੇ) ਦਾਦੇ = ਸ੍ਰੀ ਗੁਰੂ ਅਮਰਦਾਸ ਜੀ, ਪੜਦਾਦੇ ਸ੍ਰੀ ਗੁਰੂ ਅੰਗਦ ਦੇਵ ਜੀ, ਸ਼ਕਰ ਪੜਦਾਦੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭਾਵ ਬਜ਼ੁਰਗ ਸਤਿਗੁਰਾਂ ਦੀ ਬਾਣੀ ਰੂਪ ਖਜਾਨਾ = ਭੰਡਾਰਾ ਅਸੀਂ ਖੋਲਿ = ਖੋਲ੍ਹ ਕੇ ਭਾਵ ਪ੍ਰਕਾਸ਼ ਕਰ ਕੇ ਡਿਠਾ = ਵੇਖਿਆ ਹੈ **ਅਥਵਾ** ਜੋ ਪੀਊ = ਪਿਤਾ ਪਰਮੇਸ਼ਰ ਦਾਦੇ = ਦਾਤਾਂ ਦੇਣ ਵਾਲਾ ਹੈ, ਅਸੀਂ ਉਸ ਦਾ ਸਰੂਪ, ਚੌਹਾਂ ਸਤਿਗੁਰਾਂ ਦੀ ਬਾਣੀ ਦਾ ਖ਼ਜ਼ਾਨਾ ਪ੍ਰਕਾਸ਼ ਕਰ ਕੇ ਵੇਖਿਆ ਹੈ।

## ਤਾ ਮੇਰੈ ਮਨਿ; ਭਇਆ ਨਿਧਾਨਾ ॥੧॥

ਤਾ = ਤਦੋਂ ਮੇਰੈ = ਸਾਡੇ ਮਨਿ = ਚਿਤ ਵਿਚ ਆਤਮਿਕ ਅਨੰਦ **ਵਾ:** ਰਿਧੀਆਂ ਸਿੱਧੀਆਂ ਰੂਪ **ਵਾ:** ਗੁਰਬਾਨੀ ਦੇ ਵਿਚਾਰਨ ਦੀ, ਰਚਣ ਦੀ ਚਾਤੁਰਤਾ ਰੂਪ ਨਿਧਾਨਾ = ਖ਼ਜ਼ਾਨਾ ਪ੍ਰਾਪਤ ਭਇਆ = ਹੋਇਆ ॥੧॥

## ਰਤਨ ਲਾਲ; ਜਾ ਕਾ ਕਛੂ ਨ ਮੋਲੁ ॥

ਸਤਿਗੁਰਾਂ ਦੇ ਵੈਰਾਗਮਈ ਬਚਨ ਰਤਨਾਂ ਦੀ ਨਿਆਈਂ ਤੇ ਪ੍ਰੇਮ ਵਾਲੇ ਬਚਨ ਲਾਲ = ਮਾਣਕਾਂ ਦੀ ਨਿਆਈਂ ਹਨ। ਜਾ = ਜਿਨ੍ਹਾਂ ਦਾ ਕਛੂ = ਕੁਝ ਵੀ ਮੋਲੁ = ਮੁੱਲ ਨ = ਨਹੀਂ ਹੈ, ਭਾਵ ਬੇਕੀਮਤੇ ਹਨ।

## ਭਰੇ ਭੰਡਾਰ; ਅਖੂਟ ਅਤੋਲ ॥੨॥

ਸਤਿਗੁਰਾਂ ਦੇ ਉਪਦੇਸ਼ ਦੇ ਭੰਡਾਰ = ਖ਼ਜ਼ਾਨੇ ਭਰੇ ਪਏ ਹਨ, ਜੋ ਅਖੂਟ = ਮੁੱਕਣ ਤੋਂ ਰਹਿਤ ਅਤੋਲ = ਤੋਲਣ ਮਾਪਣ ਤੋਂ ਰਹਿਤ ਹਨ, ਭਾਵ ਬੁੱਧੀ ਰੂਪੀ ਤਰਾਜ਼ੂ ਨਾਲ ਸ਼ਾਸਤਰ ਪ੍ਰਮਾਣ ਰੂਪੀ ਵੱਟੇ ਪਾ ਕੇ ਸਤਿਗੁਰਾਂ ਦਾ ਉਪਦੇਸ਼ ਤੋਲਿਆ ਮਾਪਿਆ ਨਹੀਂ ਜਾ ਸਕਦਾ ॥੨॥

## ਖਾਵਹਿ ਖਰਚਹਿ; ਰਲਿ ਮਿਲਿ ਭਾਈ ॥

ਹੇ ਭਾਈ ! ਐਸੇ ਉਪਦੇਸ਼ ਰੂਪੀ ਨਾਮ ਨੂੰ ਸਤਿਸੰਗਤ ਵਿਚ ਰਲ ਮਿਲ ਕੇ ਆਪ ਖਾਵਹਿ = ਖਾਣਾ ਭਾਵ ਜਪਣਾ ਕਰੀਏ ਅਤੇ ਹੋਰਨਾਂ ਨੂੰ ਖਵਾਉਣ ਭਾਵ ਜਪਾਉਣ ਰੂਪ ਖਰਚਹਿ = ਖਰਚਣਾ ਕਰੀਏ।

## ਤੋਟਿ ਨ ਆਵੈ; ਵਧਦੋ ਜਾਈ ॥੩॥

ਇਸ ਖ਼ਜ਼ਾਨੇ ਵਿਚ ਕਦੇ ਵੀ ਤੋਟਿ = ਤੋਟਾ ਨ = ਨਹੀਂ ਆਵੈ = ਆਉਂਦਾ ਸਗੋਂ ਵਧਦੋ = ਵਧਦਾ ਹੀ ਜਾਈ = ਜਾਂਦਾ ਹੈ **ਅਥਵਾ** ਏਸੇ ਪ੍ਰਕਾਰ ਸਤਿਸੰਗਤ ਵਿਚ ਰਲ ਮਿਲ ਕਰਕੇ ਆਪ ਧਾਰਨ ਕਰਨ ਰੂਪ ਖਾਣਾ ਕਰੀਏ ਅਤੇ ਹੋਰਨਾਂ ਨੂੰ ਉਪਦੇਸ਼ ਦੇਣ ਰੂਪ ਖਰਚਣਾ ਕਰੀਏ **ਵਾ:** ਖਾਵਹਿ = ਸ੍ਰਵਣ ਮੰਨਣ ਨਿਧਿਆਸਣ ਨੂੰ ਆਪ ਧਾਰਨ ਕਰਨ ਰੂਪ ਖਾਣਾ ਕਰੀਏ ਅਤੇ ਹੋਰਨਾਂ ਤੋਂ ਧਾਰਨ ਕਰਾਉਣ ਰੂਪ ਖਰਚਨਾ ਕਰੀਏ, ਫਿਰ ਗੁਰਾਂ ਦੇ ਨਾਮ ਦੇ ਖ਼ਜ਼ਾਨੇ ਦਾ ਤੋਟਿ = ਤੋਟਾ, ਘਾਟਾ ਨਹੀਂ ਆਵੈ = ਆਉਂਦਾ, ਜਿਵੇਂ ਜਿਵੇਂ ਜਪੀਏ, ਉਵੇਂ ਵਧਦੋ = ਵਧਦਾ ਹੀ ਜਾਈ = ਜਾਂਦਾ ਹੈ ॥੩॥

## ਕਹੁ ਨਾਨਕ; ਜਿਸੁ ਮਸਤਕਿ ਲੇਖੁ ਲਿਖਾਇ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਨੇ ਮਸਤਕਿ = ਮੱਥੇ ਉੱਤੇ ਪਰਮੇਸ਼ਰ ਤੋਂ ਪੂਰਬਲੇ ਨਿਸ਼ਕਾਮ ਕਰਮ ਕਰ ਕੇ ਗੁਰਸਿੱਖੀ ਦੀ ਪ੍ਰਾਪਤੀ ਦਾ ਲੇਖ ਲਿਖਾਇ = ਲਿਖਾਇਆ ਹੈ।

## ਸੁ ਏਤੁ ਖਜਾਨੈ; ਲਇਆ ਰਲਾਇ ॥੪॥੩੧॥੧੦੦॥

ਸੁ = ਉਹੋ ਹੀ ਬਾਣੀ ਰੂਪ ਖਜਾਨੈ = ਭੰਡਾਰੇ ਵਿਚ ਰਲਾਇ = ਰਲਾ ਲਇਆ = ਲਏ ਹਨ **ਵਾ:** ਜਿਨ੍ਹਾਂ ਗੁਰਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਯਕੀਨ ਹੈ, ਉਨ੍ਹਾਂ ਨੂੰ ਮਹਾਰਾਜ ਨੇ ਆਪਣੇ ਖ਼ਜ਼ਾਨੇ ਵਿਚ ਰਲਾ ਲਿਆ ਹੈ, ਆਪਣੇ ਖ਼ਜ਼ਾਨੇ ਦਾ ਸਾਂਝੀਵਾਲ ਬਣਾ ਲਿਆ ਹੈ, ਆਪਣੇ ਵਿਚ ਅਭੇਦ ਕਰ ਲਿਆ ਹੈ ॥੪॥੩੧॥੧੦੦॥ ਜੈਸਾ ਕਿ :

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥** *(ਨਟ ਮ: ੪, ਅੰਗ ੯੮੨)*

## ਗਉੜੀ, ਮਹਲਾ ੫ ॥

## ਡਰਿ ਡਰਿ ਮਰਤੇ; ਜਬ ਜਾਨੀਐ ਦੂਰਿ ॥ ਡਰੁ ਚੂਕਾ; ਦੇਖਿਆ ਭਰਪੂਰਿ ॥੧॥

ਇਹ ਜੀਵ ਡਰਿ = ਜਮਾਂ ਦੇ ਡਰ ਕਰਕੇ ਅਤੇ ਮੌਤ ਦੇ ਡਰਿ = ਡਰ ਕਰਕੇ ਓਨਾ ਚਿਰ ਮਰਤੇ = ਮਰਦੇ ਰਹਿੰਦੇ ਹਨ, ਜਬ = ਜਦੋਂ ਤਕ ਇਨ੍ਹਾਂ ਨੇ ਪਰਮੇਸ਼ਰ ਨੂੰ ਦੂਰ ਜਾਨੀਐ = ਜਾਣਿਆ ਹੋਇਆ ਹੈ।

ਜਿਸ ਵੇਲੇ ਜੀਵਾਂ ਨੇ ਵਾਹਿਗੁਰੂ ਨੂੰ ਸਾਰੇ ਭਰਪੂਰਿ = ਵਿਆਪਕ ਦੇਖਿਆ = ਵੇਖ ਲਿਆ ਤਾਂ ਸਾਰਾ ਡਰ ਚੂਕਾ = ਚੁੱਕਿਆ, ਦੂਰ ਹੋ ਜਾਵੇਗਾ ॥੧॥

## ਸਤਿਗੁਰ ਅਪੁਨੇ ਕਉ; ਬਲਿਹਾਰੈ ॥ ਛੋਡਿ ਨ ਜਾਈ; ਸਰਪਰ ਤਾਰੈ ॥੧॥ਰਹਾਉ॥

ਅਪੁਨੇ = ਆਪਣੇ ਸਤਿਗੁਰਾਂ ਕਉ = ਦੇ ਤਾਈਂ ਬਲਿਹਾਰੈ = ਕੁਰਬਾਨ ਜਾਈਏ। ਕਿਉਂਕਿ ਗੁਰੂ ਜੀ ਆਪਣੀ ਸ਼ਰਨ ਵਿਚ ਆਇਆਂ ਨੂੰ ਛੋਡਿ = ਛੱਡ ਕਰ ਕੇ ਕਿਤੇ ਵੀ ਨ = ਨਹੀਂ ਜਾਈ = ਜਾਂਦੇ, ਸਰਪਰ = ਜ਼ਰੂਰ ਬਰ ਜ਼ਰੂਰ, ਨਿਸਚੇ ਕਰਕੇ ਹੀ ਉਨ੍ਹਾਂ ਨੂੰ ਸਤਿਗੁਰੂ ਜੀ ਸੰਸਾਰ-ਸਮੁੰਦਰ ਤੋਂ ਤਾਰੈ = ਤਾਰ ਲੈਂਦੇ ਹਨ ॥੧॥ਰਹਾਉ॥

## ਦੂਖੁ ਰੋਗੁ ਸੋਗੁ; ਬਿਸਰੈ ਜਬ ਨਾਮੁ ॥ ਸਦਾ ਅਨੰਦੁ; ਜਾ ਹਰਿ ਗੁਣ ਗਾਮੁ ॥੨॥

ਹੇ ਭਾਈ ! ਇਹ ਜੰਮਣ ਮਰਣ ਰੂਪੀ ਦੂਖ = ਦੁਖ, ਹਉਮੈ ਆਦਿਕ ਦੇ ਰੋਗ **ਵਾ:** ਪ੍ਰਤੱਖ ਸਰੀਰ ਨੂੰ ਬਿਮਾਰੀ ਆਦਿਕ ਅਤੇ ਸੋਗੁ = ਵਿਛੋੜਾ, ਚਿੰਤਾ ਆਦਿ ਉਸ ਵੇਲੇ ਚਿੰਬੜਦੇ ਹਨ, ਜਬ = ਜਿਸ ਵੇਲੇ ਜੀਵ ਨੂੰ ਪਰਮੇਸ਼ਰ ਦਾ ਨਾਮ ਬਿਸਰੈ = ਭੁੱਲ ਜਾਂਦਾ ਹੈ।

ਪਰ ਜਾ = ਜੇਕਰ ਹਰੀ ਦੇ ਗੁਣ = ਗੁਣਾਂ ਨੂੰ ਗਾਮੁ = ਗਾਉਣਾ ਕਰੀਏ ਤਾਂ ਸਦਾ ਅਨੰਦ ਸਰੂਪ ਦੀ ਪ੍ਰਾਪਤੀ ਹੁੰਦੀ ਹੈ ॥੨॥

## ਬੁਰਾ ਭਲਾ; ਕੋਈ ਨ ਕਹੀਜੈ ॥ ਛੋਡਿ ਮਾਨੁ; ਹਰਿ ਚਰਨ ਗਹੀਜੈ ॥੩॥

ਕਿਸੇ ਨੂੰ ਬੁਰਾ = ਦੁਰਬਚਨ ਨਾ ਕਹੀਜੈ = ਕਹਿਣਾ ਕਰੀਏ ਅਤੇ ਆਪਣੇ ਆਪ ਨੂੰ ਭਲਾ = ਚੰਗਾ ਨਾ ਕਹੀਏ, ਭਾਵ ਕਿਸੇ ਨੂੰ ਬੁਰਾ ਕਹਿਣ ਨਾਲ ਨਿੰਦਿਆ ਹੁੰਦੀ ਹੈ ਤੇ ਆਪ ਨੂੰ ਭਲਾ ਕਹਿਣ ਨਾਲ ਝੂਠ ਬੋਲਣਾ ਪੈਂਦਾ ਹੈ, ਹਉਮੈ ਵਧਦੀ ਹੈ **ਵਾ:** ਕਿਸੇ ਬੁਰਾ = ਬੁਰਿਆਈ ਵਾਲੇ ਨੂੰ ਭਲਾ ਸ਼ਬਦ ਕਹਿ ਦੇਣਾ ਪਰ ਉਸ ਵਿਚ ਉਹ ਸ਼ੁਭ ਗੁਣ ਨਾ ਹੋਵਣ, ਇਸ ਕਰਕੇ ਝੂਠ ਬੋਲਣਾ ਪੈਂਦਾ ਹੈ। ਕੋਈ = ਕਿਸੇ ਨੂੰ ਬੁਰਾ ਕਹੇ ਪਰ ਉਹ ਬੁਰਾ ਨਾ ਹੋਵੇ ਤਾਂ ਪਾਪ ਹੈ। ਇਸ ਲਈ ਬੁਰਾ ਭਲਾ ਨਹੀਂ ਕਹੀਜੈ = ਕਹਿਣਾ ਚਾਹੀਦਾ।

ਆਪਣੇ ਸਰੀਰ **ਵਾ:** ਗੁਣਾਂ ਦਾ ਮਾਨੁ = ਹੰਕਾਰ ਛੱਡ ਕੇ ਹਰਿ = ਅਕਾਲ ਪੁਰਖ ਦੇ ਚਰਨਾਂ ਨੂੰ ਗਹੀਜੈ = ਪਕੜਨਾ ਕਰੀਏ ॥੩॥

## ਕਹੁ ਨਾਨਕ; ਗੁਰ ਮੰਤ੍ਰੁ ਚਿਤਾਰਿ ॥
## ਸੁਖੁ ਪਾਵਹਿ; ਸਾਚੈ ਦਰਬਾਰਿ ॥੪॥੩੨॥੧੦੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਗੁਰ = ਗੁਰੂ ਸਾਹਿਬ ਦੇ ਮੰਤ੍ਰ = ਉਪਦੇਸ਼ ਦੁਆਰਾ ਅੰਮ੍ਰਿਤ ਨਾਮ ਨੂੰ ਚਿਤ ਨਾਲ ਚਿਤਾਰਿ = ਚਿਤਾਰਨਾ ਜਪਣਾ ਕਰੀਏ।

ਫਿਰ ਸਾਚੈ = ਸੱਚੇ ਸਚਖੰਡ ਸਾਧ ਸੰਗਤ ਰੂਪੀ ਦਰਬਾਰ ਵਿਚ ਸੁਖ ਸਰੂਪ ਨੂੰ ਪਾਵਹਿ = ਪਾ ਲਵਾਂਗੇ ॥੪॥੩੨॥੧੦੧॥

## ਗਉੜੀ, ਮਹਲਾ ੫ ॥

## ਜਾ ਕਾ ਮੀਤੁ; ਸਾਜਨੁ ਹੈ ਸਮੀਆ ॥ ਤਿਸੁ ਜਨ ਕਉ; ਕਹੁ ਕਾ ਕੀ ਕਮੀਆ ॥੧॥

ਹੇ ਭਾਈ ! ਜਾ = ਜਿਸ ਕਾ = ਦਾ ਮੀਤੁ = ਮਿਤਰ ਸਾਜਨੁ = ਪਿਆਰਾ ਅਕਾਲ ਪੁਰਖ ਵਾਹਿਗੁਰੂ ਸਾਰੇ ਸਮੀਆ = ਵਿਆਪਕ ਹੈ, ਸਮਾਇਆ ਹੋਇਆ ਹੈ **ਵਾ:** ਸਮੀਆ = ਸਮ ਰੂਪ ਹੋ ਕੇ ਸਾਰਿਆਂ ਵਿਚ ਵਰਤ ਰਿਹਾ ਹੈ। ਫਿਰ ਕਹੁ = ਕਹੋ ਖਾਂ ਕਿ ਤਿਸੁ = ਉਸ ਜਨ = ਪਿਆਰੇ ਨੂੰ ਕਾ = ਕਿਸ ਚੀਜ਼ ਕੀ = ਦੀ ਕਮੀਆ = ਕਮੀ ਰਹਿ ਜਾਂਦੀ ਹੈ, ਭਾਵ ਕੋਈ ਕਮੀ ਨਹੀਂ ਰਹਿੰਦੀ, ਸਭਿ ਰਿੱਧੀਆਂ ਸਿੱਧੀਆਂ ਉਸ ਦੀ ਤਲੀ 'ਤੇ ਰੱਖੀਆਂ ਹੋਈਆਂ ਹਨ ॥੧॥ ਜੈਸਾ ਕਿ :

**ਸਭ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥** *(ਅੰਗ ੪੯੫)*

## ਜਾ ਕੀ ਪ੍ਰੀਤਿ; ਗੋਬਿੰਦ ਸਿਉ ਲਾਗੀ ॥
## ਦੂਖੁ ਦਰਦੁ ਭ੍ਰਮੁ; ਤਾ ਕਾ ਭਾਗੀ ॥੧॥ਰਹਾਉ॥

ਹੇ ਭਾਈ ! ਜਾ = ਜਿਸ ਕੀ = ਦੀ ਪ੍ਰੀਤਿ = ਪ੍ਰੀਤੀ ਗੋਬਿੰਦ = ਪਰਮੇਸ਼ਰ ਦੇ ਸਿਉ = ਨਾਲ ਲਾਗੀ = ਲੱਗ ਗਈ ਹੈ। ਤਾ ਕਾ = ਉਸ ਦਾ ਜੰਮਣ ਮਰਣ ਦਾ ਦੂਖ = ਦੁਖ ਅਵਿਦਿਆ ਦੀ ਦਰਦੁ = ਪੀੜਾ ਅਤੇ ਸਰੂਪ ਦਾ **ਵਾ:** ਪੰਜ ਪ੍ਰਕਾਰ ਦਾ ਭਰਮ ਸਾਰਾ ਭਾਗੀ = ਭੱਜ ਗਿਆ ਹੈ, ਨਵਿਰਤ ਹੋ ਗਿਆ ਹੈ ॥੧॥ਰਹਾਉ॥

## ਜਾ ਕਉ ਰਸੁ; ਹਰਿ ਰਸੁ ਹੈ ਆਇਓ ॥ ਸੋ ਅਨ ਰਸ; ਨਾਹੀ ਲਪਟਾਇਓ ॥੨॥

ਹੇ ਭਾਈ ! ਜਾ = ਜਿਸ ਕਉ = ਨੂੰ ਸ਼ਬਦ, ਸਪਰਸ਼ ਰੂਪ ਰਸ ਗੰਧ ਆਦਿ ਦੁਨਿਆਵੀ ਰਸਾਂ ਦਾ ਤਿਆਗ ਕਰ ਕੇ ਸਤਿਗੁਰਾਂ ਦੁਆਰਾ ਹਰਿ = ਹਰੀ ਦਾ ਪ੍ਰੇਮ, ਨਾਮ ਰਸ ਆਇਓ = ਆ ਕੇ ਪ੍ਰਾਪਤ ਹੋਇਆ ਹੈ।

ਸੋ = ਉਹ ਅਨ = ਹੋਰ ਕਿਸੇ ਪ੍ਰਕਾਰ ਦੇ ਦ੍ਵੈਸ਼ ਆਦਿ ਦੇ ਰਸ = ਰਸਾਂ ਸ੍ਵਾਦਾਂ ਦੇ ਵਿਚ ਲਪਟਾਇਓ = ਲਿਪਾਏਮਾਨ ਨਾਹੀ = ਨਹੀਂ ਹੁੰਦਾ ॥੨॥

## ਜਾ ਕਾ ਕਹਿਆ; ਦਰਗਹ ਚਲੈ ॥ ਸੋ ਕਿਸ ਕਉ; ਨਦਰਿ ਲੈ ਆਵੈ ਤਲੈ ॥੩॥

(**ਤਲੈ** ਦਾ ਉਚਾਰਨ ਧੋਲਾ ਹੈ)

ਜਾ = ਜਿਸ ਪੁਰਖ ਕਾ = ਦਾ ਕਹਿਆ = ਕਿਹਾ ਹੋਇਆ ਬਚਨ ਦਰਗਹ = ਦਰਗਾਹ ਵਿਚ ਚਲੈ = ਚੱਲਦਾ ਹੈ। ਜੈਸਾ ਕਿ :

**ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥** *(ਸੂਹੀ ਮ: ੫, ਅੰਗ ੭੪੮)*

ਸੋ = ਉਹ ਕਿਸ ਕਉ = ਨੂੰ ਆਪਣੀ ਨਦਰਿ = ਦ੍ਰਿਸ਼ਟੀ ਤਲੈ = ਹੇਠਾਂ ਲੈ ਕੇ ਆਵੈ = ਆਉਣਾ ਕਰੇ ਭਾਵ ਉਹ ਕਿਸੇ ਦੀ ਵੀ ਪ੍ਰਵਾਹ ਨਹੀਂ ਕਰਦਾ।੩।

## ਜਾ ਕਾ ਸਭੁ ਕਿਛੁ; ਤਾ ਕਾ ਹੋਇ ॥
## ਨਾਨਕ; ਤਾ ਕਉ ਸਦਾ ਸੁਖੁ ਹੋਇ ॥੪॥੩੩॥੧੦੨॥

ਹੇ ਭਾਈ ! ਜਾ = ਜਿਸ ਵਾਹਿਗੁਰੂ ਕਾ = ਦਾ ਸਭੁ = ਸਾਰਾ ਕਿਛੁ = ਕੁਝ ਬ੍ਰਹਮੰਡ ਆਦਿਕ ਰਚਿਆ ਹੋਇਆ ਹੈ, ਤਾ = ਤਿਸ ਪਰਮੇਸ਼ਰ ਕਾ = ਦਾ ਹੋਇ = ਹੋਣਾ, ਬਣਨਾ ਕਰ।

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਾ = ਤਿਸ ਪੁਰਖ ਕਉ = ਨੂੰ ਸਦਾ = ਸਦੀਵੀ ਸੁਖ **ਵਾ:** ਨਿੱਤ ਰਹਿਣ ਵਾਲਾ ਸੁਖੁ = ਅਨੰਦ ਪ੍ਰਾਪਤ ਹੋਇ = ਹੋ ਜਾਂਦਾ ਹੈ ॥੪॥੩੩॥੧੦੨॥

## ਗਉੜੀ, ਮਹਲਾ ੫ ॥

## ਜਾ ਕੈ; ਦੁਖੁ ਸੁਖੁ ਸਮ ਕਰਿ ਜਾਪੈ ॥ ਤਾ ਕਉ; ਕਾੜਾ ਕਹਾ ਬਿਆਪੈ ॥੧॥

ਜਾ = ਜਿਸ ਗੁਰਮੁਖ ਕੈ = ਦੇ ਹਿਰਦੇ ਨੇ ਦੁਖ ਅਤੇ ਸੁਖ ਸਮ = ਸਮਾਨ ਕਰਿ = ਕਰ ਕੇ ਜਾਪੈ = ਜਾਣਿਆ ਹੈ, ਭਾਵ ਜਿਸ ਦੀ ਅੰਤਸ਼ਕਰਣ ਦੀ ਬਿਰਤੀ ਦੁਖ ਸੁਖ ਵਿਚ ਇਕ-ਸਮਾਨ ਰਹਿੰਦੀ ਹੈ।

ਤਾ = ਉਸ ਕਉ = ਨੂੰ ਕਿਸੇ ਪ੍ਰਕਾਰ ਦਾ ਕਾੜਾ = ਝੋਰਾ, ਫ਼ਿਕਰ ਕਹਾ = ਕਿਥੇ ਬਿਆਪੈ = ਵਿਆਪਦਾ ਹੈ. ਭਾਵ ਨਹੀਂ ਵਿਆਪਦਾ ॥੧॥ ਜੈਸਾ ਕਿ :

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ॥** *(ਸੋਰਠਿ ਮ: ੯, ਅੰਗ ੬੩੩)*

## ਸਹਜ ਅਨੰਦ; ਹਰਿ ਸਾਧੂ ਮਾਹਿ ॥
## ਆਗਿਆਕਾਰੀ; ਹਰਿ ਹਰਿ ਰਾਇ ॥੧॥ਰਹਾਉ॥

ਹਰਿ = ਹਰੀ ਦੇ ਸਾਧੂ = ਸੰਤ ਜਨਾਂ ਦੀ ਸੰਗਤ ਮਹਿ = ਵਿਚ ਸਹਜ = ਸੁਤੇ ਹੀ ਸਰੂਪ ਦਾ ਅਨੰਦ ਬਣਿਆ ਰਹਿੰਦਾ ਹੈ **ਵਾ:** ਉਸ ਹਰੀ ਦੇ ਸਾਧੂ = ਸੰਤ ਜਨ ਦੇ ਹਿਰਦੇ ਮਹਿ = ਵਿਚ ਸਹਜ = ਗਿਆਨ ਕਰਕੇ ਸਦਾ ਹੀ ਅਨੰਦ ਬਣਿਆ ਰਹਿੰਦਾ ਹੈ, ਜੋ ਰਾਇ = ਰਾਜਾ ਸਰੂਪ ਹਰਿ ਹਰਿ ਪਰਮੇਸ਼ਰ ਦਾ ਸਦਾ ਆਗਿਆਕਾਰੀ = ਹੁਕਮ ਨੂੰ ਮੰਨਣ ਵਾਲਾ ਹੈ ॥੧॥ਰਹਾਉ॥

## ਜਾ ਕੈ; ਅਚਿੰਤੁ ਵਸੈ ਮਨਿ ਆਇ ॥
## ਤਾ ਕਉ; ਚਿੰਤਾ ਕਤਹੂੰ ਨਾਹਿ ॥੨॥

ਜਾ = ਜਿਸ ਕੈ = ਦੇ ਮਨਿ = ਹਿਰਦੇ ਵਿਚ ਅਚਿੰਤੁ = ਚਿੰਤਾਂ ਤੋਂ ਰਹਿਤ ਕਰਨ ਵਾਲਾ ਪਰਮੇਸ਼ਰ ਦਾ ਨਾਮ ਆਇ = ਆ ਕੇ ਵਸੈ = ਵਸ ਗਿਆ ਹੈ। ਤਾ = ਉਸ ਕਉ = ਨੂੰ ਕਤਹੂੰ = ਕਦੇ ਵੀ ਚਿੰਤਾ = ਫ਼ਿਕਰ ਨਾਹਿ = ਨਹੀਂ ਹੁੰਦਾ ॥੨॥

## ਜਾ ਕੈ ਬਿਨਸਿਓ; ਮਨ ਤੇ ਭਰਮਾ ॥
## ਤਾ ਕੈ; ਕਛੂ ਨਾਹੀ ਡਰੁ ਜਮਾ ॥੩॥

ਜਾ ਕੈ = ਜਿਸ ਦੇ ਮਨ ਤੇ = ਤੋਂ ਭਰਮਾ = ਭਰਮ ਬਿਨਸਿਓ = ਨਾਸ ਹੋ ਗਿਆ ਹੈ।

ਤਾ ਕੈ = ਉਸ ਦੇ ਮਨ ਨੂੰ ਜਮਾ = ਜਮਾਂ **ਵਾ:** ਜਮਾ = ਜ਼ਮਾਨੇ ਦਾ **ਵਾ:** ਜਮਾ = ਉੱਕਾ ਹੀ ਕਛੂ = ਕੁਝ ਵੀ ਡਰ ਨਾਹੀ = ਨਹੀਂ ਲੱਗਦਾ ॥੩॥

## ਜਾ ਕੈ ਹਿਰਦੈ; ਦੀਓ ਗੁਰਿ ਨਾਮਾ ॥
## ਕਹੁ ਨਾਨਕ; ਤਾ ਕੈ ਸਗਲ ਨਿਧਾਨਾ ॥੪॥੩੪॥੧੦੩॥

ਜਾ ਕੈ = ਜਿਸ ਦੇ ਹਿਰਦੈ = ਚਿਤ ਅੰਦਰ ਗੁਰਿ = ਸਤਿਗੁਰੂ ਸਾਹਿਬ ਜੀ ਨੇ ਨਾਮਾ = ਅੰਮ੍ਰਿਤ ਨਾਮ ਬਖ਼ਸ਼ ਦੀਓ = ਦਿੱਤਾ ਹੈ।

ਗੁਰੂ ਜੀ ਉਚਾਰਨ ਕਰਦੇ ਹਨ ਕਿ ਤਾ ਕੈ = ਤਿਸ ਨੂੰ ਸਗਲ = ਸਾਰੇ ਨਿਧਾਨਾ = ਖ਼ਜ਼ਾਨੇ ਬਖ਼ਸ਼ ਦਿੱਤੇ ਹਨ ॥੪॥੩੪॥੧੦੩॥

## ਗਉੜੀ, ਮਹਲਾ ੫ ॥

## ਅਗਮ ਰੂਪ ਕਾ; ਮਨ ਮਹਿ ਥਾਨਾ ॥

ਹੇ ਭਾਈ! ਅਗਮ = ਮਨ ਦੀ ਗੰਮਤਾ ਤੋਂ ਪਰ੍ਹੇ **ਵਾ:** ਅਗਮ = ਅਚੱਲ ਰੂਪ ਪਰਮੇਸ਼ਰ ਕਾ = ਦਾ ਮਨ = ਹਿਰਦੇ ਦੇ ਮਹਿ = ਵਿਚ ਹੀ ਥਾਨਾ = ਅਸਥਾਨ ਹੈ।

## ਗੁਰ ਪ੍ਰਸਾਦਿ; ਕਿਨੈ ਵਿਰਲੈ ਜਾਨਾ ॥੧॥

ਪਰ ਗੁਰ = ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਉਸ ਵਿਆਪਕ ਸਰੂਪ ਨੂੰ ਕਿਨੈ = ਕਿਸੇ ਵਿਰਲੈ = ਟਾਂਵੇ ਨੇ ਹੀ ਜਾਨਾ = ਜਾਨਣਾ ਕੀਤਾ ਹੈ ॥੧॥

## ਸਹਜ ਕਥਾ ਕੇ; ਅੰਮ੍ਰਿਤ ਕੁੰਟਾ ॥

ਉਸ ਸਹਜ = ਗਿਆਨ ਸਰੂਪ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਕਥਾ ਕੇ = ਦੇ ਸੰਤ ਮਹਾਤਮਾ ਦੇ ਹਿਰਦੇ ਅੰਮ੍ਰਿਤ ਦੇ ਕੁੰਟਾ = ਕੁੰਡ ਬਣੇ ਹੋਏ ਹਨ **ਅਥਵਾ** ਉਸ ਦੀ ਸਹਜ ਅਵਸਥਾ ਦੀ ਕਥਾ ਨੂੰ ਕਰਨ ਵਾਸਤੇ ਮਹਾਂਪੁਰਖਾਂ ਦੇ ਮੁਖ ਅੰਮ੍ਰਿਤ ਦੇ ਕੁੰਟਾ = ਕੁੰਡ ਬਣੇ ਹੋਏ ਹਨ, ਭਾਵ ਮਹਾਂਪੁਰਖਾਂ ਦੀ ਰਸਨਾ ਵਿੱਚੋਂ ਅੰਮ੍ਰਿਤ ਨਾਮ ਹੀ ਸੁਣਨ ਨੂੰ ਮਿਲਦਾ ਹੈ।

## ਜਿਸਹਿ ਪਰਾਪਤਿ; ਤਿਸੁ ਲੈ ਭੁੰਚਾ ॥੧॥ਰਹਾਉ॥

ਜਿਸਹਿ = ਜਿਸ ਨੂੰ ਸਾਧ ਸੰਗਤ ਦੀ ਪਰਾਪਤਿ = ਪ੍ਰਾਪਤ ਹੋਈ ਹੈ, ਤਿਸ = ਉਸ ਨੇ ਸਾਧ ਸੰਗਤ ਵਿੱਚੋਂ ਅੰਮ੍ਰਿਤ ਨਾਮ ਨੂੰ ਲੈ ਕੇ ਭੁੰਚਾ = ਭੁੰਚਣਾ, ਭੋਗਣਾ ਕੀਤਾ ਹੈ ॥੧॥ਰਹਾਉ॥

## ਅਨਹਤ ਬਾਣੀ; ਥਾਨੁ ਨਿਰਾਲਾ ॥

ਅਨਹਤ = ਨਾਸ ਤੋਂ ਰਹਿਤ ਸਾਖਿਆਤਤਾ ਰੂਪ ਬਾਣੀ ਦਾ ਥਾਨੁ = ਅਸਥਾਨ ਦੁਨੀਆਂ ਤੋਂ ਨਿਰਾਲਾ = ਵੱਖਰਾ ਹੈ **ਅਥਵਾ** ਅਨਹਤ = ਨਾਸ ਤੋਂ ਰਹਿਤ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਸਾਧਸੰਗਤ ਰੂਪੀ ਥਾਨੁ = ਜਗ੍ਹਾ ਦੁਨੀਆਂ ਦੀ ਲੋਕ ਵਾਰਤਾ, ਦੇਸ਼ ਵਾਰਤਾ, ਕੌਮ ਵਾਰਤਾ ਤੋਂ ਨਿਰਾਲਾ = ਨਿਆਰੀ ਹੀ ਹੈ **ਅਥਵਾ** ਜੋ ਅਨਹਤ = ਨਾਸ ਤੋਂ ਰਹਿਤ ਹੈ ਬਾਣੀ ਆਦਿਕਾਂ ਦਾ ਵਿਸ਼ਾ ਨਹੀਂ ਹੈ। ਉਹ ਸਰੂਪ ਰੂਪੀ ਥਾਂ ਸਭ ਤੋਂ ਨਿਰਾਲਾ = ਨਿਆਰਾ ਅਸੰਗ ਹੈ **ਅਥਵਾ** ਜੋ ਮਹਾਂਪੁਰਸ਼ ਨਾਸ ਤੋਂ ਰਹਿਤ ਬਾਣੀ ਨੂੰ ਉਚਾਰਨ ਕਰਦਾ ਹੈ, ਉਸ ਦਾ ਅੰਤਸ਼ਕਰਣ ਰੂਪੀ ਥਾਂ ਨਿਰਾਲਾ = ਨਿਆਰਾ ਹੀ ਹੈ।

## ਤਾ ਕੀ ਧੁਨਿ; ਮੋਹੇ ਗੋਪਾਲਾ ॥੨॥

ਤਾ = ਉਸ ਸੰਤ ਜਨ ਕੀ = ਦੀ ਸ਼ਬਦ ਦੀ ਧੁਨਿ = ਧੁਨੀ, ਅਵਾਜ ਸੁਣ ਕਰ ਕੇ ਗੋਪਾਲਾ = ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪਰਮੇਸ਼ਰ ਵੀ ਮੋਹੇ = ਮੋਹਿਤ ਹੋ ਜਾਂਦਾ ਹੈ, ਅਨੰਦ ਦੇ ਸਹਿਤ ਹੋ ਜਾਂਦਾ ਹੈ।੨।

ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਦੇ ਕੋਲੋਂ ਕੀਰਤਨ ਸੁਣਿਆ ਕਰਦੇ ਸਨ। ਜਦੋਂ ਭਾਈ ਮਰਦਾਨਾ ਜੀ ਨੇ ਪਹਿਲੀ ਵਾਰ ਰਬਾਬ ਵਜਾਇਆ ਤਾਂ ਉਸ ਵੇਲੇ ਬ੍ਰਿਛਾਂ ਵਿੱਚੋਂ ਰਸ ਨੁੱਚੜਨ ਲੱਗ ਪਿਆ। ਸੁਣਨ ਵਾਲੇ ਪੰਛੀ ਆਪਣੇ ਖੰਭਾਂ ਨੂੰ ਪਸਾਰ ਕੇ ਬੈਠ ਗਏ। ਜੋ ਵੀ ਵਣ ਦੇ ਹਿਰਨ ਸਨ, ਉਹ ਵੀ ਆ ਕੇ ਖੜ੍ਹੇ ਹੋ ਗਏ। ਸ਼ੇਰ ਬਘਿਆੜ ਆਦਿ ਵੀ ਵਿਰੋਧ ਛੱਡ ਕੇ ਕੀਰਤਨ ਸੁਣਨ ਲੱਗ ਪਏ।

ਸਤਿਗੁਰਾਂ ਨੇ ਕਿਹਾ ਕਿ ਦੱਸ ਮਰਦਾਨਿਆਂ! ਤੁਸਾਂ ਕਿਹੋ ਜਿਹਾ ਰਬਾਬ ਵੇਖਿਆ! ਮਰਦਾਨਾ ਕਹਿਣ ਲੱਗਾ—ਮਹਾਰਾਜ ਤੁਹਾਡੀ ਕੁਦਰਤ ਨੂੰ ਤੁਸੀਂ ਹੀ ਜਾਣਦੇ ਹੋ। ਬਹੁਤ ਹੀ ਅਸਚਰਜ ਹੈ ਮੈਂ ਤਾਂ ਕਿਸੇ ਕੋਲੋਂ

ਕਦੇ ਸਿੱਖਿਆ ਨਹੀਂ। ਇਹ "ਸਤਿ ਕਰਤਾਰ, ਤੂੰ ਹੀ ਨਿਰੰਕਾਰ" ਦੀ ਧੁਨੀ ਦੀ ਅਵਾਜ਼ ਆ ਰਹੀ ਹੈ। ਸੋ ਇਸ ਪ੍ਰਕਾਰ ਨਿਰੰਕਾਰ ਦੀ ਧੁਨੀ ਨੇ ਸਾਰੇ ਜੀਵ ਜੰਤ, ਜੜ੍ਹ ਵਸਤੂਆਂ ਵੀ ਮੋਹਿਤ ਕਰ ਲਈਆਂ **ਵਾ:** ਉਨ੍ਹਾਂ ਦੀ ਧੁਨੀ ਨੂੰ ਸੁਣ ਕੇ ਪ੍ਰਿਥਵੀ ਦਾ ਪਾਲਕ ਆਪ ਮੋਹਿਤ ਹੋ ਜਾਂਦਾ ਹੈ।

## ਤਹ ਸਹਜ ਅਖਾਰੇ; ਅਨੇਕ ਅਨੰਤਾ ॥

ਤਹ = ਉਥੇ ਸੰਤਾਂ ਦੀ ਸੰਗਤ ਵਿਚ ਸਹਜ = ਸੁਤੇ ਹੀ ਅਖਾਰੇ = ਸਭਾ ਲੱਗੀਆਂ ਰਹਿੰਦੀਆਂ ਹਨ ਅਨੇਕ = ਬੇਅੰਤ ਹੀ ਸ੍ਰਵਣ ਅਤੇ ਅਨੰਤਾ = ਬੇਅੰਤ ਹੀ ਪਰਮੇਸ਼ਰ ਦਾ ਮੰਨਣ ਕਰਦੇ ਹਨ **ਅਥਵਾ** ਉਥੇ ਸਹਜ = ਸਹਿਜੇ ਹੀ ਸ੍ਰਵਣ, ਮੰਨਣ, ਨਿਧਿਆਸਣ ਦੇ ਅਖਾਰੇ = ਸਭਾ ਲੱਗੀਆਂ ਰਹਿੰਦੀਆਂ ਹਨ। ਅਨੇਕ = ਅਨੇਕਾਂ ਹੀ ਸਰੂਪ ਦੀ ਸਾਖਿਆਤਤਾ ਵਾਲੇ ਜੀਵਨ ਮੁਕਤ ਰਹਿੰਦੇ ਹਨ। ਅਨੰਤ = ਬੇਅੰਤ ਹੀ ਵਿਦੇਹ ਮੁਕਤ ਉਸ ਅਵਸਥਾ ਵਿਚ ਬੈਠੇ ਰਹਿੰਦੇ ਹਨ।

## ਪਾਰਬ੍ਰਹਮ ਕੇ; ਸੰਗੀ ਸੰਤਾ ॥੩॥

ਉਥੇ ਪਾਰਬ੍ਰਹਮ = ਪਰਮੇਸ਼ਰ ਕੇ = ਦੇ ਸੰਗੀ ਸੰਤਾ = ਮਹਾਤਮਾ ਰਹਿੰਦੇ ਹਨ ॥੩॥

## ਹਰਖ ਅਨੰਤ; ਸੋਗ ਨਹੀ ਬੀਆ ॥

ਉਥੇ ਸਾਧਸੰਗਤ ਵਿਚ ਅਨੰਤ = ਅੰਤ ਤੋਂ ਰਹਿਤ ਹਰਖ = ਅਨੰਦ ਹੀ ਅਨੰਦ ਹੈ ਹੋਰ ਬੀਆ = ਦੂਜੀ ਕੋਈ ਚੀਜ਼ ਸੋਗ = ਫ਼ਿਕਰ ਵਾਲੀ ਨਹੀਂ ਹੈ।

## ਸੋ ਘਰੁ; ਗੁਰਿ ਨਾਨਕ ਕਉ ਦੀਆ ॥੪॥੩੫॥੧੦੪॥

ਸਤਿਗੁਰੂ ਜੀ ਕਥਨ ਕਰਦੇ ਹਨ ਸੋ = ਉਹ ਸਤਸੰਗਤ, ਸਚਖੰਡ, ਸਰੂਪ ਰੂਪੀ ਘਰ ਮੈਨੂੰ ਦਾਸ ਕਉ = ਨੂੰ ਗੁਰਿ = ਸਤਿਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਰਾਮਦਾਸ ਜੀ ਨੇ ਦੀਆ = ਦੇਣਾ ਕੀਤਾ ਹੈ ॥੪॥੩੫॥੧੦੪॥

### ਅਨਹਤ ਬਾਣੀ; ਥਾਨੁ ਨਿਰਾਲਾ ॥

ਜੋ ਪਰਮੇਸ਼ਰ ਦੇ ਸੰਗੀ ਸੰਤ ਹਨ, ਉਨ੍ਹਾਂ ਦੀ ਐਸੀ ਰਸਨਾ ਹੈ ਕਿ ਅਨਹਤ ਬਾਣੀ = ਨਾਸ ਤੋਂ ਰਹਿਤ ਮਰਿਆਂ ਨੂੰ ਜਿਊਂਦਾ ਕਰਨ ਵਾਲੀ ਬਾਣੀ ਉਚਾਰਦੇ ਹਨ।

ਥਾਨੁ ਨਿਰਾਲਾ = ਉਨ੍ਹਾਂ ਦਾ ਹਿਰਦਾ ਰੂਪੀ ਅਸਥਾਨ ਰਾਗ ਦ੍ਵੈਖ ਤੋਂ ਨਿਰਾਲਾ = ਵੱਖਰਾ ਹੈ।

### ਤਾ ਕੀ ਧੁਨਿ; ਮੋਹੇ ਗੋਪਾਲਾ ॥

ਤਾ ਕੀ = ਉਨ੍ਹਾਂ ਦੀ ਧੁਨੀ ਦਾ ਉਚਾਰਨ ਗੋਪਾਲਾ = ਪਰਮੇਸ਼ਰ ਨੂੰ ਵੀ ਮੋਹਿਤ ਕਰ ਲੈਂਦਾ ਹੈ। ਫਿਰ ਜੀਵ ਜੰਤ ਕਿਉਂ ਨਾ ਮੋਹੇ ਜਾਣ, ਉਨ੍ਹਾਂ ਨੂੰ ਵੀ ਪਰਮੇਸ਼ਰ ਦੇ ਰੰਗ ਵਿਚ ਜੋੜ ਦਿੰਦੇ ਹਨ।

### ਤਹ ਸਹਜ ਅਖਾਰੇ; ਅਨੇਕ ਅਨੰਤਾ ॥

ਤਹ = ਉਥੇ ਸਹਜ ਅਵਸਥਾ ਵਾਲੇ ਸੰਤ ਜਨਾਂ ਦੀਆਂ ਅਖਾਰੇ = ਸਭਾ ਲੱਗੀ ਹੋਈ ਹੈ, ਜਿਸ ਵਿਚ ਅਨੇਕਾਂ ਸ੍ਰਵਣ, ਮੰਨਣ ਵਾਲੇ ਪ੍ਰੇਮੀ ਹਨ ਅਤੇ ਅਨੰਤ = ਬੇਅੰਤ ਹੀ ਨਿਧਿਆਸਣ ਦੁਆਰਾ ਸਰੂਪ ਦੀ ਸਾਖਿਆਤਤਾ ਵਾਲੇ ਹਨ।

### ਪਾਰਬ੍ਰਹਮ ਕੇ; ਸੰਗੀ ਸੰਤਾ ॥੩॥

ਉਹ ਪਾਰਬ੍ਰਹਮ = ਪਰਮੇਸ਼ਰ ਦੇ ਸੰਗੀ ਅਭੇਦਤਾ ਵਾਲੇ ਸੰਤ ਮਹਾਤਮਾ ਹਨ ॥੩॥

**ਹਰਖ ਅਨੰਤ; ਸੋਗ ਨਹੀ ਬੀਆ ॥**

ਉਥੇ ਅੰਤ ਤੋਂ ਰਹਿਤ ਹਰਖ = ਅਨੰਦ ਹੀ ਅਨੰਦ ਹੈ, ਬੀਆ = ਦੂਸਰਾ ਵਿਛੋੜੇ ਆਦਿ ਕਰਕੇ ਕਦੇ ਸੋਗ ਨਹੀਂ ਹੁੰਦਾ।

**ਸੋ ਘਰੁ; ਗੁਰਿ ਨਾਨਕ ਕਉ ਦੀਆ ॥੪॥੩੫॥੧੦੪॥**

ਸੋ = ਉਹ ਘਰ ਗੁਰੂ ਰਾਮਦਾਸ ਜੀ ਨੇ ਸਾਡੇ ਤਾਈਂ ਦੇਣਾ ਕੀਤਾ ਹੈ ॥੪॥੩੫॥੧੦੪॥

## ਗਉੜੀ, ਮਃ ੫ ॥

## ਕਵਨ ਰੂਪੁ ਤੇਰਾ; ਆਰਾਧਉ ॥ ਕਵਨ ਜੋਗ; ਕਾਇਆ ਲੇ ਸਾਧਉ ॥੧॥

ਹੇ ਮਹਾਰਾਜ ! ਤੇਰਾ ਕਵਨ = ਕਿਹੜਾ ਰੂਪ ਆਰਾਧਉ = ਅਰਾਧਨਾ ਕਰੀਏ ?

ਕਵਨ = ਕਿਹੜਾ ਜੋਗ ਕਰ ਕੇ ਕਾਇਆ = ਦੇਹ ਨੂੰ ਸਾਧਉ = ਸਾਧਣਾ ਕਰੀਏ ?॥੧॥

[ਅੰਗ ੧੮੭]

## ਕਵਨ ਗੁਨੁ; ਜੋ ਤੁਝੁ ਲੈ ਗਾਵਉ ॥ ਕਵਨ ਬੋਲ; ਪਾਰਬ੍ਰਹਮ ਰੀਝਾਵਉ ॥੧॥ਰਹਾਉ॥

ਕਵਨ = ਕਿਹੜੇ ਗੁਨੁ = ਗੁਣਾਂ ਨੂੰ ਲੈ = ਪ੍ਰਾਪਤ ਕਰ ਕੇ ਤੁਝੁ = ਤੈਨੂੰ ਗਾਵਉ = ਗਾਉਣਾ ਕਰੀਏ ?

ਹੇ ਪਾਰਬ੍ਰਹਮ = ਪਰਮੇਸ਼ਰ ! ਉਹ ਕਵਨ = ਕਿਹੜੇ ਬੋਲ = ਬਚਨ ਹਨ, ਜਿਨ੍ਹਾਂ ਕਰਕੇ ਤੈਨੂੰ ਰੀਝਾਵਉ = ਪ੍ਰਸੰਨ ਕਰੀਏ ? ॥੧॥ਰਹਾਉ॥

## ਕਵਨ ਸੁ ਪੂਜਾ ਤੇਰੀ; ਕਰਉ ॥ ਕਵਨ ਸੁ ਬਿਧਿ; ਜਿਤੁ ਭਵਜਲ ਤਰਉ ॥੨॥

ਤੇਰੀ ਕਵਨ = ਕਿਹੜੀ ਸੁ = ਸ੍ਰੇਸ਼ਟ ਪੂਜਾ ਕਰਉ = ਕਰਨਾ ਕਰੀਏ ?

ਉਹ ਕਵਨ = ਕਿਹੜੀ ਸੁ = ਸ੍ਰੇਸ਼ਟ ਬਿਧਿ = ਜੁਗਤੀ ਹੈ, ਜਿਤੁ = ਜਿਸ ਦੁਆਰਾ ਭਵਜਲ = ਸੰਸਾਰ-ਸਮੁੰਦਰ ਤੋਂ ਤਰਉ = ਤਰ ਜਾਈਏ ॥੨॥

## ਕਵਨ ਤਪੁ; ਜਿਤੁ ਤਪੀਆ ਹੋਇ ॥ ਕਵਨੁ ਸੁ ਨਾਮੁ; ਹਉਮੈ ਮਲੁ ਖੋਇ ॥੩॥

ਉਹ ਕਵਨ = ਕਿਹੜਾ ਤਪ ਹੈ, ਜਿਤੁ = ਜਿਸ ਕਰਕੇ ਤਪੀਆ ਹੋਇ = ਹੋਈਦਾ ਹੈ।

ਸੁ = ਉਹ ਕਵਨੁ = ਕਿਹੜਾ ਨਾਮ ਹੈ, ਜਿਸ ਕਰਕੇ ਹਉਮੈ = ਹੰਗਤਾ ਦੀ ਮੈਲ ਖੋਇ = ਨਾਸ ਹੋ ਜਾਵੇਗੀ ॥੩॥

ਅੱਗੇ ਸਤਿਗੁਰੂ ਜੀ ਉਪਰੋਕਤ ਪ੍ਰਸ਼ਨਾਂ ਦਾ ਸਮੁੱਚਾ ਉੱਤਰ ਦਿੰਦੇ ਹਨ।

## ਗੁਣ ਪੂਜਾ ਗਿਆਨ ਧਿਆਨ; ਨਾਨਕ ਸਗਲ ਘਾਲ ॥
## ਜਿਸੁ ਕਰਿ ਕਿਰਪਾ; ਸਤਿਗੁਰੁ ਮਿਲੈ ਦਇਆਲ ॥੪॥

ਗੁਰੂ ਜੀ ਕਹਿੰਦੇ ਹਨ ਕਿ ਉਹੋ ਹੀ ਗੁਣ ਹਨ, ਉਹੋ ਹੀ ਪੂਜਾ ਹੈ, ਉਹੋ ਹੀ ਗਿਆਨ ਹੈ, ਉਹੋ ਹੀ ਧਿਆਨ ਹੈ, ਉਹੋ ਹੀ ਸਗਲ = ਸਾਰੀਆਂ ਘਾਲ = ਘਾਲਣਾ, ਕਮਾਈਆਂ ਸਫਲੀਆਂ ਹਨ।

ਜਿਸ ਨੂੰ ਕਿਰਪਾ = ਦਇਆ ਕਰਿ = ਕਰ ਕੇ ਦਇਆਲ = ਦਿਆਲੂ ਸਤਿਗੁਰੂ ਜੀ ਮਿਲੈ = ਮਿਲ ਪੈਂਦੇ ਹਨ ॥੪॥

## ਤਿਸ ਹੀ ਗੁਨੁ; ਤਿਨ ਹੀ ਪ੍ਰਭੁ ਜਾਤਾ ॥
## ਜਿਸ ਕੀ ਮਾਨਿ ਲੇਇ; ਸੁਖਦਾਤਾ ॥੧॥ਰਹਾਉ ਦੂਜਾ॥੩੬॥੧੦੫॥

ਤਿਸ = ਉਸੇ ਵਿਚ ਹੀ ਸਾਰੇ ਗੁਨੁ = ਗੁਣ ਹਨ, ਤਿਨ = ਤਿਸ ਨੇ ਹੀ ਪ੍ਰਭੁ = ਪ੍ਰਭੂ ਨੂੰ ਜਾਤਾ = ਜਾਣਿਆ ਹੈ। ਜਿਸ ਕੀ = ਦੀ ਬੇਨਤੀ ਸੁਖਦਾਤਾ = ਸੁਖਾਂ ਨੂੰ ਦੇਣ ਵਾਲਾ ਦਾਤਾ ਕਿਰਪਾ ਕਰਕੇ ਮਾਨਿ = ਮੰਨ ਲੇਇ = ਲੈਂਦਾ ਹੈ ॥੧॥ਰਹਾਉ ਦੂਜਾ॥੩੬॥੧੦੫॥

***ਨੋਟ :*** ਰਹਾਉ ਦੂਜਾ ਰਚ ਕੇ ਉਪਰੋਕਤ ਪ੍ਰਸ਼ਨਾਂ ਦਾ ਉੱਤਰ ਦਿੱਤਾ ਹੈ।

### ਅਰਥ ਦੂਸਰਾ

**ਕਵਨ ਰੂਪੁ ਤੇਰਾ; ਆਰਾਧਉ ॥**

***ਪ੍ਰਸ਼ਨ :*** *ਹੇ ਮਹਾਰਾਜ ! ਤੇਰਾ ਮੋਰ ਮੁਕਟ ਵਾਲਾ ਜਾਂ ਚਾਰ ਮੁਖਾਂ ਵਾਲਾ, ਜਾਂ ਚਾਰ ਭੁਜਾਂ ਵਾਲਾ ਜਾਂ ਪੰਜ ਮੂੰਹਾਂ ਵਾਲਾ ਆਦਿ ਕਿਹੜਾ ਰੂਪ ਆਰਾਧਉ = ਅਰਾਧਨਾ ਕਰਾਂ ?*

***ਗੁਰ ਉੱਤਰ :*** ਸੱਤ ਚਿੱਤ ਅਨੰਦ ਸਰੂਪ ਨੂੰ ਅਰਾਧਨਾ ਕਰ।

**ਕਵਨ ਜੋਗ; ਕਾਇਆ ਲੇ ਸਾਧਉ ॥੧॥**

***ਪ੍ਰਸ਼ਨ :*** *ਉਹ ਕਵਨ = ਕਿਹੜਾ ਜੋਗ ਹੈ, ਜਿਸ ਨਾਲ ਕਾਇਆ = ਦੇਹ ਨੂੰ ਸਾਧਉ = ਸਾਧਣਾ ਕਰਾਂ ?*

***ਉੱਤਰ :*** ਚਿੱਤ ਦੀ ਬਿਰਤੀ ਦਾ ਨਿਰੋਧ ਕਰਨਾ ਹੀ ਅਸਲ ਜੋਗ ਹੈ, ਇਸ ਦੁਆਰਾ ਸਰੀਰ ਨੂੰ ਸਾਧਨਾ ਕਰ **ਵਾ:** ਭਗਤੀ ਰੂਪ ਜੋਗ ਦੁਆਰਾ ਸਰੀਰ ਨੂੰ ਸਾਧਨਾ ਕਰ ॥੧॥ ਜੈਸਾ ਕਿ :

**ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥** *(ਸਵਯੇ ਮ: ਪੰਜਵੇਂ ਕੇ, ਅੰਗ ੧੪੦੭)*

**ਕਵਨ ਗੁਨੁ; ਜੋ ਤੁਝੁ ਲੈ ਗਾਵਉ ॥**

***ਪ੍ਰਸ਼ਨ :*** *ਉਹ ਕਵਨ = ਕਿਹੜੇ ਗੁਣ ਹਨ ਜੋ ਗੁਣ ਲੈ ਕੇ ਤੁਝੁ = ਤੇਰਾ ਜਸ ਗਾਵਉ = ਗਾਉਣਾ ਕਰਾਂ ?*

***ਉੱਤਰ :*** ਸਤ, ਸੰਤੋਖ, ਦਇਆ, ਧਰਮ ਆਦਿ ਗੁਣ ਲੈ ਕੇ **ਵਾ:** ਸ਼ੁਭ ਗੁਣਾਂ ਵਿਚ ਬਿਰਤੀ ਨੂੰ ਲੈ = ਲੀਨ ਕਰਕੇ ਜਸ ਨੂੰ ਗਾਉਣਾ ਕਰ।

**ਕਵਨ ਬੋਲ; ਪਾਰਬ੍ਰਹਮ ਰੀਝਾਵਉ ॥੧॥ਰਹਾਉ॥**

***ਪ੍ਰਸ਼ਨ :*** *ਉਹ ਕਵਨ = ਕਿਹੜੇ ਬੋਲ = ਬਚਨ ਹਨ ਜਿਨ੍ਹਾਂ ਨਾਲ ਹੇ ਪਾਰਬ੍ਰਹਮ = ਪਰਮੇਸ਼ਰ ! ਤੈਨੂੰ ਰੀਝਾਵਉ = ਪ੍ਰਸੰਨ ਕਰਾਂ ?*

***ਉੱਤਰ :*** ਉਹ ਗੁਰਾਂ ਦੇ ਮਹਾਂਵਾਕ, ਸਤਿਨਾਮ ਰੂਪੀ ਮਿੱਠੇ ਬਚਨ ਹਨ, ਜਿਨ੍ਹਾਂ ਨਾਲ ਮੈਂ (ਪਰਮੇਸ਼ਰ) ਪ੍ਰਸੰਨ ਹੁੰਦਾ ਹਾਂ ॥੧॥ਰਹਾਉ॥

**ਕਵਨ ਸੁ ਪੂਜਾ; ਤੇਰੀ ਕਰਉ ॥**

***ਪ੍ਰਸ਼ਨ :*** *ਹੇ ਮਹਾਰਾਜ ! ਤੇਰੀ ਕਵਨ = ਕਿਹੜੀ ਸ੍ਰੇਸ਼ਟ ਪੂਜਾ ਕਰਉ = ਕਰਾਂ ?*

***ਉੱਤਰ :*** ਹਉਮੈ ਨੂੰ ਛੱਡ ਕੇ ਆਪਣੇ ਮਨ ਤੇ ਤਨ ਨੂੰ ਅਰਪਨ ਰੂਪ ਪੂਜਾ ਕਰ।

**ਕਵਨ ਸੁ ਬਿਧਿ; ਜਿਤੁ ਭਵਜਲ ਤਰਉ ॥੨॥**

***ਪ੍ਰਸ਼ਨ :*** *ਉਹ ਕਵਨ = ਕਿਹੜੀ ਸੁ = ਸ੍ਰੇਸ਼ਟ ਬਿਧੀ ਹੈ ਜਿਤੁ = ਜਿਸ ਕਰਕੇ ਭਵਜਲ = ਸੰਸਾਰ-ਸਮੁੰਦਰ ਤੋਂ ਤਰਉ = ਤਰਨਾ ਕਰਾਂ।*

***ਉੱਤਰ :*** ਸ਼ਰਧਾ ਵਾਲੀ ਵਿਧੀ ਹੀ ਸ੍ਰੇਸ਼ਟ ਹੈ, ਭਾਵ ਜਦੋਂ ਗੁਰੂ ਦੇ ਬਚਨਾਂ ਉਪਰ ਸ਼ਰਧਾ ਬੱਝ ਗਈ ਤਾਂ ਸੰਸਾਰ-ਸਮੁੰਦਰ ਤੋਂ ਤਰ ਜਾਵੇਂਗਾ ॥੨॥

**ਕਵਨ ਤਪੁ; ਜਿਤੁ ਤਪੀਆ ਹੋਇ ॥**

***ਪ੍ਰਸ਼ਨ :*** *ਉਹ ਕਵਨ = ਕਿਹੜਾ ਤਪ ਹੈ ਜਿਤੁ = ਜਿਸ ਕਰਕੇ ਮੈਂ ਤਪੀਆ ਹੋਇ = ਹੋਵਾਂ ?*

***ਉੱਤਰ :*** ਚਿੱਤ ਨੂੰ ਇਕਾਗਰ ਕਰਨ ਰੂਪ ਤਪ ਕਰ **ਵਾ:** ਗੁਰ ਸੇਵਾ ਤਪਾਂ ਵਿੱਚੋਂ ਅਸਲ ਤਪ ਹੈ **ਵਾ:** ਗੁਰਾਂ ਦਾ ਗਿਆਨ ਧਾਰਨ ਕਰਨਾ ਤਪਾਂ ਵਿੱਚੋਂ ਤਪ ਹੈ। ਅਜਿਹਾ ਤਪ ਕਰਨ ਕਰਕੇ ਹੀ ਤਪੀਆ ਹੋਇ = ਹੋਈਦਾ ਹੈ। ਜੈਸਾ ਕਿ :

**ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥** *(ਆਸਾ ਮ: ੩, ਅੰਗ ੪੨੩)*

**ਤਪਨ ਤਪ ਗੁਰ ਗਿਆਨ ॥** *(ਅੰਗ ੪੮੬)*

**ਕਵਨੁ ਸੁ ਨਾਮੁ; ਹਉਮੈ ਮਲੁ ਖੋਇ ॥੩॥**

***ਪ੍ਰਸ਼ਨ :*** *ਸੁ = ਉਹ ਕਵਨ = ਕਿਹੜਾ ਨਾਮ ਹੈ ? ਜੋ ਹਉਮੈ = ਹੰਗਤਾ ਦੀ ਮਲ = ਮਲੀਨਤਾ ਨੂੰ ਖੋਇ = ਖ਼ਤਮ ਕਰ ਦਿੰਦਾ ਹੈ ?*

***ਉੱਤਰ :*** ਵਾਹਿਗੁਰੂ ਨਾਮ ਮੰਤ੍ਰ ਨੂੰ ਜਪ ਕਰਕੇ ਹੀ ਹਉਮੈ ਦੀ ਮਲ = ਮੈਲ ਖੋਇ = ਨਾਸ ਕਰ ॥੩॥ ਜੈਸਾ ਕਿ :

**ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।** *(ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੨))*

**ਗੁਣ ਪੂਜਾ ਗਿਆਨ ਧਿਆਨ; ਨਾਨਕ ਸਗਲ ਘਾਲ ॥**

ਸਤਿਗੁਰੂ ਜੀ ਕਹਿੰਦੇ ਹਨ ਕਿ ਉਨ੍ਹਾਂ ਵਿਚ ਸਤ ਸੰਤੋਖ ਸ਼ੁਭ ਗੁਣ ਹਨ, ਮਨ ਤਨ ਅਰਪਣ ਰੂਪੀ ਪੂਜਾ ਹੈ, ਨਿਰਗੁਣ ਵਿਆਪਕ ਸਰੂਪ ਦਾ ਗਿਆਨ ਹੈ, ਸਰਗੁਣ ਸਰੂਪ ਦਾ ਧਿਆਨ ਹੈ, ਉਨ੍ਹਾਂ ਦੀਆਂ ਹੀ ਸਗਲ = ਸਾਰੀਆਂ ਨਿਸ਼ਕਾਮ ਕਰਮਾਂ ਦੀਆਂ ਘਾਲ ਕਮਾਈਆਂ ਹਨ।

**ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥**

ਜਿਸੁ = ਜਿਨ੍ਹਾਂ ਨੂੰ ਕਿਰਪਾ = ਦਇਆ ਕਰਿ = ਕਰ ਕੇ ਦਇਆਲ = ਦਿਆਲੂ ਸਤਿਗੁਰੂ ਜੀ ਮਿਲੈ = ਮਿਲ ਪੈਂਦੇ ਹਨ **ਵਾ:** ਜਿਨ੍ਹਾਂ ਨੂੰ ਸਤਿਗੁਰਾਂ ਦੀ ਕਿਰਪਾ ਕਰਕੇ ਦਇਆਲ = ਦਿਆਲੂ ਪਰਮੇਸ਼ਰ ਮਿਲੈ = ਮਿਲ ਪੈਂਦਾ ਹੈ ॥੪॥

**ਤਿਸ ਹੀ ਗੁਨੁ; ਤਿਨ ਹੀ ਪ੍ਰਭੁ ਜਾਤਾ ॥**

ਤਿਸ = ਉਨ੍ਹਾਂ ਦੇ ਹੀ ਗੁਨੁ = ਗਿਆਨ ਆਦਿਕ ਸੁਭਾਅ ਹਨ **ਵਾ:** ਸਤ ਸੰਤੋਖ ਆਦਿਕ ਗੁਣ ਹਨ ਅਤੇ ਤਿਨ ਹੀ = ਉਨ੍ਹਾਂ ਨੇ ਹੀ ਪ੍ਰਭੁ = ਅਕਾਲ ਪੁਰਖ ਨੂੰ ਜਾਤਾ = ਜਾਣਿਆ ਹੈ।

**ਜਿਸ ਕੀ ਮਾਨਿ ਲੇਇ; ਸੁਖਦਾਤਾ ॥੧॥ਰਹਾਉ ਦੂਜਾ॥੩੬॥੧੦੫॥**

ਜਿਸ = ਜਿਨ੍ਹਾਂ ਕੀ = ਦੀ ਬੇਨਤੀ ਨੂੰ ਸੁਖਦਾਤਾ = ਸੁੱਖ ਦੇਣ ਵਾਲਾ ਪਰਮੇਸ਼ਰ ਮਾਨਿ = ਮੰਨ ਲੇਇ = ਲੈਂਦਾ ਹੈ **ਵਾ:** ਭਾਵਨਾ, ਭਗਤੀ ਨੂੰ ਮੰਨ ਲੈਂਦਾ ਹੈ ॥੧॥ਰਹਾਉ ਦੂਜਾ॥੩੬॥੧੦੫॥

## ਗਉੜੀ, ਮਹਲਾ ੫ ॥

ਸਿੱਖਾਂ ਨੇ ਸਤਿਗੁਰੂ ਸਾਹਿਬ ਜੀ ਨੂੰ ਪ੍ਰਸ਼ਨ ਕੀਤਾ ਕਿ ਮਹਾਰਾਜ ਜੀ ! ਆਪਣੀ ਕਿਹੜੀ ਚੀਜ਼ ? ਕਿਉਂਕਿ

ਕੋਈ ਤਨ ਨੂੰ ਕੋਈ ਰਾਜ ਪਦਾਰਥਾਂ ਨੂੰ ਕੋਈ ਮਾਤਾ ਪਿਤਾ, ਮਿੱਤਰਾਂ, ਧਨ ਆਦਿ ਨੂੰ ਆਪਣੇ ਮੰਨੀ ਬੈਠਾ ਹੈ ਤਾਂ ਸਤਿਗੁਰੂ ਜੀ ਫ਼ੁਰਮਾਉਂਦੇ ਹਨ:

## ਆਪਨ ਤਨੁ ਨਹੀ; ਜਾ ਕੋ ਗਰਬਾ ॥

ਹੇ ਜੀਵ! ਇਹ ਤਨੁ = ਸਰੀਰ ਤੇਰਾ ਆਪਣਾ ਨਹੀਂ ਹੈ, ਜਾ = ਜਿਸ ਕੋ = ਦਾ ਤੂੰ ਗਰਬਾ = ਹੰਕਾਰ ਕਰਦਾ ਹੈਂ।

ਭਾਵ ਇਹ ਸਰੀਰ ਤਾਂ ਰਕਤ ਬਿੰਦ ਦਾ ਮਾਤਾ ਪਿਤਾ ਦੇ ਸੰਬੰਧ ਕਰਕੇ ਬਣਿਆ ਹੈ, ਇਸ ਵਿਚ ਆਪਣਾ ਤਾਂ ਕੁਝ ਨਹੀਂ ਹੈ। ਤੂੰ ਐਵੇਂ ਹੀ ਹੱਡ ਚੰਮ ਦੀ ਹਉਮੈ ਕਰਦਾ ਹੈਂ। ਜੈਸਾ ਕਿ:

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥**
**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥**

*(ਰਾਗੁ ਸੋਰਠਿ ਬਾਣੀ ਭਗਤ ਰਵਿਦਾਸ, ਅੰਗ ੬੫੯)*

## ਰਾਜ ਮਿਲਖ; ਨਹੀ ਆਪਨ ਦਰਬਾ ॥੧॥

(**ਨਹੀ** ਪਦ ਦੇਹਲੀ ਦੀਪਕ ਹੈ)

ਇਸ ਸਰੀਰ ਕਰਕੇ ਬਣਾਏ ਹੋਏ ਰਾਜ ਭਾਗ ਮਿਲਖ = ਜਗੀਰਾਂ ਤੇ ਦਰਬਾ = ਧਨ ਵੀ ਆਪਨ = ਆਪਣਾ ਨਹੀਂ ਹੈ ॥੧॥

## ਆਪਨ ਨਹੀ; ਕਾ ਕਉ ਲਪਟਾਇਓ ॥

ਜਦ ਇਹ ਚੀਜ਼ਾਂ ਆਪਨ = ਆਪਣੀਆਂ ਹੈ ਹੀ ਨਹੀਂ ਤਾਂ ਫਿਰ ਕਾ ਕਿਸ ਕਉ = ਵਾਸਤੇ ਆਪਣੇ ਚਿੱਤ ਨੂੰ ਇਨ੍ਹਾਂ ਚੀਜ਼ਾਂ ਵਿਚ ਲਪਟਾਇਓ = ਉਲਝਾਇਆ, ਫਸਾਇਆ ਹੋਇਆ ਹੈ।

## ਆਪਨ ਨਾਮੁ; ਸਤਿਗੁਰ ਤੇ ਪਾਇਓ ॥੧॥ਰਹਾਉ॥

ਹੇ ਜੀਵ! ਆਪਨ = ਆਪਣਾ ਤਾਂ ਕੇਵਲ ਪਰਮੇਸ਼ਰ ਦਾ ਨਾਮ ਹੀ ਹੈ ਜੋ ਸਤਿਗੁਰੂ ਜੀ ਤੇ = ਤੋਂ ਪਾਇਓ = ਪ੍ਰਾਪਤ ਕੀਤਾ ਜਾਂਦਾ ਹੈ ॥੧॥ਰਹਾਉ॥

## ਸੁਤ ਬਨਿਤਾ; ਆਪਨ ਨਹੀ ਭਾਈ ॥

ਸੁਤ = ਪੁੱਤਰ ਬਨਿਤਾ = ਇਸਤਰੀ **ਵਾ:** ਸੁਤ ਬਨਿਤਾ = ਪੁੱਤਰ ਦੀ ਇਸਤਰੀ ਅਤੇ ਭਾਈ = ਭਰਾ ਵੀ ਆਪਨ = ਆਪਣੇ ਨਹੀਂ ਹਨ।

## ਇਸਟ ਮੀਤ; ਆਪ ਬਾਪੁ ਨ ਮਾਈ ॥੨॥

ਇਸਟ = ਪਿਆਰੇ ਮੀਤ = ਮਿੱਤਰ **ਵਾ:** ਇਸਟ = ਦੇਵਤੇ ਆਦਿਕ ਜੋ ਆਪਣੇ ਮੰਨੇ ਹਨ ਅਤੇ ਬਾਪੁ = ਪਿਤਾ, ਮਾਈ = ਮਾਤਾ ਵੀ ਆਪਣੇ ਨਹੀਂ ਹਨ। **ਵਾ:** ਬਾਪੂ ਦੀ ਨਿਆਈਂ ਮਨ ਅਤੇ ਮਾਤਾ ਦੀ ਨਿਆਈਂ ਬੁੱਧੀ ਵੀ ਆਪਣੀ ਨਹੀਂ ਹੈ ॥੨॥

## ਸੁਇਨਾ ਰੂਪਾ; ਫੁਨਿ ਨਹੀ ਦਾਮ ॥

ਸੁਇਨਾ = ਸੋਨਾ, ਰੂਪਾ = ਚਾਂਦੀ ਫੁਨਿ = ਪੁਨਾ ਦਾਮ = ਦਮੜੇ, ਧਨ ਆਦਿਕ ਵੀ ਆਪਣੇ ਨਹੀਂ ਹਨ।

## ਹੈਵਰ ਗੈਵਰ; ਆਪਨ ਨਹੀ ਕਾਮ ॥੩॥

(ਹੈ+ਵਰ)ਵਰ = ਸ੍ਰੇਸ਼ਟ ਹੈ = ਘੋੜੇ ਭਾਵ ਦਰਿਆਈ ਘੋੜੇ (ਗੈ + ਵਰ) ਵਰ = ਸ੍ਰੇਸ਼ਟ ਗੈ = ਹਾਥੀ ਭਾਵ ਚਿੱਟੇ ਹਾਥੀ ਆਦਿਕ ਵੀ ਆਪਨ = ਆਪਣੇ ਪ੍ਰਲੋਕ ਵਿਚ ਕਾਮ = ਕੰਮ ਆਉਣ ਵਾਲੇ ਨਹੀਂ ਹਨ ॥੩॥ ਜੈਸਾ ਕਿ :

**ਜਬ ਤੇ ਹੋਈ ਲਾਂਮੀ ਧਾਈ ਚਲਹਿ ਨਾਹੀ ਇਕ ਪੈਰੇ ॥੪॥** *(ਗੂਜਰੀ ਮ: ੫, ਅੰਗ ੪੯੭)*

## ਕਹੁ ਨਾਨਕ; ਜੋ ਗੁਰਿ ਬਖਸਿ ਮਿਲਾਇਆ ॥

ਸਤਿਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਜੋ = ਜਿਸ ਨੂੰ ਗੁਰੂ ਜੀ ਨੇ ਨਾਮ ਦੀ ਦਾਤ ਬਖ਼ਸ਼ ਕੇ ਪਰਮੇਸ਼ਰ ਨਾਲ ਮਿਲਾਇਆ = ਮਿਲਾਉਣਾ ਕੀਤਾ ਹੈ।

## ਤਿਸ ਕਾ ਸਭੁ ਕਿਛੁ; ਜਿਸ ਕਾ ਹਰਿ ਰਾਇਆ ॥੪॥੩੭॥੧੦੬॥

ਤਿਸ ਕਾ = ਉਸ ਦਾ ਸਭੁ = ਸਾਰਾ ਕਿਛੁ = ਕੁਝ ਭਾਵ ਇਸਤਰੀ ਪੁੱਤਰ, ਧਨ ਦੌਲਤ, ਮਹਿਲ ਆਦਿ ਸਭ ਕੁਝ ਹੀ ਸਫਲਾ ਹੈ, ਜਿਸ ਕਾ = ਦਾ ਰਾਇਆ = ਰਾਜਾ ਰੂਪ ਹਰਿ = ਹਰੀ ਪਰਮੇਸ਼ਰ ਬਣ ਗਿਆ ਹੈ ॥੪॥੩੭॥੧੦੬॥ ਜੈਸਾ ਕਿ :

**ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ ॥**
**ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ**
**ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥** *(ਅੰਗ ੬੪੮)*

## ਗਉੜੀ, ਮਹਲਾ ੫ ॥

## ਗੁਰ ਕੇ ਚਰਣ; ਊਪਰਿ ਮੇਰੇ ਮਾਥੇ ॥ ਤਾ ਤੇ; ਦੁਖ ਮੇਰੇ ਸਗਲੇ ਲਾਥੇ ॥੧॥

ਗੁਰ = ਸਤਿਗੁਰੂ ਜੀ ਕੇ = ਦੇ ਪਾਵਨ ਚਰਣ ਮੇਰੇ ਮਾਥੇ = ਮੱਥੇ ਊਪਰਿ = ਉੱਤੇ ਟਿਕੇ ਹੋਏ ਹਨ **ਵਾ:** ਮੇਰੇ ਮਾਥੇ = ਅੰਤਹਕਰਣ ਦੇ ਅੰਦਰ ਸਤਿਗੁਰੂ ਸਾਹਿਬ ਦੇ ਚਰਣ ਹਰ ਵਕਤ ਟਿਕੇ ਹੋਏ ਹਨ।

ਤਾ ਤੇ = ਤਿਸ ਨਾਲ ਮੇਰੇ ਜੰਮਣ ਮਰਣ ਦੇ ਸਗਲੇ = ਸਾਰੇ ਦੁਖ ਲਾਥੇ = ਲਹਿ ਗਏ, ਨਵਿਰਤ ਹੋ ਗਏ ਹਨ ॥੧॥

## ਸਤਿਗੁਰ ਅਪੁਨੇ ਕਉ; ਕੁਰਬਾਨੀ ॥
## ਆਤਮ ਚੀਨਿ; ਪਰਮ ਰੰਗ ਮਾਨੀ ॥੧॥ਰਹਾਉ॥

ਮੈਂ ਅਪੁਨੇ = ਆਪਣੇ ਸਤਿਗੁਰੂ ਕਉ = ਤੋਂ ਕੁਰਬਾਨੀ = ਕੁਰਬਾਨ ਬਲਿਹਾਰ ਜਾਂਦਾ ਹਾਂ।

ਜਿਨ੍ਹਾਂ ਦੀ ਕਿਰਪਾ ਕਰਕੇ ਮੈਂ ਆਪਣੇ ਆਤਮ = ਆਤਮਾ ਸਰੂਪ ਨੂੰ ਚੀਨਿ = ਜਾਣ ਲਿਆ ਹੈ ਅਤੇ ਪਰਮ = ਵੱਡੇ ਰੰਗ = ਅਨੰਦ ਨੂੰ ਮਾਨੀ = ਮਾਣਿਆ ਹੈ ॥੧॥ਰਹਾਉ॥

## ਚਰਣ ਰੇਣੁ ਗੁਰ ਕੀ; ਮੁਖਿ ਲਾਗੀ ॥ ਅਹੰਬੁਧਿ; ਤਿਨਿ ਸਗਲ ਤਿਆਗੀ ॥੨॥

ਗੁਰ = ਸਤਿਗੁਰੂ ਸਾਹਿਬ ਜੀ ਦੇ ਚਰਣਾਂ ਦੀ ਰੇਣੁ = ਧੂੜੀ ਜਿਸ ਗੁਰਮੁਖਾਂ ਦੇ ਮੁਖਿ = ਮਸਤਕ 'ਤੇ ਲਾਗੀ = ਲੱਗੀ ਹੈ **ਵਾ:** ਮੁਖਿ = ਅੰਤਸ਼ਕਰਣ ਵਿਚ ਸ਼ਰਧਾ ਰੂਪ ਹੋਈ ਹੈ।

ਤਿਨਿ = ਉਸ ਗੁਰਮੁਖ ਨੇ ਅਹੰਬੁਧਿ = ਹੰਕਾਰ ਵਾਲੀ ਸਗਲ = ਸਾਰੀ ਬੁਧਿ = ਬੁਧੀ ਤਿਆਗੀ = ਛੱਡ ਦਿੱਤੀ ਹੈ ॥੨॥

**ਗੁਰ ਕਾ ਸਬਦੁ; ਲਗੋ ਮਨਿ ਮੀਠਾ ॥ ਪਾਰਬ੍ਰਹਮੁ; ਤਾ ਤੇ ਮੋਹਿ ਡੀਠਾ ॥੩॥**

ਗੁਰ = ਸਤਿਗੁਰਾਂ ਕਾ = ਦਾ ਸਬਦੁ = ਉਪਦੇਸ਼ ਮੇਰੇ ਮਨਿ = ਚਿਤ ਵਿਚ ਮੀਠਾ = ਪਿਆਰਾ ਲਗੋ = ਲੱਗਿਆ ਹੈ।

ਤਾ ਤੇ = ਤਿਸ ਕਰਕੇ ਮੋਹਿ = ਮੈਨੂੰ ਪਾਰਬ੍ਰਹਮੁ = ਪਰਮੇਸ਼ਰ ਸਾਰੇ ਪਰੀਪੂਰਨ, ਵਿਆਪਕ ਡੀਠਾ = ਦਿਸਿਆ ਹੈ ॥੩॥

**ਗੁਰੁ ਸੁਖਦਾਤਾ; ਗੁਰੁ ਕਰਤਾਰੁ ॥**
**ਜੀਅ ਪ੍ਰਾਣ; ਨਾਨਕ ਗੁਰੁ ਆਧਾਰੁ ॥੪॥੩੮॥੧੦੭॥**

ਗੁਰੁ = ਸਤਿਗੁਰੂ ਜੀ ਸਾਰੇ ਸੁਖਦਾਤਾ = ਸੁੱਖਾਂ ਨੂੰ ਦੇਣ ਵਾਲੇ ਦਾਤੇ ਹਨ ਗੁਰੁ = ਸਤਿਗੁਰੂ ਜੀ ਕਰਤਾਰੁ = ਅਕਾਲ ਪੁਰਖ ਦਾ ਰੂਪ ਹਨ।

ਮੇਰੇ ਜੀਅ = ਹਿਰਦੇ ਅਤੇ ਪ੍ਰਾਣ = ਪ੍ਰਾਣਾਂ ਦਾ ਆਧਾਰੁ = ਆਸਰਾ ਨਾਨਕ ਗੁਰੁ = ਸ੍ਰੀ ਗੁਰੂ ਨਾਨਕ ਦੇਵ ਜੀ ਹਨ **ਵਾ:** ਸਤਿਗੁਰੂ ਜੀ ਕਹਿੰਦੇ ਹਨ ਕਿ ਸਾਰੇ ਜੀਅ = ਜੀਵਾਂ ਦੇ ਪ੍ਰਾਣ = ਸ੍ਵਾਸਾਂ ਦਾ ਆਧਾਰੁ = ਆਸਰਾ ਵੀ ਗੁਰੁ = ਗੁਰੂ ਹੀ ਹੈ ॥੪॥੩੮॥੧੦੭॥

**ਗਉੜੀ, ਮਹਲਾ ੫ ॥**
**ਰੇ ਮਨ ਮੇਰੇ; ਤੂੰ ਤਾ ਕਉ ਆਹਿ ॥ ਜਾ ਕੈ; ਊਣਾ ਕਛਹੂ ਨਾਹਿ ॥੧॥**

ਰੇ = ਹੇ ਮੇਰੇ ਪਿਆਰੇ ਮਨ = ਮਨਾਂ ! ਤੂੰ ਤਾ = ਉਸ ਵਾਹਿਗੁਰੂ ਕਉ = ਨੂੰ ਆਹਿ = ਚਾਹਿਆ ਕਰ।

ਜਾ = ਜਿਸ ਵਾਹਿਗੁਰੂ ਕੈ = ਦੇ ਘਰ ਕਛਹੂ = ਕਿਸੇ ਪ੍ਰਕਾਰ ਵੀ ਊਣਾ = ਊਣਤਾਈ ਨਹੀਂ ਹੈ, ਭਾਵ ਕੋਈ ਕਮੀ ਪੇਸ਼ੀ ਨਹੀਂ ਹੈ ॥੧॥

**ਹਰਿ ਸਾ ਪ੍ਰੀਤਮੁ; ਕਰਿ ਮਨ ਮੀਤ ॥ ਪ੍ਰਾਨ ਅਧਾਰੁ; ਰਾਖਹੁ ਸਦ ਚੀਤ ॥੧॥ਰਹਾਉ॥**

ਹੇ ਮੇਰੇ ਮਨਾਂ ! ਸਾ = ਉਸ ਹਰਿ = ਹਰੀ ਪਰਮੇਸ਼ਰ ਪ੍ਰੀਤਮੁ = ਪਿਆਰੇ ਨੂੰ ਆਪਣਾ ਮੀਤ = ਮਿੱਤਰ ਕਰਿ = ਕਰਕੇ ਜਾਨਣਾ ਕਰ।

ਜੋ ਪ੍ਰਾਨ = ਪ੍ਰਾਣਾਂ ਦਾ ਅਧਾਰੁ = ਆਸਰਾ ਰੂਪ ਹੈ, ਉਸ ਨੂੰ ਸਦ = ਸਦਾ ਚੀਤ = ਚਿੱਤ ਵਿਚ ਧਾਰਨ ਕਰਕੇ ਰਾਖਹੁ = ਰੱਖਣਾ ਕਰ ॥੧॥ਰਹਾਉ॥

**ਰੇ ਮਨ ਮੇਰੇ; ਤੂੰ ਤਾ ਕਉ ਸੇਵਿ ॥ ਆਦਿ ਪੁਰਖ; ਅਪਰੰਪਰ ਦੇਵ ॥੨॥**

ਰੇ = ਹੇ ਮੇਰੇ ਮਨ = ਮਨਾਂ ! ਤੂੰ ਤਾ = ਉਸ ਵਾਹਿਗੁਰੂ ਕਉ = ਨੂੰ ਸੇਵਿ = ਸਿਮਰਨਾ ਕਰ।

ਜੋ ਸਾਰੇ ਜਗਤ ਦਾ ਆਦਿ = ਮੁੱਢ ਰੂਪ ਹੈ, ਪੁਰਖ = ਪੂਰਨ ਅਪਰੰਪਰ = ਪ੍ਰਕ੍ਰਿਤੀ ਤੋਂ ਪਰ੍ਹੇ ਹੈ, ਦੇਵ = ਪ੍ਰਕਾਸ਼ ਸਰੂਪ ਹੈ ॥੨॥

**ਤਿਸੁ ਊਪਰਿ; ਮਨ ਕਰਿ ਤੂੰ ਆਸਾ ॥ ਆਦਿ ਜੁਗਾਦਿ; ਜਾ ਕਾ ਭਰਵਾਸਾ ॥੩॥**

ਹੇ ਮਨਾਂ ! ਤੂੰ ਤਿਸੁ = ਉਸ ਵਾਹਿਗੁਰੂ ਊਪਰਿ = ਉੱਤੇ ਆਸਾ ਕਰਿ = ਕਰਿਆ ਕਰ, ਰੱਖਿਆ ਕਰ ਜੋ ਸਾਰੇ ਜਗਤ ਦਾ ਆਦਿ = ਮੁੱਢ ਰੂਪ ਹੈ। ਜੁਗਾਦਿ = ਜੁਗਾਂ ਜੁਗਾਂ ਵਿਚ ਭਾਵ ਸਤਿਜੁਗ, ਤ੍ਰੇਤਾ, ਦੁਆਪੁਰ, ਕਲਿਜੁਗ ਵਿਚ ਵੀ ਹੈ **ਵਾ:** (ਜੁਗ+ਆਦਿ)ਜੁਗ = ਦੋ ਭਾਵ ਜੀਵ ਤੇ ਈਸਰ ਆਦਿ = ਆਦਿਕਾਂ ਵਿਚ ਵੀ ਹੈ ਅਤੇ ਭਗਤ ਜਨਾਂ ਨੂੰ ਜਾ = ਜਿਸ ਕਾ = ਦਾ ਸਦਾ ਭਰਵਾਸਾ = ਭਰੋਸਾ ਹੈ ॥੩॥

**ਜਾ ਕੀ ਪ੍ਰੀਤਿ; ਸਦਾ ਸੁਖੁ ਹੋਇ ॥ ਨਾਨਕੁ ਗਾਵੈ; ਗੁਰ ਮਿਲਿ ਸੋਇ ॥੪॥੩੯॥੧੦੮॥**

ਜਾ ਕੀ = ਜਿਸ ਦੀ ਪ੍ਰੀਤਿ = ਪ੍ਰੀਤੀ ਕਰ ਕੇ ਸਦਾ = ਸਦੀਵੀ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਸਤਿਗੁਰੂ ਜੀ ਕਹਿੰਦੇ ਹਨ ਕਿ ਅਸੀਂ ਤਾਂ ਗੁਰ = ਗੁਰਾਂ ਨਾਲ ਮਿਲਿ = ਮਿਲ ਕਰ ਕੇ ਸੋਇ = ਉਸ ਅਕਾਲ ਪੁਰਖ ਨੂੰ ਗਾਵੈ = ਗਾਉਂਦੇ ਹਾਂ ॥੪॥੩੯॥੧੦੮॥

## ਗਉੜੀ, ਮਹਲਾ ੫ ॥

**ਮੀਤੁ ਕਰੈ; ਸੋਈ ਹਮ ਮਾਨਾ ॥ ਮੀਤ ਕੇ ਕਰਤਬ; ਕੁਸਲ ਸਮਾਨਾ ॥੧॥**

(ਪਾਠ ਦਾ ਉਚਾਰਨ **ਕਰਤਬ** ਹੈ ਕਰਤੱਬ ਨਹੀਂ ਕਰਨਾ)

ਸਾਡਾ ਮੀਤੁ = ਮਿੱਤਰ ਅਕਾਲ ਪੁਰਖ ਜੋ ਵੀ ਹੁਕਮ ਕਰੈ = ਕਰਦਾ ਹੈ ਸੋਈ = ਉਸ ਨੂੰ ਹਮ = ਅਸੀਂ ਬੜਾ ਚੰਗਾ ਕਰ ਕੇ ਮਾਨਾ = ਮੰਨਿਆ ਹੈ।

ਜੋ ਮੀਤ = ਮਿੱਤਰ ਅਕਾਲ ਪੁਰਖ ਕੇ = ਦੇ ਕਰਤਬ = ਕੌਤਕ ਹਨ, ਉਹ ਕੁਸਲ = ਸੁਖ ਦੇ ਵਿਚ ਸਮਾਨਾ = ਸਮਾਉਣ ਵਾਲੇ ਹਨ **ਅਥਵਾ** ਜੋ ਵੀ ਵਾਹਿਗੁਰੂ ਦੇ ਕਰਤਬਾਂ ਵਿਚ ਪ੍ਰਸੰਨ ਰਹਿੰਦਾ ਹੈ ਭਾਵ ਪਰਮੇਸ਼ਰ ਜੋ ਵੀ ਕਰਦਾ ਹੈ, ਉਸ ਨੂੰ ਭਲਾ ਕਰ ਕੇ ਮੰਨਦਾ ਹੈ, ਉਹ ਕੁਸਲ = ਅਨੰਦ ਸਰੂਪ ਵਿਚ ਸਮਾਨਾ = ਸਮਾ ਜਾਂਦਾ ਹੈ ॥੧॥

**ਏਕਾ ਟੇਕ; ਮੇਰੈ ਮਨਿ ਚੀਤ ॥ ਜਿਸੁ ਕਿਛੁ ਕਰਣਾ; ਸੁ ਹਮਰਾ ਮੀਤ ॥੧॥ਰਹਾਉ॥**

ਮੇਰੈ = ਸਾਡੇ ਮਨ ਵਿਚ ਵੀ ਤੇ ਚੀਤ = ਚਿਤਵਣੀ ਵਿਚ ਵੀ ਏਕਾ = ਇੱਕੋ ਵਾਹਿਗੁਰੂ ਦੀ ਟੇਕ = ਓਟ ਹੀ ਹੈ।

ਜਿਸ ਨੇ ਉਤਪਤ, ਪਾਲਣਾ, ਲੈਤਾ ਆਦਿ ਸਭ ਕਿਛੁ = ਕੁਝ ਕਰਨਾ ਹੈ ਸੁ = ਉਹ ਹਮਰਾ = ਸਾਡਾ ਮੀਤ = ਮਿੱਤਰ ਅਕਾਲ ਪੁਰਖ ਹੀ ਹੈ ॥੧॥ਰਹਾਉ॥

**ਮੀਤੁ ਹਮਾਰਾ; ਵੇਪਰਵਾਹਾ ॥**
**ਗੁਰ ਕਿਰਪਾ ਤੇ; ਮੋਹਿ ਅਸਨਾਹਾ ॥੨॥**

ਹਮਾਰਾ = ਸਾਡਾ ਮੀਤ = ਮਿੱਤਰ ਅਕਾਲ ਪੁਰਖ ਵੇਪਰਵਾਹਾ = ਬੇਮੁਥਾਜ ਹੈ।

ਗੁਰ = ਸਤਿਗੁਰਾਂ ਦੀ ਕਿਰਪਾ = ਦਇਆ ਤੇ = ਤੋਂ ਹੀ ਮੋਹਿ = ਸਾਡਾ ਉਸ ਨਾਲ ਅਸਨਾਹਾ = ਪਿਆਰ ਪਿਆ ਹੈ ॥੨॥

**ਵਾ:** ਸਾਡੀ ਉਸ ਨਾਲ ਅਸਨਾਹਾ = ਸਿਆਣ, ਪਛਾਣ ਪਈ ਹੋਈ ਹੈ।

**ਵਾ:** ਸਾਡੀ ਉਸ ਨਾਲ ਅਸਨਾਹਾ = ਦੋਸਤੀ ਹੈ।

***ਨੋਟ :*** ਫ਼ਾਰਸੀ ਵਿਚ 'ਅਸਨਾਹੀ' ਦੋਸਤੀ ਦਾ ਨਾਮ ਹੈ। ਸੰਪਰਦਾ ਵਿਚ 'ਅਸਨਾਹ' ਦਾ ਅਰਥ ਪਛਾਣ ਵੀ ਕਰਦੇ ਹਨ।

**ਮੀਤੁ ਹਮਾਰਾ; ਅੰਤਰਜਾਮੀ ॥ ਸਮਰਥ ਪੁਰਖੁ; ਪਾਰਬ੍ਰਹਮੁ ਸੁਆਮੀ ॥੩॥**

ਹਮਾਰਾ = ਸਾਡਾ ਮੀਤੁ = ਮਿੱਤਰ ਅਕਾਲ ਪੁਰਖ ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਹੈ। ਸਰਬ ਕਲਾ ਸਮਰੱਥ ਹੈ, ਪੁਰਖ = ਪੂਰਨ ਹੈ, (ਪਾਰ+ਬ੍ਰਹਮੁ) ਪਾਪਾਂ ਪੁੰਨਾਂ ਤੋਂ ਪਾਰ ਬ੍ਰਹਮ = ਵਿਆਪਕ ਸਰੂਪ ਹੈ ਅਤੇ ਸਾਰਿਆਂ ਦਾ ਸੁਆਮੀ = ਮਾਲਕ ਹੈ ॥੩॥

[ਅੰਗ ੧੯੮]

## ਹਮ ਦਾਸੇ; ਤੁਮ ਠਾਕੁਰ ਮੇਰੇ ॥
## ਮਾਨੁ ਮਹਤੁ; ਨਾਨਕ ਪ੍ਰਭੁ ਤੇਰੇ ॥੪॥੪੦॥੧੦੯॥

(ਮਹੱਤੁ ਬੋਲੋ)

ਹੇ ਮਹਾਰਾਜ ! ਹਮ = ਅਸੀਂ ਤਾਂ ਤੁਹਾਡੇ ਦਾਸੇ = ਸੇਵਕ ਹਾਂ ਤੇ ਤੁਮ = ਤੁਸੀਂ ਮੇਰੇ = ਸਾਡੇ ਠਾਕੁਰ = ਮਾਲਕ ਹੋ।

ਸਤਿਗੁਰੂ ਜੀ ਕਹਿੰਦੇ ਹਨ ਕਿ ਹੇ ਪ੍ਰਭੁ = ਪ੍ਰਭੂ ਜੀ ! ਸਾਡਾ ਮਾਨੁ = ਸਤਿਕਾਰ ਅਤੇ ਮਹਤੁ = ਵਡਿਆਈ ਤੇਰੇ ਕਰ ਕੇ ਹੀ ਹੈ **ਵਾ:** ਹੇ ਪ੍ਰਭੂ ! ਆਪ ਜੀ 'ਤੇ ਹੀ ਸਾਡਾ ਮਾਨੁ = ਮਾਣ ਹੈ ਤੇ ਬ੍ਰਹਮ ਗਿਆਨ ਦਾ ਮਹਤੁ = ਵੱਡਾ ਅਨੰਦ ਹੈ।

**ਅਥਵਾ** ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ ! ਜੋ ਗੁਰਤਾ-ਗੱਦੀ ਦੀ ਮਹਤੁ = ਵਡਿਆਈ ਪ੍ਰਾਪਤ ਕੀਤੀ ਹੈ, ਇਹ ਵੀ ਤੇਰੀ ਹੈ ਅਤੇ ਜੋ ਸੰਗਤਾਂ ਵਿਚ ਮਾਨੁ = ਸਤਿਕਾਰ ਹੋਣਾ ਹੈ, ਇਹ ਵੀ ਤੇਰਾ ਹੀ ਹੈ **ਵਾ:** ਜੋ ਬ੍ਰਹਮ ਦਾ ਏਕਤਾ ਵਾਲਾ ਸਰੂਪ ਮਹਤੁ = ਵੱਡੀ ਵਡਿਆਈ ਹੈ, ਇਹ ਵੀ ਪ੍ਰਭੂ ਤੇਰੇ ਵੱਲੋਂ ਹੀ ਪ੍ਰਾਪਤ ਹੋਈ ਹੈ ॥੪॥੪੦॥੧੦੯॥

## ਗਉੜੀ, ਮਹਲਾ ੫ ॥
## ਜਾ ਕਉ ਤੁਮ ਭਏ; ਸਮਰਥ ਅੰਗਾ ॥

ਹੇ ਸਮਰਥ = ਸਰਬ ਸ਼ਕਤੀਮਾਨ ਪਰਮੇਸ਼ਰ ਜੀ ! ਜਾ = ਜਿਨ੍ਹਾਂ ਦੇ ਤੁਮ = ਤੁਸੀਂ ਅੰਗ ਸੰਗ ਹੋ ਕੇ ਅੰਗਾ = ਪੱਖ ਕਰਨ ਵਾਲੇ ਭਏ = ਹੋਏ ਹੋ **ਅਥਵਾ** ਹੇ ਅੰਗਾ = ਪਿਆਰੇ ਪ੍ਰਭੂ ਜੀ ! ਜਿਨ੍ਹਾਂ ਨੂੰ ਤੁਸੀਂ ਹਰ ਪ੍ਰਕਾਰ ਸਮਰਥ = ਬਲਵਾਨ ਕਰ ਦਿੱਤਾ ਹੈ।

## ਤਾ ਕਉ; ਕਛੁ ਨਾਹੀ ਕਾਲੰਗਾ ॥੧॥

ਤਾ ਕਉ = ਉਨ੍ਹਾਂ ਨੂੰ ਕਛੁ = ਕੁਝ ਵੀ ਕਾਲੰਗਾ = ਕਲੰਕ ਨਹੀਂ ਲੱਗਦੇ **ਵਾ:** ਉਨ੍ਹਾਂ ਦੇ ਕਿਸੇ ਪ੍ਰਕਾਰ ਕਾਲੰਗਾ = ਅੰਗਾਂ ਨਾਲ ਕਾਲ ਨਹੀਂ ਚਿੰਬੜਦਾ **ਵਾ:** ਉਨ੍ਹਾਂ ਦੇ ਹਿਰਦੇ ਅੰਦਰ ਕਲੰਕ ਲਾਉਣ ਵਾਲਾ ਅਗਿਆਨ ਆਦਿ ਨਹੀਂ ਚਿੰਬੜਦਾ ॥੧॥

## ਮਾਧਉ; ਜਾ ਕਉ ਹੈ ਆਸ ਤੁਮਾਰੀ ॥ ਤਾ ਕਉ; ਕਛੁ ਨਾਹੀ ਸੰਸਾਰੀ ॥੧॥ਰਹਾਉ॥

ਹੇ (ਮਾ+ਧਉ) ਮਾ = ਮਾਇਆ ਦੇ ਧਉ = ਪਤੀ ਪਰਮੇਸ਼ਰ ! ਜਾ = ਜਿਨ੍ਹਾਂ ਕਉ = ਨੂੰ ਤੁਮਾਰੀ = ਤੁਹਾਡੀ ਪ੍ਰਾਪਤੀ ਦੀ ਆਸ = ਚਾਹਨਾ ਹੈ। ਤਾ ਕਉ = ਉਨ੍ਹਾਂ ਨੂੰ ਸੰਸਾਰੀ ਲੋਕ ਕਛੁ = ਕੁਝ ਨਾਹੀ = ਨਹੀਂ ਕਰ ਸਕਦੇ, ਕੁਝ ਵਿਗਾੜ ਨਹੀਂ ਸਕਦੇ ॥੧॥ਰਹਾਉ॥

## ਜਾ ਕੈ ਹਿਰਦੈ; ਠਾਕੁਰੁ ਹੋਇ ॥ ਤਾ ਕਉ; ਸਹਸਾ ਨਾਹੀ ਕੋਇ ॥੨॥

ਹੇ ਠਾਕੁਰੁ = ਸੁਆਮੀ ਪਰਮੇਸ਼ਰ ! ਜਾ = ਜਿਨ੍ਹਾਂ ਕੈ = ਦੇ ਹਿਰਦੈ = ਅੰਤਸ਼ਕਰਣ ਵਿਚ ਤੁਸੀਂ ਪ੍ਰਗਟ ਹੋਇ = ਹੋਏ ਹੋ। ਤਾ ਕਉ = ਉਨ੍ਹਾਂ ਨੂੰ ਪ੍ਰਮਾਣ ਗਤ, ਪ੍ਰਮੇਯ ਗਤ ਆਦਿਕ ਕੋਇ = ਕੋਈ ਸਹਸਾ = ਸੰਸਾ ਨਾਹੀ = ਨਹੀਂ ਰਹਿੰਦਾ ॥੨॥

## ਜਾ ਕਉ; ਤੁਮ ਦੀਨੀ ਪ੍ਰਭ ਧੀਰ ॥ ਤਾ ਕੈ; ਨਿਕਟਿ ਨ ਆਵੈ ਪੀਰ ॥੩॥

ਹੇ ਮਹਾਰਾਜ! ਜਾ = ਜਿਨ੍ਹਾਂ ਕਉ = ਨੂੰ ਤੁਮ = ਤੁਸੀਂ ਕਿਰਪਾ ਕਰਕੇ ਧੀਰ = ਧੀਰਜ ਵਾ: ਦਿਲਾਸਾ ਬਖ਼ਸ਼ਿਆ ਹੈ।

ਤਾ ਕੈ = ਉਨ੍ਹਾਂ ਦੇ ਨਿਕਟਿ = ਨੇੜੇ ਜਮਾਂ **ਵਾ:** ਜਨਮ ਮਰਨ ਦੀ ਪੀਰ = ਪੀੜ ਨਹੀਂ ਆਵੈ = ਆ ਸਕਦੀ ॥੩॥

## ਕਹੁ ਨਾਨਕ; ਮੈ ਸੋ ਗੁਰੁ ਪਾਇਆ ॥ ਪਾਰਬ੍ਰਹਮ; ਪੂਰਨ ਦੇਖਾਇਆ ॥੪॥੪੧॥੧੧੦॥

ਸਤਿਗੁਰੂ ਸਾਹਿਬ ਜੀ ਕਹੁ = ਕਹਿੰਦੇ ਹਨ ਕਿ ਮੈਂ = ਅਸੀਂ ਸੋ = ਉਹ ਗੁਰੁ = ਸਤਿਗੁਰੂ, ਨੂੰ ਪਾਇਆ = ਪ੍ਰਾਪਤ ਕੀਤਾ ਹੈ। ਜਿਨ੍ਹਾਂ ਨੇ ਸਾਰਿਆਂ ਵਿਚ ਹੀ ਪਾਰਬ੍ਰਹਮ = ਪਰਮੇਸ਼ਰ ਨੂੰ ਪੂਰਨ = ਮੁਕੰਮਲ **ਵਾ:** ਪ੍ਰਗਟ ਕਰ ਕੇ ਦੇਖਾਇਆ = ਦਿਖਾ ਦਿੱਤਾ ਹੈ ॥੪॥੪੧॥੧੧੦॥

## ਗਉੜੀ, ਮਹਲਾ ੫ ॥

## ਦੁਲਭ ਦੇਹ; ਪਾਈ ਵਡਭਾਗੀ ॥ ਨਾਮੁ ਨ ਜਪਹਿ; ਤੇ ਆਤਮ ਘਾਤੀ ॥੧॥

ਹੇ ਭਾਈ! ਦੁਲਭ = ਬੜੀ ਕਠਿਨਾਈ ਨਾਲ ਲੱਭਣ ਵਾਲੀ ਦੇਹ = ਮਨੁੱਖਾ ਦੇਹੀ, ਵਡਭਾਗੀ = ਵੱਡਿਆਂ ਭਾਗਾਂ ਕਰ ਕੇ ਪਾਈ = ਪਾਉਣਾ ਕੀਤੀ ਹੈ।

ਜੋ ਇਹ ਮਨੁੱਖਾ ਸਰੀਰ ਪ੍ਰਾਪਤ ਕਰ ਕੇ ਅੰਮ੍ਰਿਤ ਨਾਮ ਨੂੰ ਨ = ਨਹੀਂ ਜਪਹਿ = ਜਪਦੇ ਤੇ = ਉਹ ਪੁਰਸ਼ ਆਤਮਘਾਤੀ = ਖ਼ੁਦਕੁਸ਼ੀ ਕਰਨ ਵਾਲੇ ਹਨ, ਭਾਵ ਨਾਮ ਤੋਂ ਹੀਣੇ ਪੁਰਸ਼ ਆਪਣੇ ਆਪ ਨੂੰ ਆਪ ਹੀ ਮਾਰ ਕੇ ਮਰ ਜਾਣ ॥੧॥ ਆਤਮਘਾਤੀ ਬਾਰੇ ਹੋਰ ਵੀ ਵਿਚਾਰ ਆਉਂਦੀ ਹੈ ਕਿ:

**ਆਤਮ ਘਾਤੀ ਹੈ ਜਗਤੁ ਕਸਾਈ ॥** *(ਮਾਝ ਮ: ੩, ਅੰਗ ੧੧੮)*

ਭਾਵ ਸਾਰੇ ਜਗਤ ਨੂੰ ਮਾਰਨ ਜਿੰਨਾ ਪਾਪ ਖ਼ੁਦਕੁਸ਼ੀ ਕਰਨ ਵਾਲੇ ਨੂੰ ਲੱਗਦਾ ਹੈ।

## ਮਰਿ ਨ ਜਾਹੀ; ਜਿਨਾ ਬਿਸਰਤ ਰਾਮ ॥
## ਨਾਮ ਬਿਹੂਨ; ਜੀਵਨ ਕਉਨ ਕਾਮ ॥੧॥ਰਹਾਉ॥

ਹੇ ਭਾਈ! ਜਿਨਾ = ਜਿਨ੍ਹਾਂ ਨੂੰ ਰਾਮ = ਪਰਮੇਸ਼ਰ ਦਾ ਨਾਮ ਬਿਸਰਤ = ਭੁੱਲ ਜਾਂਦਾ ਹੈ, ਉਹ ਮਰਿ = ਮਰ ਕਿਉਂ ਨ ਜਾਹੀ = ਨਹੀਂ ਜਾਂਦੇ? ਭਾਵ ਜਿਉਂਦੇ ਕਿਸ ਲਈ ਹਨ?

ਪਰਮੇਸ਼ਰ ਦੇ ਨਾਮ ਤੋਂ ਬਿਹੂਨ = ਬਿਨਾਂ ਜੋ ਜੀਵਨ = ਜਿਊਣਾ ਹੈ, ਉਹ ਕਉਨ = ਕਿਸ ਕਾਮ = ਕੰਮ ਹੈ? ਭਾਵ ਨਿਸਫਲ ਹੈ ॥੧॥ਰਹਾਉ॥

## ਖਾਤ ਪੀਤ ਖੇਲਤ ਹਸਤ; ਬਿਸਥਾਰ ॥ ਕਵਨ ਅਰਥ; ਮਿਰਤਕ ਸੀਗਾਰ ॥੨॥

ਇਹ ਜੀਵ ਖਾਤ = ਖਾਣ ਪੀਤ = ਪੀਣ, ਖੇਲਤ = ਖੇਲਣ, ਹਸਤ = ਹੱਸਣ ਵਿਚ ਹੀ ਬਿਸਥਾਰ = ਫੈਲਾਅ ਪੂਰਵਕ ਰਾਤ ਦਿਨ ਬਤੀਤ ਕਰੀ ਜਾ ਰਿਹਾ ਹੈ **ਵਾ:** ਇਹ ਜੀਵ ਬੜੇ ਚਾਵਾਂ ਨਾਲ ਖਾਤ = ਖਾਂਦਾ ਹੈ, ਬਹੁਤ ਹੀ ਰਸਾਂ ਕਸਾਂ ਨੂੰ ਪੀਤ = ਪੀ ਰਿਹਾ ਹੈ। ਪਰਿਵਾਰ ਦੇ ਮੋਹ ਵਿਚ ਫਸ ਕਰ ਕੇ ਖੇਲਤ = ਖੇਡਾਂ ਕਰ ਰਿਹਾ ਹੈ। ਇਸ ਪ੍ਰਕਾਰ ਬਿਸਥਾਰ = ਫੈਲਾਅ ਪੂਰਵਕ ਰਾਤ ਦਿਨ ਹਸਤ = ਹਾਸਾ ਹੀ ਬੰਦ ਨਹੀਂ ਹੁੰਦਾ।

ਪਰ ਇਹ ਸਭ ਕੁਝ ਹੀ ਨਿਸਫਲ ਹੈ, ਕਿਉਂਕਿ ਜਿਵੇਂ ਕਿਸੇ ਮਿਰਤਕ = ਮਰੇ ਹੋਏ ਆਦਮੀ ਨੂੰ, ਮੁਰਦੇ

ਨੂੰ ਫੁੱਲਾਂ ਦੇ ਹਾਰ, ਟਿੱਕਾ, ਕੰਠਾ ਆਦਿ ਪਾ ਕੇ ਸੀਗਾਰ = ਸਜਾਉਣਾ ਕਰੀਏ ਤਾਂ ਉਹ ਕਵਨ = ਕਿਸ ਅਰਥ = ਕੰਮ ਹੈ ਭਾਵ ਨਿਸਫਲ ਹੈ॥੨॥ ਜੈਸਾ ਕਿ :

**ਜੇ ਮਿਰਤਕ ਕਉ ਚੰਦਨੁ ਚੜਾਵੈ॥ ਉਸ ਤੇ ਕਹਹੁ ਕਵਨ ਫਲ ਪਾਵੈ॥**
**ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ॥ ਤਾਂ ਮਿਰਤਕ ਕਾ ਕਿਆ ਘਟਿ ਜਾਈ॥੩॥**

*(ਭੈਰਉ ਕਬੀਰ ਜੀਉ, ਮਹਲਾ ੫, ਅੰਗ ੧੧੬੦)*

## ਜੋ ਨ ਸੁਨਹਿ; ਜਸੁ ਪਰਮਾਨੰਦਾ॥ ਪਸੁ ਪੰਖੀ; ਤ੍ਰਿਗਦ ਜੋਨਿ ਤੇ ਮੰਦਾ॥੩॥

ਜੋ = ਜਿਹੜੇ ਪਰਮਾਨੰਦਾ (ਪਰਮ+ਆਨੰਦਾ) ਪਰਮ = ਵੱਡੇ ਅਨੰਦ ਸਰੂਪ ਪਰਮੇਸ਼ਰ ਦੇ ਜਸੁ = ਕੀਰਤਨ ਨੂੰ ਨ = ਨਹੀਂ ਸੁਨਹਿ = ਸੁਣਦੇ।

ਉਹ ਪੁਰਸ਼ ਪਸੁ = ਪਸ਼ੂਆਂ, ਪੰਖੀ = ਪੰਛੀਆਂ, ਤ੍ਰਿਗਦ = ਟੇਢੀਆਂ ਜੋਨਿ = ਜੂਨਾਂ ਭਾਵ ਸੱਪ, ਕਿਰਲੀਆਂ ਆਦਿ ਤੇ = ਤੋਂ ਵੀ ਮੰਦਾ = ਬੁਰੇ, ਭੈੜੇ ਹਨ **ਵਾ:** ਜੋ ਪਰਮੇਸ਼ਰ ਦੇ ਜਸ ਨੂੰ ਨਹੀਂ ਸੁਣਦੇ, ਉਹ ਪਸ਼ੂ ਪੰਛੀ ਅਤੇ ਤ੍ਰਿਗਦ = ਟੇਢੀਆਂ ਜੂਨਾਂ ਨੂੰ ਭੋਗਦੇ ਹਨ॥੩॥

## ਕਹੁ ਨਾਨਕ; ਗੁਰਿ ਮੰਤ੍ਰੁ ਦ੍ਰਿੜਾਇਆ॥
## ਕੇਵਲ ਨਾਮੁ; ਰਿਦ ਮਾਹਿ ਸਮਾਇਆ॥੪॥੪੨॥੧੧੧॥

ਸਤਿਗੁਰੂ ਜੀ ਕਹੁ = ਕਥਨ ਕਰਦੇ ਹਨ ਕਿ ਗੁਰਿ = ਸਤਿਗੁਰਾਂ ਨੇ ਸਾਨੂੰ ਮੰਤ੍ਰ = ਉਪਦੇਸ਼ ਦੇ ਕੇ ਅੰਮ੍ਰਿਤ ਨਾਮ ਦ੍ਰਿੜਾਇਆ = ਦ੍ਰਿੜ੍ਹ, ਪ੍ਰਪੱਕ ਕਰਾਇਆ ਹੈ। ਇਸ ਕਰਕੇ ਕੇਵਲ = ਸਿਰਫ਼ ਮਹਾਰਾਜ ਦਾ ਨਾਮ ਹੀ **ਵਾ:** ਕੇਵਲ = ਕੈਵਲ ਮੁਕਤੀ ਦੇ ਦੇਣ ਵਾਲਾ ਨਾਮ ਹੀ ਸਾਡੇ ਰਿਦ = ਹਿਰਦੇ ਮਾਹਿ = ਵਿਚ ਸਮਾਇਆ = ਮਿਲਿਆ ਹੋਇਆ ਹੈ॥੪॥੪੨॥੧੧੧॥

## ਗਉੜੀ, ਮਹਲਾ ੫॥

**ਉਥਾਨਕਾ :** ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਨਿਵਾਸ ਕਰ ਰਹੇ ਸਨ। ਉਥੇ ਇਕ ਸ਼ਾਹੂਕਾਰ ਦਾ ਪੁੱਤਰ ਗੁਜ਼ਰ ਗਿਆ। ਪੁੱਤਰ ਦੇ ਮੋਹ ਕਰਕੇ ਰੋਣੋਂ ਨਾ ਹਟੇ। ਉਸ ਦੇ ਸੰਬੰਧੀ ਉਸ ਨੂੰ ਗੁਰੂ ਜੀ ਦੇ ਕੋਲ ਲੈ ਕੇ ਆਏ। ਕਹਿਣ ਲੱਗੇ ਕਿ ਮਹਾਰਾਜ ਇਸ ਦਾ ਪੁੱਤਰ ਗੁਜ਼ਰ ਗਿਆ ਹੈ, ਜਿਸ ਦੇ ਮੋਹ ਕਰਕੇ ਰੋਣੋਂ ਨਹੀਂ ਹਟਦਾ। ਆਪ ਜੀ ਇਸ ਨੂੰ ਸਿੱਖਿਆ ਦਿਓ। ਗੁਰੂ ਜੀ ਨੇ ਕਿਹਾ ਕਿ ਹੇ ਭਾਈ! ਤੂੰ ਕੀ ਚਾਹੁੰਦਾ ਹੈਂ। ਉਸ ਨੇ ਕਿਹਾ ਕਿ ਮਹਾਰਾਜ! ਕ੍ਰਿਪਾ ਕਰਕੇ ਮੈਨੂੰ ਇਕ ਵਾਰ ਮੇਰੇ ਪੁੱਤਰ ਦੀ ਰੂਹ ਨੂੰ ਬੁਲਾ ਕੇ ਉਸ ਦੇ ਦਰਸ਼ਨ ਕਰਾ ਦਿਓ।

ਇਹ ਸੁਣ ਕੇ ਸਰਵ-ਸ਼ਕਤੀਮਾਨ ਸਤਿਗੁਰੂ ਜੀ ਨੇ ਉਸ ਦੇ ਪੁੱਤਰ ਦੀ ਰੂਹ ਨੂੰ ਬੁਲਾ ਕੇ ਉਸ ਦੇ ਸਾਹਮਣੇ ਖੜ੍ਹਾ ਕਰ ਦਿੱਤਾ। ਜਦੋਂ ਸਾਹਮਣੇ ਖੜ੍ਹਾ ਵੇਖਿਆ ਤਾਂ ਸ਼ਾਹੂਕਾਰ ਨੇ ਕਿਹਾ ਕਿ ਤੂੰ ਮੇਰਾ ਪੁੱਤਰ ਹੈਂ ਤਾਂ ਉਹ ਰੂਹ ਕਹਿਣ ਲੱਗੀ ਕਿ ਮੈਂ ਕਿਸੇ ਦਾ ਪੁੱਤਰ ਨਹੀਂ ਹਾਂ, ਜੋ ਸਰੀਰ ਸੀ ਉਹ ਤੇਰਾ ਪੁੱਤਰ ਸੀ। ਤੂੰ ਕਿਉਂ ਮੋਹ ਕਰਦਾ ਹੈਂ, ਕਈ ਵਾਰ ਤੂੰ ਮੇਰਾ ਪੁੱਤਰ ਬਣਿਆ ਹੈਂ ਤੇ ਕਈ ਵਾਰ ਮੈਂ ਤੇਰਾ ਪੁੱਤਰ ਬਣਿਆ ਹਾਂ। ਇਹ ਸੁਣ ਕੇ ਵੀ ਸ਼ਾਹੂਕਾਰ ਦਾ ਮੋਹ ਨਾ ਟੁੱਟੇ। ਉਸ ਦਾ ਮੋਹ ਤੋੜਨ ਵਾਸਤੇ ਸਤਿਗੁਰੂ ਸਾਹਿਬ ਜੀ ਨੇ ਇਹ ਪਾਵਨ ਸ਼ਬਦ ਉਚਾਰਨ ਕੀਤਾ :

## ਕਾ ਕੀ ਮਾਈ; ਕਾ ਕੋ ਬਾਪ॥ ਨਾਮ ਧਾਰੀਕ; ਝੂਠੇ ਸਭਿ ਸਾਕ॥੧॥

ਹੇ ਭਾਈ! ਕੌਣ ਕਾ = ਦੀ ਮਾਈ = ਮਾਂ ਹੈ ਅਤੇ ਕੌਣ ਕਾ = ਕਿਸੇ ਕੋ = ਦਾ ਬਾਪ = ਪਿਤਾ ਹੈ।

ਇਹ ਸਭਿ = ਸਾਰੇ ਸਾਕ = ਰਿਸ਼ਤੇਦਾਰ ਝੂਠੇ ਅਤੇ ਨਾਮ ਧਾਰੀਕ = ਨਾਮ ਮਾਤ੍ਰ ਹੀ ਹਨ। ਵਾਸਤਵ ਵਿਚ ਕੋਈ ਨਹੀਂ ਹੈ, ਭਾਵ ਸਰੀਰ ਦੇ ਹੀ ਮਾਤਾ ਪਿਤਾ ਹਨ, ਜਿਸ ਵੇਲੇ ਸਰੀਰ ਵਿੱਚੋਂ ਰੂਹ ਨਿਕਲ ਜਾਂਦੀ ਹੈ ਤਾਂ ਮੁਰਦੇ ਦਾ ਨਾ ਮਾਂ ਹੈ, ਨਾ ਪਿਓ ਹੈ ਅਤੇ ਨਾ ਹੀ ਕੋਈ ਸਾਕ-ਸੰਬੰਧੀ ਹਨ।

ਇਹ ਤਾਂ ਇਕ ਨਾਮ ਮਾਤ੍ਰ ਹੀ ਰੱਖਿਆ ਹੋਇਆ ਹੈ ਕਿ ਸਾਡੇ ਮਾਂ ਪਿਉ ਹਨ, ਸਾਕ-ਸੰਬੰਧੀ ਹਨ, ਐਵੇਂ ਝੂਠੇ = ਅਣਹੋਏ ਬਣਾਏ ਹੋਏ ਹਨ॥੧॥

## ਕਾਹੇ ਕਉ; ਮੂਰਖ ਭਖਲਾਇਆ॥
## ਮਿਲਿ ਸੰਜੋਗਿ; ਹੁਕਮਿ ਤੂੰ ਆਇਆ॥੧॥ਰਹਾਉ॥

ਹੇ ਮੂਰਖ = ਬੇਸਮਝਾ ! ਫਿਰ ਤੂੰ ਕਾਹੇ = ਕਿਸ ਕਉ = ਵਾਸਤੇ ਭਖਲਇਆ = ਬਰੜਾਉਂਦਾ ਪਿਆ ਹੈਂ **ਵਾ:** ਤੂੰ ਕਿਉਂ ਭਖਲਾਇਆ = ਭਟਕਣਾ ਕੀਤਾ ਹੈ।

ਇਹ ਤਾਂ ਪੂਰਬਲੇ ਕਰਮਾਂ ਦੇ ਸੰਜੋਗਿ = ਸੰਬੰਧ ਕਰਕੇ, ਮਾਂ ਪਿਉ ਪੁੱਤਰ ਸੰਬੰਧੀ ਆਦਿਕ ਮਿਲਿ = ਮਿਲੇ ਹਨ, ਪਰਮੇਸ਼ਰ ਦੇ ਹੁਕਮਿ = ਆਗਿਆ ਕਰਕੇ ਤੂੰ ਇਥੇ ਆਇਆ = ਆਉਣਾ ਕੀਤਾ ਹੈ **ਵਾ:** ਪਰਮੇਸ਼ਰ ਦੇ ਹੁਕਮ ਦੁਆਰਾ ਇਹ ਪੂਰਬਲੇ ਕਰਮਾਂ ਦੇ ਸੰਜੋਗ ਕਰਕੇ ਤੈਨੂੰ ਮਨੁੱਖਾ ਦੇਹੀ ਮਿਲਿ = ਮਿਲੀ ਹੈ ਤੇ ਤੂੰ ਸੰਸਾਰ ਵਿਚ ਆਇਆ ਹੈਂ॥੧॥ਰਹਾਉ॥

**ਸਾਖੀ—ਇਕ ਪੰਡਿਤ ਦੀ :** ਜਿਸ ਪ੍ਰਕਾਰ ਇਕ ਪਿੰਡ ਵਿਚ ਇਕ ਪੰਡਿਤ ਰਹਿੰਦਾ ਸੀ ਜੋ ਜੋਤਸ਼ੀ ਵੀ ਸੀ। ਉਸ ਦੇ ਘਰ ਵਿਚ ਇਕ ਪੁੱਤਰ ਨੇ ਜਨਮ ਲਿਆ, ਜਿਸ ਨੇ ਇਸ ਪੰਡਿਤ ਦੇ ਪਿਛਲੇ ਜਨਮ ਦੇ ਹਜ਼ਾਰ ਰੁਪਏ ਦੇਣੇ ਸਨ। ਪੰਡਿਤ ਨੇ ਆਪਣੀ ਜੋਤਿਸ਼ ਵਿਦਿਆ ਨਾਲ ਵੇਖਿਆ ਤਾਂ ਕਿਹਾ ਕਿ ਕੋਈ ਨਹੀਂ, ਵੱਡਾ ਹੋ ਕੇ ਕਮਾ ਕੇ ਦੇ ਦੇਵੇਗਾ ਤਾਂ ਹੀ ਇਸ ਦੀ ਮੌਤ ਹੋਵੇਗੀ। ਇਹ ਸੋਚ ਕੇ ਉਹ ਪੁੱਤਰ ਦੇ ਮੋਹ ਵਿਚ ਫਸ ਕੇ ਬੜੇ ਲਾਡ ਪਿਆਰ ਨਾਲ ਉਸ ਨੂੰ ਪਾਲਣ ਲੱਗ ਪਿਆ, ਜਦੋਂ ਬੱਚਾ ਥੋੜਾ ਵੱਡਾ ਹੋਇਆ ਤਾਂ ਸੰਬੰਧੀਆਂ ਨੇ ਉਸ ਬੱਚੇ ਨੂੰ ਹਜ਼ਾਰ ਰੁਪਏ ਦਿੱਤੇ। ਤਾਂ ਲੜਕਾ ਉਸੇ ਵੇਲੇ ਹੀ ਮਰ ਗਿਆ। ਫਿਰ ਇਕ ਹੋਰ ਲੜਕਾ ਪੈਦਾ ਹੋਇਆ। ਉਸ ਨੇ ਪੰਡਿਤ ਤੋਂ ਇਕ ਹਜ਼ਾਰ ਰੁਪਏ ਲੈਣੇ ਸਨ। ਜਦੋਂ ਪੰਡਿਤ ਨੇ ਇਕ ਹਜ਼ਾਰ ਰੁਪਏ ਬੱਚੇ ਦੀ ਖ਼ੁਸ਼ੀ ਵਿਚ ਖ਼ਰਚ ਕਰ ਦਿੱਤੇ ਤਾਂ ਪੁੱਤਰ ਉਸੇ ਸਮੇਂ ਗੁਜ਼ਰ ਗਿਆ। ਕਿਉਂ ਕਿ ਖ਼ਰਚ ਬੱਚੇ ਦੀ ਪੈਦਾ ਹੋਣ ਦੀ ਖੁਸ਼ੀ ਵਿਚ ਹੋਇਆ ਸੀ। ਇਸ ਪ੍ਰਕਾਰ ਪੂਰਬਲੇ ਲੈਣੇ ਦੇਣੇ ਦੇ ਸੰਜੋਗਾਂ ਕਰਕੇ ਪਰਮੇਸ਼ਰ ਦੇ ਹੁਕਮ ਦੁਆਰਾ ਮਿਲ ਕੇ ਜੀਵ ਸੰਸਾਰ ਵਿਚ ਆਇਆ ਹੈ।

## ਏਕਾ ਮਾਟੀ; ਏਕਾ ਜੋਤਿ॥ ਏਕੋ ਪਵਨੁ; ਕਹਾ ਕਉਨੁ ਰੋਤਿ॥੨॥

ਸਾਰਿਆਂ ਜੀਵਾਂ ਦੇ ਸਰੀਰ ਏਕਾ = ਇੱਕੋ ਹੀ ਮਾਟੀ = ਮਿੱਟੀ ਆਦਿਕ ਪੰਜਾਂ ਤੱਤਾਂ ਦੇ ਬਣੇ ਹੋਏ ਹਨ ਅਤੇ ਸਾਰਿਆਂ ਦੇ ਅੰਦਰ ਏਕਾ = ਇੱਕੋ ਹੀ ਚੇਤਨ ਸੱਤਾ ਰੂਪ ਜੋਤਿ ਵਿਆਪਕ ਹੈ।

ਸਾਰਿਆਂ ਦੇ ਅੰਦਰ ਏਕੋ = ਇੱਕੋ ਹੀ ਪਵਨੁ = ਹਵਾ ਸ੍ਵਾਸ ਰੂਪ ਬਣੀ ਹੋਈ ਹੈ। ਤੇਰੇ ਅੰਦਰ ਉਸ ਦੀ ਜੋਤੀ ਤੋਂ ਬਿਨਾਂ ਕੌਣ ਹੈ ? ਫਿਰ ਵਿਚਾਰ ਕਰ ਕੇ ਦੱਸ ਕੇ ਕਹਾ = ਕਿਸ ਵਾਸਤੇ ਕਉਨੁ = ਕਿਹੜਾ ਰੋਤਿ = ਰੋਂਦਾ ਹੈ, ਕਉਣ ਕਿਸ ਨੂੰ ਰੋਂਦਾ ਹੈ॥੨॥

## ਮੇਰਾ ਮੇਰਾ; ਕਰਿ ਬਿਲਲਾਹੀ॥ ਮਰਣਹਾਰੁ; ਇਹੁ ਜੀਅਰਾ ਨਾਹੀ॥੩॥

ਇਹ ਪੁਰਸ਼ ਮੇਰਾ ਮੇਰਾ ਕਰਿ = ਕਰਕੇ ਭਾਵ ਕਿ ਮੇਰਾ ਪੁੱਤਰ ਹੈ, ਮੇਰਾ ਸੰਬੰਧੀ ਹੈ ਆਦਿ ਕਰਕੇ ਬਿਲਲਾਹੀ = ਵਿਰਲਾਪ ਕਰਦਾ ਰਹਿੰਦਾ ਹੈ।

ਪਰ ਇਹ ਜੀਅਰਾ = ਜੀਵ ਆਤਮਾ ਤਾਂ ਮਰਣਹਾਰ = ਮਰਣ ਵਾਲਾ ਨਾਹੀ = ਨਹੀਂ ਹੈ॥੩॥

## ਕਹੁ ਨਾਨਕ; ਗੁਰਿ ਖੋਲੇ ਕਪਾਟ ॥
## ਮੁਕਤੁ ਭਏ; ਬਿਨਸੇ ਭ੍ਰਮ ਥਾਟ ॥੪॥੪੩॥੧੧੨॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਦੋਂ ਗੁਰਿ = ਸਤਿਗੁਰਾਂ ਨੇ ਆਸਾ ਤ੍ਰਿਸਨਾ, ਪੰਜ ਕੋਸ਼ਾ ਰੂਪੀ ਕਪਾਟ = ਤਖ਼ਤੇ ਖੋਲ ਦਿੱਤੇ। ਤਦੋਂ ਭਰਮ ਦੀ ਥਾਟ = ਬਨਾਵਟ ਬਿਨਸੇ = ਵਿਸ਼ੇਸ਼ ਕਰਕੇ ਨਾਸ ਹੋ ਜਾਣ ਤੇ ਮੁਕਤ ਰੂਪ ਭਏ = ਹੋ ਗਏ ॥੪॥੪੩॥੧੧੨॥

## ਗਉੜੀ, ਮਹਲਾ ੫ ॥
## ਵਡੇ ਵਡੇ; ਜੋ ਦੀਸਹਿ ਲੋਗ ॥
## ਤਿਨ ਕਉ ਬਿਆਪੈ; ਚਿੰਤਾ ਰੋਗ ॥੧॥

ਜੋ ਲੋਗ = ਲੋਕ ਵਡਿਆਈਆਂ ਕਰਕੇ ਵਡੇ = ਮਹਾਨ ਅਤੇ ਪਦਾਰਥਾਂ ਕਰਕੇ ਵਡੇ = ਮਹਾਨ ਦੀਸਹਿ = ਦਿਸ ਰਹੇ ਹਨ, ਤਿਨ = ਉਨ੍ਹਾਂ ਕਉ = ਨੂੰ ਤਾਂ ਚਿੰਤਾ = ਫ਼ਿਕਰ ਰੂਪੀ ਰੋਗ ਬਿਆਪੈ = ਵਿਆਪ ਰਿਹਾ ਹੈ, ਚਿੰਬੜਿਆ ਹੋਇਆ ਹੈ ॥੧॥

***ਨੋਟ :*** ਚਿੱਤ ਦੀ ਜੋ ਬਿਹਬਲ ਹਾਲਤ ਹੈ, ਉਸ ਦਾ ਨਾਮ ਚਿੰਤਾ ਹੈ।

## ਕਉਨ ਵਡਾ; ਮਾਇਆ ਵਡਿਆਈ ॥

ਹੇ ਭਾਈ ! ਆਪ ਕਉਨ = ਕਿਹੜਾ ਵੱਡਾ ਹੈ, ਸਭ ਮਾਇਆ ਦੀ ਹੀ ਵਡਿਆਈ ਹੈ **ਵਾ:** ਮਾਇਆ ਦੀ ਵਡਿਆਈ ਕਰਕੇ ਕੌਣ ਵੱਡਾ ਹੋ ਸਕਦਾ ਹੈ ? ਭਾਵ ਕੋਈ ਨਹੀਂ ਹੋ ਸਕਦਾ।

**ਸਾਖੀ—ਭੰਗੀ ਦੀ :** ਕਾਂਸ਼ੀ ਵਿਚ ਇਕ ਭੰਗੀ ਸੀ। ਉਹ ਘਾਹ ਖੋਤ ਕੇ ਗੁਜ਼ਾਰਾ ਕਰਦਾ ਸੀ। ਘਾਹ ਖੋਤਦੇ ਹੋਏ ਨੂੰ ਇਕ ਦਿਨ ਬਹੁਤ ਸਾਰੀ ਮਾਇਆ ਮਿਲ ਗਈ, ਜਿਸ ਕਰਕੇ ਉਹ ਇਕ ਸ਼ਾਹੂਕਾਰ ਬਣ ਗਿਆ। ਵੱਡੇ ਵੱਡੇ ਮਕਾਨ ਬਣਾ ਲਏ ਤੇ ਘੋੜੀ ਉੱਪਰ ਚੜ੍ਹ ਕੇ ਜਾਇਆ ਕਰੇ ਤਾਂ ਲੋਕ ਉਸ ਨੂੰ ਸਲਾਮਾਂ ਕਰਿਆ ਕਰਨ, ਉਹ ਭੰਗੀ ਅੱਗੋਂ ਕਹਿ ਦਿਆ ਕਰੇ ਕਿ ਕਹਿ ਦਿਆਂਗਾ, ਕਹਿ ਦਿਆਂਗਾ।

ਲੋਕ ਹੈਰਾਨ ਹੋ ਗਏ ਕਿ ਇਸ ਕੋਲ ਚਾਰ ਪੈਸੇ ਕੀ ਆ ਗਏ, ਅੱਗੋਂ ਮਸ਼ਕਰੀਆਂ ਕਰਦਾ ਹੈ। ਲੋਕਾਂ ਨੇ ਪੁੱਛਿਆ ਕਿ ਕੀ ਕਾਰਨ ਹੈ ? ਤਾਂ ਇਹ ਕਹਿਣ ਲੱਗਾ ਕਿ ਮੈਂ ਤਾਂ ਉਹੋ ਹੀ ਘਾਹ ਖੋਤਣ ਵਾਲਾ ਭੰਗੀ ਹਾਂ। ਆਹ ਵੇਖ ਲਓ ਰੰਬਾ ਅਤੇ ਪੱਲੀ ਮੇਰੇ ਕੋਲ ਰੱਖੀ ਹੈ। ਇਹ ਮਾਇਆ ਮੇਰੇ ਕੋਲ ਆ ਗਈ, ਇਸ ਕਰਕੇ ਲੋਕ ਮੈਨੂੰ ਨਮਸਕਾਰ ਨਹੀਂ ਕਰਦੇ, ਇਹ ਤਾਂ ਮਾਇਆ ਨੂੰ ਕਰਦੇ ਹਨ। ਮੈਂ ਤਾਂ ਇਹ ਕਹਿੰਦਾ ਹਾਂ ਕਿ ਭਾਈ ਜੋ ਮਾਇਆ ਹੈ, ਉਸ ਨੂੰ ਜਾ ਕੇ ਤੁਹਾਡੀ ਨਮਸਕਾਰ ਕਹਿ ਦਿਆਂਗਾ। ਮੈਨੂੰ ਤਾਂ ਤੁਸੀਂ ਰੋਟੀ ਵੀ ਨਹੀਂ ਦਿੰਦੇ ਸੀ, ਘਾਹ ਖੋਤ ਕੇ ਹੀ ਗੁਜ਼ਾਰਾ ਕਰਦਾ ਸੀ। ਭਾਵ ਕਿ ਮਾਇਆ ਕਰਕੇ ਹੀ ਵਡਿਆਈ ਮਿਲੀ ਹੋਈ ਹੈ, ਆਪ ਕੌਣ ਵੱਡਾ ਹੈ।

***ਨੋਟ :*** ਕਰਤਾਰਪੁਰ ਵਾਲੀ ਬੀੜ ਵਿਚ 'ਕ' ਨੂੰ ਹੋੜਾ (ਕੋ) ਅਤੇ ਊੜਾ (ੳ) ਹੈ (ਕੋਉਨ)। ਪਰ ਦਮਦਮੇ ਸਾਹਿਬ ਵਾਲੀ ਬੀੜ ਵਿਚ "ਕਉਨ" ਪਾਠ ਹੈ।

## ਸੋ ਵਡਾ; ਜਿਨਿ ਰਾਮ ਲਿਵ ਲਾਈ ॥੧॥ਰਹਾਉ॥

ਪਰ ਅਸਲ ਵਿਚ ਤਾਂ ਸੋ = ਉਹ ਵੱਡਾ ਹੈ। ਜਿਨਿ = ਜਿਸ ਨੇ ਰਾਮ = ਪਰਮੇਸ਼ਰ ਵਿਚ ਲਿਵ = ਬਿਰਤੀ ਲਾਈ = ਲਾਉਣਾ ਕੀਤੀ ਹੈ ॥੧॥ਰਹਾਉ॥

## ਭੂਮੀਆ; ਭੂਮਿ ਊਪਰਿ, ਨਿਤ ਲੁਝੈ ॥ ਛੋਡਿ ਚਲੈ; ਤ੍ਰਿਸਨਾ ਨਹੀ ਬੁਝੈ ॥੨॥

(**ਲੁਝੈ** ਅੱਧਕ ਸਹਿਤ ਅਤੇ **ਬੁਝੈ** ਅੱਧਕ ਰਹਿਤ ਉਚਾਰਨਾ ਹੈ)

ਭੂਮੀਆ = ਜ਼ਿਮੀਂਦਾਰ ਲੋਕ ਭੂਮਿ = ਧਰਤੀ, ਜ਼ਮੀਨ, ਊਪਰਿ = ਉੱਤੇ ਭਾਵ ਵਾਸਤੇ ਨਿਤ = ਨਿਤਾਪ੍ਰਤੀ ਲੁਝੈ = ਝਗੜਦੇ ਰਹਿੰਦੇ ਹਨ।

ਪਰ ਅੰਤ ਨੂੰ ਇਥੇ ਹੀ ਛੋਡਿ = ਛੱਡ ਕੇ ਚਲੈ = ਤੁਰ ਜਾਂਦੇ ਹਨ, ਪਰ ਤ੍ਰਿਸ਼ਨਾ ਨਹੀਂ ਬੁਝੈ = ਬੁਝਦੀ।

## ਕਹੁ ਨਾਨਕ; ਇਹੁ ਤਤੁ ਬੀਚਾਰਾ ॥
## ਬਿਨੁ ਹਰਿ ਭਜਨ; ਨਾਹੀ ਛੁਟਕਾਰਾ ॥੩॥੪੪॥੧੧੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਇਹ ਤਤੁ = ਸਿਧਾਂਤ ਨੂੰ ਬੀਚਾਰਾ = ਵਿਚਾਰਿਆ ਹੈ ਕਿ ਹਰਿ = ਅਕਾਲ ਪੁਰਖ ਦੇ ਭਜਨ = ਕੀਰਤਨ ਤੋਂ ਬਿਨੁ = ਬਗ਼ੈਰ ਕਿਸੇ ਦਾ ਵੀ ਸੰਸਾਰ ਬੰਧਨਾਂ ਤੋਂ ਛੁਟਕਾਰਾ ਨਹੀਂ ਹੋਵੇਗਾ, ਮੁਕਤੀ ਨਹੀਂ ਪ੍ਰਾਪਤ ਹੋਵੇਗੀ ॥੩॥੪੪॥੧੧੩॥

***ਨੋਟ :*** ਪੂਰਬ ਦੇ ਇਲਾਕੇ ਵਿਚ ਕੀਰਤਨ ਨੂੰ 'ਭਜਨ' ਕਹਿੰਦੇ ਹਨ।

## ਗਉੜੀ, ਮਹਲਾ ੫ ॥
## ਪੂਰਾ ਮਾਰਗੁ; ਪੂਰਾ ਇਸਨਾਨੁ ॥ ਸਭੁ ਕਿਛੁ ਪੂਰਾ; ਹਿਰਦੈ ਨਾਮੁ ॥੧॥

ਜਿਨ੍ਹਾਂ ਨੂੰ ਪੂਰਾ = ਪੂਰਨ ਭਾਉ-ਭਗਤੀ ਦਾ ਬ੍ਰਹਮ ਗਿਆਨ ਦਾ **ਵਾ:** ਪ੍ਰੇਮ ਦਾ ਮਾਰਗ = ਰਸਤਾ ਪ੍ਰਾਪਤ ਹੋਇਆ ਹੈ, ਉਨ੍ਹਾਂ ਦਾ ਹੀ ਪੂਰਾ = ਪੂਰਨ ਇਸਨਾਨੁ = ਨਹਾਉਣ ਹੈ।

ਜਿਨ੍ਹਾਂ ਦੇ ਹਿਰਦੇ ਵਿਚ ਪਰਮੇਸ਼ਰ ਦਾ ਨਾਮ ਹੈ, ਉਨ੍ਹਾਂ ਨੂੰ ਸਭੁ = ਸਾਰਾ ਕਿਛੁ = ਕੁਝ ਹੀ ਪੂਰਾ = ਪੂਰਨ ਪ੍ਰਤੀਤ ਹੋ ਰਿਹਾ ਹੈ। ਅਰਥਾਤ ਵਿਦਵਾਨਾਂ ਨੇ ਪੰਜ ਪ੍ਰਕਾਰ ਦੇ ਇਸ਼ਨਾਨ ਮੰਨੇ ਹਨ। ਇਕ ਤਾਂ ਬਿਨਾਂ ਕੇਸੀ ਇਸ਼ਨਾਨ ਤੋਂ ਗਲ ਤਕ ਇਸ਼ਨਾਨ, ਦੂਸਰਾ ਸਣੇ ਕੇਸੀ ਇਸ਼ਨਾਨ, ਤੀਸਰਾ ਸਣੇ ਕੱਪੜੀਂ ਇਸ਼ਨਾਨ, ਚੌਥਾ ਸਾਧ ਸੰਗਤ ਦੀ ਧੂੜ ਵਿਚ ਇਸ਼ਨਾਨ ਅਤੇ ਪੰਜਵਾਂ ਇਸ਼ਨਾਨ ਜੋ ਪਰਮੇਸ਼ਰ ਦੇ ਨਾਮ ਦਾ ਸ਼੍ਰਵਣ ਕਰਨਾ ਹੈ, ਮੰਨਣ ਕਰਨਾ ਹੈ, ਨਿਧਿਆਸਨ ਕਰਨਾ ਹੈ। ਇਸ ਨਾਲ ਅੰਦਰ ਅਵਿਦਿਆ ਦਾ ਪੜਦਾ ਨਾਸ ਹੋ ਜਾਂਦਾ ਹੈ ਅਤੇ ਅੰਦਰ ਜੋ ਪ੍ਰਾਪਤ ਆਤਮਾ ਰੂਪ ਤੀਰਥ ਹੈ, ਉਸ ਦੇ ਵਿਚ ਇਸ਼ਨਾਨ ਕਰਨ ਨਾਲ ਅਵਿਦਿਆ ਰੂਪੀ ਮੈਲ ਨਹੀਂ ਰਹਿੰਦੀ। ਐਸੇ ਇਸ਼ਨਾਨ ਕਰਨ ਵਾਲੇ ਪੁਰਸ਼ ਮੁਕਤ ਹੋ ਜਾਂਦੇ ਹਨ। ਇਹ ਪੂਰਨ ਇਸ਼ਨਾਨ ਹੈ ॥੧॥ ਜੈਸਾ ਕਿ :

**ਸੁਣਿਆ ਮੰਨਿਆ ਮਨਿ ਕੀਤਾ ਭਾਉ ॥**
**ਅੰਤਰਗਤਿ ਤੀਰਥਿ ਮਲਿ ਨਾਉ ॥** *(ਜਪੁ ਜੀ ਸਾਹਿਬ, ਅੰਗ ੪)*

## ਪੂਰੀ ਰਹੀ; ਜਾ ਪੂਰੈ ਰਾਖੀ ॥
## ਪਾਰਬ੍ਰਹਮ ਕੀ ਸਰਣਿ; ਜਨ ਤਾਕੀ ॥੧॥ਰਹਾਉ॥

(**ਤੱਕੀ** ਅੱਧਕ ਸਹਿਤ ਉਚਾਰਨਾ ਹੈ)

ਜਾ = ਜਿਨ੍ਹਾਂ ਦੀ ਪੂਰੈ = ਪੂਰਨ ਗੁਰੂ ਸਾਹਿਬ ਜੀ ਨੇ ਵਿਕਾਰਾਂ ਅਤੇ ਜਮਾਂ ਆਦਿਕਾਂ ਤੋਂ ਰਾਖੀ = ਰੱਖਿਆ ਕੀਤੀ ਹੈ, ਉਨ੍ਹਾਂ ਦੀ ਹੀ ਪੂਰੀ = ਪੂਰਨ ਕਰਨੀ ਕਮਾਈ ਰਹੀ = ਰਹਿ ਗਈ ਹੈ।

ਜਿਨ੍ਹਾਂ ਜਨ = ਜਨਾਂ ਨੇ ਪਾਰਬ੍ਰਹਮ = ਪਰਮੇਸ਼ਰ ਕੀ = ਦੀ ਸਰਣਿ = ਪਨਾਹ, ਓਟ ਤਾਕੀ = ਤੱਕਣਾ ਕੀਤੀ ਹੈ, ਲੈਣਾ ਕੀਤਾ ਹੈ ॥੧॥ਰਹਾਉ॥

## ਪੂਰਾ ਸੁਖੁ; ਪੂਰਾ ਸੰਤੋਖੁ ॥ ਪੂਰਾ ਤਪੁ; ਪੂਰਨ ਰਾਜੁ ਜੋਗੁ ॥੨॥

ਉਨ੍ਹਾਂ ਨੂੰ ਪੂਰਾ = ਪੂਰਨ ਆਤਮਾ ਦਾ ਸੁਖ ਪ੍ਰਾਪਤ ਹੋਇਆ ਹੈ ਅਤੇ ਸਾਰੀਆਂ ਵਾਸ਼ਨਾਵਾਂ ਦਾ ਖੈਅ ਰੂਪ ਪੂਰਾ = ਪੂਰਨ ਸੰਤੋਖੁ = ਲੋਭ ਦਾ ਤਿਆਗ ਰੂਪ ਅਨੰਦ ਪ੍ਰਾਪਤ ਹੋਇਆ ਹੈ।

ਉਨ੍ਹਾਂ ਨੇ ਹੀ ਚਿੱਤ ਨੂੰ ਇਕਾਗਰ ਕਰਨ ਰੂਪ ਪੂਰਾ = ਪੂਰਨ ਤਪ = ਤਪੱਸਿਆ ਕੀਤੀ ਹੈ **ਵਾ:** ਉਨ੍ਹਾਂ ਨੇ ਹੀ ਪੂਰਾ ਤਪ ਕੀਤਾ ਹੈ ਅਤੇ ਉਹ ਪੂਰਨ ਰਾਜੁ = ਪ੍ਰਕਾਸ਼ ਸਰੂਪ ਪਰਮੇਸ਼ਰ ਦਾ ਰੂਪ ਗੁਰਾਂ ਦੀ ਸੇਵਾ ਵਿਚ ਜੋਗੁ = ਜੁੜੇ ਹਨ **ਵਾ:** ਉਹ ਰਾਜੁ = ਪ੍ਰਕਾਸ਼ ਸਰੂਪ ਵਿਚ ਜੋਗੁ = ਜੁੜਨੇ ਕਰਕੇ ਪੂਰਨ ਬ੍ਰਹਮਾਨੰਦ ਵਾਲੇ ਹੋਏ ਹਨ ॥੨॥

ਸੰਤੋਖ ਦੇ ਇਹ ਲੱਛਣ ਹਨ ਕਿ ਜੈਸਾ ਲਾਭ ਹੋਵੇ, ਉਸ ਵਿਚ ਹੀ ਸੰਤੁਸ਼ਟ ਰਹਿਣਾ, ਪ੍ਰਸੰਨ ਰਹਿਣਾ "ਯਥਾ ਲਾਭ ਤਥਾ ਸੰਤੁਸ਼ਟ"।

## ਹਰਿ ਕੈ ਮਾਰਗਿ; ਪਤਿਤ ਪੁਨੀਤ ॥ ਪੂਰੀ ਸੋਭਾ; ਪੂਰਾ ਲੋਕੀਕ ॥੩॥

ਹਰਿ = ਪਰਮੇਸ਼ਰ ਦੀ ਭਗਤੀ ਕੈ = ਦੇ ਮਾਰਗਿ = ਰਸਤੇ 'ਤੇ ਚੱਲਣ ਵਾਲੇ ਪਤਿਤ = ਪਾਪੀ ਪੁਰਖ ਵੀ ਪੁਨੀਤ = ਪਵਿੱਤਰ ਹੋ ਜਾਂਦੇ ਹਨ। ਜਿਵੇਂ ਅਜਾਮਲ, ਗਨਿਕਾ ਆਦਿ ਵਰਗੇ ਵੀ ਪਵਿੱਤਰ ਹੋ ਗਏ।

ਉਨ੍ਹਾਂ ਦੀ ਸੋਭਾ ਇਸ ਸੰਸਾਰ ਵਿਚ ਪੂਰੀ ਹੈ ਅਤੇ ਉਹ ਲੋਕੀਕ = ਲੋਕ ਪ੍ਰੀਤੀ ਵਿਚ ਵੀ ਪੂਰਾ = ਪੂਰਨ ਹਨ **ਵਾ:** ਉਹ ਲੋਕੀਕ = ਲੋਕ ਰੀਤੀ, ਸੰਸਾਰੀ ਮਰਯਾਦਾ ਵਿਚ ਵੀ ਪੂਰਨ ਹਨ **ਵਾ:** (ਲੋਕ+ਈਕ) ਲੋਕ = ਲੋਕਾਂ ਵਿਚ ਕੋਈ ਈਕ = ਇਕ ਅੱਧਾ ਹੀ ਪੂਰਾ ਹੈ **ਵਾ:** ਉਨ੍ਹਾਂ ਦੀ ਲੋਕਾਂ ਵਿਚ ਵੀ ਪੂਰੀ ਸੋਭਾ ਹੈ ਅਤੇ ਉਹ ਪਰਮੇਸ਼ਰ ਵੱਲ ਵੀ ਪੂਰਾ = ਪੂਰਨ ਹਨ ॥੩॥

## ਕਰਣਹਾਰੁ; ਸਦ ਵਸੈ ਹਦੂਰਾ ॥
## ਕਹੁ ਨਾਨਕ; ਮੇਰਾ ਸਤਿਗੁਰੁ ਪੂਰਾ ॥੪॥੪੫॥੧੧੪॥

ਉਨ੍ਹਾਂ ਨੇ ਜਗਤ ਨੂੰ ਪੈਦਾ ਕਰਣਹਾਰੁ = ਕਰਣ ਵਾਲੇ ਪਰਮੇਸ਼ਰ ਨੂੰ ਸਦ = ਹਮੇਸ਼ਾਂ ਹਦੂਰਾ = ਨੇੜੇ ਵਸੈ = ਵਸਦਾ ਜਾਣਿਆ ਹੈ।

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੇਰਾ = ਸਾਡਾ ਸਤਿਗੁਰੂ ਬ੍ਰਹਮ ਨੇਸਟੀ, ਬ੍ਰਹਮ ਸ੍ਰੋਤ੍ਰੀ ਰੂਪ ਪੂਰਾ = ਪੂਰਨ ਹੈ **ਵਾ:** ਸਤਿਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸਤਿਗੁਰੁ = ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਰਾਮਦਾਸ ਜੀ ਮੇਰਾ = ਸਾਡੇ ਪੂਰਾ = ਪੂਰਨ ਹਨ, ਉਨ੍ਹਾਂ ਦੀ ਕਿਰਪਾ ਕਰਕੇ ਪਰਮੇਸ਼ਰ ਸਦਾ ਨਿਕਟ ਵਸਦਾ ਜਾਣਿਆ ਹੈ ॥੪॥੪੫॥੧੧੪॥

[ਅੰਗ ੧੮੯]

## ਗਉੜੀ, ਮਹਲਾ ੫ ॥

## ਸੰਤ ਕੀ ਧੂਰਿ; ਮਿਟੇ ਅਘ ਕੋਟ ॥ ਸੰਤ ਪ੍ਰਸਾਦਿ; ਜਨਮ ਮਰਣ ਤੇ ਛੋਟ ॥੧॥

ਸੰਤ = ਮਹਾਤਮਾ ਜਨਾਂ **ਵਾ:** ਸ਼ਾਂਤ ਆਤਮਾ ਵਾਲੇ ਗੁਰਾਂ ਦੀ ਚਰਨ ਧੂਰਿ = ਧੂੜ ਕਰ ਕੇ ਕੋਟ = ਕ੍ਰੋੜਾਂ ਜਨਮਾਂ ਦੇ ਅਘ = ਪਾਪ ਮਿਟੇ = ਮਿਟ ਜਾਂਦੇ ਹਨ, ਨਾਸ ਹੋ ਜਾਂਦੇ ਹਨ **ਵਾ:** ਅਘ = ਪਾਪ ਜੋ ਕੋਟ = ਕਿਲ੍ਹਿਆਂ ਦੀ ਨਿਆਈਂ ਉਸਰੇ ਹੋਏ ਹਨ, ਉਹ ਮਿਟੇ = ਮਿਟ ਜਾਂਦੇ ਹਨ।

ਸੰਤ = ਮਹਾਤਮਾ **ਵਾ:** ਸ਼ਾਂਤ ਆਤਮਾ, ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਕਰਕੇ ਜਨਮ ਮਰਣ ਤੇ = ਤੋਂ ਛੋਟ = ਛੁਟਕਾਰਾ ਪਾ ਲਈਦਾ ਹੈ ॥੧॥

## ਸੰਤ ਕਾ ਦਰਸੁ; ਪੂਰਨ ਇਸਨਾਨੁ ॥ ਸੰਤ ਕ੍ਰਿਪਾ ਤੇ; ਜਪੀਐ ਨਾਮੁ ॥੧॥ਰਹਾਉ॥

ਸੰਤ = ਮਹਾਤਮਾ ਜਨਾਂ **ਵਾ:** ਸ਼ਾਂਤ ਆਤਮਾ ਵਾਲੇ ਗੁਰਾਂ ਕਾ = ਦਾ ਦਰਸੁ = ਦਰਸ਼ਨ ਹੀ ਅਠਾਹਠ ਤੀਰਥਾਂ ਦਾ ਪੂਰਨ = ਪੂਰਾ ਇਸਨਾਨੁ = ਨਹਾਉਣ ਹੈ **ਵਾ:** ਬ੍ਰਹਮ ਦੀ ਸਾਖਿਆਤਤਾ ਦਾ, ਬ੍ਰਹਮਾਨੰਦ ਦੀ ਏਕਤਾ ਦਾ, ਅਭੇਦਤਾ ਦਾ ਪੂਰਨ ਇਸ਼ਨਾਨ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ।

ਸੰਤ = ਮਹਾਤਮਾ **ਵਾ:** ਸ਼ਾਂਤ ਚਿਤ, ਗੁਰੂ ਸਾਹਿਬ ਜੀ ਦੀ ਕਿਰਪਾ = ਦਇਆ ਤੇ = ਤੋਂ ਹੀ ਪਰਮੇਸ਼ਰ ਦਾ ਨਾਮ ਜਪੀਐ = ਜਪਿਆ ਜਾਂਦਾ ਹੈ ॥੧॥ਰਹਾਉ॥

## ਸੰਤ ਕੈ ਸੰਗਿ; ਮਿਟਿਆ ਅਹੰਕਾਰੁ ॥
## ਦ੍ਰਿਸਟਿ ਆਵੈ; ਸਭੁ ਏਕੰਕਾਰੁ ॥੨॥

ਸੰਤ = ਮਹਾਤਮਾ **ਵਾ:** ਸ਼ਾਂਤ ਆਤਮਾ ਵਾਲੇ ਗੁਰਾਂ ਕੈ = ਦੇ ਸੰਗਿ = ਨਾਲ **ਵਾ:** ਸੰਤਾਂ **ਵਾ:** ਗੁਰਾਂ ਦੀ ਸੰਗਿ = ਸੰਗਤ ਕਰ ਕੇ ਜੀਵਾਂ ਦਾ ਅਹੰਕਾਰ = ਹੰਕਾਰ ਮਿਟਿਆ = ਮਿਟ ਜਾਂਦਾ ਹੈ ਸਭੁ = ਸਾਰਿਆਂ ਵਿਚ ਏਕੰਕਾਰੁ = ਇੱਕੋ ਹੀ ਅਕਾਰ ਸਰੂਪ ਬ੍ਰਹਮ ਹੀ ਦ੍ਰਿਸਟਿ = ਨਿਗ੍ਹਾ ਵਿਚ ਆਵੈ = ਆਉਂਦਾ ਹੈ ॥੨॥

## ਸੰਤ ਸੁ ਪ੍ਰਸੰਨ; ਆਏ ਵਸਿ ਪੰਚਾ ॥ ਅੰਮ੍ਰਿਤੁ ਨਾਮੁ; ਰਿਦੈ ਲੈ ਸੰਚਾ ॥੩॥

ਜਿਨ੍ਹਾਂ ਦੇ ਉੱਤੇ ਸੁ = ਭਲੀ ਪ੍ਰਕਾਰ ਸੰਤ = ਮਹਾਂਪੁਰਸ਼ **ਵਾ:** ਸ਼ਾਂਤ ਆਤਮ ਵਾਲੇ ਗੁਰੂ ਪ੍ਰਸੰਨ = ਖ਼ੁਸ਼ ਹੋ ਗਏ ਹਨ, ਉਨ੍ਹਾਂ ਦੇ ਪੰਚਾ = ਪੰਜੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਸਿ = ਅਧੀਨ ਆਏ = ਆ ਜਾਂਦੇ ਹਨ, ਵਸ ਹੋ ਜਾਂਦੇ ਹਨ।

ਸੰਤਾਂ ਮਹਾਂਪੁਰਸ਼ਾਂ **ਵਾ:** ਸਤਿਗੁਰਾਂ ਨੇ ਅੰਮ੍ਰਿਤ ਨਾਮ ਲੈ ਕਰ ਕੇ ਸਿੱਖ ਦੇ ਰਿਦੈ = ਹਿਰਦੇ ਵਿਚ ਸੰਚਾ = ਸੰਚ ਦਿੱਤਾ ਹੈ, ਇਕੱਤਰ ਕਰ ਦਿੱਤਾ ਹੈ **ਵਾ:** ਉਨ੍ਹਾ ਨੇ ਸੰਤਾਂ, ਗੁਰਾਂ ਕੋਲੋ ਅੰਮ੍ਰਿਤ ਨਾਮ ਲੈ ਕੇ ਹਿਰਦੇ ਵਿਚ ਸੰਚਾ = ਇੱਕਤਰ ਕਰ ਲਿਆ ਹੈ ॥੩॥

## ਕਹੁ ਨਾਨਕ; ਜਾ ਕਾ ਪੂਰਾ ਕਰਮ ॥
## ਤਿਸੁ ਭੇਟੇ; ਸਾਧੂ ਕੇ ਚਰਨ ॥੪॥੪੬॥੧੧੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਾ = ਜਿਨ੍ਹਾਂ ਪੁਰਖਾਂ ਕਾ = ਦਾ ਪੂਰਬਲੇ ਜਨਮਾਂ ਦਾ ਨਿਸ਼ਕਾਮ ਕਰਮ ਪੂਰਾ = ਪੂਰਨ ਹੈ।

ਤਿਸੁ = ਉਨ੍ਹਾਂ ਨੂੰ ਸਾਧੂ = ਮਹਾਪੁਰਖਾਂ **ਵਾ:** ਸ੍ਰੇਸ਼ਟ ਗੁਰਾਂ ਕੇ = ਦੇ ਚਰਨ ਪਰਸਣੇ ਭੇਟੇ = ਮਿਲਦੇ ਹਨ ॥੪॥੪੬॥੧੧੫॥

## ਗਉੜੀ, ਮਹਲਾ ੫ ॥
## ਹਰਿ ਗੁਣ ਜਪਤ; ਕਮਲੁ ਪਰਗਾਸੈ ॥ ਹਰਿ ਸਿਮਰਤ; ਤ੍ਰਾਸ ਸਭ ਨਾਸੈ ॥੧॥

ਜੇ ਹਰਿ = ਹਰੀ ਅਕਾਲ ਪੁਰਖ ਦੇ ਗੁਣ = ਗੁਣਾਂ ਨੂੰ ਜਪਤ = ਜਪੀਏ ਭਾਵ ਗਾਈਏ, ਤਾਂ ਹਿਰਦਾ ਕਮਲ ਪਰਗਾਸੈ = ਖਿੜ ਆਉਂਦਾ ਹੈ ਭਾਵ ਅਵਿਦਿਆ ਰੂਪੀ ਰਾਤਰੀ ਦੇ ਹਟਣ ਕਰਕੇ, ਗਿਆਨ ਰੂਪੀ ਸੂਰਜ ਦੇ ਚੜ੍ਹਨ ਕਰਕੇ ਹਿਰਦਾ ਕਵਲ ਖਿੜ ਆਉਂਦਾ ਹੈ।

ਹਰਿ = ਹਰੀ ਪਰਮੇਸ਼ਰ ਦਾ ਸਿਮਰਤ = ਸਿਮਰਨ ਕਰ ਕੇ ਸਭ ਪ੍ਰਕਾਰ ਦਾ ਤ੍ਰਾਸ = ਭੈ, ਡਰ ਨਾਸੈ = ਨਾਸ ਹੋ ਜਾਂਦਾ ਹੈ ॥੧॥

## ਸਾ ਮਤਿ ਪੂਰੀ; ਜਿਤੁ ਹਰਿ ਗੁਣ ਗਾਵੈ ॥
## ਵਡੈ ਭਾਗਿ; ਸਾਧੂ ਸੰਗੁ ਪਾਵੈ॥੧॥ਰਹਾਉ॥

ਸਾ = ਉਹੋ ਹੀ ਮਤਿ = ਬੁੱਧੀ ਪੂਰੀ = ਪੂਰਨ ਹੈ, ਜਿਤੁ = ਜਿਸ ਨਾਲ ਹਰਿ = ਹਰੀ ਪਰਮੇਸ਼ਰ ਦੇ ਗੁਣਾਂ ਨੂੰ ਗਾਵੈ = ਗਾਈਦਾ ਹੈ **ਵਾ:** ਜਿਸ ਨਾਲ ਹਰੀ ਦੇ ਗੁਣ ਗਾਏ ਜਾਣ, ਸਾ = ਉਹੋ ਹੀ ਪੂਰੀ = ਪੂਰਨ ਮਤਿ = ਸਿੱਖਿਆ ਹੈ। ਇਹ ਦਾਤ ਵਡੈ = ਵੱਡਿਆਂ ਭਾਗਿ = ਭਾਗਾਂ ਕਰ ਕੇ ਸਾਧੂ = ਮਹਾਤਮਾ ਦੀ ਸੰਗੁ = ਸੰਗਤ ਕਰ ਕੇ ਪਾਈਦੀ ਹੈ ॥੧॥ਰਹਾਉ॥

## ਸਾਧਸੰਗਿ; ਪਾਈਐ ਨਿਧਿ ਨਾਮਾ ॥
## ਸਾਧਸੰਗਿ; ਪੂਰਨ ਸਭਿ ਕਾਮਾ ॥੨॥

ਸਾਧਸੰਗਿ = ਸਤਿਸੰਗਤ ਕਰ ਕੇ ਨਾਮਾ = ਨਾਮ ਰੂਪੀ ਨਿਧਿ = ਖ਼ਜ਼ਾਨਾ ਪਾਈਐ = ਪ੍ਰਾਪਤ ਕਰੀਦਾ ਹੈ।

ਸਾਧਸੰਗਿ = ਸਤਿਸੰਗਤ ਕਰ ਕੇ ਸਭਿ = ਸਾਰੀਆਂ ਕਾਮਾ = ਕਾਮਨਾਵਾਂ ਪੂਰਨ = ਪੂਰੀਆਂ ਹੋ ਜਾਂਦੀਆਂ ਹਨ, **ਵਾ:** ਧਰਮ, ਅਰਥ, ਕਾਮ, ਮੋਖ ਸਾਰੇ ਪ੍ਰਾਪਤ ਹੋ ਜਾਂਦੇ ਹਨ ॥੨॥

## ਹਰਿ ਕੀ ਭਗਤਿ; ਜਨਮੁ ਪਰਵਾਣੁ ॥
## ਗੁਰ ਕਿਰਪਾ ਤੇ; ਨਾਮੁ ਵਖਾਣੁ ॥੩॥

ਹਰਿ = ਪਰਮੇਸ਼ਰ ਕੀ = ਦੀ ਭਗਤਿ = ਭਾਉ-ਭਗਤੀ ਕਰਕੇ ਮਨੁੱਖਾ ਜਨਮ ਪਰਵਾਣੁ = ਸਫਲਾ ਪ੍ਰਵਾਣਨੀਕ ਹੋ ਜਾਂਦਾ ਹੈ।

ਗੁਰ = ਸਤਿਗੁਰਾਂ ਦੀ ਕਿਰਪਾ = ਦਇਆ ਤੇ = ਤੋਂ ਹੀ ਪਰਮੇਸ਼ਰ ਦਾ ਅੰਮ੍ਰਿਤ ਨਾਮ ਵਖਾਣੁ = ਕਥਨ ਕਰੀਦਾ ਹੈ ॥੩॥

## ਕਹੁ ਨਾਨਕ; ਸੋ ਜਨੁ ਪਰਵਾਨੁ ॥
## ਜਾ ਕੈ; ਰਿਦੈ ਵਸੈ ਭਗਵਾਨੁ ॥੪॥੪੭॥੧੧੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੋ = ਉਹੋ ਜਨੁ = ਪੁਰਸ਼ ਹੀ ਪ੍ਰਭੂ ਦੀ ਦਰਗਾਹ ਵਿਚ ਪਰਵਾਨੁ = ਪ੍ਰਵਾਣਨੀਕ ਹੁੰਦਾ ਹੈ।

ਜਾ = ਜਿਸ ਕੈ = ਦੇ ਰਿਦੈ = ਹਿਰਦੇ ਵਿਚ ਭਗਵਾਨੁ = ਖਟ ਭਗਾਂ ਸੰਪੰਨ ਪਰਮੇਸ਼ਰ ਵਸੈ = ਵੱਸ ਜਾਂਦਾ ਹੈ ॥੪॥੪੭॥੧੧੬॥

## ਗਉੜੀ, ਮਹਲਾ ੫ ॥
## ਏਕਸੁ ਸਿਉ; ਜਾ ਕਾ ਮਨੁ ਰਾਤਾ ॥ ਵਿਸਰੀ ਤਿਸੈ; ਪਰਾਈ ਤਾਤਾ ॥੧॥

(**'ਤਾਤਾ'** ਦਾ ਉਚਾਰਨ ਕੱਸ ਕੇ ਹੈ)

ਜਾ = ਜਿਸ ਕਾ = ਦਾ ਮਨ ਏਕਸੁ = ਇਕ ਅਕਾਲ ਪੁਰਖ ਦੇ ਸਿਉ = ਨਾਲ ਰਾਤਾ = ਰੰਗਿਆ ਗਿਆ ਹੈ। ਤਿਸੈ = ਉਸ ਪੁਰਖ ਦੀ ਪਰਾਈ ਤਾਤਾ = ਈਰਖਾ ਵਿਸਰੀ = ਭੁੱਲ ਜਾਂਦੀ ਹੈ ॥੧॥

## ਬਿਨੁ ਗੋਬਿੰਦ; ਨ ਦੀਸੈ ਕੋਈ ॥ ਕਰਨ ਕਰਾਵਨ; ਕਰਤਾ ਸੋਈ ॥੧॥ਰਹਾਉ॥

ਉਸ ਨੂੰ ਬਿਨੁ = ਬਿਨਾਂ ਗੋਬਿੰਦ = ਪਰਮੇਸ਼ਰ ਤੋਂ ਹੋਰ ਕੋਈ ਦੂਜਾ ਨ = ਨਹੀਂ ਦੀਸੈ = ਦਿੱਸਦਾ।

ਉਹ ਇੰਞ ਨਿਸਚਾ ਕਰਦਾ ਹੈ ਕਿ ਸਾਰਿਆਂ ਕਾਰਜਾਂ ਦੇ ਕਰਨ = ਕਰਨ ਵਾਲਾ ਕਰਾਵਨ = ਕਰਾਉਣ ਵਾਲਾ, ਸੋਈ = ਉਹੋ ਕਰਤਾ ਪੁਰਖ ਆਪ ਹੀ ਹੈ ॥੧॥ਰਹਾਉ॥

## ਮਨਹਿ ਕਮਾਵੈ; ਮੁਖਿ ਹਰਿ ਹਰਿ ਬੋਲੈ ॥ ਸੋ ਜਨੁ ਇਤ ਉਤ; ਕਤਹਿ ਨ ਡੋਲੈ ॥੨॥

ਜੋ ਗੁਰਮੁਖ ਮਨਹਿ = ਮਨ ਨਾਲ ਨਾਮ ਜਪਣ ਦੀ ਕਮਾਵੈ = ਕਮਾਈ ਕਰਦਾ ਹੈ ਅਤੇ ਮੁਖਿ = ਮੂੰਹ ਨਾਲ ਹਰਿ ਹਰਿ ਪਰਮੇਸ਼ਰ ਦਾ ਨਾਮ ਬੋਲੈ = ਬੋਲ ਕੇ ਹੋਰਨਾਂ ਨੂੰ ਉਪਦੇਸ਼ ਦਿੰਦਾ ਹੈ।

ਸੋ = ਉਹ ਜਨੁ = ਗੁਰਮੁਖ ਜਨ ਇਤ = ਇਸ ਲੋਕ ਭਾਵ ਮਾਤ ਲੋਕ ਅਤੇ ਉਤ = ਪਰਲੋਕ ਵਿਚ ਪਦਾਰਥਾਂ ਆਦਿ ਕਰ ਕੇ ਕਤਹਿ = ਕਦਾਚਿਤ ਵੀ ਨ = ਨਹੀਂ ਡੋਲੈ = ਡੋਲਦਾ ॥੨॥

## ਜਾ ਕੈ ਹਰਿ ਧਨੁ; ਸੋ ਸਚ ਸਾਹੁ ॥ ਗੁਰਿ ਪੂਰੈ; ਕਰਿ ਦੀਨੋ ਵਿਸਾਹੁ ॥੩॥

ਹੇ ਭਾਈ ! ਜਾ = ਜਿਸ ਕੈ = ਦੇ ਪਾਸ ਹਰਿ = ਹਰੀ ਦਾ ਨਾਮ ਰੂਪੀ ਧਨ = ਵਿਭੂਤੀ ਹੈ, ਸੋ = ਉਹੋ ਹੀ ਸਚ = ਸੱਚਾ ਸਾਹੁ = ਸ਼ਾਹੂਕਾਰ ਹੈ।

ਉਸ ਨੂੰ ਪੂਰੈ = ਪੂਰਨ ਗੁਰਿ = ਸਤਿਗੁਰਾਂ ਨੇ ਵਿਸਾਹੁ = ਭਰੋਸਾ ਦੀਨੋ = ਦੇਣਾ ਕੀਤਾ ਹੈ ॥੩॥

## ਜੀਵਨ ਪੁਰਖੁ; ਮਿਲਿਆ ਹਰਿ ਰਾਇਆ ॥
## ਕਹੁ ਨਾਨਕ; ਪਰਮ ਪਦੁ ਪਾਇਆ ॥੪॥੪੮॥੧੧੭॥

ਜਿਸ ਨੂੰ ਜੀਵਨ = ਜ਼ਿੰਦਗੀ ਦੇਣ ਵਾਲਾ ਪੁਰਖੁ = ਪੂਰਨ ਹਰਿ = ਹਰੀ ਰਾਇਆ = ਰਾਜਾ ਗੁਰਾਂ ਦੁਆਰਾ ਮਿਲਿਆ = ਪ੍ਰਾਪਤ ਹੋਇਆ ਹੈ **ਵਾ:** ਉਹੋ ਪੁਰਖ = ਪੁਰਸ਼ ਆਤਮਿਕ ਜੀਵਨ ਕਰਕੇ ਜਿਉਂਦਾ ਹੈ ਜਿਸ ਨੂੰ ਰਾਇਆ = ਰਾਜਾ ਸਰੂਪ ਹਰਿ = ਹਰੀ ਪਰਮੇਸ਼ਰ ਮਿਲਿਆ = ਮਿਲ ਗਿਆ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਨੇ ਹੀ ਪਰਮ ਪਦੁ = ਵੱਡੀ ਪਦਵੀ ਕੈਵਲ ਮੋਖ ਨੂੰ ਪਾਇਆ = ਪਾ ਲਿਆ ਹੈ ॥੪॥੪੮॥੧੧੭॥

## ਗਉੜੀ, ਮਹਲਾ ੫ ॥
## ਨਾਮੁ ਭਗਤ ਕੈ; ਪ੍ਰਾਨ ਅਧਾਰੁ ॥ ਨਾਮੋ ਧਨੁ; ਨਾਮੋ ਬਿਉਹਾਰੁ ॥੧॥

ਹੇ ਭਾਈ ! ਭਗਤ = ਭਗਤੀ ਕਰਨ ਵਾਲੇ ਪੁਰਖ ਕੈ = ਦੇ ਹਿਰਦੇ ਵਿਚ ਪਰਮੇਸ਼ਰ ਦਾ ਨਾਮ ਹੀ ਪ੍ਰਾਨ = ਪ੍ਰਾਣਾਂ ਦਾ ਅਧਾਰੁ = ਆਸਰਾ ਰੂਪ ਹੈ।

ਉਸ ਨੇ ਨਾਮੋ = ਨਾਮ ਨੂੰ ਹੀ ਧਨੁ = ਰੋਕੜੀ ਸਮਝਿਆ ਹੋਇਆ ਹੈ ਅਤੇ ਉਹ ਨਾਮੋ = ਨਾਮ ਦਾ ਹੀ ਬਿਉਹਾਰੁ = ਵਾਪਾਰ ਚਲਾਉਣਾ ਕਰਦਾ ਹੈ, ਭਾਵ ਆਪ ਜਪਦਾ ਤੇ ਹੋਰਨਾਂ ਨੂੰ ਜਪਾਉਂਦਾ ਹੈ ॥੧॥

## ਨਾਮ ਵਡਾਈ; ਜਨੁ ਸੋਭਾ ਪਾਏ ॥ ਕਰਿ ਕਿਰਪਾ; ਜਿਸੁ ਆਪਿ ਦਿਵਾਏ ॥੧॥ਰਹਾਉ॥

ਉਹ ਜਨ ਦੁਨੀਆਂ ਵਿਚ ਨਾਮ ਦੀ ਹੀ ਵਡਾਈ = ਵਡਿਆਈ ਜਾਣਦਾ ਹੈ ਅਤੇ ਲੋਕ ਪ੍ਰਲੋਕ ਵਿਚ ਸੋਭਾ = ਵਡਿਆਈ ਪਾਉਂਦਾ ਹੈ। ਵਾਹਿਗੁਰੂ ਆਪ ਕਿਰਪਾ ਕਰਕੇ ਪੂਰਬਲੇ ਪੁੰਨਾਂ ਦਾ ਪ੍ਰੇਰਿਆ ਹੋਇਆ ਜਿਸ ਨੂੰ ਸਤਿਗੁਰੂ ਜੀ ਦੁਆਰਾ ਨਾਮ ਦਿਵਾਏ = ਦਿਵਾ ਦਿੰਦਾ ਹੈ, ਉਹੋ ਹੀ ਨਾਮ ਨੂੰ ਪ੍ਰਾਪਤ ਕਰਦਾ ਹੈ ॥੧॥ਰਹਾਉ॥

## ਨਾਮੁ ਭਗਤ ਕੈ; ਸੁਖ ਅਸਥਾਨੁ ॥ ਨਾਮ ਰਤੁ; ਸੋ ਭਗਤੁ ਪਰਵਾਨੁ ॥੨॥

ਪਰਮੇਸ਼ਰ ਦਾ ਅੰਮ੍ਰਿਤ ਨਾਮ ਹੀ ਭਗਤ = ਭਗਤੀ ਕਰਨ ਵਾਲੇ ਪੁਰਖ ਕੈ = ਦੇ ਸੁਖ ਦਾ ਅਸਥਾਨ = ਥਾਂ

ਹੈ **ਵਾ:** ਕੈਵਲ ਮੋਖ ਦੇ ਦੇਣ ਵਾਲਾ ਸੁਖ ਰੂਪੀ ਥਾਂ ਹੈ। ਜੋ ਨਾਮ ਨਾਲ ਰਤੁ = ਪ੍ਰੀਤੀ ਕਰਦਾ ਹੈ, ਸੋ = ਉਹੋ ਭਗਤ ਜਨ ਹੀ ਪਰਵਾਨੁ = ਪ੍ਰਵਾਣਨੀਕ ਹੈ ॥੨॥

## ਹਰਿ ਕਾ ਨਾਮੁ; ਜਨ ਕਉ ਧਾਰੈ ॥ ਸਾਸਿ ਸਾਸਿ; ਜਨੁ ਨਾਮੁ ਸਮਾਰੈ ॥੩॥

(ਦੂਸਰਾ **ਜਨਕ ਉਧਾਰੈ** ਹੈ)

ਹਰਿ = ਹਰੀ ਕਾ = ਦਾ ਨਾਮ ਜਨ = ਪੁਰਖ ਕਉ = ਦੇ ਤਾਈਂ ਧਾਰੈ = ਧਾਰਨੇ ਜੋਗ **ਵਾ:** ਧਾਰੈ = ਆਸਰਾ ਦੇਣ ਵਾਲਾ ਹੈ **ਅਥਵਾ** (ਜਨਕ ਉਧਾਰੈ) ਹਰੀ ਦੇ ਨਾਮ ਨੇ ਜਨਕ ਰਾਜੇ ਦਾ ਵੀ ਉਧਾਰੈ = ਉਧਾਰ ਕਰ ਦਿੱਤਾ ਸੀ **ਵਾ:** ਹਰੀ ਦੇ ਨਾਮ ਦੇ ਪ੍ਰਤਾਪ ਕਰਕੇ ਜਨਕ ਰਾਜੇ ਨੇ ਅਠਾਰਾਂ ਨਰਕਾਂ ਦੇ ਜੀਵਾਂ ਦਾ ਉਧਾਰੈ = ਉਧਾਰ ਕਰ ਦਿੱਤਾ ਸੀ।

ਇਸ ਕਰਕੇ ਭਗਤੀ ਕਰਨ ਵਾਲਾ ਜਨੁ = ਪੁਰਖ ਸਾਸਿ ਸਾਸਿ = ਸ੍ਵਾਸ ਸ੍ਵਾਸ ਪਰਮੇਸ਼ਰ ਦੇ ਨਾਮ ਨੂੰ ਸਮਾਰੈ = ਯਾਦ ਕਰਦਾ ਹੈ ॥੩॥

## ਕਹੁ ਨਾਨਕ; ਜਿਸੁ ਪੂਰਾ ਭਾਗੁ ॥ ਨਾਮ ਸੰਗਿ; ਤਾ ਕਾ ਮਨੁ ਲਾਗੁ ॥੪॥੪੯॥੧੧੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਪੁਰਖ ਦਾ ਪੂਰਾ = ਪੂਰਨ ਭਾਗੁ = ਕਰਮ ਹੈ। ਤਾ = ਉਸ ਕਾ = ਦਾ ਮਨ ਪਰਮੇਸ਼ਰ ਦੇ ਨਾਮ ਦੇ ਸੰਗਿ = ਨਾਲ ਲਾਗੁ = ਲੱਗ, ਜੁੜ ਗਿਆ ਹੈ ॥੪॥੪੯॥੧੧੮॥

## ਗਉੜੀ, ਮਹਲਾ ੫ ॥

## ਸੰਤ ਪ੍ਰਸਾਦਿ; ਹਰਿ ਨਾਮੁ ਧਿਆਇਆ ॥ ਤਬ ਤੇ ਧਾਵਤੁ; ਮਨੁ ਤ੍ਰਿਪਤਾਇਆ ॥੧॥

(**ਮਨੁ** ਪਦ ਦੇਹਲੀ ਦੀਪਕ ਹੈ)

ਹੇ ਭਾਈ! ਸੰਤ = ਸ਼ਾਂਤ ਆਤਮਾ ਗੁਰੂ ਸਾਹਿਬ ਜੀ (ਮਹਾਤਮਾ) ਦੀ ਪ੍ਰਸਾਦਿ = ਕਿਰਪਾ ਕਰਕੇ ਜਦੋਂ ਦਾ ਹਰਿ = ਹਰੀ ਪਰਮੇਸ਼ਰ ਦੇ ਨਾਮ ਨੂੰ ਧਿਆਇਆ = ਧਿਆਉਣਾ ਕੀਤਾ ਹੈ।

ਤਬ = ਤਦੋਂ ਤੇ = ਤੋਂ ਪਦਾਰਥਾਂ ਵਿਚ ਧਾਵਤੁ = ਦੌੜਦਾ ਹੋਇਆ ਮਨ ਤ੍ਰਿਪਤਾਇਆ = ਤ੍ਰਿਪਤੀ, ਰੱਜ ਵਿਚ ਆ ਗਿਆ ਹੈ ॥੧॥

## ਸੁਖ ਬਿਸ੍ਰਾਮੁ ਪਾਇਆ; ਗੁਣ ਗਾਇ ॥
## ਸ੍ਰਮੁ ਮਿਟਿਆ; ਮੇਰੀ ਹਤੀ ਬਲਾਇ ॥੧॥ਰਹਾਉ॥

ਪਰਮੇਸ਼ਰ ਦੇ ਗੁਣ ਗਾਇ = ਗਾ ਕਰਕੇ ਸੁਖ ਸਰੂਪ ਵਿਚ ਬਿਸ੍ਰਾਮੁ = ਇਸਥਿਤੀ, ਟਿਕਾ ਪਾਇਆ = ਪਾ ਲਿਆ ਹੈ।

ਜਿਸ ਕਰਕੇ ਜੋ ਜੂਨਾਂ ਵਿਚ ਪੈਣ ਦੀ ਸ੍ਰਮੁ = ਥਕਾਵਟ ਸੀ, ਉਹ ਸਾਰਾ ਥਕੇਵਾਂ ਮਿਟਿਆ = ਮਿਟ ਗਿਆ ਹੈ ਅਤੇ ਮੇਰੀ ਅਵਿਦਿਆ ਰੂਪੀ ਬਲਾਇ = ਬਲਾ ਵੀ ਹਤੀ = ਨਾਸ ਹੋ ਗਈ ਹੈ ॥੧॥ਰਹਾਉ॥

## ਚਰਨ ਕਮਲ; ਅਰਾਧਿ ਭਗਵੰਤਾ ॥
## ਹਰਿ ਸਿਮਰਨ ਤੇ; ਮਿਟੀ ਮੇਰੀ ਚਿੰਤਾ ॥੨॥

ਹੇ ਭਾਈ! ਭਗਵੰਤਾ = ਪਰਮੇਸ਼ਰ ਦੇ ਚਰਨ ਕਮਲ = ਚਰਣਾਂ ਕਮਲਾਂ ਨੂੰ ਅਰਾਧਿ = ਆਰਾਧਣ ਅਤੇ ਹਰਿ = ਪਰਮੇਸ਼ਰ ਦਾ ਸਿਮਰਨ = ਭਜਨ ਕਰਨ ਤੇ = ਤੋਂ ਮੇਰੀ = ਸਾਡੀ ਚਿੰਤਾ = ਸੋਚ ਮਿਟੀ = ਮਿਟ, ਨਾਸ ਹੋ ਗਈ ਹੈ ॥੨॥

## ਸਭ ਤਜਿ ਅਨਾਥੁ; ਏਕ ਸਰਣਿ ਆਇਓ ॥ ਊਚ ਅਸਥਾਨੁ; ਤਬ ਸਹਜੇ ਪਾਇਓ ॥੩॥

ਜਦੋਂ ਮੈਂ ਅਨਾਥ = ਯਤੀਮ, ਗ਼ਰੀਬ ਬਾਕੀ ਸਭ = ਸਾਰੇ ਆਸਰੇ ਤਜਿ = ਛੱਡ ਕੇ, ਏਕ = ਇਕ ਪਰਮੇਸ਼ਰ ਦੀ ਸਰਣਿ = ਓਟ ਵਿਚ ਆਇਓ = ਆਇਆ। ਤਬ = ਤਦੋਂ ਸਹਜੇ = ਸੁਭਾਵਿਕ ਹੀ ਊਚ = ਉੱਚਾ ਤੁਰੀਆ ਪਦ ਰੂਪੀ ਅਸਥਾਨ = ਥਾਂ ਪਾਇਓ = ਪ੍ਰਾਪਤ ਕਰ ਲਿਆ ॥੩॥

## ਦੂਖੁ ਦਰਦੁ ਭ੍ਰਮੁ; ਭਉ ਨਸਿਆ ॥ ਕਰਣਹਾਰੁ; ਨਾਨਕ ਮਨਿ ਬਸਿਆ ॥੪॥੫੦॥੧੧੯॥

ਜਨਮ ਮਰਣ ਦਾ ਦੂਖੁ = ਦੁਖ, ਅਵਿਦਿਆ ਦੀ ਦਰਦੁ = ਪੀੜ, ਸਰੂਪ ਦਾ ਭਰਮ ਅਤੇ ਕਾਲ ਦਾ ਭਉ = ਡਰ ਆਦਿ ਸਭ ਨਸਿਆ = ਨੱਸ, ਨਾਸ ਹੋ ਗਿਆ ॥੪॥੫੦॥੧੧੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਾਂ ਦੀ ਕਿਰਪਾ ਸਦਕਾ ਕਰਣਹਾਰੁ = ਪਰਮੇਸ਼ਰ ਮੇਰੇ ਮਨਿ = ਹਿਰਦੇ ਵਿਚ ਬਸਿਆ = ਵੱਸ ਗਿਆ ਹੈ।

**[ਅੰਗ ੧੯੦]**

## ਗਉੜੀ, ਮਹਲਾ ੫ ॥ ਕਰ ਕਰਿ ਟਹਲ; ਰਸਨਾ ਗੁਣ ਗਾਵਉ ॥ ਚਰਨ; ਠਾਕੁਰ ਕੈ ਮਾਰਗਿ ਧਾਵਉ ॥੧॥

ਕਰ = ਹੱਥਾਂ ਦੇ ਨਾਲ ਟਹਲ = ਸੇਵਾ ਕਰਿ = ਕਰਨਾ ਕਰੀਏ ਅਤੇ ਰਸਨਾ = ਵਾਕ ਇੰਦ੍ਰਾ, ਜੀਭਾ ਨਾਲ ਪਰਮੇਸ਼ਰ ਦੀ ਗੁਣ = ਸਿਫ਼ਤ ਨੂੰ ਗਾਵਉ = ਗਾਉਣਾ ਕਰੀਏ। ਚਰਨ = ਪੈਰਾਂ ਨਾਲ ਠਾਕੁਰ = ਪਰਮੇਸ਼ਰ ਦੀ ਪ੍ਰਾਪਤੀ ਵਾਲੇ ਸਤਸੰਗਤ, ਭਾਉ ਭਗਤੀ ਕੈ = ਦੇ ਮਾਰਗਿ = ਰਸਤੇ ਵੱਲ ਧਾਵਉ = ਦੌੜਨਾ ਕਰੀਏ ॥੧॥

## ਭਲੋ ਸਮੋ; ਸਿਮਰਨ ਕੀ ਬਰੀਆ ॥ ਸਿਮਰਤ ਨਾਮੁ; ਭੈ ਪਾਰਿ ਉਤਰੀਆ ॥੧॥ਰਹਾਉ॥

(**ਉੱਤਰੀਆ** ਦਾ ਉਚਾਰਨ ਅੱਧਕ ਸਹਿਤ ਹੈ)

ਹੇ ਭਾਈ! ਇਹ ਕਲਜੁਗ ਦਾ ਸਮੋ = ਸਮਾਂ ਹੀ ਬਾਕੀ ਦੇ ਯੁੱਗਾਂ ਨਾਲੋਂ ਭਲੋ = ਚੰਗਾ ਹੈ, ਕਿਉਂਕਿ ਇਸ ਕਲਿਜੁਗ ਵਿਚ ਮਨੁੱਖਾ ਦੇਹੀ ਪਰਮੇਸ਼ਰ ਦੇ ਸਿਮਰਨ = ਭਜਨ ਕਰਨ ਕੀ = ਦੀ ਬਰੀਆ = ਵਾਰੀ ਪ੍ਰਾਪਤ ਹੋਈ ਹੈ।

ਪਰਮੇਸ਼ਰ ਦੇ ਅੰਮ੍ਰਿਤ ਨਾਮ ਦਾ ਸਿਮਰਤ = ਸਿਮਰਨ ਕਰਕੇ ਸੰਸਾਰ ਰੂਪ ਸਮੁੰਦਰ ਦੇ ਭੈ = ਡਰ ਤੋਂ ਪਾਰ ਉਤਰੀਆ = ਉਤਰ, ਲੰਘ ਜਾਈਦਾ ਹੈ ॥੧॥ਰਹਾਉ॥

## ਨੇਤ੍ਰ; ਸੰਤਨ ਕਾ ਦਰਸਨੁ ਪੇਖੁ ॥ ਪ੍ਰਭ ਅਵਿਨਾਸੀ; ਮਨ ਮਹਿ ਲੇਖੁ ॥੨॥

ਨੇਤ੍ਰ = ਅੱਖਾਂ ਦੁਆਰਾ ਸੰਤਨ = ਗੁਰੂ ਸਾਹਿਬ ਜੀ, ਮਹਾਂਪੁਰਖਾਂ ਕਾ = ਦਾ ਦਰਸਨੁ = ਦੀਦਾਰ ਪੇਖੁ = ਵੇਖਣਾ ਕਰੀਏ।

ਅਵਿਨਾਸੀ = ਨਾਸ ਤੋਂ ਰਹਿਤ ਪ੍ਰਭ = ਪਰਮੇਸ਼ਰ ਦੇ ਨਾਮ ਨੂੰ ਮਨ = ਹਿਰਦੇ ਮਹਿ = ਵਿਚ ਲੇਖੁ = ਲਿਖਣਾ ਭਾਵ ਜਾਨਣਾ ਕਰੀਏ **ਵਾ:** ਪ੍ਰੇਮ ਦੀ ਕਲਮ ਦੁਆਰਾ, ਅੰਤਹਕਰਣ ਰੂਪੀ ਕਾਗ਼ਜ਼ ਉੱਪਰ ਸ਼ਰਧਾ ਰੂਪੀ ਸਿਆਹੀ ਨਾਲ ਗੁਰੂ ਦੇ ਲੇਖ ਨੂੰ ਲਿਖਣਾ ਕਰੀਏ ॥੨॥

## ਸੁਣਿ ਕੀਰਤਨੁ; ਸਾਧ ਪਹਿ ਜਾਇ ॥
## ਜਨਮ ਮਰਣ ਕੀ; ਤ੍ਰਾਸ ਮਿਟਾਇ ॥੩॥

ਸਾਧ = ਸ੍ਰੇਸ਼ਟ ਗੁਰਾਂ **ਵਾ:** ਮਹਾਤਮਾ ਦੇ ਪਹਿ = ਪਾਸ ਜਾਇ = ਜਾ ਕਰਕੇ ਕੰਨਾਂ ਦੁਆਰਾ ਕੀਰਤਨੁ = ਜਸ ਸੁਣਿ = ਸੁਣਨਾ ਕਰੀਏ।

ਜਸ ਸੁਣ ਕੇ ਜੰਮਣ ਮਰਣ ਕੀ = ਦੀ ਤ੍ਰਾਸ = ਖੌਫਤਾਈਂ ਨੂੰ ਮਿਟਾਇ = ਮਿਟਾ ਲੈਣਾ ਕਰੀਏ **ਵਾ:** ਜੰਮਣ ਮਰਣ ਦੀ ਪੀੜਾਂ ਅਤੇ ਜਮਾਂ ਦਾ ਤ੍ਰਾਸ = ਡਰ ਮਿਟਾ ਲੈਣਾ ਕਰੀਏ ॥੩॥

## ਚਰਣ ਕਮਲ ਠਾਕੁਰ; ਉਰਿ ਧਾਰਿ ॥
## ਦੁਲਭ ਦੇਹ; ਨਾਨਕ ਨਿਸਤਾਰਿ ॥੪॥੫੧॥੧੨੦॥

ਸਰਗੁਣ ਸਰੂਪ ਠਾਕੁਰ = ਸ੍ਵਾਮੀ ਦੇ ਚਰਣ ਕਮਲਾਂ ਨੂੰ ਉਰਿ = ਹਿਰਦੇ ਵਿਚ ਧਾਰਿ = ਧਾਰਨਾ ਕਰੀਏ **ਵਾ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਸਤਿਗੁਰਾਂ ਦੇ ਪਾਵਨ ਸ਼ਬਦ ਚਰਨ ਰੂਪ ਹਨ ਅਤੇ ਕਵਲ ਦੀ ਨਿਆਈਂ ਪ੍ਰਕਾਸ਼ਵਾਨ ਹਨ, ਉਨ੍ਹਾਂ ਸ਼ਬਦ ਰੂਪ ਚਰਨਾਂ ਨੂੰ ਉਰਿ = ਹਿਰਦੇ ਵਿਚ ਧਾਰਿ = ਧਾਰਨਾ ਕਰੀਏ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ! ਇਹ ਮਨੁੱਖਾ ਦੇਹ = ਦੇਹੀ ਦੁਲਭ = ਕਠਨਤਾਈ ਨਾਲ ਮਿਲੀ ਹੋਈ ਹੈ, ਇਸ ਨੂੰ ਗੁਰ ਉਪਦੇਸ਼ ਦੁਆਰਾ ਨਾਮ ਜਪ ਕੇ ਸੰਸਾਰ-ਸਮੁੰਦਰ ਤੋਂ ਨਿਸਤਾਰਿ = ਤਾਰ ਲੈਣਾ ਕਰੀਏ ॥੪॥੫੧॥੧੨੦॥

## ਗਉੜੀ, ਮਹਲਾ ੫ ॥
## ਜਾ ਕਉ; ਅਪਨੀ ਕਿਰਪਾ ਧਾਰੈ ॥ ਸੋ ਜਨੁ; ਰਸਨਾ ਨਾਮੁ ਉਚਾਰੈ ॥੧॥

ਜਾ = ਜਿਸ ਦੇ ਕਉ = ਤਾਈਂ ਵਾਹਿਗੁਰੂ ਅਪਨੀ = ਆਪਣੀ ਕਿਰਪਾ = ਦਇਆ ਦ੍ਰਿਸ਼ਟੀ ਧਾਰੈ = ਧਾਰਦਾ ਹੈ, ਸੋ = ਉਹ ਜਨੁ = ਪੁਰਸ਼ ਰਸਨਾ = ਜੀਭਾ ਦੁਆਰਾ ਨਾਮ ਨੂੰ ਉਚਾਰੈ = ਉਚਾਰਣ ਕਰਦਾ ਹੈ ॥੧॥

## ਹਰਿ ਬਿਸਰਤ; ਸਹਸਾ ਦੁਖੁ ਬਿਆਪੈ ॥
## ਸਿਮਰਤ ਨਾਮੁ; ਭਰਮੁ ਭਉ ਭਾਗੈ ॥੧॥ਰਹਾਉ॥

ਹਰਿ = ਪਰਮੇਸ਼ਰ ਨੂੰ ਬਿਸਰਤ = ਭੁੱਲ ਜਾਣ ਕਰ ਕੇ ਸਹਸਾ = ਸੰਸਾ ਅਤੇ ਜਨਮ ਮਰਣ ਰੂਪੀ ਦੁਖ ਬਿਆਪੈ = ਵਿਆਪਦਾ ਹੈ, ਲੱਗਿਆ ਰਹਿੰਦਾ ਹੈ।

ਵਾਹਿਗੁਰੂ ਦੇ ਨਾਮ ਦਾ ਸਿਮਰਤ = ਸਿਮਰਨ ਕਰਨ ਨਾਲ ਸਰੂਪ ਦਾ ਭਰਮ ਅਤੇ ਕਾਲ ਦਾ ਭਉ = ਡਰ ਆਦਿ ਸਾਰਾ ਭਾਗੈ = ਭੱਜ ਜਾਂਦਾ ਹੈ, ਨਾਸ ਹੋ ਜਾਂਦਾ ਹੈ ॥੧॥ਰਹਾਉ॥

## ਹਰਿ ਕੀਰਤਨੁ ਸੁਣੈ; ਹਰਿ ਕੀਰਤਨੁ ਗਾਵੈ ॥
## ਤਿਸੁ ਜਨ; ਦੂਖੁ ਨਿਕਟਿ ਨਹੀ ਆਵੈ ॥੨॥

ਜੋ ਹਰਿ = ਪਰਮੇਸ਼ਰ ਦੇ ਕੀਰਤਨੁ = ਜਸ ਨੂੰ ਸ਼ਰਧਾ ਤੇ ਭਰੋਸੇ ਰੂਪੀ ਕੰਨਾਂ ਨਾਲ ਸੁਣੈ = ਸੁਣਦਾ ਹੈ ਅਤੇ ਪ੍ਰੀਤ ਰੂਪ ਜੀਭ = ਰਸਨਾ ਨਾਲ ਹਰਿ = ਹਰੀ ਦੇ ਕੀਰਤਨੁ = ਜਸ ਨੂੰ ਗਾਵੈ = ਗਾਉਂਦਾ ਹੈ। ਤਿਸੁ = ਉਸ ਜਨ = ਪੁਰਖ ਦੇ ਦੂਖ = ਦੁਖ ਨਿਕਟਿ = ਨੇੜੇ ਨਹੀਂ ਆਵੈ = ਆਉਂਦਾ ॥੨॥

## ਹਰਿ ਕੀ ਟਹਲ ਕਰਤ; ਜਨੁ ਸੋਹੈ ॥

ਜੋ ਹਰਿ = ਪਰਮੇਸ਼ਰ ਕੀ = ਦੀ ਟਹਲ = ਸੇਵਾ ਕਰਤ = ਕਰਨ ਵਿਚ ਜਨੁ = ਪੁਰਸ਼ ਸੋਹੈ = ਸ਼ੋਭਨੀਕ ਹੋ ਰਿਹਾ ਹੈ।

**ਸਾਖੀ—ਭਾਈ ਘਨੱ੍ਹਈਆ ਜੀ ਦੀ :** ਜਿਵੇਂ ਭਾਈ ਘਨੱ੍ਹਈਆ ਜੀ ਸਾਰਿਆਂ ਵਿਚ ਕਲਗੀਧਰ ਪਾਤਿਸ਼ਾਹ ਦਾ ਰੂਪ ਦੇਖ ਕੇ ਪਾਣੀ ਪਿਆਉਣ ਦੀ ਸੇਵਾ ਕਰਿਆ ਕਰਦੇ ਸਨ।

ਜਿਸ ਵੇਲੇ ਜੰਗ ਚੱਲਦੇ ਸਨ, ਸਿੱਖ ਅਤੇ ਤੁਰਕ, ਪਹਾੜੀਏ ਪਠਾਣ ਆਦਿ ਫੱਟੜ ਹੋ ਜਾਂਦੇ ਸਨ, ਥੱਲੇ ਡਿੱਗੇ ਹੋਏ ਕੁਰਲਾਉਂਦੇ ਸਨ, ਤਾਂ ਭਾਈ ਘਨੱ੍ਹਈਆ ਮਸ਼ਕ ਲੈ ਕੇ ਸਾਰੇ ਜ਼ਖ਼ਮੀ ਹੋਏ ਸਿਪਾਹੀਆਂ ਆਦਿ ਨੂੰ ਗੁਰੂ ਦਾ ਹੀ ਰੂਪ ਜਾਣ ਕੇ ਪਾਣੀ ਪਿਆਇਆ ਕਰਦੇ ਸਨ। ਸਿੱਖਾਂ ਨੇ ਗੁਰੂ ਜੀ ਨੂੰ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਜੀ ! ਅਸੀਂ ਇਤਨੀ ਮੁਸ਼ਕਲ ਨਾਲ ਜੁੱਧ ਵਿਚ ਦੁਸ਼ਮਣਾਂ ਨੂੰ ਮਾਰਦੇ ਹਾਂ, ਪਰ ਇਹ ਭਾਈ ਘਨੱ੍ਹਈਆ ਉਨ੍ਹਾਂ ਨੂੰ ਪਾਣੀ ਪਿਲਾ ਕੇ ਮੁੜ ਸਾਡੇ ਨਾਲ ਲੜਨ ਲਈ ਤਿਆਰ ਕਰਦਾ ਹੈ। ਇਸ ਨੂੰ ਸਜ਼ਾ ਦਿਉ।

ਗੁਰੂ ਜੀ ਨੇ ਭਾਈ ਘਨੱ੍ਹਈਆ ਜੀ ਨੂੰ ਕੋਲ ਬੁਲਾ ਕੇ ਪੁੱਛਿਆ ਕਿ ਸੰਤ ਜੀ, ਤੁਸੀਂ ਕਿਉਂ ਖੇਚਲ ਕਰਦੇ ਹੋ। ਤੁਹਾਡੇ ਤਾਂ ਵਰ ਨਾਲ ਹੀ ਖ਼ਾਲਸਾ ਜੰਗ ਜਿੱਤ ਲਵੇਗਾ। ਤੁਸੀਂ ਖੇਚਲ ਨਾ ਕਰਿਆ ਕਰੋ। ਭਾਈ ਘੱਨ੍ਹਈਆ ਜੀ ਕਹਿਣ ਲੱਗੇ ਕਿ ਨਹੀਂ ਮਹਾਰਾਜ ! ਜਿਥੇ ਖ਼ਾਲਸਾ ਸ਼ਸਤਰ ਪਕੜ ਕੇ ਜਰਵਾਣਿਆਂ ਦਾ ਮੁਕਾਬਲਾ ਕਰਦਾ ਹੈ, ਧਰਮ ਦੀ ਰੱਖਿਆ ਕਰਦਾ ਹੈ, ਉਥੇ ਮੇਰਾ ਵੀ ਫ਼ਰਜ਼ ਬਣਦਾ ਹੈ ਕਿ ਮੈਂ ਵੀ ਜੰਗ ਕਰਾਂ ਪਰ ਮੈਂ ਸ਼ਸਤ੍ਰ ਚੁੱਕਣ ਜੋਗਾ ਤਾਂ ਨਹੀਂ ਹਾਂ, ਇਸ ਕਰਕੇ ਮਸ਼ਕ ਚੁੱਕ ਕੇ ਪਾਣੀ ਪਿਆਈ ਜਾਂਦਾ ਹਾਂ। ਮਹਾਰਾਜ ਕਹਿਣ ਲੱਗੇ ਕਿ ਤੁਸੀਂ ਸਿੱਖਾਂ ਨੂੰ ਤਾਂ ਪਾਣੀ ਪਿਲਾਉ ਪਰ ਤੁਰਕਾਂ ਅਤੇ ਪਹਾੜੀਆਂ ਨੂੰ ਜਲ ਕਿਉਂ ਛਕਾਉਂਦੇ ਹੋ ? ਇਹ ਸਿੱਖਾਂ ਦੀ ਵੀ ਸ਼ਿਕਾਇਤ ਹੈ। ਭਾਈ ਘਨਈਆ ਜੀ ਅੱਗੋਂ ਦੋਵੇਂ ਹੱਥ ਜੋੜ ਕੇ ਬੜੀ ਨਿਮਰਤਾ ਵਿਚ ਕਹਿੰਦੇ ਕਿ ਮਹਾਰਾਜ ਜਿਸ ਵੇਲੇ ਮੈਂ ਮਸ਼ਕ ਲੈ ਕੇ ਜੁੱਧ ਵਿਚ ਜਾਂਦਾ ਹਾਂ ਤਾਂ ਮੈਨੂੰ ਆਪ ਜੀ ਦਾ ਹੀ ਰੂਪ ਸਾਰੇ ਨਜ਼ਰ ਆਉਂਦਾ ਹੈ। ਨਾ ਮੈਨੂੰ ਕੋਈ ਪਹਾੜੀਆਂ ਨਜ਼ਰ ਆਉਂਦਾ ਹੈ ਅਤੇ ਨਾ ਹੀ ਕੋਈ ਤੁਰਕ ਦਿੱਸਦਾ ਹੈ। ਜਦ ਕੋਈ ਵੀ ਹੱਥ ਅਗਾਂਹ ਕਰ ਕੇ ਪਾਣੀ ਮੰਗਦਾ ਹੈ ਤਾਂ ਮੈਨੂੰ ਆਪ ਜੀ ਦੇ ਹੀ ਹਸਤ ਕਮਲ ਦਿਸਦੇ ਹਨ। ਇਹ ਸੁਣ ਕੇ ਮਹਾਰਾਜ ਬਹੁਤ ਪ੍ਰਸੰਨ ਹੋਏ, ਘੁੱਟ ਕੇ ਆਪਣੀ ਛਾਤੀ ਨਾਲ ਲਾਇਆ, ਖ਼ਾਲਸੇ ਨੂੰ ਕਿਹਾ ਕਿ ਖ਼ਾਲਸਾ ਜੀ ਭਾਈ ਘਨੱ੍ਹਈਆ ਜੀ ਸਾਰਿਆਂ ਵਿਚ ਸਾਡੇ ਸਰੂਪ ਨੂੰ ਹੀ ਵੇਖਦਾ ਹੈ, ਇਸ ਦੇ ਅੰਦਰੋਂ ਦੂਜਾ ਭਾਉ ਮਿਟ ਚੁੱਕਾ ਹੈ। ਇਸ ਨੂੰ ਕਿਸੇ ਦਾ ਸੂਹੀਆ ਨਾ ਸਮਝੋ। ਗੁਰੂ ਜੀ ਨੇ ਕੋਲੋਂ ਇਕ ਮਲ੍ਹਮ ਦੀ ਡੱਬੀ ਦੇ ਕੇ ਕਿਹਾ ਕਿ ਲਓ ਘਨੱ੍ਹਈਆ ਜੀ ਪਾਣੀ ਪਿਲਾ ਕੇ ਫੱਟਾਂ ਉੱਪਰ ਮੱਲ੍ਹਮ ਵੀ ਲਗਾ ਦਿਆ ਕਰੋ।

ਸੋ ਇਸ ਪ੍ਰਕਾਰ ਭਾਈ ਘਨੱ੍ਹਈਆ ਜੀ ਨੇ ਸਾਰਿਆਂ ਵਿਚ ਕਲਗੀਧਰ ਪਾਤਿਸ਼ਾਹ ਜੀ ਦਾ ਰੂਪ ਜਾਣ ਕੇ ਸੇਵਾ ਕਰ ਕੇ ਲੋਕ ਪਰਲੋਕ ਵਿਚ ਬਹੁਤ ਸੋਭਾ ਖੱਟਣਾ ਕੀਤੀ ਹੈ। ਬਹੁਤ ਸ਼ੋਭਨੀਕ ਹੋਏ ਹਨ।

## ਤਾ ਕਉ; ਮਾਇਆ ਅਗਨਿ ਨ ਪੋਹੈ ॥੩॥

ਤਾ = ਉਸ ਪੁਰਖ ਕਉ = ਨੂੰ ਮਾਇਆ ਦੀ ਅਗਨਿ = ਅੱਗ ਪੋਹੈ = ਪੋਂਹਦੀ, ਸਪਰਸ਼ ਨ = ਨਹੀਂ ਕਰਦੀ ॥੩॥

## ਮਨਿ ਤਨਿ ਮੁਖਿ; ਹਰਿ ਨਾਮੁ ਦਇਆਲ ॥
## ਨਾਨਕ; ਤਜੀਅਲੇ ਅਵਰਿ ਜੰਜਾਲ ॥੪॥੫੨॥੧੨੧॥

ਜਿਸ ਦੇ ਮਨਿ = ਹਿਰਦੇ ਤਨਿ = ਸਰੀਰ ਤੇ ਮੁਖਿ = ਮੂੰਹ ਵਿਚ ਦਇਆਲ = ਦਿਆਲੂ ਹਰਿ = ਪਰਮੇਸ਼ਰ ਦਾ ਨਾਮ ਹੈ।

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਨੇ ਅਵਰਿ = ਹੋਰ ਸਾਰੇ ਜੰਜਾਲ = ਬੰਧਨ ਤਜੀਅਲੇ = ਛੱਡ ਦਿੱਤੇ ਹਨ ॥੪॥੫੨॥੧੨੧॥

## ਗਉੜੀ, ਮਹਲਾ ੫ ॥

## ਛਾਡਿ ਸਿਆਨਪ; ਬਹੁ ਚਤੁਰਾਈ ॥ ਗੁਰ ਪੂਰੇ ਕੀ; ਟੇਕ ਟਿਕਾਈ ॥੧॥

ਹੇ ਭਾਈ! ਆਪਣੀ ਬੁੱਧੀ ਦੀ ਸਿਆਨਪ = ਸੁਜਾਨਤਾ ਅਤੇ ਬਹੁ = ਬਹੁਤੀਆਂ ਗੱਲਾਂ ਦੀ ਚਤੁਰਾਈ = ਚਾਤਰਤਾ ਛਾਡਿ = ਛੱਡਣਾ ਕਰ।

ਪੂਰੇ = ਪੂਰਨ ਗੁਰ = ਸਤਿਗੁਰਾਂ ਕੀ = ਦੀ ਟੇਕ = ਓਟ ਹਿਰਦੇ ਵਿਚ ਟਿਕਾਈ = ਟਿਕਾਉਣਾ ਕਰ ॥੧॥

## ਦੁਖ ਬਿਨਸੇ; ਸੁਖ ਹਰਿ ਗੁਣ ਗਾਇ ॥
## ਗੁਰੁ ਪੂਰਾ ਭੇਟਿਆ; ਲਿਵ ਲਾਇ ॥੧॥ਰਹਾਉ॥

ਇਸ ਨਾਲ ਜੰਮਣ ਮਰਣ ਰੂਪੀ ਸਾਰੇ ਦੁਖ ਬਿਨਸੇ = ਨਾਸ ਹੋ ਜਾਣਗੇ ਅਤੇ ਹਰਿ = ਹਰੀ ਦੇ ਗੁਣ = ਸਿਫ਼ਤ ਨੂੰ ਗਾਇ = ਗਾਉਣ ਨਾਲ ਸੁਖ ਦੀ ਪ੍ਰਾਪਤੀ ਹੋਵੇਗੀ। ਪੂਰਾ = ਪੂਰਨ ਗੁਰੁ = ਗੁਰੂ ਸਾਹਿਬ ਜੀ ਦੇ ਭੇਟਿਆ = ਮਿਲਣ ਕਰਕੇ ਨਾਮ ਵਿਚ ਲਿਵ = ਬਿਰਤੀ ਲਾਇ = ਲੱਗ ਜਾਵੇਗੀ ॥੧॥ਰਹਾਉ॥

## ਹਰਿ ਕਾ ਨਾਮੁ; ਦੀਓ ਗੁਰਿ ਮੰਤ੍ਰੁ ॥ ਮਿਟੇ ਵਿਸੂਰੇ; ਉਤਰੀ ਚਿੰਤ ॥੨॥

ਜਦ ਗੁਰਿ = ਸਤਿਗੁਰੂ ਸਾਹਿਬ ਜੀ ਨੇ ਹਰਿ = ਪਰਮੇਸ਼ਰ ਕਾ = ਦਾ ਨਾਮ ਰੂਪ ਮੰਤਰ ਦੀਓ = ਦੇਣਾ ਕੀਤਾ ਤਦ ਵਿਸੂਰੇ = ਝੋਰੇ, ਪਸ਼ਚਾਤਾਪ ਵੀ ਮਿਟੇ = ਮਿਟ ਗਏ, ਨਾਸ ਹੋ ਗਏ ਅਤੇ ਚਿੰਤ = ਗ਼ਮੀ ਵੀ ਸਾਰੀ ਉਤਰੀ = ਉਤਰ ਗਈ **ਵਾ:** ਵਿਸੂਰੇ (ਵਿ+ਸੂਰੇ) ਜੋ ਵਿ = ਵਿਸ਼ੇਸ਼ ਕਰ ਕੇ ਜੰਮਣ ਮਰਣ ਆਦਿ ਦੇ ਸੂਰੇ = ਦੁੱਖ ਸਨ, ਉਹ ਵੀ ਮਿਟ ਗਏ ਅਤੇ ਚਿੰਤ = ਚਿਤ ਦੀ ਬਿਹਬਲ ਹਾਲਤ ਵੀ ਉਤਰੀ = ਉਤਰ ਗਈ, ਨਾਸ ਹੋ ਗਈ ॥੨॥

## ਅਨਦ ਭਏ; ਗੁਰ ਮਿਲਤ ਕ੍ਰਿਪਾਲ ॥ ਕਰਿ ਕਿਰਪਾ; ਕਾਟੇ ਜਮ ਜਾਲ ॥੩॥

ਕ੍ਰਿਪਾਲ = ਕਿਰਪਾ ਦੇ ਘਰ ਗੁਰ = ਸਤਿਗੁਰੂ ਜੀ ਦੇ ਨਾਲ ਮਿਲਤ = ਮਿਲਣੇ ਕਰ ਕੇ ਅਨਦ = ਅਨੰਦ ਨੂੰ ਪ੍ਰਾਪਤ ਭਏ = ਹੋਏ ਹਾਂ। ਸਤਿਗੁਰਾਂ ਨੇ ਕਿਰਪਾ ਕਰਿ = ਕਰ ਕੇ ਸਾਰੇ ਜਮ = ਜਮਾਂ ਦੇ ਜਾਲ = ਬੰਧਨ, ਫਾਹੇ ਕਾਟੇ = ਕੱਟ ਦਿੱਤੇ ਹਨ ॥੩॥

## ਕਹੁ ਨਾਨਕ; ਗੁਰੁ ਪੂਰਾ ਪਾਇਆ ॥
## ਤਾ ਤੇ; ਬਹੁਰਿ ਨ ਬਿਆਪੈ ਮਾਇਆ ॥੪॥੫੩॥੧੨੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਪੂਰਾ = ਪੂਰਨ ਗੁਰੁ = ਸਤਿਗੁਰੂ ਪਾਇਆ = ਪ੍ਰਾਪਤ ਕੀਤਾ ਹੈ। ਤਾ ਤੇ = ਇਸ ਕਰਕੇ ਬਹੁਰਿ = ਫਿਰ ਸਾਨੂੰ ਮਾਇਆ ਨ = ਨਹੀਂ ਬਿਆਪੈ = ਵਿਆਪਦੀ, ਚਿੰਬੜਦੀ, ਭਾਵ ਸਦਾ ਸੁਤੰਤਰ ਰਹਿੰਦੇ ਹਾਂ ॥੪॥੫੩॥੧੨੨॥

## ਗਉੜੀ, ਮਹਲਾ ੫ ॥

## ਰਾਖਿ ਲੀਆ; ਗੁਰਿ ਪੂਰੈ ਆਪਿ ॥ ਮਨਮੁਖ ਕਉ; ਲਾਗੋ ਸੰਤਾਪੁ ॥੧॥

ਪੂਰੈ = ਪੂਰਿਆ ਗੁਰਿ = ਸਤਿਗੁਰਾਂ ਨੇ ਆਪਣੇ ਸੇਵਕ ਜਾਣ ਕੇ ਰਾਖਿ = ਰੱਖ ਲੀਆ = ਲੈਣਾ ਕੀਤਾ ਹੈ। ਮਨਮੁਖ = ਮਨਮੁਖਤਾ, ਮੂਰਖਤਾਈ ਕਰਨ ਵਾਲਿਆਂ ਕਉ = ਨੂੰ ਸੰਤਾਪੁ = ਸਾੜਾ ਲਾਗੋ = ਲੱਗਾ ਹੈ ॥੧॥

## ਗੁਰੂ ਗੁਰੂ ਜਪਿ; ਮੀਤ ਹਮਾਰੇ ॥ ਮੁਖ ਊਜਲ ਹੋਵਹਿ; ਦਰਬਾਰੇ ॥੧॥ਰਹਾਉ॥

ਹੇ ਹਮਾਰੇ = ਸਾਡੇ ਮੀਤ = ਮਿੱਤਰੋ, ਸੱਜਣੋਂ ! ਗੁਰੂ = ਪੂਜਨੀਕ ਗੁਰੂ = ਸਤਿਗੁਰੂ ਸਾਹਿਬ ਜੀ ਨੂੰ ਜਪਿ = ਜਪਣਾ ਕਰੋ **ਵਾ:** (ਗੁ+ਰੂ) ਗੁ = ਅਗਿਆਨ ਦੇ ਹਨੇਰੇ ਦਾ ਨਾਸ ਕਰ ਕੇ ਗਿਆਨ ਦਾ ਰੂ = ਪ੍ਰਕਾਸ਼ ਕਰਨ ਵਾਲੇ ਗੁਰੂ = ਚੇਤਨ ਸਰੂਪ ਨੂੰ ਜਪਿ = ਜਪਣਾ ਕਰੋ।

ਜਿਸ ਕਰਕੇ ਸਾਧਸੰਗਤ ਰੂਪ **ਵਾ:** ਸਚਖੰਡ ਰੂਪੀ ਦਰਬਾਰੇ = ਦਰਬਾਰ ਵਿਚ ਮੁਖ = ਮੂੰਹ ਊਜਲ = ਉੱਜਲਾ, ਪਵਿੱਤਰ ਹੋਵਹਿ = ਹੋਵੇਗਾ ॥੧॥ਰਹਾਉ॥

## ਗੁਰ ਕੇ ਚਰਣ; ਹਿਰਦੈ ਵਸਾਇ ॥ ਦੂਖ ਦੁਸਮਨ; ਤੇਰੀ ਹਤੈ ਬਲਾਇ ॥੨॥

ਗੁਰ = ਸਤਿਗੁਰੂ ਸਾਹਿਬ ਜੀ ਕੇ = ਦੇ ਪਾਵਨ ਚਰਣ = ਚਰਣਾਂ ਨੂੰ (ਨਾਮ ਨੂੰ) ਹਿਰਦੈ = ਚਿੱਤ ਵਿਚ ਵਸਾਇ = ਵਸਾਉਣਾ ਕਰੋ।

ਜਿਸ ਕਰਕੇ ਜੰਮਣ ਮਰਣ ਦੇ ਦੁਖ, ਕਾਮਾਦਿਕ ਦੁਸ਼ਮਨ = ਵੈਰੀ ਅਤੇ ਤੇਰੀ ਅਵਿਦਿਆ ਰੂਪੀ ਬਲਾਇ = ਬਲਾ ਆਦਿਕ ਸਭ ਹਤੈ = ਨਾਸ ਹੋ ਜਾਵੇਗੀ ॥੨॥

## ਗੁਰ ਕਾ ਸਬਦੁ; ਤੇਰੈ ਸੰਗਿ ਸਹਾਈ ॥
## ਦਇਆਲ ਭਏ; ਸਗਲੇ ਜੀਅ ਭਾਈ ॥੩॥

ਗੁਰ = ਸਤਿਗੁਰੂ ਸਾਹਿਬ ਜੀ ਕਾ = ਦਾ ਸਬਦੁ = ਉਪਦੇਸ਼, ਲੋਕ ਪਰਲੋਕ ਵਿਚ ਤੇਰੈ = ਤੇਰੇ ਸੰਗਿ = ਨਾਲ ਹੋ ਕੇ ਸਹਾਈ = ਸਹਾਇਤਾ ਕਰਨ ਵਾਲਾ ਹੈ।

ਹੇ ਭਾਈ ! ਤਿਸ ਸ਼ਬਦ ਕਰਕੇ ਸਗਲੇ = ਸਾਰੇ ਜੀਅ = ਜੀਵ ਦਇਆਲ = ਦਿਆਲੂ ਭਏ = ਹੋਏ ਹਨ ॥੩॥

## ਗੁਰਿ ਪੂਰੈ; ਜਬ ਕਿਰਪਾ ਕਰੀ ॥
## ਭਨਤਿ ਨਾਨਕ; ਮੇਰੀ ਪੂਰੀ ਪਰੀ ॥੪॥੫੪॥੧੨੩॥

ਜਬ = ਜਦੋਂ ਪੂਰੈ = ਪੂਰਨ ਗੁਰਿ = ਸਤਿਗੁਰੂ ਸਾਹਿਬ ਜੀ ਨੇ ਕਿਰਪਾ = ਦਇਆ ਦ੍ਰਿਸ਼ਟੀ ਕਰੀ = ਕੀਤੀ।

ਗੁਰੂ ਜੀ ਭਨਤਿ = ਕਥਨ ਕਰਦੇ ਹਨ ਕਿ ਇਸ ਤਰ੍ਹਾਂ ਮੇਰੀ ਪੂਰੀ = ਪੂਰਨ ਕਮਾਈ ਪਰੀ = ਪੈ ਗਈ, ਪਤ ਆਬਰੋ ਪੈ ਗਈ ॥੪॥੫੪॥੧੨੩॥

## ਗਉੜੀ, ਮਹਲਾ ੫ ॥
## ਅਨਿਕ ਰਸਾ ਖਾਏ; ਜੈਸੇ ਢੋਰ ॥ ਮੋਹ ਕੀ ਜੇਵਰੀ; ਬਾਧਿਓ ਚੋਰ ॥੧॥

ਹੇ ਭਾਈ ! ਜੀਵ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਜੋ ਹੋਰ ਅਨਿਕ = ਅਨੇਕਾਂ ਪ੍ਰਕਾਰ ਦੇ ਰਸਾ = ਰਸ ਕਸ ਖਾਏ = ਖਾਦੇ ਹਨ, ਉਹ ਤਾਂ ਇਉਂ ਹਨ, ਜੈਸੇ = ਜਿਵੇਂ ਢੋਰ = ਪਸ਼ੂ ਚਾਰਾ ਆਦਿਕ ਖਾਂਦੇ ਹਨ।

ਜੀਵ ਮੋਹ ਕੀ = ਦੀ ਜੇਵਰੀ = ਰੱਸੀ ਵਿਚ ਇਉਂ ਬਾਧਿਓ = ਬੱਝਾ ਹੋਇਆ ਹੈ, ਜਿਵੇਂ ਚੋਰ ਬਾਧਿਓ = ਬੰਨ੍ਹ ਲਈਦਾ ਹੈ, ਕੈਦ ਕਰ ਲਈਦਾ ਹੈ **ਵਾ:** ਮੋਹ ਅਗਿਆਨ ਆਦਿਕਾਂ ਨੇ ਮਮਤਾ ਰੂਪੀ ਜੇਵਰੀ = ਰੱਸੀ ਵਿਚ ਬੰਨ੍ਹ ਲਿਆ ਹੈ ਕਿਉਂਕਿ ਚੋਰ ਦੀ ਨਿਆਈਂ ਪਰਮੇਸ਼ਰ ਦੇ ਨਾਮ ਦਾ ਚੋਰ ਹੈ, ਭਾਵ ਸਿਮਰਨ ਨਹੀਂ ਕਰਦਾ ॥੧॥

## ਮਿਰਤਕ ਦੇਹ; ਸਾਧਸੰਗ ਬਿਹੂਨਾ ॥
## ਆਵਤ ਜਾਤ; ਜੋਨੀ ਦੁਖ ਖੀਨਾ ॥੧॥ਰਹਾਉ॥

ਇਹ ਦੇਹ = ਸਰੀਰ ਸਾਧ ਸੰਗ = ਸਤਿਸੰਗਤ ਤੋਂ ਬਿਹੂਨਾ = ਬਿਨਾਂ ਮਿਰਤਕ = ਮੁਰਦੇ ਦੀ ਨਿਆਈਂ ਹੈ। ਭਾਵ ਜਿਵੇਂ ਮੁਰਦੇ ਵਿਚ ਕੋਈ ਸੱਤਾ ਨਹੀਂ ਹੁੰਦੀ, ਇਵੇਂ ਸਤਿਸੰਗਤ ਤੋਂ ਬਿਨਾਂ ਚੰਗੇ ਕਰਮ ਕਰਨ ਦੀ ਸਤਿਆ ਨਹੀਂ ਹੁੰਦੀ।

ਇਸ ਪ੍ਰਕਾਰ ਇਹ ਜੀਵ ਮਾਤਾ ਦੇ ਗਰਭ ਵਿਚ ਜਨਮ ਧਾਰ ਕੇ ਆਵਤ = ਆਉਂਦਾ ਹੈ ਅਤੇ ਮਰ ਕੇ ਜਾਤ = ਜਾਂਦਾ ਹੈ ਇਉਂ ਚੌਰਾਸੀ ਲੱਖ ਜੋਨੀ = ਜੂਨੀਆਂ ਦੇ ਦੁਖਾਂ ਵਿਚ ਖੀਨਾ = ਨਾਸ ਹੁੰਦਾ ਰਹਿੰਦਾ ਹੈ ॥੧॥ਰਹਾਉ॥

## ਅਨਿਕ ਬਸਤ੍ਰ; ਸੁੰਦਰ ਪਹਿਰਾਇਆ ॥ ਜਿਉ ਡਰਨਾ; ਖੇਤ ਮਾਹਿ ਡਰਾਇਆ ॥੨॥

ਜੋ ਅਨਿਕ = ਅਨੇਕਾਂ ਸੁੰਦਰ = ਸੋਹਣੇ ਬਸਤ੍ਰ = ਕੱਪੜੇ ਪਹਿਰਾਇਆ = ਪਹਿਨਣਾ ਕਰਦਾ ਹੈ, ਉਹ ਤਾਂ ਇਸ ਪ੍ਰਕਾਰ ਹਨ।

ਜਿਉ = ਜਿਵੇਂ ਪਸ਼ੂਆਂ ਜਾਨਵਰਾਂ ਆਦਿ ਨੂੰ ਡਰਾਇਆ = ਡਰਾਉਣ ਲਈ ਖੇਤ = ਜ਼ਮੀਨ, ਪੈਲੀ ਮਾਹਿ = ਵਿਚ ਡਰਨਾ ਖੜਾ ਕੀਤਾ ਹੁੰਦਾ ਹੈ। ਅਰਥਾਤ ਜਿਵੇਂ ਖੇਤਾਂ ਵਿਚ ਡਰਨੇ ਗੱਡ ਕੇ ਉਪਰ ਸੋਹਣੇ ਸੋਹਣੇ ਕੱਪੜੇ ਪਾ ਦਿੰਦੇ ਹਨ, ਪੱਗ ਵੀ ਬੰਨ੍ਹ ਦਿੰਦੇ ਹਨ, ਪਰ ਜਾਨਵਰ ਫਿਰ ਵੀ ਇਸ ਦੇ ਲਾਗੋਂ ਫ਼ਸਲ ਚਰ ਜਾਂਦੇ ਹਨ। ਡਰਨਾ = ਡਰਾਉਣ ਲਈ ਨਕਲੀ ਪੁਰਸ਼ ਜਿਸ ਨਾਲ ਪੰਛੀਆਂ ਨੂੰ ਡਰਾਇਆ = ਡਰ ਪੈਦਾ ਕੀਤਾ ਜਾਂਦਾ ਹੈ, ਇਸੇ ਪ੍ਰਕਾਰ ਜੋ ਸਤਿਸੰਗਤ ਅਤੇ ਸ਼ੁਭ ਗੁਣਾਂ ਤੋਂ ਖ਼ਾਲੀ ਹੈ, ਉਪਰੋਂ ਬੜੇ ਸੱਜ ਫੱਬ ਕੇ ਰਹਿੰਦੇ ਹਨ, ਉਨ੍ਹਾਂ ਦੇ ਸ਼ੁਭ ਗੁਣਾਂ ਨੂੰ ਕਾਮਾਦਿਕ ਪਸ਼ੂ ਨੇੜਿਓਂ ਹੀ ਚਰ ਜਾਂਦੇ ਹਨ ॥੨॥

## ਸਗਲ ਸਰੀਰ; ਆਵਤ ਸਭ ਕਾਮ ॥ ਨਿਹਫਲ ਮਾਨੁਖੁ; ਜਪੈ ਨਹੀ ਨਾਮ ॥੩॥

ਹੋਰ ਸਗਲ = ਸਾਰੇ ਸਰੀਰ ਸਭ ਤਰ੍ਹਾਂ ਦੇ ਕਾਮ = ਕੰਮਾਂ ਵਿਚ ਆਵਤ = ਆ ਜਾਂਦੇ ਹਨ, ਭਾਵ ਜਿਨ੍ਹਾਂ ਜਿਨ੍ਹਾਂ ਦੇ ਉਹ ਯੋਗ ਹੋਣ ਉਸ ਵਰਤੋ ਵਿਚ ਆ ਜਾਂਦੇ ਹਨ, ਪਰ ਮਨੁੱਖਾ ਸਰੀਰ ਜੋ ਨਾਮ ਜਪਣ ਦੇ ਯੋਗ ਹੈ, ਜੇਕਰ ਇਸ ਮਨੁੱਖਾ ਸਰੀਰ ਵਿਚ ਨਾਮ ਨਹੀਂ ਜਪਿਆ ਤਾਂ ਇਹ ਸਰੀਰ ਵੀ ਨਿਸਫ਼ਲ ਹੀ ਹੈ। ਅਰਥਾਤ ਪਸ਼ੂ ਹਰੀ ਸਿਮਰਨ ਦੇ ਯੋਗ ਨਹੀਂ, ਇਸ ਕਰਕੇ ਪਸ਼ੂਆਂ ਦਾ ਸਿਮਰਨ ਨਾ ਕਰਨਾ ਦੋਸ਼ ਨਹੀਂ ਹੈ, ਪਰ ਜਿਸ ਕੰਮ ਦੇ ਪਸ਼ੂ ਹੁੰਦੇ ਹਨ ਉਹ ਕੰਮ ਉਨ੍ਹਾਂ ਤੋਂ ਲੈ ਲਈਦਾ ਹੈ, ਦੂਸਰਾ ਮੋਏ ਜਿਉਂਦੇ ਪਸ਼ੂ ਦੀ ਖੱਲ, ਸਿੰਗ, ਹੱਡ ਆਦਿ ਕੰਮ ਆਉਂਦੇ ਹਨ। ਇਸ ਦੇ ਸੰਬੰਧ ਵਿਚ ਮਨੁੱਖ ਨਾਮ ਸਿਮਰਨ ਦੇ ਯੋਗ ਹੈ, ਜੇਕਰ ਆਪਣੇ ਯੋਗਤਾ ਦਾ ਕੰਮ ਨਹੀਂ ਕਰਦਾ ਤਾਂ ਪਸ਼ੂ ਨਾਲੋਂ ਇਸਦਾ ਆਉਣਾ ਨਿਸਫ਼ਲ ਰਿਹਾ।

**ਅਥਵਾ** ਪਸ਼ੂ ਪੰਛੀਆਂ ਆਦਿ ਸਗਲ = ਸਾਰਿਆਂ ਦੇ ਸਰੀਰ ਸਭ = ਸਾਰੇ ਕਾਮ = ਕੰਮ ਆਵਤ = ਆ ਜਾਂਦੇ ਹਨ। ਪਰ ਮਾਨੁਖੁ = ਮਨੁੱਖ ਦਾ ਸਰੀਰ ਹੀ ਨਿਹਫਲ = ਨਿਸਫਲ ਹੈ, ਜੋ ਨਾਮ ਨਹੀਂ ਜਪੈ = ਜਪਦਾ **ਵਾ**: ਮਨੁੱਖ ਦਾ ਸਰੀਰ ਤਾਂ ਨਿਸਫਲ ਹੀ ਹੈ, ਕਿਸੇ ਵੀ ਕੰਮ ਨਹੀਂ ਆਉਂਦਾ, ਇਹ ਜਾਣਦਿਆਂ ਹੋਇਆਂ ਵੀ ਮਨੁੱਖ ਨਾਮ ਨਹੀਂ ਜਪਦਾ ॥੩॥

## ਕਹੁ ਨਾਨਕ; ਜਾ ਕਉ ਭਏ ਦਇਆਲਾ ॥
## ਸਾਧਸੰਗਿ ਮਿਲਿ; ਭਜਹਿ ਗੋੁਪਾਲਾ ॥੪॥੫੫॥੧੨੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਾ ਕਉ = ਜਿਸ ਉੱਤੇ ਮੇਰੇ ਵਾਹਿਗੁਰੂ ਜੀ ਦਇਆਲਾ = ਦਿਆਲੂ ਭਏ = ਹੋਏ ਹਨ।

ਉਹੋ ਹੀ ਸਾਧਸੰਗਿ = ਸਾਧਸੰਗਤ ਵਿਚ ਮਿਲਿ = ਮਿਲ ਕਰ ਕੇ ਗੋਪਾਲਾ = ਪ੍ਰਿਥਵੀ ਦੇ ਪਾਲਕ ਅਕਾਲ ਪੁਰਖ ਦਾ ਭਜਹਿ = ਭਜਨ ਕਰਦੇ ਹਨ ॥੪॥੫੫॥੧੨੪॥

## ਗਉੜੀ, ਮਹਲਾ ੫ ॥

ਜਦ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ (ਸੰਪਾਦਨਾ) ਕਰ ਰਹੇ ਸਨ, ਉਸ ਵਕਤ ਸਿੱਖਾਂ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਗੁਰ-ਸ਼ਬਦ ਦੀ ਮਹਿਮਾ ਕਿਤਨੀ ਕੁ ਹੈ ? ਤਾਂ ਹਜ਼ੂਰ ਇਹ ਪਾਵਨ ਸ਼ਬਦ ਵਿਚ ਉਚਾਰਨ ਕਰਦੇ ਹਨ :

[ਅੰਗ ੧੯੧]

## ਕਲਿ ਕਲੇਸ; ਗੁਰ ਸਬਦਿ ਨਿਵਾਰੇ ॥ ਆਵਣ ਜਾਣ ਰਹੇ; ਸੁਖ ਸਾਰੇ ॥੧॥

ਹੇ ਭਾਈ ! ਜਿਨ੍ਹਾਂ ਦੇ ਹਿਰਦੇ ਵਿਚ ਗੁਰ-ਸ਼ਬਦ ਵਸ ਗਿਆ ਹੈ, ਉਨ੍ਹਾਂ ਦੀ ਸੰਸਾਰ ਦੇ ਅੰਦਰ ਜਿਤਨੀ ਵੀ ਕਲਿ = ਕਲਪਨਾ ਸੀ ਅਤੇ ਪੰਜ ਪ੍ਰਕਾਰ ਦੇ ਕਲੇਸ਼ (ਅਵਿਦਿਆ, ਅਸੰਮਤਾ, ਰਾਗ, ਦ੍ਵੈਖ, ਅਭਿਨਿਵੇਸ਼) ਆਦਿ ਸੀ, ਉਹ ਗੁਰ = ਸਤਿਗੁਰਾਂ ਦੇ ਸਬਦਿ = ਉਪਦੇਸ਼ ਨੇ ਨਿਵਾਰੇ = ਨਵਿਰਤ ਨਾਸ ਕਰ ਦਿੱਤੇ ਹਨ। ਅਤੇ

ਸੰਸਾਰ ਵਿਚ ਜਨਮ ਧਾਰ ਕੇ ਆਵਣ = ਆਉਣਾ ਅਤੇ ਮਰ ਕੇ ਜਾਣ ਤੋਂ ਰਹੇ = ਰਹਿਤ ਹੋ ਗਏ, ਭਾਵ ਦੋਵੇਂ ਨਵਿਰਤ ਕਰ ਦਿੱਤੇ ਅਤੇ ਸਾਰੇ = ਸਭ ਸੁੱਖ ਪ੍ਰਾਪਤ ਹੋ ਗਏ ਹਨ **ਵਾ:** ਉਨ੍ਹਾਂ ਨੂੰ ਸਾਰੇ ਥਾਵਾਂ 'ਤੇ ਸੁਖ ਹੀ ਸੁਖ ਪ੍ਰਾਪਤ ਹੁੰਦਾ ਹੈ ॥੧॥

## ਭੈ ਬਿਨਸੇ; ਨਿਰਭਉ ਹਰਿ ਧਿਆਇਆ ॥

ਗੁਰ-ਸ਼ਬਦ ਕਰਕੇ ਹੀ ਨਿਰਭਉ = ਡਰ ਤੋਂ ਰਹਿਤ ਹਰਿ = ਹਰੀ ਪਰਮੇਸ਼ਰ ਨੂੰ ਧਿਆਇਆ = ਧਿਆਉਣ ਕਰ ਕੇ ਸੱਤ ਪ੍ਰਕਾਰ ਦਾ ਭੈ = ਡਰ **ਵਾ:** ਲੋਕ ਪਰਲੋਕ ਆਦਿ ਦਾ ਭੈ = ਡਰ ਬਿਨਸੇ = ਵਿਸ਼ੇਸ਼ ਕਰਕੇ ਨਾਸ ਹੋ ਗਿਆ।

***ਪ੍ਰਸ਼ਨ :*** *ਹੇ ਮਹਾਰਾਜ ! ਪਰਮੇਸ਼ਰ ਦੇ ਗੁਣ ਕਿਥੇ ਗਾਏ ਜਾਂਦੇ ਹਨ ?*
***ਗੁਰ ਉੱਤਰ :***

## ਸਾਧਸੰਗਿ; ਹਰਿ ਕੇ ਗੁਣ ਗਾਇਆ ॥੧॥ਰਹਾਉ॥

ਹੇ ਭਾਈ ! ਸਾਧਸੰਗਿ = ਸਤਿਸੰਗਤ ਨਾਲ ਮਿਲ ਕਰਕੇ ਹਰਿ = ਹਰੀ ਪ੍ਰਭੂ ਕੇ = ਦੇ ਗੁਣ = ਜਸ ਨੂੰ ਗਾਇਆ = ਗਾਈਦਾ ਹੈ, ਗਾਇਆ ਜਾਂਦਾ ਹੈ ॥੧॥ਰਹਾਉ॥

***ਪ੍ਰਸ਼ਨ :*** *ਹੇ ਮਹਾਰਾਜ ! ਜਿਨ੍ਹਾਂ ਨੇ ਪਰਮੇਸ਼ਰ ਦੇ ਚਰਨ ਕਵਲ ਧਾਰਨ ਕੀਤੇ ਹਨ, ਉਨ੍ਹਾਂ ਨੂੰ ਕੀ ਲਾਭ ਪ੍ਰਾਪਤ ਹੋਇਆ ਹੈ ?*

## ਚਰਨ ਕਵਲ; ਰਿਦ ਅੰਤਰਿ ਧਾਰੇ ॥ ਅਗਨਿ ਸਾਗਰ; ਗੁਰਿ ਪਾਰਿ ਉਤਾਰੇ ॥੨॥

ਹੇ ਭਾਈ ! ਜਿਨ੍ਹਾਂ ਨੇ ਪਰਮੇਸ਼ਰ ਦੇ ਚਰਨ ਕਮਲਾਂ ਨੂੰ ਆਪਣੇ ਰਿਦ = ਹਿਰਦੇ ਅੰਤਰਿ = ਵਿਚ ਧਾਰੇ = ਧਾਰਨ ਕੀਤਾ ਹੈ, ਉਨ੍ਹਾਂ ਨੂੰ ਅਗਨਿ = ਅਗਨੀ ਦੀ ਨਿਆਈਂ ਸੰਸਾਰ ਸਾਗਰ = ਸਮੁੰਦਰ ਤੋਂ ਗੁਰਿ = ਸਤਿਗੁਰੂ ਸਾਹਿਬ ਜੀ ਨੇ ਸ਼ਬਦ ਰੂਪੀ ਜਹਾਜ਼ 'ਤੇ ਬਿਠਾ ਕੇ ਪਾਰਿ = ਪਾਰ ਉਤਾਰੇ = ਉਤਾਰ ਦਿੱਤਾ ਹੈ, ਭਾਵ ਸਰੂਪ ਦੀ ਪ੍ਰਾਪਤੀ ਕਰਾ ਦਿੱਤੀ ਹੈ, ਮੁਕਤ ਕਰ ਦਿੱਤਾ ਹੈ ॥੨॥

## ਬੂਡਤ ਜਾਤ; ਪੂਰੈ ਗੁਰਿ ਕਾਢੇ ॥ ਜਨਮ ਜਨਮ ਕੇ; ਟੂਟੇ ਗਾਢੇ ॥੩॥

ਜੋ ਸੰਸਾਰ-ਸਮੁੰਦਰ ਅੰਦਰ ਪਦਾਰਥਾਂ ਰੂਪੀ ਪਾਣੀ ਵਿਚ ਬੂਡਤ = ਡੁੱਬਦੇ ਜਾਤ = ਜਾ ਰਹੇ ਸੀ, ਉਨ੍ਹਾਂ ਨੂੰ ਪੂਰੈ = ਪੂਰਿਆਂ ਗੁਰਿ = ਸਤਿਗੁਰਾਂ ਨੇ ਕਿਰਪਾ ਕਰਕੇ ਮੋਖ ਰੂਪੀ ਕਿਨਾਰੇ 'ਤੇ ਕਾਢੇ = ਕੱਢ ਦਿੱਤਾ ਹੈ।

ਜਿਨ੍ਹਾਂ ਦੇ ਮਨ ਜਨਮ ਜਨਮ = ਜਨਮਾਂ ਜਨਮਾਂਤਰਾਂ ਕੇ = ਦੇ ਪਰਮੇਸ਼ਰ ਵੱਲੋਂ ਟੂਟੇ = ਟੁੱਟੇ ਹੋਏ ਸੀ, ਉਨ੍ਹਾਂ ਦਾ ਮਨ ਗੁਰੂ ਜੀ ਨੇ ਸ਼ਬਦ ਦੁਆਰਾ ਵਾਹਿਗੁਰੂ ਨਾਲ ਗਾਢੇ = ਗੰਢ ਦਿੱਤਾ ਹੈ ॥੩॥

## ਕਹੁ ਨਾਨਕ; ਤਿਸੁ ਗੁਰ ਬਲਿਹਾਰੀ ॥
## ਜਿਸੁ ਭੇਟਤ; ਗਤਿ ਭਈ ਹਮਾਰੀ ॥੪॥੫੬॥੧੨੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਿਸੁ = ਉਸ ਗੁਰਿ = ਗੁਰੂ ਸ਼ਬਦ ਵਾ: ਗੁਰੂ ਸਾਹਿਬ ਜੀ ਤੋਂ ਬਲਿਹਾਰੀ = ਕੁਰਬਾਨ ਜਾਈਏ। ਜਿਸੁ = ਜਿਨ੍ਹਾਂ ਗੁਰਾਂ **ਵਾ:** ਗੁਰੂ ਸ਼ਬਦ ਨਾਲ ਭੇਟਤ = ਮਿਲਣੇ ਕਰ ਕੇ ਹਮਾਰੀ = ਸਾਡੀ ਗਤਿ = ਮੁਕਤੀ ਭਈ = ਹੋਈ ਹੈ **ਵਾ:** ਸਤਿਗੁਰਾਂ ਨਾਲ ਮਿਲਣੇ ਕਰ ਕੇ ਹਮਾਰੀ = ਤਮਾਮ ਸਾਰਿਆਂ ਦੀ ਗਤਿ = ਮੁਕਤੀ, ਗਤੀ ਹੋਈ ਹੈ ॥੪॥੫੬॥੧੨੫॥

## ਗਉੜੀ, ਮਹਲਾ ੫ ॥
## ਸਾਧਸੰਗਿ; ਤਾ ਕੀ ਸਰਨੀ ਪਰਹੁ ॥ ਮਨੁ ਤਨੁ ਅਪਨਾ; ਆਗੈ ਧਰਹੁ ॥੧॥

ਸਾਧਸੰਗਿ = ਸਤਿਸੰਗਤ ਵਿਚ ਆਉਣ ਕਰਕੇ ਤਾ = ਉਸ ਵਾਹਿਗੁਰੂ ਕੀ = ਦੀ ਸਰਨੀ = ਸ਼ਰਨ ਵਿਚ ਪਰਹੁ = ਪੈਣਾ ਕਰੋ। ਅਤੇ

ਅਪਨਾ = ਆਪਣਾ ਮਨ ਅਤੇ ਤਨ ਵੀ ਉਸ ਪਰਮੇਸ਼ਰ ਦੇ ਆਗੈ = ਅੱਗੇ ਧਰਹੁ = ਧਰਨਾ ਕਰੋ, ਅਰਪਨਾ ਕਰੋ **ਵਾ:** ਮਨ ਦੇ ਸਾਰੇ ਸੰਕਲਪ ਅਤੇ ਸਰੀਰ ਦੀ ਹੰਗਤਾ, ਅਭਿਮਾਨ ਪਰਮੇਸ਼ਰ ਅੱਗੇ ਭੇਟਾ ਕਰਨ ਰੂਪ ਧਰੋ ॥੧॥

## ਅੰਮ੍ਰਿਤ ਨਾਮੁ; ਪੀਵਹੁ ਮੇਰੇ ਭਾਈ ॥
## ਸਿਮਰਿ ਸਿਮਰਿ; ਸਭ ਤਪਤਿ ਬੁਝਾਈ ॥੧॥ਰਹਾਉ॥

ਹੇ ਮੇਰੇ ਭਾਈ = ਭਰਾਵੋ ! ਬਾਣੀ ਕਰਕੇ ਅੰਮ੍ਰਿਤ ਨਾਮ ਨੂੰ ਪੀਵਹੁ = ਪੀਣਾ ਕਰੋ।

ਪਰਮੇਸ਼ਰ ਨੂੰ ਸਿਮਰਿ = ਸਿਮਰਦਿਆਂ ਸਿਮਰਿ = ਸਿਮਰਦਿਆਂ ਚਿੰਤਾ ਦੀ, ਈਰਖਾ ਦੀ, ਤ੍ਰਿਸ਼ਨਾ ਆਦਿਕਾਂ ਦੀ ਸਭ = ਸਾਰੀ ਤਪਤਿ = ਤਪਸ਼ ਬੁਝਾਈ = ਬੁਝ ਜਾਵੇਗੀ **ਵਾ:** ਪਰਮੇਸ਼ਰ ਨੇ ਬੁਝਾ ਦਿੱਤੀ ਹੈ **ਅਥਵਾ** ਪਰਮੇਸ਼ਰ ਦੇ ਨਾਮ ਨੂੰ ਮਨ ਕਰਕੇ ਸਿਮਰਿ = ਸਿਮਰਨ ਨਾਲ ਅਤੇ ਬਾਣੀ ਕਰਕੇ ਸਿਮਰਿ = ਸਿਮਰਨ ਕਰਨ ਨਾਲ ਵਿਛੋੜੇ ਆਦਿਕਾਂ ਦੀ ਸਭ = ਸਾਰੀ ਤਪਤਿ = ਤਪਸ਼ ਬੁਝਾਈ = ਬੁਝ ਜਾਵੇਗੀ ॥੧॥ਰਹਾਉ॥

## ਤਜਿ ਅਭਿਮਾਨੁ; ਜਨਮ ਮਰਣੁ ਨਿਵਾਰਹੁ ॥
## ਹਰਿ ਕੇ ਦਾਸ ਕੇ; ਚਰਣ ਨਮਸਕਾਰਹੁ ॥੨॥

ਹੇ ਭਾਈ ! ਇਸ ਪ੍ਰਕਾਰ ਆਪਣੇ (ਅਭਿ+ਮਾਨੁ) ਅਭਿ = ਹਿਰਦੇ ਵਿੱਚੋਂ ਮਾਨੁ = ਹੰਕਾਰ ਨੂੰ ਤਜਿ = ਤਿਆਗਣਾ ਕਰੋ **ਵਾ:** ਕਾਰਨ ਦੇਹ, ਸੂਖਮ ਦੇਹ, ਅਸਥੂਲ ਦੇਹ ਦਾ ਅਭਿਮਾਨ = ਹੰਕਾਰ ਤਜਿ = ਛੱਡਣਾ ਕਰੋ ਅਤੇ ਆਪਣਾ ਜਨਮ ਮਰਣ ਨਿਵਾਰਹੁ = ਨਿਵਾਰਨਾ ਕਰੋ, ਭਾਵ ਆਪਣੇ ਆਪ ਨੂੰ ਜੰਮਣ ਮਰਣ ਵੱਲੋਂ ਨਵਿਰਤ ਕਰ ਲਉ। ਅਤੇ

ਹਰਿ = ਹਰੀ ਪਰਮੇਸ਼ਰ ਕੇ = ਦੇ ਦਾਸ = ਸੇਵਕਾਂ ਕੇ = ਦੇ ਚਰਣਾਂ ਤੇ ਨਮਸਕਾਰਹੁ = ਬੰਦਨਾ ਕਰੋ।
***ਪ੍ਰਸ਼ਨ :*** *ਹੇ ਮਹਾਰਾਜ! ਅਜਿਹਾ ਕੌਣ ਹੈ ਜਿਸ ਨੇ ਹੰਕਾਰ ਛੱਡ ਦਿੱਤਾ ਹੈ?*
***ਗੁਰ ਉੱਤਰ :*** ਹੇ ਭਾਈ ਹਰਿ = ਪ੍ਰਭੂ ਦੇ ਦਾਸ = ਸੇਵਕਾਂ ਨੇ ਹੰਕਾਰ ਦਾ ਤਿਆਗ ਕੀਤਾ ਹੈ, ਇਸ ਕਰਕੇ ਉਨ੍ਹਾਂ ਕੇ = ਦੇ ਚਰਣਾਂ ਉਪਰ ਨਮਸਕਾਰ ਕਰੋ ॥੨॥

## ਸਾਸਿ ਸਾਸਿ; ਪ੍ਰਭੁ ਮਨਹਿ ਸਮਾਲੇ ॥ ਸੋ ਧਨੁ ਸੰਚਹੁ; ਜੋ ਚਾਲੈ ਨਾਲੇ ॥੩॥

ਉਹ ਗੁਰਮੁਖ ਪਿਆਰੇ ਸਾਸਿ ਸਾਸਿ = ਸ੍ਵਾਸ ਸ੍ਵਾਸ ਆਪਣੇ ਮਨਹਿ = ਮਨ ਦੁਆਰਾ ਪ੍ਰਭੁ = ਪਰਮੇਸ਼ਰ ਨੂੰ ਸਮਾਲੇ = ਸੰਮਾਲਦੇ ਹਨ। ਹੇ ਭਾਈ! ਸੋ = ਉਹ ਨਾਮ ਰੂਪੀ ਧਨੁ = ਬਿਭੂਤੀ ਸੰਚਹੁ = ਇਕੱਤਰ ਕਰੋ ਜੋ = ਜਿਹੜੀ ਪ੍ਰਲੋਕ ਵਿਚ ਨਾਲੇ = ਨਾਲ ਚਾਲੈ = ਚੱਲਣਾ ਕਰੇ ॥੩॥

## ਤਿਸਹਿ ਪਰਾਪਤਿ; ਜਿਸੁ ਮਸਤਕਿ ਭਾਗੁ ॥
## ਕਹੁ ਨਾਨਕ; ਤਾ ਕੀ ਚਰਣੀ ਲਾਗੁ ॥੪॥੫੭॥੧੨੬॥

ਹੇ ਭਾਈ! ਜਿਸ = ਜਿਨ੍ਹਾਂ ਦੇ ਮਸਤਕਿ = ਮੱਥੇ ਦੇ ਭਾਗ ਉੱਤਮ ਹਨ, ਤਿਸਹਿ = ਤਿਨ੍ਹਾਂ ਨੂੰ ਹੀ ਨਾਮ ਦੀ ਪਰਾਪਤਿ = ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਾ = ਉਨ੍ਹਾਂ ਨਾਮ ਦੀ ਪ੍ਰਾਪਤੀ ਵਾਲਿਆਂ ਕੀ = ਦੀ ਚਰਣੀ ਲਾਗੁ = ਲੱਗਣਾ ਕਰੋ ॥੪॥੫੭॥੧੨੬॥

## ਗਉੜੀ, ਮਹਲਾ ੫ ॥
## ਸੂਕੇ ਹਰੇ ਕੀਏ; ਖਿਨ ਮਾਹੇ ॥ ਅੰਮ੍ਰਿਤ ਦ੍ਰਿਸਟਿ ਸੰਚਿ; ਜੀਵਾਏ ॥੧॥

ਸਤਿਗੁਰੂ ਸਾਹਿਬ ਜੀ ਨੇ ਰੋਗਾਂ ਨਾਲ ਸੂਕੇ = ਸੁੱਕੇ ਹੋਏ ਬੱਚੇ ਇਕ ਖਿਨ ਮਾਹੇ = ਵਿਚ ਹੀ ਹਰੇ ਭਰੇ ਕਰ ਦਿੱਤੇ, ਭਾਵ ਅਰੋਗ ਕਰ ਦਿੱਤੇ **ਅਥਵਾ** ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਰਾਜੇ ਸ਼ਿਵਨਾਭ ਦੇ ਸੁੱਕੇ ਬਾਗ਼ ਵਿਚ ਆਪਣੇ ਪਾਵਨ ਚਰਣ ਕਮਲ ਪਾ ਕੇ ਉਸ ਨੂੰ ਖਿਨ ਵਿਚ ਹੀ ਹਰਾ ਭਰਾ ਕਰ ਦਿੱਤਾ **ਅਥਵਾ** ਜੋ ਸੁੱਕੇ ਹੋਏ ਅੰਤਸ਼ਕਰਣ ਸੀ, ਭਾਵ ਜਿਸ ਦੀ ਸ਼ਰਧਾ ਰੂਪੀ ਜੜ੍ਹ ਨਹੀਂ ਸੀ, ਪ੍ਰੇਮ ਰੂਪੀ ਰਸ ਨਹੀਂ ਸੀ, ਸਤ ਸੰਤੋਖ ਆਦਿ ਪੱਤਰੇ ਨਹੀਂ ਸੀ, ਧਰਮ ਰੂਪੀ ਫੁੱਲ ਨਹੀਂ ਸੀ, ਗਿਆਨ ਰੂਪੀ ਫਲ ਨਹੀਂ ਸੀ, ਇਹੋ ਜਿਹੇ ਸੁੱਕੇ ਹੋਏ ਮਨਾਂ ਨੂੰ ਸਤਿਗੁਰੂ ਜੀ ਨੇ ਨਾਮ ਦੀ ਵਰਖਾ ਨਾਲ ਇਕ ਖਿਨ = ਛਿਨ ਮਾਹੇ = ਵਿਚ ਹੀ ਹਰੇ ਭਰੇ ਕੀਏ = ਕਰ ਦਿੱਤਾ।

ਜੋ ਪੁਰਖ ਪਰਮੇਸ਼ਰ ਵੱਲੋਂ ਮਰੇ ਹੋਏ ਸਨ, ਉਨ੍ਹਾਂ ਨੂੰ ਅੰਮ੍ਰਿਤ ਮਈ ਦ੍ਰਿਸਟਿ = ਦ੍ਰਿਸ਼ਟੀ ਨਾਲ ਸੰਚਿ = ਸਿੰਜ ਕੇ ਜੀਵਾਏ = ਜਿਊਂਦੇ ਕਰ ਦਿੱਤਾ ॥੧॥

## ਕਾਟੇ ਕਸਟ; ਪੂਰੇ ਗੁਰਦੇਵ ॥ ਸੇਵਕ ਕਉ; ਦੀਨੀ ਅਪੁਨੀ ਸੇਵ ॥੧॥ਰਹਾਉ॥

ਪੂਰੇ = ਪੂਰਨ ਗੁਰਦੇਵ = ਸਤਿਗੁਰੂ ਸਾਹਿਬ ਜੀ ਨੇ ਆਪਣੇ ਦਾਸਾਂ ਦੇ ਸਾਰੇ ਕਸਟ = ਦੁਖ ਕਾਟੇ = ਕੱਟ ਦਿੱਤੇ ਹਨ, ਨਾਸ਼ ਕਰ ਦਿੱਤੇ ਹਨ। ਅਤੇ ਆਪਣੇ ਸੇਵਕ = ਦਾਸਾਂ ਕਉ = ਨੂੰ ਹੀ ਅਪੁਨੀ = ਆਪਣੀ ਸੇਵ = ਸੇਵਾ, ਟਹਿਲ ਦੀਨੀ = ਦੇਣਾ ਕੀਤੀ ਹੈ, ਬਖ਼ਸ਼ੀ ਹੈ ॥੧॥ਰਹਾਉ॥

## ਮਿਟਿ ਗਈ ਚਿੰਤ; ਪੁਨੀ ਮਨ ਆਸਾ ॥ ਕਰੀ ਦਇਆ; ਸਤਿਗੁਰਿ ਗੁਣਤਾਸਾ ॥੨॥

ਉਸ ਵੇਲੇ ਸਾਰੀ ਚਿੰਤ = ਮਨ ਦੀ ਬਿਹਬਲ ਵਾਲੀ ਹਾਲਤ, ਫ਼ਿਕਰ, ਸੋਚ ਮਿਟਿ = ਮਿਟ ਗਈ, ਨਾਸ ਹੋ ਗਈ ਅਤੇ ਮਨ ਦੀ ਆਸਾ = ਉਮੀਦ ਵੀ ਪੁਨੀ = ਪੂਰੀ ਹੋ ਗਈ। ਜਦੋਂ ਗੁਣਤਾਸਾ = ਸ਼ੁਭ ਗੁਣਾਂ ਦੇ ਤਾਸਾ = ਖ਼ਜ਼ਾਨੇ ਸਤਿਗੁਰੂ ਸਾਹਿਬ ਜੀ ਨੇ ਦਇਆ = ਦਇਆਲਤਾ ਕਰੀ = ਕੀਤੀ, ਕ੍ਰਿਪਾਲਤਾ ਕੀਤੀ ॥੨॥

## ਦੁਖ ਨਾਠੇ; ਸੁਖ ਆਇ ਸਮਾਏ ॥ ਢੀਲ ਨ ਪਰੀ; ਜਾ ਗੁਰਿ ਫੁਰਮਾਏ ॥੩॥

ਜੰਮਣ ਮਰਣ ਆਦਿਕ ਦੇ ਸਭ ਦੁਖ ਨਾਠੇ = ਨੱਠ ਗਏ, ਭੱਜ ਗਏ ਅਤੇ ਆਤਮ ਅਨੰਦ ਰੂਪੀ ਸੁਖ ਆਇ = ਆ ਕੇ ਹਿਰਦੇ ਵਿਚ ਸਮਾਏ = ਸਮਾ ਗਏ, ਪ੍ਰਾਪਤ ਹੋ ਗਏ। ਹੇ ਭਾਈ ! ਜਾ = ਜਦੋਂ ਗੁਰਿ = ਗੁਰੂ ਸਾਹਿਬ ਜੀ ਨੇ ਫੁਰਮਾਏ = ਫੁਰਮਾਉਣਾ ਕੀਤਾ, ਤਾਂ ਇਨ੍ਹਾਂ ਸੁੱਖਾਂ ਦੇ ਆਉਂਦਿਆਂ ਢੀਲ = ਢਿੱਲ ਨ = ਨਹੀਂ ਪਰੀ = ਪਈ, ਭਾਵ ਜਦੋਂ ਗੁਰੂ ਜੀ ਦੇ ਫ਼ੁਰਮਾਏ ਅਨੁਸਾਰ ਜੀਵਨ ਬਣਾਇਆ ਤਾਂ ਉਦੋਂ ਸੁਖ ਪ੍ਰਾਪਤੀ ਵਿਚ ਦੇਰ ਨਹੀਂ ਲੱਗੀ, ਝਟਪਟ ਹੀ ਸੁੱਖ ਪ੍ਰਾਪਤ ਹੋ ਗਏ ॥੩॥

## ਇਛ ਪੁਨੀ; ਪੂਰੇ ਗੁਰ ਮਿਲੇ ॥ ਨਾਨਕ; ਤੇ ਜਨ ਸੁਫਲ ਫਲੇ ॥੪॥੫੮॥੧੨੭॥

ਜਿਸ ਵਕਤ ਪੂਰੇ = ਪੂਰਨ ਗੁਰ = ਸਤਿਗੁਰੂ ਸਾਹਿਬ ਮਿਲੇ = ਪ੍ਰਾਪਤ ਹੋਏ ਤਾਂ ਸਾਰੀਆਂ ਇਛ = ਇਛਾਵਾਂ ਪੁਨੀ = ਪੂਰੀਆਂ ਹੋ ਗਈਆਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤੇ = ਉਹ ਪ੍ਰੇਮੀ ਜਨ ਸੁਫਲ = ਸਹਿਜ ਗਿਆਨ ਫਲ ਦੇ ਫਲੇ = ਫਲੀਭੂਤ ਹੋਏ ਹਨ **ਵਾ:** ਸ੍ਰਵਣ ਗਿਆਨ, ਮੰਨਣ ਗਿਆਨ, ਨਿਧਿਆਸਣ ਗਿਆਨ ਰੂਪੀ ਫਲ ਕਰ ਕੇ ਫਲੇ ਹਨ **ਵਾ:** ਉਹ ਜਨ = ਗੁਰਮੁਖ ਜਨ ਆਪ ਵੀ ਸੁਫਲ = ਉੱਤਮ ਫਲ ਹਨ ਅਤੇ ਹੋਰਨਾਂ ਨੂੰ ਵੀ ਬ੍ਰਹਮ ਗਿਆਨ ਰੂਪੀ ਫਲੇ = ਫਲ ਬਖ਼ਸ਼ਦੇ ਹਨ ॥੪॥੫੮॥੧੨੭॥

## ਗਉੜੀ, ਮਹਲਾ ੫ ॥

**ਉਥਾਨਕਾ :** ਜਿਸ ਵੇਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੀਤਲਾ ਨਿਕਲੀ ਤਾਂ ਲੋਕਾਂ ਨੂੰ ਸਮਝਾਉਣ ਲਈ ਸਤਿਗੁਰੂ ਸਾਹਿਬ ਜੀ ਨੇ ਲੋਕਾਂ ਵਿਚ ਸੀਤਲਾ ਜੋ ਇਕ ਚਮੜੀ ਦਾ ਰੋਗ ਸੀ, ਜਿਸ ਨੂੰ ਅੰਧ ਵਿਸ਼ਵਾਸੀ ਲੋਕਾਂ ਨੇ ਇਕ ਦੇਵੀ ਦੀ ਤਰ੍ਹਾਂ ਪੂਜਣਾ ਸ਼ੁਰੂ ਕੀਤਾ ਹੋਇਆ ਸੀ, ਇਸ ਭਰਮ ਨੂੰ ਦੂਰ ਕਰਨ ਲਈ ਇਹ ਕੌਤਕ ਕੀਤਾ ਸੀ। ਹੋਰ ਸਤਿਗੁਰੂ ਸਾਹਿਬ ਜੀ ਨੂੰ ਕਿਸੇ ਕਿਸਮ ਦੀ ਬਿਮਾਰੀ ਕਿਵੇਂ ਆ ਸਕਦੀ ਸੀ। ਇਹ ਸਾਡੇ ਸਮਝਾਉਣ ਲਈ ਸਿਖਿਆ ਹੈ। "ਸੀਤਲਾ ਤੇ ਰਖਿਆ ਬਿਹਾਰੀ" ਆਦਿ ਸ਼ਬਦ ਪੜ੍ਹ ਕੇ ਇਸ ਰੋਗ ਦੀ ਨਵਿਰਤੀ ਕੀਤੀ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਤਾਪ ਚੜ੍ਹਨ ਤੋਂ ਜਦੋਂ ਮਾਤਾ ਗੰਗਾ ਜੀ ਨੂੰ ਅਤਿਅੰਤ ਚਿੰਤਤ ਦੇਖਿਆ ਤਾਂ ਪਹਿਲਾ ਤਾਂ ਸਤਿਨਾਮ ਵਾਹਿਗੁਰੂ ਕਹਿ ਕੇ ਤਾਪ ਲਾਹ ਦਿੱਤਾ ਅਤੇ ਏਸੇ ਪ੍ਰਥਾਏ ਸਤਿਗੁਰੂ ਜੀ ਨੇ ਇਹ ਪਾਵਨ ਸ਼ਬਦ ਉਚਾਰਨ ਕੀਤਾ।

## ਤਾਪ ਗਏ; ਪਾਈ ਪ੍ਰਭਿ ਸਾਂਤਿ ॥ ਸੀਤਲ ਭਏ; ਕੀਨੀ ਪ੍ਰਭ ਦਾਤਿ ॥੧॥

ਤਾਪ = ਆਧੀ, ਬਿਆਧੀ, ਉਪਾਧੀ (ਅਧਿਆਤਮ, ਅਧਿਭੂਤ, ਅਧਿਦੈਵ) ਆਦਿ ਚਲੇ ਗਏ, ਨਾਸ ਹੋ ਗਏ ਅਤੇ ਪ੍ਰਭਿ = ਪਰਮੇਸ਼ਰ ਨੇ ਸਾਂਤਿ = ਸ਼ਾਂਤੀ ਪਾਈ = ਪਾ ਦਿੱਤੀ।

ਅਰਥਾਤ ਤਾਪ = ਆਧੀ ਮਨ ਦੇ ਆਸਰੇ ਹੋਣ ਵਾਲੇ ਕਾਮਾਦਿਕ। ਬਿਆਧੀ = ਤੱਤਾਂ ਦੀ ਖਿਲਤਾਂ ਵਿਗੜਨ ਕਰ ਕੇ ਬੈਇ, ਪਿੱਤ, ਕਫ਼ ਆਦਿ ਸਰੀਰ ਨੂੰ ਰੋਗ ਲੱਗ ਜਾਵੇ। ਉਪਾਧੀ = ਬਾਹਰੋਂ ਕਿਸੇ ਤੋਂ ਡਾਂਗ ਸੋਟਾ ਖਾ ਲੈਣਾ ਜਾਂ ਭੂਤ ਪ੍ਰੇਤ ਆਦਿਕਾਂ ਦੀ ਪੀੜਾ। ਵੇਦਾਂਤ ਵਿਚ ਕ੍ਰਮ ਵਾਰ ਇਨ੍ਹਾਂ ਦੇ ਨਾਮ ਅਧਿਆਤਮ, ਅਧਿਭੂਤ ਅਤੇ ਅਧਿਦੈਵ ਹੈ।

ਪਰ ਪੰਡਿਤਾਂ ਨੇ ਇਨ੍ਹਾਂ ਤੋਂ ਇਲਾਵਾ ਚਾਰ ਪ੍ਰਕਾਰ ਦੇ ਹੋਰ ਤਾਪ ਮੰਨੇ ਹਨ, ਜੋ ਉਨ੍ਹਾਂ ਵਿਚ ਵਿਦਵਾਨ ਹੈ, ਉਸ ਨੂੰ ਇਕ ਤਾਂ ਤਾਪ ਵਿਦਿਆ ਦਾ ਅਭਿਆਸ ਕਰਨ ਰੂਪ ਹੈ, ਦੂਜਾ ਤਾਪ ਕਿ ਉਨ੍ਹਾਂ ਨੂੰ ਇਹ ਸੰਸਾ ਰਹਿੰਦਾ ਹੈ ਕਿ ਕਿਤੇ ਭੁੱਲ ਨਾ ਜਾਵੇ। ਤੀਜੀ ਉਨ੍ਹਾਂ ਨੂੰ ਮਾਣ ਦੀ ਇੱਛਾ ਰਹਿੰਦੀ ਹੈ, ਚੌਥਾ ਕਿ ਕਿਤੇ ਸਨਮਾਨ

ਵਿਚ ਕੋਈ ਫ਼ਰਕ ਨਾ ਪੈ ਜਾਵੇ। ਇਸ ਪ੍ਰਕਾਰ ਉਹ ਸੱਤ ਪ੍ਰਕਾਰ ਦੇ ਤਾਪਾਂ ਦੇ ਵਿਚ ਹੀ ਘਿਰੇ ਰਹਿੰਦੇ ਹਨ, ਪਰ ਬ੍ਰਹਮ ਬੇਤਾ ਤਾਪਾਂ ਆਦਿਕਾਂ ਤੋਂ ਪਰ੍ਹੇ ਹੁੰਦਾ ਹੈ

ਇਸ ਤਰ੍ਹਾਂ ਮਨ ਸੀਤਲ = ਠੰਢੇ ਹੋ ਗਏ ਹਨ, ਕਿਉਂਕਿ ਗੁਰਾਂ ਨੇ ਪ੍ਰਭ = ਪਰਮੇਸ਼ਰ ਦੇ ਅੰਮ੍ਰਿਤ ਨਾਮ ਦੀ ਦਾਤਿ = ਬਖ਼ਸ਼ਿਸ਼ ਕੀਨੀ = ਕੀਤੀ ਹੈ ॥੧॥

## ਪ੍ਰਭ ਕਿਰਪਾ ਤੇ; ਭਏ ਸੁਹੇਲੇ ॥ ਜਨਮ ਜਨਮ ਕੇ; ਬਿਛੁਰੇ ਮੇਲੇ ॥੧॥ਰਹਾਉ॥

ਪ੍ਰਭ = ਵਾਹਿਗੁਰੂ ਦੀ ਕਿਰਪਾ = ਦਇਆ ਤੇ = ਤੋਂ ਹੀ ਗੁਰਮੁਖ ਜਨ ਸੁਹੇਲੇ = ਸੁਖੀ ਭਏ = ਹੋ ਗਏ ਹਨ।

ਜੋ ਜਨਮ ਜਨਮ = ਜਨਮਾਂ ਜਨਮਾਂਤਰਾਂ ਦੇ ਪ੍ਰਭੂ ਨਾਲੋਂ ਬਿਛੁਰੇ = ਵਿਛੜੇ, ਟੁੱਟੇ ਹੋਏ ਸੀ, ਉਹ ਗੁਰਾਂ ਨੇ ਨਾਮ ਵਿਚ ਲਿਵ ਲਗਾ ਕੇ ਵਾਹਿਗੁਰੂ ਨਾਲ ਮੇਲੇ = ਮੇਲ ਦਿੱਤੇ ॥੧॥ਰਹਾਉ॥

## ਸਿਮਰਤ ਸਿਮਰਤ; ਪ੍ਰਭ ਕਾ ਨਾਉ ॥ ਸਗਲ ਰੋਗ ਕਾ; ਬਿਨਸਿਆ ਥਾਉ ॥੨॥

ਇਸ ਪ੍ਰਕਾਰ ਮਨ, ਬਾਣੀ ਕਰਕੇ ਪ੍ਰਭ = ਪਰਮੇਸ਼ਰ ਕਾ = ਦਾ ਨਾਉ = ਨਾਮ ਸਿਮਰਤ = ਸਿਮਰਦਿਆਂ ਸਿਮਰਤ = ਸਿਮਰਦਿਆਂ।

ਸਗਲ = ਸਾਰਿਆਂ ਰੋਗਾਂ ਕਾ = ਦਾ ਅਗਿਆਨ ਰੂਪੀ ਥਾਉ = ਥਾਂ ਹਿਰਦੇ ਵਿੱਚੋਂ ਬਿਨਸਿਆ = ਨਾਸ਼ ਹੋ ਗਿਆ ॥੨॥

## ਸਹਜਿ ਸੁਭਾਇ; ਬੋਲੈ ਹਰਿ ਬਾਣੀ ॥ ਆਠ ਪਹਰ; ਪ੍ਰਭ ਸਿਮਰਹੁ ਪ੍ਰਾਣੀ ॥੩॥

ਹੁਣ ਸਹਜਿ ਸੁਭਾਇ = ਸੁਤੇ-ਸਿਧ ਹੀ ਹਰਿ = ਅਕਾਲ ਪੁਰਖ ਦੀ ਬਾਣੀ ਦਾ ਬੋਲੈ = ਉਚਾਰਨ ਕਰਦੇ ਹਾਂ, ਬੋਲਦੇ ਹਾਂ। ਇਸ ਕਰਕੇ ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ! ਆਠ ਪਹਰ = ਅੱਠੇ ਪਹਰ, ਰਾਤ ਦਿਨ ਪ੍ਰਭ = ਵਾਹਿਗੁਰੂ ਦਾ ਸਿਮਰਹੁ = ਸਿਮਰਨ ਕਰੋ ॥੩॥

## ਦੂਖੁ ਦਰਦੁ; ਜਮੁ ਨੇੜਿ ਨ ਆਵੈ ॥
## ਕਹੁ ਨਾਨਕ; ਜੋ ਹਰਿ ਗੁਨ ਗਾਵੈ ॥੪॥੫੯॥੧੨੮॥

ਉਨ੍ਹਾਂ ਦੇ ਜੰਮਣ ਮਰਣ ਦਾ ਦੂਖੁ = ਦੁਖ, ਅਵਿਦਿਆ ਦੀਆਂ ਦਰਦੁ = ਪੀੜਾਂ ਤੇ ਜਮੁ = ਜਮਦੂਤ ਆਦਿਕ ਕੋਈ ਵੀ ਨੇੜਿ = ਨਜ਼ਦੀਕ ਨ = ਨਹੀਂ ਆਵੈ = ਆਉਂਦਾ।

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਜੋ = ਜਿਹੜੇ ਹਰਿ = ਪਰਮੇਸ਼ਰ ਦੇ ਗੁਨ = ਗੁਣਾਂ ਨੂੰ ਗਾਵੈ = ਗਾਉਂਦੇ ਹਨ ॥੪॥੫੯॥੧੨੮॥

## ਗਉੜੀ, ਮਹਲਾ ੫ ॥

**ਉਥਾਨਕਾ :** ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਤੋਂ ਗੁਰਤਾ-ਗੱਦੀ ਪ੍ਰਾਪਤ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੁਖਭੰਜਨੀ ਬੇਰੀ ਦੇ ਹੇਠਾਂ ਸਜੇ ਹੋਏ ਸਨ, ਉਸ ਵੇਲੇ ਸੰਗਤ ਨੇ ਸਤਿਗੁਰਾਂ ਨੂੰ ਵਧਾਈਆਂ ਦਿੱਤੀਆਂ ਤਾਂ ਸਤਿਗੁਰਾਂ ਨੇ ਇਹ ਪਾਵਨ ਸ਼ਬਦ ਉਚਾਰਨ ਕੀਤਾ :

## ਭਲੇ ਦਿਨਸ; ਭਲੇ ਸੰਜੋਗ ॥ ਜਿਤੁ ਭੇਟੇ; ਪਾਰਬ੍ਰਹਮ ਨਿਰਜੋਗ ॥੧॥

ਹੇ ਭਾਈ! ਬਹੁਤ ਹੀ ਭਲੇ = ਚੰਗੇ ਦਿਨਸੁ = ਦਿਨ ਆ ਗਏ। ਉਹ ਸੰਜੋਗ ਵੀ ਬਹੁਤ ਭਲਾ = ਚੰਗਾ

ਹੈ, ਜਿਸ ਵੇਲੇ ਗੁਰੂ ਸਾਹਿਬ ਦਾ ਸੰਜੋਗ = ਮਿਲਾਪ ਹੋਇਆ **ਅਥਵਾ** ਉਹ ਦਿਨਸੁ = ਦਿਨ ਭਲੇ = ਚੰਗੇ ਹਨ, ਜਦੋਂ ਗੁਰੂ ਸਾਹਿਬ ਤੋਂ ਉਪਦੇਸ਼ ਲਿਆ, ਉਹ ਸੰਜੋਗ ਵੀ ਭਲਾ ਹੈ, ਜਿਸ ਵਕਤ ਜੀਵ ਈਸ ਦੀ ਏਕਤਾ ਹੋਈ।

ਜਿਤੁ = ਜਿਸ ਕਰਕੇ ਨਿਰਜੋਗ = ਬੰਧਨਾਂ ਤੋਂ ਰਹਿਤ ਪਾਰਬ੍ਰਹਮ = ਪਰਮੇਸ਼ਰ ਭੇਟੇ = ਮਿਲ ਗਏ **ਵਾ:** ਨਿਰ = ਵਿਸ਼ੇਸ਼ ਕਰਕੇ ਜੋ ਸਾਰਿਆਂ ਵਿਚ ਜੋਗ = ਜੁੜਿਆ ਹੋਇਆ ਹੈ, ਉਸ ਪਾਰਬ੍ਰਹਮ = ਪਰਮੇਸ਼ਰ ਦੀ ਪ੍ਰਾਪਤੀ ਹੋ ਗਈ **ਅਥਵਾ** ਜਿਤੁ = ਜਿਸ ਕਰ ਕੇ ਪਾਰਬ੍ਰਹਮ = ਪਰਮੇਸ਼ਰ ਜੋ ਕਰਤਾ ਭੁਗਤਾ ਦੇ ਨਿਰਜੋਗ = ਬੰਧਨਾਂ ਤੋਂ ਰਹਿਤ ਹੈ, ਉਸ ਦੇ ਨਾਲ ਭੇਟੇ = ਮਿਲ ਗਏ ਹਾਂ ॥੧॥

## ਓਹ ਬੇਲਾ ਕਉ; ਹਉ ਬਲਿ ਜਾਉ ॥
## ਜਿਤੁ ਮੇਰਾ ਮਨੁ; ਜਪੈ ਹਰਿ ਨਾਉ ॥੧॥ਰਹਾਉ॥

ਹੇ ਭਾਈ ! ਓਹ = ਉਸ ਬੇਲਾ = ਵਕਤ ਕਉ = ਨੂੰ ਹਉ = ਅਸੀਂ ਬਲਿ = ਬਲਿਹਾਰ ਜਾਉ = ਜਾਂਦੇ ਹਾਂ। ਜਿਤੁ = ਜਿਸ ਵਕਤ ਮੇਰਾ = ਸਾਡਾ ਮਨ ਹਰਿ = ਪਰਮੇਸ਼ਰ ਦੇ ਨਾਉ = ਨਾਮ ਦਾ ਜਪੈ = ਜਾਪ ਕਰਦਾ ਹੈ ॥੧॥ਰਹਾਉ॥

## ਸਫਲ ਮੂਰਤੁ; ਸਫਲ ਓਹ ਘਰੀ ॥
## ਜਿਤੁ ਰਸਨਾ; ਉਚਰੈ ਹਰਿ ਹਰੀ ॥੨॥

ਜਿਸ ਵੇਲੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ, ਉਹ ਮੂਰਤੁ = ਮਹੂਰਤ ਸਫਲਾ ਹੈ। ਜਿਸ ਵਕਤ ਗੁਰੂ ਸਾਹਿਬ ਜੀ ਨੇ ਕਿਰਪਾ ਕਰਕੇ ਆਪਣੇ ਬਣਾ ਲਿਆ, ਓਹ = ਉਹ ਘਰੀ = ਘੜੀ ਵੀ ਸਫਲ = ਸਫਲੀ ਹੈ **ਵਾ:** ਉਹ ਮੂਰਤੁ = ਦੋ ਘੜੀਆਂ ਓਹ = ਉਹ ਘਰੀ = ਇਕ ਘੜੀ ਸਫਲੀ ਹੈ।

ਜਿਤੁ = ਜਿਸ ਵੇਲੇ ਰਸਨਾ ਸਾਰਿਆਂ ਦੇ ਚਿਤ ਦੀ ਬਿਰਤੀ ਨੂੰ ਹਰੀ ਭਰੀ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਉਚਰੈ = ਉਚਾਰਦੀ ਹੈ ॥੨॥

## ਸਫਲੁ ਓਹੁ ਮਾਥਾ; ਸੰਤ ਨਮਸਕਾਰਸਿ ॥
## ਚਰਣ ਪੁਨੀਤ; ਚਲਹਿ ਹਰਿ ਮਾਰਗਿ ॥੩॥

ਸਫਲ = ਸਹਿਤ ਗਿਆਨ ਫਲ ਦੇ ਓਹੁ = ਉਹ ਮਾਥਾ = ਮੱਥਾ ਹੈ ਜੋ ਸੰਤ = ਭਗਤ ਜਨਾਂ ਨੂੰ ਨਮਸਕਾਰਸਿ = ਨਮਸਕਾਰ ਕਰਦਾ ਹੈ **ਵਾ:** ਉਹ ਮੱਥਾ ਸਫਲਾ ਹੈ ਜੋ ਸੰਤ = ਸ਼ਾਂਤ ਆਤਮਾ ਗੁਰੂ ਸਾਹਿਬ ਜੀ ਦੇ ਅੱਗੇ ਨਿਮਰਤਾ ਸਹਿਤ ਨਮਸਕਾਰ ਕਰਦਾ ਹੈ, ਝੁਕਦਾ ਹੈ। ਉਹ ਚਰਣ = ਪੈਰ ਵੀ ਪੁਨੀਤ = ਪਵਿੱਤਰ ਹਨ ਜੋ ਹਰਿ = ਹਰੀ ਦੀ ਪ੍ਰਾਪਤੀ ਵਾਸਤੇ ਸਤਸੰਗਤ, ਭਾਉ ਭਗਤੀ ਦੇ ਮਾਰਗਿ = ਰਸਤੇ ਵੱਲ ਚਲਹਿ = ਚੱਲਦੇ ਹਨ ॥੩॥

## ਕਹੁ ਨਾਨਕ; ਭਲਾ ਮੇਰਾ ਕਰਮ ॥
## ਜਿਤੁ ਭੇਟੇ; ਸਾਧੂ ਕੇ ਚਰਨ ॥੪॥੬੦॥੧੨੯॥

ਸਤਿਗੁਰੂ ਸਾਹਿਬ ਜੀ ਨਿਮਰਤਾ ਸਹਿਤ ਕਥਨ ਕਰਦੇ ਹਨ ਕਿ ਹੇ ਭਾਈ ! ਹਿਰਦੇ ਵਿਚ ਇਹ ਨਿਸਚੇ ਕਰੋ ਕਿ ਮੇਰਾ = ਸਾਡਾ ਇਹ ਬਹੁਤ ਹੀ ਭਲਾ = ਚੰਗਾ ਕਰਮ = ਭਾਗ ਹੈ। ਜਿਤੁ = ਜਿਸ ਕਰ ਕੇ ਸਾਧੂ = ਸੰਤਾਂ, ਸ੍ਰੇਸ਼ਟ ਗੁਰੂ ਸਾਹਿਬ ਜੀ ਕੇ = ਦੇ ਚਰਨ = ਚਰਣ ਕਮਲਾਂ ਨੂੰ ਭੇਟੇ = ਮਿਲੇ ਹਾਂ, ਪ੍ਰਾਪਤ ਹੋਏ ਹਾਂ ॥੪॥੬੦॥੧੨੯॥

[ਅੰਗ ੧੯੨]

## ਗਉੜੀ, ਮਹਲਾ ੫ ॥

## ਗੁਰ ਕਾ ਸਬਦੁ; ਰਾਖੁ ਮਨ ਮਾਹਿ ॥ ਨਾਮੁ ਸਿਮਰਿ; ਚਿੰਤਾ ਸਭ ਜਾਹਿ ॥੧॥

ਹੇ ਭਾਈ! ਗੁਰ = ਸਤਿਗੁਰੂ ਸਾਹਿਬ ਜੀ ਕਾ = ਦਾ ਸਬਦੁ = ਉਪਦੇਸ਼ ਆਪਣੇ ਮਨ = ਹਿਰਦੇ ਮਾਹਿ = ਵਿਚ ਵਸਾ ਕੇ ਰਾਖੁ = ਰੱਖਣਾ ਕਰ।

ਪਰਮੇਸ਼ਰ ਦੇ ਨਾਮ ਨੂੰ ਸਿਮਰਿ = ਸਿਮਰਨਾ ਕਰ, ਜਿਸ ਕਰਕੇ ਤੇਰੀ ਸਭ = ਸਾਰੀ ਚਿੰਤਾ = ਸੋਚ ਚਲੀ ਜਾਹਿ = ਜਾਵੇਗੀ ॥੧॥

## ਬਿਨੁ ਭਗਵੰਤ; ਨਾਹੀ ਅਨ ਕੋਇ ॥ ਮਾਰੈ ਰਾਖੈ; ਏਕੋ ਸੋਇ ॥੧॥ਰਹਾਉ॥

ਇਹ ਨਿਸਚਾ ਕਰ ਕਿ ਬਿਨੁ = ਬਿਨਾਂ ਭਗਵੰਤ = ਪਰਮੇਸ਼ਰ ਤੋਂ ਅਨ = ਹੋਰ ਕੋਇ = ਕੋਈ ਦੂਜਾ ਨਾਹੀ = ਨਹੀਂ ਹੈ।

ਸਾਰਿਆਂ ਦੇ ਸਰੀਰਾਂ ਨੂੰ ਮਾਰੈ = ਮਾਰਨ ਵਾਲਾ, ਅੰਤ ਕਰਨ ਵਾਲਾ ਅਤੇ ਰਾਖੈ = ਰੱਖਿਆ ਕਰਨ ਵਾਲਾ ਸੋਇ = ਉਹੋ ਹੀ ਏਕੋ = ਇਕ ਅਦ੍ਵੈਤ ਰੂਪ ਪਰਮੇਸ਼ਰ ਹੀ ਹੈ ॥੧॥ਰਹਾਉ॥

## ਗੁਰ ਕੇ ਚਰਣ; ਰਿਦੈ ਉਰਿ ਧਾਰਿ ॥
## ਅਗਨਿ ਸਾਗਰੁ; ਜਪਿ ਉਤਰਹਿ ਪਾਰਿ ॥੨॥

ਗੁਰ = ਸਤਿਗੁਰਾਂ ਕੇ = ਦੇ ਪਾਵਨ ਚਰਣ = ਚਰਣਾਂ ਕਵਲਾਂ ਨੂੰ ਰਿਦੈ = ਹਿਰਦੇ ਦੇ ਉਰਿ = ਅੰਦਰ ਧਾਰਿ = ਧਾਰਨਾ ਕਰ, ਵਸਾਉਣਾ ਕਰ।

ਇਸ ਤਰ੍ਹਾਂ ਨਾਮ ਨੂੰ ਜਪ ਕਰ ਕੇ ਅਗਨਿ = ਅੱਗ ਦੇ ਸਾਗਰੁ = ਸਮੁੰਦਰ, ਸੰਸਾਰ ਤੋਂ ਪਾਰ ਉਤਰਹਿ = ਉਤਰ ਜਾਵੇਂਗਾ ॥੨॥

## ਗੁਰ ਮੂਰਤਿ ਸਿਉ; ਲਾਇ ਧਿਆਨੁ ॥ ਈਹਾ ਊਹਾ; ਪਾਵਹਿ ਮਾਨੁ ॥੩॥

ਗੁਰ = ਸਤਿਗੁਰੂ ਸਾਹਿਬ ਦਾ ਸਰੂਪ, ਅਕਾਲ ਮੂਰਤ ਗੁਰਦੇਵ ਸਮਝ ਕੇ ਉਨ੍ਹਾਂ ਦੇ ਸਰੂਪ ਸਿਉ = ਨਾਲ ਧਿਆਨੁ = ਚਿਤ ਦੀ ਬਿਰਤੀ ਨੂੰ ਲਾਇ = ਲਾਉਣਾ ਕਰ, ਜੋੜਨਾ ਕਰ। ਜੈਸਾ ਕਿ :

**ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥** *(ਅੰਗ ੨੫੦)*

ਇਸ ਨਾਲ ਈਹਾ = ਇਸ ਲੋਕ ਵਿਚ ਵੀ ਅਤੇ ਊਹਾ = ਉਸ ਪਰਲੋਕ ਵਿਚ ਵੀ ਮਾਨੁ = ਮਾਣ, ਸਤਿਕਾਰ ਪਾਵਹਿ = ਪਾਵੇਂਗਾ ॥੩॥

## ਸਗਲ ਤਿਆਗਿ; ਗੁਰ ਸਰਣੀ ਆਇਆ ॥
## ਮਿਟੇ ਅੰਦੇਸੇ; ਨਾਨਕ ਸੁਖੁ ਪਾਇਆ ॥੪॥੬੧॥੧੩੦॥

ਜਿਹੜਾ ਵੀ ਸਗਲ = ਸਾਰਿਆਂ ਦਾ ਆਸਰਾ ਤਿਆਗਿ = ਛੱਡ ਕਰ ਕੇ ਗੁਰ = ਸਤਿਗੁਰੂ ਸਾਹਿਬ ਜੀ ਦੀ ਸ਼ਰਣੀ = ਓਟ ਵਿਚ ਆਇਆ = ਆ ਗਿਆ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਉਸ ਦੇ ਸਾਰੇ ਅੰਦੇਸੇ = ਸੰਸੇ ਮਿਟੇ = ਮਿਟ, ਨਾਸ ਹੋ ਗਏ ਹਨ ਅਤੇ ਉਸ ਨੇ ਸੁਖੁ = ਅਨੰਦ ਸਰੂਪ ਨੂੰ ਪਾਇਆ = ਪਾਉਣਾ ਕੀਤਾ ਹੈ ॥੪॥੬੧॥੧੩੦॥

## ਗਉੜੀ, ਮਹਲਾ ੫ ॥

## ਜਿਸੁ ਸਿਮਰਤ; ਦੂਖੁ ਸਭੁ ਜਾਇ ॥ ਨਾਮੁ ਰਤਨੁ; ਵਸੈ ਮਨਿ ਆਇ ॥੧॥

ਹੇ ਭਾਈ ! ਜਿਸ ਵਾਹਿਗੁਰੂ ਦੇ ਨਾਮ ਸਿਮਰਤ = ਸਿਮਰਨ ਕਰਨ ਕਰ ਕੇ ਜੰਮਣ ਤੋਂ ਮਰਣ ਤਕ ਦੇ ਸਭ = ਸਾਰੇ ਦੂਖੁ = ਦੁਖ ਚਲੇ ਜਾਇ = ਜਾਂਦੇ ਹਨ। ਉਹ ਨਾਮ ਰਤਨ ਗੁਰਮੁਖ ਜਨ ਦੇ ਮਨਿ = ਹਿਰਦੇ ਵਿਚ ਆਇ = ਆ ਕੇ ਵਸੈ = ਵੱਸਦਾ ਹੈ ॥੧॥

## ਜਪਿ ਮਨ ਮੇਰੇ; ਗੋਵਿੰਦ ਕੀ ਬਾਣੀ ॥
## ਸਾਧੂ ਜਨ; ਰਾਮੁ ਰਸਨ ਵਖਾਣੀ ॥੧॥ਰਹਾਉ॥

ਹੇ ਮੇਰੇ ਪਿਆਰੇ ਮਨ = ਮਨਾਂ ! ਗੋਵਿੰਦ = ਅਕਾਲ ਪੁਰਖ ਕੀ = ਦੀ ਧੁਰ ਕੀ ਬਾਣੀ ਨੂੰ ਜਪਿ = ਜਪਣਾ ਕਰ। ਕਿਉਂਕਿ

ਸਾਧੂ ਜਨ = ਸੰਤ ਮਹਾਤਮਾ ਜਨ ਵੀ ਰਾਮੁ = ਪਰਮੇਸ਼ਰ ਦੀ ਨਾਮ ਰੂਪੀ ਬਾਣੀ ਨੂੰ ਰਸਨ = ਜੀਭਾ ਦੁਆਰਾ ਵਖਾਣੀ = ਕਥਨ ਕਰਦੇ ਹਨ ॥੧॥ਰਹਾਉ॥

## ਇਕਸੁ ਬਿਨੁ; ਨਾਹੀ ਦੂਜਾ ਕੋਇ ॥
## ਜਾ ਕੀ ਦ੍ਰਿਸਟਿ; ਸਦਾ ਸੁਖੁ ਹੋਇ ॥੨॥

ਉਸ ਇਕਸੁ = ਇਕ ਵਾਹਿਗੁਰੂ ਤੋਂ ਬਿਨੁ = ਬਿਨਾਂ ਹੋਰ ਕੋਇ = ਕੋਈ ਦੂਜਾ = ਦੂਸਰਾ ਨਾਹੀ = ਨਹੀਂ ਹੈ। ਅਰਥਾਤ ਜਿਸ ਪ੍ਰਕਾਰ ਪਾਰਸ ਨਾਲ ਅਸ਼ਟ ਧਾਤਾਂ ਛੋਹ ਕੇ ਸੋਨਾ ਬਣ ਜਾਂਦੀਆਂ ਹਨ, ਇਸ ਪ੍ਰਕਾਰ ਜਦੋਂ ਸਾਡੇ ਮਨ ਦੇ ਸੰਕਲਪ ਹਟ ਕੇ ਸਾਡੇ ਸੁਆਸ ਸਿਮਰਨ ਵਿਚ ਜੁੜਨਗੇ, ਉਸ ਵੇਲੇ ਮਹਾਰਾਜ ਜੀ ਸਿਮਰਨ ਕਰਨ ਵਾਲੇ ਨੂੰ ਐਸੀ ਦਿਬਯ ਦ੍ਰਿਸ਼ਟੀ ਬਖ਼ਸ਼ਦੇ ਹਨ ਕਿ ਸਭ ਥਾਈਂ ਉਸ ਨੂੰ ਬ੍ਰਹਮ ਹੀ ਦ੍ਰਿਸ਼ਟੀ ਵਿਚ ਆਉਂਦਾ ਹੈ।੨।

ਜਾ = ਜਿਸ ਵਾਹਿਗੁਰੂ ਕੀ = ਦੀ ਦ੍ਰਿਸਟਿ = ਕ੍ਰਿਪਾ ਦ੍ਰਿਸ਼ਟੀ ਕਰ ਕੇ ਹੀ ਸਦਾ = ਹਮੇਸ਼ਾ ਆਤਮਾਨੰਦ ਰੂਪੀ ਸੁਖ ਪ੍ਰਾਪਤ ਹੋਇ = ਹੁੰਦਾ ਹੈ ॥੨॥

## ਸਾਜਨੁ ਮੀਤੁ; ਸਖਾ ਕਰਿ ਏਕੁ ॥ ਹਰਿ ਹਰਿ ਅਖਰ; ਮਨ ਮਹਿ ਲੇਖੁ ॥੩॥

ਮਾਤਾ ਦੇ ਗਰਭ ਵਿਚ ਸਾਜਨੁ = ਸੱਜਣ, ਇਸ ਲੋਕ ਵਿਚ ਮੀਤੁ = ਮਿੱਤਰ ਅਤੇ ਪਰਲੋਕ ਵਿਚ ਸਖਾ = ਦੋਸਤ ਏਕੁ = ਇਕ ਵਾਹਿਗੁਰੂ ਨੂੰ ਹੀ ਜਾਨਣਾ ਕਰ।

ਜੋ ਹਰਿ = ਹਰੀ ਸਾਰਿਆਂ ਦੇ ਪਾਪਾਂ ਨੂੰ ਹਰਿ = ਹਰਨ ਵਾਲਾ, ਤਤ ਤੂੰ ਦਾ ਸੰਸ਼ੋਧਨ ਕਰ ਕੇ ਤਤ ਪਦ ਦਾ ਲਖ ਅਰਥ ਰੂਪ, ਤੂੰ ਪਦ ਦਾ ਲਖ ਅਰਥ ਰੂਪ ਜੋ ਹਰੀ ਹੈ, ਇਨ੍ਹਾਂ ਅੱਖਰਾਂ ਨੂੰ ਮਨ ਦੇ ਮਹਿ = ਵਿਚ ਲੇਖੁ = ਲਿਖ ਲੈਣਾ ਕਰ **ਅਥਵਾ** ਅਖਰ = ਖਰਨ ਤੋਂ ਰਹਿਤ ਜੋ ਹਰਿ = ਹਰੀ, ਹਰਿ = ਪਰਮੇਸ਼ਰ ਹੈ, ਉਸ ਨੂੰ ਮਨ ਮਹਿ = ਵਿਚ ਲੇਖੁ = ਲਖਣਾ ਕਰ ॥੩॥

## ਰਵਿ ਰਹਿਆ; ਸਰਬਤ ਸੁਆਮੀ ॥
## ਗੁਣ ਗਾਵੈ ਨਾਨਕੁ; ਅੰਤਰਜਾਮੀ ॥੪॥੬੨॥੧੩੧॥

ਸਰਬਤ = ਸਾਰਿਆਂ ਦਾ ਸੁਆਮੀ = ਮਾਲਕ ਪਰਮੇਸ਼ਰ ਆਤਮਾ ਰੂਪ ਹੋ ਕੇ ਸਭ ਥਾਈਂ ਰਵਿ = ਵਿਆਪਕ

ਹੋ ਰਹਿਆ = ਰਿਹਾ ਹੈ। ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਉਸ ਅੰਤਰਜਾਮੀ = ਅਕਾਲ ਪੁਰਖ ਦੇ ਗੁਣ = ਗੁਣਾਂ ਨੂੰ ਗਾਵੈ = ਗਾਉਂਦੇ ਹਾਂ ॥੪॥੬੨॥੧੩੧॥

## ਗਉੜੀ, ਮਹਲਾ ੫ ॥
## ਭੈ ਮਹਿ ਰਚਿਓ; ਸਭੁ ਸੰਸਾਰਾ ॥
## ਤਿਸੁ ਭਉ ਨਾਹੀ; ਜਿਸੁ ਨਾਮੁ ਅਧਾਰਾ ॥੧॥

ਹੇ ਭਾਈ! ਇਹ ਸਭੁ = ਸਾਰਾ ਸੰਸਾਰਾ = ਜਗਤ ਪਰਮੇਸ਼ਰ ਨੇ ਕਾਲ ਦੇ ਭੈ = ਡਰ ਮਹਿ = ਵਿਚ ਰਚਿਓ = ਰਚਨਾ ਕੀਤਾ ਹੈ।

ਪ੍ਰੰਤੂ ਜਿਸ ਨੇ ਪਰਮੇਸ਼ਰ ਦੇ ਨਾਮ ਦਾ ਅਧਾਰਾ = ਆਸਰਾ ਲੈਣਾ ਕੀਤਾ ਹੈ, ਤਿਸੁ = ਉਸ ਨੂੰ ਕਿਸੇ ਪ੍ਰਕਾਰ ਦਾ ਭਉ = ਡਰ ਨਾਹੀ = ਨਹੀਂ ਰਹਿੰਦਾ ॥੧॥

## ਭਉ ਨ ਵਿਆਪੈ; ਤੇਰੀ ਸਰਣਾ ॥
## ਜੋ ਤੁਧੁ ਭਾਵੈ; ਸੋਈ ਕਰਣਾ ॥੧॥ਰਹਾਉ॥

ਹੇ ਪਰਮੇਸ਼ਰ! ਤੇਰੀ ਸਰਣਾ = ਓਟ ਲੈਣ ਕਰਕੇ ਕਿਸੇ ਪ੍ਰਕਾਰ ਦਾ ਭਉ = ਡਰ ਨ = ਨਹੀਂ ਵਿਆਪੈ = ਵਿਆਪਦਾ। ਜੋ ਤੁਧੁ = ਤੁਹਾਨੂੰ ਭਾਵੈ = ਭਾਉਂਦਾ ਹੈ, ਸੋਈ = ਉਹੋ ਹੀ ਅਸੀਂ ਕਰਣਾ = ਕਰਨਾ ਹੁੰਦਾ ਹੈ ॥੧॥ਰਹਾਉ॥

## ਸੋਗ ਹਰਖ ਮਹਿ; ਆਵਣ ਜਾਣਾ ॥
## ਤਿਨਿ ਸੁਖੁ ਪਾਇਆ; ਜੋ ਪ੍ਰਭ ਭਾਣਾ ॥੨॥

ਜਿਤਨਾ ਚਿਰ ਤਕ ਜੀਵ ਪਦਾਰਥਾਂ ਦੇ ਆਏ ਤੋਂ ਹਰਖ = ਖ਼ੁਸ਼ੀ ਅਤੇ ਪਦਾਰਥਾਂ ਦੇ ਗਏ ਤੋਂ ਸੋਗ = ਗ਼ਮ ਦੇ ਮਹਿ = ਵਿਚ ਰਹਿੰਦਾ ਹੈ, ਉਤਨਾ ਚਿਰ ਹੀ ਜੀਵ ਦਾ ਆਵਣ ਜਾਣਾ = ਆਉਣਾ ਜਾਣਾ ਭਾਵ ਜੰਮਣ ਮਰਣਾ ਬਣਿਆ ਰਹਿੰਦਾ ਹੈ **ਵਾ:** ਕਦੇ ਸੋਗ ਦੇ ਵਿਚ ਜਨਮ ਧਾਰ ਕੇ ਆਵਣ = ਆਉਂਦਾ ਹੈ, ਕਦੇ ਹਰਖ = ਖ਼ੁਸ਼ੀਆਂ ਦੇ ਮਹਿ = ਵਿਚ ਪਿਆ ਹੋਇਆ ਮਰ ਕਰ ਕੇ ਜਾਣਾ = ਜਾਂਦਾ ਹੈ **ਵਾ:** ਕਦੇ ਜਨਮ ਧਾਰ ਕੇ ਆਵਣ = ਆਉਂਦੇ ਨੂੰ ਹਰਖ = ਖ਼ੁਸ਼ੀਆਂ ਵਧਾਈਆਂ ਮਿਲਦੀਆਂ ਹਨ, ਕਦੇ ਮਰੇ 'ਤੇ ਸੋਗ ਕਰਦੇ ਹਨ। ਜੋ = ਜਿਹੜਾ ਪੁਰਖ ਪ੍ਰਭ = ਪਰਮੇਸ਼ਰ ਨੂੰ ਭਾਣਾ = ਭਾਉਂਦਾ ਹੈ, ਤਿਨਿ = ਉਸ ਨੇ ਹੀ ਪੂਰਨ ਸੁਖ ਪਾਇਆ = ਪਾਉਣਾ ਕੀਤਾ ਹੈ **ਵਾ:** ਤਿਨਿ = ਤਿਨ੍ਹਾਂ ਨੇ ਹੀ ਆਤਮਾ ਅਨੰਦ ਰੂਪੀ ਸੁਖ ਨੂੰ ਪਾਇਆ = ਪਾਉਣਾ ਕੀਤਾ ਹੈ, ਜਿਨ੍ਹਾਂ ਨੇ ਪ੍ਰਭ = ਪਰਮੇਸ਼ਰ ਦਾ ਭਾਣਾ ਮੰਨਿਆ ਹੈ ॥੨॥

## ਅਗਨਿ ਸਾਗਰੁ; ਮਹਾ ਵਿਆਪੈ ਮਾਇਆ ॥

(**ਮਹਾ** ਦੇਹਲੀ ਦੀਪਕ ਪਦ ਹੈ)

ਤ੍ਰਿਸ਼ਨਾ ਰੂਪ, ਈਰਖਾ ਰੂਪ, ਕ੍ਰੋਧ ਰੂਪ ਅਗਨਿ = ਅੱਗ ਦੇ ਸਾਗਰੁ = ਸਮੁੰਦਰ ਵਿਚ ਮਹਾ = ਬਹੁਤ ਭਾਰੀ ਮਾਇਆ ਵਿਆਪੈ = ਵਿਆਪ ਰਹੀ ਹੈ **ਵਾ:** ਸੰਸਾਰ ਰੂਪੀ ਸਾਗਰੁ = ਸਮੁੰਦਰ ਵਿਚ ਜੀਵਾਂ ਦੇ ਅੰਤਸ਼ਕਰਣ ਵਿਚ ਮਹਾ = ਬਹੁਤ ਹੀ ਅਗਨਿ = ਅੱਗ ਰੂਪ ਮਾਇਆ ਵਿਆਪ ਰਹੀ ਹੈ।

## ਸੇ ਸੀਤਲ; ਜਿਨ ਸਤਿਗੁਰੁ ਪਾਇਆ ॥੩॥

ਪ੍ਰੰਤੂ ਜਿਨ = ਜਿਨ੍ਹਾਂ ਜਿਨ੍ਹਾਂ ਨੇ ਸਤਿਗੁਰੁ = ਸਤਿਗੁਰੂ ਸਾਹਿਬ ਜੀ ਨੂੰ ਪਾਇਆ = ਪ੍ਰਾਪਤ ਕੀਤਾ

ਹੈ **ਵਾ:** ਸਤਿਗੁਰਾਂ ਦੇ ਉਪਦੇਸ਼ ਨੂੰ ਪ੍ਰਾਪਤ ਕੀਤਾ ਹੈ, ਸੇ = ਉਹ ਪੁਰਖ ਸੀਤਲ = ਠੰਢੇ, ਸ਼ਾਂਤ ਚਿੱਤ ਹੋ ਗਏ ਹਨ ॥੩॥

## ਰਾਖਿ ਲੇਇ; ਪ੍ਰਭੁ ਰਾਖਨਹਾਰਾ ॥
## ਕਹੁ ਨਾਨਕ; ਕਿਆ ਜੰਤ ਵਿਚਾਰਾ ॥੪॥੬੩॥੧੩੨॥

ਹੇ ਪ੍ਰਭੁ = ਵਾਹਿਗੁਰੂ ਤੁਸੀਂ ਰਾਖਨਹਾਰਾ = ਰੱਖਿਆ ਕਰਨ ਵਾਲੇ ਹੋ, ਸਾਨੂੰ ਵੀ ਰਾਖਿ = ਰੱਖ ਲੇਇ = ਲੈਣਾ ਕਰੋ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਹ ਜੰਤ = ਜੀਵ ਵਿਚਾਰਾ = ਤੁਛ ਕਿਆ = ਕੀ ਹੈ, ਭਾਵ ਇਹ ਅਲਪੱਗ ਹੋਣ ਕਰਕੇ ਆਪ ਬਚਾਅ ਨਹੀਂ ਕਰ ਸਕਦਾ, ਤੁਸੀਂ ਹੀ ਰੱਖਣਾ ਕਰੋ ॥੪॥੬੩॥੧੩੨॥

## ਗਉੜੀ, ਮਹਲਾ ੫ ॥
## ਤੁਮਰੀ ਕ੍ਰਿਪਾ ਤੇ; ਜਪੀਐ ਨਾਉ ॥
## ਤੁਮਰੀ ਕ੍ਰਿਪਾ ਤੇ; ਦਰਗਹ ਥਾਉ ॥੧॥

ਹੇ ਮਹਾਰਾਜ ! ਤੁਮਰੀ = ਤੁਹਾਡੀ ਕ੍ਰਿਪਾ = ਦਇਆ ਤੇ = ਤੋਂ ਹੀ ਨਾਉ = ਨਾਮ ਜਪੀਐ = ਜਪੀਦਾ ਹੈ **ਵਾ:** ਹੇ ਵਾਹਿਗੁਰੂ ਜਦੋਂ ਆਪ ਜੀ ਦੀ ਕਿਰਪਾ ਹੁੰਦੀ ਹੈ, ਉਦੋਂ ਹੀ ਨਾਮ ਜਪਿਆ ਜਾਂਦਾ ਹੈ।

ਤੁਮਰੀ = ਤੁਹਾਡੀ ਕ੍ਰਿਪਾ = ਦਇਆ ਦ੍ਰਿਸ਼ਟੀ ਤੇ = ਤੋਂ ਹੀ ਦਰਗਹ = ਸਚਖੰਡ, ਸਤਿਸੰਗਤ ਰੂਪੀ ਥਾਉ = ਥਾਂ ਪ੍ਰਾਪਤ ਕਰੀਦੀ ਹੈ **ਵਾ:** ਜੋ ਦਰ = ਅੰਦਰ ਤੁਰੀਆ ਪਦ ਰੂਪੀ ਗਹ = ਜਗ੍ਹਾ ਹੈ, ਉਸ ਵਿਚ ਥਾਉ = ਇਸਥਿਤੀ ਪ੍ਰਾਪਤ ਹੁੰਦੀ ਹੈ ॥੧॥

## ਤੁਝ ਬਿਨੁ ਪਾਰਬ੍ਰਹਮ; ਨਹੀ ਕੋਇ ॥
## ਤੁਮਰੀ ਕ੍ਰਿਪਾ ਤੇ; ਸਦਾ ਸੁਖੁ ਹੋਇ ॥੧॥ਰਹਾਉ॥

ਹੇ ਪਾਰਬ੍ਰਹਮ = ਪਰਮੇਸ਼ਰ ! ਤੁਝ = ਤੇਰੇ ਤੋਂ ਬਿਨੁ = ਬਿਨਾਂ ਹੋਰ ਕੋਇ = ਕੋਈ ਵੀ ਦਇਆਵਾਨ ਨਹੀਂ ਹੈ। ਤੁਮਰੀ = ਤੁਹਾਡੀ ਕ੍ਰਿਪਾ = ਕਿਰਪਾਲਤਾ ਤੇ = ਤੋਂ ਹੀ ਸਦਾ = ਸਦੀਵ ਰਹਿਣ ਵਾਲਾ ਸੁਖ ਪ੍ਰਾਪਤ ਹੋਇ = ਹੁੰਦਾ ਹੈ ॥੧॥ਰਹਾਉ॥

## ਤੁਮ ਮਨਿ ਵਸੇ; ਤਉ ਦੂਖੁ ਨ ਲਾਗੈ ॥
## ਤੁਮਰੀ ਕ੍ਰਿਪਾ ਤੇ; ਭ੍ਰਮੁ ਭਉ ਭਾਗੈ ॥੨॥

ਹੇ ਵਾਹਿਗੁਰੂ ! ਜਦੋਂ ਤੁਮ = ਤੁਸੀਂ ਮਨਿ = ਹਿਰਦੇ ਵਿਚ ਵਸੇ = ਵੱਸ ਗਏ, ਤਉ = ਤਾਂ ਉਦੋਂ ਕਿਸੇ ਵੀ ਪ੍ਰਕਾਰ ਦਾ ਦੂਖੁ = ਦੁਖ ਨ = ਨਹੀਂ ਲਾਗੈ = ਲੱਗਦਾ। ਤੁਮਰੀ = ਤੁਹਾਡੀ ਕ੍ਰਿਪਾ = ਮੇਹਰ ਤੇ = ਤੋਂ ਹੀ ਭਰਮ ਤੇ ਕਾਲ ਆਦਿਕਾਂ ਦਾ ਭਉ = ਡਰ ਭਾਗੈ = ਭੱਜ, ਨਾਸ ਹੋ ਜਾਂਦਾ ਹੈ ॥੨॥

## ਪਾਰਬ੍ਰਹਮ; ਅਪਰੰਪਰ ਸੁਆਮੀ ॥ ਸਗਲ ਘਟਾ ਕੇ; ਅੰਤਰਜਾਮੀ ॥੩॥

ਹੇ ਪਾਰਬ੍ਰਹਮ = ਪਾਪਾਂ ਪੁੰਨਾਂ ਤੋਂ ਪਰ੍ਹੇ ਬ੍ਰਹਮ = ਵਿਆਪਕ ਅਪਰੰਪਰ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਸੁਆਮੀ = ਮਾਲਕ ਪਰਮੇਸ਼ਰ ! ਤੁਸੀਂ ਸਗਲ = ਸਾਰੇ ਘਟਾ = ਸਰੀਰਾਂ **ਵਾ:** ਅੰਤਸ਼ਕਰਣਾਂ ਦੇ ਅੰਤਰਜਾਮੀ = ਅੰਦਰ ਦੀ ਜਾਨਣ ਵਾਲੇ ਹੋ ॥੩॥

## ਕਰਉ ਅਰਦਾਸਿ; ਅਪਨੇ ਸਤਿਗੁਰ ਪਾਸਿ ॥
## ਨਾਨਕ; ਨਾਮੁ ਮਿਲੈ ਸਚੁ ਰਾਸਿ ॥੪॥੬੪॥੧੩੩॥

ਹੇ ਪਰਮੇਸ਼ਰ! ਜੇਕਰ ਤੇਰੀ ਕਿਰਪਾ ਦ੍ਰਿਸ਼ਟੀ ਹੋਵੇ ਤਾਂ ਹੀ ਮੈਂ ਆਪਣੇ ਸਤਿਗੁਰਾਂ ਦੇ ਪਾਸਿ = ਕੋਲ ਅਰਦਾਸਿ = ਬੇਨਤੀ ਕਰਉ = ਕਰਦਾ ਹਾਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ! ਤੁਹਾਡੇ ਨਾਮ ਦੀ ਸੱਚੀ ਰਾਸਿ = ਪੂੰਜੀ ਮੈਨੂੰ ਗੁਰਾਂ ਕੋਲੋਂ ਮਿਲੈ = ਪ੍ਰਾਪਤ ਹੋਵੇ ॥੪॥੬੪॥੧੩੩॥

## ਗਉੜੀ, ਮਹਲਾ ੫ ॥

ਸਿੱਖ ਮੁਖ ਤੋਂ ਪ੍ਰਸ਼ਨ ਕਿ ਮਹਾਰਾਜ ਜੀ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਕਿੰਨਾ ਕੁ ਘਾਟਾ ਹੈ, ਤਾਂ ਸਤਿਗੁਰੂ ਜੀ ਕਥਨ ਕਰਦੇ ਹਨ:

## ਕਣ ਬਿਨਾ; ਜੈਸੇ ਥੋਥਰ ਤੁਖਾ ॥ ਨਾਮ ਬਿਹੂਨ; ਸੂਨੇ ਸੇ ਮੁਖਾ ॥੧॥

('**ਤੁਖਾ**' ਦਾ ਉਚਾਰਨ ਪੋਲਾ ਹੈ)

**ਦ੍ਰਿਸ਼ਟਾਂਤ :** ਹੇ ਭਾਈ! ਜੈਸੇ = ਜਿਸ ਪ੍ਰਕਾਰ ਕਣ = ਅਨਾਜ ਤੋਂ ਬਿਨਾਂ ਤੁਖਾ = ਤੁਹ (ਅਨਾਜ ਦੇ ਉਪਰਲਾ ਛਿਲਕਾ) ਥੋਥਰ = ਸੱਖਣਾ, ਖ਼ਾਲੀ ਹੁੰਦਾ ਹੈ **ਵਾ:** ਜਿਵੇਂ ਚੌਲਾਂ ਦਾ ਦਾਣਾ ਤੁਖਾ = ਤੁਹ ਵਿੱਚੋਂ ਕੱਢ ਲਈਏ ਤਾਂ ਖਾਲੀ ਫੂਸ ਹੀ ਰਹਿ ਜਾਂਦਾ ਹੈ।

**ਦਾ ਦ੍ਰਿਸ਼ਟਾਂਤ :** ਏਸੇ ਪ੍ਰਕਾਰ ਜੋ ਪੁਰਖ ਕਣ ਰੂਪੀ ਪਰਮੇਸ਼ਰ ਦੇ ਨਾਮ ਸਿਮਰਨ ਤੋਂ ਬਿਹੂਨ = ਬਿਨਾਂ ਹਨ, ਸੇ = ਉਨ੍ਹਾਂ ਦੇ ਮੁਖਾ = ਮੂੰਹ ਚੌਲ ਦੇ ਫੂਸ ਦੀ ਨਿਆਈਂ ਸੂਨੇ = ਸ਼ੂਨਯ ਭਾਵ ਖ਼ਾਲੀ ਹਨ ॥੧॥

## ਹਰਿ ਹਰਿ ਨਾਮੁ; ਜਪਹੁ ਨਿਤ ਪ੍ਰਾਣੀ ॥
## ਨਾਮ ਬਿਹੂਨ; ਧ੍ਰਿਗੁ ਦੇਹ ਬਿਗਾਨੀ ॥੧॥ਰਹਾਉ॥

ਹੇ ਪ੍ਰਾਣੀ = ਪ੍ਰਾਣਾਂਧਾਰੀ ਜੀਵ! ਸਭ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਨਿਤ = ਨਿਤਾਪ੍ਰਤੀ ਜਪਹੁ = ਜਪਣਾ ਕਰ। ਕਿਉਂਕਿ ਨਾਮ ਤੋਂ ਬਿਹੂਨ = ਬਿਨਾਂ ਬਿਗਾਨੀ = ਬਿਗਿਆਤ ਹੋ ਰਹੀ ਦੇਹ = ਦੇਹੀ ਨੂੰ ਧ੍ਰਿਗੁ = ਧ੍ਰਿਕਾਰ ਹੈ। ਇਹ ਦੇਹੀ ਆਪਣੀ ਨਹੀਂ ਹੈ ਬਿਗਾਨੀ ਹੈ, ਭਾਵ ਸੱਪਾਂ, ਸ਼ੇਰਾਂ, ਜਮਦੂਤਾਂ ਅਤੇ ਕਾਲ ਆਦਿ ਦਾ ਖਾਜਾ ਹੈ, ਜਿਸ ਦੇ ਹੱਥ ਆ ਜਾਵੇ, ਉਹੋ ਹੀ ਇਸ ਦਾ ਨਾਸ ਕਰ ਦਿੰਦਾ ਹੈ ॥੧॥ਰਹਾਉ॥

## ਨਾਮ ਬਿਨਾ; ਨਾਹੀ ਮੁਖਿ ਭਾਗੁ ॥ ਭਰਤ ਬਿਹੂਨ; ਕਹਾ ਸੋਹਾਗੁ ॥੨॥

ਪਰਮੇਸ਼ਰ ਦੇ ਨਾਮ ਤੋਂ ਬਿਨਾਂ ਮੁਖਿ = ਮੂੰਹ ਸ੍ਰੇਸ਼ਟ ਭਾਗੁ = ਕਰਮਾਂ ਵਾਲਾ ਨਾਹੀ = ਨਹੀਂ ਹੋ ਸਕਦਾ।

ਜਿਵੇਂ ਭਰਤ = ਪਤੀ ਤੋਂ ਬਿਹੂਨ = ਬਿਨਾਂ ਇਸਤਰੀ ਦਾ ਸੋਹਾਗੁ = ਸੁਭਾਗਯ ਕਹਾ = ਕਿਵੇਂ ਰਹਿ ਸਕਦਾ ਹੈ, ਭਾਵ ਨਹੀਂ ਹੁੰਦਾ, ਏਸੇ ਪ੍ਰਕਾਰ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਪਰਮਾਤਮਾ ਪਤੀ ਦਾ ਅਨੰਦ ਕਿਵੇਂ ਪ੍ਰਾਪਤ ਹੋ ਸਕਦਾ ਹੈ, ਭਾਵ ਨਹੀਂ ਹੋ ਸਕਦਾ ॥੨॥

## ਨਾਮੁ ਬਿਸਾਰਿ; ਲਗੈ ਅਨ ਸੁਆਇ ॥ ਤਾ ਕੀ ਆਸ; ਨ ਪੂਜੈ ਕਾਇ ॥੩॥

ਜੋ ਪਰਮੇਸ਼ਰ ਦੇ ਨਾਮ ਨੂੰ ਬਿਸਾਰਿ = ਭੁੱਲ ਕਰ ਕੇ ਅਨ = ਹੋਰਨਾਂ **ਵਾ:** ਦ੍ਵੈਤ ਦੇ ਸੁਆਇ = ਸੁਆਦਾਂ

ਵਿਚ ਲਗੈ = ਲੱਗੇ ਰਹਿੰਦੇ ਹਨ। ਤਾ = ਉਨ੍ਹਾਂ ਕੀ = ਦੀ ਕਾਇ = ਕੋਈ ਵੀ ਆਸ = ਉਮੀਦ ਪੂਜੈ = ਪੂਰੀ ਨ = ਨਹੀਂ ਹੁੰਦੀ, ਭਾਵ ਆਸਾਂ ਕਰਦੇ ਹੀ ਦੁਨੀਆਂ ਤੋਂ ਖਾਲੀ ਕੂਚ ਕਰ ਜਾਂਦੇ ਹਨ॥੩॥ ਜੈਸਾ ਕਿ :

**ਕਬੀਰ ਬਿਕਾਰਹ ਚਿਤਵਤੇ ਝੂਠੇ ਕਰਤੇ ਆਸ॥**
**ਮਨੋਰਥੁ ਕੋਇ ਨ ਪੂਰਿਓ ਚਾਲੇ ਊਠਿ ਨਿਰਾਸ॥੨੦੫॥** *(ਸਲੋਕ ਕਬੀਰ ਜੀਉ, ਅੰਗ ੧੩੭੫)*

## ਕਰਿ ਕਿਰਪਾ ਪ੍ਰਭ; ਅਪਨੀ ਦਾਤਿ॥
## ਨਾਨਕ; ਨਾਮੁ ਜਪੈ ਦਿਨ ਰਾਤਿ॥੪॥੬੫॥੧੩੪॥

ਹੇ ਪ੍ਰਭ = ਪਰਮੇਸ਼ਰ ਜੀ! ਤੁਸੀਂ ਅਪਨੀ = ਆਪਣੀ ਕਿਰਪਾ = ਦਇਆ ਕਰਿ = ਕਰ ਕੇ ਸਾਨੂੰ ਆਪਣੇ ਨਾਮ ਦੀ ਦਾਤਿ = ਬਖ਼ਸ਼ਿਸ਼ ਕਰੋ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮਹਾਰਾਜ ਅਸੀਂ ਆਪ ਜੀ ਦਾ ਨਾਮ ਦਿਨ ਰਾਤਿ = ਅੱਠੇ ਪਹਿਰ ਜਪੈ = ਜਪਦੇ ਰਹੀਏ॥੪॥੬੫॥੧੩੪॥

[ਅੰਗ ੧੯੩]

## ਗਉੜੀ ਮਹਲਾ ੫॥

## ਤੂੰ ਸਮਰਥੁ; ਤੂੰਹੈ ਮੇਰਾ ਸੁਆਮੀ॥ ਸਭੁ ਕਿਛੁ ਤੁਮ ਤੇ; ਤੂੰ ਅੰਤਰਜਾਮੀ॥੧॥

ਹੇ ਵਾਹਿਗੁਰੂ! ਤੂੰ ਸਮਰਥੁ = ਸਰਬ ਸ਼ਕਤੀਵਾਨ ਹੈਂ ਅਤੇ ਤੂੰਹੈ = ਤੂੰ ਹੀ ਮੇਰਾ ਸੁਆਮੀ = ਮਾਲਕ ਹੈਂ। ਸਾਰੇ ਜੀਵਾਂ ਨੂੰ ਸਭ = ਸਾਰਾ ਕਿਛੁ = ਕੁਝ ਤੁਮ = ਤੇਰੇ ਤੇ = ਤੋਂ ਹੀ ਪ੍ਰਾਪਤ ਹੁੰਦਾ ਹੈ, ਤੂੰ ਹੀ ਸਾਰਿਆਂ ਦੇ ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਪ੍ਰੇਰਕ ਹੈਂ॥੧॥

## ਪਾਰਬ੍ਰਹਮ ਪੂਰਨ; ਜਨ ਓਟ॥
## ਤੇਰੀ ਸਰਣਿ; ਉਧਰਹਿ ਜਨ ਕੋਟਿ॥੧॥ਰਹਾਉ॥

ਹੇ ਪਾਰਬ੍ਰਹਮ = ਵਾਹਿਗੁਰੂ ਜੀ! ਤੂੰ ਸਦਾ ਹੀ ਸਭਨਾਂ ਦੀ ਪੂਰਨ = ਪੂਰਤੀ ਕਰਨ ਵਾਲਾ ਹੈਂ ਅਤੇ ਜਨ = ਭਗਤ ਜਨ, ਦਾਸਾਂ ਦੀ ਓਟ = ਟੇਕ ਹੈਂ, ਆਸਰਾ ਰੂਪ ਹੈਂ। ਤੇਰੀ = ਤੁਹਾਡੀ ਸਰਣਿ = ਓਟ ਵਿਚ ਪੈਣ ਕਰਕੇ ਤੇਰੇ ਜਨ = ਪਿਆਰੇ, ਦਾਸ ਕੋਟਿ = ਕ੍ਰੋੜਾਂ ਪਾਪਾਂ ਤੋਂ ਉਧਰਹਿ = ਉਧਰ ਜਾਂਦੇ ਹਨ **ਵਾ:** ਕੋਟਿ = ਕ੍ਰੋੜਾਂ ਹੀ ਜਨ = ਪੁਰਸ਼ ਤੁਹਾਡੀ ਸ਼ਰਣ ਲੈ ਕੇ ਉਧਰਹਿ = ਉਧਰ ਗਏ ਹਨ॥੧॥ਰਹਾਉ॥

## ਜੇਤੇ ਜੀਅ; ਤੇਤੇ ਸਭਿ ਤੇਰੇ॥ ਤੁਮਰੀ ਕ੍ਰਿਪਾ ਤੇ; ਸੂਖ ਘਨੇਰੇ॥੨॥

ਹੇ ਵਾਹਿਗੁਰੂ! ਜੇਤੇ = ਜਿੰਨੇ ਵੀ ਜੀਅ = ਜੀਵ ਜੰਤ ਹਨ, ਤੇਤੇ = ਉਤਨੇ ਹੀ ਸਭਿ = ਸਾਰੇ ਤੇਰੇ = ਤੁਹਾਡੇ ਪੈਦਾ ਕੀਤੇ ਹੋਏ ਹਨ। ਤੁਮਰੀ = ਤੁਹਾਡੀ ਕ੍ਰਿਪਾ = ਦਇਆ ਤੇ = ਤੋਂ ਹੀ ਸਾਰਿਆਂ ਨੂੰ ਘਨੇਰੇ = ਘਨੇ ਭਾਵ ਬਹੁਤ ਸੂਖ = ਸੁਖ ਪ੍ਰਾਪਤ ਹੋ ਰਹੇ ਹਨ **ਵਾ:** ਤੇਰੇ ਭਗਤ ਜਨਾਂ ਨੂੰ ਤੇਰੀ ਕਿਰਪਾ ਕਰਕੇ ਬ੍ਰਹਮਾਨੰਦ ਰੂਪੀ ਬਹੁਤ ਸੁਖ ਪ੍ਰਾਪਤ ਹੋ ਰਿਹਾ ਹੈ॥੨॥

## ਜੋ ਕਿਛੁ ਵਰਤੈ; ਸਭ ਤੇਰਾ ਭਾਣਾ॥ ਹੁਕਮੁ ਬੂਝੈ; ਸੋ ਸਚਿ ਸਮਾਣਾ॥੩॥

ਜੋ ਕਿਛੁ = ਕੁਝ ਵੀ ਬ੍ਰਹਮੰਡਾਂ ਵਿਚ ਵਰਤੈ = ਵਰਤ ਰਿਹਾ ਹੈ, ਇਹ ਸਭ = ਸਾਰਾ ਤੇਰਾ = ਤੁਹਾਡਾ ਹੀ ਭਾਣਾ = ਹੁਕਮ ਹੈ।

ਜਿਹੜਾ ਤੁਹਾਡੀ ਹੁਕਮੁ = ਆਗਿਆ ਨੂੰ ਬੂਝੈ = ਬੁੱਝ ਲੈਂਦਾ ਹੈ, ਜਾਣ ਲੈਂਦਾ ਹੈ, ਸੋ = ਉਹ ਸਚਿ = ਸਚ ਸਰੂਪ ਵਿਚ ਸਮਾਣਾ = ਸਮਾ, ਅਭੇਦ ਹੋ ਜਾਂਦਾ ਹੈ ॥੩॥

## ਕਰਿ ਕਿਰਪਾ; ਦੀਜੈ ਪ੍ਰਭ ਦਾਨੁ ॥
## ਨਾਨਕ ਸਿਮਰੈ; ਨਾਮੁ ਨਿਧਾਨੁ ॥੪॥੬੬॥੧੩੫॥

ਹੇ ਪ੍ਰਭ = ਵਾਹਿਗੁਰੂ ਜੀ ! ਕਿਰਪਾ = ਦਇਆ ਕਰਿ = ਕਰ ਕੇ ਆਪਣਾ ਇਹ ਦਾਨ ਦੀਜੈ = ਦੇਣਾ ਕਰੋ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਅਸੀਂ ਤੁਹਾਡੇ ਨਾਮ ਰੂਪੀ ਨਿਧਾਨੁ = ਖ਼ਜ਼ਾਨੇ ਨੂੰ ਗੁਰਾਂ ਤੋਂ ਪ੍ਰਾਪਤ ਕਰਕੇ ਦਿਨ ਰਾਤ ਸਿਮਰੈ = ਯਾਦ ਕਰਦੇ ਰਹੀਏ ॥੪॥੬੬॥੧੩੫॥

## ਗਉੜੀ, ਮਹਲਾ ੫ ॥
## ਤਾ ਕਾ ਦਰਸੁ; ਪਾਈਐ ਵਡਭਾਗੀ ॥ ਜਾ ਕੀ; ਰਾਮ ਨਾਮਿ ਲਿਵ ਲਾਗੀ ॥੧॥

ਤਾ ਕਾ = ਉਨ੍ਹਾਂ ਗੁਰਮੁਖ ਪਿਆਰਿਆਂ ਦਾ ਦਰਸੁ = ਦਰਸ਼ਨ ਵਡਭਾਗੀ = ਵੱਡਿਆਂ ਭਾਗਾਂ ਕਰ ਕੇ ਪਾਈਐ = ਪਾਈਦਾ ਹੈ। ਜਾ = ਜਿਨ੍ਹਾਂ ਕੀ = ਦੀ ਰਾਮ = ਪਰਮੇਸ਼ਰ ਦੇ ਨਾਮ ਵਿਚ ਬ੍ਰਹਮਾਕਾਰ ਹੋ ਕਰਕੇ ਲਿਵ = ਬਿਰਤੀ ਲਾਗੀ = ਲੱਗ ਗਈ ਹੈ ॥੧॥

## ਜਾ ਕੈ ਹਰਿ ਵਸਿਆ; ਮਨ ਮਾਹੀ ॥
## ਤਾ ਕਉ ਦੁਖੁ; ਸੁਪਨੈ ਭੀ ਨਾਹੀ ॥੧॥ਰਹਾਉ॥

ਜਾ = ਜਿਨ੍ਹਾਂ ਕੈ = ਦੇ ਮਨ = ਹਿਰਦੇ ਮਾਹੀ = ਵਿਚ ਹਰਿ = ਹਰੀ ਪਰਮੇਸ਼ਰ ਵਸਿਆ = ਵੱਸ ਗਿਆ ਹੈ। ਤਾ = ਉਨ੍ਹਾਂ ਕਉ = ਨੂੰ ਤਾਂ ਸੁਪਨੈ = ਸੁਪਨੇ ਵਿਚ ਭੀ = ਵੀ ਕੋਈ ਦੁਖ ਨਾਹੀ = ਨਹੀਂ ਹੁੰਦਾ **ਵਾ:** ਸੰਸਾਰ ਸੁਪਨੇ ਵਿਚ ਕੋਈ ਦੁਖ ਪ੍ਰਾਪਤ ਨਹੀਂ ਹੁੰਦਾ ॥੧॥ਰਹਾਉ॥

## ਸਰਬ ਨਿਧਾਨ; ਰਾਖੇ ਜਨ ਮਾਹਿ ॥
## ਤਾ ਕੈ ਸੰਗਿ; ਕਿਲਵਿਖ ਦੁਖ ਜਾਹਿ ॥੨॥

ਸਰਬ = ਸਾਰੇ ਨੌਂ ਨਿਧੀਆਂ ਰੂਪ **ਵਾ:** ਨਵਧਾ ਭਗਤੀ ਰੂਪ ਨਿਧਾਨ = ਖ਼ਜ਼ਾਨੇ ਜਨ = ਪਿਆਰਿਆਂ ਦੇ ਹਿਰਦੇ ਮਹਿ = ਵਿਚ ਰਾਖੇ = ਰੱਖੇ ਹੋਏ ਹਨ। ਤਾ ਕੈ = ਉਨ੍ਹਾਂ ਦੇ ਸੰਗਿ = ਨਾਲ ਭਾਵ ਉਨ੍ਹਾਂ ਦੀ ਸੰਗਤ ਕਰਨ ਨਾਲ ਅਨੇਕਾਂ ਤਰ੍ਹਾਂ ਦੇ ਕਿਲਵਿਖ = ਪਾਪ ਅਤੇ ਜੰਮਣ ਮਰਣ ਰੂਪੀ ਦੁਖ ਚਲੇ ਜਾਹਿ = ਜਾਂਦੇ ਹਨ, ਨਾਸ ਹੋ ਜਾਂਦੇ ਹਨ।

ਕਿਲਵਿਖ = ਮਹਾਂਭਾਰਤ ਵਿਚ ਦਸ ਪਾਪ ਲਿਖੇ ਹਨ : ੧. ਹਿੰਸਾ; ੨. ਚੋਰੀ; ੩. ਪਰ ਇਸਤਰੀ ਗਮਨ; ੪. ਝੂਠ; ੫. ਕੌੜਾ ਬੋਲ; ੬. ਚੁਗ਼ਲੀ; ੭. ਵਾਇਦੇ ਖ਼ਿਲਾਫ਼ੀ; ੮. ਬੁਰਾ ਚਿਤਵਨਾ; ੯. ਬੇਰਹਿਮੀ; ੧੦. ਪੁੰਨ ਦਾਨ ਆਦਿਕ ਸ਼ੁਭ ਕਰਮ ਕਰ ਕੇ ਉਨ੍ਹਾਂ ਦੇ ਫਲ ਦੀ ਇੱਛਾ ਰੱਖਣੀ।

ਮਨੂੰ ਸਿੰਮ੍ਰਿਤੀ ਦੇ ੧੧ਵੇਂ ਅਧਿਆਇ ਦੇ ੫੪ਵੇਂ ਸਲੋਕ ਵਿਚ ਪੰਜ ਮਹਾਂ ਪਾਪ ਲਿਖੇ ਹਨ : ੧. ਬ੍ਰਹਮ ਹੱਤਿਆ; ੨. ਸ਼ਰਾਬ ਪੀਣੀ; ੩. ਚੋਰੀ; ੪. ਗੁਰੂ ਦੀ ਇਸਤਰੀ ਭੋਗਣੀ; ੫. ਇਨ੍ਹਾਂ ਕਰਮਾਂ ਦੇ ਕਰਨ ਵਾਲੇ ਪਾਪੀਆਂ ਨਾਲ ਮੇਲ ਕਰਨਾ। ਸਿੰਮ੍ਰਿਤੀਆਂ ਵਿਚ ਵੀ ਦਸ ਪਾਪ ਲਿਖੇ ਹਨ :

ਸਰੀਰਕ ਪਾਪ—੧. ਚੋਰੀ; ੨. ਵੇਦ ਵਿਧੀ ਤੋਂ ਬਿਨਾਂ ਕੀਤੀ ਹਿੰਸਾ; ੩. ਪਰ-ਇਸਤਰੀ ਗਮਨ।

ਬਾਣੀ ਦੇ ਪਾਪ—੪. ਕੌੜਾ ਬੋਲਣਾ; ੫. ਝੂਠ; ੬. ਚੁਗ਼ਲੀ; ੭. ਬੇਮੇਲ ਬਕਬਾਦ।

ਮਾਨਸਿਕ ਪਾਪ—੮. ਕਿਸੇ ਦਾ ਬੁਰਾ ਚਿਤਵਨਾ; ੯. ਦੂਜੇ ਦਾ ਧਨ ਮਾਲ ਲੈਣ ਦਾ ਖ਼ਿਆਲ; ੧੦. ਝੂਠਾ ਕਲੰਕ ਲਾਉਣ ਦੀ ਗੋਂਦ।

ਬਾਈਬਲ ਵਿਚ ਸੱਤ ਪਾਪ ਮੰਨੇ ਹਨ—੧. ਅਭਿਮਾਨ; ੨. ਵਿਭਚਾਰ; ੩. ਈਰਖਾ; ੪. ਕ੍ਰੋਧ ਕਰਨਾ; ੫. ਲੋਭ; ੬. ਜੀਭ ਰਸ (ਖਾਣ ਦਾ ਲਾਲਚ ਕਰਨਾ); ੭. ਆਲਸ।

ਗੁਰਮਤਿ ਅਨੁਸਾਰ—੧. ਵਾਹਿਗੁਰੂ ਤੋਂ ਵਿਮੁਖਤਾ; ੨. ਸ਼ੁਭ ਉੱਦਮ ਦਾ ਤਿਆਗ; ੩. ਕਿਸੇ ਦਾ ਦਿਲ ਦੁਖਾਉਣਾ; ਇਹ ਤਿੰਨ ਉਗਰ ਪਾਪ ਹਨ।

ਰਹਿਤਨਾਮਿਆਂ ਅਨੁਸਾਰ—੧. ਮੁੰਡਨ (ਕੇਸ ਮੁੰਨਣੇ); ੨. ਵਿਭਚਾਰ (ਪਰ-ਇਸਤਰੀ ਅਤੇ ਪਰ-ਪੁਰਸ਼ ਗਮਨ); ੩. ਹੁੱਕਾ (ਤਮਾਕੂ ਦਾ ਸੇਵਨ); ੪. ਕੁੱਠਾ ਖਾਣਾ (ਮਾਸ ਖਾਣਾ); ੫. ਸ਼ਰਾਬ ਪੀਣੀ ਆਦਿਕ।

**ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥** *(ਸਲੋਕ ਮ: ੩, ਵਾਰਾਂ ਤੇ ਵਧੀਕ, ਅੰਗ ੧੪੧੩)*

ਆਦਿਕ ਸਾਰੇ ਪਾਪ, ਦੁਖ ਉਨ੍ਹਾਂ ਪਰਮੇਸ਼ਰ ਦੇ ਜਨਾਂ ਦੀ ਸੰਗਤ ਕਰ ਕੇ ਨਾਸ ਹੋ ਜਾਂਦੇ ਹਨ, ਚਲੇ ਜਾਂਦੇ ਹਨ ॥੨॥

## ਜਨ ਕੀ ਮਹਿਮਾ; ਕਥੀ ਨ ਜਾਇ ॥
## ਪਾਰਬ੍ਰਹਮੁ; ਜਨੁ ਰਹਿਆ ਸਮਾਇ ॥੩॥

ਪਰਮੇਸ਼ਰ ਦੇ ਜਨ = ਭਗਤ ਜਨਾਂ ਕੀ = ਦੀ ਮਹਿਮਾ = ਵਡਿਆਈ ਕਥੀ = ਕਥਨ ਨ = ਨਹੀਂ ਕੀਤੀ ਜਾਇ = ਜਾ ਸਕਦੀ। ਕਿਉਂਕਿ ਪਾਰਬ੍ਰਹਮੁ = ਪਰਮੇਸ਼ਰ ਆਪਣੇ ਜਨ = ਭਗਤ ਜਨਾਂ, ਦਾਸਾਂ ਦੇ ਹਿਰਦੇ ਵਿਚ ਸਮਾਇ = ਸਮਾ ਰਹਿਆ = ਰਿਹਾ ਹੈ, ਮਿਲ ਰਿਹਾ ਹੈ ॥੩॥

## ਕਰਿ ਕਿਰਪਾ ਪ੍ਰਭ; ਬਿਨਉ ਸੁਨੀਜੈ ॥
## ਦਾਸ ਕੀ ਧੂਰਿ; ਨਾਨਕ ਕਉ ਦੀਜੈ ॥੪॥੬੭॥੧੩੬॥

ਹੇ ਪ੍ਰਭ = ਪਰਮੇਸ਼ਰ ! ਕਿਰਪਾ = ਦਇਆ ਕਰਿ = ਕਰ ਕੇ ਸਾਡੀ ਬਿਨਉ = ਬੇਨਤੀ ਨੂੰ ਸੁਨੀਜੈ = ਸੁਣਨਾ ਕਰੋ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਆਪਣੇ ਦਾਸ = ਸੇਵਕਾਂ ਕੀ = ਦੀ ਚਰਨ ਧੂਰਿ = ਧੂੜੀ ਸਾਨੂੰ ਦੀਜੈ = ਦੇਣਾ ਕਰੋ ॥੪॥੬੭॥੧੩੬॥

## ਗਉੜੀ, ਮਹਲਾ ੫ ॥
## ਹਰਿ ਸਿਮਰਤ; ਤੇਰੀ ਜਾਇ ਬਲਾਇ ॥
## ਸਰਬ ਕਲਿਆਣ; ਵਸੈ ਮਨਿ ਆਇ ॥੧॥

ਹੇ ਭਾਈ ! ਹਰਿ = ਹਰੀ ਵਾਹਿਗੁਰੂ ਦਾ ਸਿਮਰਤ = ਸਿਮਰਨ ਕਰਨ ਨਾਲ ਤੇਰੀ ਮੌਤ ਰੂਪ, ਤ੍ਰਿਸ਼ਨਾ ਰੂਪੀ, ਅਵਿਦਿਆ ਰੂਪੀ = ਬਲਾਇ = ਬਲਾ ਚਲੀ ਜਾਇ = ਜਾਵੇਗੀ। ਬਲਾਇ = ਅਪਦਾ ਬਿਪਤਾ ਆਦਿ ਚਲੀ ਜਾਏਗੀ।

ਸਰਬ = ਸਾਰੇ ਕਲਿਆਣ = ਮੰਗਲ ਮਨਿ = ਹਿਰਦੇ ਵਿਚ ਆਇ = ਆ ਕੇ ਵਸੈ = ਵੱਸ ਜਾਣਗੇ **ਵਾ:** ਸਾਰੀਆਂ ਕਲਿਆਣਾਂ ਮੁਕਤੀਆਂ ਸਰੂਪ, ਸਮੀਪ, ਸਾਯੁਜ, ਕੈਵਲ ਮੁਕਤੀ, ਜੀਵਨ ਮੁਕਤੀ, ਵਿਦੇਹ ਮੁਕਤੀ ਆਦਿ ਸਾਰੀਆਂ ਪ੍ਰਾਪਤ ਹੋ ਜਾਂਦੀਆਂ ਹਨ, ਜਦੋਂ ਪਰਮੇਸ਼ਰ ਮਨ ਵਿਚ ਆ ਕੇ ਵਸੈ = ਵੱਸ ਜਾਂਦਾ ਹੈ ॥੧॥

## ਭਜੁ ਮਨ ਮੇਰੇ; ਏਕੋ ਨਾਮ ॥ ਜੀਅ ਤੇਰੇ ਕੈ; ਆਵੈ ਕਾਮ ॥੧॥ਰਹਾਉ॥

ਹੇ ਮੇਰੇ ਪਿਆਰੇ ਮਨ ! ਏਕੋ = ਇਕ ਪਰਮੇਸ਼ਰ ਦੇ ਨਾਮ ਨੂੰ ਭਜੁ = ਜਪਣਾ ਕਰ। ਜੋ ਤੇਰੇ ਜੀਅ = ਜੀਵ ਕੈ = ਦੇ ਪਰਲੋਕ ਵਿਚ ਕਾਮ = ਕੰਮ ਆਵੈ = ਆਵੇਗਾ ॥੧॥ਰਹਾਉ॥

## ਰੈਣਿ ਦਿਨਸੁ; ਗੁਣ ਗਾਉ ਅਨੰਤਾ ॥ ਗੁਰ ਪੂਰੇ ਕਾ; ਨਿਰਮਲ ਮੰਤਾ ॥੨॥

ਹੇ ਭਾਈ ! ਅਨੰਤਾ = ਅੰਤ ਤੋਂ ਰਹਿਤ ਪਰਮੇਸ਼ਰ ਦੇ ਗੁਣ = ਗੁਣਾਂ ਨੂੰ ਰੈਣਿ = ਰਾਤ ਦਿਨਸੁ = ਦਿਨ ਭਾਵ ਸ੍ਵਾਸ ਸ੍ਵਾਸ ਗਾਉ = ਗਾਉਣਾ ਕਰੋ। ਇਹ ਪੂਰੇ = ਪੂਰਿਆਂ ਗੁਰ = ਸਤਿਗੁਰਾਂ ਕਾ = ਦਾ ਨਿਰਮਲ = ਉੱਜਲ ਮਾਇਆ ਦੀ ਮੈਲ ਤੋਂ ਰਹਿਤ ਕਰਨ ਵਾਲਾ ਮੰਤਾ = ਮੰਤ੍ਰ ਭਾਵ ਉਪਦੇਸ਼ ਹੈ ॥੨॥

## ਛੋਡਿ ਉਪਾਵ; ਏਕ ਟੇਕ ਰਾਖੁ ॥ ਮਹਾ ਪਦਾਰਥੁ; ਅੰਮ੍ਰਿਤ ਰਸੁ ਚਾਖੁ ॥੩॥

ਹੋਰਨਾਂ ਉਪਾਵ = ਯਤਨਾਂ ਨੂੰ ਛੋਡ = ਛੱਡ ਕਰ ਕੇ ਏਕ = ਇਕ ਅਕਾਲ ਪੁਰਖ ਦੀ ਟੇਕ = ਓਟ ਰਾਖੁ = ਰੱਖਣਾ ਕਰ। ਸਭਨਾਂ ਪਦਾਰਥਾਂ ਤੋਂ ਮਹਾ = ਵੱਡਾ ਪਦਾਰਥ ਅੰਮ੍ਰਿਤ ਨਾਮ ਨੂੰ ਰਸ = ਪ੍ਰੇਮ ਨਾਲ ਚਾਖੁ = ਚੱਖਣਾ ਕਰ ॥੩॥

## ਬਿਖਮ ਸਾਗਰੁ; ਤੇਈ ਜਨ ਤਰੇ ॥
## ਨਾਨਕ; ਜਾ ਕਉ ਨਦਰਿ ਕਰੇ ॥੪॥੬੮॥੧੩੭॥

ਇਸ ਬਿਖਮ = ਕਠਨ ਸੰਸਾਰ ਸਾਗਰੁ = ਸਮੁੰਦਰ ਤੋਂ ਤੇਈ = ਉਹੀ ਜਨ = ਪੁਰਸ਼ ਤਰੇ ਹਨ, ਪਾਰ ਹੋਏ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਾ = ਜਿਨ੍ਹਾਂ ਕਉ = ਉੱਤੋਂ ਮੇਰਾ ਵਾਹਿਗੁਰੂ ਨਦਰਿ = ਕਿਰਪਾ ਦ੍ਰਿਸ਼ਟੀ ਕਰੇ = ਕਰਦਾ ਹੈ ॥੪॥੬੮॥੧੩੭॥

## ਗਉੜੀ, ਮਹਲਾ ੫ ॥
## ਹਿਰਦੈ; ਚਰਨ ਕਮਲ ਪ੍ਰਭ ਧਾਰੇ ॥ ਪੂਰੇ ਸਤਿਗੁਰ ਮਿਲਿ; ਨਿਸਤਾਰੇ ॥੧॥

ਜਿਨ੍ਹਾਂ ਨੇ ਹਿਰਦੈ = ਮਨ ਵਿਚ ਪ੍ਰਭ = ਪਰਮੇਸ਼ਰ ਦੇ ਚਰਨਾਂ ਕਮਲਾਂ ਨੂੰ ਧਾਰੇ = ਧਾਰਨ ਕਰਕੇ ਰੱਖਿਆ ਹੋਇਆ ਹੈ ਉਨ੍ਹਾਂ ਨੂੰ ਪੂਰੇ = ਪੂਰਿਆਂ ਸਤਿਗੁਰ = ਸਤਿਗੁਰਾਂ ਨਾਲ ਮਿਲਿ = ਮੇਲ ਕੇ ਸਾਰ ਸਮੁੰਦਰ ਤੋਂ ਨਿਸਤਾਰੇ = ਤਾਰ ਦਿੱਤਾ ਹੈ **ਅਥਵਾ** ਜਿਨ੍ਹਾਂ ਨੇ ਪੂਰੇ = ਪੂਰਿਆਂ ਸਤਿਗੁਰਾਂ ਨਾਲ ਮਿਲ ਕਰਕੇ ਪ੍ਰਭ = ਪਰਮੇਸ਼ਰ ਦੇ ਚਰਣ ਕੰਵਲਾਂ ਨੂੰ ਹਿਰਦੇ ਵਿਚ ਧਾਰੇ = ਧਾਰਨ ਕੀਤਾ ਹੈ, ਉਨ੍ਹਾਂ ਨੂੰ ਸਤਿਗੁਰੂ ਸਾਹਿਬ ਜੀ ਨੇ ਸੰਸਾਰ ਵਿੱਚੋਂ ਨਿਸਤਾਰੇ = ਤਾਰ ਦਿੱਤਾ ਹੈ **ਵਾ:** ਅਵਿਦਿਆ ਦੀ ਨਿਸ = ਰਾਤ ਤੋਂ ਗਿਆਨ ਦੇ ਚਾਨਣੇ 'ਚ ਤਾਰੇ = ਤਾਰ ਦਿੱਤਾ ਹੈ ॥੧॥

## ਗੋਵਿੰਦ ਗੁਣ ਗਾਵਹੁ; ਮੇਰੇ ਭਾਈ ॥
## ਮਿਲਿ ਸਾਧੂ; ਹਰਿ ਨਾਮੁ ਧਿਆਈ ॥੧॥ਰਹਾਉ॥

ਚੇਤਨ ਦੀ ਅੰਸ ਹੋਣ ਕਰਕੇ ਹੇ ਮੇਰੇ ਭਾਈ = ਭਰਾਵੋ ਤੁਸੀਂ ਗੋਬਿੰਦ = ਪਰਮੇਸ਼ਰ ਦੇ ਗੁਣ = ਗੁਣਾਂ ਨੂੰ ਗਾਵਹੁ = ਗਾਉਣਾ ਕਰੋ। ਅਤੇ ਸਾਧੂ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਮਿਲਿ = ਮਿਲਾਪ ਕਰਕੇ ਹਰਿ = ਅਕਾਲ ਪੁਰਖ ਦੇ ਨਾਮ ਨੂੰ ਧਿਆਈ = ਧਿਆਇਆ ਕਰੋ ॥੧॥ਰਹਾਉ॥

## ਦੁਲਭ ਦੇਹ; ਹੋਈ ਪਰਵਾਨੁ ॥ ਸਤਿਗੁਰ ਤੇ; ਪਾਇਆ ਨਾਮ ਨੀਸਾਨੁ ॥੨॥

ਇਹ ਦੁਲਭ = ਕਠਨਤਾਈ ਨਾਲ ਲੱਭਣ ਵਾਲੀ ਦੇਹ = ਦੇਹੀ ਉਨ੍ਹਾਂ ਦੀ ਪਰਵਾਨ = ਪ੍ਰਵਾਣਨੀਕ, ਸਫਲੀ ਹੋਈ ਹੈ। ਜਿਨ੍ਹਾਂ ਨੇ ਸਤਿਗੁਰਾਂ ਤੇ = ਤੋਂ ਨਾਮ ਦਾ ਨੀਸਾਨੁ = ਨਿਸ਼ਾਨਾ **ਵਾ:** ਪਰਵਾਨਾ ਪਾਇਆ = ਪਾ ਲਿਆ ਹੈ, ਪ੍ਰਾਪਤ ਕੀਤਾ ਹੈ **ਵਾ:** ਲਖ ਅਰਥ ਰੂਪ ਦੀ ਸਾਖਿਆਤਤਾ ਵਾਲਾ ਜੋ ਨਾਮ ਸੱਚਾ ਨੀਸਾਨੁ = ਨਿਸ਼ਾਨਾ ਹੈ, ਉਸ ਨੂੰ ਲਖਣਾ ਬਿਰਤੀ ਦੁਆਰਾ ਪਾ ਲਿਆ ਹੈ **ਵਾ:** ਸਤਿਗੁਰਾਂ ਤੋਂ ਨਾਮ ਦੀ ਨੀਸਾਨੁ = ਨਿਸ਼ਾਨੀ ਪਾ ਲਈ ਹੈ **ਵਾ:** ਪਰਮੇਸ਼ਰ ਦਾ ਨਾਮ ਜੋ ਨੀਸਾਨੁ = ਧੌਂਸਿਆਂ ਦੀ ਨਿਆਈਂ ਹੈ, ਉਸ ਨੂੰ ਭਗਤ ਜਨਾਂ ਨੇ ਸਤਿਗੁਰਾਂ ਤੋਂ ਪ੍ਰਾਪਤ ਕੀਤਾ ਹੈ ॥੨॥ ਜੈਸਾ ਕਿ :

**ਕਹੁ ਕਬੀਰ ਜੇ ਕਿਰਪਾ ਧਾਰੈ ਦੇਇ ਸਚਾ ਨੀਸਾਨਾ ॥੪॥੭॥** *(ਆਸਾ ਕਬੀਰ ਜੀ, ਅੰਗ ੪੭੭)*

**ਸਗਲ ਭਗਤ ਜਾ ਚੈ ਨੀਸਾਣਿ ॥੫॥੧॥** *(ਮਲਾਰ ਬਾਣੀ ਨਾਮਦੇਵ ਜੀ ਕੀ, ਅੰਗ ੧੨੯੨)*

## ਹਰਿ ਸਿਮਰਤ; ਪੂਰਨ ਪਦੁ ਪਾਇਆ ॥ ਸਾਧਸੰਗਿ; ਭੈ ਭਰਮ ਮਿਟਾਇਆ ॥੩॥

ਜਿਨ੍ਹਾਂ ਨੇ ਹਰਿ = ਪਰਮੇਸ਼ਰ ਦਾ ਸਿਮਰਤ = ਸਿਮਰਨ ਕੀਤਾ ਹੈ, ਉਨ੍ਹਾਂ ਨੇ ਪੂਰਨ ਪਦੁ = ਪਦਵੀ ਭਾਵ ਕੈਵਲ ਮੋਖ ਨੂੰ ਪਾਇਆ = ਪਾ ਲਿਆ ਹੈ। ਅਤੇ ਉਨ੍ਹਾਂ ਨੇ ਸਾਧਸੰਗਿ = ਸਾਧਸੰਗਤ ਵਿਚ ਮਿਲ ਕਰਕੇ ਸੱਤ ਪ੍ਰਕਾਰ ਦਾ ਭੈ = ਡਰ ਅਤੇ ਪੰਜ ਪ੍ਰਕਾਰ ਦਾ ਭਰਮ ਮਿਟਾਇਆ = ਮਿਟਾ ਲਿਆ ਹੈ ॥੩॥

## ਜਤ ਕਤ ਦੇਖਉ; ਤਤ ਰਹਿਆ ਸਮਾਇ ॥
## ਨਾਨਕ ਦਾਸ; ਹਰਿ ਕੀ ਸਰਣਾਇ ॥੪॥੬੯॥੧੩੮॥

ਜਤ = ਜਿਥੇ ਕਤ = ਕਿਤੇ ਵੀ ਅਸੀਂ ਦੇਖਉ = ਦੇਖਦੇ ਹਾਂ, ਤਤ = ਉਥੇ ਹੀ ਪਰਮੇਸ਼ਰ ਸਮਾਇ = ਸਮਾ ਰਹਿਆ = ਰਿਹਾ ਹੈ, ਵਿਆਪਕ ਹੋ ਰਿਹਾ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਦਾਸ = ਸੇਵਕ ਹਰਿ = ਪਰਮੇਸ਼ਰ ਕੀ = ਦੀ ਸਰਣਾਇ = ਸ਼ਰਣ ਵਿਚ ਆਏ ਹਾਂ **ਅਥਵਾ** ਜੋ ਵੀ ਦਾਸ = ਜਨ ਹਰੀ ਕੀ = ਦੀ ਸ਼ਰਣ ਵਿਚ ਪਏ ਹਨ, ਉਹ ਜਤ ਕਤ = ਜਿਥੇ ਕਿਥੇ ਭਾਵ ਲੋਕ ਪਰਲੋਕ ਵਿਚ ਪਰਮੇਸ਼ਰ ਨੂੰ ਸਮਾਇਆ ਹੋਇਆ ਵਿਆਪਕ ਦੇਖਉ = ਦੇਖਦੇ ਹਨ ॥੪॥੬੯॥੧੩੮॥

## ਗਉੜੀ, ਮਹਲਾ ੫ ॥
## ਗੁਰ ਜੀ ਕੇ; ਦਰਸਨ ਕਉ ਬਲਿ ਜਾਉ ॥ ਜਪਿ ਜਪਿ ਜੀਵਾ; ਸਤਿਗੁਰ ਨਾਉ ॥੧॥

ਗੁਰ = ਸਤਿਗੁਰੂ ਸਾਹਿਬ ਜੀ ਕੇ = ਦੇ ਦਰਸਨ = ਦੀਦਾਰਿਆਂ ਕਉ = ਨੂੰ ਬਲਿ = ਬਲਿਹਾਰ, ਕੁਰਬਾਨ ਜਾਉ = ਜਾਂਦੇ ਹਾਂ। ਅਸੀਂ ਤਾਂ ਸਤਿਗੁਰਾਂ ਦੁਆਰਾ ਅੰਮ੍ਰਿਤ ਨਾਉ = ਨਾਮ ਦਾ ਜਪ ਜਪ ਭਾਵ ਰਸਨਾ ਨਾਲ ਉਚਾਰਨ ਕਰਕੇ ਤੇ ਮਨ ਨਾਲ ਜਾਪ ਕਰਕੇ ਜੀਵਾ = ਜੀਵਣਾ ਕਰਦੇ ਹਾਂ ॥੧॥

## ਪਾਰਬ੍ਰਹਮ; ਪੂਰਨ ਗੁਰਦੇਵ ॥
## ਕਰਿ ਕਿਰਪਾ; ਲਾਗਉ ਤੇਰੀ ਸੇਵ ॥੧॥ਰਹਾਉ॥

ਹੇ ਪਾਰਬ੍ਰਹਮ = ਪਾਪਾਂ ਪੁੰਨਾਂ ਤੋਂ ਪਾਰ ਬ੍ਰਹਮ = ਵਿਆਪਕ, ਗੁਰਦੇਵ (ਗੁਰ+ਦੇਵ) ਗੁਰ = ਚੇਤਨ ਦੇਵ = ਪ੍ਰਕਾਸ਼ ਰੂਪ ਅਤੇ ਸਰਬ ਥਾਈਂ ਪੂਰਨ = ਵਿਆਪਕ ਪਰਮੇਸ਼ਰ ਜੀ ! ਮੇਰੇ ਉਪਰ ਕਿਰਪਾ = ਦਇਆ ਦ੍ਰਿਸ਼ਟਿ ਕਰਿ = ਕਰੋ ਜੋ ਮੈਂ ਤੇਰੀ = ਤੁਹਾਡੀ ਸੇਵ = ਸੇਵਾ ਵਿਚ ਲੱਗਣਾ ਕਰਾਂ ॥੧॥ਰਹਾਉ॥

## ਚਰਨ ਕਮਲ; ਹਿਰਦੈ ਉਰ ਧਾਰੀ ॥
## ਮਨ ਤਨ ਧਨ; ਗੁਰ ਪ੍ਰਾਨ ਅਧਾਰੀ ॥੨॥

ਗੁਰਾਂ ਦੇ ਚਰਨ ਕਮਲਾਂ ਨੂੰ ਮੈਂ ਹਿਰਦੇ ਦੇ ਉਰ = ਵਿਚ ਧਾਰੀ = ਧਾਰਨ ਕਰਕੇ ਰੱਖਾਂ। ਕਿਉਂਕਿ ਮੇਰੇ ਮਨ, ਤਨ, ਧਨ ਅਤੇ ਪ੍ਰਾਨ = ਪ੍ਰਾਣਾਂ ਦਾ ਅਧਾਰੀ = ਆਸਰਾ ਰੂਪ ਗੁਰੂ ਦੇ ਚਰਨ ਕਮਲ ਹੀ ਹਨ ॥੨॥

## ਸਫਲ ਜਨਮੁ; ਹੋਵੈ ਪਰਵਾਣੁ ॥ ਗੁਰੁ ਪਾਰਬ੍ਰਹਮੁ; ਨਿਕਟਿ ਕਰਿ ਜਾਣੁ ॥੩॥

ਉਨ੍ਹਾਂ ਦਾ ਮਨੁੱਖਾ ਜਨਮ ਸੰਸਾਰ ਵਿਚ ਸਫਲ = ਸਫਲਾ **ਵਾ:** ਸਹਿਤ ਗਿਆਨ ਫਲ ਦੇ ਹੈ ਅਤੇ ਉਹ ਪਰਲੋਕ ਵਿਚ ਵੀ ਪਰਵਾਣੁ = ਪ੍ਰਵਾਣਨੀਕ ਹੋਵੈ = ਹੁੰਦੇ ਹਨ। ਜਿਨ੍ਹਾਂ ਨੇ ਗੁਰੁ = ਪੂਜਨੀਕ ਪਾਰਬ੍ਰਹਮ = ਪਰਮੇਸ਼ਰ ਨੂੰ ਨਿਕਟਿ = ਨੇੜੇ ਕਰਿ = ਕਰ ਕੇ ਜਾਣੁ = ਜਾਨਣਾ ਕੀਤਾ ਹੈ ॥੩॥ ਅਤੇ

## ਸੰਤ ਧੂਰਿ; ਪਾਈਐ ਵਡਭਾਗੀ ॥
## ਨਾਨਕ, ਗੁਰ ਭੇਟਤ; ਹਰਿ ਸਿਉ ਲਿਵ ਲਾਗੀ ॥੪॥੭੦॥੧੩੯॥

ਉਨ੍ਹਾਂ ਦਾ ਨਾਮ ਹੀ ਸੰਤ ਹੈ। ਉਨ੍ਹਾਂ ਦੀ ਚਰਨ ਧੂਰਿ = ਧੂੜੀ ਵਡਭਾਗੀ = ਵੱਡਿਆਂ ਭਾਗਾਂ ਕਰਕੇ ਪਾਈਐ = ਪਾਈਦੀ ਹੈ **ਵਾ:** ਸੰਤ = ਸ਼ਾਂਤ ਆਤਮਾ ਵਾਲੇ ਗੁਰਾਂ ਦੀ ਚਰਨ ਧੂੜੀ ਵੱਡਿਆਂ ਭਾਗਾਂ ਕਰਕੇ ਪਾਈਦੀ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰ = ਗੁਰਾਂ ਨਾਲ ਭੇਟਤ = ਮਿਲਣ ਕਰਕੇ ਉਨ੍ਹਾਂ ਦੀ ਹਰਿ = ਪਰਮੇਸ਼ਰ ਦੇ ਸਿਉ = ਨਾਲ ਲਿਵ = ਬਿਰਤੀ ਲਾਗੀ = ਲੱਗ ਗਈ ਹੈ, ਜੁੜ ਗਈ ਹੈ ॥੪॥੭੦॥੧੩੯॥

**[ਅੰਗ ੧੯੪]**

## ਗਉੜੀ, ਮਹਲਾ ੫ ॥
## ਕਰੈ ਦੁਹਕਰਮ; ਦਿਖਾਵੈ ਹੋਰੁ ॥ ਰਾਮ ਕੀ ਦਰਗਹ; ਬਾਧਾ ਚੋਰੁ ॥੧॥

ਜਿਹੜਾ ਪੁਰਸ਼ ਦੁਹਕਰਮ = ਖੋਟੇ ਕਰਮ ਕਰੈ = ਕਰਦਾ ਹੈ, ਪਰ ਦਿਖਾਵੈ = ਦਿਖਾਉਂਦਾ ਹੋਰ ਹੈ, ਭਾਵ ਅੰਦਰ ਵੜ ਕੇ ਤਾਂ ਵਿਕਾਰ ਭੋਗਦਾ ਹੈ, ਪਰ ਲੋਕ ਦਿਖਾਵੇ ਨੂੰ ਬੜੇ ਸਾਧਨ ਆਦਿ ਸ਼ੁਭ ਕਰਮ ਕਰਕੇ ਦਿਖਾਉਂਦਾ ਹੈ। ਇਸ ਪ੍ਰਕਾਰ ਦੇ ਪੁਰਖ ਨੂੰ ਰਾਮ = ਪਰਮੇਸ਼ਰ ਕੀ = ਦੀ ਦਰਗਹ = ਨਿਆਇ ਸਭਾ ਵਿਚ ਚੋਰ ਬਣਾ ਕੇ ਬਾਧਾ = ਬੰਨ੍ਹਿਆ ਜਾਂਦਾ ਹੈ।

ਚੋਰ = ਚੋਰੀ ਕਰਨ ਵਾਲਿਆਂ ਨੂੰ ਵਿਦਵਾਨਾਂ ਨੇ ਚਾਰ ਹਿੱਸਿਆਂ ਵਿਚ ਵੰਡਿਆ ਹੈ: ੧. ਧਨ ਦੇ ਚੋਰ = ਜੋ ਕਿਸੇ ਦਾ ਧਨ ਦੌਲਤ ਆਦਿ ਪਦਾਰਥ ਚੋਰੀ ਕਰਦੇ ਹਨ। ੨. ਮਨ ਦੇ ਚੋਰ = ਅਨੇਕਾਂ ਤਰ੍ਹਾਂ ਦੇ ਪਾਪ ਕਰ ਕੇ ਮਨ ਵਿਚ ਲੁਕੋ ਕੇ ਰੱਖਣੇ। ੩. ਭਜਨ ਸਿਮਰਨ ਵੱਲੋਂ ਚੋਰ = ਪਰਮੇਸ਼ਰ ਦਾ ਨਾਮ ਨਹੀਂ ਜਪਦੇ, ਨਾਮ ਦੇ ਚੋਰ ਹਨ। ੪. ਕਵਿਤਾ ਦੇ ਚੋਰ = ਕਿਸੇ ਦੀ ਕਵਿਤਾ ਆਦਿ ਚੁਰਾ ਲੈਣੀ ਤੇ ਆਪਣਾ ਨਾਮ ਲਿਖ ਦੇਣਾ। ਜੈਸਾ ਕਿ:

**ਏਕ ਕਵੀ ਹੈ ਭਾਰਜਾ ਏਕ ਕਵੀ ਹੈ ਪੂਤ। ਏਕ ਕਵੀ ਹੈ ਮਿਤ੍ਰ ਬਰ ਏਕ ਕਵੀ ਅਵਧੂਤ।**
**ਕੌਣ ਕਵੀ ਹੈ ਭਾਰਜਾ ਕੌਣ ਕਵੀ ਹੈ ਪੂਤ। ਕੌਣ ਕਵੀ ਹੈ ਮਿਤ੍ਰ ਬਰ ਕੌਣ ਕਵੀ ਅਵਧੂਤ।**
**ਕਾਵਿ ਚੁਰਾਏ ਭਾਰਜਾ ਅਰਥ ਚੁਰਾਏ ਪੂਤ। ਦ੍ਰਿਸ਼ਟਾਂਤ ਚੁਰਾਏ ਮਿਤ੍ਰ ਬਰ ਸੁਤੇ ਰਚੇ ਅਵਧੂਤ।**

***ਨੋਟ:*** 'ਚੋਰ' ਪਦ ਦੀ ਵਿਸਥਾਰ ਪੂਰਵਕ ਵਿਆਖਿਆ ਇਸੇ ਸਟੀਕ ਦੀ ਪਹਿਲੀ ਪੋਥੀ ਜਪੁ ਜੀ ਸਾਹਿਬ ਦੀ 'ਅਸੰਖ ਚੋਰ' ਵਾਲੀ ਪੰਗਤੀ ਤੇ ਲਿਖ ਆਏ ਹਾਂ।

**ਰਾਮੁ ਰਮੈ; ਸੋਈ ਰਾਮਾਣਾ ॥ ਜਲਿ ਥਲਿ ਮਹੀਅਲਿ; ਏਕੁ ਸਮਾਣਾ ॥੧॥ਰਹਾਉ॥**

ਜੋ ਰਾਮ = ਪਰਮੇਸ਼ਰ ਨੂੰ ਰਮੈ = ਉਚਾਰਨ ਕਰਦਾ ਹੈ, ਸੋਈ = ਉਹੋ ਹੀ ਰਾਮਾਣਾ = ਰਾਮ ਦਾ ਸੇਵਕ ਹੁੰਦਾ ਹੈ, ਕਿਉਂਕਿ ਉਸ ਸੇਵਕ ਨੂੰ ਨਿਸਚਾ ਹੈ ਕਿ ਪਰਮੇਸ਼ਰ ਜਲਿ = ਜਲਾਂ ਵਿਚ ਥਲਿ = ਥਲਾਂ ਵਿਚ ਮਹੀਅਲਿ = ਮਧਯ ਸਥਲ, ਵਿਚਕਾਰ **ਵਾ:** ਮਹੀ = ਧਰਤੀ ਅਤੇ ਅਲਿ = ਆਕਾਸ਼ ਆਦਿ ਸਾਰੇ ਥਾਂ ਏਕੁ = ਇੱਕੋ ਹੀ ਸਮਾਣਾ = ਸਮਾਇਆ ਹੋਇਆ ਹੈ ॥੧॥ਰਹਾਉ॥

**ਅੰਤਰਿ ਬਿਖੁ; ਮੁਖਿ ਅੰਮ੍ਰਿਤੁ ਸੁਣਾਵੈ ॥ ਜਮ ਪੁਰਿ ਬਾਧਾ; ਚੋਟਾ ਖਾਵੈ ॥੨॥**

ਜਿਸ ਪੁਰਸ਼ ਦੇ ਅੰਤਰਿ = ਦਿਲ ਵਿਚ ਤਾਂ ਵਿਸ਼ਿਆਂ ਵਿਕਾਰਾਂ ਦੇ ਭੋਗਣ ਦੀ ਲਾਲਸਾ ਰੂਪ ਬਿਖੁ = ਜ਼ਹਿਰ ਹੋਵੇ ਤੇ ਬਾਹਰੋਂ ਮੁਖਿ = ਮੂੰਹ ਰਾਹੀਂ ਲੋਕਾਂ ਨੂੰ ਅੰਮ੍ਰਿਤ ਰੂਪ ਧਰਮ ਦਾ ਉਪਦੇਸ਼ ਸੁਣਾਵੈ = ਸੁਣਾਉਣਾ ਕਰੇ। ਐਸਾ ਪੁਰਖ ਜਮਪੁਰਿ = ਜਮਾਂ ਦੀ ਪੁਰੀ ਵਿਚ ਬਾਧਾ = ਬੰਨ੍ਹਿਆ ਹੋਇਆ ਚੋਟਾ = ਸੱਟਾਂ ਖਾਵੈ = ਖਾਂਦਾ ਹੈ ॥੨॥

**ਅਨਿਕ ਪੜਦੇ ਮਹਿ; ਕਮਾਵੈ ਵਿਕਾਰ ॥ ਖਿਨ ਮਹਿ; ਪ੍ਰਗਟ ਹੋਹਿ ਸੰਸਾਰ ॥੩॥**

ਜੋ ਅਨਿਕ = ਅਨੇਕ ਪੜਦੇ = ਪਰਦਿਆਂ ਦੇ ਮਹਿ = ਵਿਚ ਲੁਕ ਕਰ ਕੇ ਵਿਕਾਰ = ਪਾਪ ਕਰਮ ਕਮਾਵੈ = ਕਮਾਉਂਦਾ ਹੈ। ਉਹ ਸਾਰੇ ਇਕ ਖਿਨ = ਛਿਨ (ਅੱਖ ਝਮਕਣ ਦੇ ਸਮੇਂ) ਮਹਿ = ਵਿਚ ਹੀ ਸੰਸਾਰ = ਜਗਤ ਵਿਚ ਪ੍ਰਗਟ = ਪ੍ਰਤੱਖ ਹੋਹਿ = ਹੋ ਜਾਂਦੇ ਹਨ ॥੩॥

**ਅੰਤਰਿ ਸਾਚਿ; ਨਾਮਿ ਰਸਿ ਰਾਤਾ ॥**
**ਨਾਨਕ; ਤਿਸੁ ਕਿਰਪਾਲੁ ਬਿਧਾਤਾ ॥੪॥੭੧॥੧੪੦॥**

ਜਿਸ ਦੇ ਅੰਤਰਿ = ਅੰਦਰ ਸਾਚਿ = ਸੱਚਾ ਨਾਮਿ = ਨਾਮ ਹੈ ਤੇ ਹਰ ਵੇਲੇ ਰਸਿ = ਪ੍ਰੇਮ ਰੰਗ ਵਿਚ ਰਾਤਾ = ਰੰਗਿਆ ਰਹਿੰਦਾ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਿਸੁ = ਉਸ ਉਪਰ ਬਿਧਾਤਾ = ਪਰਮੇਸ਼ਰ ਕਿਰਪਾਲੁ = ਕ੍ਰਿਪਾਲੂ ਹੋਇਆ ਹੈ ॥੪॥੭੧॥੧੪੦॥

## ਗਉੜੀ, ਮਹਲਾ ੫ ॥

**ਰਾਮ ਰੰਗੁ; ਕਦੇ ਉਤਰਿ ਨ ਜਾਇ ॥ ਗੁਰੁ ਪੂਰਾ; ਜਿਸੁ ਦੇਇ ਬੁਝਾਇ ॥੧॥**

ਹੇ ਭਾਈ ! ਉਸ ਨੂੰ ਰਾਮ = ਪਰਮੇਸ਼ਰ ਦਾ ਰੰਗਿ = ਪ੍ਰੇਮ, ਅਨੰਦ ਕਦੇ = ਕਦਾਚਿਤ ਭੀ ਉਤਰਿ = ਲਹਿ ਨ = ਨਹੀਂ ਜਾਇ = ਜਾਂਦਾ। ਜਿਸ ਨੂੰ ਪੂਰਾ = ਪੂਰਨ ਗੁਰ = ਸਤਿਗੁਰੂ ਸਾਹਿਬ ਜੀ ਕਿਰਪਾ ਕਰਕੇ ਪ੍ਰੇਮ ਅਨੰਦ ਬੁਝਾਇ = ਬੁਝਾ ਦੇਇ = ਦਿੰਦੇ ਹਨ, ਸਮਝਾ ਦਿੰਦੇ ਹਨ ॥੧॥

**ਹਰਿ ਰੰਗਿ ਰਾਤਾ; ਸੋ ਮਨੁ ਸਾਚਾ ॥ ਲਾਲ ਰੰਗ; ਪੂਰਨ ਪੁਰਖੁ ਬਿਧਾਤਾ ॥੧॥ਰਹਾਉ॥**

ਜੋ ਹਰਿ = ਪਰਮੇਸ਼ਰ ਦੇ ਰੰਗਿ = ਪ੍ਰੇਮ ਵਿਚ ਰਾਤਾ = ਰੰਗਿਆ ਗਿਆ ਹੈ, ਸੋ = ਉਹ ਮਨ = ਹਿਰਦਾ ਸਾਚਾ = ਸੱਚਾ ਹੈ **ਵਾ:** ਸੱਚ ਦੀ ਪ੍ਰਾਪਤੀ ਵਾਲਾ ਹੈ। ਉਸ ਨੂੰ ਪੂਰਨ = ਪੂਰੇ ਪੁਰਖੁ = ਵਿਆਪਕ ਬਿਧਾਤਾ = ਪਰਮੇਸ਼ਰ, ਫਲ ਬਰਦਾਤੇ ਦਾ ਲਾਲ ਰੰਗ = ਪ੍ਰੇਮਾ-ਭਗਤੀ ਦਾ ਰੰਗ, ਮਜੀਠੀ ਰੰਗ ਭਾਵ ਕਦੇ ਨਾ ਉਤਰਨ ਵਾਲਾ ਰੰਗ ਚੜ੍ਹ ਗਿਆ ਹੈ ॥੧॥ਰਹਾਉ॥ ਜੈਸਾ ਕਿ :

**ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥** *(ਬਿਲਾਵਲੁ ਮ: ੫, ਅੰਗ ੮੦੮)*

## ਸੰਤਹ ਸੰਗਿ; ਬੈਸਿ ਗੁਨ ਗਾਇ ॥ ਤਾ ਕਾ ਰੰਗੁ; ਨ ਉਤਰੈ ਜਾਇ ॥੨॥

ਜੋ ਸੰਤਹ ਸੰਗਿ = ਸਤਿਸੰਗਤ ਵਿਚ ਬੈਸਿ = ਬੈਠ ਕੇ ਵਾਹਿਗੁਰੂ ਦੇ ਗੁਨ = ਗੁਣਾਂ ਨੂੰ ਗਾਇ = ਗਾਇਨ ਕਰਦਾ ਹੈ। ਤਾ = ਉਸ ਕਾ = ਦਾ ਰੰਗੁ = ਪ੍ਰੇਮ ਅਨੰਦ ਕਦੇ ਵੀ ਉਤਰੈ = ਉੱਤਰ ਨਹੀਂ ਜਾਇ = ਜਾਂਦਾ **ਵਾ:** ਕਿਸੇ ਦਾ ਉਤਾਰਿਆ ਹੋਇਆ ਉਤਰਦਾ ਨਹੀਂ ਅਤੇ ਨਾ ਹੀ ਕਿਤੇ ਉੱਡ ਕਰ ਕੇ ਜਾਇ = ਜਾਂਦਾ ਹੈ ॥੨॥

## ਬਿਨੁ ਹਰਿ ਸਿਮਰਨ; ਸੁਖੁ ਨਹੀ ਪਾਇਆ ॥ ਆਨ ਰੰਗ ਫੀਕੇ; ਸਭ ਮਾਇਆ ॥੩॥

ਹਰਿ = ਪਰਮੇਸ਼ਰ ਦੇ ਸਿਮਰਨ = ਭਜਨ ਕੀਤੇ ਤੋਂ ਬਿਨੁ = ਬਗ਼ੈਰ ਕਿਸੇ ਨੇ ਕੋਈ ਸੁਖ = ਅਨੰਦ ਪਾਇਆ = ਪ੍ਰਾਪਤ ਨਹੀਂ ਕੀਤਾ। ਕਿਉਂਕਿ ਆਨ = ਹੋਰ ਦੁਨੀਆਂ ਦੇ ਰੰਗ = ਅਨੰਦ ਮਾਇਆ = ਮਾਇਕੀ ਹਨ, ਉਹ ਸਭ = ਸਾਰੇ ਫੀਕੇ = ਫਿੱਕੇ ਹਨ, ਭਾਵ ਅੰਤ ਨੂੰ ਬੇ-ਰਸੀ ਕਰਨ ਵਾਲੇ ਹਨ ॥੩॥

## ਗੁਰਿ ਰੰਗੇ; ਸੇ ਭਏ ਨਿਹਾਲ ॥
## ਕਹੁ ਨਾਨਕ; ਗੁਰ ਭਏ ਹੈ ਦਇਆਲ ॥੪॥੭੨॥੧੪੧॥

ਜਿਸ ਨੂੰ ਗੁਰੂ ਸਾਹਿਬ ਜੀ ਨੇ ਅੰਮ੍ਰਿਤ ਨਾਮ ਵਿਚ ਰੰਗੇ = ਰੰਗ ਦਿੱਤਾ ਹੈ, ਸੇ = ਉਹ ਨਿਹਾਲ = ਦੁਖਾਂ ਤੋਂ ਰਹਿਤ ਭਏ = ਹੋ ਗਿਆ ਹੈ, ਭਾਵ ਉਸ ਨੂੰ ਸਤਿਗੁਰਾਂ ਨੇ ਸਤਿਸੰਗਤ ਰੂਪ ਮਟੀ ਵਿਚ ਪ੍ਰੇਮ ਰੂਪੀ ਜਲ ਪਾ ਕੇ ਨਾਮ ਦੇ ਰੰਗ ਵਿਚ ਰੰਗ ਦਿੱਤਾ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਉਪਰ ਗੁਰ = ਸਤਿਗੁਰੂ ਜੀ ਦਇਆਲ = ਦਿਆਲੂ ਭਏ = ਹੋਏ ਹੈ = ਹਨ, ਉਸ ਨੂੰ ਇਹ ਦਾਤ ਪ੍ਰਾਪਤ ਹੁੰਦੀ ਹੈ ॥੪॥੭੨॥੧੪੧॥

## ਗਉੜੀ, ਮਹਲਾ ੫ ॥

## ਸਿਮਰਤ ਸੁਆਮੀ; ਕਿਲਵਿਖ ਨਾਸੇ ॥ ਸੂਖ ਸਹਜ; ਆਨੰਦ ਨਿਵਾਸੇ ॥੧॥

ਹੇ ਭਾਈ! ਜੋ ਸੁਆਮੀ = ਮਾਲਕ ਪਰਮੇਸ਼ਰ **ਵਾ:** (ਸੁ+ਆਮੀ) ਸੁ = ਭਲੀ ਪ੍ਰਕਾਰ ਆਮੀ = ਅੰਮ੍ਰਿਤ ਰੂਪ ਪਰਮਾਤਮਾ **ਵਾ:** ਸੁ = ਆਪਣਾ ਆਪ ਰੂਪ ਪੈਦਾ ਕਰਨ ਵਾਲਾ ਆਮੀ = ਅੰਮ੍ਰਿਤ ਰੂਪ ਪਰਮੇਸ਼ਰ ਦਾ ਸਿਮਰਤ = ਸਿਮਰਨ ਕਰਦਾ ਹੈ, ਉਸ ਦੇ ਸਾਰੇ ਕਿਲਵਿਖ = ਪਾਪ ਨਾਸੇ = ਨਾਸ ਹੋ ਜਾਂਦੇ ਹਨ। ਅਤੇ ਉਸ ਦਾ ਸੂਖ = ਸੁੱਖਾਂ ਦੇ ਸਹਿਤ ਸਹਜ = ਅਚੁਤ ਸਰੂਪ ਬ੍ਰਹਮ ਦੇ ਆਨੰਦ = ਸੁੱਖ ਸਰੂਪ ਵਿਚ ਨਿਵਾਸੇ = ਟਿਕਾਅ ਹੁੰਦਾ ਹੈ ॥੧॥

## ਰਾਮ ਜਨਾ ਕਉ; ਰਾਮ ਭਰੋਸਾ ॥
## ਨਾਮੁ ਜਪਤ; ਸਭੁ ਮਿਟਿਓ ਅੰਦੇਸਾ ॥੧॥ਰਹਾਉ॥

ਜੋ ਰਾਮ = ਪਰਮੇਸ਼ਰ ਦੇ ਜਨਾ = ਦਾਸ, ਭਗਤ ਹਨ, ਉਨ੍ਹਾਂ ਕਉ = ਨੂੰ ਰਾਮ = ਪਰਮੇਸ਼ਰ ਦਾ ਹੀ ਭਰੋਸਾ ਹੈ, ਵਿਸ਼ਵਾਸ ਹੈ, ਉਨ੍ਹਾਂ ਦਾ ਪਰਮੇਸ਼ਰ ਦੇ ਨਾਮ ਨੂੰ ਜਪਤ = ਜਪਦਿਆਂ ਸਭੁ = ਸਾਰਾ ਅੰਦੇਸਾ = ਸੰਸਾ, ਮਿਟਿਓ = ਮਿਟ ਗਿਆ ਹੈ ॥੧॥ਰਹਾਉ॥

## ਸਾਧਸੰਗਿ; ਕਛੁ ਭਉ ਨ ਭਰਾਤੀ ॥
## ਗੁਣ ਗੋਪਾਲ; ਗਾਈਅਹਿ ਦਿਨੁ ਰਾਤੀ ॥੨॥

ਸਾਧਸੰਗਿ = ਸਤਿਸੰਗਤ ਕਰਨ ਕਰਕੇ ਕਛੁ = ਕੁਝ ਭੀ ਭਉ = ਡਰ ਅਤੇ ਭਰਾਤੀ = ਭਰਮ ਨ = ਨਹੀਂ

ਰਹਿੰਦਾ, ਇਸ ਕਰਕੇ ਗੋਪਾਲ (ਗੋ+ਪਾਲ) ਗੋ = ਪ੍ਰਿਥਵੀ ਦੇ ਪਾਲ = ਪਾਲਕ ਪਰਮੇਸ਼ਰ ਦੇ ਗੁਣਾਂ ਨੂੰ ਦਿਨੁ ਰਾਤੀ = ਅੱਠੇ ਪਹਿਰ ਭਾਵ ਸ੍ਵਾਸ ਸ੍ਵਾਸ ਗਾਈਅਹਿ = ਗਾਉਣਾ ਕਰੀਏ ॥੨॥

## ਕਰਿ ਕਿਰਪਾ ਪ੍ਰਭ; ਬੰਧਨ ਛੋਟ ॥ ਚਰਣ ਕਮਲ ਕੀ; ਦੀਨੀ ਓਟ ॥੩॥

ਪ੍ਰਭ = ਪ੍ਰਭੂ ਪਰਮੇਸ਼ਰ ਨੇ ਕਿਰਪਾ = ਦਇਆ ਕਰਿ = ਕਰ ਕੇ ਸਾਡਾ ਕਰਤਾ ਭੋਗਤਾ, ਜੰਮਣ ਮਰਣ ਦੇ ਬੰਧਨ = ਜੰਜਾਲ ਤੋਂ ਛੋਟ = ਛੁਟਕਾਰਾ ਪਾ ਦਿੱਤਾ ਹੈ। ਅਤੇ ਆਪਣੇ ਚਰਨਾਂ ਕਮਲਾਂ ਕੀ = ਦੀ ਓਟ = ਟੇਕ ਦੀਨੀ = ਦਿੱਤੀ ਹੈ ॥੩॥

## ਕਹੁ ਨਾਨਕ; ਮਨਿ ਭਈ ਪਰਤੀਤਿ ॥
## ਨਿਰਮਲ ਜਸੁ; ਪੀਵਹਿ ਜਨ ਨੀਤਿ ॥੪॥੭੩॥੧੪੨॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਦੇ ਮਨਿ = ਅੰਤਸ਼ਕਰਣ ਵਿਚ ਪਰਤੀਤਿ = ਨਿਸਚਾ, ਭਰੋਸਾ, ਸ਼ਰਧਾ, ਪ੍ਰਤੀਤੀ ਭਈ = ਹੋਈ ਹੈ, ਉਹ ਭਗਤ ਜਨ ਪਰਮੇਸ਼ਰ ਦੇ ਨਿਰਮਲ = ਉੱਜਲ ਜਸ ਨੂੰ ਨੀਤਿ = ਨਿਤਾਪ੍ਰਤੀ ਪੀਵਹਿ = ਪੀਂਦਾ ਹੈ ॥੪॥੭੩॥੧੪੨॥

## ਗਉੜੀ, ਮਹਲਾ ੫ ॥

## ਹਰਿ ਚਰਣੀ; ਜਾ ਕਾ ਮਨੁ ਲਾਗਾ ॥ ਦੂਖੁ ਦਰਦੁ ਭ੍ਰਮੁ; ਤਾ ਕਾ ਭਾਗਾ ॥੧॥

ਜਾ = ਜਿਸ ਕਾ = ਦਾ ਮਨ ਹਰਿ = ਹਰੀ ਪਰਮੇਸ਼ਰ ਦੇ ਪਾਵਨ ਚਰਣੀ = ਚਰਣਾਂ ਨਾਲ ਲਾਗਾ = ਲੱਗ ਗਿਆ ਹੈ, ਜੁੜ ਗਿਆ ਹੈ। ਤਾ = ਉਸ ਕਾ = ਦਾ ਜਨਮ ਮਰਣ ਰੂਪ ਦੂਖੁ = ਦੁੱਖ, ਅਵਿਦਿਆ ਦੀ ਦਰਦੁ = ਪੀੜ ਅਤੇ ਭ੍ਰਮੁ = ਭਰਮ ਆਦਿਕ ਸਭ ਭਾਗਾ = ਭੱਜ ਗਿਆ ਹੈ, ਨਵਿਰਤ ਹੋ ਗਿਆ ਹੈ ॥੧॥

## ਹਰਿ ਧਨ ਕੋ; ਵਾਪਾਰੀ ਪੂਰਾ ॥ ਜਿਸਹਿ ਨਿਵਾਜੇ; ਸੋ ਜਨੁ ਸੂਰਾ ॥੧॥ਰਹਾਉ॥

ਜੋ ਹਰਿ = ਹਰੀ ਦੇ ਨਾਮ ਧਨ ਦਾ ਗੁਰਾਂ ਤੋਂ ਤਨ ਮਨ ਧਨ ਦੇ ਕੇ ਵਾਪਾਰੀ = ਵਣਜ ਕਰਨ ਵਾਲਾ ਹੈ, ਉਹ ਪੂਰਾ = ਪੂਰਨ ਤਤਬੇਤਾ ਬ੍ਰਹਮਗਿਆਨੀ ਹੈ। ਜਿਸਹਿ = ਜਿਸ ਨੂੰ ਸਤਿਗੁਰੂ ਸਾਹਿਬ ਜੀ ਨਿਵਾਜੇ = ਨਿਵਾਜਦੇ ਹਨ, ਵਡਿਆਉਂਦੇ ਹਨ, ਸੋ = ਉਹ ਜਨੁ = ਪੁਰਸ਼ ਸੂਰਾ = ਸੂਰਮਾ ਹੈ, ਬਹਾਦਰ ਹੈ, ਭਾਵ ਕਾਮਾਦਿਕਾਂ ਵੈਰੀਆਂ ਨੂੰ ਜਿੱਤਣ ਵਾਲਾ ਸੂਰਮਾ ਹੈ ॥੧॥ਰਹਾਉ॥

## ਜਾ ਕਉ ਭਏ; ਕ੍ਰਿਪਾਲ ਗੁਸਾਈ ॥ ਸੇ ਜਨ ਲਾਗੇ; ਗੁਰ ਕੀ ਪਾਈ ॥੨॥

ਜਾ = ਜਿਨ੍ਹਾਂ ਕਉ = ਦੇ ਤਾਈਂ ਗੁਸਾਈ = ਪ੍ਰਿਥਵੀ ਦੇ ਮਾਲਕ ਪਰਮੇਸ਼ਰ ਕ੍ਰਿਪਾਲ = ਕ੍ਰਿਪਾਲੂ ਭਏ = ਹੋਏ ਹਨ। ਸੇ = ਉਹ ਜਨ = ਪਿਆਰੇ ਗੁਰ = ਸਤਿਗੁਰੂ ਸਾਹਿਬ ਕੀ = ਦੀ ਪਾਈ = ਚਰਣੀ ਲਾਗੇ = ਲੱਗੇ ਹਨ, ਜੁੜੇ ਹਨ ॥੨॥

## ਸੂਖ ਸਹਜ; ਸਾਂਤਿ ਆਨੰਦਾ ॥ ਜਪਿ ਜਪਿ ਜੀਵੇ; ਪਰਮਾਨੰਦਾ ॥੩॥

ਉਨ੍ਹਾਂ ਨੂੰ ਸਾਰੇ ਪਦਾਰਥਾਂ ਦੀ ਪ੍ਰਾਪਤੀ ਰੂਪ ਸੂਖ = ਸੁਖ, ਰਾਜ ਦ੍ਵੈਖ ਵਿਚ ਇਕ-ਸਮਾਨ ਬਿਰਤੀ ਅਤੇ ਬ੍ਰਹਮ ਦਾ ਸਹਜ = ਗਿਆਨ, ਸਾਰੀਆਂ ਵਾਸ਼ਨਾਵਾਂ ਦਾ ਖੈਅ ਹੋਣ ਰੂਪ ਸਾਂਤਿ = ਸ਼ਾਂਤੀ ਅਤੇ ਆਨੰਦਾ = ਆਤਮਾਨੰਦ ਪ੍ਰਾਪਤ ਹੁੰਦਾ ਹੈ। ਜੋ ਪਰਮਾਨੰਦਾ = ਬ੍ਰਹਮਾਨੰਦ ਸਰੂਪ ਪਰਮੇਸ਼ਰ ਦੇ ਜਾਪ ਨੂੰ ਜਪਿ ਜਪਿ = ਜਪ ਜਪ ਕੇ ਜੀਵੇ = ਜਿਊਂਦੇ ਹਨ ॥੩॥

## ਨਾਮ ਰਾਸਿ; ਸਾਧ ਸੰਗਿ ਖਾਟੀ ॥
## ਕਹੁ ਨਾਨਕ; ਪ੍ਰਭਿ ਅਪਦਾ ਕਾਟੀ ॥੪॥੭੪॥੧੪੩॥

ਉਨ੍ਹਾਂ ਨੇ ਹੀ ਨਾਮ ਰੂਪੀ ਰਾਸਿ = ਪੂੰਜੀ ਸਾਧ ਸੰਗਿ = ਸਤਿਸੰਗਤ ਵਿੱਚੋਂ ਖਾਟੀ = ਖੱਟੀ ਹੈ, ਪ੍ਰਾਪਤ ਕੀਤੀ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਦੀ ਪ੍ਰਭਿ = ਪਰਮੇਸ਼ਰ ਨੇ ਅਪਦਾ = ਬਿਪਤਾ ਕਾਟੀ = ਕੱਟ ਦਿੱਤੀ ਹੈ, ਮੇਟ ਦਿੱਤੀ ਹੈ ॥੪॥੭੪॥੧੪੩॥

## ਗਉੜੀ, ਮਹਲਾ ੫ ॥
## ਹਰਿ ਸਿਮਰਤ; ਸਭਿ ਮਿਟਹਿ ਕਲੇਸ ॥ ਚਰਣ ਕਮਲ; ਮਨ ਮਹਿ ਪਰਵੇਸ ॥੧॥

ਜੋ ਹਰਿ = ਵਾਹਿਗੁਰੂ ਦਾ ਸਿਮਰਤ = ਸਿਮਰਨ ਕਰਦੇ ਹਨ, ਉਨ੍ਹਾਂ ਦੇ ਸਭਿ = ਸਾਰੇ ਕਲੇਸ = ਦੁੱਖ ਮਿਟਹਿ = ਮਿਟ ਜਾਂਦੇ ਹਨ।

ਉਨ੍ਹਾਂ ਦੇ ਮਨ = ਹਿਰਦੇ ਮਹਿ = ਵਿਚ ਪਰਮੇਸ਼ਰ ਦੇ ਚਰਣ ਕਮਲਾਂ ਦਾ ਪਰਵੇਸ = ਵਾਸਾ ਹੋ ਜਾਂਦਾ ਹੈ।

ਜਿਵੇਂ ਛੇਵੇਂ ਪਾਤਿਸ਼ਾਹ ਜੀ ਦੇ ਸਮੇਂ ਇਕ ਸੌਦਾਗਰ ਨੇ ਪੰਜ ਘੋੜੇ ਅਤੇ ਇਤਿਆਦਿਕ ਹੋਰ ਵਸਤਾਂ ਸਤਿਗੁਰੂ ਜੀ ਨੂੰ ਲਿਆ ਕੇ ਭੇਟ ਕੀਤੀਆਂ ਸਨ। ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ ਕਿ ਹੇ ਸਿੱਖਾ! ਜੋ ਚਾਹੁੰਦਾ ਹੈਂ, ਉਹ ਮੰਗ ਲੈ ॥੧॥

ਉਸ ਸੌਦਾਗਰ ਨੇ ਅੱਗੋਂ ਕਿਹਾ ਕਿ ਮਹਾਰਾਜ ਜੀ ਜੇਕਰ ਆਪ ਤੁਠੇ ਹੋ ਤਾਂ ਐਸੀ ਕਿਰਪਾ ਮੇਰੇ ਉਪਰ ਕਰੋ ਕਿ ਆਪ ਜੀ ਦੇ ਪਾਵਨ ਚਰਣ ਕਮਲ ਸਦਾ ਹੀ ਮੇਰੇ ਹਿਰਦੇ ਵਿਚ ਵਸਦੇ ਰਹਿਣ, ਕਦੇ ਵੀ ਨਾ ਭੁੱਲਣ।

ਹੇ ਮਹਾਰਾਜ! ਜੇਕਰ ਮੈਂ ਆਪਣੇ ਕਰਮਾਂ ਅਨੁਸਾਰ ਹੋਰ ਜਨਮਾਂ ਵਿਚ ਵੀ ਜਾਵਾਂ ਤਾਂ ਵੀ ਤੁਹਾਡਾ ਸਿੱਖ ਹੀ ਰਹਾਂ। ਮਹਾਰਾਜ ਜੀ ਕਹਿਣ ਲੱਗੇ ਕਿ ਹੇ ਸਿੱਖਾ! ਜਿਸ ਦੇ ਹਿਰਦੇ ਵਿਚ ਸਾਡੇ ਚਰਨ ਵਸ ਜਾਂਦੇ ਹਨ, ਫਿਰ ਉਹ ਜਨਮ ਮਰਣ ਵਿਚ ਨਹੀਂ ਆਉਂਦਾ। ਤੂੰ ਤਾਂ ਪਹਿਲਾਂ ਹੀ ਇਹ ਵਸਤੂ ਮੰਗ ਲਈ ਹੈ ਕਿ ਆਪ ਦੇ ਚਰਨ ਮੇਰੇ ਹਿਰਦੇ ਵਿਚ ਵਸਦੇ ਰਹਿਣ। ਫਿਰ ਤੂੰ ਜੂਨਾਂ ਵਿਚ ਕਿਵੇਂ ਆਵੇਂਗਾ? ਭਾਵ ਨਹੀਂ ਆਵੇਂਗਾ।

ਸੋ ਇਸ ਪ੍ਰਕਾਰ ਗੁਰਸਿੱਖ, ਸਤਿਗੁਰੂ ਸਾਹਿਬ ਜੀ ਦੇ ਪਾਵਨ ਚਰਣਾਂ ਕਮਲਾਂ ਨੂੰ ਹਿਰਦੇ ਵਿਚ ਵਸਣ ਵਾਸਤੇ ਬੇਨਤੀ ਕਰਦੇ ਰਹਿੰਦੇ ਹਨ।

## ਉਚਰਹੁ; ਰਾਮ ਨਾਮੁ ਲਖ ਬਾਰੀ ॥
## ਅੰਮ੍ਰਿਤ ਰਸੁ ਪੀਵਹੁ; ਪ੍ਰਭ ਪਿਆਰੀ ॥੧॥ਰਹਾਉ॥

ਹੇ ਭਾਈ! ਰਾਮ = ਪਰਮੇਸ਼ਰ ਦੇ ਨਾਮ ਨੂੰ ਲਖਬਾਰੀ = ਲੱਖਾਂ ਵਾਰੀ ਉਚਰਹੁ = ਉਚਾਰਨ ਕਰੋ। ਅਤੇ ਅੰਮ੍ਰਿਤ ਰੂਪੀ ਨਾਮ ਰਸ ਪੀਵਹੁ = ਪੀਣਾ ਕਰੋ ਕਿਉਂਕਿ ਇਹੋ ਹੀ ਪ੍ਰਭ = ਪਰਮੇਸ਼ਰ ਦੀ ਪਿਆਰੀ ਭਗਤੀ ਹੈ **ਵਾ:** ਹੇ ਮੇਰੀ ਰਸਨਾ! ਤੂੰ ਪ੍ਰਭ = ਪਰਮੇਸ਼ਰ ਨੂੰ ਪਿਆਰੀ ਹੋ ਜਾਵੇਂਗੀ ਕਿਉਂਕਿ ਜੇਕਰ ਤੂੰ ਜਗਿਆਸੂਆਂ ਦੀ ਸੰਗਤ ਵਿਚ ਅੰਮ੍ਰਿਤ ਨਾਮ ਰਸ ਨੂੰ ਪੀਣਾ ਕਰੇਂਗੀ ਕਿਉਂਕਿ ਇਹ ਭਗਤੀ ਪ੍ਰਭੂ ਨੂੰ ਪਿਆਰੀ ਲੱਗਦੀ ਹੈ ॥੧॥ਰਹਾਉ॥

## ਸੂਖ ਸਹਜ; ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ; ਪਰਮਾਨੰਦਾ ॥੨॥

ਜਿਹੜੇ ਰਸ = ਪ੍ਰੇਮ ਦੇ ਨਾਲ ਮਹਾ = ਬਹੁਤ ਹੀ ਅਨੰਦਾ = ਅਨੰਦ ਸਰੂਪ ਬ੍ਰਹਮ ਦੇ ਤਾਈਂ ਚਿੰਤਨ ਕਰਦੇ

ਹਨ, ਉਨ੍ਹਾਂ ਨੂੰ ਸਹਜ = ਸੁਭਾਵਕ ਹੀ ਸੂਖ = ਸੁਖ ਸਰੂਪ ਦੀ ਪ੍ਰਾਪਤੀ ਹੁੰਦੀ ਹੈ **ਵਾ:** ਜੋ ਵੀ ਪਰਮੇਸ਼ਰ ਤਾਈਂ ਰਸ = ਪ੍ਰੇਮ ਕਰੇਗਾ, ਉਸ ਨੂੰ ਸਹਜ ਸੂਖ = ਅਚੁਤ ਸੁੱਖ ਰੂਪ ਪਰਮੇਸ਼ਰ ਦਾ ਮਹਾ ਅਨੰਦਾ = ਵੱਡਾ ਬ੍ਰਹਮਾਨੰਦ ਪ੍ਰਾਪਤ ਹੋਵੇਗਾ।

ਪ੍ਰਭੂ ਦੇ ਭਗਤ ਜਨ ਪਰਮਾਨੰਦਾ = ਪਰਮੇਸ਼ਰ ਦੇ ਨਾਮ ਨੂੰ ਜਪਿ ਜਪਿ = ਜਪ ਜਪ ਕੇ ਜੀਵੇ = ਜਿਉਂਦੇ ਹਨ **ਵਾ:** ਭਗਤ ਜਨ ਮਨ ਬਾਣੀ ਕਰ ਕੇ ਪ੍ਰਭੂ ਨਾਮ ਨੂੰ ਜਪ ਜਪ ਕੇ ਪਰਮਾਨੰਦਾ = ਵੱਡੇ ਅਨੰਦ, ਕੈਵਲ ਮੋਖ ਦੀ ਪ੍ਰਾਪਤੀ ਕਰ ਲੈਂਦੇ ਹਨ॥੨॥

## ਕਾਮ ਕ੍ਰੋਧ ਲੋਭ; ਮਦ ਖੋਏ ॥ ਸਾਧ ਕੈ ਸੰਗਿ; ਕਿਲਬਿਖ ਸਭ ਧੋਏ ॥੩॥

ਉਨ੍ਹਾਂ ਦੇ ਕਾਮ ਕ੍ਰੋਧ ਲੋਭ ਮਦ = ਹੰਕਾਰ ਆਦਿਕ ਖੋਏ = ਨਾਸ ਹੋ ਗਏ, ਗੁਆ ਦਿੱਤੇ ਹਨ। ਅਤੇ ਸਾਧ = ਮਹਾਂਪੁਰਖਾਂ ਕੈ = ਦੇ ਸੰਗਿ = ਨਾਲ ਸਿਮਰਨ ਕਰਨ ਕਰਕੇ **ਵਾ:** ਸਤਿਸੰਗਤ ਕਰਨ ਨਾਲ ਸਭ = ਸਾਰੇ ਕਿਲਬਿਖ = ਪਾਪ ਧੋਏ = ਧੋਤੇ ਗਏ ਹਨ ਭਾਵ ਹਿਰਦਾ ਉੱਜਲ ਹੋ ਗਿਆ ਹੈ॥੩॥

## ਕਰਿ ਕਿਰਪਾ ਪ੍ਰਭ; ਦੀਨ ਦਇਆਲਾ ॥
## ਨਾਨਕ ਦੀਜੈ; ਸਾਧ ਰਵਾਲਾ ॥੪॥੭੫॥੧੪੪॥

ਇਸ ਕਰਕੇ ਬੇਨਤੀ ਕਰੀਏ ਕਿ ਹੇ ਪ੍ਰਭ = ਵਾਹਿਗੁਰੂ ! ਸਾਡੇ 'ਤੇ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰੋ, ਆਪ ਜੀ ਦੀਨ = ਗ਼ਰੀਬਾਂ 'ਤੇ ਦਇਆਲਾ = ਦਇਆਲਤਾ ਕਰਨ ਵਾਲੇ ਹੋ। ਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਸਾਨੂੰ ਆਪਣੇ ਸਾਧ = ਸੰਤਾਂ ਦੀ ਚਰਨ ਰਵਾਲਾ = ਧੂੜੀ ਦੀਜੈ = ਦੇਣਾ ਕਰੋ॥੪॥੭੫॥੧੪੪॥

[ਅੰਗ ੧੯੫]

## ਗਉੜੀ, ਮਹਲਾ ੫ ॥

ਇਸ ਪਾਵਨ ਸ਼ਬਦ ਵਿਚ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਵਾਹਿਗੁਰੂ ਦੇ ਉਪਕਾਰ, ਜੀਵ ਨੂੰ ਚੇਤੇ ਕਰਾਉਂਦੇ ਹੋਏ ਫ਼ੁਰਮਾਉਂਦੇ ਹਨ :

## ਜਿਸ ਕਾ ਦੀਆ; ਪੈਨੈ ਖਾਇ ॥ ਤਿਸੁ ਸਿਉ; ਆਲਸੁ ਕਿਉ ਬਨੈ ਮਾਇ ॥੧॥

ਹੇ ਭਾਈ ! ਜਿਸ ਵਾਹਿਗੁਰੂ ਕਾ = ਦਾ ਦੀਆ = ਦਿੱਤਾ ਹੋਇਆ ਬਸਤਰ ਪੈਨੈ = ਪਹਿਨਦਾ ਹੈਂ ਅਤੇ ਪਦਾਰਥਾਂ ਨੂੰ ਖਾਇ = ਖਾਂਦਾ ਹੈਂ। ਹੇ ਮਾਇ = ਭਾਈ **ਵਾ:** ਮਾਤਾ ਪਿਤਾ ਰੂਪ ਸੰਤ ਜਨੋਂ ! ਫਿਰ ਤਿਸੁ = ਉਸ ਵਾਹਿਗੂਰੂ ਦੇ ਸਿਉ = ਨਾਲ ਆਲਸ = ਘਉਲ ਕਿਉ = ਕਿਵੇਂ ਬਨੈ = ਬਣਦੀ ਹੈ, ਭਾਵ ਜਿਸ ਵਾਹਿਗੁਰੂ ਦੇ ਦਿੱਤੇ ਹੋਏ ਸਭ ਪਦਾਰਥ ਭੋਗ ਰਿਹਾ ਹੈਂ, ਫਿਰ ਉਸ ਦਾ ਨਾਮ ਜਪਣ ਵਿਚ ਆਲਸ ਕਿਸ ਪ੍ਰਕਾਰ ਹੈ, ਭਾਵ ਹਰ ਸਮੇਂ ਉਸ ਦਾ ਨਾਮ ਜਪਣਾ ਚਾਹੀਦਾ ਹੈ॥੧॥

## ਖਸਮੁ ਬਿਸਾਰਿ; ਆਨ ਕੰਮਿ ਲਾਗਹਿ ॥
## ਕਉਡੀ ਬਦਲੇ; ਰਤਨੁ ਤਿਆਗਹਿ ॥੧॥ਰਹਾਉ॥

ਹੇ ਭਾਈ ! ਤੂੰ ਖਸਮੁ = ਮਾਲਕ ਪਰਮੇਸ਼ਰ ਨੂੰ ਬਿਸਾਰਿ = ਭੁਲਾ ਕੇ ਆਨ = ਹੋਰਨਾਂ, ਦ੍ਵੈਤ ਵਾਲੇ ਕੰਮਿ = ਕੰਮਾਂ ਵਿਚ ਲਾਗਹਿ = ਲੱਗਿਆ ਹੋਇਆ ਹੈਂ। ਕਉਡੀ = ਮਾਇਆ ਰੂਪੀ, ਵਿਸ਼ੇ ਸੁਖ ਰੂਪੀ ਕੌਡੀਆਂ ਦੇ ਬਦਲੇ = ਵੱਟੇ ਰਤਨੁ = ਮਾਣਿਕਾਂ ਦੀ ਨਿਆਈਂ ਪਰਮੇਸ਼ਰ ਦੇ ਨਾਮ ਨੂੰ ਤਿਆਗਹਿ = ਛੱਡ ਦਿੱਤਾ ਹੈ॥੧॥ਰਹਾਉ॥

## ਪ੍ਰਭੁ ਤਿਆਗਿ; ਲਾਗਤ ਅਨ ਲੋਭਾ ॥ ਦਾਸਿ ਸਲਾਮੁ ਕਰਤ; ਕਤ ਸੋਭਾ ॥੨॥

ਪ੍ਰਭੁ = ਪਰਮੇਸ਼ਰ ਨੂੰ ਤਿਆਗ = ਛੱਡ ਕੇ ਅਨ = ਹੋਰਨਾਂ ਦ੍ਵੈਤ ਦੇ ਲੋਭਾ = ਲਾਲਚਾਂ ਵਿਚ ਲਾਗਤ = ਲੱਗ ਰਿਹਾ ਹੈਂ।

ਹੇ ਭਾਈ! ਦੱਸ ਖਾਂ ਕਿ ਜਿਵੇਂ ਕੋਈ ਚੱਕ੍ਰਵਰਤੀ ਬਾਦਸ਼ਾਹ ਆਪਣੀ ਦਾਸਿ = ਦਾਸੀ, ਨੌਕਰਾਂ ਨੂੰ ਸਲਾਮੁ = ਨਮਸਕਾਰ ਕਰਤ = ਕਰਦਾ ਕਤ = ਕਿਵੇਂ ਸੋਭਾ = ਵਡਿਆਈ ਪਾਵੇਗਾ ਭਾਵ ਨਹੀਂ ਪਾਵੇਗਾ। ਏਸੇ ਪ੍ਰਕਾਰ ਇਸ ਮਾਇਆ ਰੂਪੀ ਦਾਸਿ = ਦਾਸੀ ਨੂੰ **ਵਾ:** ਦਾਸਿ = ਨੌਕਰਾਂ, ਭਾਵ ਦੇਵੀ ਦੇਵਤਿਆਂ ਨੂੰ ਸਲਾਮੁ = ਪ੍ਰਣਾਮ ਕਰਤ = ਕਰਦਿਆਂ ਤੇਰੀ ਕਤ = ਕਿਵੇਂ ਸੋਭਾ = ਵਡਿਆਈ ਹੋਵੇਗੀ, ਭਾਵ ਨਹੀਂ ਹੋਵੇਗੀ॥੨॥

ਜਿਵੇਂ ਅੰਗਰੇਜ਼ ਰਾਜ ਵੇਲੇ ਫ਼ੌਜੀ ਸਿੰਘ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆ ਕੇ ਸਤਿਗੁਰਾਂ ਨੂੰ ਮੱਥਾ ਟੇਕਦੇ ਤੇ ਆਪਸ ਵਿਚ ਫ਼ਤਹਿ ਬੁਲਾਉਂਦੇ, ਕਈ ਅੰਗਰੇਜ਼ ਅਫ਼ਸਰ ਇਹ ਦੇਖ ਕੇ ਗ਼ੁੱਸੇ ਹੁੰਦੇ ਕਿ ਸਾਨੂੰ ਸਲੂਟ ਕਿਉਂ ਨਹੀਂ ਕਰਦੇ ਤਾਂ ਸਿੰਘ ਅੱਗੋਂ ਆਖਦੇ ਕਿ ਮਹਾਰਾਜ ਦਾ ਹੁਕਮ ਹੈ ਕਿ ਪਾਤਿਸ਼ਾਹ ਦੇ ਹੁੰਦਿਆਂ ਨੌਕਰਾਂ ਨੂੰ ਸਲਾਮ ਕਰਨ ਨਾਲ ਕੀ ਸੋਭਾ ਹੋਵੇਗੀ। ਮਹਾਰਾਜ ਦੇ ਪਾਸ ਬੈਠ ਕੇ ਕਿਸੇ ਨੂੰ ਮੱਥਾ ਟੇਕਣਾ ਯੋਗ ਨਹੀਂ ਹੈ। ਜਦੋਂ ਸਤਿਗੁਰੂ ਸਾਹਿਬ ਜੀ ਦੇ ਅੱਗੇ ਸੀਸ ਝੁਕ ਗਿਆ ਤਾਂ ਸਾਰਿਆਂ ਨੂੰ ਹੀ ਮੱਥਾ ਟੇਕਿਆ ਗਿਆ।

## ਅੰਮ੍ਰਿਤ ਰਸੁ; ਖਾਵਹਿ ਖਾਨ ਪਾਨ ॥
## ਜਿਨਿ ਦੀਏ; ਤਿਸਹਿ ਨ ਜਾਨਹਿ ਸੁਆਨ ॥੩॥

ਅੰਮ੍ਰਿਤ ਰੂਪ ਰਸੁ = ਰਸਾਂ ਨੂੰ ਖਾਵਹਿ = ਖਾਂਦਾ ਤੇ ਪਾਨ = ਪੀਂਦਾ ਹੈ ਅਤੇ ਖਾਨ = ਘਰ ਵਿਚ ਬੜੇ ਅਰਾਮ ਨਾਲ ਰਹਿੰਦਾ ਹੈਂ **ਵਾ:** ਅੰਮ੍ਰਿਤ ਮਈ ਰਸ = ਰਸਦਾਇਕ ਖਾਨ = ਖਾਣਿਆਂ ਨੂੰ ਖਾਵਹਿ = ਖਾਂਦਾ ਅਤੇ ਪਾਨ = ਪੀਂਦਾ ਹੈ। ਹੇ ਭਾਈ! ਜਿਨਿ = ਜਿਸ ਵਾਹਿਗੁਰੂ ਨੇ ਤੈਨੂੰ ਇਤਨਾ ਕੁਝ ਖਾਣ, ਪੀਣ, ਹੰਢਾਉਣ ਵਾਸਤੇ ਦੀਏ = ਦਿੱਤਾ ਹੈ, ਤਿਸਹਿ = ਉਸ ਨੂੰ ਤੂੰ ਸੁਆਨ = ਕੂਕਰ ਵਾਲਾ ਸੁਭਾਅ ਧਾਰਨੇ ਕਰਕੇ ਜਾਨਹਿ = ਜਾਣਦਾ ਹੀ ਨਹੀਂ, ਭਾਵ ਉਸ ਦੇ ਸਿਮਰਨ ਦਾ ਚੇਤਾ ਹੀ ਭੁਲਾਇਆ ਹੋਇਆ ਹੈ॥੩॥

## ਕਹੁ ਨਾਨਕ; ਹਮ ਲੂਣ ਹਰਾਮੀ ॥
## ਬਖਸਿ ਲੇਹੁ; ਪ੍ਰਭ ਅੰਤਰਜਾਮੀ ॥੪॥੭੬॥੧੪੫॥

ਸਤਿਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਹੇ ਭਾਈ! ਉਸ ਵਾਹਿਗੁਰੂ ਦੇ ਅੱਗੇ ਇਹ ਅਰਦਾਸ ਕਹੁ = ਕਹਿਣੀ ਕਰ! ਕਿ ਹੇ ਵਾਹਿਗੁਰੂ! ਹਮ = ਅਸੀਂ ਤਾਂ ਲੂਣ ਹਰਾਮੀ = ਨਮਕ ਹਰਾਮੀ ਹਾਂ, ਭਾਵ ਤੇਰੇ ਦਿੱਤੇ ਹੋਏ ਪਦਾਰਥਾਂ ਨੂੰ ਖਾ, ਹੰਢਾ ਕੇ ਐਵੇਂ ਅਜਾਈਂ ਹੀ ਜੀਵਨ ਬਤੀਤ ਕਰੀ ਜਾਂਦੇ ਹਾਂ।

ਹੇ ਪ੍ਰਭ = ਪਰਮੇਸ਼ਰ ਵਾਹਿਗੁਰੂ ਜੀ! ਤੁਸੀਂ ਤਾਂ ਸਾਰਿਆਂ ਦੇ ਅੰਤਰਜਾਮੀ = ਅੰਦਰ ਦੀ ਜਾਨਣ ਵਾਲੇ ਹੋ, ਕਿਰਪਾ ਕਰਕੇ ਸਾਨੂੰ ਬਖਸਿ = ਬਖ਼ਸ਼ ਲੇਹੁ = ਲੈਣਾ ਕਰੋ॥੪॥੭੬॥੧੪੫॥

## ਗਉੜੀ, ਮਹਲਾ ੫ ॥
## ਪ੍ਰਭ ਕੇ ਚਰਨ; ਮਨ ਮਾਹਿ ਧਿਆਨੁ ॥ ਸਗਲ ਤੀਰਥ; ਮਜਨ ਇਸਨਾਨੁ ॥੧॥

ਹੇ ਭਾਈ! ਪ੍ਰਭ = ਵਾਹਿਗੁਰੂ ਕੇ = ਦੇ ਚਰਨ = ਚਰਣਾਂ ਕਮਲਾਂ ਦਾ ਮਨ = ਹਿਰਦੇ ਮਾਹਿ = ਵਿਚ ਧਿਆਨ = ਖ਼ਿਆਲ, ਚਿੰਤਨ ਕਰ।

ਜਿਸ ਨਾਲ ਸਗਲ = ਸਾਰੇ ਤੀਰਥ = ਪਵਿੱਤਰ ਅਸਥਾਨਾਂ ਦੇ ਜਲ ਵਿਚ ਮਜਨ = ਟੁੱਭੀ ਮਾਰ ਕੇ ਇਸਨਾਨੁ = ਨ੍ਹਾਉਣਾ ਹੋ ਜਾਵੇਗਾ **ਵਾ:** ਸਾਰੇ ਤੀਰਥਾਂ ਦੇ ਮਜਨ = ਪੁਰਬਾਂ ਦੇ ਇਸ਼ਨਾਨ ਹੋ ਜਾਣਗੇ ॥੧॥

## ਹਰਿ ਦਿਨੁ[੧]; ਹਰਿ ਸਿਮਰਨੁ ਮੇਰੇ ਭਾਈ ॥
## ਕੋਟਿ ਜਨਮ ਕੀ; ਮਲੁ ਲਹਿ ਜਾਈ ॥੧॥ਰਹਾਉ॥

ਹੇ ਮੇਰੇ ਭਾਈ = ਭਰਾਵੋ ਹਰਿ = ਹਰੇਕ ਦਿਨ ਹਰਿ = ਪਰਮੇਸ਼ਰ ਦਾ ਸਿਮਰਨੁ = ਭਜਨ ਕਰੋ। ਜਿਸ ਨਾਲ ਕੋਟਿ = ਕ੍ਰੋੜਾਂ ਜਨਮ = ਜਨਮਾਂ ਦੇ ਪਾਪਾਂ ਕੀ = ਦੀ ਮਲੁ = ਮੈਲ ਲਹਿ = ਲੱਥ ਜਾਈ = ਜਾਂਦੀ ਹੈ ॥੧॥ਰਹਾਉ॥

## ਹਰਿ ਕੀ ਕਥਾ; ਰਿਦ ਮਾਹਿ ਬਸਾਈ ॥
## ਮਨ ਬਾਂਛਤ; ਸਗਲੇ ਫਲ ਪਾਈ ॥੨॥

ਜਿਨ੍ਹਾਂ ਨੇ ਹਰਿ = ਪਰਮੇਸ਼ਰ ਕੀ = ਦੀ ਕਥਾ ਰਿਦ = ਹਿਰਦੇ ਮਾਹਿ = ਵਿਚ ਬਸਾਈ = ਵਸਾ ਲਈ ਹੈ। ਉਨ੍ਹਾਂ ਨੇ ਮਨ ਬਾਂਛਤ = ਇੱਛੇ ਸਗਲੇ = ਸਾਰੇ ਫਲ = ਧਰਮ, ਅਰਥ, ਕਾਮ, ਮੋਖ ਆਦਿਕ ਪਾਈ = ਪਾ ਲਏ ਹਨ ॥੨॥

## ਜੀਵਨ ਮਰਣੁ; ਜਨਮੁ ਪਰਵਾਨੁ ॥ ਜਾ ਕੈ ਰਿਦੈ; ਵਸੈ ਭਗਵਾਨੁ ॥੩॥

ਉਨ੍ਹਾਂ ਦਾ ਜੀਵਨ = ਜੀਵਤ-ਭਾਵ ਤੋਂ ਮਰਣੁ = ਮਰਨ ਕਰਕੇ ਮਨੁੱਖਾ ਜਨਮ ਪਰਵਾਨੁ = ਪ੍ਰਵਾਣਨੀਕ ਹੋਇਆ ਹੈ। ਉਨ੍ਹਾਂ ਗੁਰਮੁਖ ਜਨਾਂ ਦਾ ਜਿਊਂਦਿਆਂ ਦਾ ਵੀ ਜਨਮ ਪ੍ਰਵਾਣ ਹੈ ਅਤੇ ਜੇ ਸਰੀਰ ਛੱਡ ਜਾਂਦੇ ਹਨ ਤਾਂ ਵੀ ਉਨ੍ਹਾਂ ਦਾ ਜੀਵਨ ਪ੍ਰਵਾਣ ਹੈ।

ਜਾ = ਜਿਨ੍ਹਾਂ ਕੈ = ਦੇ ਰਿਦੈ = ਹਿਰਦੇ ਵਿਚ ਭਗਵਾਨੁ = ਖਟ ਭਗਾਂ ਸੰਪੰਨ ਪਰਮੇਸ਼ਰ ਵਸੈ = ਵਸਦਾ ਹੈ ॥੩॥

## ਕਹੁ ਨਾਨਕ; ਸੇਈ ਜਨ ਪੂਰੇ ॥
## ਜਿਨਾ ਪਰਾਪਤਿ; ਸਾਧੂ ਧੂਰੇ ॥੪॥੭੭॥੧੪੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੇਈ = ਉਹੀ ਜਨ = ਪੁਰਸ਼ ਸੰਸਾਰ ਵਿਚ ਪੂਰੇ = ਪੂਰਨ ਹਨ **ਵਾ:** ਸ਼ੁਭ ਗੁਣਾਂ ਕਰ ਕੇ ਪੂਰਨ ਹਨ।

ਜਿਨਾ = ਜਿਨ੍ਹਾਂ ਨੂੰ ਸਾਧੂ = ਮਹਾਂਪੁਰਸ਼ਾਂ ਦੇ ਚਰਨਾਂ ਦੀ ਧੂਰੇ = ਧੂੜ ਪਰਾਪਤਿ = ਮਿਲੀ ਹੈ ॥੪॥੭੭॥੧੪੬॥

## ਗਉੜੀ, ਮਹਲਾ ੫ ॥

ਇਸ ਪਾਵਨ ਸ਼ਬਦ ਵਿਚ ਸਤਿਗੁਰੂ ਸਾਹਿਬ ਜੀ ਸਾਕਤ ਪੁਰਸ਼ਾਂ ਦੀ ਦਸ਼ਾ ਦਾ ਵਰਣਨ ਕਰਦੇ ਹਨ :

## ਖਾਦਾ ਪੈਨਦਾ; ਮੂਕਰਿ ਪਾਇ ॥ ਤਿਸ ਨੋ ਜੋਹਹਿ; ਦੂਤ ਧਰਮਰਾਇ ॥੧॥

ਜੋ ਸਾਕਤ ਪੁਰਸ਼ ਪਰਮੇਸ਼ਰ ਦੇ ਦਿੱਤੇ ਹੋਏ, ਪਦਾਰਥਾਂ ਨੂੰ ਖਾਦਾ = ਖਾਂਦਾ ਹੈ ਅਤੇ ਬਸਤਰਾਂ ਨੂੰ ਪੈਨਦਾ = ਪਹਿਨਦਾ ਹੈ, ਫਿਰ ਕਹਿੰਦਾ ਹੈ ਕਿ ਮੈਨੂੰ ਪਰਮੇਸ਼ਰ ਨੇ ਕੀ ਦਿੱਤਾ ਹੈ, ਇਉਂ ਖਾ ਪੀ ਕੇ ਮੂਕਰਿ = ਮੁੱਕਰ ਪਾਇ = ਪੈਂਦਾ ਹੈ, ਮੁੱਕਰ ਜਾਂਦਾ ਹੈ।

ਤਿਸ ਨੋ = ਉਸ ਨੂੰ ਧਰਮਰਾਇ = ਯਮਰਾਜ, ਧਰਮਰਾਜਾ ਦੇ ਦੂਤ ਹਰ ਵੇਲੇ ਬੁਰੀ ਦ੍ਰਿਸ਼ਟੀ ਨਾਲ ਜੋਹਹਿ = ਦੇਖਦੇ ਹਨ **ਵਾ:** ਜੋਹਹਿ = ਤਾੜਦੇ ਹਨ ॥੧॥

---

੧. ਕਈ ਸਰੂਪਾਂ ਵਿਚ ਦਿਨੁ ਦੀ ਥਾਂ ਬਿਨੁ ਪਾਠ ਵੀ ਆਉਂਦਾ ਹੈ ਪਰੰਤੂ ਪਾਠ ਦਿਨੁ ਹੀ ਸ਼ੁੱਧ ਹੈ।

## ਤਿਸੁ ਸਿਉ ਬੇਮੁਖੁ; ਜਿਨਿ ਜੀਉ ਪਿੰਡੁ ਦੀਨਾ ॥
## ਕੋਟਿ ਜਨਮ; ਭਰਮਹਿ ਬਹੁ ਜੂਨਾ ॥੧॥ਰਹਾਉ॥

ਜਿਨਿ = ਜਿਸ ਪਰਮੇਸ਼ਰ ਨੇ ਜੀਉ = ਸੂਖਮ ਸਰੀਰ ਪਿੰਡੁ = ਅਸਥੂਲ ਸਰੀਰ ਆਦਿਕ ਦੀਨਾ = ਦੇਣਾ ਕੀਤੇ ਹਨ। ਤਿਸ = ਉਸ ਪਰਮੇਸ਼ਰ ਦੇ ਸਿਉ = ਨਾਲੋਂ ਸਾਕਤ ਪੁਰਖ ਬੇਮੁਖ = ਉੱਲਟੇ ਮੁੱਖ ਵਾਲਾ ਭਾਵ ਮਨਮੁਖ ਬਣ ਰਿਹਾ ਹੈ ਉਹ ਅਕ੍ਰਿਤਘਨ ਪੁਰਸ਼ ਕੋਟਿ = ਕ੍ਰੋੜਾਂ ਜਨਮ = ਜਨਮਾਂ ਨੂੰ ਧਾਰ ਕੇ ਬਹੁ = ਬਹੁਤੀਆਂ ਜੂਨਾ = ਜੂਨੀਆਂ ਵਿਚ ਭਰਮਹਿ = ਭਰਮਦਾ ਰਹੇਗਾ ॥੧॥ਰਹਾਉ॥

## ਸਾਕਤ ਕੀ; ਐਸੀ ਹੈ ਰੀਤਿ ॥ ਜੋ ਕਿਛੁ ਕਰੈ; ਸਗਲ ਬਿਪਰੀਤਿ ॥੨॥

ਹੇ ਭਾਈ! ਸਾਕਤ = ਸ਼ਕਤੀ ਦੇ ਉਪਾਸ਼ਕ **ਵਾ:** ਕਠੋਰ ਚਿੱਤ ਵਾਲੇ ਪੁਰਖ ਕੀ = ਦੀ ਐਸੀ = ਅਜਿਹੀ ਰੀਤਿ = ਮਰਯਾਦਾ ਹੈ।

ਕਿ ਉਹ ਜੋ ਕਿਛੁ = ਕੁਝ ਭੀ ਕਰੈ = ਕਰਦਾ ਹੈ, ਸਗਲ = ਸਾਰਾ ਵੇਦ ਸ਼ਾਸਤਰਾਂ, ਗੁਰੂ ਦੀ ਬਾਣੀ ਤੋਂ ਬਿਪਰੀਤ = ਉਲਟਾ ਹੀ ਕਰਦਾ ਹੈ ॥੨॥

## ਜੀਉ ਪ੍ਰਾਣ; ਜਿਨਿ ਮਨੁ ਤਨੁ ਧਾਰਿਆ ॥ ਸੋਈ ਠਾਕੁਰੁ; ਮਨਹੁ ਬਿਸਾਰਿਆ ॥੩॥

ਜਿਨਿ = ਜਿਸ ਵਾਹਿਗੁਰੂ ਨੇ ਜੀਉ = ਜ਼ਿੰਦਗੀ ਦਿੱਤੀ ਹੈ, ਪ੍ਰਾਣ = ਸ੍ਵਾਸ ਪਾਏ ਹਨ, ਮਨ = ਸੂਖਮ ਸਰੀਰ ਅਤੇ ਤਨ = ਅਸਥੂਲ ਸਰੀਰ ਆਦਿਕਾਂ ਨੂੰ ਆਪਣੇ ਆਸਰੇ ਧਾਰਿਆ = ਧਾਰਨ ਕੀਤਾ ਹੈ, ਰੱਖਿਆ ਹੈ। ਪਰ ਸਾਕਤ ਪੁਰਸ ਨੇ ਸੋਈ = ਉਸ ਠਾਕੁਰੁ = ਸੁਆਮੀ ਪਰਮੇਸ਼ਰ ਨੂੰ ਆਪਣੇ ਮਨਹੁ = ਮਨ ਵਿੱਚੋਂ ਬਿਸਾਰਿਆ = ਭੁਲਾ ਹੀ ਛੱਡਿਆ ਹੈ ॥੩॥

## ਬਧੇ ਬਿਕਾਰ; ਲਿਖੇ ਬਹੁ ਕਾਗਰ ॥
## ਨਾਨਕ; ਉਧਰੁ ਕ੍ਰਿਪਾ ਸੁਖ ਸਾਗਰ ॥੪॥

('**ਬਧੇ**' ਪੋਲਾ ਉਚਾਰਨਾ ਹੈ)

ਉਸ ਸਾਕਤ ਪੁਰਖ ਦੇ ਇਤਨੇ ਬਿਕਾਰ = ਪਾਪ ਕਰਮ ਹਨ ਕਿ ਚਿੱਤਰ ਗੁਪਤ ਨੇ ਬਹੁ = ਬਹੁਤ ਸਾਰੇ ਕਾਗਰ = ਕਾਗ਼ਜ਼ ਲਿਖੇ = ਲਿਖਣਾ ਕੀਤੇ ਹਨ, ਫੇਰ ਵੀ ਵਿਕਾਰ ਬਧੇ = ਵੱਧ ਗਏ ਹਨ **ਵਾ:** ਬਿਕਾਰੀ ਆਦਮੀ ਬੰਧਨਾਂ ਵਿਚ ਬਧੇ = ਬੱਝ ਜਾਂਦੇ ਹਨ। ਉਸ ਦੇ ਅੰਤਹਰਕਣ ਰੂਪੀ ਕਾਗਰ = ਕਾਗ਼ਜ਼ ਉੱਪਰ ਬਹੁਤ ਸਾਰੇ ਸੰਸਕਾਰਾਂ ਰੂਪੀ ਅੱਖਰ ਲਿਖੇ ਹੋਏ ਹਨ। ਉਸ ਦੇ ਬਹੁਤ ਸਾਰੇ ਪਾਪ ਕਰਮਾਂ ਦੇ ਕਾਗ਼ਜ਼ ਲਿਖੇ ਜਾਂਦੇ ਹਨ, ਉਹ ਸਾਕਤ ਪੁਰਸ਼ ਬਿਕਾਰ = ਵਿਕਾਰਾਂ ਵਿਚ ਹੀ ਲੱਗਣ ਕਰ ਕੇ ਬਧੇ = ਨਾਸ਼ ਹੋ ਜਾਂਦੇ ਹਨ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ! ਸੁਖ = ਸੁੱਖਾਂ ਦੇ ਸਾਗਰ = ਸਮੁੰਦਰ ਪਰਮੇਸ਼ਰ ਦੀ ਕ੍ਰਿਪਾ = ਦਇਆ ਦ੍ਰਿਸ਼ਟੀ ਦੁਆਰਾ ਆਪਣੇ ਆਪ ਨੂੰ ਉਧਰੁ = ਉਧਾਰ ਲੈ।੪। ਅਤੇ ਇਸ ਪ੍ਰਕਾਰ ਬੇਨਤੀ ਕਰ ਕਿ :

## ਪਾਰਬ੍ਰਹਮ; ਤੇਰੀ ਸਰਣਾਇ ॥
## ਬੰਧਨ ਕਾਟਿ; ਤਰੈ ਹਰਿ ਨਾਇ ॥੧॥ਰਹਾਉ ਦੂਜਾ॥੭੮॥੧੪੭॥

ਹੇ ਪਾਰਬ੍ਰਹਮ = ਪਰਮੇਸ਼ਰ! ਮੈਂ ਤਾਂ ਤੇਰੀ = ਤੁਹਾਡੀ ਸਰਣਾਇ = ਸ਼ਰਣ ਵਿਚ ਆਇਆ ਹਾਂ। ਇਸ ਲਈ ਕਿਰਪਾ ਕਰਕੇ ਮੇਰੇ ਜੰਮਣ ਮਰਣ ਆਦਿ ਸਾਰੇ ਬੰਧਨ = ਜੰਜਾਲ ਕਾਟਿ = ਕੱਟਣਾ ਕਰੋ। ਕਿਉਂਕਿ ਤੇਰੇ

ਹਰਿ ਨਾਇ = ਨਾਮ ਨੂੰ ਜਪ ਕਰ ਕੇ ਅਨੇਕਾਂ ਭਗਤ ਜਨ ਸੰਸਾਰ ਸਮੁੰਦਰ ਤੋਂ ਤਰੈ = ਉੱਧਰ ਗਏ ਹਨ **ਵਾ:** ਮੈਨੂੰ ਵੀ ਸੰਸਾਰ ਦੇ ਬੰਧਨਾਂ ਤੋਂ ਤਰੈ = ਤਰਨ ਵਾਸਤੇ ਆਪਣਾ ਹਰਿ ਨਾਇ = ਨਾਮ ਬਖ਼ਸ਼ਣਾ ਕਰੋ ॥੧॥ਰਹਾਉ ਦੂਜਾ॥੭੮॥੧੪੭॥

## ਗਉੜੀ, ਮਹਲਾ ੫ ॥

## ਅਪਨੇ ਲੋਭ ਕਉ; ਕੀਨੋ ਮੀਤੁ ॥ ਸਗਲ ਮਨੋਰਥ; ਮੁਕਤਿ ਪਦੁ ਦੀਤੁ ॥੧॥

ਹੇ ਭਾਈ ! ਜਿਸ ਕਿਸੇ ਨੇ ਵੀ ਅਪਨੇ = ਆਪਣੇ ਲੋਭ = ਲਾਲਚ ਕਉ = ਵਾਸਤੇ ਪਰਮੇਸ਼ਰ ਨੂੰ ਆਪਣਾ ਮੀਤੁ = ਸੱਜਣ ਬਣਾਉਣਾ ਕੀਨੋ = ਕੀਤਾ ਹੈ।

ਪਰਮੇਸ਼ਰ ਨੇ ਉਸ ਦੇ ਸਗਲ = ਸਾਰੇ ਮਨੋਰਥ = ਸੰਕਲਪ ਪੂਰੇ ਕਰ ਦਿੱਤੇ ਹਨ। ਅਤੇ ਫੇਰ ਮੁਕਤਿ = ਮੁਕਤੀ ਦੀ ਪਦੁ = ਪਦਵੀ ਵੀ ਦੀਤੁ = ਦੇ ਦਿੱਤੀ ਹੈ ॥੧॥

**ਸਾਖੀ—ਭਗਤ ਧ੍ਰੂ ਜੀ ਦੀ :** ਜਿਸ ਪ੍ਰਕਾਰ ਭਗਤ ਧ੍ਰੂ ਜੀ ਨੂੰ ਉੱਚ ਪਦਵੀ ਪ੍ਰਾਪਤ ਹੋਈ ਸੀ। ਭਾਗਵਤ ਅਤੇ ਵਿਸ਼ਨੂੰ ਪੁਰਾਣ ਦੇ ਅਨੁਸਾਰ ਭਗਤ ਧ੍ਰੂ ਜੀ ਰਾਜੇ ਉਤਾਨਪਾਦ ਦਾ ਪੁੱਤਰ ਸੀ। ਰਾਜੇ ਉਤਾਨਪਾਦ ਦੀਆਂ ਦੋ ਇਸਤਰੀਆਂ ਸੁਨੀਤਿ ਅਤੇ ਸੁਰੁਚਿ ਸਨ। ਭਗਤ ਧ੍ਰੂ ਜੀ ਦਾ ਜਨਮ ਸੁਨੀਤੀ ਦੇ ਗਰਭ ਤੋਂ ਹੋਇਆ ਅਤੇ ਸੁਰੁਚਿ ਦੇ ਪੇਟੋਂ ਜੋ ਬਾਲਕ ਨੇ ਜਨਮ ਲਿਆ, ਉਸ ਦਾ ਨਾਮ ਉੱਤਮ ਸੀ। ਰਾਜੇ ਦਾ ਸੁਰੁਚਿ ਰਾਣੀ ਨਾਲ ਜ਼ਿਆਦਾ ਪਿਆਰ ਸੀ। ਇਕ ਦਿਨ ਰਾਜੇ ਉਤਾਨਪਾਦ ਨੇ ਆਪਣੀ ਗੋਦੀ ਵਿਚ ਸੁਰੁਚਿ ਰਾਣੀ ਦੇ ਪੁੱਤਰ ਉੱਤਮ ਨੂੰ ਬਿਠਾਇਆ ਹੋਇਆ ਸੀ। ਆਪਣੇ ਭਰਾ ਉੱਤਮ ਨੂੰ ਆਪਣੇ ਪਿਤਾ ਦੀ ਗੋਦੀ ਵਿਚ ਬੈਠਾ ਵੇਖ ਕੇ ਧ੍ਰੂ ਵੀ ਆਪਣੇ ਪਿਤਾ ਦੀ ਗੋਦੀ ਵਿਚ ਜਾ ਬੈਠਾ ਤਾਂ ਸੁਰੁਚਿ ਰਾਣੀ ਨੇ ਚਪੇੜਾਂ ਮਾਰ ਕੇ ਰਾਜੇ ਦੀ ਗੋਦੀ ਵਿੱਚੋਂ ਉਠਾ ਦਿੱਤਾ ਤੇ ਕਿਹਾ ਕਿ ਹੇ ਬਾਲਕ ! ਇਸ ਗੋਦੀ ਵਿਚ ਬੈਠਣ ਦਾ ਅਧਿਕਾਰ ਸਿਰਫ਼ ਮੇਰੇ ਉਦਰ ਤੋਂ ਪੈਦਾ ਹੋਏ ਬਾਲਕ ਦਾ ਹੀ ਹੈ।

ਧ੍ਰੂ ਇਹ ਸੁਣ ਕੇ ਰੋਂਦਾ ਰੋਂਦਾ ਆਪਣੀ ਮਾਂ ਸੁਨੀਤੀ ਦੇ ਕੋਲ ਆ ਕੇ ਗੋਦੀ ਵਿਚ ਬੈਠ ਗਿਆ ਤੇ ਹਉਕੇ ਲੈਂਦਾ ਹੋਇਆ ਕਹਿੰਦਾ ਕਿ ਮਾਂ ! ਮੈਨੂੰ ਦੱਸ ਕਿ ਤੂੰ ਪਟਰਾਣੀ ਹੈਂ ਜਾਂ ਗੋੱਲੀ ਹੈਂ।

ਮਾਂ ਕਹਿਣ ਲੱਗੀ ਕਿ ਹਾਂ ਪੁੱਤਰ ਤੇਰੀ ਮਤਰੇਈ ਮਾਂ ਸੱਚ ਆਖਦੀ ਹੈ। ਤੂੰ ਮੇਰੇ ਜਿਹੀ ਅਭਾਗਣ ਦੇ ਪੇਟ ਵਿੱਚੋਂ ਜੰਮ ਕੇ ਰਾਜ ਸਿੰਘਾਸਨ ’ਤੇ ਕਿਵੇਂ ਬੈਠ ਸਕਦਾ ਹੈਂ ? ਮੈਂ ਜਨਮ ਦੀ ਤਾਂ ਸਵਾਣੀ ਹੀ ਹਾਂ, ਪਰ ਪਰਮਾਤਮਾ ਦੀ ਭਗਤੀ, ਭਜਨ, ਸਿਮਰਨ ਨਾ ਕਰਨ ਕਰਕੇ ਹੋਣ ਗੋੱਲੀਆਂ ਵਰਗੀ ਹੋਈ ਪਈ ਹਾਂ।

ਤਾਂ ਧ੍ਰੂ ਅੱਗੋਂ ਕਹਿੰਦਾ ਹੈ ਕਿ ਹੇ ਮਾਂ ਫਿਰ ਕਿਸ ਉੱਦਮ ਕਰ ਕੇ ਰਾਜ ਗੱਦੀ ਦੀ ਪ੍ਰਾਪਤੀ ਹੋਵੇਗੀ। ਤਾਂ ਮਾਂ ਨੇ ਅੱਗੋਂ ਸਿੱਖਿਆ ਦਿੱਤੀ ਕਿ ਹੇ ਪੁੱਤਰ ਪਰਮੇਸ਼ਰ ਦੀ ਬੰਦਗੀ ਕਰਨ ਕਰ ਕੇ ਹੀ ਸਾਰੇ ਰਾਜ ਭਾਗ ਆਦਿ ਸੁਖ ਪ੍ਰਾਪਤ ਹੁੰਦੇ ਹਨ। ਇਹ ਸੁਣ ਕੇ ਧ੍ਰੂ ਨੇ ਆਪਣੀ ਮਾਤਾ ਦੇ ਪੈਰਾਂ ’ਤੇ ਮੱਥਾ ਟੇਕਿਆ ਤੇ ਬਾਹਰ ਜੰਗਲਾਂ ਵਿਚ ਤਪੱਸਿਆ ਕਰਨ ਲਈ ਚੱਲ ਪਿਆ। ਤਾਂ ਰਸਤੇ ਵਿਚ ਇਸ ਨੂੰ ਨਾਰਦ ਮੁਨੀ ਜੀ ਮਿਲੇ ਤੇ ਉਨ੍ਹਾਂ ਨੇ ਇਸ ਨੂੰ ਨਾਮ ਮੰਤ੍ਰ ਦਾ ਉਪਦੇਸ਼ ਦਿੱਤਾ :

ਧ੍ਰੂ ਨੇ ਮਧੂਵਨ ਵਿਚ ਜਾ ਕੇ ਅਜਿਹਾ ਘੋਰ ਤਪ ਕੀਤਾ ਕਿ ਵਿਸ਼ਨੂੰ ਭਗਵਾਨ ਜੀ ਨੇ ਸਾਖਸ਼ਾਤ, ਪ੍ਰਤੱਖ ਦਰਸ਼ਨ ਦੇ ਕੇ ਧ੍ਰੂ ਭਗਤ ਜੀ ਨੂੰ ਨਿਹਾਲ ਕੀਤਾ ਅਤੇ ਸਾਰੀਆਂ ਕਾਮਨਾਵਾਂ ਵੀ ਪੂਰੀਆਂ ਕੀਤੀਆਂ।

ਫਿਰ ਜਦ ਧ੍ਰੂ ਤਪ ਕਰ ਕੇ ਵਾਪਸ ਆਇਆ ਤਾਂ ਇਸ ਦੇ ਪਿਤਾ ਨੇ ਸਾਰਾ ਰਾਜ ਭਾਗ ਇਸ ਨੂੰ ਦੇ ਦਿੱਤਾ, ਇਸ ਦਾ ਦੂਜਾ ਭਰਾ ਉੱਤਮ, ਜੰਗਲ ਵਿਚ ਸ਼ਿਕਾਰ ਖੇਡਣ ਗਿਆ ਸੀ ਤਾਂ ਉਥੇ ਜੱਛਾਂ ਹੱਥੋਂ ਹੀ ਮਾਰਿਆ ਗਿਆ। ਇਸ ਦੀ ਮਤਰੇਈ ਮਾਂ ਸੁਰੁਚਿ ਆਪਣੇ ਪੁੱਤਰ ਨੂੰ ਭਾਲਣ ਗਈ, ਉਹ ਵੀ ਡੌਂ ਅਗਨੀ ਵਿਚ ਸੜ ਕੇ ਮਰ ਗਈ। ਇਸ ਪ੍ਰਕਾਰ ਧ੍ਰੂ ਨੇ ਨਿਸ਼ਚਿੰਤ ਹੋ ਕੇ ਛੱਤੀ ਹਜ਼ਾਰ (੩੬੦੦੦) ਵਰ੍ਹਾ ਆਗਰੇ

ਦਾ ਰਾਜਾ ਬਣ ਕੇ ਰਾਜ ਕੀਤਾ। ਫਿਰ ਅਚੱਲ ਪਦਵੀ ਨੂੰ ਵੀ ਪ੍ਰਾਪਤ ਹੋਇਆ। ਸਾਰੀ ਦੁਨੀਆਂ ਨੂੰ ਦੱਸ ਦਿੱਤਾ ਕਿ ਭਗਤੀ ਦਾ ਏਡਾ ਵੱਡਾ ਪ੍ਰਤਾਪ ਹੈ।

ਸੋ ਭਾਵ ਕਿ ਧ੍ਰੂ ਨੇ ਆਪਣੇ ਲਾਲਚ ਵਾਸਤੇ ਭਗਵਾਨ ਨੂੰ ਆਪਣਾ ਸੱਜਣ ਮਿੱਤਰ ਬਣਾਇਆ ਸੀ। ਪਰ ਭਗਵਾਨ ਨੇ ਇਸ ਦੇ ਸਾਰੇ ਸੰਕਲਪ ਵੀ ਪੂਰੇ ਕਰ ਦਿੱਤੇ ਤੇ ਮੁਕਤੀ ਦੀ ਪਦਵੀ ਵੀ ਧ੍ਰੂ ਭਗਤ ਦੇ ਤਾਈਂ ਬਖ਼ਸ਼ ਦਿੱਤੀ। ਜੈਸਾ ਕਿ :

**ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ ॥** *(ਮਾਰੂ ਮ: ੫, ਅੰਗ ੯੯੯)*

## ਐਸਾ ਮੀਤੁ; ਕਰਹੁ ਸਭੁ ਕੋਇ ॥
## ਜਾ ਤੇ; ਬਿਰਥਾ ਕੋਇ ਨ ਹੋਇ ॥੧॥ਰਹਾਉ॥

ਹੇ ਭਾਈ! ਐਸਾ = ਇਸ ਤਰ੍ਹਾਂ ਦਾ ਮੀਤੁ = ਮਿੱਤਰ ਅਕਾਲ ਪੁਰਖ ਪਰਮੇਸ਼ਰ ਹੈ, ਉਸ ਨੂੰ ਸਭ ਕੋਇ = ਕੋਈ ਹੀ ਆਪਣਾ ਪਿਆਰਾ ਬਣਾਉਣਾ ਕਰਹੁ = ਕਰੋ। ਜਾ = ਜਿਸ ਵਾਹਿਗੁਰੂ ਦੀ ਸ਼ਰਨ ਵਿਚ ਪੈਣ ਤੇ = ਤੋਂ ਕੋਇ = ਕੋਈ ਵੀ ਬਿਰਥਾ = ਖ਼ਾਲੀ ਨ = ਨਹੀਂ ਹੋਇ = ਹੁੰਦਾ **ਵਾ:** ਕੋਈ ਵੀ ਬਿਰਥਾ = ਪੀੜਾ ਨਹੀਂ ਰਹਿੰਦੀ ॥੧॥ਰਹਾਉ॥

## ਅਪੁਨੈ ਸੁਆਇ; ਰਿਦੈ ਲੈ ਧਾਰਿਆ ॥
## ਦੂਖ ਦਰਦ ਰੋਗ; ਸਗਲ ਬਿਦਾਰਿਆ ॥੨॥

ਹੇ ਭਾਈ! ਜਿਨ੍ਹਾਂ ਨੇ ਅਪੁਨੈ = ਆਪਣੇ ਸੁਆਇ = ਸ੍ਵਾਰਥ ਪ੍ਰਯੋਜਨ ਵਾਸਤੇ ਗੁਰਾਂ ਤੋਂ ਪਰਮੇਸ਼ਰ ਦਾ ਨਾਮ ਲੈ ਕੇ ਰਿਦੈ = ਹਿਰਦੇ ਵਿਚ ਧਾਰਿਆ = ਧਾਰਨ ਕੀਤਾ ਹੈ, ਉਨ੍ਹਾਂ ਦਾ ਜੰਮਣ ਮਰਣ ਦਾ ਦੂਖ = ਦੁੱਖ, ਅਵਿਦਿਆਂ ਦੀਆਂ ਦਰਦ = ਪੀੜਾਂ, ਹਉਮੈ ਦਾ ਰੋਗ ਆਦਿ ਸਗਲ = ਸਾਰੇ ਬਿਦਾਰਿਆ = ਨਾਸ ਕਰ ਦਿੱਤੇ ਹਨ ॥੨॥

## ਰਸਨਾ ਗੀਧੀ; ਬੋਲਤ ਰਾਮ ॥ ਪੂਰਨ ਹੋਏ; ਸਗਲੇ ਕਾਮ ॥੩॥

(**ਗੀਧੀ** ਭਾਰਾ ਬੋਲੋ)

ਜਿਨ੍ਹਾਂ ਦੀ ਰਸਨਾ = ਜੀਭਾ ਰਾਮ = ਪਰਮੇਸ਼ਰ ਦੇ ਬੋਲਤ = ਬੋਲਣ ਵਿਚ ਗੀਧੀ = ਗਿੱਝ ਗਈ ਹੈ, ਤਦਾਕਾਰ ਹੋਈ ਹੈ। ਉਨ੍ਹਾਂ ਦੇ ਸਗਲੇ = ਸਾਰੇ ਕਾਮ = ਕੰਮ, ਮਨੋਰਥ ਪੂਰਨ = ਪੂਰੇ ਹੋਏ = ਹੋ ਗਏ ਹਨ ॥੩॥

## ਅਨਿਕ ਬਾਰ; ਨਾਨਕ ਬਲਿਹਾਰਾ ॥
## ਸਫਲ ਦਰਸਨੁ; ਗੋਬਿੰਦੁ ਹਮਾਰਾ ॥੪॥੭੯॥੧੪੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਅਨਿਕ = ਅਨੇਕਾਂ ਬਾਰ = ਬਾਰੀ ਬਲਿਹਾਰਾ = ਕੁਰਬਾਨ ਜਾਈਏ।

ਹੇ ਭਾਈ! ਜੋ ਹਮਾਰਾ = ਸਾਡਾ ਗੋਬਿੰਦੁ = ਪਰਮੇਸ਼ਰ ਹੈ, ਉਸ ਦਾ ਦਰਸਨੁ = ਦੀਦਾਰ ਸਫਲ = ਸਫਲਾ **ਵਾ:** (ਸ+ਫਲ) ਸ = ਸਹਿਤ ਗਿਆਨ ਫਲ ਦੇ ਹੈ ॥੪॥੭੯॥੧੪੮॥

## ਗਉੜੀ, ਮਹਲਾ ੫ ॥
## ਕੋਟਿ ਬਿਘਨ; ਹਿਰੇ ਖਿਨ ਮਾਹਿ ॥ ਹਰਿ ਹਰਿ ਕਥਾ; ਸਾਧਸੰਗਿ ਸੁਨਾਹਿ ॥੧॥

ਹੇ ਭਾਈ! ਉਨ੍ਹਾਂ ਜਨਾਂ ਦੇ ਕੋਟਿ = ਕ੍ਰੋੜਾਂ ਬਿਘਨ = ਪ੍ਰਤਿਬੰਧ, ਰੁਕਾਵਟਾਂ ਇਕ ਖਿਨ = ਛਿਨ ਮਾਤ੍ਰ

ਮਾਹਿ = ਵਿਚ ਹੀ ਹਿਰੇ = ਨਾਸ ਕਰ ਦਿੱਤੀਆਂ ਹਨ। ਜਿਨ੍ਹਾਂ ਨੇ ਸਾਧਸੰਗਿ = ਸਤਿਸੰਗਤ ਵਿਚ ਮਿਲ ਕਰ ਕੇ ਹਰਿ ਹਰਿ ਪਰਮੇਸ਼ਰ ਦੀ ਕਥਾ ਨੂੰ ਸੁਨਾਹਿ = ਸੁਣਿਆ ਹੈ **ਵਾ:** ਜੋ ਦੂਜਿਆਂ ਨੂੰ ਸੁਨਾਹਿ = ਸੁਣਾਉਂਦਾ ਹੈ ॥੧॥

## ਪੀਵਤ ਰਾਮ ਰਸੁ; ਅੰਮ੍ਰਿਤ ਗੁਣ ਜਾਸੁ ॥
## ਜਪਿ ਹਰਿ ਚਰਣ; ਮਿਟੀ ਖੁਧਿ ਤਾਸੁ ॥੧॥ਰਹਾਉ॥

ਉਹ ਪੁਰਸ਼ ਰਾਮ = ਪਰਮੇਸ਼ਰ ਦੇ ਨਾਮ ਨੂੰ ਰਸੁ = ਪ੍ਰੇਮ ਦੁਆਰਾ ਪੀਵਤ = ਪੀਣਾ ਕਰਦੇ ਹਨ। ਜਿਸ ਵਿਚ ਅੰਮ੍ਰਿਤ = ਅਮਰ ਕਰਨ ਵਾਲਾ, ਮੁਕਤੀ ਕਰਨ ਵਾਲਾ, ਬ੍ਰਹਮ ਗਿਆਨ ਦੇਣ ਵਾਲਾ ਗੁਣ ਹੈ ਅਤੇ ਸਾਰੀ ਦੁਨੀਆਂ ਵਿਚ ਜਿਸ ਦਾ ਉੱਚਾ ਜਾਸੁ = ਜੱਸ ਹੈ।

ਜਿਨ੍ਹਾਂ ਨੇ ਹਰਿ = ਹਰੀ ਦੇ ਚਰਣ = ਚਰਣਾਂ ਕਮਲਾਂ ਨੂੰ ਜਪਿ = ਜਪਣਾ ਕੀਤਾ ਹੈ, ਉਨ੍ਹਾਂ ਦੀ ਆਸਾ ਰੂਪੀ ਖੁਧਿ = ਭੁੱਖ ਅਤੇ ਤਾਸੁ = ਤ੍ਰਿਸ਼ਨਾ ਆਦਿ ਸਭ ਮਿਟੀ = ਮਿਟ ਗਈ ਹੈ ॥੧॥ਰਹਾਉ॥

## ਸਰਬ ਕਲਿਆਣ; ਸੁਖ ਸਹਜ ਨਿਧਾਨ ॥ ਜਾ ਕੈ ਰਿਦੈ; ਵਸਹਿ ਭਗਵਾਨ ॥੨॥

ਉਨ੍ਹਾਂ ਨੂੰ ਸਰਬ = ਸਾਰੀਆਂ ਕਲਿਆਣ = ਮੁਕਤੀਆਂ ਸਲੋਕ, ਸਮੀਪ ਸਾਯੁਜ, ਸਰੂਪ, ਕੈਵਲ ਆਦਿ ਪ੍ਰਾਪਤ ਹੋ ਗਈਆਂ ਹਨ ਅਤੇ ਸਹਜ = ਸਹਿਜੇ ਹੀ ਸੁਖ = ਸੁੱਖਾਂ ਦਾ ਨਿਧਾਨ = ਖ਼ਜ਼ਾਨਾ ਪਰਮੇਸ਼ਰ ਪ੍ਰਾਪਤ ਹੋ ਗਿਆ ਹੈ।

ਜਾ = ਜਿਨ੍ਹਾਂ ਕੈ = ਦੇ ਰਿਦੈ = ਹਿਰਦੇ ਵਿਚ ਭਗਵਾਨ = ਪਰਮੇਸ਼ਰ ਵਸਹਿ = ਵੱਸ ਜਾਂਦਾ ਹੈ ॥੨॥

**[ਅੰਗ ੧੯੬]**

## ਅਉਖਧ ਮੰਤ੍ਰ ਤੰਤ; ਸਭਿ ਛਾਰੁ ॥ ਕਰਣੈਹਾਰੁ; ਰਿਦੇ ਮਹਿ ਧਾਰੁ ॥੩॥

ਹੇ ਭਾਈ! ਇਹ ਅਉਖਧ = ਦਵਾਈ, ਮੰਤ੍ਰ = ਸ਼ਬਦ ਆਦਿ ਪੜ੍ਹਨੇ ਅਤੇ ਤੰਤ = ਮਉਲੀ ਵਿਚ ਛੇ, ਸੱਤ ਗੰਢਾਂ ਦੇ ਕੇ ਟੂਣਾ ਆਦਿ ਕਰਨਾ, ਇਹ ਸਭਿ = ਸਾਰਾ ਅੰਤ ਨੂੰ ਛਾਰੁ = ਸੁਆਹ ਹੀ ਹੋ ਜਾਣਾ ਹੈ, ਕੋਈ ਨਾਲ ਨੂੰ ਨਹੀਂ ਜਾਣਾ। ਇਸ ਕਰਕੇ ਸਾਰੇ ਜਗਤ ਨੂੰ ਪੈਦਾ ਕਰਣੈਹਾਰੁ = ਕਰਨ ਵਾਲੇ ਪਰਮੇਸ਼ਰ ਨੂੰ ਰਿਦ = ਹਿਰਦੇ ਦੇ ਮਹਿ = ਵਿਚ ਧਾਰੁ = ਧਾਰਨਾ ਕਰੋ ॥੩॥

## ਤਜਿ ਸਭਿ ਭਰਮ; ਭਜਿਓ ਪਾਰਬ੍ਰਹਮੁ ॥
## ਕਹੁ ਨਾਨਕ; ਅਟਲ ਇਹੁ ਧਰਮੁ ॥੪॥੮੦॥੧੪੯॥

ਸਭਿ = ਸਾਰੇ ਭਰਮ = ਵਹਿਮਾਂ ਨੂੰ ਤਜਿ = ਛੱਡ ਕੇ ਪਾਰਬ੍ਰਹਮ = ਪਰਮੇਸ਼ਰ ਨੂੰ ਭਜਿਓ = ਸਿਮਰਨਾ ਕਰੋ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਹੋ ਹੀ ਅਟਲ = ਨਾ ਟਲਣ ਵਾਲਾ ਧਰਮੁ = ਪੁੰਨ ਹੈ ॥੪॥੮੦॥੧੪੯॥

## ਗਉੜੀ, ਮਹਲਾ ੫ ॥
## ਕਰਿ ਕਿਰਪਾ; ਭੇਟੇ ਗੁਰ ਸੋਈ ॥ ਤਿਤੁ ਬਲਿ; ਰੋਗੁ ਨ ਬਿਆਪੈ ਕੋਈ ॥੧॥

ਜਿਨ੍ਹਾਂ ਦੇ ਉੱਪਰ ਵਾਹਿਗੁਰੂ ਨੇ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰੀ ਹੈ, ਉਨ੍ਹਾਂ ਨੂੰ ਸੋਈ = ਉਹੀ ਪਰਮੇਸ਼ਰ ਸਰੂਪ ਗੁਰ = ਸਤਿਗੁਰੂ ਸਾਹਿਬ ਜੀ ਭੇਟੇ = ਮਿਲੇ ਹਨ **ਵਾ:** ਪੂਰਬਲੇ ਪੁੰਨਾਂ ਦੇ ਪ੍ਰੇਰੇ ਹੋਏ ਪਰਮੇਸ਼ਰ ਨੇ ਕਿਰਪਾ ਕਰਿ = ਕਰ ਕੇ ਗੁਰ = ਸਤਿਗੁਰਾਂ ਦੇ ਨਾਲ ਭੇਟੇ = ਮੇਲਣਾ ਕੀਤਾ।

ਤਿਤੁ = ਤਿਨ੍ਹਾਂ ਦੇ ਬਲਿ = ਸ਼ਕਤੀ ਕਰਕੇ ਕਿਸੇ ਪ੍ਰਕਾਰ ਦਾ ਕੋਈ ਰੋਗ ਆਦਿ ਨਹੀਂ

ਬਿਆਪੈ = ਵਿਆਪਦਾ **ਵਾ:** ਸਤਿਗੁਰਾਂ ਦੇ ਬਿਬੇਕ ਰੂਪ ਬਲਿ = ਜ਼ੋਰ ਕਰਕੇ ਹੰਕਾਰ ਆਦਿਕ ਕੋਈ ਵੀ ਰੋਗ ਨ = ਨਹੀਂ ਬਿਆਪੈ = ਵਿਆਪਦਾ, ਲੱਗਦਾ ॥੧॥

## ਰਾਮ ਰਮਣ; ਤਰਣ ਭੈ ਸਾਗਰ ॥
## ਸਰਣਿ ਸੂਰ; ਫਾਰੇ ਜਮ ਕਾਗਰ ॥੧॥ਰਹਾਉ॥

ਜੋ ਰਾਮ = ਪਰਮੇਸ਼ਰ ਦਾ ਰਮਣ = ਉਚਾਰਨ ਕਰਦਾ ਹੈ, ਉਹ ਭੈ = ਡਰ, ਭੈਦਾਇਕ ਸੰਸਾਰ ਸਾਗਰ = ਸਮੁੰਦਰ ਤੋਂ ਤਰਣ = ਤਰ ਜਾਂਦਾ ਹੈ।

ਸਤਿਗੁਰੂ ਜੀ ਆਪਣੀ ਸਰਣਿ = ਓਟ ਆਇਆਂ ਨੂੰ ਰੱਖਣ ਵਾਸਤੇ ਸੂਰ = ਸੂਰਬੀਰ ਹਨ, ਉਹ ਜਮ = ਜਮਾਂ ਦੇ ਲੇਖੇ ਵਾਲੇ ਕਾਗਰ = ਕਾਗ਼ਜ਼ ਵੀ ਫਾਰੇ = ਪਾੜ ਦਿੰਦੇ ਹਨ ॥੧॥ਰਹਾਉ॥

## ਸਤਿਗੁਰਿ ਮੰਤ੍ਰੁ ਦੀਓ; ਹਰਿ ਨਾਮ ॥ ਇਹ ਆਸਰ; ਪੂਰਨ ਭਏ ਕਾਮ ॥੨॥

ਸਤਿਗੁਰਿ = ਗੁਰੂ ਸਾਹਿਬ ਜੀ ਨੇ ਤਾਂ ਹਰਿ = ਪਰਮੇਸ਼ਰ ਦੇ ਨਾਮ ਦਾ ਹੀ ਆਪਣੇ ਸਿੱਖਾਂ ਨੂੰ ਮੰਤ੍ਰ = ਉਪਦੇਸ਼ ਦੀਓ = ਦੇਣਾ ਕੀਤਾ ਹੈ। ਇਹ = ਇਸ ਨਾਮ ਮੰਤ੍ਰ ਦੇ ਆਸਰ = ਆਸਰੇ ਉਨ੍ਹਾਂ ਦੇ ਲੋਕ ਪਰਲੋਕ ਦੇ ਸਾਰੇ ਕਾਮ = ਕੰਮ ਪੂਰਨ = ਪੂਰੇ ਭਏ = ਹੋ ਗਏ ਹਨ ॥੨॥

## ਜਪ ਤਪ ਸੰਜਮ; ਪੂਰੀ ਵਡਿਆਈ ॥ ਗੁਰ ਕਿਰਪਾਲ; ਹਰਿ ਭਏ ਸਹਾਈ ॥੩॥

ਉਨ੍ਹਾਂ ਦਾ ਹੀ ਜਪ = ਜੋ ਬਾਣੀ ਕਰਕੇ ਆਰਾਧਨ ਕਰਨਾ ਸੀ, ਤਪ = ਜੋ ਸਰੀਰ ਕਰ ਕੇ ਕਰਨਾ ਸੀ ਅਤੇ ਸੰਜਮ = ਇੰਦ੍ਰੀਆਂ ਦਾ ਦਮਨ ਕਰਨਾ ਸੀ ਅਤੇ ਉਨ੍ਹਾਂ ਨੂੰ ਹੀ ਪੂਰੀ = ਪੂਰਨ ਬ੍ਰਹਮ ਵਿਦਿਆ ਦੀ ਪ੍ਰਾਪਤੀ ਕਰ ਕੇ ਜੀਵਨ ਮੁਕਤ ਦੀ ਵਡਿਆਈ ਪ੍ਰਾਪਤ ਹੋਈ ਹੈ।

ਜਪ = ਇਹ ਤਿੰਨ ਪ੍ਰਕਾਰ ਦਾ ਹੁੰਦਾ ਹੈ।

੧. ਸਾਂਤਕੀ = ਮਨ ਦਾ ਬਿਸ੍ਰਾਮ ਪਾ ਜਾਣਾ।
੨. ਰਾਜਸੀ = ਇੰਦ੍ਰੀਆਂ ਨੂੰ ਦਮਨ ਕਰ ਕੇ ਮਨ ਦਾ ਫੁਰਨਾ ਨਾ ਰੋਕਣਾ।
੩. ਤਾਮਸੀ = ਕਿਸੇ ਨੂੰ ਮਾਰਨ ਵਾਸਤੇ ਜਾਪ ਕਰਨਾ।

ਤਪ = ਇਹ ਵੀ ਤਿੰਨ ਪ੍ਰਕਾਰ ਦਾ ਹੈ।

੧. ਸਾਂਤਕੀ = ਚਿੱਤ ਦੀ ਇਕਾਗਰਤਾ ਕਰਨੀ।
੨. ਰਾਜਸੀ = ਇੰਦ੍ਰੀਆਂ ਦਾ ਦਮਨ ਕਰ ਕੇ ਰੱਖਣਾ।
੩. ਤਾਮਸੀ = ਜਲਧਾਰਾ ਕਰਨੇ, ਧੂਣੀਆਂ ਤਾਉਣੀਆਂ, ਵਰਤ ਰੱਖਣੇ ਆਦਿ।

ਜਿਨ੍ਹਾਂ ਉੱਪਰ ਗੁਰ = ਸਤਿਗੁਰੂ ਸਾਹਿਬ ਜੀ ਕਿਰਪਾਲ = ਕ੍ਰਿਪਾਲੂ ਹੁੰਦੇ ਹਨ ਉਨ੍ਹਾਂ ਦੇ ਤਾਂ ਹਰਿ = ਅਕਾਲ ਪੁਰਖ ਜੀ ਆਪ ਲੋਕ ਪ੍ਰਲੋਕ ਵਿਚ ਸਹਾਈ = ਸਹਾਇਕ ਭਏ = ਹੋਏ ਹਨ ॥੩॥

## ਮਾਨ ਮੋਹ ਖੋਏ; ਗੁਰਿ ਭਰਮ ॥
## ਪੇਖੁ ਨਾਨਕ; ਪਸਰੇ ਪਾਰਬ੍ਰਹਮ ॥੪॥੯੧॥੧੫੦॥

ਗੁਣਾਂ ਦਾ ਮਾਨ = ਹੰਕਾਰ, ਸਰੀਰਾਂ ਅਤੇ ਪਦਾਰਥਾਂ ਆਦਿ ਦਾ ਮੋਹ = ਸਨੇਹ ਅਤੇ ਸਰੂਪ ਦਾ ਭਰਮ = ਭੁਲੇਖਾ ਆਦਿ ਸਾਰੇ ਗੁਰਿ = ਸਤਿਗੁਰਾਂ ਨੇ ਖੋਏ = ਖੋਹ ਦਿੱਤੇ ਹਨ, ਮੇਟ ਦਿੱਤੇ ਹਨ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਉਨ੍ਹਾਂ ਨੇ ਪਾਰਬ੍ਰਹਮ = ਪਰਮੇਸ਼ਰ ਨੂੰ ਹੀ ਸਾਰੇ ਪਸਰੇ = ਫੈਲਿਆ ਹੋਇਆ ਪੇਖੁ = ਵੇਖਣਾ ਕੀਤਾ ॥੪॥੯੧॥੧੫੦॥

## ਗਉੜੀ, ਮਹਲਾ ੫ ॥
## ਬਿਖੈ ਰਾਜ ਤੇ; ਅੰਧੁਲਾ ਭਾਰੀ ॥
## ਦੁਖਿ ਲਾਗੈ; ਰਾਮ ਨਾਮੁ ਚਿਤਾਰੀ ॥੧॥

ਬਿਖੈ = ਵਿਸ਼ਈ ਰਾਜ = ਰਾਜੇ ਤੇ = ਤੋਂ ਤਾਂ ਅੰਧੁਲਾ = ਅੰਨ੍ਹਾ ਮਨੁੱਖ ਭਾਰੀ = ਵੱਡਾ ਹੈ। ਕਿਉਂਕਿ ਜਦੋਂ ਅੰਨ੍ਹੇ ਮਨੁੱਖ ਨੂੰ ਕੋਈ ਠੋਕਰ ਵੱਜਣ ਦੇ ਕਾਰਨ ਕੋਈ ਦੁਖਿ = ਕਸ਼ਟ ਲਾਗੈ = ਲੱਗਦਾ ਹੈ ਤਾਂ ਉਹ ਰਾਮ = ਪਰਮੇਸ਼ਰ ਦੇ ਨਾਮ ਨੂੰ ਚਿਤਾਰੀ = ਚੇਤੇ ਕਰਦਾ ਹੈ **ਵਾ:** ਵਿਸ਼ਈ ਰਾਜੇ ਨੂੰ ਰਾਮ ਦਾ ਨਾਮ ਚਿਤਾਰੀ = ਚੇਤੇ ਕਰਨਾ ਦੁਖਿ = ਦੁਖ ਵਾਂਗੂੰ ਲਾਗੈ = ਲੱਗਦਾ ਹੈ **ਅਥਵਾ** ਜਿੰਨਾ ਚਿਰ ਤਕ ਜੀਵ ਦੇ ਤਾਈਂ ਬਿਖੈ = ਵਿਸ਼ਿਆਂ ਨੇ ਰਾਜ = ਜਿੱਤਿਆ ਹੋਇਆ ਹੈ, ਉਤਨਾ ਚਿਰ ਇਹ ਬੜਾ ਭਾਰੀ = ਵੱਡਾ ਅਗਿਆਨ ਕਰ ਕੇ ਅੰਧੁਲਾ = ਅੰਨ੍ਹਾ ਹੈ। ਜੇ ਇਸ ਕੋਲ ਕੋਈ ਰਾਮ = ਪਰਮੇਸ਼ਰ ਦਾ ਨਾਮ ਚਿਤਾਰੀ = ਚਿਤਾਰੇ, ਉਚਾਰਨ ਕਰੇ ਤਾਂ ਇਸ ਨੂੰ ਦੁਖ ਲਾਗੈ = ਲੱਗਦਾ ਹੈ **ਅਥਵਾ** ਜਿਨ੍ਹਾਂ ਨੂੰ ਅੰਦਰੋਂ ਰਾਜ = ਗਿਆਨ ਦਾ ਬਿਖੈ = ਵਿਸ਼ਾ ਪ੍ਰਾਪਤ ਹੋਇਆ ਹੈ **ਵਾ:** ਜਿਨ੍ਹਾਂ ਨੇ ਬਿਖੈ = ਵਿਸ਼ਿਆਂ ਦੇ ਰਾਜ = ਭੇਤ ਨੂੰ ਜਾਣ ਲਿਆ ਹੈ, ਉਹ ਅਗਿਆਨ ਕਰਕੇ ਅੰਧੁਲਾ = ਅੰਨ੍ਹੇ ਪੁਰਸ਼ਾਂ ਤੋਂ ਭਾਰੀ = ਵੱਡੇ ਹਨ **ਵਾ:** ਅੰਨਵੈ ਕਰਕੇ ਜਿਹੜਾ ਮਨੁੱਖ ਬਿਖੈ = ਵਿਸ਼ਿਆਂ ਵਿਚ ਅੰਧੁਲਾ = ਅੰਨ੍ਹਾ ਹੋਇਆ ਹੈ, ਉਸ ਤੇ = ਨਾਲੋਂ ਰਾਜ = ਗਿਆਨ ਦੇ ਪ੍ਰਕਾਸ਼ ਵਾਲੇ ਬ੍ਰਹਮ ਗਿਆਨੀ ਬਹੁਤ ਭਾਰੀ ਵੱਡੇ ਹਨ, ਭਾਵ ਉਨ੍ਹਾਂ ਨੇ ਜੀਵਨ ਮੁਕਤੀ ਦੇ ਅਨੰਦ ਨੂੰ ਪ੍ਰਾਪਤ ਕੀਤਾ ਹੈ। ਰਾਮ ਦਾ ਨਾਮ ਚਿਤਾਰੀ = ਚਿਤਾਰਨੇ ਕਰਕੇ ਉਨ੍ਹਾਂ ਤੋਂ ਦੁਖਿ = ਦੁਖ ਲਾਗੈ = ਪਰ੍ਹੇ ਹੋ ਗਏ **ਵਾ:** ਜਿਨ੍ਹਾਂ ਨੂੰ ਦੁਖ ਲਾਗੈ = ਲੱਗਾ ਹੋਇਆ ਸੀ, ਉਨ੍ਹਾਂ ਨੇ ਰਾਮ = ਪਰਮੇਸ਼ਰ ਦੇ ਨਾਮ ਦੁਆਰਾ (ਚਿਤ+ਆਰੀ) ਆਰੀ = ਵੈਰੀ, ਭਾਵ ਦੁੱਖਾਂ ਨੂੰ ਚਿਤ ਕਰ ਦਿੱਤਾ ਹੈ, ਨਾਸ ਕਰ ਦਿੱਤਾ ਹੈ ॥੧॥

## ਤੇਰੇ ਦਾਸ ਕਉ; ਤੁਹੀ ਵਡਿਆਈ ॥
## ਮਾਇਆ ਮਗਨੁ; ਨਰਕਿ ਲੈ ਜਾਈ ॥੧॥ਰਹਾਉ॥

ਹੇ ਵਾਹਿਗੁਰੂ ! ਤੇਰੇ = ਤੁਹਾਡੇ ਦਾਸ = ਸੇਵਕਾਂ ਕਉ = ਨੂੰ ਤੁਹੀ = ਤੁਸੀਂ ਹੀ ਜੀਵਨ ਮੁਕਤੀ ਆਦਿ ਦੀਆਂ ਵਡਿਆਈ = ਵਡਿਆਈਆਂ ਦੇਣ ਵਾਲੇ ਹੋ। ਜਿਹੜੇ ਜੀਵ ਮਾਇਆ ਦੇ ਵਿਚ ਮਗਨੁ = ਮਸਤ ਰਹਿੰਦੇ ਹਨ, ਉਨ੍ਹਾਂ ਨੂੰ ਮਾਇਆ ਦਾ ਮੋਹ ਹੀ ਨਰਕਿ = ਨਰਕਾਂ ਵੱਲ ਲਈ ਜਾਈ = ਜਾਂਦਾ ਹੈ ॥੧॥ਰਹਾਉ॥

## ਰੋਗ ਗਿਰਸਤ; ਚਿਤਾਰੇ ਨਾਉ ॥
## ਬਿਖੁ ਮਾਤੇ ਕਾ; ਠਉਰ ਨ ਠਾਉ ॥੨॥

(**ਗਿ-ਰਸਤ**, **ਮੱਤੇ** ਅੱਧਕ ਸਹਿਤ ਉਚਾਰਨ ਕਰਨਾ ਹੈ)

ਜੋ ਪੁਰਸ਼ ਰੋਗ = ਬਿਮਾਰੀ ਆਦਿ ਦਾ ਗਿਰਸਤ = ਗ੍ਰਸਿਆ ਹੋਇਆ ਹੈ, ਜੇਕਰ ਉਹ ਪਰਮੇਸ਼ਰ ਦੇ ਨਾਉ = ਨਾਮ ਨੂੰ ਚਿਤਾਰੇ = ਚੇਤੇ ਕਰ ਲਵੇ ਤਾਂ ਬਹੁਤ ਹੀ ਚੰਗਾ ਹੈ, ਭਾਵ ਉਸ ਦੇ ਰੋਗ ਨਵਿਰਤ ਹੋ ਜਾਂਦੇ ਹਨ **ਵਾ:** ਇਹ ਜੀਵ ਅਹੰਕਾਰ ਆਦਿਕ ਰੋਗਾਂ ਨਾਲ ਗਿਰਸਤ = ਗ੍ਰਸਿਆ ਹੋਇਆ ਹੈ। ਜੇਕਰ ਪਰਮੇਸ਼ਰ ਦੇ ਨਾਉ = ਨਾਮ ਨੂੰ ਚਿਤਾਰੇ = ਚੇਤੇ ਕਰ ਲਵੇ ਤਾਂ ਇਹ ਰੋਗਾਂ ਨੂੰ ਗ੍ਰਸ ਲੈਂਦਾ ਹੈ, ਭਾਵ ਨਾਸ ਕਰ ਦਿੰਦਾ ਹੈ।

ਜੋ ਬਿਖੁ = ਵਿਸ਼ਿਆਂ ਵਿਚ ਮਾਤੇ = ਮਸਤ ਹਨ, ਉਨ੍ਹਾਂ ਕਾ = ਦਾ ਨਾ ਹੀ ਇਸ ਲੋਕ ਵਿਚ ਠਉਰ = ਥਾਂ ਹੈ ਅਤੇ ਨਾ ਹੀ ਪਰਲੋਕ ਵਿਚ ਕੋਈ ਠਾਉ = ਅਸਥਾਨ ਹੈ **ਵਾ:** ਉਨ੍ਹਾਂ ਨੂੰ ਸਾਧ ਸੰਗਤ ਵਿਚ (ਕਾ ਠਉਰ) ਕਾ = ਕੀ ਜਗ੍ਹਾ ਮਿਲਣੀ ਸੀ, ਉਨ੍ਹਾਂ ਲਈ ਤਾਂ ਮਨੁੱਖਾ ਜਨਮ ਰੂਪੀ ਵੀ ਠਾਉ = ਥਾਂ ਨਹੀਂ ਹੈ ॥੨॥

**ਚਰਨ ਕਮਲ ਸਿਉ; ਲਾਗੀ ਪ੍ਰੀਤਿ ॥ ਆਨ ਸੁਖਾ; ਨਹੀ ਆਵਹਿ ਚੀਤਿ ॥੩॥**

ਜਿਨ੍ਹਾਂ ਗੁਰਮੁਖ ਜਨਾਂ ਦੀ ਵਾਹਿਗੁਰੂ ਦੇ ਚਰਣਾਂ ਕਮਲਾਂ ਸਿਉ = ਨਾਲ ਪ੍ਰੀਤਿ = ਪ੍ਰੀਤੀ ਲਾਗੀ = ਲੱਗੀ ਹੈ। ਉਨ੍ਹਾਂ ਨੂੰ ਆਨ = ਹੋਰ ਵਿਸ਼ੇ ਆਦਿ ਦੇ ਸੁਖਾ = ਸੁਖ ਚੀਤਿ = ਚੇਤੇ ਵੀ ਨਹੀਂ ਆਵਹਿ = ਆਉਂਦੇ, ਭਾਵ ਹਰ ਵੇਲੇ ਪਰਮੇਸ਼ਰ ਵਿਚ ਜੁੜੇ ਰਹਿੰਦੇ ਹਨ ॥੩॥

**ਸਦਾ ਸਦਾ; ਸਿਮਰਉ ਪ੍ਰਭ ਸੁਆਮੀ ॥**
**ਮਿਲੁ ਨਾਨਕ; ਹਰਿ ਅੰਤਰਜਾਮੀ ॥੪॥੮੨॥੧੫੧॥**

ਹੇ ਭਾਈ ! ਸਦਾ ਸਦਾ = ਹਮੇਸ਼ਾਂ ਹਮੇਸ਼ਾਂ, ਹਰ ਵਖਤ ਸਾਰਿਆਂ ਦੇ ਸੁਆਮੀ = ਮਾਲਕ ਪ੍ਰਭ = ਪਰਮੇਸ਼ਰ ਦਾ ਸਿਮਰਉ = ਸਿਮਰਨ ਕਰੋ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਹਰਿ = ਵਾਹਿਗੁਰੂ ਤੁਹਾਡੇ ਤਾਈਂ ਮਿਲੁ = ਮਿਲ ਪਵੇਗਾ ॥੪॥੮੨॥੧੫੧॥

## ਗਉੜੀ, ਮਹਲਾ ੫ ॥

**ਆਠ ਪਹਰ; ਸੰਗੀ ਬਟਵਾਰੇ ॥ ਕਰਿ ਕਿਰਪਾ; ਪ੍ਰਭਿ ਲਏ ਨਿਵਾਰੇ ॥੧॥**

ਜਿਹੜੇ ਕਾਮ ਕ੍ਰੋਧ ਆਦਿਕ ਆਸੁਰੀ ਸੰਪਦਾ ਰੂਪੀ ਬਟਵਾਰੇ = ਡਾਕੂ ਆਠ ਪਹਰ = ਅੱਠੇ ਪਹਰ, ਰਾਤ ਦਿਨ ਸੰਗੀ = ਸਾਥੀ ਬਣ ਕੇ ਰਹਿੰਦੇ ਸਨ, ਭਾਵ ਕਾਮਾਦਿਕ ਡਾਕੂ, ਸ਼ੁਭ ਗੁਣਾਂ ਰੂਪੀ ਬਟ = ਰਸਤੇ ਉੱਪਰ ਤੁਰੀ ਜਾਂਦੀ ਬਿਰਤੀ ਨੂੰ, ਇੰਦ੍ਰੀਆਂ ਰੂਪੀ ਦਰਵਾਜ਼ਿਆਂ ਰਾਹੀਂ ਪ੍ਰਵੇਸ਼ ਹੋ ਕੇ, ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਵਿਸ਼ਿਆਂ ਵਿਚ ਲਾਉਣ ਰੂਪ, ਬੇਮੁਖ ਕਰਨ ਰੂਪ ਲੁੱਟ ਲੈਂਦੇ ਸਨ। ਪ੍ਰਭਿ = ਅਕਾਲ ਪੁਰਖ ਨੇ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰ ਕੇ ਇਨ੍ਹਾਂ ਕਾਮਾਦਿਕ ਧਾੜਵੀਆਂ ਨੂੰ ਲਏ ਨਿਵਾਰੇ = ਨਵਿਰਤ ਕਰ ਦਿੱਤੇ ॥੧॥

**ਐਸਾ ਹਰਿ ਰਸੁ; ਰਮਹੁ ਸਭੁ ਕੋਇ ॥ ਸਰਬ ਕਲਾ ਪੂਰਨ; ਪ੍ਰਭੁ ਸੋਇ ॥੧॥ਰਹਾਉ॥**

ਐਸਾ = ਅਜਿਹਾ ਹਰਿ = ਹਰੀ ਪਰਮੇਸ਼ਰ ਦਾ ਰਸੁ = ਪ੍ਰੇਮ ਹੈ ਸਭੁ = ਸਾਰੇ ਕੋਇ = ਕੋਈ ਪ੍ਰੇਮ ਨਾਲ ਉਸ ਦੇ ਜਸ ਦੇ ਤਾਈਂ ਰਮਹੁ = ਉਚਾਰਨਾ ਕਰੋ। ਸੋਇ = ਉਹ ਪ੍ਰਭੂ = ਪਰਮੇਸ਼ਰ ਸਰਬ = ਸਾਰੀਆਂ ਕਲਾ = ਸ਼ਕਤੀਆਂ ਕਰ ਕੇ ਪੂਰਨ = ਪੂਰਾ ਹੈ ॥੧॥ਰਹਾਉ॥

**ਮਹਾ ਤਪਤਿ; ਸਾਗਰ ਸੰਸਾਰ ॥ ਪ੍ਰਭ ਖਿਨ ਮਹਿ; ਪਾਰਿ ਉਤਾਰਣਹਾਰ ॥੨॥**

ਇਹ ਸੰਸਾਰ ਸਾਗਰ = ਸਮੁੰਦਰ ਕਾਮਾਦਿਕ ਵਿਕਾਰਾਂ ਦੀ ਅੱਗ ਕਰ ਕੇ ਮਹਾ = ਬੜਾ, ਭਾਰੀ ਤਪਤਿ = ਤਪਸ਼ ਵਿਚ ਸੜ ਰਿਹਾ ਹੈ। ਜੋ ਉਸ ਦਾ ਸਿਮਰਨ ਕਰਦੇ ਹਨ, ਉਨ੍ਹਾਂ ਨੂੰ ਪ੍ਰਭ = ਪਰਮੇਸ਼ਰ ਖਿਨ = ਛਿਨ ਮਾਤ੍ਰ ਸਮੇਂ ਮਹਿ = ਵਿਚ ਹੀ ਸੰਸਾਰ-ਸਮੁੰਦਰ ਤੋਂ ਪਾਰਿ = ਪਾਰ ਉਤਾਰਣਹਾਰ = ਉਤਾਰਨਾ ਕਰਦਾ ਹੈ, ਉਤਾਰਨ ਵਾਲਾ ਹੈ ॥੨॥

**ਅਨਿਕ ਬੰਧਨ; ਤੋਰੇ ਨਹੀ ਜਾਹਿ ॥ ਸਿਮਰਤ ਨਾਮ; ਮੁਕਤਿ ਫਲ ਪਾਹਿ ॥੩॥**

ਜੋ ਹੰਗਤਾ ਮਮਤਾ, ਕਰਤਾ ਭੋਗਤਾ, ਕਾਮ ਕ੍ਰੋਧ ਆਦਿ ਦੇ ਅਨਿਕ = ਅਨੇਕਾਂ ਬੰਧਨ = ਜੰਜਾਲ ਹਨ, ਇਹ ਜੀਵ ਦੇ ਪਾਸੋਂ ਤੋਰੇ = ਤੋੜੇ ਨਹੀਂ ਜਾਹਿ = ਜਾ ਸਕਦੇ, ਭਾਵ ਨਾਸ ਨਹੀਂ ਹੋ ਸਕਦੇ। ਜਿਹੜੇ ਪਰਮੇਸ਼ਰ ਦੇ ਨਾਮ ਦਾ ਸਿਮਰਤ = ਸਿਮਰਨ ਕਰਦੇ ਹਨ, ਉਨ੍ਹਾਂ ਨੂੰ ਮੁਕਤਿ = ਮੁਕਤੀ ਰੂਪੀ ਫਲ ਦੀ ਪਾਹਿ = ਪ੍ਰਾਪਤੀ ਹੋ ਜਾਂਦੀ ਹੈ **ਵਾ:** ਪਾਹਿ = ਪਾ ਲੈਂਦੇ ਹਨ ॥੩॥

## ਉਕਤਿ ਸਿਆਨਪ; ਇਸ ਤੇ ਕਛੁ ਨਾਹਿ ॥
## ਕਰਿ ਕਿਰਪਾ; ਨਾਨਕ ਗੁਣ ਗਾਹਿ ॥੪॥੮੩॥੧੫੨॥

ਬਾਣੀ ਦੀ ਉਕਤਿ = ਦਲੀਲ ਅਤੇ ਬੁੱਧੀ ਦੀ ਸਿਆਨਪ = ਚਤੁਰਾਈ ਕਰਕੇ ਇਸ ਜੀਵ ਤੇ = ਤੋਂ ਕਛੁ = ਕੁਝ ਵੀ ਨਾਹਿ = ਨਹੀਂ ਹੋ ਸਕਦਾ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੇਕਰ ਪਰਮੇਸ਼ਰ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰੇ ਤਾਂ ਹੀ ਜੀਵ ਗੁਣਾਂ ਨੂੰ ਗਾਹਿ = ਗਾ ਸਕਦਾ ਹੈ **ਵਾ:** ਗਾਹਿ = ਗ੍ਰਹਿਣ ਕਰ ਸਕਦਾ ਹੈ ॥੪॥੮੩॥੧੫੨॥

## ਗਉੜੀ, ਮਹਲਾ ੫ ॥
## ਥਾਤੀ ਪਾਈ; ਹਰਿ ਕੋ ਨਾਮ ॥ ਬਿਚਰੁ ਸੰਸਾਰ; ਪੂਰਨ ਸਭਿ ਕਾਮ ॥੧॥

ਹੇ ਭਾਈ ! ਜਿਨ੍ਹਾਂ ਨੇ ਹਰਿ = ਹਰੀ ਪਰਮੇਸ਼ਰ ਦੇ ਨਾਮ ਦੀ ਥਾਤੀ = ਪੂੰਜੀ **ਵਾ:** ਥੈਲੀ ਪਾਈ = ਪ੍ਰਾਪਤ ਕੀਤੀ ਹੈ। ਉਹ ਸਾਰੇ ਸੰਸਾਰ = ਜਗਤ ਵਿਚ ਨਿਰਬੰਧ ਹੋ ਕੇ ਬਿਚਰੁ = ਵਿਚਰਦੇ ਹਨ ਅਤੇ ਉਨ੍ਹਾਂ ਦੇ ਸਭਿ = ਸਾਰੇ ਕਾਮ = ਕੰਮ ਵੀ ਪੂਰਨ = ਪੂਰੇ ਹੋ ਗਏ ਹਨ ॥੧॥

## ਵਡਭਾਗੀ; ਹਰਿ ਕੀਰਤਨੁ ਗਾਈਐ ॥
## ਪਾਰਬ੍ਰਹਮ; ਤੂੰ ਦੇਹਿ ਤ ਪਾਈਐ ॥੧॥ਰਹਾਉ॥

ਵਡਭਾਗੀ = ਵੱਡਿਆਂ ਭਾਗਾਂ ਕਰਕੇ **ਵਾ:** (ਵਡ+ਭਾਗੀ) ਜਿਨ੍ਹਾਂ ਦੀ ਵਡ = ਵਡਿਆਈ ਦੀ ਇੱਛਾ ਭਾਗੀ = ਭੱਜ ਗਈ ਹੈ, ਉਹੋ ਹੀ ਗੁਰਮੁਖ ਜਨ ਹਰਿ = ਪਰਮੇਸ਼ਰ ਦੇ ਕੀਰਤਨੁ = ਜਸ ਦੇ ਤਾਈਂ ਗਾਈਐ = ਗਾਉਂਦੇ ਹਨ।

ਹੇ ਪਾਰਬ੍ਰਹਮ = ਪਰਮੇਸ਼ਰ ਵਾਹਿਗੁਰੂ ! ਉਨ੍ਹਾਂ ਗੁਰਮੁਖ ਜਨਾਂ ਦੀ ਸੰਗਤ ਜੇਕਰ ਤੂੰ = ਤੁਸੀਂ ਕਿਰਪਾ ਕਰ ਕੇ ਦੇਹਿ = ਦੇਵੋਂ, ਤ = ਤਾਂ ਹੀ ਪਾਈਐ = ਪ੍ਰਾਪਤ ਹੁੰਦੀ ਹੈ ॥੧॥ਰਹਾਉ॥

## ਹਰਿ ਕੇ ਚਰਣ; ਹਿਰਦੈ ਉਰਿ ਧਾਰਿ ॥
## ਭਵ ਸਾਗਰੁ; ਚੜਿ ਉਤਰਹਿ ਪਾਰਿ ॥੨॥

ਹੇ ਭਾਈ ! ਹਰਿ = ਪਰਮੇਸ਼ਰ ਕੇ = ਦੇ ਚਰਣ = ਚਰਨਾਂ ਕੰਵਲਾਂ ਨੂੰ ਆਪਣੇ ਹਿਰਦੈ = ਅੰਤਸ਼ਕਰਣ ਦੇ ਉਰਿ = ਵਿਚ ਧਾਰਿ = ਧਾਰਨਾ ਕਰੋ, ਵਸਾਉਣਾ ਕਰੋ। ਜਿਸ ਕਾਰਨ ਮਹਾਰਾਜ ਦੇ ਚਰਨਾਂ ਰੂਪੀ ਜਹਾਜ਼ 'ਤੇ ਚੜਿ = ਚੜ੍ਹ ਕੇ ਭਾਵ ਸਵਾਰ ਹੋ ਕੇ ਭਵਸਾਗਰ = ਸੰਸਾਰ-ਸਮੁੰਦਰ ਤੋਂ ਪਾਰਿ = ਪਾਰ ਉਤਰਹਿ = ਉਤਰ ਜਾਵੋਗੇ, ਭਾਵ ਮੁਕਤੀ ਰੂਪੀ ਕਿਨਾਰੇ 'ਤੇ ਪਹੁੰਚ ਜਾਵੋਗੇ ॥੨॥

## ਸਾਧੂ ਸੰਗੁ; ਕਰਹੁ ਸਭੁ ਕੋਇ ॥
## ਸਦਾ ਕਲਿਆਣ; ਫਿਰਿ ਦੂਖੁ ਨ ਹੋਇ ॥੩॥

ਹੇ ਭਾਈ ! ਸਾਧੂ = ਜਿਨ੍ਹਾਂ ਨੇ ਆਪਣੇ ਮਨ ਨੂੰ ਸਾਧਿਆ ਹੋਇਆ ਹੈ, ਉਨ੍ਹਾਂ ਮਹਾਤਮਾ ਦੀ ਸੰਗੁ = ਸੰਗਤ ਸਭ = ਸਾਰੇ ਕੋਇ = ਕੋਈ ਕਰਹੁ = ਕਰਨਾ ਕਰੋ।

ਜਿਸ ਕਰਕੇ ਸਦਾ = ਹਮੇਸ਼ਾਂ ਰਹਿਣ ਵਾਲੀ ਕਲਿਆਣ = ਮੁਕਤੀ, (ਕੈਵਲ ਮੋਖ) ਦੀ ਪ੍ਰਾਪਤੀ ਹੋਵੇਗੀ, ਫਿਰਿ = ਮੁੜ ਕੇ ਜੰਮਣ ਮਰਣ ਰੂਪੀ ਕੋਈ ਦੂਖੁ = ਦੁਖ ਨ = ਨਹੀਂ ਹੋਇ = ਹੋਵੇਗਾ ॥੩॥

## ਪ੍ਰੇਮ ਭਗਤਿ; ਭਜੁ ਗੁਣੀ ਨਿਧਾਨੁ ॥
## ਨਾਨਕ; ਦਰਗਹ ਪਾਈਐ ਮਾਨੁ ॥੪॥੮੪॥੧੫੩॥

ਹੇ ਭਾਈ ! ਪ੍ਰੇਮ = ਪ੍ਰੇਮਾ ਭਗਤਿ = ਭਗਤੀ ਕਰਕੇ ਗੁਣੀ = ਗੁਣਾਂ ਦੇ ਨਿਧਾਨੁ = ਖ਼ਜ਼ਾਨੇ ਪਰਮੇਸ਼ਰ ਦਾ ਭਜੁ = ਭਜਨ ਕਰ, ਸਿਮਰਨ ਕਰਨਾ ਕਰ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਵਾਹਿਗੁਰੂ ਦੀ ਦਰਗਹ = ਸਚਖੰਡ ਵਿਚ ਮਾਨੁ = ਸਤਿਕਾਰ ਪਾਈਐ = ਪਾਈਦਾ ਹੈ **ਵਾ:** ਦਰ = ਦਰ ਦੇ ਅੰਦਰ ਤੁਰੀਆ ਪਦ ਰੂਪ ਗਹ = ਜਗ੍ਹਾ ਵਿਚ ਮਾਨੁ = ਮੰਨਣ ਰੂਪ ਗਿਆਨ ਪਾਈਦਾ ਹੈ ॥੪॥੮੪॥੧੫੩॥

## ਗਉੜੀ, ਮਹਲਾ ੫ ॥

## ਜਲਿ ਥਲਿ ਮਹੀਅਲਿ; ਪੂਰਨ ਹਰਿ ਮੀਤ ॥ ਭ੍ਰਮ ਬਿਨਸੇ; ਗਾਏ ਗੁਣ ਨੀਤ ॥੧॥

ਹੇ ਭਾਈ ! ਜਲਿ = ਪਾਣੀ ਤੇ ਥਲਿ = ਖੁਸ਼ਕ ਜਗ੍ਹਾ ਮਹੀਅਲਿ = ਵਿਚਕਾਰ **ਵਾ:** ਮਹੀ = ਪ੍ਰਿਥਵੀ ਅਤੇ ਅਲਿ = ਆਕਾਸ਼ ਵਿਚ ਸਾਡਾ ਮੀਤ = ਮਿੱਤਰ, ਸੱਜਣ ਹਰਿ = ਹਰੀ ਪਰਮੇਸ਼ਰ ਪੂਰਨ ਵਿਆਪਕ ਹੋ ਰਿਹਾ ਹੈ **ਵਾ:** ਜਲਿ ਦੀ ਨਿਆਈਂ ਪ੍ਰੇਮੀਆਂ ਵਿਚ, ਥਲਿ ਦੀ ਨਿਆਈਂ ਖ਼ੁਸ਼ਕ ਪੁਰਖਾਂ ਵਿਚ ਜੋ ਵਿਹਾਰਾਂ ਵਿਚ ਲੱਗੇ ਹੋਏ ਹਨ, ਮਹੀ = ਪ੍ਰਿਥਵੀ ਦੀ ਨਿਆਈਂ ਅਕਲ ਵਾਲਿਆਂ ਵਿਚ, ਅਲਿ = ਆਕਾਸ਼ ਦੀ ਨਿਆਈਂ ਸ਼ੁਭ ਗੁਣਾਂ ਵਾਲੇ ਹਿਰਦਿਆਂ ਵਿਚ ਸਾਡਾ ਮੀਤ = ਮਿੱਤਰ ਹਰੀ ਪਰਮੇਸ਼ਰ ਪੂਰਨ = ਭਰਿਆ ਹੋਇਆ ਹੈ **ਵਾ:** ਜਲਿ ਦੀ ਨਿਆਈਂ ਉੱਤਮ ਅਧਿਕਾਰੀ, ਥਲਿ ਦੀ ਨਿਆਈਂ ਕਨਿਸ਼ਟ ਅਧਿਕਾਰੀ ਪ੍ਰਿਥਵੀ ਦੀ ਨਿਆਈਂ ਮੱਧਮ ਅਧਿਕਾਰੀ, ਆਕਾਸ਼ ਦੀ ਨਿਆਈਂ ਚਿਦਾਕਾਸ਼ ਵਿਚ ਵਿਚਰਨ ਵਾਲੇ ਸਾਰੇ ਹਰਿ = ਹਰੀ ਮੀਤ = ਮਿੱਤਰ ਨੂੰ ਪੂਰਨ ਵੇਖਦੇ ਹਨ।

ਵਾਹਿਗੁਰੂ ਦੇ ਗੁਣ = ਗੁਣਾਂ ਨੂੰ ਨੀਤ = ਨਿਤਾਪ੍ਰਤੀ ਗਾਏ = ਗਾਉਣ ਕਰਕੇ ਅੰਤਹਕਰਣ ਦੀ ਸ਼ੁੱਧੀ ਹੋ ਕੇ ਸਾਰੇ ਭ੍ਰਮ = ਭਰਮ-ਵਹਿਮ ਬਿਨਸੇ = ਨਾਸ ਹੋ ਜਾਂਦੇ ਹਨ **ਵਾ:** ਜਿਨ੍ਹਾਂ ਨੇ ਨੀਤ = ਨਿੱਤ ਵਾਹਿਗੁਰੂ ਦੇ ਗੁਣ ਗਾਏ = ਗਾਉਣਾ ਕੀਤੇ ਹਨ, ਉਨ੍ਹਾਂ ਦੇ ਸਾਰੇ ਭ੍ਰਮ = ਵਹਿਮ ਬਿਨਸੇ = ਨਾਸ ਹੋ ਜਾਂਦੇ ਹਨ ॥੧॥

## ਊਠਤ ਸੋਵਤ; ਹਰਿ ਸੰਗਿ ਪਹਰੂਆ ॥
## ਜਾ ਕੈ ਸਿਮਰਣਿ; ਜਮ ਨਹੀ ਡਰੂਆ ॥੧॥ਰਹਾਉ॥

ਹੇ ਭਾਈ ! ਊਠਤ = ਉਠਦਿਆਂ ਅਤੇ ਸੋਵਤ = ਸੌਂਦਿਆਂ ਹਰ ਵੇਲੇ ਹਰਿ = ਪਰਮੇਸ਼ਰ ਸਾਡੇ ਸੰਗਿ = ਨਾਲ ਪਹਰੂਆ = ਰਾਖੀ ਕਰਨ ਵਾਲਾ ਪਹਿਰੇਦਾਰ ਹੈ **ਵਾ:** ਜਿਨ੍ਹਾਂ ਦਾ ਮਨ ਊਠਤ = ਸੰਸਾਰ ਵੱਲੋਂ ਉਪਰਾਮ ਹੁੰਦਿਆਂ ਹੋਇਆਂ, ਸੋਵਤ = ਨਿਰਵਿਕਲਪ ਸਮਾਧੀ ਲਾਉਂਦਿਆਂ ਹੋਇਆਂ, ਹਰਿ = ਹਰੀ ਦੇ ਸੰਗਿ = ਨਾਲ ਜੁੜਿਆ ਹੈ, ਉਨ੍ਹਾਂ ਦੇ ਵਿਕਾਰਾਂ ਨੂੰ ਰੋਕਣ ਵਾਸਤੇ ਪਰਮੇਸ਼ਰ ਦਾ ਨਾਮ ਪਹਿਰੇਦਾਰ ਹੈ। ਜਾ = ਜਿਸ ਵਾਹਿਗੁਰੂ ਕੈ = ਦੇ ਸਿਮਰਣਿ = ਸਿਮਰਨ ਕਰਕੇ ਜਮ = ਜਮਾਂ ਦਾ ਡਰੂਆ = ਡਰ, ਭੈ ਨਹੀਂ ਰਹਿੰਦਾ ॥੧॥ਰਹਾਉ॥

[ਅੰਗ ੧੯੭]

## ਚਰਣ ਕਮਲ ਪ੍ਰਭ; ਰਿਦੈ ਨਿਵਾਸੁ ॥ ਸਗਲ ਦੂਖ ਕਾ; ਹੋਇਆ ਨਾਸੁ ॥੨॥

ਹੇ ਭਾਈ ! ਪ੍ਰਭ = ਪਰਮੇਸ਼ਰ ਦੇ ਕਮਲਾਂ ਵਰਗੇ ਸੁੰਦਰ ਚਰਨਾਂ ਨੂੰ ਰਿਦੈ = ਹਿਰਦੇ ਵਿਚ ਨਿਵਾਸੁ = ਵਾਸਾ ਟਿਕਾਉਣਾ ਕਰੋ **ਵਾ:** ਜਿਨ੍ਹਾਂ ਦੇ ਰਿਦੈ = ਹਿਰਦੇ ਵਿਚ ਪ੍ਰਭ = ਪ੍ਰਭੂ ਦੇ ਚਰਣ ਕਮਲਾਂ ਦਾ ਨਿਵਾਸੁ = ਨਿਵਾਸਾ ਹੈ।

ਉਨ੍ਹਾਂ ਦੇ ਸਗਲ = ਸਾਰੇ ਜੰਮਣ ਮਰਣ ਅਗਿਆਨ ਆਦਿ ਦੇ ਜਿੰਨੇ ਵੀ ਦੂਖ = ਦੁੱਖ ਹਨ, ਉਨ੍ਹਾਂ ਸਾਰਿਆਂ ਕਾ = ਦਾ ਨਾਸ = ਅਭਾਵ, ਹੋਇਆ = ਹੋ ਗਿਆ ਹੈ ॥੨॥

## ਆਸਾ ਮਾਣੁ ਤਾਣੁ; ਧਨੁ ਏਕ ॥ ਸਾਚੇ ਸਾਹ ਕੀ; ਮਨ ਮਹਿ ਟੇਕ ॥੩॥

ਸਾਡੀ ਆਸਾ = ਉਮੀਦ ਮਾਣੁ = ਸਤਿਕਾਰ, ਤਾਣੁ = ਬਲ ਅਤੇ ਧਨੁ = ਬਿਭੂਤੀ ਆਦਿ ਸਭ ਏਕ = ਇਕ ਪਰਮੇਸ਼ਰ ਹੀ ਹੈ **ਵਾ:** ਵਾਹਿਗੁਰੂ ਦੇ ਮਿਲਣ ਦੀ ਆਸਾ ਹੈ, ਮੰਨਣ ਕਰਨ ਰੂਪ ਮਾਣ ਹੈ। ਬਿਬੇਕ ਰੂਪੀ ਤਾਣੁ = ਬਲ ਹੈ ਅਤੇ ਨਾਮ ਰੂਪੀ ਧਨ ਇੱਕੋ ਪਰਮੇਸ਼ਰ ਹੀ ਹੈ। ਅਤੇ ਉਸੇ ਹੀ ਸਾਚੇ = ਸੱਚੇ ਸਾਹ = ਸਾਹੂਕਾਰ ਪਰਮੇਸ਼ਰ ਕੀ = ਦੀ ਮਨ = ਹਿਰਦੇ ਮਹਿ = ਵਿਚ ਟੇਕ = ਓਟ ਹੈ ॥੩॥

## ਮਹਾ ਗਰੀਬ; ਜਨ ਸਾਧ ਅਨਾਥ ॥ ਨਾਨਕ ਪ੍ਰਭਿ ਰਾਖੇ; ਦੇ ਹਾਥ ॥੪॥੮੫॥੧੫੪॥

ਹੇ ਭਾਈ ! ਜਿਹੜੇ ਨਿਮਰਤਾ ਕਰਕੇ ਮਹਾ = ਬਹੁਤ ਹੀ ਗਰੀਬ = ਦੀਨ, ਨਿਰਧਨ ਸਾਧ = ਮਹਾਤਮਾ ਜਨ ਹਨ **ਵਾ:** ਮਨ ਕਰ ਕੇ ਬਹੁਤੇ ਗੁਣਾਂ ਦੀ ਹੰਗਤਾ ਤੋਂ ਰਹਿਤ ਹੋ ਕੇ ਗ਼ਰੀਬ ਹਨ, ਪਰਮੇਸ਼ਰ ਤੋਂ ਬਿਨਾਂ ਅਨਾਥ = ਯਤੀਮ ਹਨ, ਭਾਵ ਕੋਈ ਆਸਰਾ ਨਹੀਂ ਹੈ। ਗੁਰੂ ਜੀ ਕਥਨ ਕਰਦੇ ਹਨ, ਉਨ੍ਹਾਂ ਸਾਧੂ ਜਨਾਂ ਨੂੰ ਪ੍ਰਭ = ਪਰਮੇਸ਼ਰ ਆਪਣਾ ਹਾਥ = ਹੱਥ ਦੇ ਕੇ ਰਾਖੇ = ਰੱਖਣਾ ਕਰਦਾ ਹੈ ॥੪॥੮੫॥੧੫੪॥

## ਗਉੜੀ, ਮਹਲਾ ੫ ॥
## ਹਰਿ ਹਰਿ ਨਾਮਿ; ਮਜਨੁ ਕਰਿ ਸੂਚੇ ॥
## ਕੋਟਿ ਗ੍ਰਹਣ; ਪੁੰਨ ਫਲ ਮੂਚੇ ॥੧॥ਰਹਾਉ॥

ਹੇ ਭਾਈ ! ਹਰਿ = ਹਰੇਕ ਨੂੰ ਹਰਿ = ਹਰੇ ਭਰੇ ਕਰਨ ਵਾਲੇ ਪਰਮੇਸ਼ਰ ਦੇ ਨਾਮਿ ਰੂਪੀ ਜਲ ਵਿਚ ਮਜਨੁ = ਟੁੱਭੀ ਲਾ ਕੇ ਇਸ਼ਨਾਨ ਕਰਿ = ਕਰਨ ਨਾਲ ਜੋ ਪੁਰਸ਼ ਸੂਚੇ = ਸੁੱਚੇ, ਪਵਿੱਤਰ ਹੋਏ ਹਨ। ਉਨ੍ਹਾਂ ਨੂੰ ਕੋਟਿ = ਕ੍ਰੋੜਾਂ ਹੀ ਗ੍ਰਹਣ = ਸੂਰਜ, ਚੰਦ੍ਰਮਾ ਦਾ ਪੜਦੇ ਵਿਚ ਆ ਜਾਣਾ, ਇਨ੍ਹਾਂ ਗ੍ਰਹਿਣਾਦਿਕਾਂ ਦੇ ਸਮੇਂ ਪੁੰਨ = ਸ਼ੁਭ ਕਰਮ ਕਰਨ ਦੇ ਫਲ = ਲਾਭ ਨਾਲੋਂ ਕਿਤੇ ਮੂਚੇ = ਅਧਿਕ ਫਲ ਪ੍ਰਾਪਤ ਹੁੰਦੇ ਹਨ। (ਇਹ ਫੋਕਟ ਕਰਮ ਹਨ, ਕ੍ਰਿਤਮ ਪੂਜਾ ਹੈ, ਨਾਮ ਜਪਣਾ ਕਰਤੇ ਦੀ ਪੂਜਾ ਹੈ)॥੧॥ਰਹਾਉ॥

## ਹਰਿ ਕੇ ਚਰਣ; ਰਿਦੇ ਮਹਿ ਬਸੇ ॥ ਜਨਮ ਜਨਮ ਕੇ; ਕਿਲਵਿਖ ਨਸੇ ॥੧॥

ਜਿਨ੍ਹਾਂ ਦੇ ਰਿਦੇ = ਹਿਰਦੇ ਮਹਿ = ਵਿਚ ਹਰਿ = ਪਰਮੇਸ਼ਰ ਕੇ = ਦੇ ਚਰਣ ਕਮਲ ਬਸੇ = ਵੱਸਦੇ ਹਨ। ਉਨ੍ਹਾਂ ਦੇ ਜਨਮ ਜਨਮ = ਜਨਮਾਂ-ਜਨਮਾਂਤਰਾਂ ਕੇ = ਦੇ ਕਿਲਵਿਖ = ਪਾਪ ਸਭ ਨਸੇ = ਦੌੜ ਜਾਂਦੇ ਹਨ ॥੧॥

## ਸਾਧਸੰਗਿ; ਕੀਰਤਨ ਫਲੁ ਪਾਇਆ ॥
## ਜਮ ਕਾ ਮਾਰਗੁ; ਦ੍ਰਿਸਟਿ ਨ ਆਇਆ ॥੨॥

ਹੇ ਭਾਈ ! ਜਿਨ੍ਹਾਂ ਨੇ ਸਾਧਸੰਗਿ = ਸਤਿਸੰਗਤ ਦੁਆਰਾ ਪਰਮੇਸ਼ਰ ਦਾ ਕੀਰਤਨੁ = ਜਸ ਕਰਕੇ ਬ੍ਰਹਮ ਗਿਆਨ ਰੂਪੀ ਫਲ ਪਾਇਆ = ਪ੍ਰਾਪਤ ਕਰ ਲਿਆ ਹੈ। ਉਨ੍ਹਾਂ ਨੂੰ ਮੁੜ ਜਮ = ਧਰਮਰਾਜ, ਕਾਲ ਕਾ = ਦਾ ਮਾਰਗੁ = ਰਸਤਾ ਦ੍ਰਿਸਟਿ = ਨਿਗ੍ਹਾ ਵਿਚ ਨ = ਨਹੀਂ ਆਇਆ = ਆਉਂਦਾ ॥੨॥ ਜੈਸਾ ਕਿ :

**ਜਹ ਲਾਲਚ ਜਾਗਾਤੀ ਘਾਟ ॥**
**ਦੂਰਿ ਰਹੀ ਉਹ ਜਨ ਤੇ ਬਾਟ ॥੨॥** *(ਆਸਾ ਮ: ੫, ਅੰਗ ੩੯੩)*

## ਮਨ ਬਚ ਕ੍ਰਮ; ਗੋਵਿੰਦ ਅਧਾਰੁ ॥ ਤਾ ਤੇ ਛੁਟਿਓ; ਬਿਖੁ ਸੰਸਾਰੁ ॥੩॥

ਜਿਨ੍ਹਾਂ ਨੂੰ ਮਨ, ਬਚ = ਬਚਨਾਂ (ਬਾਣੀ) ਤੇ ਕ੍ਰਮ = ਕਰਮਾਂ (ਸਰੀਰ) ਕਰਕੇ ਗੋਵਿੰਦ = ਪਰਮੇਸ਼ਰ ਦੇ ਨਾਮ ਦਾ ਅਧਾਰੁ = ਆਸਰਾ ਹੈ।

ਤਾ ਤੇ = ਤਿਸ ਕਰ ਕੇ ਉਹ ਮਾਇਆ ਦੇ ਮੋਹ ਦੀ, ਤ੍ਰਿਸ਼ਨਾ ਦੀ, ਈਰਖਾ ਦੀ, ਸਬਦਾਦਿ ਦੀ ਕਾਮਾਦਿਕ ਦੀ ਬਿਖੁ = ਵਿਹੁ, ਜ਼ਹਿਰ ਰੂਪ ਸੰਸਾਰੁ = ਜਗਤ ਤੋਂ ਛੁਟਿਓ = ਛੁਟ ਗਏ ਹਨ ॥੩॥

## ਕਰਿ ਕਿਰਪਾ ਪ੍ਰਭਿ; ਕੀਨੋ ਅਪਨਾ ॥
## ਨਾਨਕ; ਜਾਪੁ ਜਪੇ ਹਰਿ ਜਪਨਾ ॥੪॥੯੬॥੧੫੫॥

ਜਿਨ੍ਹਾਂ ਨੂੰ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰ ਕੇ ਪ੍ਰਭਿ = ਪਰਮੇਸ਼ਰ ਨੇ ਅਪਨਾ = ਆਪਣਾ ਬਣਾਉਣਾ ਕੀਨੋ = ਕੀਤਾ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਜਪਨਾ = ਜਪਣੇ ਯੋਗ ਹਰਿ = ਪਰਮੇਸ਼ਰ ਦੇ ਨਾਮ ਦਾ ਜਾਪ ਜਪੇ = ਜਪਦੇ ਹਨ ॥੪॥੯੬॥੧੫੫॥

## ਗਉੜੀ, ਮਹਲਾ ੫ ॥

## ਪਉ ਸਰਣਾਈ; ਜਿਨਿ ਹਰਿ ਜਾਤੇ ॥ ਮਨੁ ਤਨੁ ਸੀਤਲੁ; ਚਰਣ ਹਰਿ ਰਾਤੇ ॥੧॥

ਹੇ ਭਾਈ! ਉਨ੍ਹਾਂ ਸੰਤ ਜਨਾਂ ਦੀ ਸਰਣਾਈ = ਸ਼ਰਣ ਵਿਚ ਪਉ = ਪੈਣਾ ਕਰੋ, ਜਿਨਿ = ਜਿਨ੍ਹਾਂ ਨੇ ਹਰਿ = ਅਕਾਲ ਪੁਰਖ ਵਾਹਿਗੁਰੂ ਨੂੰ ਜਾਤੇ = ਜਾਣ ਲਿਆ ਹੈ। ਜੋ ਹਰਿ = ਪਰਮੇਸ਼ਰ ਦੇ ਚਰਣ = ਚਰਣਾਂ ਕਮਲਾਂ ਨਾਲ ਰਾਤੇ = ਰੰਗੇ ਗਏ ਹਨ। ਉਨ੍ਹਾਂ ਦਾ ਮਨ ਤੇ ਤਨੁ = ਸਰੀਰ ਸ਼ਾਤੀ ਰੂਪ ਸੀਤਲ = ਠੰਢਾ ਹੋ ਗਿਆ ਹੈ ॥੧॥

## ਭੈ ਭੰਜਨ ਪ੍ਰਭ; ਮਨਿ ਨ ਬਸਾਹੀ ॥
## ਡਰਪਤ ਡਰਪਤ; ਜਨਮ ਬਹੁਤੁ ਜਾਹੀ ॥੧॥ਰਹਾਉ॥

ਹੇ ਭਾਈ! ਜਿਹੜਾ ਪ੍ਰਭਿ = ਪਰਮੇਸ਼ਰ ਜਨਮ ਮਰਣ ਦੇ ਭੈ = ਡਰ ਨੂੰ ਭੰਜਨ = ਭੰਨਣ, ਨਾਸ ਕਰਨ ਵਾਲਾ ਹੈ, ਉਸ ਨੂੰ ਤੂੰ ਆਪਣੇ ਮਨ ਵਿਚ ਕਿਉਂ ਨ = ਨਹੀਂ ਬਸਾਹੀ = ਵਸਾਉਂਦਾ। ਐਵੇਂ ਡਰਪਤ ਡਰਪਤ = ਡਰਦਿਆਂ ਡਰਦਿਆਂ **ਵਾ:** ਰਾਜਿਆਂ ਆਦਿਕਾਂ ਤੋਂ ਡਰਦਿਆਂ, ਜਮਾਂ ਆਦਿਕਾਂ ਤੋਂ ਡਰਦਿਆਂ **ਵਾ:** ਵਿਕਾਰਾਂ ਤੋਂ ਡਰਦਿਆਂ, ਮੌਤ ਕੋਲੋਂ ਡਰਦਿਆਂ, ਤੇਰੇ ਬਹੁਤੁ = ਅਨੇਕਾਂ ਜਨਮ ਬਤੀਤ ਹੋ ਜਾਹੀ = ਜਾਂਦੇ ਹਨ, ਹੋ ਗਏ ਹਨ ॥੧॥ਰਹਾਉ॥

## ਜਾ ਕੈ ਰਿਦੈ; ਬਸਿਓ ਹਰਿ ਨਾਮ ॥ ਸਗਲ ਮਨੋਰਥ; ਤਾ ਕੇ ਪੂਰਨ ਕਾਮ ॥੨॥

ਜਾ = ਜਿਨ੍ਹਾਂ ਕੈ = ਦੇ ਰਿਦੈ = ਹਿਰਦੇ ਵਿਚ ਹਰਿ = ਪਰਮੇਸ਼ਰ ਦਾ ਨਾਮ ਬਸਿਓ = ਵੱਸ ਗਿਆ ਹੈ। ਤਾ = ਉਨ੍ਹਾਂ ਕੇ = ਦੇ ਸਗਲ = ਸਾਰੇ ਮਨੋਰਥ = ਸੰਕਲਪ ਅਤੇ ਕਾਮ = ਕੰਮ ਪੂਰਨ = ਪੂਰੇ ਹੋ ਗਏ ਹਨ ॥੨॥

## ਜਨਮੁ ਜਰਾ ਮਿਰਤੁ; ਜਿਸੁ ਵਾਸਿ ॥ ਸੋ ਸਮਰਥੁ; ਸਿਮਰਿ ਸਾਸਿ ਗਿਰਾਸਿ ॥੩॥

ਸਾਰੇ ਸੰਸਾਰ ਨੂੰ ਜਨਮੁ = ਉਤਪਤ ਕਰਨਾ, ਜਰਾ = ਬੁਢੇਪਾ ਅਤੇ ਮਿਰਤੁ = ਮੌਤ ਜਿਸ ਵਾਹਿਗੁਰੂ ਦੇ ਵਾਸਿ = ਅਧੀਨ ਹੈ। ਸੋ = ਉਸ ਸਮਰਥ = ਬਲਵਾਨ, ਸਰਬ-ਸ਼ਕਤੀਵਾਨ ਪਰਮੇਸ਼ਰ ਨੂੰ ਆਉਂਦੇ ਜਾਂਦੇ ਸਾਸਿ = ਸ੍ਵਾਸ ਅਤੇ ਗਿਰਾਸਿ = ਗਰਾਹੀ ਖਾਂਦਿਆਂ ਸਿਮਰਿ = ਸਿਮਰਨਾ ਕਰੋ ॥੩॥

**ਮੀਤੁ ਸਾਜਨੁ ਸਖਾ; ਪ੍ਰਭੁ ਏਕ ॥ ਨਾਮੁ ਸੁਆਮੀ ਕਾ; ਨਾਨਕ ਟੇਕ ॥੪॥੮੭॥੧੫੬॥**

ਸਾਡਾ ਤਾਂ ਮੀਤ = ਮਿੱਤਰ, ਸਾਜਨ = ਪਿਆਰਾ, ਸਖਾ = ਸੰਬੰਧੀ ਏਕ = ਇਕ ਪ੍ਰਭੁ = ਵਾਹਿਗੁਰੂ ਹੀ ਹੈ। ਅਰਥਾਤ ਜਿਸ ਨੂੰ ਪਿਆਰ ਕਰੀਏ ਤੇ ਉਹ ਅੱਗੋਂ ਪਿਆਰ ਕਰੇ ਉਹ ਮਿੱਤਰ ਹੁੰਦਾ ਹੈ। ਸਾਜਨ ਉਹ ਹੁੰਦਾ ਹੈ, ਜਿਸ ਨਾਲ ਪਿਆਰ ਨਾ ਕਰੀਏ ਪਰ ਫਿਰ ਵੀ ਉਹ ਪਿਆਰ ਕਰੇ। ਸਖਾ ਉਹ ਹੁੰਦਾ ਹੈ, ਜਿਸ ਨਾਲ ਵੈਰ ਕਰੀਏ ਪਰ ਫਿਰ ਵੀ ਉਹ ਪਿਆਰ ਨਿਭਾਵੇ। ਇਹ ਸਭ ਕੁਝ ਇਕ ਵਾਹਿਗੁਰੂ ਨੂੰ ਹੀ ਬਨਾਉਣਾ ਕਰੋ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੇ ਹਿਰਦੇ ਵਿਚ ਸੁਆਮੀ = ਮਾਲਕ ਵਾਹਿਗੁਰੂ ਕਾ = ਦਾ ਨਾਮ ਹੀ ਟੇਕ = ਓਟ ਹੈ ॥੪॥੮੭॥੧੫੬॥

## ਗਉੜੀ, ਮਹਲਾ ੫ ॥

**ਉਥਾਨਕਾ :** ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਬਾਬਾ ਬੁੱਢਾ ਸਾਹਿਬ ਜੀ ਦੇ ਬਚਨ ਪੂਰੇ ਕਰਨ ਲਈ, ਆਪਣੇ ਵੱਡੇ ਭਰਾ ਪ੍ਰਿਥੀਚੰਦ ਨੂੰ ਕਿਹਾ ਕਿ ਅਸੀਂ ਤੇਰੇ ਨਾਲ ਵੈਰ-ਭਾਵ ਨਹੀਂ ਕਰਦੇ, ਏਥੋਂ ਦੀ ਪੂਜਾ ਭੇਟਾ ਸਭ ਤੂੰ ਹੀ ਸਾਂਭ। ਅਸੀਂ ਹੁਣ ਅੰਮ੍ਰਿਤਸਰ ਸਾਹਿਬ ਨੂੰ ਛੱਡ ਕੇ ਵਡਾਲੀ ਚੱਲੇ ਹਾਂ, ਸਤਿਗੁਰੂ ਸਾਹਿਬ ਜੀ ਉਥੇ ਤਕਰੀਬਨ ਤਿੰਨ ਸਾਲ ਰਹੇ। ਉਥੇ ਵਡਾਲੀ ਵਿਚ ਹੀ (੨੧ ਹਾੜ ਸੰਮਤ ੧੬੫੨) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਹੋਇਆ।

ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਵਡਾਲੀ ਤੋਂ ਵਾਪਸ ਅੰਮ੍ਰਿਤਸਰ ਸਾਹਿਬ ਆਏ, ਤਾਂ ਸੰਗਤਾਂ ਦੇ ਸੁਖਸਾਂਦ ਪੁੱਛਣ ਤੋਂ ਗੁਰੂ ਜੀ ਨੇ ਇਹ ਪਾਵਨ ਸ਼ਬਦ ਉਚਾਰਨ ਕੀਤਾ ਕਿ :

**ਬਾਹਰਿ ਰਾਖਿਓ; ਰਿਦੈ ਸਮਾਲਿ ॥ ਘਰਿ ਆਏ; ਗੋਵਿੰਦੁ ਲੈ ਨਾਲਿ ॥੧॥**

ਜਿਸ ਵੇਲੇ ਅੰਮ੍ਰਿਤਸਰ ਤੋਂ ਬਾਹਰਿ = ਬਾਹਰ ਵਡਾਲੀ ਵਿਚ ਗਏ ਸੀ, ਉਦੋਂ ਰਿਦੈ = ਹਿਰਦੇ ਵਿਚ ਵਾਹਿਗੁਰੂ ਨੂੰ ਸਮਾਲਿ = ਸੰਭਾਲ ਕੇ ਰਾਖਿਓ = ਰੱਖਿਆ ਹੋਇਆ ਸੀ।

ਹੁਣ ਜਦ ਮੁੜ ਕੇ ਘਰਿ = ਮਹਿਲਾਂ (ਅੰਮ੍ਰਿਤਸਰ ਸਾਹਿਬ) ਵਿਚ ਆਏ ਹਾਂ ਤਾਂ ਗੋਵਿੰਦੁ = ਹਰਿਗੋਬਿੰਦ ਜੀ ਨੂੰ ਨਾਲਿ = ਸਾਥ ਲੈ = ਲੈ ਕੇ ਆਏ = ਆ ਗਏ ਹਾਂ **ਅਥਵਾ** ਜਦੋਂ ਬਾਹਰਿ = ਸੰਸਾਰ ਵਿਚ ਧਰਮ ਦਾ ਪ੍ਰਚਾਰ ਕਰਨ ਅਤੇ ਲੋਕਾਂ ਦੀ ਕਲਿਆਣ ਕਰਨ ਵਾਸਤੇ ਵਿਚਰਦੇ ਹਾਂ ਤਾਂ ਉਦੋਂ ਵੀ ਵਾਹਿਗੁਰੂ ਦੇ ਨਾਮ ਨੂੰ ਰਿਦੈ = ਹਿਰਦੇ ਵਿਚ ਸਮਾਲਿ = ਸੰਭਾਲ ਕੇ ਰਾਖਿਓ = ਰੱਖਦੇ ਹਾਂ। ਅਰ ਜਦੋਂ ਤੁਰੀਆ ਪਦ ਰੂਪੀ ਘਰਿ = ਗ੍ਰਹਿ ਵਿਚ ਆਏ = ਆਉਣਾ ਕੀਤਾ ਤਾਂ ਉਦੋਂ ਵੀ ਗੋਵਿੰਦੁ = ਪਰਮੇਸ਼ਰ ਦੇ ਨਾਲਿ = ਸੰਗ ਬਿਰਤੀ ਨੂੰ ਲੈ = ਲਯ ਭਾਵ ਲੀਨ ਕਰ ਲਿਆ ॥੧॥

**ਹਰਿ ਹਰਿ ਨਾਮੁ; ਸੰਤਨ ਕੈ ਸੰਗਿ ॥ ਮਨੁ ਤਨੁ ਰਾਤਾ; ਰਾਮ ਕੈ ਰੰਗਿ ॥੧॥ਰਹਾਉ॥**

ਹੇ ਭਾਈ! ਪਾਪਾਂ ਨੂੰ ਹਰਿ = ਹਰਨ ਭਾਵ ਨਾਸ਼ ਕਰਨ ਵਾਲਾ ਹਰਿ = ਪਰਮੇਸ਼ਰ ਦਾ ਨਾਮ ਸੰਤਨ = ਮਹਾਂਪੁਰਖਾਂ ਕੈ = ਦੇ ਸਦਾ ਸੰਗਿ = ਨਾਲ ਰਹਿੰਦਾ ਹੈ। ਕਿਉਂਕਿ ਸੰਤ ਮਨੁ = ਚਿਤ ਕਰ ਕੇ ਤਨੁ = ਸਰੀਰ ਕਰ ਕੇ ਰਾਮ = ਪਰਮੇਸ਼ਰ ਕੈ = ਦੇ ਰੰਗਿ = ਪ੍ਰੇਮ ਵਿਚ ਰਾਤਾ = ਤਦਾਕਾਰ ਰਹਿੰਦੇ ਹਨ ॥੧॥ਰਹਾਉ॥

**ਗੁਰ ਪਰਸਾਦੀ; ਸਾਗਰੁ ਤਰਿਆ ॥**
**ਜਨਮ ਜਨਮ ਕੇ; ਕਿਲਵਿਖ ਸਭਿ ਹਿਰਿਆ ॥੨॥**

ਜਿਸ ਉਪਰ ਗੁਰ = ਸਤਿਗੁਰਾਂ ਦੀ ਪਰਸਾਦੀ = ਕ੍ਰਿਪਾਲਤਾ ਹੁੰਦੀ ਹੈ, ਉਹ ਸੰਸਾਰ ਸਾਗਰੁ = ਸਮੁੰਦਰ

ਤੋਂ ਤਰਿਆ = ਤਰ ਜਾਂਦਾ ਹੈ। ਉਸ ਦੇ ਜਨਮ ਜਨਮ = ਜਨਮਾਂ ਜਨਮਾਂਤਰਾਂ ਕੇ = ਦੇ ਸਭਿ = ਸਾਰੇ ਕਿਲਵਿਖ = ਪਾਪ ਹਿਰਿਆ = ਨਾਸ਼ ਹੋ ਜਾਂਦੇ ਹਨ ॥੨॥

## ਸੋਭਾ ਸੁਰਤਿ; ਨਾਮਿ ਭਗਵੰਤੁ ॥ ਪੂਰੇ ਗੁਰ ਕਾ; ਨਿਰਮਲ ਮੰਤੁ ॥੩॥

ਜਿਸ ਦੀ ਭਗਵੰਤੁ = ਪਰਮੇਸ਼ਰ ਦੇ ਨਾਮਿ = ਨਾਮ ਵਿਚ ਸੁਰਤਿ = ਚਿੱਤ ਬਿਰਤੀ ਜੁੜ ਗਈ ਹੈ, ਉਸ ਦੀ ਲੋਕ ਪਰਲੋਕ ਵਿਚ ਸੋਭਾ = ਵਡਿਆਈ ਹੁੰਦੀ ਹੈ **ਵਾ:** ਜੋ ਮਹਾਰਾਜ ਦੀ ਸੋਭਾ = ਵਡਿਆਈ ਕਰਦਾ ਹੈ, ਪਰਮੇਸ਼ਰ ਦੇ ਨਾਮ ਵਿਚ (ਸੁ+ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਕਰਦਾ ਹੈ, ਉਹ ਭਗਵੰਤੁ = ਪਰਮੇਸ਼ਰ ਦਾ ਹੀ ਰੂਪ ਹੋ ਜਾਂਦਾ ਹੈ। ਕਿਉਂਕਿ

ਉਸ ਨੂੰ ਪੂਰੇ = ਪੂਰਿਆਂ ਗੁਰ = ਸਤਿਗੁਰਾਂ ਕਾ = ਦਾ ਨਿਰਮਲ = ਉੱਜਲ ਮੰਤੁ = ਮੰਤ੍ਰ, ਉਪਦੇਸ਼ ਦਿੱਤਾ ਹੋਇਆ ਹੈ ॥੩॥

## ਚਰਣ ਕਮਲ; ਹਿਰਦੇ ਮਹਿ ਜਾਪੁ ॥
## ਨਾਨਕੁ; ਪੇਖਿ ਜੀਵੈ ਪਰਤਾਪੁ ॥੪॥੮੮॥੧੫੭॥

ਹੇ ਭਾਈ! ਮਹਾਰਾਜ ਜੀ ਦੇ ਚਰਣ = ਪਾਦ ਜੋ ਕਮਲ = ਕੌਲ ਵਾਂਗ ਨਿਰਲੇਪ ਹਨ, ਉਨ੍ਹਾਂ ਨੂੰ ਹਿਰਦੇ = ਅੰਤਸ਼ਕਰਣ ਦੇ ਮਹਿ = ਵਿਚ ਜਾਪੁ = ਜਪਣਾ, ਵਸਾਉਣਾ ਕਰ **ਵਾ:** ਪਰਮੇਸ਼ਰ ਦੇ ਨਾਮ ਦਾ ਜਾਪ ਕਰਨੇ ਕਰਕੇ, ਉਸ ਦੇ ਚਰਣਾਂ ਕਮਲਾਂ ਦਾ ਧਿਆਨ ਹਿਰਦੇ = ਚਿਤ ਮਾਹਿ = ਵਿਚ ਵਸ ਜਾਂਦਾ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਜਿਹੇ ਸੰਤਾਂ ਦਾ ਪਰਤਾਪੁ = ਤੇਜ ਪੇਖਿ = ਵੇਖ ਕਰਕੇ ਅਸੀਂ ਜੀਵੈ = ਜਿਉਂਦੇ ਹਾਂ।੪॥੮੮॥੧੫੭॥

## ਗਉੜੀ, ਮਹਲਾ ੫ ॥

**ਉਥਾਨਕਾ :** ਜਿਸ ਵੇਲੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਮਹਾਰਾਜ ਨੇ, ਅੰਮ੍ਰਿਤਸਰ ਸਰੋਵਰ ਦੇ ਵਿਚ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਰਚਨਾ ਕੀਤੀ, ਜਦ ਪਹਿਲੇ ਦਿਨ ਅੰਦਰ ਬੈਠ ਕੇ ਕੀਰਤਨ ਕੀਤਾ ਤਾਂ ਉਸ ਵੇਲੇ ਸਤਿਗੁਰੂ ਜੀ ਨੇ ਇਹ ਪਾਵਨ ਸ਼ਬਦ ਉਚਾਰਨ ਕੀਤਾ :

## ਧੰਨੁ ਇਹੁ ਥਾਨੁ; ਗੋਵਿੰਦ ਗੁਣ ਗਾਏ ॥

ਇਹੁ = ਇਹ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਥਾਨੁ = ਅਸਥਾਨ ਧੰਨੁ = ਧੰਨਤਾ ਦੇ ਜੋਗ ਹੈ, ਜਿਥੇ ਬੈਠ ਕੇ ਗੋਵਿੰਦ = ਪਰਮੇਸ਼ਰ ਦੇ ਗੁਣ = ਗੁਣਾਂ ਨੂੰ ਗਾਏ = ਗਾਇਣ ਕੀਤਾ ਹੈ **ਵਾ:** ਧੰਨ ਇਹ ਸਾਧਸੰਗਤ ਰੂਪ ਥਾਨੁ = ਥਾਂ ਹੈ, ਜਿਥੇ ਬੈਠ ਕੇ ਗੋਵਿੰਦ = ਧਰਤੀ ਦੀ ਰੱਖਿਆ ਕਰਨ ਵਾਲੇ ਪਰਮੇਸ਼ਰ ਦੇ ਗੁਣ ਗਾਏ ਜਾਂਦੇ ਹਨ **ਵਾ:** ਇਹ ਅੰਤਹਕਰਣ ਰੂਪੀ ਥਾਨੁ = ਥਾਂ ਧੰਨੁ = ਧੰਨਤਾ ਦੇ ਯੋਗ ਹੈ, ਜਿਥੇ ਬੈਠ ਕੇ ਗੋਵਿੰਦ = ਪਰਮੇਸ਼ਰ ਦੇ ਗੁਣ ਗਾਏ ਜਾਂਦੇ ਹਨ।

## ਕੁਸਲ ਖੇਮ; ਪ੍ਰਭਿ ਆਪਿ ਬਸਾਏ ॥੧॥ਰਹਾਉ॥

ਕੁਸਲ ਖੇਮ = ਸੁਖ ਸਾਂਦ, ਅਨੰਦ ਮੰਗਲ ਦੇ ਸਹਿਤ ਪ੍ਰਭਿ = ਵਾਹਿਗੁਰੂ ਨੇ ਆਪਿ = ਆਪ ਹੀ ਬਸਾਏ = ਵਸਾਉਣਾ ਕੀਤਾ ਹੈ **ਵਾ:** ਉਨ੍ਹਾਂ ਅਧਿਕਾਰੀ ਜਨਾਂ ਨੂੰ ਕੁਸਲ = ਕਲਿਆਣ ਅਤੇ ਸਭ ਖੇਮ = ਮੰਗਲ ਪ੍ਰਾਪਤ ਹਨ, ਜਿਨ੍ਹਾਂ ਦੇ ਪ੍ਰਭੂ ਨੇ ਆਪ ਸ਼ੁਭ ਗੁਣ ਹਿਰਦੇ ਵਿਚ ਬਸਾਏ = ਵਸਾਉਣਾ ਕੀਤੇ ਹਨ ॥੧॥ਰਹਾਉ॥

## ਬਿਪਤਿ ਤਹਾ; ਜਹਾ ਹਰਿ ਸਿਮਰਨੁ ਨਾਹੀ ॥
## ਕੋਟਿ ਅਨੰਦ; ਜਹ ਹਰਿ ਗੁਨ ਗਾਹੀ ॥੧॥

ਹੇ ਭਾਈ ! ਜਹਾ = ਜਿਥੇ ਹਰਿ = ਪਰਮੇਸ਼ਰ ਦਾ ਸਿਮਰਨੁ = ਭਜਨ ਨਾਹੀ = ਨਹੀਂ ਹੈ, ਤਹਾ = ਉਥੇ ਹੀ ਬਿਪਤਿ = ਆਪਦ, ਮੁਸੀਬਤ ਹੈ। ਜਹ = ਜਿਥੇ ਹਰਿ = ਪਰਮੇਸ਼ਰ ਦੇ ਗੁਨ = ਗੁਣ ਗਾਹੀ = ਗਾਏ ਜਾਂਦੇ ਹਨ, ਉਥੇ ਕੋਟਿ = ਕ੍ਰੋੜਾਂ ਅਨੰਦ = ਮੰਗਲ ਪ੍ਰਾਪਤ ਹੁੰਦੇ ਹਨ ॥੧॥

## ਹਰਿ ਬਿਸਰਿਐ; ਦੁਖ ਰੋਗ ਘਨੇਰੇ ॥ ਪ੍ਰਭ ਸੇਵਾ; ਜਮੁ ਲਗੈ ਨ ਨੇਰੇ ॥੨॥

ਹਰਿ = ਹਰੀ ਅਕਾਲ ਪੁਰਖ ਦੇ ਬਿਸਰਿਐ = ਭੁੱਲਣ ਕਰ ਕੇ ਜਨਮ ਮਰਣ, ਹਉਮੈ ਆਦਿ ਦੇ ਘਨੇਰੇ = ਬਹੁਤੇ ਰੋਗ ਲੱਗਦੇ ਹਨ। ਪ੍ਰਭ = ਪਰਮੇਸ਼ਰ ਦੀ ਸੇਵਾ = ਟਹਿਲ, ਭਗਤੀ ਕਰਨ ਨਾਲ ਜਮੁ = ਯਮ ਆਦਿ ਨੇਰੈ = ਨੇੜੇ, ਕੋਲ ਵੀ ਨ = ਨਹੀਂ ਲਗੈ = ਲੱਗਦੇ ॥੨॥

***ਨੋਟ :*** ਕਈ ਪੋਥੀਆਂ ਵਿਚ 'ਨੇਰੈ' ਪਾਠ ਵੀ ਆਉਂਦਾ ਹੈ, ਪਰ 'ਨੇਰੇ' ਪਾਠ ਸ਼ੁੱਧ ਹੈ।

## ਸੋ ਵਡਭਾਗੀ; ਨਿਹਚਲ ਥਾਨੁ ॥ ਜਹ ਜਪੀਐ; ਪ੍ਰਭ ਕੇਵਲ ਨਾਮੁ ॥੩॥

ਸੋ = ਉਹ ਵਡਭਾਗੀ = ਵੱਡਿਆਂ ਭਾਗਾਂ ਵਾਲਾ ਪੁਰਖ ਹੈ, ਉਸ ਦਾ ਹਿਰਦਾ ਰੂਪੀ ਥਾਨੁ = ਅਸਥਾਨ ਨਿਹਚਲ = ਨਿਸਚਲ ਹੈ **ਵਾ:** ਉਹ ਵੱਡਿਆਂ ਭਾਗਾਂ ਵਾਲੇ ਪੁਰਸ਼ ਸਤਸੰਗਤ, ਤੁਰੀਆ ਪਦ ਰੂਪੀ ਥਾਨੁ = ਅਸਥਾਨ ਵਿਚ ਨਿਹਚਲ = ਇਸਥਿਤ ਰਹਿੰਦੇ ਹਨ। ਜਹ = ਜਿਥੇ ਬੈਠ ਕੇ ਕੇਵਲ = ਸਿਰਫ਼ ਇੱਕੋ ਇਕ ਪ੍ਰਭੂ = ਪਰਮੇਸ਼ਰ ਦੇ ਨਾਮ ਨੂੰ ਜਪੀਐ = ਜਪਿਆ ਜਾਂਦਾ ਹੈ ॥੩॥

## ਜਹ ਜਾਈਐ; ਤਹ ਨਾਲਿ ਮੇਰਾ ਸੁਆਮੀ ॥
## ਨਾਨਕ ਕਉ; ਮਿਲਿਆ ਅੰਤਰਜਾਮੀ ॥੪॥੮੯॥੧੫੮॥

ਅਸੀਂ ਜਹ = ਜਿਥੇ ਵੀ ਜਾਈਐ = ਜਾਣਾ ਕਰੀਏ, ਤਹ = ਉਥੇ ਨਾਲਿ = ਸੰਗ ਹੀ ਮੇਰਾ = ਸਾਡਾ ਸੁਆਮੀ = ਮਾਲਕ ਵਾਹਿਗੁਰੂ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੇ ਕਉ = ਤਾਈਂ ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ, ਅੰਦਰਲਾ ਪ੍ਰੇਰਕ ਪਰਮੇਸ਼ਰ ਗੁਰਾਂ ਦੁਆਰਾ ਮਿਲਿਆ = ਮਿਲ ਗਿਆ ਹੈ ॥੪॥੮੯॥੧੫੮॥

## ਗਉੜੀ, ਮਹਲਾ ੫ ॥

**ਉਥਾਨਕਾ :** ਇਕ ਦਿਨ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸਤਿਸੰਗਤ ਵਿਚ ਸੁਭਾਇਮਾਨ ਸਨ। ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੋ ਪੰਡਿਤ ਲੋਕ ਹਨ, ਉਹ ਕਹਿੰਦੇ ਹਨ ਕਿ ਜਿਹੜਾ ਵੇਦਾਂ ਨੂੰ ਨਹੀਂ ਪੜ੍ਹਦਾ, ਉਨ੍ਹਾਂ ਦੀ ਮੁਕਤੀ ਨਹੀਂ ਹੋਵੇਗੀ। ਉਸ ਨੂੰ ਗਿਆਨ ਵੀ ਨਹੀਂ ਹੋ ਸਕਦਾ। ਹੇ ਸਤਿਗੁਰੂ ਜੀ ! ਫਿਰ ਸਾਡੇ ਵਰਗਿਆਂ ਅਨਪੜ੍ਹਿਆਂ ਦਾ ਕਿਵੇਂ ਉਧਾਰ ਹੋਵੇਗਾ। ਇਹ ਬੇਨਤੀ ਸੁਣ ਕੇ ਸਤਿਗੁਰੂ ਸਾਹਿਬ ਜੀ ਨੇ ਇਹ ਪਾਵਨ ਸ਼ਬਦ ਉਚਾਰਨ ਕੀਤਾ :

## ਜੋ ਪ੍ਰਾਣੀ; ਗੋਵਿੰਦੁ ਧਿਆਵੈ ॥ ਪੜਿਆ ਅਣਪੜਿਆ; ਪਰਮ ਗਤਿ ਪਾਵੈ ॥੧॥

ਹੇ ਭਾਈ ! ਜੋ = ਜਿਹੜਾ ਵੀ ਪ੍ਰਾਣੀ = ਪ੍ਰਾਣਾਧਾਰੀ ਜੀਵ ਗੋਵਿੰਦੁ = ਅਕਾਲ ਪੁਰਖ ਨੂੰ ਧਿਆਵੈ = ਧਿਆਉਣਾ ਕਰੇਗਾ।

ਭਾਵੇਂ ਉਹ ਵੇਦ, ਸ਼ਾਸਤਰ, ਵੇਦਾਂ ਦੇ ਖਟ ਅੰਗ ਸਿੱਖਿਆ, ਕਲਪ, ਵਿਆਕਰਣ, ਛੰਦ, ਜੋਤਿਸ਼,

ਪਿੰਗਲ, ਜੋਗ ਸ਼ਾਸਤਰ, ਵਿਦਾਂਤ ਆਦਿਕ ਗ੍ਰੰਥਾਂ ਨੂੰ ਪੜਿਆ = ਪੜ੍ਹਿਆ ਹੋਇਆ ਵਿਦਵਾਨ ਹੋਵੇ ਜਾਂ ਇਨ੍ਹਾਂ ਨੂੰ ਅਣਪੜਿਆ = ਪੜ੍ਹਨ ਤੋਂ ਰਹਿਤ ਹੋਵੇ, ਉਹ ਪਰਮ ਗਤਿ = ਵੱਡੀ ਮੁਕਤੀ ਭਾਵ ਪਰਮੇਸ਼ਰ ਨੂੰ ਪਾਵੈ = ਪਾ ਲੈਂਦਾ ਹੈ **ਵਾ:** ਪਰਮ = ਵੱਡੀ ਗਤਿ = ਮੁਕਤੀ ਕੈਵਲ ਮੋਖ ਨੂੰ ਪਾਵੈ = ਪਾ ਲੈਂਦਾ ਹੈ ॥੧॥

**ਸਾਖੀ—ਸੰਤ ਬਾਬਾ ਸੁੰਦਰ ਸਿੰਘ ਜੀ (ਭਿੰਡਰਾਂਵਾਲੇ) :** ਇਨ੍ਹਾਂ ਹੀ ਉਪਰੋਕਤ ਪੰਗਤੀਆਂ ਦੇ ਸਿਧਾਂਤ ਅਨੁਸਾਰ ਸੰਪ੍ਰਦਾ ਦਮਦਮੀ ਟਕਸਾਲ ਦੇ ਗਿਆਰ੍ਹਵੇਂ ਮੁਖੀ ਸੰਤ ਬਾਬਾ ਸੁੰਦਰ ਸਿੰਘ ਜੀ ਦੇ ਜੀਵਨ ਵਿਚ ਵਾਪਰੀ ਹੋਈ ਘਟਨਾ ਮਿਲਦੀ ਹੈ। ਜਿਸ ਵੇਲੇ ਸਿੰਘ ਸਭਾ ਲਹਿਰ ਚੱਲੀ, ਉਸ ਸਮੇਂ ਇਕ ਬਾਲਕ ਰਾਮ ਪੰਡਿਤ ਜੋ ਵਿੱਦਿਆ ਤਾਂ ਭਾਵੇਂ ਬਹੁਤ ਪੜ੍ਹਿਆ ਹੋਇਆ ਸੀ, ਪਰ ਉਤਨਾ ਹੀ ਵੱਡਾ ਉਸ ਨੂੰ ਆਪਣੀ ਵਿਦਵਤਾ ਦਾ ਹੰਕਾਰ ਵੀ ਸੀ। ਮੋਗੇ ਵਿਚ ਜਿਥੇ ਬਹੁਤ ਸਾਰੇ ਹਿੰਦੂ, ਮਹਾਸ਼ਿਆਂ ਦੀ ਸਭਾ ਲੱਗੀ ਹੋਈ ਸੀ, ਉਥੇ ਇਹ ਪ੍ਰਚਾਰ ਕਰ ਰਿਹਾ ਸੀ ਕਿ ਜਿਤਨਾ ਚਿਰ ਤਕ ਕੋਈ ਵੇਦਾਂ ਨੂੰ ਪੜ੍ਹ ਨਹੀਂ ਲੈਂਦਾ, ਉਤਨਾ ਚਿਰ ਉਸ ਦੀ ਕਲਿਆਣ ਨਹੀਂ ਹੋ ਸਕਦੀ। ਉਥੇ ਸਭਾ ਵਿਚ ਸੰਤ ਬਾਬਾ ਸੁੰਦਰ ਸਿੰਘ ਜੀ ਵੀ ਬੈਠੇ ਹੋਏ ਸਨ। ਉਨ੍ਹਾਂ ਨੂੰ ਜਥੇਦਾਰ ਬਾਬਾ ਗੁਰਦਿਆਲ ਸਿੰਘ ਜੀ ਕਹਿਣ ਲੱਗੇ ਕਿ ਮਹਾਂਪੁਰਖੋ! ਜੋ ਇਹ ਪੰਡਿਤ ਕਹਿ ਰਿਹਾ ਹੈ, ਕੀ ਇਹ ਵਾਕ ਮਿਥਿਆ ਨਹੀਂ ਹਨ। ਜੋ ਵੀ ਪਰਮੇਸ਼ਰ ਦਾ ਨਾਮ ਧਿਆਉਣ ਵਾਲਾ ਹੈ, ਭਾਵੇਂ ਉਹ ਅਨਪੜ੍ਹ ਹੋਵੇ, ਕੀ ਉਸ ਦੀ ਮੁਕਤੀ ਨਹੀਂ ਹੋ ਸਕਦੀ? ਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਅਸੀਂ ਇਸ ਦਾ ਉੱਤਰ ਸਭਾ ਵਿਚ ਦਿੰਦੇ ਹਾਂ, ਤੁਸੀਂ ਮਹਾਰਾਜ ਜੀ ਦੇ ਬਚਨਾਂ ਉਪਰ ਭਰੋਸਾ ਰੱਖੋ। ਮਹਾਂਪੁਰਸ਼ਾਂ ਨੇ ਸਭਾ ਵਿਚ ਪ੍ਰਭਾਵਸ਼ਾਲੀ ਅਤੇ ਨਿੱਗਰ ਪ੍ਰਵਚਨਾਂ ਨਾਲ ਗੁਰਮਤਿ ਸਿਧਾਂਤ ਨੂੰ ਇਸ ਸਭਾ ਵਿਚ ਰੱਖਿਆ, ਜਦੋਂ ਇਸ ਪੰਗਤੀ ਦੇ ਅਰਥ ਕੀਤੇ ਸਨ ਕਿ :

**ਜੋ ਪ੍ਰਾਣੀ ਗੋਵਿੰਦੁ ਧਿਆਵੈ ॥**
**ਪੜਿਆ ਅਣਪੜਿਆ ਪਰਮ ਗਤਿ ਪਾਵੈ ॥** *(ਗਉੜੀ ਮ: ੫, ਅੰਗ ੧੯੭)*

ਅਤੇ ਬਹੁਤ ਸਾਰੇ ਦ੍ਰਿਸ਼ਟਾਂਤ ਪ੍ਰਮਾਣਾਂ ਦੇ ਕੇ ਗੁਰਮਤਿ ਦੇ ਸਿਧਾਂਤ ਨੂੰ ਦ੍ਰਿੜ੍ਹ ਕਰਵਾਇਆ ਕਿ ਜਿਵੇਂ ਕੋਈ ਬਹੁਤ ਹੀ ਭੁੱਖਾ ਆਦਮੀ ਹੈ, ਭਾਵੇਂ ਉਹ ਕਿਤਨਾ ਵੀ ਗਿਆਨਵਾਨ, ਵਿਦਵਾਨ ਹੋਵੇ ਜਾਂ ਅਨਪੜ੍ਹ ਹੋਵੇ, ਉਨ੍ਹਾਂ ਦੋਹਾਂ ਦੀ ਭੁੱਖ ਰੋਟੀ ਖਾਣ ਤੋਂ ਹੀ ਉਤਰੇਗੀ। ਰੋਟੀ ਖਾਣ ਤੋਂ ਬਗ਼ੈਰ ਨਹੀਂ ਉਤਰ ਸਕਦੀ। ਐਸੇ ਪ੍ਰਕਾਰ ਭਾਵੇਂ ਕੋਈ ਪੜ੍ਹਿਆ ਲਿਖਿਆ ਵਿਦਵਾਨ ਹੋਵੇ ਜਾਂ ਘਾਹ ਖੋਦਣ ਵਾਲਾ ਅਨਪੜ੍ਹ ਹੋਵੇ, ਪਰਮੇਸ਼ਰ ਨੂੰ ਧਿਆਉਣ ਕਰਕੇ ਸਭਨਾਂ ਨੂੰ ਮੁਕਤੀ ਪ੍ਰਾਪਤ ਹੋ ਜਾਂਦੀ ਹੈ।

ਇਸ ਪ੍ਰਕਾਰ ਹੋਰ ਵੀ ਅਨੇਕਾਂ ਪ੍ਰਮਾਣ ਦੇ ਕੇ ਸਮਝਾਉਣਾ ਕੀਤਾ। ਸੋ ਇਨ੍ਹਾਂ ਬਚਨਾਂ ਦਾ ਲੋਕਾਂ ਉੱਪਰ ਤਾਂ ਪ੍ਰਭਾਵ ਪੈਣਾ ਹੀ ਸੀ, ਉਸ ਹੰਕਾਰੀ ਪੰਡਿਤ ਬਾਲਕ ਰਾਮ (ਉਦਾਸੀ) ਨੇ ਵੀ ਆਪਣੀ ਗ਼ਲਤੀ ਦੀ ਮਾਫ਼ੀ ਮੰਗ ਕੇ ਖਹਿੜਾ ਛਡਾਇਆ। ਅਤੇ ਇਹ ਵੀ ਕਿਹਾ ਕਿ ਕੋਈ ਵੀ ਵਿਦਵਾਨ ਗੁਰਬਾਣੀ ਦੇ ਮੁਕਾਬਲੇ ਵੇਦਾਂ ਸ਼ਾਸਤਰਾਂ ਦੇ ਪ੍ਰਮਾਣ ਦੇ ਕੇ ਗੁਰਬਾਣੀ ਤੋਂ ਉੱਚਾ ਸਿਧਾਂਤ ਨਹੀਂ ਦਰਸਾ ਸਕਦਾ। ਏਸੇ ਉਦਾਸੀ ਪੰਡਿਤ ਨੇ ਫਰੀਦਕੋਟ ਟੀਕੇ ਵਿਚ ਭੀ ਕੁਝ ਸਮਾਂ ਸ੍ਰੀ ਰਾਗ ਦੇ ਅਰਥ ਲਿਖਣ ਵਿਚ ਮਦਦ ਕੀਤੀ ਸੀ, ਪਰ ਫੇਰ ਕੁਝ ਮਤਭੇਦ ਹੋਣ ਕਰਕੇ ਇਸ ਨੂੰ ਅਰਥ ਲਿਖਣ ਵਾਲੀ ਸਭਾ ਵਿੱਚੋਂ ਕੱਢ ਦਿੱਤਾ ਸੀ।

## ਸਾਧੂ ਸੰਗਿ; ਸਿਮਰਿ ਗੋਪਾਲ ॥
## ਬਿਨੁ ਨਾਵੈ; ਝੂਠਾ ਧਨੁ ਮਾਲੁ ॥੧॥ਰਹਾਉ॥

ਹੇ ਭਾਈ! ਸਾਧੂ = ਮਹਾਂਪੁਰਖਾਂ, ਗੁਰੂ ਸਾਹਿਬ ਜੀ ਦੀ ਸੰਗਿ = ਸੰਗਤ ਵਿਚ ਮਿਲ ਕਰਕੇ ਗੋਪਾਲ = ਵਾਹਿਗੁਰੂ ਦਾ ਸਿਮਰਿ = ਸਿਮਰਨ ਕਰ। ਕਿਉਂਕਿ ਪਰਮੇਸ਼ਰ ਦੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਧਨੁ = ਰੋਕੜੀ, ਬਿਭੂਤੀ ਮਾਲੁ = ਹਾਥੀ ਘੋੜੇ ਆਦਿਕ ਸਭ ਝੂਠਾ = ਮਿਥਿਆ ਹੈ ॥੧॥ਰਹਾਉ॥

[ਅੰਗ ੧੯੮]

## ਰੂਪਵੰਤੁ; ਸੋ ਚਤੁਰੁ ਸਿਆਣਾ ॥ ਜਿਨਿ ਜਨਿ; ਮਾਨਿਆ ਪ੍ਰਭ ਕਾ ਭਾਣਾ ॥੨॥

ਹੇ ਭਾਈ! ਸੋ = ਉਹੋ ਰੂਪਵੰਤੁ = ਸੁੰਦਰ ਸਰੂਪ ਵਾਲਾ, ਚਰਚਾ ਵਿਚ ਵੀ ਤੇ ਵਿਹਾਰਾਂ ਵਿਚ ਵੀ ਚਤੁਰੁ = ਚਲਾਕ, ਸਾਵਧਾਨ ਅਤੇ ਸ਼ਾਸਤਰ ਗਿਆਨ ਵਿਚ ਵੀ ਉਹੀ ਸਿਆਣਾ = ਸੁਜਾਨ ਹੈ।

ਜਿਨਿ = ਜਿਸ ਜਨਿ = ਪ੍ਰੇਮੀ ਨੇ ਪ੍ਰਭ = ਵਾਹਿਗੁਰੂ ਕਾ = ਦਾ ਭਾਣਾ = ਹੁਕਮ ਮਾਨਿਆ = ਮੰਨਣਾ ਕੀਤਾ ਹੈ ॥੨॥

## ਜਗ ਮਹਿ ਆਇਆ; ਸੋ ਪਰਵਾਣੁ ॥ ਘਟਿ ਘਟਿ; ਅਪਣਾ ਸੁਆਮੀ ਜਾਣੁ ॥੩॥

ਹੇ ਭਾਈ ! ਜਗ = ਸੰਸਾਰ ਮਹਿ = ਵਿਚ ਆਇਆ = ਆਉਣ ਵਾਲਾ, ਸੋ = ਉਹ ਪਰਵਾਣੁ = ਪ੍ਰਮਾਣਨੀਕ, ਸਫਲਾ ਹੈ। ਜਿਸ ਨੇ ਘਟਿ ਘਟਿ = ਘਟਾਂ ਘਟਾਂ **ਵਾ:** ਹਰੇਕ ਦਿਲ ਅਤੇ ਸਰੀਰ ਵਿਚ ਅਪਣਾ = ਅਪਨਾ ਸੁਆਮੀ = ਮਾਲਕ, ਵਾਹਿਗੁਰੂ ਹੀ ਜਾਣੁ = ਜਾਨਣਾ ਕੀਤਾ ਹੈ ॥੩॥

## ਕਹੁ ਨਾਨਕ; ਜਾ ਕੇ ਪੂਰਨ ਭਾਗ ॥
## ਹਰਿ ਚਰਣੀ; ਤਾ ਕਾ ਮਨੁ ਲਾਗ ॥੪॥੯੦॥੧੫੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਾ = ਜਿਸ ਕੇ = ਦੇ ਪੂਰਨ = ਮੁਕੰਮਲ **ਵਾ:** ਪੂਰੇ ਭਾਗ = ਕਰਮ ਹਨ। ਤਾ = ਉਸ ਪ੍ਰਾਣੀ ਕਾ = ਦਾ ਮਨੁ = ਚਿਤ ਹਰਿ = ਵਾਹਿਗੁਰੂ ਦੇ ਚਰਣੀ = ਚਰਨਾਂ ਨਾਲ ਲਾਗ = ਲੱਗ ਜਾਂਦਾ ਹੈ ॥੪॥੯੦॥੧੫੯॥

## ਗਉੜੀ, ਮਹਲਾ ੫ ॥

**ਉਥਾਨਕਾ** : ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਗੁਰੂ ਕੇ ਬਾਗ਼ ਵਿਖੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰ ਰਹੇ ਸਨ। ਸਤਿਗੁਰੂ ਜੀ ਦੇ ਹਜ਼ੂਰ ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ! ਸਾਕਤ ਪੁਰਖਾਂ ਦਾ ਪਰਮੇਸ਼ਰ ਦੇ ਸੇਵਕਾਂ ਨਾਲ ਮਿਲਾਪ ਕਿਉਂ ਨਹੀਂ ਬਣਦਾ ? ਕੀ ਕਾਰਨ ਹੈ ? ਆਪ ਜੀ ਹੀ ਕਿਰਪਾ ਕਰਕੇ ਦੱਸੋ। ਤਦ ਸਤਿਗੁਰੂ ਸਾਹਿਬ ਜੀ ਸਿੱਖਾਂ ਦੇ ਪ੍ਰਥਾਏ ਸਮੁੱਚੀ ਮਨੁੱਖਤਾ ਲਈ ਸਾਂਝਾ ਉਪਦੇਸ਼ ਕਥਨ ਕਰਦੇ ਹਨ :

## ਹਰਿ ਕੇ ਦਾਸ ਸਿਉ; ਸਾਕਤ ਨਹੀ ਸੰਗੁ ॥
## ਓਹੁ ਬਿਖਈ; ਓਸੁ ਰਾਮ ਕੋ ਰੰਗੁ ॥੧॥ਰਹਾਉ॥

ਹੇ ਭਾਈ ! ਹਰਿ = ਪਰਮੇਸ਼ਰ ਕੇ = ਦੇ ਦਾਸ = ਸੇਵਕਾਂ ਸਿਉ = ਨਾਲ ਸਾਕਤ = ਸ਼ਕਤੀ ਦੇ ਉਪਾਸ਼ਕ, ਕਠੋਰ ਚਿਤ ਵਾਲੇ ਪਤਿਤ ਪੁਰਖਾਂ ਦਾ ਸੰਗੁ = ਸਾਥ ਨਹੀਂ ਬਣ ਸਕਦਾ। ਕਿਉਂਕਿ ਓਹੁ = ਉਹ ਸਾਕਤ ਪੁਰਸ਼ ਸ਼ਬਦ, ਸਪਰਸ਼, ਰੂਪ ਰਸ, ਗੰਧ ਆਦਿ ਵਿਸ਼ਿਆਂ ਵਿਚ ਹੀ ਲੱਗੇ ਹੋਏ ਬਿਖਈ = ਵਿਸ਼ਈ ਹਨ। ਭਾਵ ਜਿਵੇਂ ਕੋਈ ਇਕ ਆਦਮੀ ਪੂਰਬ ਨੂੰ ਜਾਂਦਾ ਹੋਵੇ ਤੇ ਇਕ ਪੱਛਮ ਨੂੰ ਜਾਂਦਾ ਹੋਵੇ, ਇਨ੍ਹਾਂ ਦੋਨਾਂ ਦਾ ਆਪਸ ਵਿਚ ਮੇਲ ਨਹੀਂ, ਦੋਨਾਂ ਦੇ ਮਾਰਗ ਵੱਖੋ-ਵੱਖਰੇ ਹਨ। ਇਸੇ ਪ੍ਰਕਾਰ ਹਰੀ ਦੇ ਸੇਵਕਾਂ ਨੂੰ ਪਰਮੇਸ਼ਰ ਦਾ ਪ੍ਰੇਮ ਰੰਗ ਹੈ ਅਤੇ ਸਾਕਤ ਵਿਸ਼ਈ ਹਨ। ਇਨ੍ਹਾਂ ਦੇ ਰਸਤੇ ਵੱਖੋ-ਵੱਖਰੇ ਹਨ, ਇਸ ਤਰ੍ਹਾਂ ਇਨ੍ਹਾਂ ਦਾ ਮਿਲਾਪ ਨਹੀਂ ਹੋ ਸਕਦਾ ॥੧॥ਰਹਾਉ॥

ਅਗਲੀਆਂ ਪੰਗਤੀਆਂ ਵਿਚ ਸਤਿਗੁਰੂ ਜੀ ਦੋ ਦੋ ਦ੍ਰਿਸ਼ਟਾਂਤ ਦੇ ਕਰਕੇ ਇਸ ਗੱਲ ਨੂੰ ਨਿਸਚੇ ਕਰਾਉਂਦੇ ਹਨ ਕਿ ਪ੍ਰਭੂ ਦੇ ਭਗਤਾਂ ਅਤੇ ਸਾਕਤ ਪੁਰਸ਼ਾਂ ਦਾ ਆਪਸ ਵਿਚ ਮੇਲ ਨਹੀਂ ਹੈ।

## ਮਨ ਅਸਵਾਰ; ਜੈਸੇ ਤੁਰੀ ਸੀਗਾਰੀ ॥

ਜੈਸੇ = ਜਿਸ ਪ੍ਰਕਾਰ ਇਕ ਪੁਰਖ (ਮਨ+ਅਸਵਾਰ) ਅਨ ਸਵਾਰ ਹੋਵੇ ਤੇ ਦੂਜਾ ਤੁਰੀ = ਘੋੜੀ ਨੂੰ ਸੀਗਾਰੀ = ਸਿੰਗਾਰਨ ਵਾਲਾ ਹੋਵੇ। ਭਾਵ ਜਿਵੇਂ ਘੋੜੀ ’ਤੇ ਚੜ੍ਹਨ ਵਾਲੇ ਪੁਰਖ ਨਾਲ ਅਨ ਅਸਵਾਰ ਪੁਰਖ ਨਹੀਂ ਰਲ ਸਕਦਾ। ਇਵੇਂ ਜੋ ਸਾਕਤ ਪੁਰਸ਼ ਹਨ, ਉਹ ਅਨ ਅਸਵਾਰ ਦੀ ਨਿਆਈਂ ਹਨ ਤੇ ਜੋ ਭਗਤ ਜਨ ਹਨ, ਉਹ ਸ਼ਿੰਗਾਰੀ ਘੋੜੀ ’ਤੇ ਸਵਾਰ ਦੀ ਨਿਆਈਂ ਹਨ। ਇਸ ਪ੍ਰਕਾਰ ਦੋਨਾਂ ਦਾ ਮੇਲ ਨਹੀਂ।

## ਜਿਉ ਕਾਪੁਰਖੁ; ਪੁਚਾਰੈ ਨਾਰੀ ॥੧॥

ਜਿਉ = ਜਿਵੇਂ ਇਕ ਕਾਪੁਰਖ = ਨਪੁੰਸਕ, ਹੀਜੜਾ ਹੋਵੇ, ਜੋ ਸੰਤਾਨ ਪੈਦਾ ਨਹੀਂ ਕਰ ਸਕਦਾ ਤੇ ਦੂਜਾ ਨਾਰੀ = ਇਸਤਰੀਆਂ ਨੂੰ ਪੁਚਾਰੈ = ਪਰਚਾਉਣ ਵਾਲਾ ਹੋਵੇ, ਧੀਰਜ ਦੇਣ ਵਾਲਾ ਹੋਵੇ। ਭਾਵ ਇਕ ਤਾਂ ਹੀਜੜਾ ਹੋਵੇ ਜੋ ਸੰਤਾਨ ਨਹੀਂ ਪੈਦਾ ਕਰ ਸਕਦਾ ਤੇ ਦੂਜਾ ਪੁਰਖ ਸੰਤਾਨ ਪੈਦਾ ਕਰ ਸਕਦਾ ਹੋਵੇ। ਇਨ੍ਹਾਂ ਦੋਨਾਂ ਦਾ ਜਿਵੇਂ ਮਿਲਾਪ ਨਹੀਂ॥੧॥

## ਬੈਲ ਕਉ; ਨੇਤ੍ਰਾ ਪਾਇ ਦੁਹਾਵੈ ॥

ਜਿਵੇਂ ਇਕ ਪੁਰਸ਼ ਬੈਲ = ਬਲਦਾਂ ਕਉ = ਨੂੰ ਲੈ ਕੇ ਹੱਲ ਜੋੜਨ ਵਾਲਾ ਹੋਵੇ, ਚਾਰਦਾ ਹੋਵੇ ਤੇ ਇਕ ਗਊਆਂ ਨੂੰ ਨੇਤ੍ਰਾ = ਨਿਆਣਾ ਪਾਇ = ਪਾ ਕੇ ਦੁਹਾਵੈ = ਚੋਣਾ ਕਰਦਾ ਹੋਵੇ। ਭਾਵ ਜਿਵੇਂ ਇਨ੍ਹਾਂ ਦਾ ਮੇਲ ਨਹੀਂ ਇਕ ਤਾਂ ਬੈਲਾਂ ਨਾਲ ਬੀਜ ਬਿਜਾਈ ਕਰਦਾ ਤੇ ਇਕ ਦੁੱਧ ਚੋਂਦਾ ਹੈ। ਇਸੇ ਪ੍ਰਕਾਰ ਸਾਕਤ ਪੁਰਸ਼ ਬੈਲ ਜੋੜਨ ਦੀ ਨਿਆਈਂ ਹਨ ਅਤੇ ਸੰਤ ਭਗਤ ਗਊਆਂ ਚੋਣ ਦੀ ਨਿਆਈਂ ਹਨ। ਇਨ੍ਹਾਂ ਦੋਨਾਂ ਦਾ ਮਿਲਾਪ ਨਹੀਂ ਬਣਦਾ।

***ਨੋਟ :*** ਦੁੱਧ ਰਿੜਕਣ ਵਾਲੀ ਮਾਧਾਣੀ ਦੀ ਰੱਸੀ ਨੂੰ ਨੇਤ੍ਰਾ (ਨਿਆਣਾ) ਕਹਿੰਦੇ ਹਨ।

## ਗਊ ਚਰਿ; ਸਿੰਘ ਪਾਛੈ ਪਾਵੈ ॥੨॥

(**ਚਰਿ** ਭਾਰਾ ਬੋਲੋ)

ਜਿਸ ਪ੍ਰਕਾਰ ਇਕ ਗਊ = ਗਾਵਾਂ ਨੂੰ ਚਰਿ = ਚਰਾਉਣ ਵਾਲਾ ਹੋਵੇ ਅਤੇ ਦੂਸਰਾ ਸਿੰਘ = ਸ਼ੇਰ ਦੇ ਪਾਛੈ = ਪਿੱਛੇ ਪਾਵੈ = ਪੈਣ ਵਾਲਾ ਹੋਵੇ, ਭਾਵ ਸ਼ੇਰ ਦਾ ਸ਼ਿਕਾਰ ਕਰਨ ਵਾਲਾ ਹੋਵੇ, ਦੋਵਾਂ ਦਾ ਮਿਲਾਪ ਨਹੀਂ ਬਣਦਾ। ਏਵੇਂ ਹੀ ਗਊਆਂ ਨੂੰ ਚਰਾਉਣ ਵਾਲਾ ਸਾਕਤ ਪੁਰਸ਼ ਹੈ, ਸ਼ੇਰ ਦਾ ਸ਼ਿਕਾਰ ਖੇਡਣ ਵਾਲੇ ਦੀ ਨਿਆਈਂ ਸੰਤ ਜਨ ਹਨ। ਇਨ੍ਹਾਂ ਦਾ ਆਪਸ ਵਿਚ ਕੋਈ ਮੇਲ ਨਹੀਂ॥੨॥

## ਗਾਡਰ ਲੇ; ਕਾਮਧੇਨੁ ਕਰਿ ਪੂਜੀ ॥

ਜਿਵੇਂ ਕੋਈ ਗਾਡਰ = ਭੇਡਾਂ ਨੂੰ ਲੈ ਕੇ ਰੂੜੀਆਂ ’ਤੇ ਫੇਰਨ ਵਾਲਾ ਹੋਵੇ ਤੇ ਇਕ ਕਾਮਧੇਨੁ = ਸਵਰਗਾਂ ਦੀ ਗਊ ਦੀ ਪੂਜੀ = ਪੂਜਾ ਕਰਿ = ਕਰਨ ਵਾਲਾ ਹੋਵੇ, ਦੋਨਾਂ ਦਾ ਆਪਸ ਵਿਚ ਕੋਈ ਮਿਲਾਪ ਨਹੀਂ। ਇਸੇ ਪ੍ਰਕਾਰ ਕਾਮਧੇਨ ਦੀ ਪੂਜਾ ਕਰਨ ਦੀ ਨਿਆਈਂ ਸੰਤ ਜਨ ਹਨ ਅਤੇ ਭੇਡਾਂ ਨੂੰ ਰੂੜੀ ’ਤੇ ਫੇਰਨ ਦੀ ਨਿਆਈਂ ਸਾਕਤ ਪੁਰਸ਼ ਹਨ। ਦੋਵਾਂ ਦਾ ਆਪਸ ਵਿਚ ਮਿਲਾਪ ਨਹੀਂ ਹੈ।

## ਸਉਦੇ ਕਉ ਧਾਵੈ; ਬਿਨੁ ਪੂੰਜੀ ॥੩॥

ਜਿਵੇਂ ਇਕ ਪੁਰਸ਼ ਤਾਂ ਮਾਇਆ ਲੈ ਕੇ ਸਉਦੇ = ਪਦਾਰਥਾਂ, ਵਸਤੂਆਂ ਕਉ = ਨੂੰ ਲੈਣ ਵਾਸਤੇ ਧਾਵੈ = ਦੌੜੇ ਤੇ ਇਕ ਬਿਨੁ = ਬਿਨਾਂ ਪੂੰਜੀ = ਰਾਸ਼ੀ ਤੋਂ ਹੋਵੇ। ਉਹ ਸੌਦਾ ਨਹੀਂ ਖ਼ਰੀਦ ਸਕੇਗਾ। ਦੋਵਾਂ ਦਾ ਕੋਈ ਮੇਲ ਨਹੀਂ। ਇਸੇ ਪ੍ਰਕਾਰ ਸੌਦੇ ਨੂੰ ਮੁੱਲ ਲੈ ਕੇ ਆਉਣ ਵਾਲਿਆਂ ਵਾਂਗੂੰ ਸੰਤ ਜਨ ਹਨ ਤੇ ਬਿਨਾਂ ਪੂੰਜੀ ਵਾਲੇ ਸਾਕਤ ਪੁਰਸ਼ ਹਨ। ਇਉਂ ਦੋਵਾਂ ਦਾ ਮਿਲਾਪ ਨਹੀਂ॥੩॥

### ਦੂਸਰਾ ਅਰਥ

### ਹਰਿ ਕੇ ਦਾਸ ਸਿਉ; ਸਾਕਤ ਨਹੀ ਸੰਗੁ ॥

ਹੇ ਗੁਰੂ ਜੀ! ਜੋ ਹਰਿ = ਪਰਮੇਸ਼ਰ ਕੇ = ਦੇ ਦਾਸ = ਸੇਵਕ ਜਨ ਹਨ, ਉਨ੍ਹਾਂ ਦਾ ਸਾਕਤ = ਪਤਿਤ ਪੁਰਸ਼ਾਂ ਸਿਉ = ਨਾਲ ਕਿਉਂ ਨਹੀਂ ਸੰਗੁ = ਸਾਥ ਬਣਦਾ।

### ਓਹੁ ਬਿਖਈ; ਓਸੁ ਰਾਮ ਕੋ ਰੰਗੁ ॥੧॥ਰਹਾਉ॥

ਹੇ ਭਾਈ! ਜੋ ਸਾਕਤ ਪੁਰਸ਼ ਹਨ, ਓਹੁ = ਉਹ ਰਾਤ ਦਿਨ ਬਿਖਈ = ਵਿਸ਼ਿਆਂ ਵਿਚ ਪਏ ਰਹਿੰਦੇ ਹਨ। ਓਹੁ = ਉਹ ਦੂਸਰੇ ਜੋ ਸੰਤ ਜਨ ਹਨ, ਉਨ੍ਹਾਂ ਨੂੰ ਰਾਮ = ਪਰਮੇਸ਼ਰ ਦਾ ਰੰਗੁ = ਪ੍ਰੇਮ ਚੜ੍ਹਿਆ ਰਹਿੰਦਾ ਹੈ। ਇਉਂ ਉਨ੍ਹਾਂ ਦਾ ਸਾਥ ਨਹੀਂ ਬਣਦਾ॥੧॥ਰਹਾਉ॥

### ਮਨ ਅਸਵਾਰ; ਜੈਸੇ ਤੁਰੀ ਸੀਗਾਰੀ ॥

ਇਕਨਾਂ ਸਾਕਤਾਂ ਪੁਰਸ਼ਾਂ ਵਿਚ ਤਾਂ ਹਰ ਵੇਲੇ ਮਨ ਹੀ ਅਸਵਾਰ = ਸਵਾਰੀ ਕਰਦਾ ਹੈ, ਭਾਵ ਉਹ ਮਨ ਦੇ ਹੀ ਆਖੇ ਲੱਗਦੇ ਹਨ। ਕਿਸੇ ਵੀ ਵੇਦ ਸ਼ਾਸਤਰ ਨੂੰ ਨਹੀਂ ਜਾਣਦੇ, ਬੁਰੇ ਭਲੇ ਦਾ ਕੋਈ ਗਿਆਨ ਨਹੀਂ ਰੱਖਦੇ ਤੇ ਸੰਤ ਜਨਾਂ ਜਾਗਰਤ, ਸੁਪਨ, ਸੁਖੋਪਤੀ ਦੇ ਉੱਪਰ ਤੁਰੀ = ਤੁਰੀਆ ਅਵਸਥਾ ਨੂੰ ਸੀਗਾਰੀ = ਸ਼ਿੰਗਾਰਨ ਵਾਲੇ ਹਨ। ਇਉਂ ਦੋਹਾਂ ਦਾ ਸਾਥ ਨਹੀਂ ਬਣ ਸਕਦਾ।

### ਜਿਉ ਕਾਪੁਰਖੁ; ਪੁਚਾਰੈ ਨਾਰੀ ॥੧॥

ਜਿਉ = ਜਿਵੇਂ ਕਾਪੁਰਖ = ਨੀਚ ਪੁਰਸ਼, ਨਿਸ਼ਰਧਕ ਹੈ, ਜਿਸ ਦੀ ਵੇਦਾਂ ਸ਼ਾਸਤਰਾਂ ਗੁਰੂ, ਇਸ਼ਟ ਦੇ ਸ਼ਰਧਾ ਨਹੀਂ, ਭਾਵ ਸ਼ਰਧਾ ਤੋਂ ਹੀਣੇ ਹਨ, ਉਨ੍ਹਾਂ ਨੂੰ ਕੁਝ ਭੀ ਪ੍ਰਾਪਤ ਨਹੀਂ ਹੁੰਦਾ "ਸਰਧਾਵਾਨੰ ਲਭਤੇ ਗਿਆਨੰ"।

ਦੂਜੇ ਉਪਨਿਸ਼ਦਾਂ ਰੂਪੀ ਨਾਰੀ = ਨਾਰੀਆਂ ਨੂੰ ਪੁਚਾਰੈ = ਪੁਚਾਰਨ ਭਾਵ ਪ੍ਰਚਾਰਨ ਵਾਲੇ, ਵਿਚਾਰਨ ਵਾਲੇ ਸ਼ਰਧਾਲੂ ਪੁਰਖ ਹਨ, ਇਉਂ ਦੋਹਾਂ ਦਾ ਮੇਲ ਨਹੀਂ ਬਣਦਾ॥੧॥

### ਬੈਲ ਕਉ; ਨੇਤ੍ਰਾ ਪਾਇ ਦੁਹਾਵੈ ॥

ਇਕ ਬੈਲ = ਬਲਦ ਦੀ ਨਿਆਈਂ ਆਲਸੀ ਆਦਮੀ ਹਨ ਜੋ ਕਿਸੇ ਵੀ ਸ਼ੁਭ ਕਰਮ ਲਈ ਉੱਦਮ ਨਹੀਂ ਕਰਦੇ ਅਤੇ ਇਕ ਸਮ ਦਮ ਸਾਧਨਾ ਰੂਪੀ ਨੇਤ੍ਰਾ = ਰੱਸੀ ਨੂੰ ਪਾ ਕੇ, ਬ੍ਰਹਮਾਕਾਰ ਬਿਰਤੀ ਰੂਪ ਗਊ ਤੋਂ ਬ੍ਰਹਮਾਨੰਦ ਰੂਪੀ ਦੁਧ ਦੁਹਾਵੈ = ਚੋਣ ਵਾਲੇ ਹਨ। ਇਸ ਪ੍ਰਕਾਰ ਦੋਹਾਂ ਦਾ ਮਿਲਾਪ ਨਹੀਂ ਬਣਦਾ।

### ਗਊ ਚਰਿ; ਸਿੰਘ ਪਾਛੈ ਪਾਵੈ ॥੨॥

ਇਕ ਇੰਦ੍ਰੀਆਂ ਰੂਪੀ ਗਊ = ਗਾਵਾਂ ਨੂੰ ਵਿਸ਼ਿਆਂ ਰੂਪੀ ਘਾਹ ਚਰਾਉਣ ਵਾਲੇ ਸਾਕਤ ਪੁਰਸ਼ ਹਨ। ਇਕ ਪਾਸੇ ਸੰਤ ਜਨ ਸਿੰਘ = ਸ੍ਰੇਸ਼ਟ ਭਾਵ ਸ਼ੁੱਧ ਬ੍ਰਹਮ ਦੀ ਪ੍ਰਾਪਤੀ ਲਈ ਆਪਣੇ ਆਪ ਨੂੰ ਸਾਧ ਸੰਗਤ ਦੇ ਪਾਛੇ = ਪਿੱਛੇ ਪਾਵੈ = ਪਾਉਂਦੇ ਹਨ॥੨॥ ਜੈਸਾ ਕਿ :

**ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ ॥੪॥੬॥੧੭॥** *(ਸੋਰਠਿ ਮ: ੫, ਅੰਗ ੬੧੩)*

ਇਸ ਪ੍ਰਕਾਰ ਦੋਨਾਂ ਦਾ ਮੇਲ ਨਹੀਂ ਹੈ।

**ਗਾਡਰ ਲੇ; ਕਾਮਧੇਨੁ ਕਰਿ ਪੂਜੀ ॥**

ਇਕ ਗਾਡਰ = ਭੇਡਾਂ ਨੂੰ ਲੇ = ਲੈ ਕਰਕੇ ਪੂਜਣ ਵਾਲਾ ਹੈ ਭਾਵ ਭੇਡਾਂ ਦੀ ਨਿਆਈਂ ਅਭਗਤ ਪੁਰਖ ਹੈ ਅਰ ਭੂਤਾਂ ਪ੍ਰੇਤਾਂ ਆਦਿ ਦੀ ਪੂਜਾ ਕਰਨ ਵਾਲਾ ਹੈ ਅਤੇ ਦੂਜੇ ਸੰਤ ਜਨ ਜੋ ਕਾਮਧੇਨੁ = ਸਾਰੀਆਂ ਕਾਮਨਾਵਾਂ ਪੂਰੀਆਂ ਕਰਨ ਵਾਲੀ ਪਰਮੇਸ਼ਰ ਦੀ ਭਗਤੀ ਹੈ, ਉਸ ਦਾ ਪੂਜੀ = ਪੂਜਣ ਕਰਨ ਵਾਲੇ ਹਨ। ਇਸ ਪ੍ਰਕਾਰ ਇਕ ਸਾਕਤ ਪੁਰਸ਼ ਤਾਂ ਭੂਤਾਂ ਪ੍ਰੇਤਾਂ ਦੇ ਉਪਾਸ਼ਕ ਹਨ ਤੇ ਦੂਜੇ ਸੰਤ ਜਨ ਸਤਸੰਗੀ ਹਨ। ਦੋਵਾਂ ਦਾ ਸਾਥ ਨਹੀਂ ਬਣਦਾ।

**ਸਉਦੇ ਕਉ ਧਾਵੈ; ਬਿਨੁ ਪੂੰਜੀ ॥੩॥**

ਇਕ ਸੰਤ ਜਨ ਤਾਂ ਪ੍ਰੀਤੀ ਰੂਪੀ ਪੂੰਜੀ = ਰਾਸ਼ੀ ਲੈ ਕੇ ਸਾਧਸੰਗਤ ਵਿਚ ਨਾਮ ਰੂਪੀ ਸਉਦੇ = ਸੌਦੇ ਨੂੰ ਲੈਣ ਵਾਸਤੇ ਧਾਵੈ = ਦੌੜ ਕੇ ਜਾਂਦੇ ਹਨ। ਇਕ ਬਿਨਾਂ ਪ੍ਰੀਤੀ ਤੋਂ ਸਤਿਸੰਗਤ ਵਿਚ ਆ ਜਾਂਦੇ ਹਨ। ਉਨ੍ਹਾਂ ਨੂੰ ਕੁਝ ਵੀ ਪ੍ਰਾਪਤ ਨਹੀਂ ਹੁੰਦਾ॥੩॥

**ਬਿਨੁ ਪ੍ਰੀਤੀ ਕਰਹਿ ਬਹੁ ਬਾਤਾ ਕੂੜੁ ਬੋਲਿ ਕੂੜੋ ਫਲੁ ਪਾਵੈ ॥੩॥** *(ਰਾਮਕਲੀ ਮ: ੪, ਅੰਗ ੮੮੧)*

ਇਸ ਪ੍ਰਕਾਰ ਹਰੀ ਦੇ ਦਾਸ ਸਾਕਤ ਪੁਰਸ਼ਾਂ ਦਾ ਸੰਗ ਨਹੀਂ ਕਰਦੇ।

ਹੁਣ ਇਕ ਇਕ ਪੰਗਤੀ ਵਿਚ ਇਕ ਇਕ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ।

## ਤੀਸਰਾ ਅਰਥ

**ਹਰਿ ਕੇ ਦਾਸ ਸਿਉ; ਸਾਕਤ ਨਹੀ ਸੰਗੁ ॥**

ਹੇ ਮਹਾਰਾਜ! ਹਰਿ = ਹਰੀ ਕੇ = ਦੇ ਦਾਸ = ਸੇਵਕਾਂ ਸਿਉ = ਨਾਲ ਸਾਕਤ = ਸ਼ਕਤੀ ਦੇ ਉਪਾਸ਼ਕ ਦਾ ਸੰਗੁ = ਮਿਲਾਪ ਕਿਉਂ ਨਹੀਂ ਬਣਦਾ।

**ਓਹੁ ਬਿਖਈ; ਓਸੁ ਰਾਮ ਕੋ ਰੰਗੁ ॥੧॥ਰਹਾਉ॥**

ਓਹੁ = ਉਹ ਜੋ ਵਿਕਾਰੀ ਲੋਕ ਹਨ ਉਹ ਬਿਖਈ = ਵਿਸ਼ਿਆਂ ਦੇ ਅਧੀਨ ਹਨ ਅਤੇ ਓਸੁ = ਉਨ੍ਹਾਂ ਮਹਾਰਾਜ ਦੇ ਪਿਆਰਿਆਂ ਕੋ = ਨੂੰ ਰਾਮ = ਪਰਮੇਸ਼ਰ ਦਾ ਰੰਗ = ਅਨੰਦ ਚੜ੍ਹਿਆ ਰਹਿੰਦਾ ਹੈ ॥੧॥ਰਹਾਉ॥

**ਮਨ ਅਸਵਾਰ; ਜੈਸੇ ਤੁਰੀ ਸੀਗਾਰੀ ॥**

ਜਿਵੇਂ ਕੋਈ ਮਨ ਅਸਵਾਰ = ਅਨ ਸਵਾਰ ਪੁਰਸ਼ ਹੋਵੇ ਤੇ ਉਹ ਤੇਜ਼ ਤੁਰੀ = ਘੋੜੀ ਨੂੰ ਸੀਗਾਰੀ = ਸ਼ਿੰਗਾਰ ਲਵੇ, ਪਰ ਉਹ ਪੈੜੇ ਵਿਚ ਪੈਰ ਨਹੀਂ ਰੱਖ ਸਕਦਾ, ਝੱਟ ਹੀ ਡਿੱਗ ਪਵੇਗਾ। ਇਸ ਪ੍ਰਕਾਰ ਉਸ ਅਨ ਸਵਾਰ ਦਾ ਘੋੜੀ ਦੀ ਸਵਾਰੀ ਨਾਲ ਕੋਈ ਮਿਲਾਪ ਨਹੀਂ।

**ਜਿਉ ਕਾਪੁਰਖੁ; ਪੁਚਾਰੈ ਨਾਰੀ ॥੧॥**

ਜਿਉ = ਜਿਸ ਪ੍ਰਕਾਰ ਕਾਪੁਰਖ = ਹੀਜੜਾ ਪੁਰਖ ਨਾਰੀ = ਇਸਤਰੀ ਨੂੰ ਪੁਚਾਰੈ = ਪਰਚਾਵੇ, ਪਲੋਸੇ ਕਿ ਮੈਂ ਤੁਹਾਡੇ ਸੰਤਾਨ ਪੈਦਾ ਕਰ ਦੇਵਾਂਗਾ, ਉਹ ਨਹੀਂ ਕਰ ਸਕਦਾ॥੧॥

**ਬੈਲ ਕਉ; ਨੇਤ੍ਰਾ ਪਾਇ ਦੁਹਾਵੈ ॥ ਗਊ ਚਰਿ; ਸਿੰਘ ਪਾਛੈ ਪਾਵੈ ॥੨॥**

ਜਿਵੇਂ ਕੋਈ ਬੈਲ = ਬਲਦ ਕਉ = ਨੂੰ ਨੇਤ੍ਰਾ = ਨਿਆਣਾ ਪਾਇ = ਪਾ ਕੇ ਦੁਹਾਵੈ = ਚੋਣਾ ਕਰੇ। ਪਰ ਬੈਲ ਕੋਲੋਂ ਦੁੱਧ ਨਹੀਂ ਪ੍ਰਾਪਤ ਹੋ ਸਕਦਾ। ਜੇਕਰ ਕੋਈ ਗਊ = ਗਾਂ ਉੱਪਰ ਚਰਿ = ਚੜ੍ਹ ਕੇ ਸਿੰਘ = ਸ਼ੇਰ ਦੇ ਪਾਛੈ = ਪਿੱਛੇ ਉਸ ਦਾ ਸ਼ਿਕਾਰ ਕਰਨ ਲਈ ਪਾਵੈ = ਪੈਣਾ ਕਰੇ, ਜਾਣਾ ਕਰੇ, ਤਾਂ ਸ਼ੇਰ ਦਾ ਸੰਗ ਨਹੀਂ ਹੋ ਸਕਦਾ, ਸਗੋਂ ਗਊ ਡਰਦੀ ਹੈ॥੨॥

**ਗਾਡਰ ਲੇ; ਕਾਮਧੇਨੁ ਕਰਿ ਪੂਜੀ ॥**
**ਸਉਦੇ ਕਉ ਧਾਵੈ; ਬਿਨੁ ਪੂੰਜੀ ॥੩॥**

ਗਾਡਰ = ਭੇਡਾਂ ਨੂੰ ਲੇ = ਲੈ ਕਰਕੇ ਉਨ੍ਹਾਂ ਦੀ ਕਾਮਧੇਨੁ = ਸਵਰਗਾਂ ਦੀ ਗਊ ਵਾਂਗੂੰ ਪੂਜੀ = ਪੂਜਣਾ ਕਰਿ = ਕਰੇ, ਪਰ ਭੇਡਾਂ ਦੀ ਪੂਜਾ ਨਾਲ ਕਾਮਧੇਨੁ ਵਾਲਾ ਫਲ ਨਹੀਂ ਪ੍ਰਾਪਤ ਹੁੰਦਾ। ਅਰ ਜਿਵੇਂ ਕੋਈ ਬਿਨੁ = ਬਿਨਾਂ ਪੂੰਜੀ = ਰਾਸ਼ੀ ਤੋਂ ਸਉਦੇ = ਸੌਦੇ ਕਉ = ਨੂੰ ਖ਼ਰੀਦਣ ਵਾਸਤੇ ਧਾਵੈ = ਦੌੜ ਕੇ ਜਾਵੇ, ਪਰ ਉਸ ਨੂੰ ਬਿਨਾਂ ਪੂੰਜੀ ਤੋਂ ਕੋਈ ਸੌਦਾ ਪ੍ਰਾਪਤ ਨਹੀਂ ਹੋਣਾ। ਇਸ ਪ੍ਰਕਾਰ ਹਰੀ ਦੇ ਦਾਸਾਂ ਨਾਲ ਸਾਕਤਾਂ ਦਾ ਕੋਈ ਸੰਗ ਨਹੀਂ ਹੈ, ਕਿਉਂਕਿ ਸਾਕਤਾਂ ਦੀਆਂ ਗੱਲਾਂ ਝੂਠੀਆਂ ਹਨ, ਪਰ ਸੰਤ ਮਹਾਂਪੁਰਖ ਜੋ ਵੀ ਮੂੰਹੋਂ ਬਚਨ ਕਹਿਣ, ਵਾਹਿਗੁਰੂ ਉਹੋ ਹੀ ਪੂਰਾ ਕਰ ਦਿੰਦਾ ਹੈ ॥੩॥ ਜੈਸਾ ਕਿ :

**ਜੋ ਜੋ ਚਿਤਵੈ ਦਾਸੁ ਹਰਿ ਮਾਈ ॥**
**ਸੋ ਸੋ ਕਰਤਾ ਆਪਿ ਕਰਾਈ ॥੧॥** *(ਗਉੜੀ ਮ: ੫, ਅੰਗ ੨੦੨)*

## ਚੌਥਾ ਅਰਥ

**ਹਰਿ ਕੇ ਦਾਸ ਸਿਉ; ਸਾਕਤ ਨਹੀ ਸੰਗੁ ॥ ਓਹੁ ਬਿਖਈ; ਓਸੁ ਰਾਮ ਕੋ ਰੰਗੁ ॥੧॥ਰਹਾਉ॥**

ਹੇ ਭਾਈ ਜੋ ਹਰਿ = ਵਾਹਿਗੁਰੂ ਕੇ = ਦੇ ਦਾਸ = ਸੇਵਕ ਹਨ, ਉਨ੍ਹਾਂ ਦਾ ਸਾਕਤ = ਕਠੋਰ ਚਿੱਤ ਵਾਲਿਆਂ ਸਿਉ = ਨਾਲ ਇਸ ਕਰਕੇ ਸੰਗੁ = ਮਿਲਾਪ ਨਹੀਂ ਹੈ ਕਿਉਂਕਿ ਓਹੁ = ਉਹ ਸਾਕਤ ਪੁਰਸ਼ ਬਿਖਈ = ਵਿਸ਼ਈ ਹਨ ਅਤੇ ਓਸੁ = ਉਨ੍ਹਾਂ ਸੰਤ ਜਨਾਂ ਕੋ = ਨੂੰ ਰਾਮ = ਵਾਹਿਗੁਰੂ ਦਾ ਰੰਗੁ = ਪ੍ਰੇਮ ਹੈ ॥੧॥ਰਹਾਉ॥

**ਮਨ ਅਸਵਾਰ; ਜੈਸੇ ਤੁਰੀ ਸੀਗਾਰੀ ॥ ਜਿਉ ਕਾਪੁਰਖੁ; ਪੁਚਾਰੈ ਨਾਰੀ ॥੧॥**

ਜਿਸ ਉੱਪਰ ਹਰ ਵੇਲੇ ਮਨ ਹੀ ਅਸਵਾਰ = ਸਵਾਰੀ ਕਰਦਾ ਹੋਵੇ ਪਰ ਕਹੇ ਕਿ ਮੈ ਤੁਰੀ = ਤੁਰੀਆ ਪਦਵੀ (ਅਵਸਥਾ) ਨੂੰ ਸੀਗਾਰ = ਸ਼ਿੰਗਾਰ ਲਿਆ ਹੈ, ਆਪਣਾ ਸਾਖੀ ਰੂਪ ਮੰਨ ਲਿਆ ਹੈ, ਉਹ ਝੂਠ ਹੀ ਬੋਲਦੇ ਹਨ। ਜਿਵੇਂ ਕਾਪੁਰਖੁ = ਸ਼ਰਧਾ ਰੂਪੀ ਬਿੰਦ ਤੋਂ ਹੀਣੇ ਨਪੁੰਸਕ ਪੁਰਸ਼ ਉਪਨਿਸ਼ਦਾਂ ਰੂਪ ਨਾਰੀ = ਇਸਤਰੀਆਂ ਨੂੰ ਪੁਚਾਰੈ = ਪ੍ਰਚਾਰ ਕਰੇ ਕਿ ਮੈਂ "ਅਹੰ ਬ੍ਰਹਮਾਸਮਿ" ਹਾਂ, ਉਹ ਦੇਹ ਅਧਿਆਸੀ ਲੋਕ ਇਹ ਕਦੇ ਵੀ ਨਹੀਂ ਬਣ ਸਕਦੇ ॥੧॥

**ਬੈਲ ਕਉ; ਨੇਤ੍ਰਾ ਪਾਇ ਦੁਹਾਵੈ ॥ ਗਊ ਚਰਿ; ਸਿੰਘ ਪਾਛੈ ਪਾਵੈ ॥੨॥**

ਜਿਵੇਂ ਕੋਈ ਬੈਲ = ਬਲਦ ਦੀ ਨਿਆਈਂ ਆਲਸੀ, ਅਧਰਮੀ ਲੋਕਾਂ ਕਉ = ਨੂੰ ਸਮ ਦਮ, ਸਾਧਨਾ ਰੂਪ ਨੇਤ੍ਰਾ = ਰੱਸੀ ਪਾਇ = ਪਾ ਕੇ ਬ੍ਰਹਮਾਨੰਦ ਰੂਪੀ ਦੁੱਧ ਦੁਹਾਵੈ = ਚੋਣਾ ਕਰੇ ਇਹ ਨਹੀਂ ਹੋ ਸਕਦਾ, ਕਿਉਂਕਿ ਉਹ ਅਧਰਮੀ, ਆਲਸੀ ਲੋਕ, ਨਾਮ ਦੀ ਕਮਾਈ ਨਾ ਕਰ ਕੇ ਆਪਣੇ ਮਨ ਨੂੰ ਰੋਕ ਨਹੀਂ ਸਕਦੇ, ਫਿਰ ਉਨ੍ਹਾਂ ਨੇ ਉਪਨਿਸ਼ਦਾਂ ਵਿੱਚੋਂ ਸਿਧਾਂਤ ਕੀ ਖੋਜ ਲੈਣਾ ਹੈ ? ਉਹ ਕੁਝ ਪੱਲੇ ਨਹੀਂ ਪਾ ਸਕਦੇ।

ਇਸੇ ਪ੍ਰਕਾਰ ਜੋ ਇੰਦ੍ਰੀਆਂ ਰੂਪੀ ਗਊ = ਗਾਵਾਂ ਦਾ ਚਰਿ = ਚਰਵਾਹਾ ਜੋ ਵਿਸ਼ਈ ਜੀਵ ਹੈ, ਉਹ ਮਲੀਨ ਹੰਕਾਰ ਰੂਪੀ ਸ਼ੇਰ = ਸਿੰਘ ਦੀ ਨਿਆਈਂ ਹੈ ਭਾਵ ਆਪਣੇ ਆਪ ਨੂੰ "ਅਹੰ ਬ੍ਰਹਮ" ਕਹਿੰਦਾ, ਫਿਰ ਉਹ ਸ਼ੁੱਧ ਹੰਕਾਰ ਰੂਪੀ ਸ਼ੇਰ ਦੇ ਪਾਛੈ = ਪਿੱਛੇ ਕਿਵੇਂ ਪਾਵੈ = ਪੈ ਸਕਦਾ ਹੈ। ਭਾਵ ਸ਼ੁੱਧ ਬ੍ਰਹਮ ਦੀ ਸਾਖਿਆਤਤਾ ਕਿਵੇਂ ਕਰ ਸਕਦਾ ਹੈ, ਮਲੀਨ ਹੰਕਾਰ ਦੀ ਨਵਿਰਤੀ ਨਾ ਕਰਨ ਕਰਕੇ ਉਸ ਦੀ ਸੰਮਤਾ ਕਿਵੇਂ ਕਰ ਸਕਦਾ ਹੈ, ਭਾਵ ਨਹੀਂ ਕਰ ਸਕਦਾ ॥੨॥

**ਗਾਡਰ ਲੇ; ਕਾਮਧੇਨੁ ਕਰਿ ਪੂਜੀ ॥ ਸਉਦੇ ਕਉ ਧਾਵੈ; ਬਿਨੁ ਪੂੰਜੀ ॥੩॥**

ਜੋ ਗਾਡਰ = ਭੂਤਾਂ ਪ੍ਰੇਤਾਂ ਨੂੰ ਹੀ ਕਾਮਧੇਨੁ ਰੂਪੀ ਸਾਧਸੰਗਤ ਦੀ ਨਿਆਈਂ ਜਾਣ ਕਰਿ = ਕਰ ਕੇ

ਪੂਜੀ = ਪੂਜਣਾ ਕਰੇ ਤਾਂ ਭੂਤ ਪ੍ਰੇਤ ਮੁਕਤੀ ਕੀ ਦੇ ਸਕਦੇ ਹਨ, ਸਗੋਂ ਉਲਟਾ ਜੂਨਾਂ ਵਿਚ ਤਾਂ ਜ਼ਰੂਰ ਪਾ ਦੇਣਗੇ। ਜਿਸ ਪ੍ਰਕਾਰ ਜੋ ਸ਼ਰਧਾ ਰੂਪੀ ਪੂੰਜੀ = ਰਾਸ਼ੀ ਤੋਂ ਬਿਨਾਂ ਗੁਰਾਂ ਤੋਂ ਨਾਮ ਰੂਪੀ ਸਉਦੇ = ਸੌਦੇ ਕਉ = ਨੂੰ ਖ਼ਰੀਦਣ ਵਾਸਤੇ ਧਾਵੈ = ਦੌੜ ਕੇ ਜਾਵੇ, ਪਰ ਉਸ ਨੂੰ ਨਾਮ **ਵਾ:** ਉਪਦੇਸ਼ ਪ੍ਰਾਪਤ ਨਹੀਂ ਹੋ ਸਕਦਾ॥੩॥

## ਪੰਜਵਾਂ ਅਰਥ

**ਹਰਿ ਕੇ ਦਾਸ ਸਿਉ; ਸਾਕਤ ਨਹੀ ਸੰਗੁ ॥**

ਜੋ ਹਰਿ = ਪਰਮੇਸ਼ਰ ਕੇ = ਦੇ ਦਾਸ = ਸੇਵਕ ਤਤਬੇਤੇ, ਬ੍ਰਹਮ ਬੇਤੇ, ਗਿਆਨਵਾਨ ਹਨ, ਉਨ੍ਹਾਂ ਦਾ ਸਾਕਤ = ਸ਼ਕਤੀ, ਮਾਇਆ ਸਿਉ = ਨਾਲ ਕੋਈ ਸੰਗੁ = ਸਾਥ ਨਹੀਂ ਰਹਿੰਦਾ, ਭਾਵ ਮਾਇਆ ਦੀ ਉਪਾਸ਼ਨਾ ਛੱਡ ਦਿੰਦੇ ਹਨ।

**ਓਹੁ ਬਿਖਈ; ਓਸੁ ਰਾਮ ਕੋ ਰੰਗੁ ॥੧॥ਰਹਾਉ॥**

ਓਹੁ = ਉਹ ਜੋ ਸਾਰਿਆਂ ਦੇ ਅੰਦਰ, ਜੀਵ ਈਸ਼ ਦੀ ਏਕਤਾ ਰੂਪ ਬਿਖਈ = ਵਿਸ਼ਾ ਰੂਪ, ਸਿਧਾਂਤ ਰੂਪ ਪਰਮੇਸ਼ਰ ਹੈ, ਬ੍ਰਹਮਬੇਤੇ ਓਸੁ = ਉਸ ਰਾਮ = ਪਰਮੇਸ਼ਰ ਦੇ ਰੰਗੁ = ਅਨੰਦ ਵਿਚ ਰੰਗੇ ਰਹਿੰਦੇ ਹਨ **ਵਾ:** ਉਹ ਤਤਬੇਤੇ ਰਾਮ ਪਰਮੇਸ਼ਰ ਦੇ ਰੰਗ = ਪ੍ਰੇਮ ਵਿਚ ਆਪ ਰੰਗੇ ਰਹਿੰਦੇ ਹਨ ਤੇ ਹੋਰਨਾਂ ਨੂੰ ਉਸ ਰੰਗ ਦੇ ਸਿਧਾਂਤ ਵਿਚ ਸਿਧਾਂਤੀ ਬਣਾ ਦਿੰਦੇ ਹਨ॥੧॥ਰਹਾਉ॥

**ਮਨ ਅਸਵਾਰ; ਜੈਸੇ ਤੁਰੀ ਸੀਗਾਰੀ ॥**

ਇਸ ਪ੍ਰਕਾਰ ਮਹਾਤਮਾ ਜਨ ਆਪਣੇ ਮਨ 'ਤੇ ਅਸਵਾਰ = ਸਵਾਰੀ ਕਰਨ ਵਾਲੇ ਹਨ ਅਤੇ ਜਗਿਆਸੂ ਜਨਾਂ ਨੇ ਤੁਰੀ = ਤੁਰੀਆ ਪਦ ਰੂਪੀ ਘੋੜੀ ਸੀਗਾਰੀ = ਸ਼ਿੰਗਾਰੀ ਹੋਈ ਹੈ, ਭਾਵ ਆਪ ਮਨ 'ਤੇ ਅਸਵਾਰ ਰਹਿੰਦੇ ਹਨ ਤੇ ਤੁਰੀਆ ਅਵਸਥਾ ਸ਼ਿੰਗਾਰੀ ਹੋਈ ਹੈ।

**ਜਿਉ ਕਾਪੁਰਖੁ; ਪੁਚਾਰੈ ਨਾਰੀ ॥੧॥**

ਇਉਂ ਉਹ ਤਤਬੇਤੇ ਮਹਾਂਪੁਰਖ ਜਿਉ = ਜਿਵੇਂ (ਕਾ+ਪੁ+ਰਖੁ) ਕਾ = ਪ੍ਰਕਾਸ਼ ਸਰੂਪ ਪਰਮੇਸ਼ਰ ਹੈ, ਉਸ ਨੂੰ ਜਾਣ ਕਰਕੇ ਆਪਣੇ ਆਪ ਦੀ ਪੁ = ਨਰਕਾਂ ਵਿਚ ਪੈਣ ਤੋਂ ਰਖੁ = ਰੱਖਿਆ ਕਰ ਲੈਂਦੇ ਹਨ ਅਤੇ ਨਾਰੀ = ਮਾਇਆ ਨੂੰ ਪੁਚਾਰੈ = ਨਾਸ ਕਰ ਦਿੰਦੇ ਹਨ॥੧॥

**ਬੈਲ ਕਉ; ਨੇਤ੍ਰਾ ਪਾਇ ਦੁਹਾਵੈ ॥**

ਬੈਲ = ਬਲਦ ਦੀ ਨਿਆਈਂ ਜੋ ਇੰਦ੍ਰੇ ਹਨ, ਇਨ੍ਹਾਂ ਨੂੰ ਸਮ ਦਮ ਰੂਪੀ ਨੇਤ੍ਰਾ = ਰੱਸੀ ਪਾ ਕੇ ਦ੍ਵੈਤ ਆਦਿ ਨੂੰ ਦੁਹਾਵੈ = ਨਾਸ਼ ਕਰ ਦਿੰਦੇ ਹਨ।

**ਗਊ ਚਰਿ; ਸਿੰਘ ਪਾਛੈ ਪਾਵੈ ॥੨॥**

ਜੋ ਬਿਰਤੀ ਰੂਪੀ ਗਊ = ਗਾਂ ਹੈ, ਉਸ ਨੂੰ ਦੇਹ ਅਧਿਆਸ ਤੋਂ ਪਰ੍ਹੇ ਚਰਿ = ਚੜ੍ਹਾ ਕੇ ਹਟਾ ਕੇ ਬ੍ਰਹਮਾਕਾਰ ਕਰ ਲੈਂਦੇ ਹਨ ਅਤੇ ਆਪਣੇ ਆਪ ਨੂੰ ਸਿੰਘ = ਸ਼ੁੱਧ ਬ੍ਰਹਮ ਦੇ ਪਾਛੈ = ਪਿੱਛੇ ਪਾਵੈ = ਪਾਉਂਦੇ ਹਨ। ਉਸ ਵਿਚ ਏਕਤਾ ਪਾਉਂਦੇ ਹਨ, ਭਾਵ ਗੁਰਾਂ ਦੇ ਕੋਲੋਂ ਮਹਾਂਵਾਕ ਸੁਣ ਕੇ ਆਪਣੇ ਆਪ ਨੂੰ ਉਸ ਬ੍ਰਹਮ ਦੇ ਪਿੱਛੇ ਪਾ ਕੇ ਜੋਤੀ ਸਰੂਪ ਹੀ ਹੋ ਜਾਂਦੇ ਹਨ॥੨॥ ਜੈਸਾ ਕਿ :

**ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰਹੈ ॥** *(ਆਸਾ ਮ: ੧, ਅੰਗ ੩੫੪)*

**ਹਮ ਕਿਛੁ ਨਾਹੀ ਏਕੈ ਓਹੀ ॥ ਆਗੈ ਪਾਛੈ ਏਕੋ ਸੋਈ ॥**
**ਨਾਨਕ ਗੁਰਿ ਖੋਏ ਭ੍ਰਮ ਭੰਗਾ ॥ ਹਮ ਓਇ ਮਿਲਿ ਹੋਏ ਇਕ ਰੰਗਾ ॥੪॥੩੨॥੮੩॥**

*(ਆਸਾ ਮ: ੫, ਅੰਗ ੩੯੧)*

**ਗਾਡਰ ਲੇ; ਕਾਮਧੇਨੁ ਕਰਿ ਪੂਜੀ ॥**

ਕਾਮਧੇਨੁ = ਸਵਰਗ ਦੀ ਗਊ ਦੀ ਨਿਆਈਂ ਜੋ ਪਰਮੇਸ਼ਰ ਦੀ ਭਗਤੀ ਹੈ, ਤਤਬੇਤੇ ਮਹਾਂਪੁਰਖ ਉਸ ਦੀ ਲੇ = ਪ੍ਰਾਪਤੀ ਕਰ ਕੇ ਪੂਜੀ = ਪੂਜਨ ਕਰਦੇ ਹਨ, ਜਿਸ ਕਰਕੇ ਉਨ੍ਹਾਂ ਦਾ (ਗਾ+ਡਰ) ਜੰਮਣ ਮਰਣ ਆਦਿ ਦਾ ਡਰ = ਭੈ ਗਾ = ਚਲਿਆ ਗਿਆ ਹੈ।

**ਸਉਦੇ ਕਉ ਧਾਵੈ; ਬਿਨੁ ਪੂੰਜੀ ॥੩॥**

ਸਕਾਮ ਕਰਮਾਂ ਰੂਪੀ ਪੂੰਜੀ = ਰਾਸ਼ੀ ਤੋਂ ਬਿਨੁ = ਬਗ਼ੈਰ ਨਿਸ਼ਕਾਮ ਕਰਮਾਂ ਰੂਪੀ ਪੂੰਜੀ ਨਾਲ ਗੁਰਾਂ ਦੇ ਪਾਸੋਂ ਉਪਦੇਸ਼ ਰੂਪੀ ਸਉਦੇ = ਸੌਦੇ ਕਉ = ਨੂੰ ਲੈਣ ਵਾਸਤੇ ਧਾਵੈ = ਦੌੜਦੇ ਹਨ, ਜਾਂਦੇ ਹਨ।

***ਨੋਟ :*** ਪੁਰਾਤਨ ਗਿਆਨੀ ਸਿੰਘ ਜੀ ਇਹ ਪੰਜ ਅਰਥ ਸੰਪਰਦਾ ਵਾਲੇ ਕਰਦੇ ਹਨ। ਇਸ ਤੋਂ ਅੱਗੇ ਸੰਤ ਬਾਬਾ ਸੁੰਦਰ ਸਿੰਘ ਜੀ ਦੇ ਅਨੁਭਵੀ ਅਰਥ ਹਨ, ਜੋ ਪਾਠਕਾਂ ਦੇ ਦ੍ਰਿਸ਼ਟੀਗੋਚਰ ਹਨ।

## ਛੇਵਾਂ ਅਰਥ

**ਹਰਿ ਕੇ ਦਾਸ ਸਿਉ; ਸਾਕਤ ਨਹੀ ਸੰਗੁ ॥**

ਜੋ ਹਰਿ = ਹਰੀ ਪਰਮੇਸ਼ਰ ਕੇ = ਦੇ ਦਾਸ = ਦੱਸਣ ਵਾਲੇ (ਸਾ+ਕਤ) ਸਾ = ਉਹ ਜੋ ਸਤਿਗੁਰੂ ਸਾਹਿਬ ਜੀ ਹਨ, ਉਨ੍ਹਾਂ ਦੇ ਸਿਉ = ਸਾਥ ਕਤ = ਕਿਉਂ ਨਹੀਂ ਸੰਗੁ = ਮਿਲਾਪ ਕਰਦਾ।

**ਓਹੁ ਬਿਖਈ; ਓਸੁ ਰਾਮ ਕੋ ਰੰਗੁ ॥੧॥ਰਹਾਉ॥**

ਓਹੁ = ਉਹ ਸਤਿਗੁਰੂ ਸਾਹਿਬ ਜੀ ਸਿੱਖ ਨੂੰ ਜੀਵ ਈਸ਼ ਦੀ ਏਕਤਾ ਵਾਲਾ ਬਿਖਈ = ਵਿਸ਼ਾ ਦੱਸ ਦਿੰਦੇ ਹਨ ਅਤੇ ਓਸੁ = ਉਸ ਅਧਿਕਾਰੀ ਨੂੰ ਰਾਮ = ਪਰਮੇਸ਼ਰ ਦਾ ਰੰਗੁ = ਅਨੰਦ ਚਾੜ੍ਹ ਦਿੰਦੇ ਹਨ ॥੧॥ਰਹਾਉ॥

**ਮਨ ਅਸਵਾਰ; ਜੈਸੇ ਤੁਰੀ ਸੀਗਾਰੀ ॥**

ਗੁਰੂ ਸਾਹਿਬ ਜੀ ਜੈਸੇ = ਜਿਸ ਪ੍ਰਕਾਰ ਆਪ ਮਨ ਉੱਤੇ ਅਸਵਾਰ = ਸਵਾਰੀ ਕਰਨ ਵਾਲੇ ਹਨ, ਉਸੇ ਤਰ੍ਹਾਂ ਅਧਿਕਾਰੀਆਂ ਨੂੰ ਵੀ ਤੁਰੀ = ਤੁਰੀਆ ਅਵਸਥਾ ਵਿਚ ਸੀਗਾਰੀ = ਸ਼ਿੰਗਾਰ ਦਿੰਦੇ ਹਨ, ਭਾਵ ਸ਼ੁਭ ਸਾਧਨਾ ਕਰ ਕੇ ਬਖ਼ਸ਼ਿਸ਼ ਕਰ ਦਿੰਦੇ ਹਨ।

**ਜਿਉ ਕਾਪੁਰਖੁ; ਪੁਚਾਰੈ ਨਾਰੀ ॥੧॥**

ਜਿਉਂ (ਕ+ਪੁਰਖੁ) ਕਾ = ਦਾ ਤਿਉਂ ਉਹ ਪਰਮੇਸ਼ਰ ਪੁਰਖੁ = ਪੂਰਨ ਹੈ, ਸਭ ਥਾਵਾਂ 'ਤੇ ਵਿਆਪਕ ਹੈ, ਮਹਾਂਪੁਰਖ ਤਤਬੇਤੇ ਇਉਂ ਵਿਆਪਕ ਜਾਣ ਕੇ ਅਵਿਦਿਆ ਰੂਪੀ ਨਾਰੀ ਦੇ ਤਾਈਂ ਪੁਚਾਰੈ = ਨਾਸ ਕਰ ਦਿੰਦੇ ਹਨ ॥੧॥

**ਬੈਲ ਕਉ; ਨੇਤ੍ਰਾ ਪਾਇ ਦੁਹਾਵੈ ॥**

ਜਿਹੜੇ ਬੈਲ = ਬਲਦ ਦੀ ਨਿਆਈਂ ਆਲਸੀ ਲੋਕ ਹਨ, ਉਨ੍ਹਾਂ ਕਉ = ਨੂੰ ਗੁਰੂ ਜੀ ਗਿਆਨ ਰੂਪੀ ਨੇਤ੍ਰਾ = ਰੱਸੀ ਪਾਇ = ਪਾ ਕੇ (ਦੁ+ਹਾਵੈ) ਦੁ = ਦ੍ਵੈਸ਼ **ਵਾ:** ਦੁ = ਦੋਵੇਂ ਜਨਮ ਤੇ ਮਰਣ ਹਾਵੈ = ਨਾਸ਼ ਕਰ ਦਿੰਦੇ ਹਨ **ਵਾ:** ਉਨ੍ਹਾਂ ਦੇ ਤਾਈਂ ਨਿਸ਼ਕਾਮ ਕਰਮਾਂ ਰੂਪੀ ਦੁੱਧ ਦੁਹਾਵੈ = ਚੁਆ ਦਿੰਦੇ ਹਨ।

**ਗਊ ਚਰਿ; ਸਿੰਘ ਪਾਛੈ ਪਾਵੈ ॥੨॥**

ਜੋ ਇੰਦ੍ਰੀਆਂ ਰੂਪੀ ਗਊ = ਗਾਵਾਂ ਦਾ ਚਰਵਾਹਾ ਜੀਵ ਸੀ, ਇਸ ਦੇ ਤਾਈਂ ਸਿੰਘ = ਸ਼ੁੱਧ ਬ੍ਰਹਮ ਦਿਖਾ ਕਰਕੇ ਦੇਹ ਅਧਿਆਸ ਪਾਛੈ = ਪਿੱਛੇ ਭਾਵ ਛੁੱਡਾ ਪਾਵੈ = ਪਾ ਦਿੰਦੇ ਹਨ ॥੨॥

**ਗਾਡਰ ਲੇ; ਕਾਮਧੇਨੁ ਕਰਿ ਪੂਜੀ ॥**

ਪਹਿਲਾਂ ਇਹ ਜੀਵ ਗਾਡਰ = ਭੇਡਾਂ ਦੀ ਨਿਆਈਂ ਮਲੀਨ ਮੱਤ ਵਾਲਾ ਹੋ ਕੇ ਭੂਤਾਂ ਪ੍ਰੇਤਾਂ, ਦੇਵੀ

ਦੇਵਤਿਆਂ ਦੀ ਉਪਾਸ਼ਨਾ ਕਰਦਾ ਸੀ, ਉਸ ਨੂੰ ਛੱਡ ਕਰਕੇ ਸਤਿਗੁਰਾਂ ਤੋਂ ਕਾਮਧੇਨ ਰੂਪੀ ਬ੍ਰਹਮ ਵਿਦਿਆ ਲੇ = ਲੈ ਕਰਿ = ਕਰ ਕੇ ਇਸ ਦਾ ਪੂਜੀ = ਪੂਜਨ ਕਰਦਾ ਹੈ।

**ਸਉਦੇ ਕਉ ਧਾਵੈ; ਬਿਨੁ ਪੂੰਜੀ ॥੩॥**

ਪਹਿਲਾਂ ਜੋ ਸਕਾਮ ਕਰਮਾਂ ਕਰਕੇ ਜੰਮਣ ਮਰਣ ਰੂਪੀ ਸਉਦੇ = ਸੌਦੇ ਨੂੰ ਧਾਵੈ = ਦੌੜਦਾ ਸੀ, ਭਾਵ ਜੂਨੀਆਂ ਵਿਚ ਭਰਮਦਾ ਸੀ। ਹੁਣ ਇਹ ਗੁਰ ਕਿਰਪਾ ਕਰਕੇ ਪਦਾਰਥਾਂ ਨੂੰ ਮਿਥਿਆ ਨਿਸਚੇ ਕਰਕੇ ਸਕਾਮ ਕਰਮਾਂ ਰੂਪੀ ਪੂੰਜੀ = ਰਾਸੀ ਤੋਂ ਬਿਨੁ = ਬਿਨਾਂ ਭਾਵ ਰਹਿਤ ਹੋ ਗਿਆ ਸੀ ॥੩॥

## ਸੱਤਵਾਂ ਅਰਥ

**ਹਰਿ ਕੇ ਦਾਸ ਸਿਉ; ਸਾਕਤ ਨਹੀ ਸੰਗੁ ॥**

ਜੋ ਹਰੀ ਦੇ ਦਾਸ = ਸੇਵਕ ਜੀਵਨ ਮੁਕਤ ਹਨ, ਉਨ੍ਹਾਂ ਦਾ ਸਾਕਤ = ਪਤਿਤ ਪੁਰਸ਼ਾਂ ਦੇ ਸਿਉ = ਨਾਲ ਕਿਸੇ ਪ੍ਰਕਾਰ ਦਾ ਸੰਗੁ = ਸਾਥ ਨਹੀਂ ਹੈ ਅਤੇ ਸੰਕੋਚ ਵੀ ਨਹੀਂ ਹੈ। ਭਾਵ ਨਿਰਲੇਪ ਰਹਿੰਦੇ ਹਨ।

**ਓਹੁ ਬਿਖਈ; ਓਸੁ ਰਾਮ ਕੋ ਰੰਗੁ ॥੧॥ਰਹਾਉ॥**

ਓਹੁ = ਉਹ ਜੋ ਰਾਮ ਸਾਰਿਆਂ ਵਿਚ ਸੱਤਾ ਰੂਪ ਹੋ ਕਰਕੇ (ਬਿ+ਖਈ) ਖਈ = ਨਾਸੁ ਹੋਣ ਤੋਂ ਬਿ = ਰਹਿਤ ਹੈ ਅਤੇ ਸਾਰਿਆਂ ਦਾ ਆਤਮਾ ਰੂਪ ਹੈ, ਓਸੁ = ਉਸ ਰਾਮ = ਵਾਹਿਗੁਰੂ ਦੇ ਰੰਗੁ = ਪ੍ਰੇਮ ਵਿਚ ਰੰਗੇ ਰਹਿੰਦੇ ਹਨ, ਹੋਰਨਾਂ ਦੇ ਤਾਈਂ ਵੀ ਉਸ ਰੰਗ ਵਿਚ ਰੰਗ ਦਿੰਦੇ ਹਨ ॥੧॥ਰਹਾਉ॥

**ਮਨ ਅਸਵਾਰ; ਜੈਸੇ ਤੁਰੀ ਸੀਗਾਰੀ ॥**

ਉਨ੍ਹਾਂ ਨੇ ਤੁਰੀ = ਤੁਰੀਆ ਅਵਸਥਾ ਨੂੰ ਤਾਂ ਭਾਵੇਂ ਸੀਗਾਰੀ = ਸ਼ਿੰਗਾਰ ਲਿਆ ਹੈ ਅਤੇ ਆਪਣੇ ਮਨ 'ਤੇ ਵੀ ਸਦਾ ਅਸਵਾਰ = ਸਵਾਰੀ ਕਰਦੇ ਰਹਿੰਦੇ ਹਨ। ਪਰ ਫਿਰ ਵੀ ਨਿਮਰਤਾ ਵਿਚ ਕਹਿੰਦੇ ਹਨ ਕਿ ਸਾਡੇ ਉੱਪਰ ਮਨ ਅਸਵਾਰ ਹੈ, ਸਾਨੂੰ ਤੁਰੀਆ ਅਵਸਥਾ ਬਾਰੇ ਕੀ ਪਤਾ ਹੈ, ਇਸ ਪ੍ਰਕਾਰ ਦੀ ਗ਼ਰੀਬੀ ਧਾਰਨ ਕਰਦੇ ਹਨ।

**ਜਿਉ ਕਾਪੁਰਖੁ; ਪੁਚਾਰੈ ਨਾਰੀ ॥੧॥**

ਜਿਉ = ਜਿਸ ਪ੍ਰਕਾਰ ਦਾ ਕਾ = ਪ੍ਰਕਾਸ਼ ਰੂਪ ਪੁਰਖੁ = ਪੂਰਨ ਪਰਮੇਸ਼ਰ ਹੈ, ਉਸ ਨੂੰ ਜਾਣ ਕਰਕੇ ਨਾਰੀ ਦੀ ਨਿਆਈਂ ਦ੍ਵੈਤ ਵਾਲੀ ਬਿਰਤੀ ਨੂੰ ਪੁਚਾਰੈ = ਨਾਸ ਕਰ ਦਿੱਤਾ ਹੈ **ਵਾ:** ਮਾਇਆ ਰੂਪੀ ਨਾਰੀ ਨੂੰ ਉਨ੍ਹਾਂ ਨੇ ਅਭਾਵ ਕਰ ਦਿੱਤਾ ਹੈ ॥੧॥ ਜੈਸਾ ਕਿ :

**ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ ॥** *(ਬਿਲਾਵਲੁ ਕਬੀਰ ਜੀ, ਅੰਗ ੮੫੭)*

**ਬੈਲ ਕਉ; ਨੇਤ੍ਰਾ ਪਾਇ ਦੁਹਾਵੈ ॥**

ਉੱਦਮ ਰੂਪੀ ਬਲਦ ਦੇ ਤਾਈਂ ਪ੍ਰੇਮ ਰੂਪੀ ਨੇਤ੍ਰਾ = ਰੱਸੀ ਪਾ ਕੇ ਗੁਰਾਂ ਦਾ ਉਪਦੇਸ਼ ਰੂਪੀ ਦੁੱਧ ਦੁਹਾਵੈ = ਚੋਂਦੇ ਹਨ **ਵਾ:** ਬੈਲ ਦੀ ਨਿਆਈਂ ਜੋ ਆਲਸੀ ਪੁਰਖ ਹਨ, ਉਨ੍ਹਾਂ ਨੂੰ ਸਮ ਦਮ ਸਾਧਨਾ ਰੂਪੀ ਨੇਤ੍ਰਾ = ਰੱਸੀ ਪਾ ਕੇ, ਉਨ੍ਹਾਂ ਦੀ ਦੁ = ਦ੍ਵੈਤ ਹਾਵੈ = ਨਾਸ ਕਰ ਦਿੰਦੇ ਹਨ।

**ਗਊ ਚਰਿ; ਸਿੰਘ ਪਾਛੈ ਪਾਵੈ ॥੨॥**

ਉਨ੍ਹਾਂ ਦੀ ਜੋ ਬਿਰਤੀ ਰੂਪੀ ਗਊ = ਗਾਂ ਹੈ, ਉਹ ਤਿੰਨਾਂ ਗੁਣਾਂ ਤੋਂ ਪਰ੍ਹੇ ਬ੍ਰਹਮਾਕਾਰ ਹੋ ਕੇ ਚਰਿ = ਚੜ੍ਹਦੀ ਹੈ। ਅਰ ਜੋ ਉਨ੍ਹਾਂ ਦਾ ਪਹਿਲਾਂ ਮਲੀਨ ਹੰਕਾਰ ਰੂਪੀ ਸਿੰਘ = ਸ਼ੇਰ ਸੀ ਕਿ "ਦੇਹੁ ਹੰ ਦੇਹੁ ਹੰ" ਅਤੇ ਸ਼ੁੱਧ ਹੰਕਾਰ ਸੀ ਕਿ "ਸੋ ਹੰ ਸੋ ਹੰ" ਇਹ ਸਭ ਪਾਛੈ = ਪਿੱਛੇ ਪਾਵੈ = ਪੈ ਗਏ ਹਨ, ਭਾਵ ਕਹਿ ਹੀ ਨਹੀਂ ਸਕਦੇ ॥੨॥ ਜੈਸਾ ਕਿ :

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥੪॥੭॥੫੧॥**

*(ਗਉੜੀ ਕਬੀਰ ਜੀ ਪੰਚਪਦਾ, ਅੰਗ ੩੩੪)*

**ਗਾਡਰ ਲੇ; ਕਾਮਧੇਨੁ ਕਰਿ ਪੂਜੀ ॥**

ਕਾਮਧੇਨ ਰੂਪੀ ਬ੍ਰਹਮ ਵਿੱਦਿਆ ਨੂੰ ਪੂਜੀ = ਪੂਜਣ ਕਰ ਕੇ ਉਨ੍ਹਾਂ ਨੇ (ਗਾ+ਡਰ) ਗਾ = ਗਿਆਨ ਸਰੂਪ ਪਰਮੇਸ਼ਰ ਨੂੰ ਪ੍ਰਾਪਤ ਕਰਕੇ ਸਾਡੇ ਡਰ = ਭੈ ਲੇ = ਲੈਅ ਕਰ ਲਏ ਹਨ।

**ਸਉਦੇ ਕਉ ਧਾਵੈ; ਬਿਨੁ ਪੂੰਜੀ ॥੩॥**

ਪਹਿਲਾਂ ਜੋ ਸਕਾਮ ਕਰਮਾਂ ਕਰਕੇ ਸੰਸਾਰ ਵਿਚ ਪਾਪਾਂ ਪੁੰਨਾਂ ਰੂਪੀ ਸਉਦੇ = ਸੌਦੇ ਨੂੰ ਧਾਵੈ = ਦੌੜਦੇ ਸੀ। ਹੁਣ ਸਾਰੇ ਮਿਥਿਆ ਨਿਸਚੇ ਕਰ ਕੇ ਕਿ ਪਰਮੇਸ਼ਰ ਦੀ ਸੱਤਾ ਤੋਂ ਬਿਨਾਂ ਸਭ ਅਸੱਤ ਹੈ। ਇਉਂ ਜਾਣ ਕਰਕੇ ਪਦਾਰਥਾਂ ਦੀ ਲਾਲਸਾ ਰੂਪੀ ਬਿਨੁ = ਬਿਨਾਂ ਪੂੰਜੀ = ਰਾਸ਼ੀ ਤੋਂ ਹੋ ਗਏ ਹਨ ॥੩॥

## ਨਾਨਕ, ਰਾਮ ਨਾਮੁ; ਜਪਿ ਚੀਤ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਦੇ ਚੀਤ = ਚਿੱਤ ਰਾਮ = ਪਰਮੇਸ਼ਰ ਦੇ ਨਾਮ ਨੂੰ ਜਪਿ = ਜਪਦੇ ਹਨ **ਵਾ:** ਹੇ ਭਾਈ! ਰਾਮ = ਵਾਹਿਗੁਰੂ ਦੇ ਨਾਮ ਨੂੰ ਚੀਤ = ਚਿੱਤ ਦੀ ਬਿਰਤੀ ਇਕਾਗਰ ਕਰ ਕੇ ਜਪਿ = ਜਪਣਾ ਕਰੋ।

## ਸਿਮਰਿ ਸੁਆਮੀ; ਹਰਿ ਸਾ ਮੀਤ ॥੪॥੯੧॥੧੬੦॥

ਹੇ ਭਾਈ! ਸਾ = ਉਸ ਸੁਆਮੀ = ਮਾਲਕ ਵਾਹਿਗੁਰੂ ਦਾ ਸਿਮਰਨ ਕਰੋ ਜੋ ਸਭਨਾਂ ਦਾ ਮੀਤ = ਮਿੱਤਰ ਹੈ **ਵਾ:** ਸੁਆਮੀ = ਅਕਾਲ ਪੁਰਖ ਦਾ ਸਿਮਰਨ ਕਰ ਜਿਸ ਕਰਕੇ ਤੂੰ ਵੀ ਸਾ = ਉਸ ਦਾ ਮੀਤ = ਮਿੱਤਰ ਰੂਪ ਹੋ ਜਾਵੇਂਗਾ ॥੪॥੯੧॥੧੬੦॥

## ਗਉੜੀ, ਮਹਲਾ ੫ ॥

## ਸਾ ਮਤਿ ਨਿਰਮਲ; ਕਹੀਅਤ ਧੀਰ ॥ ਰਾਮ ਰਸਾਇਣੁ; ਪੀਵਤ ਬੀਰ ॥੧॥

ਹੇ ਭਾਈ! ਸਾ = ਉਹ ਮਤਿ = ਬੁੱਧੀ ਨਿਰਮਲ = ਉੱਜਲ ਕਹੀਅਤ = ਕਹੀਦੀ ਹੈ, ਜੋ ਧੀਰ = ਧੀਰਜ ਵਾਲੀ ਹੋਵੇ। ਭਾਵ ਇਕਾਂਤ ਦੇਸ਼ ਵਿਚ ਵਿਸ਼ੇ ਪ੍ਰਾਪਤ ਹੋਣ ਅਤੇ ਜਿਥੇ ਕਿਸੇ ਦਾ ਭੈਅ ਵੀ ਨਾ ਹੋਵੇ, ਉਥੇ ਜਤ ਸਤ ਵਿਚ ਪ੍ਰਪੱਕ ਰਹੇ, ਉਹ ਧੀਰਜ ਵਾਲੀ ਕਹੀਦੀ ਹੈ।

ਜੋ ਰਸਾਇਣੁ (ਰਸ+ਆਇਣ) ਰਸਾਂ ਦੇ ਆਇਣ = ਘਰ ਰਾਮ = ਪਰਮੇਸ਼ਰ ਦੇ ਨਾਮ ਰਸ ਨੂੰ ਪੀਵਤ = ਪੀਂਦਾ ਹੈ, ਉਹੀ ਬੀਰ = ਬਹਾਦਰ ਹੈ **ਵਾ:** ਜੋ ਰਾਮ ਦੇ ਰਸਾਂ ਨੂੰ ਪੀਵਤ = ਪੀਂਦੇ ਹਨ, ਉਹ ਸਾਡੇ ਬੀਰ = ਭਰਾ ਹਨ ॥੧॥

## ਹਰਿ ਕੇ ਚਰਣ; ਹਿਰਦੈ ਕਰਿ ਓਟ ॥ ਜਨਮ ਮਰਣ ਤੇ; ਹੋਵਤ ਛੋਟ ॥੧॥ਰਹਾਉ॥

ਹੇ ਭਾਈ! ਹਰਿ = ਪਰਮੇਸ਼ਰ ਕੇ = ਦੇ ਚਰਣ = ਪਾਦ, ਪੈਰਾਂ ਨੂੰ ਆਪਣੇ ਹਿਰਦੈ = ਅੰਤਸ਼ਕਰਣ ਦੀ ਓਟ = ਟੇਕ ਕਰਿ = ਕਰਨਾ ਕਰੋ।

ਜਿਸ ਕਰਕੇ ਜਨਮ ਮਰਣ = ਜੰਮਣ ਮਰਣ ਤੇ = ਤੋਂ ਛੋਟ = ਛੁਟਕਾਰਾ ਹੋਵਤ = ਹੋ ਜਾਵੇਗਾ ॥੧॥ਰਹਾਉ॥

## ਸੋ ਤਨੁ ਨਿਰਮਲੁ; ਜਿਤੁ ਉਪਜੈ ਨ ਪਾਪੁ ॥ ਰਾਮ ਰੰਗਿ; ਨਿਰਮਲ ਪਰਤਾਪੁ ॥੨॥

ਹੇ ਭਾਈ! ਸੋ = ਉਹੋ ਤਨੁ = ਸਰੀਰ ਨਿਰਮਲੁ = ਸ਼ੁੱਧ ਹੈ, ਜਿਤੁ = ਜਿਸ ਸਰੀਰ ਕਰਕੇ ਕਦੇ ਪਾਪੁ = ਮੰਦ ਕਰਮ ਉਪਜੈ = ਪੈਦਾ ਨ = ਨਹੀਂ ਹੁੰਦਾ, ਭਾਵ ਸਰੀਰ ਕਰਕੇ ਕੋਈ ਆਚਰਣਹੀਣ ਕੰਮ ਨਹੀਂ ਕਰਦੇ **ਵਾ:** ਤਨੁ = ਸੂਖਮ ਸਰੀਰ ਭਾਵ ਮਨ ਨੂੰ ਕੋਈ ਵੀ ਔਗੁਣ ਅਤੇ ਗੁਰੂ ਇਸ਼ਟ ਤੋਂ ਉਲਟ ਸੰਕਲਪ ਨਹੀਂ ਫੁਰਦਾ।

ਜਿਨ੍ਹਾਂ ਨੂੰ ਰਾਮ = ਪਰਮੇਸ਼ਰ ਦਾ ਰੰਗਿ = ਅਨੰਦ ਪ੍ਰਾਪਤ ਹੋਇਆ ਹੈ, ਉਨ੍ਹਾਂ ਦਾ ਨਿਰਮਲ = ਉੱਜਲ, ਮਾਇਆ ਕਾਲਖ ਤੋਂ ਰਹਿਤ ਪਰਤਾਪੁ = ਤੇਜ ਪ੍ਰਭਾਵ ਹੈ ॥੨॥

## ਸਾਧਸੰਗਿ; ਮਿਟਿ ਜਾਤ ਬਿਕਾਰ ॥ ਸਭ ਤੇ ਊਚ; ਏਹੋ ਉਪਕਾਰ ॥੩॥

ਸਾਧਸੰਗਿ = ਸਾਧਸੰਗਤ ਵਿਚ ਮਿਲ ਕਰਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰ ਮਿਟਿ = ਮਿਟ ਜਾਤ = ਜਾਂਦੇ ਹਨ, ਨਾਸ ਹੋ ਜਾਂਦੇ ਹਨ। ਏਹੋ = ਇਹੋ ਹੀ ਆਪਣੇ ਜੀਵਨ ਵਿਚ ਸਭ ਤੇ = ਸਾਰਿਆਂ ਤੋਂ ਊਚ = ਉੱਚਾ ਉਪਕਾਰ = ਭਲਿਆਈ ਵਾਲਾ ਕਾਰਜ ਸਮਝਣਾ ਕਰੋ ॥੩॥

## ਪ੍ਰੇਮ ਭਗਤਿ ਰਾਤੇ; ਗੋਪਾਲ ॥ ਨਾਨਕ ਜਾਚੈ; ਸਾਧ ਰਵਾਲ ॥੪॥੯੨॥੧੬੧॥

ਹੇ ਭਾਈ ! ਜਿਹੜੇ ਸੰਤ ਜਨ ਗੋਪਾਲ = ਪ੍ਰਿਥਵੀ ਦੇ ਪਾਲਕ ਪਰਮੇਸ਼ਰ ਦੀ ਪ੍ਰੇਮ ਭਗਤਿ = ਪ੍ਰੇਮਾ-ਭਗਤੀ ਵਿਚ ਰਾਤੇ = ਰੰਗੇ ਹਨ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਸਾਧ = ਮਹਾਤਮਾਂ ਦੀ ਚਰਨ ਰਵਾਲ = ਧੂੜੀ ਜਾਚੈ = ਮੰਗਣਾ ਕਰੀਏ ॥੪॥੯੨॥੧੬੧॥

## ਗਉੜੀ, ਮਹਲਾ ੫ ॥

## ਐਸੀ ਪ੍ਰੀਤਿ; ਗੋਵਿੰਦ ਸਿਉ ਲਾਗੀ ॥ ਮੇਲਿ ਲਏ; ਪੂਰਨ ਵਡਭਾਗੀ ॥੧॥ਰਹਾਉ॥

ਜਿਨ੍ਹਾਂ ਦੀ ਐਸੀ = ਇਸ ਪ੍ਰਕਾਰ ਦੀ ਪ੍ਰੀਤਿ = ਪ੍ਰੀਤੀ (ਜੋ ਅਗਲੀਆਂ ਪੰਗਤੀਆਂ ਵਿਚ ਦ੍ਰਿਸ਼ਟਾਂਤਾਂ ਨਾਲ ਕਹਿਣਗੇ) ਗੋਵਿੰਦ = ਪਰਮੇਸ਼ਰ ਦੇ ਸਿਉ = ਨਾਲ ਲਾਗੀ = ਲੱਗ ਗਈ ਹੈ। ਉਨ੍ਹਾਂ ਵਡਭਾਗੀ = ਵੱਡਿਆਂ ਭਾਗਾਂ ਵਾਲਿਆਂ ਨੂੰ ਪੂਰਨ = ਪਰਮੇਸ਼ਰ ਨੇ ਆਪਣੇ ਨਾਲ ਮੇਲਿ = ਮੇਲ ਲਏ = ਲਿਆ ਹੈ ॥੧॥ਰਹਾਉ॥

## ਭਰਤਾ ਪੇਖਿ; ਬਿਗਸੈ ਜਿਉ ਨਾਰੀ ॥
## ਤਿਉ ਹਰਿ ਜਨੁ ਜੀਵੈ; ਨਾਮੁ ਚਿਤਾਰੀ ॥੧॥

ਜਿਉ = ਜਿਸ ਪ੍ਰਕਾਰ ਨਾਰੀ = ਇਸਤਰੀ ਆਪਣੇ ਭਰਤਾ = ਪਤੀ ਨੂੰ ਪੇਖਿ = ਵੇਖ ਕਰਕੇ ਬਿਗਸੈ = ਪ੍ਰਸੰਨ ਹੋ ਜਾਂਦੀ ਹੈ **ਵਾ:** ਇਸੇ ਪ੍ਰਕਾਰ ਭਰਤਾ = ਪਤੀ ਦੀ ਨਿਆਈਂ ਗੁਰੂ ਸਾਹਿਬ ਜੀ ਦੇ ਸ਼ਬਦ ਨੂੰ ਸੁਣ ਕਰਕੇ, ਵੇਖ ਕਰਕੇ ਸੰਤ ਜਨਾਂ ਦੀ ਬਿਰਤੀ ਰੂਪੀ ਨਾਰੀ ਸ਼ਬਦ ਦੇ ਪ੍ਰਕਾਸ਼ ਕਰਕੇ ਖਿੜ ਆਉਂਦੀ ਹੈ। ਤਿਉ = ਤਿਵੇਂ ਹੀ ਹਰਿ = ਹਰੀ ਦੇ ਜਨੁ = ਸੇਵਕ ਪਰਮੇਸ਼ਰ ਦੇ ਨਾਮੁ = ਨਾਉਂ ਨੂੰ ਚਿਤਾਰੀ = ਚਿਤਾਰ ਕਰ ਕੇ ਜੀਵੈ = ਜਿਊਂਦੇ ਹਨ ॥੧॥

## ਪੂਤ ਪੇਖਿ; ਜਿਉ ਜੀਵਤ ਮਾਤਾ ॥ ਓਤਿ ਪੋਤਿ; ਜਨੁ ਹਰਿ ਸਿਉ ਰਾਤਾ ॥੨॥

ਜਿਉ = ਜਿਵੇਂ ਮਾਤਾ = ਮਾਂ ਆਪਣੇ ਪੂਤ = ਪੁੱਤਰ ਨੂੰ ਪੇਖਿ = ਵੇਖ ਕਰਕੇ ਜੀਵਤ = ਜਿਊਂਦੀ ਹੈ **ਵਾ:** ਇਸੇ ਪ੍ਰਕਾਰ ਜਿਨ੍ਹਾਂ ਦੀ ਬੁੱਧੀ ਰੂਪੀ ਮਾਤਾ = ਮਾਂ ਆਪਣੇ ਗਿਆਨ ਰੂਪੀ ਪੂਤ = ਪੁੱਤਰ ਹੋਏ ਨੂੰ ਪੇਖਿ = ਵੇਖ ਕਰਕੇ ਜੀਵਨ ਮੁਕਤੀ ਦੇ ਅਨੰਦ ਨੂੰ ਪਾ ਕੇ, ਜੀਵਤ = ਜਿਊਂਦੀ ਹੈ।

ਓਤਿ ਪੋਤਿ = ਤਾਣੇ ਪੇਟੇ ਵਾਂਗ ਜਨ = ਭਗਤ ਜਨ ਹਰਿ = ਪਰਮੇਸ਼ਰ ਦੇ ਸਿਉ = ਨਾਲ ਰਾਤਾ = ਰੰਗੇ ਰਹਿੰਦੇ ਹਨ, ਭਾਵ ਜਿਵੇਂ ਕੁੱਛੜ ਚੁੱਕਿਆ ਬੱਚਾ ਆਪਣੇ ਮਾਤਾ ਪਿਤਾ ਬਿਨਾਂ ਖ਼ੁਸ਼ ਨਹੀਂ ਹੁੰਦਾ, ਇਸੇ ਪ੍ਰਕਾਰ ਗੁਰਮੁਖਾਂ ਦਾ ਮਨ ਲਿਵ ਤੋਂ ਬਿਨਾਂ ਪ੍ਰਸੰਨ ਨਹੀਂ ਹੁੰਦਾ, ਇਉਂ ਜਿਵੇਂ ਤਾਣੇ ਪੇਟੇ ਵਿਚ ਹੁੰਦਾ ਤਾਂ ਇੱਕੋ ਹੀ ਸੂਤ ਹੈ, ਉਸੇ ਤਰ੍ਹਾਂ ਭਗਤ ਜਨ ਵਾਹਿਗੁਰੂ ਵਿਚ ਪ੍ਰੋਤੇ ਹੋਏ ਹਨ, ਪ੍ਰੇਮ ਕਰਕੇ ਪਰਮੇਸ਼ਰ ਭਗਤ ਜਨਾਂ ਵਿਚ ਪ੍ਰੋਤਾ ਹੈ ॥੨॥

## ਲੋਭੀ ਅਨਦੁ ਕਰੈ; ਪੇਖਿ ਧਨਾ ॥ ਜਨ ਚਰਨ ਕਮਲ ਸਿਉ; ਲਾਗੋ ਮਨਾ ॥੩॥

ਜਿਵੇਂ ਲੋਭੀ = ਲਾਲਚੀ ਆਦਮੀ ਧਨਾ = ਧਨ ਨੂੰ ਪੇਖਿ = ਵੇਖ ਕਰਕੇ ਅਨਦੁ = ਅਨੰਦ ਮਾਨਣਾ ਕਰੈ = ਕਰਦਾ ਹੈ **ਵਾ:** ਇਉਂ ਜੋ ਆਤਮਾਨੰਦ ਦੇ ਲੋਭੀ = ਲਾਲਚੀ ਗਿਆਨਵਾਨ ਹਨ, ਉਹ ਨਾਮ ਰੂਪੀ ਧਨਾ = ਧਨ ਨੂੰ ਪੇਖਿ = ਵੇਖ ਕਰੈ = ਕਰ ਕੇ ਅਨਦੁ = ਅਨੰਦ ਮਾਨਣਾ ਕਰਦੇ ਹਨ।

ਇਉਂ ਮਹਾਰਾਜ ਦੇ ਚਰਨ = ਪਾਦ ਜੋ ਕਮਲ = ਕੌਲ ਦੀ ਨਿਆਈਂ ਨਿਰਲੇਪ ਹਨ, ਜਨ = ਭਗਤ ਜਨਾਂ ਦਾ ਉਨ੍ਹਾਂ ਦੇ ਸਿਉ = ਨਾਲ ਮਨਾ = ਮਨ ਲਾਗੋ = ਲੱਗਾ ਹੋਇਆ ਹੈ ॥੩॥

## ਬਿਸਰੁ ਨਹੀ; ਇਕੁ ਤਿਲੁ ਦਾਤਾਰ ॥
## ਨਾਨਕ ਕੇ ਪ੍ਰਭ; ਪ੍ਰਾਨ ਅਧਾਰ ॥੪॥੯੩॥੧੬੨॥

ਇਉਂ ਬੇਨਤੀਆਂ ਕਰਦੇ ਹਨ ਕਿ ਹੇ ਭਾਈ! ਦਾਤਾਰ = ਦਾਤਾਂ ਦੇਣ ਵਾਲਾ ਵਾਹਿਗੁਰੂ! ਇਕ ਤਿਲੁ = ਥੋੜ੍ਹੇ ਮਾਤਰ ਵੀ ਸਾਨੂੰ ਬਿਸਰੁ = ਭੁੱਲੋ ਨਹੀਂ = ਨਾ। ਸਤਿਗੁਰੂ ਜੀ ਕਥਨ ਰਕਦੇ ਹਨ ਕਿ ਹੇ ਭਾਈ! ਸਾਡੇ ਜਨਾਂ ਕੇ = ਦੇ ਪ੍ਰਾਨ = ਪ੍ਰਾਣਾਂ ਦਾ ਆਸਰਾ ਰੂਪ ਪ੍ਰਭ = ਪਰਮੇਸ਼ਰ ਹੀ ਹੈ ॥੪॥੯੩॥੧੬੨॥

## ਗਉੜੀ, ਮਹਲਾ ੫ ॥
## ਰਾਮ ਰਸਾਇਣਿ; ਜੋ ਜਨ ਗੀਧੇ ॥ ਚਰਨ ਕਮਲ; ਪ੍ਰੇਮ ਭਗਤੀ ਬੀਧੇ ॥੧॥ਰਹਾਉ॥

ਹੇ ਭਾਈ! ਜੋ = ਜਿਹੜੇ ਜਨ = ਪੁਰਸ਼ ਰਸਾਇਣਿ = ਰਸਾਂ ਦੇ ਆਇਣ = ਘਰ ਰਾਮ = ਪਰਮੇਸ਼ਰ ਦੇ ਅਨੰਦ ਦੇ ਗੀਧੇ = ਇੱਛਾਵਾਨ ਹਨ **ਵਾ:** ਗਿਝ ਗਏ ਹਨ।

ਉਹ ਮਹਾਰਾਜ ਦੇ ਚਰਣ = ਪਾਦ ਜੋ ਕਮਲ = ਕੌਲ ਫੁੱਲ ਦੀ ਨਿਆਈਂ ਨਿਰਲੇਪ ਹਨ, ਉਨ੍ਹਾਂ ਦੀ ਪ੍ਰੇਮ ਭਗਤੀ = ਪ੍ਰੇਮਾ-ਭਗਤੀ ਵਿਚ ਹਰ ਵਖਤ ਬੀਧੇ = ਵਿੰਨ੍ਹੇ ਰਹਿੰਦੇ ਹਨ, ਮਿਲੇ ਰਹਿੰਦੇ ਹਨ ॥੧॥ਰਹਾਉ॥

## ਆਨ ਰਸਾ; ਦੀਸਹਿ ਸਭਿ ਛਾਰੁ ॥ ਨਾਮ ਬਿਨਾ; ਨਿਹਫਲ ਸੰਸਾਰ ॥੧॥

ਉਨ੍ਹਾਂ ਨੂੰ ਦੁਨੀਆਂ ਦੇ ਆਨ = ਹੋਰ ਰਸਾ = ਰਸ ਕਸ ਸਭਿ = ਸਾਰੇ ਛਾਰੁ = ਸੁਆਹ ਦੀ ਨਿਆਈਂ ਦੀਸਹਿ = ਦਿੱਸਣ ਵਿਚ ਆਉਂਦੇ ਹਨ। ਵਾਹਿਗੁਰੂ ਦੇ ਨਾਮ = ਨਾਉਂ ਤੋਂ ਬਿਨਾ = ਬਗ਼ੈਰ ਸਾਰਾ ਸੰਸਾਰ = ਜਗਤ ਨਿਹਫਲ = ਨਿਸਫਲ ਹੀ ਦਿੱਸਦਾ ਹੈ ॥੧॥

## ਅੰਧ ਕੂਪ ਤੇ; ਕਾਢੇ ਆਪਿ ॥ ਗੁਣ ਗੋਵਿੰਦ; ਅਚਰਜ ਪਰਤਾਪ ॥੨॥

ਅੰਧ = ਅੰਨ੍ਹੇ ਕੂਪ = ਖੂਹ ਰੂਪੀ ਸੰਸਾਰ ਤੇ = ਤੋਂ ਸਤਿਗੁਰੂ ਜੀ ਨੇ ਆਪਿ = ਆਪ ਆਪਣੇ ਪਿਆਰਿਆਂ ਨੂੰ ਮੁਕਤੀ ਰੂਪੀ ਕਿਨਾਰੇ 'ਤੇ ਕਾਢੇ = ਕੱਢ ਲਿਆ ਹੈ। ਗੋਵਿੰਦ = ਪਰਮੇਸ਼ਰ ਦੇ ਗੁਣ = ਗੁਣਾਂ ਦਾ ਅਚਰਜ = ਅਸਚਰਜ ਹੀ ਪਰਤਾਪ = ਤੇਜ ਹੈ, ਇਕਬਾਲ ਹੈ **ਵਾ:** ਗੋਬਿੰਦ ਦੇ ਗੁਣ ਗਾਉਣ ਵਾਲਿਆਂ ਦਾ ਅਸਚਰਜ ਪ੍ਰਤਾਪ ਹੈ ॥੨॥

## ਵਣਿ ਤ੍ਰਿਣਿ ਤ੍ਰਿਭਵਣਿ; ਪੂਰਨ ਗੋਪਾਲ ॥

ਉਨ੍ਹਾਂ ਦੀ ਐਸੀ ਬ੍ਰਹਮ ਦ੍ਰਿਸ਼ਟੀ ਹੋ ਜਾਂਦੀ ਹੈ ਕਿ ਵਣਿ = ਜੰਗਲਾਂ ਵਿਚ, ਤ੍ਰਿਣਿ = ਘਾਹ, ਕੱਖਾਂ ਵਿਚ ਤ੍ਰਿਭਵਣਿ = ਤਿੰਨਾਂ ਲੋਕਾਂ ਵਿਚ ਗੋਪਾਲ = ਪਰਮੇਸ਼ਰ ਪੂਰਨ = ਵਿਆਪਕ ਪ੍ਰਤੀਤ ਹੁੰਦਾ ਹੈ **ਵਾ:** ਵਣਿ ਦੀ ਨਿਆਈਂ ਸਰੀਰਾਂ ਵਿਚ, ਤ੍ਰਿਣਿ ਦੀ ਨਿਆਈਂ ਇੰਦ੍ਰੀਆਂ ਵਿਚ ਤ੍ਰਿਭਵਣਿ ਦੀ ਨਿਆਈਂ ਤਿੰਨ ਭਵਨ ਭਾਵ ਜਾਗ੍ਰਤ, ਸੁਪਨ, ਸੁਖੋਪਤ ਵਿਚ ਵੀ ਗੋਪਾਲ = ਪ੍ਰਿਥਵੀ ਦਾ ਪਾਲਕ ਪਰਮੇਸ਼ਰ ਪੂਰਨ = ਵਿਆਪਕ ਪ੍ਰਤੀਤ

ਹੁੰਦਾ ਹੈ **ਵਾ:** ਵਨਿ = ਬਨ ਦੀ ਨਿਆਈਂ ਸਥੂਲ ਸਰੀਰਾਂ ਵਿਚ, ਤ੍ਰਿਨਿ ਦੀ ਨਿਆਈਂ ਸੂਖਮ ਸਰੀਰਾਂ ਵਿਚ ਅਤੇ ਤ੍ਰਿਭਵਣਿ = ਤਿੰਨਾਂ ਭਵਨਾਂ ਵਿਚ ਸਾਖੀ ਰੂਪ ਗੋਪਾਲ = ਪ੍ਰਿਥਵੀ ਦਾ ਪਾਲਕ ਪਰਮੇਸ਼ਰ ਪੂਰਨ ਵਿਆਪਕ ਦਿੱਸਦਾ ਹੈ।

## ਬ੍ਰਹਮ ਪਸਾਰੁ; ਜੀਅ ਸੰਗਿ ਦਇਆਲ ॥੩॥

ਉਸ ਬ੍ਰਹਮ = ਵਿਆਪਕ ਪਰਮੇਸ਼ਰ ਦਾ ਹੀ ਸਾਰੇ ਸੰਸਾਰ ਦਾ ਪਸਾਰੁ = ਪਸਾਰਾ ਹੈ, ਪਸਰਿਆ ਹੋਇਆ ਹੈ, ਸਾਰਿਆਂ ਜੀਅ = ਜੀਵਾਂ ਦੇ ਸੰਗੁ = ਨਾਲ ਹੈ ਅਤੇ ਦਇਆਲ = ਦਇਆ ਦਾ ਘਰ ਹੈ ॥੩॥

## ਕਹੁ ਨਾਨਕ; ਸਾ ਕਥਨੀ ਸਾਰੁ ॥
## ਮਾਨਿ ਲੇਤੁ; ਜਿਸੁ ਸਿਰਜਨਹਾਰੁ ॥੪॥੯੪॥੧੬੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾ = ਉਹੀ ਕਥਨੀ = ਵਿਆਖਿਆ, ਕਥਾ ਕਰੀ ਸਾਰੁ = ਸ੍ਰੇਸ਼ਟ ਹੈ। ਜਿਸੁ = ਜਿਨ੍ਹਾਂ ਦੀ ਕਥਾ ਕੀਤੀ ਨੂੰ ਸਿਰਜਨਹਾਰੁ = ਰਚਨੇ ਵਾਲਾ ਪਰਮੇਸ਼ਰ ਮਾਨਿ = ਮੰਨ ਲੇਤੁ = ਲੈਂਦਾ ਹੈ ॥੪॥੯੪॥੧੬੩॥

## ਗਉੜੀ, ਮਹਲਾ ੫ ॥

**ਉਥਾਨਕਾ :** ਧੰਨ ਧੰਨ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਮਹਾਰਾਜ ਜਿਸ ਵੇਲੇ ਗੋਇੰਦਵਾਲ ਸਾਹਿਬ ਵਿਖੇ ਸਤਿਗੁਰੂ ਅਮਰਦਾਸ ਜੀ ਦੇ ਸਾਹਿਬਜ਼ਾਦੇ ਬਾਬਾ ਮੋਹਨ ਜੀ ਦੇ ਪਾਸੋਂ ਚੌਹਾਂ ਸਤਿਗੁਰਾਂ ਜੀ ਦੀ ਬਾਣੀ ਲਿਆ ਕਰ ਕੇ, ਸਤਿਕਾਰ ਸਹਿਤ ਅਠਸਠਿ ਘਾਟ 'ਤੇ ਸੁਸ਼ੋਭਿਤ ਕਰਵਾ ਕੇ ਬਾਬਾ ਬੁੱਢਾ ਜੀ ਆਦਿ ਸਿੱਖਾਂ ਤੋਂ ਸਾਰੀ ਰਾਤ ਜਾਗਣਾ ਕਰਵਾ ਕੇ ਕੀਰਤਨ ਕਰਵਾਇਆ। ਅੰਮ੍ਰਿਤ ਵੇਲੇ ਸਤਿਗੁਰੂ ਸਾਹਿਬ ਜੀ ਨੇ ਪੋਥੀਆਂ ਪ੍ਰਕਾਸ਼ ਕਰਵਾ ਕੇ ਦਰਸ਼ਨ ਕੀਤੇ, ਉਸ ਸਮੇਂ ਸਤਿਗੁਰਾਂ ਨੇ ਸ਼ਬਦ ਉਚਾਰਨ ਕੀਤਾ "ਪੋਥੀ ਪਰਮੇਸਰ ਕਾ ਥਾਨੁ"।

ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਚਣ ਵਾਸਤੇ ਕਿਸੇ ਇਕਾਂਤ ਦੇਸ਼ ਨੂੰ ਭਾਲਿਆ, ਇਸ ਪ੍ਰਕਾਰ ਗੁਰੂ ਜੀ ਨੇ ਇਕ ਬਹੁਤ ਹੀ ਰਮਣੀਕ ਅਸਥਾਨ ਦੇਖਿਆ, ਜਿਥੇ ਬੇਰੀਆਂ ਦਾ ਝੁੰਡ ਸੀ, ਉਥੇ ਤੰਬੂ ਲਗਾ ਕੇ ਸਤਿਗੁਰੂ ਜੀ ਬੈਠੇ ਅਤੇ ਬਚਨ ਕੀਤਾ ਕਿ ਇਥੇ ਬੈਠ ਕੇ ਹੀ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਚਣੇ ਹਨ। ਅਰ ਗੁਰੂ ਜੀ ਨੇ ਪਾਸ ਹੀ ਇਕ ਨਿੱਕਾ ਜਿਹਾ ਸਰੋਵਰ ਵੀ ਖੁਦਵਾਇਆ, ਜਿਸਦਾ ਨਾਮ ਸਤਿਗੁਰੂ ਰਾਮਦਾਸ ਜੀ ਦੇ ਨਾਮ ਉਪਰ ਰਾਮਸਰ ਰੱਖਿਆ। ਗੁਰੂ ਜੀ ਨੇ ਖ਼ੁਦ ਇਕ ਟੱਕ ਲਾਇਆ ਤੇ ਬਾਕੀ ਸਿੱਖ ਸੰਗਤਾਂ ਨੇ ਸੇਵਾ ਕੀਤੀ। ਗੁਰੂ ਜੀ ਨੇ ਕਿਹਾ ਕਿ ਇਹ ਅਸਥਾਨ ਪੰਚਵਟੀ ਤੋਂ ਵੀ ਸੁੰਦਰ ਹੈ। ਤਾਲ ਤਿਆਰ ਹੋਣ 'ਤੇ ਗੁਰੂ ਜੀ ਨੇ ਭਾਈ ਗੁਰਦਾਸ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਾਉਣੇ ਸ਼ੁਰੂ ਕੀਤੇ। ਰਾਮਸਰ ਦੀ ਮਹਿਮਾ ਦੇ ਪ੍ਰਥਾਏ ਸਤਿਗੁਰਾਂ ਨੇ ਇਹ ਅੰਮ੍ਰਿਤਮਈ ਸ਼ਬਦ ਉਚਾਰਨ ਕੀਤਾ :

## ਨਿਤਪ੍ਰਤਿ; ਨਾਵਣੁ ਰਾਮਸਰਿ ਕੀਜੈ ॥
## ਝੋਲਿ ਮਹਾ ਰਸੁ; ਹਰਿ ਅੰਮ੍ਰਿਤੁ ਪੀਜੈ ॥੧॥ਰਹਾਉ॥

(**ਨਾਵਣੁ** ਦਾ ਉਚਾਰਨ ਭਾਰਾ ਹੈ)

ਹੇ ਭਾਈ ! ਨਿਤਪ੍ਰਤਿ = ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਰਾਮਸਰਿ ਸਰੋਵਰ ਵਿਚ ਨਾਵਣੁ = ਇਸ਼ਨਾਨ ਕੀਜੈ = ਕਰਿਆ ਕਰੋ। ਬੂਰ ਨੂੰ ਝੋਲਿ = ਹਟਾ ਕਰ ਕੇ ਮਹਾ ਰਸੁ = ਵੱਡਾ ਰਸ ਜੋ ਹਰਿ = ਹਰੀ ਦਾ ਅੰਮ੍ਰਿਤਮਈ ਜਲ ਹੈ, ਉਸ ਨੂੰ ਪੀਜੈ = ਪੀਣਾ ਕਰੋ ॥੧॥ਰਹਾਉ॥

## ਨਿਰਮਲ ਉਦਕੁ; ਗੋਵਿੰਦ ਕਾ ਨਾਮ ॥ ਮਜਨੁ ਕਰਤ; ਪੂਰਨ ਸਭਿ ਕਾਮ ॥੧॥

ਜਿਵੇਂ ਗੋਵਿੰਦ = ਪਰਮੇਸ਼ਰ ਕਾ = ਦਾ ਨਾਮ = ਨਾਉਂ ਉਜਲ ਹੈ, ਉਵੇਂ ਹੀ ਰਾਮਸਰ ਤੀਰਥ ਕਾ = ਦਾ ਉਦਕੁ = ਜਲ ਵੀ ਨਿਰਮਲ = ਉੱਜਲ ਹੈ।

ਰਾਮਸਰ ਸਰੋਵਰ ਵਿਚ ਮਜਨੁ = ਟੁੱਭਕੀ ਲਾ ਕੇ ਇਸ਼ਨਾਨ ਕਰਤ = ਕਰਨ ਨਾਲ ਸਭਿ = ਸਾਰੀਆਂ ਕਾਮ = ਕਾਮਨਾਵਾਂ ਪੂਰਨ = ਪੂਰੀਆਂ ਹੋ ਜਾਂਦੀਆਂ ਹਨ ॥੧॥

ਜਦ ਭਾਈ ਗੁਰਦਾਸ ਜੀ ਨੇ ਭਗਤਾਂ ਦੇ ਦਰਸ਼ਨਾਂ ਦੀ ਇੱਛਾ ਪੈਦਾ ਕੀਤੀ, ਤਾਂ ਸਤਿਗੁਰਾਂ ਨੇ ਸਾਰੇ ਭਗਤਾਂ ਦੀਆਂ ਦੇਹਾਂ ਆਪਣੇ ਸਰੂਪ ਵਿੱਚੋਂ ਪ੍ਰਗਟ ਕਰ ਕੇ ਦਿਖਾ ਦਿੱਤਿਆਂ, ਜਿਵੇਂ ਸਮੁੰਦਰ ਵਿੱਚੋਂ ਬੁਲਬੁਲੇ ਉੱਠਦੇ ਹਨ, ਇਉਂ ਮਹਾਰਾਜ ਜੀ ਨੇ ਸਾਰੇ ਭਗਤ ਆਪਣੇ ਸਰੂਪ ਵਿੱਚੋਂ ਪ੍ਰਗਟ ਕਰ ਦਿੱਤੇ।

[ਅੰਗ ੧੯੯]

## ਸੰਤਸੰਗਿ; ਤਹ ਗੋਸਟਿ ਹੋਇ ॥ ਕੋਟਿ ਜਨਮ ਕੇ; ਕਿਲਵਿਖ ਖੋਇ ॥੨॥

ਇਸ ਪ੍ਰਕਾਰ ਉਥੇ ਸੰਤਸੰਗਿ = ਸੰਤਾਂ ਦੀ ਸੰਗਤ ਵਿਚ ਗੋਸਟਿ = ਪਿਆਰੀ ਬਾਣੀ ਦੀ ਚਰਚਾ ਹੁੰਦੀ। ਉਥੇ ਐਸੀ ਚਰਚਾ ਹੋਈ ਹੈ ਜੋ ਕੋਟਿ = ਕ੍ਰੋੜਾਂ ਜਨਮ = ਜਨਮਾਂ ਕੇ = ਦੇ ਕਿਲਵਿਖ = ਪਾਪਾਂ ਨੂੰ ਖੋਇ = ਮੇਟਣ ਵਾਲੀ ਸੀ ॥੨॥

## ਸਿਮਰਹਿ ਸਾਧ; ਕਰਹਿ ਆਨੰਦੁ ॥ ਮਨਿ ਤਨਿ ਰਵਿਆ; ਪਰਮਾਨੰਦੁ ॥੩॥

ਬਾਬਾ ਬੁੱਢਾ ਜੀ ਵਰਗੇ ਆਦਿਕ ਸਾਧ = ਮਹਾਂਪੁਰਖ ਪਰਮੇਸ਼ਰ ਦਾ ਸਿਮਰਹਿ = ਸਿਮਰਨ ਕਰਕੇ ਆਨੰਦ = ਅਨੰਦੁ ਮਾਨਣਾ ਕਰਹਿ = ਕਰਦੇ ਹਨ।

ਉਨ੍ਹਾਂ ਗੁਰਮੁਖਾਂ ਦੇ ਮਨਿ = ਹਿਰਦੇ ਵਿਚ ਵੀ ਤਨ = ਸਰੀਰ ਵਿਚ ਵੀ ਪਰਮਾਨੰਦੁ = ਪਰਮੇਸ਼ਰ ਰਵਿਆ = ਵਿਆਪਕ ਹੈ ॥੩॥

## ਜਿਸਹਿ ਪਰਾਪਤਿ; ਹਰਿ ਚਰਣ ਨਿਧਾਨ ॥
## ਨਾਨਕ ਦਾਸ; ਤਿਸਹਿ ਕੁਰਬਾਨ ॥੪॥੯੫॥੧੬੪॥

ਜਿਸਹਿ = ਜਿਨ੍ਹਾਂ ਨੇ ਹਰਿ = ਹਰੀ ਦੇ ਚਰਣ = ਚਰਣਾਂ ਕਵਲਾਂ ਦਾ ਨਿਧਾਨ = ਖ਼ਜ਼ਾਨਾ ਪਰਾਪਤਿ = ਪ੍ਰਾਪਤ, ਹਾਸਲ ਕੀਤਾ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਦਾਸ = ਦਾਸਾ ਭਾਵ ਧਾਰਨ ਕਰ ਕੇ ਤਿਸਹਿ = ਉਨ੍ਹਾਂ ਤੋਂ ਕੁਰਬਾਨ = ਬਲਿਹਾਰ ਜਾਣਾ ਕਰੀਏ ॥੪॥੯੫॥੧੬੪॥

### ਦੂਸਰਾ ਅਰਥ

**ਨਿਤਪ੍ਰਤਿ ਨਾਵਣੁ; ਰਾਮ ਸਰਿ ਕੀਜੈ ॥ ਝੋਲਿ ਮਹਾ ਰਸੁ; ਹਰਿ ਅੰਮ੍ਰਿਤੁ ਪੀਜੈ ॥੧॥ਰਹਾਉ॥**

ਰਾਮ = ਪਰਮੇਸ਼ਰ ਦਾ ਸਰਿ = ਸਰੋਵਰ ਜੋ ਸਾਧਸੰਗਤ ਹੈ, ਉਸ ਵਿਚ ਨਿਤਪ੍ਰਤਿ = ਹਰ ਰੋਜ਼ ਸ਼੍ਰਵਣ ਮੰਨਣ ਰੂਪ ਨਾਵਣੁ = ਇਸ਼ਨਾਨ ਕਰਨਾ ਕਰੀਏ। ਵਾਸ਼ਨਾ ਰੂਪੀ ਬੂਰ ਨੂੰ ਵਿਚਾਰ ਰੂਪੀ ਹੱਥਾਂ ਦੇ ਨਾਲ ਝੋਲਿ = ਹਟਾ ਕੇ ਮਹਾ ਰਸ = ਬਹੁਤ ਹੀ ਰਸਦਾਇਕ ਹਰਿ = ਹਰੀ ਪਰਮੇਸ਼ਰ ਦੇ ਅੰਮ੍ਰਿਤੁ = ਮ੍ਰਿਤੂ ਤੋਂ ਰਹਿਤ ਕਰਨ ਵਾਲੇ ਨਾਮ ਰਸ ਨੂੰ ਪੀਜੈ = ਪੀਣਾ ਕਰੀਏ ॥੧॥ਰਹਾਉ॥

**ਨਿਰਮਲ ਉਦਕੁ; ਗੋਵਿੰਦ ਕਾ ਨਾਮ ॥ ਮਜਨੁ ਕਰਤ; ਪੂਰਨ ਸਭਿ ਕਾਮ ॥੧॥**

ਜਿਸ ਪ੍ਰਕਾਰ ਰਾਮਸਰ ਤੀਰਥ ਦਾ ਨਿਰਮਲ = ਉੱਜਲ, ਸ਼ੁੱਧ ਉਦਕੁ = ਜਲ ਹੈ, ਇਵੇਂ ਹੀ ਸਾਧਸੰਗਤ

ਰੂਪੀ ਤੀਰਥ ਵਿਚ ਗੋਵਿੰਦ = ਪਰਮੇਸ਼ਰ ਕਾ = ਦਾ ਨਾਮ ਉੱਜਲ ਪਾਣੀ ਦੀ ਨਿਆਈਂ ਸ਼ੁੱਧ ਹੈ। ਜਿਸ ਵਿਚ ਭਗਤੀ ਰੂਪੀ ਮਜਨੁ = ਇਸ਼ਨਾਨ ਕਰਤ = ਕਰਨ ਨਾਲ ਸਭਿ = ਸਾਰੇ ਕਾਮ = ਕਾਰਜ, ਸੰਕਲਪ ਪੂਰਨ = ਪੂਰੇ ਹੋ ਜਾਂਦੇ ਹਨ॥੧॥

**ਸੰਤਸੰਗਿ; ਤਹ ਗੋਸਟਿ ਹੋਇ॥ ਕੋਟਿ ਜਨਮ ਕੇ; ਕਿਲਵਿਖ ਖੋਇ॥੨॥**

ਤਹ = ਤਿਥੇ ਸੰਤਸੰਗਿ = ਸਤਿਸੰਗਤ ਵਿਚ ਮਿਲ ਕਰ ਕੇ ਪਰਮੇਸ਼ਰ ਦੀ ਗੋਸਟਿ = ਚਰਚਾ ਪ੍ਰਾਪਤ ਹੁੰਦੀ ਹੈ। ਜਿਥੇ ਪ੍ਰਸ਼ਨਾਂ ਉੱਤਰਾਂ ਵਿਚ ਕੋਟਿ = ਕ੍ਰੋੜਾਂ ਜਨਮ = ਜਨਮਾਂ ਦੇ ਕਿਲਵਿਖ = ਪਾਪ ਖੋਇ = ਖੋਏ, ਨਾਸ ਹੋ ਜਾਂਦੇ ਹਨ॥੨॥

**ਸਿਮਰਹਿ ਸਾਧ; ਕਰਹਿ ਆਨੰਦੁ॥ ਮਨਿ ਤਨਿ ਰਵਿਆ; ਪਰਮਾਨੰਦੁ॥੩॥**

ਜੋ ਸਾਧ = ਸੰਤ ਜਨ ਸਿਮਰਹਿ = ਸਿਮਰਨ ਕਰਹਿ = ਕਰਦੇ ਹਨ, ਸਾਧਨ ਕਰਦੇ ਹਨ, ਉਹ ਆਨੰਦੁ = ਅਨੰਦ ਸਰੂਪ ਪਰਮੇਸ਼ਰ ਨੂੰ ਪ੍ਰਾਪਤ ਕਰ ਲੈਂਦੇ ਹਨ। ਉਨ੍ਹਾਂ ਦੇ ਮਨਿ = ਹਿਰਦੇ ਵਿਚ ਵੀ ਤੇ ਤਨਿ = ਸਰੀਰ ਵਿਚ ਵੀ ਪਰਮਾਨੰਦੁ = ਪਰਮੇਸ਼ਰ ਰਵਿਆ = ਰਮਿਆ ਹੋਇਆ ਪ੍ਰਤੀਤ ਹੁੰਦਾ ਹੈ॥੩॥

**ਜਿਸਹਿ ਪਰਾਪਤਿ; ਹਰਿ ਚਰਣ ਨਿਧਾਨ॥ ਨਾਨਕ ਦਾਸ; ਤਿਸਹਿ ਕੁਰਬਾਨ॥੪॥੯੫॥੧੬੪॥**

ਜਿਸਹਿ = ਜਿਨ੍ਹਾਂ ਨੂੰ ਹਰਿ = ਹਰੀ ਦੇ ਚਰਣ = ਚਰਣਾਂ ਕੰਵਲਾਂ ਦਾ ਨਿਧਾਨ = ਖ਼ਜ਼ਾਨਾ ਸਤਿਸੰਗਤ ਦੀ ਪਰਾਪਤਿ = ਪਰਾਪਤ ਹੋਈ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਦਾਸ = ਦਾਸਾ ਭਾਵ ਧਾਰਨ ਕਰ ਕੇ ਤਿਸਹਿ = ਉਨ੍ਹਾਂ ਤੋਂ ਕੁਰਬਾਨ = ਬਲਿਹਾਰ ਜਾਈਏ॥੪॥੯੫॥੧੬੪॥

## ਤੀਸਰਾ ਅਰਥ

**ਨਿਤਪ੍ਰਤਿ ਨਾਵਣੁ; ਰਾਮ ਸਰਿ ਕੀਜੈ॥ ਝੋਲਿ ਮਹਾ ਰਸੁ; ਹਰਿ ਅੰਮ੍ਰਿਤੁ ਪੀਜੈ॥੧॥ਰਹਾਉ॥**

ਜੋ ਤੁਰੀਆ ਪਦ ਰੂਪੀ ਰਾਮ = ਪਰਮੇਸ਼ਰ ਦਾ ਸਰਿ = ਸਰੋਵਰ ਹੈ। ਇਸ ਵਿਚ ਨਿਤਪ੍ਰਤਿ = ਹਰ ਰੋਜ਼ ਬਿਰਤੀ ਨੂੰ ਤਿੰਨਾਂ ਗੁਣਾਂ ਤੋਂ ਅਤੀਤ ਕਰ ਕੇ ਆਪਣੇ ਆਪ ਨੂੰ ਸਾਖੀ ਰੂਪ ਵੇਖਣਾ ਹੈ, ਇਹੋ ਹੀ ਨਾਵਣੁ = ਇਸ਼ਨਾਨ ਕੀਜੈ = ਕਰਨਾ ਹੈ। ਮਿਥਿਆ ਦ੍ਰਿਸ਼ਟੀ ਪ੍ਰਤੀਤ ਹੋਣ ਰੂਪੀ ਬੂਰ ਨੂੰ ਝੋਲਿ = ਹਟਾ ਕੇ ਹਰਿ = ਵਾਹਿਗੁਰੂ ਦਾ ਅੰਮ੍ਰਿਤੁ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਮਹਾ ਰਸੁ = ਬ੍ਰਹਮਾਨੰਦ ਨੂੰ ਤੁਰੀਆ ਪਦ ਵਿਚ ਇਸਥਿਤ ਹੋ ਕੇ ਪੀਜੈ = ਪੀਣਾ ਕਰੀਏ॥੧॥ਰਹਾਉ॥

**ਨਿਰਮਲ ਉਦਕੁ; ਗੋਵਿੰਦ ਕਾ ਨਾਮ॥ ਮਜਨੁ ਕਰਤ; ਪੂਰਨ ਸਭਿ ਕਾਮ॥੧॥**

ਗੰਗਾ ਆਦਿਕ ਨਦੀਆਂ ਦੇ ਉਦਕੁ = ਪਾਣੀ ਨਾਲੋਂ ਗੋਵਿੰਦ = ਪ੍ਰਿਥਵੀ ਦੀ ਰੱਖਿਆ ਕਰਨ ਵਾਲੇ **ਵਾ**: ਵਿੰਦ = ਪ੍ਰਕਾਸ਼ ਰੂਪ ਚੇਤਨ ਦਾ ਨਾਮ ਕਿਤੇ ਗੁਣਾਂ ਨਿਰਮਲ = ਉੱਜਲ ਹੈ।

ਜਿਹੜੇ ਪ੍ਰੇਮੀ ਸਾਖੀ ਰੂਪ ਪਰਮੇਸ਼ਰ ਦਾ ਚਿੰਤਨ ਕਰਨ ਰੂਪ ਮਜਨੁ = ਇਸ਼ਨਾਨ ਕਰਦੇ ਹਨ, ਉਨ੍ਹਾਂ ਦੇ ਧਰਮ, ਅਰਥ, ਕਾਮ, ਮੋਖ ਆਦਿ ਸਭਿ = ਸਾਰੇ ਕਾਮ = ਕੰਮ ਪੂਰਨ = ਪੂਰੇ ਹੋ ਜਾਂਦੇ ਹਨ॥੧॥

**ਸੰਤਸੰਗਿ; ਤਹ ਗੋਸਟਿ ਹੋਇ॥ ਕੋਟਿ ਜਨਮ ਕੇ; ਕਿਲਵਿਖ ਖੋਇ॥੨॥**

ਜੋ ਸੰਤ = ਸੰਤਾਂ ਦੇ ਸੰਗਿ = ਨਾਲ ਮਿਲ ਕੇ ਸਤ, ਸੰਤੋਖ, ਦਯਾ, ਧਰਮ, ਵਿਚਾਰ ਆਦਿਕ ਸ਼ੁਭ ਗੁਣਾਂ ਦੀ ਧਾਰਨਾ ਕਰਨੀ ਹੈ, ਇਹ ਤਹ = ਉਥੇ ਸੁੰਦਰ ਗੋਸਟਿ = ਚਰਚਾ ਹੋਇ = ਹੁੰਦੀ ਹੈ। ਜੋ ਜੀਵ ਦੇ ਅੰਦਰ ਕੋਟਿ = ਕ੍ਰੋੜਾਂ ਜਨਮ = ਜਨਮਾਂ ਕੇ = ਦੇ ਕਿਲਵਿਖ = ਪਾਪ ਚਿੰਬੜੇ ਹੋਏ ਸਨ, ਉਹ ਸਾਰੇ ਖੋਇ = ਨਾਸ ਹੋ ਜਾਂਦੇ ਹਨ॥੨॥

**ਸਿਮਰਹਿ ਸਾਧ; ਕਰਹਿ ਆਨੰਦੁ ॥ ਮਨਿ ਤਨਿ ਰਵਿਆ; ਪਰਮਾਨੰਦੁ ॥੩॥**

ਸਾਧ = ਸਾਧਨਾ ਸੰਪੰਨ ਜਗਿਆਸੂ ਜਨ ਤੁਰੀਆ ਪਦ ਵਿਚ ਇਸਥਿਤ ਹੋਏ ਬ੍ਰਹਮਬੇਤਿਆਂ ਨਾਲ ਮਿਲ ਕੇ ਸਿਮਰਹਿ = ਸਿਮਰਨ ਕਰਦੇ ਹਨ ਫੇਰ ਜਗਿਆਸੂ ਜਨ ਵੀ ਬ੍ਰਹਮਬੇਤਿਆਂ ਵਾਂਗ ਆਨੰਦੁ = ਅਨੰਦ ਪ੍ਰਾਪਤ ਕਰ ਲੈਂਦੇ ਹਨ। ਜਗਿਆਸੂਆਂ ਅਤੇ ਬ੍ਰਹਮਬੇਤਿਆਂ ਸਾਰਿਆਂ ਦੇ ਮਨਿ = ਹਿਰਦੇ ਅਤੇ ਤਨਿ = ਸਰੀਰ ਵਿਚ ਪਰਮਾਨੰਦੁ = ਪਰਮੇਸ਼ਰ ਰਵਿਆ = ਰਮਿਆ ਹੋਇਆ ਪ੍ਰਗਟ ਹੋ ਆਉਂਦਾ ਹੈ ॥੩॥

**ਜਿਸਹਿ ਪਰਾਪਤਿ; ਹਰਿ ਚਰਣ ਨਿਧਾਨ ॥ ਨਾਨਕ ਦਾਸ; ਤਿਸਹਿ ਕੁਰਬਾਨ ॥੪॥੯੫॥੧੬੪॥**

ਜਿਸਹਿ = ਜਿਨ੍ਹਾਂ ਨੂੰ ਹਰਿ = ਹਰੀ ਦੇ ਚਰਣਾਂ ਕਮਲਾਂ ਦਾ ਨਿਧਾਨ = ਖ਼ਜ਼ਾਨਾ ਪਰਾਪਤਿ = ਪ੍ਰਾਪਤ ਹੋਇਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਤਿਸਹਿ = ਉਨ੍ਹਾਂ ਤੋਂ ਕੁਰਬਾਨ = ਬਲਿਹਾਰ ਜਾਂਦੇ ਹਾਂ ॥੪॥੯੫॥੧੬੪॥

## ਚੌਥਾ ਅਰਥ

**ਨਿਤਪ੍ਰਤਿ ਨਾਵਣੁ; ਰਾਮ ਸਰਿ ਕੀਜੈ ॥ ਝੋਲਿ ਮਹਾ ਰਸੁ; ਹਰਿ ਅੰਮ੍ਰਿਤੁ ਪੀਜੈ ॥੧॥ਰਹਾਉ॥**

ਰਾਮ = ਪਰਮੇਸ਼ਰ ਆਪ ਹੀ ਸਰਿ = ਸਰੋਵਰ ਰੂਪ ਹੈ, ਜਿਸ ਵਿਚ ਦ੍ਰਿਸ਼ਟਮਾਨ ਸਾਰੇ ਪਦਾਰਥਾਂ ਨੂੰ ਛੱਡ ਕੇ ਦ੍ਰਿਸ਼ਟਾ ਰੂਪ ਵਿਚ ਬਿਰਤੀ ਟਿਕਾਉਣ ਰੂਪ ਇਸ਼ਨਾਨ ਕੀਜੈ = ਕਰਨਾ ਹੈ, ਭਾਵ ਦ੍ਰਿਸ਼ਟਾ, ਦ੍ਰਿਸ਼, ਦਰਸ਼ਨ ਇਨ੍ਹਾਂ ਤਿੰਨਾਂ ਦਾ ਬਾਧ ਕਰਕੇ ਆਪਣੇ ਆਪ ਨੂੰ ਪ੍ਰਕਾਸ਼ ਦਾ ਰੂਪ ਹੀ ਸਮਝਣਾ ਹੈ।

ਇਥੇ ਸਲੋਕ, ਸਮੀਪ, ਸਰੂਪ, ਸਾਯੁਜ ਆਦਿ ਮੁਕਤੀਆਂ ਰੂਪੀ ਬੂਰ ਨੂੰ ਝੋਲਿ = ਹਟਾ ਕਰਕੇ, ਹਰਿ = ਹਰੀ ਦਾ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਮਹਾ ਰਸੁ = ਬ੍ਰਹਮਾਨੰਦ ਰੂਪੀ ਰਸ ਨੂੰ ਆਪਣਾ ਆਪ ਰੂਪ ਜਾਣ ਕੇ, ਉਸ ਅਨੰਦ ਨੂੰ ਪੀਜੈ = ਪੀਣਾ ਕਰੀਦਾ ਹੈ ॥੧॥ਰਹਾਉ॥

**ਨਿਰਮਲ ਉਦਕੁ; ਗੋਵਿੰਦ ਕਾ ਨਾਮ ॥ ਮਜਨੁ ਕਰਤ; ਪੂਰਨ ਸਭਿ ਕਾਮ ॥੧॥**

ਜਿਵੇਂ ਉਦਕੁ = ਪਾਣੀ ਮੈਲ ਤੋਂ ਰਹਿਤ ਕਰ ਦਿੰਦਾ ਹੈ, ਇਵੇਂ ਹੀ ਗੋਵਿੰਦ = ਪਰਮੇਸ਼ਰ ਕਾ = ਦਾ ਨਾਮ ਅਸੱਤ ਜੜ੍ਹ, ਦੁਖ ਰੂਪ ਮਾਇਆ ਦੀ ਮੈਲ ਤੋਂ ਨਿਰਮਲ = ਉੱਜਲ ਕਰਨ ਵਾਲਾ ਹੈ। ਉਹ ਸੁਤੇ-ਸਿਧ ਹੀ ਆਪਣੇ ਅਨੰਦ ਵਿਚ ਮਜਨੁ = ਇਸ਼ਨਾਨ ਕਰਦੇ ਹਨ। ਜੋ ਵੀ ਕਾਮਨਾ = ਕਾਮਨਾਵਾਂ ਵਾਲੇ ਉਨ੍ਹਾਂ ਦੇ ਕੋਲ ਆਉਂਦੇ ਹਨ, ਉਨ੍ਹਾਂ ਦੀਆਂ ਵੀ ਸਭਿ = ਸਾਰੀਆਂ ਕਾਮਨਾਵਾਂ ਪੂਰਨ = ਪੂਰੀਆਂ ਹੋ ਜਾਂਦੀਆਂ ਹਨ ॥੧॥

**ਸੰਤਸੰਗਿ; ਤਹ ਗੋਸਟਿ ਹੋਇ ॥ ਕੋਟਿ ਜਨਮ ਕੇ; ਕਿਲਵਿਖ ਖੋਇ ॥੨॥**

ਜੋ ਸੰਤ = ਸ਼ਾਂਤ ਆਤਮਾ ਵਾਲੇ ਮਹਾਤਮਾ ਜਨ ਸ਼੍ਰਵਣ, ਮੰਨਣ, ਨਿਧਿਆਸਣ, ਤੱਤ ਤ੍ਵੰ ਦਾ ਸੰਸ਼ੋਧਨ ਆਦਿ ਅੰਤ੍ਰਿੰਗ ਸਾਧਨ ਕਰਨ ਵਾਲੇ ਹਨ, ਤਹ = ਉਥੇ ਇਨ੍ਹਾਂ ਦੀ ਸੰਗਿ = ਸੰਗਤ ਕਰਨ ਵਾਲਿਆਂ ਦੀ ਸਰੂਪ ਦੀ ਸਾਖਿਆਤਤਾ ਹੋਣ ਰੂਪ ਗੋਸਟਿ = ਚਰਚਾ ਹੁੰਦੀ ਹੈ। ਉਹ ਅਜਿਹੀ ਚਰਚਾ ਹੈ ਜੋ ਜੀਵਾਂ ਦੇ ਕੋਟਿ = ਕ੍ਰੋੜਾਂ ਜਨਮਾਂ ਦੇ ਕਿਲਵਿਖ = ਪਾਪ ਹਨ, ਸ਼ਰਨ ਵਿਚ ਆ ਜਾਣ ਕਰਕੇ ਸਭ ਖੋਇ = ਮਿਟ ਜਾਂਦੇ ਹਨ, ਨਾਸ ਹੋ ਜਾਂਦੇ ਹਨ ॥੨॥

**ਸਿਮਰਹਿ ਸਾਧ; ਕਰਹਿ ਆਨੰਦੁ ॥ ਮਨਿ ਤਨਿ ਰਵਿਆ; ਪਰਮਾਨੰਦੁ ॥੩॥**

ਜੋ ਸਾਧ = ਮਨ ਨੂੰ ਸਾਧਨ ਵਾਲੇ **ਵਾ:** ਸਤ, ਸੰਤੋਖ, ਦਇਆ ਧਰਮ ਸਾਧਨਾਂ ਦੇ ਸੰਪੰਨ ਹੋ ਕੇ ਜੋ ਜਗਿਆਸੂ ਪਰਮੇਸ਼ਰ ਦਾ ਸਿਮਰਹਿ = ਸਿਮਰਨ ਕਰਦੇ ਹਨ, ਉਹ ਆਨੰਦੁ = ਅਨੰਦ ਸਰੂਪ ਨੂੰ ਅਨੁਭਵ ਕਰਦੇ ਹਨ। ਉਨ੍ਹਾਂ ਨੇ ਜਾਣਿਆ ਹੈ ਕਿ ਸਾਰਿਆਂ ਦੇ ਮਨਿ = ਮਨਾਂ ਵਿਚ, ਤਨਿ = ਸਰੀਰਾਂ ਵਿਚ ਪਰਮਾਨੰਦੁ = ਵੱਡਾ

ਅਨੰਦ ਸਰੂਪ ਹੀ ਰਵਿਆ = ਰਮਿਆ ਹੋਇਆ ਹੈ, ਭਾਵ ਪਰਮ ਅਨੰਦ ਸਰੂਪ ਤੋਂ ਬਗ਼ੈਰ ਕੋਈ ਵਸਤੂ ਨਹੀਂ ਹੈ ॥੩॥

**ਜਿਸਹਿ ਪਰਾਪਤਿ; ਹਰਿ ਚਰਣ ਨਿਧਾਨ ॥ ਨਾਨਕ ਦਾਸ; ਤਿਸਹਿ ਕੁਰਬਾਨ ॥੪॥੯੫॥੧੬੪॥**

ਜਿਨ੍ਹਾਂ ਨੂੰ ਚਰਨ ਭਾਵ ਅਧਿਸ਼ਠਾਨ ਸਰੂਪ, ਸਾਰੀਆਂ ਨਿਧੀਆਂ ਦਾ ਨਿਧਾਨ = ਖ਼ਜ਼ਾਨਾ ਰੂਪ ਹਰਿ = ਪਰਮੇਸ਼ਰ ਪ੍ਰਾਪਤ ਹੋਇਆ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਤਿਸਹਿ = ਉਨ੍ਹਾਂ ਪਿਆਰਿਆਂ ਤੋਂ ਅਸੀਂ ਸਦਾ ਕੁਰਬਾਨ = ਬਲਿਹਾਰ ਜਾਂਦੇ ਹਾਂ ॥੪॥੯੫॥੧੬੪॥

## ਗਉੜੀ, ਮਹਲਾ ੫ ॥

ਏਕ ਵੈਸ਼ਨਵ ਮੱਤ ਵਾਲਾ ਪੁਰਸ਼ ਸਤਿਗੁਰਾਂ ਦੀ ਪਾਵਨ ਹਜ਼ੂਰੀ ਆਇਆ, ਗੁਰੂ ਜੀ ਦੇ ਚਰਨਾਂ ਉੱਪਰ ਮੱਥਾ ਟੇਕ ਕਰ ਕੇ ਬੇਨਤੀ ਕੀਤੀ ਕਿ ਮਹਾਰਾਜ ! ਮੈਂ ਕਿਹੜੇ ਕੰਮ ਕਰਿਆ ਕਰਾਂ, ਜਿਸ ਕਰਕੇ ਪਰਮੇਸ਼ਰ ਪ੍ਰਸੰਨ ਹੋ ਜਾਵੇ, ਤਾਂ ਸਤਿਗੁਰੂ ਜੀ ਉਸ ਨੂੰ ਵੈਸ਼ਨਵ ਦੇ ਲੱਖਣ ਦੱਸਦੇ ਹੋਏ ਇਹ ਸ਼ਬਦ ਉਚਾਰਨ ਕਰਦੇ ਹਨ।

## ਸੋ ਕਿਛੁ ਕਰਿ; ਜਿਤੁ ਮੈਲੁ ਨ ਲਾਗੈ ॥
## ਹਰਿ ਕੀਰਤਨ ਮਹਿ; ਏਹੁ ਮਨੁ ਜਾਗੈ ॥੧॥ਰਹਾਉ॥

ਹੇ ਭਾਈ ! ਸੋ = ਉਹ ਕਿਛੁ = ਕੁਝ ਕਰਮ ਕਰਿ = ਕਰ ਜਿਤੁ = ਜਿਸ ਕਰਕੇ ਤੇਰੇ ਮਨ ਨੂੰ ਪਾਪਾਂ ਆਦਿ ਦੀ ਮੈਲ = ਮਲ, ਗੰਦਗੀ ਨ = ਨਾ ਲਾਗੈ = ਲੱਗ ਸਕੇ ਭਾਵ ਨਾਮ ਦੀ ਕਮਾਈ ਕਰ, ਜਿਸ ਕਰਕੇ ਵਿਸ਼ੇ-ਵਿਕਾਰਾਂ, ਪਾਪਾਂ ਆਦਿ ਦੀ ਮੈਲ ਨਾ ਲੱਗ ਸਕੇ। ਅਤੇ

ਤੇਰਾ ਏਹੁ = ਇਹ ਮਨ ਹਰਿ = ਹਰੀ ਦੇ ਕੀਰਤਨ = ਜਸ ਮਹਿ = ਵਿਚ ਜਾਗੈ = ਜਾਗ ਪਵੇ ਭਾਵ ਮਨ ਪੰਜ ਪ੍ਰਕਾਰ ਦੀ ਬਿਰਤੀ ਵਿਚ ਹੀ ਸੁੱਤਾ ਪਿਆ ਹੈ। ੧. ਪ੍ਰਮਾਣ = ਦਿਸਣ ਵਾਲੀਆਂ ਚੀਜ਼ਾਂ ਵਿਚ ਪਰਚਿਆ ਰਹਿੰਦਾ; ੨. ਵਿਪਰਜੇ = ਵੇਦਾਂ ਸ਼ਾਸਤਰਾਂ ਅਤੇ ਗੁਰੂ ਦੀ ਆਗਿਆ ਤੋਂ ਉਲਟਾ ਜਗਤ ਨੂੰ ਸੱਤ ਤੇ ਬ੍ਰਹਮ ਨੂੰ ਅਸੱਤ ਰੂਪ ਜਾਣਦਾ ਹੈ; ੩. ਨਿੰਦ੍ਰਾ = ਜਾਗ੍ਰਤ ਸੁਪਨ ਦਾ ਅਭਾਵ ਹੋ ਜਾਣਾ ਤੇ ਮਨ ਅਰ ਬੁੱਧ ਨੇ ਅਵਿਦਿਆ ਵਿਚ ਲੀਨ ਹੋ ਜਾਣਾ **ਵਾ:** ਭਾਵ ਸੁਖੋਪਤੀ ਦੀ ਅਵਸਥਾ **ਵਾ:** ਪ੍ਰਤੱਖ ਨੀਂਦ। ੪. ਵਿਕਲਪ = ਬਿਰਤੀ ਦਾ ਇਕਾਗਰ ਨਾ ਹੋ ਸਕਣਾ ਅਤੇ ਫਲ ਦੀ ਪ੍ਰਾਪਤੀ ਦੀ ਬਹੁਤ ਇੱਛਾ ਰੱਖਣੀ; ੫. ਸਿਮ੍ਰਿਤੀ = ਸਿਮਰਨ ਕਰਨ ਦੇ ਵੇਲੇ ਪਿਛਲੇ ਕੀਤੇ ਕੰਮਾਂ ਨੂੰ ਯਾਦ ਕਰਨਾ ॥੧॥ਰਹਾਉ॥

ਇਕ ਮੂੜ੍ਹ ਬਿਰਤੀ ਹੁੰਦੀ ਹੈ ਜੋ ਪਾਮਰ ਪੁਰਸ਼ਾਂ ਦੀ ਹੁੰਦੀ ਹੈ। ਮੂੰਹੋਂ ਉਚਾਰੀ ਵੀ ਜਾਣਾ, ਕੰਨਾਂ ਨਾਲ ਸੁਣੀ ਵੀ ਜਾਣਾ, ਪਰ ਧਾਰਨ ਨਾ ਕਰ ਸਕਣਾ, ਇਉਂ ਮਨ ਦਾ ਮੂੜ੍ਹ ਰਹਿਣਾ। ਦੂਜੀ ਛਿਪਤ ਬਿਰਤੀ ਹੈ, ਜੋ ਵਿਸ਼ਈ ਪੁਰਸ਼ਾਂ ਦੀ ਹੁੰਦੀ। ਜਿਵੇਂ ਮੱਸਿਆ ਦੀ ਰਾਤ ਨੂੰ ਚੰਦ੍ਰਮਾ ਹੁੰਦਾ ਤਾਂ ਅਕਾਸ਼ ਵਿਚ ਹੀ ਹੈ, ਪਰ ਗੁਪਤ ਹੋਣ ਕਰਕੇ ਪ੍ਰਤੀਤ ਨਹੀਂ ਹੁੰਦਾ। ਇਸੇ ਤਰ੍ਹਾਂ ਅਗਿਆਨੀ ਪੁਰਸ਼ਾਂ ਦੇ ਅੰਤਹਕਰਣ ਰੂਪੀ ਅਕਾਸ਼ ਵਿਚ ਬ੍ਰਹਮ ਰੂਪੀ ਚੰਦ੍ਰਮਾ ਤਾਂ ਭਾਵੇਂ ਪ੍ਰਕਾਸ਼ ਹੈ, ਪਰ ਅਵਿਦਿਆ ਰੂਪੀ ਮੱਸਿਆ ਦੀ ਰਾਤ ਕਰਕੇ ਪ੍ਰਤੀਤ ਨਹੀਂ ਹੁੰਦਾ, ਇਉਂ ਉਨ੍ਹਾਂ ਤੋਂ ਪਰਮੇਸ਼ਰ ਦੀ ਜੋਤ ਛਿਪੀ ਹੀ ਰਹਿੰਦੀ ਹੈ, ਤੀਜੀ ਬਕ ਛਿਪਤ ਬਿਰਤੀ ਹੈ, ਜੋ ਜਗਿਆਸੂ ਦੀ ਅਵਸਥਾ ਮੰਨੀ ਹੈ। ਜੋ ਵਿਛੇਪ ਦੇ ਸਹਿਤ ਮੰਨੀ ਹੈ, ਭਾਵ ਕਦੇ ਤਾਂ ਮਨ ਪ੍ਰਕਾਸ਼ ਹੋਣ ਕਰਕੇ ਲੱਖਾਂ ਰੁਪਏ ਦਾ ਬੇਕੀਮਤੀ ਬਣ ਜਾਂਦਾ ਹੈ ਅਤੇ ਕਦੇ ਵਿਕਾਰਾਂ ਵਿਚ ਵਿਲੀਨ ਹੋਣ ਕਰਕੇ ਕੌਡੀਆਂ ਨਾਲੋਂ ਵੀ ਭੈੜਾ ਬਣ ਜਾਂਦਾ ਹੈ। ਕਦੇ ਤਾਂ ਚਿਤ ਵਿਚ ਨਿਰਮਲ ਗਿਆਨ ਹੁੰਦਾ ਹੈ ਤੇ ਬੈਰਾਗੀ ਹੋ ਜਾਂਦਾ ਹੈ, ਅਰ ਕਦੇ ਪਦਾਰਥਾਂ ਵਿਚ ਡੋਲ ਜਾਂਦਾ ਹੈ। ਚੌਥੀ ਅਨੁਰੁਧ ਬਿਰਤੀ ਹੁੰਦੀ ਹੈ, ਜੋ ਜੋਗੀਆਂ ਦੀ ਹੁੰਦੀ ਹੈ। ਜੋਗੀ

ਪੁਰਸ਼ ਚਿੱਤ ਨੂੰ ਇਕ ਸੰਕਲਪ ਦੇ ਨਾਲ ਦਸਮ ਦੁਆਰ ਵਿਚ ਟਿਕਾਈ ਰੱਖਦੇ ਹਨ। ਬਿਰਤੀ ਰੁਕ ਤਾਂ ਜਾਂਦੀ ਹੈ, ਪਰ ਮਨ ਵਿਚ ਕੋਈ ਨਾ ਕੋਈ ਸੰਕਲਪ ਬਣਿਆ ਰਹਿੰਦਾ ਹੈ ਅਤੇ ਪੰਜਵੀਂ ਇਕਾਗਰਤਾ ਬਿਰਤੀ ਹੈ, ਜੋ ਬ੍ਰਹਮ ਗਿਆਨੀਆਂ ਦੀ ਹੁੰਦੀ ਹੈ। ਉਹ ਇਕ ਵਾਹਿਗੁਰੂ ਦੇ ਸਨਮੁਖ ਚਿੱਤ ਨੂੰ ਜੋੜ ਕੇ ਰੱਖਦੇ ਹਨ, ਉਨ੍ਹਾਂ ਦੇ ਹੋਰ ਸਾਰੇ ਸੰਕਲਪ ਵਿਕਲਪ ਮਿਟ ਜਾਂਦੇ ਹਨ। ਇਸ ਪ੍ਰਕਾਰ ਜਦੋਂ ਪਰਮੇਸ਼ਰ ਦੇ ਕੀਰਤਨ ਵਿਚ ਇਕਾਗਰ ਹੋਣ ਰੂਪ ਬਿਰਤੀ ਜਾਗ ਪਵੇ ਤਾਂ ਫਿਰ ਕਿਸੇ ਪ੍ਰਕਾਰ ਦੀ ਮੈਲ ਨਹੀਂ ਲੱਗਦੀ।

## ਏਕੋ ਸਿਮਰਿ; ਨ ਦੂਜਾ ਭਾਉ ॥

ਹੇ ਭਾਈ! ਏਕੋ = ਇਕ ਅਕਾਲ ਪੁਰਖ ਨੂੰ ਸਿਮਰ = ਸਿਮਰਨਾ ਕਰ, ਹੋਰ ਕਿਸੇ ਦੂਜਾ = ਦੂਜੀ ਚੀਜ਼ **ਵਾ**: ਦ੍ਵੈਤ ਵਾਲੀਆਂ ਚੀਜ਼ਾਂ ਵਿਚ ਭਾਉ = ਪ੍ਰੇਮ ਨ = ਨਾ ਪਾਉਣਾ ਕਰ।

ਜਿਸ ਪ੍ਰਕਾਰ ਵਿਸ਼ਨੂੰ ਪੁਰਾਣ ਵਿਚ ਇਕ ਕਥਾ ਆਉਂਦੀ ਹੈ ਕਿ ਇਕ ਜੰਗਲ ਵਿਚ ਇਕ ਵਿਰਕਤ ਸਾਧੂ ਰਹਿੰਦਾ ਸੀ, ਜੋ ਕਿਸੇ ਦੇ ਨਾਲ ਬੋਲਦਾ-ਚਾਲਦਾ ਨਹੀਂ ਸੀ। ਉਹ ਇਕ ਦਿਨ ਆਪਣੀ ਕੁਟੀਆ ਦੇ ਬਾਹਰ ਬੈਠਾ ਹੋਇਆ ਸੀ, ਉਧਰੋਂ ਇਕ ਫੱਟੜ ਹੋਇਆ ਹਿਰਨ ਸ਼ਿਕਾਰੀਆਂ ਤੋਂ ਬਚ ਕੇ ਆ ਰਿਹਾ ਸੀ। ਰਿਖੀ ਨੇ ਉਸ ਨੂੰ ਫੜ ਲਿਆ ਤੇ ਉਸ ਦੀ ਸੇਵਾ-ਸੰਭਾਲ ਕੀਤੀ, ਦਵਾਈ ਬੂਟੀ ਲਗਾ ਕੇ ਉਸ ਦੇ ਜ਼ਖ਼ਮ ਠੀਕ ਕੀਤੇ, ਹਿਰਨ ਤੰਦਰੁਸਤ ਹੋ ਗਿਆ, ਰਾਜ਼ੀ ਕਰਨ ਤੋਂ ਬਾਅਦ ਰਿਖੀ ਦਾ ਹਿਰਨ ਨਾਲ ਮੋਹ ਪੈ ਗਿਆ ਕਿ ਹਿਰਨ ਕਿਤੇ ਭੱਜ ਨਾ ਜਾਵੇ, ਇਸ ਤਰ੍ਹਾਂ ਹਰ ਵੇਲੇ ਉਸ ਵਿਚ ਹੀ ਧਿਆਨ ਰੱਖਣਾ। ਰਿਖੀ ਨੇ ਘਾਹ ਦੀ ਸੁੱਬ ਬਣਾ ਕੇ ਹਿਰਨ ਨੂੰ ਉਸ ਨਾਲ ਬੰਨ੍ਹ ਦਿੱਤਾ ਤੇ ਆਪ ਸਮਾਧੀ ਵਿਚ ਬੈਠ ਗਿਆ, ਉਧਰੋਂ ਹਿਰਨਾਂ ਦੀ ਡਾਰ ਲੰਘੀ, ਡਾਰ ਨੂੰ ਵੇਖ ਕਰ ਕੇ ਉਹ ਹਿਰਨ ਸੁੱਬ ਤੁੜਾ ਕੇ ਉਨ੍ਹਾਂ ਦੇ ਨਾਲ ਜਾ ਰਲਿਆ। ਅੱਗੇ ਜਾਂਦਾ ਹੋਇਆ ਉਹ ਸ਼ਿਕਾਰੀਆਂ ਦੇ ਹੱਥ ਆ ਗਿਆ, ਉਨ੍ਹਾਂ ਨੇ ਉਸ ਨੂੰ ਮਾਰ ਲਿਆ, ਸ਼ਿਕਾਰੀ ਹਿਰਨ ਚੁੱਕ ਕੇ ਲਿਆਉਂਦੇ ਹੋਏ ਰਿਖੀ ਦੀ ਕੁਟੀਆ ਕੋਲੋਂ ਲੰਘੇ। ਰਿਖੀ ਨੇ ਜਦ ਵੇਖਿਆ ਕਿ ਇਹ ਤਾਂ ਉਹੋ ਹੀ ਹਿਰਨ ਹੈ ਜਿਸ ਨੂੰ ਸ਼ਿਕਾਰੀਆਂ ਤੋਂ ਬਚਾਇਆ ਸੀ ਤੇ ਪਾਲਣਾ ਕੀਤਾ ਸੀ, ਹੁਣ ਇਹ ਮਰ ਗਿਆ ਹੈ, ਉਸ ਦੇ ਧਿਆਨ ਵਿਚ ਹੀ ਰਿਖੀ ਦੇ ਪ੍ਰਾਣ ਨਿਕਲ ਗਏ, ਜਿਸ ਕਰਕੇ ਉਸ ਨੂੰ ਹਿਰਨ ਦੀ ਜੂਨ ਵਿਚ ਪੈਣਾ ਪਿਆ। ਭਾਵ ਕਿ ਰਿਖੀ ਨੇ ਦੂਸਰਾ ਹਿਰਨ ਨਾਲ ਪ੍ਰੇਮ ਪਾ ਲਿਆ ਸੀ, ਜਿਸ ਕਰਕੇ ਉਸ ਨੂੰ ਹਿਰਨ ਬਣਨਾ ਪਿਆ। ਇਸ ਪ੍ਰਕਾਰ ਦੂਜੀਆਂ ਚੀਜ਼ਾਂ ਦਾ ਪ੍ਰੇਮ ਛੱਡ ਕਰ ਕੇ ਵਾਹਿਗੁਰੂ ਦਾ ਸਿਮਰਨ ਕਰਨਾ ਕਰ। ਦ੍ਵੈਸ਼ ਵਾਲੀਆਂ ਚੀਜ਼ਾਂ ਵਿਚ ਨਹੀਂ ਪ੍ਰਚਣਾ ਚਾਹੀਦਾ।

## ਸੰਤਸੰਗਿ; ਜਪਿ ਕੇਵਲ ਨਾਉ ॥੧॥

ਸੰਤਸੰਗਿ = ਸਤਿਸੰਗਤ ਨਾਲ ਮਿਲ ਕਰ ਕੇ ਕੈਵਲ ਮੁਕਤੀ ਦੀ ਪ੍ਰਾਪਤੀ ਵਾਸਤੇ ਕੇਵਲ = ਸਿਰਫ਼ ਪਰਮੇਸ਼ਰ ਦੇ ਨਾਉ = ਨਾਮ ਦਾ ਜਪਿ = ਜਾਪ ਕਰ॥੧॥

## ਕਰਮ ਧਰਮ; ਨੇਮ ਬ੍ਰਤ ਪੂਜਾ ॥ ਪਾਰਬ੍ਰਹਮ ਬਿਨੁ; ਜਾਨੁ ਨ ਦੂਜਾ ॥੨॥

ਕਰਮ = ਸਕਾਮ ਕਰਮ ਪੁੰਨ ਜਗ ਆਦਿ ਧਰਮ, ਨੇਮ, ਬ੍ਰਤ ਤੇ ਠਾਕੁਰਾਂ ਦੀ ਪੂਜਾ ਦੀ ਥਾਂ ਕੇਵਲ ਪਰਮੇਸ਼ਰ ਨੂੰ ਚੇਤੇ ਕਰ।

ਉਸ ਪਾਰਬ੍ਰਹਮ = ਪਰਮੇਸ਼ਰ ਤੋਂ ਬਿਨੁ = ਬਗ਼ੈਰ ਹੋਰ ਦੂਜਾ = ਦੂਸਰਾ ਕਰਮ ਧਰਮ ਬ੍ਰਤ ਆਦਿ ਨ ਜਾਨੁ = ਜਾਨਣਾ ਕਰ।

**ਅਥਵਾ** ਹੇ ਭਾਈ! ਕਰਮ = ਸ਼ੁਭ, ਨਿਸ਼ਕਾਮ ਕਰਮ ਕਰਨਾ ਕਰ। ਧਰਮ = ਸਾਰੇ ਭਰਮਾਂ ਨੂੰ ਛੱਡ ਕੇ ਇਕ ਪਰਮੇਸ਼ਰ ਨੂੰ ਜਪਣਾ ਕਰ, ਇਹੋ ਹੀ ਅਟੱਲ ਧਰਮ ਹੈ। ਨੇਮ = ਹਰ ਵਖਤ ਪਰਮੇਸ਼ਰ ਦਾ ਚਿੰਤਨ ਕਰ। ਭਾਵ ਐਸਾ ਨੇਮੀ ਹੋ ਜਾ ਕਿ ਕਦੇ ਭੁੱਲੇ ਹੀ ਨਾ। ਬ੍ਰਤ = ਕਾਮ, ਕ੍ਰੋਧ ਆਦਿ ਤੋਂ ਬਚ ਕਰ ਕੇ ਰਹਿ।

ਪੂਜਾ = ਆਪਣਾ ਤਨ ਮਨ ਪਰਮੇਸ਼ਰ ਨੂੰ ਅਰਪਣ ਰੂਪ ਪੂਜਾ ਕਰ। ਇਉਂ ਪਾਰਬ੍ਰਹਮ = ਪਰਮੇਸ਼ਰ ਤੋਂ ਬਿਨਾਂ ਦੂਜਾ = ਦੂਜਾ ਹੋਰ ਕੋਈ ਵੀ ਨਾ ਜਾਨੁ = ਜਾਨਣਾ ਕਰ ॥੨॥

## ਤਾ ਕੀ; ਪੂਰਨ ਹੋਈ ਘਾਲ ॥ ਜਾ ਕੀ ਪ੍ਰੀਤਿ; ਅਪੁਨੇ ਪ੍ਰਭ ਨਾਲਿ ॥੩॥

ਹੇ ਭਾਈ ! ਤਾ = ਉਨ੍ਹਾਂ ਕੀ = ਦੀ ਹੀ ਘਾਲ = ਕਮਾਈ ਪੂਰਨ = ਪੂਰੀ ਹੋਈ ਹੈ। ਜਾ = ਜਿਨ੍ਹਾਂ ਕੀ = ਦੀ ਅਪੁਨੇ = ਆਪਣੇ ਪ੍ਰਭ = ਪਰਮੇਸ਼ਰ ਨਾਲਿ = ਸੰਗ ਪ੍ਰੀਤਿ = ਪ੍ਰੀਤੀ ਲੱਗੀ ਹੋਈ ਹੈ ॥੩॥

## ਸੋ ਬੈਸਨੋ ਹੈ; ਅਪਰ ਅਪਾਰੁ ॥ ਕਹੁ ਨਾਨਕ; ਜਿਨਿ ਤਜੇ ਬਿਕਾਰ ॥੪॥੯੬॥੧੬੫॥

ਸੋ = ਉਹ ਪੁਰਖ ਅਪਰ ਅਪਾਰੁ = ਪਰੇ ਤੋਂ ਪਰੇ ਬਹੁਤ ਸ੍ਰੇਸ਼ਟ ਬੈਸਨੋ = ਵੈਸ਼ਨਵ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨਿ = ਜਿਸ ਨੇ ਕਾਮ, ਕ੍ਰੋਧ ਆਦਿ ਵਿਕਾਰਾਂ ਨੂੰ ਤਜੇ = ਛੱਡ ਦਿੱਤਾ ਹੈ ॥੪॥੯੬॥੧੬੫॥

## ਗਉੜੀ, ਮਹਲਾ ੫ ॥

## ਜੀਵਤ ਛਾਡਿ ਜਾਹਿ; ਦੇਵਾਨੇ ॥ ਮੁਇਆ; ਉਨ ਤੇ ਕੋ ਵਰਸਾਂਨੇ ॥੧॥

ਹੇ ਦੇਵਾਨੇ = ਕਮਲੇ ਜੀਵ ! ਸੰਬੰਧੀ ਆਦਿਕ ਤਾਂ ਤੈਨੂੰ ਬਿਪਤਾ ਦੇ ਸਮੇਂ ਵਿਚ ਜੀਵਤ = ਜਿਊਂਦੇ ਨੂੰ ਹੀ ਛਾਡਿ = ਛੱਡ ਕਰ ਕੇ ਚਲੇ ਜਾਹਿ = ਜਾਂਦੇ ਹਨ। ਫਿਰ ਮੁਇਆ = ਮਰਣ ਮਗਰੋਂ ਪਰਲੋਕ ਵਿਚ ਉਨ ਤੇ = ਉਨ੍ਹਾਂ ਤੋਂ ਕੋ = ਕਿਹੜਾ ਵਰਸਾਂਨੇ = ਲਾਭ, ਫ਼ਾਇਦਾ ਪ੍ਰਾਪਤ ਕਰਨਾ ਚਾਹੁੰਦਾ ਹੈਂ ॥੧॥

## ਸਿਮਰਿ ਗੋਵਿੰਦੁ; ਮਨਿ ਤਨਿ ਧੁਰਿ ਲਿਖਿਆ ॥

ਇਸ ਲਈ ਤੂੰ ਗੋਵਿੰਦੁ = ਪਰਮੇਸ਼ਰ ਦਾ ਸਿਮਰਿ = ਸਿਮਰਨ ਕਰ, ਇਹ ਹੁਕਮ ਤੇਰੇ ਮਨ ਤੇ ਤਨਿ = ਸਰੀਰ ਵਿਚ ਧੁਰਿ = ਮੁੱਢ ਤੋਂ ਹੀ ਲਿਖਿਆ ਹੋਇਆ ਹੈ।

## ਕਾਹੂ ਕਾਜ; ਨ ਆਵਤ ਬਿਖਿਆ ॥੧॥ਰਹਾਉ॥

ਇਹ ਬਿਖਿਆ = ਜ਼ਹਿਰ ਰੂਪੀ ਮਾਇਆ ਅੰਤ ਨੂੰ ਤੇਰੇ ਕਾਹੂ = ਕਿਸੇ ਵੀ ਕਾਜ = ਕੰਮ ਨ = ਨਹੀਂ ਆਵਤ = ਆਉਣੀ ॥੧॥ਰਹਾਉ॥

## ਬਿਖੈ ਠਗਉਰੀ; ਜਿਨਿ ਜਿਨਿ ਖਾਈ ॥ ਤਾ ਕੀ ਤ੍ਰਿਸਨਾ; ਕਬਹੂੰ ਨ ਜਾਈ ॥੨॥

ਬਿਖੈ = ਕਾਮ ਕ੍ਰੋਧ ਵਿਸ਼ਿਆਂ ਰੂਪੀ ਠਗਉਰੀ = ਠੱਗਬੂਟੀ ਜਿਨਿ ਜਿਨਿ = ਜਿਸ ਜਿਸ ਨੇ ਖਾਈ = ਖਾਣਾ ਕੀਤੀ ਹੈ। ਤਾ = ਉਸ ਕੀ = ਦੀ ਤ੍ਰਿਸਨਾ = ਪਦਾਰਥਾਂ ਦੀ ਪ੍ਰਬਲ ਇੱਛਾ, ਪਿਆਸ ਕਬਹੂੰ = ਕਦੇ ਵੀ ਨ = ਨਹੀਂ ਜਾਈ = ਜਾਂਦੀ ਭਾਵ ਨਵਿਰਤ ਨਹੀਂ ਹੁੰਦੀ।

ਅਰਥਾਤ ਠਗਉਰੀ = ਠੱਗਬੂਟੀ, ਉਹ ਨਸ਼ੇ ਵਾਲੀ ਬੂਟੀ ਜਿਸ ਨਾਲ ਰਾਹੀ, ਮੁਸਾਫ਼ਿਰ ਨੂੰ ਬੇਹੋਸ਼ ਕਰ ਕੇ ਠੱਗ ਲੋਕ ਲੁੱਟ ਲੈਂਦੇ ਸਨ। ਇਸੇ ਪ੍ਰਕਾਰ ਮਾਇਆ ਰੂਪੀ ਠੱਗ ਨੇ, ਜੀਵ ਰੂਪੀ ਮੁਸਾਫ਼ਿਰ ਨੂੰ ਸ਼ਬਦ, ਸਪਰਸ਼, ਰੂਪ, ਰਸ, ਗੰਧ ਰੂਪੀ ਬੂਟੀ ਲਾਈ ਹੋਈ ਹੈ, ਜਿਸ ਜਿਸ ਨੇ ਪਰਮੇਸ਼ਰ ਨਾਲੋਂ ਪ੍ਰੇਮ ਤੋੜਨ ਵਾਲੀ ਵਿਸ਼ਿਆਂ ਰੂਪੀ ਬੂਟੀ ਖਾਧੀ ਹੈ, ਉਸ ਦੀ ਸਤਿਗੁਰਾਂ ਦੀ ਕਿਰਪਾ ਤੋਂ ਬਿਨਾਂ, ਕਿਸੇ ਵੀ ਜੂਨ ਵਿਚ, ਕਿਸੇ ਵੀ ਜਨਮ ਵਿਚ ਤ੍ਰਿਸ਼ਨਾ ਨਹੀਂ ਖ਼ਤਮ ਹੁੰਦੀ ॥੨॥

## ਦਾਰਨ ਦੁਖ; ਦੁਤਰ ਸੰਸਾਰੁ ॥ ਰਾਮ ਨਾਮ ਬਿਨੁ; ਕੈਸੇ ਉਤਰਸਿ ਪਾਰਿ ॥੩॥

ਹੇ ਭਾਈ ! ਇਸ ਦਾਰਨ = ਭਿਆਨਕ ਦੁਖ ਰੂਪ ਸੰਸਾਰੁ = ਜਗਤ ਨੂੰ ਤਰਨਾ ਬਹੁਤ ਹੀ ਦੁਤਰ = ਕਠਿਨ ਹੈ। ਇਸ ਲਈ ਤੂੰ ਰਾਮ = ਪਰਮੇਸ਼ਰ ਦੇ ਨਾਮ ਤੋਂ ਬਿਨੁ = ਬਗ਼ੈਰ ਕੈਸੇ = ਕਿਸ ਪ੍ਰਕਾਰ ਪਾਰ ਉਤਰਸਿ = ਉਤਰੇਂਗਾ ॥੩॥

## ਸਾਧਸੰਗਿ ਮਿਲਿ; ਦੁਇ ਕੁਲ ਸਾਧਿ ॥
## ਰਾਮ ਨਾਮ; ਨਾਨਕ ਆਰਾਧਿ ॥੪॥੯੭॥੧੬੬॥

ਸਾਧਸੰਗਿ = ਸਤਿਸੰਗਤ ਵਿਚ ਮਿਲਿ = ਮਿਲ ਕਰ ਕੇ ਨਾਨਕੇ, ਦਾਦਕੇ ਰੂਪ ਦੁਇ = ਦੋਵੇਂ ਕੁਲ = ਕੁਲਾਂ ਨੂੰ ਸਾਧਿ = ਸੁਧਾਰ ਲੈ **ਵਾ:** ਲੋਕ ਅਤੇ ਪਰਲੋਕ ਰੂਪੀ ਦੋਵੇਂ ਕੁਲਾਂ ਨੂੰ ਸੁਧਾਰ ਲੈਣਾ ਕਰ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਰਾਮ = ਪਰਮੇਸ਼ਰ ਦੇ ਨਾਮ ਨੂੰ ਅਰਾਧਿ = ਅਰਾਧਣਾ ਕਰ ॥੪॥੯੭॥੧੬੬॥

## ਗਉੜੀ, ਮਹਲਾ ੫ ॥

**ਉਥਾਨਕਾ :** ਜਦ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ-ਗੱਦੀ ਦੇ ਦਿੱਤੀ ਤੇ ਆਪ ਜੋਤੀ ਜੋਤਿ ਸਮਾ ਗਏ। ਪ੍ਰਿਥੀਏ ਨੇ ਈਰਖਾ ਕਰ ਕੇ ਜਹਾਂਗੀਰ ਕੋਲ ਗੁਰੂ ਸਾਹਿਬ ਦੀ ਸ਼ਿਕਾਇਤ ਕੀਤੀ ਕਿ ਵੱਡਾ ਪੁੱਤਰ ਹੋਣ ਕਰਕੇ ਗੁਰਤਾ-ਗੱਦੀ ਉੱਪਰ ਬੈਠਣ ਦਾ ਮੇਰਾ ਹੱਕ ਸੀ। ਪਰ ਛੋਟੇ ਨੇ ਗੱਦੀ ਸੰਭਾਲ ਲਈ ਹੈ ਤੇ ਮੈਨੂੰ ਸ਼ਹਿਰ ਵਿੱਚੋਂ ਬਾਹਰ ਕੱਢ ਦਿੱਤਾ ਹੈ। ਜਹਾਂਗੀਰ ਨੇ ਵਿਚਾਰ ਕਰ ਕੇ ਉਸ ਨੂੰ ਇਕ ਪਿੰਡ ਦੇ ਦਿੱਤਾ, ਜੋ ਭਗਤੇ ਦੇ ਪਾਸ ਗੁਰੂ ਦਾ ਕੋਠਾ ਹੈ, (ਜੋ ਮਾਲਵੇ ਵਿਚ ਸੋਢੀਆਂ ਦਾ ਕੋਠਾ ਵੱਜਦਾ ਹੈ) ਫਿਰ ਪ੍ਰਿਥੀਏ ਨੇ ਸੁਲਹੀ ਖ਼ਾਨ ਨੂੰ ਕਿਹਾ ਕਿ ਮੈਨੂੰ ਕੁਝ ਵੀ ਨਹੀਂ ਮਿਲਿਆ, ਮੇਰਾ ਧਨ ਬਹੁਤ ਖ਼ਰਚ ਹੋ ਗਿਆ ਹੈ, ਮੈਂ ਕਿਵੇਂ ਕਰਾਂ ? ਸੁਲਹੀ ਖਾਨ ਨੇ ਹੱਥ ਨਾਲ ਦਾੜ੍ਹੀ ਖਿੱਚਦਿਆਂ ਕਿਹਾ ਕਿ ਜੇਕਰ ਮੈਂ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਨਾ ਕਰ ਦਿੱਤਾ ਤਾਂ ਮੈਨੂੰ ਪਿਉ ਦਾ ਪੁੱਤ ਨਾ ਸਮਝੀਂ। ਉਸ ਵੇਲੇ ਸਤਿਗੁਰੂ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਲੰਗਰ ਵਿਚ ਬੇਰੀ ਦੀ ਲਗਰ (ਟਾਹਣੀ) ਪਕੜੀ ਖੜ੍ਹੇ ਸਨ, ਸਤਿਗੁਰਾਂ ਕੋਲ ਜਦੋਂ ਇਹ ਖ਼ਬਰ ਪਹੁੰਚੀ ਕਿ ਤੁਰਕ ਦਾੜ੍ਹੀ ਉੱਪਰ ਹੱਥ ਰੱਖਦਾ ਹੋਇਆ ਆਉਂਦਾ ਹੈ। ਤਾਂ ਸਤਿਗੁਰਾਂ ਨੇ ਭਵਿੱਖਤ ਹੀ ਇਹ ਬਚਨ ਕਰ ਦਿੱਤੇ।

ਸੋ ਬਾਅਦ ਵਿਚ ਜਦ ਸੁਲਹੀ ਖ਼ਾਨ ਚੜ੍ਹ ਕੇ ਆਇਆ ਤਾਂ ਪਹਿਲਾਂ ਪ੍ਰਿਥੀਏ ਕੋਲ ਗਿਆ, ਉਸ ਨੇ ਬਹੁਤ ਸੁਆਗਤ ਕੀਤਾ ਅਤੇ ਆਪਣੀ ਕਿਰਤ ਦਿਖਾਉਣ ਲਈ ਆਵਿਆਂ ਦੇ ਕੋਲ ਲੈ ਕੇ ਗਿਆ, ਜਿਥੇ ਘੋੜੇ ਦੇ ਪੈਰ ਥਿੜਕਨ ਤੋਂ ਸੁਲਹੀ ਖ਼ਾਨ ਆਵੇ ਵਿਚ ਡਿੱਗ ਗਿਆ, ਉਸ ਦੇ ਕੋਲ ਗੰਡਾਸਾ (ਤਬਰ) ਸੀ, ਉਸ ਦੇ ਨਾਲ ਇਸ ਦਾ ਸਿਰ ਵੱਢਿਆ ਗਿਆ ਤੇ ਅੱਗ ਵਿਚ ਹੀ ਝੁਲਸ ਕੇ ਭੜਥਾ ਹੋ ਗਿਆ। ਸੋ ਸਤਿਗੁਰਾਂ ਨੇ ਇਹ ਬਚਨ ਸੰਗਤ ਦੀ ਰੱਖਿਆ ਵਾਸਤੇ ਕੀਤੇ ਸਨ। ਆਪਣੀ ਰੱਖਿਆ ਲਈ ਕਦੇ ਲੋੜ ਹੀ ਨਹੀਂ ਰੱਖਦੇ ਸਨ।

## ਗਰੀਬਾ ਉਪਰਿ; ਜਿ ਖਿੰਜੈ ਦਾੜੀ ॥ ਪਾਰਬ੍ਰਹਮਿ; ਸਾ ਅਗਨਿ ਮਹਿ ਸਾੜੀ ॥੧॥

ਹੇ ਭਾਈ ! ਜਿ = ਜਿਹੜੀ ਦਾੜ੍ਹੀ ਗਰੀਬਾ = ਦੀਨਾਂ ਉਪਰਿ = ਉਤੇ ਖਿੰਜੈ = ਖਿੱਝਦੀ ਰਹਿੰਦੀ ਹੈ।

ਪਾਰਬ੍ਰਹਮਿ = ਪਰਮੇਸ਼ਰ ਨੇ ਸਾ = ਉਹ ਦਾੜ੍ਹੀ ਅਗਨਿ = ਅੱਗ ਮਹਿ = ਵਿਚ ਸਾੜੀ = ਜਲਾ ਦਿੱਤੀ ਹੈ **ਅਥਵਾ** ਜਿਹੜਾ ਗਰੀਬਾ = ਨਿਮਰਤਾ ਵਾਲਿਆਂ ਉਪਰਿ = ਉੱਤੇ ਖਿੰਜੈ ਦਾੜੀ = ਦਾੜ੍ਹੀ ਖਿੱਚਦਾ ਹੈ, ਭਾਵ ਹੰਕਾਰ ਕਰ ਕੇ ਆਪਣਾ ਬਲ ਪ੍ਰਗਟ ਕਰਦਾ ਹੈ। ਸਾ = ਉਸ ਨੂੰ ਪਾਰਬ੍ਰਹਮਿ = ਪਰਮੇਸ਼ਰ ਨਰਕਾਂ ਦੀ ਅਗਨਿ = ਅੱਗ ਮਹਿ = ਵਿਚ ਸਾੜੀ = ਸਾੜ ਦਿੰਦਾ ਹੈ ॥੧॥

## ਪੂਰਾ ਨਿਆਉ ਕਰੇ; ਕਰਤਾਰੁ ॥ ਅਪੁਨੇ ਦਾਸ ਕਉ; ਰਾਖਨਹਾਰੁ ॥੧॥ਰਹਾਉ॥

ਹੇ ਭਾਈ ! ਕਰਤਾਰੁ = ਪਰਮੇਸ਼ਰ ਵਾਹਿਗੁਰੂ ਪੂਰਾ = ਪੂਰਨ ਨਿਆਉ = ਇਨਸਾਫ਼ ਕਰੇ = ਕਰਦਾ ਹੈ। ਅਪਨੇ = ਆਪਣੇ ਦਾਸ = ਸੇਵਕਾਂ ਕਉ = ਨੂੰ ਰਾਖਨਹਾਰੁ = ਰੱਖਣ ਵਾਲਾ ਹੈ, ਰੱਖਿਆ ਕਰਨ ਵਾਲਾ ਹੈ ॥੧॥ਰਹਾਉ॥

## ਆਦਿ ਜੁਗਾਦਿ; ਪ੍ਰਗਟਿ ਪਰਤਾਪੁ ॥ ਨਿੰਦਕੁ ਮੁਆ; ਉਪਜਿ ਵਡ ਤਾਪੁ ॥੨॥

ਉਸ ਪਰਮੇਸ਼ਰ ਦਾ ਆਦਿ ਜੁਗਾਦਿ = ਮੁੱਢ ਤੋਂ, ਸਦਾ ਸਦਾ **ਵਾ:** ਆਦਿ = ਆਰੰਭ ਵਿਚ ਜੁਗਾਦਿ = ਸਤਿਜੁਗ ਤ੍ਰੇਤਾ ਆਦਿ ਜੁੱਗਾਂ ਵਿਚ ਪਰਤਾਪੁ = ਤੇਜ ਪ੍ਰਗਟਿ = ਪ੍ਰਤੱਖ, ਜ਼ਾਹਿਰ ਹੈ। ਜਿਹੜਾ ਨਿੰਦਕੁ = ਨਿੰਦਿਆ ਕਰਨਾ ਵਾਲਾ ਹੈ, ਉਹ ਵਡ = ਬਹੁਤ ਤਾਪੁ = ਸਾੜੇ, ਸੰਤਾਪ ਵਿਚ ਉਪਜਿ = ਪੈਦਾ ਹੋ ਕਰ ਕੇ ਮੁਆ = ਮਰ ਗਿਆ ਹੈ ॥੨॥

## ਤਿਨਿ ਮਾਰਿਆ; ਜਿ ਰਖੈ ਨ ਕੋਇ ॥ ਆਗੈ ਪਾਛੈ; ਮੰਦੀ ਸੋਇ ॥੩॥

ਨਿੰਦਕ ਨੂੰ ਤਿਨਿ = ਉਸ ਵਾਹਿਗੁਰੂ ਨੇ ਮਾਰਿਆ = ਮਾਰਨਾ ਕੀਤਾ ਹੈ, ਜਿ = ਜਿਸ ਪਰਮੇਸ਼ਰ ਦੇ ਮਾਰੇ ਨੂੰ ਕੋਇ = ਕੋਈ ਵੀ ਰਖੈ = ਰੱਖ ਨ = ਨਹੀਂ ਸਕਦਾ। ਉਸ ਦੀ ਆਗੈ = ਅੱਗੇ ਪਰਲੋਕ ਵਿਚ ਅਤੇ ਪਾਛੈ = ਪਿੱਛੇ ਇਸ ਲੋਕ ਵਿਚ ਮੰਦੀ = ਭੈੜੀ ਸੋਇ = ਸ਼ੋਭਾ ਹੁੰਦੀ ਹੈ ॥੩॥

## ਅਪੁਨੇ ਦਾਸ; ਰਾਖੈ ਕੰਠਿ ਲਾਇ ॥
## ਸਰਣਿ ਨਾਨਕ; ਹਰਿ ਨਾਮੁ ਧਿਆਇ ॥੪॥੯੮॥੧੬੭॥

ਨਿੰਦਕ ਨੂੰ ਮਾਰਨਹਾਰ ਪਰਮੇਸ਼ਰ ਅਪੁਨੇ = ਆਪਣੇ ਦਾਸ = ਸੇਵਕਾਂ ਨੂੰ ਆਪਣੇ ਕੰਠਿ = ਗਲੇ ਨਾਲ ਲਾਇ = ਲਾ ਕਰ ਕੇ ਰਾਖੈ = ਰੱਖਦਾ ਹੈ, ਰੱਖਿਆ ਕਰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ! ਉਸ ਦੀ ਸ਼ਰਣ ਵਿਚ ਪੈਣਾ ਕਰੋ ਅਤੇ ਉਸ ਹਰਿ = ਪਰਮੇਸ਼ਰ ਦੇ ਨਾਮ ਨੂੰ ਧਿਆਇ = ਧਿਆਉਣਾ ਕਰੋ ॥੪॥੯੮॥੧੬੭॥

## ਗਉੜੀ, ਮਹਲਾ ੫ ॥

**ਉਥਾਨਕਾ :** ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਅੱਗੇ ਵੀ ਕਿਸੇ ਨੇ ਰੱਖਿਆ ਕੀਤੀ ਹੈ ਜਾਂ ਤੁਸੀਂ ਹੀ ਕਰਦੇ ਹੋ। ਇਹ ਸੁਣ ਕੇ ਸਤਿਗੁਰਾਂ ਨੇ ਕਿਹਾ ਕਿ ਅਸੀਂ ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੀ ਉਗਾਹੀ ਦਿੰਦੇ ਹਾਂ ਕਿ ਉਨ੍ਹਾਂ ਨੇ ਸੰਗਤਾਂ ਦੀ ਕਿਵੇਂ ਰੱਖਿਆ ਕੀਤੀ ਸੀ।

ਮਰਵਾਹਿਆਂ ਵਿੱਚੋਂ ਇਕ ਗੋਂਦਾ ਨਾਂ ਦਾ ਖੱਤਰੀ ਸੀ। ਉਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਾਸ ਗਿਆ, ਸਤਿਗੁਰਾਂ ਦੇ ਚਰਨਾਂ ਉੱਪਰ ਸੀਸ ਨਿਵਾ ਕੇ ਦੋਨੋਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ਮੈਂ ਝੂਠਾ ਨੇਮ ਕਰ ਕੇ ਆਪਣੀ ਜ਼ਮੀਨ ਤਾਂ ਜਿੱਤ ਲਈ, ਪਰ ਹੁਣ ਉਸ ਜ਼ਮੀਨ ਉਪਰ ਭੂਤਾਂ ਪ੍ਰੇਤਾਂ ਨੇ ਡੇਰੇ ਲਾ ਲਏ ਹਨ, ਮੈਂ ਦਿਨ ਵੇਲੇ ਨਗਰ ਵਸਾਉਣ ਲਈ ਕੰਧਾਂ ਬਣਾਉਂਦਾ ਹਾਂ ਤਾਂ ਰਾਤ ਵੇਲੇ ਭੂਤ ਸਭ ਢਾਹ ਜਾਂਦੇ ਹਨ। ਹੇ ਸੱਚੇ ਪਾਤਿਸ਼ਾਹ ਆਪ ਕਿਰਪਾ ਕਰਕੇ ਉਸ ਜ਼ਮੀਨ ਨੂੰ ਆਬਾਦ ਕਰੋ। ਇਹ ਸੁਣ ਗੁਰੂ ਜੀ ਨੇ ਸਾਹਿਬਜ਼ਾਦਿਆਂ ਦੀ ਪਰਖ ਕਰਨੀ ਚਾਹੀ, ਦਾਤੂ ਜੀ ਨੂੰ ਕਿਹਾ ਕਿ ਤੁਸੀਂ ਇਨ੍ਹਾਂ ਨਾਲ ਉਥੇ ਜਾਵੋ, ਅੱਗੋਂ ਦਾਤੂ ਜੀ ਨੇ ਜਵਾਬ ਦਿੱਤਾ ਕਿ ਮਹਾਰਾਜ! ਮੈਂ ਤਾਂ ਨਹੀਂ ਜਾਣਾ, ਕੋਈ ਪ੍ਰੇਤ ਮਾਰ ਦੇਵੇਗਾ, ਫਿਰ ਦਾਸੂ ਜੀ ਨੂੰ ਕਿਹਾ, ਉਹ ਵੀ ਮੁੱਕਰ ਗਿਆ। ਇਹ ਦੋਵੇਂ, ਬਚਨ ਨਾ ਮੰਨਣ ਕਰ ਕੇ ਪਰਖ ਵਿਚ ਫ਼ੇਲ੍ਹ ਹੋ ਗਏ। ਫਿਰ ਗੁਰੂ ਅਮਰਦਾਸ ਜੀ ਵੱਲ ਝਾਤੀ ਮਾਰੀ ਤਾਂ ਗੁਰੂ ਅਮਰਦਾਸ ਜੀ ਨੇ ਝੱਟ ਹੀ ਦੋਨੋਂ ਹੱਥ ਜੋੜ ਕੇ ਸੀਸ ਨਿਵਾ ਕੇ ਕਿਹਾ ਕਿ ਮਹਾਰਾਜ ਆਪ ਜੀ ਦਾ ਕੀ ਹੁਕਮ ਹੈ। ਤਾਂ ਸਤਿਗੁਰਾਂ ਨੇ ਕਿਹਾ ਕਿ ਆਹ! ਸਾਡੀ ਛਟੀ ਲੈ ਜਾਉ, ਇਸ ਛਟੀ ਦੇ ਤਾਈਂ ਤੁਸੀਂ ਜਿੱਧਰ ਜਿੱਧਰ ਵੀ ਫੇਰੋਗੇ, ਸਭ ਪ੍ਰੇਤ ਆਦਿਕ ਅੱਗ ਨਾਲ ਸੜ ਜਾਣਗੇ, ਉਸ ਜ਼ਮੀਨ ਨੂੰ ਆਬਾਦ ਕਰ ਕੇ ਉਥੇ ਨਗਰ ਵਸਾਉਣਾ ਕਰੋ।

ਸ੍ਰੀ ਗੁਰੂ ਅਮਰਦਾਸ ਜੀ ਨੇ ਉਥੇ ਆ ਕੇ ਛਟੀ ਫੇਰੀ ਤਾਂ ਸਭ ਪ੍ਰੇਤ ਭੱਜ ਗਏ, ਭੱਜ ਦੌੜ ਵਿਚ ਇਕ ਦਿਉਣੀ ਦੇ ਗਰਭ ਵਿੱਚੋਂ ਦੋ ਬੱਚੇ ਪੈਦਾ ਹੋਏ ਅਤੇ ਦੋਵੇਂ ਹੇਠਾਂ ਡਿੱਗ ਪਏ। ਜਿਨ੍ਹਾਂ ਵਿੱਚੋਂ ਇਕ ਦੀ ਅੱਖ

ਵਿਚ ਕੱਟੀ ਹੋਈ ਜਵਾਰ ਦਾ ਟਾਂਡਾ ਲੱਗਿਆ, ਜਿਸ ਕਰਕੇ ਉਹ ਕਾਣਾ ਦੇਉ ਨਾਂ ਕਰਕੇ ਪ੍ਰਸਿੱਧ ਹੋਇਆ ਅਤੇ ਦੂਸਰਾ ਬਾਹਾਂ ਦੇ ਭਾਰ ਹੇਠਾਂ ਡਿੱਗਣ ਕਰਕੇ ਟੁੰਡਾ ਹੋ ਗਿਆ।

**ਬਿਹਬਲ ਦੌਰਿਤ ਤ੍ਰਾਸਤਿ ਹੋਈ। ਗਿਰਯੋ ਗਰਭ ਤਬਿ ਸਿਸ ਭੇ ਦੋਈ॥੧੨॥**
**ਹੁਤੋ ਜ੍ਵਾਰ ਕੋ ਤਹਾਂ ਕਿਦਾਰਾ। ਊਪਰ ਕਟੀ ਹੁਈ ਤਿਸ ਬਾਰਾ॥**
**ਇਕ ਕੇ ਦ੍ਰਿਗ ਸੋਂ ਲਾਗਯੋ ਫਿਰੰਡਾ। ਚੁਭਯੋ ਬੀਚ ਸੋ ਕੀਨਸਿ ਖੰਡਾ॥੧੩॥...**
**ਗਿਰਯੋ ਦੂਸਰੋ ਭੁਜ ਕੇ ਭਾਰ। ਸੋ ਟੂਟੀ ਪਰ ਖੇਤ ਮਝਾਰ॥੧੫॥** *(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅਧਿ: ੧੯)*

ਇਸ ਤਰ੍ਹਾਂ ਉਥੇ ਭੂਤਾਂ ਪ੍ਰੇਤਾਂ ਦਾ ਵਾਸਾ ਸੀ, ਜੋ ਗੁਰੂ ਅਮਰਦਾਸ ਸਾਹਿਬ ਜੀ ਨੇ ਕੱਢ ਦਿੱਤੇ ਸਨ ਤੇ ਉਸ ਗੋਂਦੇ ਦੇ ਨਾਂ 'ਤੇ ਸ਼ਹਿਰ ਦਾ ਨਾਮ ਗੋਇੰਦਵਾਲ ਰੱਖਿਆ, ਸੰਗਤਾਂ ਦੀਆਂ ਬੜੀਆਂ ਭਾਰੀ ਰੌਣਕਾਂ ਹੋਈਆਂ, ਬਾਉਲੀ ਸਾਹਿਬ ਤੀਰਥ ਵੀ ਰਚ ਲਿਆ। ਅਕਬਰ ਬਾਦਸ਼ਾਹ ਵੀ ਸਤਿਗੁਰਾਂ ਦੀ ਸ਼ਰਨ ਵਿਚ ਆਇਆ, ਸਤਿਗੁਰਾਂ ਨੇ ਸੁਤੇ ਹੀ ਬਚਨ ਕਹਿ ਦਿੱਤੇ ਸਨ।

**ਸੁਨਿ ਗੁਰ ਕਹਯੋ ਤਬਹਿ ਗੜ ਛੂਟੇ। ਇਹਾਂ ਬਾਧਿਕਾ ਕੋ ਕਰ ਟੂਟੇ।**
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ਪਹਿਲੀ, ਅੰਸੂ ੪੪)*

ਕਿ ਜਦੋਂ ਸਾਡਾ ਬਾਉਲੀ ਦਾ ਕੜ ਟੁੱਟੇਗਾ, ਤਦੋਂ ਤੇਰਾ ਚਿਤੌੜ ਵੀ ਛੁੱਟ ਜਾਵੇਗਾ, ਇਹ ਬਚਨ ਕਹਿਣ ਤੋਂ ੧੬੧੬ ਬਿਕ੍ਰਮੀ ਵਿਚ ਬਾਉਲੀ ਸਾਹਿਬ ਦਾ ਕੜ ਟੁੱਟਿਆ ਸੀ, ਉਦੋਂ ਹੀ ਅਕਬਰ ਨੇ ਚਿਤੌੜ ਨੂੰ ਫ਼ਤਹਿ ਕੀਤਾ ਸੀ। ਸੋ ਬਾਅਦ ਵਿਚ ਫਿਰ ਸਤਿਗੁਰਾਂ ਦੀ ਸ਼ਰਨ ਵਿਚ ਅਕਬਰ ਬਾਦਸ਼ਾਹ ਆਇਆ ਤੇ ਚੌਰਾਸੀ ਪਿੰਡਾਂ ਦਾ ਪਟਾ ਬੀਬੀ ਭਾਨੀ ਜੀ ਦੇ ਨਾਂ ਕਰ ਗਿਆ, ਸਤਿਗੁਰਾਂ ਨੇ ਕਿਹਾ ਕਿ ਅਸੀਂ ਤੇਰੀ ਭੇਟਾ ਤਾਂ ਲਵਾਂਗੇ ਜੇਕਰ ਤੂੰ ਆਪਣੇ ਰਾਜ ਵਿਚ ਜ਼ਬਰਦਸਤੀ ਕਿਸੇ ਨੂੰ ਸਤੀ ਨਾ ਹੋਣ ਦੇਵੇਂ ਅਤੇ ਦੂਜਾ ਹੁਣ ਕਾਲ ਪਿਆ ਹੋਇਆ ਹੈ ਤੇ ਲੋਕਾਂ ਦਾ ਮਾਮਲਾ ਮੁਆਫ਼ ਕਰ ਦੇ। (ਪੰਡਿਤ ਰਮਿੰਦਰ ਸਿੰਘ ਦਾ ਦੇਵਨਾਗਰੀ ਵਿਚ "ਦਸ ਗੁਰ ਜੋਤ ਦਿਵਾਕਰ" ਇਕ ਗ੍ਰੰਥ ਲਿਖਿਆ ਹੈ। ਉਸ ਵਿਚ ਇਹ ਪ੍ਰਸੰਗ ਆਉਂਦਾ ਹੈ) ਨੇ ਬਾਦਸ਼ਾਹ ਸੱਤ ਬਚਨ ਕਹਿ ਕੇ ਦੋਵੇਂ ਬਚਨ ਮੰਨ ਲਏ ਸਨ। ਤਾਂ ਫਿਰ ਗੁਰੂ ਜੀ ਨੇ ਇਸ ਦੀ ਭੇਟਾ ਕਬੂਲ ਕੀਤੀ ਸੀ।

ਇਸ ਪ੍ਰਕਾਰ ਜਦ ਤਕ ਗੋਂਦਾ ਖੱਤਰੀ ਜਿਊਂਦਾ ਰਿਹਾ ਤਾਂ ਬੜੀ ਸ਼ਰਧਾ ਭਾਵਨਾ ਨਾਲ ਸਤਿਗੁਰਾਂ ਦੀ ਸੇਵਾ ਕਰਦਾ ਰਿਹਾ, ਉਸ ਦੇ ਮਰਨ ਮਗਰੋਂ ਇਸ ਦੇ ਪਾਲਕ ਪੁੱਤਰ (ਜੋ ਇਸ ਦਾ ਆਪਣਾ ਪੁੱਤਰ ਨਹੀਂ ਸੀ, ਇਸ ਦੀ ਇਸਤਰੀ ਨੇ ਰੱਖਿਆ ਹੋਇਆ ਸੀ) ਜਦੋਂ ਇਹ ਮਾਲਕ ਹੋ ਗਿਆ, ਤਾਂ ਗੋਇੰਦਵਾਲ ਸਾਹਿਬ ਵਿਚ ਸੰਗਤਾਂ ਦੀਆਂ ਰੌਣਕਾਂ ਵੇਖ ਕੇ ਤੇ ਰਸਦਾਂ ਦੇ ਗੱਡੇ ਖੜ੍ਹੇ ਵੇਖ ਕੇ ਇਸ ਨੇ ਮਨ ਵਿਚ ਹੰਕਾਰ ਕੀਤਾ ਕਿ ਅਸੀਂ ਇਸ ਜ਼ਮੀਨ ਦੇ ਮਾਲਕ ਹੁੰਦੇ ਹਾਂ, ਗੁਰੂ ਜੀ ਸਾਨੂੰ ਵੀ ਮਾਲਕੀ ਦਾ ਕੁਝ ਹਿੱਸਾ ਦਿਆ ਕਰਨ। ਗੁਰੂ ਜੀ ਨੂੰ ਆ ਕੇ ਕਹਿਣ ਲੱਗਾ ਕਿ ਮਹਾਰਾਜ ਇਹ ਸਾਡੀ ਜ਼ਮੀਨ ਹੈ ਤੇ ਤੁਸੀਂ ਇਥੇ ਨਗਰ ਵਸਾਇਆ ਹੈ, ਸਾਨੂੰ ਸਰਦਾਰੀ ਦਾ ਕੁਝ ਤਾਂ ਦਿਆ ਕਰੋ। ਸਤਿਗੁਰੂ ਜੀ ਨੇ ਕਿਹਾ ਕਿ ਤੁਹਾਡਾ ਸਾਰਾ ਪਰਿਵਾਰ ਇਥੇ ਪ੍ਰਸ਼ਾਦਾ ਪਾਣੀ ਛਕ ਜਾਇਆ ਕਰੇ। ਸੰਗਤਾਂ ਕੋਈ ਵਿਹਾਰ ਨਹੀਂ ਕਰਦੀਆਂ। ਸੁਣ ਕੇ ਕਹਿੰਦਾ ਕਿ ਇਵੇਂ ਸਾਡੀ ਸਰਦਾਰੀ ਵਿਚ ਫ਼ਰਕ ਪੈਂਦਾ ਹੈ। ਸਾਨੂੰ ਭੇਟਾ ਦਿਆ ਕਰੋ, ਗੁਰੂ ਜੀ ਕਹਿਣ ਲੱਗੇ ਕਿ ਅਸੀਂ ਭੇਟਾ ਨਹੀਂ ਦੇਣੀ। ਤਾਂ ਇਸ ਨੇ ਪੰਜਾਹ ਕੁ ਆਦਮੀਆਂ ਦੇ ਅੰਗੂਠੇ, ਦਸਤਖ਼ਤ ਕਰਵਾ ਕੇ ਦਿੱਲੀ, ਅਕਬਰ ਬਾਦਸ਼ਾਹ ਦੇ ਅੱਗੇ ਮਹਜਰਨਾਮਾ ਪੇਸ਼ ਕੀਤਾ ਕਿ ਮਹਾਰਾਜ ਗੋਇੰਦਵਾਲ ਦੀ ਜ਼ਮੀਨ 'ਤੇ ਸਾਡੀ ਮਾਲਕੀ ਹੈ, ਪਰ ਗੁਰੂ ਅਮਰਦਾਸ ਜੀ ਸਾਡੀ ਮਾਲਕੀ ਦਾ ਕੁਝ ਦਿੰਦੇ ਨਹੀਂ ਹਨ।

ਉਥੇ ਹੀ ਗੁਰੂ ਅਮਰਦਾਸ ਜੀ ਦਾ ਇਕ ਸਿੱਖ ਬਾਦਸ਼ਾਹ ਦਾ ਉਮਰਾਵ (ਵਜ਼ੀਰ) ਸੀ, ਉਸ ਨੇ ਕਿਹਾ ਕਿ ਹੇ ਬਾਦਸ਼ਾਹ! ਜਿਨ੍ਹਾਂ ਗੁਰਾਂ ਦੀ ਸ਼ਰਨ ਲੈ ਕੇ ਤੂੰ ਚਿਤੌੜ ਦਾ ਕਿਲ੍ਹਾ ਫ਼ਤਹਿ ਕੀਤਾ ਸੀ, ਜਿਨ੍ਹਾਂ ਬਚਨਾਂ

ਕਰਕੇ ਤੂੰ ਸਤੀਆਂ ਹੋਣੋਂ ਹਟਾਈਆਂ ਸਨ, ਉਸ ਸਤਿਗੁਰੂ ਪਾਤਿਸ਼ਾਹ 'ਤੇ ਇਹ ਝੂਠੀ ਪੁਕਾਰ ਕਰਦਾ ਹੈ। ਇਹ ਸੁਣ ਕਰ ਕੇ ਬਾਦਸ਼ਾਹ ਨੇ ਇਸ ਦੇ ਮੂੰਹ 'ਤੇ ਖੇਹ ਦਾ ਤੋਬਰਾ ਝਾੜ ਦਿੱਤਾ, ਮਹਿਜਰਨਾਮਾ ਪਾੜ ਕੇ ਸੁੱਟ ਦਿੱਤਾ।

ਇਹ ਉਸ ਵੇਲੇ ਦੀ ਉਗਾਹੀ ਹੈ, ਇਉਂ ਸਤਿਗੁਰੂ ਅਰਜਨ ਦੇਵ ਜੀ ਇਹ ਪਾਵਨ ਸ਼ਬਦ ਉਚਾਰਨ ਕਰਦੇ ਹਨ।

## ਮਹਜਰੁ; ਝੂਠਾ ਕੀਤੋਨੁ ਆਪਿ ॥ ਪਾਪੀ ਕਉ; ਲਾਗਾ ਸੰਤਾਪੁ ॥੧॥

ਹੇ ਭਾਈ ! ਜੋ ਗੋਂਦੇ ਦੇ ਪੁੱਤਰ ਨੇ ਬਹੁਤਿਆਂ ਦੇ ਦਸਤਖ਼ਤ ਕਰਵਾ ਕੇ ਮਹਜਰੁ = ਮਹਜਰਨਾਮਾ ਬਾਦਸ਼ਾਹ ਦੇ ਅੱਗੇ ਪੇਸ਼ ਕੀਤਾ ਸੀ, ਉਹ ਸਤਿਗੁਰਾਂ ਨੇ ਆਪਿ = ਆਪ ਬਾਦਸ਼ਾਹ ਦੀ ਰਸਨਾ 'ਤੇ ਬੈਠ ਕਰ ਕੇ ਝੂਠਾ = ਅਸੱਤ ਸਾਬਤ ਕੀਤੋਨੁ = ਕੀਤਾ ਹੈ।

ਇਸ ਲਈ ਗੋਂਦੇ ਦੇ ਪਾਲਕ ਪੁੱਤਰ ਪਾਪੀ = ਦੋਸ਼ੀ ਕਉ = ਨੂੰ ਝੂਠਾ ਮਹਜਰਨਾਮਾ ਦੇਣ ਦੇ ਪਾਪ ਕਰਮ ਕਰ ਕੇ ਭਾਰੀ ਸੰਤਾਪ = ਦੁਖ ਲਾਗਾ = ਲੱਗ ਗਿਆ **ਅਥਵਾ** ਜਿਸ ਦੀ ਬੁੱਧੀ ਵਿਚ ਨਿੰਦਿਆ ਰੂਪੀ ਮਹਜਰੁ = ਮਹਜਰਨਾਮਾ ਹੈ, ਉਸ ਅਗਿਆਨੀ ਪੁਰਖ ਦੇ ਤਾਈਂ ਮਹਾਰਾਜ ਨੇ ਆਪ ਹੀ ਝੂਠਾ ਕਰ ਦਿੱਤਾ ਹੈ।

ਪਾਪੀ = ਮੰਦ ਕਰਮ ਕਰਨ ਵਾਲੇ ਕਉ = ਨੂੰ ਅਤਿਅੰਤ ਸੰਤਾਪ = ਦੁੱਖ ਲਾਗਾ = ਲੱਗਦਾ ਹੈ ॥੧॥

## ਜਿਸਹਿ ਸਹਾਈ; ਗੋਬਿਦੁ ਮੇਰਾ ॥
## ਤਿਸੁ ਕਉ; ਜਮੁ ਨਹੀ ਆਵੈ ਨੇਰਾ ॥੧॥ਰਹਾਉ॥

ਜਿਸਹਿ = ਜਿਸ ਦਾ ਸਹਾਈ = ਸਹਾਇਕ ਮੇਰਾ ਗੋਬਿਦੁ = ਪਰਮੇਸ਼ਰ ਹੈ।

ਤਿਸੁ = ਉਸ ਕਉ = ਦੇ ਜਮੁ = ਯਮਰਾਜ ਵੀ ਨੇਰਾ = ਨੇੜੇ ਨਹੀਂ ਆਵੈ = ਆ ਸਕਦਾ ॥੧॥ਰਹਾਉ॥

## ਸਾਚੀ ਦਰਗਹ; ਬੋਲੈ ਕੂੜੁ ॥ ਸਿਰੁ ਹਾਥ ਪਛੋੜੈ; ਅੰਧਾ ਮੂੜੁ ॥੨॥

ਜੋ ਸਾਚੀ = ਸੱਚੀ ਗੱਲ ਛੱਡ ਕੇ ਬਾਦਸ਼ਾਹ ਦੀ ਦਰਗਹ = ਕਚਹਿਰੀ ਵਿਚ ਕੂੜੁ = ਝੂਠ ਬੋਲੈ = ਬੋਲਦਾ ਸੀ, ਉਹ ਅਕਬਰ ਨੇ ਧੱਕੇ ਮਰਵਾ ਕੇ ਕਚਹਿਰੀ ਵਿੱਚੋਂ ਬਾਹਰ ਕੱਢਵਾ ਦਿੱਤਾ ਸੀ।

ਤਦ ਗੋਂਦੇ ਦਾ ਪੁੱਤਰ ਮੂੜੁ = ਮੂਰਖ ਅੰਧਾ = ਅਗਿਆਨੀ ਆਪਣਾ ਸਿਰ ਆਪਣੇ ਹਾਥ = ਹੱਥਾਂ ਨਾਲ ਪਛੋੜੈ = ਪਿੱਟਦਾ ਸੀ ਵਾ: ਆਪਣੇ ਸਿਰ ਉੱਤੇ ਆਪਣੇ ਹੱਥ ਪਟਕਾ ਪਟਕਾ ਪਛੋੜੈ = ਮਾਰਦਾ ਸੀ ॥੨॥

**ਅਥਵਾ** ਸਾਚੀ = ਸੱਚੀ ਦਰਗਹ = ਸਾਧਸੰਗਤ ਵਿਚ ਜੋ ਕੂੜੁ = ਝੂਠ ਬੋਲੈ = ਬੋਲਦਾ ਹੈ। ਉਹ ਵਿਚਾਰ ਰੂਪੀ ਨੇਤ੍ਰਾਂ ਤੋਂ ਅੰਧਾ = ਅੰਨ੍ਹਾ ਹੋ ਕੇ ਅਤਿਅੰਤ ਮੂੜ = ਮੂਰਖ ਹੋ ਜਾਂਦਾ ਹੈ ਤੇ ਅੰਤ ਤਕ ਆਪਣੇ ਸਿਰ ਉੱਪਰ ਹੱਥ ਮਾਰ ਕੇ ਪਛੋੜੈ = ਪਟਕਾਉਂਦਾ ਰਹਿੰਦਾ ਹੈ ॥੨॥

## ਰੋਗ ਬਿਆਪੇ; ਕਰਦੇ ਪਾਪ ॥ ਅਦਲੀ ਹੋਇ ਬੈਠਾ; ਪ੍ਰਭੁ ਆਪਿ ॥੩॥

ਉਸ ਨੂੰ ਪਾਪ = ਦੁਸ਼ਟ ਕਰਮ ਕਰਦੇ = ਕਰਨ ਕਰਕੇ ਪਾਗਲਪਨ ਦਾ ਰੋਗ ਬਿਆਪੇ = ਚਿੰਬੜ ਗਿਆ ਸੀ। ਅਕਬਰ ਦੇ ਹਿਰਦੇ ਵਿਚ ਆਪਿ = ਆਪ ਪ੍ਰਭੁ = ਵਾਹਿਗੁਰੂ ਅਦਲੀ = ਨਿਆਂ ਕਰਨ ਵਾਲਾ ਹੋਇ = ਹੋ ਕਰ ਕੇ ਬੈਠਾ = ਇਸਥਿਤ ਹੋ ਗਿਆ ਸੀ **ਅਥਵਾ** ਪਾਪ = ਮੰਦ ਕਰਮ ਕਰਨ ਵਾਲਿਆਂ ਨੂੰ ਹਉਮੈ, ਜੰਮਣ ਮਰਣ ਆਦਿ ਦੇ ਰੋਗ = ਦੁਖ ਬਿਆਪੇ = ਵਿਆਪਦੇ ਹਨ। ਪ੍ਰਭੁ = ਪਰਮੇਸ਼ਰ ਆਪ ਹੀ ਸਾਰਿਆਂ ਦੇ ਹਿਰਦਿਆਂ ਵਿਚ ਅਦਲੀ = ਨਿਆਂਕਾਰ ਹੋ ਕੇ ਬੈਠਾ = ਇਸਥਿਤ ਹੋਇਆ ਹੈ ॥੩॥

## ਅਪਨ ਕਮਾਇਐ; ਆਪੇ ਬਾਧੇ ॥ ਦਰਬੁ ਗਇਆ; ਸਭੁ ਜੀਅ ਕੈ ਸਾਥੈ ॥੪॥

ਅਪਨ = ਆਪਣੇ ਕਮਾਇਐ = ਕੀਤੇ ਕਰਮਾਂ ਦੇ ਅਨੁਸਾਰ ਮਰਵਾਹੇ ਆਪ ਹੀ ਬਾਧੇ = ਨਾਸ਼ ਹੋ ਗਏ

**ਵਾ**: ਜੀਆਂ ਦੀ ਅਪਨ = ਆਪਣੀ ਜਿਹੋ ਜਿਹੀ ਕਮਾਇਐ = ਕਰਨੀ ਹੈ, ਉਸੇ ਅਨੁਸਾਰ ਹੀ ਆਪੇ = ਆਪ ਹੀ ਬਾਧੇ = ਬੱਝ ਕੇ ਕੈਦੀ ਹੋ ਗਏ ਹਨ। ਗੋਂਦੇ ਦੇ ਪਾਲਕ ਪੁੱਤਰ ਦਾ ਮੁਕੱਦਮੇ ਵਿਚ ਸਭੁ = ਸਾਰਾ ਦਰਬੁ = ਧਨ ਵੀ ਗਇਆ = ਚਲਾ ਗਿਆ ਤੇ ਸਾਥੈ = ਨਾਲ ਹੀ ਉਸ ਦਾ ਆਪਣਾ ਜੀਅ = ਜੀਵਨ ਵੀ ਖ਼ਤਮ ਹੋ ਗਿਆ, ਭਾਵ ਉਸ ਨੂੰ ਪਾਗਲ ਹੋਏ ਨੂੰ ਘਰ ਲਿਆ ਕੇ ਸੰਗਲਾਂ ਨਾਲ ਬੰਨ੍ਹ ਕੇ ਰੱਖਿਆ ਸੀ ਤੇ ਅੰਤ ਨੂੰ ਬੱਧਾ ਹੀ ਮਰ ਗਿਆ ਸੀ। ਇਸੇ ਤਰ੍ਹਾਂ ਜੀਵ ਆਪਣੀ ਕਰਣੀ ਅਨੁਸਾਰ ਆਪੇ ਹੀ ਜੰਮਣ ਮਰਣ ਦੇ ਬੰਧਨਾਂ ਵਿਚ ਬੱਝ ਗਿਆ ਹੈ। ਇਸ ਕੋਲ ਸ਼ੁਭ ਗੁਣਾਂ ਰੂਪੀ ਧਨ ਵੀ ਨਾ ਰਿਹਾ ਤੇ ਅੰਤ ਨੂੰ ਕੌਡੀਆਂ ਦੇ ਭਾਅ ਆਪਣੀ ਜ਼ਿੰਦਗੀ ਵੀ ਖ਼ਤਮ ਕਰ ਲਈ ॥੪॥

## ਨਾਨਕ; ਸਰਨਿ ਪਰੇ ਦਰਬਾਰਿ ॥ ਰਾਖੀ ਪੈਜ; ਮੇਰੈ ਕਰਤਾਰਿ ॥੫॥੯੯॥੧੬੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਹੜੇ ਪਰਮੇਸ਼ਰ ਦੇ ਸਤਿਸੰਗਤ ਰੂਪ ਦਰਬਾਰਿ ਵਿਚ ਪਰੇ = ਪਏ ਹਨ **ਵਾ**: ਪਰਮੇਸ਼ਰ ਦੇ ਸਚਖੰਡ ਰੂਪੀ ਦਰਬਾਰ ਦੀ ਸ਼ਰਨ ਵਿਚ ਪਏ ਹਨ। ਉਨ੍ਹਾਂ ਦੀ ਮੇਰੇ = ਸਾਡੇ ਕਰਤਾਰਿ = ਪਰਮੇਸ਼ਰ ਵਾਹਿਗੁਰੂ ਨੇ ਆਪ ਪੈਜ = ਪੱਤ ਰਾਖੀ = ਰੱਖਣਾ ਕੀਤੀ ਹੈ ॥੫॥੯੯॥੧੬੮॥

## ਗਉੜੀ, ਮਹਲਾ ੫ ॥

## ਜਨ ਕੀ ਧੂਰਿ; ਮਨ ਮੀਠ ਖਟਾਨੀ ॥ ਪੂਰਬਿ ਕਰਮਿ; ਲਿਖਿਆ ਧੁਰਿ ਪ੍ਰਾਨੀ ॥੧॥ਰਹਾਉ॥

ਹੇ ਭਾਈ! ਜਨ = ਸੰਤ ਜਨਾਂ ਕੀ = ਦੀ ਚਰਨ ਧੂਰਿ = ਧੂੜੀ ਉਸ ਦੇ ਮਨ = ਹਿਰਦੇ ਨੂੰ ਬਹੁਤ ਮੀਠ = ਪਿਆਰੀ ਖਟਾਨੀ = ਲੱਗਦੀ ਹੈ। ਜਿਸ ਪ੍ਰਾਨੀ = ਜੀਵ ਦੇ ਪੂਰਬਿ = ਪੂਰਬਲੇ ਕਰਮਿ = ਨਿਸ਼ਕਾਮ ਕਰਮਾਂ ਕਰਕੇ ਪਰਮੇਸ਼ਰ ਨੇ ਧੁਰਿ = ਧੁਰੋਂ ਹੀ ਲਿਖਿਆ = ਲਿਖ ਦਿੱਤਾ ਹੈ ॥੧॥ਰਹਾਉ॥

[ਅੰਗ ੨੦੦]

## ਅਹੰਬੁਧਿ; ਮਨ ਪੂਰਿ ਥਿਧਾਈ ॥ ਸਾਧ ਧੂਰਿ ਕਰਿ; ਸੁਧ ਮੰਜਾਈ ॥੧॥

ਅਹੰ = ਹੰਕਾਰ ਵਾਲੀ ਬੁਧਿ = ਬੁੱਧੀ ਕਰਕੇ ਮਨ = ਅੰਤਸ਼ਕਰਣ ਨੂੰ ਪੂਰਿ = ਪੂਰਨ ਥਿਧਾਈ[੧] = ਥੰਧਿਆਈ, ਚਿਕਣਾਈ ਲੱਗੀ ਹੋਈ ਹੈ।

ਇਸ ਲਈ ਹੇ ਭਾਈ! ਸਾਧ = ਮਹਾਂਪੁਰਖਾਂ ਦੀ ਚਰਨ ਧੂਰਿ = ਧੂੜੀ ਪ੍ਰਾਪਤ ਕਰਿ = ਕਰ ਕੇ ਅੰਤਸ਼ਕਰਣ ਨੂੰ ਮੰਜਾਈ = ਮਾਂਜ ਕੇ ਸੁਧ = ਸ਼ੁੱਧ, ਪਵਿੱਤਰ ਕਰ ॥੧॥

## ਅਨਿਕ ਜਲਾ; ਜੇ ਧੋਵੈ ਦੇਹੀ ॥ ਮੈਲੁ ਨ ਉਤਰੈ; ਸੁਧੁ ਨ ਤੇਹੀ ॥੨॥

ਹੇ ਭਾਈ! ਅਨਿਕ = ਅਨੇਕਾਂ ਤੀਰਥਾਂ ਆਦਿ ਦੇ ਜਲਾ = ਪਾਣੀਆਂ ਨਾਲ ਜੇ = ਜੇਕਰ ਇਸ ਸਥੂਲ ਦੇਹੀ = ਸਰੀਰ ਨੂੰ ਧੋਵੈ = ਧੋ ਲਈਏ। ਤਦ ਵੀ ਆਪਣੇ ਅੰਤਸ਼ਕਰਣ ਵਿੱਚੋਂ ਹੰਗਤਾ, ਪਾਪਾਂ ਆਦਿ ਦੀ ਮੈਲੁ = ਗੰਦਗੀ ਨ = ਨਹੀਂ ਉਤਰੈ = ਉਤਰਦੀ ਤੇ ਨਾ ਹੀ ਦੇਹੀ ਤੇਹੀ = ਉਹੋ ਜਿਹੀ ਸੁਧੁ = ਉੱਜਲ ਹੁੰਦੀ ਹੈ **ਵਾ**: ਨ = ਨਾ ਹੀ ਤੇਹੀ = ਉਸ ਸਾਧੂ ਮਹਾਤਮਾ ਦੀ ਧੂੜੀ ਵਾਂਗ ਮਨ ਸੁਧੁ = ਉੱਜਲ ਹੁੰਦਾ ਹੈ ॥੨॥

## ਸਤਿਗੁਰੁ ਭੇਟਿਓ; ਸਦਾ ਕ੍ਰਿਪਾਲ ॥ ਹਰਿ ਸਿਮਰਿ ਸਿਮਰਿ; ਕਾਟਿਆ ਭਉ ਕਾਲ ॥੩॥

ਜਿਨ੍ਹਾਂ ਨੂੰ ਕ੍ਰਿਪਾਲ = ਕਿਰਪਾ ਦੇ ਘਰ ਸਤਿਗੁਰੁ = ਗੁਰੂ ਸਾਹਿਬ ਜੀ ਸਦਾ = ਹਮੇਸ਼ਾਂ ਵਾਸਤੇ

੧. (ਪਾਠੰਤ੍ਰ ਬਿਧਾਈ) ਜੋ ਹੰਕਾਰ ਵਾਲੀ ਬੁੱਧੀ ਵਿਚ ਮਨ ਪੂਰੀ ਤਰ੍ਹਾਂ ਬਿਧਾਈ = ਵਿੰਨ੍ਹਿਆ ਹੋਇਆ ਹੈ ਉਸ ਮਨ ਨੂੰ ਸੰਤਾਂ ਦੀ ਚਰਨ ਧੂੜੀ ਨਾਲ ਮਾਂਜ ਕੇ ਸ਼ੁੱਧ ਕੀਤਾ ਹੈ।

ਭੇਟਿਓ = ਮਿਲ ਗਏ ਹਨ। ਉਨ੍ਹਾਂ ਨੇ ਹੀ ਹਰਿ = ਪਰਮੇਸ਼ਰ ਦੇ ਸਿਮਰਿ = ਸਿਮਰਨ ਨੂੰ ਸਿਮਰਿ = ਕੇ ਕਾਲ ਦਾ ਭਉ = ਡਰ ਕਾਟਿਆ = ਕੱਟ ਲਿਆ ਹੈ **ਵਾ:** ਸਿਮਰਿ ਸਿਮਰਿ = ਸਿਮਰਦਿਆਂ ਸਿਮਰਦਿਆਂ ਜੰਮਣ ਮਰਣ ਆਦਿ ਦਾ ਭਉ = ਭੈ ਅਤੇ ਕਾਲ = ਮੌਤ ਦਾ ਡਰ ਕਾਟਿਆ = ਕੱਟ ਲਿਆ ਹੈ ॥੩॥

## ਮੁਕਤਿ ਭੁਗਤਿ ਜੁਗਤਿ; ਹਰਿ ਨਾਉ ॥
## ਪ੍ਰੇਮ ਭਗਤਿ; ਨਾਨਕ ਗੁਣ ਗਾਉ ॥੪॥੧੦੦॥੧੬੯॥

ਹੇ ਭਾਈ! ਮੁਕਤਿ = ਮੋਖ ਅਤੇ ਭੁਗਤਿ = ਭੋਗ ਦੀ ਜੁਗਤਿ = ਜੁਗਤੀ ਹਰਿ = ਪਰਮੇਸ਼ਰ ਦਾ ਨਾਉ = ਨਾਮ ਹੀ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਕਰਕੇ ਪ੍ਰੇਮ ਭਗਤਿ = ਪ੍ਰੇਮਾ-ਭਗਤੀ ਦੁਆਰਾ ਵਾਹਿਗੁਰੂ ਦੇ ਗੁਣ = ਗੁਣਾਂ ਨੂੰ ਗਾਉ = ਗਾਉਣਾ ਕਰੋ ॥੪॥੧੦੦॥੧੬੯॥

## ਗਉੜੀ, ਮਹਲਾ ੫ ॥

ਸਤਿਗੁਰੂ ਸਾਹਿਬ ਜੀ ਇਸ ਪਾਵਨ ਸ਼ਬਦ ਵਿਚ ਆਪਣੇ ਸਿੱਖਾਂ ਨੂੰ ਜੀਵਨ ਮੁਕਤੀ ਦੀ ਪਦਵੀ ਬਾਬਤ ਦੱਸਦੇ ਹਨ।

## ਜੀਵਨ ਪਦਵੀ; ਹਰਿ ਕੇ ਦਾਸ ॥ ਜਿਨ ਮਿਲਿਆ; ਆਤਮ ਪਰਗਾਸੁ ॥੧॥

ਹੇ ਭਾਈ! ਜਿਹੜੇ ਹਰਿ = ਪਰਮੇਸ਼ਰ ਕੇ = ਦੇ ਦਾਸ = ਸੇਵਕ ਹਨ, ਉਨ੍ਹਾਂ ਨੂੰ ਪਰਮੇਸ਼ਰ ਨੇ ਜੀਵਨ ਮੁਕਤੀ ਦੀ ਪਦਵੀ ਉਪਾਧੀ ਦਿੱਤੀ ਹੈ, ਭਾਵ ਉਹ ਜਿਊਂਦੇ ਹੀ ਮੁਕਤ ਰੂਪ ਹਨ **ਵਾ:** ਜੋ ਸਾਰਿਆਂ ਦੇ ਅੰਦਰ ਜੀਵਨ = ਚੇਤਨ ਸਰੂਪ ਹੈ, ਉਸ ਦੀ ਪਦਵੀ = ਅਹੁਦੇ ਦੀ ਪ੍ਰਾਪਤੀ ਹਰੀ ਦੇ ਦਾਸ = ਸੇਵਕਾਂ ਨੂੰ ਹੁੰਦੀ ਹੈ।

ਜਿਨ = ਜਿਨ੍ਹਾਂ ਨੂੰ ਮਿਲਿਆ = ਮਿਲਣ ਕਰ ਕੇ ਆਤਮ = ਮਨ ਵਿਚ ਸਰੂਪ ਦਾ ਪਰਗਾਸੁ = ਚਾਨਣਾ ਹੁੰਦਾ ਹੈ **ਵਾ:** ਜਿਨ੍ਹਾਂ ਸੰਤ ਜਨਾਂ ਨਾਲ ਮਿਲਿਆ = ਮਿਲਣੇ ਕਰ ਕੇ ਆਤਮ = ਆਤਮਾ ਸਰੂਪ ਬ੍ਰਹਮ ਦੇ ਗਿਆਨ ਦਾ ਪਰਗਾਸੁ = ਚਾਨਣਾ ਹੋ ਜਾਂਦਾ ਹੈ ॥੧॥

## ਹਰਿ ਕਾ ਸਿਮਰਨੁ; ਸੁਨਿ ਮਨ ਕਾਨੀ ॥
## ਸੁਖੁ ਪਾਵਹਿ; ਹਰਿ ਦੁਆਰ ਪਰਾਨੀ ॥੧॥ਰਹਾਉ॥

ਹੇ ਮੇਰੇ ਮਨ = ਮਨਾਂ! ਹਰਿ = ਪਰਮੇਸ਼ਰ ਕਾ = ਦਾ ਸਿਮਰਨੁ = ਚਿੰਤਨ ਸ਼ਰਧਾ ਤੇ ਵਿਸ਼ਵਾਸ ਰੂਪੀ ਕਾਨੀ = ਕੰਨਾਂ ਨਾਲ ਸੁਨਿ = ਸ਼੍ਰਵਣ ਕਰ **ਵਾ:** ਸੰਸਾਰ ਤੋਂ ਕਾਨੀ = ਕੰਨੀ ਭਾਵ ਕਿਨਾਰਾ ਕਰ ਕੇ ਮਨ = ਹਿਰਦੇ ਦੁਆਰਾ ਹਰਿ = ਵਾਹਿਗੁਰੂ ਕਾ = ਦਾ ਸਿਮਰਨੁ = ਚਿੰਤਨ ਕਰ। ਜਿਸ ਕਰਕੇ ਹੇ ਪਰਾਨੀ = ਪ੍ਰਾਣੀ! ਹਰਿ = ਪਰਮੇਸ਼ਰ ਦੇ ਸਚਖੰਡ ਰੂਪੀ ਦੁਆਰ = ਦਰਵਾਜੇ ਵਿਚ ਸੁਖ ਪਾਵਹਿ = ਪਾਉਣਾ ਕਰੇਂਗਾ ॥੧॥ਰਹਾਉ॥

## ਆਠ ਪਹਰ; ਧਿਆਈਐ ਗੋਪਾਲੁ ॥
## ਨਾਨਕ; ਦਰਸਨੁ ਦੇਖਿ ਨਿਹਾਲੁ ॥੨॥੧੦੧॥੧੭੦॥

ਹੇ ਭਾਈ! ਆਠ ਪਹਰਿ = ਅੱਠੇ ਪਹਿਰ ਭਾਵ ਰਾਤ ਦਿਨ ਗੋਪਾਲੁ = ਪ੍ਰਿਥਵੀ ਦੇ ਪਾਲਕ ਵਾਹਿਗੁਰੂ ਨੂੰ ਧਿਆਈਐ = ਧਿਆਉਣਾ ਕਰ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਵਾਹਿਗੁਰੂ ਦੇ ਦਰਸਨੁ = ਦੀਦਾਰ ਦੇਖਿ = ਵੇਖ ਕਰ ਕੇ ਨਿਹਾਲ = ਦੁੱਖਾਂ ਤੋਂ ਰਹਿਤ ਹੋਈਦਾ ਹੈ **ਵਾ:** ਨਿਹਾਲੁ = ਕਾਮਯਾਬ ਹੋਈਦਾ ਹੈ (ਫ਼ਾਰਸੀ ਵਿਚ ਨਿਹਾਲ ਦਾ ਅਰਥ ਕਾਮਯਾਬ ਵੀ ਹੈ) ॥੨॥੧੦੧॥੧੭੦॥

## ਗਉੜੀ, ਮਹਲਾ ੫ ॥

**ਉਥਾਨਕਾ :** ਜਿਸ ਵੇਲੇ ਬਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤਾਪ ਲਹਿ ਗਿਆ ਤੇ ਅਰੋਗ ਹੋ ਗਏ ਸਨ ਤਾਂ ਉਸ ਵੇਲੇ ਸਿੱਖ ਸੰਗਤਾਂ ਨੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਆ ਕੇ ਪੁੱਛਿਆ ਕਿ ਬਾਲ ਸਤਿਗੁਰੂ ਜੀ ਹੁਣ ਤੰਦਰੁਸਤ, ਰਾਜ਼ੀ ਹਨ। ਤਾਂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ :

### ਸਾਂਤਿ ਭਈ; ਗੁਰ ਗੋਬਿਦਿ ਪਾਈ ॥
### ਤਾਪ ਪਾਪ ਬਿਨਸੇ; ਮੇਰੇ ਭਾਈ ॥੧॥ਰਹਾਉ॥

ਹੇ ਭਾਈ। ਹੁਣ ਸਾਂਤਿ = ਸੀਤਲਤਾ, ਸ਼ਾਂਤੀ ਪ੍ਰਾਪਤ ਭਈ = ਹੋਈ ਹੈ ਅਤੇ ਗੁਰ = ਚੇਤਨ ਸਰੂਪ ਗੋਬਿਦਿ = ਪਰਮੇਸ਼ਰ ਨੇ ਮੇਹਰ ਦੀ ਨਦਰ ਪਾਈ = ਪਾਉਣਾ ਕੀਤੀ ਹੈ। ਕਿਉਂਕਿ

ਜੋ ਬਾਲ ਸਤਿਗੁਰਾਂ ਨੂੰ ਤਾਪ = ਸੰਤਾਪ[੧] ਸੀ ਅਤੇ ਪ੍ਰਿਥੀਏ ਆਦਿਕ ਨੇ ਦ੍ਵੈਤ ਬੁੱਧੀ ਕਰ ਕੇ ਦੁਖ ਦੇਣੇ ਚਾਹੇ, ਉਹ ਵੀ ਬਿਨਸੇ = ਨਾਸ ਹੋ ਗਏ **ਵਾ:** ਅਧਿਕਾਰੀਆਂ ਦੇ ਤਾਪ = ਆਧੀ ਬਿਆਧੀ ਉਪਾਧੀ ਤੇ ਸੰਚਤ ਕਰਮਾਂ ਦੇ ਪਾਪ ਕਰਮ ਸਾਰੇ ਹੀ ਬਿਨਸੇ = ਨਾਸ ਕਰ ਦਿੱਤੇ ਹਨ ॥੧॥ਰਹਾਉ॥

### ਰਾਮ ਨਾਮੁ; ਨਿਤ ਰਸਨ ਬਖਾਨ ॥ ਬਿਨਸੇ ਰੋਗ; ਭਏ ਕਲਿਆਨ ॥੧॥

ਜਿਨ੍ਹਾਂ ਨੇ ਰਾਮ = ਪਰਮੇਸ਼ਰ ਦੇ ਨਾਮ ਨੂੰ ਨਿਤ = ਨਿਤਾਪ੍ਰਤੀ ਰਸਨ = ਜੀਭਾ ਦੁਆਰਾ ਬਖਾਨ = ਕਥਨ ਕੀਤਾ ਹੈ, ਉਨ੍ਹਾਂ ਦੇ ਹੰਕਾਰ, ਅਗਿਆਨ ਆਦਿਕ ਸਭ ਰੋਗ ਬਿਨਸੇ = ਨਾਸ ਹੋ ਗਏ ਅਤੇ ਉਹ ਪੁਰਖ ਕਲਿਆਨ = ਮੁਕਤ ਭਏ = ਹੋ ਗਏ ਹਨ ॥੧॥

### ਪਾਰਬ੍ਰਹਮ; ਗੁਣ ਅਗਮ ਬੀਚਾਰ ॥ ਸਾਧੂ ਸੰਗਮਿ; ਹੈ ਨਿਸਤਾਰ ॥੨॥

ਹੇ ਭਾਈ ! ਪਾਰਬ੍ਰਹਮ = ਪਰਮੇਸ਼ਰ ਦੇ ਅਗਮ = ਗੰਮਤਾ ਤੋਂ ਰਹਿਤ ਗੁਣਾਂ ਨੂੰ ਬੀਚਾਰ = ਵੀਚਾਰਨਾ ਕਰੋ। ਸਾਧੂ = ਮਹਾਂਪੁਰਖਾਂ ਦੇ ਨਾਲ ਸੰਗਮਿ = ਮਿਲਾਪ ਕਰ ਕੇ ਜੀਵਾਂ ਦਾ ਨਿਸਤਾਰ = ਛੁਟਕਾਰਾ, ਤਰਨਾ ਹੁੰਦਾ ਹੈ ॥੨॥

### ਨਿਰਮਲ ਗੁਣ; ਗਾਵਹੁ ਨਿਤ ਨੀਤ ॥
### ਗਈ ਬਿਆਧਿ; ਉਬਰੇ ਜਨ ਮੀਤ ॥੩॥

ਹੇ ਭਾਈ ! ਪਰਮੇਸ਼ਰ ਦੀਆਂ ਨਿਰਮਲ = ਮੈਲ ਤੋਂ ਰਹਿਤ ਗੁਣ = ਸਿਫ਼ਤਾਂ ਨੂੰ ਨਿਤ ਨੀਤ = ਹਰ ਰੋਜ਼, ਨਿਤਾਪ੍ਰਤੀ ਗਾਵਹੁ = ਗਾਉਣਾ ਕਰੋ। ਹੇ ਮੀਤ = ਮਿੱਤਰ ਜਨੋਂ ! ਇਸ ਪ੍ਰਕਾਰ ਬਿਆਧਿ = ਰੋਗਾਂ ਆਦਿ ਦੀ ਸਭ ਪੀੜਾ ਚਲੀ ਗਈ, ਨਾਸ ਹੋ ਗਈ ਅਤੇ ਜਨ = ਸੰਤ ਜਨ ਵੀ ਉਬਰੇ = ਬਚ ਗਏ ਹਨ **ਵਾ:** ਅਵਿਦਿਆ ਰੂਪੀ ਬਿਆਧਿ = ਰੋਗ ਦੀ ਪੀੜਾ ਚਲੀ ਗਈ ਅਤੇ ਮਹਾਰਾਜ ਦੇ ਜਨ = ਪਿਆਰੇ ਸ਼ੁਭ ਗੁਣਾਂ ਦੇ ਸਹਿਤ ਹੋ ਕੇ ਉਬਰੇ = ਬਚ ਗਏ ਹਨ ॥੩॥

---

੧. ਇਥੇ ਪਾਪ ਪਦ ਦਾ ਅਰਥ ਪਾਪ ਨਹੀਂ ਹੈ, ਇਹ ਤਾਪ ਪਦ ਦੇ ਨਾਲ ਤਾਬਿਆ ਮੁਹਮਲ (ਅਪ ਸ਼ਬਦ) ਵਾਂਗੂੰ ਆਇਆ ਹੈ, ਜਿਵੇਂ ਆਮ ਕਹੀਦਾ ਹੈ ਪਾਣੀ ਧਾਣੀ, ਰੋਟੀ ਰਾਟੀ, ਇਥੇ ਪਾਪ ਸ਼ਬਦ ਤੋਂ ਭਾਵ ਤਾਪ ਅਤੇ ਉਸ ਤੋਂ ਉਪਜੇ ਸੰਤਾਪ ਆਦਿ ਤੋਂ ਹੈ। ਕਿਉਂਕਿ ਗੁਰੂ ਅਰਜਨ ਸਾਹਿਬ ਜੀ ਆਪ ਗੁਰੂ ਹਨ ਤੇ ਗੁਰੂ ਹਰਗੋਬਿੰਦ ਸਾਹਿਬ ਜੀ ਗੁਰ ਗੱਦੀ ਤੇ ਬੈਠਦੇ ਹਨ ਦੋਵੇਂ ਹੀ ਨਿਸ ਪਾਪ ਹਸਤੀਆਂ ਹਨ ਇਹ ਰੋਗ ਆਪਣੇ ਪਾਪ ਕਰਮਾਂ ਕਰਕੇ ਨਹੀਂ ਉਪਜਿਆ ਪਰ ਕਿਸੇ ਉਪਕਾਰ ਗਤੀ ਵਿਚ ਹੈ ਕਿਉਂਕਿ ਗੁਰੂ ਸਾਹਿਬ ਆਪ ਤਾਂ :

**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥** *(ਅੰਗ ੭੪੯)*

## ਮਨ ਬਚ ਕ੍ਰਮ; ਪ੍ਰਭੁ ਅਪਨਾ ਧਿਆਈ ॥
## ਨਾਨਕ ਦਾਸ; ਤੇਰੀ ਸਰਣਾਈ ॥੪॥੧੦੨॥੧੭੧॥

ਹੇ ਭਾਈ ! ਮਨ = ਚਿਤ ਕਰਕੇ ਬਚ = ਬਾਣੀ ਕਰਕੇ, ਕ੍ਰਮ = ਕਰਮਾਂ (ਸਰੀਰ) ਕਰਕੇ ਅਪਨਾ = ਆਪਣੇ ਪ੍ਰਭ = ਪਰਮੇਸ਼ਰ ਨੂੰ ਧਿਆਈ = ਧਿਆਉਣਾ ਕਰੋ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਦਾਸ = ਦਾਸਾ ਭਾਵ ਧਾਰ ਕੇ ਬੇਨਤੀ ਕਰੋ ਕਿ ਹੇ ਮਹਾਰਾਜ ਅਸੀਂ ਤੇਰੀ = ਤੁਹਾਡੀ ਸਰਣਾਈ = ਸ਼ਰਣ ਵਿਚ ਆਏ ਹਾਂ ॥੪॥੧੦੨॥੧੭੧॥

## ਗਉੜੀ, ਮਹਲਾ ੫ ॥

**ਉਥਾਨਕਾ :** ਜਿਸ ਵੇਲੇ ਬਾਲ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਛੋਟੀ ਉਮਰੇ ਸੀਤਲਾ[੧] ਨਾਮ ਦਾ ਰੋਗ ਹੋਇਆ ਸੀ, ਉਸ ਵਖਤ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਤਿਨਾਮ ਵਾਹਿਗੁਰੂ ਦਾ ਸਿਮਰਨ ਕਰ ਕੇ ਤੇ ਸਤਿਗੁਰਾਂ ਦੇ ਸਰੀਰ 'ਤੇ ਹੱਥ ਫੇਰ ਕੇ ਸਤਿਗੁਰਾਂ ਦਾ ਤਾਪ ਵੀ ਲਾਹ ਦਿੱਤਾ ਤੇ ਸੀਤਲਾ ਦਾ ਰੋਗ ਵੀ ਮੇਟ ਦਿੱਤਾ ਸੀ। ਚਿਹਰੇ 'ਤੇ ਜ਼ਖ਼ਮ ਹੋਣ ਕਾਰਨ ਅੱਖਾਂ ਬੰਦ ਹੋ ਗਈਆਂ ਸਨ। ਸਿੱਖਾਂ ਨੇ ਸਤਿਗੁਰਾਂ ਤੋਂ ਬੇਨਤੀ ਕਰ ਕੇ ਪੁੱਛਿਆ ਕਿ ਮਹਾਰਾਜ ਹੁਣ ਸਾਹਿਬਜ਼ਾਦੇ ਦੀਆਂ ਅੱਖਾਂ ਕਾਇਮ ਹਨ, ਖੁੱਲ੍ਹ ਗਈਆਂ ਹਨ। ਉਸ ਵੇਲੇ ਸਤਿਗੁਰਾਂ ਨੇ ਇਹ ਬਚਨ ਕੀਤੇ :

## ਨੇਤ੍ਰ ਪ੍ਰਗਾਸੁ ਕੀਆ; ਗੁਰਦੇਵ ॥
## ਭਰਮ ਗਏ; ਪੂਰਨ ਭਈ ਸੇਵ ॥੧॥ਰਹਾਉ॥

ਹੇ ਭਾਈ ! ਸਾਡੇ ਗੁਰਦੇਵ = ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਾਹਿਬਜ਼ਾਦੇ ਦੇ ਨੇਤ੍ਰ = ਅੱਖਾਂ ਨੂੰ ਪ੍ਰਗਾਸ = ਪ੍ਰਕਾਸ਼ ਦੇ ਸਹਿਤ ਕੀਆ = ਕੀਤਾ ਹੈ। ਪਹਿਲਾਂ ਭਰਮ ਸੀ ਕਿ ਸਾਹਿਬਜ਼ਾਦੇ ਦਾ ਕੋਈ ਅੰਗ ਨਾ ਮਾਰਿਆ ਜਾਵੇ, ਉਹ ਸਾਰੇ ਭਰਮ = ਸ਼ੰਕੇ ਗਏ = ਚਲੇ ਗਏ ਅਤੇ ਸੇਵ = ਟਹਿਲ ਵੀ ਪੂਰਨ = ਪੂਰੀ ਭਈ = ਹੋ ਗਈ ਹੈ **ਅਥਵਾ** ਜੋ ਸਾਰਿਆਂ ਦਾ ਨੇਤ੍ਰ = ਦ੍ਰਿਸ਼ਟਾ ਰੂਪ ਬ੍ਰਹਮ ਹੈ, ਉਸ ਦਾ ਗੁਰਦੇਵ = ਸਤਿਗੁਰੂ ਸਾਹਿਬ ਜੀ ਨੇ ਅਧਿਕਾਰੀਆਂ ਦੇ ਹਿਰਦੇ ਵਿਚ ਪ੍ਰਗਾਸੁ = ਪ੍ਰਕਾਸ਼ ਕੀਆ = ਕਰ ਦਿੱਤਾ ਹੈ। ਅਤੇ ਪੰਜ ਪ੍ਰਕਾਰ ਦੇ ਸਾਰੇ ਭਰਮ = ਸ਼ੰਕੇ ਗਏ = ਨਵਿਰਤ ਹੋ ਗਏ ਹਨ, ਉਨ੍ਹਾਂ ਅਧਿਕਾਰੀ ਜਨਾਂ ਨੇ ਜੋ ਸਤਿਗੁਰਾਂ ਦੀ ਸੇਵ = ਸੇਵਾ ਟਹਿਲ ਕੀਤੀ ਸੀ, ਉਹ ਵੀ ਸਭ ਪੂਰਨ = ਪੂਰੀ ਹੋ ਗਈ ਹੈ ॥੧॥ਰਹਾਉ॥

## ਸੀਤਲਾ ਤੇ; ਰਖਿਆ ਬਿਹਾਰੀ ॥

ਜੋ ਸਾਰੇ ਹੀ ਬਿਹਾਰੀ = ਵਿਹਾਰਾਂ ਨੂੰ ਚਲਾਉਣ ਵਾਲਾ ਕਰਤਾਰ, ਪਰਮੇਸ਼ਰ ਹੈ, ਉਸ ਨੇ ਸਾਹਿਬਜ਼ਾਦੇ ਨੂੰ ਸੀਤਲਾ = ਚੇਚਕ ਦੀ ਬਿਮਾਰੀ ਤੇ = ਤੋਂ ਰਖਿਆ = ਰੱਖ ਲੈਣਾ ਕੀਤਾ ਹੈ **ਅਥਵਾ** ਏਸੇ ਪ੍ਰਕਾਰ ਜੋ ਅਧਿਕਾਰੀਆਂ ਦੀ ਸੀਤਲਾ ਦੀ ਨਿਆਈਂ ਜੜ੍ਹਤਾ ਬਿਰਤੀ ਹੈ, ਭਾਵ ਪਰਮਾਰਥ ਵੱਲ ਉਤਸ਼ਾਹ ਨਾਲ ਬਿਰਤੀ

---

੧. ਸੀਤਲਾ ਬਾਰੇ ਇਹ ਸਮਝਣ ਦੀ ਲੋੜ ਹੈ ਜੋ ਇਕ ਚਮੜੀ ਦਾ ਰੋਗ ਹੈ, ਜਿਸ ਨੂੰ ਲੋਕਾਂ ਨੇ ਇਕ ਦੈਵੀ ਰੂਪ ਕਰਕੇ ਇਸ ਤੋਂ ਛੁਟਕਾਰਾ ਪਾਉਣ ਲਈ ਪੂਜਾ ਕਰਨੀ ਆਰੰਭੀ ਹੋਈ ਹੈ ਕਿ ਜਿਸ ਪੂਜਾ ਤੋਂ ਪ੍ਰਸੰਨ ਹੋ ਕੇ ਇਹ ਦੇਵੀ ਰੋਗੀ ਨੂੰ ਦੁੱਖ ਤੋਂ ਛੁਟਕਾਰਾ ਦੇ ਦੇਵੇ।

ਸਤਿਗੁਰਾਂ ਜੀ ਨੇ ਲੋਕਾਂ ਵਿੱਚੋਂ ਉਹ ਭਰਮ ਕੱਢਣ ਵਾਸਤੇ ਆਪਣੇ ਸਾਹਿਬਜਾਦੇ ਤੇ ਇਸ ਬਿਮਾਰੀ ਦਾ ਕੌਤਕ ਕਰਕੇ ਕਲਪਿਤ ਪੂਜਾ ਵੱਲੋਂ ਵਿਵਰਜਤ ਕਰਕੇ ਹਰ ਦੁੱਖ ਸੁੱਖ ਵਿਚ ਪਰਮੇਸ਼ਰ ਦੇ ਚਿੰਤਨ ਦਾ ਭਾਵ ਪ੍ਰਗਟ ਕੀਤਾ ਹੈ।

ਦਾ ਨਾ ਚੱਲਣਾ, ਇਸ ਨੂੰ ਮੇਟ ਕਰ ਕੇ ਪਰਮੇਸ਼ਰ ਨੇ ਉਨ੍ਹਾਂ ਦੀ ਰੱਖਿਆ ਕੀਤੀ ਹੈ **ਵਾ:** ਬਿ = ਦ੍ਵੈਤ ਨੂੰ ਹਾਰੀ = ਹਾਰਤਾ ਦੇ (ਮੇਟ) ਕੇ ਰੱਖਿਆ ਕੀਤੀ ਹੈ।

## ਪਾਰਬ੍ਰਹਮ ਪ੍ਰਭ; ਕਿਰਪਾ ਧਾਰੀ ॥੧॥

ਪਾਰਬ੍ਰਹਮ = ਪ੍ਰਕ੍ਰਿਤੀ ਤੋਂ ਪਰੇ ਬ੍ਰਹਮ = ਵਿਆਪਕ ਸਰੂਪ ਪ੍ਰਭ = ਪਰਮੇਸ਼ਰ ਨੇ ਕਿਰਪਾ = ਦਇਆ ਦ੍ਰਿਸ਼ਟੀ ਧਾਰੀ = ਧਾਰਨਾ ਕੀਤੀ ਹੈ ॥੧॥

## ਨਾਨਕ ਨਾਮੁ ਜਪੈ; ਸੋ ਜੀਵੈ ॥ ਸਾਧਸੰਗਿ; ਹਰਿ ਅੰਮ੍ਰਿਤੁ ਪੀਵੈ ॥੨॥੧੦੩॥੧੭੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਹੜਾ ਵਾਹਿਗੁਰੂ ਦੇ ਨਾਮ ਨੂੰ ਜਪੈ = ਜਪਦਾ ਹੈ, ਸੋ = ਉਹੋ ਹੀ ਆਤਮਿਕ ਜੀਵਨ ਕਰਕੇ ਜੀਵੈ = ਜਿਊਂਦਾ ਹੈ। ਇਸ ਲਈ ਸਾਧਸੰਗਿ = ਸ੍ਰੇਸ਼ਟ ਗੁਰਾਂ ਦੀ ਸੰਗਤ ਵਿੱਚੋਂ ਹਰਿ = ਪਰਮੇਸ਼ਰ ਦੇ ਨਾਮ ਅੰਮ੍ਰਿਤ ਨੂੰ ਪੀਵੈ = ਪੀਣਾ ਕਰੋ ॥੨॥੧੦੩॥੧੭੨॥

## ਗਉੜੀ, ਮਹਲਾ ੫ ॥

## ਧਨੁ ਓਹੁ ਮਸਤਕੁ; ਧਨੁ ਤੇਰੇ ਨੇਤ ॥
## ਧਨੁ ਓਇ ਭਗਤ; ਜਿਨ ਤੁਮ ਸੰਗਿ ਹੇਤ ॥੧॥

ਹੇ ਪਰਮੇਸ਼ਰ! ਓਹੁ = ਉਹ ਮਸਤਕੁ = ਮੱਥਾ ਧਨੁ = ਧੰਨਤਾ ਦੇ ਜੋਗ ਹੈ ਜੋ ਤੇਰੇ ਚਰਨਾਂ ਵਿਚ ਝੁਕਦਾ ਹੈ ਅਤੇ ਉਹ ਨੇਤ = ਨੇਤ੍ਰ ਵੀ ਧਨੁ = ਧੰਨਤਾ ਦੇ ਜੋਗ ਹਨ, ਜੋ ਤੇਰੇ ਦਰਸ਼ਨ ਕਰਦੇ ਹਨ **ਵਾ:** ਉਹ ਪ੍ਰੋਖ, ਅਪ੍ਰੋਖ, ਗਿਆਨ ਰੂਪੀ ਨੇਤ੍ਰ, ਬਿਬੇਕ, ਬੈਰਾਗ ਰੂਪੀ ਨੇਤ੍ਰ ਧੰਨ ਹਨ ਜਿਨ੍ਹਾਂ ਨਾਲ ਤੇਰੇ ਦਰਸ਼ਨ ਹੁੰਦੇ ਹਨ। ਹੇ ਮਹਾਰਾਜ! ਤੇਰੇ ਓਇ = ਉਹ ਭਗਤ = ਸੇਵਕ ਧਨੁ = ਧੰਨਤਾਂ ਦੇ ਯੋਗ ਹਨ, ਜਿਨ = ਜਿਨ੍ਹਾਂ ਦਾ ਤੁਮ = ਤੁਹਾਡੇ ਸੰਗਿ = ਨਾਲ ਹੇਤ = ਪ੍ਰੇਮ ਹੈ ॥੧॥

## ਨਾਮ ਬਿਨਾ; ਕੈਸੇ ਸੁਖੁ ਲਹੀਐ ॥ ਰਸਨਾ; ਰਾਮ ਨਾਮ ਜਸੁ ਕਹੀਐ ॥੧॥ਰਹਾਉ॥

ਹੇ ਭਾਈ! ਪਰਮੇਸ਼ਰ ਦੇ ਨਾਮ ਤੋਂ ਬਿਨਾ = ਬਗ਼ੈਰ ਕੈਸੇ = ਕਿਸ ਪ੍ਰਕਾਰ ਸੁਖੁ = ਅਨੰਦ ਨੂੰ ਲਹੀਐ = ਪ੍ਰਾਪਤ ਕਰੀਏ, ਭਾਵ ਹੋਰ ਕਿਸੇ ਯਤਨ ਕਰਕੇ ਸੁਖ ਨਹੀਂ ਪ੍ਰਾਪਤ ਹੋਵੇਗਾ। ਇਸ ਕਰ ਕੇ ਰਸਨਾ = ਜਿਹਵਾ ਨਾਲ ਰਾਮ = ਪਰਮੇਸ਼ਰ ਦੇ ਨਾਮ ਨੂੰ ਉਚਾਰਨ ਕਰੀਏ ਅਤੇ ਉਸ ਦੀ ਜਸੁ = ਵਡਿਆਈ ਨੂੰ ਕਹੀਐ = ਕਹਿਣਾ ਕਰੀਏ ॥੧॥ਰਹਾਉ॥

## ਤਿਨ ਊਪਰਿ; ਜਾਈਐ ਕੁਰਬਾਣੁ ॥
## ਨਾਨਕ; ਜਿਨਿ ਜਪਿਆ ਨਿਰਬਾਣੁ ॥੨॥੧੦੪॥੧੭੩॥

ਹੇ ਭਾਈ! ਤਿਨ = ਤਿਨ੍ਹਾਂ ਗੁਰਮੁਖਾਂ ਦੇ ਊਪਰਿ = ਉੱਪਰੋਂ ਕੁਰਬਾਣੁ = ਬਲਿਹਾਰ ਜਾਈਐ = ਜਾਣਾ ਕਰੀਏ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨਿ = ਜਿਨ੍ਹਾਂ ਨੇ ਨਿਰਬਾਣੁ = ਬੰਧਨਾਂ ਤੋਂ ਰਹਿਤ **ਵਾ:** ਬਾਣੁ = ਆਦਤਾਂ ਤੋਂ ਰਹਿਤ ਪਰਮੇਸ਼ਰ ਨੂੰ ਜਪਿਆ = ਜਪਣਾ ਕੀਤਾ ਹੈ ॥੨॥੧੦੪॥੧੭੩॥

## ਗਉੜੀ, ਮਹਲਾ ੫ ॥

## ਤੂੰਹੈ ਮਸਲਤਿ; ਤੂੰਹੈ ਨਾਲਿ ॥ ਤੂਹੈ ਰਾਖਹਿ; ਸਾਰਿ ਸਮਾਲਿ ॥੧॥

ਹੇ ਵਾਹਿਗੁਰੂ! ਆਪਣੇ ਭਗਤ ਜਨਾਂ ਨੂੰ ਤੂੰਹੈ = ਤੂੰ ਹੀ ਮਸਲਤਿ = ਨੇਕ ਸਾਲਾਹ ਦੇਣ ਵਾਲਾ,

ਸਲਾਹਕਾਰ ਮੰਤਰੀ ਹੈਂ ਅਤੇ ਤੂੰਹੈ = ਤੂੰ ਹੀ ਚੇਤਨ, ਵਿਆਪਕ ਸਰੂਪ ਵਿਚ ਸਾਰਿਆਂ ਦੇ ਜੀਵਾਂ ਦੇ ਨਾਲਿ = ਸੰਗ ਰਹਿੰਦਾ ਹੈਂ।

ਤੂਹੈ = ਤੂੰ ਹੀ ਸਾਰਿਆਂ ਦੀ ਸਾਰਿ = ਖ਼ਬਰ ਲੈਂਦਾ ਹੈਂ ਅਤੇ ਪਾਲਣਾ ਕਰਨ ਰੂਪ ਸਮਾਲਿ = ਸੰਭਾਲ ਕੇ ਰਾਖਹਿ = ਰੱਖਦਾ ਹੈਂ ॥੧॥

**ਐਸਾ ਰਾਮੁ; ਦੀਨ ਦੁਨੀ ਸਹਾਈ ॥ ਦਾਸ ਕੀ ਪੈਜ ਰਖੈ; ਮੇਰੇ ਭਾਈ ॥੧॥ਰਹਾਉ॥**

ਹੇ ਭਾਈ ! ਐਸਾ = ਅਜਿਹਾ ਪਰਮੇਸ਼ਰ ਦੀਨ = ਪਰਲੋਕ ਅਤੇ ਦੁਨੀ = ਇਸ ਲੋਕ ਵਿਚ **ਵਾ:** ਦੀਨ ਦੁਨੀ = ਧਰਮ ਅਤੇ ਸੰਸਾਰ, ਮਜ਼ਹਬ ਅਤੇ ਲੋਕ, ਵਿਹਾਰ ਤੇ ਪਰਮਾਰਥ ਵਿਚ ਸਹਾਈ = ਸਹਾਇਤਾ ਕਰਨ ਵਾਲਾ ਹੈ।

ਹੇ ਮੇਰੈ = ਮੇਰੇ ਭਾਈ = ਭਰਾਵੋ ! ਉਹ ਪਰਮੇਸ਼ਰ ਦਾਸ = ਸੇਵਕਾਂ ਕੀ = ਦੀ ਪੈਜ = ਇੱਜ਼ਤ, ਪ੍ਰਤਗਿਆ ਰਖੈ = ਰੱਖਦਾ ਹੈ ॥੧॥ਰਹਾਉ॥

**ਆਗੈ ਆਪਿ; ਇਹੁ ਥਾਨੁ ਵਸਿ ਜਾ ਕੈ ॥**
**ਆਠ ਪਹਰ; ਮਨੁ ਹਰਿ ਕਉ ਜਾਪੈ ॥੨॥**

ਇਹੁ = ਇਹ ਜੋ ਸੰਸਾਰ ਰੂਪੀ ਥਾਨੁ = ਥਾਂ ਜਾ = ਜਿਸ ਵਾਹਿਗੁਰੂ ਕੈ = ਦੇ ਵਸਿ = ਅਧੀਨ ਹੈ ਅਤੇ ਆਗੈ = ਅੱਗੇ ਪਰਲੋਕ ਵਿਚ ਵੀ ਉਹ ਵਾਹਿਗੁਰੂ ਆਪਿ = ਆਪ ਹੀ ਹੈ। ਹੇ ਮਨ = ਮਨਾਂ ! ਉਸ ਹਰਿ = ਅਕਾਲ ਪੁਰਖ ਵਾਹਿਗੁਰੂ ਕਉ = ਨੂੰ ਆਠ ਪਹਰ = ਅੱਠੇ ਪਹਿਰ ਭਾਵ ਰਾਤ ਦਿਨ ਜਾਪੈ = ਜਪਣਾ ਕਰ ॥੨॥

**ਪਤਿ ਪਰਵਾਣੁ; ਸਚੁ ਨੀਸਾਣੁ ॥ ਜਾ ਕਉ; ਆਪਿ ਕਰਹਿ ਫੁਰਮਾਨੁ ॥੩॥**

ਉਨ੍ਹਾਂ ਦੀ ਇਸ ਲੋਕ ਵਿਚ ਪਤਿ = ਇੱਜ਼ਤ ਵੀ ਪਰਵਾਣੁ = ਪ੍ਰਮਾਣਨੀਕ ਹੈ ਅਤੇ ਪਰਲੋਕ ਵਿਚ ਵੀ ਉਨ੍ਹਾਂ ਕੋਲ ਸਚੁ = ਸੱਚੇ ਨਾਮ ਦਾ ਨੀਸਾਣੁ = ਝੰਡਾ, ਪ੍ਰਵਾਨਾ ਹੈ। ਜਾ = ਜਿਨ੍ਹਾਂ ਕਉ = ਨੂੰ ਵਾਹਿਗੁਰੂ ਆਪਿ = ਆਪ ਫੁਰਮਾਨੁ = ਆਗਿਆ ਕਰਹਿ = ਕਰਦਾ ਹੈ ॥੩॥

**ਆਪੇ ਦਾਤਾ; ਆਪਿ ਪ੍ਰਤਿਪਾਲਿ ॥**
**ਨਿਤ ਨਿਤ ਨਾਨਕ; ਰਾਮ ਨਾਮੁ ਸਮਾਲਿ ॥੪॥੧੦੫॥੧੭੪॥**

ਉਹ ਆਪੇ = ਆਪ ਹੀ ਸਤਿਗੁਰੂ ਰੂਪ ਹੋ ਕੇ ਨਾਮ ਦਾ ਦਾਤਾ = ਦਾਨ ਦੇਣ ਵਾਲਾ ਹੈ ਅਤੇ ਆਪਿ = ਆਪ ਹੀ ਈਸ਼ਰ ਰੂਪ ਹੋ ਕੇ ਸਾਰਿਆਂ ਦੇ ਤਾਈਂ ਪ੍ਰਤਿਪਾਲਿ = ਪਾਲਣਾ ਕਰਨ ਵਾਲਾ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਲਈ ਹੇ ਭਾਈ ਨਿਤ ਨਿਤ = ਹਰ ਰੋਜ਼, ਨਿਤਾਪ੍ਰਤੀ ਗੁਰਾਂ ਦੁਆਰਾ ਰਾਮ = ਪਰਮੇਸ਼ਰ ਦੇ ਨਾਮ ਨੂੰ ਸਮਾਲਿ = ਸੰਭਾਲਣਾ ਕਰੋ ॥੪॥੧੦੫॥੧੭੪॥

**ਗਉੜੀ, ਮਹਲਾ ੫ ॥**
**ਸਤਿਗੁਰੁ ਪੂਰਾ; ਭਇਆ ਕ੍ਰਿਪਾਲੁ ॥ ਹਿਰਦੈ ਵਸਿਆ; ਸਦਾ ਗੁਪਾਲੁ ॥੧॥**

ਜਿਨ੍ਹਾਂ ਉਪਰ ਪੂਰਾ = ਪੂਰਨ ਸਤਿਗੁਰੁ = ਸਤਿਗੁਰੂ ਸਾਹਿਬ ਜੀ ਕ੍ਰਿਪਾਲੁ = ਕਿਰਪਾਲੂ ਭਇਆ = ਹੋਇਆ ਹੈ। ਉਨ੍ਹਾਂ ਦੇ ਹਿਰਦੈ = ਅੰਤਸ਼ਕਰਣ ਵਿਚ ਸਦਾ = ਹਮੇਸ਼ਾਂ ਵਾਸਤੇ ਗੁਪਾਲੁ = ਪ੍ਰਿਥਵੀ ਦਾ ਪਾਲਕ ਪਰਮੇਸ਼ਰ ਵਸਿਆ = ਵੱਸ ਗਿਆ ਹੈ ॥੧॥

[ਅੰਗ ੨੦੧]

## ਰਾਮੁ ਰਵਤ; ਸਦ ਹੀ ਸੁਖੁ ਪਾਇਆ ॥ ਮਇਆ ਕਰੀ; ਪੂਰਨ ਹਰਿ ਰਾਇਆ ॥੧॥ਰਹਾਉ॥

ਉਨ੍ਹਾਂ ਰਾਮੁ = ਪਰਮੇਸ਼ਰ ਨੂੰ ਰਵਤ =ਉਚਾਰਦਿਆਂ ਹੋਇਆਂ ਨੇ ਸਦ ਹੀ = ਸਦਾ ਵਾਸਤੇ ਹੀ ਸੁਖੁ = ਆਤਮ ਸੁਖ ਨੂੰ ਪਾਇਆ = ਪਾਉਣਾ ਕੀਤਾ ਹੈ।ਕਿਉਂਕਿ ਉਨ੍ਹਾਂ ਉੱਪਰ ਰਾਇਆ = ਰਾਜਾ ਰੂਪ ਪੂਰਨ = ਵਿਆਪਕ ਹਰਿ = ਪਰਮੇਸ਼ਰ ਨੇ ਮਇਆ = ਕ੍ਰਿਪਾ ਦ੍ਰਿਸ਼ਟੀ ਕਰੀ = ਕਰ ਦਿੱਤੀ ਹੈ ॥੧॥ਰਹਾਉ॥

## ਕਹੁ ਨਾਨਕ; ਜਾ ਕੇ ਪੂਰੇ ਭਾਗ ॥ ਹਰਿ ਹਰਿ ਨਾਮੁ; ਅਸਥਿਰੁ ਸੋਹਾਗੁ ॥੨॥੧੦੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਾ = ਜਿਨ੍ਹਾਂ ਕੇ = ਦੇ ਪੂਰੈ = ਪੂਰਨ ਭਾਗ = ਕਰਮ ਹਨ, ਪੂਰੇ ਭਾਗ ਹਨ। ਉਨ੍ਹਾਂ ਨੂੰ ਹਰਿ = ਹਰੀ ਹਰਿ = ਵਾਹਿਗੁਰੂ ਦਾ ਨਾਮ ਜਪਣੇ ਕਰ ਕੇ ਅਸਥਿਰੁ = ਇਸਥਿਤ ਰੂਪ ਸੋਹਾਗੁ = ਅਨੰਦ ਪ੍ਰਾਪਤ ਹੋਇਆ ਹੈ **ਵਾ:** ਸੋਹਾਗੁ = ਪਤੀ ਪਰਮੇਸ਼ਰ ਪ੍ਰਾਪਤ ਹੋਇਆ ਹੈ ॥੨॥੧੦੬॥

## ਗਉੜੀ, ਮਹਲਾ ੫ ॥

**ਉਥਾਨਕਾ :** ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਆਪਣੇ ਸਾਹਿਬਜ਼ਾਦੇ ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਵਿਆਹੁਣ ਲਈ ਡੱਲੇ ਨਗਰ ਵਿਖੇ ਗਏ, ਉਥੇ ਭਾਈ ਨਾਰਇਣ ਦਾਸ ਦੀ ਸਪੁੱਤਰੀ (ਮਾਤਾ) ਦਮੋਦਰੀ ਜੀ ਨਾਲ (ਸਤਿਗੁਰੂ) ਹਰਿਗੋਬਿੰਦ ਸਾਹਿਬ ਜੀ ਦਾ ਵਿਆਹ ਹੋਇਆ। ਉਸ ਸਮੇਂ ਉਥੇ ਇਕ ਕੁਦੂ ਨਾਮੇ ਬ੍ਰਾਹਮਣ ਆਇਆ, ਇਸ ਨੂੰ ਕੁਦਰੂ, ਕਦਰੂ ਵੀ ਕਿਹਾ ਜਾਂਦਾ ਹੈ, ਇਹ ਜਿਥੇ ਵੀ ਕਿਸੇ ਦਾ ਵਿਆਹ ਹੁੰਦਾ, ਉਥੇ ਹੀ ਜਾ ਕੇ ਨੱਚਦਾ ਤੇ ਆਪਣੇ ਕਹੇ ਅਨੁਸਾਰ ਜਬਰੀ ਉਨ੍ਹਾਂ ਤੋਂ ਪੈਸੇ ਲੈਂਦਾ ਸੀ। ਜੇਕਰ ਕੋਈ ਪੈਸੇ ਨਾ ਦਿੰਦਾ ਤਾਂ ਉਹ ਛੁਰੀ ਕੱਢ ਕੇ ਕਿਹਾ ਕਰੇ ਕਿ ਮੈਂ ਛੁਰੀ ਮਾਰ ਕੇ ਮਰ ਜਾਵਾਂਗਾ ਤੇ ਤੁਹਾਨੂੰ ਬ੍ਰਾਹਮਣ ਹੱਤਿਆ ਲੱਗੇਗੀ, ਲੋਕ ਡਰਦੇ ਹੋਏ ਇਸ ਨੂੰ ਪੈਸੇ ਦੇ ਦਿਆ ਕਰਨ।

ਇਸ ਨੇ ਸਤਿਗੁਰੂ ਅਰਜਨ ਦੇਵ ਜੀ ਦੇ ਕੋਲ ਆ ਕੇ ਕਿਹਾ ਕਿ ਮਹਾਰਾਜ ਸਾਹਿਬਜ਼ਾਦੇ ਦਾ ਵਿਵਾਹ ਕੀਤਾ ਹੈ ਕਿ ਇਸ ਕਰਕੇ ਮੈਨੂੰ ਸੌ ਰੁਪਏ ਦਿਓ। ਸਤਿਗੁਰਾਂ ਨੇ ਖ਼ਜ਼ਾਨਚੀ ਭਾਈ ਸਾਲ੍ਹੋ ਜੀ ਤੋਂ ਸੌ ਰੁਪਏ ਦਿਵਾ ਦਿੱਤੇ, ਫਿਰ ਕਹਿਣ ਲੱਗਾ—ਨਹੀਂ ਮਹਾਰਾਜ ਮੈਨੂੰ ਪੰਜ ਸੌ ਰੁਪਏ ਦਿਓ।

ਗੁਰੂ ਜੀ ਨੇ ਪੰਜ ਸੌ ਰੁਪਏ ਵੀ ਦਿਵਾ ਦਿੱਤਾ। ਫਿਰ ਕਹਿੰਦਾ—ਨਹੀਂ ਜੀ ਮੈਨੂੰ ਤਾਂ ਹਜ਼ਾਰ ਰੁਪਏ ਦਿਓ। ਤਾਂ ਮਹਾਰਾਜ ਕਹਿਣ ਲੱਗੇ ਕਿ "ਤੈਨੂੰ ਸੰਤੋਖ ਨਹੀਂ ਹੈ, ਤੂੰ ਤਾਂ ਬੜਾ ਲਾਲਚੀ ਪੁਰਖ ਹੈ, ਅਸੀਂ ਹੋਰ ਰੁਪਏ ਨਹੀਂ ਦੇਣੇ" ਇਹ ਸੁਣ ਕੇ ਬ੍ਰਾਹਮਣ ਕਹਿਣ ਲੱਗਾ ਕਿ ਮੈਂ ਛੁਰੀ ਮਾਰ ਕੇ ਮਰ ਜਾਵਾਂਗਾ ਤੇ ਤੁਹਾਨੂੰ ਬ੍ਰਹਮ ਹੱਤਿਆ ਲੱਗੇਗੀ। ਸਤਿਗੁਰੂ ਨੇ ਕਿਹਾ ਕਿ ਭਾਈ ਪਹਿਲਾਂ ਭੋਜਨ ਛਕ ਲੈ, ਫਿਰ ਗੱਲ ਕਰਦੇ ਹਾਂ, ਜਦੋਂ ਇਹ ਭੋਜਨ ਛਕਣ ਲੱਗਾ ਤਾਂ ਧੋਤੀ ਦੀ ਮਰੋੜੀ ਖੋਲ੍ਹ ਕੇ ਆਸਣ ਵਿਛਾ ਕੇ ਬੈਠ ਗਿਆ ਤੇ ਬਹੁਤ ਰੱਜ ਕੇ ਭੋਜਨ ਖਾਧਾ ਤੇ ਉੱਠਣ ਜੋਗਾ ਨਾ ਰਿਹਾ, ਤਦ ਇਸ ਨੂੰ ਉਪਦੇਸ਼ ਦੇਣ ਲਈ ਸਤਿਗੁਰਾਂ ਨੇ ਇਹ ਪਾਵਨ ਸ਼ਬਦ ਉਚਾਰਨ ਕੀਤਾ।

## ਧੋਤੀ ਖੋਲਿ; ਵਿਛਾਏ ਹੇਠਿ ॥ ਗਰਧਪ ਵਾਂਗੂ; ਲਾਹੇ ਪੇਟਿ ॥੧॥

ਹੇ ਭਾਈ ! ਤੂੰ ਧੋਤੀ = ਤੇੜ ਦੀ ਚਾਦਰ ਨੂੰ ਲੱਕ ਨਾਲੋਂ ਖੋਲਿ = ਖੋਲ੍ਹ ਕੇ ਹੇਠਿ = ਹੇਠਾਂ ਵਿਛਾਏ = ਵਿਛਾ

ਕੇ ਉੱਪਰ ਬੈਠਾ ਹੈਂ। ਗਰਧਪ = ਗਧੇ ਦੀ ਵਾਂਗੂ = ਤਰ੍ਹਾਂ ਅਲੱਗ ਅਲੱਗ ਪਕਵਾਨਾਂ ਨੂੰ ਪੇਟਿ = ਢਿੱਡ ਵਿਚ ਲਾਹੇ = ਲਾਹੀ ਜਾਂਦਾ ਹੈ, ਭਾਵ ਢਿੱਡ ਭਰੀ ਜਾਂਦਾ ਹੈ।

**ਅਥਵਾ** ਧੋਤੀ = ਮੇਦਾ ਸਾਫ਼ ਕਰਨ ਵਾਲੀ ਲੀਰ ਲੈ ਕੇ ਆਪਣੀਆਂ ਆਂਦਰਾਂ ਨੂੰ ਢਿੱਲੀ ਆਦਿਕ ਕਰਦਾ ਹੈਂ ਤੇ ਹੇਠਾਂ ਉੱਨੀ ਆਸਣ ਆਦਿ ਵਿਛਾਏ = ਵਿਛਾ ਕਰ ਕੇ ਪੂਜਾ ਆਦਿ ਦੀ ਕਿਰਿਆ ਕਰਦਾ ਹੈਂ ਅਤੇ ਗਰਧਪ = ਗਧੇ ਵਾਂਗੂ = ਵਾਂਗਰਾਂ ਖ਼ੁਰਾਕ ਨੂੰ ਪੇਟਿ = ਢਿੱਡ ਵਿਚ ਲਾਹੇ = ਲਾਹੀ ਜਾਂਦਾ ਹੈਂ ॥੧॥

## ਬਿਨੁ ਕਰਤੂਤੀ; ਮੁਕਤਿ ਨ ਪਾਈਐ ॥
## ਮੁਕਤਿ ਪਦਾਰਥੁ; ਨਾਮੁ ਧਿਆਈਐ ॥੧॥ਰਹਾਉ॥

ਭਾਉ-ਭਗਤੀ, ਸ਼ਰਧਾ, ਨਿਸ਼ਕਾਮ ਕਰਮਾਂ ਰੂਪੀ ਕਰਤੂਤੀ = ਕਰਣੀ ਤੋਂ ਬਿਨੁ = ਬਿਨਾਂ ਮੁਕਤਿ = ਮੁਕਤੀ ਨ = ਨਹੀਂ ਪਾਈਐ = ਪਾਈਦੀ, ਪ੍ਰਾਪਤ ਕਰੀਦੀ। ਮੁਕਤਿ = ਮੁਕਤੀ ਰੂਪੀ ਪਦਾਰਥੁ = ਵਸਤੂ ਪਰਮੇਸ਼ਰ ਦਾ ਨਾਮ ਧਿਆਈਐ = ਧਿਆਉਣ ਕਰਕੇ ਪ੍ਰਾਪਤ ਹੁੰਦੀ ਹੈ **ਵਾ:** ਮੁਕਤੀ ਰੂਪੀ ਪਦਾਰਥ ਤਾਂ ਹੀ ਮਿਲਦਾ ਹੈ ਜੇਕਰ ਵਾਹਿਗੁਰੂ ਦੇ ਨਾਮ ਨੂੰ ਧਿਆਈਐ = ਧਿਆਉਣਾ ਕਰੀਏ ॥੧॥ਰਹਾਉ॥

## ਪੂਜਾ ਤਿਲਕ; ਕਰਤ ਇਸਨਾਨਾਂ ॥
## ਛੁਰੀ ਕਾਢਿ; ਲੇਵੈ ਹਥਿ ਦਾਨਾ ॥੨॥

ਹੇ ਭਾਈ! ਤੂੰ ਠਾਕੁਰਾਂ ਦਾ ਪੂਜਾ = ਪੂਜਣ ਵੀ ਕਰਦਾ ਹੈਂ, ਮੱਥੇ, ਗਰਦਨ, ਛਾਤੀ ਆਦਿ 'ਤੇ ਬਾਰਾਂ ਤਿਲਕ = ਟਿੱਕੇ ਵੀ ਲਗਾਉਂਦਾ ਹੈਂ ਅਤੇ ਗੰਗਾ ਆਦਿ 'ਤੇ ਜਾ ਕੇ ਇਸਨਾਨਾਂ = ਨਹਾਉਣਾ ਵੀ ਕਰਤ = ਕਰਦਾ ਹੈਂ **ਵਾ:** ਠਾਕਰਾਂ ਦਾ ਇਸ਼ਨਾਨ ਕਰਵਾ ਕੇ ਤਿਲਕ ਲਗਾਉਂਦਾ ਹੈਂ ਅਤੇ ਪੂਜਾ ਕਰਦਾ ਹੈਂ। ਫਿਰ ਛੁਰੀ = ਕਰਦ ਕਾਢਿ = ਕੱਢ ਕੇ ਲੋਕਾਂ ਕੋਲੋਂ ਹਥਿ = ਹੱਥ ਵਿਚ ਦਾਨਾ = ਦਾਨ ਲੇਵੈ = ਲੈਣਾ ਕਰਦਾ ਹੈਂ **ਵਾ:** ਲੋਕਾਂ ਕੋਲੋਂ ਦਾਨਾ = ਦਾਨ ਲੈਣ ਵਾਸਤੇ ਰਾਹੂ ਕੇਤੂ ਆਦਿ ਦੱਸਣ ਲਈ ਹੱਥ ਵਿੱਚੋਂ ਛੁਰੀ ਭਾਵ ਪੱਤਰੀ ਕਾਢਿ = ਕੱਢ ਲੈਂਦਾ ਹੈਂ ॥੨॥ ਜੈਸਾ ਕਿ :

**ਰਾਹੂ ਕੇਤੂ ਦੋ ਬੈਲ ਹਮਾਰੇ, ਸਾੜ੍ਹਸਤੀ ਹੈ ਖੇਤੀ।**
**ਪੱਤਰੀ ਹਮਾਰੀ ਬੜੀ ਸ਼ਿਕਾਰਨ ਮਾਰ ਲਿਆਵੇ ਛੇਤੀ।**

## ਬੇਦੁ ਪੜੈ; ਮੁਖਿ ਮੀਠੀ ਬਾਣੀ ॥ ਜੀਆਂ ਕੁਹਤ; ਨ ਸੰਗੈ ਪਰਾਣੀ ॥੩॥

(**ਕੁਹਤ** ਦਾ ਉਚਾਰਨ ਅੱਧਕ ਰਹਿਤ ਹੈ)

ਮੁਖਿ = ਮੂੰਹ ਵਿੱਚੋਂ ਤਾਂ ਬੇਦ = ਵੇਦਾਂ ਦੀ ਮੀਠੀ = ਰਸਦਾਇਕ ਬਾਣੀ ਪੜੈ = ਪੜ੍ਹਦਾ ਹੈਂ **ਵਾ:** ਮੂੰਹ ਦੀ ਮਿੱਠੀ ਬਾਣੀ ਦੁਆਰਾ ਵੇਦਾਂ ਨੂੰ ਪੜੈ = ਪੜ੍ਹਦਾ ਹੈਂ। ਪਰ, ਹੇ ਪਰਾਣੀ = ਪ੍ਰਾਣੀ! ਜੀਆਂ = ਜੀਵਾਂ ਨੂੰ ਕੁਹਤ = ਮਾਰਨ ਤੋਂ ਸੰਗੈ = ਸੰਗਦਾ ਨ = ਨਹੀਂ ਹੈਂ, ਸੰਕੋਚਦਾ ਨਹੀਂ ਹੈਂ ॥੩॥

## ਕਹੁ ਨਾਨਕ; ਜਿਸੁ ਕਿਰਪਾ ਧਾਰੈ ॥
## ਹਿਰਦਾ ਸੁਧੁ; ਬ੍ਰਹਮੁ ਬੀਚਾਰੈ ॥੪॥੧੦੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਉਪਰ ਮੇਰਾ ਵਾਹਿਗੁਰੂ ਕਿਰਪਾ = ਦਇਆ ਦ੍ਰਿਸ਼ਟੀ ਧਾਰੈ = ਧਾਰਦਾ ਹੈ, ਉਸ ਦਾ ਹਿਰਦਾ = ਅੰਤਸ਼ਕਰਣ ਸੁਧੁ = ਉੱਜਲ ਹੋ ਜਾਂਦਾ ਹੈ ਤੇ ਉਹ ਬ੍ਰਹਮੁ = ਵਿਆਪਕ ਪਰਮੇਸ਼ਰ **ਵਾ:** ਆਤਮਾ ਨੂੰ ਬੀਚਾਰੈ = ਵਿਚਾਰਦਾ ਹੈ ॥੪॥੧੦੭॥

# ਗਉੜੀ, ਮਹਲਾ ੫ ॥

**ਉਥਾਨਕਾ :** ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵਡਾਲੀ ਤੋਂ ਤਿੰਨ ਸਾਲ ਬਾਅਦ ਵਾਪਸ ਅੰਮ੍ਰਿਤਸਰ ਸਾਹਿਬ ਆਏ। ਇਥੇ ਆਣ ਕੇ ਜੋ ਸੰਗਤਾਂ ਅਜੇ ਭੀ ਭੈ-ਭੀਤ ਸਨ ਕਿ ਕਿਤੇ ਪ੍ਰਿਥੀਚੰਦ ਫਿਰ ਨਾ ਕੋਈ ਝਗੜਾ ਖੜਾ ਕਰ ਦੇਵੇ, ਤਾਂ ਸੰਗਤਾਂ ਨੂੰ ਪਰਮੇਸ਼ਰ ਵਾਹਿਗੁਰੂ 'ਤੇ ਅਡੋਲ ਨਿਸਚਾ ਕਰਨ ਲਈ ਇਹ ਪਾਵਨ ਸ਼ਬਦ ਉਚਾਰਨ ਕੀਤਾ ਅਤੇ ਇਸ ਸ਼ਬਦ ਵਿੱਚੋਂ ਸੁਲਹੀ ਦੇ ਚੜ੍ਹ ਕੇ ਆਉਣ 'ਤੇ ਉਸ ਦੁਸ਼ਟ ਦੇ ਮਰਨ ਦਾ ਇਸ਼ਾਰਾ ਵੀ ਕੀਤਾ ਹੈ।

## ਥਿਰੁ ਘਰਿ ਬੈਸਹੁ; ਹਰਿ ਜਨ ਪਿਆਰੇ ॥

ਹੇ ਹਰਿ = ਹਰੀ ਦੇ ਜਨ = ਜਨੋਂ ਪਿਆਰੇ = ਪਿਆਰ ਵਾਲੇ ਗੁਰਸਿੱਖੋ ! ਥਿਰੁ = ਇਸਥਿਤ, ਅਡੋਲ ਹੋ ਕੇ ਆਪਣੇ ਘਰਿ = ਘਰਾਂ ਵਿਚ ਬੈਸਹੁ = ਬੈਠਣਾ ਕਰੋ **ਵਾ** ਹੇ ਹਰਿ = ਹਰੀ ਦੇ ਪਿਆਰੇ = ਪ੍ਰਿਯ ਜਨ = ਸੰਤ ਜਨੋਂ ! ਸਾਧ ਸੰਗਤ ਰੂਪੀ ਘਰਿ = ਘਰ ਵਿਚ ਥਿਰੁ = ਇਸਥਿਤ ਹੋ ਕੇ ਬੈਸਹੁ = ਬੈਠਣਾ ਕਰੋ **ਵਾ:** ਅੰਤਸ਼ਕਰਣ ਰੂਪੀ ਘਰ ਵਿਚ ਇਸਥਿਤ ਹੋ ਕੇ ਤੁਰੀਆ ਪਦ ਰੂਪੀ ਘਰਿ = ਘਰ ਵਿਚ ਬੈਸਹੁ = ਬੈਠਣਾ ਕਰੋ।

## ਸਤਿਗੁਰਿ; ਤੁਮਰੇ ਕਾਜ ਸਵਾਰੇ ॥੧॥ਰਹਾਉ॥

ਸਤਿਗੁਰਿ = ਸਤਿਗੁਰੂ ਸਾਹਿਬ ਜੀ ਤੁਮਾਰੇ = ਤੁਹਾਡੇ ਲੋਕ ਪਰਲੋਕ ਦੇ ਸਾਰੇ ਕਾਜ = ਕੰਮ ਸਵਾਰੇ = ਸਵਾਰ ਦੇਣਗੇ ॥੧॥ਰਹਾਉ॥

## ਦੁਸਟ ਦੂਤ; ਪਰਮੇਸਰਿ ਮਾਰੇ ॥

ਜੋ ਦੁਸਟ = ਦੋਸ਼ ਸਹਿਤ, ਖੋਟੇ ਦੂਤ = ਦੂਤੀਆਂ ਲਾਉਣ ਵਾਲੇ, ਸੁਲਹੀ ਤੇ ਸੁਲੱਬੀ ਖ਼ਾਨ ਆਦਿ ਸਨ, ਉਹ ਪਰਮੇਸਰਿ = ਵਾਹਿਗੁਰੂ ਨੇ ਮਾਰੇ = ਮਾਰ ਦਿੱਤੇ ਹਨ। (ਸੁਲਹੀ ਆਵਿਆਂ ਵਿਚ ਪੈ ਕੇ ਮਰ ਗਿਆ ਸੀ ਤੇ ਸੁਲੱਬੀ ਗੋਇੰਦਵਾਲ ਸਾਹਿਬ ਵਿਖੇ ਮੰਡ ਵਿਚ ਮਾਰ ਦਿੱਤਾ ਸੀ **ਅਥਵਾ** ਇਸੇ ਪ੍ਰਕਾਰ ਦੁਸ਼ਟ ਜੋ ਅਗਿਆਨ ਆਦਿਕ ਹਨ ਤੇ ਦੂਤ ਜੋ ਕਾਮ, ਕ੍ਰੋਧ ਆਦਿ ਹਨ, ਇਹ ਅਧਿਕਾਰੀ ਜਨਾਂ ਦੇ ਪਰਮੇਸ਼ਰ ਨੇ ਆਪ ਹੀ ਮਾਰ ਦਿੱਤੇ ਹਨ, ਨਵਿਰਤ ਕਰ ਦਿੱਤੇ ਹਨ।

## ਜਨ ਕੀ ਪੈਜ; ਰਖੀ ਕਰਤਾਰੇ ॥੧॥

ਕਰਤਾਰੇ = ਅਕਾਲ ਪੁਰਖ ਨੇ ਆਪਣੇ ਜਨ = ਸੇਵਕਾਂ ਕੀ = ਦੀ ਪੈਜ = ਇੱਜ਼ਤ ਆਪ ਰਖੀ = ਰੱਖਣਾ ਕੀਤੀ ਹੈ ॥੧॥

## ਬਾਦਿਸਾਹ ਸਾਹ; ਸਭ ਵਸਿ ਕਰਿ ਦੀਨੇ ॥

ਹੇ ਗੁਰਸਿੱਖੋ ! ਬਾਦਸ਼ਾਹ ਜਹਾਂਗੀਰ ਤੇ ਸਾਹ = ਸ਼ਾਹੂਕਾਰ **ਵਾ:** ਪ੍ਰਬਲ ਵਜ਼ੀਰ ਖ਼ਾਨ ਆਦਿ ਸਭ = ਸਾਰੇ ਸਾਡੇ ਵਸਿ = ਅਧੀਨ ਕਰਿ = ਕਰ ਦੀਨੇ = ਦਿੱਤੇ ਹਨ **ਅਥਵਾ** ਬਾਦਸ਼ਾਹ ਦੀ ਨਿਆਈਂ ਜੋ ਅਗਿਆਨ ਹੈ ਅਤੇ ਸਾਹ = ਸ਼ਾਹੂਕਾਰ ਦੀ ਨਿਆਈਂ ਜੋ ਮਨ ਹੈ **ਵਾ:** ਬਾਦਸ਼ਾਹ ਦੀ ਨਿਆਈਂ ਜੋ ਮਨ ਹੈ ਅਤੇ ਸਾਹ = ਸ਼ਾਹ ਦੀ ਨਿਆਈਂ ਜੋ ਸਰੀਰ ਅੰਦਰ ਪ੍ਰਾਣ ਆਦਿਕ ਹਨ, ਇਹ ਸਭ = ਸਾਰੇ ਵਾਹਿਗੁਰੂ ਨੇ ਵਸਿ = ਅਧੀਨ ਕਰਿ = ਕਰ ਦੀਨੇ = ਦਿੱਤੇ ਹਨ।

## ਅੰਮ੍ਰਿਤ ਨਾਮ; ਮਹਾ ਰਸ ਪੀਨੇ ॥੨॥

ਜੋ ਅੰਮ੍ਰਿਤ = ਮੌਤ ਤੋਂ ਰਹਿਤ ਕਰਨ ਵਾਲਾ ਪਰਮੇਸ਼ਰ ਦਾ ਨਾਮ ਮਹਾ ਰਸ = ਬ੍ਰਹਮਾਨੰਦ ਦੇਣ ਵਾਲਾ ਹੈ, ਉਸ ਨੂੰ ਅਸੀਂ ਪੀਨੇ = ਪੀਣਾ ਕਰਦੇ ਹਾਂ ॥੨॥

## ਨਿਰਭਉ ਹੋਇ; ਭਜਹੁ ਭਗਵਾਨ ॥ ਸਾਧਸੰਗਤਿ ਮਿਲਿ; ਕੀਨੋ ਦਾਨੁ ॥੩॥

ਹੇ ਭਾਈ! ਤੁਸੀਂ ਵੀ ਨਿਰਭਉ = ਭੈਅ ਤੋਂ ਰਹਿਤ ਹੋਇ = ਹੋ ਕਰ ਕੇ ਭਗਵਾਨ = ਪਰਮੇਸ਼ਰ ਨੂੰ ਭਜਹੁ = ਜਪਣਾ ਕਰੋ। ਸਾਧਸੰਗਤਿ = ਸਤਿਸੰਗਤ ਨਾਲ ਮਿਲਿ = ਮਿਲਣ ਕਰ ਕੇ ਪਰਮੇਸ਼ਰ ਨੇ ਸਾਨੂੰ ਨਾਮ ਦਾ ਦਾਨੁ = ਖੈਰਾਤ ਦੇਣਾ ਕੀਨੋ = ਕੀਤਾ ਹੈ ॥੩॥

## ਸਰਣਿ ਪਰੇ; ਪ੍ਰਭ ਅੰਤਰਜਾਮੀ ॥ ਨਾਨਕ ਓਟ ਪਕਰੀ; ਪ੍ਰਭ ਸੁਆਮੀ ॥੪॥੧੦੮॥

ਜੋ ਸਾਰਿਆਂ ਦੇ ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਪ੍ਰਭ = ਪਰਮੇਸ਼ਰ ਹੈ, ਅਸੀਂ ਉਸ ਦੀ ਸਰਣਿ = ਓਟ ਵਿਚ ਪਰੇ = ਪਏ ਹਾਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਤਾਂ ਕੇਵਲ ਉਸ ਸੁਆਮੀ = ਮਾਲਕ ਪ੍ਰਭ = ਪਰਮੇਸ਼ਰ ਦੀ ਹੀ ਓਟ = ਟੇਕ ਪਕਰੀ = ਪਕੜਨਾ ਕੀਤੀ ਹੈ ॥੪॥੧੦੮॥

## ਗਉੜੀ, ਮਹਲਾ ੫ ॥

ਗੁਰਸਿੱਖਾਂ ਨੇ ਸਤਿਗੁਰਾਂ ਨੂੰ ਬੇਨਤੀ ਕੀਤੀ ਕਿ ਮਹਾਰਾਜ ਪਰਮੇਸ਼ਰ ਦੇ ਰੰਗ ਵਿਚ ਰੰਗੇ ਜਾਣ ਨਾਲ ਕੀ ਫਲ ਪ੍ਰਾਪਤ ਹੁੰਦਾ ਹੈ ਤਾਂ ਗੁਰੂ ਸਾਹਿਬ ਜੀ ਇਹ ਸ਼ਬਦ ਉਚਾਰਨ ਕਰਦੇ ਹਨ:

## ਹਰਿ ਸੰਗਿ ਰਾਤੇ; ਭਾਹਿ ਨ ਜਲੈ ॥

ਜਿਹੜੇ ਹਰਿ = ਪਰਮੇਸ਼ਰ ਦੇ ਸੰਗਿ = ਨਾਲ ਰਾਤੇ = ਰੰਗੇ ਗਏ ਹਨ, ਤਦਾਕਾਰ ਹੋਏ ਹਨ, ਉਹ ਭਾਹਿ = ਅੱਗ ਵਿਚ ਜਲੈ = ਸੜਦੇ ਨ = ਨਹੀਂ ਹਨ। (***ਨੋਟ:*** ਇਥੇ ਭਗਤ ਪ੍ਰਹਿਲਾਦ ਅਤੇ ਭਗਤ ਕਬੀਰ ਸਾਹਿਬ ਜੀ ਦੇ ਜੀਵਨ ਦੀਆਂ ਸਾਖੀਆਂ ਲਾ ਲੈਣੀਆਂ।) **ਵਾ:** ਹਰੀ ਪਰਮੇਸ਼ਰ ਦੇ ਨਾਲ ਰੰਗੇ ਹੋਇਆਂ ਨੂੰ ਤ੍ਰਿਸ਼ਨਾ ਦੀ ਈਰਖਾ, ਕ੍ਰੋਧ, ਕਾਲ, ਨਰਕਾਂ ਦੀ ਭਾਹਿ = ਅੱਗ ਜਲੈ = ਸਾੜ ਨ = ਨਹੀਂ ਸਕਦੀ।

## ਹਰਿ ਸੰਗਿ ਰਾਤੇ; ਮਾਇਆ ਨਹੀ ਛਲੈ ॥

ਜਿਹੜੇ ਹਰਿ = ਪਰਮੇਸ਼ਰ ਦੇ ਸੰਗਿ = ਨਾਲ ਰਾਤੇ = ਤਦਾਕਾਰ ਹੋਏ ਹਨ, ਉਨ੍ਹਾਂ ਨੂੰ ਮਾਇਆ ਛਲੈ = ਛਲ ਨਹੀਂ ਸਕਦੀ।

**ਸਾਖੀ—ਭਗਤ ਕਬੀਰ ਜੀ ਦੀ :** ਜਿਸ ਪ੍ਰਕਾਰ ਭਗਤ ਕਬੀਰ ਸਾਹਿਬ ਜੀ ਦੇ ਜੀਵਨ ਵਿਚ ਇਕ ਘਟਨਾ ਆਉਂਦੀ ਹੈ ਕਿ ਇਕ ਵਾਰੀ ਭਗਤ ਕਬੀਰ ਜੀ ਆਪਣੇ ਘਰ ਵਿਚ ਬੈਠੇ ਸਨ ਤਾਂ ਮਾਇਆ ਇਕ ਰਾਣੀ ਦਾ ਰੂਪ ਧਾਰਨ ਕਰ ਕੇ ਭਗਤ ਕਬੀਰ ਜੀ ਦੇ ਪਾਸ ਆ ਗਈ, ਤੇ ਕਹਿਣ ਲੱਗੀ ਕਿ ਭਗਤ ਜੀ! ਮੈਨੂੰ ਵੀ ਕੋਈ ਸੇਵਾ ਦੱਸੋ। ਭਗਤ ਜੀ ਨੇ ਉਸ ਨੂੰ ਅੰਗੀਕਾਰ ਕਰਨ ਤੋਂ ਬਿਨਾਂ ਦੂਰ ਤੋਂ ਹੀ ਵਾਪਸ ਭੇਜ ਦਿੱਤਾ। ਮਾਤਾ ਲੋਈ ਜੀ ਨੇ ਆ ਕੇ ਕਿਹਾ ਕਿ ਮਹਾਰਾਜ ਜੀ ਇਹ ਬਹੁਤ ਹੀ ਸੁੰਦਰ ਲਿਬਾਸ ਵਾਲੀ ਇਸਤਰੀ ਕੌਣ ਹੈ? ਭਗਤ ਜੀ ਕਹਿਣ ਲੱਗੇ ਕਿ ਇਹ ਮਾਇਆ ਸੀ, ਜਿਸ ਨੂੰ ਅਸੀਂ ਦੂਰ ਤੋਂ ਹੀ ਵਾਪਸ ਭੇਜ ਦਿੱਤਾ ਹੈ। ਲੋਈ ਕਹਿਣ ਲੱਗੀ ਕਿ ਮਹਾਰਾਜ ਸਾਨੂੰ ਭੁੱਖੇ ਕਿਉਂ ਮਾਰਦੇ ਹੋ, ਥੋੜੀ ਬਹੁਤ ਮਾਇਆ ਲੈ ਲਉ ਤੇ ਨਾਲ ਸਾਧੂ ਮਹਾਤਮਾ ਦੀ ਸੇਵਾ ਵੀ ਬੜੇ ਸਤਿਕਾਰ ਨਾਲ ਹੋ ਜਾਇਆ ਕਰੇਗੀ। ਕਬੀਰ ਜੀ ਕਹਿਣ ਲੱਗੇ ਕਿ ਇਹ ਬਹੁਤ ਹੀ ਵਿਘਨ ਪਾਉਣ ਵਾਲੀ ਹੈ, ਅਸੀਂ ਇਸ ਕਰਕੇ ਅੰਗੀਕਾਰ ਨਹੀਂ ਕਰਦੇ। ਲੋਈ ਜੀ ਕਹਿਣ

ਲੱਗੀ ਕਿ ਜੇਕਰ ਤੁਸੀਂ ਨਹੀਂ ਰੱਖਣੀ ਤਾਂ ਮੇਰੇ ਭਰਾਵਾਂ ਕੋਲ ਭੇਜ ਦਿਓ। ਕਹਿਣ ਲੱਗੇ—ਚੰਗਾ ਜਦ ਕੱਲ੍ਹ ਨੂੰ ਆਵੇਗੀ ਤਾਂ ਤੇਰੇ ਭਰਾਵਾਂ ਕੋਲ ਹੀ ਭੇਜ ਦੇਵਾਂਗੇ।

ਜਦ ਮਾਇਆ ਅਗਲੇ ਦਿਨ ਆਈ ਤਾਂ ਭਗਤ ਕਬੀਰ ਜੀ ਨੇ ਉਸ ਨੂੰ ਲੋਈ ਦੇ ਭਰਾਵਾਂ ਕੋਲ ਜਾਣ ਦੀ ਆਗਿਆ ਦੇ ਦਿੱਤੀ। ਭਗਤ ਜੀ ਦੀ ਆਗਿਆ ਮੰਨ ਕੇ ਮਾਇਆ ਲੋਈ ਦੇ ਪੇਕਿਆਂ ਦੇ ਘਰ ਵਿਚ ਜਾ ਪ੍ਰਵੇਸ਼ ਹੋਈ। ਕੁਝ ਦਿਨਾਂ ਬਾਅਦ ਹੀ ਜੁਲਾਹੇ ਆਪਸ ਵਿਚ ਲੜ ਪਏ ਤੇ ਆਪੋ-ਆਪਣੀਆਂ ਖੱਡੀਆਂ ਪੁੱਟ ਲਈਆਂ। ਖੱਡੀਆਂ ਪੁੱਟਣ 'ਤੇ ਹੇਠਾਂ ਤੋਂ ਮੋਹਰਾਂ ਨਿਕਲ ਆਈਆਂ, ਜਿਸ ਨਾਲ ਇਹ ਥੋੜੇ ਦਿਨਾਂ ਵਿਚ ਹੀ ਬਹੁਤ ਅਮੀਰ ਹੋ ਗਏ ਤੇ ਪਾਤਿਸ਼ਾਹ ਸਿਕੰਦਰ ਲੋਧੀ ਦੇ ਵਜ਼ੀਰ ਬਣ ਗਏ। ਸਮਾਂ ਆਇਆ, ਇਕ ਦਿਨ ਕਿਸੇ ਹੋਰ ਰਾਜੇ ਨੇ ਆਪਣੀ ਪੁੱਤਰੀ ਦਾ ਰਿਸ਼ਤਾ ਆਪਣੇ ਵਜ਼ੀਰ ਦੇ ਹੱਥ ਸਿਕੰਦਰ ਲੋਧੀ ਕੋਲ ਭੇਜਿਆ। ਇਹ ਵਜ਼ੀਰ ਆਣ ਕੇ ਲੋਈ ਦੇ ਵਜ਼ੀਰ ਬਣੇ ਭਰਾਵਾਂ ਨੂੰ ਮਿਲਿਆ ਤੇ ਕਹਿਣ ਲੱਗਾ ਕਿ ਮੈਂ ਰਾਜੇ ਦੇ ਲੜਕੇ ਨੂੰ ਰਿਸ਼ਤਾ ਕਰਨ ਆਇਆ ਹਾਂ। ਅੱਗੋਂ ਇਹ ਕਹਿੰਦੇ ਕਿ ਰਾਜੇ ਦਾ ਲੜਕਾ ਤਾਂ ਕਮਲਾ ਹੈ, ਉਹ ਬਹੁਤਾ ਸਿਆਣਾ ਨਹੀਂ ਹੈ, ਤੂੰ ਸਾਡੇ 'ਅੱਲਾ ਦਿੱਤੇ' ਨੂੰ ਰਿਸ਼ਤਾ ਕਰ ਦੇ। ਉਹ ਵਜ਼ੀਰ ਸੋਚਣ ਲੱਗਾ ਕਿ ਇਹ ਕਿਤਨੇ ਵਿਗੜੇ ਵਜ਼ੀਰ ਹਨ ਜੋ ਆਪਣੇ ਰਾਜੇ ਦੇ ਲੜਕੇ ਦੀ ਬੇਇੱਜ਼ਤੀ ਕਰਦੇ ਹਨ। ਉਸ ਨੇ ਸਿਕੰਦਰ ਨੂੰ ਕਿਹਾ ਕਿ ਹੇ ਰਾਜਨ! ਮੈਂ ਤੇਰੇ ਪੁੱਤਰ ਵਾਸਤੇ ਰਿਸ਼ਤਾ ਲੈ ਕੇ ਆਇਆ ਸੀ, ਤੇਰੇ ਵਜ਼ੀਰ ਇਤਨੇ ਵਿਗੜੇ ਹਨ ਕਿ ਉਹ ਕਹਿੰਦੇ ਹਨ ਕਿ—ਤੂੰ ਸਾਡੇ ਲੜਕੇ ਨੂੰ ਰਿਸ਼ਤਾ ਕਰ ਜਾਹ, ਰਾਜੇ ਦਾ ਲੜਕਾ ਤਾਂ ਸਿਆਣਾ ਨਹੀਂ ਹੈ।

ਇਹ ਗੱਲ ਸੁਣ ਕੇ ਸਿਕੰਦਰ ਕਹਿਣ ਲੱਗਾ ਕਿ ਹੁਣ ਉਨ੍ਹਾਂ ਦਾ ਕੀ ਕਰੀਏ, ਉਹ ਵਜ਼ੀਰ ਕਹਿਣ ਲੱਗਾ ਕਿ ਇਹ ਤਾਂ ਬਰੂਦ ਨਾਲ ਉਡਾਉਣ ਵਾਲੇ ਹਨ। ਸਿਕੰਦਰ ਕਹਿਣ ਲੱਗਾ ਕਿ ਹੁਣ ਉਨ੍ਹਾਂ ਨੂੰ ਬਰੂਦ ਨਾਲ ਹੀ ਉਡਾਇਆ ਜਾਵੇਗਾ, ਤੂੰ ਉਨ੍ਹਾਂ ਨੂੰ ਕਹਿ ਜਾਹ ਕਿ ਤੁਹਾਡੇ ਅੱਲਾ ਦਿੱਤੇ ਨੂੰ ਹੀ ਰਿਸ਼ਤਾ ਕੀਤਾ ਤੇ ਨਾਲ ਕੋਈ ਤਾਰੀਖ਼ ਰੱਖ ਜਾਵੀਂ। ਉਹ ਵਜ਼ੀਰ ਤਾਰੀਖ਼ ਰੱਖ ਗਿਆ, ਮਿਥੇ ਦਿਨ ਅਨੁਸਾਰ ਸਿਕੰਦਰ ਨੇ ਉਪਰ ਥੱਲੇ ਸਾਰੇ ਬਰੂਦ ਵਿਛਾ ਕੇ ਇਕ ਮੰਦਰ ਤਿਆਰ ਕਰਵਾਇਆ। ਜੁਲਾਹਿਆਂ ਦਾ ਸਾਰਾ ਪਰਿਵਾਰ ਬੁਲਾ ਲਿਆ। ਸਿਕੰਦਰ ਕਹਿਣ ਲੱਗਾ ਕਿ ਕੋਈ ਰਹਿ ਤਾਂ ਨਹੀਂ ਗਿਆ, ਇਹ ਕਹਿਣ ਲੱਗੇ ਕਿ ਕਬੀਰ ਤੇ ਲੋਈ ਅਜੇ ਨਹੀਂ ਆਏ। ਉਧਰ ਕਬੀਰ ਜੀ ਜਾਣ ਕੇ ਹੀ ਸਮਾਂ ਲੰਘਾਈ ਜਾ ਰਹੇ ਸਨ। ਜਦ ਉਹ ਕਾਂਸੀ ਤੋਂ ਬਾਹਰ ਨਿਕਲੇ ਤਾਂ ਉਧਰ ਸਿਕੰਦਰ ਨੇ ਬਰੂਦ ਨੂੰ ਅੱਗ ਲਗਾ ਦਿੱਤੀ। ਜਿਸ ਨਾਲ ਮਕਾਨ ਉੱਡਣ ਲੱਗ ਪਏ। ਲੋਈ ਕਹਿਣ ਲੱਗੀ ਕਿ ਮੇਰੇ ਭਰਾਵਾਂ ਦੇ ਘਰ ਖ਼ੁਸ਼ੀਆਂ ਦੇ ਪਟਾਕੇ ਵੱਜ ਰਹੇ ਹਨ। ਕਬੀਰ ਜੀ ਕਹਿਣ ਲੱਗੇ ਕਿ ਉਥੇ ਚੱਲ ਕੇ ਹੀ ਵੇਖੇਂਗੀ। ਜਦ ਉਥੇ ਪਹੁੰਚੇ ਤਾਂ ਸਾਰਾ ਪਰਿਵਾਰ ਹੀ ਸੜ ਕੇ ਸੁਆਹ ਹੋ ਚੁੱਕਾ ਸੀ। ਲੋਈ ਜੀ ਇਹ ਵੇਖ ਕੇ ਰੋਣ ਲੱਗ ਪਈ। ਕਬੀਰ ਜੀ ਕਹਿਣ ਲੱਗੇ ਕਿ ਤੂੰ ਕਿਉਂ ਰੋਂਦੀ ਹੈ, ਇਸ ਮਾਇਆ ਦਾ ਸੁਭਾਅ ਹੀ ਇਹੋ ਜਿਹਾ ਹੈ, ਤੂੰ ਮੰਗੀ ਸੀ ਤੇ ਇਸ ਨੇ ਆਪਣਾ ਜਲਵਾ ਦਿਖਾ ਦਿੱਤਾ ਹੈ, ਅਸੀਂ ਤਾਂ ਹੀ ਇਸ ਨੂੰ ਅੰਗੀਕਾਰ ਨਹੀਂ ਕੀਤਾ ਸੀ। ਉਸ ਤੋਂ ਬਾਅਦ ਲੋਈ ਜੀ ਨੇ ਕਦੇ ਵੀ ਕਿਸੇ ਪਦਾਰਥ ਦੀ ਇੱਛਾ ਨਹੀਂ ਕੀਤੀ। ਸੋ ਇਸ ਪ੍ਰਕਾਰ ਨਾਮ ਵਿਚ ਰੰਗਿਆਂ ਹੋਇਆਂ ਨੂੰ ਮਾਇਆ ਛਲ ਨਹੀਂ ਸਕਦੀ। ਉਹ ਨਿਰਲੇਪ ਰਹਿੰਦੇ ਹਨ। ਜੈਸਾ ਕਿ :

**ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥**
**ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ ॥** *(ਸਲੋਕ ਕਬੀਰ ਜੀ, ਅੰਗ ੧੩੬੪)*

**ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥**
**ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥੪॥੪॥** *(ਆਸਾ ਕਬੀਰ ਜੀ, ਅੰਗ ੪੭੬)*

## ਹਰਿ ਸੰਗਿ ਰਾਤੇ; ਨਹੀ ਡੂਬੈ ਜਲਾ ॥ ਹਰਿ ਸੰਗਿ ਰਾਤੇ; ਸੁਫਲ ਫਲਾ ॥੧॥

ਜੋ ਹਰਿ = ਹਰੀ ਪਰਮੇਸ਼ਰ ਦੇ ਸੰਗਿ = ਨਾਲ ਰਾਤੇ = ਰੱਤੇ ਗਏ ਹਨ, ਤਦਾਕਾਰ ਹੋਏ ਹਨ, ਉਹ

ਜਲਾ = ਪਾਣੀ ਵਿਚ ਡੂਬੈ = ਡੁੱਬ ਨਹੀਂ ਸਕਦੇ **ਵਾ**: ਪਦਾਰਥਾਂ, ਵਿਸ਼ੇ ਰੂਪੀ ਜਲਾ = ਪਾਣੀ ਵਿਚ ਨਹੀਂ ਡੁੱਬਦੇ। ਜੋ ਹਰਿ = ਹਰੀ ਦੇ ਸੰਗਿ = ਨਾਲ ਰਾਤੇ = ਰੱਤੇ ਹਨ, ਉਹ ਸੁਫਲ = ਉੱਤਮ ਗਿਆਨ ਫਲ ਦੇ ਸਹਿਤ ਫਲਾ = ਫਲਦੇ ਹਨ॥੧॥

## ਸਭ ਭੈ ਮਿਟਹਿ; ਤੁਮਾਰੈ ਨਾਇ ॥ ਭੇਟਤ ਸੰਗਿ; ਹਰਿ ਹਰਿ ਗੁਨ ਗਾਇ ॥ਰਹਾਉ॥

ਹੇ ਪਰਮੇਸ਼ਰ ! ਤੁਮਾਰੈ = ਤੁਹਾਡੇ ਨਾਇ = ਨਾਮ ਕਰ ਕੇ ਸਭ = ਸਾਰੇ ਭੈ = ਡਰ ਮਿਟਹਿ = ਮਿਟ ਜਾਂਦੇ ਹਨ, ਨਾਸ ਹੋ ਜਾਂਦੇ ਹਨ। ਤੁਹਾਡੀ ਸੰਗਿ = ਸੰਗਤ ਨਾਲ ਭੇਟਤ = ਮਿਲਣ ਕਰ ਕੇ ਤੇਰੇ ਹਰਿ ਹਰਿ ਨਾਮ ਦੇ ਕੀਰਤਨ ਰੂਪ ਵਿਚ ਗੁਨ = ਗੁਣ ਗਾਇ = ਗਾਏ ਜਾਂਦੇ ਹਨ॥ਰਹਾਉ॥

## ਹਰਿ ਸੰਗਿ ਰਾਤੇ; ਮਿਟੈ ਸਭ ਚਿੰਤਾ ॥ ਹਰਿ ਸਿਉ ਸੋ ਰਚੈ; ਜਿਸੁ ਸਾਧ ਕਾ ਮੰਤਾ ॥

ਜਿਹੜੇ ਹਰਿ = ਹਰੀ ਪਰਮੇਸ਼ਰ ਦੇ ਸੰਗਿ = ਨਾਲ ਰਾਤੇ = ਰੰਗੇ ਹੋਏ ਹਨ, ਉਨ੍ਹਾਂ ਦੇ ਸਭ = ਸਾਰੇ ਚਿੰਤਾ = ਫ਼ਿਕਰ, ਗ਼ਮ ਆਦਿ ਮਿਟੈ = ਮਿਟ ਜਾਂਦੇ ਹਨ। ਪ੍ਰੰਤੂ ਹਰਿ = ਪਰਮੇਸ਼ਰ ਦੇ ਸਿਉ = ਨਾਲ ਸੋ = ਉਹੋ ਪੁਰਸ਼ ਰਚੈ = ਰਚਦੇ ਹਨ, ਜਿਸੁ = ਜਿਨ੍ਹਾਂ ਨੂੰ ਸਾਧ = ਸਤਿਸੰਗਤ, ਮਹਾਂਪੁਰਖਾਂ ਕਾ = ਦਾ ਮੰਤਾ = ਮੰਤ੍ਰ, ਉਪਦੇਸ਼ ਪ੍ਰਾਪਤ ਹੋਇਆ ਹੈ।

## ਹਰਿ ਸੰਗਿ ਰਾਤੇ; ਜਮ ਕੀ ਨਹੀ ਤ੍ਰਾਸ ॥ ਹਰਿ ਸੰਗਿ ਰਾਤੇ; ਪੂਰਨ ਆਸ ॥੨॥

ਜੋ ਹਰਿ = ਪਰਮੇਸ਼ਰ ਦੇ ਸੰਗਿ = ਨਾਲ ਰਾਤੇ = ਰੰਗੇ ਹੋਏ ਹਨ, ਉਨ੍ਹਾਂ ਨੂੰ ਜਮ = ਯਮਾਂ ਦੀ ਤ੍ਰਾਸ = ਖ਼ੌਫ਼ਤਾਈ, ਡਰ ਨਹੀਂ ਲੱਗਦਾ।

ਜੋ ਹਰਿ = ਅਕਾਲ ਪੁਰਖ ਦੇ ਸੰਗਿ = ਨਾਲ ਰਾਤੇ = ਰੱਤੇ ਹੋਏ ਹਨ, ਉਨ੍ਹਾਂ ਦੀਆਂ ਸਾਰੀਆਂ ਆਸ = ਆਸਾਂ, ਇਛਾਵਾਂ ਪੂਰਨ = ਪੂਰੀਆਂ ਹੋ ਜਾਂਦੀਆਂ ਹਨ॥੨॥

## ਹਰਿ ਸੰਗਿ ਰਾਤੇ; ਦੂਖੁ ਨ ਲਾਗੈ ॥ ਹਰਿ ਸੰਗਿ ਰਾਤਾ; ਅਨਦਿਨੁ ਜਾਗੈ ॥

ਜਿਹੜੇ ਹਰਿ = ਪਰਮੇਸ਼ਰ ਦੇ ਸੰਗਿ = ਨਾਲ ਰਾਤੇ = ਰੱਤੇ ਹੋਏ ਹਨ ਉਨ੍ਹਾਂ ਨੂੰ ਜੰਮਣ ਮਰਣ ਆਦਿ ਕਿਸੇ ਪ੍ਰਕਾਰ ਦਾ ਦੂਖੁ = ਦੁਖ ਨ = ਨਹੀਂ ਲਾਗੈ = ਲੱਗਦਾ।

ਜਿਨ੍ਹਾਂ ਦਾ ਮਨ ਹਰਿ = ਹਰੀ ਦੇ ਸੰਗਿ = ਨਾਲ ਰਾਤਾ = ਰੰਗਿਆ ਗਿਆ ਹੈ, ਉਹ ਅਨਦਿਨੁ = ਰਾਤ ਦਿਨ ਗਿਆਨ ਅਵਸਥਾ ਵਿਚ ਜਾਗੈ = ਜਾਗਦੇ ਹਨ।

## ਹਰਿ ਸੰਗਿ ਰਾਤਾ; ਸਹਜ ਘਰਿ ਵਸੈ ॥ ਹਰਿ ਸੰਗਿ ਰਾਤੇ; ਭ੍ਰਮੁ ਭਉ ਨਸੈ ॥੩॥

ਜਿਨ੍ਹਾਂ ਦਾ ਮਨ ਹਰਿ = ਹਰੀ ਦੇ ਸੰਗਿ = ਨਾਲ ਰਾਤਾ = ਰੰਗਿਆ ਹੋਇਆ ਹੈ, ਉਹ ਸਹਜ = ਸੁਤੇ ਸਿਧ ਸਰੂਪ ਰੂਪੀ ਘਰਿ = ਗ੍ਰਿਹਿ ਵਿਚ ਵਸੈ = ਵਸਦੇ ਹਨ।

ਜਿਹੜੇ ਹਰਿ = ਪਰਮੇਸ਼ਰ ਦੇ ਸੰਗਿ = ਨਾਲ ਰਾਤੇ = ਰੰਗੇ ਹੋਏ ਹਨ, ਉਨ੍ਹਾਂ ਦਾ ਪੰਜ ਪ੍ਰਕਾਰ ਦਾ ਭ੍ਰਮ = ਭਰਮ, ਸ਼ੰਕਾ ਅਤੇ ਸੱਤ ਪ੍ਰਕਾਰ ਦਾ ਭਉ = ਡਰ ਨਸੈ = ਨੱਸ ਜਾਂਦਾ ਹੈ, ਨਾਸ ਹੋ ਜਾਂਦਾ ਹੈ॥੩॥

## ਹਰਿ ਸੰਗਿ ਰਾਤੇ; ਮਤਿ ਊਤਮ ਹੋਇ ॥ ਹਰਿ ਸੰਗਿ ਰਾਤੇ; ਨਿਰਮਲ ਸੋਇ ॥

ਹਰਿ = ਪਰਮੇਸ਼ਰ ਦੇ ਸੰਗਿ = ਨਾਲ ਰਾਤੇ = ਰੰਗਿਆਂ ਹੋਇਆ ਦੀ ਮਤਿ = ਬੁੱਧੀ ਊਤਮ = ਉੱਤਮ ਹੋਇ = ਹੋ ਜਾਂਦੀ ਹੈ। ਹਰਿ = ਪਰਮੇਸ਼ਰ ਦੇ ਸੰਗਿ = ਨਾਲ ਰਾਤੇ = ਰੰਗੇ ਜਾਣ ਕਰ ਕੇ ਉਨ੍ਹਾਂ ਦੀ ਸੋਇ = ਸੋਭਾ ਵੀ ਨਿਰਮਲ = ਉੱਜਲ ਹੋ ਜਾਂਦੀ ਹੈ।

## ਕਹੁ ਨਾਨਕ; ਤਿਨ ਕਉ ਬਲਿ ਜਾਈ ॥
## ਜਿਨ ਕਉ; ਪ੍ਰਭੁ ਮੇਰਾ ਬਿਸਰਤ ਨਾਹੀ ॥੪॥੧੦੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਤਿਨ = ਉਨ੍ਹਾਂ ਕਉ = ਦੇ ਉੱਪਰੋਂ ਬਲਿ = ਬਲਿਹਾਰ ਜਾਈ = ਜਾਂਦੇ ਹਾਂ। ਜਿਨ = ਜਿਨ੍ਹਾਂ ਕਉ = ਨੂੰ ਮੇਰਾ = ਸਾਡਾ ਪ੍ਰਭੁ = ਵਾਹਿਗੁਰੂ ਬਿਸਰਤ = ਭੁੱਲਦਾ ਨਾਹੀ = ਨਹੀਂ ਹੈ ॥੪॥੧੦੯॥

## ਗਉੜੀ, ਮਹਲਾ ੫ ॥
## ਉਦਮੁ ਕਰਤ; ਸੀਤਲ ਮਨ ਭਏ ॥
## ਮਾਰਗਿ ਚਲਤ; ਸਗਲ ਦੁਖ ਗਏ ॥

ਜਿਹੜੇ ਪਰਮੇਸ਼ਰ ਦੇ ਸਿਮਰਨ ਕਰਨ ਵਿਚ ਉਦਮੁ = ਜਤਨ ਕਰਤ = ਕਰਦੇ ਹਨ, ਉਨ੍ਹਾਂ ਦੇ ਮਨ = ਚਿੱਤ ਕਾਮਾਦਿਕ ਦੀਆਂ ਅੱਗਾਂ ਵੱਲੋਂ ਸੀਤਲ = ਠੰਢੇ ਭਏ = ਹੋ ਗਏ ਹਨ। ਸਤਿਸੰਗਤ ਦੇ ਮਾਰਗਿ = ਰਸਤੇ **ਵਾ:** ਭਾਉ-ਭਗਤੀ ਦੇ ਸਹਿਤ ਪ੍ਰੇਮ ਦੇ ਮਾਰਗਿ = ਰਸਤੇ 'ਤੇ ਚਲਤ = ਚੱਲਣ ਕਰ ਕੇ ਜੰਮਣ ਮਰਣ ਆਦਿ ਦੇ ਸਗਲ = ਸਾਰੇ ਦੁਖ = ਕਸ਼ਟ ਚਲੇ ਗਏ ਹਨ।

## ਨਾਮੁ ਜਪਤ; ਮਨਿ ਭਏ ਅਨੰਦ ॥
## ਰਸਿ ਗਾਏ ਗੁਨ; ਪਰਮਾਨੰਦ ॥੧॥

ਪਰਮੇਸ਼ਰ ਦਾ ਨਾਮ ਜਪਤ = ਜਪਣੇ ਕਰ ਕੇ ਮਨਿ = ਹਿਰਦੇ ਵਿਚ ਅਨੰਦ = ਪ੍ਰਸੰਨਤਾ, ਖ਼ੁਸ਼ੀ ਦੇ ਸਹਿਤ ਭਏ = ਹੋ ਗਏ ਹਨ। ਰਸਿ = ਪ੍ਰੇਮ ਨਾਲ ਗੁਨ = ਗੁਣ ਗਾਏ = ਗਉਣ ਕਰ ਕੇ ਪਰਮਾਨੰਦ = ਪਰਮੇਸ਼ਰ ਦੀ ਪ੍ਰਾਪਤੀ ਦੇ ਸਹਿਤ ਹੋ ਗਏ ਹਨ ॥੧॥

## ਖੇਮ ਭਇਆ; ਕੁਸਲ ਘਰਿ ਆਏ ॥

ਉਨ੍ਹਾਂ ਨੂੰ ਖੇਮ = ਸੁੱਖ ਪ੍ਰਾਪਤ ਭਇਆ = ਹੋਇਆ ਹੈ ਅਤੇ ਉਹ ਕੁਸਲ = ਅਨੰਦ ਦੇ ਸਹਿਤ ਆਪਣੇ ਨਿਜ ਸਰੂਪ ਰੂਪੀ ਘਰਿ = ਘਰ ਵਿਚ ਆਏ ਹਨ **ਅਥਵਾ** ਇਸ ਲੋਕ ਵਿਚ ਉਹ ਖੇਮ = ਮੁਕਤ ਭਇਆ = ਹੋਏ ਹਨ ਅਤੇ ਕੁਸਲ = ਸੁਖ ਦੇ ਸਹਿਤ ਤੁਰੀਆ ਪਦ ਰੂਪ ਘਰ ਵਿਚ ਆਏ = ਆ ਗਏ ਹਨ।

## ਭੇਟਤ ਸਾਧਸੰਗਿ; ਗਈ ਬਲਾਏ ॥ਰਹਾਉ॥

ਸਾਧਸੰਗਿ = ਸਾਧਸੰਗਤ ਦੇ ਨਾਲ ਭੇਟਤ = ਮਿਲਣੇ ਕਰ ਕੇ ਉਨ੍ਹਾਂ ਦੀ ਅਵਿਦਿਆ ਆਦਿ ਦੀ ਬਲਾਏ = ਬਲਾ ਵੀ ਚਲੀ ਗਈ ਹੈ ॥ਰਹਾਉ॥

## ਨੇਤ੍ਰ ਪੁਨੀਤ; ਪੇਖਤ ਹੀ ਦਰਸ ॥
## ਧਨਿ ਮਸਤਕ; ਚਰਨ ਕਮਲ ਹੀ ਪਰਸ ॥

ਪਰਮੇਸ਼ਰ ਦੇ ਦਰਸ = ਦਰਸ਼ਨ ਪੇਖਤ = ਵੇਖਣ ਸਾਰ ਹੀ ਨੇਤ੍ਰ = ਅੱਖਾਂ ਪੁਨੀਤ = ਪਵਿੱਤਰ ਹੋ ਗਈਆਂ ਹਨ। ਸਤਿਗੁਰਾਂ, ਪਰਮੇਸ਼ਰ ਦੇ ਚਰਨਾਂ ਕਮਲਾਂ ਨਾਲ ਹੀ ਪਰਸ = ਪਰਸਣੇ ਕਰਕੇ ਉਨ੍ਹਾਂ ਦੇ ਪ੍ਰੱਤਖ ਮਸਤਕ = ਮੱਥੇ **ਵਾ:** ਅੰਤਹਕਰਣ ਰੂਪੀ ਮਸਤਕ = ਮੱਥੇ ਧਨਿ = ਧੰਨਤਾ ਦੇ ਯੋਗ ਹੋ ਗਏ ਹਨ।

[ਅੰਗ ੨੦੨]

## ਗੋਬਿੰਦ ਕੀ ਟਹਲ; ਸਫਲ ਇਹ ਕਾਂਇਆ ॥ ਸੰਤ ਪ੍ਰਸਾਦਿ; ਪਰਮ ਪਦੁ ਪਾਇਆ ॥੨॥

ਗੋਬਿੰਦ = ਪਰਮੇਸ਼ਰ ਕੀ = ਦੀ ਭਾਉ-ਭਗਤੀ ਰੂਪੀ ਟਹਲ = ਸੇਵਾ ਕਰਨ ਨਾਲ **ਵਾ:** ਗੋਬਿੰਦ ਰੂਪ ਜਾਣ ਕੇ ਸਤਿਸੰਗਤ ਕੀ = ਦੀ ਟਹਲ = ਸੇਵਾ ਕਰਨ ਨਾਲ ਉਨ੍ਹਾਂ ਦੀ ਇਹ ਅਸਥੂਲ ਕਾਂਇਆ = ਦੇਹੀ ਵੀ ਸਫਲ = ਸਫਲੀ ਹੈ। ਉਨ੍ਹਾਂ ਨੇ ਸੰਤ = ਸ਼ਾਤ ਆਤਮਾ ਵਾਲੇ ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਕਰਕੇ ਪਰਮ ਪਦੁ = ਵੱਡੀ ਪਦਵੀ ਕੈਵਲ ਮੋਖ ਨੂੰ ਪਾਇਆ = ਪਾ ਲਿਆ ਹੈ ॥੨॥

## ਜਨ ਕੀ; ਕੀਨੀ ਆਪਿ ਸਹਾਇ ॥ ਸੁਖੁ ਪਾਇਆ; ਲਗਿ ਦਾਸਹ ਪਾਇ ॥

ਆਪਣੇ ਜਨ = ਭਗਤ ਜਨਾਂ ਕੀ = ਦੀ ਪਰਮੇਸ਼ਰ ਨੇ ਆਪਿ = ਖ਼ੁਦ, ਆਪ ਆ ਕੇ ਸਹਾਇ = ਸਹਾਇਤਾ ਕੀਨੀ = ਕੀਤੀ ਹੈ। ਉਨ੍ਹਾਂ ਦਾਸਹ = ਸੇਵਕਾਂ ਦੇ ਪਾਇ = ਚਰਨੀਂ ਲਗਿ = ਲੱਗ ਕਰ ਕੇ ਸੁਖੁ = ਆਨੰਦ ਦੇ ਤਾਈਂ ਪਾਇਆ = ਪਾਉਣਾ ਕੀਤਾ ਹੈ।

## ਆਪੁ ਗਇਆ; ਤਾ ਆਪਹਿ ਭਏ ॥ ਕ੍ਰਿਪਾ ਨਿਧਾਨ ਕੀ; ਸਰਨੀ ਪਏ ॥੩॥

ਜਦੋਂ ਦੇਹ ਦੇ ਅੰਦਰੋਂ ਆਪੁ = ਆਪਾ-ਭਾਵ ਹੰਕਾਰ ਗਇਆ = ਚਲਿਆ ਗਿਆ ਤਾ = ਤਦੋਂ ਉਲਟ ਕੇ ਆਪਹਿ = ਆਪਣਾ ਆਪ ਰੂਪ ਹੀ ਭਏ = ਹੋ ਗਏ। ਜਿਸ ਵੇਲੇ ਕ੍ਰਿਪਾ = ਦਇਆ ਦੇ ਨਿਧਾਨ = ਖ਼ਜ਼ਾਨੇ ਪਰਮੇਸ਼ਰ ਕੀ = ਦੀ ਸਰਨੀ = ਓਟ ਵਿਚ ਪਏ = ਪੈਣਾ ਕੀਤਾ ॥੩॥

## ਜੋ ਚਾਹਤ; ਸੋਈ ਜਬ ਪਾਇਆ ॥ ਤਬ ਢੂੰਢਨ; ਕਹਾ ਕੋ ਜਾਇਆ ॥

ਜੋ = ਜਿਹੜਾ ਵਾਹਿਗੁਰੂ ਦੇ ਦਰਸ਼ਨਾਂ ਨੂੰ ਚਾਹਤ = ਚਾਹੁੰਦੇ ਸੀ, ਜਬ = ਜਦੋਂ ਸੋਈ = ਉਹ ਪਾਇਆ = ਪ੍ਰਾਪਤ ਕਰ ਲਿਆ। ਤਬ = ਤਦੋਂ ਫਿਰ ਢੂੰਢਨ = ਭਾਲਣ ਵਾਸਤੇ ਕਹਾ = ਕਿਧਰੇ ਕੋ = ਨੂੰ ਕੀ ਜਾਇਆ = ਜਾਣਾ ਹੈ, ਭਾਵ ਜਦੋਂ ਪਰਮੇਸ਼ਰ ਦੀ ਪ੍ਰਾਪਤੀ ਹੋ ਗਈ ਤਾਂ ਫਿਰ ਹੋਰ ਕਿਸੇ ਚੀਜ਼ ਨੂੰ ਲੱਭਣ ਦੀ ਜ਼ਰੂਰਤ ਹੀ ਨਹੀਂ ਪੈਂਦੀ।

## ਅਸਥਿਰ ਭਏ; ਬਸੇ ਸੁਖ ਆਸਨ ॥ ਗੁਰ ਪ੍ਰਸਾਦਿ; ਨਾਨਕ ਸੁਖ ਬਾਸਨ ॥੪॥੧੧੦॥

ਇਸ ਪ੍ਰਕਾਰ ਸੁਖ ਰੂਪੀ ਆਸਨ = ਆਸਣ ਵਿਚ ਅਸਥਿਰ = ਇਸਥਿਤ ਭਏ = ਹੋ ਕੇ ਬਸੇ = ਵੱਸੇ ਹਾਂ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰ = ਗੁਰਾਂ ਦੀ ਪ੍ਰਸਾਦਿ = ਕਿਰਪਾ ਕਰਕੇ ਇਉਂ ਸੁਖ ਸਰੂਪ ਵਿਚ ਬਾਸਨ = ਵਸਣਾ ਕੀਤਾ ਹੈ **ਵਾ:** ਸੁਖ ਦੇ ਬਾਸਨ = ਪਾਤਰ ਬਣ ਗਏ ਹਾਂ **ਵਾ:** ਸੁਖ ਦੇ ਅਧਿਕਾਰੀ ਬਣ ਗਏ ਹਾਂ ਅਤੇ ਕਿਸੇ ਪ੍ਰਕਾਰ ਦੀ ਬਾਸ = ਵਾਸ਼ਨਾ ਨ = ਨਹੀਂ ਰਹਿ ਗਈ ॥੪॥੧੧੦॥

## ਗਉੜੀ, ਮਹਲਾ ੫ ॥

ਸਿੱਖਾਂ ਨੇ ਸਤਿਗੁਰੂ ਸਾਹਿਬ ਜੀ ਦੇ ਪਾਸ ਬੇਨਤੀ ਕੀਤੀ ਕਿ ਮਹਾਰਾਜ ਜੇਕਰ ਨਾਮ ਮਨ ਵਿਚ ਵਸ ਜਾਵੇ ਤਾਂ ਕਿੰਨਾ ਕੁ ਵੱਡਾ ਮਹਾਤਮ ਹੈ। ਤਦ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ :

## ਕੋਟਿ ਮਜਨ; ਕੀਨੋ ਇਸਨਾਨ ॥
## ਲਾਖ ਅਰਬ ਖਰਬ; ਦੀਨੋ ਦਾਨੁ ॥

ਹੇ ਭਾਈ ! ਉਸ ਪੁਰਸ਼ ਨੇ ਉਸ ਵਖਤ ਕੋਟਿ = ਕਰੋੜਾਂ ਤੀਰਥਾਂ ਦੇ ਮਜਨ = ਪੁਰਬਾਂ ਦਾ, ਟੁੱਭੀ ਲਗਾ ਕੇ ਇਸਨਾਨ = ਨਹਾਉਣਾ ਕੀਨੋ = ਕੀਤਾ ਹੈ। ਉਸ ਨੇ ਲਾਖ = ਲੱਖਾਂ ਅਰਬ = ਅਰਬਾਂ ਖਰਬ = ਖਰਬਾਂ ਦੀ ਗਿਣਤੀ ਦਾ ਦਾਨੁ = ਦਾਨ ਵੀ ਕੀਨੋ = ਦੇਣਾ ਕੀਤਾ ਹੈ।

***ਨੋਟ :*** *ਲੀਲਾਵਤੀ ਅਨੁਸਾਰ ਕ੍ਰੋੜ ਦਾ ਦਸ ਗੁਣਾ ਅਰਬੁਦ, ਅਰਬੁਦ ਦਾ ਦਸ ਗੁਣਾ ਅਬਜ, ਅਬਜ ਦਾ ਦਸ ਗੁਣਾ ਖਰਬ ਹੁੰਦਾ ਹੈ, ਰਮਾਇਣ ਵਿਚ ਮਹਾਪਦਮ ਨੂੰ ਹਜ਼ਾਰ ਗੁਣਾ ਕਰਨ ਤੋਂ ਖਰਬ ਸੰਖਯਾ ਲਿਖੀ ਹੈ। ਪੁਰਾਣੇ ਗ੍ਰੰਥਾਂ ਅਨੁਸਾਰ ੧੦੦,੦੦੦,੦੦੦ ਨੂੰ ਅਬੁੰਦ (ਅਰਬ) ਅਤੇ ੧੦,੦੦੦,੦੦੦,੦੦੦ ਨੂੰ ਖ੍ਰਵ (ਖਰਬ) ਕਹਿੰਦੇ ਸਨ ਅਤੇ ਅੱਜਕੱਲ੍ਹ ੧੦੦੦,੦੦੦,੦੦੦ ਨੂੰ ਇਕ ਅਰਬ ਅਤੇ ੧੦੦੦੦੦੦,੦੦,੦੦੦ ਇਤਨੀ ਰਕਮ ਨੂੰ ਇਕ ਖਰਬ ਕਹਿੰਦੇ ਹਨ। ਭਾਵ ਸੌ ਹਜ਼ਾਰ ਦਾ ਲੱਖ, ਸੌ ਲੱਖ ਦਾ ਇਕ ਕਰੋੜ, ਸੌ ਕਰੋੜ ਦਾ ਇਕ ਅਰਬ ਤੇ ਸੌ ਅਰਬ ਦਾ ਇਕ ਖਰਬ ਹੁੰਦਾ ਹੈ।*

## ਜਾ ਮਨਿ ਵਸਿਓ; ਹਰਿ ਕੋ ਨਾਮੁ ॥੧॥

ਜਿਸ ਵਖਤ ਜਾ = ਜਿਨ੍ਹਾਂ ਦੇ ਮਨਿ = ਮਨ ਵਿਚ ਹਰਿ = ਵਾਹਿਗੁਰੂ ਕੋ = ਦਾ ਨਾਮ ਵਸਿਓ = ਵਸ ਜਾਂਦਾ ਹੈ, ਉਨ੍ਹਾਂ ਨੇ ਸਾਰੇ ਪੁਰਬਾਂ ਦਾ ਇਸ਼ਨਾਨ ਤੇ ਇਤਨਾ ਦਾਨ ਪੁੰਨ ਕਰ ਲਿਆ ਹੈ ॥੧॥ ਜੈਸਾ ਕਿ :

**ਜੈਸੇ ਅਠਸਠਿ ਤੀਰਥ ਪਰਸ ਕੀਓ, ਜੁਗ ਚਾਰਿ ਚੜਿਓ ਕੈਲਾਸ ਰਹਿਓ ॥**
**ਜੈਸੇ ਲਾਖ ਬਾਰ ਕੁਰਛੇਤਰ ਮੇ, ਅਸਮੇਧ ਜਗ ਅਭੰਗ ਠਇਉ ॥**
**ਜੈਸੇ ਕੋਟ ਬਰਸ ਤਪ ਉਰਧ ਮੁਖੀ, ਬੈਸੰਤਰ ਮੇ ਤਨ ਦਾਹ ਦਇਓ ॥**
**ਫੁਨਿ ਅੰਮ੍ਰਿਤ ਨਾਮ ਵਿਸ਼ੇਸ਼ ਇਤੀ, ਜਿਨ ਏਕ ਬਾਰ ਸ੍ਰੀ ਵਾਹਿਗੁਰੂ ਕਹਿਓ ॥**

*(ਭਾਈ ਗੁਰਦਾਸ ਜੀ)*

## ਸਗਲ ਪਵਿਤ; ਗੁਨ ਗਾਇ ਗੁਪਾਲ ॥
## ਪਾਪ ਮਿਟਹਿ; ਸਾਧੂ ਸਰਨਿ ਦਇਆਲ ॥ਰਹਾਉ॥

ਹੇ ਭਾਈ ! ਉਹ ਸਗਲ = ਸਾਰੇ ਪੁਰਖ ਪਵਿਤ = ਪਵਿੱਤਰ ਹੋ ਜਾਂਦੇ ਹਨ, ਜਿਹੜੇ ਗੁਪਾਲ = ਪ੍ਰਿਥਵੀ ਦੇ ਪਾਲਕ ਪਰਮੇਸ਼ਰ ਦੇ ਗੁਨ = ਗੁਣਾਂ ਨੂੰ ਗਾਇ = ਗਾਉਂਦੇ, ਗਾਇਨ ਕਰਦੇ ਹਨ।

ਜਿਹੜੇ ਦਇਆਲੁ = ਦਿਆਲੂ ਪਰਮੇਸ਼ਰ ਦੇ ਸਾਧੂ = ਮਹਾਤਮਾ ਜਨ ਹਨ **ਵਾ:** ਜਿਹੜੇ ਦਇਆਲ = ਦਇਆ ਦੇ ਆਲ = ਘਰ ਸਾਧੂ = ਮਹਾਂਪੁਰਖ ਹਨ, ਉਨ੍ਹਾਂ ਦੀ ਸਰਨਿ = ਓਟ ਵਿਚ ਪੈਣ ਕਰ ਕੇ ਪਾਪ = ਮੰਦ ਕਰਮ, ਗੁਨਾਹ ਮਿਟਹਿ = ਮਿਟ ਜਾਂਦੇ ਹਨ, ਨਾਸ ਹੋ ਜਾਂਦੇ ਹਨ ॥ਰਹਾਉ॥

## ਬਹੁਤੁ ਉਰਧ ਤਪ; ਸਾਧਨ ਸਾਧੇ ॥

ਬਹੁਤ = ਅਨੇਕਾਂ ਹੀ ਤਰ੍ਹਾਂ ਉਰਧ = ਪੁੱਠੇ ਲਟਕ ਕੇ ਤਪ = ਤਪੱਸਿਆ ਕਰਨੀ **ਵਾ:** ਉਰਧ = ਉੱਪਰ ਨੂੰ ਬਾਹਾਂ ਖੜੀਆਂ ਕਰ ਕੇ ਤਪ ਕਰਨਾ ਅਤੇ ਯੋਗਾ ਅਭਿਆਸ ਦੇ ਸਾਧਨ = ਯਤਨ ਸਾਧੇ = ਕਰ ਲਏ **ਵਾ:** ਸਾਧਨ = ਵਿਵੇਕ, ਵਿਰਾਗ, ਖਟਸੰਪਤੀ, ਮੋਖ ਇੱਛਾ, ਸ਼੍ਰਵਣ, ਮੰਨਣ, ਨਿਧਿਆਸਣ, ਤੱਤ ਤ੍ਵੰ ਦਾ ਸੰਸ਼ੋਧਨ ਆਦਿਕ ਸਾਧਨਾਂ ਨੂੰ ਵੀ ਉਨ੍ਹਾਂ ਨੇ ਕਰ ਲਿਆ ਹੈ।

## ਅਨਿਕ ਲਾਭ; ਮਨੋਰਥ ਲਾਧੇ ॥ ਹਰਿ ਹਰਿ ਨਾਮ; ਰਸਨ ਆਰਾਧੇ ॥੨॥

ਉਨ੍ਹਾਂ ਨੇ ਅਨਿਕ = ਅਨੇਕਾਂ ਹੀ ਲਾਭ = ਨਫ਼ੇ ਅਤੇ ਮਨੋਰਥ = ਮਨ ਦੇ ਫੁਰਨੇ, ਕਾਮਨਾਵਾਂ ਲਾਧੇ = ਪ੍ਰਾਪਤ ਕਰ ਲਏ, ਲੱਭ ਲਏ ਹਨ **ਵਾ:** ਮਨੋਰਥ = ਮਨ ਦੇ ਸੰਕਲਪ ਪੂਰੇ ਕਰਨ ਵਾਸਤੇ ਜੋ ਅਨਿਕ = ਅਨੇਕਾਂ ਲਾਭ = ਲਾਹੇ, ਜੋ ਲੱਭਣੇ ਯੋਗ ਹਨ, ਉਹ ਸਾਰੇ ਲਾਧੇ = ਲੱਭ ਲਏ ਹਨ। ਜਿਨ੍ਹਾਂ ਨੇ ਹਰਿ = ਹਰੇਕ ਨੂੰ ਹਰਿ = ਹਰੇ ਭਰੇ ਕਰਨ ਵਾਲੇ ਪਰਮੇਸ਼ਰ ਦਾ ਨਾਮ ਆਪਣੀ ਰਸਨ = ਜੀਭਾ ਨਾਲ ਆਰਾਧੇ = ਅਰਾਧਿਆ ਹੈ ॥੨॥

## ਸਿੰਮ੍ਰਿਤਿ ਸਾਸਤ; ਬੇਦ ਬਖਾਨੇ ॥ ਜੋਗ ਗਿਆਨ ਸਿਧ; ਸੁਖ ਜਾਨੇ ॥

ਉਨ੍ਹਾਂ ਨੇ ਸਤਾਈ ਸਿੰਮ੍ਰਿਤਿ = ਸਿੰਮ੍ਰਿਤੀਆਂ ਅਤੇ ਛੇ ਸਾਸਤ = ਸ਼ਾਸਤ੍ਰ ਵੀ ਪੜ੍ਹ ਲਏ ਅਤੇ ਚਾਰੇ ਬੇਦ = ਵੇਦਾਂ ਦਾ ਬਖਾਨੇ = ਵਖਿਆਨ ਵੀ ਕਰ ਲਿਆ। ਉਨ੍ਹਾਂ ਨੇ ਜੋਗ = ਲੈਅ ਜੋਗ, ਹਠ ਜੋਗ, ਮੰਤ੍ਰ ਜੋਗ, ਰਾਜ ਜੋਗ, ਆਦਿ ਸਾਰੇ ਜੋਗ ਵੀ ਕਰ ਲਏ, ਗਿਆਨ = ਬੋਧ ਵੀ ਪ੍ਰਾਪਤ ਕਰ ਲਿਆ ਭਾਵ ਗਿਆਨ ਵਿਚ ਇਸਥਿਤ ਹੋ ਗਏ ਜਾਂ ਗਿਆਨ ਆਦਿਕਾਂ ਦੀ ਚਰਚਾ ਕਰ ਲਈ, ਅਠਾਰਾਂ ਸਿਧ = ਸਿੱਧੀਆਂ ਵੀ ਪ੍ਰਾਪਤ ਹੋ ਗਈਆਂ ਅਤੇ ਸਾਰੇ ਸੁਖ = ਕੁਸਲ ਵੀ ਉਨ੍ਹਾਂ ਨੇ ਜਾਨੇ = ਜਾਣ ਲਏ ਭਾਵ ਸੁਖ ਸਰੂਪ ਨੂੰ ਅਨੁਭਵ ਕਰ ਲਿਆ ਹੈ।

## ਨਾਮੁ ਜਪਤ; ਪ੍ਰਭ ਸਿਉ ਮਨ ਮਾਨੇ ॥੩॥

ਜਿਨ੍ਹਾਂ ਦਾ ਨਾਮ ਨੂੰ ਜਪਤ = ਜਪਦਿਆਂ ਹੋਇਆਂ ਪ੍ਰਭ = ਪਰਮੇਸ਼ਰ ਦੇ ਸਿਉ = ਨਾਲ ਮਨ = ਚਿੱਤ ਮਾਨੇ = ਮੰਨ ਗਿਆ ਹੈ ॥੩॥

## ਅਗਾਧਿ ਬੋਧਿ; ਹਰਿ ਅਗਮ ਅਪਾਰੇ ॥ ਨਾਮੁ ਜਪਤ; ਨਾਮੁ ਰਿਦੇ ਬੀਚਾਰੇ ॥

ਹਰਿ = ਅਕਾਲ ਪੁਰਖ ਜੋ ਅਗਾਧਿ = ਬੇਅੰਤ ਹੈ, ਉਸ ਦਾ ਬੋਧਿ = ਗਿਆਨ, ਵਿਚਾਰ ਮਨ ਦੇ ਸੰਕਲਪਾਂ ਵਿਕਲਪਾਂ ਦੀ ਅਗਮ = ਗੰਮਤਾ ਤੋਂ ਰਹਿਤ ਹੈ **ਵਾ:** ਅਗਮ = ਸ਼ਾਸਤਰਾਂ ਕਰ ਕੇ ਵੀ ਅਗੰਮ ਹੈ, ਅਪਾਰੇ = ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਰਹਿਤ ਹੈ। ਇਸ ਲਈ ਉਸ ਦੇ ਨਾਮ ਨੂੰ ਰਸਨਾ ਨਾਲ ਜਪਤ = ਜਪਣਾ ਕਰੀਏ ਅਤੇ ਨਾਮ ਨੂੰ ਹੀ ਰਿਦੇ = ਹਿਰਦੇ ਵਿਚ ਬੀਚਾਰੇ = ਵੀਚਾਰਨਾ ਕਰੀਏ **ਵਾ:** ਪਰਮੇਸ਼ਰ ਦੇ ਨਾਮ ਦਾ ਹੀ ਜਪਤ = ਜਾਪ ਕਰੀਏ ਅਤੇ ਨਾਮੁ = ਪ੍ਰਸਿੱਧ ਰੂਪ ਬ੍ਰਹਮ ਦੀ ਰਿਦੇ = ਹਿਰਦੇ ਵਿਚ ਵੀਚਾਰ ਧਾਰਨ ਕਰੀਏ।

## ਨਾਨਕ ਕਉ; ਪ੍ਰਭ ਕਿਰਪਾ ਧਾਰੇ ॥੪॥੧੧੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਪਰਮੇਸ਼ਰ ! ਸਾਡੇ ਕਉ = ਤਾਈਂ ਵੀ ਆਪਣੀ ਕਿਰਪਾ = ਦਇਆ ਦ੍ਰਿਸ਼ਟੀ ਧਾਰੇ = ਧਾਰਨ ਕਰੋ ਤਾਂ ਜੋ ਅਸੀਂ ਵੀ ਤੇਰਾ ਨਾਮ ਜਪ ਸਕੀਏ ॥੪॥੧੧੧॥

## ਗਉੜੀ, ਮਃ ੫ ॥

## ਸਿਮਰਿ ਸਿਮਰਿ; ਸਿਮਰਿ ਸੁਖੁ ਪਾਇਆ ॥
## ਚਰਨ ਕਮਲ ਗੁਰ; ਰਿਦੈ ਬਸਾਇਆ ॥੧॥

ਹੇ ਭਾਈ ! ਉਨ੍ਹਾਂ ਨੇ ਸਿਮਰਿ = ਸਿਮਰਨੇ ਯੋਗ ਪਰਮੇਸ਼ਰ ਦੇ ਸਿਮਰਿ = ਸਿਮਰਨ ਨੂੰ ਮਨ, ਬਾਣੀ, ਸਰੀਰ

ਦੁਆਰਾ ਸਿਮਰਿ = ਯਾਦ ਕਰ ਕੇ ਆਤਮ ਸੁਖੁ = ਸੁਖ ਨੂੰ ਪਾਇਆ = ਪਾਉਣਾ ਕੀਤਾ ਹੈ। ਜਿਨ੍ਹਾਂ ਨੇ ਗੁਰ = ਗੁਰੂ ਸਾਹਿਬ ਦੇ ਪਾਵਨ ਚਰਨ = ਚਰਣਾਂ ਕਮਲਾਂ ਨੂੰ ਰਿਦੈ = ਹਿਰਦੇ ਵਿਚ ਬਸਾਇਆ = ਵਸਾਉਣਾ ਕੀਤਾ ਹੈ॥੧॥

## ਗੁਰ ਗੋਬਿੰਦੁ; ਪਾਰਬ੍ਰਹਮੁ ਪੂਰਾ ॥ ਤਿਸਹਿ ਅਰਾਧਿ; ਮੇਰਾ ਮਨੁ ਧੀਰਾ ॥ਰਹਾਉ॥

ਗੁਰ = ਸਤਿਗੁਰੂ ਸਾਹਿਬ ਜੀ ਤਾਂ ਗੋਬਿੰਦੁ = ਪ੍ਰਿਥਵੀ ਦੇ ਪਾਲਕ ਪਾਰਬ੍ਰਹਮੁ = ਪਰਮੇਸ਼ਰ ਦਾ ਪੂਰਾ = ਪੂਰਨ ਸਰੂਪ ਹਨ। ਤਿਸਹਿ = ਉਨ੍ਹਾਂ ਨੂੰ ਅਰਾਧਿ = ਅਰਾਧਨੇ ਕਰ ਕੇ ਮੇਰਾ = ਸਾਡਾ ਮਨੁ = ਹਿਰਦਾ ਧੀਰਾ = ਧੀਰਜਤਾ ਦੇ ਸਹਿਤ ਹੋ ਗਿਆ ਹੈ॥ਰਹਾਉ॥

## ਅਨਦਿਨੁ ਜਪਉ; ਗੁਰੂ ਗੁਰ ਨਾਮ ॥ ਤਾ ਤੇ ਸਿਧਿ ਭਏ; ਸਗਲ ਕਾਂਮ ॥੨॥

ਅਸੀਂ ਤਾਂ ਅਨਦਿਨੁ = ਰਾਤ ਦਿਨੇ ਗੁਰੂ ਗੁਰ = ਗੁਰੂ ਗੁਰੂ ਦੇ ਨਾਮ ਨੂੰ ਮਨ, ਬਾਣੀ, ਸਰੀਰ ਕਰਕੇ ਜਪਉ = ਜਪਦੇ ਹਾਂ **ਵਾ:** ਗੁਰ = ਪੂਜਨੀਕ ਗੁਰੂ = ਸਤਿਗੁਰੂ ਸਾਹਿਬ ਜੀ ਦੇ ਦੁਆਰਾ ਅੰਮ੍ਰਿਤ ਨਾਮ (ਵਾਹਿਗੁਰੂ) ਨੂੰ ਅਸੀਂ ਅਨਦਿਨੁ = ਰਾਤ ਦਿਨ ਜਪਉ = ਜਪਦੇ ਹਾਂ। ਤਾ = ਤਿਸ ਨਾਮ ਤੇ = ਦੁਆਰਾ ਸਾਡੇ ਸਗਲ = ਸਾਰੇ ਕਾਂਮ = ਕੰਮ, ਸਿਧਿ = ਸਫਲ, ਸੰਪੂਰਨ ਭਏ = ਹੋ ਗਏ ਹਨ॥੨॥

## ਦਰਸਨ ਦੇਖਿ; ਸੀਤਲ ਮਨ ਭਏ ॥ ਜਨਮ ਜਨਮ ਕੇ; ਕਿਲਬਿਖ ਗਏ ॥੩॥

ਸਤਿਗੁਰਾਂ ਦੇ ਦਰਸਨ = ਦੀਦਾਰ ਦੇਖਿ = ਵੇਖ ਕਰ ਕੇ ਮਨ ਆਦਿਕ ਚਤੁਸ਼ਟੇ ਅੰਤਹਕਰਣ ਸੀਤਲ = ਠੰਢੇ ਭਏ = ਹੋ ਗਏ ਹਨ।

ਜਨਮ ਜਨਮ = ਅਨੇਕਾਂ ਜਨਮਾਂ **ਵਾ:** ਜਨਮਾਂ ਜਨਮਾਂਤਰਾਂ ਕੇ = ਦੇ ਸਾਰੇ ਕਿਲਬਿਖ = ਪਾਪ ਚਲੇ ਗਏ, ਨਵਿਰਤ ਹੋ ਗਏ ਹਨ॥੩॥

## ਕਹੁ ਨਾਨਕ; ਕਹਾ ਭੈ ਭਾਈ ॥ ਅਪਨੇ ਸੇਵਕ ਕੀ; ਆਪਿ ਪੈਜ ਰਖਾਈ ॥੪॥੧੧੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ! ਹੁਣ ਕਹਾ = ਕਿਸੇ ਦਾ ਕੀ ਭੈ = ਡਰ ਹੈ **ਵਾ:** ਹੁਣ ਭੈ = ਡਰ ਕਹਾ = ਕਿਥੇ ਹੈ। ਕਿਉਂਕਿ ਪਰਮੇਸ਼ਰ ਨੇ ਅਪਨੇ = ਆਪਣੇ ਸੇਵਕ = ਦਾਸਾਂ ਕੀ = ਦੀ ਆਪਿ = ਖ਼ੁਦ, ਸ੍ਵੈ ਪੈਜ = ਇੱਜ਼ਤ, ਪ੍ਰਤਿਸ਼ਠਾ ਰਖਾਈ = ਰੱਖਣਾ ਕੀਤੀ ਹੈ॥੪॥੧੧੨॥

## ਗਉੜੀ, ਮਹਲਾ ੫ ॥

## ਅਪਨੇ ਸੇਵਕ ਕਉ; ਆਪਿ ਸਹਾਈ ॥ ਨਿਤ ਪ੍ਰਤਿਪਾਰੈ; ਬਾਪ ਜੈਸੇ ਮਾਈ ॥੧॥

ਹੇ ਭਾਈ! ਉਹ ਪਰਮੇਸ਼ਰ ਅਪਨੇ = ਆਪਣੇ ਸੇਵਕ = ਦਾਸਾਂ ਦੇ ਕਉ = ਤਾਈਂ ਆਪਿ = ਆਪ ਹੀ ਸਹਾਈ = ਸਹਾਇਕ, ਸਹਾਇਤਾ ਕਰਨ ਵਾਲਾ ਹੈ। ਜੈਸੇ = ਜਿਸ ਪ੍ਰਕਾਰ ਬਾਪ = ਪਿਤਾ ਮਾਈ = ਮਾਤਾ ਨਿਤ = ਨਿਤਾਪ੍ਰਤੀ ਆਪਣੇ ਬੱਚੇ ਨੂੰ ਪ੍ਰਤਿਪਾਰੈ = ਪਾਲਣਾ ਕਰਦੇ ਹਨ, ਏਸੇ ਪ੍ਰਕਾਰ ਪਰਮੇਸ਼ਰ ਆਪਣੇ ਸੇਵਕਾਂ ਦੀ ਪਾਲਣਾ ਕਰਦਾ ਹੈ॥੧॥

## ਪ੍ਰਭ ਕੀ ਸਰਨਿ; ਉਬਰੈ ਸਭ ਕੋਇ ॥ ਕਰਨ ਕਰਾਵਨ; ਪੂਰਨ ਸਚੁ ਸੋਇ ॥ਰਹਾਉ॥

ਹੇ ਭਾਈ! ਪ੍ਰਭ = ਪਰਮੇਸ਼ਰ ਕੀ = ਦੀ ਸਰਨਿ = ਓਟ ਵਿਚ ਪੈਣ ਵਾਲੇ ਸਭ = ਸਾਰੇ ਕੋਇ = ਕੋਈ ਹੀ ਕਾਲ ਆਦਿਕ ਤੋਂ ਉਬਰੈ = ਬਚ ਜਾਂਦੇ ਹਨ। ਕਿਉਂਕਿ ਉਨ੍ਹਾਂ ਨੇ ਜਾਣਿਆ ਹੈ ਕਿ ਸਾਰੇ ਕਾਰਜਾਂ ਨੂੰ

ਕਰਨ = ਕਰਣ ਕਰਾਵਨ = ਕਰਾਉਣ ਵਾਲਾ ਸੋਇ = ਉਹ ਸਚੁ = ਸੱਚ ਸਰੂਪ ਪੂਰਨ = ਪੂਰਾ ਵਿਆਪਕ ਪਰਮੇਸ਼ਰ ਹੀ ਹੈ ॥ਰਹਾਉ॥

## ਅਬ ਮਨਿ ਬਸਿਆ; ਕਰਨੈਹਾਰਾ ॥ ਭੈ ਬਿਨਸੇ; ਆਤਮ ਸੁਖ ਸਾਰਾ ॥੨॥

ਸਤਿਗੁਰਾਂ ਦੀ ਕਿਰਪਾ ਕਰਕੇ, ਜਗਤ ਨੂੰ ਕਰਨੈਹਾਰਾ = ਰਚਣ ਵਾਲਾ ਪਰਮੇਸ਼ਰ ਅਬ = ਹੁਣ ਸਾਡੇ ਮਨਿ = ਹਿਰਦੇ ਵਿਚ ਬਸਿਆ = ਵੱਸ ਗਿਆ ਹੈ। ਅਰ ਸਭ ਭੈ = ਡਰ ਵੀ ਬਿਨਸੇ = ਵਿਸ਼ੇਸ਼ ਕਰਕੇ ਨੱਸ ਗਿਆ ਹੈ, ਨਵਿਰਤ ਹੋ ਗਿਆ ਹੈ ਤੇ ਆਤਮ = ਬ੍ਰਹਮ ਦੇ ਸੁਖ = ਅਨੰਦ ਨੂੰ ਸਾਰਾ = ਪੂਰਨ ਪ੍ਰਾਪਤ ਕਰ ਲਿਆ ਹੈ **ਵਾ:** ਆਤਮਾ ਨੂੰ ਸਾਰਾ = ਸ੍ਰੇਸ਼ਟ, ਅਸਲ ਸੁੱਖ ਪ੍ਰਾਪਤ ਹੋਇਆ ਹੈ ॥੨॥

## ਕਰਿ ਕਿਰਪਾ; ਅਪਨੇ ਜਨ ਰਾਖੇ ॥ ਜਨਮ ਜਨਮ ਕੇ; ਕਿਲਬਿਖ ਲਾਥੇ ॥੩॥

ਮੇਰੇ ਵਾਹਿਗੁਰੂ ਨੇ ਕਿਰਪਾ = ਮੇਹਰ ਦੀ ਦ੍ਰਿਸ਼ਟੀ ਕਰਿ = ਕਰ ਕੇ ਅਪਨੇ = ਆਪਣੇ ਜਨ = ਦਾਸ ਬਣਾ ਕੇ ਸਾਡੀ ਰਾਖੇ = ਰੱਖਿਆ ਕੀਤੀ ਹੈ। ਜਿਸ ਕਰਕੇ ਜਨਮ ਜਨਮ = ਜਨਮਾਂ ਜਨਮਾਤਰਾਂ ਕੇ = ਦੇ ਸਭ ਕਿਲਬਿਖ = ਪਾਪ ਲਾਥੇ = ਲਹਿ ਗਏ ਹਨ, ਨਾਸ ਹੋ ਗਏ ਹਨ ॥੩॥

## ਕਹਨੁ ਨ ਜਾਇ; ਪ੍ਰਭ ਕੀ ਵਡਿਆਈ ॥
## ਨਾਨਕ ਦਾਸ; ਸਦਾ ਸਰਨਾਈ ॥੪॥੧੧੩॥

ਮੇਰੇ ਪ੍ਰਭ = ਵਾਹਿਗੁਰੂ ਕੀ = ਦੀ ਵਡਿਆਈ = ਮਹਿਮਾ, ਉੱਚਤਾ ਕਹਨੁ = ਕਹੀ ਨ = ਨਹੀਂ ਜਾਇ = ਜਾਂਦੀ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਿਆਰਿਓ ! ਦਾਸ = ਦਾਸਾ ਭਾਵ ਧਾਰਨ ਕਰ ਕੇ ਸਦਾ = ਹਮੇਸ਼ਾਂ ਵਾਹਿਗੁਰੂ ਦੀ ਸਰਣਾਈ = ਸ਼ਰਨ ਵਿਚ ਪਏ ਰਹਿਣਾ ਚਾਹੀਦਾ ਹੈ ॥੪॥੧੧੩॥

## ਰਾਗੁ; ਗਉੜੀ ਚੇਤੀ, ਮਹਲਾ ੫ ਦੁਪਦੇ ੧ੴ ਸਤਿਗੁਰ ਪ੍ਰਸਾਦਿ ॥

ਗਉੜੀ ਰਾਗ ਦੀ ਚੇਤੀ ਜਾਤੀ ਵਿਚ ਮਹਲਾ ੫ = ਪੰਜਵੇਂ ਪਾਤਸ਼ਾਹ ਦੁਪਦੇ = ਦੋ-ਦੋ ਪਦੇ ਵਾਲੇ ਸ਼ਬਦ ਉਚਾਰਨ ਕਰਦੇ ਹਨ।

੧ = ਅਦ੍ਵੈਤ ਸਰੂਪ ਪਰਮੇਸ਼ਰ, ੴ = ਸਾਰਿਆਂ ਦਾ ਪ੍ਰਕਾਸ਼ਕ ਪਰਮੇਸ਼ਰ ਜੋ ਸਤਿਗੁਰ = ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਰਾਮ ਕੋ; ਬਲੁ ਪੂਰਨ, ਭਾਈ ॥

ਹੇ ਮੇਰੇ ਭਾਈ = ਭਰਾਵੋ ! ਰਾਮ = ਪਰਮੇਸ਼ਰ ਕੋ = ਦਾ ਬਲੁ = ਜ਼ੋਰ ਸਭ ਥਾਵਾਂ 'ਤੇ ਪੂਰਨ = ਪੂਰਿਤ, ਮੁਕੰਮਲ ਹੈ **ਵਾ:** ਬਲੁ = ਬਲਰਾਮ ਦਾ ਭਾਈ = ਭਰਾ ਭਾਵ ਕ੍ਰਿਸ਼ਨ ਵੀ ਬੜੇ ਬਲ ਵਾਲਾ ਸੀ, ਇਸ ਨੇ ਆਪਣੀ ਮਾਤਾ ਦੇਵਕੀ ਦੇ ਪੁੱਤਰ ਜੋ ਕੰਸ ਨੇ ਮਾਰ ਦਿੱਤੇ ਸੀ, ਉਹ ਵਾਪਸ ਲਿਆ ਕੇ ਦਿੱਤੇ ਸਨ **ਵਾ:** ਹੇ ਭਾਈ = ਭਰਾਵੋ ਰਾਮ = ਰਮੇ ਹੋਏ ਪਰਮੇਸ਼ਰ ਕੋ = ਦਾ ਬਿਬੇਕ ਰੂਪੀ, ਗਿਆਨ ਰੂਪੀ, ਭਗਤੀ ਰੂਪੀ ਬਲੁ = ਜ਼ੋਰ ਗੁਰਮੁਖਾਂ ਦੇ ਹਿਰਦਿਆਂ ਦੇ ਅੰਦਰ ਪੂਰਨ = ਪੂਰਾ ਹੈ।

## ਤਾ ਤੇ; ਬ੍ਰਿਥਾ ਨ ਬਿਆਪੈ ਕਾਈ ॥੧॥ਰਹਾਉ॥

ਤਾ ਤੇ = ਇਸ ਕਰ ਕੇ ਕਾਈ = ਕਿਸੇ ਵੀ ਪ੍ਰਕਾਰ ਦੀ ਬ੍ਰਿਥਾ = ਪੀੜਾ ਨ = ਨਹੀਂ ਬਿਆਪੈ = ਵਿਆਪਦੀ, ਭਾਵ ਰੋਗ ਆਦਿਕ ਕੋਈ ਨਹੀਂ ਲੱਗਦੇ ॥੧॥ਰਹਾਉ॥

[ਅੰਗ ੨੦੩]

## ਜੋ ਜੋ ਚਿਤਵੈ; ਦਾਸੁ ਹਰਿ ਮਾਈ ॥ ਸੋ ਸੋ ਕਰਤਾ; ਆਪਿ ਕਰਾਈ ॥੧॥

ਹੇ ਮਾਈ = ਮਾਤਾ ਪਿਤਾ ਰੂਪ ਸੰਤ ਜਨੋਂ ! ਹਰਿ = ਪਰਮੇਸ਼ਰ ਦੇ ਦਾਸੁ = ਸੇਵਕ ਜੋ ਜੋ = ਜਿਹੜੀ ਜਿਹੜੀ ਵੀ ਮਨ ਵਿਚ ਚਿਤਵੈ = ਚਿਤਵਨੀ ਕਰਦੇ ਹਨ। ਸੋ ਸੋ = ਉਹੀ ਉਹੀ ਚਿਤਵਨੀ ਨੂੰ ਕਰਤਾ = ਪਰਮੇਸ਼ਰ ਆਪਿ = ਆਪ ਹੀ ਪ੍ਰੇਮ ਦਾ ਬੱਝਿਆ ਹੋਇਆ ਕਰਾਈ = ਕਰਦਾ ਹੈ ॥੧॥

## ਨਿੰਦਕ ਕੀ; ਪ੍ਰਭਿ ਪਤਿ ਗਵਾਈ ॥
## ਨਾਨਕ ਹਰਿ ਗੁਣ; ਨਿਰਭਉ ਗਾਈ ॥੨॥੧੧੪॥

ਜੋ ਨਿੰਦਕ = ਨਿੰਦਿਆ ਕਰਨ ਵਾਲੇ ਪੁਰਸ਼ ਕੀ = ਦੀ ਪ੍ਰਭਿ = ਪਰਮੇਸ਼ਰ ਨੇ ਪਤਿ = ਇੱਜ਼ਤ, ਵਡਿਆਈ ਗਵਾਈ = ਗਵਾ ਦਿੱਤੀ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਹਰਿ = ਪਰਮੇਸ਼ਰ ਦੇ ਗੁਣ = ਗੁਣਾਂ ਨੂੰ ਨਿਰਭਉ = ਭੈ ਤੋਂ ਰਹਿਤ ਹੋ ਕੇ ਗਾਈ = ਗਾਉਂਦੇ ਹਾਂ **ਵਾ:** ਜੋ ਹਰਿ = ਹਰੀ ਦੇ ਗੁਣ = ਗੁਣਾਂ ਨੂੰ ਗਾਈ = ਗਾਉਂਦੇ ਹਨ, ਉਹ ਨਿਰਭਉ = ਭੈ ਤੋਂ ਰਹਿਤ ਹੋ ਜਾਂਦੇ ਹਨ ॥੨॥੧੧੪॥

## ਗਉੜੀ, ਮਹਲਾ ੫ ॥

ਸਤਿਗੁਰੂ ਸਾਹਿਬ ਜੀ ਪਰਮੇਸ਼ਰ ਦੇ ਸਨਮੁਖ ਬੇਨਤੀ ਪੂਰਵਕ ਸ਼ਬਦ ਉਚਾਰਨ ਕਰਦੇ ਹਨ।

## ਭੁਜ ਬਲ ਬੀਰ; ਬ੍ਰਹਮ ਸੁਖ ਸਾਗਰ ॥
## ਗਰਤ ਪਰਤ; ਗਹਿ ਲੇਹੁ ਅੰਗੁਰੀਆ ॥੧॥ਰਹਾਉ॥

ਹੇ ਭਾਈ ! ਜਿਸ ਪਰਮੇਸ਼ਰ ਦੀਆਂ ਭੁਜ = ਬਾਹਵਾਂ ਬੜੇ ਬਲ = ਜ਼ੋਰ ਵਾਲੀਆਂ ਹਨ ਤੇ ਬੀਰ = ਸੂਰਮਾ ਹੈ **ਵਾ:** ਬਲਬੀਰ = ਬਲਭੱਦ੍ਰ ਦਾ ਭਰਾ ਕ੍ਰਿਸ਼ਨ ਜੀ ਬੜਾ ਸੂਰਮਾ ਹੈ **ਵਾ:** ਜਿਸ ਪਰਮੇਸ਼ਰ ਨੇ (ਭੁ+ਜ) ਭੁ ਪ੍ਰਿਥਵੀ ਆਦਿਕ ਪੰਜ ਤੱਤਾਂ ਦੁਆਰਾ ਸਾਰੇ ਸੰਸਾਰ ਨੂੰ ਜ = ਜਨਮਿਆ ਭਾਵ ਪੈਦਾ ਕੀਤਾ ਹੈ, ਉਹ ਸਾਰਿਆਂ ਦੇ ਅੰਦਰ ਚੇਤਨ ਸੱਤਾ ਰੂਪ ਬਲ = ਤਾਕਤ ਦੇਣ ਵਾਲਾ ਬੀਰ = ਬਹਾਦਰ ਹੈ ਅਤੇ ਉਹ ਬ੍ਰਹਮ = ਵਿਆਪਕ ਪਰਮੇਸ਼ਰ ਸੁਖ = ਸੁਖਾਂ ਦਾ ਸਾਗਰ = ਸਮੁੰਦਰ ਹੈ। ਉਸ ਦੇ ਚਰਨਾਂ ਪਾਸ ਇਸ ਪ੍ਰਕਾਰ ਬੇਨਤੀਆਂ ਕਰੋ ਕਿ

ਹੇ ਮਹਾਰਾਜ ! ਅਸੀਂ ਮੋਹ ਰੂਪੀ, ਅਗਿਆਨ ਰੂਪੀ, ਦੇਹ ਅਧਿਆਸ ਰੂਪੀ ਗਰਤ = ਟੋਏ ਵਿਚ ਪਰਤ = ਪੈ ਰਹੇ ਹਾਂ, ਡਿੱਗ ਰਹੇ ਹਾਂ, ਆਪ ਜੀ ਸਾਡੀ ਬਿਰਤੀ ਰੂਪੀ ਅੰਗੁਰੀਆ = ਉਂਗਲੀ ਗਹਿ = ਪਕੜ ਲੇਹੁ = ਲਉ ॥੧॥ਰਹਾਉ॥

## ਸ੍ਰਵਨਿ, ਨ ਸੁਰਤਿ; ਨੈਨ, ਸੁੰਦਰ ਨਹੀ ॥
## ਆਰਤ ਦੁਆਰਿ; ਰਟਤ ਪਿੰਗੁਰੀਆ ॥੧॥

ਹੇ ਮਹਾਰਾਜ ! ਸਾਡੇ ਸ਼ਰਧਾ ਤੇ ਭਰੋਸੇ ਰੂਪ ਸ੍ਰਵਨਿ = ਕੰਨਾਂ ਵਿਚ ਆਪ ਜੀ ਦੇ ਪ੍ਰੇਮ ਦੀ ਸੁਰਤਿ = ਗਿਆਤ ਨ = ਨਹੀਂ ਹੈ, ਮਨ ਤੇ ਬੁੱਧ ਰੂਪ ਨੈਨ = ਨੇਤ੍ਰ ਸੁੰਦਰ = ਸੋਹਣੇ ਨਹੀਂ ਹਨ **ਵਾ:** ਸੁਰਤੀ ਸਿੰਮ੍ਰਿਤੀ ਰੂਪੀ ਨੇਤ੍ਰ, ਵਿਵੇਕ ਤੇ ਵੈਰਾਗ ਰੂਪੀ ਨੇਤ੍ਰ, ਪ੍ਰੋਖ ਤੇ ਅਪ੍ਰੋਖ ਗਿਆਨ ਰੂਪੀ ਨੇਤ੍ਰ ਸੁੰਦਰ ਨਹੀਂ ਹਨ।

ਸਾਧਨ ਤੇ ਭੂਮਿਕਾ ਰੂਪੀ ਪੈਰ ਨਾ ਹੋਣ ਕਰ ਕੇ ਪਿੰਗੁਰੀਆ = ਪਿੰਗਲਾ, ਲੰਙਾ ਹਾਂ, ਕਾਮਾਦਿਕ ਵਿਕਾਰਾਂ ਦੀ ਬਹੁਲਤਾ ਕਰ ਕੇ ਆਰਤ = ਦੁਖੀ ਹਾਂ, ਹੁਣ ਆਪ ਜੀ ਦੇ ਸਾਧਸੰਗਤ ਰੂਪੀ ਦੁਆਰਿ = ਦਰਵਾਜ਼ੇ ਪਰ ਆ ਕੇ ਬੇਨਤੀ ਰਟਤ = ਉਚਾਰਦਾ ਹਾਂ ਕਿ ਮਹਾਰਾਜ ਮੇਰੀ ਰੱਖਿਆ ਕਰੋ ॥੧॥

## ਦੀਨਾ ਨਾਥ ਅਨਾਥ ਕਰੁਣਾ ਮੈ; ਸਾਜਨ ਮੀਤ, ਪਿਤਾ ਮਹਤਰੀਆ ॥

(**ਮੈ** ਪਾਠ ਬਿੰਦੀ ਰਹਿਤ ਉਚਾਰਨਾ ਹੈ)

ਹੇ ਦੀਨਾ = ਗ਼ਰੀਬਾਂ ਦੇ ਨਾਥ = ਸੁਆਮੀ ਪਰਮੇਸ਼ਰ ਜੀ! ਆਪ ਅਨਾਥ = ਯਤੀਮਾਂ ਤੇ ਕਰੁਣਾ ਮੈ = ਕਿਰਪਾ ਦੇ ਰੂਪ ਹੋ **ਵਾ**: ਹੇ ਮਹਾਰਾਜ! ਆਪ ਜੀ ਅਨਾਥ ਹੋ ਭਾਵ ਆਪ ਦਾ ਕੋਈ ਸੁਆਮੀ ਨਹੀਂ ਹੈ ਤੇ ਤੁਸੀਂ ਸਭਨਾਂ ਦੇ ਨਾਥ = ਸੁਆਮੀ ਹੋ, ਸਾਡੇ ਪਰਲੋਕ ਦੇ ਸਾਜਨ = ਸੱਜਨ, ਇਸ ਲੋਕ ਦੇ ਮੀਤ = ਮਿੱਤਰ, ਪਿਤਾ ਅਤੇ ਮਹਤਰੀਆ = ਮਾਤਾ ਰੂਪ ਤੁਸੀਂ ਹੀ ਹੋ।

## ਚਰਨ ਕਵਲ ਹਿਰਦੈ ਗਹਿ ਨਾਨਕ; ਭੈ ਸਾਗਰ ਸੰਤ ਪਾਰਿ ਉਤਰੀਆ ॥੨॥੨॥੧੧੫॥

(**ਉੱਤਰੀਆ** ਅੱਧਕ ਸਹਿਤ ਉਚਾਰਨਾ ਹੈ)

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦੇ ਚਰਨ = ਪਾਦ (ਪੈਰ) ਜੋ ਕਵਲ = ਕਮਲ ਫੁੱਲ ਦੀ ਨਿਆਈਂ ਨਿਰਲੇਪ ਹਨ, ਜਿਹੜੇ ਉਨ੍ਹਾਂ ਨੂੰ ਆਪਣੇ ਹਿਰਦੈ = ਮਨ ਵਿਚ ਗਹਿ = ਗ੍ਰਹਿਣ ਕਰਦੇ ਹਨ। ਉਹ ਸੰਤ = ਸ਼ਾਂਤ ਆਤਮਾ ਮਹਾਤਮਾ ਜਨ ਇਸ ਭੈ = ਡਰ ਦੇ ਸਾਗਰ = ਸਮੁੰਦਰ, ਸੰਸਾਰ ਤੋਂ ਪਾਰਿ = ਪਾਰ ਉਤਰੀਆ = ਉਤਰ ਜਾਂਦੇ ਹਨ ਭਾਵ ਇਸ ਵਿਚ ਡੁੱਬਦੇ ਨਹੀਂ ॥੨॥੨॥੧੧੫॥

## ਰਾਗੁ, ਗਉੜੀ ਬੈਰਾਗਣਿ, ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਰਾਗ ਗਉੜੀ ਦੀ ਬੈਰਾਗਣਿ ਜਾਤੀ ਵਿਚ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਪਾਵਨ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

੧ = ਅਦ੍ਵੈਤ ਰੂਪ ਪਰਮੇਸ਼ਰ ੴ = ਸਰਬ ਦਾ ਪ੍ਰਕਾਸ਼ਕ ਜੋ ਸਤਿਗੁਰ = ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

## ਦਯ ਗੁਸਾਈ ਮੀਤੁਲਾ; ਤੂੰ ਸੰਗਿ ਹਮਾਰੈ, ਬਾਸੁ ਜੀਉ ॥੧॥ਰਹਾਉ॥

(**ਦਯ** ਦਾ ਉਚਾਰਨ 'ਦੈ' ਹੈ)

ਹੇ ਸਾਰਿਆਂ ਦੇ ਦਯ = ਪ੍ਰੇਰਕ ਗੁਸਾਈ = ਮਾਲਕ, ਪ੍ਰਿਥਵੀ ਦੇ ਸਾਈਂ ਪਰਮੇਸ਼ਰ ਆਪ ਸਭਨਾਂ ਦੇ ਮੀਤੁਲਾ = ਮਿੱਤਰ ਹੋ ਤੇ ਤੂੰ = ਤੁਸੀਂ ਹਮਾਰੈ = ਸਾਡੇ ਸੰਗਿ = ਨਾਲ ਪ੍ਰਤੱਖ ਹੋ ਕੇ ਬਾਸੁ = ਵਸਣਾ ਕਰੋ ਜੀਉ = ਜੀ ॥੧॥ਰਹਾਉ॥

## ਤੁਝ ਬਿਨੁ ਘਰੀ ਨ ਜੀਵਨਾ; ਧ੍ਰਿਗੁ ਰਹਣਾ ਸੰਸਾਰਿ ॥

ਹੇ ਮਹਾਰਾਜ! ਤੁਝ = ਤੇਰੇ ਤੋਂ ਬਿਨੁ = ਬਗ਼ੈਰ ਇਕ ਘਰੀ = ਘੜੀ ਮਾਤਰ ਵੀ ਸਾਡਾ ਜੀਵਨਾ = ਜਿਊਣਾ ਨਹੀਂ ਹੁੰਦਾ ਤੇ ਜੋ ਸੰਸਾਰਿ = ਜਗਤ ਵਿਚ ਰਹਣਾ = ਟਿਕਣਾ ਹੈ, ਇਹ ਵੀ ਧ੍ਰਿਗੁ = ਧ੍ਰਿਕਾਰ ਯੋਗ ਹੈ।

## ਜੀਅ ਪ੍ਰਾਨ ਸੁਖਦਾਤਿਆ; ਨਿਮਖ ਨਿਮਖ ਬਲਿਹਾਰਿ ਜੀ ॥੧॥

ਸਾਰਿਆਂ ਜੀਅ = ਜੀਵਾਂ ਦੇ ਤਾਈਂ ਪ੍ਰਾਨ = ਸ੍ਵਾਸ ਅਤੇ ਸੁਖਦਾਤਿਆ = ਸੁੱਖਾਂ ਨੂੰ ਦੇਣ ਵਾਲੇ ਦਾਤਾ ਜੀ! ਨਿਮਖ ਨਿਮਖ = ਥੋੜੇ ਤੋਂ ਥੋੜਾ ਸਮਾਂ ਵੀ ਆਪ ਜੀ ਤੋਂ ਬਲਿਹਾਰ = ਵਾਰਨੇ ਜਾਂਦੇ ਹਾਂ ਜੀ ॥੧॥

## ਹਸਤ ਅਲੰਬਨੁ ਦੇਹੁ ਪ੍ਰਭ; ਗਰਤਹੁ, ਉਧਰੁ ਗੋਪਾਲ ॥

ਹੇ ਪ੍ਰਭ = ਪਰਮੇਸ਼ਰ! ਆਪਣਾ ਕਿਰਪਾ ਰੂਪੀ ਹਸਤ = ਹੱਥ ਦਾ ਅਲੰਬਨੁ = ਆਸਰਾ ਦੇਹੁ = ਦੇਣਾ ਕਰੋ

ਅਤੇ ਹੇ ਗੋਪਾਲ = ਪ੍ਰਿਥਵੀ ਦੇ ਪਾਲਕ ਪ੍ਰਭੂ ! ਸਾਨੂੰ ਮੋਹ ਰੂਪੀ, ਅਗਿਆਨ ਰੂਪੀ, ਨਰਕ ਰੂਪੀ, ਸੰਸਾਰ ਰੂਪੀ, ਗਰਤਹੁ = ਟੋਏ ਵਿੱਚੋਂ ਉਧਰ = ਉਧਾਰਨਾ ਕਰੋ, ਕੱਢਣਾ ਕਰੋ।

## ਮੋਹਿ ਨਿਰਗੁਨ ਮਤਿ ਥੋਰੀਆ; ਤੂੰ ਸਦ ਹੀ ਦੀਨ ਦਇਆਲ ॥੨॥

ਮੋਹਿ = ਮੇਰੀ ਸਤ, ਸੰਤੋਖ, ਦਯਾ, ਧਰਮ ਆਦਿ ਸ਼ੁਭ ਨਿਰਗੁਨ = ਗੁਣਾਂ ਤੋਂ ਹੀਣੇ ਦੀ ਮਤਿ = ਮੱਤੀ, ਬੁੱਧੀ ਥੋਰੀਆ = ਥੋੜੀ ਹੈ। ਹੇ ਮਹਾਰਾਜ ! ਤੂੰ = ਤੁਸੀਂ ਸਦ = ਹਮੇਸ਼ਾਂ ਹੀ ਦੀਨ = ਗ਼ਰੀਬਾਂ ਉਪਰ ਦਇਆਲ = ਦਿਆਲੂ ਹੋ ॥੨॥

## ਕਿਆ ਸੁਖ ਤੇਰੇ ਸੰਮਲਾ; ਕਵਨ ਬਿਧੀ ਬੀਚਾਰ ॥

ਹੇ ਮਹਾਰਾਜ ! ਤੁਸੀਂ ਬਿਅੰਤ ਸੁਖ ਦਿੱਤੇ ਹਨ, ਅਸੀਂ ਤੇਰੇ = ਤੁਹਾਡੇ ਕਿਆ = ਕਿਹੜੇ-ਕਿਹੜੇ ਦਿੱਤੇ ਹੋਏ ਸੁਖ ਨੂੰ ਸੰਮਲਾ = ਯਾਦ ਕਰੀਏ, ਸੰਭਾਲੀਏ ਅਤੇ ਕਵਨ = ਕਿਹੜੇ ਬਿਧੀ = ਤਰੀਕੇ ਨਾਲ ਬੀਚਾਰ = ਨਿਰਣਾ ਕਰੀਏ।

## ਸਰਣਿ ਸਮਾਈ ਦਾਸ ਹਿਤ; ਊਚੇ ਅਗਮ ਅਪਾਰ ॥੩॥

ਹੇ ਮਹਾਰਾਜ ! ਤੂੰ ਆਪਣੀ ਸਰਣਿ = ਓਟ ਵਿਚ ਪਇਆਂ ਦੀ ਆਪਣੇ ਵਿਚ ਸਮਾਈ = ਲਯਤਾ, ਲੀਨਤਾ ਕਰ ਲੈਂਦਾ ਹੈਂ **ਵਾ:** ਤੂੰ ਸਰਣਿ ਸਮਾਈ = ਸ਼ਰਣਾਗਤਾਂ ਨੂੰ ਪਨਾਹ ਵਿਚ ਲੈਣ ਵਾਲਾ ਹੈਂ ਅਤੇ ਆਪਣੇ ਦਾਸ = ਸੇਵਕਾਂ ਨਾਲ ਹਿਤ = ਪ੍ਰੇਮ ਕਰਨ ਵਾਲਾ ਹੈਂ, ਅਤੇ ਤੂੰ ਸਭ ਤੋਂ ਊਚੇ = ਉੱਚਾ ਸ੍ਰੇਸ਼ਟ ਅਗਮ = ਮਨ ਦੀ ਗੰਮਤਾ ਤੋਂ ਰਹਿਤ ਅਤੇ ਅਪਾਰ = ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਰਹਿਤ ਹੈਂ ॥੩॥

## ਸਗਲ ਪਦਾਰਥ ਅਸਟ ਸਿਧਿ; ਨਾਮ ਮਹਾ ਰਸ ਮਾਹਿ ॥

ਆਪ ਜੀ ਦਾ ਪਾਵਨ ਨਾਮ ਮਹਾ ਰਸ = ਬ੍ਰਹਮਾਨੰਦ ਦੀ ਪ੍ਰਾਪਤੀ ਦੇਣ ਵਾਲਾ ਹੈ ਉਸ ਮਾਹਿ = ਵਿੱਚੋਂ ਹੀ ਸਗਲ = ਸਾਰੇ ਪਦਾਰਥ = ਧਰਮ, ਅਰਥ, ਕਾਮ, ਮੋਖ ਆਦਿ ਅਤੇ ਅਸਟ = ਅੱਠ ਸਿਧਿ = ਸਿਧੀਆਂ ਜੋ ਮੁਖ ਹਨ, ਸਭ ਪ੍ਰਾਪਤ ਹੋ ਗਏ ਹਨ **ਵਾ:** ਸ਼੍ਰਵਣ ਮੰਨਣ, ਨਿਧਿਆਸਣ, ਵਿਵੇਕ, ਵੈਰਾਗ, ਖਟ ਸੰਪਤੀ, ਮੋਖ ਇੱਛਾ ਆਦਿ ਅਸਟ = ਅੱਠ ਸਾਧਨ ਵੀ ਤੁਸੀਂ ਸਿਧਿ = ਸਿੱਧ ਕਰਨ ਵਾਲੇ ਹੋ **ਵਾ:** ਚਾਰ ਅੰਤਸ਼ਕਰਣ ਦੇ ਭੇਦ, (ਮਨ, ਬੁੱਧ, ਚਿੱਤ, ਹੰਕਾਰ) ਅਤੇ ਚਾਰ ਪ੍ਰਕਾਰ ਦੀਆਂ ਮੁਕਤੀਆਂ (ਸਲੋਕ, ਸਮੀਮ, ਸਰੂਪ, ਸਯੁਜ) ਨੂੰ ਵੀ ਤੁਸੀਂ ਆਪ ਹੀ ਸਿਧਿ = ਸਿੱਧ, ਸਫਲ ਕਰਨ ਵਾਲੇ ਹੋ **ਅਥਵਾ** ਆਪ ਜੀ ਦੀ ਸਿਧਿ = ਪ੍ਰਾਪਤੀ ਰੂਪ ਜੋ ਅਸਟ = ਅੱਠਾਂ ਧਾਤਾਂ ਦਾ ਸਰੀਰ ਹੈ, ਇਸ ਮਾਹਿ = ਵਿਚ ਹੀ ਆਪ ਜੀ ਦਾ ਨਾਮ ਹੈ ਜੋ ਮਹਾ ਰਸ = ਬ੍ਰਹਮਾਨੰਦ ਦੇ ਦੇਣ ਵਾਲਾ ਹੈ।

## ਸੁਪ੍ਰਸੰਨ ਭਏ ਕੇਸਵਾ; ਸੇ ਜਨ ਹਰਿ ਗੁਣ ਗਾਹਿ ॥੪॥

ਹੇ ਕੇਸਵਾ = ਪ੍ਰਕਾਸ਼ ਰੂਪ **ਵਾ:** ਕੇਸਾਧਾਰੀ ਪਰਮੇਸ਼ਰ ! ਜਿਨ੍ਹਾਂ ਉਪਰ ਆਪ ਸੁਪ੍ਰਸੰਨ = ਭਲੀ ਪ੍ਰਕਾਰ ਪ੍ਰਸੰਨ ਭਏ ਹੋਏ ਹੋ, ਹੇ ਹਰਿ = ਪਰਮੇਸ਼ਰ ਸੇ = ਉਹ ਜਨ = ਪੁਰਸ਼ ਤੇਰੇ ਗੁਣ = ਗੁਣਾਂ ਦਾ ਗਾਹਿ = ਅਸਥਾਨ ਬਣ ਜਾਂਦੇ ਹਨ **ਵਾ:** ਉਹ ਆਪਦੇ ਗੁਣਾਂ ਨੂੰ ਗਾਹਿ = ਗ੍ਰਹਿਣ ਕਰ ਲੈਂਦੇ ਹਨ **ਵਾ:** ਉਹ ਪੁਰਸ਼ ਆਪ ਜੀ ਦੇ ਗੁਣਾਂ ਨੂੰ ਗਾਹਿ = ਗਾਉਂਦੇ ਹਨ ॥੪॥

## ਮਾਤ ਪਿਤਾ ਸੁਤ ਬੰਧਪੋ; ਤੂੰ ਮੇਰੇ ਪ੍ਰਾਣ ਅਧਾਰ ॥

ਹੇ ਮਹਾਰਾਜ ! ਆਪ ਜੀ ਸਾਰਿਆਂ ਦੇ ਮਾਤ = ਮਾਤਾ ਪਿਤਾ = ਬਾਪ ਸੁਤ = ਪੁੱਤਰ ਬੰਧਪੋ = ਸੰਬੰਧੀ ਰੂਪ ਹੋ; ਤੂੰ = ਤੁਸੀਂ ਹੀ ਮੇਰੇ = ਸਾਡੇ ਪ੍ਰਾਨ = ਪ੍ਰਾਣਾਂ, ਸੁਆਸਾਂ ਦਾ ਅਧਾਰ = ਆਸਰਾ ਰੂਪ ਹੋ **ਵਾ:** ਮਾਤਾ ਦੀ

ਨਿਆਈਂ ਖਿਮਾ ਰੂਪ ਪਿਤਾ ਦੀ ਨਿਆਈਂ ਸੰਤੋਖ ਰੂਪ ਗਿਆਨ ਰੂਪ ਪੁੱਤਰ ਤੇ ਬੰਧਪੋ = ਸੰਬੰਧੀ ਸ਼੍ਰਵਣਾਂ ਆਦਿਕ ਤੁਸੀਂ ਹੀ ਹੋ ਤੇ ਤੁਸੀਂ ਹੀ ਮੇਰੇ ਪ੍ਰਾਣਾਂ ਦਾ ਆਸਰਾ ਰੂਪ ਹੋ।

## ਸਾਧਸੰਗਿ ਨਾਨਕੁ ਭਜੈ; ਬਿਖੁ ਤਰਿਆ ਸੰਸਾਰੁ ॥੫॥੧॥੧੧੬॥

(**ਭਜੈ** ਦਾ ਉਚਾਰਨ ਪੋਲਾ ਹੈ)

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਸਾਧਸੰਗਿ = ਸਾਧਸੰਗਤ ਵਿਚ ਮਿਲ ਕਰਕੇ ਭਜੈ = ਭਜਨ ਕੀਤਾ ਹੈ, ਉਨ੍ਹਾਂ ਨੇ ਬਿਖੁ = ਜ਼ਹਿਰ ਰੂਪ ਸੰਸਾਰੁ = ਜਗਤ ਨੂੰ ਤਰਿਆ = ਤਰਨਾ ਕੀਤਾ ਹੈ ॥੫॥੧॥੧੧੬॥

## ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰਿ ਮਃ ੫

## ੧ੴ ਸਤਿਗੁਰ ਪ੍ਰਸਾਦਿ ॥

ਗਉੜੀ ਰਾਗ ਦੀ ਬੈਰਾਗਣਿ ਜਾਤੀ ਵਿਚ ਰਹੋਏ (ਛੰਤ ਦੀ ਇਕ ਜਾਤੀ) ਕੇ = ਦੇ ਛੰਤ = ਛੰਦ ਦੇ ਘਰਿ = ਸੁਰਤਾਲ ਵਿਚ ਪੰਜਵੇਂ ਪਾਤਿਸ਼ਾਹ ਉਚਾਰਨ ਕਰਦੇ ਹਨ।

ਰਹੋਏ = (ਰਹੋਆ) = ਇਹ ਇਕ ਪ੍ਰਕਾਰ ਦੀ ਧਾਰਣਾ ਦਾ ਪੰਜਾਬੀ ਗੀਤ, ਜੋ ਲੰਮੀ ਹੇਕ ਨਾਲ ਗਾਈਦਾ ਹੈ। ਇਸ ਨੂੰ ਖ਼ਾਸ ਕਰਕੇ ਇਸਤਰੀਆਂ ਵਿਆਹ ਦੇ ਸਮੇਂ ਜਾਂ ਦੇਵ ਮੰਦਿਰਾਂ ਵਿਚ ਗਾਉਂਦੀਆਂ ਹਨ। ਇਸ ਗੀਤ ਵਿਚ ਲੰਮੇ ਰਹਾਉ ਤੋਂ ਛੁਟ ਟੇਕ ਦੀ ਤੁਕ ਵਾਰ ਵਾਰ ਗਾਉਣੀ ਹੁੰਦੀ ਹੈ। ਇਸ ਛੰਦ ਨੂੰ ਪੁਰਾਣੇ ਲੋਕ ਰਹਿ ਰਹਿ ਕੇ, ਟਿਕਾਅ-ਟਿਕਾਅ ਕੇ ਗਾਇਆ ਕਰਦੇ ਸੀ।

**ਵਾ:** ਉਸੇ ਸੁਰ ਪ੍ਰਸਤਾਰ ਅਤੇ ਧਾਰਨਾ ਅਨੁਸਾਰ ਗਾਉਣ ਦੀ ਹਦਾਇਤ ਹੈ, ਜਿਸ ਪ੍ਰਕਾਰ ਰਹੋਆ ਛੰਦ ਗਾਈਦਾ ਹੈ।

**ਅਥਵਾ** ਰਹੋਏ ਕੇ = ਇਕ ਅਦ੍ਵੈਤ ਰੂਪ ਵਿਚ ਰਹਿਣ ਵਾਸਤੇ ਜਿਸ ਘਰਿ = ਸੰਗਤ ਵਿਚ ਛੰਤ = ਜਸ ਗਾਇਆ ਜਾਵੇ, ਉਸ ਨੂੰ ਪੰਚਮ ਪਾਤਿਸ਼ਾਹ ਉਚਾਰਨ ਕਰਦੇ ਹਨ।

੧ = ਅਦ੍ਵੈਤ ਸਰੂਪ ਪਰਮੇਸ਼ਰ ੴ = ਸਾਰਿਆਂ ਦਾ ਪ੍ਰਕਾਸ਼ਕ ਜੋ ਸਤਿਗੁਰ = ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਹੈ ਕੋਈ; ਰਾਮ ਪਿਆਰੋ ਗਾਵੈ ॥
## ਸਰਬ ਕਲਿਆਣ; ਸੂਖ ਸਚੁ ਪਾਵੈ ॥ਰਹਾਉ॥

ਹੇ ਭਾਈ! ਹੈ ਕੋਈ = ਕੋਈ ਇਕ ਇਹੋ ਜਿਹਾ ਹੈ! ਜੋ ਰਾਮ = ਪਰਮੇਸ਼ਰ ਪਿਆਰੋ = ਪਿਆਰੇ ਦੇ ਤਾਈਂ ਗਾਵੈ = ਗਾਉਣਾ ਕਰੇ, ਭਾਵ ਜੋ ਮਨ ਨੂੰ ਜਿੱਤ ਕੇ, ਵਿਕਾਰਾਂ, ਇੰਦ੍ਰੀਆਂ ਨੂੰ ਜਿੱਤ ਕਰਕੇ ਮੇਰੇ ਰਾਮ ਪਿਆਰੇ ਦੇ ਗੁਣਾਂ ਨੂੰ ਗਾਵੇ। ਉਸ ਨੂੰ ਸਰਬ = ਸਾਰੀਆਂ ਕਲਿਆਣ = ਮੁਕਤੀਆਂ ਪ੍ਰਾਪਤ ਹੋ ਜਾਣਗੀਆਂ ਅਤੇ ਸਚੁ = ਸੱਚੇ ਸੂਖ = ਸੁਖ ਸਰੂਪ ਨੂੰ ਵੀ ਉਹ ਪਾਵੈ = ਪਾ ਲਵੇਗਾ ॥ਰਹਾਉ॥

## ਬਨੁ ਬਨੁ ਖੋਜਤ; ਫਿਰਤ ਬੈਰਾਗੀ ॥

ਕਈ ਸੰਸਾਰ ਤੋਂ ਬੈਰਾਗੀ = ਉਪਰਾਮ ਹੋ ਕੇ ਬਨੁ ਬਨੁ = ਜੰਗਲ ਜੰਗਲ ਵਿਚ **ਵਾ:** ਬਨੁ = ਮਧੁਬਨ ਵਿਚ ਬਨੁ = ਬਿੰਦ੍ਰਾਬਨ ਵਿਚ ਪਰਮੇਸ਼ਰ ਨੂੰ ਖੋਜਤ = ਲੱਭਦੇ ਫਿਰਤ = ਫਿਰਦੇ ਹਨ **ਵਾ:** ਕਈ ਬਨੁ = ਬਾਨਿਆਂ ਨੂੰ ਬਨੁ = ਬਣਾ ਬਣਾ ਕੇ ਭਾਵ ਅਨੇਕਾਂ ਰੰਗਾਂ ਦੇ ਕੱਪੜੇ ਪਾ ਕੇ ਭਾਲਦੇ ਫਿਰਦੇ ਹਨ **ਵਾ:** ਕਈ ਬਨੁ = ਬਾਣਪ੍ਰਸਤੀ ਬਨੁ = ਬਣ ਕੇ ਲੱਭਦੇ ਫਿਰਦੇ ਹਨ, ਕਈ ਬੈਰਾਗੀ = ਸੰਨਿਆਸੀ ਬਣ ਕੇ ਲੱਭਦੇ ਫਿਰਦੇ ਹਨ।

## ਬਿਰਲੇ ਕਾਹੂ; ਏਕ ਲਿਵ ਲਾਗੀ ॥
## ਜਿਨਿ ਹਰਿ ਪਾਇਆ; ਸੇ ਵਡਭਾਗੀ ॥੧॥

ਪ੍ਰੰਤੂ ਕਾਹੂ = ਕਿਸੇ ਬਿਰਲੇ = ਟਾਂਵੇ ਦੀ ਹੀ ਏਕ = ਅਦ੍ਵੈਤ ਪਰਮੇਸ਼ਰ ਵਿਚ ਲਿਵ = ਬਿਰਤੀ ਲਾਗੀ = ਲੱਗੀ ਹੈ, ਜੁੜੀ ਹੈ। ਜਿਨਿ = ਜਿਨ੍ਹਾਂ ਨੇ ਹਰਿ = ਪਰਮੇਸ਼ਰ ਨੂੰ ਪਾਇਆ = ਪ੍ਰਾਪਤ ਕਰ ਲਿਆ ਹੈ, ਸੇ = ਉਹ ਪੁਰਖ ਵਡਭਾਗੀ = ਵੱਡਿਆਂ ਭਾਗਾਂ ਵਾਲੇ ਹਨ ॥੧॥

## ਬ੍ਰਹਮਾਦਿਕ; ਸਨਕਾਦਿਕ ਚਾਹੈ ॥

ਪਰਮੇਸ਼ਰ ਦੀ ਪ੍ਰਾਪਤੀ ਨੂੰ ਤਾਂ ਬ੍ਰਹਮਾਦਿਕ = ਬ੍ਰਹਮੇ ਆਦਿ ਤੋਂ ਲੈ ਕੇ ਹੋਰ ਸ਼ਿਵਜੀ, ਵਿਸ਼ਨੂੰ ਆਦਿ ਸਭ ਦੇਵਤੇ ਅਤੇ ਸਨਕਾਦਿ = ਬ੍ਰਹਮੇ ਦੇ ਪੁੱਤਰ ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ, ਨਾਰਦ ਆਦਿ ਵੀ ਚਾਹੈ = ਚਾਹੁੰਦੇ ਹਨ।

**ਸਾਖੀ—ਸਨਕਾਦਿਕਾਂ ਦੀ :** ਇਕ ਵਾਰੀ ਇਹ ਚਾਰੇ ਬ੍ਰਹਮੇ ਦੇ ਪੁੱਤਰ (ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ) ਤੁਰੀ ਜਾ ਰਹੇ ਸਨ। ਰਸਤੇ ਵਿਚ ਸ਼ਿਵ ਜੀ ਸਮਾਧੀ ਲਾਈ ਬੈਠੇ ਸਨ। ਇਹ ਚਾਰੇ ਆਪਣੀ ਮੌਜ ਵਿਚ ਉਸ ਨੂੰ ਮੱਥਾ ਟੇਕਣ ਤੋਂ ਬਿਨਾਂ ਹੀ ਅੱਗੇ ਲੰਘ ਗਏ। ਮੱਥਾ ਨਾ ਟੇਕਣ ਕਰਕੇ ਪਾਰਬਤੀ ਨਰਾਜ਼ ਹੋ ਗਈ। ਪਾਰਬਤੀ ਉਨ੍ਹਾਂ ਨੂੰ ਕਹਿਣ ਲੱਗੀ ਕਿ ਤੁਸੀਂ ਮੱਥਾ ਨਹੀਂ ਟੇਕਿਆ, ਜਾਉ ਊਠ ਬਣ ਜਾਉ। ਉਹ ਚਾਰੇ ਊਠ ਬਣ ਕੇ ਵਿਚਰਨ ਲੱਗ ਪਏ। ਫਿਰ ਪਾਰਬਤੀ ਨੇ ਕਿਹਾ ਕਿ ਹੁਣ ਠੀਕ ਹੋ ? ਇਹ ਕਹਿਣ ਲੱਗੇ— ਹਾਂ ਹੁਣ ਤਾਂ ਬਹੁਤ ਹੀ ਠੀਕ ਹੈ, ਕੋਈ ਵੀ ਉਪਚਾਰ ਨਹੀਂ ਕਰਨਾ ਪੈਂਦਾ, ਬ੍ਰਿਛਾਂ ਦੀਆਂ ਕਰੂੰਬਲਾਂ ਆਦਿਕ ਖਾ ਕੇ ਗੁਜ਼ਾਰਾ ਕਰ ਲਈਦਾ ਹੈ। ਪਾਰਬਤੀ ਕਹਿਣ ਲੱਗੀ ਕਿ ਹੁਣ ਸ਼ੂਦਰ ਬਣ ਜਾਉ। ਫਿਰ ਸ਼ੂਦਰ ਬਣ ਗਏ, ਤਦ ਵੀ ਖ਼ੁਸ਼ ਹੀ ਬੈਠੇ ਦੇਖੇ। ਤੀਜੀ ਵਾਰੀ ਕਹਿੰਦੀ ਕਿ ਤੁਸੀਂ ਮੇਰੇ ਪੁੱਤਰ ਬਣ ਜਾਉ। ਉਸ ਵਕਤ ਪਾਰਬਤੀ ਦੇ ਪੇਟੋਂ ਸ਼ਾਮ ਅਤੇ ਕਾਰਤਿਕ ਰੂਪ ਹੋ ਕੇ ਜਨਮੇ। ਇਕ ਵਾਰੀ ਇਹ ਚਾਰੇ ਭਰਾ ਆਪਣੇ ਪਿਤਾ ਬ੍ਰਹਮਾ ਦੇ ਪਾਸ ਆਏ। ਬ੍ਰਹਮੇ ਨੂੰ ਇਨ੍ਹਾਂ ਨੇ ਪ੍ਰਸ਼ਨ ਕੀਤਾ ਕਿ ਪਿਤਾ ਜੀ ! ਜੋ ਮਨ ਹੈ ਇਹ ਇੰਦ੍ਰੀਆਂ ਤੋਂ ਸੁਤੰਤਰ ਰਹਿ ਕੇ ਕਿਵੇਂ ਇਕਾਗਰ ਹੋਵੇਗਾ। ਉਸ ਵਖਤ ਬ੍ਰਹਮਾ ਉੱਤਰ ਨਾ ਦੇ ਸਕਿਆ। ਇਹ ਮਖ਼ੌਲ ਕਰਨ ਲੱਗ ਪਏ। ਕਹਿੰਦੇ ਕਿ ਤੂੰ ਸਾਡਾ ਪਿਤਾ ਕਹਾਉਂਦਾ ਹੈਂ, ਪਰ ਤੈਨੂੰ ਏਨਾ ਪਤਾ ਹੀ ਨਹੀਂ। ਉਸ ਵੇਲੇ ਬ੍ਰਹਮਾ ਨੇ ਪਰਮੇਸ਼ਰ ਨੂੰ ਚੇਤੇ ਕੀਤਾ ਕਿ ਹੇ ਪਰਮੇਸ਼ਰ ! ਮੇਰੇ ਪੁੱਤਰ ਮੈਨੂੰ ਮਖ਼ੌਲ ਕਰਦੇ ਹਨ, ਤੁਸੀਂ ਮੇਰੀ ਪੈਜ ਰੱਖੋ। ਉਸ ਵੇਲੇ ਵਿਸ਼ਨੂੰ ਭਗਵਾਨ ਨੇ ਹੰਸ ਰੂਪ ਵਿਚ ਅਵਤਾਰ ਧਾਰਨ ਕੀਤਾ ਤੇ ਉਨ੍ਹਾਂ ਦੇ ਸਾਹਮਣੇ ਆਣ ਬੈਠਾ। ਉਸ ਵੇਲੇ ਬ੍ਰਹਮਾ ਦੇ ਪੁੱਤਰ ਕਹਿਣ ਲੱਗੇ ਕਿ ਤੁਸੀਂ ਕੌਣ ਹੋ ? ਹੰਸਾ ਅਵਤਾਰ ਕਹਿਣ ਲੱਗੇ ਕਿ ਤੁਸੀਂ ਕੌਣ ਹੋ ? ਇਹ ਕਹਿਣ ਲੱਗੇ ਕਿ ਅਸੀਂ ਬ੍ਰਹਮਾ ਦੇ ਪੁੱਤਰ ਹਾਂ। ਅੱਗੇ ਹੰਸਾਵਤਾਰ ਨੇ ਕਿਹਾ ਕਿ ਤੁਸੀਂ ਕਿਸ ਚੀਜ਼ ਨੂੰ ਆਪਣੀ ਮੰਨਦੇ ਹੋ। ਜੇਕਰ ਸਰੀਰਾਂ ਨੂੰ ਮੰਨਦੇ ਹੋ ਤਾਂ ਪੰਜਾਂ ਤੱਤਾਂ ਦਾ ਤੁਹਾਡਾ ਸਰੀਰ ਹੈ ਅਤੇ ਪੰਜਾਂ ਤੱਤਾਂ ਦਾ ਹੀ ਮੇਰਾ ਸਰੀਰ ਹੈ, ਜੇਕਰ ਆਤਮਾ ਨੂੰ ਮੰਨਦੇ ਹੋ ਤਾਂ ਆਤਮਾ ਜੰਮਣ ਮਰਣ ਵਿਚ ਨਹੀਂ ਆਉਂਦਾ। ਤੁਹਾਡਾ ਸਵਾਲ ਕਰਨਾ ਯੋਗ ਨਹੀਂ। ਇਹ ਸੁਣ ਕੇ ਚਾਰੇ ਨਿਰਉੱਤਰ ਹੋ ਗਏ। ਫਿਰ ਬ੍ਰਹਮਾ ਨੇ ਪ੍ਰਸ਼ਨ ਪੁੱਛੇ ਕਿ ਮਨ ਇਕਾਗਰ ਕਿਵੇਂ ਹੋਵੇ ? ਤਾਂ ਕਹਿੰਦੇ ਕਿ ਇਹ ਸ਼ਬਦ ਦੇ ਆਸਰੇ ਟਿਕ ਸਕਦਾ ਹੈ। ਸੁਣ ਕੇ ਸਨਕਾਦਿਕਾਂ ਦਾ ਭਰਮ ਚੁੱਕਿਆ ਗਿਆ, ਇਸ ਪ੍ਰਕਾਰ ਹੰਸਾ ਅਵਤਾਰ ਨੇ ਇਨ੍ਹਾਂ ਦਾ ਸੰਸਾ ਮੇਟਿਆ ਸੀ। ਇਹ ਪ੍ਰਸੰਗ ਭਾਗਵਤ ਦੇ ਗਿਆਰਵੇਂ ਸਕੰਧ ਦੇ ਤੇਰ੍ਹਵੇਂ ਅਧਿਆਇ ਵਿਚ ਆਉਂਦਾ ਹੈ।

ਸੋ ਇਸ ਪ੍ਰਕਾਰ ਸਨਕਾਦਿਕ ਤੇ ਬ੍ਰਹਮਾ ਆਦਿ ਦੇਵਤੇ ਵੀ ਪਰਮੇਸ਼ਰ ਦੀ ਪ੍ਰਾਪਤੀ ਨੂੰ ਚਾਹੁੰਦੇ ਹਨ।

## ਜੋਗੀ ਜਤੀ ਸਿਧ; ਹਰਿ ਆਹੈ ॥
## ਜਿਸਹਿ ਪਰਾਪਤਿ; ਸੋ ਹਰਿ ਗੁਣ ਗਾਹੈ ॥੨॥

ਜੋਗੀ = ਯੋਗ ਭੇਖ ਧਾਰਨ ਕਰਨ ਵਾਲਾ ਗੋਰਖਨਾਥ ਆਦਿ ਜਤੀ = ਯਤ ਰੱਖਣ ਵਾਲੇ ਲਛਮਣ, ਦੱਤਾ ਤ੍ਰੇਅ ਆਦਿਕ ਸਿਧ = ਸਿਧੀ ਨੂੰ ਪ੍ਰਾਪਤ ਹੋਣ ਵਾਲੇ ਚੌਰਾਸੀ ਸਿੱਧ ਆਦਿਕ ਇਹ ਸਾਰੇ ਹਰਿ = ਪਰਮੇਸ਼ਰ ਨੂੰ ਆਹੈ = ਚਾਹੁੰਦੇ ਹਨ।

ਪਰ ਹੇ ਭਾਈ! ਜਿਸਹਿ = ਜਿਸ ਨੂੰ ਸਤਿਗੁਰਾਂ ਦੀ ਪਰਾਪਤਿ = ਪ੍ਰਾਪਤੀ ਹੋਈ ਹੈ, ਸੋ = ਉਹੀ ਹਰਿ = ਹਰੀ ਪਰਮੇਸ਼ਰ ਦੇ ਗੁਣ = ਗੁਣਾਂ ਨੂੰ ਗਾਹੈ = ਵਿਚਾਰਦਾ ਹੈ **ਵਾ:** ਗਾਹੈ = ਗ੍ਰਹਿਣ ਕਰਦਾ ਹੈ **ਵਾ:** ਗਾਇਨ ਕਰਦਾ ਹੈ ॥੨॥

## ਤਾ ਕੀ ਸਰਣਿ; ਜਿਨ ਬਿਸਰਤ ਨਾਹੀ ॥ ਵਡਭਾਗੀ; ਹਰਿ ਸੰਤ ਮਿਲਾਹੀ ॥

ਹੇ ਭਾਈ! ਤਾ = ਉਨ੍ਹਾਂ ਸੰਤ ਜਨਾਂ ਕੀ = ਦੀ ਸਰਣਿ = ਓਟ ਵਿਚ ਪੈਣਾ ਕਰੋ, ਜਿਨ = ਜਿਨ੍ਹਾਂ ਨੂੰ ਪਰਮੇਸ਼ਰ ਬਿਸਰਤ = ਭੁੱਲਦਾ ਨਾਹੀ = ਨਹੀਂ ਹੈ। ਪ੍ਰੰਤੂ ਵਡਭਾਗੀ = ਵੱਡਿਆਂ ਭਾਗਾਂ ਕਰਕੇ ਹੀ ਹਰਿ = ਪਰਮੇਸ਼ਰ ਦੇ ਸੰਤ = ਮਹਾਂਪੁਰਖ ਮਿਲਾਹੀ = ਮਿਲਦੇ ਹਨ, ਪ੍ਰਾਪਤ ਹੁੰਦੇ ਹਨ।

## ਜਨਮ ਮਰਣ; ਤਿਹ ਮੂਲੇ ਨਾਹੀ ॥੩॥

ਤਿਹ = ਉਨ੍ਹਾਂ ਨੂੰ ਜਨਮ ਮਰਣ = ਜੰਮਣ ਮਰਣਾ (ਆਵਾਗਵਨ) ਮੂਲੇ = ਉੱਕਾ ਹੀ ਨਾਹੀ = ਨਹੀਂ ਹੁੰਦਾ ॥੩॥ ਜੈਸਾ ਕਿ :

**ਜੰਮਣ ਮਰਣਹੁ ਬਾਹਰੇ ਪਰਉਪਕਾਰੀ ਜਗ ਵਿਚਿ ਆਏ ॥**

*(ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੧੮)*

## ਕਰਿ ਕਿਰਪਾ; ਮਿਲੁ ਪ੍ਰੀਤਮ ਪਿਆਰੇ ॥ ਬਿਨਉ ਸੁਨਹੁ; ਪ੍ਰਭ ਊਚ ਅਪਾਰੇ ॥

ਹੇ ਮੇਰੇ ਪ੍ਰੀਤਮ = ਸੱਚੇ ਮਿੱਤਰ ਪਿਆਰੇ = ਪ੍ਰਿਯ ਵਾਹਿਗੁਰੂ! ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰ ਕੇ ਸਾਨੂੰ ਮਿਲੁ = ਮਿਲਣਾ ਕਰੋ। ਹੇ ਊਚ = ਉੱਚੇ, ਉੱਤਮ ਅਪਾਰੇ = ਪਾਰਾਵਾਰ ਤੋਂ ਰਹਿਤ ਪ੍ਰਭ = ਪਰਮੇਸ਼ਰ! ਸਾਡੀ ਬਿਨਉ = ਬੇਨਤੀ ਸੁਨਹੁ = ਸੁਣਨਾ ਕਰੋ।

## ਨਾਨਕੁ ਮਾਂਗਤੁ; ਨਾਮੁ ਅਧਾਰੇ ॥੪॥੧॥੧੧੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਤਾਂ ਆਪ ਜੀ ਦੇ ਨਾਮ ਦਾ ਹੀ ਅਧਾਰੇ = ਆਸਰਾ ਮਾਂਗਤੁ = ਮੰਗਦੇ ਹਾਂ ॥੪॥੧॥੧੧੭॥

**[ਅੰਗ ੨੦੪]**

## ਰਾਗੁ, ਗਉੜੀ ਪੂਰਬੀ, ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

੧ = ਅਦ੍ਵੈਤ ਰੂਪ ਬ੍ਰਹਮ ੴ = ਸਰਬ ਦਾ ਪ੍ਰਕਾਸ਼ਕ ਜੋ ਸਤਿਗੁਰ = ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਇਸ ਪਾਵਨ ਸ਼ਬਦ ਵਿਚ ਜਗਿਆਸੂ ਜਨ, ਬ੍ਰਹਮਬੇਤੇ, ਮਹਾਂਪੁਰਖਾਂ ਦੇ ਪਾਸ ਜਾ ਕੇ ਇਸ ਪ੍ਰਕਾਰ ਬੇਨਤੀ ਕਰਦੇ ਹਨ, ਜਿਸ ਪ੍ਰਕਾਰ ਇਕ ਪਤੀਬ੍ਰਤਾ ਧਰਮ ਵਿਚ ਅਡੋਲ ਰਹਿਣ ਵਾਲੀ ਪਤਨੀ ਆਪਣੇ ਪਤੀ

ਦੇ ਵਿਛੋੜੇ ਕਰ ਕੇ ਆਪਣੀ ਮਾਤਾ ਨੂੰ ਬੇਨਤੀ ਕਰਦੀ ਹੈ। ਉਸੇ ਰੂਪ ਅਲੰਕਾਰ ਦੁਆਰਾ ਰਾਗ ਗਉੜੀ ਦੀ ਪੂਰਬੀ ਜਾਤੀ ਵਿਚ ਪੰਚਮ ਪਾਤਿਸ਼ਾਹ ਇਹ ਪਾਵਨ ਉਪਦੇਸ਼ ਫ਼ੁਰਮਾਉਂਦੇ ਹਨ:

## ਕਵਨ ਗੁਨ; ਪ੍ਰਾਨਪਤਿ, ਮਿਲਉ ਮੇਰੀ ਮਾਈ ॥੧॥ਰਹਾਉ॥

ਹੇ ਮੇਰੀ ਮਾਇ = ਮਾਤਾ! ਕਵਨ = ਕਿਹੜੇ ਗੁਨ = ਗੁਣਾਂ ਕਰਕੇ ਮੇਰੇ ਪ੍ਰਾਨਪਤਿ = ਪ੍ਰਾਣਾਂ ਦਾ ਪਤੀ ਮੈਨੂੰ ਮਿਲਉ = ਮਿਲ ਸਕਦਾ ਹੈ ॥੧॥ਰਹਾਉ॥

## ਰੂਪ ਹੀਨ ਬੁਧਿ ਬਲ ਹੀਨੀ; ਮੋਹਿ ਪਰਦੇਸਨਿ ਦੂਰ ਤੇ ਆਈ ॥੧॥

ਹੇ ਮਾਤਾ! ਜੇਕਰ ਪਤਨੀ ਦਾ ਰੂਪ = ਚਿਹਰਾ ਚੰਗਾ ਹੋਵੇ ਤਾਂ ਪਤੀ ਨੂੰ ਪ੍ਰਸੰਨ ਕਰ ਸਕਦੀ ਹੈ, ਦੂਸਰਾ ਬੁਧਿ = ਬੁੱਧੀ ਪਰਮਾਰਥ, ਵਿਹਾਰਾਂ ਵਿਚ ਚੰਗੀ ਹੋਵੇ ਤਾਂ ਪ੍ਰਸੰਨ ਕਰ ਸਕਦੀ ਹੈ, ਤੀਸਰਾ ਜੇਕਰ ਭਰਾਵਾਂ ਦਾ ਬਲ = ਜ਼ੋਰ ਹੋਵੇ ਤਾਂ ਵੀ ਪਤੀ ਸਤਿਕਾਰ ਕਰਦਾ ਹੈ, ਜੇਕਰ ਨੇੜੇ ਦੇ ਦੇਸ਼ ਦੀ ਹੋਵੇ ਤਾਂ ਵੀ ਪਤੀ ਸਤਿਕਾਰ ਕਰਦਾ ਹੈ, ਪਰ ਮੇਰੇ ਵਿਚ ਤਾਂ ਇਹ ਕੋਈ ਵੀ ਗੁਣ ਨਹੀਂ ਹੈ ਮੈਂ ਇਨ੍ਹਾਂ ਤੋਂ ਹੀਨ = ਹੀਣੀ ਹਾਂ ਅਤੇ ਦੂਰ ਦੇਸ਼ ਤੋਂ ਆਈ ਹੋਈ ਪਰਦੇਸਣ ਹਾਂ ॥੧॥

## ਨਾਹਿਨ ਦਰਬੁ; ਨ ਜੋਬਨ ਮਾਤੀ; ਮੋਹਿ ਅਨਾਥ ਕੀ ਕਰਹੁ ਸਮਾਈ ॥੨॥

(**ਮਾਤੀ** ਦਾ ਉਚਾਰਨ ਕੱਸ ਕੇ ਕਰਨਾ ਹੈ)

ਹੇ ਮਾਂ! ਮੇਰੇ ਕੋਲ ਤਾਂ ਦਰਬੁ = ਧਨ ਵੀ ਨਾਹਿਨ = ਨਹੀਂ ਹੈ ਅਤੇ ਨਾ ਹੀ ਮੈਂ ਜੋਬਨ = ਜਵਾਨੀ ਵਿਚ ਮਾਤੀ = ਮਸਤ ਹਾਂ, ਤੂੰ ਕਿਸੇ ਤਰੀਕੇ ਨਾਲ ਮੋਹਿ = ਮੇਰੀ ਅਨਾਥ = ਯਤੀਮ ਕੀ = ਦੀ ਪਤੀ ਦੇ ਨਾਲ ਸਮਾਈ = ਮਿਲਾਉਣੀ ਕਰਹੁ = ਕਰਵਾ ਦੇ ॥੨॥

## ਖੋਜਤ ਖੋਜਤ ਭਈ ਬੈਰਾਗਨਿ; ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥੩॥

ਹੇ ਮਾਤਾ! ਮੈਂ ਖੋਜਤ ਖੋਜਤ = ਲੱਭਦੀ-ਲੱਭਦੀ ਬੈਰਾਗਨਿ = ਵੈਰਾਗਵਾਨ ਭਈ = ਹੋ ਗਈ ਹਾਂ ਪ੍ਰਭ = ਪਤੀ ਪਰਮੇਸ਼ਰ ਦੇ ਦਰਸਨ = ਦੀਦਾਰ ਕਉ = ਨੂੰ ਹਉ = ਮੈਂ ਚਾਹਤ ਵਾਲੀ ਹੋ ਕੇ ਤਿਸਾਈ = ਤਰਸਦੀ ਫਿਰਤ = ਫਿਰਦੀ ਹਾਂ ॥੩॥

## ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ;
## ਸਾਧਸੰਗਿ ਮੇਰੀ ਜਲਨਿ ਬੁਝਾਈ ॥੪॥੧॥੧੧੮॥

ਜਦ ਪਤੀ ਮਿਲਾਪ ਦੀ ਤੜਪ ਨੂੰ ਮਾਤਾ ਕੋਲ ਹੋਈ ਤਾਂ ਧਰਮੀ ਮਾਤਾ ਨੇ ਧਰਮ ਦੇ ਆਗੂ ਸਤ ਪੁਰਸ਼ਾਂ ਦੀ ਸੰਗਤ ਵਿਚ ਮਿਲਾਇਆ, ਸਾਧ ਸੰਗਤ ਦੀ ਪ੍ਰਾਪਤੀ ਤੋਂ ਮੇਰੀ ਪਤੀ ਵਿਛੋੜੇ ਦੀ ਜਲਨ = ਪੀੜਾ ਬੁਝਾਈ = ਨਵਿਰਤ ਹੋ ਗਈ ਤੇ ਪਤੀ ਨੂੰ ਪ੍ਰਸੰਨ ਕਰਨ ਦੀ ਜਾਚ ਆ ਗਈ।

ਜਿਸ ਮੇਰੇ ਦੀਨ = ਗਰੀਬਣੀ ਤੇ ਪਰਮਾਤਮਾ ਜੀ ਨੇ ਦਿਆਲੂ ਕ੍ਰਿਪਾਲੂ ਹੋ ਕੇ ਪਤੀ ਦੇ ਮਨ ਨੂੰ ਅਜਿਹਾ ਪ੍ਰੇਰਿਆ ਕਿ ਜਿਸ ਤੇ ਮੈਨੂੰ ਮੇਰੇ ਪਤੀ ਨੇ ਅਪਣਾ ਲਿਆ ॥੪॥੧॥੧੧੮॥

### ਦੂਸਰਾ ਅਰਥ

**ਕਵਨ ਗੁਨ; ਪ੍ਰਾਨਪਤਿ ਮਿਲਉ ਮੇਰੀ ਮਾਈ ॥੧॥ਰਹਾਉ॥**

ਹੇ ਮੇਰੇ ਮਾਈ = ਮਾਤਾ ਪਿਤਾ ਰੂਪ ਬ੍ਰਹਮ ਬੇਤੇ ਮਹਾਂਪੁਰਖੋ! ਕਵਨ = ਕਿਹੜਿਆਂ ਗੁਨ = ਗੁਣਾਂ ਕਰਕੇ

ਸਾਡੇ ਪ੍ਰਾਨਪਤਿ = ਪ੍ਰਾਣਾਂ ਦਾ ਸੁਆਮੀ, ਸਰਬ ਦਾ ਸਾਖੀ ਚੇਤਨ ਰੂਪ ਮਿਲਉ = ਮਿਲੇਗਾ ਪ੍ਰਾਪਤ ਹੋਵੇਗਾ ॥੧॥ਰਹਾਉ॥

**ਰੂਪ ਹੀਨ ਬੁਧਿ ਬਲ ਹੀਨੀ; ਮੋਹਿ ਪਰਦੇਸਨਿ ਦੂਰ ਤੇ ਆਈ ॥੧॥**

ਹੇ ਮਹਾਪੁਰਖੋ ! ਮੈਂ ਮਨ ਦੀ ਸਫ਼ਾਈ ਰੂਪੀ ਰੂਪ = ਸ਼ਕਲ, ਸੂਰਤ ਤੋਂ ਹੀਨ = ਹੀਣੀ ਹਾਂ, ਆਤਮ ਵਿਸ਼ੈਣੀ ਬੁਧਿ = ਬੁੱਧੀ, ਸਤ ਸੰਤੋਖ ਦਇਆ ਧਰਮ, ਸ਼੍ਰਵਣ, ਮੰਨਣ, ਨਿਧਿਆਸਣ ਆਦਿ ਸ਼ੁਭ ਗੁਣਾਂ ਰੂਪ ਭਰਾਵਾਂ ਦੇ ਬਲ = ਜ਼ੋਰ ਤੋਂ ਹੀਨੀ = ਹੀਣੀ ਹਾਂ। ਅਨਾਤਮਾ ਦੇਸ਼ ਵਿਚ ਵਸਣ ਕਰਕੇ ਆਤਮਾ ਦੇਸ਼ ਤੋਂ ਪਰ੍ਹੇ ਪਰਦੇਸਨਿ = ਪਰਾਏ ਦੇਸ਼ ਵਾਲੀ ਹਾਂ ਅਤੇ ਚੌਰਾਸੀ ਲੱਖ ਜੂਨਾਂ ਨੂੰ ਭੋਗਣ ਰੂਪ ਬਹੁਤ ਦੂਰ ਤੇ = ਤੋਂ ਆਈ ਹੋਈ ਹਾਂ ॥੧॥

**ਨਾਹਿਨ ਦਰਬੁ, ਨ ਜੋਬਨ ਮਾਤੀ; ਮੋਹਿ ਅਨਾਥ ਕੀ ਕਰਹੁ ਸਮਾਈ ॥੨॥**

ਹੇ ਮਹਾਂਪੁਰਖੋ ! ਸਾਡੇ ਕੋਲ ਪੂਰਬਲੇ ਪੁੰਨ ਕਰਮਾਂ ਰੂਪੀ ਮਾਪਿਆਂ ਦਾ ਅੱਠੇ ਪਹਿਰ ਸਿਮਰਨ ਕਰਨ ਰੂਪੀ ਨਾਮ ਦਾ ਦਰਬ = ਧਨ ਨਾਹਿਨ = ਨਹੀਂ ਹੈ, ਨ = ਨਾ ਹੀ ਸ਼ੌਕ ਅਵਸਥਾ ਰੂਪੀ ਜੋਬਨ = ਜਵਾਨੀ ਵਿਚ ਸਾਡੀ ਬਿਰਤੀ ਮਾਤੀ = ਮਸਤ ਹੈ। (ਵਾਹਿਗੁਰੂ ਨੂੰ ਮਿਲਣ ਲਈ ਜੋ ਸ੍ਵਾਸ ਸ੍ਵਾਸ ਸਿਮਰਨ ਕਰਨਾ ਹੈ, ਇਹੀ ਸ਼ੌਕ ਅਵਸਥਾ ਹੈ)। ਇਸ ਕਰਕੇ ਪੂਰਬਲੇ ਪੁੰਨ ਰੂਪ, ਸ਼ੁਭ ਗੁਣਾਂ ਰੂਪੀ ਮਾਪੇ ਨਾ ਹੋਣ ਕਰਕੇ ਮੋਹਿ = ਮੇਰੀ ਅਨਾਥ = ਯਤੀਮ ਕੀ = ਦੀ ਕਿਰਪਾ ਕਰਕੇ ਸਮਾਈ = ਸੁਣਵਾਈ ਕਰਹੁ = ਕਰਨੀ ਕਰੋ ਭਾਵ ਸਾਨੂੰ ਸੰਗਤ ਦੇ ਦੁਆਰਾ ਪਰਮੇਸ਼ਰ ਪਤੀ ਨਾਲ ਮੇਲਣਾ ਕਰੋ ॥੨॥

**ਖੋਜਤ ਖੋਜਤ ਭਈ ਬੈਰਾਗਨਿ; ਪ੍ਰਭ ਦਰਸਨ ਕਉ, ਹਉ ਫਿਰਤ ਤਿਸਾਈ ॥੩॥**

ਹੇ ਮਹਾਂਪੁਰਖੋ ! ਮੈਂ ਖੋਜਤ = ਲੱਭਿਆ ਹੈ ਸ਼ਾਸਤਰਾਂ 'ਚੋਂ ਖੋਜਤ = ਲੱਭਿਆ ਹੈ ਵੇਦਾਂ 'ਚੋਂ **ਵਾ:** ਖੋਜਿਆ ਹੈ ਪੁਰਾਣਾਂ ਨੂੰ, ਖੋਜਤ = ਭਾਲਿਆ ਹੈ ਸੁਰਤੀਆਂ ਸਿੰਮ੍ਰਿਤੀਆਂ ਨੂੰ **ਵਾ:** ਸਤਿਸੰਗਤ ਦੁਆਰਾ ਤਨ ਨੂੰ ਖੋਜਤ = ਖੋਜਿਆ ਹੈ ਅਤੇ ਮਨ ਨੂੰ ਖੋਜਤ-ਖੋਜਿਆ ਹੈ, ਹੁਣ ਸਾਡੀ ਬਿਰਤੀ ਬੈਰਾਗਨਿ = ਵੈਰਾਗ ਦੇ ਸਹਿਤ ਭਈ = ਹੋ ਗਈ ਹੈ। ਹੁਣ ਪ੍ਰਭ = ਅਕਾਲ ਪੁਰਖ ਦੇ ਦਰਸਨ = ਦੀਦਾਰਿਆਂ ਰੂਪ ਅੰਮ੍ਰਿਤ ਕਉ = ਨੂੰ ਪੀਣ ਲਈ ਹਉ = ਮੈਂ ਤਿਸਾਈ = ਪਿਆਸੀ ਫਿਰਤ = ਫਿਰਦੀ ਪਈ ਹਾਂ ॥੩॥ ਜੈਸਾ ਕਿ :

**ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥**
**ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ ॥** *(ਆਸਾ ਮ: ੪ ਛੰਤ ਘਰੁ ੪, ਅੰਗ ੪੪੯)*

ਇਥੋਂ ਤਕ ਜਗਿਆਸੂ ਰੂਪ ਇਸਤਰੀ ਵੱਲੋਂ ਪ੍ਰਾਰਥਨਾ ਹੈ। ਹੁਣ ਅੱਗੇ ਗੁਰੂ ਸਾਹਿਬ ਜੀ ਤਤਬੇਤੇ, ਮਾਤਾ ਰੂਪ ਹੋ ਕੇ ਉਪਦੇਸ਼ ਕਰਦੇ ਹਨ :

**ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ; ਸਾਧਸੰਗਿ ਮੇਰੀ ਜਲਨਿ ਬੁਝਾਈ ॥੪॥੧॥੧੧੮॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਜਗਿਆਸੂ ! ਜੋ ਦੀਨ = ਗ਼ਰੀਬਾਂ ਉੱਪਰ ਦਇਆਲ = ਦਿਆਲਤਾ ਕਰਨ ਵਾਲਾ ਕ੍ਰਿਪਾਲ = ਕਿਰਪਾ ਦਾ ਘਰ ਪ੍ਰਭ = ਪਰਮੇਸ਼ਰ ਹੈ **ਵਾ:** ਮੇਰਾ ਸਤਿਗੁਰੂ ਸਤਿਜੁਗ ਵਿਚ ਵੀ ਦੀਨ = ਗ਼ਰੀਬਾਂ ਦੇ ਦਇਆਲ = ਦਇਆ ਕਰਦਾ ਸੀ, ਤ੍ਰੇਤੇ ਵਿਚ ਵੀ ਦਿਆਲੂ ਸੀ, ਦੁਆਪਰ ਵਿਚ ਵੀ ਕ੍ਰਿਪਾਲ = ਕਿਰਪਾਲੂ ਸੀ ਤੇ ਹੁਣ ਕਲਿਜੁਗ ਵਿਚ ਗੁਰੂ ਨਾਨਕ ਰੂਪ ਪ੍ਰਭ = ਪ੍ਰਭੂ ਕ੍ਰਿਪਾਲੂ ਹੈ।

ਉਸ ਗੁਰਾਂ **ਵਾ:** ਪਰਮੇਸ਼ਰ ਨੇ ਸਾਧਸੰਗਿ = ਸਾਧਸੰਗਤ ਵਿਚ ਮਿਲਾ ਕੇ ਮੇਰੀ ਵਿਛੋੜੇ ਦੀ ਜਲਨਿ = ਜਲਣਤਾ ਦਰਸ਼ਨਾਂ ਰੂਪੀ ਜਲ ਦੇ ਨਾਲ ਬੁਝਾਈ = ਬੁਝਾ ਦਿੱਤੀ ਹੈ **ਵਾ:** ਤ੍ਰਿਸ਼ਨਾ ਰੂਪੀ ਜਲਣਤਾ ਨੂੰ ਅੰਮ੍ਰਿਤ ਨਾਮ ਦੀ ਵਰਖਾ ਕਰ ਕੇ ਬੁਝਾਈ = ਬੁਝਾ ਦਿੱਤਾ ਹੈ, ਮੇਟ ਦਿੱਤਾ ਹੈ ਤੂੰ ਵੀ ਉਸ ਅੱਗੇ ਇਉਂ ਬੇਨਤੀ ਹੀ ਕਰ ਤਾਂ ਪਤੀ ਪਰਮੇਸ਼ਰ ਦੀ ਪ੍ਰਾਪਤੀ ਹੋਵੇਗੀ ॥੪॥੧॥੧੧੮॥

# ਗਉੜੀ, ਮਹਲਾ ੫ ॥

ਜਗਿਆਸੂ ਰੂਪ ਇਸਤਰੀ ਆਪਣੀ ਇੱਛਾ ਨੂੰ ਲੈ ਕੇ ਸਤਿਗੁਰਾਂ ਦੇ ਪਾਸ ਬੇਨਤੀ ਕਰਦੀ ਹੈ :

## ਪ੍ਰਭ ਮਿਲਬੇ ਕਉ; ਪ੍ਰੀਤਿ ਮਨਿ ਲਾਗੀ ॥

ਹੇ ਪ੍ਰਭ = ਪਰਮੇਸ਼ਰ ਵਾਹਿਗੁਰੂ ! ਤੇਰੇ ਮਿਲਬੇ = ਮਿਲਣ ਦੇ ਕਉ = ਤਾਈਂ ਸਾਡੇ ਮਨਿ = ਹਿਰਦੇ ਵਿਚ ਪ੍ਰੀਤਿ = ਪ੍ਰੇਮ ਦੀ ਲਗਨ ਲਾਗੀ = ਲੱਗੀ ਹੋਈ ਹੈ।

## ਪਾਇ ਲਗਉ, ਮੋਹਿ ਕਰਉ ਬੇਨਤੀ; ਕੋਊ ਸੰਤੁ ਮਿਲੈ ਬਡਭਾਗੀ ॥੧॥ਰਹਾਉ॥

ਮੋਹਿ = ਮੈਂ ਆਪ ਜੀ ਦੇ ਪਾਇ = ਚਰਨੀਂ ਲਗਉ = ਲੱਗ ਕਰ ਕੇ ਬੇਨਤੀ = ਪ੍ਰਾਰਥਨਾ ਕਰਉ = ਕਰਦੀ ਹਾਂ ਕਿ ਕੋਊ = ਕੋਈ ਐਸਾ ਸੰਤੁ = ਸ਼ਾਂਤ ਆਤਮਾ ਮਹਾਂਪੁਰਖ ਮਿਲੈ = ਮਿਲਣਾ ਕਰੇ, ਜਿਸ ਦੇ ਅੰਦਰੋਂ (ਬਡ+ਭਾਗੀ) ਵਡਿਆਈ ਦੀ ਇੱਛਾ ਭਾਗੀ = ਭੱਜ ਗਈ ਹੈ **ਵਾ:** ਬਡਭਾਗੀ = ਵੱਡਿਆਂ ਭਾਗਾਂ ਕਰਕੇ ਸਾਨੂੰ ਕੋਊ = ਕੋਈ ਸੰਤ = ਮਹਾਂਪੁਰਖ ਮਿਲੈ = ਪ੍ਰਾਪਤ ਹੋਵੇ ॥੧॥ਰਹਾਉ॥

## ਮਨੁ ਅਰਪਉ ਧਨੁ ਰਾਖਉ ਆਗੈ; ਮਨ ਕੀ ਮਤਿ ਮੋਹਿ ਸਗਲ ਤਿਆਗੀ ॥

ਮੈਂ ਆਪਣਾ ਮਨੁ = ਚਿਤ ਵੀ ਅਰਪਉ = ਅਰਪਣ ਕਰਾਂ ਅਤੇ ਧਨੁ = ਦੌਲਤ ਵੀ ਉਨ੍ਹਾਂ ਦੇ ਆਗੈ = ਅੱਗੇ ਰਾਖਉ = ਰੱਖਣਾ ਕਰਾਂ। ***ਪ੍ਰਸ਼ਨ :*** ਮਨ ਨੂੰ ਕਿਵੇਂ ਤਿਆਗੋਗੇ ?

ਜਿਹੜੀ ਮਨ = ਚਿਤ ਕੀ = ਦੀ ਮਤਿ = ਅਕਲ **ਵਾ:** ਅੰਤਸ਼ਕਰਣ ਦਾ ਚੌਥਾ ਭੇਦ ਮਮਤ੍ਵ ਅਹੰਕਾਰ ਮੋਹਿ = ਮੈਂ ਸਗਲ = ਸਾਰਾ ਹੀ ਤਿਆਗੀ = ਤਿਆਗਣਾ ਕਰਾਂ।

## ਜੋ ਪ੍ਰਭ ਕੀ ਹਰਿ ਕਥਾ ਸੁਨਾਵੈ; ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥੧॥

ਜੋ = ਜਿਹੜਾ ਹਰਿ = ਹਰੀ ਪ੍ਰਭ = ਪਰਮੇਸ਼ਰ ਕੀ = ਦੀ ਸਰੂਪ ਲਖਣ ਵਾਲੀ ਕਥਾ ਸੁਨਾਵੈ = ਸੁਣਾਵੇਗਾ, ਮੈਂ ਅਨਦਿਨ = ਰਾਤ ਦਿਨ ਤਿਸੁ = ਉਸ ਦੇ ਪਿਛੈ = ਮਗਰ ਵਿਰਾਗੀ = ਵੈਰਾਗ ਦੇ ਸਹਿਤ ਹੋ ਕੇ ਫਿਰਉ = ਫਿਰਨਾ ਕਰਾਂ **ਵਾ:** ਅਨਦਿਨੁ = ਰਾਤ ਦਿਨ ਹੋਰਨਾਂ ਪਦਾਰਥਾਂ ਵੱਲੋਂ ਵਿਰਾਗੀ = ਉਪਰਾਮ ਹੋ ਕੇ ਬਿਰਤੀ ਤਿਸੁ = ਉਸ ਦੇ ਪਿਛੈ = ਮਗਰ ਫਿਰਉ = ਲੱਗੀ ਫਿਰੇ ॥੧॥

ਜਦੋਂ ਜਗਿਆਸੂ ਨੇ ਇਸ ਪ੍ਰਕਾਰ ਦੀ ਇੱਛਾ ਪ੍ਰਗਟ ਕੀਤੀ ਤਾਂ ਅੱਗੋਂ ਕ੍ਰਿਪਾਲੂ ਸਤਿਗੁਰੂ ਸਾਹਿਬ ਜੀ ਕਹਿੰਦੇ ਹਨ :

## ਪੂਰਬ ਕਰਮ, ਅੰਕੁਰ ਜਬ ਪ੍ਰਗਟੇ; ਭੇਟਿਓ ਪੁਰਖੁ ਰਸਿਕ ਬੈਰਾਗੀ ॥

ਹੇ ਜਗਿਆਸੂ ! ਪੂਰਬ = ਪਿਛਲੇ ਕਰਮ = ਕੀਤੇ ਹੋਏ ਨਿਸ਼ਕਾਮ ਕਰਮਾਂ ਦੇ ਪ੍ਰੇਮ ਰੂਪੀ ਅੰਕੁਰ = ਬੀਜ, ਕੂਮਲ ਜਬ = ਜਦੋਂ ਇਸ ਮਨੁੱਖਾ ਜਨਮ ਵਿਚ ਪ੍ਰਗਟੇ = ਪ੍ਰਤੱਖ ਹੋ ਗਏ, ਤਦੋਂ ਹੀ ਆਤਮਾਨੰਦ ਰੂਪ ਰਸਿਕ = ਰਸ ਲੈਣ ਵਾਲਾ ਅਤੇ ਬੈਰਾਗੀ = ਵੈਰਾਗਮਾਨ ਪੁਰਖ = ਪੂਰਨ ਸਤਿਗੁਰੂ ਭੇਟਿਓ = ਮਿਲਦਾ ਹੈ।

## ਮਿਟਿਓ ਅੰਧੇਰੁ, ਮਿਲਤ ਹਰਿ ਨਾਨਕ; ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹਰਿ = ਹਰੀ ਵਾਹਿਗੁਰੂ ਦੇ ਮਿਲਤ = ਮਿਲਣ ਕਰਕੇ ਸਾਡਾ ਅਗਿਆਨ ਰੂਪੀ ਅੰਧੇਰੁ = ਹਨੇਰਾ ਮਿਟਿਓ = ਮਿਟ ਗਿਆ ਤੇ ਜਨਮ ਜਨਮ = ਅਨੇਕਾਂ ਜਨਮਾਂ ਕੀ = ਦੀ ਅਵਿਦਿਆ ਦੀ ਨੀਂਦ ਵਿਚ ਸੋਈ = ਸੁੱਤੀ ਹੋਈ ਅਧਿਕਾਰੀਆਂ ਦੀ ਬਿਰਤੀ ਸਤਿਗੁਰਾਂ ਨੇ ਗਿਆਨ ਵਿਚ ਜਾਗੀ = ਜਗਾ ਦਿੱਤੀ ਹੈ ॥੨॥੨॥੧੧੯॥

## ਗਉੜੀ, ਮਹਲਾ ੫ ॥

ਇਸ ਪਾਵਨ ਸ਼ਬਦ ਵਿਚ ਸਤਿਗੁਰੂ ਸਾਹਿਬ ਜੀ ਦ੍ਰਿਸ਼ਟਾਂਤ ਦੇ ਕਰ ਕੇ ਜੀਵ ਨੂੰ ਸਮਝਾਉਂਦੇ ਹਨ ਕਿ ਜਿਵੇਂ ਕੋਈ ਪੰਛੀ ਚਿੱਕੜ ਵਿਚ ਫਸਿਆ ਹੋਵੇ, ਉਸ ਦੇ ਤਾਈਂ ਕੋਈ ਦਿਆਲੂ ਪੁਰਖ ਉਪਦੇਸ਼ ਦੇਵੇ ਕਿ ਹੇ ਪੰਛੀ! ਚਿੱਕੜ ਵਿਚ ਕਿਉਂ ਫਸ ਗਿਆ ਹੈਂ, ਬਾਹਰ ਨਿਕਲ ਆ। ਇਸੇ ਪ੍ਰਕਾਰ ਗੁਰੂ ਸਾਹਿਬ ਜੀ ਜੀਵ ਨੂੰ ਉਪਦੇਸ਼ ਬਖ਼ਸ਼ਦੇ ਹਨ :

**ਨਿਕਸੁ ਰੇ ਪੰਖੀ; ਸਿਮਰਿ ਹਰਿ ਪਾਂਖ ॥**
**ਮਿਲਿ ਸਾਧੂ ਸਰਣਿ ਗਹੁ ਪੂਰਨ; ਰਾਮ ਰਤਨੁ ਹੀਅਰੇ ਸੰਗਿ ਰਾਖੁ ॥੧॥ਰਹਾਉ॥**

ਹੇ ਜੀਵ ਰੂਪ ਪੰਖੀ = ਪੰਛੀਆ! ਤੂੰ ਕਿਉਂ ਫਸਿਆ ਹੈਂ ਬਾਹਰ ਨਿਕਸ = ਨਿਕਲ ਆ। ਹਰਿ = ਹਰੀ ਦਾ ਜੋ ਸਿਮਰਿ = ਸਿਮਰਨ ਕਰਨਾ ਹੈ, ਇਸ ਨੂੰ ਇਕ ਪਾਂਖ = ਖੰਭ ਬਨਾਉਣਾ ਕਰ। ਸਾਧੂ = ਸਾਧਸੰਗਤ ਵਿਚ ਮਿਲਿ = ਮਿਲ ਕਰ ਕੇ ਜੋ ਪੂਰਨ = ਪਰਮੇਸ਼ਰ ਦੀ ਸਰਣਿ = ਸ਼ਰਣ ਗਹੁ = ਗ੍ਰਹਿਣ ਕਰਨੀ ਹੈ, ਪ੍ਰਾਪਤ ਕਰਨੀ ਹੈ, ਇਸ ਨੂੰ ਦੂਜਾ ਖੰਭ ਬਨਾਉਣਾ ਕਰ ਅਤੇ ਰਾਮ = ਪਰਮੇਸ਼ਰ ਜੋ ਰਤਨੁ = ਮਾਣਿਕਾਂ ਦੀ ਨਿਆਈਂ ਅਮੋਲਕ ਹੈ, ਉਸ ਨੂੰ ਆਪਣੇ ਹੀਅਰੇ = ਹਿਰਦੇ ਦੇ ਸੰਗਿ = ਨਾਲ ਵਸਾ ਕੇ ਰਾਖੁ = ਰੱਖਣਾ ਕਰ, ਭਾਵ ਉਸ ਦੀ ਚੇਤਨ ਸੱਤਾ, ਬਿਬੇਕ ਰੂਪ ਬਲ ਪ੍ਰਾਪਤ ਕਰ ॥੧॥ਰਹਾਉ॥

***ਪ੍ਰਸ਼ਨ :*** *ਹੇ ਮਹਾਰਾਜ ਮੈਂ ਕਿਸ ਪ੍ਰਕਾਰ ਵਿਚ ਫਸਿਆ ਹੋਇਆ ਹਾਂ ?*

**ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ, ਅਤਿ ਤੀਖ੍ਣ ਮੋਹ ਕੀ ਫਾਸ ॥**

(**ਤੀਖ੍ਣ** ਦਾ ਉਚਾਰਣ **ਤੀਖਿਅਣ** ਹੈ)

ਭ੍ਰਮ = ਭਰਮ ਕੀ = ਦੀ ਕੂਈ = ਖੂਹੀ, ਛੱਪੜੀ ਹੈ, ਇਸ ਵਿਚ ਪਦਾਰਥਾਂ ਦੇ ਰਸ = ਸੁਆਦਾਂ ਦੀ ਤ੍ਰਿਸਨਾ = ਇੱਛਾ ਰੂਪੀ ਪੰਕਜ = ਚਿੱਕੜ ਹੈ ਅਰ ਮਾਇਆ ਰੂਪੀ ਸ਼ਿਕਾਰੀ ਨੇ ਮੋਹ = ਅਸਨੇਹ ਕੀ = ਦੀ ਅਤਿ = ਅਤਿਅੰਤ ਤੀਖ੍ਣ = ਤਿੱਖੀ ਫਾਸ = ਫਾਹੀ ਪਾਈ ਹੋਈ ਹੈ। ਇਸ ਪ੍ਰਕਾਰ ਤੂੰ ਫਸਿਆ ਹੈਂ।

***ਪ੍ਰਸ਼ਨ :*** *ਹੇ ਮਹਾਰਾਜ! ਫਿਰ ਮੈਂ ਇਸ ਤੋਂ ਕਿਸ ਪ੍ਰਕਾਰ ਬਚ ਸਕਦਾ ਹਾਂ ?*

***ਗੁਰ ਉੱਤਰ :***

**ਕਾਟਨਹਾਰ ਜਗਤ ਗੁਰ ਗੋਬਿਦ; ਚਰਨ ਕਮਲ ਤਾ ਕੇ ਕਰਹੁ ਨਿਵਾਸ ॥੧॥**

ਹੇ ਜੀਵ! ਇਨ੍ਹਾਂ ਬੰਧਨਾਂ ਨੂੰ ਕਾਟਨਹਾਰ = ਕੱਟਣ ਵਾਲੇ ਜਗਤ = ਸੰਸਾਰ ਵਿਚ ਗੋਬਿਦ = ਪਰਮੇਸ਼ਰ ਸਰੂਪ ਗੁਰ = ਗੁਰੂ ਸਾਹਿਬ ਜੀ ਹਨ। ਤਾ = ਉਨ੍ਹਾਂ ਕੇ = ਦੇ ਚਰਨ = ਪਾਦ ਜੋ ਕਮਲ = ਕੌਲ ਫੁੱਲ ਦੀ ਨਿਆਈਂ ਨਿਰਲੇਪ ਹਨ, ਉਨ੍ਹਾਂ ਵਿਚ ਚਿਤ ਦੀ ਬਿਰਤੀ ਨੂੰ ਨਿਵਾਸ = ਟਿਕਾਉਣਾ ਕਰਹੁ = ਕਰੋ ॥੧॥

ਜਿਸ ਪ੍ਰਕਾਰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਜਪਾਨ ਦੇ ਇਲਾਕੇ ਵਿਚ ਗਏ, ਉਥੇ ਸਮੁੰਦਰ ਦੀਆਂ ਮੱਛੀਆਂ ਜਾਲ ਵਿਚ ਫਸੀਆਂ ਹੋਈਆਂ ਸਨ। ਸਤਿਗੁਰਾਂ ਦੇ ਪਾਵਨ ਚਰਣ ਕਵਲ ਜਲ ਵਿਚ ਪੈਣ ਕਰਕੇ ਉਨ੍ਹਾਂ ਮੱਛੀਆਂ ਦੇ ਜਾਲ ਟੁੱਟ ਗਏ ਸਨ ਤੇ ਪਰੀਆਂ ਬਣ ਕੇ ਸਵਰਗਾਂ ਨੂੰ ਚਲੀਆਂ ਗਈਆਂ ਸਨ।

ਅਤੇ ਇਸ ਪ੍ਰਕਾਰ ਅਰਦਾਸ ਕਰ

**ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ; ਦੀਨਾ ਨਾਥ ਸੁਨਹੁ ਅਰਦਾਸਿ ॥**

ਹੇ ਗੋਬਿੰਦ = ਪ੍ਰਿਥਵੀ ਦੇ ਪਾਲਕ ਪ੍ਰੀਤਮ = ਪਿਆਰੇ ਪ੍ਰਭ = ਪਰਮੇਸ਼ਰ! ਸਾਡੇ ਤੇ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰਨੀ ਕਰੋ। ਹੇ ਦੀਨਾ = ਗ਼ਰੀਬਾਂ ਦੇ ਨਾਥ = ਸੁਆਮੀ! ਸਾਡੀ ਅਰਦਾਸਿ = ਬੇਨਤੀ ਸੁਨਹੁ = ਸੁਣੋ।

## ਕਰੁ ਗਹਿ ਲੇਹੁ ਨਾਨਕ ਕੇ ਸੁਆਮੀ; ਜੀਉ ਪਿੰਡੁ ਸਭੁ ਤੁਮਰੀ ਰਾਸਿ ॥੨॥੩॥੧੨੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸਾਡੇ ਸਰਬ ਦੇ ਸੁਆਮੀ = ਮਾਲਕ ! ਸਾਡੇ ਮਨ ਰੂਪੀ ਕਰੁ = ਹੱਥ ਨੂੰ ਗਹਿ = ਪਕੜ ਕੇ ਆਪਣੀ ਸ਼ਰਣ ਵਿਚ ਲੇਹੁ = ਲੈ ਲਉ, ਭਾਵ ਮੁਕਤੀ ਰੂਪੀ ਕਿਨਾਰੇ 'ਤੇ ਚਾੜ੍ਹ ਦਿਓ। ਇਹ ਜੀਉ = ਸੂਖਮ ਸਰੀਰ ਪਿੰਡੁ = ਅਸਥੂਲ ਸਰੀਰ ਸਭੁ = ਸਾਰੀ ਤੁਮਰੀ = ਤੁਹਾਡੀ ਹੀ ਰਾਸਿ = ਪੂੰਜੀ ਦਿੱਤੀ ਹੋਈ ਹੈ, ਭਾਵ ਆਪ ਜੀ ਨੂੰ ਹੀ ਸੌਂਪਦੇ ਹਾਂ ਤੇ ਤੁਸੀਂ ਕਿਰਪਾ ਕਰਕੇ ਸਾਡੇ ਮਨ ਰੂਪੀ ਹੱਥ ਨੂੰ ਪਕੜ ਕੇ ਤ੍ਰਿਸ਼ਨਾ ਰੂਪੀ ਖੂਹੀ ਵਿੱਚੋਂ ਵਿਸ਼ਿਆਂ ਦੇ ਰਸ ਰੂਪੀ ਚਿੱਕੜ ਵਿੱਚੋਂ ਕੱਢ ਲੈਣਾ ਕਰੋ ॥੨॥੩॥੧੨੦॥

## ਗਉੜੀ, ਮਹਲਾ ੫ ॥

## ਹਰਿ ਪੇਖਨ ਕਉ; ਸਿਮਰਤ ਮਨੁ ਮੇਰਾ ॥

ਹਰਿ = ਪਰਮੇਸ਼ਰ ਦੇ ਦਰਸ਼ਨਾਂ ਕਉ = ਨੂੰ ਪੇਖਨ = ਵੇਖਣ ਵਾਸਤੇ ਮੇਰਾ = ਸਾਡਾ ਮਨੁ = ਹਿਰਦਾ ਹਰ ਵਖਤ ਸਿਮਰਤ = ਸਿਮਰਦਾ ਰਹਿੰਦਾ ਹੈ।

## ਆਸ ਪਿਆਸੀ, ਚਿਤਵਉ ਦਿਨੁ ਰੈਨੀ; ਹੈ ਕੋਈ ਸੰਤੁ ਮਿਲਾਵੈ ਨੇਰਾ ॥੧॥ਰਹਾਉ॥

ਮੈਂ ਪਰਮੇਸ਼ਰ ਦੇ ਦਰਸ਼ਨਾਂ ਦੀ ਆਸ = ਲਾਲਸਾ ਦੀ ਪਿਆਸੀ = ਪਿਆਸ ਵਾਲੀ ਹੋ ਕੇ ਦਿਨੁ ਰੈਨੀ = ਰਾਤ ਦਿਨ ਉਸ ਨੂੰ ਚਿਤਵਉ = ਚਿਤਵਦੀ ਰਹਿੰਦੀ ਹਾਂ, ਕੋਈ ਅਜਿਹਾ ਸੰਤੁ = ਸ਼ਾਂਤ ਆਤਮਾ ਵਾਲਾ ਹੈ = ਹੈਗਾ ! ਜਿਹੜਾ ਆਪ ਮਿਲਿਆ ਹੋਵੇ ਤੇ ਸਾਨੂੰ ਨੇਰਾ = ਨਿਕਟ ਹੀ ਮਿਲਾਵੈ = ਮਿਲਾ ਦੇਵੇ **ਵਾ:** ਨੇਰਾ = ਨਿਰਣੇ ਕਰ ਕੇ ਮਿਲਾ ਦੇਵੇ ॥੧॥ਰਹਾਉ॥

## ਸੇਵਾ ਕਰਉ ਦਾਸ ਦਾਸਨ ਕੀ; ਅਨਿਕ ਭਾਂਤਿ ਤਿਸੁ ਕਰਉ ਨਿਹੋਰਾ ॥

ਉਸ ਪਰਮੇਸ਼ਰ ਦੇ ਦਾਸ = ਸੇਵਕ ਕੀ = ਦੀ ਵੀ ਦਾਸਨ = ਦਾਸੀ ਬਣ ਕੇ ਉਸ ਦੀ ਸੇਵਾ = ਟਹਿਲ ਕਰਉ = ਕਰਾਂਗੀ **ਵਾ:** ਉਸ ਸੰਤ ਦੇ ਦਾਸ = ਸੇਵਕ ਦੀ ਵੀ ਦਾਸਨ = ਦਾਸੀ ਬਣ ਕੇ ਸੇਵਾ = ਟਹਿਲ ਕਰਉ = ਕਰਾਂਗੀ ਅਤੇ ਅਨਿਕ = ਅਨੇਕਾਂ ਭਾਂਤਿ = ਤਰੀਕਿਆਂ ਕਰ ਕੇ ਤਿਸੁ = ਉਸ ਦੇ ਤਾਈਂ ਨਿਹੋਰਾ = ਪ੍ਰਾਰਥਨਾ ਕਰਉ = ਕਰਦੀ ਹਾਂ **ਵਾ:** ਉਸ ਦੀ ਨਿਹੋਰਾ = ਅਹਿਸਾਨਮੰਦ ਰਹਾਂਗੀ, ਅਹਿਸਾਨ ਮੰਨਾਂਗੀ।

## ਤੁਲਾ ਧਾਰਿ ਤੋਲੇ ਸੁਖ ਸਗਲੇ; ਬਿਨੁ ਹਰਿ ਦਰਸ ਸਭੋ ਹੀ ਥੋਰਾ ॥੧॥

ਹੇ ਅਧਿਕਾਰੀਓ ! ਬੁੱਧੀ ਰੂਪੀ ਤੁਲਾ = ਤਰਾਜੂ ਵਿਚ ਸ਼ਾਸਤ੍ਰ ਪ੍ਰਮਾਣ ਰੂਪੀ ਵੱਟਾ ਧਾਰਿ = ਧਰ ਕੇ ਇਹ ਸਗਲੇ = ਸਾਰੇ ਸੁਖ ਤੋਲੈ = ਤੋਲ ਲਏ ਹਨ, ਪਰ ਹਰਿ = ਹਰੀ ਪਰਮੇਸ਼ਰ ਦੇ ਦਰਸ = ਦਰਸ਼ਨਾਂ ਤੋਂ ਬਿਨੁ = ਬਗ਼ੈਰ ਇਹ ਸਭੋ = ਸਾਰਾ ਕੁਝ ਹੀ = ਯਕੀਨਨ ਥੋਰਾ = ਥੋੜ੍ਹਾ ਹੈ, ਭਾਵ ਜੋ ਸੰਗਤ ਵਿਚ ਬੈਠ ਕਰ ਕੇ ਅਨੰਦ ਪ੍ਰਾਪਤ ਹੁੰਦਾ ਹੈ, ਉਸ ਇਕੱਠ ਵਿਚ ਕ੍ਰੋੜਾਂ ਬੈਕੁੰਠਾਂ ਦੀ ਪ੍ਰਾਪਤੀ ਹੈ ॥੧॥

## ਸੰਤ ਪ੍ਰਸਾਦਿ, ਗਾਏ ਗੁਨ ਸਾਗਰ; ਜਨਮ ਜਨਮ ਕੋ ਜਾਤ ਬਹੋਰਾ ॥

ਇਹ ਸੰਤ = ਸ਼ਾਂਤ ਆਤਮਾ ਮਹਾਂਪੁਰਖਾਂ ਦੀ ਪ੍ਰਸਾਦਿ = ਕਿਰਪਾ ਕਰਕੇ ਗੁਨ = ਗੁਣਾਂ ਦੇ ਸਾਗਰ = ਸਮੁੰਦਰ ਪਰਮੇਸ਼ਰ ਨੂੰ ਗਾਏ = ਗਾਉਣਾ ਕੀਤਾ ਹੈ। ਜਿਹੜਾ ਮਨ ਜਨਮ ਜਨਮ = ਜਨਮਾਂ

ਜਨਮਾਂਤਰਾਂ ਕੋ = ਦਾ ਸੰਸਾਰ ਰੂਪੀ ਪ੍ਰਵਾਹ ਦੇ ਵਿਚ ਰੁੜ੍ਹਿਆ ਜਾਤ = ਜਾਂਦਾ ਸੀ, ਉਸ ਨੂੰ ਬਹੋਰਾ = ਬਚਾ ਲਿਆ ਹੈ, ਮੋੜ ਲਿਆ ਹੈ।

## ਆਨਦ ਸੂਖ ਭੇਟਤ ਹਰਿ ਨਾਨਕ; ਜਨਮੁ ਕ੍ਰਿਤਾਰਥੁ ਸਫਲੁ ਸਵੇਰਾ ॥੨॥੪॥੧੨੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹਰਿ = ਹਰੀ ਨੂੰ ਭੇਟਤ = ਮਿਲਣੇ ਕਰਕੇ ਉਸ ਦੇ ਆਨਦ = ਅਨੰਦ ਸਰੂਪ ਦਾ ਸੂਖ = ਸੁੱਖ ਪ੍ਰਾਪਤ ਹੁੰਦਾ ਹੈ **ਵਾ:** ਗੁਰੂ ਜੋ ਹਰਿ = ਹਰੀ ਦਾ ਆਨਦ = ਅਨੰਦ ਸਰੂਪ ਹਨ, ਉਨ੍ਹਾਂ ਨੂੰ ਭੇਟਤ = ਮਿਲਣੇ ਕਰ ਕੇ ਅਤਿਅੰਤ ਸੂਖ = ਸੁਖ ਪ੍ਰਾਪਤ ਹੁੰਦਾ ਹੈ। ਮੇਰਾ ਮਨੁੱਖਾ ਜਨਮ ਕ੍ਰਿਤਾਰਥ = ਸਫਲਾ ਹੋ ਗਿਆ ਹੈ **ਵਾ:** ਕ੍ਰਿਤ = ਕ੍ਰਿਤ ਹੋ ਗਿਆ ਜਦੋਂ ਅਰਥ = ਸਿਧਾਂਤ ਨੂੰ ਪ੍ਰਾਪਤ ਕੀਤਾ ਤਦ ਸਫਲ = ਸਹਿਤ ਗਿਆਨ ਫਲ ਦੇ ਸਵੇਰਾ = ਚੰਗਾ ਸਮਾਂ ਹੀ ਪ੍ਰਾਪਤ ਹੋ ਗਿਆ। **ਵਾ:** ਅਜਿਹਾ ਮਨੁੱਖਾ ਜਨਮ ਰੂਪੀ ਸਵੇਰਾ = ਅੰਮ੍ਰਿਤ ਵੇਲਾ ਪ੍ਰਾਪਤ ਹੋਇਆ ਹੈ, ਜਿਸ ਕਰਕੇ ਸਫਲੁ = ਸਹਿਤ ਗਿਆਨ ਫਲ ਦੇ ਹੋ ਕੇ ਕ੍ਰਿਤਾਰਥ = ਸਫਲੇ ਹੋ ਗਏ ਹਾਂ ॥੨॥੪॥੧੨੧॥

## ਰਾਗੁ, ਗਉੜੀ ਪੂਰਬੀ, ਮਹਲਾ ੫ ੧ਓ ਸਤਿਗੁਰ ਪ੍ਰਸਾਦਿ ॥

**ਉਥਾਨਕਾ :** ਜਿਸ ਸਮੇਂ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਭਾਈ ਗੁਰਦਾਸ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤਮਈ ਬਾਣੀ ਲਿਖਵਾ ਰਹੇ ਸਨ, ਉਸ ਵੇਲੇ ਭਾਈ ਪਿਰਾਣਾ ਜੀ ਜੋ ਸਤਿਗੁਰਾਂ ਦੇ ਅਨੰਨਯ ਸੇਵਕ ਤੇ ਆਤਮ ਗਿਆਨੀ ਸਨ, ਹਰ ਸਮੇਂ ਸਤਿਗੁਰਾਂ ਦੇ ਨਿਕਟਵਰਤੀ ਸੇਵਕ ਸਨ। ਉਨ੍ਹਾਂ ਨੇ ਗੁਰੂ ਜੀ ਅੱਗੇ ਜੋ ਪ੍ਰਸ਼ਨ ਕੀਤੇ ਸਨ, ਉਨ੍ਹਾਂ ਨੂੰ ਆਪਣੇ ਮੁੱਖ ਦੁਆਰਾ ਕਥਨ ਕਰਦੇ ਉੱਤਰ ਵਿਚ ਇਹ ਦੋ ਸ਼ਬਦ ਭਾਈ ਪਿਰਾਣਾ ਜੀ ਦੇ ਪ੍ਰਥਾਇ ਗੁਰੂ ਜੀ ਨੇ ਉਚਾਰਨ ਕੀਤੇ।

ਰਾਗ ਗਉੜੀ ਦੀ ਪੂਰਬੀ ਜਾਤੀ ਵਿਚ ਪੰਚਮ ਪਾਤਿਸ਼ਾਹ ਜੀ ਉਚਾਰਨ ਕਰਦੇ ਹਨ ਅਤੇ ਜੋ ਪੂਰਬੀ ਦੇ ਹੇਠਾਂ (੧) ਅੰਕ ਲੱਗਾ ਹੋਇਆ ਹੈ, ਇਸ ਦਾ ਇਹ ਭੇਦ ਹੈ ਕਿ ਇਹ ਰਾਗ ਗਉੜੀ ਪੂਰਬੀ ਦੀ ਪਹਿਲੀ ਜਾਤੀ ਹੈ ਵਾ: ਇਸ ਦਾ ਇਹ ਵੀ ਭਾਵ ਸਮਝਿਆ ਜਾਂਦਾ ਹੈ ਕਿ ਹੇਠਾਂ ਜੋ ਵੀ ਏਕਾ ਦੂਆ (੧, ੨) ਅੰਕ ਆਉਂਦਾ ਹੈ, ਉਹ ਉਸੇ ਘਰ (ਸੁਰਤਾਲ) ਵਿਚ ਗਾਏ ਜਾ ਸਕਦੇ ਹਨ ਅਤੇ ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਵਿਦਿਆ ਮਾਰਤੰਡ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਉਨ੍ਹਾਂ ਨੇ ਗੁਰਬਾਣੀ ਦੀਆਂ ਕਥਾ ਦੀਆਂ ਕੈਸਟਾਂ ਵਿਚ ਇਹ ਬਚਨ ਵੀ ਕਹੇ ਹਨ ਕਿ ਸੰਤਾਂ ਮਹਾਂਪੁਰਖਾਂ, ਨਾਮ ਅਭਿਆਸੀਆਂ ਨੇ ਇਹ ਨਿਰਣੇ ਕਰ ਕੇ ਦੱਸਿਆ ਸੀ ਕਿ ਇਹ ਜੋ ਪੈਰਾਂ ਹੇਠਾਂ ਅੰਕ ਆਉਂਦੇ ਹਨ, ਜੇਕਰ ਉਸ ਬਾਣੀ ਦੇ ਇੰਨੇ ਲੱਖ ਪਾਠ ਕੀਤੇ ਜਾਣ ਤਾਂ ਜੋ ਵੀ ਇੱਛਾ ਹੋਵੇ, ਉਹ ਪ੍ਰਾਪਤ ਹੋ ਜਾਂਦੀ ਹੈ। ਇਸ ਪ੍ਰਕਾਰ ਅੱਗੇ ਦੋ (੨) ਜਾਂ ਤਿੰਨ (੩) ਅੰਕ ਲਿਖਿਆ ਵੀ ਆਵੇਗਾ। ਆਸਾ ਰਾਗ ਵਿਚ ਵੀ ਜੋ ਪੈਰਾਂ ਹੇਠਾਂ ਗਿਣਤੀ ਹੈ, ਉਸ ਦੇ ਉਤਨੇ ਲੱਖ ਪਾਠ ਕੀਤੇ ਜਾਣ ਤਾਂ ਮਨ ਦੀ ਇੱਛਾ ਪੂਰੀ ਹੋ ਜਾਂਦੀ ਹੈ। ਇਸ ਤਰ੍ਹਾਂ ਇਹ ਕਮਾਈ ਦੇ ਬਾਬਤ ਦੱਸਿਆ ਸੀ। ਜੋ ਅੱਖਰ ਸ਼ਬਦ ਦੇ ਮੁਕਾਬਲੇ 'ਤੇ ਹੋਣ, ਉਹ ਗਿਣਤੀ ਦੇ ਹੁੰਦੇ ਹਨ।

੧ = ਅਦ੍ਵੈਤ ਸਰੂਪ ਬ੍ਰਹਮ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰ = ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਕਿਨ ਬਿਧਿ ਮਿਲੈ ਗੁਸਾਈ; ਮੇਰੇ ਰਾਮ ਰਾਇ ॥

ਹੇ ਮੇਰੇ ਰਾਇ = ਰਾਜਾ ਸਰੂਪ ਰਾਮ = ਪਰਮੇਸ਼ਰ ਦੀ ਜੋਤ ਸਤਿਗੁਰੂ ਜੀ ! **ਵਾ:** ਰਾਮ = ਵਿਆਪਕ ਤੇ ਰਾਇ = ਪ੍ਰਕਾਸ਼ ਰੂਪ ਦੀ ਜੋਤ ਸਤਿਗੁਰੂ ਜੀ ! ਕਿਨ = ਕਿਸ ਬਿਧਿ = ਤਰੀਕੇ ਨਾਲ ਗੁਸਾਈ = ਪ੍ਰਿਥਵੀ ਦਾ ਸਾਈਂ, ਮਾਲਕ ਵਾਹਿਗੁਰੂ ਮਿਲੈ = ਮਿਲੇਗਾ, ਪ੍ਰਾਪਤ ਹੋਵੇਗਾ।

## ਕੋਈ ਐਸਾ ਸੰਤੁ, ਸਹਜ ਸੁਖਦਾਤਾ; ਮੋਹਿ ਮਾਰਗੁ ਦੇਇ ਬਤਾਈ ॥੧॥ਰਹਾਉ॥

ਕੋਈ = ਕੋਈ ਇਕ ਐਸਾ = ਅਜਿਹਾ ਸੰਤੁ = ਮਹਾਤਮਾ ਜਿਸ ਦੀਆਂ (ਸ+ਅੰਤੁ) ਸ = ਸਾਰੀਆਂ ਵਾਸ਼ਨਾਵਾਂ ਅੰਤ, ਦਮਨ ਹੋ ਗਈਆਂ ਹੋਣ ਅਤੇ ਸਹਜ = ਗਿਆਨ **ਵਾ:** ਸਹਿਜੇ ਸੁਖ ਨੂੰ ਪ੍ਰਾਪਤ ਕੀਤਾ ਹੋਵੇ ਅਤੇ ਹੋਰਨਾਂ ਨੂੰ ਦਾਤਾਂ = ਦੇਣ ਵਾਲਾ ਹੋਵੇ, ਉਹ ਮੋਹਿ = ਮੇਰੇ ਤਾਈਂ ਪਰਮੇਸ਼ਰ ਦੀ ਪ੍ਰਾਪਤੀ ਦਾ ਭਗਤੀ ਸਹਿਤ ਗਿਆਨ ਰੂਪ ਮਾਰਗੁ = ਰਸਤਾ ਕਿਰਪਾ ਕਰ ਕੇ ਬਤਾਈ = ਦੱਸ ਦੇਇ = ਦੇਵੇ ॥੧॥ਰਹਾਉ॥

[ਅੰਗ ੨੦੫]

## ਅੰਤਰਿ ਅਲਖੁ ਨ ਜਾਈ ਲਖਿਆ; ਵਿਚਿ ਪੜਦਾ ਹਉਮੈ ਪਾਈ ॥

(**ਪੜਦਾ** ਦਾ ਉਚਾਰਨ ਪੋਲਾ ਹੈ)

ਹੇ ਗੁਰਸਿੱਖ! ਉਹ ਪਰਮੇਸ਼ਰ ਹਿਰਦੇ ਅੰਤਰਿ = ਅੰਦਰ ਹੀ ਹੈ, ਪਰ ਗੁਰਾਂ ਤੋਂ ਬਿਨਾਂ ਅਲਖੁ = ਲਖਣ ਤੋਂ ਰਹਿਤ ਹੈ, ਸ਼ਕਤੀ ਬਿਰਤੀ ਕਰ ਕੇ ਕਿਸੇ ਦੇ ਪਾਸੋਂ ਲਖਿਆ = ਜਾਣਿਆ ਨ = ਨਹੀਂ ਜਾਈ = ਜਾਂਦਾ, ਕਿਉਂਕਿ ਹਿਰਦੇ ਵਿਚਿ = ਅੰਦਰ ਹਉਮੈ = ਹੰਗਤਾ ਮਮਤਾ ਦਾ ਪੜਦਾ = ਅਵਰਨ ਪਾਈ = ਪਾਇਆ ਹੋਇਆ ਹੈ।

## ਮਾਇਆ ਮੋਹਿ, ਸਭੋ ਜਗੁ ਸੋਇਆ; ਇਹੁ ਭਰਮੁ ਕਹਹੁ ਕਿਉ ਜਾਈ ॥੧॥

(**ਸੱਭੋ** ਦਾ ਉਚਾਰਨ ਅੱਧਕ ਸਹਿਤ ਹੈ)

ਹੇ ਸਤਿਗੁਰੂ ਜੀ! ਇਹ ਸਭੋ = ਸਾਰਾ ਜਗੁ = ਸੰਸਾਰ ਹੀ ਮਾਇਆ ਦੇ ਮੋਹਿ = ਮੋਹ ਵਿਚ ਸੋਇਆ = ਸੁੱਤਾ ਪਿਆ ਹੈ ਅਤੇ ਇਹੁ = ਇਹ ਜੋ ਜੀਵ ਈਸ਼ ਆਦਿ ਦਾ ਭਰਮੁ = ਭੁਲੇਖਾ, ਸੰਸਾ ਹੈ, ਇਹ ਕਹਹੁ = ਦੱਸੋ ਖ਼ਾਂ ਕਿ ਕਿਉ = ਕਿਵੇਂ ਜਾਈ = ਜਾਵੇਗਾ, ਨਾਸ ਹੋਵੇਗਾ ॥੧॥

## ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ; ਮਿਲਿ, ਬਾਤ ਨ ਕਰਤੇ ਭਾਈ ॥

ਹੇ ਭਾਈ! ਇਨ੍ਹਾਂ ਇੰਦ੍ਰੀਆਂ ਨੂੰ ਏਕਾ = ਇੱਕੋ ਚੇਤਨ ਬ੍ਰਹਮ ਦਾ ਹੀ ਸੰਗਤਿ = ਮਿਲਾਪ ਹੈ, ਸੰਬੰਧ ਹੈ ਅਤੇ ਇਕਤੁ = ਇੱਕੋ ਹੀ ਸਰੀਰ ਰੂਪੀ ਗ੍ਰਿਹ = ਘਰ ਵਿਚ ਬਸਤੇ = ਵੱਸਦੇ ਹਨ **ਵਾ:** ਸਾਰਿਆਂ ਨੂੰ ਏਕਾ = ਇੱਕੋ ਹੀ ਅੰਤਹਕਰਣ ਦੀ ਸੰਗਤ ਹੈ ਅਤੇ ਇਕਤ = ਇੱਕੋ ਹੀ ਅੰਤਹਕਰਣ ਰੂਪੀ ਗ੍ਰਿਹ = ਘਰ ਵਿਚ ਬਸਤੇ = ਵੱਸਦੇ ਹਨ, ਪਰ ਉਸ ਪਿਆਰੇ ਪਰਮੇਸ਼ਰ ਦੇ ਨਾਲ ਮਿਲਿ = ਮਿਲਣ ਦੀ ਇਹ ਬਾਤ = ਗੱਲ ਹੀ ਨ = ਨਹੀਂ ਕਰਤੇ = ਕਰਦੇ, ਕਿਉਂਕਿ ਮਨ ਸੰਕਲਪਾਂ ਵਿਕਲਪਾਂ ਵਿਚ ਦੌੜਦਾ ਫਿਰਦਾ ਹੈ ਤੇ ਇੰਦ੍ਰੇ ਆਪਣੇ ਸੁਆਦਾਂ ਵਿਚ ਲੱਗੇ ਹੋਏ ਹਨ।

## ਏਕ ਬਸਤੁ ਬਿਨੁ, ਪੰਚ ਦੁਹੇਲੇ; ਓਹ ਬਸਤੁ ਅਗੋਚਰ ਠਾਈ ॥੨॥

ਏਕ = ਇਕ ਆਤਮਾਨੰਦ ਰੂਪੀ ਬਸਤੁ = ਵਸਤੂ ਤੋਂ ਬਿਨੁ = ਬਗ਼ੈਰ **ਵਾ:** ਚੇਤਨ ਰੂਪੀ ਵਸਤੂ ਦੀ ਸਾਖਿਆਤਤਾ ਤੋਂ ਬਗ਼ੈਰ ਇਹ ਪੰਚ = ਪੰਜੇ ਗਿਆਨ ਇੰਦ੍ਰੇ (ਕੰਨ, ਨੱਕ, ਅੱਖਾਂ, ਜੀਭ, ਚਮੜੀ) ਦੁਹੇਲੇ = ਦੁਖੀ ਹੋ ਰਹੇ ਹਨ। ਓਹ = ਉਹ ਬਸਤੁ = ਵਸਤੂ ਅਗੋਚਰ = ਇੰਦ੍ਰੀਆਂ ਦੇ ਅਵਿਸ਼ੇ ਅੰਤਸ਼ਕਰਣ ਰੂਪੀ ਠਾਈ = ਜਗ੍ਹਾ ਦੇ ਅੰਦਰ (ਚੇਤਨ) ਅਧਾਰ ਅਧਿਸ਼ਠਾਨ ਰੂਪ ਹੈ **ਵਾ:** ਸਾਰਿਆਂ ਦੇ ਹਿਰਦੇ ਅੰਦਰ ਠਾਈ = ਟਿਕਾਈ ਹੋਈ ਹੈ ॥੨॥

## ਜਿਸ ਕਾ ਗ੍ਰਿਹੁ, ਤਿਨਿ ਦੀਆ ਤਾਲਾ; ਕੁੰਜੀ, ਗੁਰ ਸਉਪਾਈ ॥

ਜਿਸ ਪਰਮੇਸ਼ਰ ਕਾ = ਦਾ ਇਹ ਸਰੀਰ ਰੂਪੀ ਗ੍ਰਿਹੁ = ਘਰ **ਵਾ:** ਸੰਸਾਰ ਰੂਪੀ ਗ੍ਰਿਹੁ = ਘਰ ਹੈ, (ਜਿਸ

ਨੂੰ ਆਸਾਂ-ਅੰਦੇਸਾਂ ਰੂਪੀ ਤਖਤੇ ਲੱਗੇ ਹੋਏ ਹਨ ਤੇ ਦੇਹ ਅਧਿਆਸ ਰੂਪ ਕੁੰਡਾ ਲੱਗਾ ਹੈ), ਤਿਨਿ = ਤਿਸ ਪਰਮੇਸ਼ਰ ਨੇ ਹੀ ਇਸ ਘਰ ਨੂੰ ਅਗਿਆਨ ਰੂਪੀ ਤਾਲਾ = ਜਿੰਦਰਾ ਲਗਾ ਦੀਆ = ਦਿੱਤਾ ਹੈ ਅਤੇ ਇਸ ਦੀ ਬ੍ਰਹਮ ਵਿਦਿਆ ਰੂਪੀ ਕੁੰਜੀ = ਚਾਬੀ ਗੁਰ = ਸਤਿਗੁਰੂ ਸਾਹਿਬ ਜੀ ਨੂੰ ਸਉਪਾਈ = ਸੌਂਪ ਦਿੱਤੀ ਹੈ।

## ਅਨਿਕ ਉਪਾਵ ਕਰੇ ਨਹੀ ਪਾਵੈ; ਬਿਨੁ ਸਤਿਗੁਰ ਸਰਣਾਈ ॥੩॥

ਸਤਿਗੁਰ = ਗੁਰੂ ਸਾਹਿਬ ਜੀ ਦੀ ਸਰਣਾਈ = ਸ਼ਰਨ ਵਿਚ ਆਉਣ ਤੋਂ ਬਿਨੁ = ਬਗ਼ੈਰ ਹੋਰ ਅਨਿਕ = ਅਨੇਕਾਂ ਜਪ, ਤਪ, ਸਾਧਨ, ਯੋਗ, ਨੇਮ ਆਦਿ ਉਪਾਵ = ਯਤਨ ਕਰੇ = ਕਰਕੇ ਆਤਮਾਨੰਦ ਰੂਪੀ ਵਸਤੂ ਨੂੰ ਕੋਈ ਵੀ ਅੰਦਰੋਂ ਨਹੀਂ ਪਾਵੈ = ਪਾ ਸਕਦਾ ॥੩॥ ਜੈਸਾ ਕਿ :

**ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥**

*(ਮਾਝ ਮ: ੩, ਅੰਗ ੧੨੪)*

**ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥**
**ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥**

*(ਸਾਰੰਗ ਕੀ ਵਾਰ ਮ: ੪, ਅੰਗ ੧੨੩੭)*

## ਜਿਨ ਕੇ ਬੰਧਨ ਕਾਟੇ ਸਤਿਗੁਰ; ਤਿਨ ਸਾਧਸੰਗਤਿ ਲਿਵ ਲਾਈ ॥

ਜਿਨ = ਜਿਨ੍ਹਾਂ ਕੇ = ਦੇ ਬੰਧਨ = ਜੰਜਾਲ ਸਤਿਗੁਰ = ਗੁਰੂ ਸਾਹਿਬ ਜੀ ਨੇ ਕਾਟੇ = ਕੱਟ ਦਿੱਤੇ ਹਨ, ਤਿਨ = ਉਨ੍ਹਾਂ ਨੇ ਸਾਧਸੰਗਤਿ = ਸਤਿਸੰਗਤ ਵਿਚ ਮਿਲ ਕਰ ਕੇ ਲਿਵ = ਬਿਰਤੀ ਲਾਈ = ਲਾਉਣਾ ਕੀਤੀ ਹੈ, ਜੋੜਨਾ ਕੀਤੀ ਹੈ।

## ਪੰਚ ਜਨਾ ਮਿਲਿ ਮੰਗਲੁ ਗਾਇਆ;
## ਹਰਿ ਨਾਨਕ ਭੇਦੁ ਨ ਭਾਈ ॥੪॥

ਪੰਚ = ਮੁਖੀ ਜਨਾ = ਸਾਧ ਜਨਾਂ ਜਿਨ੍ਹਾਂ ਨੇ ਪੰਜ ਵਿਸ਼ੇ ਰੋਕ ਲਏ ਹਨ **ਵਾ:** ਪੰਚ = ਪੰਜੇ ਸ਼ਬਦ, ਸਪਰਸ਼ ਰੂਪ, ਰਸ, ਗੰਧ, ਵਿਸ਼ਿਆਂ ਵਿਚ ਦੌੜਨ ਵਾਲੇ ਜੋ ਜਨਾ = ਸਮੂਹ ਇੰਦ੍ਰੇ ਸੀ, ਹੁਣ ਉਨ੍ਹਾਂ ਨੇ ਸੰਗਤ ਵਿਚ ਮਿਲਿ = ਮਿਲ ਕਰ ਕੇ ਮੰਗਲੁ = ਖ਼ੁਸ਼ੀ ਦੇ ਗੀਤਾਂ ਨੂੰ ਗਾਇਆ = ਗਾਉਣਾ ਕੀਤਾ ਹੈ **ਵਾ:** ਜਿਨ੍ਹਾਂ ਵਿਚ ੧. ਭਾਣਾ ਮੰਨਣਾ; ੨. ਭਗਤੀ ਕਰਨੀ; ੩. ਸ਼੍ਰਵਣ; ੪. ਮੰਨਣ; ੫. ਨਿਧਿਆਸਣ ਰੂਪ ਪੰਚ = ਪ੍ਰਧਾਨ ਗੁਣ ਹਨ, ਉਨ੍ਹਾਂ ਨਾਲ ਮਿਲ ਕਰ ਕੇ ਪਰਮੇਸ਼ਰ ਦੇ ਮੰਗਲੁ = ਜਸ ਨੂੰ ਗਾਇਆ = ਗਾਉਣਾ ਕੀਤਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ! ਇਉਂ ਹਰਿ = ਹਰੀ ਦਾ ਤੇ ਪ੍ਰਤਕ ਚੇਤਨ ਦਾ ਕੋਈ ਭੇਦੁ = ਫ਼ਰਕ ਨ = ਨਹੀਂ ਰਹਿ ਜਾਂਦਾ ॥੪॥ ਜੈਸਾ ਕਿ :

**ਜਿਨਿ ਜਾਤਾ ਸੋ ਤਿਸ ਹੀ ਜੇਹਾ ॥**
**ਅਤਿ ਨਿਰਮਾਇਲੁ ਸੀਝਸਿ ਦੇਹਾ ॥** *(ਦਖਣੀ ਓਅੰਕਾਰ, ਰਾਮਕਲੀ ਮ: ੧, ਅੰਗ ੯੩੧)*

## ਮੇਰੇ ਰਾਮ ਰਾਇ; ਇਨ ਬਿਧਿ ਮਿਲੈ ਗੁਸਾਈ ॥

ਹੇ ਮੇਰੇ ਰਾਇ = ਰਾਜਾ ਸਰੂਪ ਰਾਮ = ਪਰਮੇਸ਼ਰ ਦੇ ਪਿਆਰੇ ਭਾਈ ਪਿਰਾਣਾ ਜੀ, ਇਨ = ਇਸ ਬਿਧਿ = ਤਰੀਕੇ ਨਾਲ ਗੁਸਾਈ = ਪ੍ਰਿਥਵੀ ਦਾ ਮਾਲਕ ਮਿਲੈ = ਮਿਲਦਾ ਹੈ।

## ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ; ਮਿਲਿ ਜੋਤੀ ਜੋਤਿ ਸਮਾਈ ॥੧॥ਰਹਾਉ ਦੂਜਾ॥੧॥੧੨੨॥

ਫੇਰ ਸਹਜੁ = ਗਿਆਨ ਪ੍ਰਾਪਤ ਭਇਆ = ਹੋਇਆ ਤੋਂ ਭ੍ਰਮ = ਭਰਮ, ਸੰਸਾ ਇਕ ਖਿਨ = ਅੱਖ ਝਮਕਣ ਦੇ ਸਮੇਂ ਮਹਿ = ਵਿਚ ਨਾਠਾ = ਨੱਸ ਜਾਂਦਾ ਹੈ ਤੇ ਜੋਤੀ = ਪ੍ਰਤਯਕ ਜੋਤ ਗੁਰਾਂ ਦੇ ਉਪਦੇਸ਼ ਨਾਲ ਮਿਲਿ = ਮਿਲ ਕਰ ਕੇ ਜੋਤਿ = ਅਦ੍ਵੈਤ ਅਨੰਦ, ਪ੍ਰਕਾਸ਼ ਸਰੂਪ ਵਿਚ ਸਮਾਈ = ਸਮਾ ਅਭੇਦ ਹੋ ਜਾਂਦੀ ਹੈ ॥੧॥ਰਹਾਉ ਦੂਜਾ॥੧॥੧੨੨॥

ਰਹਾਉ ਦੂਜਾ = ਇਸ ਦੂਜੇ ਰਹਾਉ ਵਿਚ ਗੁਰੂ ਸਾਹਿਬ ਜੀ ਨੇ ਉੱਤਰ ਦਿੱਤਾ ਹੈ।

## ਗਉੜੀ, ਮਹਲਾ ੫ ॥

**ਉਥਾਨਕਾ :** ਭਾਈ ਪਿਰਾਣਾ ਜੀ ਸਤਿਗੁਰੂ ਸਾਹਿਬ ਜੀ ਨੂੰ ਬੇਨਤੀ ਕਰ ਕੇ ਪੁੱਛਦੇ ਹਨ ਕਿ ਹੇ ਸਤਿਗੁਰੂ ਜੀ! ਆਪ ਜੀ ਕਿਰਪਾ ਕਰਕੇ ਦੱਸਣਾ ਕਰੋ ਕਿ ਆਪ ਜੀ ਨੇ ਗੁਰੂ ਰਾਮਦਾਸ ਜੀ ਦੇ ਪਾਸੋਂ ਕਿਹੋ ਜਿਹਾ ਅਨੰਦ ਪ੍ਰਾਪਤ ਕੀਤਾ ਹੈ। ਤਾਂ ਸਤਿਗੁਰੂ ਸਾਹਿਬ ਜੀ ਦੱਸਦੇ ਹਨ ਕਿ :

## ਐਸੋ; ਪਰਚਉ ਪਾਇਓ ॥

ਹੇ ਭਾਈ! ਗੁਰੂ ਸਾਹਿਬ ਜੀ ਨੇ ਮੈਨੂੰ ਐਸੋ = ਅਜਿਹਾ ਪ੍ਰੇਮ ਦਾ ਪਰਚਉ = ਪਰਚਾਵਾ, ਪਰਿਚਯ ਪਾਇਓ = ਪਾ ਦਿੱਤਾ ਹੈ, ਭਾਵ ਬ੍ਰਹਮ ਗਿਆਨ ਦੇ ਅਨੰਦ ਵਿਚ ਲੀਨ ਕਰ ਦਿੱਤਾ ਹੈ।

## ਕਰੀ ਕ੍ਰਿਪਾ ਦਇਆਲ ਬੀਠੁਲੈ; ਸਤਿਗੁਰ ਮੁਝਹਿ ਬਤਾਇਓ ॥੧॥ਰਹਾਉ॥

ਦਇਆਲ = ਦਇਆ ਦੇ ਘਰ ਬੀਠੁਲੈ = ਪਰਮੇਸ਼ਰ (ਉਤਪਤੀ ਪਾਲਣਾ ਲੈਅਤਾ ਕਰਨ ਵਾਲੇ ਸੁਆਮੀ) ਦਾ ਰੂਪ ਸਤਿਗੁਰ = ਗੁਰੂ ਰਾਮਦਾਸ ਜੀ ਨੇ ਕ੍ਰਿਪਾ = ਮਿਹਰ ਕਰੀ = ਕਰ ਕੇ ਮੁਝਹਿ = ਮੈਨੂੰ ਬਤਾਇਓ = ਦੱਸਣਾ ਕੀਤਾ ਹੈ ॥੧॥ਰਹਾਉ॥

***ਪ੍ਰਸ਼ਨ :*** *ਹੇ ਮਹਾਰਾਜ! ਕੀ ਦੱਸਣਾ ਕੀਤਾ ਹੈ?*

***ਗੁਰ ਉੱਤਰ :***

## ਜਤ ਕਤ ਦੇਖਉ ਤਤ ਤਤ ਤੁਮ ਹੀ; ਮੋਹਿ ਇਹੁ ਬਿਸੁਆਸੁ ਹੋਇ ਆਇਓ ॥

ਹੇ ਭਾਈ! ਮੋਹਿ = ਮੈਨੂੰ ਇਹੁ = ਇਹੋ ਹੀ ਬਿਸੁਆਸੁ = ਭਰੋਸਾ, ਵਿਸ਼ਵਾਸ ਹੋਇ = ਹੋ ਆਇਓ = ਆਇਆ ਹੈ। ਕਿ ਹੇ ਪਰਮੇਸ਼ਰ! ਮੈਂ ਜਤ ਕਤ = ਜਿਥੇ ਕਿਤੇ ਵੀ ਦੇਖਉ = ਦੇਖਦਾ ਹਾਂ ਤਤ ਤਤ = ਉਥੇ ਉਥੇ ਤੁਮ = ਤੁਸੀਂ ਹੀ ਹੋ।

## ਕੈ ਪਹਿ ਕਰਉ, ਅਰਦਾਸਿ ਬੇਨਤੀ; ਜਉ ਸੁਨਤੋ ਹੈ ਰਘੁਰਾਇਓ ॥੧॥

ਹੁਣ ਫਿਰ ਅਸੀਂ ਕੈ = ਕਿਸ ਪਹਿ = ਪਾਸ ਜਾ ਕੇ ਆਪਣੀ ਅਰਦਾਸਿ = ਪ੍ਰਾਰਥਨਾ ਕਰਨ ਵਾਸਤੇ ਬੇਨਤੀ = ਜੋਦੜੀ ਕਰੀਏ **ਵਾ:** (ਅਰ+ਦਾਸਿ) ਅਰ = ਵੈਰੀ ਜੋ ਕਾਮ, ਕ੍ਰੋਧ ਆਦਿਕ ਸਨ, ਉਨ੍ਹਾਂ ਨੂੰ ਦਾਸਿ = ਸੇਵਕ ਬਣਾਉਣ ਲਈ ਕਿਸ ਅੱਗੇ ਬੇਨਤੀ ਕਰੀਏ। ਜਉ = ਜਦੋਂ ਰਘੁਰਾਇਓ = ਪਰਮੇਸ਼ਰ ਆਪ ਸੁਨਤੋ = ਸੁਣ ਰਿਹਾ ਹੈ **ਵਾ:** (ਵਿਆਕਰਣ ਵਿਚ ਰਘੁ ਨਾਮ ਇੰਦ੍ਰੀਆਂ ਦਾ ਵੀ ਹੈ) ਜਦੋਂ ਸਾਰੀਆਂ ਇੰਦ੍ਰੀਆਂ ਨੂੰ ਰਾਇਓ = ਪ੍ਰਕਾਸ਼ਣ ਵਾਲਾ ਸੁਣਦਾ ਪਿਆ ਹੈ **ਵਾ:** ਰਘੁ = ਰਘੂਆਂ ਦੀ ਕੁਲ ਦਾ ਰਾਇਓ = ਰਾਜਾ ਸਰੂਪ ਭਗਵਾਨ ਰਾਮਚੰਦ੍ਰ ਭਾਵ ਪਰਮੇਸ਼ਰ ਆਪ ਸੁਣਦਾ ਹੈ ॥੧॥

## ਲਹਿਓ ਸਹਸਾ ਬੰਧਨ ਗੁਰਿ ਤੋਰੇ; ਤਾਂ ਸਦਾ ਸਹਜ ਸੁਖੁ ਪਾਇਓ ॥

ਹੇ ਭਾਈ! ਪ੍ਰਮਾਣ ਗਤ, ਪ੍ਰਮੇਯਗਤ ਰੂਪ ਸਹਸਾ = ਸੰਸਾ ਲਹਿਓ = ਲਹਿ ਗਿਆ ਹੈ ਅਤੇ ਗੁਰਿ = ਸਤਿਗੁਰੂ ਸਾਹਿਬ ਜੀ ਨੇ ਕਰਤਾ, ਭੋਗਤਾ, ਹਉਮੈ ਦੇ ਬੰਧਨ = ਜੰਜਾਲ ਤੋਰੇ = ਤੋੜ ਦਿੱਤੇ ਤਾਂ = ਤਦ ਸਹਜ = ਸਹਿਜੇ ਹੀ ਸਦਾ = ਸਦੀਵ ਕਾਲ ਰਹਿਣ ਵਾਲਾ ਆਤਮਿਕ ਸੁਖੁ = ਸੁਖ ਪਾਇਓ = ਪ੍ਰਾਪਤ ਕਰ ਲਿਆ।

## ਹੋਣਾ ਸਾ ਸੋਈ ਫੁਨਿ ਹੋਸੀ; ਸੁਖੁ ਦੁਖੁ ਕਹਾ ਦਿਖਾਇਓ ॥੨॥

ਜੋ ਕੁਝ ਪਰਮੇਸ਼ਰ ਵੱਲੋਂ ਹੋਣਾ ਸੀ, ਸਾ = ਉਹੀ ਪਿੱਛੇ ਭੂਤਕਾਲ ਵਿਚ ਹੁੰਦਾ ਸੀ, ਸੋਈ = ਉਹੀ ਹੁਣ ਹੋ ਰਿਹਾ ਹੈ, ਫੁਨਿ = ਪੁਨਾ ਭਵਿੱਖ ਕਾਲ ਵਿਚ ਉਹੋ ਹੀ ਹੋਸੀ = ਹੋਵੇਗਾ। ਫਿਰ ਸੁਖ ਦੁਖ ਕਹਾ = ਕਿਥੇ ਦਿਖਾਇਓ = ਦੇਖਣ ਵਿਚ ਆਉਂਦਾ ਹੈ, ਭਾਵ ਆਪਣੇ ਆਪ ਨੂੰ ਸੁਖ ਦੁਖ ਤੋਂ ਅਸੰਗ ਮੰਨਦੇ ਹਾਂ ॥੨॥

## ਖੰਡ ਬ੍ਰਹਮੰਡ ਕਾ ਏਕੋ ਠਾਣਾ; ਗੁਰਿ ਪਰਦਾ ਖੋਲਿ ਦਿਖਾਇਓ ॥

ਖੰਡ = ਟੁਕੜਾ ਭਾਵ ਨੌਂ ਖੰਡ **ਵਾ:** ਸਰੀਰ ਅਤੇ ਇੱਕੀ ਪੁਰੀਆਂ ਵਾਲਾ ਬ੍ਰਹਮੰਡ = ਬ੍ਰਹਮ ਦਾ ਅੰਡਾ ਭਾਵ ਸੰਸਾਰ ਕਾ = ਦਾ ਏਕੋ = ਇੱਕੋ ਹੀ ਠਾਣਾ = ਅਸਥਾਨ, ਆਸਰਾ ਪਰਮੇਸ਼ਰ ਹੈ। ਉਹ ਆਤਮ ਸਰੂਪ ਗੁਰਿ = ਸਤਿਗੁਰਾਂ ਨੇ ਹਉਮੈ, ਭਰਮ, ਅਗਿਆਨ ਦਾ ਪਰਦਾ = ਪੜਦਾ ਖੋਲਿ = ਖੋਲ ਕਰ ਕੇ ਅੰਦਰੋ ਪ੍ਰਗਟ ਕਰਕੇ ਦਿਖਾ ਦਿੱਤਾ ਹੈ। ਜੈਸਾ ਕਿ :

**ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥੧॥** *(ਥਿਤੀ ਗਉੜੀ ਮ: ੫, ਅੰਗ ੨੯੬)*

## ਨਉ ਨਿਧਿ, ਨਾਮੁ ਨਿਧਾਨੁ, ਇਕ ਠਾਈ; ਤਉ ਬਾਹਰਿ ਕੈਠੈ ਜਾਇਓ ॥੩॥

ਨਉ = ਨੌਂ ਨਿਧਿ = ਨਿਧੀਆਂ ਦੇ ਦੇਣ ਵਾਲਾ ਨਾਮ ਦਾ ਨਿਧਾਨੁ = ਖ਼ਜ਼ਾਨਾ ਇਕ ਹਿਰਦੇ ਰੂਪੀ ਠਾਈ = ਥਾਂ ਵਿਚ, ਸਾਧ ਸੰਗਤ ਰੂਪੀ ਥਾਂ ਵਿਚ ਗੁਰੂ ਜੀ ਨੇ ਰੱਖਿਆ ਹੋਇਆ ਹੈ **ਅਥਵਾ** ਨਉ = ਨੌਂ ਗੋਲਕਾਂ ਦਾ ਅਧਾਰ ਰੂਪ ਜੋ ਪਰਮੇਸ਼ਰ ਹੈ, ਉਸ ਦੇ ਨਾਮ ਦਾ ਨਿਧਾਨੁ = ਖ਼ਜ਼ਾਨਾ ਇਕ ਅੰਤਹਕਰਣ ਰੂਪੀ ਠਾਈ = ਥਾਂ ਵਿਚ ਹੀ ਇਸਥਿਤ ਹੋ ਗਿਆ ਹੈ **ਵਾ:** ਇਕਠਾਈ = ਇਕੱਠਾ ਹੀ ਪ੍ਰਾਪਤ ਹੋ ਗਿਆ ਹੈ। ਤਉ = ਤਦ ਹੁਣ ਬਾਹਰ ਕੈਠੈ = ਕਿਹੜੇ ਥਾਂ, ਕਿਸ ਜਗ੍ਹਾ ਵਿਚ ਜਾਇਓ = ਜਾਣਾ ਹੈ, ਭਾਵ ਜਾਣ ਦੀ ਗੁਜਾਇਸ਼ ਨਹੀਂ ਹੈ ॥੩॥

## ਏਕੈ ਕਨਿਕ, ਅਨਿਕ ਭਾਤਿ ਸਾਜੀ; ਬਹੁ ਪਰਕਾਰ ਰਚਾਇਓ ॥

ਹੇ ਭਾਈ! ਜਿਵੇਂ ਏਕੈ = ਇੱਕੋ ਹੀ ਕਨਿਕ = ਸੋਨਾ ਹੋਵੇ ਤੇ ਉਸ ਤੋਂ ਅਨਿਕ = ਅਨੇਕਾਂ ਭਾਤਿ = ਤਰੀਕਿਆਂ ਦੇ ਗਹਿਣੇ ਆਦਿ ਸਾਜੀ = ਸਾਜ ਲਈਏ। ਏਸੇ ਪ੍ਰਕਾਰ ਸੋਨੇ ਦੀ ਨਿਆਈਂ ਚੇਤਨ ਇੱਕੋ ਹੀ ਹੈ, ਉਸ ਨੇ ਪੱਚੀ ਪ੍ਰਕ੍ਰਿਤੀਆਂ ਆਦਿ ਕਰ ਕੇ ਬਹੁ = ਅਨੇਕਾਂ ਪਰਕਾਰ = ਤਰੀਕਿਆਂ ਦੇ ਨਾਲ ਸੰਸਾਰ ਨੂੰ ਤਿੰਨਾਂ ਗੁਣਾਂ ਵਿਚ ਰਚਾਇਓ = ਰਚਣਾ ਕੀਤਾ ਹੈ। ਜੇਕਰ ਉਨ੍ਹਾਂ ਗਹਿਣਿਆਂ ਨੂੰ ਸੁਨਿਆਰ ਕੁਠਾਲੀ ਵਿਚ ਪਾ ਕੇ ਢਾਲ ਦੇਵੇ ਤਾਂ ਸੋਨਾ ਹੀ ਰਹਿ ਜਾਂਦਾ ਹੈ। ਏਸੇ ਪ੍ਰਕਾਰ ਜੋ ਬਹੁਤ ਪ੍ਰਕਾਰ ਦੀ ਰਚਣਾ ਨੂੰ ਮਹਾਰਾਜ ਨੇ ਰਚਾਇਆ ਹੈ, ਜਦੋਂ ਸਤਿਗੁਰੂ ਜੀ ਨੇ ਪ੍ਰੇਮ ਰੂਪੀ ਕੁਠਾਲੀ ਵਿਚ ਪਾ ਕੇ ਤਪ ਰੂਪ ਅਗਨੀ ਦੇ ਨਾਲ ਇਸ ਨੂੰ ਢਾਲ ਦਿੱਤਾ, ਉਦੋਂ ਭੂਖਨ ਅਕਾਰ ਬਿਰਤੀ ਹਟ ਗਈ ਤਾਂ ਸਾਰਿਆਂ ਵਿਚ ਚੇਤਨ ਬ੍ਰਹਮ ਹੀ ਦਿੱਸ ਆਇਆ ਹੈ।

## ਕਹੁ ਨਾਨਕ ਭਰਮੁ ਗੁਰਿ ਖੋਈ ਹੈ; ਇਵ ਤਤੈ ਤਤੁ ਮਿਲਾਇਓ ॥੪॥੨॥੧੨੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਗੁਰਿ = ਗੁਰੂ ਸਾਹਿਬ ਜੀ ਨੇ ਭਰਮੁ = ਸੰਸਾ ਖੋਈ = ਖੋਹ ਦਿੱਤਾ, ਨਾਸ ਕਰ ਦਿੱਤਾ ਹੈ। ਇਵ = ਇਸ ਤਰ੍ਹਾਂ ਤਤੈ = ਤ੍ਵੰ ਜੀਵ ਪਦ ਦਾ ਲਖ ਅਰਥ ਅਤੇ ਤਤ = ਤਤ ਪਦ ਈਸ਼ਰ ਦਾ ਲਖ ਅਰਥ ਮਿਲਾਇਓ = ਮਿਲ ਗਿਆ ਭਾਵ ਪ੍ਰਤਕ ਚੇਤਨ ਨੂੰ ਅਦ੍ਵੈਤ ਅਨੰਦ ਵਿਚ ਅਭੇਦ ਕਰ ਦਿੱਤਾ ਹੈ ॥੪॥੨॥੧੨੩॥

## ਗਉੜੀ, ਮਹਲਾ ੫ ॥

ਸਤਿਗੁਰੂ ਸਾਹਿਬ ਜੀ ਨੇ ਇਹੋ ਸ਼ਬਦ ਸੋਹਿਲਾ ਸਾਹਿਬ ਵਿਚ ਵੀ ਉਚਾਰਨ ਕੀਤਾ ਹੈ। ਇਸ ਸ਼ਬਦ ਵਿਚ ਗੁਰੂ ਜੀ ਨੇ ਕੁਝ ਭੇਦ ਰੱਖਿਆ ਹੋਇਆ ਹੈ ਜੋ ਇਸ ਟੀਕੇ ਦੀ ਪਹਿਲੀ ਪੋਥੀ ਸਾਹਿਬ ਵਿਚ ਕੀਰਤਨ ਸੋਹਿਲੇ ਬਾਣੀ ਦੇ ਟੀਕੇ ਵਿਚ 'ਰਾਗ ਗਉੜੀ ਪੂਰਬੀ ਮਹਲਾ ੫' ਸ਼ਬਦ ਵਿਚ ਦੱਸਿਆ ਗਿਆ ਹੈ।

## ਅਉਧ ਘਟੈ; ਦਿਨਸੁ ਰੈਨਾਰੇ ॥
## ਮਨ ਗੁਰ ਮਿਲਿ; ਕਾਜ ਸਵਾਰੇ ॥੧॥ਰਹਾਉ॥

ਹੇ ਭਾਈ ! ਇਹ ਅਉਧ = ਉਮਰ ਦਿਨਸੁ = ਦਿਨ ਰੈਨਾਰੇ = ਰਾਤ ਕਰ ਕੇ ਘਟੈ = ਘਟਦੀ ਜਾ ਰਹੀ ਹੈ। ਇਸ ਕਰਕੇ ਹੇ ਮਨ = ਮਨਾਂ ਗੁਰ = ਸਤਿਗੁਰੂ ਸਾਹਿਬ ਜੀ ਦੇ ਨਾਲ ਮਿਲਿ = ਮਿਲ ਕਰ ਕੇ ਆਪਣੇ ਪਰਮਾਰਥ, ਲੋਕ ਪਰਲੋਕ ਦੇ ਕਾਜ = ਕਾਰਜ ਸਵਾਰੇ = ਸਵਾਰ ਲੈਣਾ ਕਰ ॥੧॥ਰਹਾਉ।

## ਕਰਉ ਬੇਨਤੀ, ਸੁਨਹੁ ਮੇਰੇ ਮੀਤਾ; ਸੰਤ ਟਹਲ ਕੀ ਬੇਲਾ ॥

ਹੇ ਮੇਰੇ ਗੁਰਸਿੱਖ ਮੀਤਾ = ਮਿੱਤਰੋ ! ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਨਹੁ = ਸੁਣਨਾ ਕਰੋ, ਮੈਂ ਤੁਹਾਡੇ ਅੱਗੇ ਬੇਨਤੀ = ਪ੍ਰਾਰਥਨਾ ਕਰਉ = ਕਰਦਾ ਹਾਂ ਕਿ ਇਹ ਮਨੁੱਖਾ ਜਨਮ ਰੂਪੀ ਬੇਲਾ = ਵਖਤ ਸੰਤ = ਮਹਾਂਪੁਰਖਾਂ ਕੀ = ਦੀ ਟਹਲ = ਸੇਵਾ ਕਰਨ ਲਈ ਪ੍ਰਾਪਤ ਹੋਇਆ ਹੈ **ਅਥਵਾ** ਹੇ ਮੇਰੇ ਮਿੱਤਰੋ ! ਮੁੱਖ ਕਰ ਕੇ ਹਰ ਵੇਲੇ ਬੇਨਤੀ = ਬੇਨਤੀਆਂ ਕਰਦੇ ਰਹੋ ਅਤੇ ਕੰਨਾਂ ਨਾਲ ਜਸ ਸੁਨਹੁ = ਸੁਣੋ, ਹੱਥਾਂ ਨਾਲ ਸਾਧ ਸੰਗਤ ਦੀ ਟਹਲ = ਸੇਵਾ ਕਰੋ, ਇਹੋ ਹੀ ਚੰਗਾ ਬੇਲਾ = ਸਮਾਂ ਹੈ **ਵਾ:** ਕਦੇ ਇਹੋ ਜਿਹਾ ਵੇਲਾ ਨਹੀਂ ਪ੍ਰਾਪਤ ਹੋਣਾ, ਕੀ ਐਵੇਂ ਬੇਲਾ = ਉਜਾੜ ਵਿਚ ਤੁਰਿਆ ਫਿਰਦਾ ਹੈਂ **ਵਾ:** ਕੀ ਐਵੇਂ ਪਰਾਈਆਂ ਬੇਲਾ = ਵੇਲਾਂ ਰੂਪ ਇਸਤਰੀਆਂ ਨੂੰ ਤੱਕਦਾ ਫਿਰਦਾ ਹੈਂ **ਵਾ:** ਕੀ ਐਵੇਂ ਬੇਲਾ = ਵਿਹਲਾ ਤੁਰਿਆ ਫਿਰਦਾ ਹੈਂ, ਚੱਲ ਕਰ ਕੇ ਸੰਤਾਂ ਮਹਾਪੁਰਖਾਂ ਦੀ ਟਹਲ = ਸੇਵਾ ਕਰ।

## ਈਹਾ, ਖਾਟਿ ਚਲਹੁ ਹਰਿ ਲਾਹਾ; ਆਗੈ ਬਸਨੁ ਸੁਹੇਲਾ ॥੧॥

ਹੇ ਭਾਈ ! ਈਹਾ = ਇਸ ਲੋਕ ਵਿਚ ਹਰਿ = ਪਰਮੇਸ਼ਰ ਦੇ ਨਾਮ ਦਾ ਲਾਹਾ = ਲਾਭ ਖਾਟ = ਖੱਟ ਕਰ ਕੇ ਚਲਹੁ = ਚੱਲਣਾ ਕਰੋ, ਜਿਸ ਕਰਕੇ ਆਗੈ = ਪਰਲੋਕ ਵਿਚ, ਦਰਗਾਹ ਵਿਚ ਤੁਹਾਡਾ ਬਸਨੁ = ਵਸਣਾ ਸੁਹੇਲਾ = ਸੁਖਾਲਾ ਹੋ ਜਾਵੇਗਾ ॥੧॥ ਜੈਸਾ ਕਿ :

**ਉਆ ਮਹਲੀ ਪਾਵਹਿ ਤੂ ਬਾਸਾ ॥ ਜਨਮ ਮਰਨ ਨਹ ਹੋਇ ਬਿਨਾਸਾ ॥** *(ਅੰਗ ੨੫੨)*

## ਇਹੁ ਸੰਸਾਰੁ ਬਿਕਾਰੁ ਸਹਸੇ ਮਹਿ; ਤਰਿਓ ਬ੍ਰਹਮ ਗਿਆਨੀ ॥

ਇਹੁ = ਇਹ ਜੋ ਸੰਸਾਰੁ = ਜਗਤ ਹੈ, ਸੰਸਿਆਂ ਦਾ ਘਰ ਹੈ, ਇਹ ਪ੍ਰਣਵ ਵਾਦ ਨੂੰ ਪ੍ਰਾਪਤ ਹੋਣ ਵਾਲਾ

ਹੈ, ਤਬਦੀਲ ਹੋਣ ਵਾਲਾ ਹੈ, ਇਸ ਮਹਿ = ਵਿਚ ਕਾਮਾਦਿਕ ਬਿਕਾਰੁ = ਵਿਕਾਰ ਹਨ ਪ੍ਰਾਮਨਗਤ, ਪ੍ਰਮੇਯਗਤ ਆਦਿ ਸਹਸੇ = ਸੰਸੇ ਹਨ। ਇਸ ਸੰਸਾਰ-ਸਮੁੰਦਰ ਤੋਂ ਕੋਈ ਬ੍ਰਹਮ ਗਿਆਨੀ = ਬ੍ਰਹਮ ਦੇ ਜਾਨਣ ਵਾਲਾ ਹੀ ਤਰਿਓ = ਤਰਿਆ ਹੈ।

## ਜਿਸਹਿ ਜਗਾਇ ਪੀਆਏ ਹਰਿ ਰਸੁ; ਅਕਥ ਕਥਾ ਤਿਨਿ ਜਾਨੀ ॥੨॥

ਜਿਸਹਿ = ਜਿਨ੍ਹਾਂ ਦੇ ਤਾਈਂ ਸਤਿਗੁਰੂ ਜੀ ਨੇ ਅਵਿਦਿਆ ਦੀ ਨੀਂਦ ਵਿੱਚੋਂ ਗਿਆਨ ਅਵਸਥਾ ਵਿਚ ਜਗਾਇ = ਜਗਾ ਕੇ ਹਰਿ = ਹਰੀ ਦੇ ਰਸੁ = ਅਨੰਦ ਨੂੰ ਪੀਆਏ = ਪਿਆ ਦਿੱਤਾ ਹੈ, ਤਿਨਿ = ਉਨ੍ਹਾਂ ਗੁਰਮੁਖ ਜਨਾਂ ਨੇ ਹੀ ਅਕਥ = ਕਥਨ ਤੋਂ ਰਹਿਤ ਜੋ ਸਰੂਪ ਵਿਚ ਅਭੇਦਤਾ ਦੀ ਕਥਾ ਹੈ, ਉਸ ਨੂੰ ਬ੍ਰਹਮ ਰੂਪ ਹੋ ਕੇ ਜਾਨੀ = ਜਾਣ ਲਿਆ ਹੈ ॥੨॥ ਜੈਸਾ ਕਿ :

**ਤ੍ਰੈਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ ॥**
**ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ ॥੧॥**
**ਅਚਰਜੁ ਕਿਛੁ ਕਹਣੁ ਨ ਜਾਈ ॥ ਬਸਤੁ ਅਗੋਚਰ ਭਾਈ ॥੧॥ਰਹਾਉ॥**
**ਮੋਲੁ ਨਾਹੀ ਕਛੁ ਕਰਣੈ ਜੋਗਾ ਕਿਆ ਕੋ ਕਹੈ ਸੁਣਾਵੈ ॥**
**ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ ॥੨॥** *(ਰਾਮਕਲੀ ਮ: ੫, ਅੰਗ ੮੮੩)*

## ਜਾ ਕਉ ਆਏ, ਸੋਈ ਵਿਹਾਝਹੁ; ਹਰਿ ਗੁਰ ਤੇ ਮਨਹਿ ਬਸੇਰਾ ॥

ਹੇ ਭਾਈ ! ਜਾ = ਜਿਸ ਵਾਹਿਗੁਰੂ ਦੀ ਪ੍ਰਾਪਤੀ ਵਾਸਤੇ ਤੁਸੀਂ ਮਨੁੱਖਾ ਜਨਮ ਧਾਰ ਕੇ ਆਏ = ਆਉਣਾ ਕੀਤਾ ਹੈ, ਸੋਈ = ਉਸ ਪਰਮੇਸ਼ਰ ਨੂੰ ਗੁਰਾਂ ਤੋਂ ਉਪਦੇਸ਼ ਦੁਆਰਾ, ਨਾਮ ਦੁਆਰਾ ਵਿਹਾਝਹੁ = ਖ਼ਰੀਦਣਾ ਕਰੋ। ਹਰਿ = ਹਰੀ ਸਰੂਪ ਗੁਰ = ਸਤਿਗੁਰੂ ਸਾਹਿਬ ਜੀ ਤੇ = ਤੋਂ ਹੀ ਮਨਹਿ = ਮਨ ਵਿਚ ਨਾਮ ਦਾ ਬਸੇਰਾ = ਵਾਸਾ ਹੁੰਦਾ ਹੈ।

## ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ; ਬਹੁਰਿ ਨ ਹੋਇਗੋ ਫੇਰਾ ॥੩॥

ਹੇ ਭਾਈ ! ਫੇਰ ਤੁਸੀਂ ਨਿਜ = ਆਪਨੇ ਹਿਰਦੇ ਰੂਪੀ, ਘਰਿ = ਘਰ ਵਿਚ ਸਹਿਜੇ = ਸੁਭਾਵਿਕ ਹੀ ਆਤਮਿਕ ਸੁਖ ਨੂੰ ਪਾਵਹੁ = ਪਾ ਲਵੋਂਗੇ **ਵਾ:** ਨਿਜ ਘਰਿ = ਸਾਧ ਸੰਗਤ ਰੂਪੀ ਘਰ ਵਿਚ ਬੈਠ ਕਰ ਕੇ ਮਹਲੁ = ਸਚਖੰਡ ਦਾ ਸਹਜੇ = ਸੁਭਾਵਿਕ ਹੀ ਸੁਖ ਪਾਵਹੁ = ਪਾ ਲਵੋਂਗੇ **ਵਾ:** ਨਿਜ = ਆਪਣਾ ਸਰੂਪ ਰੂਪੀ ਘਰ = ਜੋ ਤੁਰੀਆ ਪਦ ਹੈ, ਉਸ ਵਿਚ ਸਹਿਜੇ ਸੁਖ ਸਰੂਪ, ਆਤਮਾ ਅਨੰਦ ਨੂੰ ਪਾਵਹੁ = ਪਾ ਲਵੋਂਗੇ **ਵਾ:** ਨਿਜ = ਅੰਤਸ਼ਕਰਣ ਰੂਪੀ ਘਰ ਵਿੱਚੋਂ ਮਹਲੁ = ਤੁਰੀਆ ਪਦ ਰੂਪ ਦਾ ਸਹਿਜੇ ਸੁਖ ਪਾ ਲਵੋਂਗੇ। ਬਹੁਰਿ = ਫਿਰ ਤੁਹਾਡਾ ਚੌਰਾਸੀ ਵਿਚ ਫੇਰਾ = ਭ੍ਰਮਣ ਨ = ਨਹੀਂ ਹੋਇਗੋ = ਹੋਵੇਗਾ, ਭਾਵ ਮੋਖਸ਼ ਦੀ ਪ੍ਰਾਪਤੀ ਹੋ ਕੇ ਆਵਾਗਵਨ ਕੱਟਿਆ ਜਾਵੇਗਾ ॥੩॥

ਇਸ ਵਾਸਤੇ ਉਸ ਪਰਮੇਸ਼ਰ ਦੇ ਅੱਗੇ ਇੰਝ ਬੇਨਤੀ ਕਰੀਏ :

## ਅੰਤਰਜਾਮੀ ਪੁਰਖ ਬਿਧਾਤੇ; ਸਰਧਾ ਮਨ ਕੀ ਪੂਰੇ ॥

ਹੇ ਸਾਰਿਆਂ ਦੇ ਅੰਤਰਜਾਮੀ = ਅੰਦਰ ਦੀ ਜਾਨਣ ਵਾਲੇ ਪ੍ਰੇਰਕ, ਸਾਰਿਆਂ ਥਾਵਾਂ ਵਿਚ ਪੁਰਖ = ਪੂਰਨ **ਵਾ:** ਪੁ = ਨਰਕ ਆਦਿ ਤੋਂ ਰਖ = ਰੱਖਿਆ ਕਰਨ ਵਾਲੇ ਅਤੇ ਜੀਵਾਂ ਨੂੰ ਕਰਮਾਂ ਅਨੁਸਾਰ ਬਿਧਾਤੇ = ਫਲਬਰ ਦਾਤੇ ਪ੍ਰਭੂ ਜੀ ! ਸਾਡੇ ਮਨ = ਚਿਤ ਕੀ = ਦੀ ਜੋ ਸਰਧਾ = ਵਿਸ਼ਵਾਸ ਵਾਲੀ ਅਵਸਥਾ ਹੈ, ਉਸ ਨੂੰ ਪੂਰੇ = ਪੂਰੀ ਕਰੋ।

## ਨਾਨਕੁ ਦਾਸੁ ਇਹੀ ਸੁਖੁ ਮਾਗੈ; ਮੋਕਉ ਕਰਿ ਸੰਤਨ ਕੀ ਧੂਰੇ ॥੪॥੩॥੧੨੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮਹਾਰਾਜ ਅਸੀਂ ਦਾਸੁ = ਦਾਸਾ ਭਾਵ ਧਾਰ ਕੇ ਇਹੀ = ਇਹੁ ਸੁਖੁ = ਸੁਖ ਮਾਗੈ = ਮੰਗਦੇ ਹਾਂ ਕਿ ਮੋਕਉ = ਮੇਰੇ ਤਾਈਂ ਆਪਣੇ ਸੰਤਨ = ਮਹਾਂਪੁਰਖ, ਭਗਤ ਜਨਾਂ ਕੀ = ਦੀ ਚਰਨ ਧੂਰੇ = ਧੂੜ ਕਰਿ = ਕਰਨਾ ਕਰੋ **ਵਾ:** ਸੰਤਾਂ ਦੀ ਧੂੜੀ ਬਖ਼ਸ਼ਿਸ਼ ਕਰੋ[1] ॥੪॥੩॥੧੨੪॥

**ਕਹੁ ਨਾਨਕ ਪ੍ਰਭ ਲੋਚਾ ਪੂਰਿ ॥ ਸੰਤ ਜਨਾ ਕੀ ਬਾਛਉ ਧੂਰਿ ॥੪॥੨॥** *(ਅੰਗ ੭੨੪)*

**ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ ਸੁਖੁ ਨਾਨਕੁ ਇਹੁ ਬਾਛੈ ॥੪॥੯॥੧੩੦॥** *(ਅੰਗ ੨੦੭)*

# ਗਉੜੀ, ਮਹਲਾ ੫ ॥

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਚਰਣਾਂ ਕਮਲਾਂ ਪਾਸ ਸਿੱਖਾਂ ਨੇ ਬੇਨਤੀ ਕੀਤੀ ਕਿ ਹੇ ਮਹਾਰਾਜ! ਅਸੀਂ ਵਾਹਿਗੁਰੂ ਅੱਗੇ ਕਿਸ ਪ੍ਰਕਾਰ ਬੇਨਤੀਆਂ ਕਰੀਏ, ਸਾਨੂੰ ਜਾਚ ਦੱਸੋ! ਤਾਂ ਗੁਰੂ ਜੀ ਕਹਿਣ ਲੱਗੇ ਕਿ ਹੇ ਗੁਰਸਿੱਖੋ ਉਸ ਪਰਮੇਸ਼ਰ ਅੱਗੇ ਇਸ ਪ੍ਰਕਾਰ ਬੇਨਤੀਆਂ ਕਰੋ ਕਿ :

## ਰਾਖੁ; ਪਿਤਾ ਪ੍ਰਭ ਮੇਰੇ ॥ ਮੋਹਿ ਨਿਰਗੁਨੁ; ਸਭ ਗੁਨ ਤੇਰੇ ॥੧॥ਰਹਾਉ॥

ਹੇ ਮੇਰੇ ਪਿਤਾ ਸਰੂਪ ਪ੍ਰਭ = ਅਕਾਲ ਪੁਰਖ ਵਾਹਿਗੁਰੂ! ਮੇਰੇ ਤਾਈਂ ਰਾਖੁ = ਰੱਖਣਾ ਕਰੋ **ਵਾ:** ਮੇਰੀ ਰੱਖਿਆ ਕਰੋ। ਮੋਹਿ = ਮੈਂ ਨਿਰਗੁਨੁ = ਗੁਣਾਂ ਤੋਂ ਰਹਿਤ ਹਾਂ ਅਤੇ ਸਤ, ਸੰਤੋਖ, ਦਯਾ, ਧਰਮ, ਵਿਚਾਰ ਆਦਿ ਸਭ = ਸਾਰੇ ਸ਼ੁਭ ਗੁਨ = ਗੁਣ ਤੇਰੇ = ਤੁਹਾਡੇ ਵਿਚ ਹਨ **ਵਾ:** ਤੁਹਾਡੇ ਹੀ ਦਿੱਤੇ ਹੋਏ ਹਨ ॥੧॥ਰਹਾਉ॥

[ਅੰਗ ੨੦੬]

## ਪੰਚ ਬਿਖਾਦੀ ਏਕੁ ਗਰੀਬਾ; ਰਾਖਹੁ ਰਾਖਨਹਾਰੇ ॥

ਹੇ ਪਰਮੇਸ਼ਰ! ਇਹ ਪੰਚ = ਪੰਜ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਬਹੁਤ ਬਿਖਾਦੀ = ਝਗੜਾਲੂ ਹਨ **ਵਾ:** ਪੰਜ ਸ਼ਬਦ, ਸਪਰਸ਼, ਰੂਪ, ਰਸ, ਗੰਧ ਬਿਖ = ਵਿਸ਼ੇ ਸ਼ੁਭ ਗੁਣਾਂ ਨੂੰ ਖਾਦੀ = ਖਾਣ ਵਾਲੇ ਹਨ ਤੇ ਮੈਂ ਗਰੀਬਾ = ਦੀਨ ਏਕੁ = ਇਕੱਲਾ ਹਾਂ। ਤੁਸੀਂ ਆਪਣੇ ਭਗਤਾਂ ਨੂੰ ਰਾਖਨਹਾਰੇ = ਰੱਖਣ ਵਾਲੇ ਹੋ, ਰੱਖਿਆ ਕਰਨ ਵਾਲੇ ਹੋ, ਕਿਰਪਾ ਕਰਕੇ ਮੈਨੂੰ ਵੀ ਰਾਖਹੁ = ਰੱਖ ਲਉ, ਰੱਖਿਆ ਕਰੋ।

## ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ; ਆਇਓ ਸਰਨਿ ਤੁਹਾਰੇ ॥੧॥

ਹੇ ਪਰਮੇਸ਼ਰ! ਇਹ ਪੰਜੇ ਬਹੁਤ ਹੀ ਖੇਦੁ = ਦੁਖ ਦੇਣਾ ਕਰਹਿ = ਕਰਦੇ ਹਨ, ਅਰੁ = ਅਤੇ ਬਹੁਤੁ = ਬੇਅੰਤ ਸੰਤਾਵਹਿ = ਸਤਾਉਂਦੇ ਹਨ, ਇਨ੍ਹਾਂ ਤੋਂ ਬਚਣ ਲਈ ਮੈਂ ਤੁਹਾਰੇ = ਤੁਹਾਡੀ ਸਰਨਿ = ਓਟ ਵਿਚ ਆਇਓ = ਆਇਆ ਹਾਂ ॥੧॥

## ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ; ਛੋਡਹਿ ਕਤਹੂੰ ਨਾਹੀ ॥

ਹੇ ਪਰਮੇਸ਼ਰ! ਜੇ ਕਹੋ ਕਿ ਕੋਈ ਜਤਨ ਕਰ ਕੇ ਵੇਖ ਲਉ! ਪਰ ਮੈਂ ਤਾਂ ਬਹੁਤ ਬਹੁਤ ਜੋਗ ਅਭਿਆਸ ਕਰਿ = ਕਰ ਕੇ ਵੀ ਅਨਿਕ = ਅਨੇਕਾਂ ਤਰ੍ਹਾਂ ਦੇ ਸਾਧਨ, ਯਤਨ ਕਰਿ = ਕਰ ਕੇ ਵੀ ਅਤੇ ਬਹੁ = ਬਹੁਤ ਭਾਤੀ = ਤਰੀਕਿਆਂ ਦੀਆਂ ਸ਼ਾਸਤਰਾਂ ਦੀਆਂ ਜੁਗਤੀਆਂ ਆਦਿ ਵਰਤ ਕੇ ਵੀ ਹਾਰਿਓ = ਹਾਰ ਚੁੱਕਾ ਹਾਂ, ਪਰ ਇਹ ਕਤਹੂੰ = ਕਿਸੇ ਤਰ੍ਹਾਂ ਵੀ ਛੋਡਹਿ = ਛੱਡਦੇ ਨਾਹੀ = ਨਹੀਂ ਹਨ।

---

੧. ਇਸ ਸਬਦ ਦੀ ਹੋਰ ਵਿਆਖਿਆ ਲਈ ਇਸੇ ਸਟੀਕ ਦੀ ਪਹਿਲੀ ਪੋਥੀ ਵਿਚ 'ਕੀਰਤਨ ਸੋਹਿਲੇ' ਵਿਚ ਪੜ੍ਹੋ ਜੀ।

## ਏਕ ਬਾਤ ਸੁਨਿ ਤਾਕੀ ਓਟਾ; ਸਾਧਸੰਗਿ ਮਿਟਿ ਜਾਹੀ ॥੨॥

(**ਤਾੱਕੀ** ਦਾ ਉਚਾਰਨ ਅੱਧਕ ਸਹਿਤ ਹੈ)

ਹੇ ਪਰਮੇਸ਼ਰ ! ਮੈਂ ਏਕ = ਇੱਕੋ ਹੀ ਬਾਤ = ਗੱਲ ਸੁਨਿ = ਸੁਣ ਕਰ ਕੇ ਹਿਰਦੇ ਵਿਚ ਓਟ = ਟੇਕ ਤਾਕੀ = ਤੱਕਣਾ ਕੀਤੀ ਹੈ ਕਿ ਸਾਧਸੰਗਿ = ਸਤਿਸੰਗਤ ਵਿਚ ਮਿਲਣੇ ਕਰ ਕੇ ਹੀ ਇਹ ਵਿਕਾਰ ਮਿਟਿ = ਨਾਸ ਹੋ ਜਾਹੀ = ਜਾਂਦੇ ਹਨ ॥੨॥

## ਕਰਿ ਕਿਰਪਾ ਸੰਤ ਮਿਲੇ ਮੋਹਿ; ਤਿਨ ਤੇ ਧੀਰਜੁ ਪਾਇਆ ॥

(**'ਮੋਹਿ'** ਦੇਹਲੀ ਦੀਪਕ ਹੈ)

ਇਸ ਪ੍ਰਕਾਰ ਜਦੋਂ ਕਿਰਪਾ = ਕ੍ਰਿਪਾ ਦ੍ਰਿਸ਼ਟੀ ਕਰਿ = ਕਰ ਕੇ ਮੋਹਿ = ਮੈਨੂੰ ਸੰਤ = ਸ਼ਾਂਤ ਆਤਮਾ ਗੁਰੂ ਸਾਹਿਬ ਜੀ ਮਿਲੇ = ਮਿਲ ਗਏ ਤਾਂ ਮੋਹਿ = ਮੈਨੂੰ ਤਿਨ = ਉਨ੍ਹਾਂ ਤੇ = ਤੋਂ ਧੀਰਜੁ = ਚਿਤ ਦਾ ਟਿਕਾਉ ਪਾਇਆ = ਪ੍ਰਾਪਤ ਹੋਇਆ **ਅਥਵਾ** ਸੰਤ = ਸ਼ਾਤ ਆਤਮਾ ਬਾਬਾ ਬੁੱਢਾ ਜੀ ਦੀ ਕਿਰਪਾ ਕਰ ਕੇ ਜਦੋਂ ਗੁਰੂ ਰਾਮਦਾਸ ਸਾਹਿਬ ਜੀ ਮਿਲੇ = ਮਿਲ ਪਏ ਤਾਂ ਤਿਨ = ਉਨ੍ਹਾਂ ਤੋਂ ਧੀਰਜ ਪਾਇਆ = ਪ੍ਰਾਪਤ ਕੀਤਾ ਹੈ।

## ਸੰਤੀ ਮੰਤੁ ਦੀਓ ਮੋਹਿ ਨਿਰਭਉ; ਗੁਰ ਕਾ ਸਬਦੁ ਕਮਾਇਆ ॥੩॥

ਸੰਤੀ = ਸੰਤਾਂ ਮਹਾਂਪੁਰਖਾਂ, ਗੁਰੂ ਸਾਹਿਬ ਜੀ ਨੇ ਮੋਹਿ = ਮੈਨੂੰ ਨਿਰਭਉ = ਭੈ ਤੋਂ ਰਹਿਤ ਕਰਨ ਵਾਲਾ (ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ਜਪੁ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥) ਮੂਲ ਮੰਤੁ = ਮੰਤ੍ਰ ਦੀਓ = ਦੇਣਾ ਕੀਤਾ ਹੈ, ਬਖ਼ਸ਼ਿਆ ਹੈ ਅਤੇ ਗੁਰ = ਸਤਿਗੁਰੂ ਸਾਹਿਬ ਜੀ ਕਾ = ਦਾ ਸਬਦੁ = ਉਪਦੇਸ਼ ਸਦਕਾ ਮੈਂ ਇਸ ਮੂਲ ਮੰਤਰ **ਵਾ:** ਵਾਹਿਗੁਰੂ ਮੰਤ੍ਰ ਨੂੰ ਕਮਾਇਆ = ਕਮਾਉਣਾ ਕੀਤਾ ਹੈ ॥੩॥

## ਜੀਤਿ ਲਏ ਓਇ ਮਹਾ ਬਿਖਾਦੀ; ਸਹਜ ਸੁਹੇਲੀ ਬਾਣੀ ॥

ਜਿਹੜੇ ਮਹਾ = ਬਹੁਤ ਹੀ ਬਿਖਾਦੀ = ਝਗੜਾਲੂ ਸੀ **ਵਾ:** ਬਿਖਾਦੀ = ਵਿਕਾਰੀ ਆਦਮੀਆਂ ਨੂੰ ਖਾਣ ਵਾਲੇ ਸੀ, ਓਇ = ਉਹ ਹੁਣ ਸ਼ਬਦ ਦੇ ਅਭਿਆਸ ਕਰ ਕੇ ਜੀਤਿ = ਜਿੱਤ = ਲਏ ਹਨ ਅਤੇ ਸਹਜ = ਸੁਭਾਵਿਕ ਹੀ ਬਾਣੀ ਕਰ ਕੇ ਸਾਡੀ ਬਿਰਤੀ ਸੁਹੇਲੀ = ਸੁਖਦਾਇਕ ਹੋ ਗਈ ਹੈ **ਵਾ:** ਸਹਜ = ਸਹਿਜੇ ਹੀ ਸੁਹੇਲੀ = ਸੁਖਦਾਇਕ ਅੰਮ੍ਰਿਤ ਰੂਪੀ ਬਾਣੀ ਸਾਨੂੰ ਪ੍ਰਾਪਤ ਹੋਈ ਹੈ।

## ਕਹੁ ਨਾਨਕ ਮਨਿ ਭਇਆ ਪਰਗਾਸਾ; ਪਾਇਆ ਪਦੁ ਨਿਰਬਾਣੀ ॥੪॥੪॥੧੨੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਮਨਿ = ਹਿਰਦੇ ਵਿਚ ਗਿਆਨ ਦਾ ਪਰਗਾਸਾ = ਚਾਨਣ ਭਇਆ = ਹੋ ਗਿਆ ਅਤੇ ਨਿਰਬਾਣੀ = ਬੰਧਨਾਂ ਤੋਂ ਰਹਿਤ ਪਦੁ = ਪਦਵੀ ਨੂੰ ਪਾਇਆ = ਪਾ ਲਿਆ ਹੈ ॥੪॥੪॥੧੨੫॥

## ਗਉੜੀ, ਮਹਲਾ ੫ ॥

**ਉਥਾਨਕਾ :** ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਮਹਾਰਾਜ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗੁਰੂ ਕੇ ਬਾਗ਼ ਵਿਚ ਬੈਠੇ ਸਨ, ਦੀਵਾਨ ਸੱਜਿਆ ਹੋਇਆ ਸੀ, ਸੰਗਤਾਂ ਦਰਸ਼ਨ ਕਰ ਰਹੀਆਂ ਸਨ, ਭਾਈ ਪਿਰਾਣਾ ਜੀ, ਭਾਈ ਲੰਗਾਹਾ ਜੀ, ਭਾਈ ਪੈੜਾ ਜੀ ਆਦਿਕ ਗੁਰਸਿੱਖ ਸਤਿਗੁਰਾਂ ਦੇ ਸਨਮੁਖ ਬੈਠੇ ਸਨ, ਤਦ ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਇਹ ਸੰਸਾਰ ਕੀ ਹੈ ? ਸਤਿਗੁਰੂ ਜੀ ਕਹਿਣ ਲੱਗੇ

ਕਿ ਸੰਸਾਰ ਬਿਨਾਸ ਰੂਪ ਹੈ। ਫਿਰ ਮਹਾਰਾਜ ਪਰਮੇਸ਼ਰ ਕਿਸ ਪ੍ਰਕਾਰ ਦਾ ਹੈ ? ਤੇ ਉਸ ਦੀ ਰਚਨਾ ਦੇ ਅੰਦਰ ਅਨੇਕਤਾ ਕਿਉਂ ਪ੍ਰਤੀਤ ਹੋ ਰਹੀ ਹੈ। ਸੁਣ ਕੇ ਸਤਿਗੁਰੂ ਸਾਹਿਬ ਜੀ ਨੇ ਇਹ ਸ਼ਬਦ ਉਚਾਰਨ ਕੀਤਾ:

ਇਸ ਸ਼ਬਦ ਵਿਚ ਵਾਹਿਗੁਰੂ ਦੇ ਅਨੇਕਾਂ ਥਾਂ ਵਰਤਣ ਦੀ ਗੱਲ ਕਰਕੇ ਦੋ ਗੱਲਾਂ ਕੀਤੀਆਂ ਹਨ, ਇਕ ਤਾਂ ਬ੍ਰਹਮ ਬੇਤਿਆਂ ਦੀ ਦ੍ਰਿਸ਼ਟੀ ਵਿਚ ਸਭ ਕੁਝ ਦਾ ਆਪੇ ਆਪ ਵਰਤਣਾ ਤੇ ਦੂਸਰਾ ਚੇਤਨ ਸੱਤਾ ਦੇ ਕਰਕੇ ਜੀਵਾਂ ਦੇ ਕੋਲੋਂ ਕਰਮ ਕਰਾਉਣ ਦਾ ਭਾਵ ਹੈ।

## ਓਹੁ; ਅਬਿਨਾਸੀ ਰਾਇਆ ॥

ਹੇ ਗੁਰਸਿੱਖੋ ! ਜੋ ਤਤ ਪਦ ਦਾ ਲਖ ਅਰਥ ਸਰੂਪ ਸ਼ੁਧ ਬ੍ਰਹਮ ਹੈ, ਓਹੁ = ਉਹ ਅਬਿਨਾਸੀ = ਨਾਸ ਤੋਂ ਰਹਿਤ ਸਾਰਿਆਂ ਦਾ ਰਾਇਆ = ਰਾਜਾ ਰੂਪ ਹੈ **ਵਾ:** ਸਾਰਿਆਂ ਨੂੰ ਰਾਇਆ = ਪ੍ਰਕਾਸ਼ਦਾ ਹੈ।

## ਨਿਰਭਉ ਸੰਗਿ ਤੁਮਾਰੈ ਬਸਤੇ;
## ਇਹੁ ਡਰਨੁ ਕਹਾ ਤੇ ਆਇਆ ॥੧॥ਰਹਾਉ॥

ਹੇ ਗੁਰਸਿੱਖੋ ! ਉਸ ਦੇ ਸਨਮੁਖ ਚਿਤ ਜੋੜ ਕੇ ਬੇਨਤੀ ਕਰੋ ਕਿ ਮਹਾਰਾਜ ਜਿਤਨਾ ਚਿਰ ਤੁਮਾਰੈ = ਤੁਹਾਡੇ ਸੰਗਿ = ਨਾਲ ਲਿਵ ਲਗਾ ਕੇ ਬਸਤੇ = ਵੱਸਦੇ ਹਾਂ **ਵਾ:** ਜਿਹੜੇ ਉਸ ਪਰਮੇਸ਼ਰ ਦੇ ਸੰਗਿ = ਨਾਲ ਬਿਰਤੀ ਜੋੜ ਕੇ ਬਸਤੇ = ਵੱਸਦੇ ਹਨ, ਉਹ ਨਿਰਭਉ = ਭੈ ਤੋਂ ਰਹਿਤ ਹੋ ਜਾਂਦੇ ਹਨ, ਫਿਰ ਇਹੁ = ਇਹ ਡਰਨ = ਭੈ ਕਹਾ ਤੇ = ਕਿਥੇ ਤੇ = ਤੋਂ ਆਇਆ = ਆਉਂਦਾ ਹੈ, ਭਾਵ ਕੋਈ ਡਰ ਨਹੀਂ ਹੈ, ਬਸ ਅਗਿਆਨ ਕਰ ਕੇ ਹੀ ਜੀਵਾਂ ਨੂੰ ਮਨ ਵਿਚ ਚਿੰਬੜਿਆ ਹੋਇਆ ਹੈ ॥੧॥ਰਹਾਉ॥

## ਏਕ ਮਹਲਿ, ਤੂੰ ਹੋਹਿ ਅਫਾਰੋ; ਏਕ ਮਹਲਿ ਨਿਮਾਨੋ ॥

(ਸਾਰੇ ਸ਼ਬਦ ਵਿਚ **'ਤੂੰ'** ਪਦ ਅਗਲੇ ਹਿੱਸੇ ਵਿਚ ਬੋਲਣਾ ਹੈ)

ਹੇ ਪਰਮੇਸ਼ਰ ! ਏਕ = ਇਕ ਮਹਲਿ = ਸਰੀਰਾਂ **ਵਾ:** ਅੰਤਸ਼ਕਰਣ ਵਿਚ ਤੂੰ ਹੀ ਅਫਾਰੋ = ਹੰਕਾਰ ਦੇ ਸਹਿਤ ਆਫਰਿਆ ਹੋਹਿ = ਹੋਇਆ ਹੈਂ ਅਤੇ ਏਕ = ਇਕਨਾ ਮਹਲਿ = ਸਰੀਰਾਂ ਵਿਚ ਨਿਮਾਨੋ = ਨਿਮਰਤਾ ਦੇ ਸਹਿਤ ਹੋ ਕੇ ਵਰਤ ਰਿਹਾ ਹੈਂ, ਭਾਵ ਜਿਥੇ ਘੋਰ ਤਮੋ ਗੁਣ ਬਿਰਤੀ ਹੈ, ਉਥੇ ਹੰਕਾਰ ਦੇ ਸਹਿਤ ਆਫਰਿਆ ਫਿਰਦਾ ਹੈਂ, ਜਿਥੇ ਸ਼ੁਧ ਸਤੋ ਗੁਣ ਦੀ ਪ੍ਰਧਾਨਤਾ ਹੈ ਉਥੇ ਨਿਮਰਤਾ ਦੇ ਸਹਿਤ ਹੈਂ।

## ਏਕ ਮਹਲਿ, ਤੂੰ ਆਪੇ ਆਪੇ; ਏਕ ਮਹਲਿ, ਗਰੀਬਾਨੋ ॥੧॥

ਏਕ = ਇਕ ਮਹਲਿ = ਸਰੀਰ ਵਿਚ ਤੂੰ ਦੇਹ ਦੀ ਹੰਗਤਾ ਕਰ ਕੇ ਦੇਹ ਨੂੰ ਆਪੇ = ਆਪਣਾ ਆਪੇ = ਆਪ ਮੰਨ ਬੈਠਾ ਹੈਂ **ਵਾ:** ਇਕ ਮਹਲਿ = ਸਰੀਰ ਅੰਦਰ ਆਤਮਾ ਦੀ ਵੀਚਾਰ ਕਰਨ ਵਾਲੇ ਤਤਬੇਤੇ ਹਨ, ਉਨ੍ਹਾਂ ਦੇ ਅੰਦਰ ਆਪੇ = ਆਪਣਾ ਆਪੇ = ਆਪ ਰੂਪ ਹੋ ਕੇ ਵਰਤ ਰਿਹਾ ਹੈਂ ਅਤੇ ਏਕੁ = ਇਕ ਮਹਲਿ = ਸਰੀਰ ਵਿਚ ਤੂੰ ਬਹੁਤ ਹੀ ਗਰੀਬਾਨੋ = ਹਲੀਮੀ ਧਾਰੀ ਹੋਈ ਹੈ **ਵਾ:** ਅਤਿਅੰਤ ਨਿਮਰਤਾ ਦੇ ਸਹਿਤ ਗ਼ਰੀਬੀ ਵਾਲਾ ਹੋ ਕੇ ਵਰਤ ਰਿਹਾ ਹੈਂ ॥੧॥

## ਏਕ ਮਹਲਿ, ਤੂੰ ਪੰਡਿਤੁ ਬਕਤਾ; ਏਕ ਮਹਲਿ ਖਲੁ ਹੋਤਾ ॥

ਏਕ = ਇਕ ਮਹਲਿ = ਸਰੀਰ ਵਿਚ ਤੂੰ ਰਜੋ ਗੁਣ ਦੇ ਪ੍ਰਤਾਪ ਕਰ ਕੇ ਪੰਡਿਤੁ = ਵਿਦਵਾਨ ਹੋ ਕੇ ਵੇਦਾਂ ਨੂੰ ਬਕਤਾ = ਕਥਨ ਕਰਦਾ ਹੈਂ ਅਤੇ ਏਕ = ਇਕ ਮਹਲਿ = ਸਰੀਰ ਵਿਚ ਤਮੋ ਗੁਣ ਦੇ ਘੋਰ ਪ੍ਰਤਾਪ ਕਰ ਕੇ ਖਲੁ = ਮੂਰਖ ਹੋਤਾ = ਹੋ ਰਿਹਾ ਹੈਂ।

## ਏਕ ਮਹਲਿ, ਤੂੰ ਸਭੁ ਕਿਛੁ ਗ੍ਰਾਹਜੁ; ਏਕ ਮਹਲਿ, ਕਛੂ ਨ ਲੇਤਾ ॥੨॥

ਏਕ = ਇਕ ਮਹਲਿ = ਸਰੀਰ ਦੇ ਅੰਦਰ ਪੂਜਾ, ਭੇਟਾ, ਦਾਣੇ, ਆਦਿ ਸਭ = ਸਾਰਾ ਕਿਛੁ = ਕੁਝ ਗ੍ਰਾਹਜੁ = ਗ੍ਰਹਿਣ ਕਰੀ ਜਾਂਦਾ ਹੈਂ ਅਤੇ ਏਕ = ਇਕ ਮਹਲਿ = ਸਰੀਰ ਵਿਚ ਕਿਸੇ ਤੋਂ ਕਛੂ = ਕੁਝ ਭੀ ਨ = ਨਹੀਂ ਲੇਤਾ = ਲੈਂਦਾ, ਭਾਵ ਤਿਆਗੀ ਬਣੀ ਬੈਠਾ ਹੈਂ ॥੨॥

## ਕਾਠ ਕੀ ਪੁਤਰੀ ਕਹਾ ਕਰੈ ਬਪੁਰੀ; ਖਿਲਾਵਨਹਾਰੋ ਜਾਨੈ ॥

**ਦ੍ਰਿਸ਼ਟਾਂਤ :** ਜਿਸ ਪ੍ਰਕਾਰ ਕਾਠ = ਲੱਕੜ ਕੀ = ਦੀ ਪੁਤਰੀ = ਪੁਤਲੀ ਬਪੁਰੀ = ਵਿਚਾਰੀ ਆਪਣੇ ਆਪ ਕਹਾ = ਕੀ ਕਰੈ = ਕਰ ਸਕਦੀ ਹੈ, ਇਸ ਨੂੰ ਖਿਲਾਵਨਹਾਰੋ = ਖਿਡਾਉਣ ਵਾਲਾ ਨਟ ਹੀ ਜਾਨੈ = ਜਾਣਦਾ ਹੈ।

## ਜੈਸਾ ਭੇਖੁ ਕਰਾਵੈ ਬਾਜੀਗਰੁ; ਓਹੁ ਤੈਸੋ ਹੀ, ਸਾਜੁ ਆਨੈ ॥੩॥

ਜੈਸਾ = ਜਿਸ ਪ੍ਰਕਾਰ ਦਾ ਬਾਜੀਗਰੁ = ਨਟ, ਜਾਦੂਗਰ ਕਠਪੁਤਲੀਆਂ ਦਾ ਭੇਖੁ = ਭੇਸ ਕਰਾਵੈ = ਕਰਾਉਂਦਾ ਹੈ, ਓਹੁ = ਉਹ ਕਠਪੁਤਲੀਆਂ ਤੈਸੋ = ਉਸੇ ਤਰ੍ਹਾਂ ਹੀ ਸਾਜੁ = ਸੱਜ ਆਨੈ = ਆਉਂਦੀਆਂ ਹਨ।

**ਦਾ ਦ੍ਰਿਸ਼ਟਾਂਤ :** ਏਸੇ ਪ੍ਰਕਾਰ ਕਾਠ ਦੀ ਪੁਤਲੀ ਦੀ ਨਿਆਈਂ ਇਹ ਜੜ੍ਹ ਦੇਹ ਬਪੁਰੀ = ਵਿਚਾਰੀ ਕਹਾ = ਕੀ ਕਰੈ = ਕਰ ਸਕਦੀ ਹੈ। ਖਿਲਾਵਨਹਾਰੋ = ਬ੍ਰਹਮ ਚੇਤਨ ਆਪ ਹੀ ਸਾਰੇ ਜੀਵਾਂ ਵਿਚ ਵਰਤ ਕੇ ਚੇਸ਼ਟਾ ਕਰਾਉਂਦਾ ਹੈ, ਉਹ ਆਪ ਹੀ ਜਾਨੈ = ਜਾਣਦਾ ਹੈ।

ਬਾਜੀਗਰ ਦੀ ਨਿਆਈਂ ਈਸ਼ਰ ਨੇ ਆਪ ਹੀ ਮਾਇਆ ਸਬਲ ਹੋ ਕੇ ਸੰਸਾਰ ਰੂਪ ਬਾਜੀ ਪਾਈ ਹੈ, ਇਹ ਜੈਸਾ = ਜਿਸ ਪ੍ਰਕਾਰ ਚਾਰੇ ਖਾਣੀਆਂ ਵਿਚ ਭੇਖੁ = ਭੇਸ ਕਰਾਵੈ = ਕਰਾਉਂਦਾ ਹੈ। ਉਹ ਤੈਸੋ = ਉਸੇ ਪ੍ਰਕਾਰ ਹੀ ਪਸ਼ੂ, ਪੰਛੀ, ਦੈਂਤ, ਮਨੁੱਖ, ਦੇਵਤੇ ਆਦਿ ਸਾਜੁ = ਸਾਜ਼ੋ-ਸਾਮਾਨ ਧਾਰ ਕੇ ਆਨੈ = ਆ ਜਾਂਦੇ ਹਨ ॥੩॥

## ਅਨਿਕ ਕੋਠਰੀ, ਬਹੁਤੁ ਭਾਤਿ ਕਰੀਆ; ਆਪਿ ਹੋਆ ਰਖਵਾਰਾ ॥

ਹੇ ਪਰਮੇਸ਼ਰ ! ਤੂੰ ਆਪ ਹੀ ਅਨਿਕ = ਅਨੇਕਾਂ ਹੀ ਦੇਹਾਂ ਰੂਪੀ ਕੋਠਰੀ = ਕੋਠੜੀਆਂ ਅੰਡਜ, ਜੇਰਜ, ਸੇਤਜ, ਉਤਭੁਜ ਆਦਿ ਦੇ ਭੇਦ ਕਰ ਕੇ ਬਹੁਤੁ = ਬੇਅੰਤ ਭਾਂਤਿ = ਤਰੀਕਿਆਂ ਨਾਲ ਰਚਨਾ ਕਰੀਆ = ਕੀਤੀਆਂ ਹਨ ਤੇ ਤੂੰ ਆਪਿ = ਆਪ ਹੀ ਸਾਰੀਆਂ ਦੇਹਾਂ, ਅਕਾਰਾਂ ਦਾ ਰਖਵਾਰਾ = ਰੱਖਿਆ ਕਰਨ ਵਾਲਾ ਹੋਆ = ਹੋ ਗਿਆ ਹੈਂ।

## ਜੈਸੇ ਮਹਲਿ ਰਾਖੈ, ਤੈਸੈ ਰਹਨਾ; ਕਿਆ ਇਹੁ ਕਰੈ ਬਿਚਾਰਾ ॥੪॥

ਹੇ ਪਰਮੇਸ਼ਰ ! ਜੈਸੇ = ਜਿਸ ਪ੍ਰਕਾਰ ਮਹਲਿ = ਸਰੀਰਾਂ ਨੂੰ ਤੂੰ ਰਾਖੈ = ਰੱਖਦਾ ਹੈਂ, ਤੈਸੇ = ਤਿਸ ਪ੍ਰਕਾਰ ਹੀ ਇਨ੍ਹਾਂ ਦੇਹਾਂ, ਅਕਾਰ ਧਾਰੀਆਂ ਨੇ ਰਹਨਾ = ਰਹਿਣਾ ਹੈ। ਇਹੁ = ਇਹ ਬਿਚਾਰਾ = ਵਿਚਾਰਾ, ਤੁਛ ਜੀਵ ਕਿਆ = ਕੀ ਕਰੈ = ਕਰ ਸਕਦਾ ਹੈ ॥੪॥

## ਜਿਨਿ ਕਿਛੁ ਕੀਆ, ਸੋਈ ਜਾਨੈ; ਜਿਨਿ ਇਹ ਸਭ ਬਿਧਿ ਸਾਜੀ ॥

ਜਿਨਿ = ਜਿਸ ਨੇ ਇਹ ਸਭ = ਸਾਰੀਆਂ ਚੌਰਾਸੀ ਲੱਖ ਜੂਨਾਂ ਰੂਪੀ ਬਿਧਿ = ਵਿਧ ਨੂੰ ਸਾਜੀ = ਸਜਾਉਣਾ

ਕੀਤਾ ਹੈ **ਵਾ:** ਜਿਨਿ = ਜਿਸ ਪਰਮੇਸ਼ਰ ਨੇ ਜੋ ਕਿਛੁ = ਕੁਝ ਰਚਨਾ ਨੂੰ ਪੈਦਾ ਕੀਆ = ਕੀਤਾ ਹੈ, ਭਾਵ ਬਾਜ਼ੀ ਨੂੰ ਪਾਇਆ ਹੈ **ਵਾ:** ਸੋਈ = ਉਹੀ ਪਰਮੇਸ਼ਰ ਆਪ ਹੀ ਜਾਨੈ = ਜਾਣਦਾ ਹੈ।

## ਕਹੁ ਨਾਨਕ ਅਪਰੰਪਰ ਸੁਆਮੀ; ਕੀਮਤਿ ਅਪੁਨੇ ਕਾਜੀ ॥੫॥੫॥੧੨੬॥

(**ਕਾਜੀ** ਦਾ ਉਚਾਰਨ ਅੱਧਕ ਸਹਿਤ ਕਾੱਜੀ ਹੈ)

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਗੁਰਸਿੱਖੋ! ਉਹ ਸਭ ਦਾ ਸੁਆਮੀ = ਮਾਲਕ ਪਰਮੇਸ਼ਰ ਅਪਰੰਪਰ = ਪ੍ਰਕ੍ਰਿਤੀ ਤੋਂ ਪਰ੍ਹੇ ਹੈ ਅਤੇ ਅਪੁਨੇ = ਆਪਣੇ ਕਾਜੀ = ਕੰਮਾਂ ਦੀ ਕੀਮਤਿ = ਮੁੱਲ ਪਾਉਣ ਵਾਲਾ **ਵਾ:** ਕੰਮਾਂ ਕਾਰਾਂ ਨੂੰ ਆਪ ਹੀ ਜਾਣਦਾ ਹੈ **ਵਾ:** ਅੰਨਵੈ ਕਰਕੇ (ਜੀ+ਕਾ) ਆਪਣੇ ਜੀ = ਹਿਰਦੇ ਕਾ = ਦਾ ਆਪ ਹੀ ਜਾਣੂ ਹੈ॥੫॥੫॥੧੨੬॥

## ਗਉੜੀ, ਮਹਲਾ ੫ ॥

ਇਸ ਪਾਵਨ ਸ਼ਬਦ ਵਿਚ ਸਤਿਗੁਰੂ ਸਾਹਿਬ ਜੀ ਵਿਕਾਰਾਂ ਤੋਂ ਛੁਡਾਉਣ ਵਾਸਤੇ ਤਾੜਨਾ ਕਰ ਕੇ ਸਿੱਖਿਆ ਦਿੰਦੇ ਹਨ।

## ਛੋਡਿ ਛੋਡਿ ਰੇ; ਬਿਖਿਆ ਕੇ ਰਸੂਆ ॥

ਰੇ = ਹੇ ਜੀਵ! ਬਿਖਿਆ = ਵਿਸ਼ਿਆਂ ਦੇ ਰਸੂਆ = ਰਸਾਂ ਦੇ ਤਾਈਂ ਛੋਡਿ ਛੋਡਿ = ਛੱਡ ਦੇ, ਛੱਡ ਦੇ, ਜੇਕਰ ਤੂੰ ਨਾ ਛੱਡੇਂਗਾ ਤਾਂ ਇਹ ਤੈਨੂੰ ਛੱਡ ਜਾਣਗੇ।

## ਉਰਝਿ ਰਹਿਓ, ਰੇ ਬਾਵਰ ਗਾਵਰ;
## ਜਿਉ ਕਿਰਖੈ ਹਰਿਆਇਓ ਪਸੂਆ ॥੧॥ਰਹਾਉ॥

(**ਹਰਿਆਇਓ** ਥੋੜ੍ਹਾ ਕੱਸ ਕੇ ਬੋਲਣਾ ਹੈ, **ਕਿੱਰਖੈ** ਪਾਠ ਨਹੀਂ ਕਰਨਾ)

ਰੇ = ਹੇ ਬਾਵਰ = ਕਮਲੇ, ਗਾਵਰ = ਗਵਾਰ, ਬੇਸਮਝ ਜੀਵ! ਤੂੰ ਵਿਸ਼ਿਆਂ ਦੇ ਵਿਚ ਇਸ ਤਰ੍ਹਾਂ ਉਰਝਿ = ਉਲਝ, ਫਸ ਰਹਿਓ = ਰਿਹਾ ਹੈਂ **ਵਾ:** ਗਾਵਰ = ਗਵਾਲੇ ਦੀ ਨਿਆਈਂ ਇੰਦ੍ਰੀਆਂ ਰੂਪੀ ਗਊਆਂ ਨੂੰ ਵਿਸ਼ੇ ਰੂਪੀ ਘਾਹ ਚੁਰਾਉਂਦਾ ਹੈਂ। ਜਿਉ = ਜਿਵੇਂ ਹਰਿਆਇਓ = ਹਰੀ ਚੁਗ (ਹਰੇ ਖੇਤ ਨੂੰ ਵੇਖ ਕੇ ਆਉਣ ਵਾਲਾ) ਪਸੂਆ = ਪਸ਼ੂ ਕਿਰਖੈ = ਖੇਤੀ ਨੂੰ ਆ ਕੇ ਪੈਂਦਾ ਹੈ। ਹਰਿਆਏ ਪਸ਼ੂਆਂ ਦੀ ਨਿਆਈਂ ਪਰਾਏ ਹੱਕ ਰੂਪੀ ਖੇਤੀ ਨੂੰ, ਬਿਗਾਨੇ ਘਰਾਂ ਨੂੰ ਤੱਕਣ ਰੂਪ ਵਿਸ਼ੇ ਰੂਪੀ ਖੇਤੀ ਖਾਂਦਾ ਰਹਿੰਦਾ ਹੈਂ॥੧॥ਰਹਾਉ॥

## ਜੋ ਜਾਨਹਿ, ਤੂੰ ਅਪੁਨੇ ਕਾਜੈ; ਸੋ ਸੰਗਿ ਨ ਚਾਲੈ ਤੇਰੈ ਤਸੂਆ ॥

ਜੋ = ਜਿਹੜੇ, ਮਾਇਆ, ਪਦਾਰਥ, ਸੰਬੰਧੀ ਆਦਿ ਨੂੰ ਤੂੰ ਜਾਨਹਿ = ਜਾਣਦਾ ਹੈਂ ਕਿ ਅਪੁਨੇ = ਮੇਰੇ ਕਾਜੈ = ਕੰਮ ਆਉਣਗੇ, ਇਹ ਤਾਂ ਤੇਰੈ = ਤੇਰੇ ਸੰਗਿ = ਨਾਲ ਤਸੂਆ = ਤਸੂ ਮਾਤ੍ਰ ਭਾਵ ਥੋੜੀ ਦੂਰ ਤਕ ਵੀ ਨ = ਨਹੀਂ ਚਾਲੈ = ਚੱਲਣਗੇ।

***ਨੋਟ :*** ਕਾਰੀਗਰਾਂ ਦੇ ਹਿਸਾਬ ਅਨੁਸਾਰ ਇਮਾਰਤੀ ਗਜ ਦੇ ਚੌਵੀਵੇਂ ਹਿੱਸੇ ਨੂੰ ਤਸੂ ਕਹਿੰਦੇ ਹਨ।

## ਨਾਗੋ ਆਇਓ ਨਾਗ ਸਿਧਾਸੀ; ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥੧॥

ਹੇ ਜੀਵ! ਤੂੰ ਨਾਗੋ = ਨੰਗਾ ਹੀ ਇਸ ਸੰਸਾਰ ਵਿਚ ਆਇਓ = ਆਇਆ ਸੀ ਤੇ ਅੰਤ ਨੂੰ ਵੀ ਨਾਗ = ਨੰਗਾ ਹੀ ਪਰਲੋਕ ਨੂੰ ਸਿਧਾਸੀ = ਚਲਿਆ ਜਾਵੇਂਗਾ। ਵਾਰ ਵਾਰ ਤੂੰ ਵਿਸ਼ਿਆਂ ਵਿਚ ਹੀ ਫਿਰਦਾ

ਰਹਿੰਦਾ ਹੈਂ **ਵਾ**: ਤੈਨੂੰ ਚੌਰਾਸੀ ਦੇ ਫੇਰਿ = ਫੇਰੇ (ਚੱਕਰ) ਵਿਚ ਫਿਰਿਓ = ਫੇਰਿਆ ਗਿਆ ਅਰੁ = ਅਤੇ ਹਰੇਕ ਦੇਹ ਦੇ ਅੰਤ ਵੇਲੇ ਤੈਨੂੰ ਕਾਲਿ = ਕਾਲ ਮੌਤ ਨੇ ਗਰਸੂਆ = ਗ੍ਰਸ ਲੈਣਾ ਕੀਤਾ, ਭਾਵ ਕਾਲ ਤੈਨੂੰ ਖਾਂਦਾ ਰਿਹਾ ॥੧॥

## ਪੇਖਿ ਪੇਖਿ ਰੇ, ਕਸੁੰਭ ਕੀ ਲੀਲਾ; ਰਾਚਿ ਮਾਚਿ ਤਿਨਹੂੰ ਲਉ ਹਸੂਆ ॥

ਰੇ = ਹੇ ਜੀਵ! ਤੂੰ ਕਸੁੰਭ = ਕਸੁੰਭੇ ਰੰਗ ਕੀ = ਦੀ ਨਿਆਈਂ ਨਾਸਵੰਤ ਮਾਇਕੀ ਪਦਾਰਥਾਂ ਦੀ ਲੀਲਾ = ਖੇਲ੍ਹ ਵਿਲਾਸ ਪੇਖਿ ਪੇਖਿ = ਦੇਖ ਦੇਖ ਕੇ ਤਿਨ ਹੂੰ = ਤਿਨਾਂ ਵਿਚ ਹੀ ਰਾਚਿ ਮਾਚਿ = ਅਨੰਦ ਨਾਲ ਮਿਲ ਕਰ ਕੇ **ਵਾ**: ਰਾਚਿ = ਰਚ ਕੇ ਮਾਚਿ = ਮਿਚ ਕੇ ਲਉ = ਲੀਨ ਹੋ ਕੇ ਤਿਨ੍ਹਾਂ ਦੇ ਨਾਲ ਮਿਲ ਕਰ ਕੇ ਹਸੂਆ = ਹੱਸਦਾ ਰਹਿੰਦਾ ਹੈਂ।

## ਛੀਜਤ ਡੋਰਿ, ਦਿਨਸੁ ਅਰੁ ਰੈਨੀ;
## ਜੀਅ ਕੋ ਕਾਜੁ ਨ ਕੀਨੋ ਕਛੂਆ ॥੨॥

ਹੇ ਜੀਵ! ਤੇਰੀ ਉਮਰ ਰੂਪੀ ਡੋਰਿ = ਡੋਰੀ, ਰੱਸੀ ਦਿਨਸੁ = ਦਿਨ ਅਰੁ = ਅਤੇ ਰੈਨੀ = ਰਾਤ ਕਰ ਕੇ ਛੀਜਤ = ਗੁਜ਼ਰਦੀ ਜਾ ਰਹੀ ਹੈ, ਨਾਸ ਹੁੰਦੀ ਜਾਂਦੀ ਹੈ ਜੋ ਤੇਰਾ ਜੀਅ = ਜੀਵ ਕੋ = ਦਾ ਕਾਜੁ = ਕੰਮ ਸੀ ਕਿ ਆਪਣੇ ਆਪੇ ਨੂੰ ਮੁਕਤ ਕਰ ਲੈਣਾ, ਇਹ ਤੂੰ ਕਛੂਆ = ਕੁਝ ਭੀ ਨ = ਨਹੀਂ ਕੀਨੋ = ਕੀਤਾ ॥੨॥

**ਜੋ ਦਿਨ ਆਵਹਿ ਸੋ ਦਿਨ ਜਾਹੀ ॥**
**ਕਰਨਾ ਕੂਚੁ ਰਹਨੁ ਥਿਰੁ ਨਾਹੀ ॥** *(ਸੂਹੀ ਰਵਿਦਾਸ ਜੀ, ਅੰਗ ੭੯੩)*
**ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥** *(ਅੰਗ ੧੨)*

## ਕਰਤ ਕਰਤ ਇਵ ਹੀ ਬਿਰਧਾਨੋ; ਹਾਰਿਓ ਉਕਤੇ, ਤਨੁ ਖੀਨਸੂਆ ॥

(**ਖੀਨੱਸੂਆ** ਦਾ ਉਚਾਰਣ ਅੱਧਕ ਸਹਿਤ ਹੈ)

ਮਾਇਆ ਨੂੰ ਇਕੱਠੀ ਕਰਤ ਕਰਤ = ਕਰਦਿਆਂ ਕਰਦਿਆਂ ਇਵ = ਇਵੇਂ ਹੀ ਬਿਰਧਾਨੋ = ਬੁੱਢਾ ਹੋ ਗਿਆ **ਵਾ**: ਬਾਲਕ ਅਵਸਥਾ ਖੇਲਾਂ ਵਿਚ ਲੰਘ ਗਈ, ਜਵਾਨੀ ਭੋਗਾਂ ਵਿਚ ਲੰਘ ਗਈ, ਢਲਦੀ ਜਵਾਨੀ ਸੰਸਿਆਂ ਵਿਚ ਗੁਜ਼ਰ ਗਈ, ਇਉਂ ਹੁਣ ਕਰਤ = ਕਰਦੇ ਹਾਂ, ਹੁਣ ਕਰਤ = ਕਰਦੇ ਹਾਂ, ਐਵੇਂ ਹੀ ਬਿਰਧਾਨੋ = ਬੁਢੇਪਾ ਹੋ ਕੇ ਕੁਝ ਭੀ ਨਾ ਹੋ ਸਕਿਆ, ਉਕਤੇ = ਕਥਨ, ਬਿਆਨ ਕਰਨ ਤੋਂ ਜ਼ੁਬਾਨ ਵੀ ਹਾਰਿਓ = ਹਾਰ ਗਈ। ਭਾਵ ਬਲ ਨਹੀਂ ਹੁੰਦਾ, ਤਨ = ਸਰੀਰ ਬਲ ਵੀ ਖੀਨਸੂਆ = ਖੀਨ ਹੋ ਕੇ ਨੱਸ ਗਿਆ **ਵਾ**: ਖੀਨ = ਨਾਸ ਹੋ ਕੇ ਨਸੂਆ = ਨੱਸ ਗਿਆ ਹੈ। ਸਰੀਰ ਤਾਂ ਖੀਨ ਹੋ ਗਿਆ, ਪਰ ਅਜੇ ਵੀ ਅਸੂਆ = ਆਸਾ ਨਹੀਂ ਛੱਡਦਾ।

## ਜਿਉ ਮੋਹਿਓ, ਉਨਿ ਮੋਹਨੀ ਬਾਲਾ; ਉਸ ਤੇ ਘਟੈ ਨਾਹੀ, ਰੁਚ ਚਸੂਆ ॥੩॥

ਜਿਉ = ਜਿਵੇਂ ਬਾਲਾ = ਬਾਲ ਅਵਸਥਾ ਤੋਂ ਉਨਿ = ਉਸ ਮੋਹਨੀ = ਮੋਹ ਲੈਣ ਵਾਲੀ ਮਾਇਆ ਨੇ ਮੋਹਿਓ = ਮੋਹਿਆ ਸੀ **ਵਾ**: ਬਹੁਤ ਬਾਲਾ = ਬਲ ਵਾਲੀ ਮਾਇਆ ਨੇ ਤੈਨੂੰ ਮੋਹਿਆ ਹੈ। ਹੁਣ ਬੁਢੇਪੇ ਵਿਚ ਵੀ ਮਾਇਕੀ ਪਦਾਰਥਾਂ ਤੇ = ਤੋਂ ਤੇਰੀ ਰੁਚ = ਰੁਚੀ ਇਕ ਚਸੂਆ = ਚਸਾ ਮਾਤਰ ਭੀ ਨਾਹੀ = ਨਹੀਂ ਘਟੈ = ਘਟਦੀ **ਵਾ**: ਅਜੇ ਵੀ ਉਸੇ ਪਾਸੇ ਦਾ ਚਸੂਆ = ਚਸਕਾ ਲੱਗਾ ਰਹਿੰਦਾ ਹੈ ॥੩॥

***ਨੋਟ :*** ਪੰਦਰਾਂ ਵਾਰੀ ਅੱਖ ਖੋਲ੍ਹਣ ਤੇ ਮੀਚਣ ਦੇ ਸਮੇਂ ਨੂੰ ਇਕ ਵਿਸਵਾ ਕਹਿੰਦੇ ਹਨ, ਪੰਦਰਾਂ ਵਿਸਿਆਂ ਦਾ ਇਕ ਚਸਾ ਹੁੰਦਾ ਹੈ।

## ਜਗੁ ਐਸਾ, ਮੋਹਿ ਗੁਰਹਿ ਦਿਖਾਇਓ; ਤਉ ਸਰਣਿ ਪਰਿਓ, ਤਜਿ ਗਰਬਸੂਆ ॥

ਹੇ ਜੀਵ ! ਜਗੁ = ਸੰਸਾਰ ਐਸਾ = ਇਹੋ ਜਿਹਾ ਹੈ ਜੋ ਮੋਹਿ = ਮੈਨੂੰ ਗੁਰਹਿ = ਗੁਰੂ ਸਾਹਿਬ ਜੀ ਨੇ ਪ੍ਰਗਟ ਕਰ ਕੇ ਦਿਖਾਇਓ = ਦਿਖਾ ਦਿੱਤਾ ਹੈ। ਤਉ = ਤਦੋਂ ਤੋਂ ਭਾਈ ਅਸੀਂ ਗੁਣਾਂ ਕਰਕੇ ਗਰਬਸੂਆ = ਪੈਦਾ ਹੋਣ ਵਾਲੇ ਹੰਕਾਰ ਨੂੰ ਤਜਿ = ਛੱਡ ਕੇ ਪਰਮੇਸ਼ਰ ਦੀ ਸਰਣਿ = ਓਟ ਵਿਚ ਪਰਿਓ = ਪੈ ਗਿਆ ਹਾਂ।

## ਮਾਰਗੁ ਪ੍ਰਭ ਕੋ ਸੰਤਿ ਬਤਾਇਓ; ਦ੍ਰਿੜੀ ਨਾਨਕ ਦਾਸ, ਭਗਤਿ ਹਰਿ ਜਸੂਆ ॥੪॥੬॥੧੨੭॥

ਸਾਨੂੰ ਪ੍ਰਭ = ਪਰਮੇਸ਼ਰ ਵਾਹਿਗੁਰੂ ਦੀ ਪ੍ਰਾਪਤੀ ਕੋ = ਦਾ ਮਾਰਗੁ = ਰਸਤਾ ਸੰਤਿ = ਸ਼ਾਤ ਆਤਮਾ ਵਾਲੇ ਗੁਰੂ ਸਾਹਿਬ ਜੀ ਨੇ ਬਤਾਇਓ = ਦੱਸ ਦਿੱਤਾ ਹੈ।

***ਪ੍ਰਸ਼ਨ :*** *ਸਿੱਖਾਂ ਨੇ ਕਿਹਾ ਕਿ ਮਹਾਰਾਜ ਉਹ ਰਸਤਾ ਕਿਹੜਾ ਹੈ ? ਕ੍ਰਿਪਾ ਕਰਕੇ ਸਾਨੂੰ ਦੱਸ ਦਿਓ ?*

***ਗੁਰ ਉੱਤਰ :*** ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਦਾਸ = ਦਾਸਾ-ਭਾਵ ਧਾਰਨ ਕਰ ਕੇ ਜੋ ਭਗਤਿ = ਭਗਤੀ ਕਰਨੀ ਤੇ ਹਰਿ = ਪਰਮੇਸ਼ਰ ਦਾ ਜਸੂਆ = ਜਸ ਕਰਨਾ ਹੈ, ਇਹੋ ਹੀ ਅਸੀਂ ਦ੍ਰਿੜੀ = ਦ੍ਰਿੜ ਕਰ ਲਿਆ ਹੈ, ਨਿਸਚੇ ਕਰ ਲਿਆ ਹੈ। ਇਹੋ ਹੀ ਵਾਹਿਗੁਰੂ ਦੀ ਪ੍ਰਾਪਤੀ ਦਾ ਰਸਤਾ ਹੈ **ਵਾ:** ਦਾਸ = ਸੇਵਕਾਂ ਨੇ ਹਰਿ = ਪਰਮੇਸ਼ਰ ਦੀ ਜਸੂਆ = ਕੀਰਤੀ ਰੂਪ ਭਗਤਿ = ਭਗਤੀ ਦ੍ਰਿੜੀ = ਦ੍ਰਿੜ ਕੀਤੀ ਹੈ, ਭਾਵ ਪੱਕਿਆਂ ਕੀਤੀ ਹੈ ॥੪॥੬॥੧੨੭॥

## ਗਉੜੀ, ਮਹਲਾ ੫ ॥

ਗੁਰਸਿੱਖਾਂ ਨੇ ਸਤਿਗੁਰੂ ਸਾਹਿਬ ਜੀ ਦੇ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਪ੍ਰਾਰਥਨਾ ਕਿਸ ਪ੍ਰਕਾਰ ਕਰਨੀ ਚਾਹੀਦੀ ਹੈ ? ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਜਿਸ ਪ੍ਰਕਾਰ ਕੋਈ ਔਕੜ ਆ ਬਣੇ ਤੇ ਕੋਈ ਸਹਾਰਾ ਨਾ ਦਿਸੇ, ਉਸ ਵੇਲੇ ਜਿਵੇਂ ਪਰਮੇਸ਼ਰ ਨੂੰ ਚੇਤੇ ਕਰੀਦਾ ਹੈ, ਉਸ ਪ੍ਰਕਾਰ ਸਦਾ ਵਾਸਤੇ ਹੀ ਚੇਤੇ ਕਰਦੇ ਰਹਿਣਾ ਚਾਹੀਦਾ ਹੈ ਤੇ ਇਸ ਪ੍ਰਕਾਰ ਬੇਨਤੀ ਕਰਦੇ ਰਹੀਏ।

## ਤੁਝ ਬਿਨੁ; ਕਵਨੁ ਹਮਾਰਾ ॥ ਮੇਰੇ ਪ੍ਰੀਤਮ; ਪ੍ਰਾਨ ਅਧਾਰਾ ॥੧॥ਰਹਾਉ॥

ਹੇ ਮੇਰੇ ਪਰਮੇਸ਼ਰ ! ਤੁਝ = ਤੇਰੇ ਤੋਂ ਬਿਨੁ = ਬਗ਼ੈਰ ਹਮਾਰਾ = ਸਾਡਾ ਕਵਨੁ = ਕੌਣ ਹੈ ? ਹੇ ਮਾਤਾ ਦੇ ਗਰਭ ਵਿਚ ਰੱਖਿਆ ਕਰਨ ਵਾਲੇ ਮੇਰੇ ਪ੍ਰੀਤਮ = ਪਿਆਰੇ ! ਇਸ ਲੋਕ ਵਿਚ ਮੇਰੇ ਪ੍ਰਾਨ = ਪ੍ਰਾਣਾਂ ਦਾ ਅਧਾਰਾ = ਆਸਰਾ ਰੂਪ ਤੂੰ ਹੀ ਹੈਂ ॥੧॥ਰਹਾਉ॥

## ਅੰਤਰ ਕੀ ਬਿਧਿ ਤੁਮ ਹੀ ਜਾਨੀ; ਤੁਮ ਹੀ ਸਜਨ ਸੁਹੇਲੇ ॥

ਹੇ ਪਰਮੇਸ਼ਰ ! ਮੇਰੇ ਅੰਤਰ = ਅੰਦਰ ਕੀ = ਦੀ ਬਿਧਿ = ਹਾਲਤ ਤੁਮ = ਤੁਸੀਂ ਹੀ ਜਾਨੀ = ਜਾਨਣਾ ਕੀਤੀ ਹੈ ਅਤੇ ਤੁਮ = ਤੁਸੀਂ ਹੀ = ਨਿਸਚੇ ਕਰ ਕੇ ਪਰਲੋਕ ਵਿਚ ਮੈਨੂੰ ਸੁਹੇਲੇ = ਸੁਖਾਲੇ ਰੱਖਣ ਵਾਲੇ ਸਜਨ = ਸੱਜਣ ਹੋ **ਵਾ:** ਇਸ ਲੋਕ ਵਿਚ ਤੁਸੀਂ ਮੇਰੇ ਸੱਜਣ ਹੋ ਤੇ ਪਰਲੋਕ ਵਿਚ ਵੀ ਤੁਸੀਂ ਹੀ ਮੈਨੂੰ ਸੁਹੇਲੇ = ਸੁਖਦਾਇਕ ਰੱਖਣ ਵਾਲੇ ਹੋ।

## ਸਰਬ ਸੁਖਾ, ਮੈ ਤੁਝ ਤੇ ਪਾਏ; ਮੇਰੇ ਠਾਕੁਰ ਅਗਹ ਅਤੋਲੇ ॥੧॥

ਹੇ ਪਰਮੇਸ਼ਰ ! ਸਰਬ = ਸਾਰੇ ਸੁਖਾ = ਸੁਖ ਮੈਂ ਤੁਝ = ਤੁਹਾਡੇ ਤੇ = ਤੋਂ ਹੀ ਪਾਏ = ਪ੍ਰਾਪਤ ਕੀਤੇ ਹਨ, ਤੁਸੀਂ ਹੀ ਮੇਰੇ ਠਾਕੁਰ = ਸੁਆਮੀ ਅਗਹ = ਪਕੜਨ ਤੋਂ ਰਹਿਤ ਤੇ ਅਤੋਲੇ = ਤੋਲਣ ਮਾਪਣ ਤੋਂ ਰਹਿਤ ਹੋ ॥੧॥

[ਅੰਗ ੨੦੭]

## ਬਰਨਿ ਨ ਸਾਕਉ ਤੁਮਰੇ ਰੰਗਾ; ਗੁਣ ਨਿਧਾਨ ਸੁਖਦਾਤੇ ॥

ਹੇ ਦੈਵੀ ਗੁਣ = ਗੁਣਾਂ ਦੇ ਨਿਧਾਨ = ਖ਼ਜ਼ਾਨੇ ਸੁਖਦਾਤੇ = ਸੁੱਖਾਂ ਦੇ ਦਾਤੇ ਪ੍ਰਭੂ ਜੀ ! ਤੁਮਰੇ = ਤੁਹਾਡੇ ਰੰਗਾ = ਕਉਤਕਾਂ ਨੂੰ ਬਰਨਿ = ਵਰਣਨ ਨ = ਨਹੀਂ ਕਰ ਸਾਕਉ = ਸਕੀਦਾ। ਜੈਸਾ ਕਿ :

**ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥**
**ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥੧॥** *(ਬਿਹਾਗੜਾ ਮ: ੯, ਅੰਗ ੫੩੭)*

## ਅਗਮ ਅਗੋਚਰ ਪ੍ਰਭ ਅਬਿਨਾਸੀ; ਪੂਰੇ ਗੁਰ ਤੇ ਜਾਤੇ ॥੨॥

ਹੇ ਅਗਮ = ਮਨ ਦੀ ਗੰਮਤਾ ਤੋਂ ਰਹਿਤ, ਅਗੋਚਰ = ਇੰਦ੍ਰੀਆਂ ਦੇ ਅਵਿਸ਼ੇ ਅਬਿਨਾਸੀ = ਨਾਸ ਤੋਂ ਰਹਿਤ ਪ੍ਰਭ = ਪਰਮੇਸ਼ਰ ਜੀ ! ਪੂਰਨ = ਪੂਰਿਆਂ ਗੁਰੁ = ਸਤਿਗੁਰਾਂ ਤੇ = ਤੋਂ ਹੀ ਤੁਹਾਡੇ ਸਰੂਪ ਨੂੰ ਜਾਤੇ = ਜਾਣਿਆ ਜਾਂਦਾ ਹੈ ॥੨॥

## ਭ੍ਰਮੁ ਭਉ ਕਾਟਿ ਕੀਏ ਨਿਹਕੇਵਲ; ਜਬ ਤੇ ਹਉਮੈ ਮਾਰੀ ॥

ਹੇ ਮਹਾਰਾਜ ! ਜਬ = ਜਦੋਂ ਤੇ = ਤੋਂ ਤੁਸੀਂ ਕ੍ਰਿਪਾ ਕਰਕੇ ਮੇਰੀ ਤਿੰਨਾਂ ਦੇਹਾਂ ਦੀ ਹਉਮੈ = ਹੰਗਤਾ ਮਾਰੀ = ਮਾਰ ਦਿੱਤੀ ਭਾਵ ਨਾਸ ਕਰ ਦਿੱਤੀ ਹੈ, ਤਦੋਂ ਤੋਂ ਤੁਸੀਂ ਮੇਰਾ ਜੀਵ ਈਸ਼ ਆਦਿ ਭ੍ਰਮ = ਭਰਮ (ਸੰਸਾ) ਵੀ ਕੱਟ ਦਿੱਤਾ, ਸੱਤ ਪ੍ਰਕਾਰ ਦਾ ਭਉ = ਡਰ ਵੀ ਕਾਟਿ = ਕੱਟ ਦਿੱਤਾ ਅਤੇ ਨਿਹਕੇਵਲ = ਸ਼ੁੱਧ ਸਰੂਪ ਕੀਏ = ਕਰ ਦਿੱਤਾ ਹੈ **ਵਾ:** ਨਿਹਕੇਵਲ = ਕੈਵਲ ਮੋਖ ਦੇ ਕੇ ਸ਼ੁੱਧ ਕਰ ਦਿੱਤਾ ਹੈ।

## ਜਨਮ ਮਰਣ ਕੋ, ਚੂਕੋ ਸਹਸਾ; ਸਾਧਸੰਗਤਿ ਦਰਸਾਰੀ ॥੩॥

ਹੇ ਮਹਾਰਾਜ ! ਸਾਧਸੰਗਤਿ = ਸਤਿਸੰਗਤ ਦੁਆਰਾ ਤੁਹਾਡੇ ਦਰਸਾਰੀ = ਦਰਸ਼ਨ ਕਰ ਕੇ ਜਨਮ ਮਰਣ = ਆਵਾਗਵਨ ਕੋ = ਦਾ ਸਹਸਾ = ਸੰਸਾ ਚੂਕੋ = ਚੁੱਕਿਆ ਨਵਿਰਤ ਹੋ ਗਿਆ ਹੈ ॥੩॥

## ਚਰਣ ਪਖਾਰਿ, ਕਰਉ ਗੁਰ ਸੇਵਾ; ਬਾਰਿ ਜਾਉ ਲਖ ਬਰੀਆ ॥

ਗੁਰ = ਸਤਿਗੁਰਾਂ ਦੇ ਚਰਣ = ਚਰਨਾਂ ਨੂੰ ਪਖਾਰਿ = ਜਲ ਨਾਲ ਚੰਗੀ ਤਰ੍ਹਾਂ ਧੋਣ ਰੂਪ ਸੇਵਾ = ਟਹਲ ਕਰਉ = ਕਰਾਂ **ਵਾ:** ਹਰ ਵੇਲੇ ਚਰਣਾਂ ਨੂੰ ਪਖਾਰਿ = ਵੇਖਦਾ ਹੀ ਰਹਾਂ। ਹੇ ਮਹਾਰਾਜ ! ਤੁਹਾਡੇ ਤੋਂ ਲਖ = ਲੱਖਾਂ ਬਰੀਆ = ਵਾਰੀ ਬਾਰਿ = ਵਾਰਨੇ, ਬਲਿਹਾਰਨੇ ਜਾਉ = ਜਾਈਏ, ਜਾਂਦੇ ਹਾਂ।

## ਜਿਹ ਪ੍ਰਸਾਦਿ, ਇਹੁ ਭਉਜਲੁ ਤਰਿਆ;
## ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥੪॥੭॥੧੨੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਹ = ਜਿਨ੍ਹਾਂ ਦੀ ਪ੍ਰਸਾਦਿ = ਕ੍ਰਿਪਾ ਕਰਕੇ ਇਹੁ = ਇਸ ਭਉਜਲ = ਸੰਸਾਰ-ਸਮੁੰਦਰ ਤੋਂ ਤਰਿਆ = ਤਰੇ ਹਾਂ, ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਕਰ ਕੇ ਮੈਂ ਜਨ = ਦਾਸ

ਪ੍ਰਿਅ = ਪਿਆਰੇ ਪਤੀ ਪਰਮੇਸ਼ਰ ਦੇ ਸੰਗਿ = ਨਾਲ ਮਿਰੀਆ = ਮਿਲ ਗਿਆ ਹਾਂ **ਵਾ:** ਮੇਰੀ ਬਿਰਤੀ ਬ੍ਰਹਮਾਕਾਰ ਹੋ ਕੇ ਤੁਹਾਡੇ ਨਾਲ ਮਿਲ ਗਈ ਹੈ ॥੪॥੭॥੧੨੮॥

## ਗਉੜੀ, ਮਹਲਾ ੫ ॥
## ਤੁਝ ਬਿਨੁ; ਕਵਨੁ ਰੀਝਾਵੈ ਤੋਹੀ ॥

ਹੇ ਮਹਾਰਾਜ ! ਤੁਝ = ਤੇਰੇ ਤੋਂ ਬਿਨੁ = ਬਗ਼ੈਰ ਤੋਹੀ = ਤੈਨੂੰ ਕਵਨ = ਕੌਣ ਰੀਝਾਵੈ = ਪ੍ਰਸੰਨ ਕਰ ਸਕਦਾ ਹੈ, ਭਾਵ ਕੋਈ ਨਹੀਂ। ਸਭ ਪਦਾਰਥ ਤਾਂ ਤੁਹਾਡੇ ਰਚੇ ਹੋਏ ਹਨ, ਫਿਰ ਇਹ ਤੈਨੂੰ ਅਰਪਨ ਕਰ ਕੇ ਕਿਵੇਂ ਪ੍ਰਸੰਨ ਕਰ ਸਕਦੇ ਹਾਂ, ਜਿਵੇਂ ਕੋਈ ਧਰਤੀ ਨੂੰ ਅੰਨ ਆਦਿ ਦੇ ਕੇ ਕੀ ਕਰੂ, ਭਾਵ ਸਭ ਕੁਝ ਤਾਂ ਧਰਤੀ ਵਿੱਚੋਂ ਹੀ ਪੈਦਾ ਹੁੰਦਾ ਹੈ। ਇਉਂ ਮਹਾਰਾਜ ! ਤੈਨੂੰ ਤੈਥੋਂ ਬਗ਼ੈਰ ਕੌਣ ਪ੍ਰਸੰਨ ਕਰ ਸਕਦਾ ਹੈ।

## ਤੇਰੋ ਰੂਪੁ; ਸਗਲ ਦੇਖਿ ਮੋਹੀ ॥੧॥ਰਹਾਉ॥

ਸਗਲ = ਸਾਰਾ ਸੰਸਾਰ ਤੇਰੋ = ਤੁਹਾਡਾ ਰੂਪੁ = ਸਰੂਪ (ਆਕਾਰ) ਬਣਿਆ ਹੋਇਆ ਹੈ **ਵਾ:** ਸਰਬ ਰੂਪ ਤੂੰ ਆਪ ਹੀ ਹੈ; ਜਿਸ ਨੂੰ ਦੇਖਿ = ਵੇਖ ਕਰ ਕੇ ਸਭ ਸ੍ਰਿਸ਼ਟੀ ਦੇ ਲੋਕ ਮੋਹੀ = ਮੋਹਿਤ ਹੋ ਰਹੇ ਹਨ ॥੧॥ਰਹਾਉ॥

## ਸੁਰਗ ਪਇਆਲ ਮਿਰਤ ਭੂਅ ਮੰਡਲ; ਸਰਬ ਸਮਾਨੋ ਏਕੈ ਓਹੀ ॥

ਸੁਰਗ = ਸਵਰਗ ਲੋਕ ਦੇਵਤਿਆਂ ਵਿਚ ਪਇਆਲ = ਪਾਤਾਲ ਲੋਕ, ਨਾਗਾਂ ਵਿਚ ਮਿਰਤ = ਮਰਣ ਵਾਲੇ ਲੋਕਾਂ ਦੇ ਦੇਸ਼ ਵਿਚ, ਭੂਅ ਮੰਡਲ = ਪ੍ਰਿਥਵੀ ਮੰਡਲ ਗੋਲਾਕਾਰ ਸੰਸਾਰ ਚੱਕਰ ਵਿਚ ਆਦਿ ਸਰਬ = ਸਾਰੇ ਥਾਈ ਏਕੈ = ਇਕ ਓਹੀ = ਉਹੀ ਤੂੰ ਸਮਾਨੋ = ਸਮਾਇਆ ਹੋਇਆ ਹੈਂ, ਵਿਆਪਕ ਹੈਂ।

## ਸਿਵ ਸਿਵ ਕਰਤ, ਸਗਲ ਕਰ ਜੋਰਹਿ; ਸਰਬ ਮਇਆ ਠਾਕੁਰ ਤੇਰੀ ਦੋਹੀ ॥੧॥

ਹੇ ਸਿਵ = ਕਲਿਆਨ ਸਰੂਪ **ਵਾ:** ਸਿਵ = ਸ਼ਾਂਤੀ ਦੇ ਦੇਣ ਵਾਲੇ ਪਰਮੇਸ਼ਰ ! ਸਾਡੇ ਕਲਿਆਨ ਕਰਤ = ਕਰੋ, ਇਸ ਪ੍ਰਕਾਰ ਸਗਲ = ਸਾਰੇ ਤੇਰੇ ਅੱਗੇ ਕਰ = ਹੱਥ ਜੋਰਹਿ = ਜੋੜਦੇ ਹਨ **ਵਾ:** ਮਨ, ਬੁੱਧ ਰੂਪੀ ਹੱਥ ਜੋੜ ਕੇ ਲਿਵ ਲਗਾਉਂਦੇ ਹਨ। ਸਰਬ = ਸਾਰਿਆਂ ਵਿਚ ਮਇਆ = ਕ੍ਰਿਪਾ ਦ੍ਰਿਸ਼ਟੀ ਕਰਨ ਵਾਲੇ ਠਾਕੁਰ = ਸੁਆਮੀ ਤੇਰੀ = ਤੁਹਾਡੀ ਦੋਹੀ = ਦੁਹਾਈ ਫਿਰਦੀ ਹੈ, ਆਗਿਆ ਫਿਰ ਰਹੀ ਹੈ ॥੧॥

## ਪਤਿਤ ਪਾਵਨ, ਠਾਕੁਰ ਨਾਮੁ ਤੁਮਰਾ; ਸੁਖਦਾਈ ਨਿਰਮਲ ਸੀਤਲੋਹੀ ॥

ਹੇ ਠਾਕੁਰ = ਸੁਆਮੀ ਵਾਹਿਗੁਰੂ ! ਪਤਿਤ = ਪਾਪੀਆਂ ਨੂੰ ਪਾਵਨ = ਪਵਿੱਤਰ ਕਰਨ ਵਾਲਾ ਤੁਮਰਾ = ਤੁਹਾਡਾ ਨਾਮ ਹੀ ਹੈ। ਸੁਖਦਾਈ = ਸੁੱਖਾਂ ਨੂੰ ਦੇਣ ਵਾਲਾ ਨਿਰਮਲ = ਉੱਜਲ ਸਰੂਪ ਸੀਤਲੋਹੀ (ਸੀਤਲ+ਓਹੀ) ਸੀਤਲ = ਠੰਢਾ ਭਾਵ ਸ਼ਾਂਤੀ ਕਰਨ ਵਾਲਾ ਇਕ ਓਹੀ = ਉਹ ਨਾਮ ਹੀ ਹੈ।

## ਗਿਆਨ ਧਿਆਨ, ਨਾਨਕ ਵਡਿਆਈ;
## ਸੰਤ ਤੇਰੇ ਸਿਉ ਗਾਲ ਗਲੋਹੀ ॥੨॥੮॥੧੨੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਜੋ ਤੇਰੇ = ਤੁਹਾਡੇ ਸੰਤ = ਸ਼ਾਂਤ ਆਤਮਾ ਮਹਾਤਮਾ ਸਿਉ = ਨਾਲ ਮਿਲ ਕਰ ਕੇ ਗਾਲ = ਗੱਲਾਂ ਗਲੋਹੀ = ਕਥਨ ਕਰਨੀਆਂ ਹਨ, ਇਹੋ ਹੀ ਸਾਡਾ ਗਿਆਨ = ਬੋਧ ਹੈ, ਇਹੋ ਹੀ ਸਾਡਾ ਧਿਆਨ = ਚਿੰਤਨ ਹੈ, ਇਸ ਵਿਚ ਹੀ ਸਾਡੀ ਵਡਿਆਈ = ਸ਼ੋਭਾ ਹੈ **ਵਾ:** ਤੇਰੇ ਨਿਰਗੁਣ ਸਰੂਪ ਦਾ ਗਿਆਨ ਹੈ, ਤੇਰੇ ਸਰਗੁਣ ਸਰੂਪ ਦਾ ਧਿਆਨ ਹੈ ਅਤੇ ਤੁਹਾਡੀ ਭਾਉ-ਭਗਤੀ ਕਰਨ ਰੂਪੀ ਵਡਿਆਈ ਹੈ ॥੨॥੮॥੧੨੯॥

## ਗਉੜੀ, ਮਹਲਾ ੫ ॥

## ਮਿਲਹੁ; ਪਿਆਰੇ ਜੀਆ ॥ ਪ੍ਰਭ ਕੀਆ ਤੁਮਾਰਾ; ਥੀਆ ॥੧॥ਰਹਾਉ॥

ਹੇ ਮੇਰੇ ਪਿਆਰੇ = ਪ੍ਰਿਯ ਜੀਆ = ਪਤੀ ਪਰਮੇਸ਼ਰ ! ਸਾਨੂੰ ਮਿਲਹੁ = ਮਿਲਣਾ ਕਰੋ। (ਪੋਠੋਹਾਰੀਏ ਪਤੀ ਨੂੰ ਜੀਆ ਕਹਿੰਦੇ ਹਨ) ਹੇ ਪ੍ਰਭ = ਪਰਮੇਸ਼ਰ ! ਤੁਮਾਰਾ = ਤੁਹਾਡਾ ਹੀ ਇਹ ਸਾਰਾ ਸੰਸਾਰ ਪੈਦਾ ਕੀਆ = ਕੀਤਾ ਥੀਆ = ਹੋਇਆ ਹੈ ॥੧॥ਰਹਾਉ॥

## ਅਨਿਕ ਜਨਮ ਬਹੁ ਜੋਨੀ ਭ੍ਰਮਿਆ; ਬਹੁਰਿ ਬਹੁਰਿ ਦੂਖੁ ਪਾਇਆ ॥

ਹੇ ਮਹਾਰਾਜ ! ਅਸੀਂ ਅਨਿਕ = ਅਨੇਕਾਂ ਜਨਮ = ਜਨਮਾਂ ਵਿਚ ਬਹੁ = ਬਹੁਤੀਆਂ ਜੋਨੀ = ਜੂਨਾਂ ਵਿਚ ਭ੍ਰਮਿਆ = ਭ੍ਰਮਦੇ ਹੋਏ ਆਏ ਹਾਂ ਅਤੇ ਬਹੁਰਿ ਬਹੁਰਿ = ਮੁੜ ਮੁੜ ਕੇ ਦੂਖੁ = ਕਸ਼ਟ ਪਾਇਆ = ਪ੍ਰਾਪਤ ਕੀਤਾ ਹੈ, ਪਾਉਣਾ ਕੀਤਾ ਹੈ।

## ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ; ਦੇਹੁ ਦਰਸੁ ਹਰਿ ਰਾਇਆ ॥੧॥

ਹੇ ਮਹਾਰਾਜ ! ਇਹ ਤੁਮਰੀ = ਤੁਹਾਡੀ ਕ੍ਰਿਪਾ = ਦਇਆ ਦ੍ਰਿਸ਼ਟੀ ਤੇ = ਤੋਂ ਹੀ ਅਸੀਂ ਮਾਨੁਖ = ਮਨੁੱਖਾ ਦੇਹ = ਦੇਹੀ ਪਾਈ = ਪ੍ਰਾਪਤ ਕੀਤੀ ਹੈ। ਹੇ ਹਰਿ = ਹਰੀ ਰਾਇਆ = ਰਾਜਾ ਜੀ ਹੁਣ ਤੁਸੀਂ ਸਾਨੂੰ ਦਰਸੁ = ਦਰਸ਼ਨ ਦੇਹੁ = ਦੇਣਾ ਕਰੋ, ਤਾਂ ਜੋ ਇਹ ਪਰਾਪਤ ਹੋਇਆ ਸਰੀਰ ਸਫਲਾ ਹੋ ਜਾਵੇ ॥੧॥

## ਸੋਈ ਹੋਆ ਜੋ ਤਿਸੁ ਭਾਣਾ; ਅਵਰੁ ਨ ਕਿਨ ਹੀ ਕੀਤਾ ॥

ਸੋਈ = ਉਹੀ ਵਰਤਾਵਾ ਹੋਆ = ਹੋ ਰਿਹਾ ਹੈ, ਜੋ = ਜਿਹੜਾ ਤਿਸੁ = ਉਸ ਵਾਹਿਗੁਰੂ ਨੂੰ ਭਾਣਾ = ਭਾਉਂਦਾ ਹੈ, ਹੀ = ਨਿਸ਼ਚੇ ਕਰਕੇ ਅਵਰੁ = ਹੋਰ ਕਿਨ = ਕਿਸੇ ਨੇ ਕੁਝ ਨ = ਨਹੀਂ ਕੀਤਾ **ਵਾ**: ਜੋ = ਜਿਹੜਾ ਉਸ ਵਾਹਿਗੁਰੂ ਨੂੰ ਭਾਣਾ = ਭਾਉਂਦਾ ਹੈ, ਸੋਈ = ਉਹੀ ਵਾਹਿਗੁਰੂ ਦਾ ਰੂਪ ਹੋਆ = ਹੋ ਗਿਆ ਹੈ, ਅਵਰੁ = ਹੋਰ ਕਿਸੇ ਨੇ ਵੀ ਕੁਝ ਨਹੀਂ ਕੀਤਾ।

## ਤੁਮਰੈ ਭਾਣੈ ਭਰਮਿ ਮੋਹਿ ਮੋਹਿਆ; ਜਾਗਤੁ ਨਾਹੀ, ਸੂਤਾ ॥੨॥

ਹੇ ਵਾਹਿਗੁਰੂ ! ਤੁਮਰੈ = ਤੁਹਾਡੇ ਭਾਣੈ = ਹੁਕਮ ਵਿਚ ਜਿਨ੍ਹਾਂ ਦਾ ਚਿੱਤ ਮਾਇਆ ਦੇ ਮੋਹਿ = ਮੋਹ ਵਿਚ ਮੋਹਿਆ = ਮੋਹਿਤ ਹੋ ਗਿਆ ਹੈ, ਉਹ ਜੂਨਾਂ ਵਿਚ ਭਰਮਿ = ਭਰਮਦੇ ਰਹਿੰਦੇ ਹਨ। ਇਸ ਪ੍ਰਕਾਰ ਇਹ ਜੀਵ ਮਾਇਆ ਦੇ ਮੋਹ ਵਿਚ ਐਸਾ ਸੂਤਾ = ਸੁੱਤਾ ਹੋਇਆ ਹੈ ਕਿ ਕਦੇ ਜਾਗਤ = ਜਾਗਦਾ ਹੀ ਨਾਹੀ = ਨਹੀਂ ਹੈ **ਵਾ**: ਭੁੱਲਿਆ ਹੋਇਆ ਜੀਵ ਆਪਣੇ ਆਪ ਨੂੰ ਜਾਗਤ = ਜਾਗਦਾ ਮੰਨਦਾ ਹੈ ਕਹਿੰਦਾ ਕਿ ਮੈਂ ਸੂਤਾ = ਸੁੱਤਾ ਨਾਹੀ = ਨਹੀਂ ਹਾਂ **ਵਾ**: ਜੋ ਗੁਰਾਂ ਦੁਆਰਾ ਗਿਆਨ ਅਵਸਥਾ ਵਿਚ ਜਾਗਤ = ਜਾਗ ਪੈਂਦਾ ਹੈ, ਉਹ ਮੁੜ ਕੇ ਅਵਿਦਿਆ ਦੀ ਨੀਂਦ ਵਿਚ ਨਾਹੀ = ਨਹੀਂ ਸੂਤਾ = ਸੌਂਦਾ ॥੨॥

## ਬਿਨਉ ਸੁਨਹੁ ਤੁਮ, ਪ੍ਰਾਨਪਤਿ ਪਿਆਰੇ; ਕਿਰਪਾ ਨਿਧਿ ਦਇਆਲਾ ॥

ਹੇ ਸਾਡੇ ਪ੍ਰਾਨਪਤਿ = ਪ੍ਰਾਣਾਂ ਦੇ ਪਤੀ, ਪਿਆਰੇ = ਪ੍ਰਿਯ ਵਾਹਿਗੁਰੂ ! ਤੁਮ = ਤੁਸੀਂ ਸਾਡੀ ਬਿਨਉ = ਬੇਨਤੀ ਸੁਨਹੁ = ਸੁਣਨਾ ਕਰੋ। ਤੁਸੀਂ ਕਿਰਪਾ = ਦਇਆ ਦੇ ਨਿਧਿ = ਖ਼ਜ਼ਾਨੇ ਹੋ, ਸਭ ਜੀਆਂ 'ਤੇ ਦਇਆਲਾ = ਦਿਆਲਤਾ ਕਰਨ ਵਾਲੇ ਹੋ।

## ਰਾਖਿ ਲੇਹੁ ਪਿਤਾ ਪ੍ਰਭ ਮੇਰੇ; ਅਨਾਥਹ, ਕਰਿ ਪ੍ਰਤਿਪਾਲਾ ॥੩॥

ਹੇ ਮੇਰੇ = ਸਾਡੇ ਪਿਤਾ = ਬਾਪ ਸਰੂਪ ਪ੍ਰਭ = ਪਰਮੇਸ਼ਰ ! ਸਾਨੂੰ ਰਾਖਿ = ਰੱਖ ਲੇਹੁ = ਲੈਣਾ ਕਰੋ। ਸਾਨੂੰ ਅਨਾਥਹ = ਯਤੀਮਾਂ ਨੂੰ ਪ੍ਰਤਿਪਾਲਾ = ਪਾਲਣਾ ਕਰੋ **ਵਾ:** ਸਾਡੇ ਯਤੀਮਾਂ ਦੇ ਪ੍ਰਤਿ = ਤਾਈਂ ਪਾਲਾ = ਪਾਲਣਾ ਕਰੋ ॥੩॥

## ਜਿਸ ਨੋ ਤੁਮਹਿ ਦਿਖਾਇਓ ਦਰਸਨੁ; ਸਾਧਸੰਗਤਿ ਕੈ ਪਾਛੈ ॥

ਹੇ ਮਹਾਰਾਜ ! ਜਿਸ ਨੋ = ਜਿਨ੍ਹਾਂ ਨੂੰ ਤੁਮਹਿ = ਤੁਸੀਂ ਆਪਣਾ ਦਰਸਨੁ = ਦੀਦਾਰ ਦਿਖਾਇਓ = ਦਿਖਾਉਣਾ ਕੀਤਾ ਹੈ, ਉਨ੍ਹਾਂ ਨੂੰ ਸਾਧਸੰਗਤਿ = ਸਤਿਸੰਗਤ ਕੈ = ਦੇ ਪਾਛੈ = ਪਿੱਛੇ ਭਾਵ ਸ਼ਰਨ ਵਿਚ ਪਾ ਕੇ ਹੀ ਦਰਸ਼ਨ ਦਿਖਾਏ ਹਨ **ਵਾ:** ਜੋ ਸਤਿਸੰਗਤ ਦੀ ਸ਼ਰਨ ਵਿਚ ਪਏ ਹਨ, ਉਨ੍ਹਾਂ ਨੂੰ ਤੁਸੀਂ ਆਪਣੇ ਸਰੂਪ ਦਾ ਦਰਸ਼ਨ ਦਿਖਾਇਆ ਹੈ।

## ਕਰਿ ਕਿਰਪਾ, ਧੂਰਿ ਦੇਹੁ ਸੰਤਨ ਕੀ; ਸੁਖੁ ਨਾਨਕੁ ਇਹੁ ਬਾਛੈ ॥੪॥੯॥੧੩੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਮਹਾਰਾਜ ! ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰ ਕੇ ਸੰਤਨ = ਮਹਾਂਪੁਰਖਾਂ ਦੇ ਚਰਨਾਂ ਦੀ ਧੂਰਿ = ਧੂੜੀ ਦੇਹੁ = ਦੇਣਾ ਕਰੋ, ਬਖ਼ਸ਼ਣਾ ਕਰੋ। ਅਸੀਂ ਤਾਂ ਇਹੁ = ਏਹੋ ਹੀ ਸੁਖੁ = ਕੁਸਲ ਬਾਛੈ = ਚਾਹੁੰਦੇ ਹਾਂ ॥੪॥੯॥੧੩੦॥

## ਗਉੜੀ, ਮਹਲਾ ੫ ॥

## ਹਉ; ਤਾ ਕੈ ਬਲਿਹਾਰੀ ॥ ਜਾ ਕੈ; ਕੇਵਲ ਨਾਮੁ ਅਧਾਰੀ ॥੧॥ਰਹਾਉ॥

ਹੇ ਭਾਈ ! ਹਉ = ਅਸੀਂ ਤਾ = ਉਨ੍ਹਾਂ ਕੈ = ਦੇ ਉੱਪਰੋਂ ਬਲਿਹਾਰੀ = ਕੁਰਬਾਨ ਜਾਂਦੇ ਹਾਂ, ਜਾ = ਜਿਨ੍ਹਾਂ ਕੈ = ਦੇ ਤਾਈਂ ਕੇਵਲ = ਸਿਰਫ਼ ਇਕ ਨਾਮ ਦਾ ਹੀ ਅਧਾਰੀ = ਆਸਰਾ ਹੈ ॥੧॥ਰਹਾਉ॥

## ਮਹਿਮਾ ਤਾ ਕੀ, ਕੇਤਕ ਗਨੀਐ; ਜਨ ਪਾਰਬ੍ਰਹਮ ਰੰਗਿ ਰਾਤੇ ॥

ਤਾ = ਉਨ੍ਹਾਂ ਗੁਰਮੁਖ ਪਿਆਰਿਆਂ ਕੀ = ਦੀ ਮਹਿਮਾ = ਵਡਿਆਈ ਕੇਤਕ = ਕਿੰਨੀ ਕੁ ਗਨੀਐ = ਗਿਣ ਕੇ, ਵਿਚਾਰ ਕੇ ਦੱਸੀਏ, ਕਿਉਂਕਿ ਉਹ ਜਨ = ਪੁਰਖ ਤਾਂ ਪਾਰਬ੍ਰਹਮ = ਪਰਮੇਸ਼ਰ ਦੇ ਰੰਗਿ = ਅਨੰਦ ਵਿਚ ਰਾਤੇ = ਰੱਤੇ ਰਹਿੰਦੇ ਹਨ।

## ਸੂਖ ਸਹਜ, ਆਨੰਦ ਤਿਨਾ ਸੰਗਿ; ਉਨ ਸਮਸਰਿ ਅਵਰ ਨ ਦਾਤੇ ॥੧॥

ਤਿਨਾ = ਉਨ੍ਹਾਂ ਦੇ ਸੰਗਿ = ਨਾਲ **ਵਾ:** ਉਨ੍ਹਾਂ ਦੀ ਸੰਗਿ = ਸੰਗਤ ਵਿਚ ਸਹਜ = ਸੁਭਾਵਿਕ ਹੀ ਆਤਮ ਸੂਖ = ਸੁੱਖ ਦਾ ਆਨੰਦ = ਅਨੰਦ ਪ੍ਰਾਪਤ ਹੁੰਦਾ ਹੈ, ਉਨ = ਉਨ੍ਹਾਂ ਗੁਰਮੁਖਾਂ ਸਮਸਰਿ = ਤੁਲ, ਸਦਰਸ਼ ਅਵਰ = ਹੋਰ ਕੋਈ ਦਾਤੇ = ਦਾਤਾ ਨ = ਨਹੀਂ ਹੈ ॥੧॥

## ਜਗਤ ਉਧਾਰਣ, ਸੇਈ ਆਏ; ਜੋ ਜਨ ਦਰਸ ਪਿਆਸਾ ॥

ਜੋ = ਜਿਨ੍ਹਾਂ ਜਨ = ਗੁਰਮੁਖ ਜਨਾਂ ਨੂੰ ਪਰਮੇਸ਼ਰ ਦੇ ਦਰਸ = ਦਰਸ਼ਨਾਂ ਦੀ ਪਿਆਸਾ = ਪਿਆਸ, ਤ੍ਰੇਹ ਲੱਗੀ ਹੈ, ਸੇਈ = ਉਨ੍ਹਾਂ ਨੇ ਜਗਤ = ਸੰਸਾਰ ਦਾ ਉਧਾਰਣ = ਉਧਾਰ ਕਰਨ ਵਾਸਤੇ ਆਏ = ਆਉਣਾ ਕੀਤਾ ਹੈ **ਅਥਵਾ** ਜੋ ਜਗਤ ਦਾ ਉਧਾਰ ਕਰਨ ਵਾਸਤੇ, ਪਰਉਪਕਾਰ ਕਰਨ ਵਾਸਤੇ ਆਏ ਹਨ, ਉਹੀ ਵਾਹਿਗੁਰੂ ਦੇ ਦਰਸ = ਦਰਸ਼ਨਾਂ ਦੀ ਪਿਆਸਾ = ਪਿਆਸ ਵਾਲੇ ਹਨ।

## ਉਨ ਕੀ ਸਰਣਿ ਪਰੈ, ਸੋ ਤਰਿਆ; ਸੰਤਸੰਗਿ ਪੂਰਨ ਆਸਾ ॥੨॥

ਉਨ = ਉਨ੍ਹਾਂ ਗੁਰਮੁਖਾਂ ਕੀ = ਦੀ ਸਰਣਿ = ਓਟ ਵਿਚ ਜਿਹੜਾ ਪਰੈ = ਪੈ ਜਾਂਦਾ ਹੈ, ਸੋ = ਉਹ ਸੰਸਾਰ-ਸਮੁੰਦਰ ਤੋਂ ਤਰਿਆ = ਤਰ ਜਾਂਦਾ ਹੈ ਭਾਵ ਮੁਕਤ ਹੋ ਜਾਂਦਾ ਹੈ। ਇਸ ਪ੍ਰਕਾਰ ਸੰਤਸੰਗਿ = ਸਤਿਸੰਗਤ ਕਰ ਕੇ ਉਸ ਦੀਆਂ ਸਾਰੀਆਂ ਆਸਾ = ਇੱਛਾਵਾਂ ਪੂਰਨ = ਪੂਰੀਆਂ ਹੋ ਜਾਂਦੀਆਂ ਹਨ ॥੨॥

## ਤਾ ਕੈ ਚਰਣਿ ਪਰਉ, ਤਾ ਜੀਵਾ; ਜਨ ਕੈ ਸੰਗਿ ਨਿਹਾਲਾ ॥

ਹੇ ਭਾਈ! ਤਾ = ਉਨ੍ਹਾਂ ਪਿਆਰਿਆਂ ਕੈ = ਦੇ ਚਰਣਿ = ਪੈਰੀਂ ਪਰਉ = ਪਈਏ ਤਾ = ਤਾਂ ਹੀ ਜੀਵਾ = ਜਿਊਂਦੇ ਹੋਈਦਾ ਹੈ ਭਾਵ ਜੀਵਨ ਮੁਕਤੀ ਪਾਈਦੀ ਹੈ। ਜੇਕਰ ਮਨ, ਬਾਣੀ, ਸਰੀਰ ਕਰ ਕੇ ਉਨ੍ਹਾਂ ਜਨ = ਪਿਆਰਿਆਂ ਕੈ = ਦੇ ਸੰਗਿ = ਨਾਲ ਮਿਲ ਪਈਏ, ਭਾਵ ਉਨ੍ਹਾਂ ਦੀ ਸੰਗਤ ਕਰੀਏ ਤਾਂ ਨਿਹਾਲਾ = ਕ੍ਰਿਤਾਰਥ **ਵਾ:** ਦੁੱਖਾਂ ਤੋਂ ਰਹਿਤ ਹੋਈਦਾ ਹੈ।

## ਭਗਤਨ ਕੀ ਰੇਣੁ, ਹੋਇ ਮਨੁ ਮੇਰਾ; ਹੋਹੁ ਪ੍ਰਭੂ ਕਿਰਪਾਲਾ ॥੩॥

ਹੇ ਮਹਾਰਾਜ! ਜੋ ਸ੍ਵਾਸ ਸ੍ਵਾਸ ਆਪ ਜੀ ਦਾ ਸਿਮਰਨ ਕਰਨ ਵਾਲੇ ਭਗਤਨ = ਮਹਾਂਪੁਰਖ ਹਨ, ਮੇਰਾ = ਸਾਡਾ ਮਨੁ = ਹਿਰਦਾ ਉਨ੍ਹਾਂ ਕੀ = ਦੀ ਚਰਣ ਰੇਣੁ = ਧੂੜੀ ਹੋਇ = ਹੋ ਜਾਵੇ, ਬਣ ਜਾਵੇ, ਇਸ ਤਰ੍ਹਾਂ ਹੇ ਪ੍ਰਭੂ = ਪਰਮੇਸ਼ਰ ਜੀ! ਤੁਸੀਂ ਸਾਡੇ 'ਤੇ ਕਿਰਪਾਲਾ = ਕ੍ਰਿਪਾਲੂ ਹੋਹੁ = ਹੋਣਾ ਕਰੋ ॥੩॥

## ਰਾਜੁ ਜੋਬਨੁ ਅਵਧ ਜੋ ਦੀਸੈ; ਸਭੁ ਕਿਛੁ ਜੁਗ ਮਹਿ ਘਾਟਿਆ ॥

(**ਅਵਧ** ਦਾ ਉਚਾਰਣ ਅੱਧਕ ਰਹਿਤ ਹੈ)

ਜੋ ਵੀ ਰਾਜੁ = ਰਾਜ ਭਾਗ, ਜੋਬਨੁ = ਜਵਾਨੀ ਅਤੇ ਅਵਧ = ਉਮਰ ਆਦਿਕ ਦੀਸੈ = ਦਿੱਸ ਰਹੀ ਹੈ, ਇਹ ਸਭੁ = ਸਾਰਾ ਕਿਛੁ = ਕੁਝ ਇਸ ਜੁਗ = ਕਲਿਜੁਗ ਮਹਿ = ਵਿਚ ਘਾਟਿਆ = ਘੱਟ ਹੀ ਘੱਟ ਹੈ, ਭਾਵ ਸਤਿਜੁਗ ਵਿਚ ਲੱਖ ਵਰ੍ਹਾ ਉਮਰ ਸੀ, ਤ੍ਰੇਤੇ ਵਿਚ ਦਸ ਹਜ਼ਾਰ ਵਰ੍ਹੇ ਦੀ ਉਮਰ ਸੀ, ਦੁਆਪੁਰ ਵਿਚ ਇਕ ਹਜ਼ਾਰ ਵਰ੍ਹੇ ਦੀ ਉਮਰ ਸੀ, ਪਰ ਇਸ ਕਲਿਜੁਗ ਵਿਚ ਸੌ ਵਰ੍ਹੇ ਦੀ ਉਮਰ ਵੀ ਕਿਸੇ ਭਾਗਾਂ ਵਾਲੇ ਦੀ ਹੁੰਦੀ ਹੈ, ਇਸ ਪ੍ਰਕਾਰ ਇਸ ਜੁਗ ਵਿਚ ਸਭ ਕੁਝ ਘੱਟ ਹੀ ਘੱਟ ਹੈ, ਸੌ ਵਰ੍ਹੇ ਦੀ ਉਮਰ ਵਿਚ ਕੋਈ ਕਿਤਨਾ ਕੁ ਰਾਜ ਭੋਗੇਗਾ ਅਤੇ ਕਿੰਨੀ ਕੁ ਜਵਾਨੀ ਨੂੰ ਭੋਗੇਗਾ।

## ਨਾਮੁ ਨਿਧਾਨੁ, ਸਦ ਨਵਤਨੁ ਨਿਰਮਲੁ; ਇਹੁ ਨਾਨਕ ਹਰਿ ਧਨੁ ਖਾਟਿਆ ॥੪॥੧੦॥੧੩੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ, ਇਸ ਜੁਗ ਵਿਚ ਤਾਂ ਕੇਵਲ ਨਾਮ ਦਾ ਹੀ ਨਿਧਾਨੁ = ਖ਼ਜ਼ਾਨਾ ਹੈ, ਜੋ ਸਦ = ਹਮੇਸ਼ਾ ਨਵਤਨੁ = ਨਵੀਨ ਰਹਿਣ ਵਾਲਾ ਹੈ ਅਤੇ ਮਨ ਨੂੰ ਨਿਰਮਲੁ = ਉੱਜਲ ਕਰਨ ਵਾਲਾ ਹੈ। ਅਸੀਂ ਤਾਂ ਇਹੁ = ਇਹੋ ਹਰਿ = ਹਰੀ ਦਾ ਨਾਮ ਰੂਪੀ ਧਨ ਖਾਟਿਆ = ਖੱਟਣਾ ਕੀਤਾ ਹੈ ॥੪॥੧੦॥੧੩੧॥

### [ਅੰਗ ੨੦੮]

## ਗਉੜੀ, ਮਹਲਾ ੫ ॥

**ਉਥਾਨਕਾ :** ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਜਿਸ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਠਸਠਿ ਘਾਟ 'ਤੇ ਸੇਵਾ ਕਰਵਾ ਰਹੇ ਸਨ, ਉਸ ਵੇਲੇ ਮਹੇਸ਼ਾ ਨਾਮੇ ਯੋਗੀ ਜੋ ਦੁਆਬੇ ਵਿਚ ਗੜ੍ਹਸ਼ੰਕਰ ਦਾ ਰਹਿਣ ਵਾਲਾ ਸੀ, ਇਹ ਸਤਿਗੁਰਾਂ ਦੇ ਕੋਲ ਆਇਆ। ਸਤਿਗੁਰਾਂ ਨੇ ਇਸ ਨੂੰ ਉਪਦੇਸ਼ ਦੁਆਰਾ ਬ੍ਰਹਮ

ਗਿਆਨ ਬਖ਼ਸ਼ਿਆ ਸੀ। ਇਸ ਨੂੰ ਸ਼ਾਂਤੀ ਦਿੱਤੀ ਸੀ, ਇਸ ਦਾ ਸਮਕਾਲੀ ਹੀ ਇਕ ਜੋਗੀ ਸੀ। ਉਸ ਨੇ ਗੁਰੂ ਜੀ ਨੂੰ ਕਿਹਾ ਕਿ ਮਹਾਰਾਜ ਜੇਕਰ ਤੁਸੀਂ ਜੋਗ ਭੇਖ ਧਾਰਨ ਕਰ ਲਵੋ ਤਾਂ ਗੋਰਖ ਨਾਥ ਜੀ ਤੁਹਾਡੇ 'ਤੇ ਬਹੁਤ ਪ੍ਰਸੰਨ ਹੋਣਗੇ। ਸਤਿਗੁਰੂ ਜੀ ਕਹਿਣ ਲੱਗੇ ਕਿ ਜੋਗੀ! ਅਸੀਂ ਤਾਂ ਅੱਗੇ ਹੀ ਯੋਗ ਕਮਾਉਂਦੇ ਹਾਂ। ਜੋਗੀ ਕਹਿਣ ਲੱਗਾ ਕਿ ਮਹਾਰਾਜ ਜੋਗ ਦੇ ਕੁਝ ਚਿੰਨ੍ਹ ਹੁੰਦੇ ਹਨ ਜਿਵੇਂ, ਜੋਗੀ ਲੋਕ ਗੋਰਖ ਨਾਥ ਨੂੰ ਨਮਸਕਾਰਾਂ ਕਰਦੇ ਹਨ, ਕੰਨਾਂ ਵਿਚ ਮੁੰਦਰਾਂ ਪਹਿਨਦੇ ਹਨ, ਜੋਗੀਆਂ ਦੇ ਚੇਲੇ ਵੀ ਹੁੰਦੇ ਹਨ, ਜੋਗੀ ਸਰੀਰ 'ਤੇ ਬਿਭੂਤੀ (ਸੁਆਹ) ਮਲਦੇ ਹਨ, ਜੋਗੀਆਂ ਦੇ ਬਾਰਾਂ ਪੰਥਾਂ ਵਿੱਚੋਂ ਇਕ ਆਈ ਪੰਥ ਸਭ ਤੋਂ ਸ਼ਿਰੋਮਣੀ ਹੈ, ਜੋਗੀ ਭੁਗਤ ਖਾਂਦੇ ਹਨ, ਛਾਂਦੇ ਵੰਡਦੇ ਹਨ, ਆਸਨ ਪਰ ਬੈਠਦੇ ਹਨ, ਸਿੰਙੀ ਵਜਾਉਂਦੇ ਹਨ, ਹੱਥ ਵਿਚ ਡੰਡਾ ਆਦਿ ਰੱਖਦੇ ਹਨ, ਪਰ ਆਪ ਜੀ ਪਾਸ ਤਾਂ ਐਸਾ ਕੋਈ ਚਿੰਨ੍ਹ ਪ੍ਰਤੀਤ ਨਹੀਂ ਹੁੰਦਾ, ਉਸ ਵੇਲੇ ਗੁਰੂ ਜੀ ਜੋਗੀ ਨੂੰ ਉੱਤਰ ਦਿੰਦੇ ਹੋਏ ਸਰਬ ਸਾਂਝਾ ਪਾਵਨ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ਜੋਗ ਜੁਗਤਿ; ਸੁਨਿ ਆਇਓ ਗੁਰ ਤੇ ॥

ਹੇ ਜੋਗੀ! ਅਸੀਂ ਜੋਗ = ਜੁੜਨੇ ਯੋਗ ਪਰਮੇਸ਼ਰ ਦੀ ਭਾਉ ਭਗਤੀ ਰੂਪੀ ਜੁਗਤਿ = ਜੁਗਤੀ ਦੀ ਵਿਚਾਰ ਗੁਰਾਂ ਤੇ = ਤੋਂ ਸੁਨਿ = ਸ੍ਰਵਨ ਕਰਕੇ ਸਤਸੰਗਤ ਵਿਚ ਆਇਓ = ਆਏ ਹਾਂ।

## ਮੋਕਉ; ਸਤਿਗੁਰ ਸਬਦਿ ਬੁਝਾਇਓ ॥੧॥ਰਹਾਉ॥

ਮੋਕਉ = ਮੈਨੂੰ ਸਤਿਗੁਰ = ਗੁਰੂ ਸਾਹਿਬ ਜੀ ਨੇ ਸਾਰੇ ਜੋਗ ਦਾ ਸਿਧਾਂਤ ਸਬਦਿ = ਉਪਦੇਸ਼ ਦੁਆਰਾ ਬੁਝਾਇਓ = ਸਮਝਾ ਦਿੱਤਾ ਹੈ ॥੧॥ਰਹਾਉ॥

## ਨਉ ਖੰਡ ਪ੍ਰਿਥਮੀ, ਇਸੁ ਤਨ ਮਹਿ ਰਵਿਆ; ਨਿਮਖ ਨਿਮਖ ਨਮਸਕਾਰਾ ॥

ਤੁਹਾਡੇ ਜੋਗੀਆਂ ਦੇ ਮੱਤ ਵਿਚ ਹੈ ਕਿ ਜਿਹੜਾ ਨੌਆਂ ਖੰਡਾਂ ਦੀ ਧਰਤੀ ਉਪਰ ਭਿਖਿਆ ਮੰਗਦਾ ਆਉਂਦਾ ਹੈ, ਉਹ ਪੂਰਾ ਜੋਗੀ ਹੁੰਦਾ ਹੈ। ਸਾਡੇ ਮੱਤ ਅਨੁਸਾਰ ਤਾਂ ਜਿਸ ਪਰਮੇਸ਼ਰ ਨੇ ਧਰਤੀ ਦੇ ਨਉ = ਨੌਂ ਖੰਡ = ਟੁਕੜੇ ਆਦਿ ਰਚੇ ਹਨ, ਉਹ ਚੇਤਨ ਪਰਮੇਸ਼ਰ ਇਸ ਤਨ = ਸਰੀਰ ਮਹਿ = ਵਿਚ ਰਵਿਆ = ਪਸਰਿਆ ਹੋਇਆ ਹੈ, ਇਹੋ ਹੀ ਨਿਸਚੇ ਕਰਨ ਰੂਪ ਪ੍ਰਿਥਮੀ = ਧਰਤੀ 'ਤੇ ਭਿੱਖਿਆ ਮੰਗਦੇ ਹਾਂ **ਅਥਵਾ** ਪੰਜ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਚਾਰ ਚਤੁਸ਼ਟਾ ਅੰਤਸ਼ਕਰਣ ਦਾ ਅਭਿਮਾਨ ਇਨ੍ਹਾਂ ਨਉ = ਨੌਆਂ ਦਾ ਹੀ ਖੰਡ = ਖੰਡਨ ਕੀਤਾ ਹੈ **ਵਾ**: ਪੰਜ ਵਿਸ਼ੇ, ਤਿੰਨ ਗੁਣ ਤੇ ਇਕ ਦੇਹ ਅਧਿਆਸ ਇਨ੍ਹਾਂ ਨਉ = ਨੌਆਂ ਦਾ ਖੰਡ = ਖੰਡਨ ਕੀਤਾ ਹੈ ਅਤੇ ਬੁੱਧੀ ਰੂਪੀ ਪ੍ਰਿਥਮੀ = ਧਰਤੀ ਵਿਚ ਉਸ ਬ੍ਰਹਮ ਨੂੰ ਨਿਸਚੇ ਕੀਤਾ ਹੈ ਕਿ ਉਹ ਇਸ ਤਨ = ਸਰੀਰ ਦੇ ਮਹਿ = ਵਿਚ ਹੀ ਰਵਿਆ = ਵਿਆਪਕ ਹੈ **ਅਥਵਾ** ਪ੍ਰਿਥਮੀ = ਧਰਤੀ ਆਦਿ ਪੰਜਾਂ ਤੱਤਾਂ ਤੋਂ ਬਣਿਆ ਹੋਇਆ ਨਉ = ਨੌਂ ਖੰਡ = ਟੁਕੜਿਆਂ ਵਾਲੇ (ਚਾਰ ਟੁਕੜੇ ਲੱਤਾਂ ਦੇ ਚਾਰ ਬਾਹਾਂ ਦੇ ਤੇ ਇਕ ਵਿਚਕਾਰਲਾ ਧੜ) ਇਸ ਤਨ = ਸਰੀਰ ਦੇ ਮਹਿ = ਵਿੱਚੋਂ ਹੀ ਪਰਮੇਸ਼ਰ ਰਵਿਆ = ਮਿਲਿਆ ਹੋਇਆ ਹੈ, ਅਸੀਂ ਜਾਣਿਆ ਹੈ **ਅਥਵਾ** ਜਿਸ ਵੇਲੇ ਪ੍ਰਿਥਮੀ = ਧਰਤੀ ਰੂਪੀ ਬੁੱਧੀ ਵਿਚ ਨੌਂ ਖੰਡਾਂ ਰੂਪ ਨਵਧਾ ਭਗਤੀ ਕੀਤੀ ਤਾਂ ਇਸ ਤਨ = ਸਰੀਰ ਦੇ ਮਹਿ = ਵਿਚ ਹੀ ਰਵਿਆ = ਰਮਿਆ ਹੋਇਆ ਪਰਮੇਸ਼ਰ ਪ੍ਰਾਪਤ ਹੋ ਗਿਆ **ਅਥਵਾ** ਨਉ ਖੰਡ = ੧. ਤਿੰਨ ਗੁਣ; ੨. ਸ਼ਬਦ, ਸਪਰਸ਼, ਰੂਪ, ਰਸ, ਗੰਧ; ੩. ਚਤੁਸ਼ਟਾ ਅੰਤਸ਼ਕਰਣ; ੪. ਸਰੀਰ ਦੀਆਂ ਨੌਂ ਗੋਲਕਾਂ; ੫. ਕਾਮ ਕ੍ਰੋਧ ਲੋਭ ਮੋਹ ਹੰਕਾਰ; ੬. ਦਸ ਵਿਸ਼ੇ; ੭. ਅੰਤਸ਼ਕਰਣ ਦੀਆਂ ਬ੍ਰਿਤੀਆਂ, ਪ੍ਰਮਾਣ, ਪ੍ਰਮੇਯ, ਆਦਿਕ; ੮. ਦੇਹ ਦਾ ਅਧਿਆਸ; ੯. ਅਗਿਆਨ ਇਨ੍ਹਾਂ ਨੌਆਂ ਨੂੰ ਖੰਡ=ਖੰਡਨ ਕਰ ਕੇ ਪ੍ਰਿਥਮੀ = ਭੂਮਾ ਰੂਪ ਬ੍ਰਹਮ ਇਸ ਤਨ = ਸਰੀਰ ਦੇ ਮਹਿ = ਵਿਚ ਹੀ ਰਵਿਆ = ਰਮਿਆ ਹੋਇਆ ਵਿਆਪਕ ਜਾਣ ਲਿਆ ਹੈ। ਅਸੀਂ ਉਸ ਵਾਹਿਗੁਰੂ ਨੂੰ ਨਿਮਖ ਨਿਮਖ = ਥੋੜੇ ਤੋਂ ਥੋੜਾ ਸਮਾਂ ਨਮਸਕਾਰਾ = ਪ੍ਰਣਾਮ ਕਰਦੇ ਹਾਂ।

## ਦੀਖਿਆ ਗੁਰ ਕੀ ਮੁੰਦ੍ਰਾ ਕਾਨੀ; ਦ੍ਰਿੜਿਓ ਏਕੁ ਨਿਰੰਕਾਰਾ ॥੧॥

ਗੁਰ = ਸਤਿਗੁਰੂ ਸਾਹਿਬ ਜੀ ਕੀ = ਦੀ ਦੀਖਿਆ = ਸਿੱਖਿਆ ਨੂੰ ਸੱਜੇ ਖੱਬੇ ਕਾਨੀ = ਕੰਨਾਂ ਵਿਚ ਧਾਰਨ ਰੂਪ ਮੁੰਦ੍ਰਾ ਪਾਈਆਂ ਹੋਈਆਂ ਹਨ **ਵਾ:** ਗੁਰੂ ਜੀ ਦੀ ਜੋ ਸਿਖਿਆ ਧਾਰਨ ਕੀਤੀ ਹੈ ਅਤੇ ਮਨ ਦੇ ਸੰਕਲਪਾਂ ਵਿਕਲਪਾਂ ਨੂੰ ਮੁੰਦਿਆ ਹੈ, ਇਹੋ ਹੀ ਸ਼ਰਧਾ ਤੇ ਵਿਸ਼ਵਾਸ ਰੂਪੀ ਕਾਨੀ = ਕੰਨਾਂ ਵਿਚ ਮੁੰਦ੍ਰਾਂ ਪਾਉਣੀਆਂ ਕੀਤੀਆਂ ਹਨ ਅਤੇ ਏਕੁ = ਇੱਕੋ ਹੀ ਨਿਰੰਕਾਰਾ = ਮਾਇਕੀ ਅਕਾਰਾਂ ਤੋਂ ਰਹਿਤ ਪਰਮੇਸ਼ਰ ਨੂੰ ਦ੍ਰਿੜਿਓ = ਦ੍ਰਿੜ੍ਹ ਕੀਤਾ ਹੈ, ਅਸੀਂ ਐਸੇ ਜੋਗੀ ਬਣੇ ਹਾਂ ॥੧॥

## ਪੰਚ ਚੇਲੇ ਮਿਲਿ ਭਏ ਇਕਤ੍ਰਾ; ਏਕਸੁ ਕੈ ਵਸਿ ਕੀਏ ॥

ਪੰਚ = ਪੰਜ ਗਿਆਨ ਇੰਦ੍ਰੇ ਰੂਪੀ ਚੇਲੇ = ਚਾਟੜੇ ਬਣ ਕੇ ਇਕ ਨੂੰ ਹੀ ਸੁਣਦੇ ਹਨ, ਇਕ ਨੂੰ ਹੀ ਵੇਖਦੇ ਹਨ, ਇਕ ਨੂੰ ਹੀ ਉਚਾਰਦੇ ਹਨ, ਇਕ ਹੀ ਰਸ ਨੂੰ ਪ੍ਰਾਪਤ ਕਰਦੇ ਹਨ, ਇਉਂ ਇਹ ਪੰਜੇ ਚੇਲੇ ਮਿਲਿ = ਮਿਲ ਕਰ ਕੇ ਇਕਤ੍ਰਾ = ਇਕੱਤਰ (ਇਕੱਠੇ) ਭਏ = ਹੋਏ ਹਨ ਅਤੇ ਏਕਸੁ = ਇਕ ਮਨ ਕੈ = ਦੇ ਹੀ ਵਸਿ = ਅਧੀਨ ਕੀਏ = ਕਰ ਦਿੱਤੇ ਹਨ **ਅਥਵਾ** ਏਕਸੁ = ਇਕ ਚੰਚਲ ਮਨ ਕੈ = ਦੇ ਵਸਿ = ਅਧੀਨ ਕੀਏ = ਕਰਨ ਤੇ ਪੰਚ = ਪੰਜੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਮਿਲ ਕਰ ਕੇ ਇਕਤ੍ਰਾ = ਇਕੱਠੇ ਭਏ = ਹੋ ਕਰ ਕੇ ਸਾਡੇ ਚੇਲੇ = ਚਾਟੜੇ ਬਣ ਗਏ ਹਨ **ਅਥਵਾ** ਪੰਚ = ਪੰਜ ਤੱਤਾਂ ਵਿੱਚੋਂ ਜੋ ਗੁਣ ਧਾਰਨ ਕੀਤੇ ਹਨ, ਅਕਾਸ਼ ਵਿੱਚੋਂ ਨਿਰਖੋਭਤਾ ਧਾਰਨ ਕੀਤੀ ਹੈ, ਹਵਾ ਵਿੱਚੋਂ ਦੁਖ ਸੁਖ ਵਿਚ ਸਮਾਨ ਰਹਿਣ ਰੂਪ ਬਿਰਤੀ ਧਾਰਨ ਕੀਤੀ, ਅਗਨੀ ਵਿੱਚੋਂ ਵਿਆਪਕ ਦਾ ਪ੍ਰਕਾਸ਼ ਗ੍ਰਹਿਣ ਕੀਤਾ ਹੈ, ਜਲ ਵਿੱਚੋਂ ਨਿਰਲੇਪਤਾ ਧਾਰਨ ਕੀਤੀ ਹੈ, ਪ੍ਰਿਥਵੀ ਵਿੱਚੋਂ ਖਿਮਾ ਗੁਣ ਧਾਰਨ ਕੀਤਾ ਹੈ। ਇਉਂ ਇਹ ਪੰਜ ਗੁਣ ਧਾਰਨ ਰੂਪ ਪੰਜ ਚੇਲੇ ਮਿਲ ਕੇ ਇਕਤ੍ਰਾ = ਇਕੱਠੇ ਹੋਏ ਹਨ ਤੇ ਏਕਸੁ = ਇਕ ਮਨ ਦੇ ਵਸਿ = ਅਧੀਨ ਕੀਏ = ਕਰ ਦਿੱਤੇ ਹਨ।

## ਦਸ ਬੈਰਾਗਨਿ ਆਗਿਆਕਾਰੀ; ਤਬ ਨਿਰਮਲ ਜੋਗੀ ਥੀਏ ॥੨॥

ਦਸੇ (ਪੰਜ ਗਿਆਨ ਤੇ ਪੰਜ ਕਰਮ) ਇੰਦਰੀਆਂ ਬੈਰਾਗਨਿ = ਵੈਰਾਗਵਾਨ ਹੋ ਕੇ ਇਹ ਵੀ ਆਗਿਆਕਾਰੀ = ਹੁਕਮ ਦਾ ਪਾਲਨ ਕਰਨ ਵਾਲੀਆਂ ਹੋ ਗਈਆਂ ਹਨ, ਭਾਵ ਦਸੇ ਇੰਦ੍ਰੀਆਂ ਸਾਡੇ ਅਧੀਨ ਹਨ, ਇਹੋ ਹੀ ਸਾਡੀ ਟਿਕ ਟਿਕੀ ਹੈ। ਤਬ = ਤਦੋਂ ਤੋਂ ਹੀ ਅਸੀਂ ਪਰਮੇਸ਼ਰ ਵਿਚ ਜੋਗੀ = ਜੁੜ ਕਰ ਕੇ ਨਿਰਮਲ = ਉੱਜਲ ਥੀਏ = ਹੋ ਗਏ ਹਾਂ **ਵਾ:** ਉਦੋਂ ਦੇ ਅਸੀਂ ਉੱਜਲ ਜੋਗੀ = ਯੋਗੀ ਹੋ ਗਏ ਹਾਂ ॥੨॥

## ਭਰਮੁ ਜਰਾਇ, ਚਰਾਈ ਬਿਭੂਤਾ; ਪੰਥੁ ਏਕੁ ਕਰਿ ਪੇਖਿਆ ॥

(**ਚਰਾਈ** ਦਾ ਉਚਾਰਣ ਭਾਰਾ ਹੈ)

ਹੇ ਜੋਗੀ ! ਅਸੀਂ ਅੰਦਰੋਂ ਭਰਮੁ = ਸੰਸੇ ਨੂੰ ਜਰਾਇ = ਜਲਾਉਣ ਰੂਪ ਬਿਭੂਤਾ = ਸੁਆਹ ਚਰਾਈ = ਚਾੜ੍ਹੀ ਹੋਈ ਹੈ, ਮਲੀ ਹੋਈ ਹੈ ਅਤੇ ਜੋ ਸਾਰੇ ਏਕੁ = ਅਦ੍ਵੈਤ ਨੂੰ ਹੀ ਪੇਖਿਆ = ਵੇਖਣਾ ਕਰਿ = ਕਰਿਆ ਹੈ, ਇਹੋ ਹੀ ਸਾਡਾ ਆਈ ਪੰਥ ਹੈ।

## ਸਹਜ ਸੂਖ ਸੋ ਕੀਨੀ ਭੁਗਤਾ; ਜੋ ਠਾਕੁਰਿ ਮਸਤਕਿ ਲੇਖਿਆ ॥੩॥

ਜਿਹੜਾ ਸਹਜ = ਸੁਤੇ ਸਿਧ ਹੀ ਆਤਮਾ ਅਨੰਦ ਰੂਪੀ ਸੂਖ = ਸੁਖ ਪ੍ਰਾਪਤ ਹੋਇਆ ਹੈ, ਸੋ = ਉਹੋ ਹੀ ਅਸੀਂ ਭੁਗਤਾ = ਭੋਜਨ, ਚੂਰਮਾ, ਭੁਗਤ ਖਾਣਾ ਕੀਨੀ = ਕੀਤੀ ਹੈ ਅਤੇ ਜੋ = ਜਿਹੜਾ ਠਾਕੁਰਿ = ਸੁਆਮੀ ਵਾਹਿਗੁਰੂ ਨੇ ਮਸਤਕਿ = ਮੱਥੇ ਉੱਪਰ ਲੇਖ ਲੇਖਿਆ = ਲਿਖਿਆ ਹੋਇਆ ਹੈ, ਉਸੇ ਅਨੁਸਾਰ ਸਭ ਨੂੰ ਪ੍ਰਾਪਤ ਹੋਣਾ ਹੈ, ਇਹੀ ਛਾਂਦੇ ਹਨ ॥੩॥

***ਪ੍ਰਸ਼ਨ :*** *ਹੇ ਮਹਾਰਾਜ ! ਅਸੀਂ ਤਾਂ ਦਸਵੇਂ ਦੁਆਰ ਵਿਚ ਆਸਣ ਲਗਾ ਕੇ ਬੈਠਦੇ ਹਾਂ।*
***ਗੁਰ ਉੱਤਰ :***

## ਜਹ ਭਉ ਨਾਹੀ ਤਹਾ ਆਸਨੁ ਬਾਧਿਓ; ਸਿੰਗੀ ਅਨਹਤ ਬਾਨੀ ॥

ਹੇ ਜੋਗੀ ! ਜਹ = ਜਿਥੇ ਕਾਲ ਦਾ ਭਉ = ਭੈ, ਡਰ ਨਾਹੀ = ਨਹੀਂ ਹੈ, ਐਸੇ ਨਿਰਭਉ ਅਧਿਸ਼ਠਾਨ ਰੂਪ ਪਰਮੇਸ਼ਰ ਵਿਚ ਇਸਥਿਤ ਹੋਣ ਰੂਪ ਅਸੀਂ ਆਸਨੁ = ਆਸਣ ਬਾਧਿਓ = ਬੰਨ੍ਹਣਾ ਕੀਤਾ ਹੈ ਅਤੇ ਅਨਹਤ = ਨਾਸ ਤੋਂ ਰਹਿਤ ਪਰਮੇਸ਼ਰ ਦਾ ਸਤਿਨਾਮ ਰੂਪ ਬਾਨੀ = ਬਾਣੀ ਨੂੰ ਜੋ ਉਚਾਰਨ ਕਰਨਾ ਹੈ, ਇਹੋ ਹੀ ਸਾਡੀ ਸਿੰਗੀ ਹੈ (ਯੋਗੀਆਂ ਦੇ ਕੋਲ ਜੋ ਤੁਰੀ ਹਿਰਨ ਦੇ ਸਿੰਘ ਦੀ ਹੁੰਦੀ ਹੈ, ਉਸ ਨੂੰ ਸਿੰਗੀ ਕਹਿੰਦੇ ਹਨ।)

## ਤਤੁ ਬੀਚਾਰੁ ਡੰਡਾ ਕਰਿ ਰਾਖਿਓ; ਜੁਗਤਿ ਨਾਮੁ ਮਨਿ ਭਾਨੀ ॥੪॥

ਹੇ ਜੋਗੀ ! ਜਿਸ ਪ੍ਰਕਾਰ ਤੁਸੀਂ ਡੰਡੇ ਤੋਂ ਖੁੰਗੀਆਂ ਲਾਹ ਕੇ ਉਸ ਨੂੰ ਸਾਫ਼ ਕਰ ਕੇ ਆਪਣੇ ਹੱਥ ਵਿਚ ਰੱਖਦੇ, ਏਸੇ ਪ੍ਰਕਾਰ ਅਸੀਂ ਤਤੁ = ਸਰੂਪ ਦੀ ਬੀਚਾਰੁ = ਵਿਚਾਰ ਕਰ ਕੇ ਮਨ ਰੂਪੀ ਡੰਡਾ = ਸੋਟਾ ਪਰਮੇਸ਼ਰ ਦੇ ਸਨਮੁਖ ਕਰਨ ਰੂਪ ਸਿੱਧਾ ਕਰ ਕੇ ਰਾਗ ਦ੍ਵੈਖ ਰੂਪ ਖੁੰਗੀਆਂ ਨੂੰ ਵਿਚਾਰ ਰੂਪੀ ਤੇਸੇ ਨਾਲ ਲਾਹ ਕਰ ਕੇ ਗਿਆਨ ਰੂਪੀ ਕਰਿ = ਹੱਥ ਵਿਚ ਪਕੜ ਕੇ ਰਾਖਿਓ = ਰੱਖਣਾ ਕੀਤਾ ਹੈ ਅਤੇ ਜੋ ਵਾਹਿਗੁਰੂ ਦਾ ਨਾਮੁ = ਨਾਉ ਸਾਡੇ ਮਨਿ = ਹਿਰਦੇ ਵਿਚ ਭਾਨੀ = ਭਾਇਆ ਹੈ, ਇਹੋ ਹੀ ਜੁਗਤਿ = ਜੁਗਤੀ ਹੈ ॥੪॥

## ਐਸਾ ਜੋਗੀ ਵਡਭਾਗੀ ਭੇਟੈ; ਮਾਇਆ ਕੇ ਬੰਧਨ ਕਾਟੈ ॥

ਜੇਕਰ ਐਸਾ = ਇਸ ਤਰ੍ਹਾਂ ਦਾ ਕੋਈ ਜੋਗੀ ਹੋਵੇ ਤਾਂ ਉਹ ਵਡਭਾਗੀ = ਵੱਡਿਆਂ ਭਾਗਾਂ ਕਰਕੇ ਸਤਿਗੁਰੂ ਸਾਹਿਬ ਜੀ ਦੇ ਨਾਲ ਭੇਟੈ = ਮਿਲਦਾ ਹੈ ਤੇ ਸਤਿਗੁਰੂ ਜੀ ਉਸ ਦੇ ਮਾਇਆ ਕੇ = ਦੇ ਕਰਤਾ, ਭੋਗਤਾ, ਹੰਗਤਾ ਮਮਤਾ ਰੂਪ ਬੰਧਨ = ਜੰਜਾਲ ਕਾਟੈ = ਕੱਟ ਦਿੰਦੇ ਹਨ **ਵਾ:** ਉਹ ਪੁਰਖ ਗੁਰਾਂ ਦੀ ਕਿਰਪਾ ਦੁਆਰਾ ਆਪਣੇ ਬੰਧਨਾਂ ਨੂੰ ਕਾਟੈ = ਕੱਟ ਲੈਂਦਾ ਹੈ।

## ਸੇਵਾ ਪੂਜ ਕਰਉ ਤਿਸੁ ਮੂਰਤਿ ਕੀ; ਨਾਨਕੁ ਤਿਸੁ ਪਗ ਚਾਟੈ ॥੫॥੧੧॥੧੩੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਤਿਸੁ = ਉਸ ਸ੍ਰੇਸ਼ਟ ਬ੍ਰਹਮ ਮੂਰਤਿ = ਹਸਤੀ ਕੀ = ਦੀ ਮਨ, ਬਾਣੀ, ਸਰੀਰ ਕਰਕੇ ਸੇਵਾ = ਟਹਿਲ ਤੇ ਪੂਜ = ਪੂਜਣ ਕਰਉ = ਕਰਦਾ ਹਾਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਸੁ = ਉਸ ਦੇ ਚਰਨਾਂ ਕਮਲਾਂ ਦਾ ਧਿਆਨ ਕਰਨ ਰੂਪ ਚਾਟੈ = ਚੱਟਣਾ ਕਰਦਾ ਹਾਂ ॥੫॥੧੧॥੧੩੨॥

## ਗਉੜੀ, ਮਹਲਾ ੫ ॥

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਚਰਨਾਂ ਦੇ ਪਾਸ ਸੰਗਤਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ! ਸਭ ਤੋਂ ਅਨੂਪ ਪਦਾਰਥ ਕਿਹੜਾ ਹੈ, ਤਾਂ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ

## ਅਨੂਪ ਪਦਾਰਥੁ, ਨਾਮੁ ਸੁਨਹੁ; ਸਗਲ ਧਿਆਇਲੇ, ਮੀਤਾ ॥

(**ਧਿਆਇਲੇ** ਦਾ ਉਚਾਰਣ **ਧਿਆਇ-ਲੇ** ਹੈ)

ਹੇ ਮੇਰੇ ਮੀਤਾ = ਮਿੱਤਰੋ ! ਪਰਮੇਸ਼ਰ ਦਾ ਨਾਮ ਹੀ ਅਨੂਪ = ਉਪਮਾਂ ਤੋਂ ਰਹਿਤ ਪਦਾਰਥੁ = ਅਮੋਲਕ ਵਸਤੂ ਹੈ, ਇਸ ਨੂੰ ਸ਼ਰਧਾ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਨਹੁ = ਸੁਣਨਾ ਕਰੋ ਅਤੇ ਸਗਲ = ਸਾਰੇ ਹੀ ਇਸ ਨੂੰ ਧਿਆਇਲੇ = ਧਿਆਉਣਾ ਕਰੋ।

## ਹਰਿ ਅਉਖਧੁ ਜਾ ਕਉ ਗੁਰਿ ਦੀਆ; ਤਾ ਕੇ ਨਿਰਮਲ ਚੀਤਾ ॥੧॥ਰਹਾਉ॥

ਜਾ = ਜਿਨ੍ਹਾਂ ਕਉ = ਨੂੰ ਗੁਰਿ = ਸਤਿਗੁਰੂ ਸਾਹਿਬ ਜੀ ਨੇ ਹਰਿ = ਹਰੀ ਪਰਮੇਸ਼ਰ ਦੀ ਨਾਮ ਰੂਪੀ ਅਉਖਧੁ = ਦਵਾਈ ਦੀਆ = ਦੇਣਾ ਕੀਤੀ ਹੈ, ਤਾ = ਉਨ੍ਹਾਂ ਕੇ = ਦੇ ਚੀਤਾ = ਚਿੱਤ ਵਿਸ਼ੇ-ਵਿਕਾਰਾਂ, ਔਗੁਣਾਂ ਦੀ ਮੈਲ ਤੋਂ ਰਹਿਤ ਨਿਰਮਲ = ਸ਼ੁੱਧ, ਉੱਜਲ ਹੋ ਗਏ ਹਨ ॥੧॥ਰਹਾਉ॥

## ਅੰਧਕਾਰੁ ਮਿਟਿਓ ਤਿਹ ਤਨ ਤੇ; ਗੁਰਿ ਸਬਦਿ ਦੀਪਕੁ ਪਰਗਾਸਾ ॥

ਤਿਹ = ਉਨ੍ਹਾਂ ਦੇ ਤਨ = ਸਰੀਰ ਵਿਚ ਜੋ ਅਗਿਆਨ ਦਾ ਅੰਧਕਾਰੁ = ਅੰਧੇਰਾ ਸੀ, ਉਹ ਵੀ ਮਿਟਿਓ = ਮਿਟ ਗਿਆ ਤੇ ਅੰਦਰ ਗੁਰਿ = ਸਤਿਗੁਰੂ ਸਾਹਿਬ ਜੀ ਨੇ ਸ਼ਬਦ ਰੂਪੀ ਦੀਪਕੁ = ਦੀਵੇ ਦੁਆਰਾ ਗਿਆਨ ਦਾ ਪਰਗਾਸਾ = ਚਾਨਣ ਕਰ ਦਿੱਤਾ ਹੈ।

## ਭ੍ਰਮ ਕੀ ਜਾਲੀ ਤਾ ਕੀ ਕਾਟੀ; ਜਾ ਕਉ ਸਾਧਸੰਗਤਿ ਬਿਸ੍ਵਾਸਾ ॥੧॥

( **ਬਿਸ੍ਵਾਸਾ** ਦਾ ਉਚਾਰਣ **ਬਿਸੁਆਸਾ** ਹੈ)

ਤਾ = ਉਨ੍ਹਾਂ ਕੀ = ਦੀ ਭ੍ਰਮ = ਭੁਲੇਖੇ ਕੀ = ਦੀ ਜਾਲੀ = ਫਾਹੀ ਕਾਟੀ = ਕੱਟ ਦਿੱਤੀ ਹੈ, ਜਾ = ਜਿਨ੍ਹਾਂ ਕਉ = ਨੂੰ ਸਾਧਸੰਗਤਿ = ਸਤਿਸੰਗਤ ਤੇ ਬਿਸ੍ਵਾਸਾ = ਭਰੋਸਾ ਆ ਗਿਆ ਹੈ ॥੧॥

## ਤਾਰੀਲੇ ਭਵਜਲੁ ਤਾਰੂ ਬਿਖੜਾ; ਬੋਹਿਥ ਸਾਧੂ ਸੰਗਾ ॥

(**ਤਾਰੀਲੇ** ਦਾ ਉਚਾਰਣ **ਤਾਰੀ-ਲੇ** ਹੈ)

ਜਿਹੜਾ ਭਵਜਲੁ = ਸੰਸਾਰ ਸਮੁੰਦਰ ਤਾਰੂ = ਅਥਾਹ, ਡੂੰਘਾ ਹੈ ਇਸ ਤੋਂ ਪਾਰ ਹੋਣਾ ਬਹੁਤ ਹੀ ਬਿਖੜਾ = ਕਠਿਨ ਹੈ, ਇਸ ਨੂੰ ਸਾਧੂ = ਸਾਧੂਆਂ ਦੀ ਸੰਗਾ = ਸੰਗਤ ਵਿਚ ਮਿਲ ਕੇ ਨਾਮ ਰੂਪੀ ਬੋਹਿਥਾ = ਜਹਾਜ਼ ਉੱਪਰ ਚੜ੍ਹ ਕੇ ਤਾਰੀਲੇ = ਤਰ ਲਈਏ **ਅਥਵਾ** ਤਾਰੂ = ਤੈਰਾਕ ਜੋ ਗੁਰੂ ਸਾਹਿਬ ਜੀ ਹਨ, ਉਹ ਸਾਧੂ ਸੰਗਾ = ਸਤਿਸੰਗਤ ਰੂਪੀ ਬੋਹਿਥਾ = ਜਹਾਜ਼ ਵਿਚ ਚੜ੍ਹਾਅ ਕੇ ਬਿਖੜਾ = ਕਠਿਨ ਤਰਨ ਰੂਪ ਭਵਜਲ = ਸੰਸਾਰ-ਸਮੁੰਦਰ ਤੋਂ ਤਾਰੀਲੇ = ਤਾਰ ਲੈਂਦੇ ਹਨ।

## ਪੂਰਨ ਹੋਈ ਮਨ ਕੀ ਆਸਾ; ਗੁਰੁ ਭੇਟਿਓ ਹਰਿ ਰੰਗਾ ॥੨॥

ਉਨ੍ਹਾਂ ਦੇ ਮਨ ਕੀ = ਦੀ ਸਾਰੀ ਆਸਾ = ਇੱਛਾ ਪੂਰਨ = ਪੂਰੀ ਹੋਈ = ਹੋ ਗਈ ਹੈ, ਜਿਨ੍ਹਾਂ ਨੂੰ ਹਰਿ = ਹਰੇਕ ਰੰਗਾ = ਅਨੰਦ ਵਿਚ ਰਚੇ ਹੋਏ ਪਰਮੇਸ਼ਰ ਦੇ ਸਮਾਨ ਗੁਰ = ਸਤਿਗੁਰੂ ਸਾਹਿਬ ਜੀ ਭੇਟਿਓ = ਮਿਲੇ ਹਨ, ਪ੍ਰਾਪਤ ਹੋਏ ਹਨ ॥੨॥

## ਨਾਮ ਖਜਾਨਾ ਭਗਤੀ ਪਾਇਆ; ਮਨ ਤਨ ਤ੍ਰਿਪਤਿ ਅਘਾਏ ॥

ਸਤਿਗੁਰਾਂ ਦੁਆਰਾ ਪਰਮੇਸ਼ਰ ਦਾ ਨਾਮ ਰੂਪੀ ਖਜਾਨਾ = ਭੰਡਾਰਾ ਭਾਉ-ਭਗਤੀ ਕਰਕੇ ਪਾਇਆ = ਪਾਉਣਾ ਕੀਤਾ ਹੈ, ਜਿਸ ਕਰਕੇ ਮਨ ਕਰ ਕੇ ਵੀ ਤ੍ਰਿਪਤਿ = ਰੱਜ ਗਏ ਅਤੇ ਤਨ = ਸਰੀਰ ਕਰ ਕੇ ਵੀ ਅਘਾਏ = ਰੱਜ ਗਏ ਹਾਂ **ਵਾ:** ਮਨ ਤਨ ਕਰ ਕੇ ਆਤਮ ਤ੍ਰਿਪਤੀ ਕਰ ਕੇ ਅਘਾਏ = ਰੱਜ ਗਏ ਹਾਂ।

## ਨਾਨਕ ਹਰਿ ਜੀਉ ਤਾ ਕਉ ਦੇਵੈ; ਜਾ ਕਉ ਹੁਕਮੁ ਮਨਾਏ ॥੩॥੧੨॥੧੩੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹਰਿ = ਅਕਾਲ ਪੁਰਖ ਜੀਉ = ਜੀ ਤਾ = ਉਨ੍ਹਾਂ ਕਉ = ਨੂੰ ਹੀ ਨਾਮ ਰੂਪੀ ਖ਼ਜ਼ਾਨਾ ਦੇਵੈ = ਦਿੰਦੇ ਹਨ, ਬਖ਼ਸ਼ਿਸ਼ ਕਰਦੇ ਹਨ, ਜਾ = ਜਿਨ੍ਹਾਂ ਕਉ = ਨੂੰ ਆਪਣਾ ਹੁਕਮੁ = ਆਗਿਆ ਮਨਾਏ = ਮਨਾ ਲੈਂਦੇ ਹਨ ॥੩॥੧੨॥੧੩੩॥

## ਗਉੜ੍ਹੀ, ਮਹਲਾ ੫ ॥

## ਦਇਆ ਮਇਆ ਕਰਿ, ਪ੍ਰਾਨਪਤਿ ਮੋਰੇ; ਮੋਹਿ ਅਨਾਥ ਸਰਣਿ ਪ੍ਰਭ ਤੋਰੀ ॥

ਹੇ ਮੋਰੈ = ਸਾਡੇ ਪ੍ਰਾਨਪਤਿ = ਪ੍ਰਾਣਾਂ ਦੇ ਪਤੀ ਦਇਆ = ਦਿਆਲਤਾ ਦੇ ਸਰੂਪ ਪਰਮੇਸ਼ਰ ! ਸਾਡੇ 'ਤੇ ਮਇਆ = ਕਿਰਪਾ, ਮਿਹਰਬਾਨੀ ਕਰਿ = ਕਰੋ। ਹੇ ਪ੍ਰਭ = ਪ੍ਰਭੂ ਮੋਹਿ = ਮੈਨੂੰ ਅਨਾਥ = ਯਤੀਮ ਨੂੰ ਤੋਰੀ = ਤੁਹਾਡੀ ਹੀ ਸਰਣਿ = ਓਟ ਦਾ ਆਸਰਾ ਹੈ।

## ਅੰਧ ਕੂਪ ਮਹਿ, ਹਾਥ ਦੇ ਰਾਖਹੁ;
## ਕਛੂ ਸਿਆਨਪ ਉਕਤਿ ਨ ਮੋਰੀ ॥੧॥ਰਹਾਉ॥

ਹੇ ਮਹਾਰਾਜ ! ਇਸ ਸੰਸਾਰ ਰੂਪੀ ਅੰਧ = ਅੰਨ੍ਹੇ ਕੂਪ = ਖੂਹ ਦੇ ਮਹਿ = ਵਿੱਚੋਂ ਆਪਣਾ ਕਿਰਪਾ ਰੂਪੀ ਹਾਥ = ਹੱਥ ਦੇ ਕਰ ਕੇ ਰਾਖਹੁ = ਰੱਖਣਾ ਕਰੋ ਕਿਉਂਕਿ ਮੋਰੀ = ਮੇਰੀ ਬੁੱਧੀ ਦੀ ਕਛੂ = ਕੋਈ ਸਿਆਨਪ = ਚਤੁਰਾਈ ਨਹੀਂ ਹੈ ਅਤੇ ਨਾ ਹੀ ਬਾਨੀ ਦੀ ਕੋਈ ਉਕਤਿ = ਦਲੀਲ ਤਜਵੀਜ਼ ਹੈ ॥੧॥ਰਹਾਉ॥

## ਕਰਨ ਕਰਾਵਨ ਸਭ ਕਿਛੁ ਤੁਮ ਹੀ; ਤੁਮ ਸਮਰਥ ਨਾਹੀ ਅਨ ਹੋਰੀ ॥

(**ਅਨ** ਦਾ ਉਚਾਰਣ ਪੋਲਾ ਹੈ)

ਹੇ ਮਹਾਰਾਜ ! ਸਾਰੇ ਕਾਰਜਾਂ ਨੂੰ ਕਰਨ ਵਾਲੇ ਅਤੇ ਬ੍ਰਹਮਾ ਆਦਿਕਾਂ ਨੂੰ ਪ੍ਰੇਰ ਕੇ ਕਰਾਵਨ = ਕਰਾਉਣ ਵਾਲੇ ਸਭ = ਸਾਰਾ ਕਿਛੁ = ਕੁਝ ਤੁਮ = ਤੁਸੀਂ ਹੀ ਜਾਣਦੇ ਹੋ, ਤੁਮ = ਤੁਸੀਂ ਹੀ ਸਮਰਥ = ਸਰਬ ਸ਼ਕਤੀਮਾਨ ਹੋ, ਆਪ ਜੀ ਦੇ ਤੁਲ ਅਨ = ਦੂਜਾ ਹੋਰੀ = ਹੋਰ ਕੋਈ ਵੀ ਨਾਹੀ = ਨਹੀਂ ਹੈ।

## ਤੁਮਰੀ ਗਤਿ ਮਿਤਿ ਤੁਮ ਹੀ ਜਾਨੀ; ਸੇ ਸੇਵਕ, ਜਿਨ ਭਾਗ ਮਥੋਰੀ ॥੧॥

ਹੇ ਮਹਾਰਾਜ ! ਤੁਮਰੀ = ਤੁਹਾਡੀ ਗਤਿ = ਪ੍ਰਾਪਤੀ ਦੀ ਮਿਤਿ = ਮਰਿਆਦਾ ਤੁਮ = ਤੁਸੀਂ ਹੀ ਜਾਨੀ = ਜਾਨਣਾ ਕੀਤੀ ਹੈ ਜਾਨੀ = ਜਾਣੀ ਹੈ **ਵਾ:** ਪਿੱਛੇ ਜਾਣੀ ਸੀ, ਅੱਗੇ ਨੂੰ ਜਾਣੋਗੇ। ਸੇ = ਉਹੋ ਹੀ ਤੁਹਾਡੇ ਸੇਵਕ = ਦਾਸ ਬਣੇ ਹਨ, ਜਿਨ = ਜਿਨ੍ਹਾਂ ਦੇ ਮਥੋਰੀ = ਮੱਥੇ ਉਪਰ ਸ੍ਰੇਸ਼ਟ ਭਾਗ = ਭਾਗਯ, ਕਰਮ ਹਨ ॥੧॥

## ਅਪੁਨੇ ਸੇਵਕ ਸੰਗਿ, ਤੁਮ ਪ੍ਰਭ ਰਾਤੇ; ਓਤਿ ਪੋਤਿ, ਭਗਤਨ ਸੰਗਿ ਜੋਰੀ ॥

ਹੇ ਪ੍ਰਭ = ਪਰਮੇਸ਼ਰ ਜੀ ! ਤੁਮ = ਤੁਸੀਂ ਅਪੁਨੇ = ਆਪਣੇ ਸੇਵਕ = ਦਾਸਾਂ ਦੇ ਸੰਗਿ = ਨਾਲ ਰਾਤੇ = ਰੰਗੇ ਹੋਏ ਹੋ ਅਤੇ ਓਤਿ ਪੋਤਿ = ਤਾਣੇ ਪੇਟੇ ਦੀ ਨਿਆਈਂ ਭਗਤਨ = ਭਗਤਾਂ ਦੇ ਸੰਗਿ = ਨਾਲ ਤੁਸੀਂ ਪ੍ਰੀਤੀ ਜੋਰੀ = ਜੋੜੀ ਹੋਈ ਹੈ **ਵਾ:** ਭਗਤਾਂ ਨੇ ਤੁਹਾਡੇ ਨਾਲ ਪ੍ਰੀਤੀ ਜੋਰੀ = ਜੋੜੀ ਹੋਈ ਹੈ।

## ਪ੍ਰਿਉ ਪ੍ਰਿਉ ਨਾਮੁ ਤੇਰਾ, ਦਰਸਨੁ ਚਾਹੈ; ਜੈਸੇ ਦ੍ਰਿਸਟਿ, ਓਹ ਚੰਦ ਚਕੋਰੀ ॥੨॥

(**ਤੇਰਾ** ਪਦ ਅਰਥ ਵਾਸਤੇ ਦੇਹਲੀ ਦੀਪਕ ਹੈ)

ਜਿਸ ਪ੍ਰਕਾਰ ਪਪੀਹਾ ਸ੍ਵਾਂਤੀ ਬੂੰਦ ਨੂੰ ਚਾਹੁੰਦਾ ਪ੍ਰਿਉ ਪ੍ਰਿਉ ਕਰਦਾ ਹੈ, ਇਸੇ ਪ੍ਰਕਾਰ ਪ੍ਰਿਉ = ਪ੍ਰੇਮ ਨਾਲ, ਹੇ ਪ੍ਰਾਣਾਂ ਦੇ ਪ੍ਰਿਉ = ਪਤੀ ਪਰਮੇਸ਼ਰ ਆਪ ਦੇ ਨਾਮ ਨੂੰ ਉਚਾਰਦੇ ਹੋਏ ਤੇਰਾ = ਤੁਹਾਡਾ ਦਰਸਨੁ = ਦੀਦਾਰ ਚਾਹੈ = ਚਾਹੁੰਦੇ ਹਾਂ ਅਤੇ ਜੈਸੇ = ਜਿਸ ਪ੍ਰਕਾਰ ਚਕੋਰੀ = ਚਕੋਰ ਦੀ ਮਦੀਨ ਓਹ = ਉਸ ਚੰਦ = ਚੰਦਰਮਾ ਨੂੰ ਬਿਰਤੀ ਟਿਕਾ ਕੇ ਦ੍ਰਿਸਟਿ = ਦੇਖਦੀ ਰਹਿੰਦੀ ਹੈ। ਏਸੇ ਤਰ੍ਹਾਂ ਚਕੋਰ ਦੀ ਨਿਆਈਂ ਸਾਡੀ ਬਿਰਤੀ, ਚੰਦਰਮਾ ਦੀ ਨਿਆਈਂ ਤੁਹਾਡੇ ਸਰੂਪ ਵਿਚ ਲੱਗੀ ਰਹਿੰਦੀ ਹੈ, ਭਾਵ ਸਦਾ ਹੀ ਆਪ ਜੀ ਦੇ ਵੱਲ ਧਿਆਨ ਲੱਗਾ ਰਹਿੰਦਾ ਹੈ, ਦ੍ਰਿਸ਼ਟੀ ਲੱਗੀ ਰਹਿੰਦੀ ਹੈ ॥੨॥

## ਰਾਮ ਸੰਤ ਮਹਿ, ਭੇਦੁ ਕਿਛੁ ਨਾਹੀ; ਏਕੁ ਜਨੁ, ਕਈ ਮਹਿ ਲਾਖ ਕਰੋਰੀ ॥

ਰਾਮ = ਪਰਮੇਸ਼ਰ ਅਤੇ ਸੰਤ = ਸ਼ਾਂਤ ਆਤਮਾ ਮਹਾਂਪੁਰਖਾਂ ਮਹਿ = ਵਿਚ ਕਿਛੁ = ਕੁਝ ਵੀ ਭੇਦੁ = ਫ਼ਰਕ ਨਾਹੀ = ਨਹੀਂ ਹੈ, ਪਰ ਕਈ = ਅਨੇਕਾਂ ਲਾਖ = ਲੱਖਾਂ ਕਰੋਰੀ = ਕਰੋੜਾਂ ਮਹਿ = ਵਿਚ ਕੋਈ ਏਕੁ = ਇਕ ਅੱਧਾ ਹੀ ਜਨੁ = ਪੁਰਸ਼ ਹੈ **ਵਾ:** ਇਕ ਅੱਧਾ ਹੀ ਬ੍ਰਹਮ ਗਿਆਨੀ ਜਨ ਹੈ।

## ਜਾ ਕੈ ਹੀਐ, ਪ੍ਰਗਟੁ ਪ੍ਰਭੁ ਹੋਆ; ਅਨ ਦਿਨੁ ਕੀਰਤਨੁ, ਰਸਨ ਰਮੋਰੀ ॥੩॥

ਜਾ = ਜਿਨ੍ਹਾਂ ਕੈ = ਦੇ ਹੀਐ = ਹਿਰਦੇ ਵਿਚ ਮੇਰਾ ਪ੍ਰਭ = ਵਾਹਿਗੁਰੂ ਪ੍ਰਗਟੁ = ਪ੍ਰਤੱਖ ਹੋਆ = ਹੋ ਗਿਆ ਹੈ, ਉਹ ਅਨ ਦਿਨੁ = ਰਾਤ ਦਿਨ ਪਰਮੇਸ਼ਰ ਦੇ ਕੀਰਤਨੁ = ਜਸ ਨੂੰ ਰਸਨ = ਜੀਭਾ ਨਾਲ ਰਮੋਰੀ = ਉਚਾਰਦੇ ਰਹਿੰਦੇ ਹਨ **ਵਾ:** ਉਹ ਹੋਰਨਾਂ ਨੂੰ ਕਹਿੰਦੇ ਹਨ ਕਿ (ਰਮੋ+ਰੀ) ਰੀ = ਹੇ ਜਗਿਆਸੂ ਰੂਪ ਸਖੀਓ ਵਾਹਿਗੁਰੂ ਦੇ ਕੀਰਤਨ ਨੂੰ ਰਮੋ = ਉਚਾਰਨ ਕਰੋ ॥੩॥

## ਤੁਮ ਸਮਰਥ ਅਪਾਰ ਅਤਿ ਊਚੇ; ਸੁਖਦਾਤੇ ਪ੍ਰਭ ਪ੍ਰਾਨ ਅਧੋਰੀ ॥

ਹੇ ਮਹਾਰਾਜ ! ਤੁਮ = ਤੁਸੀਂ ਸਮਰਥ = ਸਰਬ ਸ਼ਕਤੀਮਾਨ ਅਪਾਰ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਅਤਿ = ਅਤਿਅੰਤ ਹੀ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿਕਾਂ ਤੋਂ ਊਚੇ = ਉੱਚੇ ਹੋ। ਹੇ ਪ੍ਰਭ = ਪ੍ਰਭੂ ਆਪ ਸਾਰੇ ਸੁਖਦਾਤੇ = ਸੁੱਖਾਂ ਨੂੰ ਦੇਣ ਵਾਲੇ ਦਾਤੇ ਹੋ, ਸਾਡੇ ਪ੍ਰਾਨ = ਪ੍ਰਾਣਾਂ ਦੇ ਅਧੋਰੀ = ਆਸਰਾ ਰੂਪ ਹੋ।

## ਨਾਨਕ ਕਉ, ਪ੍ਰਭ ਕੀਜੈ ਕਿਰਪਾ; ਉਨ ਸੰਤਨ ਕੈ, ਸੰਗਿ ਸੰਗੋਰੀ ॥੪॥੧੩॥੧੩੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਇਉਂ ਬੇਨਤੀ ਕਰ ਕਿ ਹੇ ਮੇਰੇ ਪ੍ਰਭ = ਪਰਮੇਸ਼ਰ ਸਾਡੇ ਕਉ = ਤਾਈਂ ਕਿਰਪਾ = ਦਇਆ ਦ੍ਰਿਸ਼ਟੀ ਕੀਜੈ = ਕਰੋ। ਉਨ = ਉਨ੍ਹਾਂ ਸੰਤਨ = ਮਹਾਂਪੁਰਖਾਂ ਕੈ = ਦੇ ਸੰਗਿ = ਨਾਲ ਸੰਗੋਰੀ = ਸੰਗਤ ਕਰਦੇ ਰਹੀਏ **ਵਾ:** ਉਨ੍ਹਾਂ ਮਹਾਂਪੁਰਖਾਂ ਦੀ ਸੰਗੋਰੀ = ਸੰਗਤ ਦਾ ਸਾਨੂੰ ਸੰਗਿ = ਸੰਗੀ ਬਣਾਉਣਾ ਕਰੋ ॥੪॥੧੩॥੧੩੪॥

[ਅੰਗ ੨੦੯]

## ਗਉੜੀ, ਮਹਲਾ ੫ ॥

ਸਤਿਗੁਰਾਂ ਦੇ ਕੋਲ ਸੰਗਤ ਨੇ ਬੇਨਤੀ ਕੀਤੀ ਕਿ ਮਹਾਰਾਜ ਸਾਡਾ ਉਧਾਰ ਕਿਵੇਂ ਹੋਵੇਗਾ ? ਤਾਂ ਸਤਿਗੁਰੂ ਸਾਹਿਬ ਜੀ ਅੱਗੋਂ ਫ਼ੁਰਮਾਉਂਦੇ ਹਨ ਕਿ ਭਾਈ ਪਰਮੇਸ਼ਰ ਦੇ ਸੰਤਾਂ ਭਗਤਾਂ ਦੇ ਅੱਗੇ ਇਸ ਪ੍ਰਕਾਰ ਬੇਨਤੀ ਕਰੋ।

## ਤੁਮ ਹਰਿ ਸੇਤੀ; ਰਾਤੇ ਸੰਤਹੁ ॥

ਹੇ ਸੰਤਹੁ = ਸੰਤ ਜਨੋਂ ! ਤੁਮ = ਤੁਸੀਂ ਹਰਿ = ਪਰਮੇਸ਼ਰ ਦੇ ਸੇਤੀ = ਨਾਲ ਰਾਤੇ = ਰੰਗੇ ਹੋਏ ਹੋ।

## ਨਿਬਾਹਿ ਲੇਹੁ ਮੋਕਉ ਪੁਰਖ ਬਿਧਾਤੇ; ਓੜਿ ਪਹੁਚਾਵਹੁ ਦਾਤੇ ॥੧॥ਰਹਾਉ॥

ਮੋਕਉ = ਮੈਨੂੰ ਵੀ ਆਪਣੇ ਨਾਲ ਨਿਬਾਹਿ ਲੇਹੁ = ਚਲਾਉਣਾ ਕਰੋ ਅਤੇ ਉਸ ਪੁਰਖ = ਪੂਰਨ, ਸੰਸਾਰ ਨੂੰ ਬਿਧਾਤੇ = ਰਚਣ ਵਾਲੇ ਪਰਮੇਸ਼ਰ ਦੀ ਓੜਿ = ਸ਼ਰਨ, ਆਸਰਾ ਦੇ ਕੇ ਉਸ ਦਾਤੇ = ਦਾਤਾਰ ਪਰਮੇਸ਼ਰ ਦੇ ਸਰੂਪ ਵਿਚ ਮੈਨੂੰ ਪਹੁਚਾਵਹੁ = ਪਹੁੰਚਾਉਣਾ ਕਰੋ ॥੧॥ਰਹਾਉ॥

## ਤੁਮਰਾ ਮਰਮੁ, ਤੁਮਾ ਹੀ ਜਾਨਿਆ; ਤੁਮ ਪੂਰਨ ਪੁਰਖ ਬਿਧਾਤੇ ॥

ਹੇ ਸੰਤ ਜਨੋਂ! ਤੁਮਰਾ = ਤੁਹਾਡੇ ਮਰਮੁ = ਭੇਤ ਨੂੰ ਤੁਮਾ = ਤੁਸੀਂ ਹੀ ਜਾਨਿਆ = ਜਾਣਦੇ ਹੋ। ਤੁਮ = ਤੁਸੀਂ ਤਾਂ ਸ਼ੁਭ ਗੁਣਾਂ ਨਾਲ ਪੂਰਨ = ਭਰੇ ਹੋਏ ਹੋ, ਪੁਰਖ = ਵਿਆਪਕ ਬਿਧਾਤੇ = ਰਚਣ ਵਾਲੇ, ਫਲ ਬਰਦਾਤੇ ਦਾ ਸਰੂਪ ਹੀ ਹੋ **ਵਾ:** ਉਸ ਵਿਚ ਮਿਲੇ ਹੋਏ ਹੋ।

## ਰਾਖਹੁ ਸਰਣਿ, ਅਨਾਥ ਦੀਨ ਕਉ; ਕਰਹੁ ਹਮਾਰੀ ਗਾਤੇ ॥੧॥

ਹੇ ਸੰਤ ਜਨੋਂ! ਮੈਨੂੰ ਅਨਾਥ = ਯਤੀਮ ਦੀਨ = ਗ਼ਰੀਬ ਕਉ = ਨੂੰ ਆਪਣੀ ਸਰਣਿ = ਓਟ ਵਿਚ ਰਾਖਹੁ = ਰੱਖਣਾ ਕਰੋ ਅਤੇ ਹਮਾਰੀ = ਮੇਰੀ ਗਾਤੇ = ਕਲਿਆਣ ਕਰਹੁ = ਕਰੋ **ਵਾ:** ਮੇਰੀ ਸਰੂਪ ਦੇ ਤਾਈਂ ਗਾਤੇ = ਪ੍ਰਾਪਤੀ ਕਰਹੁ = ਕਰਾਉਣੀ ਕਰੋ ॥੧॥

## ਤਰਣ ਸਾਗਰ, ਬੋਹਿਥ ਚਰਣ ਤੁਮਾਰੇ; ਤੁਮ ਜਾਨਹੁ ਅਪੁਨੀ ਭਾਤੇ ॥

ਸੰਸਾਰ ਸਾਗਰ = ਸਮੁੰਦਰ ਤੋਂ ਤਰਣ = ਤਰਨ, ਪਾਰ ਹੋਣ ਵਾਸਤੇ ਤੁਮਾਰੇ = ਤੁਹਾਡੇ ਚਰਣ = ਪਾਦ ਬੋਹਿਥ = ਜਹਾਜ਼ ਰੂਪ ਹਨ। ਤੁਮ = ਤੁਸੀਂ ਅਪੁਨੀ = ਆਪਣੀ ਭਾਤੇ = ਭਾਂਤ, ਰੀਤੀ ਨੂੰ ਆਪ ਹੀ ਜਾਨਹੁ = ਜਾਣਦੇ ਹੋ **ਵਾ:** ਭਾਤੇ = ਪ੍ਰਕਾਸ਼ ਸਰੂਪ ਵਿਚ ਤੁਸੀਂ ਮਿਲੇ ਹੋਏ ਹੋ, ਉਸ ਸਰੂਪ ਨੂੰ ਤੁਸੀਂ ਜਾਣਦੇ ਹੋ।

## ਕਰਿ ਕਿਰਪਾ, ਜਿਸੁ ਰਾਖਹੁ ਸੰਗੇ; ਤੇ ਤੇ ਪਾਰਿ ਪਰਾਤੇ ॥੨॥

ਹੇ ਮਹਾਂਪੁਰਖੋ! ਤੁਸੀਂ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰ ਕੇ ਜਿਸੁ = ਜਿਨ੍ਹਾਂ ਨੂੰ ਆਪਣੇ ਸੰਗੇ = ਨਾਲ ਰਾਖਹੁ = ਰੱਖਦੇ ਹੋ। ਤੇ ਤੇ = ਉਹੋ ਉਹੋ ਹੀ ਸੰਸਾਰ-ਸਮੁੰਦਰ ਤੋਂ ਪਾਰਿ = ਪਾਰ ਪਰਾਤੇ = ਪੈ ਜਾਂਦੇ ਹਨ **ਵਾ:** ਪਿੱਛੇ ਪਾਰ ਪੈ ਗਏ ਸੀ, ਅਗਾਂਹ ਨੂੰ ਵੀ ਪਾਰ ਪੈ ਜਾਣਗੇ ॥੨॥

## ਈਤ ਊਤ, ਪ੍ਰਭ ਤੁਮ ਸਮਰਥਾ; ਸਭੁ ਕਿਛੁ ਤੁਮਰੈ ਹਾਥੇ ॥

ਹੇ ਪ੍ਰਭ = ਵਾਹਿਗੁਰੂ ਦੇ ਸੰਤ ਜਨੋਂ! ਤੁਮ = ਤੁਸੀਂ ਈਤ = ਇਸ ਲੋਕ ਅਤੇ ਊਤ = ਉਸ ਪਰਲੋਕ ਵਿਚ ਸਮਰਥਾ = ਸਮਰੱਥ ਹੋ। ਵਾਹਿਗੁਰੂ ਨੇ ਸਭੁ = ਸਾਰਾ ਕਿਛੁ = ਕੁਝ ਤੁਮਰੈ = ਤੁਹਾਡੇ ਹਾਥੇ = ਹੱਥ ਵਿਚ ਦਿੱਤਾ ਹੋਇਆ ਹੈ **ਅਥਵਾ** ਹੇ ਪ੍ਰਭ = ਪਰਮੇਸ਼ਰ! ਤੁਮ = ਤੁਸੀਂ ਈਤ ਊਤ = ਲੋਕ ਪਰਲੋਕ ਵਿਚ ਸਮਰਥਾ = ਸਰਬ ਸ਼ਕਤੀਮਾਨ ਹੋ, ਸਭ = ਸਾਰਾ ਕਿਛੁ = ਕੁਝ ਤੁਮਰੈ = ਤੁਹਾਡੇ ਹਾਥੈ = ਹੱਥ ਵਿਚ ਹੀ ਹੈ।

## ਐਸਾ ਨਿਧਾਨੁ ਦੇਹੁ ਮੋਕਉ, ਹਰਿ ਜਨ; ਚਲੈ ਹਮਾਰੈ ਸਾਥੇ ॥੩॥

ਹੇ ਹਰਿ = ਪਰਮੇਸ਼ਰ ਦੇ ਜਨ = ਸੰਤ ਜਨੋਂ! ਐਸਾ = ਇਸ ਤਰ੍ਹਾਂ ਦਾ ਪਰਮੇਸ਼ਰ ਦੇ ਨਾਮ ਦਾ ਨਿਧਾਨੁ = ਖ਼ਜ਼ਾਨਾ ਮੋਕਉ = ਮੈਨੂੰ ਦੇਹੁ = ਦੇਣਾ ਕਰੋ। ਜਿਹੜਾ ਇਸ ਲੋਕ ਵਿਚ ਵਿਕਾਰਾਂ ਆਦਿ ਤੋਂ ਬਚਾਉਣ ਵਾਸਤੇ ਅਤੇ ਪਰਲੋਕ ਵਿਚ ਜਮਾਂ ਆਦਿਕਾਂ ਤੋਂ ਛੁਡਾਉਣ ਵਾਸਤੇ ਹਮਾਰੈ = ਮੇਰੇ ਸਾਥੇ = ਨਾਲ ਚਲੈ = ਚੱਲਣਾ ਕਰੇ ॥੩॥

## ਨਿਰਗੁਨੀਆਰੇ ਕਉ, ਗੁਨੁ ਕੀਜੈ; ਹਰਿ ਨਾਮੁ, ਮੇਰਾ ਮਨੁ ਜਾਪੇ ॥

ਹੇ ਸੰਤ ਜਨੋਂ! ਮੈਨੂੰ ਨਿਰਗੁਨੀਆਰੇ = ਸ਼ੁਭ ਗੁਣਾਂ ਤੋਂ ਹੀਣੇ ਕਉ = ਨੂੰ ਗੁਨੁ = ਗੁਣ ਦੇਣਾ ਕੀਜੈ = ਕਰੋ ਕਿ ਮੇਰਾ ਮਨ = ਚਿਤ ਹਰਿ = ਪਰਮੇਸ਼ਰ ਦਾ ਨਾਮੁ = ਨਾਉ ਜਾਪੇ = ਜਪਦਾ ਰਹੇ।

## ਸੰਤ ਪ੍ਰਸਾਦਿ, ਨਾਨਕ ਹਰਿ ਭੇਟੇ; ਮਨ ਤਨ ਸੀਤਲ ਧ੍ਰਾਪੇ ॥੪॥੧੪॥੧੩੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਜਦੋਂ ਇਸ ਪ੍ਰਕਾਰ ਬੇਨਤੀ ਕੀਤੀ ਤਾਂ ਮੈਨੂੰ ਸੰਤ ਜਨਾਂ, ਗੁਰਾਂ ਨੇ ਪ੍ਰਸਾਦਿ = ਕਿਰਪਾ ਕਰ ਕੇ ਹਰਿ = ਹਰੀ ਅਕਾਲ ਪੁਰਖ ਦੇ ਨਾਲ ਭੇਟੇ =ਮੇਲ ਦਿੱਤਾ ਜਿਸ ਕਰਕੇ ਮੇਰਾ ਮਨ = ਹਿਰਦਾ ਵੀ ਤਨ = ਸਰੀਰ ਵੀ ਵਿਸ਼ਿਆਂ ਦੀ ਤਪਸ਼ ਤੋਂ ਸੀਤਲ = ਠੰਢਾ ਹੋ ਗਿਆ ਹੈ ਅਤੇ ਆਤਮ ਤ੍ਰਿਪਤੀ ਕਰ ਕੇ ਧ੍ਰਾਪੇ = ਰੱਜ ਗਿਆ ਹੈ ॥੪॥੧੪॥੧੩੫॥

## ਗਉੜੀ ਮਹਲਾ ੫ ॥ ਸਹਜਿ ਸਮਾਇਓ; ਦੇਵ ॥

ਹੇ ਸੰਤ ਜਨੋਂ ! ਦੇਵ = ਪ੍ਰਕਾਸ਼ ਸਰੂਪ ਬ੍ਰਹਮ ਵਿਚ ਸਹਜਿ = ਸਹਿਜੇ ਹੀ ਸਮਾਇਓ = ਸਮਾ ਗਏ ਹਾਂ **ਅਥਵਾ** ਜੋ ਸਾਰਿਆਂ ਦਾ ਦੇਵ = ਰਾਜਾ ਰੂਪ ਹੈ **ਵਾ:** ਦੇਵ = ਪੂਜਨੀਕ ਹੈ **ਵਾ:** ਦੇਵ = ਵੱਡਾ ਹੈ, ਉਸ ਵਿਚ ਸਹਜਿ = ਗਿਆਨ ਕਰ ਕੇ ਸਮਾਇਓ = ਸਮਾਉਣਾ ਹੋਇਆ ਹੈ।

## ਮੋਕਉ ਸਤਿਗੁਰ ਭਏ; ਦਇਆਲ ਦੇਵ ॥੧॥ਰਹਾਉ॥

ਹੇ ਸੰਤ ਜਨੋਂ! ਮੋ = ਮੇਰੇ ਕਉ = ਤਾਈਂ ਦੇਵ = ਪੂਜਨੀਕ ਸਤਿਗੁਰ = ਗੁਰੂ ਸਾਹਿਬ ਜੀ ਦਇਆਲ = ਦਿਆਲੂ ਭਏ = ਹੋਏ ਹਨ ॥੧॥ਰਹਾਉ॥

## ਕਾਟਿ ਜੇਵਰੀ ਕੀਓ ਦਾਸਰੋ; ਸੰਤਨ ਟਹਲਾਇਓ ॥

ਮੇਰੀ ਵਾਸ਼ਨਾ ਰੂਪੀ, ਜੰਮਣ ਮਰਣ ਰੂਪੀ, ਹਉਮੈ ਦੀ ਜੇਵਰੀ = ਫਾਹੀ ਕਾਟਿ = ਕੱਟ ਕਰ ਕੇ ਆਪਣਾ ਦਾਸਰੋ = ਸੇਵਕ ਬਣਾਉਣਾ ਕੀਓ = ਕੀਤਾ ਹੈ ਅਤੇ ਸੰਤਨ = ਸੰਤ ਜਨਾਂ ਦੀ ਟਹਲਾਇਓ = ਸੇਵਾ ਵਿਚ ਲਗਾ ਦਿੱਤਾ ਹੈ।

## ਏਕ ਨਾਮ ਕੋ, ਥੀਓ ਪੂਜਾਰੀ; ਮੋਕਉ, ਅਚਰਜੁ ਗੁਰਹਿ ਦਿਖਾਇਓ ॥੧॥

ਮੈਨੂੰ ਏਕ = ਇਕ ਪਰਮੇਸ਼ਰ ਦੇ ਨਾਮ ਕੋ = ਦਾ ਪੂਜਾਰੀ = ਪੂਜਕ ਭਾਵ ਪੂਜਾ ਕਰਨ ਵਾਲਾ ਥੀਉ = ਬਣਾ ਦਿੱਤਾ ਹੈ ਅਤੇ ਮੋਕਉ = ਮੈਨੂੰ ਗੁਰਹਿ = ਗੁਰੂ ਸਾਹਿਬ ਜੀ ਨੇ ਇਹ ਅਚਰਜੁ = ਅਸਚਰਜ ਸਰੂਪ ਪ੍ਰਗਟ ਕਰ ਕੇ ਦਿਖਾਇਓ = ਦਿਖਾ ਦਿੱਤਾ ਹੈ ॥੧॥

## ਭਇਓ ਪ੍ਰਗਾਸੁ ਸਰਬ ਉਜੀਆਰਾ; ਗੁਰ ਗਿਆਨੁ ਮਨਹਿ ਪ੍ਰਗਟਾਇਓ ॥

ਜਦੋਂ ਗੁਰਾਂ ਨੇ ਮਨਹਿ = ਮਨ ਵਿਚ ਗਿਆਨ ਪ੍ਰਗਟਾਇਓ = ਪ੍ਰਗਟ ਕਰ ਦਿੱਤਾ, ਤਦੋਂ ਸਰਬ = ਸਾਰਿਆਂ ਤਾਈਂ ਉਜੀਆਰਾ = ਪ੍ਰਕਾਸ਼ ਕਰਨ ਵਾਲਾ ਪ੍ਰਗਾਸੁ = ਪ੍ਰਕਾਸ਼ ਸਰੂਪ ਬ੍ਰਹਮ ਹਿਰਦੇ ਦੇ ਵਿੱਚੋਂ ਹੀ ਪ੍ਰਗਟ ਭਇਓ = ਹੋ ਗਿਆ।

## ਅੰਮ੍ਰਿਤੁ ਨਾਮੁ ਪੀਓ, ਮਨੁ ਤ੍ਰਿਪਤਿਆ; ਅਨਭੈ ਠਹਰਾਇਓ ॥੨॥

ਅੰਮ੍ਰਿਤੁ = ਮ੍ਰਿਤੂ ਤੋਂ ਰਹਿਤ ਕਰਨ ਵਾਲੇ ਪਰਮੇਸ਼ਰ ਦੇ ਨਾਮੁ = ਨਾਉਂ ਨੂੰ ਪੀਓ = ਪੀਣ ਕਰ ਕੇ ਮੇਰਾ ਮਨੁ = ਹਿਰਦਾ ਤ੍ਰਿਪਤਿਆ = ਰੱਜ ਗਿਆ ਹੈ ਅਤੇ ਗੁਰੂ ਸਾਹਿਬ ਜੀ ਨੇ ਅਨਭੈ = ਭੈ ਤੋਂ ਰਹਿਤ ਸਰੂਪ ਵਿਚ ਮੇਰੀ ਬਿਰਤੀ ਨੂੰ ਠਹਰਾਇਓ = ਠਹਿਰਾ, ਟਿਕਾ ਦਿੱਤਾ ਹੈ ॥੨॥ ਜੈਸਾ ਕਿ :

**ਜਹ ਅਨਭਉ ਤਹ ਭੈ ਨਹੀ ਜਹ ਭਉ ਤਹ ਹਰਿ ਨਾਹਿ ॥**
**ਕਹਿਓ ਕਬੀਰ ਬਿਚਾਰਿ ਕੈ ਸੰਤ ਸੁਨਹੁ ਮਨ ਮਾਹਿ ॥੧੮੦॥** *(ਸਲੋਕ ਕਬੀਰ ਜੀ, ਅੰਗ ੧੩੭੪)*

## ਮਾਨਿ ਆਗਿਆ, ਸਰਬ ਸੁਖ ਪਾਏ; ਦੂਖਹ ਠਾਉ ਗਵਾਇਓ ॥

ਮਹਾਰਾਜ ਜੀ ਦੀ ਆਗਿਆ = ਰਜ਼ਾ ਮਾਨਿ = ਮੰਨ ਕਰ ਕੇ ਲੋਕ ਪਰਲੋਕ ਦੇ ਸਰਬ = ਸਾਰੇ ਹੀ ਸੁਖ ਪਾਏ = ਪਾ ਲਏ ਹਨ ਅਤੇ ਦੂਖਹ = ਦੁਖਾਂ ਦੀ ਠਾਉ = ਥਾਂ ਜੋ ਅਗਿਆਨ ਸੀ, ਉਹ ਵੀ ਗਵਾਇਓ = ਗਵਾ ਦਿੱਤਾ ਹੈ, ਮੇਟ ਦਿੱਤਾ ਹੈ।

## ਜਉ, ਸੁਪ੍ਰਸੰਨ ਭਏ ਪ੍ਰਭ ਠਾਕੁਰ;
## ਸਭੁ ਆਨਦ ਰੂਪੁ ਦਿਖਾਇਓ ॥੩॥

ਜਉ = ਜਦ ਪ੍ਰਭ = ਪ੍ਰਭੂ ਠਾਕੁਰ = ਸੁਆਮੀ ਸੁਪ੍ਰਸੰਨ = ਭਲੀ ਪ੍ਰਕਾਰ ਖ਼ੁਸ਼ ਭਏ = ਹੋਏ ਤਾਂ ਸਭੁ = ਸਾਰਿਆਂ ਵਿਚ ਆਨਦ ਰੂਪੁ = ਅਨੰਦ ਸਰੂਪ ਪ੍ਰਗਟ ਕਰ ਕੇ ਦਿਖਾਇਓ = ਦਿਖਾ ਦਿੱਤਾ ਹੈ ॥੩॥

## ਨਾ ਕਿਛੁ ਆਵਤ ਨਾ ਕਿਛੁ ਜਾਵਤ;
## ਸਭੁ ਖੇਲੁ ਕੀਓ ਹਰਿ ਰਾਇਓ ॥

ਵਾਸਤਵ ਵਿਚ ਨਾ ਹੀ ਕਿਛੁ = ਕੋਈ ਜਨਮ ਧਾਰ ਕੇ ਆਵਤ = ਆਉਂਦਾ ਹੈ ਅਤੇ ਨਾ ਹੀ ਕਿਛੁ = ਕੋਈ ਮਰ ਕਰ ਕੇ ਕਿਤੇ ਜਾਵਤ = ਜਾਂਦਾ ਹੈ, ਇਹ ਤਾਂ ਹਰਿ = ਹਰੀ ਰਾਇਓ = ਰਾਜੇ ਨੇ ਸਭੁ = ਸਾਰਾ ਖੇਲੁ = ਖੇਡ ਹੀ ਕੀਓ = ਕੀਤਾ ਹੋਇਆ ਹੈ, ਬਾਜ਼ੀ ਪਾਈ ਹੋਈ ਹੈ।

## ਕਹੁ ਨਾਨਕ, ਅਗਮ ਅਗਮ ਹੈ ਠਾਕੁਰ;
## ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਠਾਕੁਰ = ਸੁਆਮੀ ਵਾਹਿਗੁਰੂ ਸ਼ਾਸਤ੍ਰਾਂ ਕਰ ਕੇ ਅਗਮ = ਗਮਤਾ ਤੋਂ ਰਹਿਤ ਹੈ ਅਤੇ ਮਨ ਦੇ ਸੰਕਲਪਾਂ ਵਿਕਲਪਾਂ ਕਰ ਕੇ ਵੀ ਅਗਮ = ਗਮਤਾ ਤੋਂ ਰਹਿਤ ਹੈ। ਭਗਤ = ਸੇਵਕ ਜਨਾਂ ਨੂੰ ਤਾਂ ਇਕ ਹਰਿ = ਹਰੀ ਦੇ ਨਾਇਓ = ਨਾਮ ਦੀ ਹੀ ਟੇਕ = ਓਟ ਹੈ ॥੪॥੧੫॥੧੩੬॥

## ਗਉੜੀ, ਮਹਲਾ ੫ ॥
## ਪਾਰਬ੍ਰਹਮ ਪੂਰਨ ਪਰਮੇਸੁਰ; ਮਨ, ਤਾ ਕੀ ਓਟ ਗਹੀਜੈ ਰੇ ॥

ਜਿਹੜਾ ਪਰਮੇਸੁਰ = ਪਰਮਾਤਮਾ ਪਾਰਬ੍ਰਹਮ = ਪ੍ਰਕ੍ਰਿਤੀ ਤੋਂ ਪਰ੍ਹੇ **ਵਾ:** ਪਾਪਾਂ ਪੁੰਨਾਂ ਤੋਂ ਪਰ੍ਹੇ ਸਾਰੇ ਬ੍ਰਹਮ = ਵਿਆਪਕ ਸਰੂਪ ਹੈ ਅਤੇ ਸਾਰਿਆਂ ਜੀਵਾਂ ਨੂੰ ਰੋਜ਼ੀ ਰੋਟੀ ਦੇ ਕੇ ਪੂਰਨ = ਪੂਰਤੀ ਕਰਨ ਵਾਲਾ ਹੈ, ਰੇ = ਹੇ ਮਨ = ਮਨਾਂ! ਤੂੰ ਤਾ = ਉਸ ਪਰਮੇਸ਼ਰ ਕੀ = ਦੀ ਹੀ ਓਟ = ਟੇਕ ਨੂੰ ਗਹੀਜੈ = ਗ੍ਰਹਿਣ ਕਰ।

## ਜਿਨਿ ਧਾਰੇ, ਬ੍ਰਹਮੰਡ ਖੰਡ ਹਰਿ;
## ਤਾ ਕੋ ਨਾਮੁ ਜਪੀਜੈ ਰੇ ॥੧॥ਰਹਾਉ॥

ਜਿਨਿ = ਜਿਸ ਹਰਿ = ਹਰੀ ਪਰਮੇਸ਼ਰ ਨੇ ਬ੍ਰਹਮੰਡ = ਗੋਲਾਕਾਰ ਸੰਸਾਰ ਅਤੇ ਨੌਂ ਖੰਡ = ਧਰਤੀ ਦੇ ਭਾਗ, ਟੁਕੜੇ ਆਪਣੇ ਆਸਰੇ ਧਾਰੇ = ਧਾਰਨ ਕੀਤੇ ਹੋਏ ਹਨ **ਵਾ:** ਬ੍ਰਹਮੰਡ ਦੀ ਨਿਆਈਂ, ਵੈਰਾਟ ਰੂਪ ਅਤੇ ਖੰਡ ਦੀ ਨਿਆਈਂ ਇਹ ਸਥੂਲ ਸਰੀਰ ਸਭ ਆਪ ਦੇ ਆਸਰੇ ਧਾਰਨ ਕੀਤੇ ਹੋਏ ਹਨ ਇਸ ਲਈ ਰੇ = ਹੇ ਮਨਾ! ਤੂੰ ਤਾ = ਉਸ ਪਰਮੇਸ਼ਰ ਕੋ = ਦਾ ਨਾਮ ਜਪੀਜੈ = ਜਪਣਾ ਕਰ ॥੧॥ਰਹਾਉ॥

## ਮਨ ਕੀ ਮਤਿ, ਤਿਆਗਹੁ ਹਰਿ ਜਨ; ਹੁਕਮੁ ਬੂਝਿ, ਸੁਖੁ ਪਾਈਐ ਰੇ ॥

ਰੇ = ਹੇ ਹਰਿ = ਹਰੀ ਦੇ ਜਨ = ਜਨੋਂ ! ਆਪਣੇ ਮਨ = ਅੰਤਸ਼ਕਰਣ ਕੀ = ਦੀ ਮਤਿ = ਅਕਲ ਤਿਆਗਹੁ = ਛੱਡਣਾ ਕਰੋ, ਕਿਉਂਕਿ ਉਸ ਦਾ ਹੁਕਮੁ = ਭਾਣਾ ਬੂਝਿ = ਸਮਝ ਕੇ ਹੀ ਆਗਿਆ ਸੁਖੁ = ਅਨੰਦ ਪਾਈਐ = ਪਾਈਦਾ ਹੈ।

## ਜੋ ਪ੍ਰਭੁ ਕਰੈ, ਸੋਈ ਭਲ ਮਾਨਹੁ; ਸੁਖਿ ਦੁਖਿ, ਓਹੀ ਧਿਆਈਐ ਰੇ ॥੧॥

ਰੇ = ਹੇ ਭਾਈ ! ਜੋ = ਜਿਹੜਾ ਕੁਝ ਵੀ ਪ੍ਰਭ = ਵਾਹਿਗੁਰੂ ਕਰੈ = ਕਰ ਰਿਹਾ ਹੈ, ਸੋਈ = ਉਸ ਨੂੰ ਭਲ = ਭਲਾ ਕਰ ਕੇ ਮਾਨਹੁ = ਮੰਨਣਾ ਕਰੋ ਅਤੇ ਸੁਖ ਵੇਲੇ, ਦੁਖਿ = ਦੁਖ ਵੇਲੇ ਓਹੀ = ਉਸੇ ਵਾਹਿਗੁਰੂ ਨੂੰ ਧਿਆਈਐ = ਧਿਆਉਣਾ ਕਰੋ ॥੧॥

## ਕੋਟਿ ਪਤਿਤ, ਉਧਾਰੇ ਖਿਨ ਮਹਿ; ਕਰਤੇ ਬਾਰ ਨ ਲਾਗੈ ਰੇ ॥

ਰੇ = ਹੇ ਭਾਈ ! ਉਸ ਵਾਹਿਗੁਰੂ ਨੇ ਕੋਟਿ = ਕਰੋੜਾਂ ਹੀ ਪਤਿਤ = ਪਾਪੀ ਇਕ ਖਿਨ = ਛਿਨ ਮਹਿ = ਵਿਚ ਹੀ ਉਧਾਰੇ = ਉਧਾਰ ਦਿੱਤੇ ਹਨ, ਉਸ ਕਰਤੇ = ਕਰਨ ਵਾਲੇ ਕਰਤੇ ਪੁਰਖ ਨੂੰ ਉਧਾਰਨ ਲੱਗਿਆਂ ਬਾਰ = ਦੇਰੀ ਨ = ਨਹੀਂ ਲਾਗੈ = ਲੱਗਦੀ।

## ਦੀਨ ਦਰਦ ਦੁਖ ਭੰਜਨ ਸੁਆਮੀ; ਜਿਸੁ ਭਾਵੈ ਤਿਸਹਿ ਨਿਵਾਜੈ ਰੇ ॥੨॥

ਰੇ = ਹੇ ਭਾਈ ! ਉਹ ਤਾਂ ਦੀਨ = ਗ਼ਰੀਬਾਂ ਦੇ ਦਰਦ = ਪੀੜਾਂ ਨੂੰ ਅਤੇ ਜੰਮਣ ਮਰਣ ਰੂਪੀ ਦੁਖ = ਕਸ਼ਟ ਨੂੰ ਭੰਜਨ = ਭੰਨਣ ਵਾਲਾ ਸੁਆਮੀ = ਮਾਲਕ ਪਰਮੇਸ਼ਰ ਹੈ। ਜਿਸੁ = ਜਿਸ ਦੀ ਉਸ ਨੂੰ ਸ਼ਰਧਾ, ਭਗਤੀ ਭਾਵੈ = ਭਾਅ ਜਾਂਦੀ ਹੈ, ਤਿਸਹਿ = ਉਸ ਨੂੰ ਨਿਵਾਜੈ = ਨਿਵਾਜ ਲੈਂਦਾ ਹੈ **ਵਾ:** ਵਡਿਆਈਆਂ ਦੇਂਦਾ ਹੈ ॥੨॥

## ਸਭ ਕੋ, ਮਾਤ ਪਿਤਾ ਪ੍ਰਤਿਪਾਲਕ; ਜੀਅ ਪ੍ਰਾਨ ਸੁਖ ਸਾਗਰੁ ਰੇ ॥

ਰੇ = ਹੇ ਭਾਈ ! ਉਹ ਪਰਮੇਸ਼ਰ ਸਭ = ਸਾਰਿਆਂ ਕੋ = ਦਾ ਮਾਤ = ਮਾਤਾ ਪਿਤਾ = ਪਿਓ ਦੀ ਨਿਆਈਂ ਪ੍ਰਤਿਪਾਲਕ = ਪਾਲਣਾ ਪੋਖਣਾ ਕਰਨ ਵਾਲਾ ਹੈ, ਉਹ ਸਾਰੇ ਜੀਅ = ਜੀਵਾਂ ਨੂੰ ਪ੍ਰਾਨ = ਸ੍ਵਾਸ ਦੇਣ ਵਾਲਾ **ਵਾ:** ਸੂਖਮ ਸਰੀਰ, ਸਥੂਲ ਸਰੀਰ ਦੇਣ ਵਾਲਾ ਸੁਖ = ਸੁੱਖਾਂ ਦਾ ਸਾਗਰੁ = ਸਮੁੰਦਰ ਹੈ।

## ਦੇਂਦੇ ਤੋਟਿ ਨਾਹੀ, ਤਿਸੁ ਕਰਤੇ; ਪੂਰਿ ਰਹਿਓ ਰਤਨਾਗਰੁ ਰੇ ॥੩॥

ਰੇ = ਹੇ ਭਾਈ ! ਤਿਸੁ = ਉਸ ਕਰਤੇ = ਰਚਣਹਾਰ ਪਰਮੇਸ਼ਰ ਦੇ ਦਾਤ ਦੇਂਦੇ = ਦਿੰਦਿਆਂ ਤੋਟਿ = ਤੋਟਾ, ਘਾਟਾ ਨਾਹੀ = ਨਹੀਂ ਆਉਂਦਾ, ਉਹ ਹਰੇਕ ਨੂੰ ਰੋਜ਼ੀ ਰੋਟੀ ਦੇ ਕੇ ਪੂਰਿ = ਪੂਰਤੀ ਕਰ ਰਹਿਓ = ਰਿਹਾ ਹੈ ਅਤੇ ਸ਼ੁਭ ਗੁਣਾਂ ਰੂਪੀ ਰਤਨਾਗਰੁ = ਰਤਨਾਂ ਦੀ ਖਾਣ ਹੈ **ਵਾ:** ਸ਼ੁਭ ਗੁਣਾਂ ਦਾ ਸਮੁੰਦਰ ਹੈ ॥੩॥

## ਜਾਚਿਕੁ, ਜਾਚੈ ਨਾਮੁ ਤੇਰਾ ਸੁਆਮੀ; ਘਟ ਘਟ ਅੰਤਰਿ ਸੋਈ ਰੇ ॥

ਇਸ ਪ੍ਰਕਾਰ ਭਿੱਖਕ ਹੋ ਕੇ ਇਹੀ ਮੰਗੀਏ ਕਿ ਹੇ ਸੁਆਮੀ = ਮਾਲਕ ਪਰਮੇਸ਼ਰ ! ਮੈਂ ਜਾਚਿਕੁ = ਮੰਗਤਾ ਬਣ ਕੇ ਤੇਰਾ = ਤੁਹਾਡਾ ਨਾਮ ਹੀ ਜਾਚੈ = ਮੰਗਦਾ ਹਾਂ, ਚਾਹੁੰਦਾ ਹਾਂ ਕਿਉਂਕਿ ਸੋਈ = ਉਹੀ ਕੇਵਲ ਤੇਰਾ ਸਰੂਪ ਹੀ ਚਾਰੇ ਖਾਣੀਆਂ ਦੇ ਘਟ ਘਟ = ਘਟਾਂ ਘਟਾਂ ਦੇ ਅੰਤਰਿ = ਅੰਦਰ ਵਿਆਪਕ ਹੈ।

## ਨਾਨਕੁ ਦਾਸੁ, ਤਾ ਕੀ ਸਰਣਾਈ; ਜਾ ਤੇ ਬ੍ਰਿਥਾ ਨ ਕੋਈ ਰੇ ॥੪॥੧੬॥੧੩੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਰੇ = ਹੇ ਭਾਈ ! ਦਾਸੁ = ਦਾਸਾ-ਭਾਵ ਧਾਰਨ ਕਰ ਕੇ ਤਾ = ਉਸ ਵਾਹਿਗੁਰੂ ਕੀ = ਦੀ ਸਰਣਾਈ = ਸ਼ਰਣ ਵਿਚ ਆਏ ਹਾਂ। ਜਾ = ਜਿਸ ਵਾਹਿਗੁਰੂ ਦੇ ਦਰ ਤੇ = ਤੋਂ ਕੋਈ ਇਕ ਵੀ ਬ੍ਰਿਥਾ = ਖ਼ਾਲੀ ਨ = ਨਹੀਂ ਜਾਂਦਾ ਹੈ, ਭਾਵ ਉਹ ਸਭਨਾਂ ਨੂੰ ਦਾਤਾਂ ਦੇਂਦਾ ਹੈ **ਵਾ:** ਜਿਸ ਵਾਹਿਗੁਰੂ ਦੇ ਦਰ ਵਿਚ ਜਾਣ ਤੋਂ ਕੋਈ ਅਵਿੱਦਿਆ ਆਦਿ ਬ੍ਰਿਥਾ = ਪੀੜਾ ਨਹੀਂ ਹੁੰਦੀ ॥੪॥੧੬॥੧੩੭॥

[ਅੰਗ ੨੧੦]

## ਰਾਗੁ ਗਉੜੀ ਪੂਰਬੀ ਮਹਲਾ ੫ ੧ਓ ਸਤਿਗੁਰ ਪ੍ਰਸਾਦਿ ॥

ਰਾਗ ਗਉੜੀ ਸ਼ੁੱਧ ਅਤੇ ਪੂਰਬੀ ਗਉੜੀ ਨੂੰ ਮਿਲਾ ਕੇ ਪੰਜਵੇਂ ਪਾਤਿਸ਼ਾਹ ਜੀ ਸ਼ੁਭ ਸਿੱਖਿਆ ਦਿੰਦੇ ਹੋਏ ਫ਼ੁਰਮਾਉਂਦੇ ਹਨ। ੧ = ਅਦ੍ਵੈਤ ਸਰੂਪ ਬ੍ਰਹਮ ਓ = ਸਰਬ ਦਾ ਪ੍ਰਕਾਸ਼ਕ ਜੋ ਸਤਿਗੁਰ = ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਹਰਿ ਹਰਿ; ਕਬਹੂ ਨ ਮਨਹੁ ਬਿਸਾਰੇ ॥

ਹੇ ਜੀਵ ! ਹਰਿ = ਹਰੇਕ ਨੂੰ ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਨੂੰ ਕਬਹੂ = ਕਦੇ ਵੀ ਆਪਣੇ ਮਨਹੁ = ਮਨ ਵਿੱਚੋਂ ਬਿਸਾਰੇ = ਭੁਲਾਉਣਾ ਨ = ਨਾ ਕਰੀਏ।

## ਈਹਾ ਊਹਾ ਸਰਬ ਸੁਖਦਾਤਾ; ਸਗਲ ਘਟਾ ਪ੍ਰਤਿਪਾਰੇ ॥੧॥ਰਹਾਉ॥

ਜੋ ਈਹਾ ਊਹਾ = ਲੋਕ ਪਰਲੋਕ ਵਿਚ ਸਰਬ = ਸਾਰਿਆਂ ਸੁਖਦਾਤਾ = ਸੁੱਖਾਂ ਨੂੰ ਦੇਣ ਵਾਲਾ ਹੈ ਅਤੇ ਸਗਲ = ਸਾਰਿਆਂ ਘਟਾ = ਸਰੀਰਾਂ ਤਾਈਂ ਪ੍ਰਤਿਪਾਰੇ = ਪਾਲਣਾ ਕਰਨ ਵਾਲਾ ਹੈ ॥੧॥ਰਹਾਉ॥

## ਮਹਾ ਕਸਟ ਕਾਟੈ ਖਿਨ ਭੀਤਰਿ; ਰਸਨਾ ਨਾਮੁ ਚਿਤਾਰੇ ॥

ਪ੍ਰੀਤ ਰੂਪੀ ਰਸਨਾ = ਜੀਭਾ ਨਾਲ ਉਸ ਦੇ ਨਾਮ ਨੂੰ ਚਿਤਾਰੇ = ਚਿਤਾਰਨਾ, ਉਚਾਰਨੇ ਕਰ ਕੇ, ਪਰਮੇਸ਼ਰ ਮਹਾ = ਬਹੁਤ ਵੱਡੇ ਕਸਟ = ਦੁਖਾਂ ਨੂੰ ਖਿਨ = ਛਿਨ ਭੀਤਰਿ = ਵਿਚ ਹੀ ਕਾਟੈ = ਕੱਟ ਦਿੰਦਾ ਹੈ।

## ਸੀਤਲ ਸਾਂਤਿ ਸੂਖ ਹਰਿ ਸਰਣੀ; ਜਲਤੀ ਅਗਨਿ ਨਿਵਾਰੇ ॥੧॥

ਜਿਹੜੇ ਪੁਰਸ਼ ਹਰਿ = ਪਰਮੇਸ਼ਰ ਦੀ ਸਰਣੀ = ਓਟ ਵਿਚ ਪੈਂਦੇ ਹਨ, ਉਹ ਆਤਮਾਨੰਦ ਰੂਪੀ ਸੂਖ = ਸੁਖ ਨੂੰ ਪ੍ਰਾਪਤ ਕਰ ਕੇ ਸਾਂਤਿ = ਅਮਨ, ਚੈਨ ਦੇ ਸਹਿਤ ਸੀਤਲ = ਠੰਢੇ ਹੋ ਗਏ ਹਨ ਅਤੇ ਪਹਿਲਾ ਜੋ ਤ੍ਰਿਸ਼ਨਾ ਦੀ ਕਾਲ ਦੀ ਕ੍ਰੋਧ, ਈਰਖਾ ਆਦਿ ਦੀ ਅਗਨਿ = ਅੱਗ ਜਲਤੀ = ਬਲਦੀ ਪਈ ਸੀ, ਉਹ ਸਾਰੀ ਨਿਵਾਰੇ = ਨਵਿਰਤ ਹੋ ਗਈ ਹੈ ॥੧॥

## ਗਰਭ ਕੁੰਡ, ਨਰਕ ਤੇ ਰਾਖੈ; ਭਵਜਲੁ ਪਾਰਿ ਉਤਾਰੇ ॥

ਉਹ ਪਰਮੇਸ਼ਰ ਮਾਤਾ ਦੇ ਗਰਭ = ਕੁੱਖ ਰੂਪੀ ਕੁੰਡ = ਟੋਏ ਅਤੇ ਨਰਕ ਤੇ = ਤੋਂ ਰਾਖੈ = ਰੱਖਣ ਵਾਲਾ ਹੈ ਅਤੇ ਭਵਜਲੁ = ਸੰਸਾਰ-ਸਮੁੰਦਰ ਤੋਂ ਵੀ ਪਾਰਿ = ਪਾਰ ਉਤਾਰੇ = ਉਤਾਰਨ ਵਾਲਾ ਹੈ **ਅਥਵਾ** ਹੇ ਮਹਾਰਾਜ ਜਿਵੇਂ ਤੁਸੀਂ ਮੈਨੂੰ ਮਾਤਾ ਦੇ ਗਰਭ = ਪੇਟ ਵਿਚ ਕੁੰਡ = ਸੰਭਾਲਣਾ ਕੀਤਾ ਹੈ, ਇਵੇਂ ਹੀ ਨਰਕ = ਪਾਪੀ

ਪੁਰਸ਼ਾਂ ਦੇ ਦੋਸ਼ ਤੇ = ਤੋਂ ਰਾਖੈ = ਰੱਖਿਆ ਕਰਨੀ ਤੇ ਭਵਜਲੁ = ਸੰਸਾਰ-ਸਮੁੰਦਰ ਤੋਂ ਪਾਰਿ = ਪਾਰ ਮੁਕਤੀ ਰੂਪ ਕਿਨਾਰੇ ਤੇ ਉਤਾਰੇ = ਉਤਾਰ ਦੇਣਾ।

## ਚਰਨ ਕਮਲ, ਆਰਾਧਤ ਮਨ ਮਹਿ; ਜਮ ਕੀ ਤ੍ਰਾਸ ਬਿਦਾਰੇ ॥੨॥

ਜਿਹੜਾ ਪਰਮੇਸ਼ਰ ਦੇ ਚਰਣਾਂ ਕਮਲਾਂ ਨੂੰ ਆਪਣੇ ਮਨ = ਹਿਰਦੇ ਮਹਿ = ਵਿਚ ਆਰਾਧਤ = ਅਰਾਧਦਾ ਚੇਤੇ ਕਰਦਾ ਹੈ, ਪਰਮੇਸ਼ਰ ਉਸ ਦੇ ਮਨ ਵਿੱਚੋਂ ਜਮ = ਜਮਾਂ ਕੀ = ਦੀ ਤ੍ਰਾਸ = ਖ਼ੌਫ਼ਤਾਈ, ਡਰ ਬਿਦਾਰੇ = ਨਾਸ ਕਰ ਦਿੰਦਾ ਹੈ ॥੨॥

## ਪੂਰਨ ਪਾਰਬ੍ਰਹਮ ਪਰਮੇਸੁਰ; ਊਚਾ ਅਗਮ ਅਪਾਰੇ ॥

ਸਾਰਿਆਂ ਦੀ ਪੂਰਨ = ਪੂਰਤੀ ਕਰਨ ਵਾਲਾ, ਪਾਰਬ੍ਰਹਮ = ਉਪਾਧੀ ਰਹਿਤ ਵਿਆਪਕ ਪਰਮੇਸੁਰ = ਵਾਹਿਗੁਰੂ, ਸਭ ਤੋਂ ਊਚਾ = ਸ੍ਰੇਸ਼ਟ, ਉੱਤਮ ਮਨ ਦੇ ਸੰਕਲਪਾਂ ਵਿਕਲਪਾਂ ਦੀ ਅਗਮ = ਗੰਮਤਾ ਤੋਂ ਰਹਿਤ, ਪ੍ਰਕਿਰਤੀ ਦੇ ਅਪਾਰੇ = ਪਾਰਾਵਾਰ ਤੋਂ ਰਹਿਤ ਹੈ।

## ਗੁਣ ਗਾਵਤ, ਧਿਆਵਤ ਸੁਖ ਸਾਗਰ; ਜੂਏ ਜਨਮੁ ਨ ਹਾਰੇ ॥੩॥

ਜਿਹੜਾ ਸੁਖ = ਅਨੰਦ ਦੇ ਸਾਗਰ = ਸਮੁੰਦਰ ਪਰਮੇਸ਼ਰ ਦੇ ਗੁਣ = ਜਸ ਨੂੰ ਰਸਨਾ ਨਾਲ ਗਾਵਤ = ਗਾਉਂਦਾ ਹੈ ਤੇ ਮਨ ਨਾਲ ਧਿਆਵਤ = ਧਿਆਉਂਦਾ ਹੈ, ਉਹ ਸ਼ਬਦ, ਸਪਰਸ਼, ਰੂਪ, ਰਸ, ਗੰਧ ਰੂਪੀ ਜੂਏ = ਜੂਪ ਵਿਚ **ਵਾ:** ਜੂਏ = ਛਲ ਰੂਪੀ ਸੰਸਾਰ ਵਿਚ ਆਪਣੇ ਮਨੁੱਖਾ ਜਨਮ ਨੂੰ ਹਾਰੇ = ਹਾਰਦਾ ਨ = ਨਹੀਂ ਹੈ ॥੩॥ ਇਸ ਲਈ ਆਪਾਂ ਵੀ ਉਸ ਪਰਮੇਸ਼ਰ ਅੱਗੇ ਇਸ ਪ੍ਰਕਾਰ ਬੇਨਤੀ ਕਰੀਏ ਕਿ :

## ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ; ਨਿਰਗੁਣ ਕੇ ਦਾਤਾਰੇ ॥

(ਦੂਸਰਾ ਪਾਠ **ਦਾਤਾ ਰੇ**)

ਹੇ ਮਹਾਰਾਜ! ਮੇਰਾ ਮਨ ਕਾਮਿ = ਕਾਮ ਵਿਚ, ਕ੍ਰੋਧਿ = ਕ੍ਰੋਧ (ਗ਼ੁੱਸੇ) ਵਿਚ ਲੋਭਿ = ਲਾਲਚ ਵਿਚ ਮੋਹਿ = ਮੋਹ (ਅਸਨੇਹ) ਵਿਚ ਲੀਨੋ = ਲੀਨ ਹੋ ਰਿਹਾ ਹੈ। ਮੇਰੇ ਨਿਰਗੁਣ = ਗੁਣਾਂ ਤੋਂ ਹੀਣੇ ਕੇ = ਦੇ ਤੁਸੀਂ ਹੀ ਦਾਤਾਰੇ = ਦਾਤੇ ਹੋ, ਭਾਵ ਮੇਰੇ ਕੋਲ ਕਾਮ ਨੂੰ ਮਾਰਨ ਲਈ ਵਸਤ ਵਿਚਾਰ ਰੂਪੀ ਗੁਣ ਨਹੀਂ ਹੈ, ਕ੍ਰੋਧ ਨੂੰ ਮਾਰਨ ਲਈ ਸ਼ਾਂਤੀ ਨਹੀਂ ਹੈ, ਲੋਭ ਲਈ ਸੰਤੋਖ ਨਹੀਂ ਹੈ ਅਤੇ ਮੋਹ ਵਾਸਤੇ ਬਿਬੇਕ ਨਹੀਂ ਹੈ। ਤੁਸੀਂ ਹੀ ਸ਼ੁਭ ਗੁਣਾਂ ਨੂੰ ਦੇਣ ਵਾਲੇ ਦਾਤੇ ਹੋ।

## ਕਰਿ ਕਿਰਪਾ ਅਪੁਨੋ ਨਾਮੁ ਦੀਜੈ;<br>ਨਾਨਕ ਸਦ ਬਲਿਹਾਰੇ ॥੪॥੧॥੧੩੮॥

ਤੁਸੀਂ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰ ਕੇ ਵਿਕਾਰਾਂ ਨੂੰ ਮੇਟਣ ਵਾਸਤੇ ਅਪੁਨੋ = ਆਪਣਾ ਨਾਮ ਦੀਜੈ = ਦੇਣਾ ਕਰੋ, ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੈਂ ਸਦ = ਹਮੇਸ਼ਾਂ ਆਪ ਤੋਂ ਬਲਿਹਾਰੇ = ਕੁਰਬਾਨ ਵਾਰਨੇ ਜਾਂਦਾ ਹਾਂ ॥੪॥੧॥੧੩੮॥

## ਰਾਗੁ ਗਉੜੀ ਚੇਤੀ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

ਸਿੱਖਾਂ ਨੇ ਸਤਿਗੁਰੂ ਸਾਹਿਬ ਜੀ ਅੱਗੇ ਬੇਨਤੀ ਕੀਤੀ ਕਿ ਹੇ ਮਹਾਰਾਜ! ਸੁਖ ਕਿਸ ਪ੍ਰਕਾਰ ਪ੍ਰਾਪਤ ਕੀਤਾ ਜਾ ਸਕਦਾ ਹੈ। ਤਦ ਸਤਿਗੁਰੂ ਸਾਹਿਬ ਜੀ ਰਾਗ ਗਉੜੀ ਦੀ ਚੇਤੀ ਜਾਤੀ ਵਿਚ ਇਹ ਪਾਵਨ ਸ਼ਬਦ ਉਚਾਰਨ ਕਰਦੇ ਹਨ।

੧ = ਅਦ੍ਵੈਤ ਸਰੂਪ ਪਰਮਾਤਮਾ, ਓਂ = ਸਾਰਿਆਂ ਦਾ ਪ੍ਰਕਾਸ਼ਕ ਜੋ ਸਤਿਗੁਰ = ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਸੁਖੁ ਨਾਹੀ ਰੇ; ਹਰਿ ਭਗਤਿ ਬਿਨਾ ॥

ਰੇ = ਹੇ ਭਾਈ ! ਹਰਿ = ਪਰਮੇਸ਼ਰ ਦੀ ਸ਼੍ਰਵਣ ਰੂਪ, ਸਿਮਰਨ ਰੂਪ ਭਗਤਿ = ਭਗਤੀ ਕਰਨ ਤੋਂ ਬਿਨਾ = ਬਗ਼ੈਰ ਕਿਸੇ ਪ੍ਰਕਾਰ ਸੁਖ = ਕੁਸਲ, ਅਨੰਦ ਪ੍ਰਾਪਤ ਨਾਹੀ = ਨਹੀਂ ਹੋ ਸਕਦਾ।

## ਜੀਤਿ ਜਨਮੁ, ਇਹੁ ਰਤਨੁ ਅਮੋਲਕੁ;
## ਸਾਧਸੰਗਤਿ ਜਪਿ ਇਕ ਖਿਨਾ ॥੧॥ਰਹਾਉ॥

ਇਸ ਕਰਕੇ ਸਾਧਸੰਗਤਿ = ਸਾਧੂਆਂ, ਮਹਾਂਪੁਰਖਾਂ ਦੀ ਸੰਗਤ ਵਿਚ ਮਿਲ ਕਰ ਕੇ ਇਕ ਖਿਨਾ = ਛਿਨ ਮਾਤ੍ਰ ਪਰਮੇਸ਼ਰ ਦੇ ਨਾਮ ਨੂੰ ਜਪਿ = ਜਪ ਕਰ ਕੇ ਇਹ ਰਤਨੁ = ਮਾਣਿਕਾਂ ਦੀ ਨਿਆਈਂ ਅਮੋਲਕੁ = ਬੇਕੀਮਤੀ ਮਨੁੱਖਾ ਜਨਮ ਨੂੰ ਜੀਤਿ = ਜਿੱਤਣਾ ਕਰੋ ॥੧॥ਰਹਾਉ॥

## ਸੁਤ ਸੰਪਤਿ; ਬਨਿਤਾ ਬਿਨੋਦ ॥ ਛੋਡਿ ਗਏ; ਬਹੁ ਲੋਗ ਭੋਗ ॥੧॥

ਸੁਤ = ਪੁੱਤਰ, ਸੰਪਤਿ = ਧਨ ਪਦਾਰਥ, ਬਿਭੂਤੀ, ਬਨਿਤਾ = ਇਸਤਰੀ ਆਦਿਕਾਂ ਦੇ ਜੋ ਬਿਨੋਦ = ਕੌਤਕ, ਉਤਸ਼ਾਹ ਹਨ, ਇਨ੍ਹਾਂ ਭੋਗ ਪਦਾਰਥਾਂ ਨੂੰ ਭੋਗ = ਭੋਗਦੇ ਹੋਏ ਬਹੁ = ਬਹੁਤ ਸਾਰੇ ਲੋਗ = ਲੋਕ ਛੋਡਿ = ਛੱਡ ਕਰ ਕੇ ਚਲੇ ਗਏ, ਕੂਚ ਕਰ ਗਏ ਹਨ ॥੧॥

## ਹੈਵਰ ਗੈਵਰ; ਰਾਜ ਰੰਗ ॥ ਤਿਆਗਿ ਚਲਿਓ ਹੈ; ਮੂੜ ਨੰਗ ॥੨॥

ਹੈਵਰ (ਹੈ+ਵਰ) ਵਰ = ਸ੍ਰੇਸ਼ਟ ਦਰਿਆਈ ਹੈ = ਘੋੜੇ ਗੈਵਰ (ਗੈ+ਵਰ) ਵਰ = ਸ੍ਰੇਸ਼ਟ ਚਿੱਟੇ ਐਰਾਵਤ ਗੈ = ਹਾਥੀ ਰਾਜ = ਰਾਜ ਭਾਗ ਦੀ ਪ੍ਰਾਪਤੀ ਅਤੇ ਰਾਜਸੀ ਦੇ ਰੰਗ = ਢੰਗ ਤਰੀਕੇ **ਵਾ:** ਅਨੇਕਾਂ ਤਰ੍ਹਾਂ ਦੇ ਰਾਜ ਭਾਗ ਦੇ ਰੰਗ = ਅਨੰਦ ਮਾਨਣੇ। ਇਹ ਸਭ ਕੁਝ ਮੂੜ = ਮੂਰਖ ਜੀਵ ਤਿਆਗ = ਛੱਡ ਕਰ ਕੇ ਨੰਗ = ਨੰਗਾ ਹੋ ਕੇ ਬੇਪਤ ਹੋ ਕੇ ਚਲਿਓ = ਚਲਿਆ ਜਾਂਦਾ ਹੈ, ਭਾਵ ਪਰਮੇਸ਼ਰ ਦੀ ਪ੍ਰਾਪਤੀ ਤੋਂ ਬਿਨਾਂ ਇਹ ਸਭ ਤੋਂ ਖ਼ਾਲੀ ਹੀ ਨਰਕਾਂ ਆਦਿ ਜੂਨਾਂ ਵਿਚ ਬੇਪਤ ਹੋ ਕੇ ਤੁਰਦਾ ਫਿਰਦਾ ਹੈ ॥੨॥

## ਚੋਆ ਚੰਦਨ ਦੇਹ; ਫੂਲਿਆ ॥ ਸੋ ਤਨੁ; ਧਰ ਸੰਗਿ ਰੂਲਿਆ ॥੩॥

ਜਿਹੜਾ ਚੋਆ = ਅਗਰ ਦੀ ਲੱਕੜ ਤੋਂ ਟਪਕਾਇਆ ਹੋਇਆ ਤੇਲ, ਗੁਲਾਬ ਕੇਵੜੇ ਆਦਿਕਾਂ ਅਰਕ ਅਤੇ ਚੰਦਨ = ਸੁਗੰਧੀ ਵਾਲੇ ਬ੍ਰਿਛ **ਵਾ:** ਚੋਆ = ਅਗਰ ਦਾ ਤੇਲ ਅਤੇ ਚੰਦਨ, ਚੰਦਨ ਦਾ ਤੇਲ ਆਦਿਕ ਦੇਹ = ਸਰੀਰ ਉੱਪਰ ਮਲ ਕੇ ਹੰਕਾਰ ਵਿਚ ਫੂਲਿਆ = ਫੁੱਲਿਆ ਫਿਰਦਾ ਹੈ ਕਿ ਮੇਰੇ ਵਰਗਾ ਕਿਸੇ ਦਾ ਸੁੰਦਰ ਸਰੀਰ ਹੀ ਨਹੀਂ ਹੈ। ਸੋ = ਉਹ ਤਨੁ = ਸਰੀਰ ਅੰਤ ਨੂੰ ਧਰ = ਧਰਤੀ ਦੇ ਸੰਗਿ = ਨਾਲ ਰੂਲਿਆ = ਮਿਲ ਜਾਣਾ ਹੈ। ਜੇਕਰ ਚਿਖਾ ਵਿਚ ਸੜਿਆ ਤਾਂ ਵੀ ਖਾਕ ਬਣ ਕੇ ਮਿੱਟੀ ਵਿਚ ਰੁਲਣਾ ਹੈ, ਜੇਕਰ ਕਬਰ ਵਿਚ ਦੱਬਿਆ ਤਾਂ ਵੀ ਮਿੱਟੀ ਵਿਚ ਮਿਲ ਜਾਣਾ ਹੈ ॥੩॥

## ਮੋਹਿ ਮੋਹਿਆ; ਜਾਨੈ ਦੂਰਿ ਹੈ ॥ ਕਹੁ ਨਾਨਕ; ਸਦਾ ਹਦੂਰਿ ਹੈ ॥੪॥੧॥੧੩੯॥

ਇਸ ਤਰ੍ਹਾਂ ਜੀਵ ਪਦਾਰਥਾਂ, ਸਰੀਰਾਂ ਦੇ ਮੋਹਿ = ਮੋਹ ਵਿਚ ਮੋਹਿਆ = ਮੋਹਿਤ ਹੋਇਆ ਪਰਮੇਸ਼ਰ ਨੂੰ ਆਪਣੇ ਤੋਂ ਦੂਰਿ ਜਾਨੈ = ਜਾਣਦਾ ਹੈ।

ਪ੍ਰੰਤੂ ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਜੀਵ ਉਹ ਪਰਮੇਸ਼ਰ ਸਦਾ = ਹਮੇਸ਼ਾ ਹਦੂਰਿ = ਨੇੜੇ ਤੋਂ ਭੀ ਨੇੜੇ ਹੈ **ਅਥਵਾ** ਇਹ ਜੀਵ ਪਰਿਵਾਰ ਦੇ ਮੋਹ ਦਾ ਮੋਹਿਆ ਹੋਇਆ ਮੌਤ ਨੂੰ ਦੂਰ ਜਾਣਦਾ ਹੈ ਕਿ ਮੈਂ ਨਹੀਂ ਅਜੇ ਮਰਦਾ, ਪ੍ਰੰਤੂ ਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ! ਮੌਤ ਦਾ ਸਮਾ ਸਦਾ = ਸਦੀਵ ਕਾਲ ਹਦੂਰਿ = ਨੇੜੇ ਜਾਣੋ ॥੪॥੧॥੧੩੯॥

## ਗਉੜੀ, ਮਹਲਾ ੫ ॥

## ਮਨ ਧਰ; ਤਰਬੇ ਹਰਿ ਨਾਮ ਨੋ ॥

ਹੇ ਮੇਰੇ ਪਿਆਰੇ! ਸੰਸਾਰ-ਸਮੁੰਦਰ ਤੋਂ ਤਰਬੇ = ਤਰਣ ਲਈ ਹਰਿ = ਪਰਮੇਸ਼ਰ ਦੇ ਨਾਮ ਨੋ = ਨੂੰ ਆਪਣੇ ਮਨ = ਹਿਰਦੇ ਵਿਚ ਧਰ = ਧਾਰਨ ਕਰੋ।

## ਸਾਗਰ ਲਹਰਿ ਸੰਸਾ ਸੰਸਾਰੁ; ਗੁਰੁ ਬੋਹਿਥੁ ਪਾਰਗਰਾਮਨੋ ॥੧॥ਰਹਾਉ॥

(ਪਾਰ-ਗਰਾਮਨੋ ਦਾ ਉਚਾਰਣ ਡੈਸ਼ ਲੱਗਾ ਕੇ ਹੈ)

ਇਸ ਸੰਸਾਰੁ = ਜਗਤ ਰੂਪੀ ਸਾਗਰ = ਸਮੁੰਦਰ ਵਿਚ ਅਨੇਕਾਂ ਹੀ ਸੰਸਾ = ਸੰਸਿਆਂ ਦੀਆਂ ਲਹਰਿ = ਲਹਿਰਾਂ, ਤਰੰਗਾਂ ਉੱਠ ਰਹੀਆਂ ਹਨ। ਗੁਰੁ = ਸਤਿਗੁਰੂ ਸਾਹਿਬ ਜੀ ਇਸ ਸਮੁੰਦਰ ਤੋਂ ਪਾਰ ਗਰਾਮਨੋ = ਜਾਣ ਵਾਲੇ ਬੋਹਿਥੁ = ਜਹਾਜ਼ ਦੀ ਨਿਆਈਂ ਹਨ **ਵਾ:** ਗੁਰੂ ਜੀ ਦੇ ਕੋਲ ਗਰਾਮਨੋ = ਸਾਰਿਆਂ ਨੂੰ ਮੁਕਤੀ ਰੂਪੀ ਪਾਰ = ਪਾਰਲੇ ਕਿਨਾਰੇ 'ਤੇ ਲਾਉਣ ਲਈ ਨਾਮ ਰੂਪੀ ਬੋਹਿਥੁ = ਜਹਾਜ਼ ਹੈ ॥੧॥ਰਹਾਉ॥

## ਕਲਿ ਕਾਲਖ; ਅੰਧਿਆਰੀਆ ॥ ਗੁਰ ਗਿਆਨ ਦੀਪਕ; ਉਜਿਆਰੀਆ ॥੧॥

ਇਸ ਕਲਿ = ਕਲਜੁਗ ਦੇ ਸਮੇਂ ਵਿਚ ਜੀਵਾਂ ਦੀ ਬੁੱਧੀ, ਮੰਦ ਕਰਮ ਰੂਪ ਪਾਪਾਂ ਰੂਪ ਕਾਲਖ = ਸਿਆਹੀ, ਕਲੰਕ ਕਰ ਕੇ ਅੰਧਿਆਰੀਆ = ਅੰਧੇਰੀ ਹੋ ਰਹੀ ਹੈ।

ਇਸ ਨੂੰ ਦੂਰ ਕਰਨ ਲਈ ਗੁਰ = ਸਤਿਗੁਰੂ ਸਾਹਿਬ ਜੀ ਦੇ ਪਾਸ ਅਪ੍ਰੋਖ ਗਿਆਨ ਰੂਪੀ ਦੀਪਕ = ਦੀਵਾ ਹੈ, ਜਿਸ ਕਰਕੇ ਬੁੱਧੀ ਵਿਚ ਉਜਿਆਰੀਆ = ਪ੍ਰਕਾਸ਼ ਹੋ ਜਾਂਦਾ ਹੈ ॥੧॥

## ਬਿਖੁ ਬਿਖਿਆ; ਪਸਰੀ ਅਤਿ ਘਨੀ ॥ ਉਬਰੇ; ਜਪਿ ਜਪਿ ਹਰਿ, ਗੁਨੀ ॥੨॥

ਹੇ ਭਾਈ! ਮਾਇਆ ਦੀ ਸ਼ਬਦ, ਸਪਰਸ਼, ਰੂਪ, ਰਸ, ਗੰਧ ਰੂਪੀ ਬਿਖਿਆ = ਵਿਸ਼ਿਆਂ ਦੀ ਬਿਖੁ = ਜ਼ਹਿਰ ਅਤਿ = ਬਹੁਤ ਹੀ ਘਨੀ = ਭਾਰੀ, ਜ਼ਿਆਦਾ ਪਸਰੀ = ਫੈਲੀ ਹੋਈ ਹੈ। ਜਿਹੜੇ ਗੁਨੀ = ਗਿਆਨਵਾਨ, ਬਿਬੇਕੀ ਪੁਰਸ਼ ਹਨ, ਉਹ ਹਰਿ = ਪਰਮੇਸ਼ਰ ਦੇ ਨਾਮ ਨੂੰ ਮਨ, ਬਾਣੀ ਨਾਲ ਜਪਿ ਜਪਿ = ਜਪ ਜਪ ਕਰ ਕੇ ਉਬਰੇ = ਬਚ ਗਏ ਹਨ ॥੨॥

## ਮਤਵਾਰੋ; ਮਾਇਆ ਸੋਇਆ ॥ ਗੁਰ ਭੇਟਤ; ਭ੍ਰਮੁ ਭਉ ਖੋਇਆ ॥੩॥

ਇਹ ਮਤਵਾਰੋ = ਕਮਲਾ ਜੀਵ ਮਾਇਆ ਵਿਚ ਹੀ ਸੋਇਆ = ਸੁੱਤਾ ਪਿਆ ਹੈ, **ਵਾ:** ਮਾਇਆ = ਅਵਿਦਿਆ, ਵਿਸ਼ਿਆਂ ਰੂਪੀ ਸ਼ਰਾਬ ਪੀ ਕੇ ਮਤਵਾਰੋ = ਝੱਲਾ, ਮਸਤਾਨਾ ਹੋ ਕੇ ਸੋਇਆ = ਸੁੱਤਾ ਪਿਆ ਹੈ।

ਜਿਹੜੇ ਗੁਰ = ਸਤਿਗੁਰੂ ਸਾਹਿਬ ਜੀ ਨੂੰ ਭੇਟਤ = ਮਿਲੇ ਹਨ, ਉਨ੍ਹਾਂ ਦਾ ਸਰੂਪ ਆਦਿ ਪੰਜ ਪ੍ਰਕਾਰ ਦਾ ਭ੍ਰਮੁ = ਭੁਲੇਖਾ ਸੰਸਾ ਅਤੇ ਜੰਮਣ-ਮਰਣ ਰੂਪੀ ਆਦਿ ਸੱਤ ਪ੍ਰਕਾਰ ਦਾ ਭਉ = ਡਰ ਖੋਇਆ = ਮਿਟ ਗਿਆ ਹੈ, ਨਵਿਰਤ ਹੋ ਗਿਆ ਹੈ ॥੩॥

## ਕਹੁ ਨਾਨਕ; ਏਕੁ ਧਿਆਇਆ ॥
## ਘਟਿ ਘਟਿ; ਨਦਰੀ ਆਇਆ ॥੪॥੨॥੧੪੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਉਂ ਜਿਨ੍ਹਾਂ ਨੇ ਏਕੁ = ਅਦ੍ਵੈਤ ਸਰੂਪ ਪਰਮੇਸ਼ਰ ਨੂੰ ਧਿਆਇਆ = ਧਿਆਉਣਾ ਕੀਤਾ ਹੈ।

ਉਨ੍ਹਾਂ ਨੂੰ ਸਾਰੀਆਂ ਖਾਣੀਆਂ ਦੇ ਘਟਿ ਘਟਿ = ਘਟਾਂ ਘਟਾਂ ਵਿਚ ਪਰਮੇਸ਼ਰ ਹੀ ਨਦਰੀ = ਦ੍ਰਿਸ਼ਟੀ ਵਿਚ ਆਇਆ = ਆ ਗਿਆ ਹੈ ॥੪॥੨॥੧੪੦॥

## ਗਉੜੀ, ਮਹਲਾ ੫ ॥
## ਦੀਬਾਨੁ ਹਮਾਰੋ; ਤੁਹੀ ਏਕ ॥ ਸੇਵਾ ਥਾਰੀ; ਗੁਰਹਿ ਟੇਕ ॥੧॥ਰਹਾਉ॥

ਹੇ ਪਰਮੇਸ਼ਰ ! ਹਮਾਰੋ = ਸਾਡਾ ਲੋਕ ਪਰਲੋਕ ਵਿਚ ਏਕ = ਇਕ ਤੁਹੀ = ਤੂੰਹੀਓਂ ਹੀ ਦੀਬਾਨੁ = ਆਸਰਾ ਹੈਂ। ਗੁਰਹਿ = ਸਤਿਗੁਰੂ ਸਾਹਿਬ ਜੀ ਦੀ ਟੇਕ = ਓਟ ਰੱਖ ਕੇ ਥਾਰੀ = ਤੁਹਾਡੀ ਹੀ ਭਗਤੀ ਰੂਪੀ ਸੇਵਾ = ਟਹਿਲ ਕਰਦੇ ਹਾਂ ॥੧॥ਰਹਾਉ॥

## ਅਨਿਕ ਜੁਗਤਿ; ਨਹੀ ਪਾਇਆ ॥ ਗੁਰਿ; ਚਾਕਰ ਲੈ ਲਾਇਆ ॥੧॥

ਹੋਰ ਅਨਿਕ = ਅਨੇਕਾਂ ਜੁਗਤਿ = ਜੁਗਤੀਆਂ ਨਾਲ ਪਰਮੇਸ਼ਰ ਪਾਇਆ = ਪ੍ਰਾਪਤ ਨਹੀਂ ਹੁੰਦਾ। ਜਿਨ੍ਹਾਂ ਨੂੰ ਗੁਰਿ = ਸਤਿਗੁਰੂ ਸਾਹਿਬ ਜੀ ਨੇ ਲੈ = ਲੈ ਕਰ ਕੇ ਚਾਕਰ = ਨੌਕਰ ਲਾਇਆ = ਲਾ ਲਿਆ ਹੈ, ਭਾਵ ਆਪਣੇ ਸੇਵਕ ਬਣਾ ਲਿਆ ਹੈ **ਵਾ:** ਜਿਹੜੇ (ਚਾ+ਕਰ) ਚਾ = ਚਾਅ ਭਾਵ ਉਤਸਾਹ ਕਰ = ਕਰ ਕੇ ਭਗਤੀ ਕਰਦੇ ਹਨ, ਉਨ੍ਹਾਂ ਨੂੰ ਗੁਰਿ = ਗੁਰੂ ਸਾਹਿਬ ਜੀ ਆਪਣੀ ਸ਼ਰਨ ਵਿਚ ਲੈ ਕਰ ਕੇ ਪਰਮੇਸ਼ਰ ਨਾਲ ਲਾਇਆ = ਜੋੜ ਦਿੱਤਾ ਹੈ ॥੧॥

## ਮਾਰੇ; ਪੰਚ ਬਿਖਾਦੀਆ ॥ ਗੁਰ ਕਿਰਪਾ ਤੇ; ਦਲੁ ਸਾਧਿਆ ॥੨॥

ਉਨ੍ਹਾਂ ਦੇ ਪੰਚ = ਪੰਜਾਂ ਕਾਮਾਦਿਕਾਂ ਬਿਖਾਦੀਆ = ਝਗੜਾਲੂਆਂ ਨੂੰ ਮਾਰੇ = ਮਾਰ ਦਿੱਤਾ ਹੈ **ਵਾ:** ਜਿਹੜੇ ਪੰਚ = ਮੁਖੀਏ ਇੰਦ੍ਰੀਏ ਬਿਖਾਦੀਆ = ਵਿਸ਼ਿਆਂ ਦੇ ਭੋਗਾਂ ਨੂੰ ਖਾਣ ਵਾਲੇ ਸਨ, ਉਨ੍ਹਾਂ ਨੂੰ ਮਾਰੇ = ਨਵਿਰਤ ਕਰ ਦਿੱਤਾ ਹੈ, ਭਾਵ ਉਹ ਅਧੀਨ ਹੋ ਗਏ ਹਨ। ਗੁਰ = ਸਤਿਗੁਰਾਂ ਦੀ ਕਿਰਪਾ = ਦਇਆ ਦ੍ਰਿਸ਼ਟੀ ਤੇ = ਤੋਂ ਹੀ ਵਿਸ਼ਿਆਂ ਰੂਪੀ, ਅਸੁਰੀ ਸੰਪਦਾ ਰੂਪੀ ਦਲ = ਫੌਜ ਨੂੰ ਸਾਧਿਆ = ਸਾਧ ਲਿਆ, ਜਿੱਤ ਲਿਆ ਹੈ ॥੨॥

## ਬਖਸੀਸ ਵਜਹੁ; ਮਿਲਿ ਏਕੁ ਨਾਮ ॥ ਸੂਖ ਸਹਜ; ਆਨੰਦ ਬਿਸ੍ਰਾਮ ॥੩॥

(**ਵਜਹੁ** ਦਾ ਉਚਾਰਣ ਪੋਲਾ ਹੈ)

ਹੇ ਮਹਾਰਾਜ ! ਸਾਡੇ ਉੱਪਰ ਇਹ ਬਖਸੀਸ = ਬਖ਼ਸ਼ਿਸ਼ ਕਰੋ ਕਿ ਸਾਨੂੰ ਤੁਹਾਡਾ ਏਕੁ = ਅਦ੍ਵੈਤ ਸਰੂਪ ਨਾਮ ਰੂਪੀ ਵਜਹੁ = ਤਨਖ਼ਾਹ ਮਿਲਿ = ਮਿਲੇ। ਅਤੇ ਹੇ ਸਹਜ = ਅਚੁੱਤ ਸੂਖ = ਸੁੱਖ ਰੂਪ ਪਰਮੇਸ਼ਰ ਜੀ ! ਆਪ ਜੀ ਦੇ ਆਨੰਦ = ਅਨੰਦ ਸਰੂਪ ਵਿਚ ਹੀ ਸਾਡਾ ਬਿਸ੍ਰਾਮ = ਨਿਵਾਸ, ਸਥਿਤੀ ਹੋਵੇ **ਵਾ:** (ਆਨੰ+ਦ) ਦ = ਦਵੈਸ਼ ਤੋਂ ਆਨੰ = ਰਹਿਤ ਹੋ ਕਰ ਕੇ ਸਹਜ = ਸੁਭਾਵਿਕ ਹੀ ਆਤਮਾਨੰਦ ਰੂਪੀ ਸੂਖ = ਸੁਖ ਵਿਚ ਬਿਸ੍ਰਾਮ = ਇਸਥਿਤ ਹੋਈਏ ॥੩॥

## ਪ੍ਰਭ ਕੇ ਚਾਕਰ; ਸੇ ਭਲੇ ॥ ਨਾਨਕ; ਤਿਨ ਮੁਖ, ਊਜਲੇ ॥੪॥੩॥੧੪੧॥

ਜਿਹੜੇ ਪ੍ਰਭ = ਪਰਮੇਸ਼ਰ ਕੇ = ਦੇ ਚਾਕਰ = ਦਾਸ, ਸੇਵਕ ਹਨ, ਸੇ = ਉਹ ਤਿੰਨਾਂ ਲੋਕਾਂ ਵਿਚ ਹੀ

ਭਲੇ = ਸ੍ਰੇਸ਼ਟ ਹਨ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਿਨ = ਉਨ੍ਹਾਂ ਦੇ ਲੋਕ ਪਰਲੋਕ ਵਿਚ ਮੁਖ = ਮੂੰਹ ਊਜਲੇ = ਉੱਜਲ ਹਨ। ਭਾਵ ਜਸ ਦੇ ਉਜਾਲੇ ਵਾਲੇ ਹਨ ॥੪॥੩॥੧੪੧॥

[ਅੰਗ ੨੧੧]

## ਗਉੜੀ, ਮਹਲਾ ੫ ॥
## ਜੀਅਰੇ; ਓਲ੍ਹਾ ਨਾਮ ਕਾ ॥

ਹੇ ਜੀਅਰੇ = ਜੀਵ! ਪਰਮੇਸ਼ਰ ਦੇ ਨਾਮ ਕਾ = ਦਾ ਹੀ ਓਲ੍ਹਾ = ਆਸਰਾ, ਪੜਦਾ ਕਰ।

## ਅਵਰੁ ਜਿ ਕਰਨ ਕਰਾਵਨੋ;
## ਤਿਨ ਮਹਿ ਭਉ ਹੈ ਜਾਮ ਕਾ ॥੧॥ਰਹਾਉ॥

ਪਰਮੇਸ਼ਰ ਦੇ ਨਾਮ ਤੋਂ ਬਿਨਾਂ ਜਿ = ਜਿਹੜੇ ਅਵਰੁ = ਹੋਰ ਯਤਨ ਆਦਿ ਆਪ ਕਰਨ = ਕਰਨੇ ਤੇ ਹੋਰਨਾਂ ਤੋਂ ਕਰਾਵਨੋ = ਕਰਵਾਉਣੇ ਹਨ, ਤਿਨ = ਉਨ੍ਹਾਂ ਯਤਨਾਂ ਮਹਿ = ਵਿਚ ਜਾਮ = ਜਮਾਂ ਕਾ = ਦਾ ਹੀ ਭਉ = ਡਰ ਬਣਿਆ ਰਹਿੰਦਾ ਹੈ ॥੧॥ਰਹਾਉ॥

## ਅਵਰ ਜਤਨਿ; ਨਹੀ ਪਾਈਐ ॥ ਵਡੈ ਭਾਗਿ; ਹਰਿ ਧਿਆਈਐ ॥੧॥

ਅਵਰ = ਹੋਰ ਅਨੇਕਾਂ ਜਤਨਿ = ਉੱਦਰ ਕਰਨ ਕਰਕੇ ਉਹ ਪਰਮੇਸ਼ਰ ਨਹੀਂ ਪਾਈਐ = ਪਾਇਆ ਜਾਂਦਾ। ਵਡੈ = ਵੱਡਿਆਂ ਭਾਗਿ = ਭਾਗਾਂ ਕਰ ਕੇ ਹੀ ਹਰਿ = ਵਾਹਿਗੁਰੂ ਨੂੰ ਧਿਆਈਐ = ਧਿਆਇਆ ਜਾਂਦਾ ਹੈ **ਵਾ**: ਜਿਨ੍ਹਾਂ ਦੀ ਵਡੈ = ਵਡਿਆਈ ਦੀ ਇਛਾ ਭਾਗਿ = ਭੱਜ ਗਈ ਹੈ, ਉਹੋ ਹੀ ਹਰਿ = ਹਰੀ ਪਰਮੇਸ਼ਰ ਨੂੰ ਧਿਆਈਐ = ਧਿਆਉਣਾ ਕਰਦੇ ਹਨ ॥੧॥

## ਲਾਖ ਹਿਕਮਤੀ; ਜਾਨੀਐ ॥ ਆਗੈ; ਤਿਲੁ ਨਹੀ ਮਾਨੀਐ ॥੨॥

ਜੇਕਰ ਲਾਖ = ਲੱਖਾਂ ਹੀ ਹਿਕਮਤੀ = ਹਕੀਮੀ, ਚਤੁਰਾਈਆਂ, ਸਿਆਣਪਾਂ ਜਾਨੀਐ = ਜਾਣ ਲਈਏ। ਪਰ ਉਹ ਆਗੈ = ਅੱਗੇ ਪਰਲੋਕ ਵਿਚ ਤਿਲੁ = ਤਿਲ ਮਾਤ੍ਰ ਵੀ ਨਹੀਂ ਮਾਨੀਐ = ਮੰਨੀਆਂ ਜਾਣਗੀਆਂ ॥੨॥

## ਅਹੰਬੁਧਿ; ਕਰਮ ਕਮਾਵਨੇ ॥ ਗ੍ਰਿਹ ਬਾਲੂ; ਨੀਰਿ ਬਹਾਵਨੇ ॥੩॥

ਜਿਹੜੇ ਅਹੰਬੁਧਿ = ਅਭਿਮਾਨ ਭਰੀ ਬੁੱਧੀ ਦੇ ਸਹਿਤ ਕਰਮ ਕਮਾਵਨੇ = ਕਰਨੇ ਹਨ, ਉਹ ਤਾਂ ਇਸ ਪ੍ਰਕਾਰ ਨਾਸਵਾਨ ਹਨ। ਜਿਵੇਂ ਬਾਲੂ = ਰੇਤੇ ਦੇ ਗ੍ਰਿਹਿ = ਘਰ ਨੂੰ ਨੀਰਿ = ਪਾਣੀ ਬਹਾਵਨੇ = ਵਹਾ ਕੇ, ਰੋੜ੍ਹ ਕੇ ਲੈ ਜਾਂਦਾ ਹੈ ॥੩॥

## ਪ੍ਰਭੁ ਕ੍ਰਿਪਾਲੁ; ਕਿਰਪਾ ਕਰੈ ॥
## ਨਾਮੁ ਨਾਨਕ; ਸਾਧੂ ਸੰਗਿ ਮਿਲੈ ॥੪॥੪॥੧੪੨॥

ਹੇ ਭਾਈ! ਜਦੋਂ ਕ੍ਰਿਪਾਲੁ = ਕ੍ਰਿਪਾਲੂ ਪ੍ਰਭੁ = ਪਰਮੇਸ਼ਰ ਕਿਰਪਾ = ਦਇਆ ਦ੍ਰਿਸ਼ਟੀ ਕਰੈ = ਕਰਦਾ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ਸਾਧੂ = ਮਹਾਂਪੁਰਖਾਂ ਦੇ ਸੰਗਿ = ਨਾਲ ਮਿਲੈ = ਮਿਲਣੇ ਕਰ ਕੇ ਹੀ ਪਰਮੇਸ਼ਰ ਦਾ ਨਾਮੁ = ਨਾਉਂ ਪ੍ਰਾਪਤ ਹੁੰਦਾ ਹੈ ॥੪॥੪॥੧੪੨॥

## ਗਉੜੀ, ਮਹਲਾ ੫ ॥
## ਬਾਰਨੈ ਬਲਿਹਾਰਨੈ; ਲਖ ਬਰੀਆ ॥
## ਨਾਮੋ ਹੋ, ਨਾਮੁ ਸਾਹਿਬ ਕੋ; ਪ੍ਰਾਨ ਅਧਰੀਆ ॥੧॥ਰਹਾਉ॥

(**ਅਧੱਰੀਆ** ਉਚਾਰਣਾ ਹੈ)

ਜਿਹੜੇ ਗੁਰੂ ਸਾਹਿਬ ਜੀ ਤੋਂ ਆਪਣਾ ਸਭ ਕੁਝ ਬਾਰਨੈ = ਕੁਰਬਾਨ ਕਰ ਦਿੰਦੇ ਹਨ, ਅਸੀਂ ਉਨ੍ਹਾਂ ਤੋਂ ਲਖ = ਲੱਖਾਂ ਬਰੀਆ = ਵਾਰੀ ਬਲਿਹਾਰਨੈ = ਬਲਿਹਾਰ ਜਾਂਦੇ ਹਾਂ।ਹੇ ਸਾਹਿਬ = ਮਾਲਕ ਵਾਹਿਗੁਰੂ ! ਸਾਰਿਆਂ ਨਾਮਾਂ ਵਿੱਚੋਂ ਕੇਵਲ ਆਪ ਜੀ ਕੋ = ਦਾ ਨਾਮ ਹੋ = ਹੀ ਮੇਰੇ ਪ੍ਰਾਨ = ਪ੍ਰਾਣਾਂ ਦਾ ਅਧਰੀਆ = ਆਸਰਾ ਹੈ ॥੧॥ਰਹਾਉ॥

## ਕਰਨ ਕਰਾਵਨ; ਤੁਹੀ ਏਕ ॥ ਜੀਅ ਜੰਤ ਕੀ; ਤੁਹੀ ਟੇਕ ॥੧॥

ਹੇ ਪਰਮੇਸ਼ਰ ! ਸਾਰੇ ਕਾਰਜਾਂ ਦੇ ਤਾਈਂ ਕਰਨ = ਕਰਨ ਵਾਲਾ ਅਤੇ ਕਰਾਵਨ = ਕਰਵਾਉਣ ਵਾਲਾ ਏਕ = ਇਕ ਤੁਹੀ = ਤੂੰ ਹੀ ਹੈਂ। ਜਿਤਨੇ ਵੀ ਜੀਅ = ਸੂਖਮ ਜੀਵ ਅਤੇ ਜੰਤ = ਅਸਥੂਲ ਜੀਵ, ਵੱਡੇ ਛੋਟੇ ਜੀਵ ਹਨ, ਉਨ੍ਹਾਂ ਕੀ = ਦੀ ਤੁਹੀ = ਤੂੰ ਹੀ ਟੇਕ = ਓਟ ਹੈਂ ॥੧॥

## ਰਾਜ ਜੋਬਨ; ਪ੍ਰਭ ਤੂੰ ਧਨੀ ॥ ਤੂੰ ਨਿਰਗੁਨ; ਤੂੰ ਸਰਗੁਨੀ ॥੨॥

ਹੇ ਪ੍ਰਭ = ਪਰਮੇਸ਼ਰ ! ਰਾਜ = ਰਾਜ ਭਾਗ ਅਤੇ ਜੋਬਨ = ਜਵਾਨੀ ਦੇਣ ਵਾਲਾ ਵੀ ਇਕ ਤੂੰ = ਤੂੰਹੀ ਧਨੀ = ਮਾਲਕ ਹੈਂ **ਵਾ:** ਰਾਜ = ਗਿਆਨ ਬਖ਼ਸ਼ਣ ਵਾਲਾ ਅਤੇ ਸ਼ੌਕ ਅਵਸਥਾ ਰੂਪੀ ਜੋਬਨ = ਜਵਾਨੀ ਦੇਣ ਵਾਲਾ ਤੂੰ = ਤੂੰਹੀ ਧਨੀ = ਸ਼ਾਹੂਕਾਰ ਰੂਪ ਹੈਂ।

ਹੇ ਪ੍ਰਭੂ ! ਤੂੰ ਆਪ ਹੀ ਨਿਰਗੁਨ = ਤਿੰਨਾਂ ਗੁਣਾਂ ਤੋਂ ਅਤੀਤ, ਨਿਰਾਕਾਰ ਸਰੂਪ ਹੈਂ, ਤੂੰ = ਆਪ ਹੀ ਮਾਇਆ ਸਬਲ ਹੋ ਕੇ ਅਤੇ ਤਿੰਨਾਂ ਗੁਣਾਂ ਦੇ ਸਹਿਤ ਹੋ ਕੇ ਸਰਗੁਨੀ = ਸਰਗੁਣ ਸਰੂਪ ਹੈਂ **ਵਾ:** ਤੂੰ = ਆਪ ਹੀ ਨਿਰਗੁਣ ਦੀ ਨਿਆਈਂ ਜੀਵ ਰੂਪ ਹੈਂ, ਤੂੰ = ਆਪ ਹੀ ਸਰਗੁਨੀ ਦੀ ਨਿਆਈਂ ਈਸ਼ਰ ਰੂਪ ਹੈਂ ॥੨॥

## ਈਹਾ ਊਹਾ; ਤੁਮ ਰਖੇ ॥ ਗੁਰ ਕਿਰਪਾ ਤੇ; ਕੋ ਲਖੇ ॥੩॥

(**ਲਖੇ** ਦਾ ਉਚਾਰਣ ਪੋਲਾ ਹੈ)

ਈਹਾ = ਇਸ ਲੋਕ ਅਤੇ ਊਹਾ = ਉਸ ਪਰਲੋਕ ਵਿਚ ਤੁਮ = ਤੁਸੀਂ ਹੀ ਰਖੇ = ਰੱਖਦੇ ਹੋ, ਰੱਖਿਆ ਕਰਦੇ ਹੋ। ਪ੍ਰੰਤੂ ਗੁਰ = ਸਤਿਗੁਰੂ ਸਾਹਿਬ ਜੀ ਦੀ ਕਿਰਪਾ = ਦਇਆ ਤੇ = ਤੋਂ ਕੋ = ਕੋਈ ਵਿਰਲਾ ਹੀ ਇਸ ਗੱਲ ਨੂੰ ਲਖੇ = ਜਾਣਦਾ ਹੈ ॥੩॥

## ਅੰਤਰਜਾਮੀ; ਪ੍ਰਭ ਸੁਜਾਨੁ ॥ ਨਾਨਕ; ਤਕੀਆ ਤੁਹੀ ਤਾਣੁ ॥੪॥੫॥੧੪੩॥

(ਪਹਿਲੇ ਅਰਥ ਵਿਚ **ਤਕੀਆ** ਪੋਲਾ ਤੇ ਦੂਸਰੇ ਅਰਥ ਵਿਚ **ਤੱਕੀਆ** ਉਚਾਰਣਾ ਹੈ)

ਹੇ ਪ੍ਰਭ = ਪਰਮੇਸ਼ਰ ਤੂੰ ਹੀ ਸਾਰਿਆਂ ਦੇ ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਸੁਜਾਨੁ = ਸੁਗਿਆਨੀ, ਚਤੁਰ ਹੈਂ **ਵਾ:** ਤੂੰ ਆਪ ਹੀ ਅੰਤਰਜਾਮੀ = ਅੰਦਰਲਾ ਪ੍ਰੇਰਕ ਹੈਂ, ਆਪ ਹੀ ਸਾਰਿਆਂ ਦਾ ਪ੍ਰਭ = ਸੁਆਮੀ, ਮਾਲਕ ਹੈਂ, ਆਪ ਹੀ ਸੁਜਾਨ = ਸਾਰਿਆਂ ਦੇ ਜਾਣੀ ਜਾਣ ਹੈਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਤੁਹੀ = ਤੂੰ ਹੀ ਸਾਡਾ ਸਰੀਰਕ ਤਾਣੁ = ਬਲ ਹੈ, ਤੂੰ ਹੀ ਸਾਡੇ ਮਨ ਦਾ ਤਕੀਆ = ਆਸਰਾ ਹੈਂ **ਵਾ:** ਅਸੀਂ ਤਕੀਆ = ਤੱਕਿਆ ਹੈ ਕਿ ਤੂੰਹੀਓਂ ਹੀ ਸਾਡਾ ਲੋਕ ਪਰਲੋਕ ਵਿਚ ਤਾਣੁ = ਬਲ ਹੈਂ ॥੪॥੫॥੧੪੩॥

## ਗਉੜੀ, ਮਹਲਾ ੫ ॥
## ਹਰਿ ਹਰਿ; ਹਰਿ ਆਰਾਧੀਐ ॥

ਹੇ ਭਾਈ ! ਹਰਿ = ਹਰੀ ਪਰਮੇਸ਼ਰ ਜੋ ਹਰਿ = ਹਰੇਕ ਦੇ ਪਾਪਾਂ ਨੂੰ ਹਰਿ = ਹਰਨ ਵਾਲਾ ਹੈ, ਉਸ ਨੂੰ ਮਨ, ਬਾਣੀ, ਸਰੀਰ ਕਰ ਕੇ ਆਰਾਧੀਐ = ਅਰਾਧਣਾ ਧਿਆਉਣਾ ਕਰੀਏ।

## ਸੰਤਸੰਗਿ, ਹਰਿ ਮਨਿ ਵਸੈ; ਭਰਮੁ ਮੋਹੁ ਭਉ ਸਾਧੀਐ ॥੧॥ਰਹਾਉ॥

ਸੰਤਸੰਗਿ = ਸਤਿਸੰਗਤ **ਵਾ:** ਸੰਤਾਂ ਮਹਾਂਪੁਰਖਾਂ ਦਾ ਸੰਗ ਕਰ ਕੇ ਹੀ ਹਰਿ = ਪਰਮੇਸ਼ਰ ਮਨ = ਹਿਰਦੇ ਵਿਚ ਵਸੈ = ਵਸਦਾ ਹੈ। ਉਸ ਦੇ ਵਸਣ ਕਰ ਕੇ ਹੀ ਪੰਜ ਪ੍ਰਕਾਰ ਦਾ ਭਰਮੁ = ਭੁਲੇਖਾ ਮੋਹੁ = ਸਨੇਹ, ਅਗਿਆਨ ਅਤੇ ਸੱਤ ਪ੍ਰਕਾਰ ਦੇ ਭਉ = ਡਰ ਨੂੰ ਸਾਧੀਐ = ਸਾਧ ਲਈਦਾ ਹੈ, ਜਿੱਤ ਲਈਦਾ ਹੈ ॥੧॥ਰਹਾਉ॥

## ਬੇਦ ਪੁਰਾਣ ਸਿਮ੍ਰਿਤਿ; ਭਨੇ ॥ ਸਭ ਊਚ ਬਿਰਾਜਿਤ ਜਨ; ਸੁਨੇ ॥੧॥

ਬੇਦ = ਚਾਰੇ ਵੇਦ (ਰਿਗਵੇਦ, ਯਜੁਰ ਵੇਦ, ਸਾਮਦੇਵ, ਅਥਰਵਣ ਵੇਦ) ਪੁਰਾਣ = ਅਠਾਰਾਂ ਧਰਮ ਗ੍ਰੰਥ (ਵਿਸ਼ਨ, ਪਦਮ, ਬ੍ਰਹਮ, ਸ਼ਿਵ, ਭਾਗਵਤ, ਨਾਰਦ, ਮਾਰਕੰਡੇਯ, ਅਗਨਿ ਬ੍ਰਹਮਵੈਤਰਵ, ਲਿੰਗ, ਵਰਾਹ, ਸਕੰਦ, ਵਾਮਨ, ਕੂਰਮ, ਮਤਸਜ, ਗਰੁੜ ਬ੍ਰਹਮਾਂਤੇ ਤੇ ਭਵਿਸ਼ਯ ਪੁਰਾਣ) ਅਤੇ ਸਤਾਈ ਸਿਮ੍ਰਿਤਿ = ਸਿੰਮ੍ਰਿਤੀਆਂ (ਮਨੁ ਸਿੰਮ੍ਰਿਤਿ, ਲਘੁਅਤ੍ਰਿ, ਅਤ੍ਰਿ ਆਦਿਕ) ਸਭ ਇਹੀ ਭਨੇ = ਉਚਾਰਦੇ ਹਨ ਕਿ ਪਰਮੇਸ਼ਰ ਦੇ ਜਨ = ਸੇਵਕ, ਦਾਸ ਸਭ = ਸਾਰਿਆਂ ਤੋਂ ਊਚ = ਉੱਚੇ ਬਿਰਾਜਿਤ = ਬਿਰਾਜਦੇ ਸੁਨੇ = ਸੁਣੀਦੇ ਹਨ ॥੧॥

## ਸਗਲ ਅਸਥਾਨ; ਭੈ ਭੀਤ ਚੀਨ ॥ ਰਾਮ ਸੇਵਕ; ਭੈ ਰਹਤ ਕੀਨ ॥੨॥

ਹੋਰ ਸਵਰਗ ਲੋਕ, ਕੁਬੇਰ ਲੋਕ, ਬ੍ਰਹਮ ਲੋਕ ਆਦਿਕ ਸਗਲ = ਸਾਰੇ ਅਸਥਾਨ = ਥਾਂ ਭੈ = ਡਰ ਦੇ ਨਾਲ ਭੀਤ = ਕੰਬਦੇ ਚੀਨ = ਜਾਣੀਦੇ ਹਨ। ਜਿਹੜੇ ਰਾਮ = ਪਰਮੇਸ਼ਰ ਦੇ ਸੇਵਕ = ਦਾਸ ਹਨ, ਉਨ੍ਹਾਂ ਨੂੰ ਮਹਾਰਾਜ ਨੇ ਭੈ = ਡਰ ਤੋਂ ਰਹਤ = ਬਿਨਾਂ ਕੀਨ = ਕੀਤਾ ਹੋਇਆ ਹੈ ॥੨॥

## ਲਖ ਚਉਰਾਸੀਹ; ਜੋਨਿ ਫਿਰਹਿ ॥ ਗੋਬਿੰਦ ਲੋਕ; ਨਹੀ ਜਨਮਿ ਮਰਹਿ ॥੩॥

ਹੋਰ ਜੀਵ ਤਾਂ ਚਉਰਾਸੀਹ = ਚੌਰਾਸੀ ਲੱਖ ਜੋਨਿ = ਜੂਨਾਂ ਵਿਚ ਫਿਰਹਿ = ਵਿਚਰਦੇ ਰਹਿੰਦੇ ਹਨ। ਜਿਹੜੇ ਗੋਬਿੰਦ = ਪਰਮੇਸ਼ਰ ਦੇ ਲੋਕ ਸੰਤ ਭਗਤ ਹਨ, ਉਹ ਨਹੀ = ਨਾ ਹੀ ਜਨਮਿ = ਜੰਮਦੇ ਹਨ ਤੇ ਨਾ ਹੀ ਮਰਹਿ = ਮਰਦੇ ਹਨ, ਭਾਵ ਉਹ ਜੰਮਣ ਮਰਣ ਤੋਂ ਰਹਿਤ ਹਨ ॥੩॥ ਜੈਸਾ ਕਿ :

**ਏਕਹਿ ਆਵਨ ਫਿਰਿ ਜੋਨਿ ਨ ਆਇਆ ॥**
**ਨਾਨਕ ਹਰਿ ਕੈ ਦਰਸਿ ਸਮਾਇਆ ॥੧੩॥** *(ਗਉੜੀ ਬਾਵਨ ਅਖਰੀ ਮ: ੫, ਅੰਗ ੨੫੨)*

## ਬਲ ਬੁਧਿ ਸਿਆਨਪ; ਹਉਮੈ ਰਹੀ ॥
## ਹਰਿ ਸਾਧ ਸਰਣਿ; ਨਾਨਕ ਗਹੀ ॥੪॥੬॥੧੪੪॥

ਸਰੀਰਕ ਬਲ = ਜ਼ੋਰ **ਵਾ:** ਵਿਛਿਆਂ ਦਾ ਬਲ, ਬੁਧਿ = ਬੁੱਧੀ ਦੀ ਸਿਆਨਪ = ਚਤੁਰਾਈ ਅਤੇ ਦੇਹ ਦੀ ਹਉਮੈ = ਹੰਗਤਾ ਆਦਿਕ ਸਭ ਰਹੀ = ਰਹਿ ਗਈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹਰਿ = ਹਰੀ ਦੇ ਸਾਧ = ਸੰਤਾਂ ਦੀ ਸਰਣਿ = ਓਟ, ਪਨਾਹ ਗਹੀ = ਤੱਕੀ ਹੈ **ਵਾ:** ਹਰੀ ਦੇ ਸਾਧੂਆਂ ਦੁਆਰਾ ਹੀ ਹਰੀ ਦੀ ਸ਼ਰਣ ਗਹੀ = ਗ੍ਰਹਿਣ ਕੀਤੀ ਹੈ ॥੪॥੬॥੧੪੪॥

## ਗਉੜੀ, ਮਹਲਾ ੫ ॥

## ਮਨ; ਰਾਮ ਨਾਮ ਗੁਨ ਗਾਈਐ ॥

ਹੇ ਮੇਰੇ ਪਿਆਰੇ ਮਨ = ਮਨਾਂ ! ਰਾਮ = ਪਰਮੇਸ਼ਰ ਦੇ ਨਾਮ ਰੂਪੀ ਗੁਨ = ਸਿਫ਼ਤਾਂ ਨੂੰ ਸੰਗਤ ਵਿਚ ਮਿਲ ਕੇ ਗਾਈਐ = ਗਾਉਣਾ ਕਰੀਏ।

## ਨੀਤ ਨੀਤ ਹਰਿ ਸੇਵੀਐ; ਸਾਸਿ ਸਾਸਿ ਹਰਿ ਧਿਆਈਐ ॥੧॥ਰਹਾਉ॥

ਨੀਤ ਨੀਤ = ਹਰ ਰੋਜ਼, ਨਿਤਾਪ੍ਰਤੀ ਹੀ ਹਰਿ = ਪਰਮੇਸ਼ਰ ਨੂੰ ਸੇਵੀਐ = ਯਾਦ ਕਰੀਏ, ਸਿਮਰਨ ਕਰੀਏ, ਸਾਸਿ ਸਾਸਿ = ਆਉਂਦੇ ਜਾਂਦੇ ਸ੍ਵਾਸਾਂ ਦਾ ਸ੍ਵਾਸ ਰੂਪ ਹਰਿ = ਹਰੀ ਨੂੰ ਧਿਆਈਐ = ਧਿਆਉਣਾ ਕਰੀਏ ॥੧॥ਰਹਾਉ॥

## ਸੰਤਸੰਗਿ; ਹਰਿ ਮਨਿ ਵਸੈ ॥ ਦੁਖੁ ਦਰਦੁ ਅਨੇਰਾ; ਭ੍ਰਮੁ ਨਸੈ ॥੧॥

ਸੰਤਸੰਗਿ = ਸਤਿਸੰਗਤਿ ਦੁਆਰਾ **ਵਾ:** ਸੰਤਾਂ ਭਗਤਾਂ ਦੇ ਸੰਗ ਦੁਆਰਾ ਹਰਿ = ਹਰੀ ਪਰਮੇਸ਼ਰ ਮਨਿ = ਹਿਰਦੇ ਵਿਚ ਵਸੈ = ਵਸਦਾ ਹੈ। ਜਿਸ ਕਰ ਕੇ ਜੰਮਣ ਮਰਣ ਰੂਪੀ ਦੁਖੁ = ਕਲੇਸ਼, ਅਵਿਦਿਆ ਦੀਆਂ ਦਰਦੁ = ਪੀੜਾਂ ਅਗਿਆਨ ਕਰ ਕੇ ਸਰੂਪ ਦਾ ਭ੍ਰਮੁ = ਭਰਮ, ਸੰਸਾ ਸਭ ਨਸੈ = ਨੱਸ ਜਾਂਦਾ ਹੈ, ਨਵਿਰਤ ਹੋ ਜਾਂਦਾ ਹੈ ॥੧॥

## ਸੰਤ ਪ੍ਰਸਾਦਿ; ਹਰਿ ਜਾਪੀਐ ॥ ਸੋ ਜਨੁ; ਦੂਖਿ ਨ ਵਿਆਪੀਐ ॥੨॥

ਜਿਹੜੇ ਸੰਤ = ਸ਼ਾਤ ਆਤਮਾ ਵਾਲੇ ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਕਰ ਕੇ ਹਰਿ = ਹਰੀ ਪਰਮੇਸ਼ਰ ਨੂੰ ਜਾਪੀਐ = ਜਪਦੇ ਹਨ। ਸੋ = ਉਨ੍ਹਾਂ ਜਨ = ਪੁਰਖਾਂ ਨੂੰ ਕੋਈ ਦੂਖਿ = ਦੁਖ ਨ = ਨਹੀਂ ਵਿਆਪੀਐ = ਵਿਆਪਦਾ, ਲੱਗਦਾ ॥੨॥

## ਜਾ ਕਉ; ਗੁਰੁ, ਹਰਿ ਮੰਤ੍ਰੁ ਦੇ ॥

## ਸੋ ਉਬਰਿਆ; ਮਾਇਆ ਅਗਨਿ ਤੇ ॥੩॥

ਜਾ = ਜਿਨ੍ਹਾਂ ਕਉ = ਨੂੰ ਗੁਰੁ = ਸਤਿਗੁਰੂ ਸਾਹਿਬ ਜੀ ਹਰਿ = ਪਰਮੇਸ਼ਰ ਦੇ ਨਾਮ ਦਾ ਮੰਤ੍ਰੁ = ਉਪਦੇਸ਼ ਬਖਸ ਦੇ = ਦਿੰਦੇ ਹਨ। ਸੋ = ਉਹ ਮਾਇਆ ਰੂਪੀ ਅਗਨਿ = ਅੱਗ ਤੇ = ਤੋਂ ਉਬਰਿਆ = ਬਚ ਗਏ ਹਨ ॥੩॥

## ਨਾਨਕ ਕਉ; ਪ੍ਰਭ ਮਇਆ ਕਰਿ ॥

## ਮੇਰੈ ਮਨਿ ਤਨਿ; ਵਾਸੈ ਨਾਮੁ ਹਰਿ ॥੪॥੭॥੧੪੫॥

ਨਾਨਕ = ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਉਸ ਪ੍ਰਭੂ ਅੱਗੇ ਇਸ ਪ੍ਰਕਾਰ ਬੇਨਤੀ ਕਰੋ ਕਿ ਹੇ ਪ੍ਰਭ = ਪਰਮੇਸ਼ਰ ਮੇਰੇ ਕਉ = ਤਾਈਂ ਮਇਆ = ਕਿਰਪਾ, ਮਿਹਰਬਾਨੀ ਕਰਿ = ਕਰੋ। ਮੇਰੈ = ਮੇਰੇ ਮਨਿ = ਹਿਰਦੇ ਵਿਚ ਤਨਿ = ਸਰੀਰ ਵਿਚ ਹਰਿ = ਪਰਮੇਸ਼ਰ ਆਪ ਦਾ ਨਾਮ ਵਾਸੈ = ਵਸ ਜਾਵੇ ॥੪॥੭॥੧੪੫॥

## ਗਉੜੀ, ਮਹਲਾ ੫ ॥

## ਰਸਨਾ; ਜਪੀਐ ਏਕੁ ਨਾਮ ॥

ਹੇ ਭਾਈ ! ਰਸਨਾ = ਜੀਭਾ ਦੁਆਰਾ ਏਕੁ = ਅਦ੍ਵੈਤ ਸਰੂਪ ਪਰਮੇਸ਼ਰ ਦੇ ਨਾਮ ਨੂੰ ਜਪੀਏ = ਜਪਣਾ ਕਰੀਏ।

## ਈਹਾ ਸੁਖੁ ਆਨੰਦੁ ਘਨਾ; ਆਗੈ ਜੀਅ ਕੈ ਸੰਗਿ ਕਾਮ ॥੧॥ਰਹਾਉ॥

ਜਿਸ ਕਰਕੇ ਈਹਾ = ਇਸ ਲੋਕ ਵਿਚ ਘਨਾ = ਬਹੁਤ ਸੁਖ ਅਤੇ ਆਨੰਦੁ = ਖ਼ੁਸ਼ੀਆਂ ਪ੍ਰਾਪਤ ਹੋਣਗੀਆਂ ਅਰ ਆਗੈ = ਅੱਗੇ ਪਰਲੋਕ ਵਿਚ ਵੀ ਜੀਅ = ਜੀਵ ਕੈ = ਦੇ ਸੰਗਿ = ਨਾਲ ਕਾਮ = ਕੰਮ ਆਉਂਦਾ ਹੈ ॥੧॥ਰਹਾਉ॥

## ਕਟੀਐ ਤੇਰਾ; ਅਹੰ ਰੋਗੁ ॥ ਤੂੰ ਗੁਰ ਪ੍ਰਸਾਦਿ; ਕਰਿ ਰਾਜ ਜੋਗੁ ॥੧॥

ਪਰਮੇਸ਼ਰ ਦੇ ਨਾਮ ਕਰ ਕੇ ਤੇਰਾ = ਤੁਹਾਡਾ ਅਹੰ = ਹੰਕਾਰ ਰੂਪੀ ਰੋਗੁ = ਦੁਖ ਕਟੀਐ = ਕੱਟਿਆ ਜਾਵੇਗਾ। ਹੇ ਭਾਈ ! ਤੂੰ = ਤੁਸੀਂ ਗੁਰ = ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਕਰਿ = ਕਰ ਕੇ ਰਾਜ = ਪ੍ਰਕਾਸ਼ ਸਰੂਪ ਵਿਚ ਜੋਗੁ = ਜੁੜਨਾ ਕਰੋ **ਵਾ:** ਗੁਰਾਂ ਦੀ ਕਿਰਪਾ ਕਰਕੇ ਰਾਜ = ਗਿਆਨ ਜੋਗ ਨੂੰ ਪਾਉਣਾ ਕਰੋ ॥੧॥

## ਹਰਿ ਰਸੁ; ਜਿਨਿ ਜਨਿ ਚਾਖਿਆ ॥ ਤਾ ਕੀ; ਤ੍ਰਿਸਨਾ ਲਾਥੀਆ ॥੨॥

ਜਿਨਿ = ਜਿਨ੍ਹਾਂ ਜਨਿ = ਪੁਰਸ਼ਾਂ ਨੇ ਹਰਿ = ਪਰਮੇਸ਼ਰ ਦੇ ਰਸੁ = ਪ੍ਰੇਮ, ਅਨੰਦ ਨੂੰ ਚਾਖਿਆ = ਚਖਣਾ ਕੀਤਾ ਹੈ। ਤਾ = ਉਨ੍ਹਾਂ ਕੀ = ਦੀ ਹੋਰ ਰਸਾਂ ਕਸਾਂ ਦੀ ਸਾਰੀ ਤ੍ਰਿਸਨਾ = ਇੱਛਾ, ਆਸਾ ਲਾਥੀਆ = ਲੱਥ ਗਈ ਹੈ, ਨਵਿਰਤ ਹੋ ਗਈ ਹੈ ॥੨॥

## ਹਰਿ ਬਿਸ੍ਰਾਮ ਨਿਧਿ; ਪਾਇਆ ॥ ਸੋ ਬਹੁਰਿ; ਨ ਕਤ ਹੀ ਧਾਇਆ ॥੩॥

ਜਿਸ ਨੇ ਸਾਰੀਆਂ ਬਿਸ੍ਰਾਮ = ਇਸਥਿਤੀਆਂ ਦਾ ਨਿਧਿ = ਖ਼ਜ਼ਾਨਾ ਰੂਪ ਹਰਿ = ਪਰਮੇਸ਼ਰ ਨੂੰ ਪਾਇਆ = ਪ੍ਰਾਪਤ ਕਰ ਲਿਆ ਹੈ। ਸੋ = ਉਹ ਬਹੁਰਿ = ਮੁੜ ਕੇ ਕਤ = ਕਿਤੇ ਵੀ ਹੀ = ਨਿਸਚੇ ਕਰ ਕੇ ਲੋਕ ਪਰਲੋਕ **ਵਾ:** ਜੂਨਾਂ ਵਿਚ ਨ = ਨਹੀਂ ਧਾਇਆ = ਦੌੜਦਾ, ਧਾਉਂਦਾ ॥੩॥

## ਹਰਿ ਹਰਿ ਨਾਮੁ; ਜਾ ਕਉ ਗੁਰਿ ਦੀਆ ॥
## ਨਾਨਕ; ਤਾ ਕਾ ਭਉ ਗਇਆ ॥੪॥੮॥੧੪੬॥

ਜਾ = ਜਿਨ੍ਹਾਂ ਕਉ = ਨੂੰ ਗੁਰਿ = ਸਤਿਗੁਰੂ ਸਾਹਿਬ ਜੀ ਨੇ ਹਰਿ = ਹਰੇਕ ਨੂੰ ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਦੀਆ = ਦੇਣਾ ਕੀਤਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਾ = ਉਨ੍ਹਾਂ ਕਾ = ਦਾ ਜੰਮਣ ਮਰਣ ਆਦਿ ਦਾ ਸਾਰਾ ਭਉ = ਡਰ ਗਇਆ = ਚਲਿਆ ਗਿਆ ਹੈ, ਨਵਿਰਤ ਹੋ ਗਿਆ ਹੈ ॥੪॥੮॥੧੪੬॥

[ਅੰਗ ੨੧੨]

## ਗਉੜੀ, ਮਹਲਾ ੫ ॥
## ਜਾ ਕਉ ਬਿਸਰੈ ਰਾਮ ਨਾਮ; ਤਾਹੂ ਕਉ ਪੀਰ ॥

ਹੇ ਭਾਈ ! ਜਾ = ਜਿਨ੍ਹਾਂ ਕਉ = ਨੂੰ ਰਾਮ = ਪਰਮੇਸ਼ਰ ਦਾ ਨਾਮ ਬਿਸਰੈ = ਭੁੱਲ ਜਾਂਦਾ ਹੈ, ਤਾਹੂ = ਉਨ੍ਹਾਂ ਕਉ = ਨੂੰ ਹੀ ਕਾਲ ਆਦਿਕ ਦੀ ਪੀਰ = ਪੀੜ ਬਣੀ ਰਹਿੰਦੀ ਹੈ **ਵਾ:** ਜੰਮਣ ਮਰਣ ਰੂਪੀ ਪੀਰ = ਪੀੜਾ ਬਣੀ ਰਹਿੰਦੀ ਹੈ **ਵਾ:** ਪੀਰ = ਗੁਰੂ ਬਣਨ ਦੀ ਇੱਛਾ ਲੱਗੀ ਰਹਿੰਦੀ ਹੈ **ਵਾ:** ਹਾਥੀ ਘੋੜੇ ਆਦਿ ਪਸ਼ੂ ਆਦਿਕ ਜੂਨਾਂ ਵਿਚ ਭਰਮਦੇ ਰਹਿੰਦੇ ਹਨ, ਇਹ ਪੀੜਾ ਬਣੀ ਰਹਿੰਦੀ ਹੈ।

## ਸਾਧਸੰਗਤਿ ਮਿਲਿ ਹਰਿ ਰਵਹਿ; ਸੇ ਗੁਣੀ ਗਹੀਰ ॥੧॥ਰਹਾਉ॥

ਜਿਹੜੇ ਸਾਧਸੰਗਤਿ = ਸੰਤਾਂ ਮਹਾਂਪੁਰਖਾਂ ਦੀ ਸੰਗਤਿ ਵਿਚ ਮਿਲਿ = ਮਿਲ ਕਰ ਕੇ ਹਰਿ = ਹਰੀ ਪਰਮੇਸ਼ਰ ਦੇ ਨਾਮ ਨੂੰ ਰਵਹਿ = ਉਚਾਰਦੇ ਹਨ, ਸੇ = ਉਹ ਗੁਣੀ = ਸ਼ੁਭ ਗੁਣਾਂ ਦੇ ਗਹੀਰ = ਖ਼ਜ਼ਾਨੇ, ਸਮੁੰਦਰ ਰੂਪ ਹੋ ਜਾਂਦੇ ਹਨ ॥੧॥ਰਹਾਉ॥

## ਜਾ ਕਉ ਗੁਰਮੁਖਿ; ਰਿਦੈ ਬੁਧਿ ॥ ਤਾ ਕੈ ਕਰ ਤਲ; ਨਵ ਨਿਧਿ ਸਿਧਿ ॥੧॥

ਜਾ = ਜਿਨ੍ਹਾਂ ਗੁਰਮੁਖ ਪਿਆਰਿਆਂ ਕਉ = ਨੂੰ ਰਿਦੈ = ਹਿਰਦੇ ਵਿਚ ਨਾਮ ਸਿਮਰਨ ਦੀ ਬੁਧਿ = ਬੁੱਧੀ ਪ੍ਰਾਪਤ ਹੋਈ ਹੈ **ਵਾ:** ਜਾ = ਜਿਨ੍ਹਾਂ ਨੂੰ ਗੁਰਮੁਖਿ = ਮੁਖੀ ਗੁਰਾਂ ਦੁਆਰਾ ਰਿਦੈ = ਅੰਤਸ਼ਕਰਣ ਵਿਚ ਆਤਮ ਵਿਸ਼ੈਣੀ ਬੁਧਿ = ਬੁੱਧੀ ਪ੍ਰਾਪਤ ਹੋਈ ਹੈ। ਤਾ = ਉਨ੍ਹਾਂ ਕੈ = ਦੇ ਕਰ = ਹੱਥ ਦੀ ਤਲ = ਤਲੀ ਉੱਪਰ ਮਹਾਰਾਜ ਨੇ ਨਵ = ਨੌਂ ਨਿਧਿ = ਨਿਧੀਆਂ ਅਤੇ ਅਠਾਰਾਂ ਸਿਧਿ = ਸਿੱਧੀਆਂ ਰੱਖੀਆਂ ਹੋਈਆਂ ਹਨ ॥੧॥

## ਜੋ ਜਾਨਹਿ; ਹਰਿ ਪ੍ਰਭ ਧਨੀ ॥ ਕਿਛੁ ਨਾਹੀ; ਤਾ ਕੈ ਕਮੀ ॥੨॥

ਜੋ = ਜਿਹੜੇ ਹਰਿ = ਹਰੀ ਪ੍ਰਭ = ਪਰਮੇਸ਼ਰ ਨੂੰ ਹੀ ਆਪਣਾ ਧਨੀ = ਮਾਲਕ ਜਾਨਹਿ = ਜਾਣਦੇ ਹਨ। ਤਾ = ਉਨ੍ਹਾਂ ਕੈ = ਦੇ ਕੋਲ ਕਿਛੁ = ਕਿਸੇ ਪ੍ਰਕਾਰ ਦੀ ਕੋਈ ਕਮੀ = ਘਾਟ ਨਾਹੀ = ਨਹੀਂ ਰਹਿੰਦੀ ॥੨॥

## ਕਰਣੈਹਾਰੁ; ਪਛਾਨਿਆ ॥ ਸਰਬ ਸੂਖ; ਰੰਗ ਮਾਣਿਆ ॥੩॥

ਜਿਨ੍ਹਾਂ ਨੇ ਕਰਣੈਹਾਰੁ = ਰਚਨਹਾਰ ਪਰਮੇਸ਼ਰ ਨੂੰ ਆਪਣਾ ਆਸਰਾ ਰੂਪ ਪਛਾਨਿਆ = ਪਛਾਣ ਲਿਆ ਹੈ। ਉਨ੍ਹਾਂ ਨੇ ਸਰਬ = ਸਾਰੇ ਸੂਖ = ਸੁੱਖਾਂ ਦੇ ਰੰਗ = ਅਨੰਦ ਨੂੰ ਮਾਣਿਆ = ਮਾਨਣਾ ਕੀਤਾ ਹੈ ॥੩॥

## ਹਰਿ ਧਨੁ; ਜਾ ਕੈ ਗ੍ਰਿਹਿ ਵਸੈ ॥
## ਕਹੁ ਨਾਨਕ; ਤਿਨ ਸੰਗਿ ਦੁਖੁ ਨਸੈ ॥੪॥੯॥੧੪੭॥

ਜਾ = ਜਿਨ੍ਹਾਂ ਕੈ = ਦੇ ਹਿਰਦੇ ਰੂਪੀ ਗ੍ਰਿਹਿ = ਘਰ ਵਿਚ ਹਰਿ = ਹਰੀ ਦਾ ਨਾਮ ਰੂਪੀ ਧਨ ਵਸੈ = ਵਸਦਾ ਹੈ **ਵਾ:** ਧਨੁ = ਧੰਨਤਾ ਜੋਗ ਹਰਿ = ਪਰਮੇਸ਼ਰ ਵਸਦਾ ਹੈ। ਸਤਿਗੁਰੂ ਜੀ ਕਹੁ = ਕਥਨ ਕਰਦੇ ਹਨ ਕਿ ਤਿਨ = ਉਨ੍ਹਾਂ ਪਿਆਰਿਆਂ ਦੀ ਸੰਗਿ = ਸੰਗਤ ਕਰ ਕੇ ਜੰਮਣ ਮਰਣ ਰੂਪੀ ਦੁਖੁ = ਕਸ਼ਟ ਨਸੈ = ਨੱਸ ਜਾਂਦੇ ਹਨ, ਨਾਸ ਹੋ ਜਾਂਦੇ ਹਨ ॥੪॥੯॥੧੪੭॥

## ਗਉੜੀ, ਮਹਲਾ ੫ ॥
## ਗਰਬੁ ਬਡੋ; ਮੂਲੁ ਇਤਨੋ ॥ ਰਹਨੁ ਨਹੀ; ਗਹੁ ਕਿਤਨੋ ॥੧॥ਰਹਾਉ॥

ਹੇ ਜੀਵ! ਤੂੰ ਇਸ ਦੇਹੀ ਦਾ ਗਰਬੁ = ਹੰਕਾਰ ਤਾਂ ਬਡੋ = ਬਹੁਤ ਕਰਦਾ ਹੈਂ ਪਰ ਅੰਤ ਨੂੰ ਇਸ ਨੇ ਸਾਢੇ ਕੁ ਤਿੰਨ ਹੱਥ ਥਾਂ ਵਿਚ ਹੀ ਭਸਮ ਹੋ ਜਾਣਾ ਹੈ, ਇਸ ਤਰ੍ਹਾਂ ਇਸ ਦਾ ਮੂਲ = ਮੁੱਲ ਇਤਨੋ = ਇਤਨਾ ਕੁ ਹੀ ਹੈ। ਇਸ ਦੇਹੀ ਨੇ ਇਸ ਸੰਸਾਰ ਵਿਚ ਜਿਉਂਦਿਆਂ ਰਹਨੁ = ਰਹਿਣਾ ਨਹੀਂ ਹੈ, ਪ੍ਰੰਤੂ ਗਹੁ = ਪਕੜ ਕਿਤਨੋ = ਕਿੰਨੀ ਕਰਦਾ ਹੈ ਕਿ ਮੇਰੇ ਕੋਲ ਹੀ ਰਹੇ ॥੧॥ਰਹਾਉ॥

## ਬੇਬਰਜਤ, ਬੇਦ ਸੰਤਨਾ; ਉਆਹੂ ਸਿਉ, ਰੇ ਹਿਤਨੋ ॥

(**ਬੇ-ਬਰਜਤ** ਦਾ ਉਚਾਰਣ ਡੈਸ਼ ਲੱਗਾ ਕੇ ਹੈ)

ਰੇ = ਹੇ ਭਾਈ! ਜਿਨ੍ਹਾਂ ਮਾੜੇ ਕਰਮਾਂ ਤੋਂ ਬੇਦ = ਚਾਰੇ ਵੇਦ ਅਤੇ ਸੰਤਨਾ = ਸੰਤ ਜਨ ਵੀ

ਬੇਬਰਜਤ = ਵਿਸ਼ੇਸ਼ ਕਰ ਕੇ ਰੋਕਦੇ ਹਨ ਪਰ ਇਹ ਜੀਵ ਉਆਹੂ = ਉਨ੍ਹਾਂ ਸਿਉ = ਨਾਲ ਹੀ ਜਾ ਕਰ ਕੇ ਹਿਤਨੋ = ਪ੍ਰੇਮ ਕਰਦਾ ਹੈ।

## ਹਾਰ ਜੂਆਰ ਜੂਆ ਬਿਧੇ; ਇੰਦ੍ਰੀ ਵਸਿ ਲੈ, ਜਿਤਨੋ ॥੧॥

ਜਿਸ ਪ੍ਰਕਾਰ ਜੂਆਰ = ਜੂਆ ਖੇਡਣ ਵਾਲਾ, ਜੂਏਬਾਜ਼ ਜੂਆ ਖੇਡਦਾ ਹਾਰ ਜਾਂਦਾ ਹੈ, ਉਸ ਦੇ ਬਿਧੇ = ਤਰ੍ਹਾਂ ਹੀ ਜੀਵ ਰੂਪ ਜੁਆਰੀਆ ਵਿਸ਼ੇ-ਵਿਕਾਰਾਂ ਰੂਪੀ ਜੂਆ ਖੇਡ ਕੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਹਾਰ ਬੈਠਦਾ ਹੈ ਤੇ ਇੰਦ੍ਰੀ = ਇੰਦ੍ਰੀਆਂ ਨੇ ਉਸ ਨੂੰ ਆਪਣੇ ਵਸਿ = ਅਧੀਨ ਲੈ = ਲੈ ਕਰ ਕੇ ਜਿਤਨੋ = ਜਿੱਤਣਾ ਕੀਤਾ ਹੈ ॥੧॥

## ਹਰਨ ਭਰਨ ਸੰਪੂਰਨਾ; ਚਰਨ ਕਮਲ ਰੰਗਿ, ਰਿਤਨੋ ॥

ਜਿਹੜਾ ਪਰਮੇਸ਼ਰ ਸੰਪੂਰਨਾ = ਤਮਾਮ, ਸਭ ਸ੍ਰਿਸ਼ਟੀ ਨੂੰ ਇਕ ਛਿਨ ਵਿਚ ਹੀ ਹਰਨ = ਨਾਸ ਕਰ ਦਿੰਦਾ ਹੈ ਅਤੇ ਫਿਰ ਭਰਨ = ਪਾਲਣਾ ਕਰਦਾ ਹੈ, ਉਸ ਵਾਹਿਗੁਰੂ ਦੇ ਚਰਨਾਂ ਕਮਲਾਂ ਦੇ ਰੰਗਿ = ਪ੍ਰੇਮ ਤੋਂ ਬਿਨਾਂ ਰਿਤਨੋ = ਖ਼ਾਲੀ ਤੁਰਿਆ ਫਿਰਦਾ ਹੈ।

## ਨਾਨਕ ਉਧਰੇ ਸਾਧਸੰਗਿ; ਕਿਰਪਾ ਨਿਧਿ ਮੈ ਦਿਤਨੋ ॥੨॥੧੦॥੧੪੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਤਾਂ ਸਾਧਸੰਗਿ = ਸਤਿਸੰਗਤ ਕਰ ਕੇ ਉਧਰੇ = ਉਧਰ ਗਏ ਹਾਂ ਕਿਉਂਕਿ ਕਿਰਪਾ = ਦਇਆ ਦੇ ਨਿਧਿ = ਖ਼ਜ਼ਾਨੇ ਪਰਮੇਸ਼ਰ ਨੇ ਮੈ = ਮੇਰੇ ਤਾਈਂ ਪੂਰੇ ਗੁਰਾਂ ਦੀ ਸੰਗਤ ਦਿਤਨੋ = ਦਿੱਤੀ ਹੈ ॥੨॥੧੦॥੧੪੮॥

## ਗਉੜੀ, ਮਹਲਾ ੫ ॥

## ਮੋਹਿ ਦਾਸਰੋ; ਠਾਕੁਰ ਕੋ ॥ ਧਾਨੁ; ਪ੍ਰਭ ਕਾ ਖਾਨਾ ॥੧॥ਰਹਾਉ॥

ਹੇ ਭਾਈ! ਮੋਹਿ = ਮੈਂ ਆਪਣੇ ਠਾਕੁਰ = ਸੁਆਮੀ ਪਰਮੇਸ਼ਰ ਕੋ = ਦਾ ਦਾਸਰੋ = ਦਾਸ ਹਾਂ।

ਉਸ ਪ੍ਰਭ = ਪਰਮੇਸ਼ਰ ਕਾ = ਦਾ ਦਿੱਤਾ ਹੋਇਆ ਧਾਨੁ = ਅੰਨ ਆਦਿ ਪਦਾਰਥ ਖਾਨਾ = ਖਾਂਦਾ ਹਾਂ **ਵਾ:** ਧਿਆਨ ਕਰਨ ਰੂਪ ਪਦਾਰਥ ਖਾਂਦਾ ਹਾਂ ॥੧॥ਰਹਾਉ॥

## ਐਸੋ ਹੈ ਰੇ; ਖਸਮੁ ਹਮਾਰਾ ॥ ਖਿਨ ਮਹਿ; ਸਾਜਿ ਸਵਾਰਣਹਾਰਾ ॥੧॥

ਰੇ = ਹੇ ਭਾਈ! ਐਸੋ = ਅਜਿਹਾ, ਇਸ ਪ੍ਰਕਾਰ ਦਾ ਹਮਾਰਾ = ਸਾਡਾ **ਵਾ:** ਤਮਾਮ ਦਾ ਖਸਮੁ = ਮਾਲਕ ਪਰਮੇਸ਼ਰ ਹੈ। ਜੋ ਖਿਨ = ਅੱਖ ਝਮਕਣ ਦੇ ਸਮੇਂ ਮਹਿ = ਵਿਚ ਹੀ ਬ੍ਰਹਮਾ ਆਦਿਕ ਨੂੰ ਸਾਜਿ = ਰਚ ਕਰ ਕੇ ਸ੍ਰਿਸ਼ਟੀ ਨੂੰ ਸਵਾਰਣਹਾਰਾ = ਸਵਾਰਨ ਵਾਲਾ ਹੈ **ਵਾ:** ਜੋ ਇਕ ਖਿਨ = ਛਿਨ ਵਿਚ ਸ਼੍ਰਵਣ, ਮੰਨਣ, ਨਿਧਿਆਸਣ ਆਦਿਕ ਨੂੰ ਸਾਜਿ = ਸਾਜ ਕਰ ਕੇ ਅਧਿਕਾਰੀਆਂ ਦੇ ਹਿਰਦੇ ਵਿਚ ਅਪ੍ਰੋਖ ਗਿਆਨ ਨੂੰ ਸਵਾਰਣਹਾਰਾ = ਸਵਾਰਨ ਵਾਲਾ ਹੈ **ਵਾ:** ਇਕ ਛਿਨ ਵਿਚ ਹੀ ਦੇਹਾਂ ਨੂੰ ਸਾਜਿ = ਬਣਾ ਕਰ ਕੇ ਉਨ੍ਹਾਂ ਨੂੰ ਪਾਲਣਾ ਪੋਸ਼ਣਾ ਕਰ ਕੇ ਸਵਾਰਣਹਾਰਾ = ਸਵਾਰਨ ਵਾਲਾ ਹੈ ॥੧॥

## ਕਾਮੁ ਕਰੀ; ਜੈ ਠਾਕੁਰ ਭਾਵਾ ॥[1] ਗੀਤ ਚਰਿਤ; ਪ੍ਰਭ ਕੇ ਗੁਨ ਗਾਵਾ ॥੨॥

(ਪਾਠੰਤ੍ਰ **ਕਰੀਜੈ**, **ਚਰਿਤ** ਦਾ ਉਚਾਰਣ ਪੋਲਾ ਹੈ)

ਹੇ ਭਾਈ! ਉਹੀ ਕਾਮੁ = ਕੰਮ ਕਰੀ = ਕਰੀਏ, ਜੈ = ਜਿਹੜਾ ਠਾਕੁਰ = ਸੁਆਮੀ ਵਾਹਿਗੁਰੂ ਨੂੰ

---

੧. ਦਮਦਮਾ ਸਾਹਿਬ ਦਾ ਪਾਠ "ਜੈ" ਹੈ।

ਭਾਵਾ = ਭਾਉਂਦਾ ਹੈ **ਵਾ:** ਸ਼ੁਭ ਕਾਮੁ = ਕਰਮ ਕਰੀਜੈ = ਕਰੀਏ ਤਾਂ ਠਾਕੁਰ = ਪਰਮੇਸ਼ਰ ਨੂੰ ਭਾਵਾ = ਭਾਵਾਂਗੇ। ਜੋ ਪ੍ਰਭ = ਪਰਮੇਸ਼ਰ ਕੇ = ਦੇ ਗੀਤ = ਜਸ ਰੂਪ ਚਰਿਤ = ਕੌਤਕ ਹਨ, ਉਨ੍ਹਾਂ ਗੁਨ = ਸਿਫ਼ਤਾਂ ਨੂੰ ਕੀਰਤਨ ਵਿਚ ਪਾ ਕੇ ਗਾਵਾ = ਗਾਉਣਾ ਕਰੀਏ **ਵਾ:** ਗੀਤ = ਵਡਾਈ ਜੋ ਸੰਤ ਜਨ ਗਾਉਂਦੇ ਹਨ, ਚਰਿਤ = ਚਰਿਤਰ ਜੋ ਕਥਾ ਵਿਚ ਕਥਨ ਕਰੀਦੇ ਹਨ, ਉਸ ਪ੍ਰਭ = ਪ੍ਰਭੂ ਕੇ = ਦੇ ਗੁਨ = ਸਿਫ਼ਤਾਂ ਨੂੰ ਸੰਗਤ ਵਿਚ ਮਿਲ ਕਰ ਕੇ ਗਾਵਾ = ਗਾਉਣਾ ਕਰੀਏ ॥੨॥

## ਸਰਣਿ ਪਰਿਓ; ਠਾਕੁਰ ਵਜੀਰਾ ॥
## ਤਿਨਾ ਦੇਖਿ; ਮੇਰਾ ਮਨੁ ਧੀਰਾ ॥੩॥

ਹੇ ਠਾਕੁਰ = ਸੁਆਮੀ ਪਰਮੇਸ਼ਰ! ਜੋ ਤੇਰੇ ਵਜੀਰਾ = ਮੰਤ੍ਰੀ ਸੰਤ ਜਨ ਹਨ, ਅਸੀਂ ਉਨ੍ਹਾਂ ਦੀ ਸਰਣਿ = ਓਟ ਵਿਚ ਪਰਿਓ = ਪਏ ਹਾਂ। ਤਿਨਾ = ਉਨ੍ਹਾਂ ਨੂੰ ਦੇਖਿ = ਵੇਖ ਕਰ ਕੇ ਮੇਰਾ = ਸਾਡਾ ਮਨੁ = ਹਿਰਦਾ ਧੀਰਾ = ਧੀਰਜਤਾ ਵਾਲਾ ਹੋ ਗਿਆ ਹੈ ॥੩॥

## ਏਕ ਟੇਕ; ਏਕੋ ਆਧਾਰਾ ॥
## ਜਨ ਨਾਨਕ; ਹਰਿ ਕੀ ਲਾਗਾ ਕਾਰਾ ॥੪॥੧੧॥੧੪੯॥

ਏਕ = ਇੱਕੋ ਹੀ ਪਰਮੇਸ਼ਰ ਦੀ ਇਸ ਲੋਕ ਵਿਚ ਟੇਕ = ਓਟ ਹੈ ਅਤੇ ਪਰਲੋਕ ਵਿਚ ਵੀ ਏਕੋ = ਇਕ ਦਾ ਹੀ ਆਧਾਰਾ = ਆਸਰਾ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਜਨ = ਦਾਸ ਹਰਿ = ਹਰੀ ਕੀ = ਦੀ ਭਗਤੀ ਰੂਪੀ ਕਾਰਾ = ਕਾਰ ਵਿਚ ਲਾਗਾ = ਲੱਗੇ ਹੋਏ ਹਾਂ ॥੪॥੧੧॥੧੪੯॥

## ਗਉੜੀ, ਮਹਲਾ ੫ ॥
## ਹੈ ਕੋਈ ਐਸਾ; ਹਉਮੈ ਤੋਰੈ ॥ ਇਸੁ ਮੀਠੀ ਤੇ; ਇਹੁ ਮਨੁ ਹੋਰੈ ॥੧॥ਰਹਾਉ॥

ਹੇ ਭਾਈ! ਕੋਈ ਇਕ ਅੱਧਾ ਐਸਾ = ਅਜਿਹਾ ਸੂਰਮਾ ਹੈ ਜਿਹੜਾ ਹਉਮੈ = ਹੰਗਤਾ ਮਮਤਾ ਨੂੰ ਤੋਰੈ = ਤੋੜ ਦੇਵੇ ਅਤੇ ਇਸ ਮੀਠੀ = ਮਿੱਠੀ ਮਾਇਆ ਤੇ = ਤੋਂ ਇਹ ਮਨ ਨੂੰ ਹੋਰੈ = ਹੋੜ ਲਵੇ, ਰੋਕ ਲਵੇ ॥੧॥ਰਹਾਉ॥ ਜੈਸਾ ਕਿ :

**ਮੁਖਿ ਮੀਠੀ ਖਾਈ ਕਉਰਾਇ ॥** *(ਬਿਭਾਸ ਪ੍ਰਭਾਤੀ ਮ: ੫, ਅੰਗ ੧੩੪੭)*

**ਬਿਖੈ ਕਉੜਤਣਿ ਸਗਲ ਮਾਹਿ ਜਗਤਿ ਰਹੀ ਲਪਟਾਇ ॥**
**ਨਾਨਕ ਜਨਿ ਵੀਚਾਰਿਆ ਮੀਠਾ ਹਰਿ ਕਾ ਨਾਉ ॥੨॥** *(ਅੰਗ ੩੨੦)*

## ਅਗਿਆਨੀ ਮਾਨੁਖੁ ਭਇਆ; ਜੋ ਨਾਹੀ ਸੋ ਲੋਰੈ ॥

ਇਹ ਮਾਨੁਖੁ = ਪੁਰਸ਼ ਅਗਿਆਨੀ = ਅਗਿਆਨ ਦੇ ਸਹਿਤ ਭਇਆ = ਹੋ ਗਿਆ ਹੈ, ਜੋ = ਜਿਹੜੇ ਪਦਾਰਥ ਨਾਲ ਨਾਹੀ = ਨਹੀਂ ਜਾਣੇ, ਸੋ = ਉਨ੍ਹਾਂ ਨੂੰ ਲੋਰੈ = ਲੋੜਦਾ ਹੈ, ਚਾਹੁੰਦਾ ਹੈ।

## ਰੈਣਿ ਅੰਧਾਰੀ ਕਾਰੀਆ; ਕਵਨ ਜੁਗਤਿ ਜਿਤੁ ਭੋਰੈ ॥੧॥

ਇਹ ਅਵਸਥਾ ਰੂਪੀ ਰੈਣਿ = ਰਾਤ ਅਵਿਦਿਆ ਕਰਕੇ ਬਹੁਤ ਅੰਧਾਰੀ = ਹਨੇਰੀ ਤੇ ਪਾਪਾਂ ਕਰ ਕੇ ਕਾਰੀਆ = ਕਾਲੀ ਹੋ ਰਹੀ ਹੈ, ਇਸ ਵਿਚ ਕਵਨ = ਕਿਹੜੀ ਜੁਗਤਿ = ਜੁਗਤੀ ਹੈ, ਜਿਤੁ = ਜਿਸ ਕਰ ਕੇ ਭੋਰੈ = ਦਿਨ ਚੜ੍ਹ ਜਾਵੇ ਭਾਵ ਗਿਆਨ ਰੂਪੀ ਸੂਰਜ ਚੜ੍ਹ ਜਾਵੇ ॥੧॥

## ਭ੍ਰਮਤੋ ਭ੍ਰਮਤੋ ਹਾਰਿਆ; ਅਨਿਕ ਬਿਧੀ ਕਰਿ ਟੋਰੈ ॥

ਹੇ ਭਾਈ! ਮੈਂ ਜੂਨਾਂ ਵਿਚ ਭ੍ਰਮਤੋ ਭ੍ਰਮਤੋ = ਭਰਮਦਾ ਭਰਮਦਾ ਹਾਰਿਆ = ਹਾਰ ਚੁੱਕਾ ਹਾਂ, ਅਨਿਕ = ਅਨੇਕਾਂ ਬਿਧੀ = ਵਿਧੀਆਂ ਕਰਿ = ਕਰ ਕੇ ਪਰਮੇਸ਼ਰ ਦੇ ਨਾਮ ਨੂੰ ਟੋਰੈ = ਟੋਲਣਾ ਕੀਤਾ ਹੈ।

## ਕਹੁ ਨਾਨਕ ਕਿਰਪਾ ਭਈ; ਸਾਧਸੰਗਤਿ ਨਿਧਿ ਮੋਰੈ ॥੨॥੧੨॥੧੫੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਦੋਂ ਵਾਹਿਗੁਰੂ ਦੀ ਕਿਰਪਾ = ਦਇਆ ਦ੍ਰਿਸ਼ਟੀ ਭਈ = ਹੋਈ ਤਾਂ ਸਾਧਸੰਗਤਿ = ਸਾਧੂਆਂ ਦੀ ਸੰਗਤ ਵਿੱਚੋਂ ਮੋਰੈ = ਮੈਨੂੰ ਨਾਮ ਦਾ ਨਿਧਿ = ਖ਼ਜ਼ਾਨਾ ਪ੍ਰਾਪਤ ਹੋਇਆ ॥੨॥੧੨॥੧੫੦॥

## ਗਉੜੀ, ਮਹਲਾ ੫ ॥

## ਚਿੰਤਾਮਣਿ; ਕਰੁਣਾਮਏ ॥੧॥ਰਹਾਉ॥

(**ਕਰੁਣਾ-ਮਏ** ਦਾ ਉਚਾਰਣ ਡੈਸ਼ ਲੱਗਾ ਕੇ ਹੈ)

ਹੇ ਚਿੰਤਾਮਣਿ = ਚਿਤਵਨੀਆਂ ਨੂੰ ਪੂਰੇ ਕਰਨ ਵਾਲੇ ਪਰਮੇਸ਼ਰ! ਆਪ ਕਰੁਣਾਮਏ = ਕ੍ਰਿਪਾਲੂ ਸਰੂਪ ਹੋ ॥੧॥ਰਹਾਉ॥

## ਦੀਨ ਦਇਆਲਾ; ਪਾਰਬ੍ਰਹਮ ॥ ਜਾ ਕੈ ਸਿਮਰਣਿ; ਸੁਖ ਭਏ ॥੧॥

ਜਿਹੜਾ ਦੀਨ = ਗ਼ਰੀਬਾਂ ਤੇ ਦਇਆਲਾ = ਕਿਰਪਾ ਕਰਨ ਵਾਲਾ ਪਾਰਬ੍ਰਹਮ = ਪਰਮੇਸ਼ਰ ਹੈ। ਜਾ = ਜਿਸ ਕੈ = ਦੇ ਸਿਮਰਣਿ = ਸਿਮਰਨ ਕਰ ਕੇ ਸੁਖ = ਕੁਸਲ ਦੇ ਸਹਿਤ ਪ੍ਰਾਪਤ ਭਏ = ਹੋਏ ਹਾਂ ॥੧॥

## ਅਕਾਲ ਪੁਰਖ; ਅਗਾਧਿ ਬੋਧ ॥ ਸੁਨਤ ਜਸੋ; ਕੋਟਿ ਅਘ ਖਏ ॥੨॥

ਹੇ ਅਕਾਲ = ਕਾਲ ਤੋਂ ਰਹਿਤ ਸਾਰੇ ਥਾਵਾਂ ਵਿਚ ਪੁਰਖ = ਪੂਰਨ ਪਰਮੇਸ਼ਰ! ਆਪ ਜੀ ਦਾ ਬੋਧ = ਗਿਆਨ, ਵੀਚਾਰ ਅਗਾਧਿ = ਬੇਅੰਤ ਹੈ।[੧] ਆਪ ਜੀ ਦਾ ਜਸੋ = ਜਸ ਸੁਨਤ = ਸੁਣਦਿਆਂ ਕੋਟਿ = ਕ੍ਰੋੜਾਂ ਜਨਮਾਂ ਦੇ ਅਘ = ਪਾਪ ਖਏ = ਨਾਸ ਹੋ ਜਾਂਦੇ ਹਨ ॥੨॥

## ਕਿਰਪਾ ਨਿਧਿ; ਪ੍ਰਭ ਮਇਆ ਧਾਰਿ ॥

## ਨਾਨਕ ਹਰਿ ਹਰਿ; ਨਾਮ ਲਏ ॥੩॥੧੩॥੧੫੧॥

ਹੇ ਕਿਰਪਾ = ਦਇਆ ਦੇ ਨਿਧਿ = ਸਮੁੰਦਰ ਪ੍ਰਭ = ਪਰਮੇਸ਼ਰ! ਸਾਡੇ 'ਤੇ ਮਇਆ = ਕ੍ਰਿਪਾ ਦ੍ਰਿਸ਼ਟੀ ਧਾਰਿ = ਧਾਰਨੀ ਕਰੋ। ਨਾਨਕ = ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰਿ = ਹਰੇਕ ਦੇ ਪਾਪਾਂ ਨੂੰ ਹਰਨ ਵਾਲੇ ਹਰਿ = ਹਰੀ ਪਰਮੇਸ਼ਰ! ਅਸੀਂ ਆਪ ਜੀ ਦੇ ਨਾਮ ਨੂੰ ਗੁਰਾਂ ਤੋਂ ਲਏ = ਲੈ ਕੇ ਜਪਦੇ ਰਹੀਏ ॥੩॥੧੩॥੧੫੧॥

## ਗਉੜੀ, ਪੂਰਬੀ, ਮਹਲਾ ੫ ॥

## ਮੇਰੇ ਮਨ; ਸਰਣਿ ਪ੍ਰਭੂ ਸੁਖ ਪਾਏ ॥

ਹੇ ਮੇਰੇ ਪਿਆਰੇ ਮਨ = ਮਨਾਂ! ਪ੍ਰਭੂ = ਪਰਮੇਸ਼ਰ ਦੀ ਸਰਣਿ = ਓਟ ਵਿਚ ਹੀ ਸਭ ਸੁਖ ਪਾਏ = ਪ੍ਰਾਪਤ ਕੀਤੇ ਜਾਂਦੇ ਹਨ।

---

੧. "ਅਕਾਲ ਪੁਰਖ" ਨਾਮ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਰੂ ਸੋਲਹਿਆਂ ਵਿਚ ਉਚਾਰਨ ਕੀਤਾ ਹੈ:
**ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥** *(ਅੰਗ ੧੦੩੮)*

## ਜਾ ਦਿਨਿ ਬਿਸਰੈ ਪ੍ਰਾਨ ਸੁਖਦਾਤਾ; ਸੋ ਦਿਨੁ ਜਾਤ ਅਜਾਏ ॥੧॥ਰਹਾਉ॥

ਜਾ = ਜਿਸ ਦਿਨਿ = ਰੋਜ਼ ਤੈਨੂੰ ਪ੍ਰਾਨ = ਸ੍ਵਾਸਾਂ ਨੂੰ ਸੁਖਦਾਤਾ = ਸੁਖ ਦੇਣ ਵਾਲਾ ਪਰਮੇਸ਼ਰ ਬਿਸਰੈ = ਭੁੱਲ ਜਾਂਦਾ ਹੈ, ਸੋ = ਉਹ ਦਿਨ = ਦਿਵਸ ਅਜਾਏ = ਵਿਅਰਥ ਹੀ ਚਲਿਆ ਜਾਤ = ਜਾਂਦਾ ਹੈ ॥੧॥ਰਹਾਉ॥

## ਏਕ ਰੈਣ ਕੇ, ਪਾਹੁਨ ਤੁਮ ਆਏ; ਬਹੁ ਜੁਗ ਆਸ ਬਧਾਏ ॥

ਹੇ ਜੀਵ ! ਤੁਮ = ਤੁਸੀਂ ਇਸ ਸੰਸਾਰ ਵਿਚ ਏਕ = ਇਕ ਰੈਣ = ਰਾਤ ਕੇ = ਦੇ ਪਾਹੁਨ = ਪ੍ਰਾਹੁਣਚਾਰੀ ਵਿਚ ਆਏ = ਆਉਣਾ ਕੀਤਾ ਹੈ। ਪਰ ਆਪਣੀ ਉਮਰ ਦੀ ਬਹੁ = ਬਹੁਤੇ ਜੁਗ = ਜੁੱਗਾਂ ਦੀਆਂ ਆਸ = ਆਸਾਂ ਬਧਾਏ = ਬੰਨੀ ਬੈਠੇ ਹੋ, ਭਾਵ ਕਹਿੰਦੇ ਹੋ ਕਿ ਸਤਜੁਗ, ਤ੍ਰੇਤਾ, ਦੁਆਪਰ, ਕਲਿਜੁਗ ਸਾਰੇ ਗੁਜ਼ਰ ਜਾਣਗੇ, ਪਰ ਅਸੀਂ ਨਾ ਮਰੀਏ, ਇਸ ਪ੍ਰਕਾਰ ਇਤਨੀ ਵੱਡੀ ਜਿਊਣ ਦੀ ਆਸਾ ਲਾਈ ਹੋਈ ਹੈ।

## ਗ੍ਰਿਹ ਮੰਦਰ ਸੰਪੈ ਜੋ ਦੀਸੈ; ਜਿਉ ਤਰਵਰ ਕੀ ਛਾਏ ॥੧॥

ਗ੍ਰਿਹ = ਕੱਚੇ ਘਰ, ਮੰਦਰ = ਪੱਕੇ ਮਹਿਲ ਅਤੇ ਸੰਪੈ = ਧਨ, ਬਿਭੂਤੀ ਆਦਿਕ ਜੋ = ਜਿਹੜਾ ਕੁਝ ਵੀ ਦੀਸੈ = ਦਿਸ ਰਿਹਾ ਹੈ। ਇਹ ਤਾਂ ਇਉਂ ਨਾਸਵੰਤ ਹਨ ਜਿਉ = ਜਿਵੇਂ ਤਰਵਰ = ਰੁੱਖ ਕੀ = ਦੀ ਛਾਏ = ਛਾਂ ਹੁੰਦੀ ਹੈ। ਜਦੋਂ ਸੂਰਜ ਦੂਜੇ ਪਾਸੇ ਜਾਏ ਤਾਂ ਛਾਂ ਵੀ ਬਦਲ ਕੇ ਦੂਜੇ ਪਾਸੇ ਹੋ ਜਾਂਦੀ ਹੈ। ਏਸੇ ਪ੍ਰਕਾਰ ਜਦੋਂ ਪ੍ਰਾਲਬਧ ਰੂਪੀ ਸੂਰਜ ਪੁੰਨ ਰੂਪ ਪੱਛਮ ਦੀ ਤਰਫ਼ ਚਲਿਆ ਗਿਆ, ਉਦੋਂ ਇਹ ਸਾਰੇ ਪਦਾਰਥ ਛਾਂ ਦੇ ਬਦਲਣ ਵਾਂਗੂੰ ਹੋਰਨਾਂ ਕੋਲ ਚੱਲੇ ਜਾਂਦੇ ਹਨ ॥੧॥

## ਤਨੁ ਮੇਰਾ, ਸੰਪੈ ਸਭ ਮੇਰੀ; ਬਾਗ ਮਿਲਖ ਸਭ ਜਾਏ ॥

ਤੂੰ ਇਹ ਸਮਝਦਾ ਹੈਂ ਕਿ ਇਹ ਤਨੁ = ਸਰੀਰ ਮੇਰਾ ਹੈ ਸਭ = ਸਾਰੀ ਸੰਪੈ = ਵਿਭੂਤੀ ਆਦਿ ਵੀ ਮੇਰੀ ਹੈ, ਬਾਗ = ਬਗੀਚੇ ਤੇ ਮਿਲਖ = ਜਗੀਰਾਂ ਆਦਿ ਤੇ ਸਭ = ਸਾਰੀਆਂ ਜਾਏ = ਜਗ੍ਹਾ ਆਪਣੀਆਂ ਸਮਝੀਆਂ ਹੋਈਆਂ ਹਨ **ਵਾ**: ਬਗੀਚੇ ਤੇ ਜਗੀਰਾਂ ਆਦਿ ਸਾਰੀਆਂ ਚਲੀਆ ਜਾਏ = ਜਾਣਗੀਆਂ।

## ਦੇਵਨਹਾਰਾ ਬਿਸਰਿਓ ਠਾਕੁਰੁ; ਖਿਨ ਮਹਿ ਹੋਤ ਪਰਾਏ ॥੨॥

ਇਹ ਸਭ ਕੁਝ ਦੇਵਨਹਾਰਾ = ਦੇਣ ਵਾਲਾ ਜੋ ਠਾਕੁਰ = ਸੁਆਮੀ ਪਰਮੇਸ਼ਰ ਹੈ, ਉਹ ਤੈਨੂੰ ਬਿਸਰਿਓ = ਭੁੱਲਿਆ ਹੋਇਆ ਹੈ। ਪ੍ਰਾਣਾਂ ਦਾ ਵਿਛੋੜਾ ਪੈਂਦਿਆਂ ਹੀ ਇਹ ਸਭ ਕੁਝ ਖਿਨ = ਅੱਖ ਝਮਕਣ ਦੇ ਸਮੇਂ ਮਹਿ = ਵਿਚ ਪਰਾਏ = ਬੇਗਾਨੇ, ਓਪਰੇ ਹੋਤ = ਹੋ ਜਾਣੇ ਹਨ ॥੨॥

[ਅੰਗ ੨੧੩]

## ਪਹਿਰੈ ਬਾਗਾ ਕਰਿ ਇਸਨਾਨਾ; ਚੋਆ ਚੰਦਨ ਲਾਏ ॥

ਤੂੰ ਖ਼ੁਸ਼ਬੂਦਾਰ ਪਾਣੀਆਂ ਨਾਲ ਇਸਨਾਨਾ = ਨਹਾਉਣਾ ਕਰਿ = ਕਰ ਕੇ ਸੁੰਦਰ ਸੁੰਦਰ ਬਾਗਾ = ਪੁਸ਼ਾਕੇ ਪਹਿਰੈ = ਪਹਿਨਦਾ ਹੈਂ ਅਤੇ ਚੋਆ = ਗੁਲਾਬ ਕੇਵੜੇ ਆਦਿ ਦਾ ਅਰਕ ਅਤੇ ਚੰਦਨ ਆਦਿ ਦੀ ਸੁਗੰਧੀ ਲਾਉਂਦਾ ਹੈਂ।

## ਨਿਰਭਉ ਨਿਰੰਕਾਰ ਨਹੀ ਚੀਨਿਆ; ਜਿਉ ਹਸਤੀ ਨਾਵ੍ਹਾਏ ॥੩॥

(**ਨਾਵ੍ਹਾਏ** ਦਾ ਉਚਾਰਣ ਭਾਰਾ ਹੈ)

ਨਿਰਭਉ = ਭੈ ਤੋਂ ਰਹਿਤ ਨਿਰੰਕਾਰ = ਪਰਮੇਸ਼ਰ ਨੂੰ ਚੀਨਿਆ = ਜਾਣਿਆ ਹੀ ਨਹੀਂ ਹੈ। ਇਸ ਤਰ੍ਹਾਂ ਤੇਰੇ ਹੋਰ ਸੀਗਾਰ ਆਦਿ ਕਰਮ ਇਉਂ ਵਿਅਰਥ ਹਨ, ਜਿਉ = ਜਿਵੇਂ ਹਸਤੀ = ਹਾਥੀ ਦਾ ਨਾਵ੍ਹਾਏ = ਨਹਾਉਣਾ ਵਿਅਰਥ ਹੈ ਕਿਉਂਕਿ ਉਹ ਨਹਾ ਕੇ ਆਪਣੇ ਉੱਤੇ ਫਿਰ ਸੁਆਹ ਆਦਿ ਪਾ ਲੈਂਦਾ ਹੈ ॥੩॥

## ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ; ਸਭਿ ਸੁਖ ਹਰਿ ਕੇ ਨਾਏ ॥

(**ਨਾਏ** ਦਾ ਉਚਾਰਣ ਪੋਲਾ ਹੈ)

ਜਉ = ਜਦੋਂ ਵਾਹਿਗੁਰੂ ਕ੍ਰਿਪਾਲ = ਕ੍ਰਿਪਾਲੂ ਹੋਇ = ਹੋਵੇ ਤ = ਤਾਂ ਪੂਰਬਲੇ ਪੁੰਨਾਂ ਦਾ ਪ੍ਰੇਰਿਆ ਹੋਇਆ ਸਤਿਗੁਰੁ = ਗੁਰੂ ਸਾਹਿਬ ਜੀ ਦੇ ਨਾਲ ਮੇਲੈ = ਮੇਲ ਦਿੰਦਾ ਹੈ, ਅਰ ਸਤਿਗੁਰੂ ਸਾਹਿਬ ਜੀ ਹਰਿ = ਪਰਮੇਸ਼ਰ ਕੇ = ਦੇ ਨਾਏ = ਨਾਮ ਨਾਲ ਜੋੜ ਦਿੰਦੇ ਹਨ ਤਾਂ ਫਿਰ ਸਭ = ਸਾਰੇ ਸੁਖ = ਅਨੰਦ ਨਾਮ ਕਰ ਕੇ ਪ੍ਰਾਪਤ ਹੋ ਜਾਂਦੇ ਹਨ।

## ਮੁਕਤੁ ਭਇਆ ਬੰਧਨ ਗੁਰਿ ਖੋਲੇ;
## ਜਨ ਨਾਨਕ ਹਰਿ ਗੁਣ ਗਾਏ ॥੪॥੧੪॥੧੫੨॥

ਉਹੋ ਸੰਸਾਰ ਤੋਂ ਮੁਕਤ ਭਇਆ = ਹੋਇਆ ਹੈ ਅਤੇ ਉਸਦੇ ਹੀ ਗੁਰਿ = ਸਤਿਗੁਰੂ ਸਾਹਿਬ ਜੀ ਨੇ ਜੰਮਣ ਮਰਣ, ਕਰਤਾ ਭੋਗਤਾ ਦੇ ਬੰਧਨ = ਜੰਜਾਲ ਖੋਲੇ = ਖੋਲ੍ਹ ਦਿੱਤੇ, ਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਨੇ ਹਰਿ = ਪਰਮੇਸ਼ਰ ਦੇ ਗੁਣ = ਸਿਫ਼ਤਾਂ ਨੂੰ ਗਾਏ = ਗਾਉਣਾ ਕੀਤਾ ਹੈ ॥੪॥੧੪॥੧੫੨॥

## ਗਉੜੀ ਪੂਰਬੀ, ਮਹਲਾ ੫ ॥
## ਮੇਰੇ ਮਨ; ਗੁਰੁ ਗੁਰੁ ਗੁਰੁ, ਸਦ ਕਰੀਐ ॥

ਹੇ ਮੇਰੇ ਪਿਆਰੇ ਮਨ = ਮਨਾਂ ! ਗੁਰ = ਚੇਤਨ ਸਰੂਪ ਗੁਰ = ਅਗਿਆਨ ਦਾ ਨਾਸ਼ ਕਰ ਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਗੁਰ = ਸਤਿਗੁਰੂ ਸਾਹਿਬ ਜੀ ਨੂੰ ਮਨ, ਬਾਣੀ, ਸਰੀਰ ਕਰ ਕੇ ਸਦ = ਹਮੇਸ਼ਾਂ ਜਪਣਾ ਕਰੀਐ = ਕਰੀਏ।

## ਰਤਨ ਜਨਮੁ ਸਫਲੁ ਗੁਰਿ ਕੀਆ;
## ਦਰਸਨ ਕਉ ਬਲਿਹਰੀਐ ॥੧॥ਰਹਾਉ॥

ਇਹ ਰਤਨ = ਮਾਣਿਕਾਂ ਦੀ ਨਿਆਈਂ ਅਮੋਲਕ ਮਨੁੱਖਾ ਜਨਮ ਜੋ ਕੌਡੀਆਂ ਦੇ ਭਾਅ ਵਿਅਰਥ ਜਾਂਦਾ ਸੀ, ਇਸ ਨੂੰ ਗੁਰਿ = ਸਤਿਗੁਰੂ ਸਾਹਿਬ ਜੀ ਨੇ ਸਫਲਾ ਕੀਆ = ਕਰ ਦਿੱਤਾ ਹੈ। ਇਸ ਤਰ੍ਹਾਂ ਸਤਿਗੁਰਾਂ ਦੇ ਦਰਸਨ = ਦੀਦਾਰਿਆਂ ਕਉ = ਤਾਈਂ ਬਲਿਹਰੀਐ = ਬਲਿਹਾਰ ਕੁਰਬਾਨ ਜਾਈਏ ॥੧॥ਰਹਾਉ॥

## ਜੇਤੇ ਸਾਸ ਗ੍ਰਾਸ ਮਨੁ ਲੇਤਾ; ਤੇਤੇ ਹੀ ਗੁਨ ਗਾਈਐ ॥

ਹੇ ਪਿਆਰੇ ਮਨੁ = ਮਨਾਂ ! ਜੇਤੇ = ਜਿੰਨੇ ਵੀ ਸਾਸ = ਸਾਹ ਬਾਹਰ ਨੂੰ ਕੱਢਦਾ ਹੈਂ ਅਤੇ ਅੰਦਰ ਨੂੰ ਗ੍ਰਾਸ = ਗ੍ਰਸਦਾ ਹੈਂ **ਵਾ:** ਸ੍ਵਾਸ ਪਰ ਸ੍ਵਾਸ ਲੈਂਦਾ ਹੈਂ। ਤੇਤੇ = ਉਤਨੇ ਹੀ ਵਾਹਿਗੁਰੂ ਦੇ ਗੁਨ = ਸਿਫ਼ਤਾਂ ਨੂੰ ਗਾਈਐ = ਗਾਉਣਾ ਕਰੀਏ।

## ਜਉ ਹੋਇ ਦੈਆਲੁ ਸਤਿਗੁਰੁ ਅਪੁਨਾ; ਤਾ ਇਹ ਮਤਿ ਬੁਧਿ ਪਾਈਐ ॥੧॥

ਜਉ = ਜਦ ਅਪਨਾ = ਆਪਣੇ ਸਤਿਗੁਰੁ = ਗੁਰੂ ਸਾਹਿਬ ਜੀ ਦੈਆਲੁ = ਦਿਆਲੂ ਹੋਇ = ਹੋ ਜਾਣ, ਤਾ = ਤਦ ਇਹ ਮਤਿ = ਮਤੀ ਦੇ ਅੰਦਰ ਬੋਧ ਵਾਲੀ ਬੁਧਿ = ਬੁੱਧੀ ਪਾਈਐ = ਪਾਈਦੀ ਹੈ **ਵਾ:** ਇਹ ਬੁੱਧੀ ਦੇ ਅੰਦਰ ਵਾਹਿਗੁਰੂ ਦੇ ਗੁਣਾਂ ਨੂੰ ਗਾਉਣ ਵਾਲੀ ਮਤਿ = ਸਿਖਿਆ ਪਾਈਐ = ਪ੍ਰਾਪਤ ਕਰੀਦੀ ਹੈ ॥੧॥

## ਮੇਰੇ ਮਨ, ਨਾਮਿ ਲਏ ਜਮ ਬੰਧ ਤੇ ਛੂਟਹਿ; ਸਰਬ ਸੁਖਾ ਸੁਖ ਪਾਈਐ ॥

ਹੇ ਮੇਰੇ ਪਿਆਰੇ ਮਨ = ਮਨਾਂ ! ਪਰਮੇਸ਼ਰ ਦਾ ਨਾਮਿ = ਨਾਉਂ ਲਏ = ਲੈਣ ਨਾਲ, ਉਚਾਰਣ ਨਾਲ ਜਮ = ਜਮਦੂਤਾਂ, ਜਮਾਂ ਦੇ ਬੰਧਿ = ਬੰਧਨ ਤੇ = ਤੋਂ ਛੂਟਹਿ = ਛੁੱਟ ਜਾਵੇਂਗਾ ਅਤੇ ਸਰਬ = ਸਾਰੇ ਸੁੱਖਾਂ ਵਿੱਚੋਂ ਸੁਖ = ਆਤਮ ਸੁਖ ਦੇ ਤਾਈਂ ਪਾਈਐ = ਪਾ ਲਵੇਂਗਾ।

## ਸੇਵਿ ਸੁਆਮੀ ਸਤਿਗੁਰੁ ਦਾਤਾ; ਮਨ ਬੰਛਤ ਫਲ ਆਈਐ ॥੨॥

ਸਭਨਾਂ ਦੇ ਸੁਆਮੀ = ਮਾਲਕ ਅਤੇ ਦਾਤਾ = ਦਾਤਾਂ ਦੇਣ ਵਾਲੇ ਦਾਨੀ ਸਤਿਗੁਰੁ = ਗੁਰੂ ਸਾਹਿਬ ਜੀ ਨੂੰ ਸੇਵ = ਸੇਵਨਾ ਕਰ, ਪੂਜਨਾ ਕਰ **ਵਾ:** ਸੇਵ = ਟਹਿਲ ਕਰ ਤਾਂ ਜੋ ਜੋ ਵੀ ਮਨ = ਹਿਰਦੇ ਵਿਚ ਬੰਛਤ = ਇੱਛਾ ਕਰੇਂਗਾ, ਉਹ ਸਭ ਫਲ ਤੈਨੂੰ ਆਈਐ = ਆ ਕੇ ਪ੍ਰਾਪਤ ਹੋ ਜਾਣਗੇ ॥੨॥

## ਨਾਮੁ ਇਸਟੁ ਮੀਤ ਸੁਤ ਕਰਤਾ; ਮਨ ਸੰਗਿ ਤੁਹਾਰੈ ਚਾਲੈ ॥

ਹੇ ਮੇਰੇ ਪਿਆਰੇ ਮਨ = ਮਨਾਂ ! ਕਰਤਾ = ਕਰਤੇ ਪੁਰਖ ਦਾ ਨਾਮ = ਨਾਉਂ ਹੀ ਤੁਹਾਰੈ = ਤੇਰੇ ਸੰਗਿ = ਨਾਲ ਇਸਟੁ = ਦੇਵਤਾ ਰੂਪ ਹੋ ਕੇ, ਮੀਤ = ਮਿੱਤਰ ਰੂਪ ਹੋ ਕੇ, ਸੁਤ = ਪੁੱਤਰ ਰੂਪ ਹੋ ਕੇ ਚਾਲੈ = ਚੱਲੇਗਾ **ਅਥਵਾ** ਪਰਮੇਸ਼ਰ ਦੇ ਨਾਮ ਨੂੰ ਹੀ ਆਪਣਾ ਇਸਟੁ = ਪੂਜਨੀਕ ਦੇਵਤਾ ਸਮਝੋ, ਮੀਤ = ਮਿੱਤਰ ਸੁਤ = ਪੁੱਤਰਾਂ ਦੇ ਥਾਂ ਵੀ ਨਾਮ ਹੀ ਹੈ, ਨਾਮ ਹੀ ਸਭ ਕੁਝ ਕਰਤਾ = ਕਰਣ ਵਾਲਾ ਹੈ **ਅਥਵਾ** ਪਰਮੇਸ਼ਰ ਦਾ ਨਾਮ ਹੀ ਸ੍ਰਵਣ, ਮੰਨਣ, ਨਿਧਿਆਸਣ ਰੂਪੀ ਮੀਤ = ਮਿੱਤਰ ਦੇਣ ਵਾਲਾ ਹੈ, ਗਿਆਨ ਰੂਪੀ ਸੁਤ = ਪੁੱਤਰ ਦੇਣ ਵਾਲਾ ਹੈ, ਇਸਟੁ = ਅਕਾਲ ਨੂੰ ਮੇਲਣ ਵਾਲਾ ਹੈ, ਸਾਰੇ ਸੰਸਾਰ ਨੂੰ ਪੈਦਾ, ਪਾਲਣਾ, ਲੈਯਤਾ ਕਰਤਾ = ਕਰਨ ਵਾਲਾ ਵੀ ਨਾਮ ਹੀ ਹੈ, ਪਰਮੇਸ਼ਰ ਦਾ ਨਾਮ ਹੀ ਤੁਹਾਰੈ = ਤੇਰੇ ਸੰਗਿ = ਨਾਲ ਪਰਲੋਕ ਵਿਚ ਚਾਲੈ = ਚੱਲੇਗਾ।

## ਕਰਿ ਸੇਵਾ ਸਤਿਗੁਰ ਅਪੁਨੇ ਕੀ; ਗੁਰ ਤੇ ਪਾਈਐ ਪਾਲੈ ॥੩॥

ਹੇ ਮਨਾਂ ! ਅਪੁਨੇ = ਆਪਣੇ ਸਤਿਗੁਰ = ਗੁਰੂ ਸਾਹਿਬ ਕੀ = ਦੀ ਸੇਵਾ = ਟਹਿਲ ਕਰਿ = ਕਰ ਕਿਉਂਕਿ ਗੁਰ = ਸਤਿਗੁਰੂ ਸਾਹਿਬ ਜੀ ਤੇ = ਤੋਂ ਹੀ ਨਾਮ ਦਾ ਉਪਦੇਸ਼ ਹਿਰਦੇ ਰੂਪੀ ਪਾਲੈ = ਪੱਲੇ ਵਿਚ ਪਾਈਐ = ਪਾਉਣਾ ਕਰੀਦਾ ਹੈ ॥੩॥

## ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ; ਬਿਨਸੇ ਸਰਬ ਅੰਦੇਸਾ ॥

ਜਿਨ੍ਹਾਂ 'ਤੇ ਗੁਰ = ਸਤਿਗੁਰੂ ਸਾਹਿਬ ਜੀ ਕਿਰਪਾਲਿ = ਕ੍ਰਿਪਾਲੂ ਹੋਏ ਹਨ ਅਤੇ ਪ੍ਰਭਿ = ਪਰਮੇਸ਼ਰ ਨੇ ਕ੍ਰਿਪਾ = ਦਇਆ ਦ੍ਰਿਸ਼ਟੀ ਧਾਰੀ = ਧਾਰਨ ਕੀਤੀ ਹੈ, ਉਨ੍ਹਾਂ ਦੇ ਸਰਬ = ਸਾਰੇ ਅੰਦੇਸਾ = ਸੰਸੇ ਬਿਨਸੇ = ਵਿਸ਼ੇਸ਼ ਕਰ ਕੇ ਨਾਸ ਹੋ ਗਏ ਹਨ।

## ਨਾਨਕ, ਸੁਖੁ ਪਾਇਆ ਹਰਿ ਕੀਰਤਨਿ; ਮਿਟਿਓ ਸਗਲ ਕਲੇਸਾ ॥੪॥੧੫॥੧੫੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹਰਿ = ਅਕਾਲ ਪੁਰਖ ਦਾ ਕੀਰਤਨਿ = ਜਸ ਗਾ ਕਰ ਕੇ ਸੁਖ ਪਾਇਆ = ਪਾਉਣਾ ਕੀਤਾ ਹੈ ਅਤੇ ਅਵਿਦਿਆ, ਅਸੰਮਤਾ ਆਦਿ ਸਗਲ = ਸਾਰੇ ਕਲੇਸਾ = ਕਲੇਸ਼ ਮਿਟਿਓ = ਮਿਟ ਗਏ ਹਨ ॥੪॥੧੫॥੧੫੩॥

## ਰਾਗੁ ਗਉੜੀ, ਮਹਲਾ ੫

**ਉਥਾਨਕਾ :** ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਪਾਸ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਿੱਖਾਂ ਨੇ ਬੇਨਤੀ ਕੀਤੀ ਕਿ ਹੇ ਗ਼ਰੀਬ ਨਿਵਾਜ਼ ਸਤਿਗੁਰੂ ਜੀ ! ਤ੍ਰਿਸ਼ਨਾ ਕੀ ਹੈ ? ਤਦ ਸਤਿਗੁਰੂ ਸਾਹਿਬ ਜੀ ਤ੍ਰਿਸ਼ਨਾ ਦੇ ਸਰੂਪ ਨੂੰ ਕਥਨ ਕਰਦੇ ਹੋਏ ਅਤੇ ਤ੍ਰਿਸ਼ਨਾਲੂ ਪੁਰਖਾਂ ਦੀ ਹਾਲਤ ਦੱਸਦੇ ਹੋਏ ਰਾਗ ਗਉੜੀ ਵਿਚ ਪਾਵਨ ਪਵਿੱਤਰ ਸਰਬ ਸਾਂਝਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ :

## ੧ੴ ਸਤਿਗੁਰ ਪ੍ਰਸਾਦਿ ॥

੧ = ਅਦ੍ਵੈਤ ਸਰੂਪ ਬ੍ਰਹਮ ੴ = ਸਰਬ ਦਾ ਪ੍ਰਕਾਸ਼ਕ ਜੋ ਸਤਿਗੁਰ = ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਤ੍ਰਿਸਨਾ; ਬਿਰਲੇ ਹੀ ਕੀ ਬੁਝੀ ਹੇ ॥੧॥ਰਹਾਉ॥

(**'ਬੁਝੀ'** ਦਾ ਉਚਾਰਣ ਪੋਲਾ ਹੈ)

ਹੇ ਭਾਈ ! ਕਿਸੇ ਬਿਰਲੇ = ਟਾਂਵੇ-ਟਾਂਵੇ ਕੀ = ਦੀ ਹੀ ਸੰਤੋਖ ਰੂਪੀ ਜਲ ਪਾਉਣ ਕਰ ਕੇ, ਅੰਮ੍ਰਿਤ ਨਾਮ ਰੂਪੀ ਸਰੋਵਰ ਵਿਚ ਵੜਨ ਕਰ ਕੇ ਤ੍ਰਿਸ਼ਨਾ[੧] ਰੂਪੀ ਅੱਗ ਬੁਝੀ = ਸ਼ਾਂਤ ਹੋਈ ਹੈ, ਬੁਝ ਗਈ ਹੈ ॥੧॥ਰਹਾਉ॥

## ਕੋਟਿ ਜੋਰੇ, ਲਾਖ ਕ੍ਰੋਰੇ; ਮਨੁ ਨ ਹੋਰੇ ॥
## ਪਰੈ ਪਰੈ ਹੀ ਕਉ; ਲੁਝੀ ਹੇ ॥੧॥

(**ਲੁੱਝੀ** ਬੋਲੋ)

ਭਾਵੇਂ ਕੋਈ ਕੋਟਿ = ਕ੍ਰੋੜਾਂ ਹੀ ਮਾਇਆ ਜੋਰੇ = ਜੋੜ ਲਵੇ **ਵਾ:** ਕ੍ਰੋੜਾਂ ਹੀ ਜੋਰੇ = ਪੁਸ਼ਾਕੇ ਹੋਣ, ਲਾਖ = ਲੱਖਾਂ ਹੀ ਫ਼ੌਜਾਂ ਹੋਣ, ਕ੍ਰੋਰੇ = ਕ੍ਰੋੜਾਂ ਹੀ ਮਾਇਆ ਦੇ ਖ਼ਜ਼ਾਨੇ ਹੋਵਣ, ਪਰ ਫਿਰ ਵੀ ਮਨੁ = ਚਿਤ ਹੋਰੇ = ਹੱਟਦਾ, ਰੁਕਦਾ ਨ = ਨਹੀਂ ਹੈ। ਸਗੋਂ ਹੋਰ ਪਰੈ = ਪਰ੍ਹੇ ਤੋਂ ਪਰੈ = ਪਰ੍ਹੇ ਪਦਾਰਥਾਂ ਦੀ ਪ੍ਰਾਪਤੀ ਕਉ = ਤਾਈਂ ਹੀ ਲੁਝੀ = ਝਗੜਦਾ ਰਹਿੰਦਾ ਹੈ। ਭਾਵ ਰਾਜ ਨਾਲੋਂ ਅੱਗੇ ਚੱਕ੍ਰਵਰਤੀ ਰਾਜ ਨੂੰ, ਅੱਗੇ ਸਵਰਗ ਦੇ ਰਾਜ ਇਸ ਤੋਂ ਅੱਗੇ ਬ੍ਰਹਮ ਦੀ ਪਦਵੀ ਨੂੰ ਇਸ ਪ੍ਰਕਾਰ ਪਦਾਰਥਾਂ ਨੂੰ ਚਾਹੁੰਦਾ ਹੀ ਰਹਿੰਦਾ ਹੈ ॥੧॥

## ਸੁੰਦਰ ਨਾਰੀ ਅਨਿਕ ਪਰਕਾਰੀ; ਪਰ ਗ੍ਰਿਹ ਬਿਕਾਰੀ ॥

ਭਾਵੇਂ ਆਪਣੇ ਘਰ ਵਿਚ ਅਨਿਕ = ਅਨੇਕਾਂ ਪਰਕਾਰੀ = ਤਰ੍ਹਾਂ ਦੀਆਂ ਸੁੰਦਰ = ਸੋਹਣੀਆਂ ਨਾਰੀ = ਇਸਤਰੀਆਂ ਹੋਣ, ਪ੍ਰੰਤੂ ਫਿਰ ਵੀ ਤ੍ਰਿਸ਼ਨਾਲੂ ਪੁਰਖ ਪਰ = ਪਰਾਇਆਂ ਗ੍ਰਿਹ = ਘਰਾਂ ਵਿਚ ਬਿਕਾਰੀ = ਵਿਕਾਰਵਾਨ ਹੋ ਕੇ ਵਿਸ਼ੇ ਭੋਗਣ ਦੀ ਇੱਛਾ ਹੀ ਕਰਦਾ ਰਹਿੰਦਾ ਹੈ।

---

੧. ਜੇਕਰ ਲੋੜ ਜਿਤਨਾ ਪਦਾਰਥ ਪਹਿਲਾਂ ਹੀ ਪ੍ਰਾਪਤ ਹੋ ਜਾਵੇ, ਫੇਰ ਵੀ ਹੋਰ ਪਦਾਰਥਾਂ ਦੀ ਇੱਛਾ ਬਣੀ ਰਹਿਣੀ ਤੇ ਇੱਛਾ ਵੱਧਦੀ ਹੀ ਜਾਣੀ ਭਾਵ ਅਤ੍ਰਿਪਤੀ। ਉਸ ਦਾ ਨਾਮ ਤ੍ਰਿਸ਼ਨਾ ਹੈ। ਜਿਤਨੇ ਪਦਾਰਥਾਂ ਦੀ ਇੱਛਾ ਸੀ, ਉਤਨੀ ਪੂਰੀ ਹੋ ਜਾਣੀ ਫੇਰ ਵੀ ਖਿਨ ਖਿਨ ਸਮੇਂ ਵਿਚ ਹੋਰ ਵਾਸਨਾ ਫੁਰਦੀ ਰਹਿਣੀ ਇਸ ਦਾ ਨਾਮ ਆਸਾ ਹੈ।

**ਸਾਖੀ—ਸਵਰਗ ਦੇ ਰਾਜੇ ਇੰਦ੍ਰ ਦੀ :** ਜਿਸ ਪ੍ਰਕਾਰ ਸਵਰਗ ਦੇ ਰਾਜੇ ਇੰਦ੍ਰ ਦੇ ਕੋਲ ਸਵਰਗਪੁਰੀ ਵਿਚ ਬਹੁਤ ਹੀ ਸੁੰਦਰ ਸਰੂਪ ਵਾਲੀਆਂ ਸੱਠ ਅਪੱਛਰਾਂ ਸਨ। ਉਨ੍ਹਾਂ ਦੇ ਹੁੰਦਿਆਂ ਹੋਇਆਂ ਭੀ ਇੰਦ੍ਰ ਨੇ ਵਿਕਾਰੀ ਹੋ ਕੇ ਗੋਤਮ ਰਿਖੀ ਦੇ ਘਰ ਵਿਚ ਜਾ ਕੇ ਉਸ ਦੀ ਇਸਤਰੀ ਅਹੱਲਿਆ ਦਾ ਸੱਤ ਤੋੜਨਾ ਕੀਤਾ, ਜਿਸ ਨਾਲ ਰਿਸ਼ੀ ਦੇ ਸਰਾਪ ਕਰ ਕੇ ਸਰੀਰ ਉਪਰ ਹਜ਼ਾਰਾਂ ਭਗਾਂ ਦੇ ਚਿੰਨ੍ਹ ਬਣ ਗਏ, ਕੋਹੜ ਦੇ ਨਾਲ ਦੁਖੀ ਹੋ ਕੇ ਰੋਇਆ ਅਤੇ ਮਾਨ ਸਰੋਵਰ ਵਿਚ ਜਾ ਕੇ ਲੁਕ ਗਿਆ। ਸ਼ਿਵਜੀ ਇਸ ਦੇ ਕੋਲ ਜਾ ਕੇ ਡਮਰੂ ਵਜਾ ਵਜਾ ਕੇ ਬਹੁਤ ਖ਼ੁਸ਼ ਹੋਵੇ ਤੇ ਕਹੇ ਕਿ ਹੇ ਸਵਰਗ ਦੇ ਰਾਜੇ ਤੂੰ ਮੈਨੂੰ ਭਿਆਨਕ ਰੂਪ ਧਾਰੀ ਵੇਖ ਕੇ ਮਖ਼ੌਲ ਕਰਦਾ ਸੀ, ਹੁਣ ਆਪਣੀ ਹਾਲਤ ਵੱਲ ਵੇਖ। ਉਸ ਵੇਲੇ ਦੇਵਤਿਆਂ ਦੇ ਗੁਰੂ ਬ੍ਰਹਸਪਤੀ ਨੇ ਆ ਕੇ ਰਾਮ ਨਾਮ ਦਾ ਮੰਤ੍ਰ ਉਚਾਰਿਆ, ਜਿਸ ਕਰ ਕੇ ਇਸ ਦੇ ਹਜ਼ਾਰ ਨੇਤ੍ਰ ਹੋ ਗਏ, ਇਸ ਪ੍ਰਕਾਰ ਇਸ ਦੇ ਸਰਾਪ ਦਾ ਅੰਤ ਹੋਇਆ। ਇਸ ਪ੍ਰਕਾਰ ਪਰਾਏ ਘਰਾਂ ਦੇ ਤੱਕਣ ਕਰ ਕੇ ਤਾਂ ਸਵਰਗ ਦੇ ਰਾਜੇ ਦੀ ਵੀ ਬੁਰੀ ਹਾਲਤ ਹੋਈ ਸੀ, ਫਿਰ ਦੂਸਰਿਆਂ ਜੀਵਾਂ ਦੀ ਕੀ ਹਾਲਤ ਹੋਵੇਗੀ। ਭਾਵ ਇਹ ਜੀਵ ਪਰਾਇਆ ਘਰਾਂ ਵਿਚ ਜਾ ਕੇ ਵਿਕਾਰਾਂ ਦੀ ਇੱਛਾ ਹੀ ਕਰਦਾ ਰਹਿੰਦਾ ਹੈ। ਇਸ ਤਰ੍ਹਾਂ :

## ਬੁਰਾ ਭਲਾ; ਨਹੀ ਸੁਝੀ ਹੇ ॥੨॥

(**ਸੁੱਝੀ** ਦਾ ਉਚਾਰਣ ਅੱਧਕ ਸਹਿਤ ਹੈ)

ਇਸ ਬਿਕਾਰੀ ਜੀਵ ਨੂੰ ਕੋਈ ਬੁਰਾ ਭਲਾ = ਚੰਗਾ ਮਾੜਾ ਸੁਝੀ = ਸੁੱਝਦਾ ਹੀ ਨਹੀਂ ਹੈ, ਭਾਵ ਬੁਰਾ = ਜੋ ਪਰਾਇਆ ਘਰਾਂ ਵਿਚ ਜਾ ਕੇ ਵਿਕਾਰ ਵਾਲੀ ਦ੍ਰਿਸ਼ਟੀ ਨਾਲ ਤੱਕਣਾ ਅਤੇ ਭਲਾ = ਜੋ ਆਪਣੇ ਗ੍ਰਿਹਸਤ ਵਿਚ ਸੰਜਮ ਵਿਚ ਰਹਿਣਾ ਚਾਹੀਏ ਇਹ ਸੁੱਝਦਾ ਹੀ ਨਹੀਂ ਹੈ ॥੨॥

ਸ੍ਰੀ ਦਸਮ ਗ੍ਰੰਥ ਦੀ ਬਾਣੀ ਵਿਚ ਪਰਾਈ ਇਸਤਰੀ ਤੋਂ ਬਚਣ ਲਈ ਉਪਦੇਸ਼ ਬਖ਼ਸ਼ਿਆ ਹੈ, ਕਲਗ਼ੀਧਰ ਜੀ ਫ਼ੁਰਮਾਉਂਦੇ ਹਨ ਕਿ ਸਾਡੇ ਪਿਤਾ ਗੁਰੂ ਨੇ ਇਹ ਪ੍ਰਣ ਕਰਾਇਆ ਸੀ :

**ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ।**
**ਪੂਤ ਇਹੈ ਪ੍ਰਨ ਤੋਹਿ, ਪ੍ਰਾਨ ਜਬ ਲਗ ਘਟ ਥਾਰੇ।**
**ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ।**
**ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥** *(ਸ੍ਰੀ ਦਸਮ ਗ੍ਰੰਥ, ਅੰਗ ੮੪੨)*

ਇਸ ਗੱਲ ਨੂੰ ਸੁਝਦਾ ਹੀ ਨਹੀਂ ਹੈ, ਦੇਖਦਾ ਤਕ ਵੀ ਨਹੀਂ ਹੈ।

## ਅਨਿਕ ਬੰਧਨ ਮਾਇਆ, ਭਰਮਤੁ ਭਰਮਾਇਆ; ਗੁਣ ਨਿਧਿ ਨਹੀ ਗਾਇਆ ॥

ਜੀਵ ਦੇ ਅੰਦਰ ਮਾਇਆ ਦੇ ਅਨਿਕ = ਅਨੇਕਾਂ ਹੀ ਬੰਧਨ = ਜੰਜਾਲ ਪਏ ਹੋਏ ਹਨ, ਜਿਨ੍ਹਾਂ ਦਾ ਭਰਮਾਇਆ = ਭਟਕਦਾ ਹੋਇਆ ਭਰਮਤੁ = ਭ੍ਰਮਦਾ ਫਿਰਦਾ ਹੈ ਅਤੇ ਜੋ ਗੁਣਨਿਧਿ = ਗੁਣਾਂ ਦਾ ਸਮੁੰਦਰ ਪਰਮੇਸ਼ਰ ਹੈ, ਉਸ ਨੂੰ ਗੁਰਾਂ ਦੇ ਨਾਲ ਮਿਲ ਕਰ ਕੇ ਕਦੇ ਗਾਇਆ = ਗਾਉਣਾ ਨਹੀਂ ਕੀਤਾ।

## ਮਨ ਬਿਖੈ ਹੀ ਮਹਿ; ਲੁਝੀ ਹੇ ॥੩॥

(**ਲੁੱਝੀ** ਦਾ ਉਚਾਰਣ ਅੱਧਕ ਸਹਿਤ ਹੈ)

ਇਸ ਜੀਵ ਦਾ ਮਨ = ਚਿਤ ਬਿਖੈ = ਵਿਸ਼ਿਆਂ ਦੇ ਮਹਿ = ਵਿਚ ਹੀ ਲੁਝੀ = ਝਗੜਦਾ ਰਹਿੰਦਾ ਹੈ **ਵਾ:** ਵਿਸ਼ਿਆਂ ਨੂੰ ਹੀ ਲੁਝੀ = ਚਾਹੁੰਦਾ ਰਹਿੰਦਾ ਹੈ ॥੩॥

## ਜਾ ਕਉ ਰੇ ਕਿਰਪਾ ਕਰੈ, ਜੀਵਤ ਸੋਈ ਮਰੈ; ਸਾਧਸੰਗਿ ਮਾਇਆ ਤਰੈ ॥

ਰੇ = ਹੇ ਭਾਈ ! ਜਾ = ਜਿਸ ਕਉ = ਦੇ ਉੱਪਰ ਗੁਰੂ ਸਾਹਿਬ ਜੀ ਆਪ ਕਿਰਪਾ = ਦਇਆ ਦ੍ਰਿਸ਼ਟੀ ਕਰੇ = ਕਰ ਦਿੰਦੇ ਹਨ, ਸੋਈ = ਉਹੋ ਹੀ ਜੀਵਤ = ਜੀਵ ਭਾਵ ਤੋਂ ਮਰੈ = ਮਰ ਜਾਂਦਾ ਹੈ ਅਤੇ ਸਾਧਸੰਗਿ = ਸਤਿਸੰਗਤ ਕਰ ਕੇ ਮਾਇਆ ਤੋਂ ਤਰੈ = ਤਰ ਜਾਂਦਾ ਹੈ **ਅਥਵਾ** ਜਿਸ 'ਤੇ ਕਿਰਪਾ ਦ੍ਰਿਸ਼ਟੀ ਹੁੰਦੀ ਹੈ, ਉਸ ਨੂੰ ਸਾਧ ਸੰਗਤ ਪ੍ਰਾਪਤ ਹੁੰਦੀ ਹੈ, ਸਾਧਸੰਗਤ ਕਰ ਕੇ ਜੋ ਜੀਵਤ ਭਾਵ ਤੋਂ ਮਰੈ = ਮਰ ਜਾਂਦਾ ਹੈ, ਉਹੋ ਹੀ ਮਾਇਆ ਰੂਪੀ ਨਦੀ ਨੂੰ ਤਰੈ = ਤਰ ਜਾਂਦਾ ਹੈ।

## ਨਾਨਕ; ਸੋ ਜਨੁ, ਦਰਿ ਹਰਿ ਸਿਝੀ ਹੇ ॥੪॥੧॥੧੫੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੋ = ਉਹੋ ਜਨੁ = ਪੁਰਸ਼ ਹਰਿ = ਵਾਹਿਗੁਰੂ ਦੇ ਦਰਿ = ਦਰਗਾਹ, ਸਚਖੰਡ ਵਿਚ, ਸਿਝੀ = ਮੁਕਤੀ ਰੂਪੀ ਪ੍ਰਯੋਜਨ ਨੂੰ ਸਿੱਧ ਕਰਦਾ ਹੈ ॥੪॥੧॥੧੫੪॥

## ਗਉੜੀ, ਮਹਲਾ ੫ ॥ ਸਭਹੂ ਕੋ ਰਸੁ; ਹਰਿ ਹੋ ॥੧॥ਰਹਾਉ॥

ਹੇ ਭਾਈ ! ਹੋ = ਨਿਸਚੇ ਕਰ ਕੇ ਸਭਹੂ = ਸਾਰਿਆਂ ਕੋ = ਦੇ ਅੰਦਰ ਹਰਿ = ਹਰੀ ਆਪ ਹੀ ਰਸੁ = ਅਨੰਦ ਸਰੂਪ ਹੈ ॥੧॥ਰਹਾਉ॥

## ਕਾਹੂ ਜੋਗ, ਕਾਹੂ ਭੋਗ; ਕਾਹੂ ਗਿਆਨ, ਕਾਹੂ ਧਿਆਨ ॥

ਕਾਹੂ = ਕਿਸੇ ਨੇ ਹਰੀ ਦੇ ਰਸ ਦੀ ਪ੍ਰਾਪਤੀ ਵਾਸਤੇ ਹਠ ਜੋਗ, ਮੰਤ੍ਰ ਜੋਗ ਆਦਿ ਜੋਗਾ ਦੇ ਸਾਧਨ ਹੀ ਸਮਝੇ ਹਨ, ਕਾਹੂ = ਕਿਸੇ ਵਿਸ਼ਈ ਨੇ ਰਾਜ ਭੂਮੀ ਪ੍ਰਾਪਤ ਕਰਕੇ ਦੁਨੀਆਂ ਦੇ ਭੋਗਾਂ ਨੂੰ ਹੀ ਬ੍ਰਹਮਾਨੰਦ ਸਮਝਿਆ ਹੈ, ਕਾਹੂ = ਕਿਸੇ ਨੇ ਤੱਤਾ ਵਿਚ ਪੱਚੀ ਪ੍ਰਕਿਰਤੀਆਂ ਦਾ ਗਿਆਨ ਜਾਨਣ ਨੂੰ ਹਰੀ ਦੀ ਪ੍ਰਾਪਤੀ ਦਾ ਰਸ ਲੈਣਾ ਸਮਝਿਆ ਹੈ, ਕਾਹੂ = ਕਿਸੇ ਨੇ ਚਿੱਤ ਦੀ ਬਿਰਤੀ ਨੂੰ ਰੋਕਣ ਰੂਪ ਧਿਆਨ ਲਗਾ ਕੇ ਉਸ ਦੀ ਪ੍ਰਾਪਤੀ ਦਾ ਰਸ ਸਮਝਿਆ ਹੈ।

## ਕਾਹੂ ਹੋ; ਡੰਡ ਧਰਿ ਹੋ ॥੧॥

ਹੋ = ਹੇ ਭਾਈ ! ਕਾਹੂ = ਕਿਸੇ ਸੰਨਿਆਸੀ ਨੇ ਡੰਡ ਭਾਵ ਤ੍ਰਿਦੰਡ ਧਰਿ = ਧਾਰਨ ਨੂੰ ਹੀ ਹਰੀ ਦੀ ਪ੍ਰਾਪਤੀ ਦਾ ਰਸ ਸਮਝਿਆ ਹੋਇਆ ਹੋ = ਹੈ **ਵਾ:** ਕਈ ਲੋਕ ਡੰਡ, ਪਿਤਰ ਡੰਡ, ਰਾਜ ਡੰਡ, ਜਮ ਡੰਡ ਦੇ ਵਿਚ ਹੀ ਪਏ ਰਹਿੰਦੇ ਹਨ ॥੧॥

## ਕਾਹੂ ਜਾਪ ਕਾਹੂ ਤਾਪ; ਕਾਹੂ ਪੂਜਾ ਹੋਮ ਨੇਮ ॥

ਕਾਹੂ = ਕਿਸੇ ਨੇ ਹਰੀ ਦੇ ਰਸ ਦੀ ਪ੍ਰਾਪਤੀ ਲਈ ਦੇਵਤਿਆਂ ਦੇ ਮੰਤ੍ਰਾਂ ਨੂੰ ਜਾਪ = ਜਪਣਾ ਸਮਝਿਆ ਹੈ, ਕਾਹੂ = ਕਈ ਲੋਕ ਪੰਜ, ਸੱਤ ਧੂਣੀਆਂ ਲਾਉਣ ਰੂਪ ਤਾਪ = ਤਪ ਕਰੀ ਜਾਂਦੇ ਹਨ। ਕਾਹੂ = ਕਈ ਸੋਲਾਂ ਪ੍ਰਕਾਰ ਦੀ ਪੂਜਾ = ਅਰਚਨ ਕਰੀ ਜਾਂਦੇ ਹਨ, ਕਈ ਵੇਦਾਂ ਦੀ ਦੱਸੀ ਹੋਈ ਵਿਧੀ ਅਨੁਸਾਰ ਹੋਮ = ਹਵਨ ਕਰੀ ਜਾਂਦੇ ਹਨ, ਕਈ ਨੇਮ = ਜਮ ਨੇਮ ਆਦਿ ਸਾਧਨ ਕਰੀ ਜਾਂਦੇ ਹਨ **ਵਾ:** ਕਈਆਂ ਨੇ ਨੇਮ = ਨਿਯਮ ਰੱਖਿਆ ਹੋਇਆ ਹੈ, ਕਿ ਇੰਨੀ ਵਾਰੀ ਤੀਰਥਾਂ 'ਤੇ ਜਾਣਾ ਗੰਗਾ ਆਦਿਕਾਂ ਦੇ ਇਸ਼ਨਾਨ ਕਰਨੇ ਆਦਿ।

## ਕਾਹੂ ਹੋ; ਗਉਨੁ ਕਰਿ ਹੋ ॥੨॥

ਹੋ = ਹੇ ਭਾਈ ! ਕਾਹੂ = ਕਈ ਸਾਰੀ ਧਰਤੀ 'ਤੇ ਹੀ ਗਉਨੁ = ਗਮਨ ਕਰਿ ਹੋ = ਕਰ ਰਹੇ ਹਨ, ਵਿਚਰਦੇ ਫਿਰਦੇ ਹਨ ਕਿ ਇਸ ਤਰ੍ਹਾਂ ਸਾਰੀ ਧਰਤੀ ਦਾ ਚੱਕਰ ਕੱਟ ਕੇ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਵੇਗੀ ॥੨॥

## ਕਾਹੂ ਤੀਰ ਕਾਹੂ ਨੀਰ; ਕਾਹੂ ਬੇਦ ਬੀਚਾਰ ॥

ਕਾਹੂ = ਕਈ ਤੀਰਥਾਂ ਦੇ ਤੀਰ = ਕਿਨਾਰਿਆਂ 'ਤੇ ਬੈਠੇ ਰਹਿਣ ਨਾਲ ਹਰੀ ਰਸ ਦੀ ਪ੍ਰਾਪਤੀ ਸਮਝਦੇ ਹਨ। ਕਾਹੂ = ਕਈ ਨੀਰ = ਪਾਣੀ ਵਿਚ ਹੀ ਖੜ੍ਹੇ ਰਹਿੰਦੇ ਹਨ, ਕਾਹੂ = ਕਈ ਬੇਦ = ਚਾਰੇ ਵੇਦਾਂ ਨੂੰ ਬੀਚਾਰ = ਵੀਚਾਰੀ ਜਾਂਦੇ ਹਨ।

## ਨਾਨਕਾ; ਭਗਤਿ ਪ੍ਰਿਅ ਹੋ ॥੩॥੨॥੧੫੫॥

ਨਾਨਕਾ = ਸਤਿਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਸਾਨੂੰ ਤਾਂ ਪਰਮੇਸ਼ਰ ਦੀ ਭਗਤਿ = ਭਗਤੀ ਕਰਨੀ ਹੀ ਪ੍ਰਿਅ ਹੋ = ਪਿਆਰੀ ਲੱਗਦੀ ਹੈ, ਭਾਵ ਕੋਈ ਜੋਗ ਦਾ ਆਸਰਾ ਲਾਈ ਬੈਠਾ ਹੈ, ਕੋਈ ਭੋਗਾਂ ਵਿਚ ਫਸਿਆ ਪਿਆ ਹੈ, ਕੋਈ ਗਿਆਨ ਆਦਿ ਹੀ ਪੜ੍ਹੀ ਜਾਂਦਾ ਹੈ, ਕੋਈ ਧਿਆਨ ਲਗਾ ਕੇ ਬੈਠਾ ਹੈ, ਕੋਈ ਜਾਪ ਦਾ ਆਸਰਾ ਲਾਈ ਬੈਠਾ ਹੈ, ਕੋਈ ਤਪ ਦਾ ਆਸਰਾ, ਕੋਈ ਪੂਜਾ ਦਾ ਆਸਰਾ ਲਾਈ ਬੈਠਾ ਹੈ, ਸਾਨੂੰ ਤਾਂ ਪਰਮੇਸ਼ਰ ਦੀ ਭਗਤੀ ਪਿਆਰੀ ਹੈ **ਵਾ:** ਵਾਹਿਗੁਰੂ ਨੂੰ ਭਗਤਿ = ਭਗਤੀ ਕਰਨ ਵਾਲੇ ਪ੍ਰਿਅ ਹੋ = ਪਿਆਰੇ ਹਨ ॥੩॥੨॥੧੫੫॥

## ਗਉੜੀ, ਮਹਲਾ ੫ ॥
## ਗੁਨ ਕੀਰਤਿ; ਨਿਧਿ ਮੋਰੀ ॥੧॥ਰਹਾਉ॥

ਹੇ ਵਾਹਿਗੁਰੂ ! ਜੋ ਤੇਰੀਆਂ ਗੁਨ = ਸਿਫ਼ਤਾਂ ਕਰਨੀਆਂ ਹਨ ਅਤੇ ਕੀਰਤਿ = ਵਡਿਆਈ **ਵਾ:** ਕੀਰਤਨ ਭਗਤੀ ਕਰਨੀ ਹੈ, ਇਹੋ ਹੀ ਮੇਰੀ ਨਿਧਿ = ਨਿਧੀ ਭਾਵ ਖ਼ਜ਼ਾਨਾ ਹੈ ॥੧॥ਰਹਾਉ॥

## ਤੂੰਹੀ ਰਸ ਤੂੰਹੀ ਜਸ; ਤੂੰਹੀ ਰੂਪ ਤੂਹੀ ਰੰਗ ॥

ਹੇ ਪਰਮੇਸ਼ਰ ! ਤੂੰਹੀ = ਤੂੰ ਹੀ ਸਾਰਿਆਂ ਵਿਚ ਰਸ = ਅਨੰਦ ਸਰੂਪ ਹੈਂ, ਤੂੰਹੀ = ਤੂੰ ਹੀ ਜਸ = ਵਡਿਆਈ ਰੂਪ ਹੈਂ, ਤੂੰਹੀ = ਤੂੰ ਹੀ ਸਾਰਿਆਂ ਵਿਚ ਸਚ, ਚਿਤ, ਅਨੰਦ ਰੂਪ ਹੋ ਰਿਹਾ ਹੈਂ, ਤੂਹੀ = ਤੂੰਹੀਓਂ ਹੀ ਰੰਗ = ਪ੍ਰੇਮ ਰੂਪ ਹੋ ਰਿਹਾ ਹੈਂ **ਅਥਵਾ** ਹੇ ਮਹਾਰਾਜ ਤੂੰ ਹੀ ਸਾਰੇ ਰਸਾਂ ਦੇ ਅੰਦਰ ਹੈਂ, ਤੂੰ ਹੀ ਸਾਰਿਆਂ ਦੇ ਅੰਦਰ ਜਸ ਕਰਨ ਵਾਲਾ ਹੈਂ, ਤੂੰ ਹੀ ਸਾਰੇ ਰੂਪਾਂ ਵਿਚ ਹੈਂ, ਤੂੰ ਹੀ ਸਾਰੇ ਰੰਗ = ਤਮਾਸ਼ਿਆਂ ਦੇ ਅੰਦਰ ਹੈਂ **ਅਥਵਾ** ਹੇ ਮਹਾਰਾਜ ! ਤੂੰਹੀ = ਤੂੰ ਹੀ ਰਸ = ਰਸਨਾ ਰੂਪ ਹੈਂ। ਤੂੰ ਹੀ ਜਸ = ਕੀਰਤੀ ਰੂਪ ਹੈ, ਤੂੰਹੀ = ਤੂੰ ਹੀ ਰੂਪ = ਸਰਗੁਣ ਸਰੂਪ ਨੂੰ ਪ੍ਰਗਟ ਕਰਨ ਵਾਲਾ ਹੈਂ ਅਤੇ ਤੂੰਹੀ = ਤੂੰਹੀਓਂ ਹੀ ਭਗਤ ਬਣ ਕੇ ਰੰਗ = ਪ੍ਰੇਮ ਕਰਨ ਵਾਲਾ ਹੈਂ **ਅਥਵਾ** ਹੇ ਬ੍ਰਹਮ ! ਤੂੰ ਹੀ ਸਾਰਿਆਂ ਵਿਚ ਰਸ ਰੂਪ ਹੋ ਕੇ ਵਿਆਪਕ ਹੈਂ, ਤੂੰਹੀਓਂ ਹੀ ਆਪਣੇ ਸੇਵਕਾਂ ਦੇ ਹਿਰਦਿਆਂ ਵਿਚ ਜਸ = ਕੀਰਤੀ ਰੂਪ ਹੋ ਕੇ ਵਰਤ ਰਿਹਾ ਹੈਂ। ਤੂੰਹੀ = ਤੂੰ ਆਪ ਹੀ ਰੂਪ = ਸਰੂਪ ਦੀ ਪ੍ਰਾਪਤੀ ਵਾਲਾ ਤਤਬੇਤਾ ਬਣ ਕੇ ਆਪਣੇ ਆਤਮਾ ਰੂਪ ਨੂੰ ਵੇਖਣ ਵਾਲਾ ਹੈਂ, ਤੂੰਹੀ ਰੰਗ = ਅਨੰਦ ਸਰੂਪ ਹੈਂ।

## ਆਸ ਓਟ; ਪ੍ਰਭ ਤੋਰੀ ॥੧॥

ਹੇ ਪ੍ਰਭ =ਪਰਮੇਸ਼ਰ ਜੀ ! ਮੈਨੂੰ ਮਨ ਕਰ ਕੇ ਤੋਰੀ = ਤੇਰੀ ਆਸ = ਲਾਲਸਾ ਹੈ ਅਤੇ ਤਨ ਕਰ ਕੇ ਵੀ ਤੇਰੀ ਓਟ = ਟੇਕ, ਆਸਰਾ ਹੈ ॥੧॥

## ਤੂਹੀ ਮਾਨ ਤੂੰਹੀ ਧਾਨ; ਤੂਹੀ ਪਤਿ ਤੂਹੀ ਪ੍ਰਾਨ ॥

ਹੇ ਵਾਹਿਗੁਰੂ ! ਤੂਹੀ = ਤੂੰ ਹੀ ਮੇਰੇ ਮਾਨ = ਮੰਨਣੇ ਯੋਗ ਹੈਂ। ਜੋ ਖਟ ਪ੍ਰਮਾਣਾਂ ਦੇ ਵਿਧੀ ਪੱਖ ਦੁਆਰਾ ਵਿਸ਼ੇ ਰੂਪ ਗਿਆਨ ਹੈਂ ਅਤੇ ਖਟ ਪ੍ਰਮਾਣਾਂ ਦੇ ਨਿਖੇਧ ਪੱਖ ਦੁਆਰਾ ਅਵਿਸ਼ੇ ਰੂਪ ਜੋ ਸ੍ਵੈ ਅਨੁਭਵ ਰੂਪ ਗਿਆਨ

ਹੈ, ਉਹ ਮਾਨ ਵੀ ਤੂੰ ਹੀ ਹੈ। ਤੂੰਹੀ = ਤੂੰ ਹੀ ਮੇਰੇ ਧਾਨ = ਧਿਆਉਣੇ ਜੋਗ ਹੈਂ **ਵਾ:** ਧਾਨ = ਅੰਨ, ਰੋਜ਼ੀ ਰੋਟੀ ਦੇਣ ਵਾਲਾ ਵੀ ਤੂੰ ਹੀ ਹੈਂ। ਤੂਹੀ = ਤੂੰ ਹੀ ਮੇਰੀ ਪਤ = ਇੱਜ਼ਤ ਰੂਪ ਹੈਂ ਤੂਹੀ = ਤੂੰ ਹੀ ਮੇਰੇ ਪ੍ਰਾਨ = ਸੁਆਸ ਰੂਪ ਹੈਂ **ਵਾ:** ਮੇਰੀ ਵਿਕਾਰਾਂ ਤੋਂ ਬਚਾ ਕੇ ਪਤਿ = ਪ੍ਰਤਿਸ਼ਠਾ ਰੱਖਣ ਵਾਲਾ ਹੈ **ਵਾ:** ਸਾਰਿਆਂ ਦਾ ਪਤ = ਪਤੀ ਰੂਪ ਹੈਂ, ਤੂੰ ਹੀ ਮੇਰੇ ਪ੍ਰਾਨ = ਪ੍ਰਾਣਾਂ ਦਾ ਆਧਾਰ ਰੂਪ ਹੈਂ।

## ਗੁਰਿ; ਤੂਟੀ ਲੈ ਜੋਰੀ ॥੨॥

ਚੌਰਾਸੀ ਲੱਖ ਜੂਨ ਵਿਚ ਭਰਮਦੇ ਫਿਰਦੇ ਕਾਰਨ ਮੇਰੀ ਬਿਰਤੀ ਪਰਮੇਸ਼ਰ ਨਾਲੋਂ ਤੂਟੀ = ਟੁੱਟੀ ਹੋਈ ਸੀ। ਗੁਰਿ = ਸਤਿਗੁਰੂ ਸਾਹਿਬ ਜੀ ਨੇ ਆਪਣੀ ਸ਼ਰਨ ਵਿਚ ਲੈ = ਲੈ ਕਰ ਕੇ ਪ੍ਰਭੂ ਨਾਲ ਜੋਰੀ = ਜੋੜ ਦਿੱਤੀ ਹੈ ॥੨॥

[ਅੰਗ ੨੧੪]

## ਤੂਹੀ ਗ੍ਰਿਹਿ ਤੂਹੀ ਬਨਿ; ਤੂਹੀ ਗਾਉ ਤੂਹੀ ਸੁਨਿ ॥

ਹੇ ਵਾਹਿਗੁਰੂ! ਤੂਹੀ = ਤੂੰ ਆਪ ਹੀ ਗ੍ਰਿਹਿ = ਗ੍ਰਹਿਸਥੀਆਂ ਵਿਚ ਹੈਂ, ਤੂਹੀ = ਤੂੰ ਆਪ ਹੀ ਬਨਿ = ਬਾਨ ਪ੍ਰਸਤੀ ਰੂਪ ਹੈਂ। ਤੂਹੀ = ਤੂੰ ਆਪ ਹੀ ਆਪਣੇ ਗੁਣ ਗਾਉ = ਗਾਉਣ ਵਾਲਾ ਹੈਂ ਅਤੇ ਤੂੰ ਆਪ ਹੀ ਸੁਨਿ = ਸ੍ਰਵਨ ਕਰਨ ਵਾਲਾ ਜਗਿਆਸੂ ਰੂਪ ਹੈਂ **ਅਥਵਾ** ਹੇ ਮਹਾਰਾਜ! ਤੂੰ ਆਪ ਹੀ ਅੰਤਸ਼ਕਰਣ ਰੂਪੀ ਗ੍ਰਿਹਿ = ਘਰ ਰੂਪ ਹੈਂ ਆਪ ਹੀ ਸੰਸਾਰ ਰੂਪੀ ਬਨ = ਵਣ, ਜੰਗਲ ਹੈਂ। ਤੂੰ ਆਪ ਹੀ ਸਰੂਪ ਰੂਪੀ ਗਾਉ = ਗਾਂਵ ਭਾਵ ਨਗਰ ਹੈ ਅਰ ਆਪ ਹੀ ਸੁਨਿ = ਉਜਾੜ ਰੂਪ, ਬੀਆਬਾਨ ਰੂਪ ਹੈਂ।

## ਹੈ ਨਾਨਕ; ਨੇਰ ਨੇਰੀ ॥੩॥੩॥੧੫੬॥

ਨਾਨਕ = ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਮਹਾਰਾਜ! ਤੂੰ ਨੇਰ ਨੇਰੀ = ਨੇੜੇ ਤੋਂ ਵੀ ਨੇੜੇ ਹੈ ॥੩॥੩॥੧੫੬॥

## ਗਉੜੀ, ਮਹਲਾ ੫ ॥
## ਮਾਤੋ; ਹਰਿ ਰੰਗਿ ਮਾਤੋ ॥੧॥ਰਹਾਉ॥

ਹੇ ਸੰਤ ਜਨੋਂ! ਅਸੀਂ ਹਰਿ = ਹਰੀ ਦੇ ਰੰਗਿ = ਪ੍ਰੇਮ ਦੀ ਮਾਤੋ = ਮਸਤੀ ਕਰ ਕੇ ਮਾਤੋ = ਮਸਤ ਹੋ ਰਹੇ ਹਾਂ **ਵਾ:** ਹੇ ਭਾਈ! ਤੁਸੀਂ ਵੀ ਮਾਤੋ = ਮਸਤ ਹੋ ਜਾਵੋ, ਹਰਿ = ਹਰੀ ਪਰਮੇਸ਼ਰ ਦੇ ਰੰਗਿ = ਪ੍ਰੇਮ ਵਿਚ ਮਾਤੋ = ਮਸਤ ਹੋ ਜਾਵੋ **ਅਥਵਾ** ਜਿਹੜਾ ਹੋਰਨਾਂ ਵਸਤੂਆਂ ਨੂੰ ਤਿਆਗ ਕਰ ਕੇ ਹਰਿ = ਹਰੀ ਦੇ ਰੰਗਿ = ਅਨੰਦ ਵਿਚ ਮਾਤੋ = ਮੱਤਿਆ ਗਿਆ ਹੈ, ਉਸ ਨੂੰ ਮਾਤੋ = ਮਸਤ ਹੋਇਆ ਕਹੀਦਾ ਹੈ ॥੧॥ਰਹਾਉ॥

## ਓੁਹੀ ਪੀਓ ਓੁਹੀ ਖੀਓ; ਗੁਰਹਿ ਦੀਓ ਦਾਨੁ ਕੀਓ ॥

ਓੁਹੀ = ਉਹੋ ਹੀ ਪਰਮੇਸ਼ਰ ਦੇ ਨਾਮ ਦਾ ਅਮਲ ਅਸੀਂ ਪੀਓ = ਪੀਤਾ ਹੈ, ਓੁਹੀ = ਉਸੇ ਕਰ ਕੇ ਅਸੀਂ ਖੀਓ = ਮਸਤ ਹੋਏ ਹਾਂ **ਵਾ:** ਓੁਹੀ ਪਰਮੇਸ਼ਰ ਸਾਰਿਆਂ ਦਾ ਪੀਓ = ਪਤੀ ਰੂਪ ਹੈ, ਓੁਹੀ ਸਭਨਾਂ ਨੂੰ ਖੀਓ = ਖੀਵਾ ਕਰਨ ਵਾਲਾ ਭਾਵ ਮਤਵਾਲਾ, ਮਸਤ ਕਰਨ ਵਾਲਾ ਹੈ। ਇਹ ਨਾਮ ਰੂਪੀ ਅਮਲ ਗੁਰਹਿ = ਸਤਿਗੁਰੂ ਸਾਹਿਬ ਜੀ ਨੇ ਸਾਨੂੰ ਦੀਓ = ਦੇਣਾ ਕੀਤਾ ਹੈ, ਪਰ ਅਸੀਂ ਮੁੱਲ ਨਹੀਂ ਲਿਆ, ਗੁਰੂ ਜੀ ਨੇ ਦਾਨ ਹੀ ਕੀਓ = ਕੀਤਾ ਹੈ।

## ਉਆਹੂ ਸਿਉ; ਮਨੁ ਰਾਤੋ ॥੧॥

ਉਆਹੂ = ਉਸੇ ਵਾਹਿਗੁਰੂ ਦੇ ਸਿਉ = ਨਾਲ ਹੀ ਸਾਡਾ ਮਨ = ਅੰਤਸ਼ਕਰਣ ਰਾਤੋ = ਰੱਤਿਆ ਗਿਆ ਹੈ, ਤਦਾਕਾਰ ਹੋਇਆ ਹੈ ॥੧॥

## ਉਹੀ ਭਾਠੀ ਉਹੀ ਪੋਚਾ; ਉਹੀ ਪਿਆਰੋ ਉਹੀ ਰੂਚਾ ॥

ਉਹੀ = ਉਹੋ ਹੀ ਵਿਆਪਕ ਰੂਪ ਪਰਮੇਸ਼ਰ ਭਾਠੀ = ਭੱਠੀ ਰੂਪ ਹੈ, ਉਹੀ = ਉਹੋ ਪਰਮੇਸ਼ਰ ਹੀ ਸਾਡਾ ਪ੍ਰੇਮ ਰੂਪੀ ਪੋਚਾ ਰੂਪ ਹੈ। ਉਹੀ = ਉਹੋ ਹੀ ਪਰਮੇਸ਼ਰ ਸਾਡਾ ਪਿਆਰੋ = ਪਿਆਲਾ ਰੂਪ ਹੈ, ਉਹੀ = ਉਹੋ ਪਰਮੇਸ਼ਰ ਹੀ ਸਾਡੀ ਰੂਚਾ = ਰੁਚੀ ਬਣੀ ਹੈ **ਵਾ:** ਉਹੀ ਸਾਡਾ ਪਿਆਰੋ = ਪਿਆਰਾ ਹੈ, ਉਹੀ = ਉਹੋ ਪਰਮੇਸ਼ਰ ਹੀ ਸਾਡੇ ਮਨ ਨੂੰ ਰੂਚਾ = ਭਾਇਆ ਹੈ, ਪਸੰਦ ਆਇਆ ਹੈ।

## ਮਨਿ; ਓਹੋ ਸੁਖੁ ਜਾਤੋ ॥੨॥

ਅਸੀਂ ਆਪਣੇ ਮਨਿ = ਹਿਰਦੇ ਵਿਚ ਓਹੋ = ਉਹੋ ਵਾਹਿਗੁਰੂ ਦੇ ਸੁਖ ਨੂੰ ਹੀ ਜਾਤੋ = ਜਾਨਣਾ ਕੀਤਾ ਹੈ ॥੨॥

## ਸਹਜ ਕੇਲ ਅਨਦ ਖੇਲ; ਰਹੇ ਫੇਰ ਭਏ ਮੇਲ ॥

ਅਸੀਂ ਸਹਜ = ਗਿਆਨ ਸਰੂਪ ਦੇ ਵਿਚ ਕੇਲ = ਬਿਲਾਸ ਮਾਣਦੇ ਹੋਏ ਪਰਮੇਸ਼ਰ ਦੀਆਂ ਅਨਦ = ਅਨੰਦ ਦਾਇਕ ਖੇਲ = ਖੇਲਾਂ, ਕੌਤਕਾਂ ਨੂੰ ਵੇਖਦੇ ਹਾਂ। ਸਾਡੇ ਚੌਰਾਸੀ ਦੇ ਫੇਰ = ਚੱਕਰ ਫੇਰੇ ਰਹੇ = ਰਹਿ ਚੁੱਕੇ ਹਨ ਅਤੇ ਵਾਹਿਗੁਰੂ ਦੇ ਨਾਲ ਮੇਲ = ਮਿਲਾਪ ਭਏ = ਹੋ ਗਿਆ ਹੈ।

## ਨਾਨਕ; ਗੁਰ ਸਬਦਿ ਪਰਾਤੋ ॥੩॥੪॥੧੫੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰ = ਗੁਰੂ ਸਾਹਿਬ ਜੀ ਦੇ ਸਬਦਿ = ਉਪਦੇਸ਼ ਨੂੰ ਪ੍ਰਾਪਤ ਕਰ ਕੇ ਵਾਹਿਗੁਰੂ ਵਿਚ ਪਰਾਤੋ = ਅਤਿਅੰਤ ਪ੍ਰੇਮ ਪੈਦਾ ਹੋ ਗਿਆ ॥੩॥੪॥੧੫੭॥

## ਰਾਗੁ, ਗੌੜੀ ਮਾਲਵਾ, ਮਹਲਾ ੫

ਰਾਗ ਗੌੜੀ (ਗਉੜੀ) ਦੀ ਮਾਲਵਾ ਜਾਤੀ ਵਿਚ ਪੰਜਵੇਂ ਪਾਤਿਸ਼ਾਹ ਪਾਵਨ ਸ਼ਬਦ ਉਚਾਰਨ ਕਰਦੇ ਹਨ।

## ੴ ਸਤਿਗੁਰ ਪ੍ਰਸਾਦਿ ॥

੧ = ਅਦ੍ਵੈਤ ਸਰੂਪ ਬ੍ਰਹਮ ਓਂ = ਸਰਬ ਦਾ ਪ੍ਰਕਾਸ਼ਕ ਜੋ ਸਤਿਗੁਰ = ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਹਰਿ ਨਾਮੁ ਲੇਹੁ, ਮੀਤਾ ਲੇਹੁ; ਆਗੈ, ਬਿਖਮ ਪੰਥੁ ਭੈਆਨ ॥੧॥ਰਹਾਉ॥

ਹੇ ਮੀਤ = ਮਿੱਤਰ, ਸੱਜਣ ਜਨੋਂ ! ਹਰਿ = ਪਰਮੇਸ਼ਰ ਦਾ ਨਾਮ ਜੋ ਲੇਹੁ = ਲੈਣੇ ਜੋਗ ਹੈ, ਉਸ ਨੂੰ ਗੁਰੂ ਸਾਹਿਬ ਕੋਲੋਂ ਲੇਹੁ = ਲੈਣਾ ਕਰੋ।

ਕਿਉਂਕਿ ਆਗੈ = ਅੱਗੇ ਪਰਲੋਕ ਦਾ ਪੰਥੁ = ਮਾਰਗ, ਰਸਤਾ ਬਹੁਤ ਹੀ ਬਿਖਮ = ਕਠਿਨ ਅਤੇ ਭੈਆਨ = ਭੈਦਾਇਕ ਹੈ ॥੧॥ਰਹਾਉ॥

## ਸੇਵਤ ਸੇਵਤ ਸਦਾ ਸੇਵਿ; ਤੇਰੈ ਸੰਗਿ ਬਸਤੁ ਹੈ ਕਾਲੁ ॥

ਹੇ ਭਾਈ! ਮਨ ਕਰ ਕੇ ਵਾਹਿਗੁਰੂ ਦਾ ਸੇਵਤ = ਸੇਵਨ ਕਰ ਬਾਣੀ ਕਰ ਕੇ ਵਾਹਿਗੁਰੂ ਦਾ ਸੇਵਤ = ਸੇਵਨ ਕਰ ਅਤੇ ਸਰੀਰ ਕਰ ਕੇ, ਰੋਮ ਰੋਮ ਕਰ ਕੇ ਸਦਾ = ਹਮੇਸ਼ਾਂ ਉਸ ਦਾ ਸੇਵਿ = ਸੇਵਨ ਕਰ **ਵਾ**: ਜਾਗ੍ਰਤ, ਸੁਪਨ, ਸੁਖੋਪਤੀ ਵਿਚ ਸੇਵਤ = ਸੇਵਨ ਯੋਗ ਪਰਮੇਸ਼ਰ ਨੂੰ ਸੇਵਤ = ਸੇਵਨੇ ਵਾਲਾ ਹੋ ਕੇ ਬਾਲ, ਜੁਆਨੀ ਅਤੇ ਬਿਰਧ ਅਵਸਥਾ ਵਿਚ ਸਦਾ = ਹਮੇਸ਼ਾਂ ਉਸ ਦਾ ਸੇਵਿ = ਸੇਵਨ ਕਰ।

ਕਿਉਂਕਿ ਤੇਰੈ = ਤੇਰੇ ਸੰਗਿ = ਨਾਲ ਹਮੇਸ਼ਾਂ ਕਾਲੁ = ਮੌਤ, ਯਮਕਾਲ ਬਸਤੁ = ਵੱਸ ਰਿਹਾ ਹੈ।

## ਕਰਿ ਸੇਵਾ ਤੂੰ, ਸਾਧ ਕੀ; ਹੋ ਕਾਟੀਐ ਜਮ ਜਾਲੁ ॥੧॥

ਹੋ = ਹੇ ਭਾਈ! ਤੂੰ ਸਾਧ = ਸ੍ਰੇਸ਼ਟ ਜਨਾਂ ਕੀ = ਦੀ ਸੇਵਾ = ਟਹਿਲ ਕਰਿ = ਕਰਿਆ ਕਰ, ਜਿਸ ਕਰ ਕੇ ਤੇਰਾ ਜਮ = ਜਮਾਂ ਦਾ ਜਾਲੁ = ਫਾਹਾ ਕਾਟੀਐ = ਕੱਟਿਆ ਜਾਵੇਗਾ ॥੧॥

## ਹੋਮ ਜਗ ਤੀਰਥ ਕੀਏ; ਬਿਚਿ ਹਉਮੈ, ਬਧੇ ਬਿਕਾਰ ॥

(**ਬਧੇ** ਦਾ ਉਚਾਰਣ ਅੱਧਕ ਰਹਿਤ ਪੋਲਾ ਹੈ)

ਹੇ ਭਾਈ! ਹੋਮ = ਹਵਨ, ਜਗ = ਯਗ ਆਦਿਕ ਅਤੇ ਤੀਰਥ = ਤੀਰਥਾਂ 'ਤੇ ਯਾਤਰਾ, ਇਸ਼ਨਾਨ ਆਦਿ ਕੀਏ = ਕਰਨੇ ਕਰ ਕੇ, ਦਿਲ ਅੰਦਰ ਹਉਮੈ = ਹੰਗਤਾ ਆ ਜਾਂਦੀ ਹੈ ਅਤੇ ਜੀਵ ਦੇ ਅੰਦਰ ਬਿਕਾਰ = ਵਿਕਾਰ ਬਧੇ = ਵਧ ਜਾਂਦੇ ਹਨ **ਵਾ**: ਜੀਵ ਵਿਕਾਰਾਂ ਵਿਚ ਬਧੇ = ਬੱਝ ਕਰ ਕੇ ਸੜਦਾ ਰਹਿੰਦਾ ਹੈ, ਨਾਸ ਹੁੰਦਾ ਰਹਿੰਦਾ ਹੈ।

## ਨਰਕੁ ਸੁਰਗੁ ਦੁਇ ਭੁੰਚਨਾ; ਹੋਇ ਬਹੁਰਿ ਬਹੁਰਿ ਅਵਤਾਰ ॥੨॥

ਫਿਰ ਉਨ੍ਹਾਂ ਯੱਗ ਆਦਿਕ ਕਰਮਾਂ ਦੇ ਪੁੰਨ ਕਰ ਕੇ ਸੁਰਗ = ਸਵਰਗ ਦੀ ਪ੍ਰਾਪਤੀ ਹੋ ਜਾਵੇਗੀ, ਜਦੋਂ ਪੁੰਨ ਨਾਸ ਹੋ ਗਏ ਤਾਂ ਫਿਰ ਨਰਕਾਂ ਵਿਚ ਆਉਣਾ ਪਵੇਗਾ, ਇਉਂ ਜੀਵ ਦੁਇ = ਦੋਵੇਂ ਨਰਕਾਂ ਸਵਰਗਾਂ ਨੂੰ ਭੁੰਚਨਾ = ਭੋਗਦਾ ਹੈ ਅਤੇ ਬਹੁਰਿ ਬਹੁਰਿ = ਵਾਰ ਵਾਰ ਚੌਰਾਸੀ ਲੱਖ ਜੂਨਾਂ ਵਿਚ ਅਵਤਾਰ = ਜਨਮ ਧਾਰ ਕੇ ਇਸ ਦਾ ਆਉਣਾ ਹੋਇ = ਹੋਵੇਗਾ ॥੨॥

## ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ; ਨਿਹਚਲੁ ਕੋ ਥਾਉ ਨਾਹਿ ॥

ਸਿਵ ਪੁਰੀ = ਸ਼ਿਵਜੀ ਦੀ ਪੁਰੀ ਭਾਵ ਕੈਲਾਸ਼ ਪਰਬਤ, ਬ੍ਰਹਮ = ਬ੍ਰਹਮਾ ਦੀ ਪੁਰੀ ਅਤੇ ਇੰਦ੍ਰ ਪੁਰੀ = ਸਵਰਗ ਆਦਿਕ ਵਿੱਚੋਂ ਕੋ = ਕੋਈ ਵੀ ਥਾਉ = ਥਾਂ ਨਿਹਚਲੁ = ਅਚੱਲ ਨਾਹਿ = ਨਹੀਂ ਹੈ।

## ਬਿਨੁ ਹਰਿ ਸੇਵਾ ਸੁਖੁ ਨਹੀ; ਹੋ ਸਾਕਤ ਆਵਹਿ ਜਾਹਿ ॥੩॥

ਉਸ ਹਰਿ = ਵਾਹਿਗੁਰੂ ਦੀ ਸੇਵਾ = ਟਹਿਲ ਭਗਤੀ ਤੋਂ ਬਿਨੁ = ਬਗ਼ੈਰ, ਕਿਸੇ ਨੂੰ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ, ਹੋ = ਹੇ ਭਾਈ! ਜੋ ਸਾਕਤ = ਸ਼ਕਤੀ ਦੇ ਉਪਾਸ਼ਕ, ਕਠੋਰ ਚਿਤ ਵਾਲੇ ਪਤਿਤ ਪੁਰਸ਼ ਹਨ, ਉਹ ਆਵਹਿ ਜਾਹਿ = ਆਉਂਦੇ ਜਾਂਦੇ ਰਹਿੰਦੇ ਹਨ ॥੩॥

## ਜੈਸੋ ਗੁਰਿ ਉਪਦੇਸਿਆ; ਮੈ ਤੈਸੋ ਕਹਿਆ ਪੁਕਾਰਿ ॥

ਹੇ ਭਾਈ! ਇਹ ਅਸੀਂ ਆਪਣੇ ਕੋਲੋਂ ਨਹੀਂ ਕਹਿ ਰਹੇ, ਜੈਸੋ = ਜਿਸ ਤਰ੍ਹਾਂ ਸਾਨੂੰ ਗੁਰਿ = ਗੁਰੂ ਸਾਹਿਬ ਜੀ ਨੇ ਉਪਦੇਸਿਆ = ਉਪਦੇਸ਼ ਬਖ਼ਸ਼ਿਆ ਹੈ, ਮੈ = ਅਸੀਂ ਤੈਸੋ = ਤਿਵੇਂ ਦਾ ਹੀ ਬੁਲੰਦ ਅਵਾਜ਼ ਵਿਚ ਪੁਕਾਰਿ = ਪੁਕਾਰ ਕਰ ਕੇ ਕਹਿਆ = ਕਹਿ ਦਿੱਤਾ ਹੈ।

## ਨਾਨਕੁ ਕਹੈ ਸੁਨਿ ਰੇ ਮਨਾ; ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਰੇ = ਹੇ ਮੇਰੇ ਪਿਆਰੇ ਮਨ = ਮਨਾਂ ! ਸੁਨਿ = ਸੁਣਨਾ ਕਰ, ਤੂੰ ਪਰਮੇਸ਼ਰ ਦਾ ਕੀਰਤਨੁ = ਜਸ ਕਰਿ = ਕਰਨਾ ਕਰ, ਜਿਸ ਕਰਕੇ ਤੇਰਾ ਸੰਸਾਰ ਤੋਂ ਉਧਾਰੁ = ਪਾਰ ਉਤਾਰਾ ਹੋ ਜਾਵੇਗਾ ॥੪॥੧॥੧੫੮॥

## ਰਾਗੁ ਗਉੜੀ ਮਾਲਾ, ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਰਾਗ ਗਉੜੀ ਦੀ 'ਮਾਲਾ' ਜਾਤੀ ਵਿਚ ਪੰਜਵੇਂ ਪਾਤਿਸ਼ਾਹ ਪਾਵਨ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

੧ = ਅਦ੍ਵੈਤ ਸਰੂਪ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ ਜੋ ਸਤਿਗੁਰ = ਗੁਰੂ ਜੀ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਪਾਇਓ ਬਾਲ ਬੁਧਿ; ਸੁਖੁ ਰੇ ॥

ਰੇ = ਹੇ ਭਾਈ ! ਬਾਲ ਬੁਧਿ = ਬਾਲਕ ਬੁੱਧੀ ਕਰਕੇ ਵਾ: ਬਾਲ = ਵੱਡੀ ਭਾਵ ਆਤਮ ਵਿਸ਼ੈਣੀ ਬੁੱਧੀ ਕਰ ਕੇ ਸੁਖੁ = ਅਨੰਦ ਪਾਇਓ = ਪਾਉਣਾ ਕੀਤਾ ਹੈ।

## ਹਰਖ ਸੋਗ, ਹਾਨਿ ਮਿਰਤੁ, ਦੂਖ ਸੁਖ; ਚਿਤਿ ਸਮਸਰਿ, ਗੁਰ ਮਿਲੇ ॥੧॥ਰਹਾਉ॥

ਜੋ ਪਦਾਰਥਾਂ ਦੇ ਆਏ ਤੋਂ ਹਰਖ = ਖ਼ੁਸ਼ੀ ਹੋਣੀ ਅਤੇ ਪਦਾਰਥਾਂ ਦੇ ਵਿਯੋਗ ਕਰ ਸੋਗ = ਗ਼ਮ, ਫ਼ਿਕਰ ਹੋਣਾ, ਹਾਨਿ = ਹਾਨੀ, ਘਾਟਾ ਮਿਰਤੁ = ਮੌਤ ਆ ਜਾਣੀ, ਦੂਖ = ਕਸ਼ਟ ਪ੍ਰਾਪਤ ਹੋਣਾ, ਸੁਖ ਪ੍ਰਾਪਤ ਹੋਣਾ, ਇਨ੍ਹਾਂ ਸਭਨਾਂ ਵਿਚ ਗੁਰ = ਸਤਿਗੁਰੂ ਸਾਹਿਬ ਜੀ ਦੇ ਮਿਲੇ = ਮਿਲਣੇ ਕਰ ਕੇ ਚਿਤਿ = ਮਨ ਸਮਸਰਿ = ਇੱਕੋ ਜਿਹਾ ਹੋ ਗਿਆ ਹੈ ॥੧॥ਰਹਾਉ॥

## ਜਉ ਲਉ ਹਉ ਕਿਛੁ ਸੋਚਉ ਚਿਤਵਉ; ਤਉ ਲਉ ਦੁਖਨੁ ਭਰੇ ॥

ਜਉ = ਜਦ ਲਉ = ਤੱਕ ਇਹ ਜੀਵ ਆਪਣੀ ਹਉਮੈ ਦੇ ਸਹਿਤ ਕਹਿੰਦਾ ਹੈ ਕਿ ਸਭ ਕਿਛੁ = ਕੁਝ ਹਉ = ਮੈਂ ਹੀ ਸੋਚਉ = ਸੋਚਦਾ ਹਾਂ, ਮੈਂ ਹੀ ਚਿਤਵਉ = ਚਿਤਵਨੀ ਕਰਦਾ ਹਾਂ, ਤਉ = ਤਦ ਲਉ = ਤਕ ਇਹ ਜੰਮਣ ਮਰਣ ਰੂਪੀ ਦੁਖਨੁ = ਦੁੱਖ ਭਰੇ = ਭਰਦਾ ਰਹਿੰਦਾ ਹੈ, ਭੋਗਦਾ ਰਹਿੰਦਾ ਹੈ।

## ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ; ਤਉ ਆਨਦ ਸਹਜੇ ॥੧॥

ਜਉ = ਜਦੋਂ ਕ੍ਰਿਪਾਲੁ = ਕਿਰਪਾ ਦੇ ਘਰ ਪੂਰਾ = ਪੂਰਨ ਗੁਰ = ਸਤਿਗੁਰੂ ਸਾਹਿਬ ਜੀ ਭੇਟਿਆ = ਮਿਲੇ, ਤਉ = ਤਦ ਗੁਰਾਂ ਦੀ ਕਿਰਪਾ ਕਰ ਕੇ ਸਹਜੇ = ਸੁਭਾਵਿਕ ਹੀ ਆਨਦ = ਅਨੰਦ ਪ੍ਰਗਟ ਹੋ ਆਇਆ, ਪ੍ਰਕਾਸ਼ ਹੋ ਆਇਆ ॥੧॥

## ਜੇਤੀ ਸਿਆਨਪ ਕਰਮ ਹਉ ਕੀਏ; ਤੇਤੇ ਬੰਧ ਪਰੇ ॥

ਜੇਤੀ = ਜਿੰਨੀ ਬੁੱਧੀ ਦੀ ਸਿਆਨਪ = ਚਤੁਰਾਈ ਕਰ ਕੇ ਜੀਵ ਨੇ ਹਉ = ਹਉਮੈ ਦੇ ਸਹਿਤ ਕਰਮ ਕੀਏ = ਕੀਤੇ ਹਨ, ਤੇਤੇ = ਉਤਨੇ ਹੀ ਇਸ ਨੂੰ ਕਰਤਾ ਭੋਗਤਾ ਹੰਗਤਾ ਮਮਤਾ ਰੂਪੀ ਆਦਿ ਬੰਧ = ਬੰਧਨ ਪਰੇ = ਪਏ ਹਨ।

## ਜਉ ਸਾਧੂ ਕਰੁ ਮਸਤਕਿ ਧਰਿਓ; ਤਬ ਹਮ ਮੁਕਤ ਭਏ ॥੨॥

ਜਉ = ਜਦੋਂ ਸਾਧੂ = ਸ੍ਰੇਸ਼ਟ ਸਤਿਗੁਰੂ ਸਾਹਿਬ ਜੀ ਨੇ ਸਾਡੇ ਮਸਤਕਿ = ਮੱਥੇ ਉਪਰ ਆਪਣਾ ਕਿਰਪਾ

ਰੂਪੀ ਕਰੁ = ਹੱਥ ਧਰਿਓ = ਧਰਨਾ ਕੀਤਾ, ਤਬ = ਤਦੋਂ ਹਮ = ਅਸੀਂ ਹੰਗਤਾ ਮਮਤਾ ਤੋਂ ਮੁਕਤ ਭਏ = ਹੋ ਗਏ ॥੨॥

## ਜਉ ਲਉ ਮੇਰੋ ਮੇਰੋ ਕਰਤੋ; ਤਉ ਲਉ ਬਿਖੁ ਘੇਰੇ ॥

ਜਉ = ਜਦ ਲਉ = ਤਕ ਇਹ ਜੀਵ ਮੇਰੋ = ਮੇਰਾ ਪਦਾਰਥ ਹੈ, ਇਹ ਮੇਰੋ = ਮੇਰਾ ਹੈ, ਇਸ ਤਰ੍ਹਾਂ ਮੇਰ ਕਰਦਾ ਹੈ। ਤਉ = ਤਦ ਲਉ = ਤੱਕ ਮਾਇਆ ਰੂਪੀ ਬਿਖੁ = ਜ਼ਹਿਰ ਇਸ ਨੂੰ ਘੇਰੇ = ਘੇਰੀ ਰੱਖਦੀ ਹੈ।

## ਮਨੁ ਤਨੁ ਬੁਧਿ ਅਰਪੀ ਠਾਕੁਰ ਕਉ; ਤਬ ਹਮ ਸਹਜਿ ਸੋਏ ॥੩॥

ਜਿਸ ਵੇਲੇ ਆਪਣਾ ਮਨੁ = ਚਿਤ ਵੀ, ਤਨੁ = ਸਰੀਰ ਵੀ ਅਤੇ ਬੁਧਿ = ਬੁੱਧੀ ਵੀ ਠਾਕੁਰ = ਸੁਆਮੀ ਪਰਮੇਸ਼ਰ ਕਉ = ਨੂੰ ਅਰਪੀ = ਅਰਪਣ ਕਰ ਦਿੱਤੀ, ਤਬ = ਤਦੋਂ ਹਮ = ਅਸੀਂ ਸਹਜਿ = ਸਹਿਜ ਸਰੂਪ ਵਿਚ, ਅਚੱਲ ਸਮਾਧੀ ਵਿਚ ਸੋਏ = ਬਿਰਾਜਮਾਨ ਹੋਏ ਹਾਂ ॥੩॥

## ਜਉ ਲਉ ਪੋਟ ਉਠਾਈ ਚਲਿਅਉ; ਤਉ ਲਉ ਡਾਨ ਭਰੇ ॥

ਜਉ = ਜਦ ਲਉ = ਤਕ ਜੀਵ ਆਪਣੇ ਸਿਰ ਉੱਪਰ ਹੰਗਤਾ ਮਮਤਾ ਦੀ ਪੋਟ = ਪੰਡ ਉਠਾਈ = ਚੁੱਕ ਕਰ ਕੇ ਚਲਿਅਉ = ਚਲਿਆ ਰਹਿੰਦਾ ਹੈ, ਤਉ = ਤਦ ਲਉ = ਤਕ ਇਹ ਡਾਨ = ਡੰਨ **ਵਾ:** ਲੋਕ ਦੰਡ ਪਿਤਰ ਦੰਡ, ਦੇਵ ਦੰਡ ਆਦਿ ਭਰੇ = ਭਰਦਾ ਰਹਿੰਦਾ ਹੈ।

## ਪੋਟ ਡਾਰਿ ਗੁਰੁ ਪੂਰਾ ਮਿਲਿਆ; ਤਉ ਨਾਨਕ ਨਿਰਭਏ ॥੪॥੧॥੧੫੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਦੋਂ ਪੂਰਾ = ਪੂਰਨ ਗੁਰੁ = ਸਤਿਗੁਰੂ ਸਾਹਿਬ ਜੀ ਮਿਲਿਆ = ਮਿਲ ਪਏ ਤਾਂ ਹੰਗਤਾ ਮਮਤਾ ਰੂਪੀ ਪੋਟ = ਪੰਡ ਡਾਰਿ = ਸੁੱਟ ਦਿੱਤੀ, ਤਉ = ਤਦੋਂ ਫਿਰ ਨਿਰਭਏ = ਡਰ ਤੋਂ ਰਹਿਤ ਹੋ ਗਏ ॥੪॥੧॥੧੫੯॥

## ਗਉੜੀ ਮਾਲਾ, ਮਹਲਾ ੫ ॥
## ਭਾਵਨੁ ਤਿਆਗਿਓ ਰੀ; ਤਿਆਗਿਓ ॥

ਰੀ = ਹੇ ਸੰਤ ਰੂਪ ਸਖੀਓ ! ਮੈਂ ਮਨ ਕਰ ਕੇ ਭਾਵਨੁ = ਦ੍ਵੈਤ ਭਾਵਨਾ ਨੂੰ ਤਿਆਗਿਓ = ਛੱਡਣਾ ਕੀਤਾ ਹੈ, ਤਨ ਕਰ ਕੇ ਵੀ ਦ੍ਵੈਤ ਭਾਵਨਾ ਨੂੰ ਤਿਆਗਿਓ = ਤਿਆਗਣਾ ਕੀਤਾ ਹੈ।

## ਤਿਆਗਿਓ; ਮੈ ਗੁਰ ਮਿਲਿ, ਤਿਆਗਿਓ ॥

ਮੈ ਬਾਣੀ ਕਰ ਕੇ ਵੀ ਤਿਆਗਿਓ = ਤਿਆਗਣੇ ਯੋਗ ਦ੍ਵੈਤ-ਭਾਵ ਨੂੰ ਗੁਰ = ਗੁਰੂ ਜੀ ਦੇ ਨਾਲ ਮਿਲਿ = ਮਿਲ ਕਰ ਕੇ ਤਿਆਗਿਓ = ਤਿਆਗਿਆ ਹੈ **ਅਥਵਾ** ਤਿਆਗਿਓ = ਤਿਆਗੀ ਜੋ ਗੁਰ = ਸਤਿਗੁਰੂ ਸਾਹਿਬ ਜੀ ਹਨ, ਜੋ ਤਿਆਗਿਓ = ਤਿਆਗ ਦਾ ਵੀ ਤਿਆਗਿਓ = ਤਿਆਗ ਕਰਨ ਵਾਲੇ ਹਨ, ਉਨ੍ਹਾਂ ਨਾਲ ਮਿਲ ਕਰ ਕੇ ਭਾਵਨੁ = ਦ੍ਵੈਤ ਭਾਵ ਨੂੰ ਤਿਆਗਿਓ = ਤਿਆਗ ਦਿੱਤਾ ਹੈ।

**ਸਾਖੀ—ਇਕ ਰਾਜੇ ਦੀ :** ਜਿਸ ਪ੍ਰਕਾਰ ਵਿਸ਼ਿਸ਼ਟ ਪੁਰਾਣ ਵਿਚ ਇਕ ਰਾਜੇ ਦੀ ਕਥਾ ਆਉਂਦੀ ਹੈ, ਜਿਸ ਦੀ ਚੜਾਲਾ ਨਾਮੇ ਰਾਣੀ ਬਹੁਤ ਹੀ ਸੂਝਵਾਨ ਤੇ ਭਾਉ-ਭਗਤੀ ਵਾਲੀ ਸੀ, ਇਸ ਨੇ ਇਕ ਦਿਨ ਸਾਧੂ ਦਾ ਰੂਪ ਧਾਰਨ ਕਰ ਕੇ ਰਾਜੇ ਨੂੰ ਕਿਹਾ ਕਿ ਹੇ ਰਾਜਨ ! ਤਿਆਗ ਕਰ। ਰਾਜੇ ਨੇ ਸੱਤ ਬਚਨ ਕਹਿ ਕੇ ਕਿਹਾ ਕਿ ਮੈਂ ਆਪਣਾ ਰਾਜ ਭਾਗ ਛੱਡ ਦਿੰਦਾ ਹਾਂ। ਇਸ ਤਰ੍ਹਾਂ ਰਾਜਾ, ਰਾਜ ਭਾਗ ਤਿਆਗ ਕੇ ਜੰਗਲ

ਵਿਚ ਜਾ ਬੈਠਾ, ਉਥੇ ਵੀ ਉਹ ਸਾਧੂ ਰੂਪ ਵਿਚ ਰਾਜੇ ਕੋਲ ਗਈ, ਫਿਰ ਉਹੀ ਬਚਨ ਕਿਹਾ ਕਿ ਰਾਜਨ ਤਿਆਗ ਕਰ, ਰਾਜੇ ਨੇ ਆਪਣੇ ਬਸਤਰ ਵੀ ਉਤਾਰ ਦਿੱਤੇ, ਰਾਜਾ ਲਉ ਮੁਨੀ ਜੀ, ਇਹੋ ਕੁਝ ਕੋਲ ਸੀ, ਇਸ ਦਾ ਵੀ ਤਿਆਗ ਕਰ ਦਿੱਤਾ। ਮੁਨੀ ਰੂਪ ਵਿਚ ਰਾਣੀ ਨੇ ਫਿਰ ਕਿਹਾ ਕਿ ਹੇ ਰਾਜਨ ਤਿਆਗ ਕਰ, ਉਸ ਵੇਲੇ ਰਾਜੇ ਨੇ ਚਿਖਾ ਬਣਾ ਲਈ ਤੇ ਚਿਖਾ 'ਤੇ ਬੈਠ ਗਿਆ, ਕਹਿਣ ਲੱਗਾ ਕਿ ਹੁਣ ਤਾਂ ਸਿਰਫ਼ ਮੇਰੇ ਕੋਲ ਇਹ ਸਰੀਰ ਬਾਕੀ ਤਿਆਗਣੇ ਯੋਗ ਬਚਿਆ ਹੈ, ਇਸ ਦਾ ਵੀ ਹੁਣ ਮੈਂ ਤਿਆਗ ਕਰ ਦਿੰਦਾ ਹਾਂ, ਉਸ ਵੇਲੇ ਇਸ ਦੀ ਰਾਣੀ ਨੇ ਕਿਹਾ ਕਿ ਹੇ ਰਾਜਨ ਇਸ ਦਾ ਨਾਮ ਤਿਆਗ ਨਹੀਂ ਹੈ। ਜੋ ਤੂੰ ਕਹਿੰਦਾ ਹੈਂ ਕਿ ਮੈਂ ਰਾਜ, ਫ਼ੌਜਾਂ, ਖ਼ਜ਼ਾਨੇ, ਰਾਣੀਆਂ, ਬਸਤਰ ਆਦਿ ਸਾਰੇ ਸੁਖ ਛੱਡ ਦਿੱਤੇ ਹਨ, ਮੈਂ ਹੁਣ ਸਰੀਰ ਵੀ ਛੱਡਣ ਲੱਗਾ ਹਾਂ, ਇਹ ਤਿਆਗ ਨਹੀਂ ਹੈ। ਰਾਜਾ ਕਹਿਣ ਲੱਗਾ ਕਿ ਫਿਰ ਤਿਆਗ ਕਿਸ ਨੂੰ ਕਹਿੰਦੇ ਹਨ, ਰਾਣੀ ਕਹਿਣ ਲੱਗੀ ਕਿ ਜੋ ਤੇਰੇ ਅੰਦਰ ਅਜੇ ਤਿਆਗ ਦੀ ਹੰਗਤਾ ਹੈ ਕਿ ਮੈਂ ਸਭ ਕੁਝ ਤਿਆਗਿਆ ਹੈ। ਇਸ ਤਿਆਗ ਦਾ ਵੀ ਤਿਆਗ ਕਰ, ਫਿਰ ਤੈਨੂੰ ਸੁਖ ਪ੍ਰਾਪਤ ਹੋਵੇਗਾ। ਇਸ ਪ੍ਰਕਾਰ ਜਦੋਂ ਰਾਜੇ ਦੀ ਹੰਗਤਾ ਟੁੱਟ ਗਈ ਤਾਂ ਫਿਰ ਤਿਆਗੀ ਹੋ ਗਿਆ। ਭਾਵ ਜਿਹੜੇ ਸਤਿਗੁਰੂ ਜੀ ਆਪ ਹੰਗਤਾ ਮਮਤਾ ਦੇ ਤਿਆਗੀ ਹਨ, ਉਨ੍ਹਾਂ ਦੇ ਨਾਲ ਮਿਲ ਕਰ ਕੇ, ਤਨ ਦਾ ਅਭਿਮਾਨ, ਮਨ, ਬਾਣੀ ਦਾ ਅਭਿਮਾਨ, ਰਾਜ ਸੁਖ ਦਾ ਅਭਿਮਾਨ ਸਾਰਾ ਤਿਆਗ ਦਿੱਤਾ ਹੈ, ਤਿਆਗ ਦਾ ਵੀ ਤਿਆਗ ਕਰ ਦਿੱਤਾ ਹੈ।

## ਸਰਬ ਸੂਖ ਆਨੰਦ ਮੰਗਲ ਰਸ; ਮਾਨਿ ਗੋਬਿੰਦੈ ਆਗਿਓ ॥੧॥ਰਹਾਉ॥

ਗੋਬਿੰਦੈ = ਅਕਾਲ ਪੁਰਖ ਦੀ ਆਗਿਆ = ਰਜ਼ਾ ਮਾਨਿ = ਮੰਨਣੇ ਕਰ ਕੇ ਲੋਕ ਪਰਲੋਕ ਦੇ ਸਰਬ = ਸਾਰੇ ਸੂਖ = ਸੁਖ ਆਨੰਦ = ਖ਼ੁਸ਼ੀਆਂ ਮੰਗਲ = ਉਤਸਵ ਅਤੇ ਰਸ = ਪ੍ਰੇਮ ਆਦਿ ਇਹ ਸਾਰੇ ਪ੍ਰਾਪਤ ਹੋ ਗਏ ॥੧॥ਰਹਾਉ॥

[ਅੰਗ ੨੧੫]

## ਮਾਨੁ ਅਭਿਮਾਨੁ ਦੋਊ ਸਮਾਨੇ; ਮਸਤਕੁ ਡਾਰਿ ਗੁਰ ਪਾਗਿਓ ॥

ਮਾਨੁ = ਸਤਿਕਾਰ ਅਤੇ ਅਭਿਮਾਨੁ = ਅਪਮਾਨ, ਨਿਰਾਦਰ ਦੋਊ = ਦੋਵੇਂ ਹੀ ਸਮਾਨੇ = ਇੱਕੋ ਜਿਹੇ ਨਿਸਚੇ ਕੀਤੇ ਹਨ, ਅਸੀਂ ਆਪਣਾ ਮਸਤਕੁ = ਮੱਥਾ ਗੁਰ = ਸਤਿਗੁਰੂ ਸਾਹਿਬ ਜੀ ਦੇ ਪਾਗਿਓ = ਚਰਣਾਂ ਉਪਰ ਡਾਰਿ = ਰੱਖ ਦਿੱਤਾ ਹੈ। ਜੈਸਾ ਕਿ :

**ਤੈਸਾ ਮਾਨੁ ਤੈਸਾ ਅਭਿਮਾਨੁ ॥** *(ਗਉੜੀ ਸੁਖਮਨੀ ਮ: ੫, ਅੰਗ ੨੭੫)*

## ਸੰਪਤ ਹਰਖੁ ਨ ਆਪਤ ਦੂਖਾ; ਰੰਗੁ ਠਾਕੁਰੈ ਲਾਗਿਓ ॥੧॥

ਹੁਣ ਜੇਕਰ ਸੰਪਤ = ਬਿਭੂਤੀ, ਧਨ ਪਦਾਰਥ ਆ ਜਾਵੇ ਤਾਂ ਹਰਖ = ਖ਼ੁਸ਼ੀ ਨਹੀਂ ਹੁੰਦੀ ਅਤੇ ਆਪਤ = ਬਿਪਤਾ ਆਉਣ 'ਤੇ ਕੋਈ ਦੂਖਾ = ਦੁੱਖ ਨਹੀਂ ਹੁੰਦਾ। ਐਸਾ ਚਿਤ ਵਿਚ ਠਾਕੁਰੈ = ਸੁਆਮੀ ਪਰਮੇਸ਼ਰ ਦਾ ਰੰਗੁ = ਪ੍ਰੇਮ ਲਾਗਿਓ = ਲੱਗ ਗਿਆ ਹੈ ॥੧॥

## ਬਾਸ ਬਾਸਰੀ ਏਕੈ ਸੁਆਮੀ; ਉਦਿਆਨ ਦ੍ਰਿਸਟਾਗਿਓ ॥

ਬਾਸ = ਘਰਾਂ ਵਿਚ ਬਾਸਰੀ = ਵੱਸਦੇ ਲੋਕਾਂ ਵਿਚ **ਵਾ:** ਬਾਸ = ਸਰੀਰਾਂ ਵਿਚ ਅਤੇ ਬਾਸਰੀ = ਵਸਣ ਵਾਲੇ ਜੀਵਾਂ ਵਿਚ **ਵਾ:** ਬਾਸ = ਵਾਸ਼ਨਾ ਵਾਲਿਆਂ ਵਿਚ ਬਾਸਰੀ = ਬਹਿਣ ਵਾਲੇ ਮੰਦਰਾਂ ਵਿਚ ਏਕੈ = ਇੱਕੋ ਹੀ ਸੁਆਮੀ = ਮਾਲਕ ਪਰਮੇਸ਼ਰ ਹੀ ਚੇਤਨ ਰੂਪ ਹੋ ਕੇ ਵਿਆਪਕ ਹੈ। ਸਾਨੂੰ ਸੰਸਾਰ ਰੂਪੀ ਉਦਿਆਨ = ਉਜਾੜ ਵਿਚ ਇੱਕੋ ਹੀ ਦ੍ਰਿਸਟਾਗਿਓ = ਨਜ਼ਰੀਂ, ਦ੍ਰਿਸ਼ਟੀ ਵਿਚ ਆ ਗਿਆ ਹੈ।

## ਨਿਰਭਉ ਭਏ ਸੰਤ ਭ੍ਰਮੁ ਡਾਰਿਓ; ਪੂਰਨ ਸਰਬਾਗਿਓ ॥੨॥

ਸੰਤ = ਸ਼ਾਤ ਆਤਮਾ ਗੁਰੂ ਸਾਹਿਬ ਜੀ ਨੇ ਸਾਡੇ ਅੰਦਰੋਂ ਭ੍ਰਮੁ = ਭਰਮ ਦਾ ਪਰਦਾ ਡਾਰਿਓ = ਦੂਰ ਕਰ ਦਿੱਤਾ ਹੈ, ਇਸ ਪ੍ਰਕਾਰ ਅਸੀਂ ਨਿਰਭਉ = ਭੈ ਤੋਂ ਰਹਿਤ ਭਏ = ਹੋ ਗਏ ਹਾਂ ਅਤੇ ਸਭ ਥਾਈਂ ਪਰਮੇਸ਼ਰ ਨੂੰ ਪੂਰਨ = ਵਿਆਪਕ ਅਤੇ ਸਰਬਾਗਿਓ = ਸਰਬ ਦਾ ਗਿਆਤਾ ਕਰ ਕੇ ਜਾਣਿਆ ਹੈ **ਵਾ:** ਉਹ ਪੂਰਨ = ਪਰਮੇਸ਼ਰ ਸਰਬਾਗਿਓ = ਸਾਰਿਆਂ ਅੰਗਾਂ ਵਿਚ ਆਇਆ ਹੋਇਆ ਹੈ ॥੨॥

## ਜੋ ਕਿਛੁ ਕਰਤੈ ਕਾਰਣੁ ਕੀਨੋ; ਮਨਿ ਬੁਰੋ ਨ ਲਾਗਿਓ ॥

ਜੋ = ਜਿਹੜਾ ਕਿਛੁ = ਕੁਝ ਵੀ ਕਰਤੈ = ਅਕਾਲ ਪੁਰਖ ਨੇ ਕਾਰਣੁ = ਕਾਰਜ ਕੀਤਾ ਹੈ, ਉਹ ਮਨਿ = ਮਨ ਵਿਚ ਬੁਰੋ = ਬੁਰਾ ਨ = ਨਹੀਂ ਲਾਗਿਓ = ਲੱਗਦਾ, ਭਾਵ ਕਿ ਜੋ ਕੁਝ ਵੀ ਪਰਮੇਸ਼ਰ ਕਰਦਾ ਹੈ, ਭਲਾ ਹੀ ਕਰ ਰਿਹਾ ਹੈ।

## ਸਾਧਸੰਗਤਿ ਪਰਸਾਦਿ ਸੰਤਨ ਕੈ; ਸੋਇਓ ਮਨੁ ਜਾਗਿਓ ॥੩॥

ਇਹ ਸਾਧਸੰਗਤਿ = ਸਾਧੂਆਂ ਦੀ ਸੰਗਤ ਕਰ ਕੇ ਅਤੇ ਸੰਤਨ = ਮਹਾਤਮਾ ਜਨਾਂ, ਗੁਰੂ ਸਾਹਿਬ ਜੀ ਦੀ ਪਰਸਾਦਿ = ਕਿਰਪਾ ਕੈ = ਕਰ ਕੇ **ਵਾ:** ਸਾਧ = ਸਾਧਨਾ ਕਰਨ ਵਾਲੇ, ਕਮਾਈ ਕਰਨ ਵਾਲਿਆਂ ਦੀ ਸੰਗਤ ਕਰ ਕੇ ਅਤੇ ਜਿਨ੍ਹਾਂ ਨੂੰ ਸਾਸ ਗਿਰਾਸ ਪਰਮੇਸ਼ਰ ਨਹੀਂ ਵਿਸਰਦਾ, ਉਨ੍ਹਾਂ ਸੰਤਨ = ਸੰਤ ਜਨਾਂ ਦੀ ਪਰਸਾਦਿ = ਕਿਰਪਾ ਕਰ ਕੇ ਅਵਿਦਿਆ ਦੀ ਨੀਂਦ ਵਿਚ ਸੋਇਓ = ਸੁੱਤਾ ਹੋਇਆ ਮਨੁ = ਅੰਤਸ਼ਕਰਣ ਹੁਣ ਗਿਆਨ ਅਵਸਥਾ ਵਿਚ ਜਾਗਿਓ = ਜਾਗ ਪਿਆ ਹੈ ॥੩॥

## ਜਨ ਨਾਨਕ ਓੜਿ ਤੁਹਾਰੀ ਪਰਿਓ; ਆਇਓ ਸਰਣਾਗਿਓ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ! ਮੈਂ ਜਨ = ਦਾਸ ਤੁਹਾਰੀ = ਤੁਹਾਡੀ ਓੜਿ = ਸ਼ਰਣ ਵਿਚ ਪਰਿਓ = ਪਿਆ ਹਾਂ ਅਤੇ ਮਨ ਬਾਣੀ ਸਰੀਰ ਕਰ ਕੇ ਵੀ ਤੁਹਾਡੀ ਸਰਣਾਗਿਓ = ਸ਼ਰਣ ਵਿਚ ਆਇਓ = ਆਇਆ ਹਾਂ।

## ਨਾਮ ਰੰਗ ਸਹਜ ਰਸ ਮਾਣੇ;
## ਫਿਰਿ ਦੂਖੁ ਨ ਲਾਗਿਓ ॥੪॥੨॥੧੬੦॥

ਜੋ ਆਪ ਜੀ ਦੇ ਨਾਮ ਦੇ ਰੰਗ = ਪ੍ਰੇਮ ਕਰ ਕੇ ਸਹਜ = ਸੁਭਾਵਿਕ ਹੀ ਰਸ = ਅਨੰਦ ਮਾਣੇ = ਮਾਣਦੇ ਹਨ, ਉਨ੍ਹਾਂ ਨੂੰ ਫਿਰਿ = ਮੁੜ ਕੇ ਜੰਮਣ ਮਰਣ ਰੂਪੀ ਦੂਖੁ = ਦੁਖ ਨ = ਨਹੀਂ ਲਾਗਿਓ = ਲੱਗਦਾ ॥੪॥੨॥੧੬੦॥

## ਗਉੜ੍ਹੀ ਮਾਲਾ, ਮਹਲਾ ੫ ॥
## ਪਾਇਆ ਲਾਲੁ ਰਤਨੁ; ਮਨਿ ਪਾਇਆ ॥

ਹੇ ਭਾਈ! ਗੁਰਾਂ ਦੀ ਕਿਰਪਾ ਦੁਆਰਾ ਪਾਇਆ = ਪਾਉਣੇ ਜੋਗ ਪਰਮੇਸ਼ਰ ਦਾ ਲਾਲੁ = ਪਿਆਰ ਅਤੇ ਰਤਨੁ = ਵੈਰਾਗ ਮਨਿ = ਹਿਰਦੇ ਵਿਚ ਪਾਇਆ = ਪਾਉਣਾ ਕੀਤਾ ਹੈ **ਵਾ:** ਜਿਹੜਾ ਲਾਲੁ = ਪਿਆਰਾ ਪਰਮੇਸ਼ਰ ਰਤਨੁ = ਮਾਣਿਕਾਂ ਦੀ ਨਿਆਈਂ ਅਮੋਲਕ ਹੈ, ਉਸ ਨੂੰ ਮਨਿ = ਹਿਰਦੇ ਵਿਚ ਹੀ ਪਾਇਆ = ਪਾ ਲਿਆ ਹੈ **ਅਥਵਾ** ਗੁਰਾਂ ਦੇ ਲਾਲੁ = ਪ੍ਰੇਮ ਕਰ ਕੇ ਪਾਇਆ = ਪਾਉਣੇ ਯੋਗ ਰਤਨੁ = ਮਾਣਿਕ ਰੂਪ ਮਨਿ = ਸ਼੍ਰੋਮਣੀ ਬ੍ਰਹਮ ਨੂੰ ਹਿਰਦੇ ਦੇ ਵਿੱਚੋਂ ਹੀ ਪਾਇਆ = ਪਾਉਣਾ ਕੀਤਾ ਹੈ।

## ਤਨੁ ਸੀਤਲੁ ਮਨੁ ਸੀਤਲੁ ਥੀਆ; ਸਤਗੁਰ ਸਬਦਿ ਸਮਾਇਆ ॥੧॥ਰਹਾਉ॥

ਜਿਸ ਵੇਲੇ ਮਨ ਸਤਿਗੁਰ = ਗੁਰੂ ਸਾਹਿਬ ਜੀ ਦੇ ਸਬਦਿ = ਉਪਦੇਸ਼ ਵਿਚ ਮਸਤ ਹੋ ਕੇ ਸਮਾਇਆ = ਮਿਲ ਗਿਆ, ਤਦੋਂ ਤਨੁ = ਸਰੀਰ ਵੀ ਸੀਤਲੁ = ਠੰਢਾ ਹੋ ਗਿਆ ਅਤੇ ਮਨੁ = ਚਿਤ ਵੀ ਵਿਸ਼ਿਆਂ ਵੱਲੋਂ ਸੀਤਲੁ = ਠੰਢਾ ਥੀਆ = ਹੋ ਗਿਆ ॥੧॥ਰਹਾਉ॥

## ਲਾਥੀ ਭੂਖ ਤ੍ਰਿਸਨ ਸਭ ਲਾਥੀ; ਚਿੰਤਾ ਸਗਲ ਬਿਸਾਰੀ ॥

ਪਦਾਰਥਾਂ ਦੇ ਖਾਣ ਰੂਪ ਸਾਰੀ ਭੂਖ = ਭੁੱਖ ਲਾਥੀ = ਲਹਿ ਗਈ, ਪਦਾਰਥਾਂ ਦੇ ਇਕੱਤਰ ਕਰਨ ਰੂਪ ਜੋ ਤ੍ਰਿਸਨਾ = ਆਸਾ ਸੀ ਇਹ ਵੀ ਸਭ = ਸਾਰੀ ਲਾਥੀ = ਲਹਿ ਗਈ ਅਤੇ ਸਗਲ = ਸਾਰੀ ਚਿੰਤਾ = ਫ਼ਿਕਰ ਸੋਚ ਵੀ ਬਿਸਾਰੀ = ਵਿਸਾਰ ਦਿੱਤੀ, ਭਾਵ ਨਵਿਰਤ ਕਰ ਦਿੱਤੀ ਹੈ।

## ਕਰੁ ਮਸਤਕਿ ਗੁਰਿ ਪੂਰੈ ਧਰਿਓ; ਮਨੁ ਜੀਤੋ ਜਗੁ ਸਾਰੀ ॥੧॥

ਸਾਡੇ ਮਸਤਕਿ = ਮੱਥੇ ਉਪਰ ਪੂਰੈ = ਪੂਰਨ ਗੁਰਿ = ਸਤਿਗੁਰਾਂ ਨੇ ਆਪਣਾ ਕਿਰਪਾ ਰੂਪੀ ਕਰੁ = ਹੱਥ ਧਰਿਓ = ਰੱਖਣਾ ਕੀਤਾ ਹੈ, ਜਿਸ ਕਰਕੇ ਆਪਣੇ ਮਨੁ = ਚਿਤ ਨੂੰ ਜੀਤੋ = ਜਿੱਤ ਲਿਆ ਹੈ, ਮਨ ਦੇ ਜਿੱਤਣ ਕਰਕੇ ਜਗੁ = ਸੰਸਾਰ ਰੂਪੀ ਸਾਰੀ = ਬਾਜ਼ੀ ਵੀ ਜਿੱਤ ਲਈ ਹੈ ॥੧॥ ਜੈਸਾ ਕਿ :

**ਮਨਿ ਜੀਤੈ ਜਗੁ ਜੀਤੁ ॥** *(ਜਪੁ ਜੀ ਸਾਹਿਬ, ਅੰਗ ੬)*

## ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ; ਡੋਲਨ ਤੇ ਅਬ ਚੂਕੇ ॥

ਹੇ ਭਾਈ! ਅਸੀਂ ਰਿਦ = ਹਿਰਦੇ ਦੇ ਅੰਤਰਿ = ਅੰਦਰ ਆਤਮਿਕ ਤ੍ਰਿਪਤਿ = ਤ੍ਰਿਪਤੀ ਕਰ ਕੇ ਅਘਾਏ = ਰੱਜ ਗਏ ਹਾਂ ਅਤੇ ਅਬ = ਹੁਣ ਪਦਾਰਥਾਂ ਵਿਚ ਡੋਲਨ = ਭਟਕਣ ਤੇ = ਤੋਂ ਚੂਕੇ = ਹਟ ਗਏ ਹਾਂ।

## ਅਖੁਟੁ ਖਜਾਨਾ ਸਤਿਗੁਰਿ ਦੀਆ; ਤੋਟਿ ਨਹੀ ਰੇ ਮੂਕੇ ॥੨॥

ਰੇ = ਹੇ ਭਾਈ! ਸਤਿਗੁਰਿ = ਗੁਰੂ ਸਾਹਿਬ ਜੀ ਨੇ ਸਾਨੂੰ ਅਖੁਟੁ = ਬਿਨਾਂ ਤੋਟੇ ਤੋਂ ਨਾਮ ਦਾ ਖਜਾਨਾ = ਭੰਡਾਰਾ ਦੀਆ = ਦੇਣਾ ਕੀਤਾ ਹੈ, ਇਹ ਤੋਟਿ = ਘਟਦਾ ਵੀ ਨਹੀਂ ਹੈ ਤੇ ਮੂਕੇ = ਮੁੱਕਦਾ ਵੀ ਨਹੀਂ ਹੈ ॥੨॥

## ਅਚਰਜੁ ਏਕੁ ਸੁਨਹੁ ਰੇ ਭਾਈ; ਗੁਰਿ ਐਸੀ ਬੂਝ ਬੁਝਾਈ ॥

ਰੇ = ਹੇ ਭਾਈ = ਭਰਾਵੋ! ਤੁਸੀਂ ਏਕੁ = ਇਕ ਹੋਰ ਅਚਰਜੁ = ਅਸਚਰਜ ਸੁਨਹੁ = ਸੁਣਨਾ ਕਰੋ। ਗੁਰਿ = ਸਤਿਗੁਰੂ ਸਾਹਿਬ ਜੀ ਨੇ ਸਾਨੂੰ ਐਸੀ = ਅਜਿਹੀ ਬੂਝ = ਸਿੱਖਿਆ ਬੁਝਾਈ = ਸਮਝਾ ਦਿੱਤੀ ਹੈ।

## ਲਾਹਿ ਪਰਦਾ ਠਾਕੁਰੁ ਜਉ ਭੇਟਿਓ; ਤਉ ਬਿਸਰੀ ਤਾਤਿ ਪਰਾਈ ॥੩॥

ਜਉ = ਜਦੋਂ ਸਾਡੇ ਅੰਦਰੋਂ ਹੰਗਤਾ, ਮਮਤਾ, ਅਗਿਆਨ ਰੂਪੀ ਪਰਦਾ = ਅਵਰਨ ਲਾਹਿ = ਲਾਹ ਦਿੱਤਾ, ਤਾਂ ਸਾਡਾ ਠਾਕੁਰ = ਸੁਆਮੀ ਨਾਲ ਭੇਟਿਓ = ਮਿਲਾਪ ਹੋ ਗਿਆ, ਤਉ = ਤਦੋਂ ਹੀ ਜੋ ਪਰਾਈ = ਪਰਾਏ ਪਦਾਰਥਾਂ ਨੂੰ ਵੇਖ ਕੇ ਤਾਤਿ = ਈਰਖਾ, ਹੋਣੀ ਸੀ ਇਹ ਸਭ ਬਿਸਰੀ = ਨਾਸ ਹੋ ਗਈ ॥੩॥

## ਕਹਿਓ ਨ ਜਾਈ ਏਹੁ ਅਚੰਭਉ; ਸੋ ਜਾਨੈ ਜਿਨਿ ਚਾਖਿਆ ॥

ਏਹੁ = ਏਹ ਜੋ ਸਾਨੂੰ ਅਚੰਭਉ = ਅਸਚਰਜ ਆਤਮਾਨੰਦ ਦਾ ਰਸ ਪ੍ਰਾਪਤ ਹੋਇਆ ਹੈ, ਇਹ ਜ਼ੁਬਾਨ

ਦੁਆਰਾ ਕਹਿਓ = ਦੱਸਿਆ ਨ = ਨਹੀਂ ਜਾਈ = ਜਾਂਦਾ, ਇਸ ਨੂੰ ਸੋ = ਉਹੀ ਗੁਰਮੁਖ ਜਾਨੈ = ਜਾਣਦੇ ਹਨ ਜਿਨਿ = ਜਿਨ੍ਹਾਂ ਨੇ ਚਾਖਿਆ = ਚੱਖਿਆ ਹੈ, ਭਾਵ ਧਾਰਨ ਕੀਤਾ ਹੈ।

## ਕਹੁ ਨਾਨਕ ਸਚ ਭਏ ਬਿਗਾਸਾ; ਗੁਰਿ ਨਿਧਾਨੁ ਰਿਦੈ ਲੈ ਰਾਖਿਆ ॥੪॥੩॥੧੬੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੇ ਅੰਦਰ ਸਚ = ਸੱਚ ਸਰੂਪ ਦਾ ਬਿਗਾਸਾ = ਖਿੜਾਅ ਭਏ = ਹੋ ਗਿਆ ਹੈ ਅਤੇ ਗੁਰਿ = ਸਤਿਗੁਰੂ ਸਾਹਿਬ ਜੀ ਨੇ ਨਾਮ ਦਾ ਨਿਧਾਨੁ = ਖ਼ਜ਼ਾਨਾ ਲੈ = ਲਿਆ ਕੇ ਸਾਡੇ ਰਿਦੈ = ਹਿਰਦੇ ਵਿਚ ਰਾਖਿਆ = ਰੱਖ ਦਿੱਤਾ ਹੈ **ਵਾ:** ਸਾਰੀ ਹੰਗਤਾ ਮਮਤਾ ਲੈ = ਲੈ ਕਰ ਕੇ ਸਾਡੇ ਹਿਰਦੇ ਵਿਚ ਨਾਮ ਦਾ ਖ਼ਜ਼ਾਨਾ ਰੱਖ ਦਿੱਤਾ ਹੈ ॥੪॥੩॥੧੬੧॥

## ਗਉੜੀ ਮਾਲਾ, ਮਹਲਾ ੫ ॥

## ਉਬਰਤ; ਰਾਜਾ ਰਾਮ ਕੀ ਸਰਣੀ ॥

ਹੇ ਭਾਈ ! ਰਾਜਾ = ਪ੍ਰਕਾਸ਼ ਸਰੂਪ ਰਾਮ = ਰਮਣਸ਼ੀਲ ਪਰਮੇਸ਼ਰ ਕੀ = ਦੀ ਸਰਣੀ = ਓਟ ਵਿਚ ਪੈ ਕੇ ਹੀ ਉਬਰਤ = ਬਚੀਦਾ ਹੈ **ਵਾ:** ਮੁਕਤੀ ਪ੍ਰਾਪਤ ਹੁੰਦੀ ਹੈ।

## ਸਰਬ ਲੋਕ ਮਾਇਆ ਕੇ ਮੰਡਲ; ਗਿਰਿ ਗਿਰਿ ਪਰਤੇ ਧਰਣੀ ॥੧॥ਰਹਾਉ॥

ਜਿੰਨੇ ਵੀ ਸਰਬ = ਸਾਰੇ ਲੋਕ = ਮਨੁੱਖ **ਵਾ:** ਚੌਦਾਂ ਲੋਕਾਂ ਵਿਚ ਰਹਿਣ ਵਾਲੇ ਆਦਿ ਸਾਰੇ ਮਾਇਆ ਕੇ = ਦੇ ਮੰਡਲ = ਘੇਰੇ ਵਿਚ ਹਨ, ਇਹ ਆਪਣੀ ਆਯੂ ਭੋਗ ਕੇ ਖੈਯਤਾ, ਖੀਣਤਾ ਆਦਿਕ ਦੇ ਪ੍ਰਤਾਪ ਵਿਚ ਪੈ ਕੇ ਧਰਣੀ = ਧਰਤੀ ਉਪਰ ਗਿਰਿ ਗਿਰਿ = ਡਿੱਗ ਡਿੱਗ ਪਰਤੇ = ਪੈਂਦੇ ਹਨ ॥੧॥ਰਹਾਉ॥

## ਸਾਸਤ ਸਿੰਮ੍ਰਿਤਿ ਬੇਦ ਬੀਚਾਰੇ; ਮਹਾ ਪੁਰਖਨ ਇਉ ਕਹਿਆ ॥

ਛੇ ਸਾਸਤ = ਸ਼ਾਸਤਰ ਸਤਾਈ ਸਿੰਮ੍ਰਿਤਿ = ਸਿੰਮ੍ਰਿਤੀਆਂ ਚਾਰੇ ਬੇਦ = ਵੇਦਾਂ ਨੂੰ ਬੀਚਾਰੇ = ਵਿਚਾਰ ਕੇ ਵੇਖਿਆ ਹੈ ਅਤੇ ਮਹਾ ਪੁਰਖਨ = ਸ੍ਰੇਸ਼ਟ ਬ੍ਰਹਮ ਗਿਆਨੀ ਜਨਾਂ ਨੇ ਵੀ ਇਉ = ਇਸ ਤਰ੍ਹਾਂ ਕਹਿਆ = ਕਹਿਣਾ ਕੀਤਾ ਹੈ ਕਿ :

## ਬਿਨੁ ਹਰਿ ਭਜਨ ਨਾਹੀ ਨਿਸਤਾਰਾ; ਸੂਖੁ ਨ ਕਿਨਹੂੰ ਲਹਿਆ ॥੧॥

ਹਰਿ = ਵਾਹਿਗੁਰੂ ਦਾ ਭਜਨ = ਨਾਮ ਜਪਣ ਤੋਂ ਬਿਨੁ = ਬਗ਼ੈਰ ਕਿਸੇ ਦਾ ਸੰਸਾਰ ਵਿੱਚੋਂ ਨਿਸਤਾਰਾ = ਤਰਨਾ ਨਾਹੀ = ਨਹੀਂ ਹੋਵੇਗਾ ਅਤੇ ਨਾ ਹੀ ਕਿਨਹੂੰ = ਕਿਸੇ ਨੇ ਸੂਖ = ਸੁੱਖ ਲਹਿਆ = ਪ੍ਰਾਪਤ ਕੀਤਾ ਹੈ ॥੧॥

## ਤੀਨਿ ਭਵਨ ਕੀ ਲਖਮੀ ਜੋਰੀ; ਬੂਝਤ ਨਾਹੀ ਲਹਰੇ ॥

ਜਿਨ੍ਹਾਂ ਨੇ ਤੀਨਿ = ਤਿੰਨਾਂ ਭਵਨ = ਲੋਕਾਂ ਕੀ = ਦੀ ਲਖਮੀ = ਮਾਇਆ ਜੋਰੀ = ਜੋੜ ਲਈ, ਇਕੱਤਰ ਕਰ ਲਈ ਹੈ, ਉਨ੍ਹਾਂ ਦੀ ਫਿਰ ਵੀ ਤ੍ਰਿਸ਼ਨਾ ਰੂਪੀ ਲਹਰੇ = ਤਰੰਗਾਂ **ਵਾ:** ਅਗਨੀ ਦਾ ਭਭੂਕਾ ਬੂਝਤ = ਬੁਝਦਾ ਨਾਹੀ = ਨਹੀਂ ਹੈ **ਵਾ:** ਮਾਇਆ ਦੇ ਸੰਕਲਪ ਬੂਝਤ = ਮਿਟਦੇ ਨਹੀਂ ਹਨ।

## ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ; ਫਿਰਤੋ ਪਹਰੇ ਪਹਰੇ ॥੨॥

ਹਰਿ = ਪਰਮੇਸ਼ਰ ਦੀ ਭਗਤਿ = ਭਗਤੀ ਤੋਂ ਬਿਨੁ = ਬਗ਼ੈਰ ਕੋਈ ਆਦਮੀ ਕਹਾ = ਕਿਥੇ ਥਿਤਿ = ਟਿਕਾਅ ਪਾਵੈ = ਪਾ ਲਵੇਗਾ, ਮੁਕਤੀ ਕਿਵੇਂ ਪਾ ਲਵੇਗਾ ? ਪਹਰੇ ਪਹਰੇ = ਰਾਤ ਦਿਨ, ਹਰ ਵੇਲੇ ਵਿਅਰਥ ਹੀ

ਫਿਰਤੋ = ਫਿਰਦਾ ਰਹਿੰਦਾ ਹੈ **ਵਾ**: ਕਿਤੇ ਪਹਰੇ = ਪਹਿਰੇਦਾਰ ਬਣ ਜਾਂਦਾ ਹੈ ਕਿਤੇ ਪਹਰੇ = ਪਹਿਆਂ ਵਿਚ ਹੀ ਤੁਰਿਆ ਫਿਰਦਾ ਹੈ **ਵਾ**: ਕਿਤੇ ਕਿਸੇ ਭੇਖ ਦੇ ਵਸਤਰ ਪਹਰੇ = ਪਹਿਣ ਲਏ ਅਤੇ ਕਦੇ ਕਿਸੇ ਦੇਵੀ ਦੇਵਤਿਆਂ ਦੇ ਪਹਰੇ = ਪਹਿਆਂ ਭਾਵ ਰਸਤੇ ਤੁਰਦਾ ਫਿਰਦਾ ਰਹਿੰਦਾ ਹੈ ॥੨॥

## ਅਨਿਕ ਬਿਲਾਸ ਕਰਤ ਮਨ ਮੋਹਨ; ਪੂਰਨ ਹੋਤ ਨ ਕਾਮਾ ॥

ਮਨ ਮੋਹਨ = ਮਨ ਨੂੰ ਮੋਹ ਲੈਣ ਵਾਲੀ ਮਾਇਆ ਕਰ ਕੇ ਅਨਿਕ = ਅਨੇਕਾਂ ਤਰ੍ਹਾਂ ਦੇ ਬਿਲਾਸ = ਤਮਾਸ਼ੇ, ਕੌਤਕ ਕਰਤ = ਕਰਦਾ ਫਿਰਦਾ ਹੈ, ਇਸ ਤਰ੍ਹਾਂ ਇਸ ਦੀਆਂ ਕਾਮਾ = ਕਾਮਨਾਵਾਂ ਪੂਰਨ = ਪੂਰੀਆਂ ਨ = ਨਹੀਂ ਹੋਤ = ਹੁੰਦੀਆਂ।

## ਜਲਤੋ ਜਲਤੋ ਕਬਹੂ ਨ ਬੂਝਤ; ਸਗਲ ਬ੍ਰਿਥੇ ਬਿਨੁ ਨਾਮਾ ॥੩॥

ਜੀਵ ਮਨ ਬਾਣੀ ਕਰ ਕੇ ਤ੍ਰਿਸ਼ਨਾ ਦੀ ਅਗਨ ਵਿਚ ਜਲਤੋ ਜਲਤੋ = ਸੜਦਾ ਬਲਦਾ ਰਹਿੰਦਾ ਹੈ, ਇਹ ਸਮੁੰਦਰ ਦੀ ਬੜਵਾ ਅਗਨੀ ਵਾਂਗੂ ਅਨੇਕਾਂ ਯਤਨਾਂ ਰੂਪੀ ਪਾਣੀ ਨਾਲ ਕਬਹੂ = ਕਦੀ ਵੀ ਬੂਝਤ = ਬੁਝਦੀ ਨ = ਨਹੀਂ ਹੈ, ਪਰਮੇਸ਼ਰ ਦੇ ਨਾਮ ਤੋਂ ਬਿਨੁ = ਬਗ਼ੈਰ ਹੋਰ ਸਗਲ = ਸਾਰੇ ਯਤਨ ਆਦਿਕ ਬ੍ਰਿਥੇ = ਵਿਅਰਥ ਹੀ ਹਨ ॥੩॥

## ਹਰਿ ਕਾ ਨਾਮੁ ਜਪਹੁ ਮੇਰੇ ਮੀਤਾ; ਇਹੈ ਸਾਰ ਸੁਖੁ ਪੂਰਾ ॥

ਹੇ ਮੇਰੇ = ਸਾਡੇ ਮੀਤਾ = ਮਿੱਤਰ, ਸੱਜਣ ਜਨੋਂ ! ਹਰਿ = ਪਰਮੇਸ਼ਰ ਕਾ = ਦਾ ਨਾਮ ਜਪਹੁ = ਜਪਣਾ ਕਰੋ, ਇਹੈ = ਇਹੋ ਹੀ ਸਾਰ = ਸ੍ਰੇਸ਼ਟ ਅਤੇ ਪੂਰਾ = ਪੂਰਨ ਸੁਖ ਹੈ **ਵਾ**: ਸਾਰ ਰੂਪ ਪਰਮੇਸ਼ਰ ਦਾ ਪੂਰਨ ਸੁੱਖ ਹੈ।

## ਸਾਧਸੰਗਤਿ ਜਨਮ ਮਰਣੁ ਨਿਵਾਰੈ;<br>ਨਾਨਕੁ ਜਨ ਕੀ ਧੂਰਾ ॥੪॥੪॥੧੬੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਧਸੰਗਤਿ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਮਿਲਣੇ ਕਰ ਕੇ ਅਤੇ ਉਨ੍ਹਾਂ ਜਨ = ਗੁਰਮੁਖਾਂ ਕੀ = ਦੀ ਚਰਨ ਧੂਰਾ = ਧੂੜੀ ਪ੍ਰਾਪਤ ਹੋਣ ਨਾਲ ਜਨਮ ਮਰਣ = ਜੰਮਣ ਮਰਣ, ਆਵਾਗਵਨ ਦਾ ਚੱਕਰ ਨਿਵਾਰੈ = ਨਵਿਰਤ ਹੋ ਜਾਂਦਾ ਹੈ ॥੪॥੪॥੧੬੨॥

## ਗਉੜੀ ਮਾਲਾ, ਮਹਲਾ ੫ ॥

ਇਸ ਪਾਵਨ ਸ਼ਬਦ ਵਿਚ ਗੁਰੂ ਸਾਹਿਬ ਜੀ ਆਪ ਹੀ ਜਗਿਆਸੂ ਰੂਪ ਹੋ ਕੇ ਸਵਾਲ ਕਰਨਗੇ ਅਤੇ ਆਪ ਹੀ ਇਨ੍ਹਾਂ ਦੇ ਉੱਤਰ ਦੇ ਕੇ ਨਿਹਾਲ ਕਰਨਗੇ।

## ਮੋਕਉ; ਇਹ ਬਿਧਿ ਕੋ ਸਮਝਾਵੈ ॥

ਹੇ ਮਹਾਰਾਜ ! ਮੋਕਉ = ਮੈਨੂੰ ਕੋ = ਕੋਈ ਇਹ = ਇਸ ਬਿਧਿ = ਬਿਧੀ, ਤਰੀਕੇ ਨਾਲ ਸਮਝਾਵੈ = ਸਮਝਾਉਣਾ ਕਰੇ।

## ਕਰਤਾ ਹੋਇ; ਜਨਾਵੈ ॥੧॥ਰਹਾਉ॥

ਅਤੇ ਇਹ ਜਨਾਵੈ = ਜਨਾਉਣਾ ਕਰੇ ਕਿ ਜੀਵ ਕਰਤਾ = ਕਰਤਾ ਭੋਗਤਾ ਕਿਉਂ ਹੋਇ = ਹੋ ਗਿਆ ਹੈ ॥੧॥ਰਹਾਉ॥

## ਅਨਜਾਨਤ ਕਿਛੁ ਇਨਹਿ ਕਮਾਨੋ; ਜਪ ਤਪ ਕਛੂ ਨ ਸਾਧਾ ॥

(**ਸਾੱਧਾ** ਦਾ ਉਚਾਰਣ ਅੱਧਕ ਸਹਿਤ ਹੈ)

ਜੇਕਰ ਮਹਾਰਾਜ ਇਹ ਕਹੋਗੇ ਕਿ ਇਨਹਿ = ਇਸ ਜੀਵ ਨੇ ਅਨਜਾਨਤ = ਅਣਜਾਣਪੁਣੇ ਵਿਚ ਹੀ ਇਹ ਸਭ ਕਿਛੁ = ਕੁਝ ਕਮਾਨੋ = ਕਮਾਇਆ ਹੈ, ਕੀਤਾ ਹੈ, ਤਾਂ ਫਿਰ ਅਣਜਾਣਪੁਣੇ ਵਿਚ ਕਛੂ = ਕੋਈ ਜਪ ਤਪ ਕਿਉਂ ਨ = ਨਹੀਂ ਸਾਧਾ = ਸਾੱਧਨਾ ਕੀਤਾ।

## ਦਹ ਦਿਸਿ ਲੈ, ਇਹੁ ਮਨੁ ਦਉਰਾਇਓ; ਕਵਨ ਕਰਮ ਕਰਿ ਬਾਧਾ ॥੧॥

ਹੇ ਮਹਾਰਾਜ! ਇਸ ਜੀਵ ਨੇ ਦਹ ਦਿਸਿ = ਦਸੇ ਦਿਸ਼ਾਵਾਂ ਵਿਚ ਆਪਣੇ ਮਨੁ = ਚਿਤ ਨੂੰ ਲੈ = ਲੈ ਕਰਕੇ ਦਉਰਾਇਓ = ਦੌੜਾਉਣਾ ਕੀਤਾ ਹੈ। ਚਾਰ ਦਿਸ਼ਾਵਾਂ ਪੂਰਬ, ਪੱਛਮ, ਉੱਤਰ, ਦੱਖਣ, ਚਾਰ ਵਦਿਸ਼ਾ, ਈਸਾਨ, ਨੇਯਰਤ, ਵਯਵ, ਅਗਨ, ਅਕਾਸ਼, ਪਤਾਲ, ਦਸ ਦਿਸ਼ਾ ਹਨ। ਇਹ ਕਵਨ = ਕਿਹੜੇ ਕਰਮ = ਕਰਮਾਂ ਕਰਿ = ਕਰਕੇ ਬਾਧਾ = ਬੱਝ ਗਿਆ ਹੈ ॥੧॥

## ਮਨ ਤਨ ਧਨ ਭੂਮਿ ਕਾ ਠਾਕੁਰੁ; ਹਉ ਇਸ ਕਾ ਇਹੁ ਮੇਰਾ ॥

ਇਹ ਆਪਣੇ ਮਨ = ਅੰਤਸ਼ਕਰਣ ਤਨ = ਸਰੀਰ ਧਨ = ਰੋਕੜੀ ਅਤੇ ਭੂਮਿ = ਜ਼ਮੀਨ ਕਾ = ਦਾ ਆਪਣੇ ਆਪ ਨੂੰ ਠਾਕੁਰੁ = ਸੁਆਮੀ, ਮਾਲਕ ਮੰਨਦਾ ਹੈ ਤੇ ਕਹਿੰਦਾ ਹੈ ਕਿ ਇਹੁ = ਇਹ ਸਭ ਪਦਾਰਥ ਮੇਰਾ ਹੈ ਅਤੇ ਹਉ = ਮੈਂ ਇਸ ਕਾ = ਇਨ੍ਹਾਂ ਪਦਾਰਥਾਂ ਦਾ ਮਾਲਕ ਹਾਂ।

[ਅੰਗ ੨੧੬]

## ਭਰਮ ਮੋਹ ਕਛੁ ਸੂਝਸਿ ਨਾਹੀ; ਇਹ ਪੈਖਰ ਪਏ ਪੈਰਾ ॥੨॥

ਇਸ ਨੂੰ ਭਰਮ = ਸੰਸਾ ਅਤੇ ਮੋਹ ਵਿਚ ਪੈਣ ਕਰ ਕੇ ਕਛੁ = ਕੁਝ ਵੀ ਸੂਝਸਿ = ਸੁੱਝਦਾ ਨਾਹੀ = ਨਹੀਂ ਹੈ, ਇਹ ਇਸ ਦੇ ਪੈਰਾਂ ਵਿਚ ਪੈਖਰ = ਪੈਖੜ ਪਏ = ਪੈ ਗਏ ਹਨ ॥੨॥

## ਤਬ ਇਹੁ ਕਹਾ ਕਮਾਵਨ ਪਰਿਆ; ਜਬ ਇਹੁ ਕਛੂ ਨ ਹੋਤਾ ॥

ਜਬ = ਜਦੋਂ ਇਹੁ = ਇਹ ਰਕਤ ਬਿੰਦ ਦਾ ਅਕਾਰ ਆਦਿ ਕਛੂ = ਕੁਝ ਵੀ ਨ = ਨਹੀਂ ਹੋਤਾ = ਹੁੰਦਾ ਸੀ ਤਬ = ਤਦੋਂ ਇਹੁ = ਇਹ ਕੀ ਕਮਾਵਨ = ਕਮਾਈ ਕਰਨ ਪਰਿਆ = ਪਿਆ ਹੋਇਆ ਸੀ। ਅੱਗੇ ਸਤਿਗੁਰੂ ਜੀ ਉੱਤਰ ਦਿੰਦੇ ਹਨ:

## ਜਬ ਏਕ, ਨਿਰੰਜਨ ਨਿਰੰਕਾਰ ਪ੍ਰਭ; ਸਭੁ ਕਿਛੁ ਆਪਹਿ ਕਰਤਾ ॥੩॥

ਜਬ = ਜਦੋਂ ਸਿਰਫ਼ ਏਕ = ਇਕ ਨਿਰੰਜਨ = ਮਾਇਆ ਕਾਲਖ ਤੋਂ ਰਹਿਤ ਨਿਰੰਕਾਰ = ਅਕਾਰਾਂ ਤੋਂ ਰਹਿਤ ਪ੍ਰਭੁ = ਪਰਮੇਸ਼ਰ ਸੀ, ਸਭੁ = ਸਾਰਾ ਕਿਛੁ = ਕੁਝ ਆਪਹਿ = ਆਪ ਹੀ ਕਰਤਾ = ਕਰਨਾ ਵਾਲਾ ਹੈ, ਕਰਤਾ ਭੋਗਤਾ ਸੀ ॥੩॥

## ਅਪਨੇ ਕਰਤਬ ਆਪੇ ਜਾਨੈ; ਜਿਨਿ ਇਹੁ ਰਚਨੁ ਰਚਾਇਆ ॥

(**ਕਰੱਤਬ** ਨਹੀਂ ਉਚਾਰਣਾ)

ਉਹ ਪਰਮੇਸ਼ਰ ਅਪਨੇ = ਆਪਣੇ ਕਰਤਬ = ਕੌਤਕਾਂ ਨੂੰ ਆਪੇ = ਆਪ ਹੀ ਜਾਨੈ = ਜਾਣਦਾ ਹੈ, ਜਿਨਿ = ਜਿਸ ਪਰਮੇਸ਼ਰ ਨੇ ਏਹੁ = ਇਹ ਸਭ ਰਚਨੁ = ਰਚਨਾ ਨੂੰ ਰਚਾਇਆ = ਰਚਾਉਣਾ ਕੀਤਾ ਹੈ।

## ਕਹੁ ਨਾਨਕ ਕਰਣਹਾਰੁ ਹੈ ਆਪੇ; ਸਤਿਗੁਰਿ ਭਰਮੁ ਚੁਕਾਇਆ ॥੪॥੫॥੧੬੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਗੁਰਸਿੱਖ ਸਭ ਕੁਝ ਕਰਣਹਾਰੁ = ਕਰਨ ਵਾਲਾ ਪਰਮੇਸ਼ਰ ਆਪੇ = ਆਪ ਹੀ ਹੈ, ਇਹ ਸਤਿਗੁਰਿ = ਗੁਰੂ ਸਾਹਿਬ ਜੀ ਨੇ ਭਰਮੁ = ਸੰਸਾ ਚੁਕਾਇਆ = ਚੁਕਾ ਦਿੱਤਾ ਹੈ ॥੪॥੫॥੧੬੩॥

### ਅਰਥ ਦੂਸਰਾ

**ਮੋਕਉ; ਇਹ ਬਿਧਿ ਕੋ ਸਮਝਾਵੈ ॥ ਕਰਤਾ ਹੋਇ; ਜਨਾਵੈ ॥੧॥ਰਹਾਉ॥**

ਹੇ ਮਹਾਰਾਜ ! ਮੋ = ਮੇਰੇ ਕਉ = ਤਾਈਂ ਆਪ ਤੋਂ ਬਿਨਾਂ ਇਹ ਪਰਮੇਸ਼ਰ ਦੀ ਪ੍ਰਾਪਤੀ ਦਾ ਬਿਧਿ = ਤਰੀਕਾ ਕੋ = ਕਿਹੜਾ ਸਮਝਾਵੈ = ਸਮਝਾ ਦੇਵੇ। ਅਤੇ ਇਹ ਜਨਾਵੈ = ਜਣਾ ਦੇਵੇ ਕਿ ਸਭ ਕੁਝ ਕਰਤਾ = ਕਰਨ ਵਾਲਾ ਅਕਾਲ ਪੁਰਖ ਹੀ ਚੇਤਨ ਰੂਪ ਹੋਇ = ਹੋ ਕਰ ਕੇ ਕਰ ਰਿਹਾ ਹੈ ॥੧॥ਰਹਾਉ॥

**ਅਨਜਾਨਤ ਕਿਛੁ ਇਨਹਿ ਕਮਾਨੋ; ਜਪ ਤਪ ਕਛੂ ਨ ਸਾਧਾ ॥**

ਜੇਕਰ ਮਹਾਰਾਜ ਆਪ ਜੀ ਇਹ ਕਹੋਗੇ ਇਨਹੁ = ਇਸ ਨੇ ਅਨਜਾਨਤ = ਅਣਜਾਣਪੁਣੇ ਵਿਚ ਇਹ ਕਿਛੁ = ਕੁਝ ਕਰਮ ਕਮਾਨੋ = ਕਮਾਇਆ ਹੈ, ਤਾਂ ਫਿਰ ਇਸ ਨੇ ਜਪ ਤਪ ਕਛੂ = ਕੁਝ ਕਿਉਂ ਨ = ਨਹੀਂ ਸਾਧਾ = ਸਾਧਿਆ, ਭਾਵ ਫਿਰ ਕੋਈ ਨਾ ਕੋਈ ਕਰਮ ਕਰਨਾ ਚਾਹੀਦਾ ਸੀ।

**ਦਹ ਦਿਸਿ ਲੈ, ਇਹੁ ਮਨੁ ਦਉਰਾਇਓ; ਕਵਨ ਕਰਮ ਕਰਿ ਬਾਧਾ ॥੧॥**

***ਪ੍ਰਸ਼ਨ :*** *ਹੇ ਮਹਾਰਾਜ ! ਇਹ ਕਵਨ = ਕਿਹੜਿਆਂ ਕਰਮ = ਕਰਮਾਂ ਕਰਿ = ਕਰ ਕੇ ਬਾਧਾ = ਬੱਝ ਗਿਆ ਹੈ।*

***ਗੁਰ ਉੱਤਰ :*** ਇਸ ਨੇ ਦਹ = ਦਸਾਂ ਦਿਸਿ = ਦਿਸ਼ਾਵਾਂ ਦੇ ਪਦਾਰਥਾਂ ਵਿਚ ਆਪਣੇ ਇਹੁ = ਇਸ ਮਨੁ = ਮਨ ਨੂੰ ਲੈ = ਲੈ ਕਰ ਕੇ ਦਉਰਾਇਓ = ਦੌੜਾਉਣਾ ਕੀਤਾ ਹੈ। ਇਸ ਕਰਮ ਕਰ ਕੇ ਬੱਝ ਗਿਆ ਹੈ ॥੧॥

***ਪ੍ਰਸ਼ਨ :*** *ਹੇ ਮਹਾਰਾਜ ! ਇਸ ਨੂੰ ਬੰਧਨ ਕਿਉਂ ਪੈ ਗਏ ਹਨ ?*

***ਗੁਰ ਉੱਤਰ :***

**ਮਨ ਤਨ ਧਨ ਭੂਮਿ ਕਾ ਠਾਕੁਰੁ; ਹਉ ਇਸ ਕਾ ਇਹੁ ਮੇਰਾ ॥**

ਹੇ ਗੁਰਸਿੱਖ ! ਇਸ ਜੀਵ ਨੇ ਮਨ = ਚਿੱਤ, ਤਨ = ਸਰੀਰ, ਧਨ = ਰੋਕੜੀ ਅਤੇ ਭੂਮਿ = ਧਰਤੀ ਭਾਵ ਜ਼ਮੀਨ ਕਾ = ਦਾ ਆਪਣੇ ਆਪ ਨੂੰ ਠਾਕੁਰ = ਮਾਲਕ ਸਮਝਿਆ ਹੋਇਆ ਹੈ ਅਤੇ ਕਹਿੰਦਾ ਹੈ ਕਿ ਹਉ = ਮੈਂ ਇਸ ਕਾ = ਇਨ੍ਹਾਂ ਪਦਾਰਥਾਂ ਦਾ ਮਾਲਕ ਹਾਂ ਅਤੇ ਇਹੁ = ਇਹ ਸਭ ਪਦਾਰਥ ਮੇਰਾ = ਮੇਰੇ ਹਨ।

**ਭਰਮ ਮੋਹ ਕਛੁ ਸੂਝਸਿ ਨਾਹੀ; ਇਹ ਪੈਖਰ ਪਏ ਪੈਰਾ ॥੨॥**

ਇਸ ਤਰ੍ਹਾਂ ਇਸ ਨੂੰ ਸਰੂਪ ਦਾ ਭਰਮ = ਸੰਸਾ ਅਤੇ ਦੇਹਾਂ ਦਾ ਮੋਹ ਪੈ ਗਿਆ, ਜਿਸ ਕਰਕੇ ਇਸ ਨੂੰ ਬਿਬੇਕ ਨਾਲ ਕਛੂ = ਕੁਝ ਭੀ ਸੂਝਸਿ = ਸੁਝਦਾ, ਦਿੱਸਦਾ ਨਾਹੀ = ਨਹੀਂ ਹੈ। ਇਸ ਪ੍ਰਕਾਰ ਇਸ ਦੇ ਮਨ ਬੁੱਧ ਰੂਪੀ ਪੈਰਾ = ਪੈਰਾਂ ਵਿਚ ਸੰਕਲਪ ਵਿਕਲਪ ਰੂਪ ਪੈਖਰ = ਪੈਖੜ ਪਏ = ਪੈ ਗਏ ਹਨ ॥੨॥

***ਪ੍ਰਸ਼ਨ :*** *ਹੇ ਮਹਾਰਾਜ ! ਫਿਰ ਇਹ ਜੀਵ ਛੁਟ ਕਿਵੇਂ ਸਕਦਾ ਹੈ ?*

***ਗੁਰ ਉੱਤਰ :*** ਜੇਕਰ ਇਹ ਆਪਣੀ ਹਉਮੈ ਛੱਡ ਦੇਵੇ ਤਾਂ ਛੁੱਟ ਸਕਦਾ ਹੈ, ਇਸ ਕਰਕੇ ਇਸ ਜੀਵ ਨੂੰ ਇਹ ਵਿਚਾਰ ਕਰਨੀ ਚਾਹੀਦੀ ਹੈ।

**ਤਬ ਇਹੁ ਕਹਾ ਕਮਾਵਨ ਪਰਿਆ; ਜਬ ਇਹੁ ਕਛੂ ਨ ਹੋਤਾ ॥**

ਤਬ = ਤਦੋਂ ਇਹੁ = ਇਹ ਜੀਵ ਕਹਾ = ਕਿਸ ਕਮਾਵਨ = ਕਮਾਈ ਕਰਨ ਵਿਚ ਪਰਿਆ = ਪਿਆ

ਸੀ, ਜਬ = ਜਦੋਂ ਇਹੁ = ਇਹ ਮਾਤਾ ਦੇ ਗਰਭ ਵਿਚ ਰਕਤ ਬਿੰਦ ਦੀ ਇਕੱਤਰਤਾ ਨਹੀਂ ਹੋਈ ਸੀ, ਉਦੋਂ ਇਹ ਕਛੂ = ਕੁਝ ਭੀ ਨ = ਨਹੀਂ ਹੋਤਾ = ਹੁੰਦਾ ਸੀ, ਉਦੋਂ ਵੀ ਪਰਮੇਸ਼ਰ ਨੇ ਇਸ ਦੀ ਰੱਖਿਆ ਕੀਤੀ।

**ਜਬ ਏਕ ਨਿਰੰਜਨ ਨਿਰੰਕਾਰ ਪ੍ਰਭ; ਸਭੁ ਕਿਛੁ ਆਪਹਿ ਕਰਤਾ ॥੩॥**

ਜਬ = ਜਦੋਂ ਇਹ ਗਿਆਨ ਜਾਣਾਂਗੇ ਕਿ ਕੇਵਲ ਏਕ = ਇੱਕੋ ਹੀ ਅਦ੍ਵੈਤ ਸਰੂਪ ਨਿਰੰਜਨ = ਮਾਇਆ ਕਾਲਖ ਤੋਂ ਰਹਿਤ ਸ਼ੁੱਧ ਸਰੂਪ ਨਿਰੰਕਾਰ = ਅਕਾਰਾਂ ਤੋਂ ਰਹਿਤ ਪ੍ਰਭ = ਪਰਮੇਸ਼ਰ ਹੈ, ਅਰ ਸਭੁ = ਸਾਰਾ ਕਿਛੁ = ਕੁਝ ਉਹ ਆਪਹਿ = ਆਪ ਹੀ ਕਰਤਾ = ਕਰਨ ਵਾਲਾ ਹੈ।੩।

**ਅਪਨੇ ਕਰਤਬ ਆਪੇ ਜਾਨੈ; ਜਿਨਿ ਇਹੁ ਰਚਨੁ ਰਚਾਇਆ ॥**

ਉਹ ਅਪਨੇ = ਆਪਣੇ ਕਰਤਬ = ਕੌਤਕਾਂ ਨੂੰ ਆਪੇ = ਆਪ ਹੀ ਜਾਨੈ = ਜਾਣਦਾ ਹੈ, ਜਿਨਿ = ਜਿਸ ਵਾਹਿਗੁਰੂ ਨੇ ਪੰਜਾਂ ਤੱਤਾਂ ਦੁਆਰਾ ਏਹੁ = ਇਹ ਸੰਸਾਰ ਦੀ ਰਚਨ = ਰਚਨਾ ਨੂੰ ਰਚਾਇਆ = ਰਚਾਉਣਾ ਕੀਤਾ ਹੈ।

**ਕਹੁ ਨਾਨਕ ਕਰਣਹਾਰੁ ਹੈ ਆਪੇ; ਸਤਿਗੁਰਿ ਭਰਮੁ ਚੁਕਾਇਆ ॥੪॥੫॥੧੬੩॥**

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਜੀਵ! ਹਉਮੈ ਛੱਡ ਅਤੇ ਇਹ ਜਾਣ ਲੈ ਕਿ ਕਰਣਹਾਰੁ = ਕਰਨ ਵਾਲਾ ਪਰਮੇਸ਼ਰ ਆਪੇ = ਆਪ ਹੀ ਹੈ। ਇਸ ਪ੍ਰਕਾਰ ਜੀਵ ਈਸ਼ ਦਾ ਭਰਮ ਸਤਿਗੁਰਿ = ਗੁਰੂ ਸਾਹਿਬ ਜੀ ਨੇ ਆਪ ਹੀ ਚੁਕਾਇਆ = ਚੁਕਾਉਣਾ ਕੀਤਾ ਹੈ ॥੪॥੫॥੧੬੩॥

## ਗਉੜੀ ਮਾਲਾ, ਮਹਲਾ ੫ ॥

## ਹਰਿ ਬਿਨੁ; ਅਵਰ ਕ੍ਰਿਆ ਬਿਰਥੇ ॥

ਹੇ ਭਾਈ! ਉਸ ਹਰਿ = ਹਰੀ ਅਕਾਲ ਪੁਰਖ ਦੇ ਨਾਮ ਜਪੇ ਤੋਂ ਬਿਨੁ = ਬਗ਼ੈਰ ਅਵਰ = ਹੋਰ ਕਰਮ-ਕਾਂਡ, ਨੇਤੀ, ਧੋਤੀ, ਜੋਗ ਸਾਧਨ ਆਦਿਕ ਕ੍ਰਿਆ = ਕਿਰਿਆ ਸਭ ਬਿਰਥੇ = ਵਿਅਰਥ ਹੀ ਹਨ।

## ਜਪ ਤਪ ਸੰਜਮ ਕਰਮ ਕਮਾਣੇ; ਇਹਿ ਓਰੈ ਮੂਸੇ ॥੧॥ਰਹਾਉ॥

ਜਿਹੜਾ ਹੋਰ ਬਾਣੀ ਕਰ ਕੇ ਦੇਵਤਿਆਂ ਦੇ ਮੰਤ੍ਰਾਂ ਦਾ ਜਪ = ਜਾਪ ਕਰਨਾ ਹੈ, ਸਰੀਰ ਕਰ ਕੇ ਭੁੱਖੇ, ਤਿਹਾਏ ਰਹਿ ਕੇ, ਠੰਢ ਗਰਮੀ ਝੱਲ ਕੇ ਤਪ = ਤਪੱਸਿਆ ਕਰਨੀ ਹੈ ਅਤੇ ਸੰਜਮ = ਇੰਦ੍ਰੀਆਂ ਦਾ ਦਮਨ ਕਰਨਾ, ਨਿਤਾਪ੍ਰਤੀ ਪੁੰਨ ਕਰਮ ਨੂੰ ਕਮਾਣੇ = ਕਮਾਉਂਦੇ ਹਨ। ਇਹਿ = ਇਹ ਸਾਰੇ ਤਾਂ ਪਰਲੋਕ ਤੋਂ ਵੀ ਓਰੈ = ਉਰੇ ਹੀ ਮੂਸੇ = ਲੁੱਟ ਲਏ ਜਾਂਦੇ ਹਨ, ਭਾਵ ਜਦੋਂ ਜਮਦੂਤ ਜੀਵ ਨੂੰ ਪਰਲੋਕ ਵੱਲ ਲੈ ਕੇ ਜਾਂਦੇ ਹਨ, ਤਾਂ ਉਥੇ ਤ੍ਰੇਹ ਲੱਗੀ ਤੋਂ ਪਾਣੀ ਦੇਣ ਦੇ ਬਹਾਨੇ, ਧੁੱਪ ਲੱਗੀ ਤੋਂ ਛਾਂ ਕਰਨ ਦੇ ਬਹਾਨੇ ਆਦਿ ਸਾਰੇ ਹੋਛੇ ਪਖੰਡ ਸਹਿਤ ਕੀਤੇ ਹੋਏ ਕਰਮ ਉਦੋਂ ਹੀ ਲੁੱਟ ਲਏ ਜਾਂਦੇ ਹਨ। ਜਮਾਂ ਨੇ ਹੀ ਹੰਗਤਾ ਸਹਿਤ ਕੀਤੇ ਹੋਏ ਪੁੰਨ ਕਰਮ ਖੋਹ ਲੈਣੇ ਹਨ ॥੧॥ਰਹਾਉ॥ ਜੈਸਾ ਕਿ :

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥** *(ਅੰਗ ੭੪੭)*

## ਬਰਤ ਨੇਮ ਸੰਜਮ ਮਹਿ ਰਹਤਾ; ਤਿਨ ਕਾ ਆਢੁ ਨ ਪਾਇਆ ॥

ਜਿਹੜੇ ਲੋਕ ਇਕਾਦਸ਼ੀ, ਪੁੰਨਿਆ ਆਦਿਕ ਦੇ ਬਰਤ = ਵਰਤ ਰੱਖਦੇ ਹਨ, ਨੇਮ = ਨਿਯਮ ਆਦਿ ਰੱਖਦੇ ਹਨ ਅਤੇ ਸੰਜਮ = ਪਰਹੇਜ਼, ਰਸਮਾਂ, ਰਿਵਾਜਾਂ ਦੇ ਮਹਿ = ਵਿਚ ਰਹਤਾ = ਰਹਿੰਦੇ ਹਨ। ਤਿੰਨ ਕਾ = ਤਿੰਨਾਂ ਦਾ ਪਰਮੇਸ਼ਰ ਦੀ ਦਰਗਾਹ ਵਿਚ ਆਢੁ = ਅੱਧੀ ਦਮੜੀ, ਅੱਧੀ ਕੌਡੀ ਵੀ ਮੁੱਲ ਨਹੀਂ ਪਾਇਆ = ਜਾਂਦਾ।

## ਆਗੈ ਚਲਣੁ ਅਉਰੁ ਹੈ ਭਾਈ; ਊੰਹਾ ਕਾਮਿ ਨ ਆਇਆ ॥੧॥

ਹੇ ਭਾਈ = ਭਰਾਵੋ ! ਆਗੈ = ਅੱਗੇ ਪਰਲੋਕ ਵਿਚ ਚੱਲਣ ਦਾ ਅਉਰੁ = ਹੋਰ ਹੀ ਤਰੀਕਾ ਹੈ, ਊੰਹਾ = ਉੱਥੇ ਪਰਲੋਕ ਵਿਚ ਨਿਸ਼ਕਾਮ ਕਰਮ ਕੀਤਿਆਂ ਤੋਂ ਬਿਨਾਂ, ਨਾਮ ਸਿਮਰਨ ਕਰੇ ਤੋਂ ਬਗ਼ੈਰ ਜੀਵ ਦੀ ਸਹਾਇਤਾ ਲਈ ਕੋਈ ਵੀ ਕਾਮਿ = ਕੰਮ ਨ = ਨਹੀਂ ਆਇਆ = ਆਉਂਦਾ ॥੧॥

## ਤੀਰਥਿ ਨਾਇ, ਅਰੁ ਧਰਨੀ ਭ੍ਰਮਤਾ; ਆਗੈ ਠਉਰ ਨ ਪਾਵੈ ॥

(**ਨਾਇ** ਦਾ ਉਚਾਰਣ ਭਾਰਾ ਹੈ)

ਜਿਹੜੇ ਲੋਕ ਤੀਰਥਿ = ਤੀਰਥਾਂ ਉੱਪਰ ਨਾਇ = ਨਹਾਉਂਦੇ ਅਰੁ = ਅਤੇ ਸਾਰੀ ਧਰਨੀ = ਧਰਤੀ ਉੱਪਰ ਭ੍ਰਮਤਾ = ਭਰਮਦੇ ਫਿਰਦੇ ਹਨ, ਵਿਚਰਦੇ ਫਿਰਦੇ ਹਨ, ਇਸ ਤਰ੍ਹਾਂ ਤੀਰਥਾਂ 'ਤੇ ਨਹਾਉਣ ਤੇ ਪ੍ਰਿਥਵੀ ਦੀ ਯਾਤਰਾ ਕਰਨ ਨਾਲ ਵੀ ਆਗੈ = ਅੱਗੇ ਦਰਗਾਹ ਵਿਚ ਕੋਈ ਠਉਰ = ਥਾਂ ਨ = ਨਹੀਂ ਪਾਵੈ = ਪਾ ਸਕੇਗਾ।

## ਊਹਾ ਕਾਮਿ ਨ ਆਵੈ, ਇਹ ਬਿਧਿ; ਓਹੁ ਲੋਗ ਨਹੀ ਪਤੀਆਵੈ ॥੨॥

(ਦੂਸਰਾ ਪਾਠ **ਲੋਗਨ ਹੀ ਪਤੀਆਵੈ**)

ਊਹਾ = ਉਥੇ ਦਰਗਾਹ ਦੇ ਵਿਚ ਇਹ = ਇਸ ਤਰ੍ਹਾਂ ਦੇ ਬਿਧਿ = ਢੰਗ ਤਰੀਕੇ ਕਾਮਿ = ਕੰਮ ਨ = ਨਹੀਂ ਆਵੈ = ਆਉਂਦੇ ਅਤੇ ਓਹੁ = ਉਥੇ ਦੇ ਲੋਗ = ਲੋਕ ਭਾਵ ਧਰਮਰਾਜ ਆਦਿਕ ਇਨ੍ਹਾਂ ਪਖੰਡ ਸਹਿਤ ਕੀਤੇ ਕਰਮਾਂ ਨੂੰ ਵੇਖ ਕਰ ਕੇ ਪਤੀਆਵੈ = ਪਤੀਜਦੇ ਨਹੀਂ ਹਨ **ਵਾ:** ਉਹ ਲੋਗਨ = ਲੋਕਾਂ ਨੂੰ ਪਤੀਆਉਣ ਦਾ ਹੀ ਸਾਧਨ ਕਰਦੇ ਹਨ ॥੨॥

## ਚਤੁਰ ਬੇਦ ਮੁਖ ਬਚਨੀ ਉਚਰੈ; ਆਗੈ ਮਹਲੁ ਨ ਪਾਈਐ ॥

ਜੇਕਰ ਕੋਈ ਚਤੁਰ ਬੇਦ = ਚਾਰੇ ਵੇਦਾਂ (ਸਾਮ ਵੇਦ, ਰਿਗਵੇਦ, ਯਜੁਰ ਵੇਦ, ਅਥਰਬਣ ਵੇਦ) ਨੂੰ ਆਪਣੇ ਮੁਖ = ਮੂੰਹ ਵਿੱਚੋਂ ਜ਼ਬਾਨੀ ਹੀ ਬਚਨੀ = ਬਚਨਾਂ ਦੁਆਰਾ ਉਚਰੈ = ਉਚਾਰਨ ਕਰੇ, ਇਸ ਪ੍ਰਕਾਰ ਵੀ ਆਗੈ = ਅੱਗੇ ਸੱਚਖੰਡ ਰੂਪੀ ਮਹਲ ਦੀ ਪਾਈਐ = ਪ੍ਰਾਪਤੀ ਨਹੀਂ ਹੋਵੇਗੀ।

## ਬੂਝੈ ਨਾਹੀ ਏਕੁ ਸੁਧਾਖਰੁ; ਓਹੁ ਸਗਲੀ ਝਾਖ ਝਖਾਈਐ ॥੩॥

ਵੇਦਾਂ ਸਿੰਮ੍ਰਿਤੀਆਂ ਆਦਿਕ ਨੂੰ ਪੜ੍ਹ ਕਰ ਕੇ ਜਿੰਨਾ ਚਿਰ ਏਕੁ = ਅਦ੍ਵੈਤ ਰੂਪ ਸੁਧਾਖਰੁ = ਸ਼ੁੱਧ ਅੱਖਰ ਰੂਪ ਬ੍ਰਹਮ ਨੂੰ ਬੂਝੈ = ਜਾਣਿਆ ਨਾਹੀ = ਨਹੀਂ, ਸਮਝਿਆ ਹੀ ਨਹੀਂ ਹੈ, ਉਤਨਾ ਚਿਰ ਸਗਲੀ = ਸਾਰੀ ਵਿਦਿਆ ਪੜ੍ਹੀ ਹੋਈ ਝਾਖ ਝਖਾਈਐ = ਬਰਬਾਦ ਕਰਨ **ਵਾ:** ਵਿਅਰਥ ਹੀ ਬਕੀ ਜਾਣ ਦੇ ਤੁਲ ਹੈ **ਵਾ:** ਝੱਖਾਂ ਮਾਰਨ ਦੇ ਸਮਾਨ ਹੈ ॥੩॥

## ਨਾਨਕੁ ਕਹਤੋ ਇਹੁ ਬੀਚਾਰਾ; ਜਿ ਕਮਾਵੈ ਸੁ ਪਾਰ ਗਰਾਮੀ ॥

ਸਤਿਗੁਰੂ ਸਾਹਿਬ ਜੀ ਇਹੁ = ਇਸ ਬੀਚਾਰਾ = ਵੀਚਾਰ ਦੇ ਤਾਈਂ ਕਹਤੋ = ਕਹਿੰਦੇ ਹਨ ਕਿ ਹੇ ਭਾਈ ! ਜਿ = ਜਿਹੜਾ ਉਸ ਅੱਖਰ ਰੂਪ ਬ੍ਰਹਮ ਦੀ ਕਮਾਵੈ = ਕਮਾਈ ਕਰੇਗਾ, ਸੁ = ਉਹ ਸੰਸਾਰ ਦੇ ਗਰਾਮੀ = ਸਮੂਹ ਦੁੱਖਾਂ ਕਲੇਸ਼ਾਂ ਤੋਂ ਪਾਰ ਹੋ ਜਾਵੇਗਾ **ਵਾ:** ਸੰਸਾਰ ਗ੍ਰਾਮ ਤੋਂ ਪਾਰ ਹੋ ਜਾਵੇਗਾ।

## ਗੁਰੁ ਸੇਵਹੁ, ਅਰੁ ਨਾਮੁ ਧਿਆਵਹੁ; ਤਿਆਗਹੁ ਮਨਹੁ ਗੁਮਾਨੀ ॥੪॥੬॥੧੬੪॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਡੇ ਤਿੰਨ ਬਚਨ ਮੰਨੋ, ਇਕ ਗੁਰੁ = ਗੁਰੂ ਸਾਹਿਬ ਜੀ ਦੀ

ਸੇਵਹੁ = ਸੇਵਾ ਕਰਿਆ ਕਰੋ, ਦੂਜਾ ਪਰਮੇਸ਼ਰ ਦਾ ਨਾਮ ਧਿਆਵਹੁ = ਧਿਆਉਣਾ ਕਰੋ, ਤੀਸਰਾ ਆਪਣੇ ਮਨਹੁ = ਮਨ ਵਿੱਚੋਂ ਗੁਮਾਨੀ = ਹੰਕਾਰ ਵੀ ਤਿਆਗਹੁ = ਛੱਡਣਾ ਕਰੋ। ਇਹ ਅਸੀਂ ਵਿਚਾਰ ਦੱਸੀ ਹੈ, ਜਿਹੜਾ ਕਮਾਵੇਗਾ, ਉਹ ਸੰਸਾਰ-ਸਮੁੰਦਰ ਤੋਂ ਪਾਰ ਮੁਕਤੀ ਰੂਪੀ ਕਿਨਾਰੇ 'ਤੇ ਪਹੁੰਚ ਜਾਵੇਗਾ ॥੪॥੬॥੧੬੪॥

## ਗਉੜੀ ਮਾਲਾ, ੫ ॥[1]

## ਮਾਧਉ; ਹਰਿ ਹਰਿ ਹਰਿ, ਮੁਖਿ ਕਹੀਐ ॥

ਹੇ ਮਾਧਉ = ਮਾਇਆ ਦੇ ਪਤੀ ਪਰਮੇਸ਼ਰ! ਆਪ ਦਾ ਜੋ ਹਰਿ = ਹਰੇਕ ਦੇ ਪਾਪਾਂ ਨੂੰ ਹਰਿ = ਹਰਨ ਵਾਲਾ ਹਰਿ = ਹਰੀ ਨਾਮ ਹੈ **ਵਾ**: ਸ਼੍ਰਵਣ ਕਰਾ ਕੇ ਪ੍ਰਮਾਣਗਤ ਸੰਸੇ ਨੂੰ ਹਰਿ = ਹਰਨ ਵਾਲਾ, ਮੰਨਣ ਕਰਾ ਕੇ ਪ੍ਰਮੇਯਗਤ ਸੰਸੇ ਨੂੰ ਹਰਿ = ਹਰਨ ਵਾਲਾ ਅਤੇ ਨਿਧਿਆਸਣ ਕਰਾ ਕੇ ਵਿਪਰਜੇ ਸੰਸੇ ਨੂੰ ਹਰਿ = ਹਰਨ ਵਾਲਾ ਜੋ ਆਪ ਜੀ ਦਾ ਨਾਮ ਹੈ, ਉਸ ਨੂੰ ਹਰ ਵੇਲੇ ਮੁਖਿ = ਮੂੰਹ ਦੁਆਰਾ ਕਹੀਐ = ਕਹਿਣਾ ਕਰੀਏ, ਉਚਾਰਦੇ ਰਹੀਏ।

## ਹਮ ਤੇ ਕਛੂ ਨ ਹੋਵੈ ਸੁਆਮੀ; ਜਿਉ ਰਾਖਹੁ ਤਿਉ ਰਹੀਐ ॥੧॥ਰਹਾਉ॥

ਹੇ ਮੇਰੇ ਸੁਆਮੀ = ਮਾਲਕ ਵਾਹਿਗੁਰੂ! ਹਮ = ਸਾਡੇ ਤੇ = ਤੋਂ ਕਛੂ = ਕੁਝ ਵੀ ਕਰਣੀ ਨ = ਨਹੀਂ ਹੋਵੈ = ਹੋ ਸਕਦੀ। ਜਿਉ = ਜਿਵੇਂ ਆਪ ਜੀ ਰਾਖਹੁ = ਰੱਖਣਾ ਕਰੋ, ਤਿਉ = ਤਿਵੇਂ ਹੀ ਸਾਡਾ ਰਹੀਐ = ਰਹਿਣਾ ਹੁੰਦਾ ਹੈ ॥੧॥ਰਹਾਉ॥

## ਕਿਆ ਕਿਛੁ ਕਰੈ, ਕਿ ਕਰਣੈਹਾਰਾ; ਕਿਆ ਇਸੁ ਹਾਥਿ ਬਿਚਾਰੇ ॥

ਹੇ ਮਹਾਰਾਜ! ਇਹ ਜੀਵ ਪਿੱਛੇ ਕਿਆ = ਕੀ ਕਿਛੁ = ਕੁਝ ਕਰੈ = ਕਰਦਾ ਸੀ ਤੇ ਹੁਣ ਕਿ = ਕੀ ਕਰਣੈਹਾਰਾ = ਕਰਨਵਾਲਾ ਹੈ ਤੇ ਅੱਗੇ ਭਵਿੱਖ ਵਿਚ ਵੀ ਇਸ ਬਿਚਾਰੇ = ਤੁੱਛ ਜੀਵ ਦੇ ਹਾਥਿ = ਹੱਥ ਵਿਚ ਕਿਆ = ਕੀ ਹੋਵੇਗਾ, ਭਾਵ ਕੀ ਕੁਝ ਪਿੱਛੇ ਕਰਿਆ ਹੈ ਤੇ ਕੀ ਕੁਝ ਹੁਣ ਕਰਨ ਵਾਲਾ ਹੈ ਤੇ ਕੀ ਅੱਗੇ ਇਸ ਦੇ ਹੱਥ ਵਿਚ ਹੋਵੇਗਾ।

## ਜਿਤੁ ਤੁਮ ਲਾਵਹੁ ਤਿਤ ਹੀ ਲਾਗਾ; ਪੂਰਨ ਖਸਮ ਹਮਾਰੇ ॥੧॥

ਹੇ ਮਹਾਰਾਜ! ਜਿਤੁ = ਜਿਸ ਪਾਸੇ ਤੁਮ = ਤੁਸੀਂ ਸਾਨੂੰ ਲਾਵਹੁ = ਲਾਉਣਾ ਕਰਦੇ ਹੋ, ਤਿਤ = ਉੱਧਰ ਹੀ ਅਸੀਂ ਲਾਗਾ = ਲੱਗਦੇ ਹਾਂ। ਆਪ ਹੀ ਸਾਰਿਆਂ ਤਾਈਂ ਪੂਰਨ = ਵਿਆਪਕ ਹੋ ਅਤੇ ਹਮਾਰੇ = ਸਾਡੇ ਖਸਮ = ਮਾਲਕ ਹੋ ॥੧॥

## ਕਰਹੁ ਕ੍ਰਿਪਾ ਸਰਬ ਕੇ ਦਾਤੇ; ਏਕ ਰੂਪ ਲਿਵ ਲਾਵਹੁ ॥

ਹੇ ਸਰਬ = ਸਾਰਿਆਂ ਕੇ = ਦੇ ਤਾਈਂ ਅੰਮ੍ਰਿਤ ਨਾਮ, ਗਿਆਨ, ਰੋਜ਼ੀ ਰੋਟੀ, ਮੁਕਤੀ ਦੇ ਦਾਤੇ ਪਰਮੇਸ਼ਰ ਸਾਡੇ 'ਤੇ ਕ੍ਰਿਪਾ = ਦਇਆ ਦ੍ਰਿਸ਼ਟੀ ਕਰਹੁ = ਕਰਨੀ ਕਰੋ, ਆਪ ਜੀ ਦੇ ਏਕ = ਅਦ੍ਵੈਤ ਰੂਪ = ਸਰੂਪ ਵਿਚ ਸਾਡੀ ਲਿਵ = ਬਿਰਤੀ ਲਾਵਹੁ = ਲਾਉਣੀ ਕਰੋ, ਜੋੜਨੀ ਕਰੋ।

## ਨਾਨਕ ਕੀ ਬੇਨੰਤੀ, ਹਰਿ ਪਹਿ; ਅਪੁਨਾ ਨਾਮੁ ਜਪਾਵਹੁ ॥੨॥੭॥੧੬੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰਿ = ਹਰੀ ਅਕਾਲ ਪੁਰਖ! ਸਾਡੀ ਤੁਹਾਡੇ

---

੧. ਇਥੇ ਮਹਲਾ ਪਦ ਨਹੀਂ ਹੈ ਇਸ ਕਰਕੇ ਮਾਲਾ ਮਹਲਾ ੫ ਨਹੀਂ ਬੋਲਣਾ ਕੇਵਲ ਗਉੜੀ ਮਾਲਾ ੫ (ਪੰਜਵਾ) ਹੀ ਉਚਾਰਣਾ ਹੈ।

ਪਹਿ = ਪਾਸ, ਕੋਲ ਇਹ ਬੇਨੰਤੀ = ਜੋਦੜੀ ਹੈ ਕਿ ਅਪੁਨਾ = ਆਪ ਦਾ ਅੰਮ੍ਰਿਤ ਨਾਮ ਸਾਨੂੰ ਜਪਾਵਹੁ = ਜਪਾਉਣਾ ਕਰੋ ॥੨॥੭॥੧੬੫॥

## ਰਾਗੁ ਗਉੜੀ ਮਾਝ, ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਰਾਗ ਗਉੜੀ ਦੀ ਮਾਝ ਜਾਤੀ ਵਿਚ ਪੰਜਵੇਂ ਪਾਤਿਸ਼ਾਹ ਇਹ ਪਾਵਨ ਸ਼ਬਦ ਉਚਾਰਨ ਕਰਦੇ ਹਨ।

੧ = ਅਦ੍ਵੈਤ ਸਰੂਪ ਬ੍ਰਹਮ ੴ = ਸਰਬ ਦਾ ਪ੍ਰਕਾਸ਼ਕ ਜੋ ਸਤਿਗੁਰ = ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ। ਇਸ ਪਾਵਨ ਸ਼ਬਦ ਵਿਚ ਗੁਰੂ ਜੀ ਵਾਹਿਗੁਰੂ ਨੂੰ ਮਿਲਣ ਵਾਲਿਆਂ ਦੀ ਉਤਕੰਠਾ ਭਾਵ ਅਤਿਅੰਤ, ਤੀਬਰ ਇੱਛਾ ਪ੍ਰਗਟ ਕਰਦੇ ਹਨ।

## ਦੀਨ ਦਇਆਲ; ਦਮੋਦਰ ਰਾਇਆ ਜੀਉ ॥

ਹੇ ਦੀਨ = ਗ਼ਰੀਬਾਂ ਉੱਪਰ ਦਇਆਲ = ਦਿਆਲਤਾ ਕਰਨ ਵਾਲੇ ਦਮੋਦਰ = ਪਰਮੇਸ਼ਰ ਆਪ ਰਾਇਆ = ਰਾਜਾ, ਪ੍ਰਕਾਸ਼ ਸਰੂਪ ਹੋ।

**ਸਾਖੀ—ਕ੍ਰਿਸ਼ਨ ਭਗਵਾਨ ਦੀ :** ਦਮੋਦਰ = ਉਪਰੋਕਤ ਪੰਗਤੀ ਵਿਚ ਆਇਆ "ਦਮੋਦਰ" ਪਦ, ਜਿਥੋਂ ਇਹ ਪਦ ਪ੍ਰਚੱਲਤ ਹੋਇਆ, ਉਸੇ ਸੰਬੰਧ ਵਿਚ ਸ਼੍ਰੀ ਕ੍ਰਿਸ਼ਨ ਭਗਵਾਨ ਦੇ ਜੀਵਨ ਵਿਚ ਇਕ ਸਾਖੀ ਆਉਂਦੀ ਹੈ। ਜਿਸ ਵੇਲੇ ਗੋਕਲ ਵਿਚ ਜਦੋਂ ਕ੍ਰਿਸ਼ਨ ਜੀ ਮਣੇ 'ਤੇ ਚੜ੍ਹ ਕੇ ਗੋਪੀਆਂ ਦੇ ਮਟਕਿਆਂ ਵਿੱਚੋਂ ਦੁੱਧ, ਦਹੀਂ, ਮੱਖਣ ਆਦਿ ਨੂੰ ਖਾ ਜਾਂਦੇ ਸਨ ਜਾਂ ਗਰੀਬ ਘਰਾਂ ਦੇ ਬੱਚਿਆਂ ਨੂੰ ਖੁਆ ਦਿੰਦੇ ਸਨ। ਉਸ ਵੇਲੇ ਗੋਪੀਆਂ ਨੇ ਤੰਗ ਹੋ ਕੇ ਮਾਤਾ ਯਸ਼ੋਦਾ ਦੇ ਕੋਲ ਸ਼ਿਕਾਇਤ ਕੀਤੀ ਤਾਂ ਮਾਤਾ ਯਸ਼ੋਦਾ ਨੇ ਕ੍ਰਿਸ਼ਨ ਜੀ ਨੂੰ ਗੋਕਲ ਵਿਚ ਰੱਸੇ ਇਕੱਠੇ ਕਰ ਕੇ ਉੱਖਲ ਨਾਲ ਬੰਨ੍ਹ ਦਿੱਤਾ। ਉਹ ਦਾਮ = ਰੱਸੀ ਕ੍ਰਿਸ਼ਨ ਦੇ ਉਦਰ = ਪੇਟ ਨਾਲ ਬੰਨ੍ਹਣ ਕਰ ਕੇ ਉਦੋਂ ਦਾ ਦਮੋਦਰ ਨਾਮ ਪ੍ਰਚੱਲਤ ਹੋਇਆ। ਕ੍ਰਿਸ਼ਨ ਜੀ ਨੇ ਜਿਉਂ ਹੀ ਉਖਲ ਨੂੰ ਖਿੱਚਿਆ, ਦੋਵੇਂ ਬ੍ਰਿਛ ਜਿਨ੍ਹਾਂ ਦਾ ਨਾਮ ਜਮਲ ਤੇ ਅਰਜਨ ਸੀ, ਉਨ੍ਹਾਂ ਦੋਵਾਂ ਦੇ ਵਿਚਕਾਰੋਂ ਜਦੋਂ ਕ੍ਰਿਸ਼ਨ ਜੀ ਲੰਘੇ ਤਾਂ ਉਖਲ ਨਾਲ ਦੋਵੇਂ ਜਮਲਾਰਜਨ ਰੁੱਖ ਜੜ੍ਹਾਂ ਤੋਂ ਪੁੱਟੇ ਗਏ। ਇਸ ਪ੍ਰਕਾਰ ਇਨ੍ਹਾਂ ਦੋਵੇਂ ਜਮਲ ਅਤੇ ਅਰਜਨ ਦਾ ਵੀ ਉਧਾਰ ਕੀਤਾ, ਜੋ ਨਾਰਦ ਮੁਨੀ ਦੇ ਸ਼ਰਾਪ ਕਰ ਕੇ ਨਲ ਕੁਬੇਰ ਤੋਂ ਬ੍ਰਿਖ ਬਣੇ ਸਨ, ਇਸ ਪ੍ਰਕਾਰ ਕ੍ਰਿਸ਼ਨ ਜੀ ਦਾ ਨਾਮ ਦਮੋਦਰ ਪਿਆ।

## ਕੋਟਿ ਜਨਾ ਕਰਿ; ਸੇਵ ਲਗਾਇਆ ਜੀਉ ॥

ਹੇ ਪਰਮੇਸ਼ਰ ਜੀਉ = ਜੀ ! ਤੁਸੀਂ ਕੋਟਿ = ਕ੍ਰੋੜਾਂ ਹੀ ਜਨਾ = ਪੁਰਸ਼ਾਂ ਨੂੰ ਆਪਣੇ ਸੇਵਕ ਕਰਿ = ਕਰ ਕੇ ਆਪਣੀ ਸੇਵ = ਸੇਵਾ, ਟਹਿਲ ਵਿਚ ਲਗਾਇਆ = ਲਾਉਣਾ ਕੀਤਾ ਹੈ **ਵਾ:** ਕੋਟਿ = ਕ੍ਰੋੜਾਂ ਜਨਾ = ਭਗਤ ਜਨਾਂ ਨੂੰ ਪੈਦਾ ਕਰਿ = ਕਰ ਕੇ ਸਾਨੂੰ ਉਨ੍ਹਾਂ ਦੀ ਸੇਵ = ਟਹਿਲ ਵਿਚ ਲਗਾਇਆ = ਲਗਾਉਣਾ ਕੀਤਾ ਹੈ ਜੀ ! **ਵਾ:** ਕ੍ਰੋੜਾਂ ਜਨਾਂ ਦੇ ਤਾਈਂ ਆਪ ਜਪਣਾ ਤੇ ਹੋਰਨਾਂ ਨੂੰ ਜਪਾਉਣਾ ਰੂਪ ਸੇਵ = ਸੇਵਾ ਕਰਨ ਵਿਚ ਆਪ ਜੀ ਨੇ ਲਗਾਇਆ = ਲਾਇਆ ਹੈ।

## ਭਗਤ ਵਛਲੁ; ਤੇਰਾ ਬਿਰਦੁ ਰਖਾਇਆ ਜੀਉ ॥
## ਪੂਰਨ; ਸਭਨੀ ਜਾਈ ਜੀਉ ॥੧॥

ਤੁਸੀਂ ਹੀ ਆਪਣੇ ਭਗਤ = ਭਗਤਾਂ, ਦਾਸਾਂ ਦੇ ਵਛਲੁ = ਪਿਆਰੇ ਹੋ, ਆਪਣੇ ਭਗਤਾਂ ਨਾਲ ਮੁਹੱਬਤ ਕਰਨੀ ਇਹੋ ਹੀ ਤੇਰਾ = ਤੁਹਾਡਾ ਬਿਰਦੁ = ਪ੍ਰਣ ਰਖਾਇਆ = ਰੱਖਿਆ ਹੋਇਆ ਹੈ ਜੀਉ = ਜੀ। ਹੇ ਪਰਮੇਸ਼ਰ ਜੀਉ = ਜੀ ! ਤੁਸੀਂ ਸਭਨੀ = ਸਾਰੀਆਂ ਜਾਈ = ਜਗ੍ਹਾ, ਥਾਵਾਂ ਵਿਚ ਪੂਰਨ = ਵਿਆਪਕ ਹੋ ॥੧॥

**ਕਿਉ ਪੇਖਾ ਪ੍ਰੀਤਮੁ; ਕਵਣ ਸੁਕਰਣੀ ਜੀਉ ॥ ਸੰਤਾ ਦਾਸੀ; ਸੇਵਾ ਚਰਣੀ ਜੀਉ ॥**

ਹੇ ਮੇਰੇ ਪ੍ਰੀਤਮੁ = ਪਿਆਰੇ ਅਕਾਲ ਪੁਰਖ ਜੀਉ = ਜੀ ! ਕਿਉ = ਕਿਸ ਤਰ੍ਹਾਂ ਆਪ ਜੀ ਦੇ ਦਰਸ਼ਨ ਪੇਖਾ = ਵੇਖਾਂ ਅਤੇ ਉਹ ਕਵਣ = ਕਿਹੜੀ ਸੁਕਰਣੀ = ਸ੍ਰੇਸ਼ਟ ਕਰਣੀ ਹੈ, ਜਿਸ ਕਰਕੇ ਤੈਨੂੰ ਦੇਖ ਲਈਏ ? ਗੁਰੂ ਜੀ ਅੱਗੋਂ ਦੱਸਦੇ ਹਨ ਕਿ ਹੇ ਜੀਉ = ਪ੍ਰਾਣੀ, ਪਿਆਰੇ ਦਾਸੀ = ਦਾਸਾ-ਭਾਵ ਧਾਰਨ ਕਰ ਕੇ ਸੰਤਾ = ਮਹਾਂਪੁਰਖਾਂ ਦੇ ਚਰਣੀ = ਚਰਣਾਂ ਦੀ ਸੇਵਾ = ਟਹਿਲ ਕਰੋ।

**ਇਹੁ ਜੀਉ ਵਤਾਈ; ਬਲਿ ਬਲਿ ਜਾਈ ਜੀਉ ॥**
**ਤਿਸੁ ਨਿਵਿ ਨਿਵਿ; ਲਾਗਉ ਪਾਈ ਜੀਉ ॥੨॥**

ਇਹੁ = ਇਸ ਆਪਣੀ ਜੀਉ = ਜ਼ਿੰਦਗੀ ਤੋਂ ਵਤਾਈ = ਵਾਰਨੇ ਜਾਈਏ, ਮਨ ਕਰ ਕੇ ਵੀ ਬਲਿ = ਬਲਿਹਾਰ ਜਾਂਦੇ ਹਾਂ, ਤਨ ਕਰ ਕੇ ਵੀ ਬਲਿ = ਬਲਿਹਾਰ ਜਾਈ = ਜਾਂਦੇ ਹਾਂ ਜੀਉ = ਜੀ। ਜਿਨ੍ਹਾਂ ਨੂੰ ਵਾਹਿਗੁਰੂ ਦੀ ਪ੍ਰਾਪਤੀ ਹੋਈ ਹੈ, ਤਿਸੁ = ਤਿਨ੍ਹਾਂ ਗੁਰਮੁਖਾਂ ਦੇ ਤਾਈਂ ਨਿਵਿ ਨਿਵਿ = ਝੁਕ ਝੁਕ ਕੇ ਪਾਈ = ਚਰਨੀ ਲਾਗਉ = ਲੱਗੀਏ ਜੀਉ = ਜੀ ॥੨॥

**ਪੋਥੀ ਪੰਡਿਤ; ਬੇਦ ਖੋਜੰਤਾ ਜੀਉ ॥ ਹੋਇ ਬੈਰਾਗੀ; ਤੀਰਥਿ ਨਾਵੰਤਾ ਜੀਉ ॥**

(**ਨਾਵੰਤਾ** ਦਾ ਉਚਾਰਣ ਭਾਰਾ ਹੈ)

ਹੇ ਪਿਆਰੇ ਜੀਉ = ਜੀ ! ਕੋਈ ਪੰਡਿਤ = ਵਿਦਵਾਨ ਹੋ ਕਰ ਕੇ ਪੋਥੀ = ਗੀਤਾ ਆਦਿਕ ਪੋਥੀਆਂ ਅਤੇ ਬੇਦ = ਚਾਰੇ ਵੇਦਾਂ ਜਾਂ ਬੇਦਾਂ ਦੇ ਖਟ ਅੰਗਾਂ ਨੂੰ ਖੋਜੰਤਾ = ਖੋਜਦਾ, ਲੱਭਦਾ ਫਿਰਦਾ ਹੈ। ਹੇ ਪਿਆਰੇ ਜੀਉ = ਜੀ ! ਕੋਈ ਉਸ ਪਰਮੇਸ਼ਰ ਦੀ ਪ੍ਰਾਪਤੀ ਵਾਸਤੇ ਬੈਰਾਗੀ = ਵੈਰਾਗ ਧਾਰਨ ਕਰ ਕੇ ਤੀਰਥਿ = ਤੀਰਥਾਂ ਉੱਪਰ ਨਾਵੰਤਾ = ਇਸ਼ਨਾਨ ਕਰਦਾ ਫਿਰਦਾ ਹੈ।

**ਗੀਤ ਨਾਦ; ਕੀਰਤਨੁ ਗਾਵੰਤਾ ਜੀਉ ॥**
**ਹਰਿ ਨਿਰਭਉ; ਨਾਮੁ ਧਿਆਈ ਜੀਉ ॥੩॥**

ਹੇ ਪਿਆਰੇ ਜੀਉ = ਜੀ ! ਕੋਈ ਪਰਮੇਸ਼ਰ ਦੀ ਪ੍ਰਾਪਤੀ ਵਾਸਤੇ ਗੀਤ = ਬਿਸ਼ਨਪਦੇ ਗਾਉਂਦਾ ਹੈ, ਕੋਈ ਨਾਦ = ਵਾਜੇ ਆਦਿ ਵਜਾਉਂਦਾ ਹੈ, ਕੋਈ ਆਪ ਜੀ ਦੀ ਕੀਰਤਨੁ = ਵਡਿਆਈ ਨੂੰ ਗਾਵੰਤਾ = ਗਾਉਂਦਾ ਹੈ **ਵਾ**: ਕੋਈ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਅੱਗੇ ਤੇਰਾ ਕੀਰਤਨੁ = ਜਸ ਗਾਵੰਤਾ = ਗਾਉਂਦੇ ਫਿਰਦੇ ਹਨ। ਪਰੰਤੂ ਹੇ ਪਿਆਰੇ ਜੀ ! ਕੇਵਲ ਹਰਿ = ਹਰੀ ਪਰਮੇਸ਼ਰ ਦੇ ਨਿਰਭਉ = ਭੈ ਤੋਂ ਰਹਿਤ ਕਰਨ ਵਾਲੇ ਅੰਮ੍ਰਿਤ ਰੂਪੀ ਨਾਮ ਨੂੰ ਧਿਆਈ = ਧਿਆਉਣੇ ਕਰ ਕੇ ਹੀ ਉਸ ਦੀ ਪ੍ਰਾਪਤੀ ਹੁੰਦੀ ਹੈ ਜੀਉ = ਜੀ **ਅਥਵਾ** ਜਿਹੜੇ ਮਹਾਰਾਜ ਜੀ ਦੇ ਗੀਤ = ਜਸ ਨੂੰ ਨਾਦ = ਵਾਜਿਆਂ ਵਿਚ ਪਾ ਕੇ ਕੀਰਤਨ ਦੁਆਰਾ ਗਾਵੰਤਾ = ਗਾਉਂਦੇ ਹਨ, ਹੇ ਪਿਆਰੇ ਜੀਉ = ਜੀਅ ! ਉਨ੍ਹਾਂ ਨਾਲ ਮਿਲ ਕੇ ਨਿਰਭਉ = ਭੈ ਤੋਂ ਰਹਿਤ ਹਰਿ = ਪਰਮੇਸ਼ਰ ਦੇ ਨਾਮ ਨੂੰ ਧਿਆਈ = ਧਿਆਉਣਾ ਕਰੀਏ ॥੩॥

***ਨੋਟ :*** ਇਹ ਦੂਸਰਾ ਅਰਥ ਬਿਧੀ ਪੱਖ ਵਿਚ ਨਹੀਂ ਲਾਉਣਾ ਜੀ।

**[ਅੰਗ ੨੧੭]**

**ਭਏ ਕ੍ਰਿਪਾਲ; ਸੁਆਮੀ ਮੇਰੇ ਜੀਉ ॥ ਪਤਿਤ ਪਵਿਤ; ਲਗਿ ਗੁਰ ਕੇ ਪੈਰੇ ਜੀਉ ॥**

ਜਿਨ੍ਹਾਂ ਉੱਤੇ ਮੇਰੇ ਸੁਆਮੀ = ਮਾਲਕ ਅਕਾਲ ਪੁਰਖ ਜੀਉ = ਜੀ ਕ੍ਰਿਪਾਲ = ਕਿਰਪਾਲੂ ਭਏ = ਹੋਏ ਹਨ।

ਉਹ ਗੁਰ = ਸਤਿਗੁਰੂ ਸਾਹਿਬ ਜੀ ਕੇ = ਦੇ ਪੈਰੇ = ਚਰਣ ਕਮਲਾਂ ਨਾਲ ਲਗਿ = ਲੱਗ ਕਰ ਕੇ ਪਤਿਤ = ਪਾਪੀ ਤੋਂ ਪਵਿਤ = ਪਵਿੱਤਰ ਹੋ ਗਏ ਹਨ।

## ਭ੍ਰਮੁ ਭਉ ਕਾਟਿ; ਕੀਏ ਨਿਰਵੈਰੇ ਜੀਉ ॥
## ਗੁਰ; ਮਨ ਕੀ ਆਸ ਪੂਰਾਈ ਜੀਉ ॥੪॥

ਸਤਿਗੁਰੂ ਸਾਹਿਬ ਜੀ ਨੇ ਜੀਵ ਈਸ਼ ਆਦਿ ਦਾ ਭ੍ਰਮ = ਭੁਲੇਖਾ ਅਤੇ ਕਾਲ ਆਦਿ ਦਾ ਭਉ = ਭੈ, ਡਰ ਕਾਟਿ = ਕੱਟ ਕਰ ਕੇ ਨਿਰਵੈਰੇ = ਵੈਰ ਭਾਵ ਤੋਂ ਰਹਿਤ ਕੀਏ = ਕਰ ਦਿੱਤੇ ਹਨ। ਅਤੇ ਗੁਰ = ਗੁਰੂ ਸਾਹਿਬ ਜੀ ਨੇ ਮੇਰੇ ਮਨ = ਹਿਰਦੇ ਕੀ = ਦੀ ਸਭ ਆਸ = ਇਛਾ ਪੂਰਾਈ = ਪੂਰੀ ਕਰ ਦਿੱਤੀ ਹੈ ਜੀਉ = ਜੀ ॥੪॥

## ਜਿਨਿ ਨਾਉ ਪਾਇਆ; ਸੋ ਧਨਵੰਤਾ ਜੀਉ ॥
## ਜਿਨਿ ਪ੍ਰਭੁ ਧਿਆਇਆ; ਸੁ ਸੋਭਾਵੰਤਾ ਜੀਉ ॥

ਹੇ ਪਿਆਰੇ ਜੀ! ਜਿਨਿ = ਜਿਸ ਨੇ ਮਨ, ਤਨ, ਧਨ ਦੇ ਕੇ ਸਤਿਗੁਰਾਂ ਦੁਆਰਾ ਅੰਮ੍ਰਿਤ ਨਾਉ = ਨਾਮ ਨੂੰ ਪਾਇਆ = ਪ੍ਰਾਪਤ ਕੀਤਾ ਹੈ, ਸੋ = ਉਹ ਧਨਵੰਤਾ = ਧਨੀ ਹੈ। ਹੇ ਪਿਆਰੇ ਜੀ! ਜਿਨਿ = ਜਿਸ ਨੇ ਪ੍ਰਭੁ = ਅਕਾਲ ਪੁਰਖ ਨੂੰ ਅਭੇਦ ਰੂਪ ਹੋ ਕਰਕੇ ਧਿਆਇਆ = ਧਿਆਉਣਾ ਕੀਤਾ ਹੈ, ਸੁ = ਉਹ ਸੰਸਾਰ ਵਿਚ ਸੋਭਾਵੰਤਾ = ਸੋਭਾ ਵਾਲਾ, ਜਸ ਵਾਲਾ ਹੈ।

## ਜਿਸੁ ਸਾਧੂ ਸੰਗਤਿ; ਤਿਸੁ ਸਭ ਸੁਕਰਣੀ ਜੀਉ ॥
## ਜਨ ਨਾਨਕ; ਸਹਜਿ ਸਮਾਈ ਜੀਉ ॥੫॥੧॥੧੬੬॥

ਹੇ ਪਿਆਰੇ ਜੀ! ਜਿਸ ਨੂੰ ਸਾਧੂ = ਸ੍ਰੇਸ਼ਟ ਜਨਾਂ ਦੀ ਸੰਗਤ ਪ੍ਰਾਪਤ ਹੋਈ ਹੈ ਤਿਸੁ = ਉਸ ਦੀ ਸਭ = ਸਾਰੀ ਸੁਕਰਣੀ = ਸ੍ਰੇਸ਼ਟ ਭਗਤੀ ਰੂਪੀ ਕਰਨੀ ਹੋ ਗਈ ਹੈ ਜੀ। ਗੁਰੂ ਜੀ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਹੇ ਪਿਆਰੇ ਜੀ! ਉਹ ਜਨ = ਪੁਰਸ਼ ਸਹਜਿ = ਗਿਆਨ ਸਰੂਪ ਪਰਮੇਸ਼ਰ ਵਿਚ ਸਮਾਈ = ਸਮਾ ਜਾਂਦਾ ਹੈ ਜੀ ॥੫॥੧॥੧੬੬॥

## ਗਉੜੀ, ਮਹਲਾ ੫ ਮਾਝ ॥

ਇਸ ਪਾਵਨ ਸ਼ਬਦ ਵਿਚ ਸਤਿਗੁਰੂ ਸਾਹਿਬ ਜੀ ਸੰਤ ਮਹਾਂਪੁਰਖਾਂ ਦੇ ਸਨਮੁਖ ਬੇਨਤੀ ਰੂਪ ਵਿਚ ਉਸਤਤੀ ਕਰਦੇ ਹਨ। ਜਿਸ ਵੇਲੇ ਸਤਿਸੰਗਤ ਆ ਕੇ ਇਕੱਤਰ ਹੋ ਜਾਵੇ, ਉਦੋਂ ਪਿਆਰ ਨਾਲ ਇਉਂ ਕਹਿਣਾ ਕਰੀਏ।

## ਆਉ ਹਮਾਰੈ; ਰਾਮ ਪਿਆਰੇ ਜੀਉ ॥

ਹੇ ਰਾਮ = ਵਾਹਿਗੁਰੂ ਦੇ ਪਿਆਰੇ = ਪ੍ਰਿਯ ਸੰਤ ਜਨੋਂ ਜੀਉ = ਜੀ! ਤੁਸੀਂ ਹਮਾਰੈ = ਸਾਡੇ ਪਾਸ ਆਉ = ਆਉਣਾ ਕਰੋ **ਵਾ:** ਆਉ ਹਮਾਰੈ = ਸਾਡੇ ਰਾਮ = ਪਰਮੇਸ਼ਰ ਦੇ ਪਿਆਰੇ = ਪਿਆਰਿਓ ਤੁਹਾਨੂੰ ਜੀਉ = ਜੀ ਆਇਆਂ ਨੂੰ।

## ਰੈਣਿ ਦਿਨਸੁ; ਸਾਸਿ ਸਾਸਿ ਚਿਤਾਰੇ ਜੀਉ ॥

ਹੇ ਪਿਆਰੇ ਜੀ! ਰੈਣਿ = ਰਾਤ ਨੂੰ ਵੀ ਦਿਨਸੁ = ਦਿਨ ਨੂੰ ਵੀ ਸਾਸਿ ਸਾਸਿ = ਆਉਂਦੇ ਜਾਂਦੇ ਸ੍ਵਾਸ ਸ੍ਵਾਸ ਰੂਪ ਬ੍ਰਹਮ ਨੂੰ ਚਿਤਾਰੇ = ਚਿਤਾਰਨਾ ਕਰੀਏ, ਭਾਵ ਯਾਦ ਕਰੀਏ।

## ਸੰਤ ਦੇਉ ਸੰਦੇਸਾ; ਪੈ ਚਰਣਾਰੇ ਜੀਉ ॥

ਹੇ ਸੰਤ = ਸ਼ਾਂਤ ਚਿਤ ਮਹਾਂਪੁਰਖੋ ਜੀਉ = ਜੀ ! ਅਸੀਂ ਆਪ ਜੀ ਦੇ ਚਰਣਾਰੇ = ਚਰਣਾਂ ਵਿਚ ਪੈ = ਪੈਣਾ ਕਰਦੇ ਹਾਂ, ਤੁਸੀਂ ਸਾਨੂੰ ਵਾਹਿਗੁਰੂ ਦੀ ਪ੍ਰਾਪਤੀ ਦਾ ਸੰਦੇਸਾ = ਸੁਨੇਹਾ ਦੇਉ = ਦੇਣਾ ਕਰੋ **ਅਥਵਾ** ਉਪਰੋਕਤ ਤਿੰਨਾਂ ਪੰਗਤੀਆਂ ਦੇ ਅੰਨਵੈ ਕਰ ਕੇ ਅਰਥ ਇਕੱਠੇ ਕਰਨੇ।

ਹੇ ਸੰਤ = ਸੰਤ ਜਨੋਂ ਜੀ ! ਤੁਸੀਂ ਪਰਮੇਸ਼ਰ ਪ੍ਰਾਪਤੀ ਦਾ ਸੰਦੇਸਾ = ਸੁਨੇਹਾ ਦੇਉ = ਦੇਣਾ ਕਰੋ, ਅਸੀਂ ਤੁਹਾਡੇ ਚਰਣਾਰੇ = ਚਰਣੀ ਪੈ = ਪੈਂਦੇ ਹਾਂ। ਤਾਂ ਸੰਤ ਕਹਿੰਦੇ ਕਿ ਆਉ ਹਮਾਰੇ = ਸਾਡੇ ਰਾਮ = ਪ੍ਰਭੂ ਦੇ ਪਿਆਰਿਓ ਰੈਣਿ ਦਿਨਸੁ = ਰਾਤ ਦਿਨ, ਸਾਸਿ ਸਾਸਿ = ਸ੍ਵਾਸ ਸ੍ਵਾਸ ਵਾਹਿਗੁਰੂ ਨੂੰ ਚਿਤਾਰੇ = ਚੇਤੇ ਕਰੀਏ।

## ਤੁਧੁ ਬਿਨੁ; ਕਿਤੁ ਬਿਧਿ ਤਰੀਐ ਜੀਉ ॥੧॥

ਹੇ ਸੰਤ ਜਨੋਂ ਜੀਉ = ਜੀ ! ਤੁਧੁ = ਤੁਹਾਡੀ ਸੰਗਤ ਕੀਤੇ ਤੋਂ ਬਿਨੁ = ਬਗ਼ੈਰ ਕਿਤੁ = ਕਿਹੜੇ ਬਿਧਿ = ਤਰੀਕੇ ਤਰੀਐ = ਤਰ ਸਕਾਂਗੇ, ਭਾਵ ਨਹੀਂ ਤਰਿਆ ਜਾਣਾ ॥੧॥

## ਸੰਗਿ ਤੁਮਾਰੈ; ਮੈ ਕਰੇ ਅਨੰਦਾ ਜੀਉ ॥

ਹੇ ਸੰਤ ਜਨੋਂ ਜੀ ! ਤੁਮਾਰੈ = ਤੁਹਾਡੀ ਸੰਗਿ = ਸੰਗਤ ਦੇ ਨਾਲ ਮਿਲ ਕਰ ਕੇ ਮੈ = ਅਸੀਂ ਅਨੰਦਾ = ਅਨੰਦ ਸਰੂਪ ਨੂੰ ਪ੍ਰਾਪਤ ਕਰੇ = ਕੀਤਾ ਹੈ ਜੀ।

## ਵਣਿ ਤਿਣਿ ਤ੍ਰਿਭਵਣਿ; ਸੁਖ ਪਰਮਾਨੰਦਾ ਜੀਉ ॥

(ਪਾਠੰਤ੍ਰ **'ਤ੍ਰਿਣਿ'** ਹੈ)

ਵਣਿ = ਜੰਗਲਾਂ, ਬ੍ਰਿਛਾਂ ਵਿਚ, ਤਿਣਿ = ਕੱਖਾਂ ਵਿਚ, ਤ੍ਰਿਭਵਣਿ = ਤਿੰਨਾਂ ਲੋਕਾਂ (ਸਵਰਗ ਲੋਕ, ਮਾਤ ਲੋਕ, ਪਾਤਾਲ ਲੋਕ) ਵਿਚ ਸੁਖ = ਸੁਖ ਸਰੂਪ ਹੋ ਕੇ ਪਰਮਾਨੰਦਾ = ਵੱਡੇ ਅਨੰਦ ਰੂਪ ਪਰਮੇਸ਼ਰ ਨੂੰ ਹੀ ਨਿਸਚੇ ਕੀਤਾ ਹੈ **ਅਥਵਾ** ਵਣਿ ਦੀ ਨਿਆਈਂ ਸਰੀਰਾਂ ਵਿਚ ਤ੍ਰਿਣਿ ਦੀ ਨਿਆਈਂ ਇੰਦ੍ਰੀਆਂ ਵਿਚ ਤ੍ਰਿਭਵਣਿ ਦੀ ਨਿਆਈਂ ਜਾਗ੍ਰਤ, ਸੁਪਨ, ਸੁਖੋਪਤੀ ਵਿਚ ਵੀ ਉਹੋ ਹੀ ਸੁਖ = ਸੁਖ ਸਰੂਪ ਬ੍ਰਹਮ ਪਰਮਾਨੰਦਾ = ਪਰਮ ਅਨੰਦ ਸਰੂਪ ਹੈ।

## ਸੇਜ ਸੁਹਾਵੀ; ਇਹੁ ਮਨੁ ਬਿਗਸੰਦਾ ਜੀਉ ॥

ਹੇ ਪਿਆਰੇ ਜੀ ! ਪਰ ਜਿਨ੍ਹਾਂ ਦੀ ਸ਼ਰਧਾ ਰੂਪੀ **ਵਾ:** ਅੰਤਹਕਰਣ ਰੂਪੀ ਸੇਜ = ਸੇਜਾ ਸੁਹਾਵੀ = ਸ਼ੋਭਨੀਕ ਹੋਈ ਹੈ, ਉਨ੍ਹਾਂ ਦਾ ਇਹੁ = ਇਹ ਮਨੁ = ਹਿਰਦਾ ਨਿਜ ਸਰੂਪ ਦੇ ਸਿਮਰਨ ਵਿਚ ਬਿਗਸੰਦਾ = ਖਿੜਿਆ ਹੋਇਆ ਹੈ ਜੀ।

## ਪੇਖਿ ਦਰਸਨੁ; ਇਹੁ ਸੁਖੁ ਲਹੀਐ ਜੀਉ ॥੨॥

ਹੇ ਸੰਤ ਜਨੋਂ ਜੀਉ = ਜੀ ! ਆਪ ਜੀ ਵਰਗੇ ਪਿਆਰਿਆਂ ਦੇ ਦਰਸਨੁ = ਦੀਦਾਰ ਪੇਖਿ = ਵੇਖ ਕਰ ਕੇ ਹੀ ਇਹ ਆਤਮਿਕ ਸੁਖ ਨੂੰ ਲਹੀਐ = ਪ੍ਰਾਪਤ ਕਰੀਦਾ ਹੈ ॥੨॥

## ਚਰਣ ਪਖਾਰਿ; ਕਰੀ ਨਿਤ ਸੇਵਾ ਜੀਉ ॥

ਹੇ ਪਿਆਰੇ ਜੀ ! ਅਸੀਂ ਪਰਮੇਸ਼ਰ ! ਦੇ ਚਰਣ = ਚਰਣਾਂ ਕਮਲਾਂ ਨੂੰ ਪਖਾਰਿ = ਧੋਣਾ ਕਰੀ = ਕਰੀਏ ਅਤੇ ਨਿਤ = ਨਿਤਾਪ੍ਰਤੀ ਹੀ ਸੇਵਾ = ਟਹਿਲ ਕਰਨਾ ਕਰੀਏ।

## ਪੂਜਾ ਅਰਚਾ; ਬੰਦਨ ਦੇਵਾ ਜੀਉ ॥

ਇਹੋ ਹੀ ਸਾਡੀ ਦੇਵਾ = ਪਰਮੇਸ਼ਰ ਜੀਉ = ਜੀ ਦੇ ਤਾਈਂ ਸੋਲ੍ਹਾਂ ਪ੍ਰਕਾਰ ਦੀ ਪੂਜਾ = ਅਰਚਨ ਹੈ ਅਰਚਾ = ਪੂਜਨ ਹੈ **ਵਾ:** ਅਰਚਾ = ਚੰਦਨ ਦਾ ਛਿੜਕਣਾ ਹੈ ਅਤੇ ਆਪਾ-ਭਾਵ ਛੱਡ ਕੇ ਬੰਦਨ = ਨਮਸਕਾਰ ਕਰਦੇ ਹਾਂ **ਵਾ:** ਜੋ ਦੇਵਾ = ਪਰਮੇਸ਼ਰ ਦੇ ਤਾਈਂ ਹੰਗਤਾ ਮਮਤਾ ਤੋਂ ਰਹਿਤ ਹੋ ਕੇ ਬੰਦਨ = ਨਮਸਕਾਰ ਕਰਨੀ ਹੈ, ਇਹੋ ਹੀ ਉਸ ਦੀ ਪੂਜਾ ਕਰਨੀ ਅਤੇ ਅਰਚਾ = ਚੰਦਨ ਦਾ ਛਿੜਕਣਾ ਹੈ।

## ਦਾਸਨਿ ਦਾਸੁ; ਨਾਮੁ ਜਪਿ ਲੇਵਾ ਜੀਉ ॥

ਹੇ ਮਹਾਰਾਜ ਜੀਉ = ਜੀ ! ਐਸੀ ਕਿਰਪਾ ਕਰੋ ਕਿ ਅਸੀਂ ਆਪ ਦੇ ਦਾਸਨਿ = ਦਾਸਾਂ ਦੇ ਦਾਸ = ਸੇਵਕ ਬਣ ਕਰ ਕੇ ਆਪ ਜੀ ਦਾ ਅੰਮ੍ਰਿਤ ਨਾਮ ਜਪਿ = ਜਪ ਲੇਵਾ = ਲੈਣਾ ਕਰੀਏ।

## ਬਿਨਉ ਠਾਕੁਰ ਪਹਿ; ਕਹੀਐ ਜੀਉ ॥੩॥

ਹੇ ਪਿਆਰੇ ਜੀਉ = ਜੀ ! ਇਸ ਪ੍ਰਕਾਰ ਠਾਕੁਰ = ਮਾਲਕ ਅਕਾਲ ਪੁਰਖ ਦੇ ਪਹਿ = ਪਾਸ ਬਿਨਉ = ਬੇਨਤੀ ਕਹੀਐ = ਕਹਿਣਾ ਕਰੀਏ ॥੩॥

## ਇਛ ਪੁੰਨੀ ਮੇਰੀ; ਮਨੁ ਤਨੁ ਹਰਿਆ ਜੀਉ ॥

ਇਉਂ ਸਤਿਗੁਰਾਂ, ਸੰਤ ਜਨਾਂ ਨਾਲ ਮਿਲ ਕਰ ਕੇ ਮੇਰੀ = ਸਾਡੀ ਇਛੁ = ਇੱਛਾ ਪੁੰਨੀ = ਪੂਰੀ ਹੋ ਗਈ ਹੈ ਅਤੇ ਮੇਰਾ ਮਨੁ = ਹਿਰਦਾ ਤੇ ਤਨੁ = ਸਰੀਰ ਹਰਿਆ = ਪ੍ਰਫੁੱਲਤ ਹੋ ਗਿਆ ਹੈ ਜੀ।

## ਦਰਸਨ ਪੇਖਤ; ਸਭ ਦੁਖ ਪਰਹਰਿਆ ਜੀਉ ॥

ਸਤਿਗੁਰਾਂ ਦੇ ਦਰਸਨ = ਦੀਦਾਰ ਪੇਖਤ = ਵੇਖ ਕਰ ਕੇ ਸਭ = ਸਾਰੇ ਦੁਖ = ਕਸ਼ਟ ਪਰਹਰਿਆ = ਦੂਰ ਕਰ ਦਿੱਤੇ ਹਨ, ਪਰ੍ਹੇ ਹਟਾ ਦਿੱਤੇ ਹਨ ਜੀ।

## ਹਰਿ ਹਰਿ ਨਾਮੁ ਜਪੇ; ਜਪਿ ਤਰਿਆ ਜੀਉ ॥

ਹੇ ਪਿਆਰੇ ਜੀ ! ਜਿਨ੍ਹਾਂ ਨੇ ਹਰਿ = ਹਰੇਕ ਨੂੰ ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਨੂੰ ਜਪੇ = ਜਪਿਆ ਹੈ ਅਤੇ ਆਪ ਜਪਿ = ਜਪ ਕੇ ਹੋਰਨਾਂ ਨੂੰ ਵੀ ਜਪਾਉਂਦੇ ਹਨ, ਉਹ ਸਭ ਜੀਉ = ਜੀਵ ਤਰਿਆ = ਤਰ ਗਏ ਹਨ ਜੀ।

## ਇਹੁ ਅਜਰੁ; ਨਾਨਕ ਸੁਖੁ ਸਹੀਐ ਜੀਉ ॥੪॥੨॥੧੬੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਹੁ = ਇਸ ਅਜਰੁ = ਨਾ ਜਰੇ ਜਾਣ ਵਾਲੇ ਆਤਮਕ ਸੁਖੁ = ਅਨੰਦ ਨੂੰ ਸਹੀਐ = ਸਹਾਰਨਾ ਕਰੀਏ ਜੀ **ਅਥਵਾ** ਇਸ ਅਜਰੁ = ਨਾ ਜਰੇ ਜਾਣ ਵਾਲੇ ਨੂੰ ਜਰ ਲਈਏ ਅਤੇ ਸਹੀਐ = ਸਹਾਰ ਲਈਏ ਤਾਂ ਫਿਰ ਸੁਖੁ = ਅਨੰਦ ਦੀ ਪ੍ਰਾਪਤੀ ਹੁੰਦੀ ਹੈ **ਵਾ:** ਬ੍ਰਹਮ ਸਰੂਪ ਸਹੀਐ = ਨਿਸਚੇ ਹੋ ਜਾਂਦਾ ਹੈ, ਪ੍ਰਗਟ ਹੋ ਜਾਂਦਾ ਹੈ ॥੪॥੨॥੧੬੭॥

## ਗਉੜੀ ਮਾਝ, ਮਹਲਾ ੫ ॥

## ਸੁਣਿ ਸੁਣਿ ਸਾਜਨ; ਮਨ ਮਿਤ ਪਿਆਰੇ ਜੀਉ ॥

ਹੇ ਮੇਰੇ ਮਨ = ਹਿਰਦੇ ਦੇ ਪਿਆਰੇ = ਪ੍ਰਿਯ ਮਿਤ = ਮਿੱਤਰ ਅਤੇ ਸਰੀਰ ਦੇ ਸਾਜਨ = ਸੱਜਣ, ਪਿਆਰੇ

ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਦੁਆਰਾ ਸੁਣਿ = ਸੁਨਣਾ ਕਰ, ਸਤ ਸ਼ਾਸਤਰਾਂ ਦੁਆਰਾ ਸੁਣਿ = ਸ਼੍ਰਵਣ ਕਰ **ਅਥਵਾ** ਹੇ ਸਾਜਨ = ਸੱਜਣਾ ! ਸੁਣਿ = ਸੁਣਨਾ ਕਰ ਜਿਹੜਾ ਮਨ, ਬਾਣੀ ਸਰੀਰ ਦਾ ਪਿਆਰੇ = ਪ੍ਰਿਯ ਮਿਤ = ਮਿੱਤਰ ਹੈ, ਉਹ ਸਾਰਿਆਂ ਦੇ ਮਨ ਵਿਚ ਹੈ। ਇਸ ਸਿੱਖਿਆ ਨੂੰ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣਿ = ਸ਼੍ਰਵਣ ਕਰ ਲੈ ਅਤੇ ਉਸ ਅੱਗੇ ਕੁਰਬਾਨ ਹੋ ਕੇ ਇਉਂ ਕਹਿ ਕਿ :

## ਮਨੁ ਤਨੁ ਤੇਰਾ; ਇਹੁ ਜੀਉ ਭਿ, ਵਾਰੇ ਜੀਉ ॥

ਹੇ ਮਹਾਰਾਜ ਜੀਉ = ਜੀ ! ਮੇਰਾ ਮਨ = ਹਿਰਦਾ ਅਤੇ ਤਨੁ = ਸਰੀਰ ਤੇਰਾ = ਤੁਹਾਡਾ ਹੀ ਦਿੱਤਾ ਹੋਇਆ ਹੈ ਅਤੇ ਇਹੁ = ਇਹ ਜੀਉ = ਜ਼ਿੰਦਗੀ ਭਿ = ਭੀ, ਆਪ ਤੋਂ ਵਾਰੇ = ਵਾਰਨਾ ਕਰਦੇ ਹਾਂ।

## ਵਿਸਰੁ ਨਾਹੀ; ਪ੍ਰਭ ਪ੍ਰਾਣ ਅਧਾਰੇ ਜੀਉ ॥

ਹੇ ਸਾਡੇ ਪ੍ਰਾਣ = ਸ੍ਵਾਸਾਂ ਦੇ ਅਧਾਰੇ = ਆਸਰਾ ਰੂਪ ਪ੍ਰਭ = ਪਰਮੇਸ਼ਰ ਜੀ ! ਤੁਸੀਂ ਸਾਡੇ ਤੋਂ ਕਦੀ ਵੀ ਵਿਸਰੁ = ਭੁੱਲੋ ਨਾਹੀ = ਨਾ ਜੀ।

## ਸਦਾ; ਤੇਰੀ ਸਰਣਾਈ ਜੀਉ ॥੧॥

ਹੇ ਵਾਹਿਗੁਰੂ ! ਅਸੀਂ ਸਦਾ = ਹਮੇਸ਼ਾਂ ਲਈ ਤੇਰੀ = ਤੁਹਾਡੀ ਸਰਣਾਈ = ਸ਼ਰਣ ਵਿਚ ਆਏ ਹਾਂ ਜੀਉ = ਜੀ ॥੧॥

## ਜਿਸੁ ਮਿਲਿਐ; ਮਨੁ ਜੀਵੈ ਭਾਈ ਜੀਉ ॥

ਹੇ ਮੇਰੇ ਭਾਈ = ਭਰਾਵੋ ! ਜਿਸ ਵਾਹਿਗੁਰੂ ਦੇ ਮਿਲਿਐ = ਮਿਲਣੇ ਕਰ ਕੇ ਮਨੁ = ਹਿਰਦਾ ਜੀਵੈ = ਜਿਊਂਦਾ ਹੋ ਜਾਂਦਾ ਹੈ ਜੀਉ = ਜੀ।

## ਗੁਰ ਪਰਸਾਦੀ; ਸੋ ਹਰਿ ਹਰਿ ਪਾਈ ਜੀਉ ॥

ਗੁਰ = ਸਤਿਗੁਰਾਂ ਦੀ ਪਰਸਾਦੀ = ਕਿਰਪਾ ਕਰਕੇ ਸੋ = ਉਸ ਹਰਿ ਹਰਿ ਹਰੀ ਪਰਮੇਸ਼ਰ ਨੂੰ ਪਾਈ = ਪਾਉਣਾ ਕਰੀਦਾ ਹੈ ਜੀਉ = ਜੀ।

## ਸਭ ਕਿਛੁ ਪ੍ਰਭ ਕਾ; ਪ੍ਰਭ ਕੀਆ ਜਾਈ ਜੀਉ ॥

ਹੇ ਭਾਈ ! ਸਭ = ਸਾਰਾ ਕਿਛੁ = ਕੁਝ ਸੰਸਾਰ ਰੂਪ ਪ੍ਰਭ = ਪਰਮੇਸ਼ਰ ਕਾ = ਦਾ ਹੈ ਅਤੇ ਪ੍ਰਭ = ਪਰਮੇਸ਼ਰ ਕੀਆ = ਦੀਆਂ ਹੀ ਸਭ ਜਾਈ = ਜਗ੍ਹਾ ਹਨ ਜੀਉ = ਜੀ।

## ਪ੍ਰਭ ਕਉ; ਸਦ ਬਲਿ ਜਾਈ ਜੀਉ ॥੨॥

ਹੇ ਪ੍ਰਭ = ਪਰਮੇਸ਼ਰ ! ਤੇਰੇ ਕਉ = ਤਾਈਂ ਸਦ = ਹਮੇਸ਼ਾਂ ਬਲਿ = ਕੁਰਬਾਨ, ਬਲਿਹਾਰ ਜਾਈ = ਜਾਂਦੇ ਹਾਂ ਜੀਉ = ਜੀ ॥੨॥

## ਏਹੁ ਨਿਧਾਨੁ; ਜਪੈ ਵਡਭਾਗੀ ਜੀਉ ॥

ਏਹੁ = ਇਸ ਅੰਮ੍ਰਿਤ ਨਾਮ ਦੇ ਨਿਧਾਨੁ = ਖ਼ਜ਼ਾਨੇ ਨੂੰ ਕੋਈ ਵਡਭਾਗੀ = ਵੱਡਿਆਂ ਭਾਗਾਂ ਵਾਲਾ ਹੀ ਜਪੈ = ਜਪਦਾ ਹੈ ਜੀਉ = ਜੀ। ਜੈਸਾ ਕਿ :

**ਇਹੁ ਨਿਧਾਨੁ ਜਪੈ ਮਨਿ ਕੋਇ ॥** *(ਅੰਗ ੨੯੬)*

## ਨਾਮ ਨਿਰੰਜਨ; ਏਕ ਲਿਵ ਲਾਗੀ ਜੀਉ ॥

ਉਨ੍ਹਾਂ ਦੀ ਨਿਰੰਜਨ = ਮਾਇਆ ਕਾਲਖ ਤੋਂ ਰਹਿਤ ਏਕ = ਅਦ੍ਵੈਤ ਸਰੂਪ ਦੇ ਨਾਮ ਵਿਚ ਲਿਵ = ਬਿਰਤੀ ਲਾਗੀ = ਲੱਗ ਗਈ ਹੈ ਜੀਉ = ਜੀ।

## ਗੁਰੁ ਪੂਰਾ ਪਾਇਆ; ਸਭੁ ਦੁਖੁ ਮਿਟਾਇਆ ਜੀਉ ॥
## ਆਠ ਪਹਰ; ਗੁਣ ਗਾਇਆ ਜੀਉ ॥੩॥

ਜਿਨ੍ਹਾਂ ਨੇ ਪੂਰਾ = ਪੂਰਨ ਗੁਰੁ = ਸਤਿਗੁਰੂ ਸਾਹਿਬ ਜੀ ਨੂੰ ਪਾਇਆ = ਪਾਉਣਾ ਕੀਤਾ, ਉਨ੍ਹਾਂ ਨੇ ਜੰਮਣ ਮਰਣ ਰੂਪੀ ਆਦਿ ਸਭੁ = ਸਾਰਾ ਦੁਖੁ = ਕਸ਼ਟ ਮਿਟਾਇਆ = ਮਿਟਾ ਲਿਆ ਹੈ ਜੀਉ = ਜੀ। ਉਨ੍ਹਾਂ ਨੇ ਹੀ ਆਠ ਪਹਰ = ਅੱਠੇ ਪਹਿਰ (ਰਾਤ ਦਿਨ) ਪ੍ਰਭੂ ਦੇ ਗੁਣ = ਸਿਫ਼ਤਾਂ ਨੂੰ ਗਾਇਆ = ਗਾਉਣਾ ਕੀਤਾ ਹੈ ਜੀਉ = ਜੀ ॥੩॥

## ਰਤਨ ਪਦਾਰਥ; ਹਰਿ ਨਾਮੁ ਤੁਮਾਰਾ ਜੀਉ ॥
## ਤੂੰ ਸਚਾ ਸਾਹੁ; ਭਗਤੁ ਵਣਜਾਰਾ ਜੀਉ ॥

ਹੇ ਹਰਿ = ਹਰੀ ! ਤੁਮਾਰਾ = ਤੁਹਾਡਾ ਨਾਮ ਰਤਨ = ਮਾਣਕਾਂ ਦੀ ਨਿਆਈਂ ਅਮੋਲਕ ਪਦਾਰਥ = ਵਸਤੂ ਹੈ ਜੀਉ = ਜੀ। ਤੂੰ ਹੀ ਸਚਾ ਸਾਹੁ = ਸ਼ਾਹੂਕਾਰ ਹੈਂ ਅਤੇ ਤੁਹਾਡੇ ਭਗਤੁ = ਸੇਵਕ ਵਣਜਾਰਾ = ਵਪਾਰੀ ਹਨ ਜੀਉ = ਜੀ।

## ਹਰਿ ਧਨੁ ਰਾਸਿ; ਸਚੁ ਵਾਪਾਰਾ ਜੀਉ ॥
## ਜਨ ਨਾਨਕ; ਸਦ ਬਲਿਹਾਰਾ ਜੀਉ ॥੪॥੩॥੧੬੮॥

ਹੇ ਪਿਆਰੇ ਜੀ! ਜਿਹੜਾ ਪੁਰਸ਼ ਸ਼ਰਧਾ ਰੂਪੀ ਰਾਸਿ = ਪੂੰਜੀ ਨਾਲ ਹਰਿ = ਹਰੀ ਦੇ ਨਾਮ ਰੂਪੀ ਧਨ = ਰੋਕੜੀ ਦੁਆਰਾ ਸਚੁ = ਸੱਚੇ ਨਾਮ ਦਾ ਵਾਪਾਰਾ = ਵਪਾਰ ਕਰਦਾ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈ ਜਨ = ਦਾਸ ਉਸ ਪੁਰਸ਼ ਤੋਂ ਸਦ = ਹਮੇਸ਼ਾਂ ਬਲਿਹਾਰਾ = ਕੁਰਬਾਨ ਜਾਂਦਾ ਹਾਂ ਜੀਉ = ਜੀ ॥੪॥੩॥੧੬੮॥

## ਰਾਗੁ ਗਉੜੀ, ਮਾਝ, ਮਹਲਾ ੫

ਰਾਗੁ ਗਉੜੀ ਮਾਝ ਦੀ ਦੂਜੇ ਪ੍ਰਕਾਰ ਦੀ ਜਾਤੀ ਵਿਚ ਪੰਜਵੇਂ ਪਾਤਿਸ਼ਾਹ ਇਹ ਪਾਵਨ ਸ਼ਬਦ ਉਚਾਰਨ ਕਰਦੇ ਹਨ :

## ੧ੴ ਸਤਿਗੁਰ ਪ੍ਰਸਾਦਿ ॥

੧ = ਅਦ੍ਵੈਤ ਸਰੂਪ ਪਰਮੇਸ਼ਰ ੴ = ਸਰਬ ਦਾ ਪ੍ਰਕਾਸ਼ਕ ਜੋ ਸਤਿਗੁਰ = ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਤੂੰ ਮੇਰਾ ਬਹੁ ਮਾਣੁ ਕਰਤੇ; ਤੂੰ ਮੇਰਾ ਬਹੁ ਮਾਣੁ ॥

ਹੇ ਕਰਤੇ = ਕਰਤਾ ਪੁਰਖ ! ਤੂੰ ਹੀ ਮੇਰਾ ਇਸ ਲੋਕ ਵਿਚ ਬਹੁ = ਬਹੁਤ ਵੱਡਾ ਮਾਣ ਹੈਂ **ਵਾ:** ਮੈਨੂੰ ਮਾਣੁ = ਸਤਿਕਾਰ ਦੇਣ ਵਾਲਾ ਹੈਂ ਅਤੇ ਤੂੰ ਹੀ ਮੇਰਾ ਪਰਲੋਕ ਵਿਚ ਬਹੁ = ਬਹੁਤ ਵੱਡਾ ਮਾਣ ਹੈਂ **ਵਾ:** ਮੈਨੂੰ ਮਾਣੁ = ਸਤਿਕਾਰ ਦਿਵਾਉਣ ਵਾਲਾ ਹੈਂ।

## ਜੋਰਿ ਤੁਮਾਰੈ ਸੁਖਿ ਵਸਾ; ਸਚੁ ਸਬਦੁ ਨੀਸਾਣੁ ॥੧॥ਰਹਾਉ॥

ਤੁਮਾਰੈ = ਤੁਹਾਡੇ ਬਿਬੇਕ ਰੂਪੀ ਜੋਰਿ = ਬਲ ਕਰਕੇ **ਵਾ:** ਸਿਮਰਨ ਰੂਪੀ ਜੋਰਿ = ਬਲ ਕਰਕੇ ਸੁਖਿ = ਸੁੱਖ ਸਰੂਪ ਵਿਚ ਵਸਾ = ਵੱਸਦੇ ਹਾਂ। ਹੇ ਸਚੁ = ਸੱਚ ਸਰੂਪ ਸਬਦੁ = ਬ੍ਰਹਮ! ਤੂੰ ਸਾਰੇ ਹੀ ਨੀਸਾਣੁ = ਪ੍ਰਗਟ ਹੈਂ **ਵਾ:** ਜਿਨ੍ਹਾਂ ਨੇ ਸੱਚੇ ਸ਼ਬਦਾਂ ਦਾ ਨੀਸਾਣੁ = ਲੇਖ ਲਿਖ ਲਿਆ ਹੈ, ਉਨ੍ਹਾਂ ਦੇ ਅੰਦਰ ਸਚੁ = ਸਤਯ ਸਰੂਪ ਸਬਦੁ = ਬ੍ਰਹਮ ਨੀਸਾਣੁ = ਪ੍ਰਗਟ ਹੋ ਗਿਆ ਹੈ ॥੧॥ਰਹਾਉ॥

## ਸਭੇ ਗਲਾ ਜਾਤੀਆ; ਸੁਣਿ ਕੈ ਚੁਪ ਕੀਆ ॥

ਇਸ ਜੀਵ ਨੇ ਲੜਾਈ, ਝਗੜੇ, ਲੁੱਟਣ, ਖੋਹਣ, ਚੁਗ਼ਲੀ, ਨਿੰਦਿਆ ਆਦਿ ਦੀਆਂ ਸਭੇ = ਸਾਰੀਆਂ ਗਲਾ = ਬਾਤਾਂ ਜਾਤੀਆ = ਜਾਣੀਆਂ ਹਨ, ਪਰ ਜੇਕਰ ਇਸ ਨੂੰ ਕਹੀਏ ਕਿ ਪਰਮੇਸ਼ਰ ਦਾ ਸਿਮਰਨ ਕਰਿਆ ਕਰ ਤਾਂ ਉਦੋਂ ਸੁਣਿ ਕੈ = ਸੁਣ ਕਰ ਕੇ ਚੁਪਿ = ਚੁੱਪ ਕੀਆ = ਕਰ ਜਾਂਦਾ ਹੈ, ਦੜ ਵੱਟ ਜਾਂਦਾ ਹੈ **ਅਥਵਾ** ਜੀਵ ਨੇ ਸਭੇ = ਸਾਰੀਆਂ ਹੀ ਚੰਗੀਆਂ, ਮੰਦੀਆਂ ਗਲਾ = ਬਾਤਾਂ ਜਾਤੀਆ = ਜਾਣੀਆਂ ਹਨ ਭਾਵ ਚੰਗੇ ਮੰਦੇ ਕਰਮਾਂ ਬਾਰੇ ਜਾਣਦਾ ਹੈ, ਪਰ ਫਿਰ ਵੀ ਵਿਸ਼ਿਆਂ ਵਿਚ ਸਤਯ ਬੁੱਧ ਦੇ ਬਲ ਕਰ ਕੇ ਵਿਸ਼ਿਆਂ ਵਿੱਚੋਂ ਪ੍ਰਾਪਤ ਹੋਣ ਵਾਲੇ ਦੁੱਖਾਂ ਨੂੰ ਸ਼ਾਸਤਰਾਂ ਦੁਆਰਾ ਸੁਣਿ = ਸੁਣ ਕਰ ਕੇ ਵੀ ਸ਼ੁਭ ਕਰਮ ਕਰਨ ਤੋਂ ਚੁਪਿ = ਚੁਪ ਕੀਆ = ਕਰ ਜਾਂਦਾ ਹੈ, ਭਾਵ ਫਿਰ ਵੀ ਵਿਸ਼ਿਆਂ ਨੂੰ ਭੋਗਦਾ ਹੈ।

## ਕਦ ਹੀ ਸੁਰਤਿ ਨ ਲਧੀਆ; ਮਾਇਆ ਮੋਹੜਿਆ ॥੧॥

ਇਹ ਜੀਵ ਮਾਇਆ ਵਿਚ ਅਜਿਹਾ ਮੋਹੜਿਆ = ਮੋਹਿਆ, ਫਸਿਆ ਹੋਇਆ ਹੈ ਕਿ ਇਸ ਨੂੰ ਕਦ ਹੀ = ਕਦੇ ਵੀ ਸੁਰਤਿ = ਗਿਆਤ ਨਾਲ ਪਰਮੇਸ਼ਰ ਨੂੰ ਲਾਧੀਆ = ਲੱਭਿਆ ਹੀ ਨ = ਨਹੀਂ **ਵਾ:** ਕਦੇ ਵੀ ਪਰਮੇਸ਼ਰ ਦੀ ਸੁਰਤਿ (ਸੁ+ਰਤਿ) ਸੁ = ਸ੍ਰੇਸ਼ਟ ਪ੍ਰੀਤੀ ਨੂੰ ਲਾਧੀਆ = ਲੱਭਦਾ ਨਹੀਂ **ਵਾ:** ਕਦੇ ਵੀ ਉਸ ਪਰਮੇਸ਼ਰ ਨੂੰ ਲਾਧੀਆ = ਪ੍ਰਾਪਤ ਕਰਨ ਵਾਲੀ ਸੁਰਤਿ = ਗਿਆਨ ਨੂੰ ਪਕੜਦਾ ਨਹੀਂ ॥੧॥

**[ਅੰਗ ੨੧੮]**

## ਦੇਇ ਬੁਝਾਰਤ ਸਾਰਤਾ; ਸੇ ਅਖੀ ਡਿਠੜਿਆ ॥

ਵੇਦ ਸ਼ਾਸਤਰ ਵੀ ਬੁਝਾਰਤ = ਕ੍ਰਿਯਾ ਬੋਧ ਗਿਆਨ ਕਰਾਉਣਾ ਸਮਝਾਉਣਾ ਦੇਇ = ਦਿੰਦੇ ਹਨ ਅਤੇ ਸੰਤ ਮਹਾਤਮਾ ਜਨ ਵੀ ਸਾਰਤਾ = ਇਸ਼ਾਰਾ ਕਰ ਰਹੇ ਹਨ ਕਿ ਜੀਵ ਵੇਖ! ਤੇਰੀ ਬਾਲਕ ਅਵਸਥਾ ਚਲੀ ਗਈ, ਜਵਾਨੀ ਢਲ ਗਈ, ਹੁਣ ਬੁਢੇਪਾ ਆ ਗਿਆ, ਇਉਂ ਇਕ ਦਿਨ ਮੌਤ ਨੇ ਵੀ ਆ ਜਾਣਾ ਹੈ ਅਰ ਸੇ = ਉਹ ਸਭ ਕੁਝ ਜੀਵ ਤੂੰ ਵੀ ਆਪਣੀਆਂ ਅਖੀ = ਅੱਖਾਂ ਨਾਲ ਡਿਠੜਿਆ = ਵੇਖ ਲਿਆ ਹੈ।

***ਨੋਟ :*** ਬੁਝਾਰਤ = ਜਿਹੜੀ ਗੱਲ ਨੂੰ ਭੇਦ ਰੱਖ ਕੇ ਦੱਸਿਆ ਜਾਵੇ, ਜੋ ਛੇਤੀ ਸਮਝ ਨਹੀਂ ਆਉਂਦੀ ਅਤੇ ਸਾਰਤਾ = ਇਸ਼ਾਰਾ, ਸੈਨਤ ਜੋ ਛੇਤੀ ਸਮਝ ਆ ਜਾਂਦਾ ਹੈ। ਇਉਂ ਸੰਤ ਜਨ ਅਤੇ ਗੁਰੂ ਸਾਹਿਬ ਇਸ਼ਾਰੇ ਕਰਦੇ ਹਨ ਤੇ ਵੇਦ ਸ਼ਾਸਤਰ ਬੁਝਾਰਤਾਂ ਪਾਉਂਦੇ ਹਨ।

## ਕੋਈ ਜਿ ਮੂਰਖੁ ਲੋਭੀਆ; ਮੂਲਿ ਨ ਸੁਣੀ ਕਹਿਆ ॥੨॥

ਅਰ ਜਿ = ਜਿਹੜਾ ਕੋਈ ਮੂਰਖੁ = ਬੇਸਮਝ ਅਤੇ ਪਦਾਰਥਾਂ ਨੂੰ ਇਕੱਤਰ ਕਰਨ ਦਾ ਲੋਭੀਆ = ਲੋਭੀ, ਲਾਲਚੀ ਹੋਵੇਗਾ, ਉਹ ਸੰਤਾਂ ਮਹਾਤਮਾ ਦੇ ਬਚਨ ਅਰ ਵੇਦਾਂ ਸ਼ਾਸਤਰਾਂ ਦੀਆਂ ਕਹਿਆ = ਆਖੀਆਂ ਹੋਈਆਂ ਬੁਝਾਰਤਾਂ ਨੂੰ ਮੂਲਿ = ਬਿਲਕੁਲ, ਮੁੱਢੋਂ ਸੁਣੀ = ਸੁਣਦਾ ਹੀ ਨ = ਨਹੀਂ ਹੈ ॥੨॥

## ਇਕਸੁ ਦੁਹੁ ਚਹੁ ਕਿਆ ਗਣੀ; ਸਭ ਇਕਤੁ ਸਾਦਿ ਮੁਠੀ ॥

(**ਇੱਕਤ** ਅਤੇ **ਮੁੱਠੀ** ਦਾ ਉਚਾਰਣ ਅੱਧਕ ਸਹਿਤ ਹੈ)

ਕਿਸੇ ਇਕਸੁ = ਇਕ ਦੁਹੁ = ਦੋ, ਚਹੁ = ਚਾਰਾਂ ਦੀ ਕਿਆ = ਕੀ ਗਣੀ = ਗਿਣਤੀ ਤੁਹਾਨੂੰ ਦੱਸੀਏ, ਸਭ = ਸਾਰੀ ਸ੍ਰਿਸ਼ਟੀ ਹੀ ਇਕਤੁ = ਇਕ ਮਾਇਆ ਦੇ ਵਿਸ਼ਿਆਂ ਦੇ ਸਾਦਿ = ਸੁਆਦ ਵਿਚ ਪੈ ਕੇ ਮੁਠੀ = ਲੁੱਟੀ ਜਾ ਰਹੀ ਹੈ।

## ਇਕੁ ਅਧੁ, ਨਾਇ ਰਸੀਅੜਾ; ਕਾ ਵਿਰਲੀ ਜਾਇ ਵੁਠੀ ॥੩॥

(**ਵੁੱਠੀ** ਦਾ ਉਚਾਰਣ ਅੱਧਕ ਸਹਿਤ ਹੈ)

ਹੇ ਭਾਈ! ਕੋਈ ਇਕੁ = ਇਕ ਅਧੁ = ਅੱਧਾ **ਵਾ:** ਇਕੁ ਅਧੁ = ਕੋਈ ਵਿਰਲਾ ਹੀ ਪਰਮੇਸ਼ਰ ਦੇ ਨਾਇ = ਨਾਮ ਦਾ ਰਸੀਅੜਾ = ਰਸ ਲੈਣ ਵਾਲਾ ਰਸੀਆ ਹੈ (ਇਕ ਬ੍ਰਹਮ ਗਿਆਨੀ ਅਤੇ ਅੱਧਾ ਜਗਿਆਸੂ ਹੈ) ਕਾ = ਕੋਈ ਕੋਈ ਵਿਰਲੀ ਹੀ ਜਾਇ = ਜਗ੍ਹਾ ਵੁਠੀ = ਵੱਸੀ ਹੋਈ ਹੈ, ਨਹੀਂ ਤਾਂ ਸਾਰੇ ਹੀ ਲੋਕ ਪਸਾਰੇ ਵਿਚ ਹੀ ਫਸੇ ਪਏ ਹਨ ॥੩॥

**ਸਾਖੀ—ਸੰਤ ਬਾਬਾ ਬਿਸ਼ਨ ਸਿੰਘ ਜੀ (ਮੁਰਾਲੇ ਵਾਲੇ) :** ਸੰਪ੍ਰਦਾ ਦਮਦਮੀ ਟਕਸਾਲ ਦੇ ਦਸਵੇਂ ਮੁਖੀ ਬ੍ਰਹਮਗਿਆਨੀ ਸੰਤ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ ਜੋ ਗੁਰਮਤਿ ਮਰਯਾਦਾ ਦੇ ਪੂਰਨ ਧਾਰਨੀ ਅਤੇ ਵਿਦਿਆ ਵਿਚ ਨਿਪੁੰਨ ਸਨ। ਇਕ ਦਿਨ ਮਹਾਪੁਰਖਾਂ ਨੇ ਧਿਆਨ ਵਿਚ ਲੀਨ ਹੋ ਕੇ ਬਚਨ ਬਿਲਾਸ ਕੀਤੇ ਕਿ ਹੇ ਭਾਈ! ਸਰਗੁਣ ਅਵਸਥਾ ਵਿਚ ਤਾਂ ਬਹੁਤ ਹੀ ਭੀੜ ਭੜੱਕਾ ਹੈ, ਜਿਵੇਂ ਸਰਗੁਣ ਸਰੂਪ ਵਿਚ ਕੋਈ ਕ੍ਰਿਸ਼ਨ ਦਾ ਉਪਾਸ਼ਕ, ਕੋਈ ਵਿਸ਼ਨੂੰ ਦਾ ਉਪਾਸ਼ਕ, ਕੋਈ ਸ਼ਿਵ ਜੀ ਕੋਈ ਬ੍ਰਹਮੇ ਆਦਿ ਦੇ ਉਪਾਸ਼ਕ ਹੈ, ਇਸ ਤਰ੍ਹਾਂ ਸਰਗੁਣ ਸਰੂਪ ਵਿਚ ਬਹੁਤ ਭੀੜ ਦੇਖੀਦੀ ਹੈ, ਪਰ ਨਿਰਾਕਾਰ ਸਰੂਪ ਵਿਚ ਕੋਈ ਕੋਈ ਵਿਰਲੀ ਜਗ੍ਹਾ ਜਾ ਕੇ ਵੱਸੀ ਹੈ। ਭਾਵ ਨਿਰਗੁਣ ਸਰੂਪ ਵਿਚ ਕੋਈ ਵਿਰਲਾ ਮਨੁੱਖ ਹੀ ਲੀਨ ਹੁੰਦਾ ਹੈ, ਨਹੀਂ ਤਾਂ ਸਾਰੇ ਸਰਗੁਣ ਦੀ ਉਪਾਸ਼ਨਾ ਵਿਚ ਹੀ ਲੱਗੇ ਰਹਿੰਦੇ ਹਨ। ਹੇ ਭਾਈ! ਗੁਰਮਤਿ ਵਿਚ ਨਿਰਗੁਣ ਤੇ ਸਰਗੁਣ ਦੀ ਏਕਤਾ ਹੈ, ਗੁਰਮਤਿ ਵਿਚ ਤਾਂ ਨਾਮ ਦਾ ਹੀ ਪੂਜਨ ਹੈ। ਨਾਮ ਕਰਕੇ ਹੀ ਸਰਗੁਣ ਦੀ ਪ੍ਰਾਪਤੀ ਹੁੰਦੀ ਹੈ, ਨਾਮ ਕਰਕੇ ਹੀ ਨਿਰਗੁਣ ਦੀ ਸਾਖਿਆਤਤਾ ਰੂਪ ਪ੍ਰਾਪਤੀ ਹੁੰਦੀ ਹੈ। ਜਿਸ ਵੇਲੇ ਨਾਮ ਦੇ ਵਾਚ ਅਰਥ ਵਿਚ ਬਿਰਤੀ ਟਿਕਦੀ ਹੈ, ਤਾਂ ਉਦੋਂ ਸਰਗੁਣ ਸਰੂਪ ਪ੍ਰਗਟ ਹੋ ਜਾਂਦਾ ਹੈ। ਜਦੋਂ ਲਖ ਅਰਥ ਵਿਚ ਬਿਰਤੀ ਟਿਕਦੀ ਹੈ, ਉਦੋਂ ਨਿਰਗੁਣ ਪ੍ਰਗਟ ਹੋ ਜਾਂਦਾ ਹੈ। ਇਉਂ ਗੁਰੂ ਜੀ ਕਹਿੰਦੇ ਹਨ ਕਿ ਕੋਈ ਵਿਰਲੀ ਹੀ ਜਗ੍ਹਾ ਜਾ ਕੇ ਵਸਦੀ ਹੈ, ਨਹੀਂ ਤਾਂ ਸੰਸਾਰ ਵਿਚ ਉਜਾੜ ਹੀ ਹੈ।

## ਭਗਤ ਸਚੇ ਦਰਿ ਸੋਹਦੇ; ਅਨਦ ਕਰਹਿ ਦਿਨ ਰਾਤਿ ॥

ਜਿਹੜੇ ਪਰਮੇਸ਼ਰ ਦੇ ਸਚੇ = ਸਤਯ ਭਗਤ = ਦਾਸ ਹਨ, ਉਹ ਦਰਿ = ਦਰਗਾਹ ਵਿਚ, ਸਚਖੰਡ ਵਿਚ ਸੋਹਦੇ = ਸੋਭਾ ਪਾਉਂਦੇ ਹਨ, ਸ਼ੋਭਨੀਕ ਹੁੰਦੇ ਹਨ ਅਤੇ ਦਿਨ ਰਾਤਿ = ਰਾਤ ਦਿਨ ਭਾਵ ਅੱਠੇ ਪਹਿਰ ਅਨਦ = ਅਨੰਦ ਨੂੰ ਮਾਨਣਾ ਕਰਹਿ = ਕਰਦੇ ਹਨ।

## ਰੰਗਿ ਰਤੇ ਪਰਮੇਸਰੈ; ਜਨ ਨਾਨਕ ਤਿਨ ਬਲਿ ਜਾਤ ॥੪॥੧॥੧੬੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਗੁਰਮੁਖ ਜਨ, ਭਗਤ ਜਨ ਪਰਮੇਸਰੈ = ਪਰਮੇਸ਼ਰ ਦੇ ਰੰਗਿ = ਪ੍ਰੇਮ ਵਿਚ ਰਤੇ = ਤਦਾਕਾਰ ਹੋਏ ਹਨ। ਅਸੀਂ ਜਨ ਤਿਨ = ਉਨ੍ਹਾਂ ਤੋਂ ਬਲਿ = ਕੁਰਬਾਨ, ਬਲਿਹਾਰ ਜਾਤ = ਜਾਂਦੇ ਹਾਂ ॥੪॥੧॥੧੬੯॥

# ਗਉੜੀ ਮਹਲਾ ੫, ਮਾਂਝ ॥

**ਉਥਾਨਕਾ :** ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸੰਤੋਖਸਰ ਸਾਹਿਬ ਦੀ ਸੇਵਾ ਕਰਵਾ ਰਹੇ ਸਨ। ਉਸ ਵਕਤ ਪੱਟੀ ਦਾ ਰਾਜਾ ਜਿਸ ਦਾ ਨਾਉਂ ਦੁਨੀਚੰਦ ਸੀ, ਜੋ ਮੁਸਲਮਾਨਾਂ ਦੇ ਅਧੀਨ ਹੋ ਕੇ ਪੱਟੀ ਦਾ ਰਾਜ ਕਰਦਾ ਸੀ। ਇਸ ਦੀਆਂ ਸੱਤ ਲੜਕੀਆਂ ਸਨ, ਜਿਨ੍ਹਾਂ ਵਿੱਚੋਂ ਛੇ ਲੜਕੀਆਂ ਵਿਆਹੀਆਂ ਹੋਈਆਂ ਸਨ। ਇਕ ਦਿਨ ਇਹ ਆਪਸ ਵਿਚ ਗੱਲਾਂ ਕਰਦੀਆਂ ਸਨ ਕਿ ਮੈਨੂੰ ਮੇਰੇ ਪਿਤਾ ਨੇ ਇਤਨਾ ਧਨ ਦਿੱਤਾ ਹੈ, ਮੈਨੂੰ ਇਤਨਾ ਦਿੱਤਾ ਹੈ ਅਸੀਂ ਤਾਂ ਪਿਉ ਦੇ ਆਸਰੇ ਹੀ ਪਲ ਗਈਆਂ ਹਾਂ।

ਪਰ ਸੱਤਵੀਂ ਸਭ ਤੋਂ ਛੋਟੀ ਰਾਜ ਕੌਰ (ਬੀਬੀ ਰਜਨੀ) ਜੋ ਅਜੇ ਵਿਆਹੀ ਨਹੀਂ ਸੀ, ਉਹ ਸਤਸੰਗੀ ਸੀ। ਉਸ ਨੇ ਕਿਹਾ ਕਿ ਨਹੀਂ ਸਭ ਪਰਮੇਸ਼ਰ ਦੇ ਆਸਰੇ ਹੀ ਪਲ ਰਹੇ ਹਨ। ਅਸੀਂ ਉਸੇ ਦਾ ਦਿੱਤਾ ਹੋਇਆ ਖਾਂਦੇ ਹਾਂ। ਲੜਕੀਆਂ ਲੜ ਪਈਆਂ ਤੇ ਆਪਣੇ ਅਗਿਆਨੀ ਪਿਤਾ ਦੇ ਕੋਲ ਆਣ ਕੇ ਕਿਹਾ ਕਿ ਪਿਤਾ ਜੀ ! ਅਸੀਂ ਤੇਰਾ ਦਿੱਤਾ ਖਾਂਦੀਆਂ ਹਾਂ ਪਰ ਰਜਨੀ ਕਹਿੰਦੀ ਹੈ ਕਿ ਰੱਬ ਦਾ ਦਿੱਤਾ ਖਾਂਦੀਆਂ ਹਾਂ। ਦੁਨੀਚੰਦ ਨੇ ਆਪਣੀ ਛੋਟੀ ਪੁੱਤਰੀ ਨੂੰ ਪੁੱਛਿਆ ਕਿ ਬੇਟੀ ਦੱਸ ਤੂੰ ਕਿਸ ਦਾ ਦਿੱਤਾ ਖਾਂਦੀ ਹੈਂ ਤਾਂ ਉਸ ਨੇ ਕਿਹਾ ਕਿ ਪਿਤਾ ਜੀ ! ਸਾਨੂੰ ਸਭ ਨੂੰ ਪਰਮੇਸ਼ਰ ਹੀ ਦਿੰਦਾ ਹੈ, ਹੋਰ ਕੋਈ ਮਨੁੱਖ ਕਿਸੇ ਦੀ ਰੋਜ਼ੀ ਦਾ ਆਸਰਾ ਨਹੀਂ ਹੈ। ਇਹ ਸੁਣ ਕੇ ਦੁਨੀਚੰਦ ਬਹੁਤ ਗ਼ੁੱਸੇ ਵਿਚ ਆਇਆ, ਉਸੇ ਵੇਲੇ ਇਸ ਦੇ ਦਰਵਾਜ਼ੇ ਅੱਗੋਂ ਇਕ ਪਿੰਗਲਾ ਤੇ ਕੋਹੜੀ ਪੁਰਸ਼ ਰਿੜਦਾ ਜਾਂਦਾ ਸੀ। ਇਸ ਨੇ ਕਿਹਾ ਕਿ ਮੈਂ ਤੇਰਾ ਉਸ ਪਿੰਗਲੇ ਨਾਲ ਵਿਆਹ ਕਰ ਦਿੰਦਾ ਹਾਂ ਫਿਰ ਵੇਖਦਾ ਹਾਂ ਕਿ ਤੈਨੂੰ ਰੱਬ ਦਿੰਦਾ ਹੈ। ਰਜਨੀ ਨੇ ਆਪਣੇ ਪਿਤਾ ਜੀ ਨੂੰ ਸਤ ਬਚਨ ਕਹਿ ਕੇ ਉਸ ਕੋਹੜੀ ਪਿੰਗਲੇ ਨੂੰ ਆਪਣਾ ਪਤੀ ਮੰਨ ਲਿਆ। ਮਾਂ ਨੇ ਬਥੇਰਾ ਰੋਕਿਆ ਪਰ ਰਜਨੀ ਨਾ ਰੁਕੀ ਤੇ ਪਿਓ ਨੇ ਨਰਾਜ਼ ਹੋ ਕੇ ਤੋਰ ਦਿੱਤੀ ਤੇ ਕਹਿੰਦਾ ਕਿ ਮੇਰੇ ਇਲਾਕੇ ਵਿੱਚੋਂ ਭੀਖ ਵੀ ਨਹੀਂ ਮੰਗਣੀ। ਇਹ ਪੱਟੀ ਵਿੱਚੋਂ ਨਿਕਲ ਕੇ ਹੌਲੀ ਹੌਲੀ ਤੁਰਦੀ-ਤੁਰਦੀ ਅੰਮ੍ਰਿਤਸਰ ਸਾਹਿਬ ਆ ਗਈ (ਉਦੋਂ ਅਜੇ ਅੰਮ੍ਰਿਤਸਰ ਸ਼ਹਿਰ ਗੁਰੂ ਸਾਹਿਬ ਜੀ ਨੇ ਨਵਾਂ ਨਵਾਂ ਹੀ ਵਸਾਇਆ ਸੀ, ਜੋ ਤਾਲ ਗੁਰੂ ਰਾਮਦਾਸ ਜੀ ਨੇ ਖੁਦਵਾਇਆ ਸੀ, ਉਹ ਪਾਣੀ ਪੈ ਕੇ ਭਰ ਚੁੱਕਾ ਸੀ) ਉਥੇ ਇਕ ਬੇਰੀ (ਦੁਖਭੰਜਨੀ ਬੇਰੀ) ਦੇ ਹੇਠਾਂ ਆਪਣੇ ਪਿੰਗਲੇ ਪਤੀ ਨੂੰ ਬਿਠਾ ਕੇ ਆਪ ਪਾਸ ਹੀ ਤੁੰਗ ਪਿੰਡ ਵਿੱਚੋਂ ਭਿੱਖਿਆ ਮੰਗਣ ਵਾਸਤੇ ਗਈ। (ਪਹਿਲੇ ਦਿਨ ਤਾਂ ਪ੍ਰਸ਼ਾਦਾ ਲੰਗਰ ਵਿੱਚੋਂ ਹੀ ਛਕ ਲਿਆ ਸੀ, ਦੂਸਰੇ ਦਿਨ ਮੰਗਣ ਵਾਸਤੇ ਗਈ ਸੀ) ਪਿੰਗਲਾ ਬੇਰੀ ਹੇਠਾਂ ਬੈਠਾ ਸੀ। ਉਸ ਦੇ ਵੇਖਦਿਆਂ ਹੀ ਬੇਰੀ ਦੇ ਉਪਰੋਂ ਇਕ ਕਾਂ ਹੇਠਾਂ ਉਤਰਿਆ ਤੇ ਪਾਣੀ ਪੀਣ ਲੱਗੇ ਨੇ ਪਾਣੀ ਵਿੱਚੋਂ ਚੁੰਝ ਭਰਨ ਤੋਂ ਉਸ ਦੇ ਪੁੰਨ ਕਰਮ ਜਾਗੇ ਤੇ ਇਸ਼ਨਾਨ ਕਰਨ ਲੱਗ ਪਿਆ, ਇਸ਼ਨਾਨ ਕਰਨ ਤੋਂ ਹੰਸ ਬਣ ਗਿਆ। (ਜਿਵੇਂ ਸਤਿਗੁਰਾਂ ਦੇ ਬਚਨ ਵੀ ਆਉਂਦੇ ਹਨ):

**ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥** *(ਅੰਗ ੪੯੩)*

ਇਹ ਵੇਖ ਕਰ ਕੇ ਉਹ ਕੋਹੜੀ ਪਿੰਗਲਾ ਵੀ ਖਾਰੀ ਤੋਂ ਰਿੜ੍ਹ ਕੇ ਉਸ ਜਲ ਵਿਚ ਇਸ਼ਨਾਨ ਕਰਨ ਲਈ ਉਤਰਿਆ, ਬੇਰੀ ਜੜ੍ਹ ਨੂੰ ਹੱਥ ਵਿਚ ਫੜ ਕੇ ਜਲ ਵਿਚ ਇਸ਼ਨਾਨ ਕੀਤਾ, ਜਿਸ ਨਾਲ ਇਸ ਦਾ ਪਿੰਗਲਾਪਣ ਵੀ ਤੇ ਕੋਹੜ ਵੀ ਸਾਰਾ ਦੂਰ ਹੋ ਗਿਆ ਤੇ ਸੋਨੇ ਵਰਗਾ ਰੰਗ ਨਿਕਲ ਆਇਆ। ਉਧਰੋਂ ਬੀਬੀ ਰਜਨੀ ਆ ਗਈ ਤਾਂ ਇਸ ਨੂੰ ਦੇਖ ਕੇ ਕਹਿਣ ਲੱਗੀ ਕਿ ਤੂੰ ਮੇਰੇ ਰੂਪ 'ਤੇ ਬੇਈਮਾਨ ਹੋ ਕੇ ਮੇਰੇ ਪਤੀ ਨੂੰ ਮਾਰ ਦਿੱਤਾ ਹੈ ਪਰ ਮੈਂ ਤੇਰੇ ਨਹੀਂ ਵੱਸਾਂਗੀ, ਆਪਣਾ ਘਾਤ ਕਰ ਲਵਾਂਗੀ। ਦੱਸ ਉਹ ਕਿਥੇ ਹੈ। ਇਹ ਸੁਣ ਕੇ ਉਹ ਕਹਿਣ ਲੱਗਾ ਕਿ ਭਾਗਾਂ ਵਾਲੀਏ ਤੇਰੇ ਸਤ ਨੂੰ ਭਾਗ ਲੱਗੇ ਹਨ, ਮੈਂ ਹੀ ਤੇਰਾ ਪਤੀ ਹਾਂ, ਉਹ ਨਾ ਮੰਨੀ। ਉਥੇ ਪਾਸ ਸਿੱਖ ਸੰਗਤਾਂ ਨੇ ਕਿਹਾ ਕਿ ਚੱਲੋ ਅਸੀਂ ਅੰਤਰਯਾਮੀ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਦੇ ਪਾਸ ਜਾ ਕੇ ਬੇਨਤੀ ਕਰਦੇ ਹਾਂ, ਉਹ ਗੁਰੂ ਜੀ ਹੀ ਦੱਸਣਗੇ ਕਿ ਇਹ ਤੇਰਾ ਪਤੀ ਹੈ ਜਾਂ

ਨਹੀਂ। ਇਸ ਤਰ੍ਹਾਂ ਹੋਰ ਲੋਕ ਵੀ ਇਕੱਠੇ ਹੋ ਕੇ ਗੁਰੂ ਸਾਹਿਬ ਜੀ ਦੇ ਪਾਸ ਸੰਤੋਖਸਰ ਸਾਹਿਬ ਵਾਲੇ ਅਸਥਾਨ ਉਪਰ ਆਏ ਤਾਂ ਸਾਰੀ ਵਾਰਤਾ ਗੁਰੂ ਜੀ ਨੂੰ ਦੱਸੀ। ਅੰਤਰਯਾਮੀ ਸਤਿਗੁਰੂ ਸਭ ਕੁਝ ਜਾਣਦੇ ਹੋਏ ਦੁਖਭੰਜਨੀ ਬੇਰੀ ਸਾਹਿਬ ਦੇ ਅਸਥਾਨ ਨੂੰ ਪ੍ਰਗਟ ਕਰਨ ਲਈ ਫਿਰ ਵੀ ਕਹਿਣ ਲੱਗੇ ਕਿ ਉਹ ਅਸਥਾਨ ਦੇ ਦਰਸ਼ਨ ਕਰਾਉ। ਉਥੇ ਪਹੁੰਚ ਕੇ ਸਤਿਗੁਰਾਂ ਨੇ ਉਸ ਕੋਹੜੀ ਨੂੰ ਕਿਹਾ ਕਿ ਜਿਹੜਾ ਤੇਰਾ ਇਕ ਹੱਥ ਜਲ ਵਿੱਚੋਂ ਬਾਹਰ ਸੀ, ਉਸ ਹੱਥ ਦਾ ਇਸ਼ਨਾਨ ਇਸ ਜਲ ਵਿਚ ਕਰਾਓ। ਉਸ ਨੇ ਇਸ ਤਰ੍ਹਾਂ ਹੀ ਕੀਤਾ। ਜਦੋਂ ਆਪਣਾ ਕੋਹੜ ਵਾਲਾ ਹੱਥ ਜਲ ਵਿਚ ਪਾਇਆ ਤਾਂ ਉਸੇ ਛਿਨ ਹੀ ਉਸ ਦਾ ਕੋਹੜ ਠੀਕ ਹੋ ਗਿਆ ਤੇ ਬਿਲਕੁਲ ਹੀ ਤੰਦਰੁਸਤ ਹੋ ਗਿਆ। ਗੁਰੂ ਜੀ ਨੇ ਕਿਹਾ ਕਿ ਬੀਬੀ ਇਹੋ ਹੀ ਤੇਰਾ ਪਤੀ ਹੈ।

ਅਰ ਰਾਜੇ ਦੁਨੀਚੰਦ ਨੂੰ ਬੁਲਾ ਕੇ ਕਿਹਾ ਕਿ ਤੇਰੇ ਘਰ ਕੋਈ ਪੁੱਤਰ ਨਹੀਂ ਹੈ, ਇਸ ਲੜਕੀ ਨੂੰ ਰਾਜ ਭਾਗ ਦੇ ਦੇ। ਮਹਾਰਾਜ ਨੇ ਉਸ ਦੇ ਜਵਾਈ ਨੂੰ ਰਾਜ ਭਾਗ ਦਾ ਮਾਲਕ ਬਣਾ ਦਿੱਤਾ। ਸੋ ਜਦੋਂ ਕੋਹੜੀ ਰਾਜ਼ੀ ਹੋ ਗਿਆ ਤਾਂ ਉਸ ਅਸਥਾਨ ਦਾ ਨਾਮ ਦੁਖਭੰਜਨੀ ਬੇਰੀ ਪ੍ਰਚੱਲਤ ਹੋ ਗਿਆ। ਉਸ ਸਮੇਂ ਹੀ ਸਤਿਗੁਰੂ ਜੀ ਨੇ ਇਹ ਪਾਵਨ ਸ਼ਬਦ ਉਚਾਰਨ ਕੀਤਾ :

## ਦੁਖ ਭੰਜਨੁ, ਤੇਰਾ ਨਾਮੁ ਜੀ; ਦੁਖ ਭੰਜਨੁ ਤੇਰਾ ਨਾਮੁ ॥

ਹੇ ਪਰਮੇਸ਼ਰ ਜੀ = ਜੀਉ ! ਤੇਰਾ = ਤੁਹਾਡਾ ਨਾਮ ਹੀ ਇਸ ਲੋਕ ਦੇ ਦੁਖ = ਕਸ਼ਟ, ਰੋਗਾਂ ਨੂੰ ਭੰਜਨੁ = ਭੰਨਣ, ਨਾਸ ਕਰਨ ਵਾਲਾ ਹੈ ਤੇਰਾ = ਤੁਹਾਡਾ ਨਾਮ ਹੀ ਪਰਲੋਕ ਦੇ ਦੁਖ = ਕਸ਼ਟਾਂ ਨੂੰ ਭੰਜਨ = ਨਾਸ ਕਰਨ ਵਾਲਾ ਹੈ **ਅਥਵਾ** ਪਿੱਛੇ ਵੀ ਤੇਰਾ ਨਾਮ ਹੀ ਦੁੱਖਾਂ ਨੂੰ ਨਾਸ ਕਰਦਾ ਸੀ। ਹੁਣ ਵੀ ਜਨਮ ਮਰਣ ਰੂਪੀ ਦੁੱਖਾਂ ਨੂੰ ਭੰਜਨ = ਭੰਨਣ ਵਾਲਾ ਤੇਰਾ ਨਾਮ ਹੀ ਹੈ, ਨਵਿਰਤ ਕਰਨ ਵਾਲਾ ਹੈ।

## ਆਠ ਪਹਰ ਆਰਾਧੀਐ; ਪੂਰਨ ਸਤਿਗੁਰ ਗਿਆਨੁ ॥੧॥ਰਹਾਉ॥

ਹੇ ਭਾਈ ! ਆਠ ਪਹਰ = ਅੱਠੇ ਪਹਿਰ ਭਾਵ ਸ੍ਵਾਸ ਸ੍ਵਾਸ ਉਸ ਪਰਮੇਸ਼ਰ ਦੇ ਨਾਮ ਨੂੰ ਆਰਾਧੀਐ = ਅਰਾਧਣਾ ਕਰੀਏ। ਪੂਰਨ = ਪੂਰੇ ਸਤਿਗੁਰ = ਗੁਰੂ ਸਾਹਿਬ ਜੀ ਦੁਆਰਾ ਹੀ ਗਿਆਨੁ = ਬੋਧ ਪ੍ਰਾਪਤ ਹੁੰਦਾ ਹੈ **ਅਥਵਾ** ਜਿਹੜਾ ਅੱਠੇ ਪਹਿਰ ਆਰਾਧੀਐ = ਸਿਮਰਨ ਕਰਨਾ ਹੈ, ਇਹੋ ਹੀ ਪੂਰਨ = ਪੂਰੇ ਸਤਿਗੁਰ = ਗੁਰੂ ਸਾਹਿਬ ਤੋਂ ਗਿਆਨ ਪ੍ਰਾਪਤ ਕਰਨਾ ਹੈ ॥੧॥ਰਹਾਉ॥

## ਜਿਤੁ ਘਟਿ ਵਸੈ ਪਾਰਬ੍ਰਹਮੁ; ਸੋਈ ਸੁਹਾਵਾ ਥਾਉ ॥

ਜਿਤੁ = ਜਿਸ ਘਟਿ = ਹਿਰਦੇ ਵਿਚ ਪਾਰਬ੍ਰਹਮੁ = ਪਰਮੇਸ਼ਰ ਵਸੈ = ਵੱਸ ਜਾਂਦਾ ਹੈ, ਸੋਈ = ਉਹੀ ਹਿਰਦੇ ਰੂਪੀ ਥਾਉ = ਥਾਂ ਸੁਹਾਵਾ = ਸ਼ੋਭਨੀਕ ਹੋ ਜਾਂਦਾ ਹੈ।

## ਜਮ ਕੰਕਰੁ ਨੇੜਿ ਨ ਆਵਈ; ਰਸਨਾ ਹਰਿ ਗੁਣ ਗਾਉ ॥੧॥

ਉਨ੍ਹਾਂ ਦੇ ਜਮ ਕੰਕਰੁ = ਜਮਾਂ ਦੇ ਦੂਤ ਨੇੜਿ = ਨਜ਼ਦੀਕ ਨ = ਨਹੀਂ ਆਵਈ = ਆ ਸਕਣਗੇ, ਜਿਹੜੇ ਰਸਨਾ = ਜੀਭਾ ਦੁਆਰਾ ਹਰਿ = ਪਰਮੇਸ਼ਰ ਦੇ ਗੁਣ = ਸਿਫ਼ਤਾਂ ਤਾਈਂ ਗਾਉ = ਗਾਉਣਗੇ **ਅਥਵਾ** ਹੇ ਹਰਿ = ਹਰੀ ਜਿਹੜੇ ਰਸਨਾ ਦੁਆਰਾ ਆਪ ਜੀ ਦੇ ਗੁਣ ਗਾਉਂਦੇ ਹਨ, ਉਨ੍ਹਾਂ ਦੇ ਜਮ ਕੰਕਰੁ = ਜਮਦੂਤ ਨੇੜਿ = ਕੋਲ ਵੀ ਨਹੀਂ ਆਵਈ = ਆ ਸਕਦੇ ॥੧॥

## ਸੇਵਾ ਸੁਰਤਿ ਨ ਜਾਣੀਆ; ਨਾ ਜਾਪੈ ਆਰਾਧਿ ॥

ਹੇ ਮਹਾਰਾਜ ! ਅਸੀਂ ਸਰੀਰ ਕਰ ਕੇ ਆਪ ਜੀ ਦੀ ਸੇਵਾ = ਟਹਿਲ ਦੀ ਸੁਰਤਿ = ਸ੍ਰੇਸ਼ਟ ਪ੍ਰੀਤੀ ਨ = ਨਹੀਂ ਜਾਣੀਆ = ਜਾਣੀ ਅਤੇ ਨਾ ਹੀ ਤੈਨੂੰ ਆਰਾਧਿ = ਅਰਾਧਨਾ ਜਾਪੈ = ਜਾਣਦੇ ਹਾਂ।

## ਓਟਿ ਤੇਰੀ ਜਗਜੀਵਨਾ; ਮੇਰੇ ਠਾਕੁਰ ਅਗਮ ਅਗਾਧਿ ॥੨॥

ਹੇ ਜਗਜੀਵਨਾ = ਜਗਤ ਦੇ ਜੀਵਨ ਰੂਪ ਪਰਮੇਸ਼ਰ ! ਅਸੀਂ ਤਾਂ ਇਕ ਤੇਰੀ = ਤੁਹਾਡੀ ਓਟ = ਟੇਕ ਲਈ ਹੈ। ਹੇ ਮੇਰੇ ਠਾਕੁਰ = ਸੁਆਮੀ ਆਪ ਮਨ ਕਰ ਕੇ ਅਗਮ = ਗੰਮਤਾ ਤੋਂ ਰਹਿਤ ਹੋ ਅਤੇ ਅਗਾਧਿ = ਡੂੰਘੇ ਹੋ। ਬੁੱਧੀ ਦੀਆਂ ਚਤੁਰਾਈਆਂ ਦੁਆਰਾ ਵੀ ਆਪ ਦਾ ਅੰਤ ਨਹੀਂ ਪਾਇਆ ਜਾ ਸਕਦਾ॥੨॥

## ਭਏ ਕ੍ਰਿਪਾਲ ਗੁਸਾਈਆ; ਨਠੇ ਸੋਗ ਸੰਤਾਪ ॥

ਜਿਨ੍ਹਾਂ ਉਪਰ ਗੁਸਾਈਆ = ਪਰਮੇਸ਼ਰ ਆਪ ਕ੍ਰਿਪਾਲ = ਕਿਰਪਾਲੂ ਭਏ = ਹੋਏ ਹੋ, ਉਨ੍ਹਾਂ ਦੇ ਵਿਛੋੜੇ ਆਦਿ ਦੇ ਸੋਗ = ਚਿੰਤਾ, ਫ਼ਿਕਰ ਅਤੇ ਜੰਮਣ ਮਰਣ ਦੇ ਸੰਤਾਪ = ਦੁਖ **ਵਾ:** ਸੰਤਾਪ = ਆਧੀ-ਬਿਆਧੀ-ਉਪਾਧੀ ਆਦਿ ਤਾਪ ਸਭ ਨਠੇ = ਨੱਸ ਗਏ ਹਨ, ਨਵਿਰਤ ਹੋ ਗਏ ਹਨ।

## ਤਤੀ ਵਾਉ ਨ ਲਗਈ; ਸਤਿਗੁਰਿ ਰਖੇ ਆਪਿ ॥੩॥

ਹੇ ਸਤਿਗੁਰਿ = ਗੁਰੂ ਸਾਹਿਬ ਜੀ ਜਿਨ੍ਹਾਂ ਨੂੰ ਤੁਸੀਂ ਆਪ ਕਿਰਪਾ ਕਰਕੇ ਰਖੇ = ਰੱਖਦੇ ਹੋ। ਉਨ੍ਹਾਂ ਨੂੰ ਮਾਤਾ ਦੇ ਗਰਭ ਰੂਪੀ ਤਤੀ = ਗਰਮ ਵਾਉ = ਹਵਾ ਨ = ਨਹੀਂ ਲਗਈ = ਲੱਗਦੀ **ਵਾ:** ਈਰਖਾ ਰੂਪੀ ਨਰਕ ਰੂਪੀ ਜਮਾਂ ਦੀ, ਤੱਤੀ ਵਾਉ = ਲੋਅ ਨਹੀਂ ਲੱਗਦੀ **ਵਾ:** ਪ੍ਰਤੱਖ ਵੀ ਤੱਤੀ ਲੋਅ ਨਹੀਂ ਲੱਗਦੀ॥੩॥

## ਗੁਰੁ ਨਾਰਾਇਣੁ ਦਯੁ ਗੁਰੁ; ਗੁਰੁ ਸਚਾ ਸਿਰਜਣਹਾਰੁ ॥

(**ਦਯੁ** ਦਾ ਉਚਾਰਣ '**ਦਈਉ**' ਹੈ)

ਗੁਰੁ = ਸਤਿਗੁਰੂ ਸਾਹਿਬ ਜੀ ਹੀ ਨਾਰਾਇਣੁ = ਪਰਮੇਸ਼ਰ ਸਰੂਪ ਹਨ **ਵਾ:** ਗੁਰੂ ਸਾਹਿਬ ਵਿਚ ਅਵਿਦਿਆ ਰੂਪੀ (ਨਾ+ਰਾਇਣੁ) ਰਾਇਣੁ = ਰਾਤ ਨਾ = ਨਹੀਂ ਹੈ। ਗੁਰੂ = ਸਤਿਗੁਰੂ ਸਾਹਿਬ ਜੀ ਹੀ ਸਭਨਾਂ ਦੇ ਦਯੁ = ਪ੍ਰੇਰਕ ਹਨ **ਵਾ:** ਸਭਨਾਂ ਤੇ ਦਯੁ = ਦਿਆਲੂ ਹਨ ਸੱਚੇ ਗੁਰੁ = ਸਤਿਗੁਰੂ ਸਾਹਿਬ ਜੀ ਹੀ ਜਗਤ ਨੂੰ ਸਿਰਜਣਹਾਰੁ = ਸਿਰਜਣ ਵਾਲੇ ਹਨ, ਰਚਨ ਵਾਲੇ ਹਨ **ਵਾ:** ਸਚਾ ਗਿਆਨ ਰਚਣ ਵਾਲੇ ਹਨ।

## ਗੁਰਿ ਤੁਠੈ ਸਭ ਕਿਛੁ ਪਾਇਆ; ਜਨ ਨਾਨਕ ਸਦ ਬਲਿਹਾਰ ॥੪॥੨॥੧੭੦॥

ਗੁਰਿ = ਸਤਿਗੁਰੂ ਸਾਹਿਬ ਜੀ ਦੀ ਤੁਠੈ = ਪ੍ਰਸੰਨਤਾ ਕਰ ਕੇ ਹੀ ਧਰਮ, ਅਰਥ, ਕਾਮ, ਮੋਖ ਆਦਿ ਸਭ = ਸਾਰਾ, ਕਿਛੁ = ਕੁਝ ਪਾਇਆ = ਪਾਉਣਾ ਕੀਤਾ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਜਨ ਐਸੇ ਸਤਿਗੁਰਾਂ ਤੋਂ ਸਦ = ਹਮੇਸ਼ਾਂ ਬਲਿਹਾਰ = ਕੁਰਬਾਨ, ਵਾਰਨੇ ਜਾਂਦੇ ਹਾਂ॥੪॥੨॥੧੭੦॥

## ਗਉੜੀ ਮਾਝ, ਮਹਲਾ ੫ ॥

## ਹਰਿ ਰਾਮ ਰਾਮ ਰਾਮ; ਰਾਮਾ ॥

ਹੇ ਭਾਈ ! ਹਰਿ = ਹਰੀ ਰਾਮ = ਪਰਮੇਸ਼ਰ ਜੋ ਯੋਗੀ ਜਨਾਂ ਦੇ ਰਾਮ = ਰਮਣ ਯੋਗ ਹੈ, ਰਾਮ = ਸੁੰਦਰ ਹੈ ਅਤੇ ਸਾਰੇ ਰਾਮਾ = ਰਮਿਆ ਹੋਇਆ ਹੈ, ਵਿਆਪਕ ਹੈ **ਅਥਵਾ** ਹੇ ਭਾਈ ! ਜਿਹੜਾ ਹਰਿ = ਹਰੀ ਸਤਿਜੁਗ ਦੇ ਵਿਚ ਸੀ, ਜਿਹੜਾ ਰਾਮ = ਪਰਮੇਸ਼ਰ ਤ੍ਰੇਤੇ ਜੁਗ ਵਿਚ ਸੀ, ਜਿਹੜਾ ਰਾਮ ਦੁਆਪੁਰ ਜੁਗ ਵਿਚ ਸੀ, ਉਹੋ ਰਾਮ ਕਲਿਜੁਗ ਵਿਚ ਰਾਮਾ = ਰਮਿਆ ਹੋਇਆ ਹੈ।

## ਜਪਿ; ਪੂਰਨ ਹੋਏ ਕਾਮਾ ॥੧॥ਰਹਾਉ॥

ਜਿਹੜੇ ਐਸੇ ਹਰੀ ਰਾਮ ਦੇ ਤਾਈਂ ਮਨ ਬਾਣੀ ਕਰ ਕੇ ਜਪਿ = ਜਪਦੇ ਹਨ **ਵਾ:** ਰੋਮ ਰੋਮ ਕਰ ਕੇ

ਜਪਿ = ਜਪਦੇ ਹਨ, ਸ੍ਵਾਸਾਂ ਨਾਲ ਜਪਦੇ ਹਨ, ਉਨ੍ਹਾਂ ਦੇ ਸਾਰੇ ਕਾਮਾ = ਕਾਰਜ ਪੂਰਨ = ਪੂਰੇ ਹੋਏ = ਹੋ ਗਏ ਹਨ ॥੧॥ਰਹਾਉ॥

## ਰਾਮ ਗੋਬਿੰਦ ਜਪੇਦਿਆ; ਹੋਆ ਮੁਖੁ ਪਵਿਤ੍ਰੁ ॥

ਹੇ ਭਾਈ! ਰਾਮ = ਰਮੰਤੀ ਗੋਬਿੰਦ = ਪਰਮੇਸ਼ਰ **ਵਾ:** ਇੰਦ੍ਰੀਆਂ ਦੇ ਪ੍ਰਕਾਸ਼ਕ ਚੇਤਨ ਦਾ ਜਪੇਦਿਆ = ਜਾਪ ਕਰਦਿਆਂ ਹੋਇਆਂ ਇਹ ਮੁਖੁ = ਮੂੰਹ ਪਵਿਤ੍ਰੁ = ਨਿਰਮਲ, ਸ਼ੁੱਧ ਹੋਆ = ਹੋ ਜਾਂਦਾ ਹੈ।

## ਹਰਿ ਜਸੁ ਸੁਣੀਐ ਜਿਸ ਤੇ; ਸੋਈ ਭਾਈ ਮਿਤ੍ਰੁ ॥੧॥

ਜਿਸ ਪਿਆਰੇ ਤੇ = ਤੋਂ ਹਰਿ = ਹਰੀ ਪਰਮੇਸ਼ਰ ਦਾ ਜਸੁ = ਕੀਰਤਨ ਸੁਣੀਐ = ਸ੍ਰਵਨ ਕਰੀਏ, ਸੋਈ = ਉਹੀ ਸਾਡਾ ਭਾਈ = ਭਰਾ ਅਤੇ ਉਹੀ ਸਾਡਾ ਮਿਤ੍ਰੁ = ਸੱਜਣ ਹੈ ॥੧॥

## ਸਭਿ ਪਦਾਰਥ ਸਭਿ ਫਲਾ; ਸਰਬ ਗੁਣਾ ਜਿਸੁ ਮਾਹਿ ॥

ਸਭਿ = ਸਾਰੇ ਧਰਮ, ਅਰਥ, ਕਾਮ, ਮੋਖ, ਆਦਿ ਪਦਾਰਥ = ਵਸਤੂਆਂ ਅਤੇ ਸਭਿ = ਸਾਰੇ ਫਲਾ = ਗਿਆਨ ਰੂਪੀ ਫਲ, ਸਰਬ = ਸਾਰੇ ਸਤ ਸੰਤੋਖਾਦਿ ਸ਼ੁਭ ਗੁਣਾਂ = ਗੁਣ ਜਿਸ ਦੇ ਮਾਹਿ = ਵਿਚ ਹਨ।

## ਕਿਉ ਗੋਬਿੰਦੁ ਮਨਹੁ ਵਿਸਾਰੀਐ; ਜਿਸੁ ਸਿਮਰਤ ਦੁਖ ਜਾਹਿ ॥੨॥

ਐਸੇ ਗੋਬਿੰਦੁ = ਪਰਮੇਸ਼ਰ ਨੂੰ ਕਿਉ = ਕਿਸ ਵਾਸਤੇ ਮਨਹੁ = ਮਨ ਵਿੱਚੋਂ ਵਿਸਾਰੀਐ = ਭੁਲਾਈਏ, ਜਿਸ ਦੇ ਸਿਮਰਤ = ਸਿਮਰਨ ਕਰਨ ਨਾਲ ਜੰਮਣ ਮਰਣ ਆਦਿ ਦੇ ਦੁਖ = ਕਲੇਸ਼ ਚਲੇ ਜਾਹਿ = ਜਾਂਦੇ ਹਨ ॥੨॥

## ਜਿਸੁ ਲੜਿ ਲਗਿਐ ਜੀਵੀਐ; ਭਵਜਲੁ ਪਈਐ ਪਾਰਿ ॥

ਜਿਸ ਸਤਿਗੁਰਾਂ ਦੀ ਸ਼ਰਨ ਰੂਪੀ ਲੜਿ = ਪੱਲੇ ਨਾਲ ਲਗਿਐ = ਲੱਗਿਆਂ ਹੋਇਆਂ ਜੀਵੀਐ = ਜਿਊਂਦੇ ਹੋ ਜਾਈਦਾ ਹੈ **ਵਾ:** ਜੀਵਨ ਮੁਕਤ ਹੋਈਦਾ ਹੈ ਅਤੇ ਭਵਜਲੁ = ਸੰਸਾਰ-ਸਮੁੰਦਰ ਤੋਂ ਪਾਰਿ = ਪਾਰ ਪਾਈਐ = ਪੈ ਜਾਈਦਾ ਹੈ, ਭਾਵ ਮੁਕਤ ਹੋ ਜਾਈਦਾ ਹੈ।

## ਮਿਲਿ ਸਾਧੂ ਸੰਗਿ ਉਧਾਰੁ ਹੋਇ; ਮੁਖ ਊਜਲ ਦਰਬਾਰਿ ॥੩॥

ਸਾਧੂ = ਮਹਾਤਮਾ ਜਨਾਂ ਦੀ ਸੰਗਿ = ਸੰਗਤ ਵਿਚ ਮਿਲਿ = ਮਿਲ ਕਰ ਕੇ ਹੀ ਉਧਾਰ = ਉਧਰਨਾ ਹੋਇ = ਹੋਵੇਗਾ **ਵਾ:** ਇਸ ਲੋਕ ਦੇ ਵਿਸ਼ਿਆਂ ਤੋਂ ਉਧਾਰ ਹੋ ਜਾਵੇਗਾ ਅਤੇ ਦਰਬਾਰਿ = ਸਚਖੰਡ ਵਿਚ ਮੁਖ = ਮੂੰਹ ਊਜਲ = ਉੱਜਲਾ ਹੋਵੇਗਾ। (ਭਾਵ ਜਸ ਵਾਲਾ ਹੋਵੇਗਾ, ਪਵਿੱਤਰਤਾ ਵਾਲਾ ਹੋਵੇਗਾ) ॥੩॥

## ਜੀਵਨ ਰੂਪ ਗੋਪਾਲ ਜਸੁ; ਸੰਤ ਜਨਾ ਕੀ ਰਾਸਿ ॥

ਗੋਪਾਲ = ਪਰਮੇਸ਼ਰ ਦਾ ਜਸੁ = ਕੀਰਤਨ ਹੀ ਅਸਲੀ ਜੀਵਨ = ਜ਼ਿੰਦਗੀ ਰੂਪ ਹੈ। ਇਹੀ ਸੰਤ ਜਨਾ = ਮਹਾਤਮਾ ਜਨਾਂ ਕੀ = ਦੀ ਰਾਸਿ = ਪੂੰਜੀ ਹੈ **ਅਥਵਾ** ਸਾਰੀ ਸ੍ਰਿਸ਼ਟੀ ਦਾ ਜੀਵਨ ਰੂਪ ਗੋਪਾਲ = ਪਰਮੇਸ਼ਰ ਦਾ ਜਸ ਹੀ ਸੰਤ ਜਨਾਂ ਦੀ ਰਾਸਿ = ਪੂੰਜੀ ਹੈ।

## ਨਾਨਕ ਉਬਰੇ ਨਾਮੁ ਜਪਿ; ਦਰਿ ਸਚੈ ਸਾਬਾਸਿ ॥੪॥੩॥੭੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੰਤ ਜਨ ਪਰਮੇਸ਼ਰ ਦਾ ਨਾਮ ਜਪਿ = ਜਪ ਕਰ ਕੇ ਉਬਰੇ = ਬਚ ਗਏ ਹਨ ਅਤੇ ਸਚੈ = ਸੱਚੀ ਦਰਿ = ਦਰਗਾਹ ਵਿਚ ਉਨ੍ਹਾਂ ਨੂੰ ਸਾਬਾਸਿ = ਧੰਨਤਾ ਦੇ ਯੋਗ ਕੀਤਾ ਜਾਂਦਾ ਹੈ **ਵਾ:** ਉਨ੍ਹਾਂ ਦੀ ਸਾਬਾਸਿ = ਕਲਿਆਣ ਹੋ ਜਾਂਦੀ ਹੈ ॥੪॥੩॥੭੧॥

## ਗਉੜੀ ਮਾਝ, ਮਹਲਾ ੫ ॥

## ਮੀਠੇ ਹਰਿ ਗੁਣ, ਗਾਉ ਜਿੰਦੂ; ਤੂੰ ਮੀਠੇ ਹਰਿ ਗੁਣ ਗਾਉ ॥

ਹੇ ਮੇਰੀ ਜਿੰਦੂ = ਜਿੰਦ ! ਹਰਿ = ਹਰੀ ਪਰਮੇਸ਼ਰ ਦੇ ਮੀਠੇ = ਮਿੱਠੇ, ਪਿਆਰੇ ਗੁਣ = ਸਿਫ਼ਤਾਂ ਦੇ ਤਾਈਂ ਗਾਉ = ਗਾਉਣਾ ਕਰ। ਤੂੰ ਹਰਿ = ਹਰੀ ਦੇ ਗੁਣ = ਸਿਫ਼ਤਾਂ ਨੂੰ ਮੀਠੇ = ਮਿੱਠੇ ਜਾਣ ਕੇ ਗਾਉ = ਗਾਉਣਾ ਕਰ **ਅਥਵਾ** ਜਿਹੜਾ ਹਰਿ = ਹਰੀ ਮੀਠੇ = ਪਿਆਰਾ ਹੈ ਅਤੇ ਸਾਰਿਆਂ ਵਿਚ ਗੁਣ = ਗਿਆਨ ਸਰੂਪ ਹੈ। ਸਾਰਿਆਂ ਦਾ ਗਾਉ = ਅਸਥਾਨ ਰੂਪ ਹਰੀ ਹੈ। ਹੇ ਜਿੰਦ ਤੂੰ ਉਸ ਹਰੀ ਦੇ ਗੁਣਾਂ ਨੂੰ ਗਾਉਣਾ ਕਰ।

## ਸਚੇ ਸੇਤੀ ਰਤਿਆ; ਮਿਲਿਆ ਨਿਥਾਵੇ ਥਾਉ ॥੧॥ਰਹਾਉ॥

ਸਚੇ = ਸੱਚੇ ਅਕਾਲ ਪੁਰਖ ਦੇ ਸੇਤੀ = ਨਾਲ ਰਤਿਆ = ਰੰਗਿਆਂ ਹੋਇਆਂ ਨਿਥਾਵੇ = ਥਾਂ ਤੋਂ ਰਹਿਤ ਜੀਵ ਨੂੰ ਸਰੂਪ ਰੂਪੀ, ਅਧਿਸ਼ਠਾਨ ਸਰੂਪ ਰੂਪੀ ਥਾਉ = ਥਾਂ ਮਿਲਿਆ = ਮਿਲ ਜਾਂਦਾ ਹੈ ॥੧॥ਰਹਾਉ॥

## ਹੋਰਿ ਸਾਦ ਸਭਿ ਫਿਕਿਆ; ਤਨੁ ਮਨੁ ਫਿਕਾ ਹੋਇ ॥

ਪਰਮੇਸ਼ਰ ਦੇ ਨਾਮ ਤੋਂ ਬਿਨਾਂ ਹੋਰਿ = ਹੋਰ ਜਿਹੜੇ ਸਾਦ = ਸੁਆਦ ਹਨ, ਇਹ ਸਭਿ = ਸਾਰੇ ਫਿਕਿਆ = ਫਿੱਕੇ ਹਨ, ਬੇਰਸੀ ਪੈਦਾ ਕਰਨ ਵਾਲੇ ਹਨ। ਇਨ੍ਹਾਂ ਦੀ ਸੰਗਤ ਕਰ ਕੇ **ਵਾ:** ਜਿਹੜੇ ਫਿੱਕਾ ਬੋਲਣ ਵਾਲੇ ਹਨ, ਉਨ੍ਹਾਂ ਦੀ ਸੰਗਤ ਕਰ ਕੇ ਤਨੁ = ਸਰੀਰ ਵੀ ਮਨੁ = ਹਿਰਦਾ ਵੀ ਫਿਕਾ = ਬੇਰਸੀ ਵਾਲਾ ਹੋ ਜਾਂਦਾ ਹੈ।

## ਵਿਣੁ ਪਰਮੇਸਰ ਜੋ ਕਰੇ; ਫਿਟੁ ਸੁ ਜੀਵਣੁ ਸੋਇ ॥੧॥

ਜੋ = ਜਿਹੜਾ ਪਰਮੇਸਰ = ਪਰਮਾਤਮਾ ਦੇ ਭਜਨ ਸਿਮਰਨ ਤੋਂ ਬਿਨਾਂ ਹੋਰ ਚੀਜ਼ਾਂ ਨੂੰ ਮਿੱਠੀਆਂ ਜਾਣ ਕੇ ਉਨ੍ਹਾਂ ਨਾਲ ਸਨੇਹ ਕਰੇ = ਕਰਦਾ ਹੈ **ਵਾ:** ਹੋਰਨਾਂ ਨੂੰ ਪ੍ਰਾਪਤ ਕਰਦਾ ਹੈ, ਸੁ = ਉਸ ਜੀਵਣੁ = ਜਿਊਣ ਵਾਲੇ ਨੂੰ **ਵਾ:** ਉਸ ਦੇ ਜੀਵਨ ਨੂੰ ਫਿਟੁ = ਫਿੱਟੇ ਮੂੰਹ ਹੈ, ਉਸ ਦੀ ਸੋਇ = ਸੋਭਾ ਨੂੰ ਵੀ ਫਿੱਟੇ ਮੂੰਹ ਹੈ, ਫਿਟਕਾਰਣੇ ਯੋਗ ਹੈ ॥੧॥

## ਅੰਚਲੁ ਗਹਿ ਕੈ, ਸਾਧ ਕਾ; ਤਰਣਾ ਇਹੁ ਸੰਸਾਰੁ ॥

ਸਾਧ = ਸਾਧੂ ਮਹਾਤਮਾ ਕਾ = ਦਾ ਸ਼ਬਦ, ਉਪਦੇਸ਼ ਰੂਪੀ ਅੰਚਲ = ਪੱਲਾ ਗਹਿ = ਪਕੜ ਕੈ = ਕਰ ਕੇ ਇਹੁ = ਇਸ ਸੰਸਾਰ ਸਮੁੰਦਰ ਤੋਂ ਤਰਣਾ = ਤਰਨਾ ਹੁੰਦਾ ਹੈ।

## ਪਾਰਬ੍ਰਹਮੁ ਆਰਾਧੀਐ; ਉਧਰੈ ਸਭ ਪਰਵਾਰੁ ॥੨॥

ਪਾਰਬ੍ਰਹਮੁ = ਪਰਮੇਸ਼ਰ ਦੇ ਆਰਾਧੀਐ = ਆਰਾਧਣ ਨਾਲ, ਚੇਤੇ ਕਰਨ ਨਾਲ, ਸਭ = ਸਾਰਾ ਪਰਵਾਰੁ = ਕੁਟੰਬ ਹੀ ਉਧਰੈ = ਉਧਰ ਜਾਵੇਗਾ ॥੨॥ ਜੈਸਾ ਕਿ :

**ਸਭੁ ਪਰਵਾਰੁ ਚੜਾਇਆ ਬੇੜੇ ॥** *(ਅੰਗ ੩੩੭)*

## ਸਾਜਨੁ ਬੰਧੁ ਸੁਮਿਤ੍ਰੁ ਸੋ; ਹਰਿ ਨਾਮੁ ਹਿਰਦੈ ਦੇਇ ॥

ਸੋ = ਉਹੋ ਹੀ ਮਾਤਾ ਦੇ ਗਰਭ ਦਾ ਸਾਜਨੁ = ਸੱਜਣ ਹੈ, ਇਸ ਲੋਕ ਦਾ ਬੰਧ = ਸੰਬੰਧੀ ਹੈ, ਉਹੋ ਹੀ ਪਰਲੋਕ ਦਾ ਸੁਮਿਤ੍ਰ = ਸ੍ਰੇਸ਼ਟ ਮਿੱਤਰ ਹੈ। ਹੇ ਹਰਿ = ਪਰਮੇਸ਼ਰ ਉਸ ਨਾਮ ਨੂੰ ਸਾਡੇ ਹਿਰਦੇ = ਅੰਤਸ਼ਕਰਣ ਵਿਚ ਦੇਇ = ਦੇਣਾ ਕਰੋ। ਅਰਥਾਤ ਸਜਣ ਉਹ ਹੁੰਦਾ ਹੈ, ਜਿਸ ਨੂੰ ਆਪ ਪਿਆਰ ਕਰੀਏ ਤੇ ਉਹ ਅੱਗੋਂ ਪਿਆਰ

ਕਰੇ। "ਸਜਣ ਬੰਧ" ਉਹ ਹੁੰਦਾ ਹੈ, ਜਿਸ ਨਾਲ ਪਿਆਰ ਭਾਵੇਂ ਨਾ ਕਰੋ ਪਰ ਫਿਰ ਵੀ ਸੱਜਣਤਾ ਰੱਖੇ। "ਸਜਣ ਬੰਧ ਸੁਮਿਤਰ" ਉਹ ਹੁੰਦਾ ਹੈ, ਜਿਸ ਨਾਲ ਵੈਰ-ਭਾਵ ਕਰਨ 'ਤੇ ਵੀ ਉਹ ਅੱਗੋਂ ਪਿਆਰ ਕਰੇ। ਇਹ ਸਾਡਾ ਤਾਂ ਸਾਜਨ ਬੰਧੁ ਸੁਮਿਤ੍ਰ ਉਹੀ ਹੈ ਜਿਹੜਾ ਸਾਡੇ ਹਿਰਦੇ ਵਿਚ ਪਰਮੇਸ਼ਰ ਦਾ ਨਾਮ ਬਖ਼ਸ਼ ਦੇਵੇ। ਅਤੇ :

## ਅਉਗਣ ਸਭਿ ਮਿਟਾਇ ਕੈ; ਪਰਉਪਕਾਰੁ ਕਰੇਇ ॥੩॥

ਸਾਡੇ ਬੇਅੰਤ ਜਨਮਾਂ ਦੇ ਸਭਿ = ਸਾਰੇ ਅਉਗੁਣ = ਔਗੁਣਾਂ ਨੂੰ ਮਿਟਾਇ ਕੈ = ਮੇਟ ਕਰ ਕੇ ਪਰਮੇਸ਼ਰ ਦੇ ਨਾਮ ਵਿਚ ਜੋੜ ਦੇਵੇ, ਐਸਾ ਪਰਉਪਕਾਰ = ਵਿਸ਼ੇਸ਼ ਕਰ ਕੇ ਉਪਕਾਰ ਕਰੇਇ = ਕਰੇ ॥੩॥

## ਮਾਲੁ ਖਜਾਨਾ ਥੇਹੁ ਘਰੁ; ਹਰਿ ਕੇ ਚਰਣ ਨਿਧਾਨ ॥

ਇਹ ਜੋ ਮਾਲੁ = ਹਾਥੀ, ਘੋੜੇ, ਮੱਝਾਂ, ਗਾਵਾਂ ਆਦਿਕ, ਖਜਾਨਾ = ਰੋਕੜੀ ਥੇਹੁ = ਥਾਂ, ਪਿੰਡ ਘਰੁ = ਗ੍ਰਿਹਿ ਆਦਿਕ ਸਾਰੇ ਨਿਧਾਨ = ਖ਼ਜ਼ਾਨੇ ਹਰਿ = ਪਰਮੇਸ਼ਰ ਕੇ = ਦੇ ਚਰਣ = ਚਰਣਾਂ ਦੇ ਵਿਚ ਹੀ ਹਨ **ਅਥਵਾ** ਜਿਨ੍ਹਾਂ ਨੂੰ ਹਰਿ = ਹਰੀ ਕੇ = ਦੇ ਚਰਣ = ਚਰਣਾਂ ਦਾ ਨਿਧਾਨ = ਖ਼ਜ਼ਾਨਾ ਪ੍ਰਾਪਤ ਹੋ ਗਿਆ ਹੈ, ਉਨ੍ਹਾਂ ਕੋਲ ਸਭ ਮਾਲੁ = ਸ਼੍ਰਵਣ ਮੰਨਣ ਰੂਪੀ ਹਾਥੀ, ਘੋੜੇ ਹਨ, ਮੁਕਤੀ ਰੂਪੀ ਕਾਮਧੇਨੁ ਗਊ ਹੈ। ਨਾਮ ਰੂਪੀ ਖਜਾਨਾ = ਰੋਕੜੀ ਹੈ, ਉਨ੍ਹਾਂ ਨੂੰ ਸਰੂਪ ਰੂਪੀ ਥੇਹੁ = ਥਾਂ, ਨਗਰ ਪ੍ਰਾਪਤ ਹੋਇਆ ਹੈ ਅਤੇ ਤੁਰੀਆ ਪਦ ਰੂਪੀ ਘਰੁ = ਗ੍ਰਿਹ ਪ੍ਰਾਪਤ ਹੋਇਆ ਹੈ।

## ਨਾਨਕੁ ਜਾਚਕੁ, ਦਰਿ ਤੇਰੈ ਪ੍ਰਭ; ਤੁਧਨੋ ਮੰਗੈ ਦਾਨੁ ॥੪॥੪॥੧੭੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਅਕਾਲ ਪੁਰਖ ਅਸੀਂ ਤੇਰੈ = ਤੇਰੇ ਦਰਿ = ਦੁਆਰੇ ਦੇ ਜਾਚਕ = ਮੰਗਤੇ ਹਾਂ, ਸੇਵਕ ਹਾਂ ਅਤੇ ਤੁਧਨੋ = ਤੁਹਾਡੇ ਨਾਮ ਦਾ ਦਾਨੁ = ਦਾਨ ਮੰਗੇ = ਮੰਗਦੇ ਹਾਂ ॥੪॥੪॥੧੭੨॥

[ਅੰਗ ੨੧੯]

## ੴ ਸਤਿਗੁਰ ਪ੍ਰਸਾਦਿ ॥ ਰਾਗੁ ਗਉੜੀ ਮਹਲਾ ੯ ॥

(**੯** ਅੰਕ ਦਾ ਉਚਾਰਣ **ਨਾਵਾ** ਹੈ)

**ਉਥਾਨਕਾ :** ਜਿਸ ਵੇਲੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਦਿੱਲੀ ਤੋਂ ਹੀ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਧਿਆਨ ਕਰ ਕੇ ਗੁਰਤਾਗੱਦੀ ਬਖ਼ਸ਼ਣ ਲਈ ਬਚਨ ਕੀਤਾ। 'ਬਾਬਾ ਬਸੇ ਜੋ ਗ੍ਰਾਮ ਬਕਾਲੇ, ਬਨ ਗੁਰ ਸੰਗਤ ਸਕਲ ਸੰਭਾਲੇ' ਇਸ ਬਚਨ ਅਨੁਸਾਰ ਉਨ੍ਹਾਂ ਨੇ ਗੁਰਤਾਗੱਦੀ ਨੂੰ ਆਪਣੀ ਝੋਲੀ ਵਿਚ ਪੁਆ ਕੇ ਅੰਗੀਕਾਰ ਕਰ ਲਿਆ ਅਤੇ ਬਾਬਾ ਬੁੱਢਾ ਜੀ ਦੇ ਛੇਵੀਂ ਥਾਂ ਬਾਬਾ ਗੁਰਦਿਤਾ ਜੀ ਪੰਜ ਪੈਸੇ ਤੇ ਨਲੇਰ ਲੈ ਕੇ ਬਕਾਲੇ ਵਿਖੇ ਆਏ। ਪਰ ਗੁਰੂ ਸਾਹਿਬ ਜੀ ਗੁਪਤ ਹੀ ਰਹੇ, ਪ੍ਰਗਟ ਨਾ ਹੋਏ। ਉਸ ਵੇਲੇ ਭਾਈ ਮੱਖਣ ਸ਼ਾਹ ਲੁਬਾਣਾ ਆਇਆ (ਜਿਸ ਨੇ ਸਮੁੰਦਰ ਵਿਚ ਬੇੜਾ ਡੁੱਬਣ ਵੇਲੇ ਗੁਰੂ ਚਰਣਾਂ 'ਚ ਅਰਦਾਸ ਕੀਤੀ ਸੀ ਕਿ ਮਹਾਰਾਜ ਜੋ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ ਹਨ, ਉਹ ਮੇਰੀ ਰੱਖਿਆ ਕਰਨ, ਮੈਂ ਉਨ੍ਹਾਂ ਦੇ ਚਰਣਾਂ ਵਿਚ ਪੰਜ ਸੌ ਮੋਹਰਾਂ ਭੇਟਾ ਕਰਾਂਗਾ) ਜਦ ਬਕਾਲੇ ਆਣ ਕੇ ਵੇਖਿਆ ਕਿ ਇਥੇ ਤਾਂ ਗੁਰਤਾਗੱਦੀ ਦੀਆਂ ਬਾਈ ਮੰਜੀਆਂ ਲਾਈ ਬੈਠੇ ਹਨ ਤਾਂ ਇਸ ਨੇ ਪੂਰੇ ਗੁਰੂ ਦੀ ਪਰਖ ਕਰਨ ਲਈ ਸੰਕਲਪ ਕੀਤਾ ਕਿ ਜਿਹੜੇ ਗੁਰਤਾਗੱਦੀ 'ਤੇ ਸੁਭਾਇਮਾਨ ਪੂਰਨ ਸਤਿਗੁਰੂ ਸਾਹਿਬ ਜੀ ਹਨ, ਉਹ ਮੇਰਾ ਬੇੜਾ ਡੁੱਬਣ ਤੋਂ ਬਚਾਉਣ ਵਾਲੀ ਗੱਲ ਦੱਸਣ। ਇਸ ਨੇ ਸਾਰਿਆਂ ਅੱਗੇ ਦੋ ਦੋ ਮੋਹਰਾਂ ਰੱਖੀਆਂ, ਪਰ ਕਿਸੇ ਨੇ ਵੀ ਇਸ ਦੇ ਜਹਾਜ਼ ਬੰਨੇ ਲਾਉਣ ਵਾਲੀ ਕੋਈ ਗੱਲ ਨਾ ਕੀਤੀ। ਅਖ਼ੀਰ ਲੋਕਾਂ ਦੇ ਪੁੱਛਣ ਤੋਂ ਇਹ ਸ੍ਰੀ ਗੁਰੂ ਤੇਗ਼

ਬਹਾਦਰ ਮਹਾਰਾਜ ਜੀ ਦੇ ਕੋਲ ਆਇਆ। ਮਾਤਾ ਜੀ ਨੇ ਰੋਕਿਆ ਕਿ ਗੁਰੂ ਜੀ ਕਿਸੇ ਨੂੰ ਕੋਲ ਨਹੀਂ ਆਉਣ ਦਿੰਦੇ, ਪਰ ਫਿਰ ਵੀ ਇਹ ਪ੍ਰੇਮ ਦਾ ਭਿੱਜਾ ਹੋਇਆ ਅੰਦਰ ਚਲਿਆ ਗਿਆ। ਸਤਿਗੁਰਾਂ ਦੇ ਪਾਸ ਦੋ ਮੋਹਰਾਂ ਭੇਟਾ ਕਰ ਕੇ ਚਰਣਾਂ ਪਰ ਨਮਸਕਾਰ ਕੀਤੀ, ਪਰ ਗੁਰੂ ਜੀ ਕੁਝ ਵੀ ਨਾ ਬੋਲੇ, ਚੁੱਪ ਹੀ ਰਹੇ। ਇਸ ਨੇ ਸੋਚਿਆ ਕਿ ਮੈਂ ਚਿਖਾ ਬਣਾ ਕੇ ਸੜ ਜਾਵਾਂ, ਮੈਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਬਚਨਾਂ ਅਨੁਸਾਰ ਗੁਰੂ ਸਾਹਿਬ ਜੀ ਦੀ ਪ੍ਰਾਪਤੀ ਕਿਉਂ ਨਹੀਂ ਹੋਈ। ਕਿਉਂਕਿ ਉਨ੍ਹਾਂ ਨੇ ਬਚਨ ਕੀਤੇ ਸਨ ਕਿ ਅਗਲੇ ਗੁਰੂ ਬਕਾਲੇ ਵਿਖੇ ਹਨ, ਪਰ ਇਥੇ ਤਾਂ ਕੋਈ ਵੀ ਨਹੀਂ। ਇਸ ਤਰ੍ਹਾਂ ਵਿਚਾਰ ਕਰ ਕੇ ਭਾਈ ਮੱਖਣ ਸ਼ਾਹ ਜੀ ਜਦੋਂ ਬਾਹਰ ਨਿਕਲਣ ਲੱਗੇ ਤਾਂ ਗੁਰੂ ਸਾਹਿਬ ਜੀ ਹੱਸ ਪਏ ਅਤੇ ਕਹਿਣ ਲੱਗੇ ਕਿ ਹੇ ਗੁਰਸਿੱਖਾ! ਗੁਰੂ ਘਰ ਵਿਚ ਕਿਸੇ ਪ੍ਰਕਾਰ ਮਾਇਆ ਦੀ ਕਮੀ ਨਹੀਂ ਹੈ ਅਤੇ ਨਾ ਹੀ ਆਪਣੀ ਪੂਜਾ ਕਰਾਉਣ ਦੀ ਭੁੱਖ ਹੈ। ਪਰ ਤੂੰ ਇਹ ਸੰਕਲਪ ਕੀਤਾ ਹੈ ਕਿ ਜਿਸ ਨੇ ਮੇਰਾ ਜਹਾਜ਼ ਬੰਨੇ ਲਾਇਆ ਉਹ ਮੈਨੂੰ ਦੱਸਣ। ਉਸ ਵੇਲੇ ਗੁਰੂ ਜੀ ਨੇ ਆਪਣਾ ਮੋਢਾ ਨੰਗਾ ਕਰ ਕੇ ਦਿਖਾਇਆ, ਜਿਸ ਵਿਚ ਕਿੱਲ ਖੁੱਭੇ ਹੋਇਆਂ ਦੇ ਨਿਸ਼ਾਨ ਸਨ। ਜਿਸ ਵੇਲੇ ਤੂੰ ਉਹ ਸੰਕਲਪ ਕਰ ਕੇ ਚੇਤੇ ਕੀਤਾ, ਉਸ ਵੇਲੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਗੁਰਤਾਗੱਦੀ ਸਾਨੂੰ ਅਰਪਣ ਕਰ ਦਿੱਤੀ ਸੀ, ਜਿਸ ਕਰਕੇ ਸਾਨੂੰ ਇਸ ਸਰੀਰ ਵਿਚ ਆ ਕੇ ਤੇਰੀ ਸਹਾਇਤਾ ਕਰਨੀ ਪਈ। ਉਸ ਵੇਲੇ ਤੂੰ ਪੰਜ ਸੌ ਮੋਹਰਾਂ ਭੇਟਾ ਕਰਨ ਦੀ ਅਰਦਾਸ ਕੀਤੀ ਸੀ ਤੇ ਹੁਣ ਤੂੰ ਦੋ ਮੋਹਰਾਂ ਹੀ ਰੱਖਦਾ ਹੈਂ। ਸਾਨੂੰ ਇਨ੍ਹਾਂ ਮੋਹਰਾਂ ਦੀ ਲੋੜ ਨਹੀਂ ਹੈ। ਪਰ ਤੇਰੇ ਅੰਦਰ ਇਹ ਇੱਛਾ ਸੀ ਕਿ ਜਿਨ੍ਹਾਂ ਨੇ ਮੇਰਾ ਜਹਾਜ਼ ਬੰਨੇ ਲਾਇਆ ਹੈ, ਉਹ ਮੇਰਾ ਸੰਕਲਪ ਦੱਸਣ, ਅਸੀਂ ਤੇਰਾ ਸੰਕਲਪ ਦੱਸਿਆ ਹੈ।

ਇਹ ਸੁਣ ਕਰ ਕੇ ਭਾਈ ਮੱਖਣ ਸ਼ਾਹ ਜੀ ਨੂੰ ਜੋ ਅਨੰਦ ਹੋਇਆ, ਉਸ ਦਾ ਅੰਤ ਨਾ ਰਿਹਾ। ਬਹੁਤ ਅਨੰਦਿਤ ਹੋ ਕੇ ਭਾਈ ਮੱਖਣ ਸ਼ਾਹ ਜੀ ਨੇ ਕੋਠੇ ਉੱਪਰ ਚੜ੍ਹ ਕੇ ਉੱਚੀ ਅਵਾਜ਼ ਵਿਚ ਕਿਹਾ: "ਗੁਰ ਲਾਧੋ ਰੇ, ਗੁਰ ਲਾਧੋ ਰੇ", ਇਹ ਸੁਣ ਕੇ ਆਲੇ-ਦੁਆਲੇ ਤੋਂ ਸਭ ਸੰਗਤਾਂ ਗੁਰੂ ਜੀ ਦੇ ਚਰਣਾਂ ਵਿਚ ਆ ਗਈਆਂ। ਸਾਰਿਆਂ ਦੇ ਮਨ ਦੀਆਂ ਭਾਵਨਾਵਾਂ ਨੂੰ ਇੱਛਾਵਾਂ ਨੂੰ ਗੁਰੂ ਜੀ ਨੇ ਪੂਰਨ ਕੀਤਾ। ਸਭ ਹੀ ਗੁਰੂ ਜੀ ਦੇ ਦਰਸ਼ਨ ਕਰ ਕੇ ਇਕਾਗਰ ਹੋ ਗਏ। ਉਸ ਵੇਲੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਬਕਾਲੇ ਵਿਖੇ ਇਹ ਪਾਵਨ ਪਵਿੱਤਰ ਉਪਦੇਸ਼ ਸੰਗਤਾਂ ਨੂੰ ਦਿੱਤਾ।

***ਨੋਟ:*** ਉਥਾਨਕਾ ਵਿਚ ਹੋਰ ਵੀ ਗੱਲਾਂ ਲਿਖੀਆਂ ਹਨ ਕਿ ਗੁਰੂ ਤੇਗ਼ ਬਹਾਦਰ ਜੀ ਨੇ ਸਾਧੂਆਂ ਦੀ ਜਮਾਤ ਨੂੰ ਉਪਦੇਸ਼ ਦਿੱਤਾ ਹੈ। ਉਸ ਵੇਲੇ ਕੀ ਪਤਾ ਕਿੰਨੀਆਂ ਕੁ ਸੰਗਤਾਂ, ਸਾਧੂਆਂ ਦੀਆਂ ਜਮਾਤਾਂ ਉਥੇ ਬਕਾਲੇ ਵਿਖੇ ਇਕੱਤਰ ਹੋਈਆਂ ਸਨ, ਜਿਨ੍ਹਾਂ ਨੂੰ ਗੁਰੂ ਜੀ ਨੇ ਉਪਦੇਸ਼ ਦਿੱਤਾ ਹੈ।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਇਹ ਪਹਿਲਾ ਸ਼ਬਦ ਹੈ। ਪਹਿਲੇ ਦੋਹਾਂ ਰਾਗਾਂ (ਸ੍ਰੀ ਰਾਗ ਅਤੇ ਮਾਝ ਰਾਗ) ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਨਹੀਂ ਹੈ। ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਵਿਚ ਵੀ ਨੌਂਵੇਂ ਸਤਿਗੁਰਾਂ ਦੀ ਬਾਣੀ ਦਰਜ ਨਹੀਂ ਹੈ। ਦਮਦਮੇ ਸਾਹਿਬ ਵਾਲੀ ਬੀੜ ਵਿਚ ਦਸਵੇਂ ਸਤਿਗੁਰਾਂ ਨੇ ਨੌਂਵੇਂ ਸਤਿਗੁਰਾਂ ਦੀ ਬਾਣੀ ਲਿਖਵਾਉਣਾ ਕੀਤੀ ਅਤੇ ਇਕ ਆਪਣਾ ਸ਼ਬਦ ਵੀ ਲਿਖਵਾਇਆ।)

੧ = ਅਦ੍ਵੈਤ ਸਰੂਪ ਪਰਮੇਸ਼ਰ ਓੰ = ਸਾਰਿਆਂ ਦਾ ਪ੍ਰਕਾਸ਼ਕ ਸਤਿਗੁਰ = ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ। ਰਾਗ ਗਉੜੀ ਵਿਚ ਨੌਂਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਉਚਾਰਨ ਕਰਦੇ ਹਨ:

## ਸਾਧੋ; ਮਨ ਕਾ ਮਾਨੁ ਤਿਆਗਉ ॥

ਹੇ ਸਾਧੋ = ਸ੍ਰੇਸ਼ਟ ਪੁਰਖੋ **ਵਾ:** ਹੇ ਸੰਤ ਜਨੋਂ **ਵਾ:** ਹੇ ਸਾਧਨ ਕਰਨ ਵਾਲੇ ਪੁਰਖੋ! ਤੁਸੀਂ ਬੇਅੰਤ ਸਾਧਨਾਂ

ਨੂੰ ਸਾਧਿਆ ਹੈ, ਜਿਸ ਕਰਕੇ ਮਨ ਵਿਚ ਮਾਣ ਹੈ ਕਿ ਮੈਂ ਇਤਨੇ ਸਾਧਨ ਕੀਤੇ, ਇਤਨੇ ਗ੍ਰੰਥ ਪੜ੍ਹੇ, ਵਿਦਿਆ ਪੜ੍ਹੀ ਆਦਿ ਜਿਹੜਾ ਮਨ = ਹਿਰਦੇ ਕਾ = ਦਾ ਮਾਨੁ = ਅਭਿਮਾਨ, ਹੰਕਾਰ ਹੈ, ਇਸ ਨੂੰ ਤਿਆਗਉ = ਤਿਆਗਣਾ ਕਰੋ ਅਤੇ :

## ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ; ਤਾ ਤੇ ਅਹਿਨਿਸਿ ਭਾਗਉ ॥੧॥ਰਹਾਉ॥

ਕਾਮ = ਵਿਕਾਰ ਦ੍ਰਿਸ਼ਟੀ ਕ੍ਰੋਧੁ = ਗ਼ੁੱਸਾ ਅਤੇ ਦੁਰਜਨ = ਖੋਟੇ ਪੁਰਸ਼ਾਂ ਕੀ = ਦੀ ਜੋ ਸੰਗਤਿ = ਮਿਲਾਪ ਹੈ, ਤਾ = ਉਸ ਤੇ = ਤੋਂ ਅਹਿਨਿਸ = ਰਾਤ ਦਿਨ ਦੂਰ ਭਾਗਉ = ਭੱਜਣਾ ਕਰੋ ॥੧॥ਰਹਾਉ॥ ਜੈਸਾ ਕਿ :

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥** *(ਅੰਗ ੧੩੭੧)*

## ਸੁਖੁ ਦੁਖੁ ਦੋਨੋ ਸਮ ਕਰਿ ਜਾਨੈ; ਅਉਰੁ ਮਾਨੁ ਅਪਮਾਨਾ ॥

ਸੁਖੁ = ਖ਼ੁਸ਼ੀ ਦੇ ਸਮੇਂ ਦੁਖੁ = ਗ਼ਮੀ ਦੇ ਸਮੇਂ ਦੋਨੋ = ਦੋਵਾਂ ਨੂੰ ਸਮ = ਬਰਾਬਰ ਬਿਰਤੀ ਕਰਿ = ਕਰ ਕੇ ਜਾਨੈ = ਜਾਨਣਾ ਕਰੋ, ਭਾਵ ਸੁਖ ਦੁਖ ਨੂੰ ਇੱਕੋ ਜਿਹਾ ਜਾਣੋ ਅਉਰ = ਅਤੇ ਮਾਨ = ਸਤਿਕਾਰ ਤੇ ਅਪਮਾਨਾ = ਨਿਰਾਦਰ ਨੂੰ ਇਕ ਸਮਾਨ ਹੀ ਜਾਣੋ, ਭਾਵ ਦੋਨਾਂ ਹਾਲਤਾਂ ਵਿਚ ਇੱਕੋ ਜਿਹੀ ਬਿਰਤੀ ਰੱਖਣੀ ਕਰੋ।

## ਹਰਖ ਸੋਗ ਤੇ ਰਹੈ ਅਤੀਤਾ; ਤਿਨਿ ਜਗਿ ਤਤੁ ਪਛਾਨਾ ॥੧॥

ਪਦਾਰਥ ਦੇ ਆਉਣ ਤੋਂ ਹਰਖ = ਖ਼ੁਸ਼ ਹੋਣਾ ਤੇ ਨਾਸ ਹੋ ਜਾਣ ਤੋਂ ਸੋਗ = ਚਿੰਤਾ ਦੇ ਸਹਿਤ ਹੋਣਾ, ਜਿਹੜਾ ਇਹ ਦੋਵਾਂ ਹਾਲਤਾਂ ਤੇ = ਤੋਂ ਅਤੀਤਾ = ਅਸੰਗ ਰਹੈ = ਰਹਿਣਾ ਕਰਦਾ ਹੈ, ਤਿਨਿ = ਉਸ ਨੇ ਜਗਿ = ਸੰਸਾਰ ਵਿਚ ਤਤੁ = ਸਿਧਾਂਤ ਰੂਪ, ਵਾਸਤਵ ਰੂਪ, ਅਸਲੀ ਗਿਆਨ ਸਰੂਪ ਨੂੰ ਪਛਾਨਾ = ਪਛਾਣ ਲਿਆ ਹੈ ॥੧॥

## ਉਸਤਤਿ ਨਿੰਦਾ ਦੋਊ ਤਿਆਗੈ; ਖੋਜੈ ਪਦੁ ਨਿਰਬਾਨਾ ॥

ਆਪਣੀ ਉਸਤਤਿ = ਤਰੀਫ਼, ਵਡਿਆਈ ਕਰਨੀ ਅਤੇ ਦੂਸਰੇ ਦੀ ਨਿੰਦਾ = ਨਿੰਦਿਆ ਕਰਨੀ **ਵਾ:** ਕਿਸੇ ਦੀ ਉਸਤਤਿ = ਵਡਿਆਈ ਅਤੇ ਕਿਸੇ ਵੱਲੋਂ ਨਿੰਦਾ = ਅਪਜੱਸ ਕਰਨਾ, ਇਸ ਪ੍ਰਕਾਰ ਇਨ੍ਹਾਂ ਦੋਊ = ਦੋਵਾਂ ਨੂੰ ਤਿਆਗੈ = ਤਿਆਗਣਾ ਕਰੇ ਅਤੇ ਨਿਰਬਾਨਾ = ਬੰਧਨਾਂ ਤੋਂ ਰਹਿਤ ਪਦੁ = ਪਦਵੀ ਨੂੰ ਖੋਜੈ = ਖੋਜਣਾ ਕਰੇ।

## ਜਨ ਨਾਨਕ, ਇਹੁ ਖੇਲੁ ਕਠਨੁ ਹੈ; ਕਿਨਹੂ ਗੁਰਮੁਖਿ ਜਾਨਾ ॥੨॥੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਹ ਸਾਰਾ ਉਪਰੋਕਤ, ਮਾਣ ਛੱਡਣਾ, ਵਿਕਾਰ ਛੱਡਣੇ, ਖੋਟਿਆਂ ਦੀ ਸੰਗਤ ਛੱਡਣੀ ਸੁਖ ਦੁਖ ਵਿਚ ਇਕ ਸਮਾਨ ਰਹਿਣਾ, ਮਾਨ ਅਪਮਾਨ ਵਿਚ ਇੱਕੋ ਜਿਹਾ ਰਹਿਣਾ, ਹਰਖ ਸੋਗ ਤੋਂ ਅਤੀਤ ਰਹਿਣਾ, ਉਸਤਤ ਅਤੇ ਨਿੰਦਿਆ ਨੂੰ ਛੱਡਣਾ ਇਹ ਖੇਲੁ = ਖੇਡ ਬਹੁਤ ਹੀ ਕਠਨੁ = ਮੁਸ਼ਕਿਲ ਹੈ। ਇਸ ਨੂੰ ਕਿਨਹੂ = ਕਿਸੇ ਕਿਸੇ ਗੁਰਮੁਖਿ = ਗੁਰਮੁਖ ਜਨਾਂ ਨੇ ਹੀ ਗੁਰਾਂ ਦੁਆਰਾ ਜਾਨਾ = ਜਾਨਿਆ ਹੈ ॥੨॥੧॥

## ਗਉੜੀ, ਮਹਲਾ ੯ ॥

ਸਤਿਗੁਰੂ ਸਾਹਿਬ ਜੀ ਤੋਂ ਸੰਗਤਾਂ ਨੇ ਬੇਨਤੀ ਕਰ ਕੇ ਪੁੱਛਿਆ ਕਿ ਮਹਾਰਾਜ ਇਹ ਜੋ ਸੰਸਾਰ ਦੀ ਰਚਨਾ ਹੈ, ਇਸ ਨੂੰ ਕੋਈ ਕਿਸੇ ਪ੍ਰਕਾਰ ਮੰਨਦਾ, ਕੋਈ ਕਿਸੇ ਪ੍ਰਕਾਰ, ਆਪ ਜੀ ਹੀ ਦੱਸਣਾ ਕਰੋ ਕਿ ਇਹ ਰਚਨਾ ਕਿਸ ਨੇ ਬਣਾਈ ਹੈ। ਤਾਂ ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ।

## ਸਾਧੋ; ਰਚਨਾ ਰਾਮ ਬਨਾਈ ॥

ਹੇ ਸਾਧੋ = ਸ੍ਰੇਸ਼ਟ ਜਨੋਂ, ਸੰਤ ਜਨੋਂ ! ਇਹ ਚਾਰੇ ਖਾਣੀਆਂ ਵਿਚ ਚੌਰਾਸੀ ਲੱਖ ਜੂਨਾਂ ਰੂਪ ਸੰਸਾਰ ਨੂੰ ਰਚਨਾ = ਬਣਾਉਣ ਦੀ ਕਿਰਿਆ **ਵਾ:** ਰਚਨਾ = ਸ੍ਰਿਸ਼ਟੀ ਰਾਮ = ਪਰਮੇਸ਼ਰ ਨੇ ਆਪ ਹੀ ਬਨਾਈ = ਬਣਾਉਣਾ ਕੀਤੀ ਹੈ।

## ਇਕਿ ਬਿਨਸੈ ਇਕ ਅਸਥਿਰੁ ਮਾਨੈ; ਅਚਰਜੁ ਲਖਿਓ ਨ ਜਾਈ ॥੧॥ਰਹਾਉ॥

ਇਕਿ = ਕਈ ਤਾਂ ਸੰਸਾਰ ਵਿੱਚੋਂ ਸਰੀਰ ਛੱਡ ਕੇ ਬਿਨਸੈ = ਨਾਸ ਹੁੰਦੇ ਜਾ ਰਹੇ ਹਨ ਅਤੇ ਕਈ ਇਥੇ ਆਪਣੇ ਆਪ ਨੂੰ ਜ਼ਮੀਨ ਜਾਇਦਾਦ ਦਾ ਮਾਲਕ ਸਮਝ ਕੇ ਅਸਥਿਰੁ = ਇਸਥਿਤ ਮਾਨੈ = ਮੰਨੀ ਬੈਠੇ ਹਨ ਕਿ ਅਸੀਂ ਮਰਨਾ ਹੀ ਨਹੀਂ, ਐਸੀ ਅਸਚਰਜ ਮਾਇਆ ਹੈ। ਮਹਾਰਾਜ ਦੇ ਇਸ ਅਚਰਜੁ = ਅਸਚਰਜ ਭੇਦ ਨੂੰ ਲਖਿਆ = ਜਾਨਿਆ ਨ = ਨਹੀਂ ਜਾਈ = ਜਾਂਦਾ ॥੧॥ਰਹਾਉ॥

## ਕਾਮੁ ਕ੍ਰੋਧੁ ਮੋਹ ਬਸਿ ਪ੍ਰਾਨੀ; ਹਰਿ ਮੂਰਤਿ ਬਿਸਰਾਈ ॥

ਕਈਆਂ ਪ੍ਰਾਨੀ = ਪ੍ਰਾਣੀਆਂ ਨੇ ਕਾਮ = ਬਿਕਾਰ ਦ੍ਰਿਸ਼ਟੀ ਕ੍ਰੋਧ = ਗ਼ੁੱਸੇ ਦੇ ਮੋਹ = ਸਨੇਹ, ਰਾਗ ਦੇ ਬਸਿ = ਵੱਸ ਵਿਚ ਹੋ ਕਰਕੇ ਹਰਿ = ਹਰੀ ਪਰਮੇਸ਼ਰ ਦੀ ਸਤ, ਚਿਤ, ਅਨੰਦ (ਅਸਤੀ, ਭਾਂਤੀ, ਪ੍ਰਿਯ) ਰੂਪ ਮੂਰਤਿ = ਸਰੂਪ ਨੂੰ ਬਿਸਰਾਈ = ਵਿਸਾਰ ਛੱਡਿਆ ਹੈ, ਭੁਲਾ ਦਿੱਤਾ ਹੈ।

## ਝੂਠਾ ਤਨੁ, ਸਾਚਾ ਕਰਿ ਮਾਨਿਓ; ਜਿਉ ਸੁਪਨਾ ਰੈਨਾਈ ॥੧॥

ਜਿਉ = ਜਿਵੇਂ ਰੈਨਾਈ = ਰਾਤ ਨੂੰ ਸੁਪਨਾ ਆਉਂਦਾ ਹੈ ਕਿ ਇਕ ਕੰਗਾਲ ਰਾਜਾ ਬਣ ਗਿਆ। ਜਦ ਜਾਗ ਕੇ ਵੇਖਿਆ ਤਾਂ ਕੰਗਾਲ ਦਾ ਕੰਗਾਲ ਹੀ ਸੀ। ਇਉਂ ਉਹ ਸੁਪਨਾ ਝੂਠਾ ਸੀ। ਏਸੇ ਪ੍ਰਕਾਰ ਅਵਸਥਾ ਰੂਪੀ, ਅਵਿਦਿਆ ਰੂਪੀ ਰਾਤ ਨੂੰ ਸੰਸਾਰ ਰੂਪੀ ਸੁਪਨੇ ਵਿਚ ਇਹ ਤਨੁ = ਸਰੀਰ ਤਾਂ ਝੂਠਾ = ਨਾਸ ਹੋਣ ਵਾਲਾ ਹੀ ਹੈ ਪਰ ਅਗਿਆਨ ਦੇ ਬਲ ਕਰਿ = ਕਰਕੇ ਸਾਚਾ = ਸੱਚਾ ਮਾਨਿਓ = ਮੰਨਿਆ ਹੋਇਆ ਹੈ ॥੧॥

## ਜੋ ਦੀਸੈ ਸੋ ਸਗਲ ਬਿਨਾਸੈ; ਜਿਉ ਬਾਦਰ ਕੀ ਛਾਈ ॥

ਇਹ ਸੰਸਾਰ ਵਿਚ ਜੋ = ਜਿਹੜਾ ਕੁਝ ਇਨ੍ਹਾਂ ਅਸਥੂਲ ਅੱਖਾਂ ਨਾਲ ਦੀਸੈ = ਦਿਸ ਰਿਹਾ ਹੈ ਸੋ = ਉਹ ਸਗਲ = ਸਾਰਾ ਕੁਝ ਇਉਂ ਬਿਨਾਸੈ = ਵਿਸ਼ੇਸ਼ ਕਰ ਕੇ ਨਾਸ ਹੋ ਜਾਣ ਵਾਲਾ ਹੈ। ਜਿਉ = ਜਿਵੇਂ ਬਾਦਰ = ਬੱਦਲਾਂ ਕੀ = ਦੀ ਛਾਈ = ਛਾਂ, ਛਾਇਆ ਬਹੁਤਾ ਚਿਰ ਟਿਕੀ ਨਹੀਂ ਰਹਿੰਦੀ। ਜਿਸ ਵਖਤ ਪਰਾਲਬਧ ਰੂਪੀ ਪੌਣ ਵਗਦੀ ਹੈ, ਉਦੋਂ ਪਦਾਰਥਾਂ ਦੇ ਸੁਖ ਬਦਲਾਂ ਦੀ ਛਾਂ ਵਾਂਗੂੰ ਨਾਸ ਹੋ ਜਾਂਦੇ ਹਨ।

## ਜਨ ਨਾਨਕ, ਜਗੁ ਜਾਨਿਓ ਮਿਥਿਆ; ਰਹਿਓ ਰਾਮ ਸਰਨਾਈ ॥੨॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਇਉਂ ਜਗੁ = ਸੰਸਾਰ ਨੂੰ ਮਿਥਿਆ = ਅਣਹੋਇਆ, ਝੂਠਾ ਜਾਨਿਓ = ਜਾਣ ਕਰ ਕੇ। ਰਾਮ = ਪਰਮੇਸ਼ਰ ਦੀ ਸਰਨਾਈ = ਸ਼ਰਣ ਵਿਚ ਆ ਕੇ ਰਹਿਓ = ਰਹਿਣਾ ਕਰੋ **ਅਥਵਾ** ਜਿਹੜਾ ਰਾਮ = ਪਰਮੇਸ਼ਰ ਦੀ ਸਰਨਾਈ = ਸ਼ਰਨ ਵਿਚ ਆ ਕੇ ਰਹਿਓ = ਰਹਿਣ ਲੱਗ ਪਿਆ ਹੈ, ਉਸ ਜਨ = ਪੁਰਸ਼ ਨੇ ਜਗੁ = ਜਗਤ ਨੂੰ ਮਿਥਿਆ = ਝੂਠਾ ਜਾਨਿਓ = ਜਾਣਿਆ ਹੈ। ਮਿਥਿਆ ਨਿਸਚੇ ਕੀਤਾ ਹੈ ॥੨॥੨॥

## ਗਉੜੀ; ਮਹਲਾ ੯ ॥

## ਪ੍ਰਾਨੀ ਕਉ; ਹਰਿ ਜਸੁ ਮਨਿ ਨਹੀ ਆਵੈ ॥

ਇਸ ਪ੍ਰਾਨੀ = ਪ੍ਰਾਣਾਧਾਰੀ ਜੀਵ ਕਉ = ਨੂੰ ਹਰਿ = ਹਰੀ ਪਰਮੇਸ਼ਰ ਦਾ ਜਸੁ = ਕੀਰਤਨ ਮਨਿ = ਹਿਰਦੇ ਵਿਚ ਚੇਤੇ ਨ = ਨਹੀਂ ਆਵੈ = ਆਉਂਦਾ।

## ਅਹਿਨਿਸਿ ਮਗਨੁ ਰਹੈ ਮਾਇਆ ਮੈ;
## ਕਹੁ ਕੈਸੇ ਗੁਨ ਗਾਵੈ ॥੧॥ਰਹਾਉ॥

ਇਹ ਅਹਿਨਿਸਿ = ਰਾਤ ਦਿਨ ਮਾਇਆ ਦੇ ਮੈ = ਵਿਚ ਹੀ ਮਗਨ = ਮਸਤ ਹੋਇਆ ਰਹੈ = ਰਹਿੰਦਾ ਹੈ ਕਹੁ = ਕਹਿਣਾ ਕਰੋ, ਫਿਰ ਕੈਸੇ = ਕਿਸ ਤਰ੍ਹਾਂ ਪਰਮੇਸ਼ਰ ਦੇ ਗੁਨ = ਸਿਫ਼ਤਾਂ ਨੂੰ ਗਾਵੈ = ਗਾਉਣਾ ਕਰੇ ॥੧॥ਰਹਾਉ॥

## ਪੂਤ ਮੀਤ ਮਾਇਆ ਮਮਤਾ ਸਿਉ; ਇਹ ਬਿਧਿ ਆਪੁ ਬੰਧਾਵੈ ॥

ਕੋਈ ਪੂਤ = ਪੁੱਤਰਾਂ ਦੇ, ਕੋਈ ਮੀਤ = ਮਿੱਤਰਾਂ ਦੇ ਮੋਹ ਵਿਚ, ਕੋਈ ਮਾਇਆ = ਛਲ ਰੂਪ ਦੀ ਮਮਤਾ = ਅਪਣੱਤ ਦੇ ਸਿਉ = ਸੰਗ, ਫਸਿਆ ਪਿਆ ਹੈ। ਇਹ = ਇਸ ਬਿਧਿ = ਤਰੀਕੇ ਨਾਲ ਜੀਵ ਆਪਣੇ ਆਪ ਨੂੰ ਆਪੁ = ਆਪ ਹੀ ਬੰਧਨਾਂ ਵਿਚ ਬੰਧਾਵੈ = ਬਨ੍ਹਾ ਲੈਂਦਾ ਹੈ। ਜੈਸਾ ਕਿ :

**ਜਿਉ ਪੰਖੀ ਕਪੋਤਿ ਆਪੁ ਬਨ੍ਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਵਸਿ ਕਾਲੇ ਰਾਮ ॥**

*(ਅੰਗ ੫੩੮)*

## ਮ੍ਰਿਗ ਤ੍ਰਿਸਨਾ ਜਿਉ, ਝੂਠੋ ਇਹ ਜਗ; ਦੇਖਿ ਤਾਸਿ ਉਠਿ ਧਾਵੈ ॥੧॥

ਜਿਉ = ਜਿਵੇਂ ਮ੍ਰਿਗ = ਹਿਰਨ ਦੀ ਤ੍ਰਿਸਨਾ = ਪਿਆਸ ਦਾ ਪਾਨੀ ਝੂਠਾ ਹੁੰਦਾ ਹੈ, ਉਸੇ ਤਰ੍ਹਾਂ ਇਹ ਜਗ = ਸੰਸਾਰ ਝੂਠੋ = ਮਿਥਿਆ, ਝੂਠਾ ਹੈ ਤੇ ਜਿਵੇਂ ਹਿਰਨ ਪਾਣੀ ਵੱਲ ਦੌੜ ਕੇ ਜਾਂਦਾ ਹੈ ਉਵੇਂ ਹੀ ਇਹ ਜੀਵ ਤਾਸਿ = ਉਨ੍ਹਾਂ ਝੂਠੇ ਪਦਾਰਥਾਂ ਨੂੰ ਦੇਖਿ = ਵੇਖ ਕਰ ਕੇ ਉਨ੍ਹਾਂ ਵੱਲ ਉਠਿ = ਉਠ ਕੇ ਧਾਵੈ = ਦੌੜ ਕੇ ਜਾਂਦਾ ਹੈ। ਭਾਵ, ਰੇਤਲੇ ਮੈਦਾਨਾਂ ਵਿਚ ਜਦ ਸੂਰਜ ਦੀਆਂ ਸਿੱਧੀਆਂ ਕਿਰਨਾਂ ਪੈਂਦੀਆਂ ਹਨ ਤਾਂ ਰੇਤ ਦੀ ਚਮਕ ਨਦੀ ਦੇ ਪਾਨੀ ਵਾਂਗ ਪ੍ਰਤੀਤ ਹੁੰਦੀ ਹੈ। ਜਦੋਂ ਮਿਰਗ ਉਥੇ ਜਾਂਦੇ ਹਨ ਤਾਂ ਉਹ ਉਤਨਾ ਹੀ ਹੋਰ ਦੂਰ ਪ੍ਰਤੀਤ ਹੁੰਦੀ ਹੈ। ਇਉਂ ਪਾਨੀ ਤਾਂ ਹੁੰਦਾ ਨਹੀਂ, ਸਿਰਫ਼ ਮ੍ਰਿਗ ਭਟਕਦਾ ਹੀ ਫਿਰਦਾ ਹੈ। ਏਸੇ ਪ੍ਰਕਾਰ ਮਾਇਆ ਰੂਪੀ ਰੇਤਾ ਵਿਚ ਬ੍ਰਹਮ ਰੂਪੀ ਸੂਰਜ ਦੀਆਂ ਸੱਤਾ ਰੂਪੀ ਕਿਰਨਾਂ ਪੈਣ ਕਰ ਕੇ ਇਹ ਸੰਸਾਰ ਰੂਪ ਪਾਨੀ ਰੂਪ ਸੱਚਾ ਪ੍ਰਤੀਤ ਹੋਣ ਲੱਗ ਪਿਆ। ਇਸ ਪ੍ਰਕਾਰ ਮ੍ਰਿਗ ਨੂੰ ਪਾਨੀ ਦਿੱਸਣ ਵਾਂਗ ਇਹ ਜਗਤ ਝੂਠਾ ਹੈ ਤੇ ਮ੍ਰਿਗ ਵਾਂਗੂੰ ਹੀ ਜੀਵ ਇਸ ਸੰਸਾਰ ਰੂਪੀ ਪਾਣੀ ਨੂੰ ਸੱਚਾ ਮੰਨ ਕੇ ਫੜਦਾ ਹੈ ਕਿ ਮੈਂ ਪਕੜ ਲਵਾਂ, ਫਿਰ ਮੇਰੀ ਤ੍ਰਿਪਤੀ ਹੋਵੇਗੀ ॥੧॥

## ਭੁਗਤਿ ਮੁਕਤਿ ਕਾ ਕਾਰਨੁ ਸੁਆਮੀ; ਮੂੜ ਤਾਹਿ ਬਿਸਰਾਵੈ ॥

ਜੋ ਸਾਰਿਆਂ ਨੂੰ ਭੁਗਤਿ = ਭੋਜਨ ਦੇਣ ਵਾਲਾ ਹੈ ਅਤੇ ਮੁਕਤਿ = ਮੁਕਤੀ ਦੇਣ ਕਾ = ਦਾ ਕਾਰਨ = ਕਾਰਣ ਸੁਆਮੀ = ਵਾਹਿਗੁਰੂ ਹੈ, ਇਹ ਮੂੜ = ਬੇਸਮਝ, ਮੂਰਖ ਜੀਵ ਤਾਹਿ = ਤਿਸ ਪਰਮੇਸ਼ਰ ਨੂੰ ਬਿਸਰਾਵੈ = ਭੁਲਾਈ ਜਾਂਦਾ ਹੈ।

## ਜਨ ਨਾਨਕ ਕੋਟਨ ਮੈ ਕੋਊ; ਭਜਨੁ ਰਾਮ ਕੋ ਪਾਵੈ ॥੨॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਕੋਟਨ = ਕਰੋੜਾਂ ਮੈ = ਵਿੱਚੋਂ ਕੋਊ = ਕੋਈ ਵਿਰਲਾ ਹੀ ਗੁਰਮੁਖ ਜਨ ਰਾਮ = ਪਰਮੇਸ਼ਰ ਕੋ = ਦਾ ਭਜਨੁ = ਕੀਰਤਨ ਨੂੰ ਪਾਵੈ = ਪਾਉਂਦਾ ਹੈ ॥੨॥੩॥

## ਗਉੜੀ ਮਹਲਾ ੯ ॥

## ਸਾਧੋ; ਇਹੁ ਮਨੁ ਗਹਿਓ ਨ ਜਾਈ ॥

ਹੇ ਸਾਧੋ = ਸ੍ਰੇਸ਼ਟ ਜਨੋਂ, ਸੰਤ ਜਨੋਂ ! ਇਹੁ = ਇਸ ਮਨੁ = ਚਿਤ ਨੂੰ ਗਹਿਓ = ਪਕੜਿਆ ਨ = ਨਹੀਂ ਜਾਈ = ਜਾਂਦਾ। ਕਿਉਂਕਿ :

## ਚੰਚਲ ਤ੍ਰਿਸਨਾ ਸੰਗਿ ਬਸਤੁ ਹੈ; ਯਾ ਤੇ ਥਿਰੁ ਨ ਰਹਾਈ ॥੧॥ਰਹਾਉ॥

ਚੰਚਲ = ਚਲਾਇਮਾਨ ਕਰਨ ਵਾਲੀ ਤ੍ਰਿਸਨਾ = ਪ੍ਰਬਲ ਇੱਛਾ ਇਸ ਮਨ ਦੇ ਸੰਗਿ = ਨਾਲ ਬਸਤ = ਵਸਦੀ ਹੈ, ਯਾ ਤੇ = ਜਿਸ ਕਰਕੇ ਇਹ ਮਨ ਥਿਰ = ਸਥਿਰ ਨ = ਨਹੀਂ ਰਹਾਈ = ਰਹਿੰਦਾ ॥੧॥ਰਹਾਉ॥

## ਕਠਨ ਕਰੋਧ ਘਟ ਹੀ ਕੇ ਭੀਤਰਿ; ਜਿਹ ਸੁਧਿ ਸਭ ਬਿਸਰਾਈ ॥

ਬਹੁਤ ਹੀ ਕਠਨ = ਕਰੜਾ ਕਰੋਧ = ਗ਼ੁੱਸਾ ਇਸ ਦੇ ਘਟ = ਹਿਰਦੇ ਕੇ = ਦੇ ਭੀਤਰਿ = ਵਿਚ ਹੀ ਹੈ, ਜਿਹ = ਜਿਸ ਕ੍ਰੋਧ ਨੇ ਇਸ ਜੀਵ ਦੀ ਸਭ = ਸਾਰੀ ਸੁਧਿ = ਗਿਆਤ ਬਿਸਰਾਈ = ਭੁਲਾ ਦਿੱਤੀ ਹੈ। ਭਾਵ ਗ਼ੁੱਸੇ ਵਿਚ ਆਪਣੇ ਮਾਤਾ ਪਿਤਾ ਨੂੰ ਵੀ ਮਾਰਨ ਤਕ ਪਹੁੰਚ ਜਾਂਦਾ ਹੈ **ਵਾ:** ਮਾਰ ਹੀ ਦਿੰਦਾ ਹੈ ਤੇ ਜੋ ਸੁਧਿ = ਹੋਸ਼ ਨਾਲ ਬਜ਼ੁਰਗਾਂ ਦੀ ਸੇਵਾ ਸਤਿਕਾਰ ਕਰਨਾ ਸੀ, ਉਹ ਸਭ ਭੁਲਾ ਦਿੱਤਾ ਹੈ।

## ਰਤਨੁ ਗਿਆਨੁ ਸਭ ਕੋ ਹਿਰਿ ਲੀਨਾ; ਤਾ ਸਿਉ ਕਛੁ ਨ ਬਸਾਈ ॥੧॥

ਫਿਰ ਇਸ ਕ੍ਰੋਧ ਨੇ ਸਭ = ਸਾਰੇ ਜੀਵਾਂ ਕੋ = ਦਾ ਗਿਆਨੁ = ਬਿਬੇਕ, ਬੋਧ ਰੂਪੀ ਰਤਨੁ = ਮਾਣਿਕ ਹਿਰਿ = ਚੁਰਾ ਲੀਨਾ = ਲਿਆ ਹੈ। ਤਾ = ਉਸ ਕ੍ਰੋਧ ਦੇ ਸਿਉ = ਨਾਲ ਕਛੁ = ਕੁਝ ਵੀ ਬਸਾਈ = ਵੱਸ ਨਹੀਂ ਚੱਲਦਾ, ਭਾਵ ਜਿਥੇ ਕ੍ਰੋਧ ਆ ਜਾਂਦਾ ਹੈ ਉਸ ਹਿਰਦੇ ਵਿਚ ਗਿਆਨ ਇਸਥਿਤ ਨਹੀਂ ਰਹਿੰਦਾ ਤੇ ਇਹ ਸਭ ਨੂੰ ਆਪਣੇ ਅਧੀਨ ਕਰ ਲੈਂਦਾ ਹੈ, ਕਿਸੇ ਦੀ ਕੋਈ ਵਾਹ ਪੇਸ਼ ਨਹੀਂ ਜਾਣ ਦਿੰਦਾ ॥੧॥

## ਜੋਗੀ ਜਤਨ ਕਰਤ ਸਭਿ ਹਾਰੇ; ਗੁਨੀ ਰਹੇ ਗੁਨ ਗਾਈ ॥

ਉਸੇ ਕਰੋਧ ਨੂੰ ਰੋਕਣ ਵਾਸਤੇ ਜੋਗੀ = ਜੋਗ ਧਾਰਨ ਵਾਲੇ ਮਛੰਦਰ ਨਾਥ ਵਰਗੇ ਵੀ ਜਤਨ = ਸਾਧਨ ਕਰਤ = ਕਰ ਕਰ ਕੇ ਹਾਰੇ = ਹਾਰ ਗਏ ਹਨ ਅਤੇ ਗੁਨੀ = ਗੁਣ ਗਾਉਣ ਵਾਲੇ ਗੁਨ = ਸਿਫ਼ਤਾਂ ਗਾਈ = ਗਾ ਕਰ ਕੇ ਰਹੇ = ਰਹਿ ਗਏ ਹਨ, ਭਾਵ ਫਿਰ ਵੀ ਮਨ ਵਸ ਵਿਚ ਨਹੀਂ ਆਉਂਦਾ।

## ਜਨ ਨਾਨਕ, ਹਰਿ ਭਏ ਦਇਆਲਾ; ਤਉ ਸਭ ਬਿਧਿ ਬਨਿ ਆਈ ॥੨॥੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਦੋਂ ਹਰਿ = ਅਕਾਲ ਪੁਰਖ ਜੀ ਦਇਆਲਾ = ਦਿਆਲੂ ਭਏ = ਹੋਏ। ਤਉ = ਤਦੋਂ ਸਭ = ਸਾਰੀ ਬਿਧਿ = ਵਿਧੀ ਬਨਿ = ਬਣਿ ਆਈ = ਆ ਗਈ **ਅਥਵਾ** ਜਦੋਂ ਵਾਹਿਗੁਰੂ ਜੀ ਦਿਆਲੂ ਹੋਏ ਤਾਂ ਗੁਣੀ ਪੁਰਖਾਂ ਦੇ ਨਾਲ ਮਿਲ ਕਰ ਕੇ ਗੁਣਾਂ ਨੂੰ ਗਾਉਂਦੇ ਰਹੇ, ਉਦੋਂ ਸਾਰੀਆਂ ਹੀ ਬਿਧਿ = ਵਿਧੀਆਂ ਬਣ ਗਈਆਂ ॥੨॥੪॥

## ਗਉੜੀ, ਮਹਲਾ ੯ ॥

## ਸਾਧੋ; ਗੋਬਿੰਦ ਕੇ ਗੁਨ ਗਾਵਉ ॥

ਹੇ ਸਾਧੋ = ਸੰਤ ਜਨੋਂ, ਸ੍ਰੇਸ਼ਟ ਜਨੋਂ ! ਗੋਬਿੰਦ = ਪਰਮੇਸ਼ਰ ਕੇ = ਦੇ ਗੁਨ = ਸਿਫ਼ਤਾਂ ਦੇ ਤਾਈਂ ਗਾਵਉ = ਗਾਉਣਾ ਕਰੋ।

## ਮਾਨਸ ਜਨਮੁ ਅਮੋਲਕੁ ਪਾਇਓ; ਬਿਰਥਾ ਕਾਹਿ ਗਵਾਵਉ ॥੧॥ਰਹਾਉ॥

ਜਿਹੜਾ ਮਾਨਸ ਜਨਮ = ਮਨੁੱਖਾ ਜਨਮ ਹੈ, ਇਸ ਨੂੰ ਤੁਸੀਂ ਬਹੁਤ ਅਮੋਲਕ = ਬੇਕੀਮਤੀ ਪਾਇਓ = ਪ੍ਰਾਪਤ ਕੀਤਾ ਹੈ, ਇਸ ਨੂੰ ਬਿਰਥਾ = ਵਿਅਰਥ ਹੀ ਕਾਹਿ = ਕਿਉਂ ਗਵਾਵਉ = ਗਵਾਉਂਦੇ ਹੋ ॥੧॥ਰਹਾਉ॥

## ਪਤਿਤ ਪੁਨੀਤ ਦੀਨ ਬੰਧ ਹਰਿ; ਸਰਨਿ ਤਾਹਿ ਤੁਮ ਆਵਉ ॥

ਹਰਿ = ਹਰੀ ਪਰਮੇਸ਼ਰ ਪਤਿਤ = ਪਾਪੀਆਂ ਨੂੰ ਪੁਨੀਤ = ਪਵਿੱਤਰ ਕਰਨ ਵਾਲਾ ਹੈ ਅਤੇ ਦੀਨ = ਗ਼ਰੀਬਾਂ ਦਾ ਬੰਧ = ਸੰਬੰਧੀ ਹੈ, ਦੀਨ ਬੰਧੂ ਹੈ ਤਾਹਿ = ਤਿਸ ਪਰਮੇਸ਼ਰ ਦੀ ਸਰਨਿ = ਓਟ ਵਿਚ ਤੁਮ = ਤੁਸੀਂ ਆਵਉ = ਆਉਣਾ ਕਰੋ।

## ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ; ਤੁਮ ਕਾਹੇ ਬਿਸਰਾਵਉ ॥੧॥

ਜਿਹ = ਜਿਸ ਵਾਹਿਗੁਰੂ ਦਾ ਸਿਮਰਤ = ਸਿਮਰਨ ਕਰਨ ਨਾਲ ਗਜ = ਹਾਥੀ ਕੋ = ਦਾ ਤੰਦੂਏ ਕਰ ਕੇ ਗ੍ਰਸੇ ਹੋਣ ਦਾ ਤ੍ਰਾਸੁ = ਡਰ ਮਿਟਿਓ = ਮਿਟ ਗਿਆ ਸੀ, ਉਸ ਪਰਮੇਸ਼ਰ ਦੇ ਨਾਮ ਨੂੰ ਤੁਮ = ਤੁਸੀਂ ਕਾਹੇ = ਕਿਸ ਵਾਸਤੇ ਬਿਸਰਾਵਉ = ਭੁਲਾਉਂਦੇ ਹੋ ॥੧॥

**ਸਾਖੀ—ਹਾਥੀ ਤੇ ਤੰਦੂਏ ਦੀ :** ਹਾਹਾ ਅਤੇ ਹੂਹੂ ਦੋਵੇਂ ਗੰਧਰਬ ਸਵਰਗਾਂ ਦੇ ਰਾਗੀ ਸਨ, ਜਿਹੜੇ ਰਾਗ ਵਿਦਿਆ ਕਰ ਕੇ ਬੜੇ ਅਭਿਮਾਨੀ ਹੋ ਗਏ ਸਨ ਤਾਂ ਦੈਵਲ ਰਿਸ਼ੀ ਦੇ ਸਰਾਪ ਕਰ ਕੇ ਇਕ ਤੰਦੂਆ ਬਨਿਆ ਤੇ ਇਕ ਹਾਥੀ ਬਣ ਗਿਆ। ਇਹ ਹਾਥੀ ਆਪਣੇ ਪਰਿਵਾਰ ਸਮੇਤ ਵਰੁਣ ਦੇਵਤਾ ਦੇ ਤਲਾਅ ਪਰ ਪਾਣੀ ਪੀਣ ਲਈ ਆਇਆ (ਇਹ ਜਗ੍ਹਾ ਪਟਨਾ ਸਾਹਿਬ ਤੋਂ ਅੱਠ ਕੋਹ 'ਤੇ ਹੈ) ਜਿਥੇ ਇਹ ਆਇਆ ਉਥੇ ਤਲਾਅ ਵਿਚ ਤੰਦੂਆ ਰਹਿੰਦਾ ਸੀ। ਤੰਦੂਏ ਨੇ ਆਪਣੀਆਂ ਤਾਰਾਂ ਫੈਲਾਈਆਂ ਹੋਈਆਂ ਸਨ। ਜਦ ਹਾਥੀ ਪਾਣੀ ਪੀਣ ਲਈ ਤਲਾਅ ਦੇ ਅੰਦਰ ਵੜਿਆ ਤਾਂ ਤੰਦੂਏ ਨੇ ਇਸ ਨੂੰ ਤਾਰਾਂ ਪਾ ਕੇ ਡੂੰਘੇ ਪਾਣੀ ਵਿਚ ਖਿੱਚ ਲਿਆ। ਹਾਥੀ ਸਾਰਾ ਹੀ ਪਾਣੀ ਵਿਚ ਚਲਾ ਗਿਆ, ਕੇਵਲ ਸੁੰਡ ਹੀ ਬਾਹਰ ਰਹਿ ਗਈ ਤਾਂ ਨਿਰਬਲ ਹੋਏ ਨੇ ਪਾਣੀ ਵਿਚ ਰੁੜੇ ਆਉਂਦੇ ਕਮਲ ਦਾ ਫੁੱਲ ਲੈ ਕੇ ਈਸ਼ਵਰ ਨੂੰ ਅਰਪਦੇ ਹੋਏ ਨੇ ਸਹਾਇਤਾ ਲਈ ਪੁਕਾਰ ਕੀਤੀ ਤਾਂ ਪਰਮੇਸ਼ਰ ਪ੍ਰਸੰਨ ਹੋ ਕੇ ਬੈਕੁੰਠ ਵਿੱਚੋਂ ਸੁਦਰਸ਼ਨ ਚੱਕਰ ਲੈ ਕੇ ਆਏ ਤੇ ਤੰਦੂਏ ਦੀਆਂ ਤਾਰਾਂ ਕੱਟ ਦਿੱਤੀਆਂ ਤੇ ਗਜਰਾਜ ਨੂੰ ਮੁਕਤ ਕੀਤਾ, ਉਸ ਦਾ ਸਾਰਾ ਡਰ ਮਿਟਾ ਦਿੱਤਾ। ਏਸੇ ਪ੍ਰਕਾਰ ਮਨ ਹਾਥੀ ਦੀ ਨਿਆਈਂ ਹੈ ਤੇ ਅਗਿਆਨ ਤੰਦੂਏ ਦੀ ਨਿਆਈਂ ਹੈ, ਅਗਿਆਨ ਰੂਪੀ ਤੰਦੂਏ ਨੇ ਸੰਸਾਰ ਰੂਪੀ ਤਲਾਅ ਤੋਂ ਵਿਕਾਰਾਂ ਰੂਪੀ ਤਾਰਾਂ ਨਾਲ ਵਾਸ਼ਨਾ ਰੂਪੀ ਪਾਣੀ ਵਿਚ ਡੁਬੋ ਲਿਆ। ਏਸੇ ਪ੍ਰਕਾਰ ਜਿਨ੍ਹਾਂ ਨੇ ਭਾਵਨਾ ਰੂਪੀ ਸੁੰਡ ਨਾਲ ਸ਼ਰਧਾ ਰੂਪੀ ਫੁੱਲ ਅਰਪਨ ਕੀਤਾ ਹੈ, ਉਨ੍ਹਾਂ ਦੇ ਪਰਮੇਸ਼ਰ ਨੇ ਸਿਮਰਨ ਰੂਪੀ ਸੁਦਰਸ਼ਨ ਚੱਕਰ ਲੈ ਕੇ ਅਗਿਆਨ ਰੂਪੀ ਤੰਦੂਏ ਦੀਆਂ ਤਾਰਾਂ ਕੱਟ ਕੇ ਬਚਾ ਲਿਆ ਹੈ। ਸਭ ਡਰ ਭੈ ਮੇਟ ਦਿੱਤਾ ਹੈ, ਸੋ ਉਸ ਪਰਮੇਸ਼ਰ ਨੂੰ ਤੁਸੀਂ ਕਿਉਂ ਭੁਲਾਉਂਦੇ ਹੋ।

## ਤਜਿ ਅਭਿਮਾਨ ਮੋਹ ਮਾਇਆ ਫੁਨਿ; ਭਜਨ ਰਾਮ ਚਿਤੁ ਲਾਵਉ ॥

ਹੇ ਭਾਈ ! ਇਸ ਪ੍ਰਕਾਰ ਅਭਿਮਾਨ = ਹੰਕਾਰ ਫੁਨਿ = ਪੁਨਾ ਮਾਇਆ = ਛਲ ਰੂਪ ਦਾ ਮੋਹ = ਸਨੇਹ

ਤਜਿ = ਤਿਆਗਣਾ ਕਰੋ ਤੇ ਰਾਮ = ਪਰਮੇਸ਼ਰ ਦੇ ਭਜਨ = ਕੀਰਤਨ ਵਿਚ ਚਿਤੁ = ਮਨ ਨੂੰ ਲਾਵਉ = ਲਾਉਣਾ ਕਰੋ।

## ਨਾਨਕ ਕਹਤ, ਮੁਕਤਿ ਪੰਥ ਇਹੁ; ਗੁਰਮੁਖਿ ਹੋਇ ਤੁਮ ਪਾਵਉ ॥੨॥੫॥

ਸਤਿਗੁਰੂ ਸਾਹਿਬ ਜੀ ਕਹਤ = ਕਥਨ ਕਰਦੇ ਹਨ ਕਿ ਹੇ ਭਾਈ! ਇਹੁ = ਇਹ ਹੀ ਮੁਕਤਿ = ਮੁਕਤੀ ਦਾ ਪੰਥ = ਰਸਤਾ ਹੈ, ਗੁਰਮੁਖਿ = ਗੁਰਮੁਖ ਹੋਇ = ਹੋ ਕੇ ਤੁਮ = ਤੁਸੀਂ ਪਾਵਉ = ਪਾ ਲਵੋਗੇ **ਵਾ:** ਗੁਰਾਂ ਦੁਆਰਾ ਗੁਰਮੁਖ ਬਣ ਕੇ ਪ੍ਰਾਪਤ ਕਰੋ॥੨॥੫॥

[ਅੰਗ ੨੨੦]

## ਗਉੜੀ, ਮਹਲਾ ੯ ॥

## ਕੋਊ ਮਾਈ; ਭੂਲਿਓ ਮਨੁ ਸਮਝਾਵੈ ॥

ਹੇ ਭਾਈ! ਕੋਊ = ਕੋਈ ਕੋਈ ਹੈ ਜਿਹੜਾ ਮਾਈ = ਮਾਇਆ ਵਿਚ ਭੂਲਿਓ = ਭੁੱਲੇ ਹੋਏ ਮਨੁ = ਚਿਤ ਨੂੰ ਸਮਝਾਵੈ = ਸਮਝਾ ਲੈਂਦਾ ਹੈ।

## ਬੇਦ ਪੁਰਾਨ, ਸਾਧ ਮਗ ਸੁਨਿ ਕਰਿ; ਨਿਮਖ ਨ ਹਰਿ ਗੁਨ ਗਾਵੈ ॥੧॥ਰਹਾਉ॥

ਬੇਦ = ਚਾਰੇ ਵੇਦਾਂ, ਪੁਰਾਨ = ਅਠਾਰਾਂ ਪੁਰਾਣਾਂ ਅਤੇ ਸਾਧ = ਮਹਾਂਪੁਰਖਾਂ ਦੇ, ਬਿਬੇਕ, ਵੈਰਾਗ ਰੂਪੀ ਮਗ = ਰਸਤੇ ਬਾਰੇ ਸੁਨਿ = ਸੁਣ ਕਰਿ = ਕਰ ਕੇ ਵੀ ਸਾਧ = ਸਾਧੂ ਮਹਾਤਮਾ ਦੇ ਕੋਲੋਂ ਪ੍ਰਭੂ ਪ੍ਰਾਪਤੀ ਦਾ ਮਗ = ਰਸਤਾ ਸੁਣ ਕਰ ਕੇ ਵੀ ਇਹ ਜੀਵ ਨਿਮਖ = ਅੱਖਾਂ ਖੋਲ੍ਹਣ ਮੀਚਣ ਦੇ ਸਮੇਂ ਜਿੰਨਾ ਵੀ ਹਰਿ = ਵਾਹਿਗੁਰੂ ਦੇ ਗੁਨ = ਸਿਫ਼ਤਾਂ ਦੇ ਤਾਈਂ ਨ = ਨਹੀਂ ਗਾਵੈ = ਗਾਉਂਦਾ॥੧॥ਰਹਾਉ॥

## ਦੁਰਲਭ ਦੇਹ ਪਾਇ ਮਾਨਸ ਕੀ; ਬਿਰਥਾ ਜਨਮੁ ਸਿਰਾਵੈ ॥

ਹੇ ਜੀਵ! ਜਿਸ ਦੁਰਲਭ = ਕਠਨਤਾਈ ਨਾਲ ਪ੍ਰਾਪਤ ਹੋਣ ਵਾਲੀ ਮਾਨਸ = ਮਨੁੱਖਾ ਦੇਹ = ਸਰੀਰ ਨੂੰ ਪਾਇ = ਪ੍ਰਾਪਤ ਕਰ ਕੇ ਇਸ ਅਮੋਲਕ ਜਨਮ ਨੂੰ ਬਿਰਥਾ = ਵਿਅਰਥ ਹੀ ਸਿਰਾਵੈ = ਬਤੀਤ ਕਰ ਰਿਹਾ ਹੈਂ, ਗੁਜ਼ਾਰ ਰਿਹਾ ਹੈਂ।

## ਮਾਇਆ ਮੋਹ, ਮਹਾ ਸੰਕਟ ਬਨ; ਤਾ ਸਿਉ ਰੁਚ ਉਪਜਾਵੈ ॥੧॥

ਮਾਇਆ = ਛਲ ਰੂਪ ਪਦਾਰਥਾਂ ਦਾ ਮੋਹ = ਸਨੇਹ ਮਹਾ = ਬਹੁਤ ਹੀ ਸੰਕਟ = ਦੁਖ ਦੇਣ ਵਾਲਾ ਬਨ = ਜੰਗਲ ਉਜਾੜ ਹੈ। ਤਾ = ਤਿਸ ਬੀਆਬਾਨ ਜੰਗਲ ਵਿਚ ਜ਼ਹਿਰੀਲੇ ਫਲ ਖਾਣ ਦੀ ਨਿਆਈਂ ਵਿਸ਼ਿਆਂ ਦੇ ਵਿਚ ਰੁਚ = ਰੁਚੀ, ਪ੍ਰੇਮ ਉਪਜਾਵੈ = ਪੈਦਾ, ਉਤਪੰਨ ਕਰਦਾ ਹੈ॥੧॥

## ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ; ਤਾ ਸਿਉ ਨੇਹੁ ਨ ਲਾਵੈ ॥

ਹੇ ਜੀਵ! ਜਿਹੜਾ ਪ੍ਰਭ = ਪਰਮੇਸ਼ਰ ਤੇਰੇ ਅੰਤਰ = ਹਿਰਦੇ ਵਿਚ ਅਤੇ ਬਾਹਰਿ = ਸੰਸਾਰ ਵਿਚ **ਵਾ:** ਅੰਤਰਿ ਬਾਹਰਿ = ਆਉਂਦੇ ਜਾਂਦੇ ਸ੍ਵਾਸ ਸ੍ਵਾਸ ਦੇ ਵੀ ਸਦਾ = ਹਮੇਸ਼ਾਂ ਸੰਗਿ = ਨਾਲ ਹੈ, ਤਾ = ਤਿਸ ਪਰਮੇਸ਼ਰ ਦੇ ਸਿਉ = ਨਾਲ ਨੇਹੁ = ਪ੍ਰੇਮ ਨ = ਨਹੀਂ ਲਾਵੈ = ਲਾਉਂਦਾ।

## ਨਾਨਕ ਮੁਕਤਿ ਤਾਹਿ ਤੁਮ ਮਾਨਹੁ; ਜਿਹ ਘਟਿ ਰਾਮੁ ਸਮਾਵੈ ॥੨॥੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਤੁਮ = ਤੁਸੀਂ ਤਾਹਿ = ਉਸ ਨੂੰ ਮੁਕਤਿ = ਮੁਕਤ ਰੂਪ ਮਾਨਹੁ = ਮੰਨਣਾ ਕਰੋ, ਜਿਹ = ਜਿਸ ਦੇ ਘਟਿ = ਹਿਰਦੇ ਵਿਚ ਰਾਮੁ = ਪਰਮੇਸ਼ਰ ਸਮਾਵੈ = ਸਮਾ ਜਾਂਦਾ ਹੈ **ਵਾ:** ਵਸ ਜਾਂਦਾ ਹੈ ॥੨॥੬॥

## ਗਉੜੀ, ਮਹਲਾ ੯ ॥
## ਸਾਧੋ; ਰਾਮ ਸਰਨਿ ਬਿਸਰਾਮਾ ॥

ਹੇ ਸਾਧੋ = ਸੰਤ ਜਨੋਂ, ਸ੍ਰੇਸ਼ਟ ਜਨੋਂ ! ਰਾਮ = ਪਰਮੇਸ਼ਰ ਦੀ ਸਰਨਿ = ਓਟ ਵਿਚ ਹੀ ਬਿਸਰਾਮਾ = ਇਸਥਿਤੀ ਹੈ, ਟਿਕਾਅ ਹੈ।

## ਬੇਦ ਪੁਰਾਨ ਪੜੇ ਕੋ ਇਹ ਗੁਨ; ਸਿਮਰੇ ਹਰਿ ਕੋ ਨਾਮਾ ॥੧॥ਰਹਾਉ॥

ਬੇਦ = ਚਾਰੇ ਵੇਦਾਂ ਅਤੇ ਪੁਰਾਨ = ਅਠਾਰਾਂ ਪੁਰਾਣਾਂ ਆਦਿ ਗ੍ਰੰਥਾਂ ਨੂੰ ਪੜੇ = ਪੜ੍ਹਨ ਕੋ = ਦਾ ਇਹ = ਇਹੋ ਗੁਨ = ਗੁਣ ਹੈ, ਇਹੋ ਲਾਭ ਹੈ ਕਿ ਹਰਿ = ਪਰਮੇਸ਼ਰ ਕੋ = ਦਾ ਨਾਮਾ = ਨਾਮ ਸਿਮਰੈ = ਸਿਮਰਨਾ ਕਰੇ ॥੧॥ਰਹਾਉ॥

## ਲੋਭ ਮੋਹ ਮਾਇਆ ਮਮਤਾ ਫੁਨਿ; ਅਉ ਬਿਖਿਅਨ ਕੀ ਸੇਵਾ ॥

ਲੋਭ = ਲਾਲਚ, ਮੋਹ = ਸਨੇਹ ਫੁਨਿ = ਪੁਨਾ ਮਾਇਆ = ਛਲ ਰੂਪ ਪਦਾਰਥਾਂ ਦੀ ਮਮਤਾ = ਅਪਣਤ ਅਉ = ਅਤੇ ਬਿਖਿਅਨ = ਵਿਸ਼ਿਆਂ ਕੀ = ਦੀ ਸੇਵਾ = ਟਹਿਲ ਭਾਵ ਵਿਸ਼ਿਆਂ ਦਾ ਭੋਗਣਾ। ਅਤੇ

## ਹਰਖ ਸੋਗ ਪਰਸੈ ਜਿਹ ਨਾਹਨਿ; ਸੋ ਮੂਰਤਿ ਹੈ ਦੇਵਾ ॥੧॥

ਪਦਾਰਥ ਆਏ ਤੋਂ ਹਰਖ = ਖ਼ੁਸ਼ੀ, ਨਾਸ ਹੋਏ ਤੋਂ ਸੋਗ = ਚਿੰਤਾ ਜਿਹ = ਜਿਸ ਪੁਰਸ਼ ਨੂੰ ਪਰਸੈ = ਸਪਰਸ਼, ਪੋਂਹਦੇ ਤਕ ਨਾਹਨਿ = ਨਹੀਂ ਹਨ, ਸੋ = ਉਹ ਪੁਰਸ਼ ਦੇਵਾ = ਪ੍ਰਕਾਸ਼ ਸਰੂਪ ਪਰਮਾਤਮਾ ਦਾ ਮੂਰਤਿ = ਸਰੂਪ ਹੀ ਹੈ ॥੧॥

## ਸੁਰਗ ਨਰਕ, ਅੰਮ੍ਰਿਤ ਬਿਖੁ, ਏ ਸਭ; ਤਿਉ ਕੰਚਨ ਅਰੁ ਪੈਸਾ ॥

ਸੁਰਗ = ਬਹਿਸ਼ਤ ਹੋਣੀ, ਨਰਕ = ਦੋਜਕ ਦੀ ਪ੍ਰਾਪਤੀ ਹੋਣੀ। ਅੰਮ੍ਰਿਤ ਅਤੇ ਬਿਖੁ = ਜ਼ਹਿਰ **ਵਾ:** ਅੰਮ੍ਰਿਤ = ਸੁਖ ਅਤੇ ਬਿਖੁ = ਜ਼ਹਿਰ ਏ = ਇਹ ਸਭ = ਸਾਰੇ ਇਕ ਸਾਰ ਜਾਣਦਾ ਹੋਵੇ ਤਿਉ = ਤਿਵੇਂ ਹੀ ਕੰਚਨ = ਸੋਨੇ ਅਰੁ = ਅਤੇ ਪੈਸਾ = ਤਾਂਬੇ ਨੂੰ ਇਕ ਸਮਾਨ ਸਮਝੇ।

## ਉਸਤਤਿ ਨਿੰਦਾ, ਏ ਸਮ ਜਾ ਕੈ; ਲੋਭੁ ਮੋਹੁ ਫੁਨਿ ਤੈਸਾ ॥੨॥

ਫਿਰ ਉਸਤਤਿ = ਵਡਿਆਈ ਅਤੇ ਨਿੰਦਾ = ਅਪਜਸ ਏ = ਇਹ ਵੀ ਜਾ = ਜਿਸ ਕੈ = ਦੇ ਹਿਰਦੇ ਵਿਚ ਸਮ = ਬਰਾਬਰ ਹੋਣ, ਭਾਵ ਦੋਵਾਂ ਵਿਚ ਇੱਕੋ ਜਿਹੀ ਬਿਰਤੀ ਹੋਵੇ, ਫੁਨਿ = ਪੁਨਾ ਪਦਾਰਥਾਂ ਦਾ ਲੋਭੁ = ਲਾਲਚ ਸਰੀਰਾਂ ਦਾ ਮੋਹੁ = ਸਨੇਹ ਵੀ ਤੈਸਾ = ਤਿਵੇਂ ਹੀ ਜਿਸ ਦੇ ਹਿਰਦੇ ਵਿਚ ਇਕ ਸਮਾਨ ਹੋਵੇ ॥੨॥ ਅਰ :

## ਦੁਖੁ ਸੁਖੁ ਏ ਬਾਧੇ ਜਿਹ ਨਾਹਨਿ; ਤਿਹ ਤੁਮ ਜਾਨਹੁ[੧] ਗਿਆਨੀ ॥

ਦੁਖੁ = ਕਸ਼ਟ ਸੁਖੁ = ਅਨੰਦ ਏ = ਇਹ ਜਿਹ = ਜਿਸ ਪੁਰਖ ਨੂੰ ਬਾਧੇ = ਬੰਨ੍ਹਦੇ ਨਾਹਨਿ = ਨਹੀਂ

---

੧. 'ਜਾਨਉ' ਪਾਠ ਕਰਤਾਰਪੁਰ ਵਾਲੀ ਬੀੜ ਵਿਚ ਹੈ।

ਹਨ, ਤਿਹ = ਤਿਸ ਪੁਰਸ਼ ਨੂੰ ਤੁਮ = ਤੁਸੀਂ ਗਿਆਨੀ = ਗਿਆਨਵਾਨ, ਬ੍ਰਹਮ ਗਿਆਨੀ ਜਾਨਹੁ = ਜਾਨਣਾ ਕਰੋ।

## ਨਾਨਕ, ਮੁਕਤਿ ਤਾਹਿ ਤੁਮ ਮਾਨਉ; ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ! ਜੋ = ਜਿਹੜਾ ਪ੍ਰਾਨੀ = ਜੀਵ, ਪੁਰਖ ਇਹ = ਇਸ ਬਿਧਿ = ਪ੍ਰਕਾਰ, ਤਰ੍ਹਾਂ ਕੋ = ਦਾ ਹੈ, ਤਾਹਿ = ਤਿਸ ਪੁਰਸ਼ ਨੂੰ ਹੀ ਤੁਮ = ਤੁਸੀਂ ਮੁਕਤਿ = ਮੁਕਤ ਰੂਪ ਮਾਨਉ = ਮੰਨਣਾ ਕਰੋ ॥੩॥੭॥ ਜੈਸਾ ਕਿ :

**ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥**
**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨ ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥** *(ਸਲੋਕ ਮ: ੯, ਅੰਗ ੧੪੨੭)*

## ਗਉੜੀ, ਮਹਲਾ ੯ ॥
## ਮਨ ਰੇ; ਕਹਾ ਭਇਓ ਤੈ ਬਉਰਾ ॥

ਰੇ = ਹੇ ਮੇਰੇ ਮਨ = ਮਨਾਂ! ਤੈ = ਤੂੰ ਕਹਾ = ਕਿਸ ਵਾਸਤੇ ਬਉਰਾ = ਕਮਲਾ ਭਇਓ = ਹੋ ਗਿਆ ਹੈਂ।

## ਅਹਿਨਿਸਿ ਅਉਧ ਘਟੈ, ਨਹੀ ਜਾਨੈ; ਭਇਓ ਲੋਭ ਸੰਗਿ ਹਉਰਾ ॥੧॥ਰਹਾਉ॥

ਅਹਿਨਿਸਿ = ਦਿਨ ਰਾਤ ਤੇਰੀ ਅਉਧ = ਉਮਰ ਘਟੈ = ਘਟਦੀ ਜਾਂਦੀ ਹੈ। ਇਹ ਤੂੰ ਜਾਨੈ = ਜਾਣਦਾ ਹੀ ਨਹੀਂ, ਪ੍ਰਵਾਹ ਹੀ ਨਹੀਂ ਕਰਦਾ। ਪਦਾਰਥਾਂ ਦੇ ਹੀ ਲੋਭ = ਲਾਲਚ ਦੇ ਸੰਗਿ = ਨਾਲ ਹਉਰਾ = ਹੌਲਾ, ਹਲਕਾ ਭਾਵ ਤੁਛ ਭਇਓ = ਹੋ ਗਿਆ ਹੈਂ ॥੧॥ਰਹਾਉ॥

## ਜੋ ਤਨੁ, ਤੈ ਅਪਨੋ ਕਰਿ ਮਾਨਿਓ; ਅਰੁ ਸੁੰਦਰ ਗ੍ਰਿਹ ਨਾਰੀ ॥

ਜੋ = ਜਿਹੜਾ ਤਨੁ = ਸਰੀਰ ਤੈ = ਤੂੰ ਅਪਨੋ = ਆਪਣਾ ਕਰਿ = ਕਰ ਕੇ ਮਾਨਿਓ = ਮੰਨਿਆ ਹੈ, ਅਰੁ = ਅਤੇ ਗ੍ਰਿਹ = ਘਰ ਨਾਰੀ = ਇਸਤਰੀ ਨੂੰ ਸੁੰਦਰ = ਸੋਹਣੇ ਜਾਣਦਾ ਹੈ **ਵਾ:** ਆਪਣੇ ਗ੍ਰਿਹ = ਘਰ ਦੀ ਨਾਰੀ = ਇਸਤਰੀ ਨੂੰ ਸੁੰਦਰ ਮੰਨਿਆ ਹੈ।

## ਇਨ ਮੈ ਕਛੁ, ਤੇਰੋ ਰੇ ਨਾਹਨਿ; ਦੇਖੋ ਸੋਚ ਬਿਚਾਰੀ ॥੧॥

ਰੇ = ਹੇ ਮਨ! ਇਨ = ਇਨ੍ਹਾਂ ਪਦਾਰਥਾਂ ਦੇ ਮੈ = ਵਿਚ ਤੇਰੋ = ਤੇਰਾ ਕਛੁ = ਕੁਝ ਭੀ ਨਾਹਨਿ = ਨਹੀਂ ਹੈ। ਤੂੰ ਆਪਣੇ ਆਪ ਵਿਚ ਸੋਚ ਬਿਚਾਰੀ = ਸੋਚ ਵਿਚਾਰ ਕੇ ਦੇਖੋ = ਵੇਖ ਲੈਣਾ ਕਰ **ਵਾ:** ਵੇਦਾਂ ਸ਼ਾਸਤਰਾਂ ਨੂੰ ਸੋਚ ਕੇ ਅਤੇ ਆਪਣੇ ਅਨੁਭਵ ਦੁਆਰਾ ਬਿਚਾਰੀ = ਵਿਚਾਰ ਕੇ ਦੇਖੋ = ਦੇਖ ਲੈ ॥੧॥

## ਰਤਨ ਜਨਮੁ ਅਪਨੋ ਤੈ ਹਾਰਿਓ; ਗੋਬਿੰਦ ਗਤਿ ਨਹੀ ਜਾਨੀ ॥

ਹੇ ਮਨ! ਤੈ = ਤੂੰ ਅਪਨੋ = ਆਪਣਾ ਰਤਨ = ਮਾਣਿਕਾਂ ਦੀ ਨਿਆਈਂ ਅਮੋਲਕ ਜਨਮੁ = ਮਨੁੱਖਾ ਜਨਮ ਵਿਸ਼ਿਆਂ ਦੀ ਸੰਗਤ ਕਰ ਕੇ ਸੰਸਾਰ ਰੂਪੀ ਜੂਏ ਵਿਚ ਹਾਰਿਓ = ਹਾਰ ਰਿਹਾ ਹੈਂ, ਗੋਬਿੰਦ = ਪਰਮੇਸ਼ਰ ਦੀ ਪ੍ਰਾਪਤੀ ਦੀ ਗਤਿ = ਮਰਿਆਦਾ ਨੂੰ ਤੂੰ ਜਾਨੀ = ਜਾਣਿਆ ਹੀ ਨਹੀਂ।

## ਨਿਮਖ ਨ ਲੀਨ ਭਇਓ ਚਰਨਨ ਸਿੰਉ; ਬਿਰਥਾ ਅਉਧ ਸਿਰਾਨੀ ॥੨॥

ਹੇ ਮਨਾ! ਨਿਮਖ = ਅੱਖ ਦੇ ਖੋਲ੍ਹਣ ਮੀਚਣ ਜਿੰਨਾ ਸਮਾਂ ਵੀ ਮਹਾਰਾਜ ਦੇ ਚਰਨਨ = ਚਰਣਾਂ ਦੇ

ਸਿਉ = ਨਾਲ ਲੀਨ = ਲੀਣ ਮਸਤ ਨ = ਨਹੀਂ ਭਇਓ = ਹੋਇਆ ਸਾਰੀ ਅਉਧ = ਉਮਰ ਬਿਰਥਾ = ਵਿਅਰਥ ਹੀ ਸਿਰਾਨੀ = ਬਤੀਤ ਕਰ ਰਿਹਾ ਹੈਂ ॥੨॥

## ਕਹੁ ਨਾਨਕ ਸੋਈ ਨਰੁ ਸੁਖੀਆ; ਰਾਮ ਨਾਮ ਗੁਨ ਗਾਵੈ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੋਈ = ਉਹੋ ਨਰੁ = ਮਨੁੱਖ ਸੁਖੀਆ = ਸੁਖੀ ਹੈ, ਜਿਹੜਾ ਰਾਮ = ਪਰਮੇਸ਼ਰ ਦੇ ਨਾਮ ਨੂੰ ਜਪਦਾ ਹੈ ਤੇ ਗੁਨ = ਸਿਫ਼ਤਾਂ ਨੂੰ ਗਾਵੈ = ਗਾਉਂਦਾ ਹੈ।

## ਅਉਰ ਸਗਲ ਜਗੁ ਮਾਇਆ ਮੋਹਿਆ; ਨਿਰਭੈ ਪਦੁ ਨਹੀ ਪਾਵੈ ॥੩॥੮॥

ਅਉਰ = ਹੋਰ ਸਗਲ = ਸਾਰਾ ਜਗੁ = ਸੰਸਾਰ ਮਾਇਆ ਨੇ ਹੀ ਮੋਹਿਆ = ਮੋਹਿਤ ਕਰ ਲਿਆ ਹੈ, ਜਿਸ ਕਰਕੇ ਜੀਵ ਨਿਰਭੈ = ਭੈ ਤੋਂ ਰਹਿਤ ਪਦੁ = ਪਦਵੀ ਅਬਿਨਾਸੀ ਪਦ ਨੂੰ ਨਹੀਂ ਪਾਵੈ = ਪਾ ਸਕਦਾ ॥੩॥੮॥

## ਗਉੜੀ, ਮਹਲਾ ੯ ॥ ਨਰ ਅਚੇਤ; ਪਾਪ ਤੇ ਡਰੁ ਰੇ ॥

ਰੇ = ਹੇ ਅਚੇਤ = ਮੂਰਖ ਨਰ = ਪੁਰਸ਼ **ਵਾ:** ਅਚੇਤ = ਚੇਤਨਤਾ ਤੋਂ ਰਹਿਤ ਹੋਏ ਮਨੁੱਖ ਪਾਪ = ਮੰਦ ਕਰਮ ਕਰਨ ਤੇ = ਤੋਂ ਡਰੁ = ਡਰਣਾ ਕਰ **ਵਾ:** ਹੇ ਨਰ = ਪੁਰਖ! ਅਚੇਤ = ਬੇਖਿਆਲ, ਸੰਕਲਪ ਕੀਤੇ ਤੋਂ ਬਿਨਾਂ ਹੋਣ ਵਾਲੇ ਪਾਪ ਕਰਮਾਂ ਤੋਂ ਵੀ ਡਰਨਾ ਕਰ।

## ਦੀਨ ਦਇਆਲ ਸਗਲ ਭੈ ਭੰਜਨ; ਸਰਨਿ ਤਾਹਿ ਤੁਮ ਪਰੁ ਰੇ ॥੧॥ਰਹਾਉ॥

ਜੋ ਦੀਨ = ਗ਼ਰੀਬਾਂ 'ਤੇ ਦਇਆਲ = ਦਿਆਲੂ ਹੈ ਅਤੇ ਜੰਮਣ ਮਰਣ ਆਦਿ ਦੇ ਸਗਲ = ਸਾਰੇ ਭੈ = ਡਰ ਭੰਜਨ = ਭੰਨਣ ਵਾਲਾ ਹੈ। ਰੇ = ਹੇ ਭਾਈ ਤੁਮ = ਤੁਸੀਂ ਤਾਹਿ = ਉਸ ਵਾਹਿਗੁਰੂ ਦੀ ਸਰਨਿ = ਓਟ ਵਿਚ ਪਰੁ = ਪੈਣਾ ਕਰੋ ॥੧॥ਰਹਾਉ॥

## ਬੇਦ ਪੁਰਾਨ ਜਾਸ ਗੁਨ ਗਾਵਤ; ਤਾ ਕੋ ਨਾਮੁ ਹੀਐ ਮੋ ਧਰੁ ਰੇ ॥

ਬੇਦ = ਚਾਰੇ ਵੇਦ ਪੁਰਾਨ = ਅਠਾਰਾਂ ਪੁਰਾਣ ਜਾਸ = ਜਿਸ ਵਾਹਿਗੁਰੂ ਦੇ ਗੁਨ = ਸਿਫ਼ਤਾਂ ਤਾਈਂ ਗਾਵਤ = ਗਾਉਂਦੇ ਹਨ, ਰੇ = ਹੇ ਭਾਈ ਤਾ = ਉਸ ਵਾਹਿਗੁਰੂ ਕੋ = ਦਾ ਨਾਮ ਹੀਐ = ਹਿਰਦੇ ਦੇ ਮੋ = ਵਿਚ ਧਰੁ = ਧਾਰਨਾ ਕਰੋ, ਵਸਾਉਣਾ ਕਰੋ।

## ਪਾਵਨ ਨਾਮੁ ਜਗਤਿ ਮੈ ਹਰਿ ਕੋ; ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥੧॥

ਇਸ ਜਗਤਿ = ਸੰਸਾਰ ਦੇ ਮੈ = ਵਿਚ ਹਰਿ = ਪਰਮੇਸ਼ਰ ਕੋ = ਦਾ ਨਾਮ ਪਾਵਨ = ਪਵਿੱਤਰ ਹੈ, ਰੇ = ਹੇ ਭਾਈ! ਸਿਮਰਿ = ਸਿਮਰਨੇ ਜੋਗ ਪਰਮੇਸ਼ਰ ਦੇ ਨਾਮ ਨੂੰ ਮਨ, ਬਾਣੀ ਨਾਲ ਸਿਮਰਿ = ਯਾਦ ਕਰੋ, ਜਿਸ ਨਾਲ ਸਭ = ਸਾਰੇ ਕਸਮਲ = ਪਾਪ ਹਰੁ = ਨਾਸ ਹੋ ਜਾਣਗੇ ॥੧॥

## ਮਾਨਸ ਦੇਹ ਬਹੁਰਿ ਨਹ ਪਾਵੈ; ਕਛੂ ਉਪਾਉ ਮੁਕਤਿ ਕਾ ਕਰੁ ਰੇ ॥

ਰੇ = ਹੇ ਭਾਈ ਇਹ ਮਾਨਸ = ਮਨੁੱਖਾ ਦੇਹ = ਦੇਹੀ ਬਹੁਰਿ = ਮੁੜ ਕੇ ਨਹ = ਨਹੀਂ ਪਾਵੈ = ਪ੍ਰਾਪਤ ਹੋਣੀ ਇਸ ਕਰਕੇ ਕਛੂ = ਕੋਈ ਮੁਕਤਿ = ਮੁਕਤ ਹੋਣ ਕਾ = ਦਾ ਉਪਾਉ = ਯਤਨ ਕਰੁ = ਕਰ ਲੈਣਾ ਕਰੋ।

## ਨਾਨਕ ਕਹਤ ਗਾਇ ਕਰੁਨਾਮੈ; ਭਵ ਸਾਗਰ ਕੈ ਪਾਰਿ ਉਤਰੁ ਰੇ ॥੨॥੯॥੨੫੧॥

ਸਤਿਗੁਰੂ ਸਾਹਿਬ ਜੀ ਕਹਤ = ਕਥਨ ਕਰਦੇ ਹਨ ਕਿ ਰੇ = ਹੇ ਭਾਈ ਕਰੁਨਾਮੈ = ਕ੍ਰਿਪਾਲੂ ਸਰੂਪ ਪਰਮੇਸ਼ਰ ਦੇ ਜਸ ਨੂੰ ਗਾਇ = ਗਾਉਣਾ ਕਰੋ, ਇਸ ਪ੍ਰਕਾਰ ਭਵਸਾਗਰ = ਸੰਸਾਰ-ਸਮੁੰਦਰ ਤੋਂ ਪਾਰਿ = ਪਾਰ ਉਤਰ = ਉੱਤਰਨਾ ਹੋਵੇਗਾ, ਸੰਸਾਰ ਤੋਂ ਪਾਰ ਹੋ ਜਾਵੋਗੇ ॥੨॥੯॥੨੫੧॥

# ਰਾਗੁ ਗਉੜੀ ਅਸਟਪਦੀਆ, ਮਹਲਾ ੧ ਗਉੜੀ ਗੁਆਰੇਰੀ

ਰਾਗ ਗਉੜੀ ਵਿਚ ਅਸਟਪਦੀਆ = ਅੱਠ ਪਦਿਆਂ ਵਾਲਾ ਸ਼ਬਦ ਪਹਿਲੇ ਪਾਤਿਸ਼ਾਹ ਜੀ ਗਉੜੀ ਦੀ ਗੁਆਰੇਰੀ ਜਾਤੀ ਵਿਚ ਉਚਾਰਨ ਕਰਦੇ ਹਨ:

## ੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

੧ = ਅਦ੍ਵੈਤ ਸਰੂਪ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਸਤਿ = ਤ੍ਰੈ ਕਾਲ ਅਬਾਧ ਸਰੂਪ ਨਾਮੁ = ਪ੍ਰਸਿੱਧ, ਕਰਤਾ = ਸਭ ਜਗਤ ਦੀ ਰਚਨਾ ਕਰਨ ਵਾਲਾ, ਪੁਰਖੁ = ਵਿਆਪਕ ਸਰੂਪ ਪਰਮੇਸ਼ਰ ਜੋ ਗੁਰ = ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਉਥਾਨਕਾ :** ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਗੋਰਖਮਤੇ (ਨਾਨਕਮਤੇ) ਗਏ। ਉਥੇ ਗੁਰੂ ਸਾਹਿਬ ਜੀ ਦੀ ਸਿੱਧਾਂ ਨਾਲ ਚਰਚਾ ਹੋਈ, ਸਿੱਧਾਂ ਨੇ ਗੁਰੂ ਸਾਹਿਬ ਜੀ ਅੱਗੇ ਪ੍ਰਸ਼ਨ ਕੀਤੇ ਕਿ ਮਹਾਰਾਜ ਜੀ ਜੇਕਰ ਤੁਸੀਂ ਜੋਗੀਆਂ ਦੇ ਪੰਥ ਵਿਚ ਆ ਜਾਵੋ ਤਾਂ ਸਭ ਰਿੱਧੀਆਂ, ਸਿੱਧੀਆਂ, ਨਿਧੀਆਂ ਤੁਹਾਨੂੰ ਪ੍ਰਾਪਤ ਹੋ ਜਾਣਗੀਆਂ, ਜਿਸ ਨਾਲ ਤੁਸੀਂ ਦੁਨੀਆਂ ਵਿਚ ਬਹੁਤ ਜਸ ਖੱਟੋਗੇ ਅਤੇ ਸਾਡਾ ਬਹੁਤ ਭਾਰੀ ਮਰਤਬਾ ਹੋ ਜਾਵੇਗਾ, ਉਸ ਵੇਲੇ ਸਤਿਗੁਰਾਂ ਨੇ ਸਿੱਧਾਂ ਦੇ ਪ੍ਰਥਾਏ ਇਹ ਪਾਵਨ ਸ਼ਬਦ ਉਚਾਰਨ ਕੀਤਾ:

## ਨਿਧਿ ਸਿਧਿ; ਨਿਰਮਲ ਨਾਮੁ ਬੀਚਾਰੁ ॥

ਜੋ ਨਿਧਿ = ਨੌਂ ਨਿਧੀਆਂ ਅਤੇ ਸਿਧਿ = ਅਠਾਰਾਂ ਸਿਧੀਆਂ ਹਨ, ਇਹ ਤਾਂ ਜੋ ਅਸੀਂ ਨਿਰਮਲ = ਉੱਜਲ ਪਰਮੇਸ਼ਰ ਦੇ ਨਾਮ ਦੀ ਬੀਚਾਰੁ = ਵਿਚਾਰ ਕਰਦੇ ਹਾਂ, ਉਸ ਵਿਚ ਹੀ ਸਭ ਸਿਧੀਆਂ ਰਿਧੀਆਂ ਹਨ **ਅਥਵਾ** ਜਿਹੜੀ ਨਿਧਿ = ਨਿਧੀਆਂ, ਸਿਧਿ = ਸਿਧੀਆਂ ਹਨ, ਇਹ ਨਿਰਮਲ = ਸ਼ੁੱਧ ਅੰਤਸ਼ਕਰਣ ਵਿਚ ਫੁਰ ਆਉਂਦੀਆਂ ਹਨ ਤੇ ਨਾਮ ਦੀ ਬੀਚਾਰੁ = ਵਿਚਾਰ ਕਰਨ ਨਾਲ ਅੰਤਸ਼ਕਰਣ ਸ਼ੁੱਧ ਹੋ ਜਾਂਦਾ ਹੈ **ਅਥਵਾ** ਨਿੱਧੀਆਂ, ਸਿੱਧੀਆਂ ਦੇ ਦੇਣ ਵਾਲਾ ਨਿਰਮਲ = ਉੱਜਲ ਨਾਮ ਨੂੰ ਹੀ ਅਸਾਂ ਬੀਚਾਰੁ = ਵਿਚਾਰਿਆ ਹੈ।

***ਪ੍ਰਸ਼ਨ :*** *ਹੇ ਮਹਾਰਾਜ ਪਰਮੇਸ਼ਰ ਦੇ ਨਾਮ ਦੀ ਵੀਚਾਰ ਦਾ ਫਲ ਕੀ ਹੈ?*

***ਗੁਰ ਉੱਤਰ :***

## ਪੂਰਨ ਪੂਰਿ ਰਹਿਆ; ਬਿਖੁ ਮਾਰਿ ॥

ਹੇ ਸਿੱਧੋ! ਉਹ ਪਰਮੇਸ਼ਰ ਸਾਰਿਆਂ ਥਾਵਾਂ 'ਤੇ ਅਕਾਸ਼ ਦੀ ਨਿਆਈਂ ਪੂਰਨ ਪੂਰ = ਪਰੀਪੂਰਨ ਹੋ ਰਹਿਆ = ਰਿਹਾ ਹੈ, ਇਹ ਪ੍ਰਤੀਤ ਹੋ ਜਾਂਦਾ ਹੈ।

***ਪ੍ਰਸ਼ਨ : ਮਹਾਰਾਜ ਜੀ ਅਕਾਸ਼ ਤਾਂ ਜੜ੍ਹ ਹੈ ਅਤੇ ਤੁਸੀਂ ਕਿਹਾ ਕਿ ਉਹ ਅਕਾਸ਼ ਦੀ ਨਿਆਈਂ ਵਿਆਪਕ ਹੈ।***

***ਗੁਰ ਉੱਤਰ :*** ਹੇ ਸਿੱਧੋ ਉਹ ਸਾਰਿਆਂ ਦੀ ਪੂਰਤੀ ਕਰਨ ਵਾਲਾ ਰੋਜ਼ੀ ਦਾਤਾ ਹੈ। ਸਾਰਿਆਂ ਦੀ ਸੱਤਾ ਰੂਪ ਹੋ ਕੇ ਚੇਤਨ ਪੂਰ ਰਿਹਾ ਹੈ, ਸਾਰਿਆਂ ਦੀ ਘਾਲਣਾ ਨੂੰ ਪੂਰਨ ਕਰਨ ਵਾਲਾ ਅਕਾਸ਼ ਵਾਂਗ ਪੂਰਨ ਹੈ।

***ਪ੍ਰਸ਼ਨ :*** *ਹੇ ਮਹਾਰਾਜ! ਫਿਰ ਉਹ ਸਾਨੂੰ ਪ੍ਰਗਟ ਕਿਉਂ ਨਹੀਂ ਹੁੰਦਾ?*

***ਗੁਰ ਉੱਤਰ :*** ਹੇ ਸਿੱਧੋ! ਪਹਿਲਾਂ ਆਪਣੇ ਅੰਦਰੋਂ ਸਬਦ ਸਪਰਸ਼ ਆਦਿ ਬਿਖੁ = ਵਿਸ਼ਿਆਂ ਨੂੰ ਮਾਰੋ = ਮਾਰਨਾ ਕਰੋ ਤਾਂ ਪ੍ਰਗਟ ਹੋਵੇਗਾ। ਜਿੰਨਾ ਚਿਰ ਤਕ ਕੋਈ ਵਿਸ਼ਿਆਂ ਦਾ ਮਾਰਿਆ ਹੁੰਦਾ ਹੈ, ਉਤਨਾ ਚਿਰ ਉਹ ਪੂਰਨ ਨੂੰ ਅਕਾਸ਼ ਦੀ ਨਿਆਈਂ ਜੜ੍ਹ ਹੀ ਸਮਝ ਲੈਂਦਾ ਹੈ **ਅਥਵਾ** ਉਹ ਪੂਰਨ = ਪੂਰਤੀ ਕਰਨ ਵਾਲਾ ਚੇਤਨ ਰੂਪ ਹੋ ਕਰ ਕੇ ਅਕਾਸ਼ ਵਾਂਗ ਪੂਰਿ = ਵਿਆਪਕ ਹੋ ਰਹਿਆ = ਰਿਹਾ ਹੈ ਅਤੇ ਬਿਖੁ = ਵਿਸ਼ਿਆਂ ਨੂੰ ਮਾਰਿ = ਮਾਰ ਦਿੰਦਾ ਹੈ, ਨਵਿਰਤ ਕਰ ਦਿੰਦਾ ਹੈ **ਵਾ:** ਜੋ ਮਾਰਿ = ਕਾਮਾਦਿਕ ਦੀ ਬਿਖੁ = ਜ਼ਹਿਰ ਹੈ, ਉਸ ਨੂੰ ਨਵਿਰਤ ਕਰੋ ਤਾਂ ਸਾਰੇ ਪੂਰਨ ਪਰਮੇਸ਼ਰ ਪੂਰਿ = ਵਿਆਪਕ ਰੂਪ ਵਿਚ ਹੀ ਦ੍ਰਿਸ਼ਟੀ ਵਿਚ ਆਵੇਗਾ।

## ਤ੍ਰਿਕੁਟੀ ਛੂਟੀ; ਬਿਮਲ ਮਝਾਰਿ ॥

ਜਿਸ ਵੇਲੇ ਹਿਰਦਾ ਮਝਾਰਿ = ਅੰਦਰੋਂ ਬਿਮਲ = ਮਲ ਤੋਂ ਰਹਿਤ, ਸ਼ੁੱਧ ਹੋ ਗਿਆ ਤਾਂ ਉਸ ਵੇਲੇ ਤ੍ਰਿਕੁਟੀ = ਤਿੰਨਾਂ ਗੁਣਾਂ ਦੀ ਗੁੰਝਲ **ਵਾ:** ਗਿਆਤਾ ਗਿਆਨ ਗੇਯ, ਧਿਆਤਾ ਧਿਆਨ ਧੇਯ, ਪ੍ਰਮਾਤਾ ਪ੍ਰਸੰਨ ਪ੍ਰਮੇਯ **ਵਾ:** ਕਰਤਾ, ਕਰਮ, ਕਿਰਿਆ ਆਦਿ ਸਭ ਛੂਟੀ = ਛੁੱਟ ਜਾਂਦੀ ਹੈ।

[ਅੰਗ ੨੨੧]

## ਗੁਰ ਕੀ ਮਤਿ; ਜੀਇ ਆਈ ਕਾਰਿ ॥੧॥

ਜਿਨ੍ਹਾਂ ਨੂੰ ਗੁਰ = ਸਤਿਗੁਰੂ ਸਾਹਿਬ ਜੀ ਕੀ = ਦੀ ਮਤਿ = ਸਿੱਖਿਆ ਪ੍ਰਾਪਤ ਹੋਈ ਹੈ, ਉਨ੍ਹਾਂ ਜੀਵਾਂ ਦੀ ਜੀਇ = ਹਿਰਦੇ ਨਾਲ ਕਾਰਿ = ਕੰਮ ਆਈ = ਆਉਣਾ ਕੀਤੀ ਹੈ ॥੧॥

## ਇਨ ਬਿਧਿ; ਰਾਮ ਰਮਤ ਮਨੁ ਮਾਨਿਆ ॥

ਇਨ = ਇਸ ਬਿਧਿ = ਤਰੀਕੇ ਨਾਲ ਭਾਵ ਗੁਰ ਦੀ ਸਿੱਖਿਆ ਨੂੰ ਧਾਰਨ ਕਰ ਕੇ ਜਿਨ੍ਹਾਂ ਦਾ ਹਿਰਦਾ ਸ਼ੁਧ ਹੋ ਗਿਆ ਹੈ ਤੇ ਪਰਮਾਤਮਾ ਦੇ ਨਿਰਮਲ ਨਾਮ ਦੀ ਵੀਚਾਰ ਕਰ ਕੇ, ਵਿਸ਼ਿਆਂ ਨੂੰ ਮਾਰ ਕਰ ਕੇ ਜਿਨ੍ਹਾਂ ਦੀ ਤ੍ਰਿਕੁਟੀ ਛੁੱਟ ਗਈ ਹੈ, ਇਉਂ ਜਿਨ੍ਹਾਂ ਨੇ ਰਾਮ = ਪਰਮੇਸ਼ਰ ਨੂੰ ਸਾਰੇ ਰਮਤ = ਰਮਿਆ ਹੋਇਆ ਜਾਣਿਆ ਹੈ, ਉਨ੍ਹਾਂ ਦਾ ਵਾਹਿਗੁਰੂ ਵਿਚ ਮਨ = ਹਿਰਦਾ ਮਾਨਿਆ = ਮੰਨ ਗਿਆ ਹੈ।

## ਗਿਆਨ ਅੰਜਨੁ; ਗੁਰ ਸਬਦਿ ਪਛਾਨਿਆ ॥੧॥ਰਹਾਉ॥

ਜਦ ਗੁਰ = ਸਤਿਗੁਰੂ ਸਾਹਿਬ ਜੀ ਨੇ ਸਬਦਿ = ਉਪਦੇਸ਼ ਦੁਆਰਾ ਗਿਆਨ = ਬੋਧ ਰੂਪੀ ਅੰਜਨੁ = ਸੁਰਮਾ ਸਾਡੇ ਮਨ ਬੁੱਧ ਰੂਪੀ ਨੇਤ੍ਰਾਂ ਵਿਚ ਪਾਇਆ ਤਾਂ ਸਾਰੇ ਪਰਮੇਸ਼ਰ ਨੂੰ ਹੀ ਵਿਆਪਕ ਰੂਪ ਵਿਚ ਪਛਾਨਿਆ = ਪਛਾਨਣਾ ਕੀਤਾ।

**ਅਥਵਾ** ਅੰਨਵੈ ਕਰ ਕੇ (ਇਨ ਬਿਧਿ ਗੁਰ ਸਬਦਿ ਪਛਾਨਿਆ।) ਇਨ = ਇਸ ਬਿਧਿ = ਤਰੀਕੇ ਨਾਲ ਜਦੋਂ ਗੁਰੂ = ਸਤਿਗੁਰੂ ਸਾਹਿਬ ਜੀ ਦੇ ਸਬਦਿ = ਉਪਦੇਸ਼ ਨੂੰ ਪਛਾਨਿਆ = ਪਛਾਣਿਆ ਤਾਂ ਫਿਰ ਮਨੁ = ਹਿਰਦਾ ਮਾਨਿਆ = ਮੰਨ ਗਿਆ, ਫਿਰ ਰਾਮ = ਪਰਮੇਸ਼ਰ ਦੇ ਨਾਮ ਨੂੰ ਰਮਤ = ਉਚਾਰਨਾ ਕੀਤਾ, ਜਦੋਂ ਗੁਰੂ ਜੀ ਨੇ ਕਿਰਪਾ ਕਰਕੇ ਸਾਡੇ ਮਨ ਬੁੱਧ, ਬਿਬੇਕ ਵੈਰਾਗ ਰੂਪੀ ਨੇਤ੍ਰਾਂ ਵਿਚ ਗਿਆਨ ਰੂਪੀ ਅੰਜਨ = ਸੁਰਮਾ ਪਾਇਆ ਅਤੇ ਸਾਡਾ ਮਨ ਉਸ ਸਰੂਪ ਵਿਚ ਮੰਨ ਗਿਆ ਤਾਂ ਰਾਮ ਪਰਮੇਸ਼ਰ ਵਿਚ ਅਭੇਦ ਹੋ ਗਏ ॥੧॥ਰਹਾਉ॥

## ਇਕੁ ਸੁਖੁ ਮਾਨਿਆ; ਸਹਜਿ ਮਿਲਾਇਆ ॥

ਜਿਸ ਵੇਲੇ ਗੁਰੂ ਜੀ ਨੇ ਸਹਜਿ = ਸ਼ਾਂਤੀ ਸੁਭਾਅ ਵਿਚ ਮਿਲਾਇਆ = ਮਿਲਾ ਦਿੱਤਾ, ਤਾਂ ਉਦੋਂ ਇਕ = ਅਦ੍ਵੈਤ ਸਰੂਪ ਬ੍ਰਹਮ ਦੇ ਸੁਖੁ = ਅਨੰਦ ਨੂੰ ਮਾਨਿਆ = ਮਾਨਣਾ ਕੀਤਾ **ਅਥਵਾ** ਜਦੋਂ ਗੁਰੂ ਜੀ ਨੇ ਸਹਜਿ = ਸੁਭਾਵਿਕ ਹੀ ਨਾਮ ਵਿਚ ਮਿਲਾਇਆ = ਮੇਲ ਦਿੱਤਾ, ਉਦੋਂ ਉਸ ਇਕ = ਏਕਤਾ, ਅਦ੍ਵੈਤ ਦੇ ਸੁਖੁ = ਅਨੰਦ ਨੂੰ ਮਾਨਿਆ = ਮਾਣਿਆ ਹੈ, ਭੋਗਣਾ ਕੀਤਾ ਹੈ।

## ਨਿਰਮਲ ਬਾਣੀ; ਭਰਮੁ ਚੁਕਾਇਆ ॥

ਸਤਿਗੁਰਾਂ ਦੀ ਨਿਰਮਲ = ਉੱਜਲ ਬਾਣੀ = ਗੁਰਬਾਣੀ, ਉਪਦੇਸ਼ ਨੇ ਹਿਰਦੇ ਵਿੱਚੋਂ ਭਰਮੁ = ਭੁਲੇਖੇ ਨੂੰ ਚੁਕਾਇਆ = ਚੁੱਕ ਦਿੱਤਾ ਹੈ।

## ਲਾਲ ਭਏ; ਸੂਹਾ ਰੰਗੁ ਮਾਇਆ ॥

ਜਿਸ ਵੇਲੇ ਬ੍ਰਹਮ ਗਿਆਨ ਦੀ ਲਾਲ = ਲਾਲੀ ਦੇ ਸਹਿਤ ਭਏ = ਹੋਏ, ਉਦੋਂ ਮਾਇਆ = ਛਲ ਰੂਪ ਦਾ ਰੰਗ = ਅਨੰਦ ਸੂਹਾ = ਕਸੁੰਭਾ, ਭਾਵ ਕੱਚਾ, ਨਾਸਵੰਤ ਜਾਨਿਆ।

## ਨਦਰਿ ਭਈ; ਬਿਖੁ ਠਾਕਿ ਰਹਾਇਆ ॥੨॥

ਜਦੋਂ ਗੁਰੂ ਸਾਹਿਬ ਜੀ ਦੀ ਨਦਰਿ = ਕ੍ਰਿਪਾ ਦ੍ਰਿਸ਼ਟੀ ਭਈ = ਹੋਈ ਤਾਂ ਸ਼ਬਦ, ਸਪਰਸ਼ ਆਦਿ ਬਿਖੁ = ਵਿਸ਼ਿਆਂ ਨੂੰ **ਵਾ:** ਬਿਖੁ = ਜ਼ਹਿਰ ਰੂਪ ਮਾਇਆ ਨੂੰ ਹਿਰਦੇ ਵਿੱਚੋਂ ਠਾਕਿ = ਰੋਕ ਕਰ ਕੇ ਰਖਾਇਆ = ਰੱਖ ਦਿੱਤਾ ॥੨॥

## ਉਲਟ ਭਈ; ਜੀਵਤ ਮਰਿ ਜਾਗਿਆ ॥

ਜਦ ਸੰਸਾਰ ਵੱਲੋਂ ਬਿਰਤੀ ਉਲਟ = ਪਲਟ ਕੇ ਬ੍ਰਹਮਾਕਾਰ ਰੂਪ ਭਈ = ਹੋ ਗਈ ਤਦ ਜੀਵਤ = ਜੀਵਤ ਭਾਵ ਤੋਂ ਮਰਿ = ਮਰ ਕਰ ਕੇ ਮਨ ਗਿਆਨ ਅਵਸਥਾ ਵਿਚ ਜਾਗਿਆ = ਜਾਗ ਪਿਆ।

***ਪ੍ਰਸ਼ਨ :*** *ਮਹਾਰਾਜ ! ਮਨ ਕਿਵੇਂ ਜਾਗ ਪਿਆ ਹੈ।*

***ਗੁਰ ਉੱਤਰ :***

## ਸਬਦਿ ਰਵੈ; ਮਨੁ ਹਰਿ ਸਿਉ ਲਾਗਿਆ ॥

ਜਦ ਗੁਰੂ ਸਾਹਿਬ ਜੀ ਦੇ ਸਬਦਿ = ਉਪਦੇਸ਼ ਨੂੰ ਰਵੈ = ਉਚਾਰਨ ਕੀਤਾ ਤਾਂ ਮਨਿ = ਹਿਰਦਾ ਹਰਿ = ਹਰੀ ਪਰਮੇਸ਼ਰ ਦੇ ਸਿਉ = ਨਾਲ ਲਾਗਿਓ = ਲੱਗ ਗਿਆ, ਜੁੜ ਗਿਆ ਹੈ, ਇਸ ਕਰ ਕੇ ਜੀਵਤ ਭਾਵ ਤੋਂ ਮਰ ਕੇ ਗਿਆਨ ਅਵਸਥਾ ਵਿਚ ਜਾਗ ਪਿਆ ਹੈ।

## ਰਸੁ ਸੰਗ੍ਰਹਿ; ਬਿਖੁ ਪਰਹਰਿ ਤਿਆਗਿਆ ॥
## ਭਾਇ ਬਸੇ; ਜਮ ਕਾ ਭਉ ਭਾਗਿਆ ॥੩॥

ਆਤਮਾ ਦੇ ਰਸੁ = ਅਨੰਦ ਨੂੰ ਸੰਗ੍ਰਹਿ = ਇਕੱਤਰ ਕਰ ਲਿਆ ਹੈ ਅਤੇ ਪਰਹਰਿ = ਛੱਡਣੇ ਜੋਗ ਬਿਖੁ = ਵਿਸ਼ਿਆਂ ਨੂੰ ਤਿਆਗਿਆ = ਛੱਡ ਦਿੱਤਾ ਹੈ। ਜਦੋਂ ਪਰਮੇਸ਼ਰ ਦੇ ਭਾਇ = ਪ੍ਰੇਮ ਵਿਚ ਬਸੇ = ਵੱਸ ਗਏ ਤਾਂ ਜਮ = ਜਮਦੂਤਾਂ ਕਾ = ਦਾ ਸਾਰਾ ਹੀ ਭਉ = ਡਰ ਭਾਗਿਆ = ਭੱਜ ਗਿਆ ॥੩॥

## ਸਾਦ ਰਹੇ; ਬਾਦੰ ਅਹੰਕਾਰਾ ॥
## ਚਿਤੁ ਹਰਿ ਸਿਉ ਰਾਤਾ; ਹੁਕਮਿ ਅਪਾਰਾ ॥

ਜਿਸ ਵੇਲੇ ਜ਼ਬਾਨ ਦੇ ਸਾਦ = ਸੁਆਦ ਤੋਂ ਰਹੇ = ਰਹਿਤ ਹੋ ਗਏ, ਉਦੋਂ ਸੰਸਾਰ ਦੇ ਜੰਮਣ ਮਰਣ ਦਾ ਬਾਦੰ = ਝਗੜਾ ਅਤੇ ਅਹੰਕਾਰਾ = ਹਉਮੈ ਤੋਂ ਵੀ ਰਹਿਤ ਹੋ ਗਏ। ਹੁਣ ਚਿਤੁ = ਹਿਰਦਾ ਹਰਿ = ਪਰਮੇਸ਼ਰ ਦੇ ਸਿਉ = ਨਾਲ ਰਾਤਾ = ਰੰਗਿਆ ਗਿਆ ਹੈ ਅਤੇ ਅਪਾਰਾ = ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦਾ ਹੁਕਮਿ = ਆਗਿਆ ਮੰਨਦੇ ਹਾਂ **ਵਾ:** ਅਪਾਰਾ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੇ ਹੁਕਮ ਤਾਈਂ ਮੰਨ ਕਰਕੇ ਸਾਡਾ ਚਿਤ ਹਰਿ = ਹਰੀ ਦੇ ਸਿਉ = ਸਾਥ ਰਾਤਾ = ਤਦਾਕਾਰ ਹੋ ਗਿਆ ਹੈ।

## ਜਾਤਿ ਰਹੇ; ਪਤਿ ਕੇ ਆਚਾਰਾ ॥ ਦ੍ਰਿਸਟਿ ਭਈ; ਸੁਖੁ ਆਤਮ ਧਾਰਾ ॥੪॥

ਜਾਤਿ = ਜਾਤੀ ਅਭਿਮਾਨ ਤੋਂ ਵੀ ਰਹੇ = ਰਹਿਤ ਹੋ ਗਏ ਅਤੇ ਪਤਿ = ਪਤੀ ਅਕਾਲ ਪੁਰਖ ਦੀ

ਪ੍ਰਾਪਤੀ ਕੇ = ਦੇ ਵਾਸਤੇ ਆਚਾਰਾ = ਨਿਸ਼ਕਾਮ ਕਰਮ ਪ੍ਰਾਪਤ ਹੋ ਗਏ। ਜਦੋਂ ਸਤਿਗੁਰੂ ਸਾਹਿਬ ਜੀ ਦੀ ਦ੍ਰਿਸਟਿ = ਕ੍ਰਿਪਾ ਦ੍ਰਿਸ਼ਟੀ ਭਈ = ਹੋਈ, ਉਸ ਵੇਲੇ ਆਤਮ = ਆਤਮਾ ਅਨੰਦ ਦਾ ਸੁਖ ਧਾਰਾ = ਧਾਰਨ ਕਰ ਲਿਆ ॥੪॥

ਸਤਿਗੁਰਾਂ ਦੇ ਅੰਮ੍ਰਿਤਮਈ ਬਚਨ ਸੁਣ ਕਰ ਕੇ ਜੋ ਸਾਰੇ ਸਿੱਧਾ ਨੇ ਨਿਮਰਤਾ ਦੇ ਸਹਿਤ ਹੋ ਕਰ ਕੇ ਬੇਨਤੀ ਕੀਤੀ ਉਸ ਨੂੰ ਸਤਿਗੁਰੂ ਜੀ ਪ੍ਰਸ਼ਨ ਰੂਪ ਵਿਚ ਕਥਨ ਕਰਕੇ ਅੱਗੇ ਉੱਤਰ ਦੇਣਗੇ।

## ਤੁਝ ਬਿਨੁ; ਕੋਇ ਨ ਦੇਖਉ ਮੀਤੁ ॥ ਕਿਸੁ ਸੇਵਉ; ਕਿਸੁ ਦੇਵਉ ਚੀਤੁ ॥

ਹੇ ਸਾਡੇ ਮੀਤੁ = ਮਿੱਤਰ ਗੁਰੂ ਸਾਹਿਬ ਜੀ ! ਤੁਝ = ਤੁਹਾਡੇ ਤੋਂ ਬਿਨੁ = ਬਿਨਾਂ ਹੋਰ ਕੋਇ = ਕੋਈ ਪਿਆਰਾ ਨਹੀਂ ਦੇਖਉ = ਦਿੱਸਦਾ **ਵਾ:** ਅਸੀਂ ਤੁਹਾਡੇ ਤੋਂ ਬਗ਼ੈਰ ਕਿਸ ਨੂੰ ਦੇਖਉ = ਵੇਖਣਾ ਕਰੀਏ ? ਅਤੇ ਕਿਸੁ = ਕਿਸਨੂੰ ਸੇਵਉ = ਸੇਵਨਾ ਕਰੀਏ **ਵਾ:** ਕਿਸ ਦੀ ਸੇਵਉ = ਟਹਿਲ ਕਰਨੀ ਕਰੀਏ ? ਅਰ ਕਿਸੁ = ਕਿਸ ਨੂੰ ਆਪਣਾ ਚੀਤੁ = ਚਿੱਤ ਦੇਵਉ = ਦੇਣਾ ਕਰੀਏ।

## ਕਿਸੁ ਪੂਛਉ; ਕਿਸੁ ਲਾਗਉ ਪਾਇ ॥
## ਕਿਸੁ ਉਪਦੇਸਿ; ਰਹਾ ਲਿਵ ਲਾਇ ॥੫॥

ਹੇ ਮਹਾਰਾਜ ! ਆਪ ਤੋਂ ਬਿਨਾਂ ਕਿਸੁ = ਕਿਸ ਨੂੰ ਜਾ ਕੇ ਪੂਛਉ = ਪੁੱਛਣਾ ਕਰੀਏ ਅਤੇ ਕਿਸੁ = ਕਿਸ ਦੇ ਪਾਇ = ਪੈਰੀਂ ਲਾਗਉ = ਲੱਗਣਾ ਕਰੀਏ ? ਅਤੇ ਕਿਸੁ = ਕਿਸ ਦੇ ਉਪਦੇਸਿ = ਸ਼ਬਦ ਵਿਚ ਲਿਵ = ਬਿਰਤੀ ਲਾਇ = ਲਗਾ ਕੇ ਰਹਾ = ਰਹਿਣਾ ਕਰੀਏ ॥੫॥

## ਗੁਰ ਸੇਵੀ; ਗੁਰ ਲਾਗਉ ਪਾਇ ॥ ਭਗਤਿ ਕਰੀ; ਰਾਚਉ ਹਰਿ ਨਾਇ ॥

ਹੇ ਸਿੱਧੋ ! ਗੁਰ = ਗੁਰੂ ਸਾਹਿਬ ਜੀ ਦੀ ਸੇਵੀ = ਟਹਿਲ ਕਰੀਏ **ਵਾ:** ਸੇਵਨਾ ਕਰੀਏ ਅਤੇ ਗੁਰ = ਗੁਰੂ ਜੀ ਦੇ ਹੀ ਪਾਇ = ਚਰਨੀਂ ਲਾਗਉ = ਲੱਗਣਾ ਕਰੀਏ। ਭਗਤਿ = ਭਗਤੀ ਕਰਨੀ ਕਰੀ = ਕਰੀਏ ਅਤੇ ਹਰਿ = ਪਰਮੇਸ਼ਰ ਦੇ ਨਾਇ = ਨਾਮ ਵਿਚ ਰਾਚਉ = ਰਚਣਾ ਕਰੀਏ।

## ਸਿਖਿਆ ਦੀਖਿਆ; ਭੋਜਨ ਭਾਉ ॥
## ਹੁਕਮਿ ਸੰਜੋਗੀ; ਨਿਜ ਘਰਿ ਜਾਉ ॥੬॥

ਸਤਿਗੁਰਾਂ ਦਾ ਸਿਖਿਆ = ਉਪਦੇਸ਼ ਹੀ ਦੀਖਿਆ = ਦਿਖਸ਼ਾ ਮੰਤ੍ਰ ਹੈ ਅਤੇ ਗੁਰਾਂ ਦਾ ਜੋ ਭਾਉ = ਪ੍ਰੇਮ ਹੈ ਇਹੋ ਹੀ ਭੋਜਨ = ਭੁਗਤ ਹੈ, ਖਾਣ ਜੋਗ ਪਦਾਰਥ ਹੈ **ਵਾ:** ਗਿਆਨ ਦਾ ਭਾਉ = ਪ੍ਰਕਾਸ਼ ਰੂਪੀ ਭੋਜਨ ਹੈ।

ਪਰਮੇਸ਼ਰ ਦੇ ਹੁਕਮਿ = ਭਾਣੇ ਦੇ ਸੰਜੋਗੀ = ਸੰਬੰਧੀ ਹੋ ਕੇ ਭਾਵ ਗੁਰੂ ਸਾਹਿਬ ਜੀ ਦੇ ਭਾਣੇ ਨੂੰ ਮੰਨ ਕਰ ਕੇ ਨਿਜ = ਆਪਣੇ ਸਰੂਪ ਰੂਪੀ ਘਰਿ = ਗ੍ਰਿਹ ਵਿਚ ਜਾਉ = ਜਾਣਾ ਹੋਵੇਗਾ **ਵਾ:** ਤੁਰੀਆ ਪਦ ਰੂਪੀ ਘਰ ਵਿਚ, ਸਚਖੰਡ ਰੂਪੀ ਘਰ ਵਿਚ ਸਚ ਚੇਤਨ ਅਨੰਦ ਸਰੂਪ ਰੂਪੀ ਘਰ ਵਿਚ ਜਾਣਾ ਹੋਵੇਗਾ **ਵਾ:** ਪਰਮੇਸ਼ਰ ਦੇ ਹੁਕਮਿ = ਹੁਕਮ ਵਿਚ (ਸੰ+ਜੋਗੀ) ਸੰ = ਭਲੀ ਪ੍ਰਕਾਰ ਆਪਣੀ ਬਿਰਤੀ ਨੂੰ ਪਰਮਾਤਮਾ ਵਿਚ ਜੋਗੀ = ਜੋੜ ਕਰ ਕੇ ਅਭੇਦ ਹੋਣ ਰੂਪ ਸੰਜੋਗੀ ਬਨਣਾ ਕਰੋ, ਨਿਜ = ਆਪਣੇ ਸਰੂਪ ਰੂਪੀ ਘਰਿ = ਘਰ ਵਿਚ ਜਾਉ = ਜਾਣਾ ਕਰੋ ॥੬॥

***ਪ੍ਰਸ਼ਨ :*** *ਸਿੱਧ ਬੋਲੇ ! ਮਹਾਰਾਜ ਜੀ ਹੰਕਾਰ ਨਾਸ ਨਹੀਂ ਹੁੰਦਾ।*

***ਗੁਰ ਉੱਤਰ :***

## ਗਰਬ ਗਤੰ; ਸੁਖ ਆਤਮ ਧਿਆਨਾ ॥
## ਜੋਤਿ ਭਈ; ਜੋਤੀ ਮਾਹਿ ਸਮਾਨਾ ॥

ਆਤਮ = ਆਪਣੇ ਆਪ ਸਰੂਪ ਦੇ ਵਿਚ ਸੁਖ = ਅਨੰਦ ਦੇ ਸਹਿਤ ਧਿਆਨਾ = ਧਿਆਨ ਲਾਉਣ ਕਰ ਕੇ ਗਰਬ = ਹੰਕਾਰ ਗਤੰ = ਚਲਿਆ ਜਾਂਦਾ ਹੈ **ਵਾ**: ਜਿਨ੍ਹਾਂ ਦਾ ਗਰਬ = ਹੰਕਾਰ ਗਤੰ = ਨਵਿਰਤ ਹੋ ਗਿਆ ਹੈ, ਉਨ੍ਹਾਂ ਨੇ ਆਤਮ = ਆਤਮਾ ਦੇ ਧਿਆਨ ਦਾ ਸੁਖ ਵੀ ਪ੍ਰਾਪਤ ਕਰ ਲਿਆ ਹੈ। ਜਿਸ ਵੇਲੇ ਗੁਰਾਂ ਦੁਆਰਾ ਜੋਤਿ = ਗਿਆਤ ਭਈ = ਹੋਈ ਤਾਂ ਫਿਰ ਜੋਤੀ = ਪ੍ਰਕਾਸ਼ ਸਰੂਪ ਮਾਹਿ = ਵਿਚ ਹੀ ਸਮਾਨਾ = ਸਮਾ ਗਏ **ਅਥਵਾ** ਜਿਸ ਵੇਲੇ ਜੋਤਿ = ਚਮਤਕਾਰੀ ਬੁੱਧੀ ਵਿਚ ਉਸ ਪਰਮੇਸ਼ਰ ਦੀ ਗਿਆਤ ਹੋਈ ਤਾਂ ਜੋਤੀ = ਅਦ੍ਵੈਤ ਅਨੰਦ ਮਾਹਿ = ਵਿਚ ਸਮਾਨਾ = ਸਮਾ ਗਏ ਅਭੇਦ ਹੋ ਗਏ।

## ਲਿਖਤੁ ਮਿਟੈ ਨਹੀ; ਸਬਦੁ ਨੀਸਾਨਾ ॥

ਜਿਨ੍ਹਾਂ ਨੇ ਆਪਣੇ ਹਿਰਦੇ ਵਿਚ ਗੁਰਾਂ ਦੇ ਉਪਦੇਸ਼ ਨੂੰ ਲਿਖਤੁ = ਲਿਖ ਲਿਆ ਹੈ, ਉਹ ਕਦੇ ਮਿਟੈ = ਮਿਟਦਾ ਨਹੀਂ **ਵਾ**: ਮਿਟੈ = ਮਰਦਾ ਨਹੀਂ ਹੈ, ਉਨ੍ਹਾਂ ਨੂੰ ਹੀ ਸਬਦੁ = ਬ੍ਰਹਮ ਨੀਸਾਨਾ = ਪ੍ਰਗਟ ਹੋ ਗਿਆ ਹੈ।

**ਅਥਵਾ** ਜੋ ਜੀਵਾਂ ਦੇ ਮੱਥੇ 'ਤੇ ਪ੍ਰਾਲਬਧ ਲੇਖ ਲਿਖਤੁ = ਲਿਖਿਆ ਹੈ, ਉਹ ਕਿਸੇ ਤੋਂ ਮਿਟੈ = ਮਿਟਦਾ ਨਹੀਂ ਹੈ। ਇਹ ਗੱਲ ਗੁਰਾਂ ਦੇ ਸਬਦੁ = ਉਪਦੇਸ਼ ਦੁਆਰਾ ਨੀਸਾਨਾ = ਪ੍ਰਗਟ ਹੁੰਦੀ ਹੈ। ਜੈਸਾ ਕਿ :

**ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥** *(ਅੰਗ ੯੩੭)*

## ਕਰਤਾ ਕਰਣਾ; ਕਰਤਾ ਜਾਨਾ ॥੭॥

ਜਿਨ੍ਹਾਂ ਉਪਰ ਕਰਤਾ = ਰਚਨਹਾਰ ਪਰਮੇਸ਼ਰ ਕਰਣਾ = ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, ਉਨ੍ਹਾਂ ਨੇ ਕਰਤਾ = ਕਰਤਾਰ ਨੂੰ ਜਾਨਾ = ਜਾਣਿਆ ਹੈ **ਅਥਵਾ** ਜਿਸ ਕਰਤਾ = ਵਾਹਿਗੁਰੂ ਨੇ ਕਰਤਾ = ਬ੍ਰਹਮਾ ਨੂੰ ਕਰਣਾ = ਪੈਦਾ ਕੀਤਾ ਹੈ, ਉਹ ਹੀ ਸਾਰਿਆਂ ਦਾ ਕਾਰਨ ਰੂਪ ਹੈ, ਅਸੀਂ ਉਸੇ ਨੂੰ ਜਾਨਾ = ਜਾਨਣਾ ਕੀਤਾ ਹੈ **ਅਥਵਾ** ਜਿਨ੍ਹਾਂ ਜਿਨ੍ਹਾਂ ਨੇ ਕਰਤਾ = ਕਰਤਾ ਪੁਰਖ ਦਾ ਅਰਾਧਨਾ ਕਰਣਾ = ਕਰਨਾ ਕੀਤਾ ਹੈ, ਉਨ੍ਹਾਂ ਨੇ ਕਰਤਾ = ਕਰਤੇ ਪਰਮੇਸ਼ਰ ਦਾ ਰੂਪ ਹੋ ਕੇ ਉਸ ਦੀ ਅਭੇਦਤਾ ਨੂੰ ਜਾਨਾ = ਜਾਣਿਆ ਹੈ ॥੭॥

***ਪ੍ਰਸ਼ਨ :*** *ਮਹਾਰਾਜ ! ਕਰਤਾ ਪੁਰਖ ਨੂੰ ਕਿਵੇਂ ਜਾਣਿਆ ਹੈ ?*

## ਨਹ ਪੰਡਿਤੁ; ਨਹ ਚਤੁਰੁ ਸਿਆਨਾ ॥ ਨਹ ਭੂਲੋ; ਨਹ ਭਰਮਿ ਭੁਲਾਨਾ ॥

ਉਹ ਜਾਣਦੇ ਹਨ ਕਿ ਨਹ = ਨਾ ਕੋਈ ਪੰਡਿਤੁ = ਵਿਦਵਾਨ ਹੈ, ਨਹ = ਨਾ ਹੀ ਕੋਈ ਚਤੁਰੁ = ਚਲਾਕ ਹੈ, ਨਾ ਹੀ ਕੋਈ ਸਿਆਨਾ = ਬੁੱਧੀਮਾਨ ਹੈ। ਨਹ = ਨਾ ਕੋਈ ਭੂਲੋ = ਭੁੱਲਿਆ ਹੋਇਆ ਹੈ ਅਤੇ ਨਹ = ਨਾ ਹੀ ਕੋਈ ਭਰਮਿ = ਭਰਮ ਵਿਚ ਭੁਲਾਨਾ = ਭੁਲਾਉਣ ਵਾਲਾ ਹੈ **ਅਥਵਾ** (ਨਹ ਪੰਡਿਤੁ) ਪੰਡਿਤੁ = ਵਿਦਵਾਨ ਬਣ ਕੇ ਵੀ ਉਸ ਦੇ ਸਰੂਪ ਨੂੰ ਨਹ = ਨਹੀਂ ਪਾਇਆ ਜਾ ਸਕਦਾ। (ਨਹ ਚਤੁਰੁ ਸਿਆਨਾ) ਵਿਹਾਰਾਂ ਆਦਿ ਦੀਆਂ ਗੱਲਾਂ ਕਰ ਕੇ ਚਤੁਰੁ = ਸਾਵਧਾਨ ਹੋ ਕੇ ਵੀ ਨਹ = ਨਹੀਂ ਪਾਇਆ ਜਾਂਦਾ ਅਤੇ ਸ਼ਾਸਤਰ ਗਿਆਨ ਕਰ ਕੇ ਸਿਆਨਾ = ਸਿਆਣਾ ਹੋਣ ਨਾਲ ਵੀ ਪਰਮੇਸ਼ਰ ਨਹੀਂ ਪਾਇਆ ਜਾਂਦਾ। (ਨਹ ਭੂਲੋ) ਮਨ ਕਰ ਕੇ ਭੂਲੋ = ਭੁੱਲਿਆਂ ਹੋਇਆਂ ਨੂੰ ਵੀ ਪ੍ਰਾਪਤ ਨਹ = ਨਹੀਂ ਹੁੰਦਾ, ਜੇ ਕਹੇ ਕਿ ਮੈਨੂੰ ਫਲਾਣੇ ਨੇ ਭਰਮ ਵਿਚ ਭੁਲਾਨਾ = ਭੁਲਾ ਦਿੱਤਾ ਹੈ, ਇਵੇਂ ਵੀ ਨਹੀਂ ਪ੍ਰਾਪਤੀ ਹੁੰਦੀ **ਵਾ**: ਜੇ ਕਹੇ ਕਿ ਮੈ ਨਹ = ਨਹੀਂ ਭੂਲੋ = ਭੁੱਲਿਆ ਹੋਇਆ ਅਤੇ ਨਾ ਹੀ ਮੈਨੂੰ ਭਰਮ ਵਿਚ ਅਗਿਆਨ ਨੇ ਭੁਲਾਨਾ = ਭੁਲਾਇਆ ਹੈ। ਇਉਂ ਵੀ ਛੁਟਕਾਰਾ

ਨਹੀਂ ਹੈ, ਉਸ ਦੀ ਪ੍ਰਾਪਤੀ ਨਹੀਂ ਹੁੰਦੀ **ਅਥਵਾ** ਨਹ = ਨਾ ਅਸੀਂ ਪੰਡਿਤ = ਵਿਦਵਾਨ ਹਾਂ, ਨਹ = ਨਾ ਅਸੀਂ ਚਤੁਰੁ = ਚਲਾਕ ਹਾਂ, ਨਾ ਹੀ ਅਸੀਂ ਸਿਆਨਾ = ਸਿਆਣੇ ਹਾਂ। ਨਹ = ਨਾ ਹੀ ਭੂਲੋ = ਭੁੱਲੇ ਹਾਂ, ਨਹ = ਨਾ ਹੀ ਭਰਮ ਦੇ ਭੁਲਾਏ ਹੋਏ ਹਾਂ।

## ਕਥਉ ਨ ਕਥਨੀ; ਹੁਕਮੁ ਪਛਾਨਾ ॥

ਮੈਂ ਵਿਅਰਥ ਬਹੁਤੀਆਂ ਕਥਨੀ = ਕਥਨੀਆਂ ਨ = ਨਹੀਂ ਕਥਉ = ਕਥਨ ਕਰਦਾ ਸਗੋਂ ਇਕ ਵਾਹਿਗੁਰੂ ਦੇ ਹੁਕਮੁ = ਆਗਿਆ ਨੂੰ ਹੀ ਪਛਾਨਾ = ਪਛਾਨਣਾ ਸਮਝਦਾ ਹਾਂ **ਅਥਵਾ** ਕਥਤਾ ਬਣ ਕਰ ਕੇ ਸ਼ਕਤੀ ਬਿਰਤੀ ਦੁਆਰਾ ਉਸ ਪਰਮੇਸ਼ਰ ਦੇ ਕਥਨੀ = ਕਥਨ ਨੂੰ ਨਹੀਂ ਕਥਉ = ਕਥ ਸਕਦਾ। ਮੈਂ ਤਾਂ ਉਸ ਦੇ ਹੁਕਮ ਨੂੰ ਹੀ ਪਛਾਨਾ = ਪਛਾਣਿਆ ਹੈ **ਅਥਵਾ** ਹਉਮੈ ਦੇ ਸਹਿਤ ਅਤੇ ਪਰਮੇਸ਼ਰ ਦੇ ਭੈ ਤੋਂ ਰਹਿਤ ਹੋ ਕੇ ਕਥਾ ਕਰਨ ਕਰ ਕੇ ਵੀ ਛੁਟਕਾਰਾ ਨਹੀਂ ਹੁੰਦਾ ਸਗੋਂ ਇਕ ਹੁਕਮ ਨੂੰ ਪਛਾਨਾ = ਪਛਾਨਣੇ ਕਰਕੇ ਹੀ ਹੁੰਦਾ। ਜੈਸਾ ਕਿ :

**ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ ਜਿਉ ਫਿਰਤਾ ॥** *(ਅੰਗ ੨੫੫)*

## ਨਾਨਕ ਗੁਰਮਤਿ; ਸਹਜਿ ਸਮਾਨਾ ॥੮॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸਿੱਧੋ ! ਜਿਨ੍ਹਾਂ ਨੂੰ ਗੁਰਮਤਿ = ਗੁਰੂ ਦੀ ਸਿੱਖਿਆ ਪ੍ਰਾਪਤ ਹੋਈ ਹੈ, ਉਹ ਸਹਜਿ = ਸਹਿਜ ਸਰੂਪ ਵਿਚ ਸਮਾਨਾ = ਸਮਾ ਜਾਂਦੇ ਹਨ, ਅਭੇਦ ਹੋ ਜਾਂਦੇ ਹਨ ॥੮॥੧॥

## ਗਉੜੀ ਗੁਆਰੇਰੀ, ਮਹਲਾ ੧ ॥

**ਉਥਾਨਕਾ :** ਸਤਿਗੁਰੂ ਸਾਹਿਬ ਜੀ ਨਾਨਕਮੱਤੇ ਸਿਧਾਂ ਨਾਲ ਪ੍ਰਸ਼ਨ ਉੱਤਰ ਕਰ ਰਹੇ ਸਨ ਤਾਂ ਇਕ ਸਿੱਧ ਨੇ ਸਤਿਗੁਰੂ ਸਾਹਿਬ ਜੀ ਨੂੰ ਪ੍ਰਸ਼ਨ ਕੀਤਾ ਕਿ ਮਹਾਰਾਜ ਮਨ ਕਿਵੇਂ ਰੁਕ ਸਕਦਾ ਹੈ ? ਸਤਿਗੁਰੂ ਜੀ ਨੇ ਇਹ ਪਾਵਨ ਅਸਟਪਦੀ ਉਚਾਰਨ ਕੀਤੀ, ਸਤਿਗੁਰੂ ਸਾਹਿਬ ਜੀ ਇਥੇ ਰੂਪਕ ਅਲੰਕਾਰ ਦੁਆਰਾ ਸਮਝਾਉਂਦੇ ਹਨ, ਪਹਿਲਾਂ ਸਾਰੇ ਅਲੰਕਾਰ ਨੂੰ ਸਮਝਣਾ।

ਜਿਸ ਪ੍ਰਕਾਰ ਹਾਥੀ ਜੰਗਲਾਂ, ਉਜਾੜਾਂ ਵਿਚ ਰਹਿੰਦੇ ਹਨ। ਉਥੇ ਖ਼ੁਰਾਕ ਖਾ ਖਾ ਕੇ ਬ੍ਰਿਛਾਂ ਨੂੰ ਭੰਨਦੇ ਹਨ। ਬੀਆਬਾਨ ਜੰਗਲ ਵਿਚ ਤੁਰਦੇ ਫਿਰਦੇ ਕੋਮਲ ਕੋਮਲ ਕੇਲਿਆਂ ਨੂੰ ਭੰਨਦੇ ਹਨ। ਕਮਲ ਫੁੱਲ **ਵਾ:** ਫੁੱਲਾਂ ਦੀਆਂ ਬਗ਼ੀਚੀਆਂ ਨੂੰ ਭੰਨਦੇ ਹਨ, ਪ੍ਰੰਤੂ ਜਦੋਂ ਇਸ ਨੂੰ ਫੜਨ ਵਾਲੇ ਆਉਂਦੇ ਹਨ ਤਾਂ ਉਹ ਟੋਆ ਪੁੱਟ ਕੇ ਉੱਪਰ ਕਾਨਿਆਂ ਦੀ ਛੱਤ ਪਾ ਕੇ ਕਾਗ਼ਜ਼ਾਂ ਦੀ ਹਸਤਨੀ ਬਣਾ ਦਿੰਦੇ ਹਨ ਤੇ ਹਾਥੀ ਕਾਮ ਵਾਸ਼ਨਾ ਕਰ ਕੇ ਉਸ ਨਾਲ ਸਪਰਸ਼ ਕਰਨ ਲਈ ਆਉਂਦਾ ਹੈ ਤਾਂ ਉਸ ਖੱਡੇ ਦੇ ਵਿਚ ਡਿੱਗ ਪੈਂਦਾ ਹੈ। ਫਿਰ ਇਸ ਨੂੰ ਭੁੱਖਿਆਂ ਰੱਖ ਕੇ ਕੁੰਡੇ ਦੇ ਵਸ ਕਰ ਕੇ ਕੱਢ ਕੇ ਰਾਜਿਆਂ ਦੇ ਕੋਲ ਵੇਚ ਦਿੰਦੇ ਹਨ, ਫਿਰ ਰਾਜਿਆਂ ਦੇ ਦਰਬਾਰ ਵਿਚ ਇਸ 'ਤੇ ਸੋਨੇ ਦੀਆਂ ਅੰਬਾਰੀਆਂ ਪਾਈਆਂ ਜਾਂਦੀਆਂ ਹਨ, ਚੰਗੀਆਂ ਚੰਗੀਆਂ, ਸਵਾ ਸਵਾ ਮਣ ਖ਼ੁਰਾਕਾਂ ਖਾਣ ਲਈ ਮਿਲਦੀਆਂ ਹਨ। ਇਸ ਪ੍ਰਕਾਰ ਰਾਜ ਦਰਬਾਰ ਵਿਚ ਬਹੁਤ ਸੋਭਾ ਮਾਣਦਾ ਹੈ। ਏਸੇ ਪ੍ਰਕਾਰ :

## ਮਨੁ ਕੁੰਚਰੁ; ਕਾਇਆ ਉਦਿਆਨੈ ॥
## ਗੁਰੁ ਅੰਕਸੁ; ਸਚੁ ਸਬਦੁ ਨੀਸਾਨੈ ॥

ਹੇ ਸਿੱਧੋ ! ਇਹ ਮਨ ਕੁੰਚਰੁ = ਹਾਥੀ ਦੀ ਨਿਆਈਂ ਕਾਇਆ = ਸਰੀਰ ਰੂਪੀ ਉਦਿਆਨੈ = ਉਜਾੜ ਵਿਚ ਰਹਿੰਦਾ ਹੈ, ਦੇਹ ਅਧਿਆਸ ਰੂਪੀ ਖ਼ੁਰਾਕ ਖਾਂਦਾ ਹੋਇਆ ਸੰਸਾਰ ਰੂਪੀ ਬੀਆਬਾਨ ਵਿਚ ਤੁਰਿਆ ਫਿਰਦਾ ਹੈ, ਸ਼ੁਭ ਗੁਣਾਂ ਰੂਪੀ ਬ੍ਰਿਛਾਂ ਨੂੰ ਭੰਨਦਾ ਫਿਰਦਾ ਹੈ, ਚਿਤ ਰੂਪੀ ਕੇਲਿਆਂ ਦੇ ਤਾਈਂ ਮਰੋੜਦਾ ਫਿਰਦਾ ਹੈ।

ਦੈਵੀ ਸੰਪਦਾ ਰੂਪੀ ਕਮਲ ਫੁੱਲਾਂ ਦੀਆਂ ਬਗ਼ੀਚੀਆਂ ਨੂੰ ਭੰਨਦਾ ਫਿਰਦਾ ਹੈ। ਪ੍ਰੰਤੂ ਜੇਕਰ ਸੰਤ ਮਹਾਤਮਾ ਜਨ ਇਸ ਨੂੰ ਫੜਨ ਵਾਲੇ ਮਿਲ ਪੈਣ ਅਤੇ ਇਹ ਮੁਕਤੀ ਰੂਪੀ ਹਸਤਨੀ ਨੂੰ ਵਿਖਾ ਕਰ ਕੇ ਪ੍ਰੇਮ ਰੂਪੀ ਟੋਏ ਵਿਚ ਡਿੱਗ ਪਵੇ ਅਤੇ ਫਿਰ ਗੁਰੁ = ਸਤਿਗੁਰੂ ਸਾਹਿਬ ਜੀ ਦੇ ਉਪਦੇਸ਼ ਰੂਪੀ ਅੰਕਸੁ = ਕੁੰਡੇ ਨੂੰ ਸਹਾਰੇ ਭਾਵ ਗੁਰੂ ਜੀ ਦੇ ਅਨੁਸਾਰੀ ਹੋ ਕੇ ਚੱਲੇ, ਤਾਂ ਉਸ ਵੇਲੇ ਇਸ ਨੂੰ ਸਚੁ = ਸੱਚ ਸਰੂਪ ਸਬਦੁ = ਬ੍ਰਹਮ ਨੀਸਾਨੈ = ਪ੍ਰਗਟ ਹੋ ਜਾਂਦਾ ਹੈ। ਇਸ ਦੇ ਤਾਈਂ ਸੱਚੇ ਬ੍ਰਹਮ ਦੀ ਸਾਖਿਆਤਤਾ ਹੋ ਜਾਂਦੀ ਹੈ।

## ਰਾਜ ਦੁਆਰੈ; ਸੋਭ, ਸੁ ਮਾਨੈ ॥੧॥

ਇਸ ਤਰੀਕੇ ਨਾਲ ਉਹ ਪ੍ਰੇਮੀ ਜਨ ਰਾਜ = ਰਾਜਾ ਸਰੂਪ ਪਰਮੇਸ਼ਰ ਦੇ ਸਤਿਸੰਗਤ ਰੂਪੀ ਦੁਆਰੈ = ਦਰ ਵਿਚ **ਵਾ:** ਸੰਸਾਰ ਵਿਚ ਸੋਭ = ਸੋਭਾ ਨੂੰ ਮਾਨੈ = ਮਾਣਦੇ ਹਨ **ਅਥਵਾ** ਰਾਜ = ਪ੍ਰਕਾਸ਼ ਸਰੂਪ ਦੇ ਗਿਆਨ ਰੂਪੀ ਦਰ ਨੂੰ ਪ੍ਰਾਪਤ ਕਰ ਕੇ ਸੋਭਾ ਮਾਣਦੇ ਹਨ। ਇਸ ਤਰ੍ਹਾਂ ਉਨ੍ਹਾਂ ਦੇ ਬ੍ਰਹਮ ਵਿਦਿਆ ਰੂਪੀ ਅੰਬਾਰੀਆਂ ਪਾਈਆਂ ਜਾਂਦੀਆਂ ਹਨ, ਬ੍ਰਹਮ ਗਿਆਨ ਰੂਪੀ ਚੂਰੀ ਦੀ ਖ਼ੁਰਾਕ ਮਿਲਦੀ ਹੈ, ਕਾਲ ਰੂਪ ਸ਼ੇਰ ਦਾ ਭੈ ਨਹੀਂ ਰਹਿੰਦਾ, ਉਨ੍ਹਾਂ ਦੇ ਭਗਤੀ ਰੂਪੀ ਸੁਨਹਿਰੀ ਝੁਲ ਝੂਲਦੇ ਹਨ। ਇਉਂ ਉਹ ਪਰਮੇਸ਼ਰ ਦੇ ਦੁਆਰ ਸਚਖੰਡ ਵਿਚ ਸੋਭਾ ਮਾਣਦੇ ਹਨ ॥੧॥

## ਚਤੁਰਾਈ; ਨਹ ਚੀਨਿਆ ਜਾਇ ॥

ਚਾਰੇ ਵੇਦਾਂ, ਸਤਾਈ ਸਿੰਮ੍ਰਿਤੀਆਂ, ਨੌਂ ਵਿਆਕਰਣ, ਅਠਾਰਾਂ ਪੁਰਾਣ ਪੜ੍ਹ ਕਰ ਕੇ ਇਨ੍ਹਾਂ ਪੁਸਤਕਾਂ ਦੀ ਤੇ ਵਾਕਾਂ ਦੀ ਚਤੁਰਾਈ = ਚਲਾਕੀ, ਸਿਆਣਪ ਨਾਲ ਕਿਸੇ ਕੋਲੋਂ ਪਰਮੇਸ਼ਰ ਨਹੀਂ ਚੀਨਿਆ = ਜਾਨਿਆ ਜਾਇ = ਜਾਂਦਾ।

## ਬਿਨੁ ਮਾਰੇ; ਕਿਉ ਕੀਮਤਿ ਪਾਇ ॥੧॥ਰਹਾਉ॥

ਮਨ ਦੇ ਮੰਦਾ ਸੁਭਾਅ ਮਾਰੇ = ਮਾਰਨ ਤੋਂ ਬਿਨੁ = ਬਗ਼ੈਰ ਜੀਵਤ ਭਾਵ ਮਾਰੇ ਤੋਂ ਬਗ਼ੈਰ, ਗੁਰੂ ਦੇ ਸ਼ਬਦ ਰੂਪੀ ਕੁੰਡਾ ਮਾਰੇ ਤੋਂ ਬਗ਼ੈਰ ਪਰਮੇਸ਼ਰ ਦੀ ਪ੍ਰਾਪਤੀ ਰੂਪੀ ਕੀਮਤਿ = ਕੀਮਤ ਨੂੰ ਕੋਈ ਕਿਉ = ਕਿਵੇਂ ਪਾਇ = ਪਾ ਸਕਦਾ ਹੈ, ਭਾਵ ਨਹੀਂ ਪਾ ਸਕਦਾ ॥੧॥ਰਹਾਉ॥

## ਘਰ ਮਹਿ ਅੰਮ੍ਰਿਤੁ; ਤਸਕਰੁ ਲੇਈ ॥ ਨੰਨਾਕਾਰੁ; ਨ ਕੋਇ ਕਰੇਈ ॥

ਘਰ = ਅੰਤਹਕਰਣ ਦੇ ਮਹਿ = ਵਿਚ ਹੀ **ਵਾ:** ਸਾਰਿਆਂ ਦੇ ਘਰ = ਸਰੀਰ ਦੇ ਮਹਿ = ਵਿਚ ਹੀ ਬ੍ਰਹਮਾਨੰਦ ਰੂਪੀ ਅੰਮ੍ਰਿਤ ਹੈ ਪਰ ਕਾਮ, ਕ੍ਰੋਧ ਆਦਿ ਰੂਪੀ ਤਸਕਰੁ = ਚੋਰ ਇਸ ਨੂੰ ਚੁਰਾ ਕੇ ਲੇਈ = ਲਈ ਜਾ ਰਹੇ ਹਨ। ਇਨ੍ਹਾਂ ਕਾਮ ਕ੍ਰੋਧ ਆਦਿਕ ਚੋਰਾਂ ਦਾ ਕੋਇ = ਕੋਈ ਵੀ ਨੰਨਾਕਾਰ = ਨਿਰਾਦਰ ਨ = ਨਹੀਂ ਕਰੇਈ = ਕਰਦਾ। ਭਾਵ ਜਿਵੇਂ ਘਰ ਦੇ ਮਾਲਕ ਸਾਰੇ ਸ਼ਰਾਬੀ ਹੋ ਕੇ ਕਮਲੇ ਹੋਏ ਫਿਰਨ ਤੇ ਘਰ ਵਿਚ ਚੋਰ ਆ ਜਾਣ ਤਾਂ ਉਨ੍ਹਾਂ ਨੂੰ ਨੰਨਾਕਾਰ = ਰੁਕਾਵਟ ਕੌਣ ਕਰੇ ਭਾਵ ਚੋਰ ਆਪਣੀ ਮਰਜ਼ੀ ਅਨੁਸਾਰ ਚੁੱਕ ਕੇ ਲੈ ਜਾਣ। ਏਸੇ ਤਰ੍ਹਾਂ ਵਿਸ਼ਿਆਂ ਰੂਪੀ ਸ਼ਰਾਬ ਪੀ ਕੇ ਇਹ ਇੰਦ੍ਰੇ ਕਮਲੇ ਹੋਏ ਫਿਰਦੇ ਹਨ। ਇਨ੍ਹਾਂ ਵਿੱਚੋਂ ਨੰਨਾਕਾਰੁ = ਲਲਕਾਰ ਰੁਕਾਵਟ ਕਰਨ ਵਾਲਾ ਕੋਈ ਵੀ ਨਹੀਂ ਹੈ, ਇਹ ਕੰਮ ਨਾ ਕਰੋ, ਨਾ ਇਹ ਕੰਮ ਨਾ ਕਰੋ, ਇਹ ਕੋਈ ਨਹੀਂ ਕਹਿੰਦਾ।

## ਰਾਖੈ ਆਪਿ; ਵਡਿਆਈ ਦੇਈ ॥੨॥

ਜਿਨ੍ਹਾਂ ਨੂੰ ਮਹਾਰਾਜ ਨਾਮ ਦੀ ਵਡਿਆਈ = ਸੋਭਾ ਦੇਈ = ਦਿੰਦਾ ਹੈ, ਉਨ੍ਹਾਂ ਨੂੰ ਆਪਿ ਰਾਖੈ = ਰੱਖਣਾ

ਕਰਦਾ ਹੈ **ਵਾ:** ਜਿਨ੍ਹਾਂ ਨੂੰ ਮਹਾਰਾਜ ਆਪਿ = ਆਪਣੇ ਚਰਣਾਂ ਦੀ ਸ਼ਰਨ ਵਿਚ ਰਾਖੈ = ਰੱਖਦੇ ਹਨ, ਉਨ੍ਹਾਂ ਨੂੰ ਨਾਮ ਦੀ ਵਡਿਆਈ = ਸੋਭਾ ਦਿੰਦੇ ਹਨ **ਅਥਵਾ** ਜਿਹੜਾ ਆਪਣੇ ਆਪ ਨੂੰ ਵਿਕਾਰਾਂ ਵੱਲੋਂ ਰੋਕ ਕਰ ਕੇ ਰਾਖੈ = ਰੱਖਦਾ ਹੈ, ਉਨ੍ਹਾਂ ਨੂੰ ਵਾਹਿਗੁਰੂ ਆਪਣੇ ਸਰੂਪ ਦੀ ਪ੍ਰਾਪਤੀ ਰੂਪ ਵਡਿਆਈ ਬਖ਼ਸ਼ ਦਿੰਦਾ ਹੈ ॥੨॥

## ਨੀਲ ਅਨੀਲ; ਅਗਨਿ ਇਕ ਠਾਈ ॥
## ਜਲਿ ਨਿਵਰੀ; ਗੁਰਿ ਬੂਝ ਬੁਝਾਈ ॥

ਨੀਲ = ਗਿਣਤ ਅਨੀਲ = ਅਣਗਿਣਤ ਪਦਾਰਥਾਂ ਦੀ ਤ੍ਰਿਸ਼ਨਾ ਰੂਪੀ, ਮਾਇਆ ਰੂਪੀ, ਵਿਸ਼ਿਆਂ ਰੂਪੀ ਅਗਨਿ = ਅੱਗ ਇਕ ਹਿਰਦੇ ਰੂਪੀ ਠਾਈ = ਥਾਂ ਵਿਚ ਮਚ ਰਹੀ ਹੈ **ਵਾ:** ਇਕਠਾਈ = ਇਕੱਠੀ ਮੱਚ ਰਹੀ ਹੈ। ਜਿਨ੍ਹਾਂ ਨੂੰ ਗੁਰਿ = ਗੁਰੂ ਸਾਹਿਬ ਜੀ ਨੇ ਬੂਝ = ਸਿੱਖਿਆ ਬੁਝਾਈ = ਸਮਝਾ ਦਿੱਤੀ ਹੈ, ਉਨ੍ਹਾਂ ਦੀ ਇਹ ਜਲਿ = ਅਗਨੀ ਨਿਵਰੀ = ਨਵਿਰਤ ਹੋ ਗਈ ਹੈ **ਵਾ:** ਸਤਿਗੁਰਾਂ ਨੇ ਬੂਝ = ਸਿੱਖਿਆ ਰੂਪੀ ਜਲਿ = ਪਾਣੀ ਨਾਲ ਤ੍ਰਿਸ਼ਨਾ ਰੂਪੀ ਅਗਨੀ ਬੁਝਾਈ = ਬੁਝਾ ਕੇ ਨਿਵਰੀ = ਨਵਿਰਤ ਕਰ ਦਿੱਤੀ ਹੈ, ਖ਼ਤਮ ਕਰ ਦਿੱਤੀ ਹੈ।

## ਮਨੁ ਦੇ ਲੀਆ; ਰਹਸਿ ਗੁਣ ਗਾਈ ॥੩॥

(**ਰਹਸਿ** ਦਾ ਉਚਾਰਣ ਅੱਧਕ ਰਹਿਤ ਪੋਲਾ ਹੈ)

ਜਿਨ੍ਹਾਂ ਨੇ ਆਪਣਾ ਮਨੁ = ਹਿਰਦਾ ਗੁਰੂ ਸਾਹਿਬ ਦੇ ਚਰਣਾਂ ਵਿਚ ਦੇ = ਦੇ ਕਰ ਕੇ ਪਰਮੇਸ਼ਰ ਦਾ ਨਾਮ ਲੀਆ = ਲੈਣਾ ਕੀਤਾ ਹੈ, ਉਹੋ ਹੀ ਰਹਸਿ = ਅਨੰਦ ਦੇ ਸਹਿਤ ਹੋ ਕਰ ਕੇ ਪਰਮੇਸ਼ਰ ਦੇ ਗੁਣ = ਸਿਫ਼ਤਾਂ ਤਾਈਂ ਗਾਈ = ਗਾਉਂਦੇ ਹਨ **ਵਾ:** ਉਸ ਦੇ ਗੁਣ = ਸਤ ਸੰਤੋਖਾਦਿ ਅਤੇ ਰਹਸਿ = ਅਨੰਦ ਸਰੂਪ ਲਖਣ ਨੂੰ ਗਾਈ = ਗਾਉਂਦੇ ਹੀ ਰਹਿੰਦੇ ਹਨ ॥੩॥

ਇਹ ਸੁਣ ਕੇ ਸਿੱਧ ਕਹਿਣ ਲੱਗੇ ਕਿ ਮਹਾਰਾਜ ਇਹ ਜੋ ਆਪ ਜੀ ਦਾ ਉਪਦੇਸ਼ ਹੈ, ਇਸ ਨੂੰ ਗੁਫ਼ਾ ਵਿਚ ਬੈਠ ਕੇ ਦਿਆ ਕਰੋ। ਇਹ ਉਪਦੇਸ਼ ਆਮ ਲੋਕਾਂ ਨੂੰ ਨਹੀਂ ਸੁਣਾਉਣਾ ਚਾਹੀਦਾ, ਲੋਕ ਵਿਗੜ ਜਾਣਗੇ, ਕਿਸੇ ਨੇ ਮੰਨਤਾ ਨਹੀਂ ਕਰਨੀ, ਤਾਂ ਗੁਰੂ ਜੀ ਕਹਿਣ ਲੱਗੇ।

## ਜੈਸਾ ਘਰਿ; ਬਾਹਰਿ ਸੋ ਤੈਸਾ ॥ ਬੈਸਿ ਗੁਫਾ ਮਹਿ; ਆਖਉ ਕੈਸਾ ॥

ਹੇ ਸਿੱਧੋ! ਜੈਸਾ = ਜਿਹੋ ਜਿਹਾ ਪਰਮੇਸ਼ਰ ਘਰਿ = ਘਰ ਵਿਚ ਹੈ, ਤੈਸਾ = ਤਿਹੋ ਜਿਹਾ ਹੀ ਬਾਹਰਿ = ਬਾਹਰ ਸੰਸਾਰ ਵਿਚ ਹੈ। ਫਿਰ ਅਸੀਂ ਗੁਫਾ ਮਹਿ = ਵਿਚ ਬੈਸਿ = ਬੈਠ ਕਰ ਕੇ ਕੈਸਾ = ਕਿਸ ਤਰ੍ਹਾਂ ਦਾ ਆਖਉ = ਆਖਣਾ ਕਰੀਏ।

## ਸਾਗਰਿ ਡੂਗਰਿ; ਨਿਰਭਉ ਐਸਾ ॥੪॥

ਸਾਗਰਿ = ਸਮੁੰਦਰਾਂ ਵਿਚ ਵੀ ਤੇ ਡੂਗਰਿ = ਪਹਾੜਾਂ ਵਿਚ ਵੀ ਉਹੋ ਐਸਾ = ਇਸ ਤਰ੍ਹਾਂ ਦਾ ਨਿਰਭਉ = ਭੈ ਤੋਂ ਰਹਿਤ ਸਰੂਪ ਸਾਰੇ ਵਿਆਪਕ ਹੈ **ਅਥਵਾ** ਉਹ ਨਿਰਭਉ = ਭੈ ਤੋਂ ਰਹਿਤ ਪਰਮੇਸ਼ਰ ਸਾਗਰਿ = ਸਮੁੰਦਰ ਵਾਂਗੂੰ ਅਥਾਹ ਹੈ ਅਤੇ ਡੂਗਰਿ = ਪਹਾੜਾਂ ਵਾਂਗੂ ਅਚੱਲ ਹੈ ॥੪॥

***ਨੋਟ:*** ਉਪਰੋਕਤ ਤਿੰਨੇ ਪੰਗਤੀਆਂ ਦਾ ਦੂਸਰਾ ਅਰਥ :

ਜਿਸਦੇ ਘਰਿ = ਹਿਰਦੇ ਵਿਚ ਜੈਸਾ = ਜਿਹੋ ਜਿਹਾ ਗਿਆਨ ਪ੍ਰਾਪਤ ਹੋਇਆ ਹੈ, ਤੈਸਾ = ਤਿਵੇਂ ਦਾ ਹੀ ਸੋ = ਉਸ ਨੂੰ ਬਾਹਰਿ = ਸੰਸਾਰ ਵਿਚ ਪ੍ਰਗਟ ਹੋ ਜਾਂਦਾ ਹੈ।

ਜੋਗੀ ਲੋਕ ਕਹਿੰਦੇ ਹਨ ਕਿ ਦਸਵੇਂ ਦੁਆਰ ਦੀ ਗੁਫ਼ਾ ਵਿਚ ਬੈਠਣਾ ਚਾਹੀਦਾ ਹੈ। ਸੋ ਦਸਵੇਂ ਦੁਆਰ ਦੀ ਗੁਫ਼ਾ ਵਿਚ ਬੈਸਿ = ਬੈਠ ਕਰ ਕੇ ਕੈਸਾ = ਕਿਹੋ ਜਿਹਾ ਆਖਉ = ਕਹਿ ਦੇਵਾਂਗੇ, ਭਾਵ ਭਿੰਨ ਕਹਾਂਗੇ ਜਾਂ ਅਭਿੰਨ

ਕਹਾਂਗੇ। ਇਸ ਅਸਚਰਜ ਰੂਪ ਬਾਬਤ ਕਹਿਣਾ ਨਹੀਂ ਬਣਦਾ **ਵਾ:** ਰਿਦੇ ਰੂਪੀ ਗੁਫ਼ਾ ਵਿਚ ਬੈਠ ਕੇ ਜਾਂ ਪਤਾਲ ਵਿਚ ਗੁਫ਼ਾ ਬਣਾ ਕੇ ਕਿਵੇਂ ਕਹਿ ਦੇਈਏ, ਉਹ ਕਥਨ ਤੋਂ ਅਕੱਥ ਹੈ **ਵਾ:** ਜਦੋਂ ਸਰੂਪ ਰੂਪੀ ਗੁਫ਼ਾ ਵਿਚ ਬੈਠ ਗਏ ਤਾਂ ਕਿਵੇਂ ਕਹਾਂਗੇ, ਕੈਸਾ = ਕਿਸ ਪ੍ਰਕਾਰ ਦਾ ਆਖਾਂਗੇ। ਕਹਿਣਾ ਬਣਦਾ ਹੀ ਨਹੀਂ।

ਸਾਗਰਿ = ਸਮੁੰਦਰ ਦੀ ਨਿਆਈਂ ਜੋ ਸਹਿਤ ਗਰਲਤਾ ਦੇ ਵਿਸ਼ਿਆਂ ਦੇ ਅਧੀਨ ਹਨ, ਡੂਗਰਿ = ਪਹਾੜਾਂ ਦੀ ਨਿਆਈਂ ਜੋ ਦਸਵੇਂ ਦੁਆਰ ਵਿਚ ਚੜ੍ਹਨ ਵਾਲੇ ਜਾਂ ਸਵਰਗ ਵਿਚ ਜਾਣ ਵਾਲੇ ਹਨ, ਸਾਰਿਆਂ ਵਿਚ ਇੱਕੋ ਜਿਹਾ ਹੀ ਹੈ **ਵਾ:** ਸਾਗਰਿ = ਸਮੁੰਦਰਾਂ ਵਿਚ ਰਹਿਣ ਦੀ ਤਰ੍ਹਾਂ ਸਤਸੰਗੀ ਲੋਕ, ਡੂਗਰਿ = ਪਹਾੜਾਂ ਦੀ ਨਿਆਈਂ ਦਸਵੇਂ ਦੁਆਰ ਦੀ ਮਟੀਲੀ ਵਿਚ ਰਹਿਣ ਵਾਲੇ ਲੋਕ ਆਦਿ। ਸਾਰਿਆਂ ਵਿਚ ਨਿਰਭਉ ਸਰੂਪ ਇੱਕੋ ਜਿਹਾ ਹੀ ਹੈ **ਵਾ:** ਜੋ ਪ੍ਰੇਮ ਦੇ ਸਾਗਰਿ = ਸਮੁੰਦਰ ਬਣੇ ਹੋਏ ਹਨ, ਡੂਗਰਿ = ਪਹਾੜਾਂ ਦੀ ਨਿਆਈਂ ਜੋ ਕਠਨ ਤਪੱਸਿਆ ਕਰਨ ਵਾਲੇ ਹਨ **ਵਾ:** ਪੰਜਾਂ ਕੋਸ਼ਾਂ ਦੇ ਚੜ੍ਹਨ ਵਾਲੇ ਹਨ, ਸਾਰਿਆਂ ਵਿਚ ਨਿਰਭਉ ਸਰੂਪ ਐਸਾ ਹੀ ਹੈ।

***ਪ੍ਰਸ਼ਨ :*** *ਹੇ ਮਹਾਰਾਜ ! ਮੌਤ ਤਾਂ ਮਾਰਦੀ ਰਹਿੰਦੀ ਹੈ।*

***ਗੁਰ ਉੱਤਰ :***

## ਮੂਏ ਕਉ; ਕਹੁ ਮਾਰੇ ਕਉਨੁ ॥ ਨਿਡਰੇ ਕਉ; ਕੈਸਾ ਡਰੁ ਕਵਨੁ ॥

ਜਿਹੜਾ ਜੀਵਤ ਭਾਵ ਤੋਂ ਮਰ ਗਿਆ ਹੈ, ਉਸ ਕਉ = ਨੂੰ ਕਹੁ = ਦਸੋ ! ਕਿ ਕਉਨ = ਕਿਹੜਾ ਜਮ ਆਦਿਕ ਮਾਰੇ = ਮਾਰ ਸਕਦਾ ਹੈ, ਭਾਵ ਜਿਹੜਾ ਮਰ ਹੀ ਗਿਆ ਹੈ ਫਿਰ ਉਸ ਨੂੰ ਮਾਰਨ ਵਾਲਾ ਕੌਣ ਹੈ। ਅਤੇ ਜਿਹੜਾ ਗੁਰੂ ਸਾਹਿਬ ਦੇ ਸ਼ਬਦ ਦੁਆਰਾ ਨਿਡਰੇ = ਡਰ ਤੋਂ ਰਹਿਤ ਹੈ ਉਸ ਕਉ = ਨੂੰ ਕੈਸਾ = ਕਿਹੋ ਜਿਹਾ ਡਰ = ਭੈ ਹੈ ਅਤੇ ਕਵਨ = ਕਿਹੜਾ ਉਨ੍ਹਾਂ ਨੂੰ ਡਰ ਦੇਣ ਵਾਲਾ ਹੈ, ਭਾਵ ਕੋਈ ਨਹੀਂ ਹੈ।

## ਸਬਦਿ ਪਛਾਨੈ; ਤੀਨੇ ਭਉਨ ॥੫॥

ਜਿਨ੍ਹਾਂ ਨੇ ਗੁਰੂ ਸਾਹਿਬ ਜੀ ਦੁਆਰਾ ਸਬਦਿ = ਬ੍ਰਹਮ ਨੂੰ ਪਛਾਨੈ = ਸਿਆਣ ਲਿਆ ਹੈ ਕਿ ਉਹ ਤੀਨੇ = ਤਿੰਨਾਂ ਹੀ ਭਉਨ = ਭਵਨਾਂ, ਲੋਕਾਂ ਵਿਚ ਵਿਆਪਕ ਹੈ, ਉਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਡਰ ਨਹੀਂ ਰਹਿੰਦਾ ॥੫॥

## ਜਿਨਿ ਕਹਿਆ; ਤਿਨਿ ਕਹਨੁ ਵਖਾਨਿਆ ॥
## ਜਿਨਿ ਬੂਝਿਆ; ਤਿਨਿ ਸਹਜਿ ਪਛਾਨਿਆ ॥

ਜਿਨਿ = ਜਿਨ੍ਹਾਂ ਨੇ ਕੇਵਲ ਕਹਿਆ = ਕਹਿਣਾ ਕੀਤਾ ਹੈ। ਤਿਨਿ = ਉਨ੍ਹਾਂ ਨੇ ਤਾਂ ਕਹਨੁ = ਕਥਨ ਮਾਤ੍ਰ ਹੀ ਲੋਕਾਂ ਵਿਚ ਵਖਾਨਿਆ = ਵਖਿਆਨ ਕੀਤਾ ਹੈ। ਜਿਨਿ = ਜਿਨ੍ਹਾਂ ਨੇ ਗੁਰਾਂ ਦੁਆਰਾ ਬੂਝਿਆ = ਪੁੱਛਿਆ ਹੈ, ਸਮਝਿਆ ਹੈ, ਤਿਨਿ = ਉਨ੍ਹਾਂ ਨੇ ਸਹਜਿ = ਸਹਿਜ ਸਰੂਪ ਨੂੰ ਪਛਾਨਿਆ = ਸਿਆਣ ਲਿਆ ਹੈ।

## ਦੇਖਿ ਬੀਚਾਰਿ; ਮੇਰਾ ਮਨੁ ਮਾਨਿਆ ॥੬॥

ਅਸੀਂ ਤਾਂ ਆਪਣੇ ਆਪ ਨੂੰ ਦੇਖਿ = ਦੇਖਦੇ ਹਾਂ ਤੇ ਉਸ ਬੀਚਾਰਿ = ਗਿਆਨ ਸਰੂਪ ਵਿਚ ਮੇਰਾ = ਸਾਡਾ ਮਨੁ = ਚਿਤ ਮਾਨਿਆ = ਮੰਨ ਗਿਆ ਹੈ **ਵਾ:** ਉਸੇ ਨੂੰ ਦੇਖਿ = ਵੇਖਦੇ ਹਾਂ, ਉਸ ਨੂੰ ਬੀਚਾਰਿ = ਵੀਚਾਰਦੇ ਹਾਂ, ਸਾਡਾ ਉਸ ਸਰੂਪ ਵਿਚ ਮਨ ਮਾਨਿਆ = ਮੰਨਿਆ ਹੈ **ਅਥਵਾ** ਗੁਰਾਂ ਦੇ ਅਨੁਭਵ ਦੁਆਰਾ ਦੇਖਿ = ਦੇਖ ਲਿਆ ਹੈ। ਆਪਣੇ ਸ੍ਵੈ ਜੋਤੀ ਸਰੂਪ ਦੇ ਤਾਈਂ ਬੀਚਾਰਿ = ਵੀਚਾਰ ਲਿਆ ਹੈ। ਉਸੇ ਵਿਚ ਸਾਡਾ ਮਨ ਮੰਨ

ਗਿਆ ਹੈ **ਵਾ:** ਜੋ ਸਾਰਿਆਂ ਦਾ ਦੇਖਿ = ਦ੍ਰਿਸ਼ਟਾ ਰੂਪ ਹੈ ਅਤੇ ਬੀਚਾਰਿ = ਗਿਆਨ ਸਰੂਪ ਹੈ, ਉਸ ਵਿਚ ਮੇਰਾ ਮਨ ਮੰਨ ਗਿਆ ਹੈ ॥੬॥

***ਪ੍ਰਸ਼ਨ :*** *ਹੇ ਮਹਾਰਾਜ ਮੁਕਤੀ ਕਿਵੇਂ ਪ੍ਰਾਪਤ ਹੁੰਦੀ ਹੈ ?*

***ਗੁਰ ਉੱਤਰ :***

## ਕੀਰਤਿ ਸੂਰਤਿ ਮੁਕਤਿ; ਇਕ ਨਾਈ ॥

ਜੋ ਪਰਮੇਸ਼ਰ ਦੇ ਇਕ = ਅਦ੍ਵੈਤ ਸਰੂਪ ਨਾਈ = ਨਾਮ ਦੀ ਸੂਰਤਿ = ਸੁੰਦਰ ਕੀਰਤਿ = ਕੀਰਤਨ ਭਗਤੀ ਕਰਨੀ ਹੈ, ਇਸ ਨਾਲ ਹੀ ਮੁਕਤਿ = ਮੁਕਤੀ ਪ੍ਰਾਪਤ ਹੁੰਦੀ ਹੈ **ਅਥਵਾ** ਕੀਰਤਿ = ਕੀਰਤੀ, ਵਡਿਆਈ, ਸੂਰਤਿ = ਸੁੰਦਰ ਸ਼ਕਲ ਅਤੇ ਮੁਕਤਿ = ਮੁਕਤੀ, ਪਰਮੇਸ਼ਰ ਦੇ ਇਕ ਨਾਈ = ਨਾਮ ਕਰਕੇ ਹੀ ਪ੍ਰਾਪਤ ਹੁੰਦੀ ਹੈ **ਅਥਵਾ** ਹੇ ਭਾਈ ! ਜੇਕਰ ਅੰਤਸ਼ਕਰਣ ਵਿੱਚੋਂ ਵਿਕਾਰਾਂ ਨੂੰ ਮੇਟ ਕਰ ਕੇ ਸ਼੍ਰਵਣ, ਮੰਨਣ, ਨਿਧਿਆਸਣ ਗਿਆਨ, ਤੱਤ ਤੂੰ ਦਾ ਸੰਸ਼ੋਧਨ ਗਿਆਨ ਸਾਖਿਆਤਤਾ ਗਿਆਨ ਦੀ ਸੂਰਤਿ = ਸੁੰਦਰਤਾ ਚਾਹੁੰਦੇ ਹੋ, ਤਾਂ ਇਕ ਪਰਮੇਸ਼ਰ ਦੇ ਨਾਈ = ਨਾਮ ਨੂੰ ਜਪੋ ਤੇ ਪਰਮੇਸ਼ਰ ਦਾ ਕੀਰਤਿ = ਕੀਰਤਨ ਕਰੋ, ਇਹੀ ਮੁਕਤ ਹੋਣ ਦੀ ਵਜ੍ਹਾ ਹੈ।

## ਤਹੀ ਨਿਰੰਜਨੁ; ਰਹਿਆ ਸਮਾਈ ॥

ਜਿਨ੍ਹਾਂ ਭਗਤਾਂ ਦੇ ਅੰਤਸ਼ਕਰਣ ਵਿਚ ਨਾਮ ਹੈ, ਉਹ ਜਿਥੇ ਵੀ ਬਿਰਤੀ ਨੂੰ ਟਿਕਾ ਕੇ ਬੈਠ ਜਾਂਦੇ ਹਨ, ਤਹੀ = ਉਥੇ ਹੀ ਨਿਰੰਜਨੁ = ਪਰਮੇਸ਼ਰ ਸਮਾਈ = ਸਮਾ ਰਹਿਆ = ਰਿਹਾ ਹੋਇਆ ਵੇਖਦੇ ਹਨ।

## ਨਿਜ ਘਰਿ ਬਿਆਪਿ ਰਹਿਆ; ਨਿਜ ਠਾਈ ॥੭॥

ਭਗਤਾਂ ਦੇ ਹਿਰਦਿਆਂ ਨੂੰ ਨਿਜ = ਆਪਣਾ ਘਰਿ = ਗ੍ਰਿਹਿ ਬਣਾ ਕੇ ਨਿਜ = ਆਪਣੇ ਸਰੂਪ ਰੂਪੀ ਠਾਈ = ਥਾਂ ਵਾਲਾ ਪਰਮੇਸ਼ਰ ਚੇਤਨ ਸੱਤਾ ਰੂਪ ਬਿਆਪਿ = ਵਿਆਪਕ ਹੋ ਰਹਿਆ = ਰਿਹਾ ਹੈ **ਅਥਵਾ** ਵਿਸ਼ੇਸ਼ ਕਰ ਕੇ ਅਪ੍ਰੋਖ ਗਿਆਨ ਰੂਪ ਹੋ ਕੇ, ਅਗਿਆਨ ਦਾ ਨਾਸ ਕਰ ਕੇ, ਨਿਜ = ਆਪਣੇ ਤੁਰੀਆ ਪਦ ਰੂਪੀ ਘਰਿ = ਘਰ ਵਿਚ ਬ੍ਰਹਮ ਬੇਤਾ ਇਸਥਿਤ ਹੋ ਰਿਹਾ ਹੈ ਤੇ ਪਰਮੇਸ਼ਰ ਸਮਾਨ ਚੇਤਨ ਸਾਰਿਆਂ ਵਿਚ ਬਿਆਪਿ = ਵਿਆਪਕ ਹੋ ਰਹਿਆ = ਰਿਹਾ ਹੈ। ਉਹ ਜੋਤੀ ਸਰੂਪ ਆਪਣੇ ਆਪ ਵਿਚ ਹੀ ਬਿਰਾਜਮਾਨ ਹੈ ॥੭॥

## ਉਸਤਤਿ ਕਰਹਿ; ਕੇਤੇ ਮੁਨਿ ਪ੍ਰੀਤਿ ॥
## ਤਨਿ ਮਨਿ ਸੂਚੈ; ਸਾਚੁ ਸੁ ਚੀਤਿ ॥

ਹੇ ਸਿੱਧੋ ! ਕੇਤੇ = ਕਿਤਨੇ ਹੀ ਮੁਨਿ = ਮੁਨੀ ਜਨ ਪ੍ਰੀਤਿ = ਪ੍ਰੀਤੀ ਨਾਲ ਉਸ ਪਰਮੇਸ਼ਰ ਦੀ ਉਸਤਤਿ = ਵਡਿਆਈ ਕਰਹਿ = ਕਰਦੇ ਹਨ। ਜਿਨ੍ਹਾਂ ਨੇ ਸਾਚੁ = ਸੱਚੇ ਨਾਮ ਨੂੰ ਭਲੀ ਪ੍ਰਕਾਰ ਚੀਤਿ = ਚਿੱਤ ਵਿਚ ਵਸਾਇਆ ਹੈ, ਉਨ੍ਹਾਂ ਦੇ ਤਨਿ = ਸਰੀਰ ਅਤੇ ਮਨਿ = ਅੰਤਸ਼ਕਰਣ ਸੂਚੇ = ਸੁੱਚੇ ਹੋ ਗਏ ਹਨ **ਵਾ:** ਤਨ ਮਨ ਕਰ ਕੇ ਉਹੀ ਸੱਚੇ ਹਨ, ਜਿਨ੍ਹਾਂ ਦੇ ਅੰਦਰ ਸੱਚਾ ਨਾਮ ਭਲੀ ਪ੍ਰਕਾਰ ਵਸ ਰਿਹਾ ਹੈ।

**[ਅੰਗ ੨੨੨]**

## ਨਾਨਕ ਹਰਿ ਭਜੁ; ਨੀਤਾ ਨੀਤਿ ॥੮॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸਿੱਧੋ ! ਇਸ ਪ੍ਰਕਾਰ ਨੀਤਾ ਨੀਤ = ਨਿਤਾਪ੍ਰਤੀ ਹੀ ਹਰਿ = ਪਰਮੇਸ਼ਰ ਦਾ ਭਜੁ = ਭਜਨ ਕਰੋ ॥੮॥੨॥

## ਗਉੜੀ ਗੁਆਰੇਰੀ, ਮਹਲਾ ੧ ॥

ਸਿੱਧ, ਸਤਿਗੁਰੂ ਜੀ ਨੂੰ ਕਹਿਣ ਲੱਗੇ ਕਿ ਮਹਾਰਾਜ ਇਹ ਗਿਆਨ ਕਿਉਂ ਨਹੀਂ ਪ੍ਰਾਪਤ ਹੁੰਦਾ। ਗੁਰੂ ਜੀ ਉਚਾਰਨ ਕਰਦੇ ਹਨ:

## ਨਾ ਮਨੁ ਮਰੈ; ਨ ਕਾਰਜੁ ਹੋਇ ॥ ਮਨੁ ਵਸਿ ਦੂਤਾ; ਦੁਰਮਤਿ ਦੋਇ ॥

ਹੇ ਸਿੱਧੋ! ਜਿੰਨਾ ਚਿਰ ਤਕ ਮਨੁ = ਅੰਤਸ਼ਕਰਣ ਦਾ ਮੰਦਾ ਸੁਭਾਅ ਨ = ਨਹੀਂ ਮਰੈ = ਮਰਦਾ। ਉਤਨਾ ਚਿਰ ਤਕ ਗਿਆਨ ਰੂਪੀ, ਮੁਕਤੀ ਰੂਪੀ, ਪਰਮੇਸ਼ਰ ਦੀ ਪ੍ਰਾਪਤੀ ਰੂਪੀ ਕੋਈ ਵੀ ਕਾਰਜੁ = ਕੰਮ ਸਿੱਧ ਨ = ਨਹੀਂ ਹੋਇ = ਹੁੰਦਾ।

***ਪ੍ਰਸ਼ਨ :*** *ਮਹਾਰਾਜ! ਮਨ ਕਿਉਂ ਨਹੀਂ ਮਰਦਾ?*

***ਗੁਰ ਉੱਤਰ :*** ਹੇ ਸਿੱਧੋ! ਕਿਉਂਕਿ ਮਨ = ਚਿੱਤ ਕਾਮਾਦਿਕ ਦੂਤਾ = ਦੂਤਾਂ ਦੇ ਵਸਿ = ਅਧੀਨ ਹੈ ਅਤੇ ਦੁਰਮਤਿ = ਖੋਟੀ ਮੱਤ ਹੋਣ ਕਰਕੇ ਦੋਇ = ਦ੍ਵੈਤ ਨੂੰ ਹੀ ਚਿਤਵਦਾ ਰਹਿੰਦਾ ਹੈ **ਵਾ:** ਦੋਇ = ਜੰਮਣ ਮਰਣ ਦੋਵੇਂ ਹੀ ਚਿੰਬੜੇ ਰਹਿੰਦੇ ਹਨ **ਅਥਵਾ** ਦੁਰਮਤਿ = ਖੋਟੇ ਪੁਰਸ਼ਾਂ ਦੀ ਸੰਗਤ ਕਿਉਂ ਹੋਈ? ਦੋਇ = ਦ੍ਵੈਤ ਕਰ ਕੇ। ਮਨ ਵਿਚ ਦ੍ਵੈਤ ਕਿਉਂ ਹੈ? ਕਾਮਾਦਿਕ ਦੂਤਾਂ ਦੀ ਸੰਗਤ ਕਰ ਕੇ।

## ਮਨੁ ਮਾਨੈ ਗੁਰ ਤੇ; ਇਕੁ ਹੋਇ ॥੧॥

ਜੇਕਰ ਗੁਰ = ਸਤਿਗੁਰੂ ਸਾਹਿਬ ਜੀ ਤੇ = ਤੋਂ ਉਪਦੇਸ਼ ਲੈ ਕੇ ਮਨੁ = ਚਿਤ ਮਾਨੈ = ਮੰਨ ਜਾਵੇ ਤਾਂ ਇਹ ਦ੍ਵੈਤ ਮਿਟਾ ਕਰ ਕੇ ਇਕੁ = ਇੱਕੋ ਹੀ ਅਦ੍ਵੈਤ ਰੂਪ ਹੋਇ = ਹੋ ਜਾਂਦਾ ਹੈ ॥੧॥ ਜੈਸਾ ਕਿ:

**ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ ॥** *(ਅੰਗ ੪੪੧)*

## ਨਿਰਗੁਣ ਰਾਮੁ; ਗੁਣਹ ਵਸਿ ਹੋਇ ॥

ਹੇ ਨਿਰਗੁਣ = ਗੁਣਾਂ ਤੋਂ ਹੀਣੇ ਜੀਵ! ਰਾਮੁ = ਪਰਮੇਸ਼ਰ ਗੁਣਹ = ਸ਼ੁਭ ਗੁਣਾਂ ਕਰਕੇ ਵਸਿ = ਅਧੀਨ ਹੋਇ = ਹੁੰਦਾ ਹੈ **ਵਾ:** ਜੋ ਨਿਰਗੁਣ = ਤਿੰਨਾਂ ਗੁਣਾਂ ਤੋਂ ਅਤੀਤ ਰਾਮੁ = ਪਰਮੇਸ਼ਰ ਹੈ, ਉਹ ਗੁਣਹ = ਸ਼ੁਭ ਗੁਣਾਂ ਦੇ ਸਹਿਤ ਹੋਏ ਭਗਤ ਜਨਾਂ ਦੇ ਵਸਿ = ਅਧੀਨ ਹੋਇ ਹੋ ਜਾਂਦਾ ਹੈ।

***ਪ੍ਰਸ਼ਨ :*** *ਉਹ ਪਰਮੇਸ਼ਰ ਭਗਤ ਜਨਾਂ ਦੇ ਅੰਦਰ ਕਿਵੇਂ ਵਸ ਜਾਂਦਾ ਹੈ?*

***ਗੁਰ ਉੱਤਰ :***

## ਆਪੁ ਨਿਵਾਰਿ; ਬੀਚਾਰੇ ਸੋਇ ॥੧॥ਰਹਾਉ॥

ਉਨ੍ਹਾਂ ਨੇ ਆਪਣੇ ਅੰਤਸ਼ਕਰਣ ਦੇ ਅੰਦਰੋਂ ਕਾਰਨ, ਸੂਖਮ, ਸਥੂਲ, ਦੇਹ ਇੰਦ੍ਰੇ ਰੂਪੀ ਆਪੁ = ਆਪਾ-ਭਾਵ ਦੀ ਨਿਵਾਰਿ = ਨਵਿਰਤੀ ਕਰ ਦਿੱਤੀ ਹੈ ਅਤੇ ਸੋਇ = ਉਹ ਬ੍ਰਹਮ ਨੂੰ ਹੀ ਬੀਚਾਰੇ = ਵਿਚਾਰਦੇ ਹਨ ॥੧॥ਰਹਾਉ॥

## ਮਨੁ ਭੂਲੋ; ਬਹੁ ਚਿਤੈ ਵਿਕਾਰੁ ॥
## ਮਨੁ ਭੂਲੋ; ਸਿਰਿ ਆਵੈ ਭਾਰੁ ॥

ਜਦੋਂ ਮਨੁ = ਚਿਤ ਪਰਮੇਸ਼ਰ ਦੇ ਨਾਮ ਤੋਂ ਭੂਲੋ = ਭੁੱਲ ਜਾਂਦਾ ਹੈ ਤਾਂ ਬਹੁ = ਬਹੁਤਿਆਂ ਕਾਮਾਦਿਕ ਵਿਕਾਰੁ = ਵਿਕਾਰਾਂ ਨੂੰ ਚਿਤੈ = ਚਿਤਵਦਾ ਰਹਿੰਦਾ ਹੈ। ਮਨੁ = ਚਿਤ ਦੇ ਵਾਹਿਗੁਰੂ ਵੱਲੋਂ ਭੂਲੋ = ਭੁੱਲਣ ਕਰ ਕੇ ਜੀਵ ਨੂੰ ਵਾਰ ਵਾਰ ਮਾਤਾ ਦੇ ਗਰਭ ਵਿਚ ਸਿਰਿ ਭਾਰੁ = ਸਿਰ ਪਰਨੇ ਆਵੈ = ਆਉਣਾ ਪੈਂਦਾ ਹੈ **ਵਾ:** ਮਨ ਦੇ ਭੁੱਲਣ ਕਰ ਕੇ ਇਸ ਦੇ ਸਿਰ 'ਤੇ ਪਾਪਾਂ ਦਾ ਭਾਰ ਆਵੈ = ਆ ਜਾਂਦਾ ਹੈ।

## ਮਨੁ ਮਾਨੈ; ਹਰਿ ਏਕੰਕਾਰੁ ॥੨॥

ਜੇਕਰ ਮਨੁ = ਚਿਤ ਮਾਨੈ = ਮੰਨ ਜਾਵੇ ਤਾਂ ਹਰਿ = ਹਰੀ ਏਕੰਕਾਰੁ = ਇਕ ਓਅੰਕਾਰ ਦਾ ਹੀ ਰੂਪ ਹੋ ਜਾਂਦਾ ਹੈ **ਵਾ:** ਉਹ ਰੂਪ ਪ੍ਰਾਪਤ ਹੋ ਜਾਂਦਾ ਹੈ **ਵਾ:** ਜਦੋਂ ਗੁਰੂ ਸਾਹਿਬ ਜੀ ਦੇ ਮਨੁ = ਮੰਤ੍ਰ ਨੂੰ ਮਾਨੈ = ਮੰਨ ਲੈਂਦਾ ਹੈ ਤਦ ਉਹ ਏਕੰਕਾਰ = ਇਕ ਓਅੰਕਾਰ ਹਰਿ = ਪਰਮੇਸ਼ਰ ਦਾ ਰੂਪ ਹੀ ਹੋ ਜਾਂਦਾ ਹੈ ॥੨॥

## ਮਨੁ ਭੂਲੋ; ਮਾਇਆ ਘਰਿ ਜਾਇ ॥ ਕਾਮਿ ਬਿਰੂਧਉ; ਰਹੈ ਨ ਠਾਇ ॥

ਇਹ ਮਨੁ = ਚਿਤ ਭੂਲੋ = ਭੁੱਲ ਵਿਚ ਹੀ ਪਿਆ ਰਹਿੰਦਾ ਹੈ ਅਤੇ ਮਾਇਆ = ਛਲ ਰੂਪ ਦੇ ਸੰਸਾਰ ਰੂਪੀ ਘਰ ਦੇ ਵਿਚ ਹੀ ਜਾਇ = ਜਾਂਦਾ ਰਹਿੰਦਾ ਹੈ, ਭਾਵ ਸੰਸਾਰ ਵਿਚ ਹੀ ਜੰਮਦਾ ਮਰਦਾ ਰਹਿੰਦਾ ਹੈ, ਮਾਇਕੀ ਘਰਾਂ ਵਿਚ ਜਾ ਕੇ ਕਾਮਿ = ਵਿਕਾਰ ਦ੍ਰਿਸ਼ਟੀ ਵਿਚ ਬਿਰੂਧਉ = ਵਿਸ਼ੇਸ਼ ਕਰ ਕੇ ਰੁਕਿਆ ਰਹਿੰਦਾ ਹੈ। ਇਹ ਕਦੇ ਸਰੂਪ ਦੇ ਚਿੰਤਨ ਕਰਨ ਰੂਪੀ ਠਾਇ = ਥਾਂ ਵਿਚ ਨ = ਨਹੀਂ ਰਹੈ = ਰਹਿੰਦਾ **ਵਾ:** ਸਾਧਸੰਗਤ ਰੂਪੀ ਥਾਂ ਵਿਚ ਨਹੀਂ ਰਹਿੰਦਾ **ਅਥਵਾ** ਕਾਮਿ = ਕਾਮਨਾ ਦਾ ਬਿਰੂਧਉ = ਵਿਸ਼ੇਸ਼ ਕਰ ਕੇ ਰੁਕਿਆ ਹੋਇਆ ਮਹਾਰਾਜ ਦੇ ਨਾਮ ਰੂਪੀ ਠਾਇ = ਥਾਂ ਵਿਚ, ਤੁਰੀਆ ਪਦ ਰੂਪੀ ਠਾਇ = ਥਾਂ ਵਿਚ ਅੰਤਰਮੁਖੀ ਇਸਥਿਤ ਹੋ ਕੇ ਨਹੀਂ ਰਹੈ = ਰਹਿੰਦਾ।

## ਹਰਿ ਭਜੁ ਪ੍ਰਾਣੀ; ਰਸਨ ਰਸਾਇ ॥੩॥

ਹੇ ਪ੍ਰਾਣੀ = ਪ੍ਰਾਣਾਂਧਾਰੀ ਜੀਵ ! ਜੇਕਰ ਇਨ੍ਹਾਂ ਦੁੱਖਾਂ ਤੋਂ ਛੁੱਟਣਾ ਹੈ ਤਾਂ ਹਰਿ = ਹਰੀ ਪਰਮੇਸ਼ਰ ਦੇ ਭਜੁ = ਭਜਨ ਨੂੰ ਰਸਨ = ਰਸਨਾ ਦੁਆਰਾ ਰਸਾਇ = ਰਸਾ ਰਸਾ ਕੇ ਕਰ, ਭਾਵ ਪ੍ਰੇਮ ਰਸ ਵਿਚ ਆ ਕੇ ਕਰ ॥੩॥

## ਗੈਵਰ ਹੈਵਰ; ਕੰਚਨ ਸੁਤ ਨਾਰੀ ॥ ਬਹੁ ਚਿੰਤਾ; ਪਿੜ ਚਾਲੈ ਹਾਰੀ ॥

ਜਿਹੜਾ (ਗੈ+ਵਰ) ਵਰ = ਸ੍ਰੇਸ਼ਟ ਗੈ = ਹਾਥੀ, (ਹੈ+ਵਰ) ਵਰ = ਸ੍ਰੇਸ਼ਟ ਹੈ ਘੋੜੇ ਕੰਚਨ = ਸੋਨਾ, ਸੁਤ = ਪੁੱਤਰ ਅਤੇ ਨਾਰੀ = ਇਸਤਰੀ ਆਦਿ ਦੇ ਮੋਹ ਵਿਚ ਫਸਿਆ ਹੋਇਆ ਹੈ **ਵਾ:** ਇਨ੍ਹਾਂ ਦੀ ਇੱਛਾ ਰੱਖਦਾ ਹੈ, ਉਹ ਬਹੁ = ਬਹੁਤ ਚਿੰਤਾ, ਸੋਗ, ਫ਼ਿਕਰਾਂ ਦੇ ਸਹਿਤ ਹੋ ਕੇ ਮਨੁੱਖਾ ਜਨਮ ਰੂਪੀ ਪਿੜ = ਬਾਜ਼ੀ ਨੂੰ ਇਥੇ ਹੀ ਹਾਰੀ = ਹਾਰ ਕੇ ਚਾਲੈ = ਚਲਿਆ ਜਾਂਦਾ ਹੈ।

## ਜੂਐ ਖੇਲਣੁ; ਕਾਚੀ ਸਾਰੀ ॥੪॥

ਮਾਇਕੀ ਪਦਾਰਥਾਂ ਰੂਪੀ **ਵਾ:** ਸੰਸਾਰ ਰੂਪੀ ਜੂਐ = ਜੂਏ ਵਿਚ ਵਿਸ਼ਿਆਂ ਰੂਪੀ ਖੇਡ ਖੇਲਣੁ = ਖੇਲਣ ਨਾਲ ਜਿੰਦ ਰੂਪੀ ਸਾਰੀ = ਨਰਦ ਕਾਚੀ = ਕੱਚੀ ਹੀ ਰਹਿੰਦੀ ਹੈ ॥੪॥

## ਸੰਪਉ ਸੰਚੀ; ਭਏ ਵਿਕਾਰ ॥ ਹਰਖ ਸੋਕ; ਉਭੇ ਦਰਵਾਰਿ ॥

ਜਿੰਨੀ ਕਿਸੇ ਨੇ ਸੰਪਉ = ਮਾਇਆ ਨੂੰ ਸੰਚੀ = ਇਕੱਠੀ ਕਰ ਲਿਆ ਹੈ, ਉਸ ਨਾਲ ਉਤਨੇ ਹੀ ਵਿਕਾਰ = ਕਾਮਾਦਿਕ **ਵਾ:** ਦੁਖ ਰੋਗ ਪੈਦਾ ਭਏ = ਹੋਏ ਹਨ। ਇਸ ਪ੍ਰਕਾਰ ਉਨ੍ਹਾਂ ਦੇ ਦਰਵਾਰਿ = ਅੰਦਰ ਵਾਰ ਭਾਵ ਅੰਤਸ਼ਕਰਣ ਵਿਚ ਹਰ ਵੇਲੇ ਹਰਖ = ਖ਼ੁਸ਼ੀ ਅਤੇ ਸੋਕ = ਗ਼ਮੀ ਉਭੇ = ਦੋਵੇਂ ਬਣੇ ਰਹਿੰਦੇ ਹਨ **ਵਾ:** ਇਸ ਤਰ੍ਹਾਂ ਜੀਵ ਹਰਖ ਸੋਕ = ਸੋਗ, ਗ਼ਮੀ ਵਿਚ ਲੱਗ ਕਰ ਕੇ ਦਰ = ਸੰਸਾਰ ਦੇ ਵਿਚ ਵਾਰਿ = ਵਾਰ ਵਾਰ ਆਉਂਦੇ ਜਾਂਦੇ ਰਹਿੰਦੇ ਹਨ **ਵਾ:** ਉਨ੍ਹਾਂ ਦੇ ਇੰਦ੍ਰੀਆਂ ਰੂਪੀ ਦਰਾਂ ਵਿਚ ਹਰ ਵਕਤ ਹਰਖ ਸੋਗ ਚਿੰਬੜੇ ਰਹਿੰਦੇ ਹਨ।

## ਸੁਖੁ ਸਹਜੇ; ਜਪਿ ਰਿਦੈ ਮੁਰਾਰਿ ॥੫॥

ਹੇ ਭਾਈ! ਰਿਦੈ = ਹਿਰਦੇ ਵਿਚ ਮੁਰਾਰਿ = ਮੁਰਾਰੀ ਪਰਮੇਸ਼ਰ ਨੂੰ ਜਪਿ = ਜਪਣ ਕਰ ਕੇ ਸਹਜੇ = ਸੁਭਾਵਿਕ ਹੀ ਆਤਮ ਸੁਖੁ = ਅਨੰਦ ਦੀ ਪ੍ਰਾਪਤੀ ਹੁੰਦੀ ਹੈ ॥੫॥

## ਨਦਰਿ ਕਰੇ; ਤਾ ਮੇਲਿ ਮਿਲਾਏ ॥
## ਗੁਣ ਸੰਗ੍ਰਹਿ; ਅਉਗਣ ਸਬਦਿ ਜਲਾਏ ॥

ਜਿਨ੍ਹਾਂ ਉੱਤੇ ਗੁਰੂ ਸਾਹਿਬ ਜੀ ਨਦਰਿ = ਕ੍ਰਿਪਾ ਦ੍ਰਿਸ਼ਟੀ ਕਰੇ = ਕਰਦੇ ਹਨ ਤਾ = ਉਨ੍ਹਾਂ ਨੂੰ ਆਪਣੇ ਮੇਲਿ = ਮੇਲ ਵਿਚ ਮਿਲਾਏ = ਮਿਲਾ ਲੈਂਦੇ ਹਨ। ਅਤੇ

ਉਹੋ ਗੁਰਸਿੱਖ ਫਿਰ ਗੁਣ = ਸ਼ੁਭ ਗੁਣਾਂ ਦੇ ਤਾਈਂ ਸੰਗ੍ਰਹਿ = ਇਕੱਤਰ ਕਰਦੇ ਹਨ ਅਤੇ ਗੁਰੂ ਸਾਹਿਬ ਜੀ ਦੇ ਸਬਦਿ = ਉਪਦੇਸ਼ ਦੀ ਕਮਾਈ ਕਰ ਕੇ ਅਉਗਣ = ਔਗੁਣਾਂ ਨੂੰ ਜਲਾਏ = ਜਾਲ ਦੇਂਦੇ ਹਨ **ਅਥਵਾ** ਜੇਕਰ ਅਕਾਲ ਪੁਰਖ ਨਦਰਿ = ਕ੍ਰਿਪਾ ਦ੍ਰਿਸ਼ਟੀ ਕਰੇ ਤਾਂ ਗੁਰਾਂ ਦੇ ਮੇਲਿ ਵਿਚ ਮਿਲਾਏ = ਮਿਲਾ ਦਿੰਦਾ ਹੈ। ਫਿਰ ਸਤਿਗੁਰਾਂ ਨਾਲ ਮਿਲ ਕਰ ਕੇ ਸਤ ਸੰਤੋਖ ਆਦਿ ਸ਼ੁਭ ਗੁਣ = ਗੁਣਾਂ ਤਾਈਂ ਸੰਗ੍ਰਹਿ = ਇਕੱਤਰ ਕਰੇ ਅਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਆਦਿਕ ਅਉਗਣ = ਔਗੁਣਾਂ ਨੂੰ ਗੁਰਾਂ ਦੇ ਸਬਦਿ = ਉਪਦੇਸ਼ ਦੀ ਕਮਾਈ ਕਰ ਕੇ, ਬ੍ਰਹਮ ਅਭਿਆਸ ਦੀ ਅਗਨੀ ਕਰ ਕੇ ਜਲਾਏ = ਸਾੜ ਦੇਵੇ।

## ਗੁਰਮੁਖਿ; ਨਾਮੁ ਪਦਾਰਥੁ ਪਾਏ ॥੬॥

ਇਸ ਪ੍ਰਕਾਰ ਗੁਰਮੁਖਿ = ਗੁਰਾਂ ਦੇ ਸਨਮੁਖ ਰਹਿਣ ਵਾਲੇ ਸਿੱਖ ਗੁਰਾਂ ਦੁਆਰਾ ਪਰਮੇਸ਼ਰ ਦੇ ਨਾਮ ਰੂਪੀ ਪਦਾਰਥੁ = ਵਸਤੂ ਨੂੰ ਪਾਏ = ਪ੍ਰਾਪਤ ਕਰ ਲੈਂਦੇ ਹਨ ॥੬॥

## ਬਿਨੁ ਨਾਵੈ; ਸਭ ਦੂਖ ਨਿਵਾਸੁ ॥ ਮਨਮੁਖ ਮੂੜ; ਮਾਇਆ ਚਿਤ ਵਾਸੁ ॥

ਪਰਮੇਸ਼ਰ ਦੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਜੰਮਣ ਮਰਣ ਰੂਪ ਆਦਿ ਸਭ = ਸਾਰੇ ਦੂਖ = ਦੁੱਖਾਂ ਵਿਚ ਜੀਵ ਦਾ ਨਿਵਾਸੁ = ਇਸਥਤਿ, ਵਾਸਾ ਹੁੰਦਾ ਹੈ **ਵਾ:** ਜਿੰਨਾ ਕਿਸੇ ਦਾ ਘਰ ਵਿਚ ਨਿਵਾਸ ਹੈ, ਪਦਾਰਥਾਂ ਵਿਚ ਨਿਵਾਸ ਹੈ, ਵਾਸ਼ਨਾ ਵਿਚ ਨਿਵਾਸ ਹੈ ਸਭ = ਸਾਰਾ ਦੂਖ = ਦੁਖ ਹੀ ਹੈ, ਮਨਮੁਖ = ਮਨਮਤ ਧਾਰਨ ਵਾਲਾ ਜੀਵ ਇਤਨਾ ਮੂੜ = ਮੂਰਖ, ਬੇਸਮਝ ਹੋ ਰਿਹਾ ਹੈ ਕਿ ਹਰ ਵਖਤ ਇਸ ਦੇ ਚਿਤੁ = ਮਨ ਵਿਚ ਮਾਇਆ ਹੀ ਵਾਸੁ = ਵਸਦੀ ਰਹਿੰਦੀ ਹੈ **ਵਾ:** ਇਸ ਦਾ ਚਿੱਤ ਮਾਇਆ ਵਿਚ ਹੀ ਵਸਦਾ ਰਹਿੰਦਾ ਹੈ।

## ਗੁਰਮੁਖਿ ਗਿਆਨੁ; ਧੁਰਿ ਕਰਮਿ ਲਿਖਿਆਸੁ ॥੭॥

ਧੁਰਿ = ਧੁਰੋਂ ਦਰਗਾਹੋਂ ਕਰਮਿ = ਸ਼ੁਭ ਕਰਮ, ਨਿਸ਼ਕਾਮ ਕਰਮਾਂ ਦੇ ਲਿਖਿਆਸੁ = ਲਿਖੇ ਹੋਏ ਅਨੁਸਾਰ, ਗੁਰਮੁਖਿ = ਗੁਰਮੁਖ ਜਨਾਂ ਨੇ ਸਰੂਪ ਦੇ ਗਿਆਨੁ = ਬੋਧ ਦੀ ਪ੍ਰਾਪਤੀ ਕੀਤੀ ਹੈ ॥੭॥

## ਮਨੁ ਚੰਚਲੁ; ਧਾਵਤੁ ਫੁਨਿ ਧਾਵੈ ॥ ਸਾਚੇ ਸੂਚੇ; ਮੈਲੁ ਨ ਭਾਵੈ ॥

ਇਹ ਮਨੁ = ਚਿੱਤ ਬਾਂਦਰ ਦੀ ਨਿਆਈਂ ਚੰਚਲੁ = ਸਥਿਰ ਨਹੀਂ ਹੈ ਇਹ ਧਾਵਤੁ = ਧਾ ਜਾਣ ਵਾਲੇ, ਭੱਜ ਜਾਣ ਵਾਲੇ ਨਾਸਵੰਤ ਪਦਾਰਥਾਂ ਦੀ ਧੌਣੀ ਵਿਚ ਫੁਨਿ = ਮੁੜ ਮੁੜ ਕੇ ਧਾਵੈ = ਦੌੜ ਕੇ ਜਾਂਦਾ ਹੈ। ਜਿਹੜੇ ਸਾਚੇ = ਸੱਚੇ ਨਾਮ ਨੂੰ ਜਪ ਕਰ ਕੇ ਸੂਚੇ = ਸੁੱਚੇ ਹੋ ਗਏ ਹਨ, ਉਨ੍ਹਾਂ ਨੂੰ ਮਾਇਆ ਦੀ ਇੱਛਾ ਰੂਪ, ਅਵਿਦਿਆ ਰੂਪੀ, ਪਾਪਾਂ ਰੂਪੀ ਮੈਲ = ਗੰਦਗੀ ਨ = ਨਹੀਂ ਭਾਵੈ = ਭਾਉਂਦੀ, ਚੰਗੀ ਨਹੀਂ ਲੱਗਦੀ।

## ਨਾਨਕ, ਗੁਰਮੁਖਿ; ਹਰਿ ਗੁਣ ਗਾਵੈ ॥੮॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਗੁਰਮੁਖਿ = ਗੁਰਮੁਖ ਜਨ ਹਨ, ਉਹੋ ਹੀ ਹਰਿ = ਹਰੀ ਦੇ ਗੁਣ = ਸਿਫ਼ਤਾਂ ਨੂੰ ਗਾਵੈ = ਗਾ ਕੇ ਨਿਹਾਲ ਹੁੰਦੇ ਹਨ **ਅਥਵਾ** ਗੁਰਮੁਖ ਜਨ ਗੁਰ ਉਪਦੇਸ਼ ਦੁਆਰਾ ਹਰਿ = ਪਰਮੇਸ਼ਰ ਦੇ ਗੁਣ = ਸਿਫ਼ਤਾਂ ਨੂੰ ਗਾਵੈ = ਗਾਉਂਦੇ ਹਨ ॥੮॥੩॥

## ਗਉੜੀ ਗੁਆਰੇਰੀ, ਮਹਲਾ ੧ ॥

## ਹਉਮੈ ਕਰਤਿਆ; ਨਹ ਸੁਖੁ ਹੋਇ ॥ ਮਨਮਤਿ ਝੂਠੀ; ਸਚਾ ਸੋਇ ॥

ਹੇ ਭਾਈ! ਜਿੰਨਾ ਚਿਰ ਹਉਮੈ = ਹੰਗਤਾ ਮਮਤਾ ਕਰਤਿਆ = ਕਰਦੇ ਰਹਾਂਗੇ, ਉਤਨਾ ਚਿਰ ਕਿਸੇ ਨੂੰ ਸੁਖੁ = ਅਨੰਦ ਸਰੂਪ ਦੀ ਪ੍ਰਾਪਤੀ ਨਹ = ਨਹੀਂ ਹੋਇ = ਹੋਵੇਗੀ। ਹੇ ਭਾਈ! ਮਨਮਤਿ = ਮਨ ਦੀ ਮੱਤ ਅਵਿੱਦਿਆ ਦੀ ਮੈਲ ਕਰਕੇ ਝੂਠੀ = ਮਿਥਿਆ ਹੈ ਤੇ ਸੋਇ = ਉਹ ਪਰਮੇਸ਼ਰ ਸਚਾ = ਸੱਚ ਸਰੂਪ ਹੈ ਤੇ ਮਨ ਦੀ ਮੱਤ ਕੱਚੀ ਹੈ, ਝੂਠੀ ਹੈ, ਜਿਸ ਨਾਲ ਉਹ ਪ੍ਰਾਪਤ ਨਹੀਂ ਹੋ ਸਕਦਾ।

## ਸਗਲ ਬਿਗੂਤੇ; ਭਾਵੈ ਦੋਇ ॥ ਸੋ ਕਮਾਵੈ; ਧੁਰਿ ਲਿਖਿਆ ਹੋਇ ॥੧॥

ਜਿਨ੍ਹਾਂ ਨੂੰ ਦੋਇ = ਦ੍ਵੈਸ਼, ਬੁਰਾ ਭਲਾ ਅਧਿਆਸ ਹੀ ਭਾਵੈ = ਭਾਉਂਦਾ ਹੈ, ਉਹ ਸਗਲ = ਸਾਰੇ ਹੀ ਬਿਗੂਤੇ = ਖ਼ਰਾਬ ਬੇ-ਗਤ ਹੁੰਦੇ ਹਨ। ਸੋ = ਉਹੋ ਹੀ ਪਰਮੇਸ਼ਰ ਦੇ ਨਾਮ ਦੀ ਕਮਾਵੈ = ਕਮਾਈ ਕਰਦੇ ਹਨ, ਜਿਨ੍ਹਾਂ ਦੇ ਮੱਥੇ ਤੇ ਧੁਰਿ = ਧੁਰੋਂ ਦਰਗਾਹੋਂ ਈਸ਼ਰ ਨੇ ਨਿਸ਼ਕਾਮ ਕਰਮ ਦਾ ਲੇਖ ਲਿਖਿਆ ਹੋਇ = ਹੋਇਆ ਹੈ ॥੧॥

## ਐਸਾ ਜਗੁ; ਦੇਖਿਆ ਜੂਆਰੀ ॥

## ਸਭਿ ਸੁਖ ਮਾਗੈ; ਨਾਮੁ ਬਿਸਾਰੀ ॥੧॥ਰਹਾਉ॥

ਹੇ ਭਾਈ! ਐਸਾ = ਅਜਿਹਾ ਜੂਆਰੀ = ਜੂਏਬਾਜ਼, ਮਸ਼ਖ਼ਰਾ, ਛਲ ਰੂਪ ਜਗੁ = ਜਗਤ ਦੇਖਿਆ = ਦੇਖਣਾ ਕੀਤਾ ਹੈ। ਜੋ ਪਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਬਿਸਾਰੀ = ਭੁਲਾ ਕਰ ਕੇ ਸਭਿ = ਸਾਰੇ ਸੰਸਾਰ ਦੇ ਸੁਖ = ਅਨੰਦ ਮਾਗੈ = ਮੰਗਦਾ ਹੈ ॥੧॥ਰਹਾਉ॥

## ਅਦਿਸਟੁ ਦਿਸੈ; ਤਾ ਕਹਿਆ ਜਾਇ ॥

## ਬਿਨੁ ਦੇਖੇ; ਕਹਣਾ ਬਿਰਥਾ ਜਾਇ ॥

੧. ਜਿਹੜਾ ਪਰਮੇਸ਼ਰ ਅਦਿਸਟੁ = ਦਿਸਣ ਤੋਂ ਰਹਿਤ ਹੈ, ਜੇਕਰ ਉਸ ਦਾ ਕੋਈ ਰੂਪ, ਰੰਗ, ਅਕਾਰ ਆਦਿ ਦਿਸੈ = ਦਿਖਾਈ ਦੇਵੇ, ਤਾ = ਤਾਂ ਹੀ ਕਹਿਆ = ਕਥਨ ਕੀਤਾ ਜਾਇ = ਜਾ ਸਕਦਾ ਹੈ। ਅਤੇ ਉਸ ਪਰਮੇਸ਼ਰ ਨੂੰ ਬਿਨੁ = ਬਿਨਾਂ ਦੇਖੇ = ਦੇਖਣ ਤੋਂ ਕਹਣਾ = ਕਹਿਣਾ ਸਭ ਬਿਰਥਾ = ਵਿਅਰਥ ਹੀ ਜਾਇ = ਜਾਂਦਾ ਹੈ।

੨. **ਅਥਵਾ** ਜੋ ਅਦਿਸਟੁ = ਅਦ੍ਰਿਸ਼ ਪਰਮੇਸ਼ਰ ਹੈ, ਉਹ ਸ਼ੁਧ ਭਾਵਨਾ ਕਰ ਕੇ ਹੰਗਤਾ ਮਮਤਾ ਤੋਂ ਰਹਿਤ ਹੋ ਕੇ, ਆਪਣਾ ਆਪ ਸਰੂਪ ਦਿਸੈ = ਦਿੱਸ ਜਾਂਦਾ ਹੈ, ਤਾਂ ਹੀ ਉਸ ਦਾ ਜਸ ਕਹਿਆ = ਕਥਨ ਕੀਤਾ ਜਾਇ = ਜਾਂਦਾ ਹੈ।

ਸ਼ਰਧਾ ਭਾਵਨਾ ਤੋਂ ਬਿਨੁ = ਬਿਨਾਂ ਸਰੂਪ ਦੇਖੇ = ਦਿੱਸਦਾ ਨਹੀਂ ਹੈ ਅਤੇ ਉਨ੍ਹਾਂ ਦਾ ਕਹਣਾ = ਕਥਨ ਕਰਨਾ ਸਭ ਬਿਰਥਾ = ਵਿਅਰਥ ਹੀ ਜਾਇ = ਜਾਂਦਾ ਹੈ **ਵਾ:** ਜਿਨ੍ਹਾਂ ਦੀ ਗਿਆਨ ਦ੍ਰਿਸ਼ਟੀ ਜਾਗੀ ਨਹੀਂ

ਅਤੇ ਦੇਹਾਂ ਦੀ ਕੈਦ ਵਿਚ ਪਏ ਹੋਏ ਹਨ, ਉਨ੍ਹਾਂ ਦਾ ਦੇਖੇ ਤੋਂ ਬਿਨੁ = ਬਗ਼ੈਰ ਕਹਿਣਾ ਬਿਰਥਾ = ਨਿਸਫਲ ਹੀ ਜਾਇ = ਜਾਂਦਾ ਹੈ।

***ਪ੍ਰਸ਼ਨ :*** *ਹੇ ਮਹਾਰਾਜ ! ਕਿਸੇ ਨੂੰ ਦਿਸਿਆ ਵੀ ਹੈ ?*

***ਗੁਰ ਉੱਤਰ :***

## ਗੁਰਮੁਖਿ ਦੀਸੈ; ਸਹਜਿ ਸੁਭਾਇ ॥ ਸੇਵਾ ਸੁਰਤਿ; ਏਕ ਲਿਵ ਲਾਇ ॥੨॥

ਹੇ ਭਾਈ ! ਗੁਰਾਂ ਦੁਆਰਾ ਗੁਰਮੁਖਿ = ਗੁਰਮੁਖ ਜਨਾਂ ਨੂੰ ਉਹ ਪਰਮਾਤਮਾ ਸਹਜਿ ਸੁਭਾਇ = ਸੁਤੇਸਿਧ ਹੀ ਦੀਸੈ = ਦਿਸ ਪੈਂਦਾ ਹੈ।

ਜਿਸ ਕਰਕੇ ਉਹ ਏਕ = ਇਕ ਦੀ ਹੀ ਸੇਵਾ = ਟਹਿਲ ਕਰਦੇ ਹਨ, ਇਕ ਦੀ ਹੀ ਸੁਰਤਿ = ਸੁਰਤ ਜੋੜ ਕੇ ਰੱਖਦੇ ਹਨ ਅਤੇ ਇਕ ਵਿਚ ਹੀ ਲਿਵ = ਬਿਰਤੀ ਲਾਇ = ਲਾਈ ਰੱਖਦੇ ਹਨ **ਵਾ:** ਸਤਿਗੁਰਾਂ ਦੀ ਸੇਵਾ = ਟਹਿਲ ਵਿਚ ਹੀ ਸਰੀਰ ਕਰ ਕੇ ਸੁਰਤਿ(ਸੁ+ਰਤਿ) ਸੁ = ਸ੍ਰੇਸ਼ਟ ਪ੍ਰੀਤੀ ਕਰਦੇ ਹਨ ਅਤੇ ਮਨ ਕਰਕੇ ਉਸ ਇਕ ਅਦ੍ਵੈਤ ਸਰੂਪ ਵਿਚ ਲਿਵ = ਬਿਰਤੀ ਲਾਇ = ਲਾਉਂਦੇ ਹਨ **ਵਾ:** ਜਿਨ੍ਹਾਂ ਨੂੰ ਭਗਤੀ ਰੂਪੀ ਸੇਵਾ ਕਰਨ ਦੀ ਸੁਰਤਿ = ਗਿਆਤ ਹੈ, ਉਹ ਇਕ ਪਰਮੇਸ਼ਰ ਵਿਚ ਲਿਵ = ਬਿਰਤੀ ਲਾਇ = ਲਾਈ ਰੱਖਦੇ ਹਨ ॥੨॥

## ਸੁਖੁ ਮਾਂਗਤ; ਦੁਖੁ ਆਗਲ ਹੋਇ ॥ ਸਗਲ ਵਿਕਾਰੀ; ਹਾਰੁ ਪਰੋਇ ॥

ਜਿਹੜੇ ਮੂਰਖ ਜੀਵ ਪਰਮੇਸ਼ਰ ਤੋਂ ਬੇਮੁਖ ਹੋ ਕਰ ਕੇ ਵਿਸ਼ੇ ਸੁਖ = ਸੁੱਖਾਂ ਨੂੰ ਮਾਂਗਤ = ਮੰਗਦੇ ਹਨ, ਉਨ੍ਹਾਂ ਨੂੰ ਆਗਲ = ਅਧਿਕ ਦੁਖੁ = ਕਸ਼ਟ ਪ੍ਰਾਪਤ ਹੋਇ = ਹੁੰਦਾ ਹੈ। ਸਗਲ = ਸਾਰੇ ਹੀ ਵਿਕਾਰੀ = ਐਬੀ ਦੁੱਖਾਂ ਦਾ ਹੀ ਹਾਰੁ = ਹਾਰ ਪਰੋਇ = ਪਰੋ ਕੇ ਪਰਲੋਕ ਨੂੰ ਜਾਂਦੇ ਹਨ।

ਭਾਵ ਜਿਸ ਵਿਸ਼ੇ ਸੁਖ ਤੋਂ ਸ਼ਿਵਜੀ ਬ੍ਰਹਮੇ ਆਦਿਕ ਡਰਦੇ ਹਨ, ਜੀਵ ਉਸੇ ਸੁਖ ਨੂੰ ਸੱਚਾ ਮੰਨੀ ਬੈਠੇ ਹਨ, ਇਸ ਤਰ੍ਹਾਂ ਮੂਰਖ ਜੀਵ ਵਿਸ਼ੇ ਸੁਖ ਦੇ ਤਾਈਂ ਮੰਗਦੇ ਹਨ ਪ੍ਰੰਤੂ ਉਨ੍ਹਾਂ ਨੂੰ ਆਗਲ = ਅਨਾਦ ਕਾਲ ਦਾ ਦੁਖ ਆ ਕੇ ਪ੍ਰਾਪਤ ਹੁੰਦਾ ਹੈ ਅਤੇ ਉਹ ਵਿਕਾਰੀ ਪੁਰਸ਼ ਦੁਖਾਂ ਦੇ ਹੀ ਹਾਰ ਪ੍ਰੋ ਕੇ ਰੋਂਦੇ ਹਨ। ਜੈਸਾ ਕਿ :

**ਇਸ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥**

*(ਗਉੜੀ ਕਬੀਰ ਜੀ, ਅੰਗ ੩੩੦)*

## ਏਕ ਬਿਨਾ ਝੂਠੇ; ਮੁਕਤਿ ਨ ਹੋਇ ॥ ਕਰਿ ਕਰਿ ਕਰਤਾ; ਦੇਖੈ ਸੋਇ ॥੩॥

ਏਕ = ਇਕ ਪਰਮੇਸ਼ਰ ਦੇ ਨਾਮ ਤੋਂ ਬਿਨਾ = ਬਗ਼ੈਰ ਸਭ ਝੂਠੇ = ਕੂੜ ਪਦਾਰਥਾਂ ਦੇ ਵਿਚ ਲੱਗੇ ਹੋਏ ਹਨ, ਉਨ੍ਹਾਂ ਦੀ ਕਿਸੇ ਪ੍ਰਕਾਰ ਮੁਕਤਿ = ਮੁਕਤੀ ਕਲਿਆਣ ਨ = ਨਹੀਂ ਹੋਇ = ਹੋ ਸਕਦੀ। ਸੋਇ = ਉਹ ਜਗਤ ਨੂੰ ਪੈਦਾ ਕਰਿ = ਕਰਨ ਵਾਲਾ, ਕਰਤਾ = ਬ੍ਰਹਮਾ ਆਦਿਕਾਂ ਨੂੰ ਪੈਦਾ ਕਰਿ = ਕਰਨ ਵਾਲਾ ਪਰਮੇਸ਼ਰ ਸਭ ਨੂੰ ਦੇਖੈ = ਵੇਖ ਰਿਹਾ ਹੈ **ਵਾ:** ਜਿਹੜਾ ਮਨੁੱਖ ਸੋਇ = ਉਸ ਕਰਤਾ = ਕਰਤੇ ਪੁਰਖ ਦਾ ਮਨ ਕਰਿ = ਕਰ ਕੇ ਅਭਿਆਸ ਕਰਦਾ ਹੈ, ਅਰ ਬਾਣੀ ਕਰਿ = ਕਰ ਕੇ ਅਭਿਆਸ ਕਰਦਾ ਹੈ, ਉਹ ਸਿਮਰਨ ਦੇ ਬਲ ਕਰ ਕੇ ਜਿਵੇਂ ਪਾਰਸ ਨਾਲ ਅੱਠ ਧਾਤਾਂ ਛੂਹਣ ਕਰ ਕੇ ਸੋਨਾ ਬਣ ਜਾਂਦੀਆਂ ਹਨ, ਇਉਂ ਮਹਾਰਾਜ ਦੇ ਨਾਮ ਦਾ ਅਭਿਆਸ ਕਰਦਾ ਕਰਦਾ ਉਸੇ ਪਰਮੇਸ਼ਰ ਨੂੰ ਦੇਖੈ = ਵੇਖਣ ਲੱਗ ਜਾਂਦਾ ਹੈ, ਇਸ ਤਰ੍ਹਾਂ ਪਾਰਸ ਕਲਾ ਵਰਤ ਜਾਂਦੀ ਹੈ ॥੩॥

## ਤ੍ਰਿਸਨਾ ਅਗਨਿ; ਸਬਦਿ ਬੁਝਾਏ ॥ ਦੂਜਾ ਭਰਮੁ; ਸਹਜਿ ਸੁਭਾਏ ॥

ਸਤਿਗੁਰਾਂ ਦੇ ਸਬਦਿ = ਉਪਦੇਸ਼ ਦੀ ਕਮਾਈ ਕਰਨ ਕਰ ਕੇ ਤ੍ਰਿਸਨਾ = ਪ੍ਰਾਪਤੀ ਦੀ ਪ੍ਰਬਲ ਇੱਛਾ

ਰੂਪੀ ਅਗਨਿ = ਅੱਗ ਨੂੰ ਗੁਰੂ ਜੀ ਹਿਰਦੇ ਵਿੱਚੋਂ ਬੁਝਾਏ = ਬੁਝਾ ਦਿੰਦੇ ਹਨ। ਉਦੋਂ ਹੀ ਦੂਜਾ = ਦ੍ਵੈਸ਼-ਭਾਵ ਅਤੇ ਭਰਮੁ = ਸੰਸੇ ਆਦਿ ਸਹਜਿ ਸੁਭਾਏ = ਸੁਤੇਸਿਧ ਹੀ ਨਾਸ਼ ਹੋ ਜਾਂਦੇ ਹਨ।

## ਗੁਰਮਤੀ; ਨਾਮੁ ਰਿਦੈ ਵਸਾਏ ॥ ਸਾਚੀ ਬਾਣੀ; ਹਰਿ ਗੁਣ ਗਾਏ ॥੪॥

ਗੁਰਮਤੀ = ਸਤਿਗੁਰਾਂ ਦੀ ਸਿੱਖਿਆ ਦੁਆਰਾ, ਗੁਰਮੱਤੀਆ ਬਣ ਕੇ ਪਰਮੇਸ਼ਰ ਦੇ ਨਾਮ ਨੂੰ ਰਿਦੈ = ਹਿਰਦੇ ਵਿਚ ਵਸਾਏ = ਵਸਾਉਣਾ ਕਰੇ।

***ਪ੍ਰਸ਼ਨ :*** *ਹੇ ਮਹਾਰਾਜ ! ਗੁਰਮਤਿ ਕੀ ਹੈ ?*

***ਉੱਤਰ :*** ਹੇ ਭਾਈ ! ਸਾਚੀ = ਸੱਚੀ ਬਾਣੀ ਦੁਆਰਾ ਹਰਿ = ਹਰੀ ਅਕਾਲ ਪੁਰਖ ਦੇ ਗੁਣ = ਸਿਫ਼ਤਾਂ ਤਾਈਂ ਗਾਇ = ਗਾਉਣਾ ਕਰੇ, ਇਹੀ ਗੁਰਮਤਿ ਹੈ ॥੪॥

## ਤਨ ਮਹਿ ਸਾਚੋ; ਗੁਰਮੁਖਿ ਭਾਉ ॥ ਨਾਮ ਬਿਨਾ; ਨਾਹੀ ਨਿਜ ਠਾਉ ॥

ਗੁਰਮੁਖਿ = ਗੁਰਮੁਖ ਜਨ ਆਪਣੇ ਤਨ = ਸਰੀਰ ਮਹਿ = ਵਿਚ ਸਾਚੋ = ਸੱਚੇ ਪਰਮੇਸ਼ਰ ਦਾ ਭਾਉ = ਪ੍ਰੇਮ **ਵਾ:** ਗਿਆਨ ਧਾਰਨ ਕਰਦੇ ਹਨ। ਪਰਮੇਸ਼ਰ ਦੇ ਨਾਮ ਤੋਂ ਬਿਨਾ = ਬਗ਼ੈਰ ਨਿਜ = ਸਰੂਪ ਰੂਪੀ **ਵਾ:** ਤੁਰੀਆ ਪਦ ਰੂਪੀ ਠਾਉ = ਥਾਂ ਕਿਸੇ ਨੂੰ ਪ੍ਰਾਪਤ ਨਾਹੀ = ਨਹੀਂ ਹੋ ਸਕਦੀ।

## ਪ੍ਰੇਮ ਪਰਾਇਣ; ਪ੍ਰੀਤਮ ਰਾਉ ॥ ਨਦਰਿ ਕਰੇ; ਤਾ ਬੂਝੈ ਨਾਉ ॥੫॥

ਜਿਹੜੇ ਵਾਹਿਗੁਰੂ ਦੇ ਪ੍ਰੇਮ = ਪਿਆਰ ਦੇ ਪਰਾਇਣ = ਆਸਰੇ ਰਹਿੰਦੇ ਹਨ, ਉਨ੍ਹਾਂ ਨੂੰ ਰਾਉ = ਪ੍ਰਕਾਸ਼ ਸਰੂਪ ਵਾਹਿਗੁਰੂ ਪ੍ਰੀਤਮ = ਅਤਿਅੰਤ ਪਿਆਰਾ ਪ੍ਰਾਪਤ ਹੁੰਦਾ ਹੈ **ਵਾ:** ਜਿਹੜੇ ਵਾਹਿਗੁਰੂ ਨਾਲ ਪ੍ਰੇਮ = ਪਿਆਰ ਕਰਦੇ ਹਨ, ਉਨ੍ਹਾਂ ਦੇ ਰਾਉ = ਰਾਜਾ ਸਰੂਪ ਪ੍ਰੀਤਮ = ਪਰਮੇਸ਼ਰ ਪਰਾਇਣ = ਅਧੀਨ ਹੋ ਜਾਂਦਾ ਹੈ। ਜੇਕਰ ਸਤਿਗੁਰ ਨਦਰਿ = ਕ੍ਰਿਪਾ ਦ੍ਰਿਸ਼ਟੀ ਕਰੇ = ਕਰਨ, ਤਾ = ਤਾਂ ਇਹ ਜੀਵ ਪਰਮੇਸ਼ਰ ਦੇ ਨਾਉ = ਨਾਮ ਨੂੰ ਬੂਝੈ = ਬੁੱਝ ਲੈਂਦਾ ਹੈ **ਵਾ:** ਜੇਕਰ ਪਰਮੇਸ਼ਰ ਪੂਰਬਲੇ ਪੁੰਨਾਂ ਦਾ ਪ੍ਰੇਰਿਆ ਹੋਇਆ ਨਦਰਿ = ਕਿਰਪਾ ਦ੍ਰਿਸ਼ਟੀ ਕਰੇ, ਤਾਂ ਮਨੁੱਖ ਗੁਰਾਂ ਦੀ ਸ਼ਰਨ ਵਿਚ ਆਉਂਦਾ ਹੈ। ਸ਼ਰਨ ਵਿਚ ਆ ਕੇ ਗੁਰਾਂ ਤੋਂ ਪਰਮੇਸ਼ਰ ਦੇ ਨਾਮ ਨੂੰ ਬੂਝੈ = ਪੁੱਛਣਾ ਕਰੇ ਤਾਂ ਫਿਰ ਇਹ ਨਾਮ ਦੁਆਰਾ ਨਾਮੀ ਨੂੰ ਬੁਝ ਲੈਂਦਾ ਹੈ, ਜਾਣ ਲੈਂਦਾ ਹੈ ॥੫॥

## ਮਾਇਆ ਮੋਹੁ; ਸਰਬ ਜੰਜਾਲਾ ॥
## ਮਨਮੁਖ ਕੁਚੀਲ; ਕੁਛਿਤ ਬਿਕਰਾਲਾ ॥

(**ਕੁਛਿੱਤ** ਦਾ ਉਚਾਰਣ ਅੱਧਕ ਸਹਿਤ ਹੈ)

ਜਿਹੜਾ ਮਾਇਆ = ਛਲ ਰੂਪ ਪਦਾਰਥਾਂ, ਸੰਸਾਰ ਦਾ ਮੋਹੁ = ਸਨੇਹ ਹੈ, ਇਹ ਸਰਬ = ਸਾਰਾ ਜੰਜਾਲਾ = ਬੰਧਨ ਹੀ ਹਨ। ਮਨਮੁਖ = ਗੁਰਮਤਿ ਤੋਂ ਉਲਟ, ਮਨਮਤ ਨੂੰ ਧਾਰਨ ਵਾਲੇ ਮਨੁੱਖ ਇੰਦ੍ਰੀਆਂ ਕਰ ਕੇ ਕੁਚੀਲ = ਮਲੀਨ ਰਹਿੰਦੇ ਹਨ ਅਤੇ ਕੁਛਿਤ = ਖੋਟੀ ਬੁੱਧ ਰੂਪ ਧਰਤੀ ਹੋਣ ਕਰਕੇ ਬਿਕਰਾਲਾ = ਭਿਆਨਕ ਹੋ ਰਹੇ ਹਨ **ਵਾ:** ਮਨਮੁਖ ਤਨ ਕਰਕੇ ਕੁਚੀਲ = ਅਪਵਿੱਤਰ ਹਨ ਤੇ ਕੁਛਿੱਤ = ਨਿੰਦਤ ਕਰਮ ਕਰਨੇ ਕਰਕੇ ਬਿਕਰਾਲਾ = ਭਿਆਨਕ ਹੋ ਰਹੇ ਹਨ **ਵਾ:** ਨਿੰਦਿਆ ਕਰਨ ਰੂਪ ਭਿਆਨਕ ਕੰਮ ਕਰਦੇ ਹਨ।

## ਸਤਿਗੁਰੁ ਸੇਵੇ; ਚੂਕੈ ਜੰਜਾਲਾ ॥
## ਅੰਮ੍ਰਿਤ ਨਾਮੁ; ਸਦਾ ਸੁਖੁ ਨਾਲਾ ॥੬॥

ਜੇਕਰ ਸਤਿਗੁਰੁ = ਗੁਰੂ ਸਾਹਿਬ ਜੀ ਦੀ ਸੇਵੇ = ਸੇਵਾ-ਭਗਤੀ **ਵਾ:** ਸੇਵਨ ਕਰੇ ਤਾਂ ਇਸ ਦੇ ਸਾਰੇ

ਜੰਜਾਲਾ = ਬੰਧਨ ਚੂਕੈ = ਕੱਟੇ ਜਾ ਸਕਦੇ ਹਨ। ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਪਰਮੇਸ਼ਰ ਦਾ ਨਾਮ ਸਦਾ = ਹਮੇਸ਼ਾ ਸੁਖੁ = ਅਨੰਦ ਦੇਣ ਵਾਲਾ ਹੈ ਅਤੇ ਸਾਰਿਆਂ ਦੇ ਨਾਲਾ = ਨਾਲ ਹੀ ਰਹਿੰਦਾ ਹੈ **ਵਾ:** ਅੰਮ੍ਰਿਤ ਰੂਪੀ ਨਾਮ ਸਦਾ = ਹਮੇਸ਼ਾਂ ਸੁੱਖਾਂ ਦਾ ਨਾਲਾ = ਪ੍ਰਵਾਹ ਰੂਪ ਹੈ **ਵਾ:** ਜੋ ਅੰਮ੍ਰਿਤ ਨਾਮ ਦੇ ਤਾਈਂ ਜਪਦੇ ਹਨ, ਉਸ ਦੇ ਨਾਲਾ = ਨਾਲ ਹੀ ਹਮੇਸ਼ਾਂ ਸਾਰੇ ਸੁਖ ਹਨ **ਵਾ:** ਜੋ ਅੰਮ੍ਰਿਤ ਨਾਮ ਹੈ, ਇਹ (ਸੁਖੁਨ+ਆਲਾ) ਸੁੱਖਾਂ ਦਾ ਘਰ ਹੈ **ਵਾ:** ਅੰਮ੍ਰਿਤ ਨਾਮ ਜਿਨ੍ਹਾਂ ਦੇ ਨਾਲਾ = ਨਾਲ ਹੈ, ਉਨ੍ਹਾਂ ਨੂੰ ਸਦਾ = ਸਦੀਵੀ ਆਤਮਕ ਸੁਖੁ = ਅਨੰਦ ਪ੍ਰਾਪਤ ਹੁੰਦਾ ਹੈ ॥੬॥

## ਗੁਰਮੁਖਿ ਬੂਝੈ; ਏਕ ਲਿਵ ਲਾਏ ॥ ਨਿਜ ਘਰਿ ਵਾਸੈ; ਸਾਚਿ ਸਮਾਏ ॥

ਜਿਹੜੇ ਗੁਰਮੁਖ ਜਨ ਗੁਰ ਉਪਦੇਸ਼ ਨੂੰ ਬੂਝੈ = ਸਮਝ ਕੇ ਏਕ = ਇਕ ਪਰਮੇਸ਼ਰ ਦੇ ਨਾਮ ਵਿਚ ਲਿਵ = ਬਿਰਤੀ ਨੂੰ ਲਾਏ = ਲਾਉਂਦੇ ਹਨ। ਉਹ ਨਿਜ = ਤੁਰੀਆ ਪਦ ਰੂਪੀ ਘਰਿ = ਘਰ ਵਿਚ ਵਾਸੈ = ਵੱਸਦੇ ਹਨ ਅਤੇ ਸਾਚਿ = ਸੱਚ ਸਰੂਪ ਵਿਚ ਸਮਾਏ = ਸਮਾ ਜਾਂਦੇ ਹਨ **ਵਾ:** ਸਾਚਿ = ਸੱਚੇ ਨਾਮ ਵਿਚ ਸਮਾਏ = ਸਮਾਉਣ ਵਾਲੇ ਨਿਜ = ਆਪਣੇ ਸਰੂਪ ਰੂਪੀ ਘਰਿ = ਘਰ ਵਿਚ ਵਾਸੈ = ਵੱਸਦੇ ਹਨ **ਵਾ:** ਨਿਜ ਸਾਧ ਸੰਗਤ ਰੂਪੀ ਘਰਿ = ਘਰ ਵਿਚ ਪਰਮੇਸ਼ਰ ਵਾਸੈ = ਵਸਦਾ ਹੈ। ਇਉਂ ਜਾਣ ਕੇ ਗੁਰਮੁਖ ਜਨ ਸਾਚਿ = ਸੱਚੇ ਵਿਚ ਹੀ ਸਮਾਏ = ਸਮਾ ਜਾਂਦੇ ਹਨ।

## ਜੰਮਣੁ ਮਰਣਾ; ਠਾਕਿ ਰਹਾਏ ॥ ਪੂਰੇ ਗੁਰ ਤੇ; ਇਹ ਮਤਿ ਪਾਏ ॥੭॥

ਜਿਹੜਾ ਜੰਮਣੁ = ਜਨਮ ਲੈ ਕੇ ਸੰਸਾਰ ਵਿਚ ਆਉਣਾ ਸੀ ਅਤੇ ਮਰਣਾ = ਮਰ ਕੇ ਪਰਲੋਕ ਨੂੰ ਜਾਣਾ ਸੀ, ਇਨ੍ਹਾਂ ਦੋਨਾਂ ਨੂੰ ਗੁਰਮੁਖਾਂ ਨੇ ਠਾਕਿ = ਰੋਕ ਰਹਾਏ = ਰੱਖਿਆ ਹੈ। ਇਹ ਮਤਿ = ਸਿੱਖਿਆ ਉਨ੍ਹਾਂ ਨੇ ਪੂਰੇ = ਪੂਰਨ ਗੁਰ = ਗੁਰੂ ਸਾਹਿਬ ਜੀ ਤੇ = ਤੋਂ ਹੀ ਪਾਏ = ਪ੍ਰਾਪਤ ਕੀਤੀ ਹੈ ॥੭॥

[ਅੰਗ ੨੨੩]

## ਕਥਨੀ ਕਥਉ; ਨ ਆਵੈ ਓਰੁ ॥
## ਗੁਰੁ ਪੁਛਿ ਦੇਖਿਆ; ਨਾਹੀ ਦਰੁ ਹੋਰੁ ॥

ਹੇ ਭਾਈ! ਹੋਰ ਜੋ ਕਥਨੀ = ਕਥਨੀਆਂ, ਕਥਾ ਨੂੰ ਕਥਉ = ਕਥਨ ਕਰੀ ਜਾਈਏ, ਉਸ ਦੀਆਂ ਕਥਾਵਾਂ ਦਾ ਓਰੁ = ਓੜਕ ਨ = ਨਹੀਂ ਆਵੈ = ਆਉਂਦਾ।

***ਪ੍ਰਸ਼ਨ :*** *ਸਤਿਗੁਰੂ ਜੀ! ਫਿਰ ਕੀ ਕਰੀਏ?*

***ਉੱਤਰ :*** ਹੇ ਭਾਈ! ਅਸੀਂ ਗੁਰ = ਸਤਿਗੁਰੂ ਸਾਹਿਬ ਜੀ ਤੋਂ ਪੁਛਿ = ਪੁੱਛ ਕਰ ਕੇ ਦੇਖਿਆ = ਵੇਖਣਾ ਕੀਤਾ ਹੈ ਕਿ ਉਸ ਦੇ ਸਤਿਸੰਗਤ ਰੂਪੀ ਦਰੁ = ਦਰਵਾਜ਼ੇ ਤੋਂ ਬਿਨਾਂ ਹੋਰ ਕੋਈ ਦਰ ਉਸ ਦੀ ਪ੍ਰਾਪਤੀ ਕਰਾਉਣ ਵਾਲਾ ਨਹੀਂ ਹੈ।

## ਦੁਖੁ ਸੁਖੁ ਭਾਣੈ; ਤਿਸੈ ਰਜਾਇ ॥
## ਨਾਨਕੁ, ਨੀਚੁ ਕਹੈ; ਲਿਵ ਲਾਇ ॥੮॥੪॥

ਹੇ ਭਾਈ! ਜੋ ਦੁਖੁ = ਗ਼ਮ, ਕਸ਼ਟ, ਸੁਖੁ = ਅਨੰਦ, ਖ਼ੁਸ਼ੀਆਂ ਪ੍ਰਾਪਤ ਹੋਣੇ ਹਨ, ਇਹ ਸਭ ਤਿਸੈ = ਉਸੇ ਪਰਮੇਸ਼ਰ ਦੀ ਰਜਾਇ = ਰਜ਼ਾ ਵਿਚ ਹੈ, ਇਸ ਲਈ ਸਦਾ ਉਸ ਦੇ ਭਾਣੈ = ਹੁਕਮ ਵਿਚ ਰਹਿਣਾ ਚਾਹੀਦਾ ਹੈ। ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਅੱਗੇ ਇਸ ਪ੍ਰਕਾਰ ਬੇਨਤੀ ਕਰੋ ਕਿ ਹੇ ਪਰਮੇਸ਼ਰ! ਮੇਰੇ

ਨੀਚ = ਮਾੜੇ ਖ਼ਿਆਲਾਂ ਵਾਲੇ ਗ਼ਰੀਬ ਦੀ ਲਿਵ = ਬਿਰਤੀ ਤੁਸੀਂ ਆਪਣੇ ਨਾਮ ਵਿਚ ਲਾਇ = ਲਵਾਉਣਾ ਕਰੋ **ਵਾ**: ਜੇਕਰ ਲਿਵ = ਬਿਰਤੀ ਲਾਇ = ਲੱਗ ਗਈ ਹੈ ਤਾਂ ਵੀ ਹੰਕਾਰ ਨਾ ਕਰੋ, ਸਗੋਂ ਆਪਣੇ ਆਪ ਨੂੰ ਸਭ ਤੋਂ ਨੀਚੁ = ਨੀਵਾਂ ਹੀ ਕਹੈ = ਕਹਿਣਾ ਕਰੋ ॥੮॥੪॥

## ਗਉੜੀ, ਮਹਲਾ ੧ ॥

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨਾਨਕ ਮਤੇ ਵਾਲੇ ਅਸਥਾਨ ਪਰ ਸਿੱਧਾਂ ਨਾਲ ਚਰਚਾ ਕਰ ਰਹੇ ਸਨ ਤਾਂ ਇਕ ਸਿੱਧ ਨੇ ਪ੍ਰਸ਼ਨ ਕੀਤਾ ਕਿ ਮਹਾਰਾਜ ਇਕ ਸੰਸਾਰ ਹੈ ਅਤੇ ਇਕ ਹੀ ਪਰਮੇਸ਼ਰ ਹੈ, ਫਿਰ ਦੂਜੀ ਚੀਜ਼ ਕਿਉਂ ਪ੍ਰਤੀਤ ਹੁੰਦੀ ਹੈ ? ਤਾਂ ਮਹਾਰਾਜ ਜੀ ਉਚਾਰਨ ਕਰਦੇ ਹਨ :

### ਦੂਜੀ ਮਾਇਆ; ਜਗਤ ਚਿਤ ਵਾਸੁ ॥ ਕਾਮ ਕ੍ਰੋਧ; ਅਹੰਕਾਰ ਬਿਨਾਸੁ ॥੧॥

ਦੂਜੀ = ਦ੍ਵੈਸ਼ ਪਾਉਣ ਵਾਲੀ ਮਾਇਆ ਜਗਤ = ਸੰਸਾਰ ਦੇ ਜੀਵਾਂ ਦੇ ਚਿਤ = ਹਿਰਦੇ ਵਿਚ ਵਾਸੁ = ਵਸਦੀ ਹੈ। ਇਸ ਦੀ ਸੰਗਤ ਕਰ ਕੇ ਕਾਮ = ਵਿਕਾਰ ਦ੍ਰਿਸ਼ਟੀ, ਕ੍ਰੋਧ = ਗ਼ੁੱਸਾ, ਅਹੰਕਾਰ = ਹੰਕਾਰ ਆਦਿਕ ਪੈਦਾ ਹੁੰਦੇ ਹਨ ਤੇ ਜੀਵ ਇਨ੍ਹਾਂ ਵਿਚ ਪੈ ਕਰ ਕੇ ਬਿਨਾਸੁ = ਵਿਸ਼ੇਸ਼ ਕਰ ਕੇ ਨਾਸ ਹੋ ਰਹੇ ਹਨ ॥੧॥

### ਦੂਜਾ ਕਉਣੁ ਕਹਾ; ਨਹੀ ਕੋਈ ॥ ਸਭ ਮਹਿ; ਏਕੁ ਨਿਰੰਜਨੁ ਸੋਈ ॥੧॥ਰਹਾਉ॥

ਅਸੀਂ ਦੂਜਾ = ਦੂਸਰਾ ਕਉਣ = ਕਿਹੜਾ ਕਹਾ = ਦੱਸੀਏ, ਕਿਸ ਦੇ ਤਾਈਂ ਕਥਨ ਕਰੀਏ ਕਿਉਂਕਿ ਹੋਰ ਕੋਈ ਹੈ ਹੀ ਨਹੀਂ। ਸਭ = ਸਾਰੇ ਸੰਸਾਰ ਦੇ ਮਹਿ = ਵਿਚ ਸੋਈ = ਉਹ ਏਕੁ = ਇਕ ਅਦ੍ਵੈਤ ਰੂਪ ਨਿਰੰਜਨੁ = ਸ਼ੁੱਧ ਸਰੂਪ ਆਪ ਹੀ ਵਸ ਰਿਹਾ ਹੈ ॥੧॥ਰਹਾਉ॥

### ਦੂਜੀ ਦੁਰਮਤਿ; ਆਖੈ ਦੋਇ ॥ ਆਵੈ ਜਾਇ; ਮਰਿ ਦੂਜਾ ਹੋਇ ॥੨॥

ਅੱਵਲ ਤਾਂ ਗੁਰਮਤਿ ਹੈ ਤੇ ਦੂਜੀ = ਦੂਸਰੀ ਜੋ ਦੁਰਮਤਿ = ਖੋਟੀ ਮੱਤ ਹੈ, ਜਿਹੜੇ ਇਸ ਵਿਚ ਪਏ ਹੋਏ ਹਨ, ਉਹ ਦੋਇ = ਦ੍ਵੈਸ਼ ਨੂੰ ਹੀ ਆਖੈ = ਆਖਦੇ ਹਨ। ਜਿਨ੍ਹਾਂ ਦੇ ਮਨ ਵਿਚ ਦੂਜਾ = ਦ੍ਵੈਸ਼-ਭਾਵ ਹੋਇ = ਹੁੰਦਾ ਹੈ, ਉਹ ਜਨਮ ਧਾਰ ਕੇ ਆਵੈ = ਆਉਂਦੇ ਹਨ ਅਤੇ ਮਰਿ = ਮਰ ਕਰ ਕੇ ਜੂਨਾਂ ਵਿਚ ਜਾਇ = ਜਾਂਦੇ ਹਨ ॥੨॥

### ਧਰਣਿ ਗਗਨ; ਨਹ ਦੇਖਉ ਦੋਇ ॥ ਨਾਰੀ ਪੁਰਖ; ਸਬਾਈ ਲੋਇ ॥੩॥

ਹੇ ਸਿੱਧੋ ! ਅਸੀਂ ਤਾਂ ਧਰਣਿ = ਧਰਤੀ ਵਿਚ ਅਤੇ ਗਗਨ = ਅਕਾਸ਼ ਵਿਚ ਦੋਇ = ਦ੍ਵੈਤ ਨੂੰ ਨਹ = ਨਹੀਂ ਦੇਖਉ = ਦੇਖਦੇ ਹਾਂ **ਵਾ**: ਧਰਣਿ = ਜਿਨ੍ਹਾਂ ਦੀ ਗਿਆਨ ਅਵਸਥਾ ਰੂਪੀ ਭੂਮਿਕਾ ਹੈ ਅਤੇ ਜੋ ਗਗਨ = ਚਿਦਾਕਾਸ਼ ਵਿਚ ਵਿਚਰਨ ਵਾਲੇ ਹਨ, ਉਹ ਦੋਇ = ਦੂਜਾ ਕੋਈ ਨਹ = ਨਹੀਂ ਦੇਖਉ = ਵੇਖਦੇ। ਨਾਰੀ = ਇਸਤਰੀਆਂ ਵਿਚ ਵੀ ਅਤੇ ਪੁਰਖ = ਪੁਰਸ਼ਾਂ ਵਿਚ ਵੀ ਅਤੇ ਸਬਾਈ = ਸਾਰੀ ਦੁਨੀਆਂ ਦੇ ਅੰਦਰ ਉਸ ਦੀ ਚੇਤਨ ਸੱਤਾ ਰੂਪੀ ਲੋਇ = ਲੋਅ ਆਈ ਹੈ, ਭਾਵ ਸਾਰਿਆਂ ਵਿਚ ਉਸੇ ਦਾ ਪ੍ਰਕਾਸ਼ ਆਇਆ ਹੋਇਆ ਹੈ **ਅਥਵਾ** ਨਾਰੀ ਦੀ ਨਿਆਈਂ ਮਾਇਆ ਅਤੇ ਪੁਰਖ ਦੀ ਨਿਆਈਂ ਈਸ਼ਰ ਤੇ ਸਬਾਈ = ਸਾਰੀ ਸ੍ਰਿਸ਼ਟੀ ਵਿਚ ਉਸੇ ਦੇ ਲੋਇ = ਲੋਅ ਹੈ, ਜੋਤ ਹੈ **ਵਾ**: ਨਾਰੀ ਦੀ ਨਿਆਈਂ ਅਵਿੱਦਿਆ ਅਤੇ ਪੁਰਖ ਦੀ ਨਿਆਈਂ ਜੀਵ ਸਬਾਈ = ਸਾਰਿਆਂ ਵਿਚ ਪਰਮੇਸ਼ਰ ਦੀ ਲੋਇ = ਲੋਅ, ਜੋਤ ਆਈ ਹੋਈ ਹੈ **ਵਾ**: ਨਾਰੀ = ਜਗਿਆਸੂ, ਅਧਿਕਾਰੀ ਅਤੇ ਪੁਰਖ = ਤਤਬੇਤੇ ਮਹਾਂਪੁਰਖ ਸਾਰਿਆਂ ਵਿਚ ਉਸੇ ਪਰਮੇਸ਼ਰ ਦੀ, ਚੇਤਨ ਸੱਤਾ ਦੀ ਲੋਇ = ਲੋਅ ਹੈ, ਪ੍ਰਕਾਸ਼ ਹੈ ॥੩॥

## ਰਵਿ ਸਸਿ ਦੇਖਉ; ਦੀਪਕ ਉਜਿਆਲਾ ॥

ਰਵਿ = ਸੂਰਜ ਅਤੇ ਸਸਿ = ਚੰਦ੍ਰਮਾ ਰੂਪੀ ਬ੍ਰਹਿਮੰਡ ਦੇ ਦੀਪਕ = ਦੀਵਿਆਂ ਵਿਚ ਵੀ ਉਸੇ ਪਰਮੇਸ਼ਰ ਦਾ ਉਜਿਆਲਾ = ਪ੍ਰਕਾਸ਼ ਅਸੀਂ ਦੇਖਉ = ਦੇਖਿਆ ਹੈ **ਵਾ:** ਰਵਿ = ਸੂਰਜ ਦੀ ਨਿਆਈਂ ਗਿਆਨਵਾਨ ਪੁਰਖਾਂ ਦੇ ਅੰਦਰ ਵੀ ਅਤੇ ਸਸਿ = ਚੰਦ੍ਰਮਾ ਦੀ ਨਿਆਈਂ ਵੈਰਾਗਵਾਨ ਪੁਰਖਾਂ ਦੇ ਅੰਦਰ ਵੀ ਉਸੇ ਦੀਪਕ = ਪ੍ਰਕਾਸ਼ ਰੂਪ ਦਾ ਉਜਿਆਲਾ = ਪ੍ਰਕਾਸ਼ ਦੇਖਉ = ਦੇਖੀਦਾ ਹੈ **ਵਾ:** ਜੋ ਰਵਿ = ਸੂਰਜ ਦੀ ਨਿਆਈਂ ਅਪ੍ਰੋਖ ਗਿਆਨ ਵਾਲੇ, ਸਸਿ = ਚੰਦਰਮਾ ਦੀ ਨਿਆਈਂ ਪ੍ਰੋਖ ਗਿਆਨ ਵਾਲੇ ਹਨ, ਤੁਸੀਂ ਦੇਖਉ = ਦੇਖਣਾ ਕਰੋ ਕਿ ਜੋ ਦੀਪਕ = ਨਿਰਾਵਰਨ ਰੂਪ ਗਿਆਨ ਸਰੂਪ ਬ੍ਰਹਮ ਹੈ, ਉਸ ਦਾ ਹੀ ਉਜਿਆਲਾ = ਪ੍ਰਕਾਸ਼ ਹੋ ਰਿਹਾ ਹੈ **ਵਾ:** ਜੋ ਰਵਿ = ਸੂਰਜ ਦੀ ਨਿਆਈਂ ਗਿਆਨ ਵਾਲੇ ਤੱਤ ਬੇਤੇ ਹਨ ਅਤੇ ਸਸਿ = ਚੰਦ੍ਰਮਾ ਦੀ ਨਿਆਈਂ ਵੈਰਾਗ ਵਾਲੇ ਅਧਿਕਾਰੀ, ਜਗਿਆਸੂ ਜਨ ਹਨ, ਸਾਰਿਆਂ ਦੇ ਅੰਦਰ ਗੁਰੂ ਸਾਹਿਬ ਜੀ ਦੀਪਕ = ਦੀਵਾ ਰੂਪ ਹੋ ਕੇ ਉਜਿਆਲਾ = ਪ੍ਰਕਾਸ਼ ਕਰ ਰਹੇ ਹਨ।

## ਸਰਬ ਨਿਰੰਤਰਿ; ਪ੍ਰੀਤਮੁ ਬਾਲਾ ॥੪॥

ਸਰਬ = ਸਾਰਿਆਂ ਵਿਚ ਨਿਰੰਤਰਿ = ਇਕ ਰਸ ਹੀ ਪ੍ਰੀਤਮੁ = ਪਰਮ ਪ੍ਰੇਮ ਰੂਪ ਬਾਲਾ = ਬਹੁਤ ਬਲ ਵਾਲਾ ਪਰਮੇਸ਼ਰ ਵਸ ਰਿਹਾ ਹੈ ॥੪॥

## ਕਰਿ ਕਿਰਪਾ; ਮੇਰਾ ਚਿਤੁ ਲਾਇਆ ॥
## ਸਤਿਗੁਰਿ; ਮੋਕਉ ਏਕੁ ਬੁਝਾਇਆ ॥੫॥

ਮਹਾਰਾਜ ਜੀ ਨੇ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰ ਕੇ ਮੇਰਾ = ਸਾਡਾ ਚਿਤੁ = ਮਨ ਆਪਣੇ ਸਰੂਪ ਵਿਚ ਲਾਇਆ = ਲਾਉਣਾ ਕੀਤਾ ਹੈ। ਸਤਿਗੁਰੂ = ਅਕਾਲ ਪੁਰਖ ਨੇ ਮੋ = ਮੇਰੇ ਕਉ = ਤਾਈਂ ਏਕੁ = ਅਦ੍ਵੈਤ ਸਰੂਪ ਬੁਝਾਇਆ = ਸਮਝਾ ਦਿੱਤਾ ਹੈ ॥੫॥

## ਏਕੁ ਨਿਰੰਜਨੁ; ਗੁਰਮੁਖਿ ਜਾਤਾ ॥ ਦੂਜਾ ਮਾਰਿ; ਸਬਦਿ ਪਛਾਤਾ ॥੬॥

ਗੁਰਮੁਖਿ = ਗੁਰਮਤਿ ਨੂੰ ਧਾਰਨ ਕਰਨ ਵਾਲੇ ਗੁਰਮੱਤੀਆਂ ਨੇ ਗੁਰਾਂ ਦੁਆਰਾ ਏਕੁ = ਅਦ੍ਵੈਤ ਸਰੂਪ ਨਿਰੰਜਨੁ = ਮਾਇਆ ਕਾਲਖ ਤੋਂ ਰਹਿਤ ਸ਼ੁਧ ਸਰੂਪ ਪਰਮੇਸ਼ਰ ਨੂੰ ਜਾਤਾ = ਜਾਣ ਲਿਆ ਹੈ। ਗੁਰਾਂ ਦੇ ਉਪਦੇਸ਼ ਦੀ ਕਮਾਈ ਕਰ ਕੇ ਉਨ੍ਹਾਂ ਨੇ ਦੂਜਾ = ਦ੍ਵੈਤ ਭਾਵ ਨੂੰ ਮਾਰਿ = ਨਾਸ ਕਰ ਕੇ ਸਬਦਿ = ਬ੍ਰਹਮ ਦੇ ਤਾਈਂ ਪਛਾਤਾ = ਪਛਾਣ ਲਿਆ ਹੈ ॥੬॥

## ਏਕੋ ਹੁਕਮੁ; ਵਰਤੈ ਸਭ ਲੋਈ ॥ ਏਕਸੁ ਤੇ; ਸਭ ਓਪਤਿ ਹੋਈ ॥੭॥

ਸਭ = ਸਾਰੀ ਲੋਈ = ਲੋਕਾਈ ਵਿਚ ਏਕੋ = ਇੱਕੋ ਪਰਮੇਸ਼ਰ ਦਾ ਹੁਕਮ ਹੀ ਵਰਤੈ = ਵਰਤ ਰਿਹਾ ਹੈ **ਵਾ:** ਸਭ = ਸਾਰੇ ਲੋਈ = ਪ੍ਰਕਾਸ਼ ਸਰੂਪ ਏਕੋ = ਅਦ੍ਵੈਤ ਸਰੂਪ ਬ੍ਰਹਮ ਦਾ ਹੀ ਹੁਕਮੁ ਵਰਤੈ = ਵਰਤ ਰਿਹਾ ਹੈ। ਏਕਸੁ = ਇਕ ਹੀ ਪਰਮੇਸ਼ਰ ਤੇ = ਤੋਂ ਸਭ = ਸਾਰੀ ਸ੍ਰਿਸ਼ਟੀ ਦੀ ਓਪਤਿ = ਉਤਪਤੀ ਹੋਈ ਹੈ ॥੭॥

## ਰਾਹ ਦੋਵੈ; ਖਸਮੁ ਏਕੋ ਜਾਣੁ ॥ ਗੁਰ ਕੈ ਸਬਦਿ; ਹੁਕਮੁ ਪਛਾਣੁ ॥੮॥

ਗੁਰਮਤਿ ਤੇ ਦੁਰਮਤਿ, ਆਸਤਕ ਤੇ ਨਾਸਤਕ ਦਾ ਏਕ ਦੇਵਤਿਆਂ ਤੇ ਇਕ ਦੈਤਾਂ ਦਾ ਦੋਵੈ = ਦੋ ਰਾਹ = ਰਸਤੇ ਹਨ, ਪਰ ਇਨ੍ਹਾਂ ਵਿਚ ਏਕੋ = ਅਦ੍ਵੈਤ ਸਰੂਪ ਖਸਮੁ = ਮਾਲਕ ਨੂੰ ਹੀ ਜਾਣੁ = ਜਾਨਣਾ ਕਰੋ।

ਗੁਰ = ਸਤਿਗੁਰਾਂ ਕੈ = ਦੇ ਸਬਦਿ = ਉਪਦੇਸ਼ ਦੁਆਰਾ ਉਸੇ ਦਾ ਹੁਕਮੁ = ਆਗਿਆ, ਪਛਾਣੁ = ਪਛਾਨਣਾ ਕਰੋ **ਵਾ:** ਗੁਰਾਂ ਦੇ ਉਪਦੇਸ਼ ਦੁਆਰਾ ਹੁਕਮ ਵਿਚ ਹੀ ਪਛਾਣ ਲੈ॥੮॥

## ਸਗਲ ਰੂਪ; ਵਰਨ ਮਨ ਮਾਹੀ ॥ ਕਹੁ ਨਾਨਕ; ਏਕੋ ਸਾਲਾਹੀ ॥੯॥੫॥

ਸਗਲ = ਸਾਰੇ ਹੀ ਖਟ ਦਰਸ਼ਨਾਂ **ਵਾ:** ਤਿੰਨਾਂ ਗੁਣਾਂ ਦੇ ਰੂਪ = ਅਕਾਰ ਹਨ ਅਤੇ ਵਰਨ = ਚਾਰ ਵਰਣ (ਖੱਤ੍ਰੀ, ਬ੍ਰਾਹਮਣ, ਸ਼ੂਦ, ਵੈਸ਼) ਆਦਿਕ ਮਨ = ਅੰਤਸ਼ਕਰਣ ਦੇ ਮਾਹੀ = ਵਿਚ ਹੀ ਕਲਪੇ ਹੋਏ ਹਨ, ਮਿਥਿਆ ਹਨ **ਵਾ:** ਸਗਲ = ਸਾਰੇ ਰੂਪ ਅਤੇ ਵਰਣ ਆਦਿਕ ਜਿਸ ਮਹਾਰਾਜ ਦੇ ਵਿਚ ਹੀ ਕਲਪੇ ਹੋਏ ਹਨ, ਉਸ ਨੂੰ ਮਨ = ਚਿਤ ਦੇ ਮਾਹੀ = ਵਿਚ ਹੀ ਗ੍ਰਹਿਣ ਕਰੋ। ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਇਸ ਤਰ੍ਹਾਂ ਜਾਣ ਕਰ ਕੇ ਉਸ ਏਕੋ = ਅਦ੍ਵੈਤ ਸਰੂਪ ਨੂੰ ਸਾਲਾਹੀ = ਸਲਾਹੁਣਾ ਕਰੋ॥੯॥੫॥

## ਗਉੜੀ, ਮਹਲਾ ੧ ॥

ਹੇ ਅੰਤਰਜਾਮੀ ਸਤਿਗੁਰੂ ਜੀ ! ਪਰਮੇਸ਼ਰ ਦੀ ਪ੍ਰਾਪਤੀ ਦੇ ਸਾਧਨ ਕਿਹੜੇ ਹਨ, ਤਾਂ ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ :

## ਅਧਿਆਤਮ ਕਰਮ ਕਰੇ; ਤਾ ਸਾਚਾ ॥
## ਮੁਕਤਿ ਭੇਦੁ; ਕਿਆ ਜਾਣੈ ਕਾਚਾ ॥੧॥

ਹੇ ਭਾਈ ! ਅਧਿਆਤਮ = ਆਤਮਾ ਦੀ ਪ੍ਰਾਪਤੀ ਵਾਸਤੇ ਨਿਸ਼ਕਾਮ ਕਰਮ ਕਰੇ = ਕਰਨਾ ਕਰੇ, ਤਾ = ਤਾਂ ਸਾਚਾ = ਸੱਚ ਸਰੂਪ ਦੀ ਪ੍ਰਾਪਤੀ ਹੋ ਜਾਂਦੀ ਹੈ **ਵਾ:** (ਅਧਿਆਤਮ ਕਰਮ) ਬ੍ਰਹਮ ਦੀ ਵੀਚਾਰ ਦੇ ਸਾਧਨ ਕਰੇ ਤਾਂ ਸਾਚਾ = ਸੱਚਾ ਪਰਮੇਸ਼ਰ ਪ੍ਰਾਪਤ ਹੋ ਜਾਂਦਾ ਹੈ। ਅਤੇ

ਜਿਹੜਾ, ਸਤਿ, ਸੰਤੋਖਾਦਿ, ਵਿਵੇਕ, ਵੈਰਾਗ ਆਦਿ ਸਾਧਨਾਂ ਤੋਂ ਕਾਚਾ = ਕੱਚਾ ਬਾਹਰਮੁਖੀ ਬਿਰਤੀ ਵਾਲਾ ਹੈ, ਉਹ ਮੁਕਤਿ = ਮੁਕਤੀ, ਕਲਿਆਨ ਸਰੂਪ ਦੇ ਭੇਦੁ = ਰਹੱਸ ਨੂੰ ਕਿਆ = ਕੀ ਜਾਣੈ = ਜਾਣ ਸਕਦਾ ਹੈ, ਭਾਵ ਉਹ ਪ੍ਰਮਾਦੀ ਜੀਵ ਕੁਝ ਨਹੀਂ ਜਾਣ ਸਕਦਾ॥੧॥

## ਐਸਾ ਜੋਗੀ; ਜੁਗਤਿ ਬੀਚਾਰੈ ॥ ਪੰਚ ਮਾਰਿ; ਸਾਚੁ ਉਰਿ ਧਾਰੈ ॥੧॥ਰਹਾਉ॥

ਐਸਾ = ਅਜਿਹਾ ਜੋਗੀ ਹੋਣਾ ਚਾਹੀਦਾ ਹੈ, ਜੋ ਪਰਮੇਸ਼ਰ ਦੇ ਵਿਚ ਬਿਰਤੀ ਨੂੰ ਜੋਗੀ = ਜੋੜਨ ਦੀ ਜੁਗਤਿ = ਜੁਗਤੀ ਨੂੰ ਬੀਚਾਰੈ = ਵੀਚਾਰਨਾ ਕਰੇ। ਅਤੇ ਪੰਚ = ਪੰਜ ਕਾਮਾਦਿਕਾਂ ਨੂੰ ਮਾਰਿ = ਨਾਸ ਕਰ ਕੇ, ਸਾਚੁ = ਸੱਚੇ ਨਾਮ ਨੂੰ ਉਰਿ = ਹਿਰਦੇ ਵਿਚ ਧਾਰੈ = ਧਾਰਨ ਕਰੇ, ਵਸਾ ਲਵੇ॥੧॥ਰਹਾਉ॥

## ਜਿਸ ਕੈ ਅੰਤਰਿ; ਸਾਚੁ ਵਸਾਵੈ ॥ ਜੋਗ ਜੁਗਤਿ ਕੀ; ਕੀਮਤਿ ਪਾਵੈ ॥੨॥

ਜਿਸ ਕੈ = ਦੇ ਅੰਤਰਿ = ਹਿਰਦੇ ਵਿਚ ਗੁਰੂ ਜੀ ਉਪਦੇਸ਼ ਦੇ ਕੇ ਸਾਚੁ = ਸੱਚਾ ਨਾਮ ਵਸਾਵੈ = ਵਸਾ ਦਿੰਦੇ ਹਨ, ਉਹ ਜੁੜਨੇ ਯੋਗ ਪਰਮੇਸ਼ਰ ਵਿਚ ਜੋਗ = ਜੁੜਨ ਦੀ ਜੁਗਤਿ = ਜੁਗਤੀ ਕੀ = ਦੀ ਕੀਮਤਿ = ਕੀਮਤ ਤਾਈਂ ਪਾਵੈ = ਪਾ ਲੈਂਦਾ ਹੈ **ਵਾ:** ਪ੍ਰਭੂ ਪ੍ਰਾਪਤੀ ਦੀ ਕੀਮਤ ਨੂੰ ਪਾ ਲੈਂਦਾ ਹੈ॥੨॥

## ਰਵਿ ਸਸਿ ਏਕੋ; ਗ੍ਰਿਹ ਉਦਿਆਨੈ ॥

ਰਵਿ = ਸੂਰਜ ਵਿਚ ਵੀ ਸਸਿ = ਚੰਦ੍ਰਮਾ ਵਿਚ ਵੀ, ਗ੍ਰਿਹ = ਘਰਾਂ ਵਿਚ ਵੀ ਉਦਿਆਨੈ = ਉਜਾੜ ਵਿਚ ਵੀ ਉਹ ਏਕੋ = ਅਦ੍ਵੈਤ ਸਰੂਪ ਪਰਮੇਸ਼ਰ ਹੀ ਹੈ।

੨. **ਅਥਵਾ** ਰਵਿ = ਸੂਰਜ ਦੀ ਨਿਆਈਂ ਵਿਵੇਕ ਵਾਲਿਆਂ ਦੇ ਅੰਦਰ ਸਸਿ = ਚੰਦ੍ਰਮਾ ਦੀ ਨਿਆਈਂ ਵੈਰਾਗਵਾਨਾਂ ਵਿਚ, ਗ੍ਰਹਿ = ਗ੍ਰਹਿਸਥੀਆਂ ਵਿਚ, ਉਦਿਆਨੈ = ਉਜਾੜ ਵਿਚ ਰਹਿਣ ਵਾਲੇ ਬਾਣ ਪ੍ਰਸਤੀਆਂ ਵਿਚ ਵੀ ਇੱਕੋ ਹੀ ਅਦ੍ਵੈਤ ਸਰੂਪ ਵਾਹਿਗੁਰੂ ਹੀ ਹੈ।

੩. **ਅਥਵਾ** ਜਿਨ੍ਹਾਂ ਦੇ ਹਿਰਦੇ ਰੂਪੀ ਗ੍ਰਿਹ = ਘਰ ਦੇ ਅੰਦਰ ਗਿਆਨ ਰੂਪੀ ਰਵਿ = ਸੂਰਜ ਚੜ੍ਹਿਆ ਹੋਇਆ ਹੈ ਤੇ ਵੈਰਾਗ ਰੂਪੀ ਸਸਿ = ਚੰਦ੍ਰਮਾ ਚੜ੍ਹਿਆ ਹੋਇਆ ਹੈ, ਉਹ ਸੰਸਾਰ ਰੂਪੀ ਉਦਿਆਨੈ = ਉਜਾੜ ਵਿਚ ਵੀ ਤੇ ਰਿਦੇ ਰੂਪੀ ਘਰ ਵਿਚ ਵੀ ਇੱਕੋ ਨੂੰ ਹੀ ਵੇਖਦੇ ਹਨ।

੪. **ਅਥਵਾ** ਜਿਨ੍ਹਾਂ ਦੇ ਹਿਰਦੇ ਵਿਚ ਅਪ੍ਰੋਖ ਗਿਆਨ ਰੂਪੀ ਰਵਿ = ਸੂਰਜ ਚੜ੍ਹਿਆ ਹੈ, ਪ੍ਰੋਖ ਗਿਆਨ ਰੂਪੀ ਚੰਦ੍ਰਮਾ ਚੜ੍ਹਿਆ ਹੋਇਆ ਹੈ, ਜੋ ਗ੍ਰਿਹ = ਅੰਤਰਮੁਖ ਬਿਰਤੀ ਕਰ ਕੇ ਜੁੜੇ ਹੋਏ ਹਨ ਅਤੇ ਜਿਹੜੇ ਉਦਿਆਨੈ = ਉਜਾੜ ਦੀ ਨਿਆਈਂ ਸੰਸਾਰ ਅੰਦਰ ਜੁੜੇ ਹੋਏ ਹਨ, ਉਹ ਸਾਰਿਆਂ ਅੰਦਰ ਇਕ ਅਦ੍ਵੈਤ ਨੂੰ ਹੀ ਵੇਖਦੇ ਹਨ।

## ਕਰਣੀ ਕੀਰਤਿ; ਕਰਮ ਸਮਾਨੈ ॥੩॥

ਪਰਮੇਸ਼ਰ ਦੀ ਕਰਣੀ = ਘਾਲ ਅਤੇ ਕੀਰਤਿ = ਕੀਰਤੀ ਹੀ ਸਭ ਤੋਂ ਉੱਤਮ ਹੈ, ਬਾਕੀ ਦੇ ਸਾਰੇ ਕਰਮ ਸਮਾਨੈ = ਸਮਾਨ ਹੀ ਹਨ **ਅਥਵਾ** ਜੋ ਪਰਮੇਸ਼ਰ ਦੀ ਕੀਰਤਿ = ਕੀਰਤਨ ਭਗਤੀ ਕਰਣੀ = ਕਰਨੀ ਹੈ, ਇਸ ਕਰਮ ਕਰ ਕੇ ਵਾਹਿਗੁਰੂ ਵਿਚ ਸਮਾਨੈ = ਸਮਾ ਜਾਈਦਾ ਹੈ, ਅਭੇਦ ਹੋ ਜਾਈਦਾ ਹੈ **ਅਥਵਾ** ਜਿਨ੍ਹਾਂ 'ਤੇ ਸਤਿਗੁਰੂ ਸਾਹਿਬ ਜੀ ਕਰਮ = ਬਖ਼ਸ਼ਿਸ਼ ਕਰਦੇ ਹਨ, ਉਹੀ ਪਰਮੇਸ਼ਰ ਦੀ ਕੀਰਤਿ = ਕੀਰਤਨ ਭਗਤੀ ਕਰਦੇ ਹਨ, ਸਤਿਗੁਰਾਂ ਦੀ ਬਖ਼ਸ਼ਿਸ਼ ਸਦਕਾ ਹੀ ਉਹ ਪਰਮੇਸ਼ਰ ਵਿਚ ਸਮਾਨੈ = ਅਭੇਦ ਹੋ ਜਾਂਦੇ ਹਨ ॥੩॥

## ਏਕ ਸਬਦ; ਇਕ ਭਿਖਿਆ ਮਾਗੈ ॥
## ਗਿਆਨੁ ਧਿਆਨੁ ਜੁਗਤਿ; ਸਚੁ ਜਾਗੈ ॥੪॥

ਏਕ = ਇੱਕੋ ਹੀ ਸਬਦ = ਬ੍ਰਹਮ ਸਾਰੇ ਵਿਆਪਕ ਹੈ ਅਤੇ ਇਕ = ਇੱਕੋ ਪਰਮੇਸ਼ਰ ਦੇ ਨਾਮ ਦੀ ਹੀ ਸਤਿਗੁਰਾਂ ਕੋਲੋਂ ਭਿਖਿਆ = ਭਿਖਸ਼ਾ, ਯਾਚਨਾ ਮਾਗੈ = ਮੰਗਣਾ ਕਰੀਏ। ਜਿਨ੍ਹਾਂ ਨੂੰ ਸਰੂਪ ਦਾ ਗਿਆਨੁ = ਬੋਧ ਹੋਇਆ ਹੈ ਅਤੇ ਧਿਆਨੁ = ਚਿੰਤਨ ਕਰਦੇ ਹਨ, ਉਨ੍ਹਾਂ ਦੇ ਅੰਦਰ ਸਚੁ = ਸੱਚੇ ਪਰਮੇਸ਼ਰ ਵਿਚ ਜੁੜਨ ਦੀ ਜੁਗਤਿ = ਜੁਗਤੀ ਜਾਗੈ = ਜਾਗ ਪੈਂਦੀ ਹੈ **ਵਾ:** ਜਿਨ੍ਹਾਂ ਨੂੰ ਗੁਰੂ ਸਾਹਿਬ ਦੁਆਰਾ ਜੁਗਤੀ ਦੀ ਪ੍ਰਾਪਤੀ ਹੋਈ ਹੈ, ਉਨ੍ਹਾਂ ਦਾ ਸਚੁ = ਸੱਚੇ ਸਰੂਪ ਵਿਚ ਧਿਆਨੁ = ਖ਼ਿਆਲ ਲੱਗ ਜਾਂਦਾ ਹੈ। ਧਿਆਨ ਲੱਗਣ ਕਰ ਕੇ ਉਨ੍ਹਾਂ ਨੂੰ ਸੱਚੇ ਦਾ ਗਿਆਨੁ = ਬੋਧ ਜਾਗੈ = ਜਾਗ ਆਉਂਦਾ ਹੈ **ਵਾ:** ਸੱਚੇ ਦੇ ਗਿਆਨ ਕਰ ਕੇ ਉਨ੍ਹਾਂ ਦਾ ਮਨ ਹੋਰਨਾਂ ਜਗਿਆਸੂਆਂ ਤਾਈਂ ਜੁਗਤਿ = ਜੋੜ ਕਰ ਕੇ ਪਰਮੇਸ਼ਰ ਦੇ ਨਾਮ ਦੇ ਧਿਆਨ ਤੇ ਸਰੂਪ ਦੇ ਗਿਆਨ ਵਿਚ ਜਾਗੈ = ਜਗਾਉਂਦੇ ਹਨ ॥੪॥

## ਭੈ ਰਚਿ ਰਹੈ; ਨ ਬਾਹਰਿ ਜਾਇ ॥
## ਕੀਮਤਿ ਕਉਣ; ਰਹੈ ਲਿਵ ਲਾਇ ॥੫॥

ਪਰਮੇਸ਼ਰ ਦੇ ਭੈ = ਡਰ ਦੇ ਵਿਚ ਹੀ ਹਰ ਵੇਲੇ ਰਚਿ = ਰਚਿਆ ਰਹੇ, ਤਦਾਕਾਰ ਰਹੈ = ਰਹਿਣਾ ਕਰੇ ਅਤੇ ਆਪਣੇ ਮਨ ਨੂੰ ਬਾਹਰਿ = ਬਾਹਰ ਨ ਜਾਇ = ਜਾਣ ਦੇਵੇ, ਭਾਵ ਬਾਹਰਮੁਖ ਬਿਰਤੀ ਨਾ ਰੱਖੇ, ਸਦਾ ਅੰਤਰਮੁਖ ਬਿਰਤੀ ਵਿਚ ਰਹਿਣਾ ਕਰੇ। ਜਿਹੜੇ ਪਰਮੇਸ਼ਰ ਵਿਚ ਲਿਵ = ਬਿਰਤੀ ਨੂੰ ਲਾਇ = ਲਗਾ ਕੇ ਰਹੈ = ਰਹਿੰਦੇ ਹਨ ਉਨ੍ਹਾਂ ਦੀ ਕੀਮਤਿ ਨੂੰ ਕਉਣ = ਕਿਹੜਾ ਪਾ ਸਕਦਾ ਹੈ, ਭਾਵ ਕੋਈ ਨਹੀਂ ਪਾ ਸਕਦਾ।

**ਵਾ:** ਜਿਹੜੇ ਲਿਵ ਲਗਾ ਕੇ ਰੱਖਦੇ ਹਨ, ਉਹ ਬ੍ਰਹਮ ਰੂਪ ਹੀ ਹੋ ਜਾਂਦੇ ਹਨ ਤੇ ਫਿਰ ਕਉਣ = ਕਿਹੜਾ ਹੈ ਜਿਹੜਾ ਉਨ੍ਹਾਂ ਦੀ **ਵਾ:** ਉਨ੍ਹਾਂ ਦੇ ਕਰਮਾਂ ਦੇ ਨਿਰਣਿਆਂ ਦੀ ਕੀਮਤ ਪਾ ਸਕਦਾ ਹੈ, ਭਾਵ ਕੋਈ ਨਹੀਂ ਪਾ ਸਕਦਾ ॥੫॥

## ਆਪੇ ਮੇਲੇ; ਭਰਮੁ ਚੁਕਾਏ ॥ ਗੁਰ ਪਰਸਾਦਿ; ਪਰਮ ਪਦੁ ਪਾਏ ॥੬॥

ਜਿਨ੍ਹਾਂ ਦੇ ਅੰਦਰੋਂ ਗੁਰੂ ਸਾਹਿਬ ਜੀ ਨੇ ਭਰਮੁ = ਸੰਸਾ ਚੁਕਾਏ = ਚੁੱਕ ਦਿੱਤਾ ਹੈ, ਉਨ੍ਹਾਂ ਨੂੰ ਆਪੇ = ਆਪ ਹੀ ਆਪਣੇ ਸਰੂਪ ਦੇ ਨਾਲ ਮੇਲੇ = ਮੇਲ ਲਿਆ ਹੈ। ਜਿਨ੍ਹਾਂ ਉੱਪਰ ਗੁਰ = ਗੁਰੂ ਸਾਹਿਬ ਜੀ ਦੀ ਪਰਸਾਦਿ = ਕਿਰਪਾ ਹੁੰਦੀ ਹੈ, ਉਹੋ ਪਰਮ ਪਦੁ = ਵੱਡੀ ਪਦਵੀ ਭਾਵ ਕੈਵਲ ਮੋਖ ਨੂੰ ਪਾਏ = ਪਾਉਂਦੇ ਹਨ ॥੬॥

## ਗੁਰ ਕੀ ਸੇਵਾ; ਸਬਦੁ ਵੀਚਾਰੁ ॥ ਹਉਮੈ ਮਾਰੇ; ਕਰਣੀ ਸਾਰੁ ॥੭॥

ਗੁਰ = ਸਤਿਗੁਰਾਂ ਕੀ = ਦੀ ਇਹੋ ਹੀ ਸੇਵਾ = ਟਹਿਲ ਹੈ, ਜੋ ਉਨ੍ਹਾਂ ਦੇ ਸਬਦੁ = ਉਪਦੇਸ਼ ਦੀ ਵੀਚਾਰ ਕਰਨੀ ਹੈ **ਵਾ:** ਸਬਦੁ = ਬ੍ਰਹਮ ਦੀ ਵੀਚਾਰ ਕਰੋ, ਇਹੋ ਹੀ ਗੁਰੂ ਸਾਹਿਬ ਜੀ ਦੀ ਸੇਵਾ ਹੈ **ਵਾ:** ਸਰੀਰ ਕਰ ਕੇ ਗੁਰ = ਗੁਰੂ ਸਾਹਿਬ ਜੀ ਦੀ ਸੇਵਾ = ਟਹਿਲ ਕਰੋ ਅਤੇ ਬਾਣੀ ਕਰ ਕੇ ਉਨ੍ਹਾਂ ਦੇ ਸਬਦੁ = ਉਪਦੇਸ਼ ਦੀ ਵੀਚਾਰ ਕਰੋ। ਜਿਹੜੇ ਦੇਹ ਦੀ ਹਉਮੈ = ਹੰਗਤਾ ਨੂੰ ਮਾਰੇ = ਮਾਰ ਲੈਂਦੇ ਹਨ ਉਨ੍ਹਾਂ ਦੀ ਕਰਣੀ = ਘਾਲ, ਕਮਾਈ ਸਾਰੁ = ਸ੍ਰੇਸ਼ਟ ਹੈ ॥੭॥

## ਜਪ ਤਪ ਸੰਜਮ; ਪਾਠ ਪੁਰਾਣੁ ॥
## ਕਹੁ ਨਾਨਕ; ਅਪਰੰਪਰ ਮਾਨੁ ॥੮॥੬॥

ਜੋ ਜਪ = ਦੇਵਤਿਆਂ ਦੇ ਮੰਤ੍ਰ ਜਪਣੇ, ਭੁੱਖੇ ਤਿਹਾਏ ਰਹਿ ਕੇ ਧੂਣੀਆਂ ਆਦਿ ਲਾ ਕੇ ਤਪ = ਤਪੱਸਿਆ ਕਰਨੀ, ਸੰਜਮ = ਇੰਦ੍ਰੀਆਂ ਦਾ ਦਮਨ ਕਰਨਾ, ਪੁਰਾਣ = ਅਠਾਰਾਂ ਪੁਰਾਣਾਂ ਆਦਿ ਦਾ ਪਾਠ = ਪੜ੍ਹਨਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਅਪਰੰਪਰ = ਪ੍ਰਕਿਰਤੀ ਤੋਂ ਪਰ੍ਹੇ ਪਰਮੇਸ਼ਰ ਹੈ, ਜਿਨ੍ਹਾਂ ਨੇ ਉਸ ਨੂੰ ਮਾਨੁ = ਮੰਨ ਲਿਆ ਹੈ, ਉਨ੍ਹਾਂ ਦੇ ਸਾਰੇ ਜਪ, ਤਪ, ਸੰਜਮ ਆਦਿ ਸਾਧਨ ਵੀ ਹੋ ਗਏ ਅਤੇ ਪੁਰਾਣ, ਵਿਆਕਰਣ ਵੀ ਪੜ੍ਹ ਲਏ ਹਨ **ਅਥਵਾ** ਜੋ ਜਪ = ਜਪਣੇ ਜੋਗ ਪਰਮੇਸ਼ਰ ਹੈ, ਉਸ ਨੂੰ ਤਪ = ਚਿੱਤ ਦੀ ਇਕਾਗਰਤਾ ਕਰ ਕੇ ਅਤੇ ਸੰਜਮ = ਇੰਦ੍ਰੀਆਂ ਦਾ ਦਮਨ ਕਰ ਕੇ ਜੋ ਅੰਦਰ ਪੁਰਾਣੁ ਭਾਵ ਦੇਹ ਅਭਿਮਾਨ ਹੈ, ਉਸ ਨੂੰ ਪਾਠ = ਪਾੜਨਾ ਕਰੋ ਭਾਵ ਖ਼ਤਮ ਕਰੋ। ਗੁਰੂ ਜੀ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਅਪਰੰਪਰ = ਪ੍ਰਕਿਰਤੀ ਤੋਂ ਪਰ੍ਹੇ ਜੋ ਪਰਮੇਸ਼ਰ ਹੈ, ਉਸ ਨੂੰ ਮਾਨੁ = ਮੰਨਣਾ ਕਰੋ ॥੮॥੬॥

## ਗਉੜੀ, ਮਹਲਾ ੧ ॥

ਸਿੱਧਾਂ ਨੇ ਸਤਿਗੁਰਾਂ ਨੂੰ ਪ੍ਰਸ਼ਨ ਕੀਤਾ ਕਿ ਮਹਾਰਾਜ ਆਪ ਜੀ ਦੇ ਮੱਤ ਅਨੁਸਾਰ ਜੋਗੀ ਕਿਸ ਨੂੰ ਕਹਿੰਦੇ ਹਨ, ਤਾਂ ਸਤਿਗੁਰੂ ਜੀ ਇਹ ਪਾਵਨ ਪਵਿੱਤਰ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ :

## ਖਿਮਾ ਗਹੀ; ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ; ਨਾ ਜਮ ਦੋਖੰ ॥

ਜਿਨ੍ਹਾਂ ਨੇ ਖਿਮਾ = ਛਿਮਾ, ਦੁਖ ਸੁਖ ਸਹਾਰਨ ਵਾਲੀ ਬਿਰਤੀ ਗਹੀ = ਗ੍ਰਹਿਣ ਕੀਤੀ ਹੈ, ਬ੍ਰਤ = ਨਿਯਮਾਂ ਵਿਚ ਰਹਿੰਦੇ ਹਨ, ਸੀਲ = ਨਰਮ ਸੁਭਾਅ ਹੈ, ਸੰਤੋਖੰ = ਲੋਭ ਦਾ ਤਿਆਗ ਕੀਤਾ ਹੈ **ਵਾ:** ਸੀਲ = ਜਤ ਸਤ ਅਤੇ ਸੰਤੋਖੰ = ਸੰਤੋਖ ਰੂਪੀ ਬ੍ਰਤ = ਉਪਵਾਸ ਧਾਰਿਆ ਹੈ।

ਉਨ੍ਹਾਂ ਨੂੰ ਹੰਕਾਰ, ਆਧੀ, ਬਿਆਧੀ, ਉਪਾਧੀ ਆਦਿ ਰੋਗੁ = ਬਿਮਾਰੀ ਨ = ਨਹੀਂ ਬਿਆਪੈ = ਬਿਆਪਦੀ

ਅਤੇ ਨਾ ਹੀ ਜਮ = ਜਮਦੂਤ ਦੋਖੰ = ਦੋਸ਼ੀ ਬਣਾ ਕੇ ਨਰਕ ਵਿਚ ਪਾਉਂਦਾ ਹੈ **ਵਾ:** ਨਾ ਹੀ ਜਮਦੂਤ ਦੋਖੰ = ਦੁਖ ਦਿੰਦੇ ਹਨ।

## ਮੁਕਤ ਭਏ; ਪ੍ਰਭ ਰੂਪ ਨ ਰੇਖੰ ॥੧॥

ਉਹ ਉਸ ਵਾਹਿਗੁਰੂ ਦੇ ਸਰੂਪ ਵਿਚ ਮੁਕਤ ਭਏ = ਹੋਏ ਹਨ, ਜਿਸ ਪ੍ਰਭ = ਪਰਮੇਸ਼ਰ ਦਾ ਕੋਈ ਰੂਪ = ਅਕਾਰ ਅਤੇ ਮੱਛ ਕੱਛ ਰੂਪ ਰੇਖੰ = ਰੇਖਾ, ਚਿੰਨ੍ਹ ਨ = ਨਹੀਂ ਹੈ ॥੧॥

## ਜੋਗੀ ਕਉ; ਕੈਸਾ ਡਰੁ ਹੋਇ ॥
## ਰੂਖਿ ਬਿਰਖਿ; ਗ੍ਰਿਹਿ ਬਾਹਰਿ ਸੋਇ ॥੧॥ਰਹਾਉ॥

ਐਸੇ ਜੋਗੀ ਕਉ = ਨੂੰ ਕੈਸਾ = ਕਿਸ ਪ੍ਰਕਾਰ ਦਾ ਡਰ = ਭੈ ਹੋਇ = ਹੋ ਸਕਦਾ ਹੈ **ਵਾ:** ਉਸ ਨੂੰ ਹੋਰ ਕਿਹੜਾ ਡਰ ਦੇ ਸਕਦਾ ਹੈ, ਭਾਵ ਕੋਈ ਨਹੀਂ ਭੈ ਦੇ ਸਕਦਾ। ਉਹ ਤਾਂ ਰੂਖਿ = ਖ਼ੁਸ਼ਕ ਰੁੱਖਾਂ ਵਿਚ ਅਤੇ ਬਿਰਖਿ = ਬਾਗ਼ਾਂ ਦੇ ਬ੍ਰਿਛਾਂ ਵਿਚ, ਗ੍ਰਿਹਿ = ਘਰ ਵਿਚ ਬਾਹਰਿ = ਸੰਸਾਰ ਵਿਚ ਸਾਰੇ ਸੋਇ = ਉਸ ਵਾਹਿਗੁਰੂ ਨੂੰ ਵੇਖਦਾ ਹੈ **ਵਾ:** ਰੂਖਿ = ਰੁੱਖਾਂ ਦੀ ਨਿਆਈਂ ਜੜ੍ਹ ਪੁਰਖਾਂ ਬਿਰਖਿ = ਬ੍ਰਿਛਾਂ ਦੀ ਨਿਆਈਂ ਗਿਆਨਵਾਨਾਂ, ਗ੍ਰਿਹਿ = ਅੰਤਰਮੁਖ ਬਿਰਤੀ ਵਾਲਿਆਂ ਵਿਚ ਵੀ ਅਤੇ ਬਾਹਰਿ = ਬਾਹਰ ਮੁਖ ਬਿਰਤੀ ਵਾਲਿਆਂ ਵਿਚ ਵੀ ਸੋਇ = ਉਹੋ ਪਰਮੇਸ਼ਰ ਨੂੰ ਹੀ ਵੇਖਦੇ ਹਨ ॥੧॥ਰਹਾਉ॥

## ਨਿਰਭਉ ਜੋਗੀ; ਨਿਰੰਜਨੁ ਧਿਆਵੈ ॥ ਅਨਦਿਨੁ ਜਾਗੈ; ਸਚਿ ਲਿਵ ਲਾਵੈ ॥

ਜਿਹੜਾ ਜੋਗੀ ਨਿਰੰਜਨੁ = ਸ਼ੁਧ ਬ੍ਰਹਮ ਨੂੰ ਧਿਆਵੈ = ਧਿਆਉਂਦਾ ਹੈ, ਉਹ ਨਿਰਭਉ = ਭੈ ਤੋਂ ਰਹਿਤ ਹੋ ਜਾਂਦਾ ਹੈ। ਜਿਹੜਾ ਸਚਿ = ਸੱਚੇ ਪਰਮੇਸ਼ਰ ਵਿਚ ਲਿਵ = ਬਿਰਤੀ ਨੂੰ ਲਾਵੈ = ਲਾਉਂਦਾ ਹੈ, ਉਹ ਅਨਦਿਨੁ = ਰਾਤ ਦਿਨ ਗਿਆਨ ਅਵਸਥਾ ਵਿਚ ਜਾਗੈ = ਜਾਗ ਪੈਂਦਾ ਹੈ।

## ਸੋ ਜੋਗੀ; ਮੇਰੈ ਮਨਿ ਭਾਵੈ ॥੨॥

ਸੋ = ਉਹ ਜੋਗੀ ਮੇਰੈ = ਸਾਡੇ ਮਨਿ = ਹਿਰਦੇ ਵਿਚ ਭਾਵੈ = ਭਾਉਂਦਾ ਹੈ ਭਾਵ ਚੰਗਾ ਲੱਗਦਾ ਹੈ ॥੨॥

## ਕਾਲੁ ਜਾਲੁ; ਬ੍ਰਹਮ ਅਗਨੀ ਜਾਰੇ ॥
## ਜਰਾ ਮਰਣ ਗਤੁ; ਗਰਬੁ ਨਿਵਾਰੇ ॥

ਕਾਲੁ = ਜਮਕਾਲ **ਵਾ:** ਮੌਤ ਦੇ ਜਾਲ = ਫਾਹੇ ਨੂੰ ਬ੍ਰਹਮ = ਬ੍ਰਹਮ ਅਭਿਆਸ ਰੂਪੀ ਅਗਨੀ = ਅੱਗ ਦੁਆਰਾ ਜਾਰੇ = ਜਾਲ, ਸਾੜ ਦੇਵੇ। ਜਿਹੜਾ ਗਰਬੁ = ਹੰਕਾਰ ਨੂੰ ਨਿਵਾਰੇ = ਨਵਿਰਤ ਕਰ ਲੈਂਦਾ ਹੈ, ਉਸ ਦਾ ਜਰਾ = ਬੁਢੇਪੇ ਦਾ ਦੁਖ ਵੀ ਅਤੇ ਮਰਣ = ਮੌਤ ਦਾ ਡਰ ਵੀ ਗਤੁ = ਨਾਸ ਹੋ ਜਾਂਦਾ ਹੈ।

## ਆਪਿ ਤਰੈ; ਪਿਤਰੀ ਨਿਸਤਾਰੇ ॥੩॥

ਉਹ ਪੁਰਖ ਆਪਿ = ਆਪ ਵੀ ਸੰਸਾਰ-ਸਮੁੰਦਰ ਤੋਂ ਤਰੈ = ਤਰ ਜਾਂਦਾ ਹੈ ਅਤੇ ਆਪਣੇ ਪਿਤਰੀ = ਪਿਤਰਾਂ ਆਦਿਕ ਕੁਲਾਂ ਨੂੰ ਵੀ ਨਿਸਤਾਰੈ = ਤਾਰ ਲੈਂਦਾ ਹੈ, ਕਲਿਆਣ ਕਰ ਲੈਂਦਾ ਹੈ ॥੩॥

## ਸਤਿਗੁਰੁ ਸੇਵੇ; ਸੋ ਜੋਗੀ ਹੋਇ ॥ ਭੈ ਰਚਿ ਰਹੈ; ਸੁ ਨਿਰਭਉ ਹੋਇ ॥

ਜੋ ਸਤਿਗੁਰੁ = ਗੁਰੂ ਸਾਹਿਬ ਜੀ ਦਾ ਸੇਵੇ = ਸੇਵਨ ਕਰਦਾ ਹੈ, ਸੋ = ਉਹੋ ਹੀ ਜੋਗੀ = ਜੁੜਿਆ ਹੋਇਆ

ਯੋਗੀ ਹੋਇ = ਹੋ ਸਕਦਾ ਹੈ। ਜਿਹੜਾ ਪਰਮੇਸ਼ਰ ਦੇ ਭੈ = ਡਰ ਦੇ ਵਿਚ ਰਚਿ = ਰਚਿਆ ਰਹੈ = ਰਹਿੰਦਾ ਹੈ, ਸੁ = ਉਹ ਨਿਰਭਉ = ਭੈ ਤੋਂ ਰਹਿਤ ਹੋਇ = ਹੋ ਜਾਂਦਾ ਹੈ।

## ਜੈਸਾ ਸੇਵੈ; ਤੈਸੋ ਹੋਇ ॥੪॥

ਜੈਸਾ = ਜਿਸ ਪ੍ਰਕਾਰ ਦਾ ਕੋਈ ਸੇਵੈ = ਸੇਵਨ ਕਰੇਗਾ, ਤੈਸੋ = ਤਿਵੇਂ ਦਾ ਹੀ ਉਸ ਨੂੰ ਫਲ ਪ੍ਰਾਪਤ ਹੋਇ = ਹੁੰਦਾ ਹੈ, ਭਾਵ ਉਪਾਸ਼ਕ ਜਿਸ ਉਪਾਸਯ ਦੀ ਉਪਾਸ਼ਨਾ ਕਰੇਗਾ, ਉਸੇ ਦਾ ਹੀ ਰੂਪ ਹੋ ਜਾਂਦਾ ਹੈ ॥੪॥

[ਅੰਗ ੨੨੪]

## ਨਰ ਨਿਹਕੇਵਲ; ਨਿਰਭਉ ਨਾਉ ॥
## ਅਨਾਥਹ, ਨਾਥ ਕਰੇ; ਬਲਿ ਜਾਉ ॥

ਜਿਹੜੇ ਨਿਰਭਉ = ਭੈ ਤੋਂ ਰਹਿਤ ਪਰਮੇਸ਼ਰ ਦੇ ਨਾਉ = ਨਾਮ ਨੂੰ ਜਪਦੇ ਹਨ, ਉਹ ਨਰ = ਮਨੁੱਖ ਨਿਹਕੇਵਲ = ਸ਼ੁੱਧ ਬ੍ਰਹਮ ਦਾ ਹੀ ਸਰੂਪ ਹੋ ਜਾਂਦੇ ਹਨ। ਜਿਨ੍ਹਾਂ ਅਨਾਥਹ = ਯਤੀਮਾਂ ਦਾ ਕੋਈ ਮਾਲਕ ਨਹੀਂ ਸੀ, ਉਨ੍ਹਾਂ ਨੂੰ ਪਰਮੇਸ਼ਰ ਨੇ ਸਾਰਿਆਂ ਦੇ ਨਾਥ = ਮਾਲਕ ਕਰੇ = ਕਰ ਦਿੱਤਾ ਹੈ, ਅਸੀਂ ਉਸ ਪਰਮੇਸ਼ਰ ਤਾਈਂ ਬਲਿ = ਬਲਿਹਾਰ ਜਾਉ = ਜਾਂਦੇ ਹਾਂ।

## ਪੁਨਰਪਿ ਜਨਮੁ ਨਾਹੀ; ਗੁਣ ਗਾਉ ॥੫॥

ਜਿਹੜੇ ਉਸ ਪਰਮੇਸ਼ਰ ਦੇ ਗੁਣ = ਸਿਫ਼ਤਾਂ ਤਾਈਂ ਗਾਉ = ਗਾਉਂਦੇ ਹਨ, ਉਨ੍ਹਾਂ ਦਾ ਪੁਨਰਪਿ = ਮੁੜ ਕੇ ਫਿਰ ਕੋਈ ਜਨਮ ਨਾਹੀ = ਨਹੀਂ ਹੋਵੇਗਾ ॥੫॥ ਜੈਸਾ ਕਿ :

**ਏਕਹਿ ਆਵਨ ਫਿਰਿ ਜੋਨਿ ਨ ਆਇਆ ॥** *(ਅੰਗ ੨੫੨)*

## ਅੰਤਰਿ ਬਾਹਰਿ; ਏਕੋ ਜਾਣੈ ॥ ਗੁਰ ਕੈ ਸਬਦੇ; ਆਪੁ ਪਛਾਣੈ ॥

ਹਿਰਦੇ ਦੇ ਅੰਤਰਿ = ਅੰਦਰ ਵੀ ਅਤੇ ਬਾਹਰਿ = ਸੰਸਾਰ ਵਿਚ ਏਕੋ = ਇਕ ਪਰਮੇਸ਼ਰ ਨੂੰ ਹੀ ਜਾਣੈ = ਜਾਨਣਾ ਕਰੇ। ਗੁਰ = ਸਤਿਗੁਰਾਂ ਕੈ = ਦੇ ਸਬਦੇ = ਉਪਦੇਸ਼ ਦੁਆਰਾ ਆਪੁ = ਆਪਣੇ ਨਿਜ ਸਰੂਪ ਨੂੰ ਪਛਾਣੈ = ਪਛਾਨਣਾ ਕਰੇ।

## ਸਾਚੈ ਸਬਦਿ; ਦਰਿ ਨੀਸਾਣੈ ॥੬॥

ਇਹੋ ਹੀ ਸਾਚੈ = ਸੱਚੇ, ਗੁਰੂ ਸਾਹਿਬ ਜੀ ਦੇ ਸਬਦਿ = ਉਪਦੇਸ਼ ਕਰ ਕੇ ਵਾਹਿਗੁਰੂ ਦੀ ਦਰਿ = ਦਰਗਾਹ ਵਿਚ ਨੀਸਾਣੈ = ਨਿਸ਼ਾਨੀ ਹੈ। ਭਾਵ ਇਸ ਕਰਕੇ ਹੀ ਪ੍ਰਮਾਣਨੀਕ ਹੋਈਦਾ ਹੈ **ਵਾ:** ਸਾਚੇ = ਸੱਚੇ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਦਰਿ = ਹਿਰਦੇ ਅੰਦਰ ਗਿਆਨ ਨੂੰ ਨੀਸਾਣੈ = ਪ੍ਰਗਟ ਕਰ ਲਈਦਾ ਹੈ ॥੬॥

## ਸਬਦਿ ਮਰੈ; ਤਿਸੁ ਨਿਜ ਘਰਿ ਵਾਸਾ ॥ ਆਵੈ ਨ ਜਾਵੈ; ਚੂਕੈ ਆਸਾ ॥

ਜੋ ਗੁਰਾਂ ਦੇ ਸਬਦਿ = ਉਪਦੇਸ਼ ਕਰ ਕੇ ਜੀਵਤ ਭਾਵ ਤੋਂ ਮਰੈ = ਮਰਦਾ ਹੈ, ਤਿਸੁ = ਉਸ ਦਾ ਨਿਜ ਘਰਿ = ਸਰੂਪ ਰੂਪੀ ਘਰ ਵਿਚ ਵਾਸਾ = ਵਸਣਾ ਹੁੰਦਾ ਹੈ **ਵਾ:** ਜੋ ਗੁਰਾਂ ਦੇ ਸਬਦਿ = ਉਪਦੇਸ਼ ਕਰ ਕੇ ਵਿਕਾਰਾਂ ਵੱਲੋਂ ਮਰੈ = ਮਰਦਾ ਹੈ, ਭਾਵ ਵਿਕਾਰਾਂ ਨੂੰ ਤਿਆਗ ਦਿੰਦਾ ਹੈ, ਉਸ ਦਾ ਸਰੂਪ ਰੂਪੀ ਘਰਿ = ਘਰ ਵਿਚ

ਵਾਸਾ ਹੋ ਜਾਂਦਾ ਹੈ। ਜਿਸ ਦੀ ਸੰਸਾਰ, ਪਦਾਰਥਾਂ ਦੀ ਆਸਾ = ਉਮੀਦ ਚੂਕੈ = ਚੁੱਕੀ ਜਾਂਦੀ ਹੈ, ਉਹ ਫਿਰ ਜਨਮ ਧਾਰ ਕੇ ਆਵੈ ਨ = ਆਉਂਦਾ ਨਹੀਂ ਹੈ ਅਤੇ ਮਰ ਕਰ ਕੇ ਜਾਵੈ = ਜਾਂਦਾ ਨਹੀਂ ਹੈ, ਭਾਵ ਉਸ ਦਾ ਦੁਨੀਆਂ ਵਿਚ ਆਉਣਾ ਜਾਣਾ ਨਹੀਂ ਹੁੰਦਾ।

## ਗੁਰ ਕੈ ਸਬਦਿ; ਕਮਲੁ ਪਰਗਾਸਾ ॥੭॥

ਗੁਰ = ਸਤਿਗੁਰਾਂ ਕੈ = ਦੇ ਸਬਦਿ = ਉਪਦੇਸ਼ ਕਰ ਕੇ ਉਸ ਦਾ ਹਿਰਦਾ ਕਮਲ = ਕੌਲ ਫੁੱਲ ਦੀ ਨਿਆਈਂ ਪਰਗਾਸਾ = ਖਿੜ ਆਉਂਦਾ ਹੈ ॥੭॥

## ਜੋ ਦੀਸੈ; ਸੋ ਆਸ ਨਿਰਾਸਾ ॥ ਕਾਮ ਕ੍ਰੋਧ; ਬਿਖੁ ਭੂਖ ਪਿਆਸਾ ॥

ਜੋ = ਜਿਹੜਾ ਕੁਝ ਵੀ ਸੰਸਾਰ ਵਿਚ ਇਨ੍ਹਾਂ ਅਸਥੂਲ ਅੱਖਾਂ ਨਾਲ ਦੀਸੈ = ਦਿਸ ਰਿਹਾ ਹੈ, ਸੋ = ਉਸ ਦੀ ਆਸਾ = ਉਮੀਦ ਵੱਲੋਂ ਨਿਰਾਸਾ = ਨਿਰਾਸ ਹੀ ਰਹਿਣਾ ਕਰੇ ਅਤੇ ਕਾਮ = ਵਿਕਾਰ ਦ੍ਰਿਸ਼ਟੀ ਕ੍ਰੋਧ = ਗ਼ੁੱਸਾ ਆਦਿ ਸਾਰੇ ਬਿਖੁ = ਵਿਸ਼ਿਆਂ ਦੀ ਭੂਖ = ਭੁੱਖ ਵੱਲੋਂ ਪਿਆਸਾ = ਤਿਹਾਇਆ ਹੀ ਰਹਿਣਾ ਕਰੇ, ਭਾਵ ਇਨ੍ਹਾਂ ਨੂੰ ਭੋਗਣ ਵਿਚ ਨਾ ਲੱਗੇ **ਵਾ:** ਜਿਹੜਾ ਕਾਮ, ਕ੍ਰੋਧ ਆਦਿ ਬਿਖੁ = ਵਿਸ਼ਿਆਂ ਵਿਚ ਭੂਖ = ਭੁੱਖਾ ਰਹਿੰਦਾ ਹੈ, ਹਰ ਵੇਲੇ ਪਿਆਸਾ = ਤਿਹਾਇਆ ਰਹਿੰਦਾ ਹੈ, ਉਸ ਦੀ ਕਦੀ ਵੀ ਤ੍ਰਿਪਤੀ ਨਹੀਂ ਹੁੰਦੀ। ਜੈਸਾ ਕਿ :

**ਬਿਖੈ ਠਗਉਰੀ ਜਿਨਿ ਜਿਨਿ ਖਾਈ ॥**
**ਤਾ ਕੀ ਤ੍ਰਿਸਨਾ ਕਬਹੂੰ ਨ ਜਾਈ ॥੨॥** *(ਅੰਗ ੧੯੯)*
**ਜਿਤਨੀ ਭੂਖ ਅਨ ਰਸ ਸਾਦ ਹੈ ਤਿਤਨੀ ਭੂਖ ਫਿਰਿ ਲਾਗੈ ॥** *(ਅੰਗ ੧੬੭)*

## ਨਾਨਕ; ਬਿਰਲੇ ਮਿਲਹਿ ਉਦਾਸਾ ॥੮॥੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਕੋਈ ਬਿਰਲੇ = ਟਾਂਵੇ ਟਾਂਵੇ ਹੀ ਹਨ, ਜਿਹੜੇ ਇਨ੍ਹਾਂ ਵਿਕਾਰਾਂ ਵੱਲੋਂ ਉਦਾਸਾ = ਉਦਾਸਤਾਈ ਧਾਰ ਕੇ ਸਤਿਸੰਗਤ ਵਿਚ ਮਿਲਹਿ = ਮਿਲਦੇ ਹਨ **ਵਾ:** ਕੋਈ ਵਿਰਲੇ ਹੀ ਵਿਸ਼ਿਆਂ ਵੱਲੋਂ ਉਦਾਸਾ = ਉਦਾਸੀਨ ਹੋ ਕਰ ਕੇ ਵਾਹਿਗੁਰੂ ਦੇ ਸਰੂਪ ਵਿਚ ਮਿਲਹਿ = ਮਿਲਦੇ ਹਨ **ਵਾ:** ਸੰਸਾਰ ਵਿਚ ਅਜਿਹੇ ਉਦਾਸਾ = ਉਦਾਸੀਨ ਮਹਾਂਪੁਰਖ ਬਿਰਲੇ ਹੀ ਮਿਲਹਿ = ਮਿਲਦੇ ਹਨ ॥੮॥੭॥

## ਗਉੜੀ, ਮਹਲਾ ੧ ॥

ਸਿੱਧਾਂ ਨੇ ਸਤਿਗੁਰੂ ਸਾਹਿਬ ਜੀ ਤੋਂ ਪੁੱਛਿਆ ਕਿ ਹੇ ਮਹਾਰਾਜ ਗੁਰਸਿੱਖਾਂ ਦੇ ਕੀ ਲੱਛਣ ਹਨ, ਤਾਂ ਗੁਰੂ ਜੀ ਉਚਾਰਦੇ ਹਨ :

## ਐਸੋ ਦਾਸੁ ਮਿਲੈ; ਸੁਖੁ ਹੋਈ ॥ ਦੁਖੁ ਵਿਸਰੈ; ਪਾਵੈ ਸਚੁ ਸੋਈ ॥੧॥

ਹੇ ਸਿੱਧੋ ! ਐਸੋ = ਅਜਿਹੇ ਦਾਸ = ਸੇਵਕ ਮਿਲੈ = ਮਿਲਣ ਜਿਨ੍ਹਾਂ ਨੂੰ ਆਤਮਿਕ ਸੁਖੁ = ਅਨੰਦ ਦੀ ਪ੍ਰਾਪਤੀ ਹੋਈ ਹੈ **ਵਾ:** ਜਿਨ੍ਹਾਂ ਨਾਲ ਮਿਲ ਕੇ ਆਤਮਿਕ ਸੁਖੁ = ਅਨੰਦ ਦੀ ਪ੍ਰਾਪਤੀ ਹੋਈ = ਹੁੰਦੀ ਹੈ।

ਜੰਮਣ ਮਰਣ ਦਾ ਦੁਖੁ = ਕਸ਼ਟ ਵਿਸਰੈ = ਵਿਸਰ, ਨਵਿਰਤ ਹੋ ਜਾਂਦਾ ਹੈ ਤੇ ਸੋਈ = ਉਸ ਸੱਚ ਸਰੂਪ ਨੂੰ ਪਾਵੈ = ਪਾ ਲਈਦਾ ਹੈ ॥੧॥

*ਪ੍ਰਸ਼ਨ : ਹੇ ਸਤਿਗੁਰੂ ਜੀ ! ਅਜਿਹਾ ਸੇਵਕ ਕੌਣ ਹੈ ?*
*ਗੁਰ ਉੱਤਰ :*

**ਦਰਸਨੁ ਦੇਖਿ; ਭਈ ਮਤਿ ਪੂਰੀ ॥**
**ਅਠਸਠਿ ਮਜਨੁ; ਚਰਨਹ ਧੂਰੀ ॥੧॥ਰਹਾਉ॥**

ਜਿਨ੍ਹਾਂ ਸੇਵਕਾਂ ਨੂੰ ਗੁਰੂ ਸਾਹਿਬ ਜੀ ਦੇ ਦਰਸਨੁ = ਦੀਦਾਰ ਦੇਖਿ = ਵੇਖ ਕਰ ਕੇ ਪੂਰੀ = ਪੂਰਨ ਮਤਿ = ਬੁੱਧੀ ਭਈ = ਹੋਈ ਹੈ ਭਾਵ, ਆਤਮ ਵਿਸ਼ੈਣੀ ਬੁੱਧ ਪ੍ਰਾਪਤ ਹੋਈ ਹੈ। ਉਨ੍ਹਾਂ ਦੇ ਚਰਨਹ = ਚਰਣਾਂ ਕਮਲਾਂ ਦੀ ਧੂਰੀ = ਧੂੜੀ ਪ੍ਰਾਪਤ ਹੋਣ ਨਾਲ ਅਠਸਠਿ = ਅਠਾਹਠ ਤੀਰਥਾਂ ਦੇ ਪੁਰਬਾਂ ਦਾ ਮਜਨੁ = ਇਸ਼ਨਾਨ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ ॥੧॥ਰਹਾਉ॥

**ਨੇਤ੍ਰ ਸੰਤੋਖੇ; ਏਕ ਲਿਵ ਤਾਰਾ ॥ ਜਿਹਵਾ ਸੂਚੀ; ਹਰਿ ਰਸ ਸਾਰਾ ॥੨॥**

ਉਨ੍ਹਾਂ ਦੀ ਲਿਵ = ਬਿਰਤੀ ਏਕ = ਇਕ ਰਸ ਤਾਰਾ = ਤੇਲ ਧਾਰਾ ਵਤ ਖਿੰਡਣ ਤੋਂ ਰਹਿਤ ਲੱਗੀ ਹੋਈ ਹੈ ਅਤੇ ਨੇਤ੍ਰ = ਅੱਖਾਂ ਸੰਤੋਖੇ = ਅਨੰਦ ਦੇ ਸਹਿਤ ਹੋ ਗਈਆਂ ਹਨ, ਪ੍ਰਸੰਨ ਹੋ ਗਈਆਂ ਹਨ। ਹਰਿ = ਹਰੀ ਦੇ ਰਸ = ਅਨੰਦ ਨੂੰ ਸਾਰਾ = ਪੂਰਨ ਪ੍ਰਾਪਤ ਕਰ ਕੇ ਉਨ੍ਹਾਂ ਦੀ ਜਿਹਬਾ = ਰਸਨਾ ਸੂਚੀ = ਪਵਿੱਤਰ ਹੋ ਗਈ ਹੈ, ਭਾਵ ਜ਼ਬਾਨ ਨਾਲ ਮੁਖੋਂ ਸੱਚੇ ਬਚਨ ਹੀ ਬੋਲਦੇ ਹਨ ॥੨॥

**ਸਚੁ ਕਰਣੀ; ਅਭ ਅੰਤਰਿ ਸੇਵਾ ॥**
**ਮਨੁ ਤ੍ਰਿਪਤਾਸਿਆ; ਅਲਖ ਅਭੇਵਾ ॥੩॥**

ਉਨ੍ਹਾਂ ਦੀ ਸਚੁ = ਸੱਚੀ ਕਰਣੀ = ਭਗਤੀ ਹੈ, ਅਭ = ਹਿਰਦੇ ਦੇ ਅੰਤਰਿ = ਅੰਦਰ ਵੀ ਪ੍ਰਭੂ ਦਾ ਹੀ ਸੇਵਾ = ਸੇਵਨ ਕਰਦੇ ਹਨ। ਜੋ ਅਲਖ = ਲਖਣ ਤੋਂ ਰਹਿਤ ਹੈ, ਅਸ਼ੁਧ ਮਨ ਕਰਕੇ ਲਖਿਆ ਨਹੀਂ ਜਾਂਦਾ ਅਤੇ ਅਭੇਵਾ = ਭੇਤ ਤੋਂ ਰਹਿਤ ਹੈ, ਭਾਵ ਜਿਸ ਦਾ ਗੁਰਾਂ ਤੋਂ ਬਿਨਾਂ ਭੇਦ ਨਹੀਂ ਪਾਇਆ ਜਾਂਦਾ, ਉਸ ਦੀ ਪ੍ਰਾਪਤੀ ਕਰ ਕੇ ਮਨੁ = ਹਿਰਦਾ ਤ੍ਰਿਪਤਾਸਿਆ = ਅਤਿਅੰਤ ਰੱਜ ਗਿਆ ਹੈ ॥੩॥

**ਜਹ ਜਹ ਦੇਖਉ; ਤਹ ਤਹ ਸਾਚਾ ॥**
**ਬਿਨੁ ਬੂਝੇ; ਝਗਰਤ ਜਗੁ ਕਾਚਾ ॥੪॥**

ਉਨ੍ਹਾਂ ਦੀ ਤਾਂ ਦਿਬ ਦ੍ਰਿਸ਼ਟੀ ਜਾਗ ਪਈ ਹੈ, ਉਹ ਜਹ ਜਹ = ਜਿਥੇ ਜਿਥੇ ਵੀ ਦੇਖਉ = ਦੇਖਦੇ ਹਨ, ਤਹ ਤਹ = ਉਥੇ ਉਥੇ ਹੀ ਸਾਚਾ = ਸੱਚਾ ਵਾਹਿਗੁਰੂ ਹੀ ਵਿਆਪਕ ਦ੍ਰਿਸ਼ਟੀ ਵਿਚ ਆਉਂਦਾ ਹੈ। ਉਸ ਪਰਮੇਸ਼ਰ ਦੇ ਹੁਕਮ ਬੂਝੇ = ਬੁਝਣ ਤੋਂ ਬਿਨੁ = ਬਗ਼ੈਰ ਕਾਚਾ = ਅਗਿਆਨੀ ਜੀਵ ਜਗੁ = ਜਗਤ ਵਿਚ ਝਗਰਤ = ਝਗੜਿਆਂ ਦੇ ਵਿਚ ਹੀ ਪਏ ਰਹਿੰਦੇ ਹਨ ॥੪॥

**ਗੁਰੁ ਸਮਝਾਵੈ; ਸੋਝੀ ਹੋਈ ॥ ਗੁਰਮੁਖਿ; ਵਿਰਲਾ ਬੂਝੈ ਕੋਈ ॥੫॥**

ਜਿਨ੍ਹਾਂ ਨੂੰ ਗੁਰੁ = ਸਤਿਗੁਰੂ ਸਾਹਿਬ ਜੀ ਸਮਝਾਵੈ = ਸਮਝਾਉਂਦੇ ਹਨ, ਉਨ੍ਹਾਂ ਨੂੰ ਹੀ ਆਤਮ ਸਰੂਪ ਦੀ ਸੋਝੀ = ਗਿਆਤ ਪ੍ਰਾਪਤ ਹੋਈ = ਹੁੰਦੀ ਹੈ। ਸਤਿਗੁਰਾਂ ਦੁਆਰਾ ਗੁਰਮੁਖਿ ਬਣ ਕੇ ਕੋਈ = ਕੋਈ ਵਿਰਲਾ ਹੀ ਇਸ ਭੇਦ ਨੂੰ ਬੂਝੈ = ਬੁੱਝਦਾ ਹੈ ॥੫॥

## ਕਰਿ ਕਿਰਪਾ; ਰਾਖਹੁ ਰਖਵਾਲੇ ॥ ਬਿਨੁ ਬੂਝੇ; ਪਸੂ ਭਏ ਬੇਤਾਲੇ ॥੬॥

ਉਹ ਗੁਰਮੁਖ ਜਨ ਇਉਂ ਬੇਨਤੀ ਕਰਦੇ ਹਨ ਕਿ ਹੇ ਰਖਵਾਲੇ = ਰੱਖਿਆ ਕਰਨ ਵਾਲੇ ਪ੍ਰਭੂ ! ਤੁਸੀਂ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰ ਕੇ ਸਾਡੇ ਤਾਈਂ ਰਾਖਹੁ = ਰੱਖਣਾ ਕਰੋ। ਕਿਉਂਕਿ ਤੁਹਾਡੇ ਸਰੂਪ ਨੂੰ ਗੁਰਾਂ ਤੋਂ ਬੂਝੇ = ਸਮਝੇ ਤੋਂ ਬਿਨੁ = ਬਗ਼ੈਰ ਸਭ ਪਸੂ = ਪਸ਼ੂਆਂ ਅਤੇ ਬੇਤਾਲੇ = ਭੂਤਨਿਆਂ ਦੀ ਨਿਆਈਂ ਹੋ ਰਹੇ ਹਨ **ਵਾ:** ਉਹ (ਬੇ+ਤਾਲੇ) ਤਾਲੇ = ਸਰੂਪ ਦੀ ਵੀਚਾਰ ਤੋਂ ਬੇ = ਰਹਿਤ ਹੋ ਰਹੇ ਹਨ **ਵਾ:** ਬੇ = ਦ੍ਵੈਤ ਦੀ ਤਾਲ ਪੂਰਦੇ ਹਨ ॥੬॥

## ਗੁਰਿ ਕਹਿਆ; ਅਵਰੁ ਨਹੀ ਦੂਜਾ ॥
## ਕਿਸੁ ਕਹੁ ਦੇਖਿ; ਕਰਉ ਅਨ ਪੂਜਾ ॥੭॥

(**ਅਨ** ਦਾ ਉਚਾਰਣ ਧੋਲਾ ਹੈ)

ਹੇ ਸਿੱਧੋ ! ਗੁਰਿ = ਸਤਿਗੁਰੂ ਸਾਹਿਬ ਜੀ ਨੇ ਕਹਿਆ = ਕਹਿਣਾ ਕੀਤਾ ਹੈ, ਸਿੱਖਿਆ ਦਿੱਤੀ ਹੈ ਕਿ ਇਕ ਅਕਾਲ ਪੁਰਖ ਤੋਂ ਬਿਨਾਂ ਅਵਰੁ = ਹੋਰ ਕੋਈ ਦੂਜਾ = ਦੂਸਰਾ ਨਹੀਂ ਹੈ। ਫਿਰ ਕਿਸੁ = ਕਿਸ ਦੇ ਤਾਈਂ ਕਹੁ = ਕਹਿਣਾ ਕਰੀਏ ਕਿ ਫਲਾਨੇ ਦੇ ਤਾਈਂ ਦੇਖਣਾ ਕਰੋ ਤੇ ਅਨ = ਹੋਰ ਕਿਸ ਦੀ ਕੀ ਪੂਜਾ = ਅਰਚਨ ਕਰਉ = ਕਰਨਾ ਕਰੀਏ ॥੭॥

## ਸੰਤ ਹੇਤਿ; ਪ੍ਰਭਿ ਤ੍ਰਿਭਵਣ ਧਾਰੇ ॥
## ਆਤਮੁ ਚੀਨੈ; ਸੁ ਤਤੁ ਬੀਚਾਰੇ ॥੮॥

ਸੰਤ = ਸ਼ਾਂਤ ਆਤਮਾ ਮਹਾਂਪੁਰਖਾਂ ਦੇ ਹੇਤਿ = ਪ੍ਰੇਮ ਵਾਸਤੇ ਪ੍ਰਭਿ = ਵਾਹਿਗੁਰੂ ਨੇ ਤ੍ਰਿਭਵਣ = ਤਿੰਨੇ ਭਵਣ ਧਾਰੇ = ਰਚੇ ਹੋਏ ਹਨ **ਵਾ:** ਸੰਤ = ਮਹਾਂਪੁਰਖ ਉਸ ਵਾਹਿਗੁਰੂ ਵਿਚ ਹੇਤਿ = ਪ੍ਰੇਮ ਕਰਦੇ ਹਨ, ਜਿਸ ਵਾਹਿਗੁਰੂ ਨੇ ਤ੍ਰਿਭਵਣ = ਤਿੰਨ ਲੋਕ ਆਪਣੇ ਆਸਰੇ ਧਾਰੇ = ਧਾਰਨ ਕੀਤੇ ਹੋਏ ਹਨ **ਵਾ:** ਸੰਤ = ਮਹਾਤਮਾ ਜਨਾਂ ਦੁਆਰਾ ਉਸ ਵਾਹਿਗੁਰੂ ਵਿਚ ਹੇਤਿ = ਪ੍ਰੇਮ ਕਰ, ਜਿਸ ਪ੍ਰਭਿ = ਵਾਹਿਗੁਰੂ ਨੇ ਤ੍ਰਿਭਵਣ = ਤ੍ਰਿਲੋਕੀ ਵਿਚ ਅਵਤਾਰ ਧਾਰੇ = ਧਾਰਨ ਕੀਤੇ ਹਨ **ਵਾ:** ਪ੍ਰਭਿ = ਚੇਤਨ ਸਰੂਪ ਪਰਮੇਸ਼ਰ ਤ੍ਰਿਭਵਣ = ਤਿੰਨਾਂ ਭਵਨਾਂ ਨੂੰ ਧਾਰੇ = ਧਾਰਨ ਕਰ ਕੇ ਸੰਤਾਂ ਵਿਚ ਹੇਤਿ = ਹਿਤ ਕਰਦਾ ਹੈ, ਭਾਵ ਉਨ੍ਹਾਂ ਦੀ ਰੱਖਿਆ ਕਰਦਾ ਹੈ **ਵਾ:** ਜੋ ਸੰਤ ਮਹਾਤਮਾ ਹਨ, ਉਹ ਤ੍ਰਿਭਵਣ = ਤਿੰਨਾਂ ਭਵਣਾਂ ਦੇ ਧਾਰਨ ਵਾਲੇ ਪ੍ਰਭਿ = ਪਰਮੇਸ਼ਰ ਵਿਚ ਹੇਤਿ = ਪ੍ਰੇਮ ਕਰਦੇ ਹਨ।

ਜੋ ਆਤਮੁ = ਆਪਣੇ ਆਪ ਨੂੰ ਚੀਨੈ = ਜਾਣ ਲਵੇ, ਸੁ = ਉਹ ਤਤ = ਸਿਧਾਂਤ, ਸਰੂਪ ਦੀ ਬੀਚਾਰੇ = ਵੀਚਾਰ ਕਰ ਕੇ ਨਿਹਾਲ ਹੋ ਜਾਂਦੇ ਹਨ ॥੮॥

## ਸਾਚੁ ਰਿਦੈ; ਸਚੁ ਪ੍ਰੇਮ ਨਿਵਾਸ ॥
## ਪ੍ਰਣਵਤਿ ਨਾਨਕ; ਹਮ ਤਾ ਕੇ ਦਾਸ ॥੯॥੮॥

ਹੇ ਭਾਈ! ਜਿਨ੍ਹਾਂ ਦੇ ਰਿਦੈ = ਹਿਰਦੇ ਵਿਚ ਸਾਚੁ = ਸੱਚਾ ਪਰਮੇਸ਼ਰ ਹੈ ਅਤੇ ਸਰੀਰ, ਬਾਣੀ ਕਰ ਕੇ ਸਚੁ = ਸੱਚੇ ਦੇ ਪ੍ਰੇਮ = ਪਿਆਰ ਦਾ ਨਿਵਾਸ = ਵਾਸਾ ਹੈ। ਸਤਿਗੁਰੂ ਸਾਹਿਬ ਜੀ ਪ੍ਰਣਵਤਿ = ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਹਮ = ਅਸੀਂ ਸ਼ਰਧਾਵਾਨ ਹੋ ਕੇ ਤਾ = ਉਨ੍ਹਾਂ ਕੇ = ਦੇ ਦਾਸ = ਸੇਵਕ ਹਾਂ ॥੯॥੮॥

# ਗਉੜੀ, ਮਹਲਾ ੧ ॥

ਸਿੱਧਾਂ ਨੇ ਸਤਿਗੁਰਾਂ ਨੂੰ ਪ੍ਰਸ਼ਨ ਕੀਤਾ ਕਿ ਮਹਾਰਾਜ ਗਰਬ ਕੈਸਾ ਹੈ ? ਤਾਂ ਅੰਤਰਜਾਮੀ ਸਤਿਗੁਰੂ ਸਾਹਿਬ ਜੀ ਸਿੱਧਾਂ ਦੇ ਪ੍ਰਥਾਇ ਪਿਛਲਿਆਂ ਜੁਗਾਂ ਦਾ ਦ੍ਰਿਸ਼ਟਾਂਤ ਦੇ ਕੇ ਕਿ ਜਿਨ੍ਹਾਂ ਜਿਨ੍ਹਾਂ ਨੇ ਹੰਕਾਰ ਕੀਤਾ ਹੈ, ਉਨ੍ਹਾਂ ਨੂੰ ਨੀਵਾਂ ਹੀ ਦੇਖਣਾ ਪਿਆ ਹੈ। ਇਉਂ ਸਤਿਗੁਰੂ ਜੀ ਚੌਹਾਂ ਜੁਗਾਂ ਵਿਚ ਵਰਤੀਆਂ ਘਟਨਾਵਾਂ ਵਿੱਚੋਂ ਕੁਝ ਘਟਨਾਵਾਂ ਦੀ ਕਥਾ ਸੁਣਾਉਂਦੇ ਹਨ :

## ਬ੍ਰਹਮੈ ਗਰਬੁ ਕੀਆ; ਨਹੀ ਜਾਨਿਆ ॥

ਹੇ ਸਿੱਧੋ ! ਬ੍ਰਹਮੈ = ਬ੍ਰਹਮਾ ਜੀ ਨੇ ਗਰਬੁ = ਹੰਕਾਰ ਕੀਆ = ਕੀਤਾ ਤੇ ਆਪਣੇ ਉਤਪਤ ਕਰਤਾ ਪਰਮੇਸ਼ਰ ਨੂੰ ਜਾਨਿਆ = ਜਾਣਿਆ ਹੀ ਨਹੀਂ **ਵਾ:** ਬ੍ਰਹਮੇ ਨੇ ਗਰਬੁ = ਹੰਕਾਰ ਦੇ ਸਹਿਤ ਹੋ ਕਰ ਕੇ ਪ੍ਰਭੂ ਦੁਆਰਾ ਕੀਆ = ਕੀਤਾ ਹੋਇਆ ਕੁਝ ਜਾਣਿਆ ਹੀ ਨਹੀਂ।

## ਬੇਦ ਕੀ ਬਿਪਤਿ ਪੜੀ; ਪਛੁਤਾਨਿਆ ॥

(**ਪੜੀ** ਦਾ ਉਚਾਰਣ ਪੋਲਾ ਹੈ)

ਜਦੋਂ ਸੰਖਾਸੁਰ ਦੈਂਤ ਵੇਦ ਖੋਹ ਕੇ ਲੈ ਗਿਆ ਤਾਂ ਇਸ ਨੂੰ ਬੇਦ = ਵੇਦਾਂ ਕੀ = ਦੀ ਬਿਪਤਿ = ਮੁਸੀਬਤ ਪੜੀ = ਪੈ ਗਈ। ਵੇਦਾਂ ਬਿਨਾਂ ਇਸ ਕੋਲ ਕੋਈ ਗਿਆਨ ਨਹੀਂ ਸੀ, ਇਸ ਕਰਕੇ ਬਹੁਤ ਪਛਤਾਨਿਆ = ਪਸ਼ਚਾਤਾਪ ਕੀਤਾ।

## ਜਹ ਪ੍ਰਭ ਸਿਮਰੇ; ਤਹੀ ਮਨੁ ਮਾਨਿਆ ॥੧॥

ਫਿਰ ਜਹ = ਜਦੋਂ ਬ੍ਰਹਮਾ ਨੇ ਪ੍ਰਭ = ਅੰਤਰਜਾਮੀ ਪਰਮੇਸ਼ਰ ਨੂੰ ਸਿਮਰੇ = ਸਿਮਰਨਾ ਕੀਤਾ, ਯਾਦ ਕੀਤਾ ਤਾਂ ਪਰਮੇਸ਼ਰ ਨੇ ਵਿਸ਼ਨੂੰ ਨੂੰ ਆਗਿਆ ਕਰ ਕੇ ਮੱਛ ਅਵਤਾਰ ਦੁਆਰਾ ਸੰਖਾਸੁਰ ਦੈਂਤ ਦਾ ਨਾਸ ਕਰਾ ਕੇ ਇਸ ਨੂੰ ਵੇਦ ਧੁਨੀ ਵਾਲਾ ਸੰਖ ਵਾਪਸ ਲਿਆ ਕੇ ਦਿੱਤਾ। ਤਹੀ = ਉਸ ਵੇਲੇ ਇਸ ਦਾ ਮਨੁ = ਹਿਰਦਾ ਪਰਮੇਸ਼ਰ ਉਪਰ ਮਾਨਿਆ = ਮੰਨ ਗਿਆ, ਕਿ ਮੈਨੂੰ ਵੀ ਰਚਣ ਵਾਲਾ ਕੋਈ ਹੈ, ਮੈਂ ਸੁਤੰਤਰ ਨਹੀਂ ਹਾਂ, ਸ੍ਵਯੰ ਨਹੀਂ ਹਾਂ ॥੧॥

**ਸਾਖੀ—ਬ੍ਰਹਮਾ ਦੇ ਹੰਕਾਰ ਕਰਨ ਦੀ :** ਬ੍ਰਹਮਾ ਹੰਕਾਰ ਦੇ ਸਹਿਤ ਹੋ ਕਰ ਕੇ ਇਹ ਕਹਿੰਦਾ ਸੀ ਕਿ ਮੇਰੇ ਤੁਲ ਹੋਰ ਕੋਈ ਨਹੀਂ ਹੈ, ਮੈਂ ਹੀ ਵੇਦ ਦੀ ਮਰਯਾਦਾ ਅਨੁਸਾਰ ਸੰਸਾਰ ਨੂੰ ਚਲਾਉਂਦਾ ਹਾਂ। ਇਸ ਦੇ ਕੋਲ ਇਕ ਸੰਖ ਸੀ। ਜਿਸ ਵਿਚ ਇਹ ਵੇਦ ਦੀ ਧੁਨੀ ਉਚਾਰਨ ਕਰਿਆ ਕਰਦਾ ਸੀ। ਸਤਿਜੁਗ ਵਿਚ ਬ੍ਰਹਮਾ ਜੀ ਆਪਣੇ ਵੇਦਾਂ ਦੀ ਧੁਨੀ ਦਾ ਬੜਾ ਮਾਣ ਕਰਦੇ ਸਨ ਕਿ ਵੇਦਾਂ ਦੀ ਧੁਨੀ ਮੇਰੇ ਪਾਸ ਹੀ ਹੈ। ਉਸ ਵਖਤ ਇਸ ਦਾ ਹੰਕਾਰ ਤੋੜਨ ਲਈ ਇਕ ਸੰਖਾਸੁਰ ਨਾਮੀ ਦੈਂਤ ਨੂੰ ਪਰਮੇਸ਼ਰ ਨੇ ਪੈਦਾ ਕੀਤਾ। ਭਗਵਾਨ ਦੇ ਸੰਕਲਪ ਨਾਲ ਜਦ ਬ੍ਰਹਮਾ ਵੇਦ ਪੜ੍ਹਦਾ ਪੜ੍ਹਦਾ ਸੌਂ ਗਿਆ, ਤਾਂ ਸੰਖਾਸੁਰ ਦੈਂਤ ਨੇ ਇਸ ਦਾ ਸੰਖ ਖੋਹ ਕੇ ਆਪਣੇ ਪੇਟ ਵਿਚ ਪਾ ਲਿਆ। ਬ੍ਰਹਮਾ ਨੂੰ ਸਾਰੇ ਵੇਦ ਭੁੱਲ ਗਏ। ਉਸ ਸੰਖ ਦੀ ਧੁਨੀ ਵਿੱਚੋਂ ਹੀ ਇਸ ਨੂੰ ਵੇਦ ਦੀ ਧੁਨੀ ਪ੍ਰਗਟ ਹੋਇਆ ਕਰਦੀ ਸੀ। ਜਦੋਂ ਬ੍ਰਹਮਾ ਨੂੰ ਵੇਦ ਭੁੱਲ ਗਏ ਤਾਂ ਇਸ ਨੇ ਨਿਰਹੰਕਾਰ ਹੋ ਕਰ ਕੇ ਭਗਵਾਨ ਨੂੰ ਚੇਤੇ ਕੀਤਾ। ਤਾਂ ਉਸ ਵੇਲੇ ਅੰਤਰਜਾਮੀ ਵਾਹਿਗੁਰੂ ਦੀ ਆਗਿਆ ਦੁਆਰਾ ਵਿਸ਼ਨੂੰ ਨੇ ਮੱਛ ਅਵਤਾਰ ਧਾਰਨ ਕੀਤਾ। ਵਿਸ਼ਨੂੰ ਜੀ ਮੱਛ ਅਵਤਾਰ ਧਾਰਨ ਕਰ ਕੇ ਸੰਖਾਸੁਰ ਦੈਂਤ ਦੇ ਪਾਸ ਸਮੁੰਦਰ ਵਿਚ ਗਏ, ਉਥੇ ਬਹੁਤ ਭਾਰੀ ਜੰਗ ਹੋਇਆ। ਜੰਗ ਕਰਨ ਤੋਂ ਬਾਅਦ ਸੰਖਾਸੁਰ ਨੂੰ ਮਾਰ ਦਿੱਤਾ ਅਤੇ ਉਹ ਵੇਦ ਦੀ ਧੁਨੀ ਵਾਲਾ ਸੰਖ ਬ੍ਰਹਮੇ ਨੂੰ ਲਿਆ ਕੇ ਦਿੱਤਾ। ਸ੍ਰੀ ਕਲਗੀਧਰ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ

ਜੀ ਮਹਾਰਾਜ ਆਪਣੀ ਰਚਨਾ (ਸ੍ਰੀ ਦਸਮ ਗ੍ਰੰਥ ਸਾਹਿਬ ਜੀ) ਵਿਚ ਅਵਤਾਰਾਂ ਦੀ ਕਥਾ ਵਿਚ ਇਸ ਤਰ੍ਹਾਂ ਉਚਾਰਨ ਕਰਦੇ ਹਨ :

**ਸੰਖਾਸੁਰ ਮਾਰੇ ਬੇਦ ਉਧਾਰੇ ਸ਼ਤ੍ਰ ਸੰਘਾਰੇ ਜਸੁ ਲੀਨੋ ॥**
**ਦੇਵੇ ਸੁ ਬੁਲਾਯੋ ਰਾਜ ਬਿਠਾਯੋ ਛਤ੍ਰ ਫਿਰਾਯੋ ਸੁਖ ਦੀਨੋ ॥**
**ਕੋਟੰ ਬਜੇ ਬਾਜੇ ਸੁਰ ਸਭ ਗਾਜੇ ਸੁੰਭ ਘਰਿ ਸਾਜੇ ਸ਼ੋਕ ਹਰੇ ॥**
**ਦੈ ਕੋਟਕ ਦਛਨਾ ਕ੍ਰੋਰ ਪ੍ਰਦਛਨਾ ਆਨਿ ਸੁ ਮੱਛ ਕੇ ਪਾਇ ਪਰੇ ॥੫੪॥**

*(ਸ੍ਰੀ ਦਸਮ ਗ੍ਰੰਥ, ਪੰਨਾ ੧੫੯)*

## ਐਸਾ ਗਰਬੁ ਬੁਰਾ; ਸੰਸਾਰੈ ॥
## ਜਿਸੁ ਗੁਰੁ ਮਿਲੈ; ਤਿਸੁ ਗਰਬੁ ਨਿਵਾਰੈ ॥੧॥ਰਹਾਉ॥

ਹੇ ਸਿੱਧੋ ! ਐਸਾ = ਅਜਿਹਾ ਗਰਬੁ = ਹੰਕਾਰ ਕਰਨਾ, ਸੰਸਾਰੈ = ਜਗਤ ਵਿਚ ਬੁਰਾ = ਮੰਦਾ, ਖ਼ਰਾਬ ਹੈ। ਜਿਸ ਨੂੰ ਗੁਰੁ = ਸਤਿਗੁਰੂ ਸਾਹਿਬ ਜੀ ਮਿਲੈ = ਮਿਲ ਪੈਂਦੇ ਹਨ ਤਿਸੁ = ਉਸ ਦੇ ਗਰਬੁ = ਹੰਕਾਰ ਨੂੰ ਸਤਿਗੁਰੂ ਜੀ ਨੇ ਨਿਵਾਰੈ = ਨਵਿਰਤ ਕਰ ਦਿੱਤਾ ਹੈ ॥੧॥ਰਹਾਉ॥

## ਬਲਿ ਰਾਜਾ; ਮਾਇਆ ਅਹੰਕਾਰੀ ॥

ਬਲਿ ਰਾਜਾ = ਰਾਜਾ ਬਲ ਜੋ ਮਾਇਆ = ਬਿਭੂਤੀ ਆਦਿਕ ਧਨ ਪਦਾਰਥਾਂ ਕਰ ਕੇ ਬਹੁਤ ਅਹੰਕਾਰੀ = ਅਭਿਮਾਨ ਦੇ ਸਹਿਤ ਸੀ।

## ਜਗਨ ਕਰੈ; ਬਹੁ ਭਾਰ ਅਫਾਰੀ ॥ ਬਿਨੁ ਗੁਰ ਪੂਛੇ; ਜਾਇ ਪਇਆਰੀ ॥੨॥

(**ਜੱਗਨ** ਦਾ ਉਚਾਰਣ ਅੱਧਕ ਸਹਿਤ ਹੈ)

ਜਗਨ = ਜਗ ਆਦਿਕ ਕਰੈ = ਕਰਦਾ ਹੈ ਅਤੇ ਬਹੁ = ਬਹੁਤ ਸਾਰੀ ਭਾਰ = ਸਮੱਗਰੀ ਬ੍ਰਾਹਮਣਾਂ ਨੂੰ ਦੇ ਕਰ ਕੇ ਹੰਕਾਰ ਵਿਚ ਅਫਾਰੀ = ਆਫਰਿਆ ਹੋਇਆ ਸੀ।

ਆਪਣੇ ਗੁਰ = ਗੁਰੂ ਸ਼ੁਕ੍ਰਾ ਚਾਰਯ ਨੂੰ ਪੂਛੇ = ਪੁੱਛੇ ਤੋਂ ਬਿਨੁ = ਬਗ਼ੈਰ ਜੋ ਇਸ ਨੇ ਬਾਵਨ ਬ੍ਰਾਹਮਣ ਰੂਪੀ ਨੂੰ ਦਾਨ ਕੀਤਾ, ਉਸ ਕਰ ਕੇ ਪਇਆਰੀ = ਪਤਾਲ ਵਿਚ ਜਾਇ = ਜਾਣਾ ਪਿਆ ॥੨॥

**ਸਾਖੀ—ਰਾਜੇ ਬਲਿ ਦੀ :** ਸਤਿਜੁਗ ਦੇ ਭਗਤ ਪ੍ਰਹਿਲਾਦ ਜੀ ਦਾ ਪੋਤਾ ਅਤੇ ਵਿਰੋਚਨ ਦਾ ਪੁੱਤਰ ਜੋ ਵਿੰਧਯਾਵਲੀ ਦੇ ਉਦਰ ਤੋਂ ਪੈਦਾ ਹੋਇਆ ਸੀ। ਇਹ ਬਹੁਤ ਹੀ ਪ੍ਰਤਾਪੀ ਸੀ। ਇਸ ਦਾ ਨਾਮ ਬਲਿ ਰੱਖਿਆ। ਆਪਣੇ ਪ੍ਰਤਾਪ ਦੇ ਬਲ ਕਰ ਕੇ ਇਸ ਨੇ ਚਾਰੇ ਪਾਸੇ ਆਪਣਾ ਰਾਜ ਕਾਇਮ ਕਰ ਕੇ ਰੱਖਿਆ ਹੋਇਆ ਸੀ। ਜਿਸ ਕਾਰਨ ਇਹ ਬਹੁਤ ਹੰਕਾਰੀ ਹੋ ਗਿਆ ਸੀ। ਇਸ ਨੇ ਸੌ ਜੱਗ ਕੀਤੇ। ਜਦੋਂ ਇਸ ਦੇ ਮਨ ਵਿਚ ਇਹ ਇੱਛਾ ਹੋਈ ਕਿ ਸਵਰਗ ਦਾ ਰਾਜ ਵੀ ਪ੍ਰਾਪਤ ਕੀਤਾ ਜਾਵੇ ਤਾਂ ਇਸ ਨੇ ਇਕ ਸੌ ਇਕ ਜੱਗ ਕਰਨਾ ਆਰੰਭ ਕੀਤਾ। ਉਸ ਵਖਤ ਇੰਦ੍ਰ ਨੂੰ ਬਿਪਤਾ ਪੈ ਗਈ, ਤਾਂ ਉਸ ਨੇ ਪਰਮੇਸ਼ਰ ਨੂੰ ਚੇਤੇ ਕੀਤਾ ਕਿ ਮੈਨੂੰ ਬਚਾਉਣਾ ਕਰੋ। ਉਸ ਵੇਲੇ ਵਿਸ਼ਨੂੰ ਨੇ ਬਾਵਨ (ਬਵੰਜਾਂ ਉਂਗਲਾਂ ਵਾਲਾ) ਅਵਤਾਰ ਧਾਰਨ ਕੀਤਾ ਅਤੇ ਇਸ ਨੂੰ ਛਲਨ ਵਾਸਤੇ ਇਸ ਦੇ ਬੂਹੇ ਅੱਗੇ ਆਣ ਖੜ੍ਹਾ ਹੋਇਆ। ਇਸ ਦਾ ਗੁਰੂ ਸ਼ੁਕ੍ਰਾ ਚਾਰਯ ਜੋ ਦੈਂਤ ਸੀ, ਉਸ ਨੇ ਕਹਿਣਾ ਕੀਤਾ ਕਿ ਹੇ ਰਾਜਾ ਬਲਿ, ਇਹ ਵਿਸ਼ਨੂੰ ਨੇ ਤੈਨੂੰ ਠਗਣ ਲਈ ਅਵਤਾਰ ਧਾਰਨ ਕੀਤਾ ਹੈ। ਸ਼ੁਕ੍ਰਾ ਚਾਰਯ ਦੁਆਰਾ ਬਹੁਤ ਵਰਜਣ 'ਤੇ ਵੀ ਇਸ ਨੇ ਉਸ ਬਾਵਨ ਅਵਤਾਰ ਨੂੰ ਅੰਦਰ ਬੁਲਾ ਲਿਆ ਤੇ ਆਪਣੇ ਗੁਰੂ ਨੂੰ ਕਿਹਾ ਕਿ ਇਹ ਬ੍ਰਾਹਮਣ ਸਾਡੇ ਜਗ ਦਾ ਕੀ ਵਿਗਾੜ ਲਵੇਗਾ। ਇਸ ਪ੍ਰਕਾਰ ਬਲਿ ਰਾਜੇ ਨੇ ਉਸ ਬ੍ਰਾਹਮਣ ਨੂੰ ਬੈਠਣ ਲਈ

ਚੰਦਨ ਦਾ ਮੂੜਾ ਦੇ ਦਿੱਤਾ। ਬਾਵਨ ਨੇ ਵੇਦਾਂ ਦਾ ਪਾਠ ਸੁਣਾਉਣਾ ਸ਼ੁਰੂ ਕਰ ਦਿੱਤਾ। ਰਾਜਾ ਬਲਿ ਬਹੁਤ ਖ਼ੁਸ਼ ਹੋਇਆ, ਕਹਿਣ ਲੱਗਾ ਕਿ ਹੇ ਬ੍ਰਾਹਮਣ ਜੀ ਜੋ ਤੁਹਾਡੀ ਇੱਛਾ ਹੈ, ਉਹ ਮੰਗਣਾ ਕਰੋ। ਬ੍ਰਾਹਮਣ ਕਹਿਣ ਲੱਗਾ ਕਿ ਹੇ ਰਾਜਾ ਬਲਿ ਹੋਰ ਤਾਂ ਕੁਝ ਨਹੀਂ ਚਾਹੀਦਾ, ਮੈਨੂੰ ਢਾਈ ਕੁ ਕਰਮਾਂ ਦੀ ਧਰਤੀ ਦੀ ਲੋੜ ਹੈ। ਬਲਿ ਰਾਜਾ ਕਹਿਣ ਲੱਗਾ ਕਿ ਠੀਕ ਹੈ ਜੀ ਮਿਣ ਲਵੋ। ਧਰਤੀ ਨੂੰ ਮਿਣਨ ਵੇਲੇ ਬਾਵਨ ਅਵਤਾਰ ਨੇ ਆਪਣੇ ਸਰੀਰ ਦਾ ਅਕਾਰ ਵੱਡਾ ਕਰ ਲਿਆ ਤੇ ਤਿੰਨਾਂ ਲੋਕਾਂ ਦੀਆਂ ਦੋ ਕਰਮਾਂ ਕੀਤੀਆਂ। ਕਹਿਣ ਲੱਗਾ ਕਿ ਅਜੇ ਅੱਧੀ ਕਰਮ ਬਾਕੀ ਹੈ। ਤਾਂ ਬਲਿ ਰਾਜਾ ਕਹਿਣ ਲੱਗਾ ਕਿ ਹੁਣ ਤਾਂ ਮੇਰਾ ਸਰੀਰ ਹੀ ਹਾਜ਼ਰ ਹੈ, ਇਹ ਵੀ ਰਾਜ ਦਾ ਮਾਲਕ ਹੈ, ਆਪ ਇਸ ਨੂੰ ਹੀ ਮਿਣ ਲੈਣਾ ਕਰੋ, ਤਾਂ ਤੀਜੇ ਕਦਮ ਵਿਚ ਬਲਿ ਰਾਜੇ ਦਾ ਸਰੀਰ ਮਿਣ ਲਿਆ ਤੇ ਸੱਤਵੇਂ ਪਤਾਲ ਵਿਚ ਧੱਕ ਦਿੱਤਾ, ਇਸ ਦੀ ਭਗਤੀ ਭਾਵਨਾ ਦੇਖ ਕੇ ਇਸ ਨੂੰ ਪਤਾਲ ਦਾ ਰਾਜ ਭਾਗ ਥਾਪ ਦਿੱਤਾ ਤੇ ਉਸ ਦੀ ਬੇਨਤੀ ਅਨੁਸਾਰ, ਉਸ ਦਾ ਦੁਆਰਪਾਲ ਹੋ ਕੇ ਰਹਿਣਾ ਅੰਗੀਕਾਰ ਕੀਤਾ।

ਸੋ ਇਸ ਪ੍ਰਕਾਰ ਰਾਜੇ ਬਲਿ ਨੇ ਹੰਕਾਰ ਦੇ ਸਹਿਤ ਆਪਣੇ ਗੁਰੂ ਦੇ ਆਖੇ ਲੱਗੇ ਤੋਂ ਬਗ਼ੈਰ, ਸਵਰਗ ਦਾ ਰਾਜ ਲੈਂਦੇ ਹੋਏ ਨੂੰ ਸੱਤਵੇਂ ਪਤਾਲ ਵਿਚ ਜਾਣਾ ਪਿਆ। ਜਿਸ ਦਾ ਸਾਰਾ ਪ੍ਰਸੰਗ ਭਾਈ ਗੁਰਦਾਸ ਜੀ ਆਪਣੀ ਰਚਨਾ "ਚਾਲੀ ਵਾਰਾਂ" ਵਿਚ ਇਸ ਪ੍ਰਕਾਰ ਵਰਣਨ ਕਰਦੇ ਹਨ:

**ਬਲਿ ਰਾਜਾ ਘਰਿ ਆਪਣੇ ਅੰਦਰਿ ਬੈਠਾ ਜਗੁ ਕਰਾਵੈ ॥**
**ਬਾਵਨ ਰੂਪੀ ਆਇਆ ਚਾਰਿ ਵੇਦ ਮੁਖਿ ਪਾਠ ਸੁਣਾਵੈ ॥**
**ਰਾਜੇ ਅੰਦਰਿ ਸਦਿਆ ਮੰਗ ਸੁਆਮੀ ਜੋ ਤੁਧੁ ਭਾਵੈ ॥**
**ਅਛਲੁ ਛਲਣਿ ਤੁਧੁ ਆਇਆ ਸੁਕ੍ਰ ਪੁਰੋਹਿਤੁ ਕਹਿ ਸਮਝਾਵੈ ॥**
**ਕਰਉ ਅਢਾਈ ਧਰਤਿ ਮੰਗਿ ਪਿਛਹੁ ਦੇ ਤ੍ਰਿਹੁ ਲੋਅ ਨ ਮਾਵੈ ॥**
**ਦੁਇ ਕਰਵਾਂ ਕਰਿ ਤਿੰਨ ਲੋਅ ਬਲਿ ਰਾਜਾ ਲੈ ਮਗਰੁ ਮਿਣਾਵੈ ॥**
**ਬਲਿ ਛਲਿ ਆਪੁ ਛਲਾਇਅਨੁ ਹੋਇ ਦਇਆਲੁ ਮਿਲੈ ਗਲਿ ਲਾਵੈ ॥**
**ਦਿਤਾ ਰਾਜੁ ਪਤਾਲ ਦਾ ਹੋਇ ਅਧੀਨੁ ਭਗਤਿ ਜਸੁ ਗਾਵੈ ॥**
**ਹੋਇ ਦਰਵਾਨ ਮਹਾਂ ਸੁਖ ਪਾਵੈ ॥੩॥** *(ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੩)*

## ਹਰੀਚੰਦੁ ਦਾਨੁ ਕਰੈ; ਜਸੁ ਲੇਵੈ ॥

ਰਾਜਾ ਹਰੀਚੰਦ ਇਕ ਭਾਰ ਸੋਨੇ ਦਾ ਦਾਨ ਕਰੇ = ਕਰਦਾ ਸੀ ਅਤੇ ਬਹੁਤ ਸਾਰਾ ਜਸੁ = ਵਡਿਆਈ ਲੇਵੈ = ਲਿਆ ਕਰਦਾ ਸੀ। ੩੨੯੦ ਤੋਲੇ ਦਾ ਇਕ ਭਾਰ ਮੰਨਿਆ ਹੈ, ਭਾਵ ਇਤਨਾ ਸੋਨਾ ਹਰ ਰੋਜ਼ ਦਾਨ ਕਰਦਾ ਸੀ।

## ਬਿਨੁ ਗੁਰ, ਅੰਤੁ ਨ ਪਾਇ; ਅਭੇਵੈ ॥

ਆਪਣੇ ਗੁਰ = ਗੁਰੂ ਵਿਸ਼ਿਸ਼ਟ ਮੁਨੀ ਤੋਂ ਪੁੱਛੇ ਤੋਂ ਬਿਨੁ = ਬਗ਼ੈਰ ਹੀ ਇਹ ਵਿਸ਼ਵਾਮਿੱਤ੍ਰ ਦੇ ਸੂਰ ਬਣ ਕੇ ਪਿੱਛੇ ਸ਼ਿਕਾਰ ਲਈ ਚਲਿਆ ਗਿਆ ਅਰ ਅੰਤ ਨੂੰ ਅਭੇਵੈ = ਭੇਦ ਰਹਿਤ ਪਰਮੇਸ਼ਰ ਦੀ ਕੁਦਰਤ ਦਾ ਅੰਤੁ = ਓੜਕ ਨ = ਨਹੀਂ ਪਾਇ = ਪਾ ਸਕਿਆ।

## ਆਪਿ ਭੁਲਾਇ; ਆਪੇ ਮਤਿ ਦੇਵੈ ॥੩॥

ਹੇ ਭਾਈ! ਉਸ ਪਰਮੇਸ਼ਰ ਨੇ ਆਪਿ = ਆਪ ਹੀ ਜੀਵਾਂ ਨੂੰ ਭੁਲਾਇ = ਭੁਲਾਉਣਾ ਕੀਤਾ ਹੈ ਅਤੇ ਆਪੇ = ਆਪ ਹੀ ਮਤਿ = ਸਿੱਖਿਆ ਦੇਵੈ = ਦੇਣਾ ਕਰਦਾ ਹੈ ॥੩॥

**ਸਾਖੀ—ਰਾਜੇ ਹਰੀਚੰਦ ਦੀ:** ਰਾਜਾ ਹਰੀਚੰਦ ਜਿਸ ਨੂੰ ਹਰੀਸ਼ਚੰਦਰ ਨਾਮ ਨਾਲ ਵੀ ਜਾਣਿਆ

ਜਾਂਦਾ ਹੈ। ਇਹ ਸੂਰਜਵੰਸ਼ ਦਾ ਅਠਾਈਵਾਂ ਰਾਜਾ ਹੋਇਆ, ਇਸ ਦੇ ਪਿਤਾ ਦਾ ਨਾਮ ਰਾਜਾ ਤ੍ਰਿਸ਼ੰਕੂ ਸੀ। ਇਹ ਆਪਣੀ ਰਹਿਮਦਿਲੀ ਅਤੇ ਨਿਆਂ ਲਈ ਮਸ਼ਹੂਰ ਸੀ। ਇਕ ਦਿਨ ਇਸ ਦਾ ਪਿਤਾ ਰਾਜਾ ਤ੍ਰਿਸ਼ੰਕੂ ਵਿਸ਼ਿਸ਼ਟ ਮੁਨੀ ਜੀ ਨੂੰ ਜਾ ਕੇ ਕਹਿਣ ਲੱਗਾ ਕਿ ਹੇ ਮੁਨੀ ਜੀ, ਮੈਨੂੰ ਸਣਦੇਹਾ ਸਵਰਗ ਵਿਚ ਪਹੁੰਚਾ ਦਿਓ। ਵਿਸ਼ਿਸ਼ਟ ਮੁਨੀ ਅੱਗੋਂ ਕਹਿਣ ਲੱਗਾ ਕਿ ਹੇ ਰਾਜਨ ! ਤੂੰ ਯੱਗ ਆਦਿਕ ਸ਼ੁਭ ਕਰਮ ਕਰ, ਫਿਰ ਸਰੀਰ ਛੱਡ ਕੇ ਸਵਰਗ ਵਿਚ ਜਾ ਕੇ ਰਹੇਂਗਾ। ਪਰ ਇਹ ਕਹਿੰਦਾ ਕਿ ਮੈਂ ਤਾਂ ਸਣਦੇਹੀ ਹੀ ਸਵਰਗ ਵਿਚ ਜਾਵਾਂਗਾ। ਚੰਗਾ ਵਿਸ਼ਿਸ਼ਟ ਮੁਨੀ ਜੀ ! ਮੈਂ ਆਪ ਜੀ ਨੂੰ ਗੁਰੂ ਨਹੀਂ ਧਾਰਦਾ। ਉਥੇ ਆਣ ਕੇ ਇਹ ਵਿਸ਼ਵਾਮਿਤ੍ਰ ਜੀ ਦਾ ਚੇਲਾ ਬਣਿਆ। ਵਿਸ਼ਵਾਮਿੱਤ੍ਰ ਨੇ ਰਾਜੇ ਤ੍ਰਿਸ਼ੰਕੂ ਨੂੰ ਕਿਹਾ ਕਿ ਮੈਂ ਤੈਨੂੰ ਸਣਦੇਹੀ ਸਵਰਗ ਵਿਚ ਪਹੁੰਚਾਵਾਂਗਾ। ਜਦੋਂ ਵਿਸ਼ਵਾਮਿੱਤ੍ਰ ਰਾਜੇ ਤ੍ਰਿਸ਼ੰਕੂ ਨੂੰ ਸਣਦੇਹੀ ਸਵਰਗ ਵਿਚ ਪਹੁੰਚਾਉਣ ਲੱਗਾ ਤਾਂ ਦੇਵਤਿਆਂ ਨੇ ਗੁਰੂ (ਵਿਸ਼ਿਸ਼ਟ ਮੁਨੀ) ਤੋਂ ਬੇਮੁਖ ਹੋਇਆ ਜਾਣ ਕੇ, ਸਵਰਗ ਵਿਚ ਥਾਂ ਨਾ ਦਿੱਤਾ। ਦੇਵਤੇ, ਰਾਜੇ ਨੂੰ ਥੱਲੇ ਨੂੰ ਸੁੱਟਣ ਤੇ ਵਿਸ਼ਵਾਮਿੱਤ੍ਰ ਮੰਤ੍ਰਾਂ ਦੇ ਬਲ ਨਾਲ ਰਾਜੇ ਨੂੰ ਉਪਰ ਵੱਲ ਨੂੰ ਚੜ੍ਹਾਵੇ। ਉਸ ਵੇਲੇ ਤ੍ਰਿਸ਼ੰਕੂ ਰਾਜਾ ਵਿਚਾਲੇ ਹੀ ਰਹਿ ਗਿਆ। (ਉਥੋਂ ਕਰਮਨਾਸਕਾ ਨਦੀ ਨਿਕਲਦੀ ਹੈ ਜਿਸ ਨੂੰ ਨੌਂਵੇਂ ਪਾਤਿਸ਼ਾਹ ਜੀ ਨੇ ਚਰਨ ਪਾ ਕੇ ਜੀਵਾਂ ਦੇ ਭੈੜੇ ਕਰਮਾਂ ਦਾ ਨਾਸ਼ ਕੀਤਾ ਸੀ) ਆਪਣੇ ਪਿਤਾ ਦੀ ਹਾਲਤ ਬਾਰੇ ਸੁਣ ਕਰ ਕੇ ਰਾਜਾ ਹਰੀਚੰਦ ਵਿਸ਼ਿਸ਼ਟ ਮੁਨੀ ਦੇ ਪੈਰੀਂ ਪੈ ਗਿਆ। ਇਹ ਗੱਲ ਜਾਣ ਕਰ ਕੇ ਵਿਸ਼ਵਾਮਿੱਤ੍ਰ ਇਸ ਨਾਲ ਬਹੁਤ ਗ਼ੁੱਸੇ ਹੋ ਗਿਆ ਕਿ ਮੈਂ ਇਸ ਦੇ ਪਿਓ ਨੂੰ ਸਣਦੇਹੀ ਸਵਰਗ ਵਿਚ ਪਹੁੰਚਾਵਾਂ ਤੇ ਇਹ ਮੇਰੀ ਸੇਵਕੀ ਛੱਡ ਕੇ ਮੇਰੇ ਦੁਸ਼ਮਣ ਵਿਸ਼ਿਸ਼ਟ ਮੁਨੀ ਦਾ ਚੇਲਾ ਬਣ ਗਿਆ ਹੈ। ਇਸ ਈਰਖਾ ਦੇ ਕਰ ਕੇ ਰਾਜੇ ਹਰੀਚੰਦ ਨੂੰ ਸਬਕ ਸਿਖਾਉਣ ਲਈ ਇਸ ਨੇ ਸੂਰ ਦਾ ਰੂਪ ਧਾਰਨ ਕਰ ਕੇ ਰਾਜੇ ਦਾ ਬਾਗ਼ ਪੁੱਟ ਦਿੱਤਾ। ਮਾਲੀ ਨੇ ਰਾਜੇ ਨੂੰ ਆਣ ਕੇ ਕਿਹਾ ਕਿ ਮਹਾਰਾਜ ਇਹ ਬਹੁਤ ਭਾਰੀ ਸੂਰ ਆਇਆ ਹੈ, ਜਿਸ ਨੇ ਸਾਰਾ ਬਾਗ਼ ਹੀ ਉਜਾੜ ਦਿੱਤਾ ਹੈ। ਰਾਜੇ ਨੇ ਅਜੇ ਕੋਈ ਪੁੰਨ ਦਾਨ ਨਹੀਂ ਸੀ ਕੀਤਾ। ਉਸ ਨੇ ਸੋਚਿਆ ਕਿ ਪਹਿਲਾਂ ਸੂਰ ਦਾ ਸ਼ਿਕਾਰ ਕਰ ਲਈਏ, ਫਿਰ ਹੀ ਕੋਈ ਪੁੰਨ ਦਾਨ ਕਰਾਂਗੇ। ਸੋ ਰਾਜਾ ਘੋੜੇ ਉਪਰ ਚੜ੍ਹ ਕੇ ਸੂਰ ਦਾ ਸ਼ਿਕਾਰ ਕਰਨ ਲਈ ਉਸ ਦੇ ਮਗਰ ਗਿਆ। ਸੂਰ ਜੰਗਲ ਵੱਲ ਭੱਜ ਗਿਆ, ਬਹੁਤ ਦੂਰ ਉਜਾੜ ਵਿਚ ਜਾ ਕੇ ਸੂਰ ਅਲੋਪ ਹੋ ਗਿਆ ਤੇ ਵਿਸ਼ਵਾਮਿੱਤ੍ਰ ਇਕ ਬ੍ਰਾਹਮਣ ਦਾ ਰੂਪ ਧਾਰ ਕੇ ਖੂਹੀ ਉੱਪਰ ਬੈਠ ਗਿਆ। ਰਾਜੇ ਨੂੰ ਬਹੁਤ ਪਿਆਸ ਲੱਗੀ ਹੋਈ ਸੀ, ਬੁੱਲ੍ਹ ਸੁੱਕਦੇ ਜਾਂਦੇ ਸਨ, ਮਾਸ਼ਕੀ ਕੋਈ ਨਹੀਂ ਸੀ ਤੇ ਦਾਨ ਅਜੇ ਕੀਤਾ ਨਹੀਂ ਸੀ। ਇਹ ਬ੍ਰਾਹਮਣ ਬਣਿਆ ਬੈਠਾ ਵਿਸ਼ਵਾਮਿੱਤ੍ਰ ਰਾਜੇ ਨੂੰ ਕਹਿਣ ਲੱਗਾ ਕਿ ਹੇ ਰਾਜਨ ਤੂੰ ਬਹੁਤ ਉਦਾਸ ਲੱਗਦਾ ਹੈਂ। ਰਾਜੇ ਨੇ ਕਿਹਾ ਕਿ ਮੈਨੂੰ ਬਹੁਤ ਪਿਆਸ ਲੱਗੀ ਹੈ, ਪਰ ਮੈਂ ਦਾਨ ਕਰਨ ਤੋਂ ਪਹਿਲਾਂ ਕੋਈ ਅੰਨ ਜਲ ਛਕਣਾ ਨਹੀਂ ਹੈ, ਤਾਂ ਇਹ ਕਹਿਣ ਲੱਗਾ ਕਿ ਹੇ ਰਾਜਨ ਤੂੰ ਇਥੇ ਮੈਨੂੰ ਦਾਨ ਕਰਨ ਲਈ ਸੰਕਲਪ ਕਰ ਦੇ। ਸੰਕਲਪ ਕੀਤਾ ਤੇ ਦਾਨ ਕਰਿਆ ਇੱਕੋ ਜਿਹਾ ਹੁੰਦਾ ਹੈ। ਰਾਜੇ ਨੇ ਦਾਨ ਕਰਨ ਦਾ ਸੰਕਲਪ ਕਰਕੇ ਪਾਣੀ ਪੀ ਲਿਆ ਤਾਂ ਵਿਸ਼ਵਾਮਿੱਤ੍ਰ ਨੇ ਸਰਾਪ ਨਾਲ ਇਸ ਦੀ ਸਾਰੀ ਸਮੱਗਰੀ ਨਾਸ਼ ਕਰ ਦਿੱਤੀ, ਜਿਸ ਕਰਕੇ ਇੱਕੀ ਭਾਰ ਦਾਨ ਨਾ ਹੋ ਸਕਿਆ, ਤਾਂ ਇਸ ਨੇ ਰਾਜੇ ਨੂੰ, ਰਾਣੀ ਨੂੰ ਤੇ ਇਸ ਦੇ ਪੁੱਤਰ ਨੂੰ ਤਿੰਨ ਭਾਰ ਦੇ ਬਦਲੇ ਲੈ ਲਿਆ ਤੇ ਰਾਜ ਭਾਗ ਵਿੱਚੋਂ ਕੱਢ ਦਿੱਤਾ ਤੇ ਰਾਜੇ ਨੂੰ ਕਿਹਾ ਕਿ ਤੂੰ ਆਪਣਾ ਦਾਨ ਦੇਣ ਦਾ ਪ੍ਰਣ ਪੂਰਾ ਕਰ। ਰਾਜੇ ਨੇ ਆਪਣੇ ਦਿਲ 'ਤੇ ਪੱਥਰ ਰੱਖ ਕੇ ਆਪਣੀ ਇਸਤਰੀ ਤੇ ਪੁੱਤਰ ਨੂੰ ਵੇਚਿਆ ਤੇ ਆਪ ਕਾਂਸ਼ੀ ਦੀ ਮੰਡੀ ਵਿਚ ਇਕ ਚੰਡਾਲ ਕੋਲ ਵਿਕਿਆ। ਜਿਥੇ ਇਹ ਸ਼ਮਸ਼ਾਨ ਭੂਮੀ ਵਿਚ ਮੁਰਦਿਆਂ ਨੂੰ ਸਾੜਦਾ ਸੀ ਤੇ ਚੰਡਾਲ ਵੱਲੋਂ ਹੁਕਮ ਸੀ ਕਿ ਸਵਾ ਰੁਪਈਆ ਲੈ ਕੇ ਫਿਰ ਕਿਸੇ ਨੂੰ ਸਸਕਾਰ ਕਰਨ ਦੇਣਾ।

ਸੋ ਇਸ ਪ੍ਰਕਾਰ ਇਨ੍ਹਾਂ ਨੂੰ ਇਕ ਵਰ੍ਹਾ ਗੁਜ਼ਰ ਗਿਆ, ਉਧਰ ਇਕ ਦਿਨ ਰਾਣੀ ਆਪਣੇ ਪੁੱਤਰ ਸਮੇਤ ਤੁਰੀ ਆਉਂਦੀ ਸੀ, ਉਸ ਦੇ ਪੁੱਤਰ ਦੇ ਸੱਪ ਲੜ ਗਿਆ ਤੇ ਉਸ ਦੀ ਮੌਤ ਹੋ ਗਈ ਤੇ ਇਹ ਵਿਰਲਾਪ

ਕਰਦੀ ਹੋਈ ਪੁੱਤਰ ਦਾ ਸਸਕਾਰ ਕਰਨ ਲਈ ਸ਼ਮਸ਼ਾਨ ਭੂਮੀ ਕੋਲ ਆਈ। ਇਨ੍ਹਾਂ ਦੋਨਾਂ ਨੇ ਇਕ ਦੂਸਰੇ ਨੂੰ ਪਛਾਣ ਲਿਆ ਤੇ ਚਾਹਿਆ ਕਿ ਆਪਣੇ ਪੁੱਤਰ ਦੀ ਚਿਖ਼ਾ 'ਤੇ ਸੜ ਮਰੀਏ, ਰਾਜਾ ਕਹਿਣ ਲੱਗਾ ਕਿ ਮੇਰੇ ਮਾਲਕ ਦਾ ਹੁਕਮ ਹੈ ਕਿ ਸਵਾ ਰੁਪਈਆ ਲੈ ਕੇ ਫਿਰ ਕਿਸੇ ਨੂੰ ਸਸਕਾਰ ਕਰਨ ਦੇਣਾ। ਮੈਂ ਆਪਣੇ ਮਾਲਕ ਦੇ ਹੁਕਮ ਦੀ ਉਲੰਘਨਾ ਨਹੀਂ ਕਰ ਸਕਦਾ, ਆਪਣੇ ਪੁੱਤਰ ਦਾ ਸਸਕਾਰ ਨਹੀਂ ਕਰ ਸਕਦਾ। ਰਾਣੀ ਵਿਰਲਾਪ ਕਰਦੀ ਹੋਈ ਸ਼ਮਸ਼ਾਨਘਾਟ ਦੇ ਬਾਹਰ ਆਪਣੇ ਪੁੱਤਰ ਦੀ ਲਾਸ਼ ਲੈ ਕੇ ਬੈਠ ਗਈ। ਰੋਂਦੀ ਰੋਂਦੀ ਬੇਹੋਸ਼ ਹੋ ਗਈ। ਉਧਰੋਂ ਕੁਝ ਚੋਰ ਜੋ ਰਾਜੇ ਦੇ ਮਹਿਲਾਂ ਵਿੱਚੋਂ ਚੋਰੀ ਕਰ ਕੇ ਆ ਰਹੇ ਸਨ, ਉਨ੍ਹਾਂ ਨੇ ਸੁੱਖਣਾ ਸੁਖੀ ਹੋਈ ਸੀ, ਉਹ ਰਾਣੀ ਨੂੰ ਕੋਈ ਸੰਤਣੀ ਜਾਣ ਕੇ ਉਸ ਦੇ ਗਲ ਵਿਚ ਇਕ ਹੀਰਿਆਂ ਦਾ ਹਾਰ ਪਾ ਕੇ ਆਪ ਭੱਜ ਗਏ। ਉਧਰੋਂ ਰਾਜੇ ਦੇ ਸਿਪਾਹੀ ਵੀ ਆ ਗਏ, ਉਨ੍ਹਾਂ ਨੇ ਰਾਣੀ ਨੂੰ ਚੋਰਾਂ ਦੇ ਨਾਲ ਰਲੇ ਹੋਣਾ ਜਾਣ ਕਰ ਕੇ ਫੜ ਕੇ ਰਾਜੇ ਦੇ ਦਰਬਾਰ ਵਿਚ ਪੇਸ਼ ਕਰ ਦਿੱਤਾ। ਤਾਂ ਰਾਜੇ ਨੇ ਉਸ ਨੂੰ ਕਤਲ ਕਰਨ ਦਾ ਹੁਕਮ ਦੇ ਦਿੱਤਾ, ਸਿਪਾਹੀ ਰਾਣੀ ਨੂੰ ਫੜ ਕੇ ਸ਼ਮਸ਼ਾਨਘਾਟ ਲੈ ਆਏ ਤੇ ਚੰਡਾਲ ਨੇ ਹਰੀਚੰਦ ਨੂੰ ਹੁਕਮ ਦਿੱਤਾ ਕਿ ਇਸ ਨੂੰ ਕਤਲ ਕਰ ਦੇਵੋ, ਤਾਂ ਰਾਜੇ ਨੇ ਆਪਣੀ ਰਾਣੀ ਨੂੰ ਜਾਣਦਿਆਂ ਹੋਇਆਂ ਵੀ ਆਪਣੇ ਮਾਲਕ ਦਾ ਹੁਕਮ ਮੰਨ ਕੇ, ਉਸ ਨੂੰ ਮਾਰਨ ਲਈ ਜਦੋਂ ਕਿਰਪਾਨ ਕੱਢੀ, ਤਾਂ ਉਸ ਵੇਲੇ ਭਗਵਾਨ ਨੇ ਪ੍ਰਗਟ ਹੋ ਕੇ ਹੱਥ ਫੜ ਲਿਆ, ਕਹਿੰਦੇ ਹੇ ਰਾਜਨ! ਤੇਰਾ ਸਤ (ਦਾਨ) ਪੂਰਾ ਹੋ ਗਿਆ। ਭਗਵਾਨ ਨੇ ਸਾਰਾ ਰਾਜ ਭਾਗ ਵੀ ਦੇ ਦਿੱਤਾ ਤੇ ਕਿਹਾ ਕਿ ਹੇ ਰਾਜਨ ਮੰਗ! ਜੋ ਕੁਝ ਮੰਗਣਾ ਹੈ, ਰਾਜਾ ਰਹਿਣ ਲੱਗਾ ਕਿ ਹੇ ਭਗਵਾਨ ਜੀ ਜੇਕਰ ਆਪ ਬਹੁਤ ਹੀ ਪ੍ਰਸੰਨ ਹੋਏ ਹੋ ਤਾਂ ਮੇਰੀ ਸਾਰੀ ਨਗਰੀ ਹੀ ਸਵਰਗ ਨੂੰ ਜਾਵੇ, ਐਸਾ ਵਰਦਾਨ ਬਖ਼ਸ਼ਿਸ਼ ਕਰੋ। ਭਗਵਾਨ ਨੇ ਖ਼ੁਸ਼ ਹੋ ਕੇ ਕਿਹਾ ਕਿ 'ਤਥਾਸਥੂ' ਏਸੇ ਪ੍ਰਕਾਰ ਹੀ ਹੋਵੇਗਾ। ਜਦੋਂ ਸਵਰਗ ਨੂੰ ਜਾਣ ਲਈ ਬਿਬਾਣ ਚੜ੍ਹਾਅ ਲਏ, ਅਜੇ ਥੋੜਾ ਹੀ ਉਪਰ ਗਏ ਕਿ ਗਧਾ ਹੀਂਗ ਪਿਆ। ਹਰੀ ਚੰਦ ਨੂੰ ਹੰਕਾਰ ਹੋ ਗਿਆ ਤੇ ਸੋਚਦਾ ਹੈ ਕਿ ਹੇ ਹਰੀਚੰਦਾ ਤੇਰੇ ਜਿੰਨਾ ਦਾਨੀ ਕੌਣ ਹੈ, ਜਿਸ ਦੇ ਗਧੇ ਵੀ ਸਵਰਗ ਨੂੰ ਚੱਲੇ ਹਨ, ਉਸ ਹੰਕਾਰ ਕਰਕੇ ਇਸ ਦੀ ਪੁਰੀ ਉਥੇ ਹੀ ਰੁਕ ਗਈ, ਕਈ ਇਸ ਤਰ੍ਹਾਂ ਵੀ ਕਹਿੰਦੇ ਹਨ ਕਿ ਹਰੀਚੰਦ ਸਵਰਗ ਵਿਚ ਆਪਣੀ ਨਗਰੀ ਸਮੇਤ ਚਲਿਆ ਗਿਆ ਸੀ, ਪਰ ਨਾਰਦ ਮੁਨੀ ਨੇ ਫ਼ਰੇਬ ਨਾਲ ਇਸ ਦੇ ਮੂੰਹੋਂ ਇਸ ਦੀ ਉਸਤਤੀ ਕਰਾਈ, ਜਿਸ ਕਰ ਕੇ ਇਸ ਦੇ ਪੁੰਨ ਨਾਸ ਹੋਣ ਤੋਂ ਇਸ ਨੂੰ ਸਵਰਗ ਵਿੱਚੋਂ ਕੱਢ ਦਿੱਤਾ ਗਿਆ। ਜਦ ਇਹ ਸਵਰਗੋਂ ਡਿੱਗ ਰਿਹਾ ਸੀ ਤਾਂ ਇਸ ਨੇ ਈਸ਼ਵਰ ਤੋਂ ਆਪਣੀ ਭੁੱਲ ਬਖ਼ਸ਼ਾਈ ਤਾਂ ਬਖ਼ਸ਼ਿਆ ਗਿਆ ਅਤੇ ਹੇਠਾਂ ਨੂੰ ਆਉਂਦਾ ਹੋਇਆ ਉਥੇ ਹੀ ਰੁਕ ਗਿਆ, ਸੋ ਗੁਰੂ ਜੀ ਦੱਸਦੇ ਹਨ:

## ਦੁਰਮਤਿ ਹਰਣਾਖਸੁ; ਦੁਰਾਚਾਰੀ ॥ ਪ੍ਰਭੁ ਨਾਰਾਇਣੁ; ਗਰਬ ਪ੍ਰਹਾਰੀ ॥

ਦੁਰਮਤਿ = ਖੋਟੀ ਮੱਤ ਵਾਲਾ ਰਾਜਾ ਹਰਣਾਖਸ਼ ਜੋ ਭਗਤ ਪ੍ਰਹਿਲਾਦ ਦਾ ਪਿਤਾ ਸੀ, ਇਹ ਵੀ ਬਹੁਤ ਦੁਰਾਚਾਰੀ = ਖੋਟੇ ਆਚਰਣ ਵਾਲਾ ਸੀ। ਇਹ ਸਭ ਨੂੰ ਜਲੇ ਹਰਣਾਖਸ਼, ਥਲੇ ਹਰਣਾਖਸ਼ ਆਪਣੇ ਨਾਮ ਦਾ ਹੀ ਜਾਪ ਕਰਾਇਆ ਕਰਦਾ ਸੀ। ਪ੍ਰਭ = ਪ੍ਰਭੂ ਨਾਰਾਇਣੁ = ਅਕਾਲ ਪੁਰਖ ਨੇ ਥੰਮ ਵਿੱਚੋਂ ਪ੍ਰਗਟ ਹੋ ਕੇ ਆਪਣੇ ਪੱਟਾਂ ਉੱਪਰ ਰੱਖ ਕੇ ਆਪਣੇ ਨਹੁੰਆਂ ਨਾਲ ਪਾੜ ਕੇ ਉਸ ਦੇ ਗਰਬ = ਹੰਕਾਰ ਨੂੰ ਪ੍ਰਹਾਰੀ = ਨਾਸ ਕੀਤਾ ਸੀ।

## ਪ੍ਰਹਲਾਦ ਉਧਾਰੇ; ਕਿਰਪਾ ਧਾਰੀ ॥੪॥

ਅਤੇ ਆਪਣੇ ਭਗਤ ਪ੍ਰਹਿਲਾਦ ਨੂੰ ਕਿਰਪਾ = ਦਇਆ ਦ੍ਰਿਸ਼ਟੀ ਧਾਰੀ = ਧਾਰਨ ਕਰ ਕੇ ਉਧਾਰੇ = ਉਧਾਰਨਾ ਕੀਤਾ ॥੪॥ ਜੈਸਾ ਕਿ :

**ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥** *(ਅੰਗ ੪੫੧)*

***ਨੋਟ :*** ਪੁਰਾਣਾਂ ਵਿਚ ਹਰਨਕਸ਼ਪ ਨਾਮ ਆਉਂਦਾ ਹੈ, ਪੁਰਾਣਾਂ ਵਾਲਿਆਂ ਨੂੰ ਜਾਂ ਚੇਤਾ ਭੁੱਲ ਗਿਆ ਜਾਂ ਵੱਧ ਘੱਟ ਲਿਖ ਚੁੱਕੇ ਹਨ, ਪ੍ਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਭਾਈ ਗੁਰਦਾਸ ਜੀ ਨੇ "ਹਰਣਾਖਸ" ਹੀ ਲਿਖਿਆ ਹੈ ਤੇ ਇਹੋ ਹੀ ਸਾਡੇ ਅਨੁਕੂਲ ਹੈ। ਹਰਣਾਖਸ ਅਤੇ ਹਿਰਨਕਸ਼ਪ ਦਾ ਅਰਥ ਤਾਂ ਭਾਵੇਂ ਇਕ ਹੀ ਹੈ, ਹਰਨ ਦਾ ਨਾਮ ਪੀਲੀਆਂ ਹੁੰਦਾ ਭਾਵ ਪੀਲੀਆਂ ਜੋ ਸੁਨਹਿਰੀ ਅੱਖਾਂ ਵਾਲਾ ਹੋਵੇ, ਉਸ ਨੂੰ ਹਰਣਕਸ਼ਪ ਕਹਿੰਦੇ ਹਨ। ਸੋ ਸਿੱਖ ਦਾ ਫ਼ਰਜ਼ ਗੁਰੂ ਸਾਹਿਬ ਜੀ ਦੇ ਬਚਨਾਂ ਉਪਰ ਭਰੋਸਾ ਰੱਖਣਾ ਹੈ।

## ਭੂਲੋ ਰਾਵਣੁ; ਮੁਗਧੁ ਅਚੇਤਿ ॥ ਲੂਟੀ ਲੰਕਾ; ਸੀਸ ਸਮੇਤਿ ॥

ਮੁਗਧੁ = ਮੂਰਖ ਅਚੇਤਿ = ਬੇਸਮਝ, ਲੰਕਾਪਤਿ ਰਾਵਣ ਵੀ ਪਰਮੇਸ਼ਰ ਤੋਂ ਭੂਲੋ = ਭੁੱਲਿਆ ਹੋਇਆ ਸੀ।

ਭਗਵਾਨ ਰਾਮਚੰਦ੍ਰ ਜੀ ਨੇ ਦਸਾਂ ਸੀਸ = ਸਿਰਾਂ ਸਮੇਤਿ = ਸਹਿਤ ਇਸ ਨੂੰ ਜਿੱਤ ਲਿਆ ਤੇ ਇਸ ਦੀ ਸੋਨੇ ਦੀ ਲੰਕਾ ਲੂਟੀ = ਲੁੱਟ ਲਈ, ਭਾਵ ਸਾਰਾ ਰਾਜ ਭਾਗ ਵਿਭੀਖਨ ਨੂੰ ਦੇ ਦਿੱਤਾ।

## ਗਰਬਿ ਗਇਆ; ਬਿਨੁ ਸਤਿਗੁਰ ਹੇਤਿ ॥੫॥

ਇਸ ਪ੍ਰਕਾਰ ਰਾਵਣ ਆਪਣੇ ਸਤਿਗੁਰ = ਗੁਰੂ ਸ਼ਿਵਜੀ ਦਾ ਹੇਤਿ = ਹਿਤ ਕਰੇ ਤੋਂ ਬਿਨੁ = ਬ਼ਗੈਰ ਗਰਬਿ = ਹੰਕਾਰ ਵਿਚ ਆਣ ਕੇ ਆਪਣੇ ਇਸ਼ਟ ਗੁਰੂ ਸ਼ਿਵਜੀ ਦਾ ਅਸਥਾਨ ਕੈਲਾਸ਼ ਪਰਬਤ ਨੂੰ ਆਪਣੀਆਂ ਤਲੀਆਂ ਪਾ ਕੇ ਚੁੱਕਣ ਲੱਗਾ, ਜਦੋਂ ਪਰਬਤ ਹਿੱਲਿਆ ਤਾਂ ਪਾਰਬਤੀ ਨੇ ਕਿਹਾ ਕਿ ਦੇਖੋ ਤੁਹਾਡਾ ਚੇਲਾ ਕੀ ਕਰਨ ਲੱਗਾ ਹੈ, ਜਦ ਸ਼ਿਵਾ ਨੇ ਦੇਖਿਆ ਤਾਂ ਇਸ ਦੇ ਹੱਥ ਹੇਠਾਂ ਆ ਗਏ ਤੇ ਰੋਣ ਲੱਗ ਪਿਆ। ਰੋਂਦਾ ਰਹਿਣ ਕਰਕੇ ਇਸ ਦਾ ਨਾਮ ਰਾਵਣ ਪੈ ਗਿਆ। ਫਿਰ ਦੁਬਾਰਾ ਆਪਣੇ ਗੁਰੂ ਦੇ ਕਹਿਣ ਤੋਂ ਕਿ ਰਾਮ ਚੰਦ੍ਰ ਮੇਰੇ ਗੁਰੂ ਹਨ, ਤੂੰ ਉਸ ਨਾਲ ਜੁੱਧ ਨਾ ਕਰ ਅਤੇ ਮਾਤਾ ਸੀਤਾ ਨੂੰ ਉਨ੍ਹਾਂ ਦੇ ਕੋਲ ਭੇਜਣਾ ਕਰ। ਪਰ ਇਸ ਨੇ ਆਪਣੇ ਗੁਰੂ ਦੇ ਬਚਨ ਨਾ ਮੰਨੇ ਤੇ ਰਾਮਚੰਦ੍ਰ ਜੀ ਨਾਲ ਜੁੱਧ ਕੀਤਾ ਤੇ ਅੰਤ ਨੂੰ ਆਪਣੇ ਦਸੇ ਸਿਰ ਕਟਵਾ ਲਏ ਤੇ ਇਸ ਵਿਚ ਜੋ ਪ੍ਰਬਲਤਾ ਦਾ ਹੰਕਾਰ ਸੀ, ਉਹ ਸਾਰਾ ਗਇਆ = ਨਵਿਰਤ ਹੋ ਗਿਆ ॥੫॥

## ਸਹਸਬਾਹੁ; ਮਧੁ ਕੀਟ ਮਹਿਖਾਸਾ ॥ ਹਰਣਾਖਸੁ; ਲੇ ਨਖਹੁ ਬਿਧਾਸਾ ॥

ਸਹਸਬਾਹੁ = ਸਹੰਸ੍ਰਬਾਹੂ, ਹਜ਼ਾਰ ਭੁਜਾਂ ਵਾਲਾ, ਮਧੁ = ਮਧੂ ਦੈਂਤ, ਕੀਟ = ਕੈਟਭ ਦੈਂਤ, ਮਹਖਾਸਾ = ਮਹਿਖਾਸੁਰ (ਪੁਰਾਣਾਂ ਅਨੁਸਾਰ ਮਹਿਖ = ਝੋਟੇ ਦੀ ਸ਼ਕਲ ਵਾਲਾ ਇਕ ਦੈਂਤ) ਇਨ੍ਹਾਂ ਨੂੰ ਮਾਰਨਾ ਕੀਤਾ ਹੈ।

ਫਿਰ ਜਦੋਂ ਹਰਨਾਖਸੁ ਨੇ ਹੰਕਾਰ ਕੀਤਾ ਤਾਂ ਇਸ ਨੂੰ ਭਗਵਾਨ ਨੇ ਆਪਣੇ ਪੱਟਾਂ ਉੱਪਰ ਲੇ = ਲੈ ਕਰ ਕੇ ਨਖਹੁ = ਨੌਂਹਾਂ ਨਾਲ ਬਿਧਾਸਾ = ਨਾਸ ਕੀਤਾ, ਭਾਵ ਨੌਂਹਾਂ ਨਾਲ ਹੀ ਇਸ ਨੂੰ ਪਾੜਨਾ ਕੀਤਾ।

**ਸਾਖੀ—ਸਹੰਸ੍ਰਬਾਹੂ ਦੀ :** ਰਾਜਾ ਸਹੰਸ੍ਰਬਾਹੂ ਹੈਹਯ ਵੰਸ਼ ਦਾ ਇਕ ਪ੍ਰਤਾਪੀ ਰਾਜਾ ਹੋਇਆ ਸੀ, ਜੋ ਸੰਸਕ੍ਰਿਤ ਦੇ ਕਵੀਆਂ ਦੇ ਕਥਨ ਅਨੁਸਾਰ ਇਸ ਦੀਆਂ ਇਕ ਹਜ਼ਾਰ ਬਾਹਾਂ ਸਨ। ਇਹ ਚੰਦ੍ਰਵੰਸ਼ੀ ਰਾਜਾ ਕ੍ਰਿਤਵੀਰਯ ਦਾ ਪੁੱਤਰ ਹੋਣ ਕਰ ਕੇ ਕਾਰਤਵੀਰਯ ਸੱਦੀਦਾ ਹੈ ਅਤੇ ਇਸ ਦਾ ਨਾਉਂ ਅਰਜੁਨ ਵੀ ਹੈ, ਇਹ ਮਾਹਿਸ਼ਮਤੀ (ਕਨਿੰਘਮ ਸਾਹਿਬ ਦੇ ਲੇਖ ਅਨੁਸਾਰ ਮੱਧਭਾਰਤ (ਸੀ.ਪੀ.) ਦਾ 'ਮੰਡਲਾ' ਨਗਰੀ ਮਾਹਿਸਮਤੀ ਹੈ) ਨਗਰੀ ਦਾ ਰਾਜਾ ਸੀ ਅਤੇ ਇਸ ਦਾ ਗੁਰੂ ਦੱਤਾਤ੍ਰੇਯ ਸੀ। ਇਸ ਨੇ ਸਾਰੇ ਵਿਸ਼ਵ ਨੂੰ ਜਿੱਤ ਕਰ ਕੇ ੮੫੦੦੦ ਵਰ੍ਹੇ ਰਾਜ ਕੀਤਾ।

ਬ੍ਰਹਮਵੈਵਰਤ ਪੁਰਾਣ ਵਿਚ ਇਹ ਕਥਾ ਮਿਲਦੀ ਹੈ ਕਿ ਸਹੰਸ੍ਰਬਾਹੂ ਆਪਣੇ ਬਲ ਕਰ ਕੇ ਬਹੁਤ ਹੰਕਾਰੀ ਸੀ ਕਿ ਮੇਰੇ ਵਰਗਾ ਹੋਰ ਕੋਈ ਬਲੀ ਹੈ ਹੀ ਨਹੀਂ ਹੈ। ਰਾਜੇ ਰੇਣ (ਪ੍ਰਸੇਨਜਿਤ) ਦੀ ਇਕ ਪੁੱਤਰੀ ਦਾ ਵਿਆਹ ਸਹੰਸ੍ਰਬਾਹੂ ਨਾਲ ਹੋਇਆ ਤੇ ਦੂਜੀ ਰੇਣਕਾ ਜਮਦਗਨੀ ਰਿਸ਼ੀ ਨਾਲ ਵਿਆਹੀ ਗਈ। ਇਹ ਆਪਣੇ ਪਤੀ ਨਾਲ ਵਣ ਵਿਚ ਹੀ ਰਹਿੰਦੀ ਸੀ। ਇਕ ਦਿਨ ਰਾਜਾ ਸਹੰਸ੍ਰਬਾਹੂ ਆਪਣੀਆਂ ਫ਼ੌਜਾਂ ਸਮੇਤ ਜੰਗਲ ਵਿਚ ਸ਼ਿਕਾਰ ਖੇਡਣ ਲਈ ਆਇਆ। ਇਧਰ ਰੇਣੁਕਾ ਨੂੰ ਪਤਾ ਲੱਗਾ ਤਾਂ ਇਸ ਨੇ ਆਪਣੇ ਪਤੀ ਜਮਦਗਨੀ ਰਿਸ਼ੀ ਨੂੰ ਕਿਹਾ ਕਿ ਪਤੀਦੇਵ ਮੇਰੀ ਭੈਣ ਇਥੇ ਪਾਸ ਹੀ ਆਈ ਹੋਈ ਹੈ। ਮੈਂ ਜਾ ਕੇ ਮਿਲ ਆਵਾਂ। ਰਿਸ਼ੀ ਕਹਿਣ ਲੱਗਾ ਕਿ ਰਾਜਿਆਂ ਤੋਂ ਆਪਾਂ ਕੀ ਲੈਣਾ ਹੈ, ਨਹੀਂ ਜਾਣਾ ਚਾਹੀਦਾ। ਇਸ ਨੇ ਹੱਠ ਕੀਤਾ ਕਿ ਮੈਂ ਜ਼ਰੂਰ ਮਿਲਣ ਜਾਣਾ ਹੈ। ਜਦੋਂ ਇਹ ਮਿਲਣ ਲਈ ਗਈ, ਤਾਂ ਅੱਗੋਂ ਸਹੰਸ੍ਰਬਾਹੂ ਦੀ ਪਤਨੀ ਨੇ ਰਾਜੇ ਨੂੰ ਕਿਹਾ ਕਿ ਮੇਰੀ ਭੈਣ ਮਿਲਣ ਲਈ ਆਈ ਹੈ। ਰਾਜਾ ਅੱਗੋਂ ਕਹਿਣ ਲੱਗਾ ਕਿ ਇਸ ਨੇ ਕਿਹੜਾ ਤੈਨੂੰ ਨਿਉਂਦਾ ਦੇ ਦੇਣਾ ਹੈ। ਇਹ ਸੁਣ ਕੇ ਰੇਣੁਕਾ ਗ਼ੁੱਸੇ ਨਾਲ ਵਾਪਸ ਆ ਗਈ ਤੇ ਆਪਣੇ ਪਤੀ ਰਿਸ਼ੀ ਨੂੰ ਕਹਿਣ ਲੱਗੀ ਕਿ ਮੈਂ ਜਿਊਂਦੀ ਤਾਂ ਰਹਾਂਗੀ ਜੇਕਰ ਤੂੰ ਨਿਉਂਦਾ ਕਰੇਂ, ਰਿਸ਼ੀ ਕਹਿਣ ਲੱਗਾ ਕਿ ਮੈਂ ਤੈਨੂੰ ਪਹਿਲਾਂ ਹੀ ਕਿਹਾ ਸੀ ਕਿ ਰਾਜਿਆਂ ਕੋਲ ਨਹੀਂ ਜਾਈਦਾ। ਚੰਗਾ ਜਾਹ ਹੁਣ ਜਾ ਕੇ ਨਿਉਂਦਾ ਦੇਹ ਆ।

ਰਿਸ਼ੀ ਨੇ ਮੰਤਰਾਂ ਦੇ ਬਲ ਨਾਲ ਸਵਰਗ ਵਿੱਚੋਂ ਕਾਮਧੇਨ ਗਊ ਲਿਆ ਕੇ ਕੁਟੀਆ ਵਿਚ ਬੰਨ੍ਹ ਲਈ ਤੇ ਅਨੇਕਾਂ ਤਰੀਕਿਆਂ ਦੇ ਭੋਜਨ ਤਿਆਰ ਕਰਵਾ ਲਏ। ਸਹੰਸ੍ਰਬਾਹੂ ਫ਼ੌਜਾਂ ਸਮੇਤ ਆ ਗਿਆ। ਸਭਨਾਂ ਦੀਆਂ ਪੰਗਤਾਂ ਲੱਗ ਗਈਆਂ। ਜੋ ਜੋ ਉਨ੍ਹਾਂ ਦੀ ਭੋਜਨ ਦੀ ਇੱਛਾ ਸੀ, ਉਹ ਸਭ ਕੁਝ ਉਨ੍ਹਾਂ ਦੇ ਅੱਗੇ ਲਿਆ ਕੇ ਰੱਖਿਆ, ਪਰੋਸ ਦਿੱਤਾ। ਅਤੁੱਟ ਭੰਡਾਰਾ ਵਰਤਾਇਆ ਗਿਆ, ਸਭ ਤ੍ਰਿਪਤ ਹੋ ਗਏ। ਸਹੰਸ੍ਰਬਾਹੂ ਰਿਸ਼ੀ ਨੂੰ ਪੁੱਛਣ ਲੱਗਾ ਕਿ ਤੂੰ ਭੋਜਨ ਕਿਥੋਂ ਲਿਆਉਂਦਾ ਹੈਂ। ਰਿਸ਼ੀ ਕਹਿਣ ਲੱਗਾ ਕਿ ਕੁਟੀਆ ਵਿੱਚੋਂ ਲਿਆਉਂਦਾ ਹਾਂ। ਸਹੰਸ੍ਰਬਾਹੂ ਇਸ ਦੇ ਨਾਲ ਕੁਟੀਆ ਵਿਚ ਗਿਆ, ਉਥੇ ਕਾਮਧੇਨ ਗਊ ਦੇਖ ਕੇ ਕਹਿਣ ਲੱਗਾ ਕਿ ਇਹ ਗਊ ਮੈਨੂੰ ਦੇ ਦੇ। ਮੇਰੀਆਂ ਅਨੇਕਾਂ ਫ਼ੌਜਾਂ ਹਨ, ਬਹੁਤ ਕੁਝ ਲੋੜ ਪੈਂਦੀ ਹੈ, ਤੇਰੇ ਇਥੇ ਕੀ ਕੰਮ। ਰਿਸ਼ੀ ਕਹਿਣ ਲੱਗਾ ਕਿ ਹੇ ਰਾਜਨ ਇਹ ਤਾਂ ਕੇਵਲ ਰਿਸ਼ੀਆਂ ਦੀ ਖ਼ਾਤਰ ਪਰਮੇਸ਼ਰ ਨੇ ਬਣਾਈ ਹੈ। ਤੁਹਾਡੀ ਖ਼ਾਤਰ ਧਰਤੀ ਕਾਮਧੇਨ ਦਿੱਤੀ ਹੈ। ਤੁਸੀਂ ਇਸ ਦਾ ਰਾਜ ਕਰਦੇ ਹੋ। ਰਾਜੇ ਨੇ ਜ਼ਬਰਦਸਤੀ ਕੀਤੀ, ਤਾਂ ਰਿਸ਼ੀ ਨੇ ਗਊ ਨੂੰ ਸਵਰਗ ਵੱਲ ਉਡਾ ਦਿੱਤਾ। ਸਹੰਸ੍ਰਬਾਹੂ ਨੇ ਗ਼ੁੱਸੇ ਵਿਚ ਆਣ ਕੇ ਰਿਸ਼ੀ ਨੂੰ ਮਾਰ ਦਿੱਤਾ ਤੇ ਗਊ ਦੇ ਤੀਰ ਮਾਰੇ ਤਾਂ ਉਸ ਦੇ ਪੈਰਾਂ ਵਿੱਚੋਂ ਜੋ ਖ਼ੂਨ ਨਿਕਲਿਆ, ਉਸ ਤੋਂ ਲਗਨ ਦੀ ਪੈਦਾਇਸ਼ ਹੋਈ ਮੰਨੀ ਜਾਂਦੀ ਹੈ ਅਤੇ ਜੋ ਕੰਨਾਂ ਵਿੱਚੋਂ ਖ਼ੂਨ ਨਿਕਲਿਆ ਉਸ ਤੋਂ ਤੰਬਾਕੂ ਦੀ ਬੂਟੀ ਪੈਦਾ ਹੋਈ ਮੰਨੀ ਜਾਂਦੀ ਹੈ। ਆਪਣੇ ਪਤੀ ਦੀ ਮੌਤ ਦੇਖ ਕਰਕੇ ਰੇਣੁਕਾ ਨੇ ਆਪਣੇ ਪੁੱਤਰ ਪਰਸਰਾਮ ਨੂੰ ਯਾਦ ਕੀਤਾ (ਕਿਉਂਕਿ ਪਰਸਰਾਮ ਨੇ ਆਪਣੀ ਮਾਤਾ ਨੂੰ ਵਚਨ ਦਿੱਤਾ ਹੋਇਆ ਸੀ ਕਿ ਮਾਤਾ! ਤੂੰ ਜਦੋਂ ਵੀ ਯਾਦ ਕਰੇਂਗੀ ਮੈਂ ਉਦੋਂ ਹੀ ਤੇਰੇ ਕੋਲ ਪਹੁੰਚ ਜਾਵਾਂਗਾ) ਉਸ ਵਚਨ ਅਨੁਸਾਰ ਜਦੋਂ ਪਰਸਰਾਮ ਆਪਣੀ ਮਾਤਾ ਕੋਲ ਪਹੁੰਚਿਆ ਤਾਂ ਰੇਣੁਕਾ ਨੇ ਦੇਖ ਕੇ ਦੁੱਖ ਜ਼ਾਹਰ ਕਰਦਿਆਂ ਆਪਣੀ ਛਾਤੀ, ਮੂੰਹ (ਮੱਥਾ) ਤੇ ਪੱਟਾਂ ਨੂੰ ਸੱਤ-ਸੱਤ ਵਾਰ ਦੁਹੱਥੜ ਮਾਰ ਕੇ ਪਿੱਟਣਾ ਕੀਤਾ (ਜਿਥੋਂ ਸੰਸਾਰ ਵਿਚ ਪਿੱਟਣ ਦਾ ਰਿਵਾਜ਼ ਸ਼ੁਰੂ ਹੋਇਆ ਹੈ) ਇਸ ਪਰ ਪਰਸਰਾਮ ਨੇ ਪ੍ਰਤੱਗਿਆ ਕੀਤੀ ਕਿ ਇੱਕੀ ਵਾਰ ਪ੍ਰਿਥਵੀ ਨੂੰ ਛੱਤ੍ਰੀਆਂ ਤੋਂ ਰਹਿਤ ਕਰਾਂਗਾ।

ਫਿਰ ਪਰਸਰਾਮ ਨੇ ਆਣ ਕੇ ਸਹੰਸ੍ਰਬਾਹੂ ਨਾਲ ਜੁੱਧ ਕੀਤਾ ਤੇ ਇਸ ਦੀਆਂ ਸਾਰੀਆਂ ਬਾਹਾਂ ਤੂਤ ਦੀਆਂ ਛਿਟੀਆਂ ਵਾਂਗ ਛਾਂਗ ਕੇ ਨਾਸ ਕਰ ਦਿੱਤਾ ਸੀ। ਇਸ ਤਰ੍ਹਾਂ ਇਸ ਨੇ ਇੱਕੀ ਵਾਰ ਛੱਤ੍ਰੀਆਂ ਨੂੰ ਮਾਰਿਆ ਤੇ ਉਨ੍ਹਾਂ ਦੇ ਲਹੂ ਦੇ ਕੁੰਡ ਵਿਚ ਨਹਾਉਂਦਾ ਸੀ ਤੇ ਫਿਰ ਆਪਣੀ ਕ੍ਰੋਧ ਦੀ ਅਗਨੀ ਨੂੰ ਸ਼ਾਂਤ ਕਰਦਾ ਸੀ। (ਰਾਮ ਚੰਦ੍ਰ ਜੀ ਨੇ ਇਸ ਦੇ ਪੈਰੀਂ ਹੱਥ ਲਾ ਕੇ ਇਸ ਦੀ ਸਤਿਆ ਖੋਹ ਲਈ ਸੀ। ਸੋ ਇਸ ਪ੍ਰਕਾਰ ਪਰਮੇਸ਼ਰ ਨੇ ਹੰਕਾਰ ਕਰਨ ਵਾਲਿਆਂ ਦਾ ਇਉਂ ਨਾਸ ਕੀਤਾ ਹੈ।

**ਸਾਖੀ—ਮੱਧ ਅਤੇ ਕੈਟਭ ਦੀ :** ਮਹਾਭਾਰਤ ਅਤੇ ਰਾਮਾਇਣ ਵਿਚ ਇਹ ਕਥਾ ਹੈ ਕਿ ਜਦੋਂ ਵਿਸ਼ਨੂੰ ਜਲ ਵਿਚ ਸੌਂ ਰਹੇ ਸਨ, ਤਦ ਉਨ੍ਹਾਂ ਦੇ ਕੰਨ ਵਿੱਚੋਂ (ਤਥਾ ਉਨ੍ਹਾਂ ਦੀ ਕੰਨ ਦੀ ਮੈਲ ਤੋਂ) ਦੋ ਦੈਂਤ ਪੈਦਾ ਹੋਏ ਸਨ। ਇਕ ਦਾ ਨਾਮ ਕੈਟਭ ਤੇ ਦੂਜੇ ਦਾ ਨਾਮ ਮੱਧ ਸੀ।

ਇਹ ਦੋਵੇਂ ਨਾਭਕਮਲ ਤੇ ਬ੍ਰਹਮਾ ਨੂੰ ਵੇਖ ਕੇ ਮਾਰਣ ਨੂੰ ਤਿਆਰ ਹੋਏ ਤਾਂ ਬ੍ਰਹਮਾ ਨੇ ਡਰ ਕੇ ਵਿਸ਼ਨੂੰ ਅੱਗੇ ਬੇਨਤੀ ਕੀਤੀ ਤਾਂ ਭਗਵਾਨ ਵਿਸ਼ਨੂੰ ਨੇ ਇਨ੍ਹਾਂ ਨਾਲ ਸਮੁੰਦਰ ਤਲ ਤੇ ਪੰਜ ਹਜ਼ਾਰ ਵਰ੍ਹਾ ਜੰਗ ਕੀਤਾ। ਜਿਸ 'ਤੇ ਵਿਸ਼ਨੂੰ ਨੇ ਜੁੱਧ ਕਰ ਕੇ ਦੋਹਾਂ ਨੂੰ ਜੰਗ ਵਿਚ ਮਾਰ ਦਿੱਤਾ।

ਹਰਿਵੰਸ਼ ਵਿਚ ਲਿਖਿਆ ਹੈ ਕਿ ਮੱਧ ਅਤੇ ਕੈਟਭ ਦੀ ਜੋ ਮਿਝ ਸਮੁੰਦਰ ਵਿਚ ਫੈਲੀ, ਉਸ ਤੋਂ ਪ੍ਰਿਥਵੀ ਬਣੀ ਅਤੇ ਮੇਦਨੀ ਨਾਮ ਦਾ ਮੂਲ ਭੀ ਇਹੀ ਹੈ। ਸ੍ਰੀ ਗੁਰੂ ਕਲਗ਼ੀਧਰ ਪਾਤਿਸ਼ਾਹ ਜੀ ਵੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚ ਮੱਧ ਕੈਟਭ ਦੇ ਪ੍ਰਸੰਗ ਬਾਬਤ ਲਿਖਦੇ ਹਨ :

**ਏਕ ਸ੍ਰਵਣ ਤੇ ਮੈਲ ਨਿਕਾਰਾ॥ ਤਾ ਤੇ ਮਧੁ ਕੀਟਭ ਤਨ ਧਾਰਾ॥**
**ਦੁਤੀਆ ਕਾਨ ਤੇ ਮੈਲ ਨਿਕਾਰੀ॥ ਤਾ ਤੇ ਭਈ ਸ੍ਰਿਸਟਿ ਇਹ ਸਾਰੀ॥**

*(ਸ੍ਰੀ ਦਸਮ ਗ੍ਰੰਥ, ਪੰਨਾ ੪੭)*

**ਜੁਧ ਕਰਯੋ ਤਿਨ ਸੋਂ ਭਗਵਤੰ, ਨ ਮਾਰ ਸਕੈ ਅਤਿ ਦੈਤ ਬਲੀ ਹੈ॥**
**ਸਾਲ ਭਏ ਤਿਨ ਪੰਚ ਹਜਾਰ ਦੁਹੂੰ ਲਰਤੇ ਨਹਿ ਬਾਂਹ ਟਲੀ ਹੈ॥**
**ਦੈਤਨ ਰੀਝ ਕਹਯੋ "ਵਰਮਾਂਗ" ਕਹਯੋ ਹਰਿ "ਸੀਸਨ ਦੇਹੁ" ਭਲੀ ਹੈ॥**
**ਧਾਰ ਉਰੂ ਪਰਿਚਕ੍ਰ ਸੋਂ ਕਾਟਕੈ ਜੋਤਿ ਲੈ ਆਪਨੈ ਅੰਗ ਮਲੀ ਹੈ॥** *(ਸ੍ਰੀ ਦਸਮ ਗ੍ਰੰਥ, ਪੰਨਾ ੭੫)*

**ਸਾਖੀ—ਮਹਿਖਾਸੁਰ ਦੀ :** ਮਹਿਖਾਸੁਰ ਇਕ ਬਹੁਤ ਭਾਰੀ ਬਲ ਵਾਲਾ ਦੈਂਤ ਸੀ। ਜੋ ਝੋਟੇ ਦੀ ਸ਼ਕਲ ਵਾਲਾ ਸੀ, ਇਹ ਰੰਭ ਦੈਂਤ ਦੇ ਵੀਰਯ ਤੋਂ ਮੱਝ (ਮਹਿਸ਼ੀ) ਦੇ ਉਦਰ ਤੋਂ ਜਨਮਿਆ। ਮਹਿਖਾਸੁਰ ਦੈਂਤ ਨੇ ਸਵਰਗ ਉੱਪਰ ਰਾਜ ਕਰਨ ਵਾਸਤੇ ਇਦ੍ਰ ਦੀ ਪੁਰੀ ਨੂੰ ਤੱਕਣਾ ਕੀਤਾ, ਇਸ ਨੇ ਸਵਰਗ ਦੇ ਰਾਜੇ ਇੰਦ੍ਰ ਨਾਲ ਬਹੁਤ ਭਾਰੀ ਜੰਗ ਕੀਤਾ। ਜਿਸ ਵਿਚ ਇੰਦ੍ਰ ਹਾਰ ਗਿਆ ਤੇ ਉਥੋਂ ਭੱਜ ਆਇਆ ਤੇ ਜਿਥੇ ਦੁਰਗਾ[1] ਨਹਾ ਰਹੀ ਸੀ ਉਥੇ ਆਇਆ, ਉਸ ਦੇ ਚਰਨੀਂ ਪੈ ਕੇ ਪੁਕਾਰ ਕੀਤੀ ਕਿ ਹੇ ਦੇਵੀ! ਮਹਖੇ ਦੈਂਤ ਨੇ ਸਾਨੂੰ ਦੇਵਤਿਆਂ ਨੂੰ ਹਰਾ ਕੇ ਸਵਰਗ ਵਿੱਚੋਂ ਕੱਢ ਦਿੱਤਾ ਹੈ। ਤਿੰਨਾਂ ਲੋਕਾਂ ਵਿਚ ਉਸ ਨੇ ਆਪਣੀ ਦੋਹੀ ਫਿਰਾਈ ਹੋਈ ਹੈ, ਉਸ ਨੂੰ ਕੋਈ ਵੀ ਨਹੀਂ ਜਿੱਤ ਸਕਦਾ, ਅਸੀਂ ਤਾਂ ਤੁਹਾਡੀ ਸ਼ਰਨ ਵਿਚ ਆਏ ਹਾਂ।

ਇਹ ਗੱਲ ਸੁਣ ਕੇ ਦੁਰਗਾ ਨੇ ਇੰਦ੍ਰ ਨੂੰ ਧੀਰਜ ਦਿੱਤਾ, ਕਿਹਾ ਕਿ ਮੈਂ ਉਸ ਨਾਲ ਜੁੱਧ ਕਰਾਂਗੀ ਤੇ ਤੈਨੂੰ ਤੇਰਾ ਸਿੰਘਾਸਨ ਦਿਵਾਵਾਂਗੀ। ਜਦ ਦੁਰਗਾ, ਮਹਿਖੇ ਦੈਂਤ ਨਾਲ ਜੁੱਧ ਕਰਨ ਲਈ ਸ਼ੇਰ ਉਪਰ ਸਵਾਰ ਹੋ ਕੇ ਉਸ ਵੱਲ ਚੱਲ ਪਈ। ਜਦ ਇਹ ਗੱਲ ਮਹਿਖੇ ਦੈਂਤ ਨੂੰ ਪਤਾ ਲੱਗੀ, ਤਾਂ ਉਹ ਹੰਕਾਰ ਦੇ ਵਿਚ ਆਣ ਕੇ ਬਹੁਤ ਗੱਜਿਆ, ਜਿਸ ਪ੍ਰਸੰਗ ਨੂੰ ਸ੍ਰੀ ਕਲਗ਼ੀਧਰ ਪਾਤਿਸ਼ਾਹ ਜੀ ਆਪਣੀ ਰਚਨਾ ਸ੍ਰੀ ਦਸਮ ਗ੍ਰੰਥ ਜੀ ਵਿਚ ਚੰਡੀ ਦੀ ਵਾਰ ਨਾਮੇ ਬਾਣੀ ਵਿਚ ਇਸ ਪ੍ਰਕਾਰ ਲਿਖਦੇ ਹਨ :

**ਪਉੜੀ॥ ਉੱਮਲ ਲੱਥੇ ਜੋਧੇ ਮਾਰੂ ਬੱਜਿਆ॥**
**ਬੱਦਲ ਜਿਉ ਮਹਿਖਾਸੁਰ ਰਣ ਵਿਚ ਗੱਜਿਆ॥**
**ਇੰਦਰ ਜੇਹਾ ਜੋਧਾ ਮੈਥਉ ਭੱਜਿਆ॥**
**ਕਉਣ ਵਿਚਾਰੀ ਦੁਰਗਾ ਜਿਨ ਰਣੁ ਸੱਜਿਆ॥੧੬॥** *(ਸ੍ਰੀ ਦਸਮ ਗ੍ਰੰਥ, ਪੰਨਾ ੧੨੧)*

ਸੋ ਮਹਿਖਾ ਦੈਂਤ ਬਹੁਤ ਹੰਕਾਰ ਦੇ ਸਹਿਤ ਆਪਣੇ ਨਾਲ ਵੱਡੇ ਵੱਡੇ ਦੈਂਤ ਸੂਰਮੇ ਲੈ ਕੇ ਦੁਰਗਾ ਨਾਲ

---

੧. ਈਸ਼ਵਰ ਸ਼ਕਤੀ ਨੇ ਹੀ ਇਸਤ੍ਰੀ ਰੂਪ ਪ੍ਰਗਟ ਹੋ ਕੇ ਦੁਰਗਾ ਦੇਵੀ ਨਾਮ ਰਖਾਉਣਾ ਕੀਤਾ ਹੈ।

ਜੁੱਧ ਕਰਨ ਲਈ ਰਣ ਦੇ ਵਿਚ ਆਇਆ, ਬਹੁਤ ਭਾਰੀ ਯੁੱਧ ਹੋਇਆ। ਅੰਤ ਨੂੰ ਦੁਰਗਾ ਨੇ ਤਲਵਾਰ ਨਾਲ ਮਹਿਖਾਸੁਰ ਦਾ ਸਿਰ ਵੱਢ ਦਿੱਤਾ। ਇਉਂ ਉਸ ਹੰਕਾਰੀ ਨੂੰ ਮਾਰ ਕੇ ਦੇਵਤਿਆਂ ਨੂੰ ਰਾਜ ਭਾਗ ਦਿਵਾਇਆ।

**ਇਤੀ ਮਹਿਖਾਸੁਰ ਦੈਤ ਮਾਰੇ ਦੁਰਗਾ ਆਇਆ॥**
**ਚਉਦਹ ਲੋਕਾ ਰਾਣੀ ਸਿੰਘੁ ਨਚਾਇਆ॥.....**
**ਹੋਈ ਅਲੋਪੁ ਭਵਾਨੀ ਦੇਵਾਂ ਨੂੰ ਰਾਜੁ ਦੇ॥** *(ਸ੍ਰੀ ਦਸਮ ਗ੍ਰੰਥ, ਪੰਨਾ ੧੨੨)*

## ਦੈਤ ਸੰਘਾਰੇ; ਬਿਨੁ ਭਗਤਿ ਅਭਿਆਸਾ ॥੬॥

ਦੈਤ = ਦਇਆ ਦਾ ਅੰਤ ਕਰਨ ਵਾਲੇ ਰਾਖਸ਼ ਨੂੰ ਭਗਤਿ = ਭਗਤੀ ਦੇ ਅਭਿਆਸਾ = ਅਭਿਆਸ ਤੋਂ ਬਿਨੁ = ਬਗ਼ੈਰ ਜਾਣ ਕਰ ਕੇ ਪਰਮੇਸ਼ਰ ਨੇ ਉਨ੍ਹਾਂ ਨੂੰ ਸੰਘਾਰੇ = ਮਾਰਨਾ ਕੀਤਾ, ਨਾਸ਼ ਕਰਨਾ ਕੀਤਾ ਹੈ ॥੬॥

## ਜਰਾਸੰਧਿ; ਕਾਲਜਮੁਨ ਸੰਘਾਰੇ ॥

(**ਕਾਲ-ਜਮੁਨ** ਦਾ ਡੈਸ਼ ਲੱਗਾ ਕੇ ਉਚਾਰਣ ਹੈ)

ਜਰਾਸੰਧਿ ਅਤੇ ਕਾਲ ਜਮੁਨ ਵੀ ਹੰਕਾਰ ਕਰਨ ਕਰ ਕੇ ਸੰਘਾਰੇ = ਮਾਰੇ ਗਏ।

**ਸਾਖੀ—ਜਰਾਸਿੰਧ ਰਾਜੇ ਦੀ :** ਜਰਾਸਿੰਧ ਮਗਧ ਦਾ ਰਾਜਾ ਹੋਇਆ ਹੈ। ਇਹ ਕੰਸ ਦਾ ਸਹੁਰਾ ਤੇ ਕ੍ਰਿਸ਼ਨ ਦਾ ਬੜਾ ਵੱਡਾ ਦੁਸ਼ਮਣ ਸੀ। ਮਹਾਂਭਾਰਤ ਵਿਚ ਪ੍ਰਸੰਗ ਆਉਂਦਾ ਹੈ ਕਿ ਰਾਜਾ ਬ੍ਰਿਹਦਰਥ ਦੀਆਂ ਦੋ ਰਾਣੀਆਂ ਸਨ। ਇਸ ਦੇ ਕੋਈ ਪੁੱਤਰ ਨਹੀਂ ਸੀ ਪੈਦਾ ਹੁੰਦਾ। ਇਸ ਨੇ ਚੰਦ੍ਰਕਮੁਨੀ ਦੇ ਕੋਲ ਜਾ ਕੇ ਬੇਨਤੀ ਕੀਤੀ ਕਿ ਹੇ ਮਹਾਂਰਿਸ਼ੀ! ਮੈਨੂੰ ਪੁੱਤਰ ਬਖ਼ਸ਼ੋ। ਚੰਦ੍ਰਕਮੁਨੀ ਨੇ ਇਕ ਅੰਬ ਦਾ ਫਲ ਦਿੱਤਾ ਅਤੇ ਕਿਹਾ ਕਿ ਇਹ ਰਾਣੀ ਨੂੰ ਖਵਾ ਦੇ। ਇਸ ਨੂੰ ਆਪਣੀਆਂ ਦੋਵੇਂ ਰਾਣੀਆਂ ਬਹੁਤ ਪਿਆਰੀਆਂ ਸਨ। ਇਸ ਕਰਕੇ ਇਸ ਨੇ ਅੱਧਾ ਅੱਧਾ ਕਰ ਕੇ ਦੋਵਾਂ ਨੂੰ ਦੇ ਦਿੱਤਾ। ਜਿਸ ਕਰਕੇ ਦੋਵਾਂ ਰਾਣੀਆਂ ਨੂੰ ਅੱਧਾ ਅੱਧਾ ਪੁੱਤਰ ਪੈਦਾ ਹੋਇਆ। ਇਕ ਲੱਤ ਤੇ ਇਕ ਬਾਂਹ ਇਸ ਤਰ੍ਹਾਂ ਦੋ ਟੁਕੜਿਆਂ ਵਿਚ ਬੱਚੇ ਪੈਦਾ ਹੋਏ। ਰਾਜੇ ਨੇ ਕੁਸ਼ਗੁਨ ਜਾਣ ਕੇ ਦੋਵੇਂ ਟੁਕੜੇ ਖਾਈ ਵਿਚ ਸੁਟਵਾ ਦਿੱਤੇ। ਜਿਥੇ ਜਰਾ ਨਾਮੇਂ ਰਾਖਸ਼ਣੀ ਰਹਿੰਦੀ ਸੀ, ਉਸ ਰਾਖਸ਼ਣੀ ਨੇ ਦੋਨਾਂ ਹਿੱਸਿਆਂ ਨੂੰ ਖਾਣ ਲਈ ਇੱਕਠਾ ਕੀਤਾ ਤਾਂ ਦੈਵੀ ਸ਼ਕਤੀ ਨਾਲ ਦੋਵੇਂ ਜੁੜ ਗਏ ਤੇ ਬੱਚੇ ਦੇ ਜ਼ਿੰਦਾ ਹੋ ਕੇ ਰੋਣ ਦੀ ਅਵਾਜ਼ ਆਈ ਤਾਂ ਇਸ ਨੇ ਇਹ ਬੱਚਾ ਰਾਜੇ ਬ੍ਰਿਹਦਰਥ ਨੂੰ ਦੇ ਦਿੱਤਾ ਤੇ ਰਾਜੇ ਨੂੰ ਆਕਾਸ਼ ਬਾਣੀ ਹੋਈ ਕਿ ਇਹ ਰਿਸ਼ੀ ਦੀ ਬਖ਼ਸ਼ਿਸ਼ ਦਾ ਸਦਕਾ ਤੈਨੂੰ ਪੁੱਤਰ ਪ੍ਰਾਪਤ ਹੋਇਆ ਹੈ ਇਹ ਮਹਾਂ ਪ੍ਰਤਾਪੀ ਹੋਵੇਗਾ ਅਤੇ ਜਦ ਤੱਕ ਇਸ ਦਾ ਜੋੜ ਨਹੀਂ ਖੁੱਲ੍ਹੇਗਾ, ਇਸ ਦੀ ਮੌਤ ਨਹੀਂ ਹੋਵੇਗੀ। ਇਉਂ ਜਰਾ ਰਾਖਸ਼ਣੀ ਦੇ ਸੰਧਿ = ਜੋੜਨ ਕਰ ਕੇ ਇਸ ਦਾ ਨਾਮ ਵੀ ਜਰਾਸੰਧਿ ਪੈ ਗਿਆ ਸੀ।

ਇਹ ਬਹੁਤ ਹੀ ਪ੍ਰਤਾਪੀ ਰਾਜਾ ਹੋਇਆ, ਇਸ ਦੀਆਂ ਦੋ ਪੁੱਤਰੀਆਂ "ਅਸ੍ਰਿ" ਤੇ "ਪ੍ਰਾਪ੍ਰਿ" ਕੰਸ ਨੂੰ ਵਿਆਹੀਆਂ ਹੋਈਆਂ ਸਨ। ਜਰਾਸਿੰਧ ਦੀ ਸਹਾਇਤਾ ਨਾਲ ਹੀ ਕੰਸ ਨੇ ਆਪਣੇ ਪਿਤਾ ਉਗ੍ਰਸੈਨ ਨੂੰ ਰਾਜ ਗੱਦੀ ਤੋਂ ਲਾਹ ਕੇ ਬੰਦੀ ਬਣਾ ਲਿਆ ਤੇ ਆਪ ਰਾਜ ਸਾਂਭ ਲਿਆ ਸੀ। ਜਦ ਕ੍ਰਿਸ਼ਨ ਜੀ ਨੇ ਕੰਸ ਨੂੰ ਮਾਰ ਦਿੱਤਾ ਤੇ ਉਗ੍ਰਸੈਨ ਨੂੰ ਮਥੁਰਾ ਦਾ ਰਾਜਾ ਥਾਪਿਆ। ਉਸ ਵੇਲੇ ਕੰਸ ਦੀਆਂ ਰਾਣੀਆਂ ਆਪਣੇ ਪਿਤਾ ਜਰਾਸੰਧ ਕੋਲ ਜਾ ਕੇ ਪਿੱਟੀਆਂ, ਉਸ ਵੇਲੇ ਜਰਾਸੰਧ ਕ੍ਰਿਸ਼ਨ ਜੀ 'ਤੇ ਚੜ੍ਹ ਕੇ ਆਇਆ। ਸਤਾਰਾਂ ਵਾਰ ਕ੍ਰਿਸ਼ਨ ਜੀ ਇਸ ਨੂੰ ਹਰਾਉਂਦੇ ਰਹੇ, ਬਲਭਦ੍ਰ ਗਲ ਵਿਚ ਹਾਰ ਜਾਂ ਹਲ ਪਾ ਕੇ ਇਸ ਨੂੰ ਫੜਦਾ ਰਿਹਾ, ਪਰ ਫਿਰ ਕ੍ਰਿਸ਼ਨ ਦੀ ਦਇਆ ਕਰ ਕੇ ਛੁਡਾ ਲਿਆ ਕਰਨ। ਅਖ਼ੀਰ ਇਸ ਦਾ ਬਹੁਤਾ ਵੈਰ ਜਾਣ ਕੇ ਕ੍ਰਿਸ਼ਨ ਜੀ ਨੇ ਦਵਾਰਕਾ ਵਸਾਈ, ਦਵਾਰਕਾ ਵਸਾ ਕੇ ਜਿਸ ਵੇਲੇ ਯੁਧਿਸ਼ਟਰ ਤੇ ਭੀਮਸੈਨ ਆਦਿਕ ਰਾਜਸੂਯ ਯਗ ਕਰਨ ਲੱਗੇ ਤਾਂ ਕ੍ਰਿਸ਼ਨ ਜੀ ਨੇ ਕਿਹਾ ਕਿ ਜਿੰਨਾ ਚਿਰ ਜਰਾਸਿੰਧ ਨਹੀਂ ਜਿੱਤ ਲੈਂਦੇ, ਉਤਨਾ ਚਿਰ ਰਾਜਸੂਯ ਯਗ ਹੋਣਾ

ਯੋਗ ਨਹੀਂ ਹੈ। ਉਨ੍ਹਾਂ ਕਿਹਾ ਕਿ ਜਰਾਸਿੰਧ ਨੂੰ ਕਿਵੇਂ ਜਿੱਤੀਏ। ਕ੍ਰਿਸ਼ਨ ਜੀ ਨੇ ਯੁਧਿਸ਼ਟਰ ਨੂੰ ਕਿਹਾ ਕਿ ਭੀਮ ਸੈਨ ਅਤੇ ਅਰਜਨ ਮੈਨੂੰ ਦੇ ਦੇਵੋ, ਇਨ੍ਹਾਂ ਨੂੰ ਇਸੇ ਤਰ੍ਹਾਂ ਹੀ ਵਾਪਸ ਲੈ ਲਵੀਂ। ਅਸੀਂ ਕੁਸ਼ਤੀ ਦੇ ਨਾਲ ਉਸ ਨੂੰ ਮਾਰ ਕੇ ਆਵਾਂਗੇ।

ਜਰਾਸੰਧ ਨੇ ਘੰਟੇ ਬੰਨ੍ਹੇ ਹੋਏ ਸਨ। ਘੰਟਿਆਂ ਤੋਂ ਪਾਸੇ ਦੀ ਕਿਲ੍ਹਾ ਟੱਪ ਕੇ ਅੰਦਰ ਗਏ। ਜਿਥੇ ਰਾਜਾ ਦਾਨ ਕਰਦਾ ਸੀ, ਉਥੇ ਇਹ ਬ੍ਰਾਹਮਣਾਂ ਦਾ ਭੇਸ ਧਾਰ ਕੇ ਚਲੇ ਗਏ। ਉਸ ਨੇ ਪਛਾਣ ਲਿਆ ਤੇ ਕਿਹਾ ਕਿ ਤੂੰ ਕ੍ਰਿਸ਼ਨ ਹੈਂ ਜਿਸ ਨੇ ਮੇਰੇ ਨਾਲ ਸਤਾਰਾਂ ਵਾਰ ਜੰਗ ਕੀਤਾ ਹੈ। ਇਹ ਭੀਮ ਹੈ ਅਤੇ ਇਹ ਅਰਜਨ ਹੈ। ਕ੍ਰਿਸ਼ਨ ਜੀ ਕਹਿਣ ਲੱਗੇ ਕਿ ਠੀਕ ਹੈ ਸਾਡੇ ਤਿੰਨਾਂ ਨਾਲ ਲੜ ਲੈ। ਜਰਾਸੰਧ ਕਹਿਣ ਲੱਗਾ ਕਿ ਮੈਨੂੰ ਤੁਹਾਡੇ ਨਾਲ ਲੜਦੇ ਨੂੰ ਸ਼ਰਮ ਆਉਂਦੀ ਹੈ। ਤੁਸੀਂ ਦੋਵੇਂ ਮੈਥੋਂ ਕਮਜ਼ੋਰ ਹੋ। ਮੇਰੇ ਹਾਣ ਦਾ ਤਾਂ ਸਿਰਫ਼ ਭੀਮ ਹੈ। ਭੀਮ ਮੇਰੇ ਨਾਲ ਕੁਸ਼ਤੀ ਕਰ ਲਵੇ। ਇਸ ਨੇ ਭੀਮ ਸੈਨ ਨਾਲ ਕੁਸ਼ਤੀ ਕੀਤੀ। ਕਈ ਦਿਨ ਕੁਸ਼ਤੀ ਹੁੰਦੀ ਰਹੀ। ਜਦ ਹੰਭ ਜਾਇਆ ਕਰਨ ਤਾਂ ਰੁਕ ਜਾਇਆ ਕਰਨ। ਅਖ਼ੀਰ ਭੀਮ ਸੈਨ ਦਾ ਸਾਰਾ ਬਲ ਹਾਰ ਗਿਆ। ਜਰਾਸੰਧ ਨੇ ਉਸ ਨੂੰ ਥੱਲੇ ਸੁੱਟ ਲਿਆ। ਉਸ ਵੇਲੇ ਕ੍ਰਿਸ਼ਨ ਜੀ ਨੇ ਇਸ਼ਾਰੇ ਨਾਲ ਇਕ ਤਿਣਕਾ ਚੀਰ ਕੇ ਸਮਝਾਇਆ ਕਿ ਇਸ ਤਰ੍ਹਾਂ ਇਸ ਨੂੰ ਚੀਰ ਦੇ ਅਤੇ ਆਪਣਾ ਬਲ ਭੀਮ ਸੈਨ ਨੂੰ ਦੇ ਦਿੱਤਾ। ਭੀਮ ਸੈਨ ਨੇ ਸੈਨਤ ਸਮਝ ਕੇ ਲੱਤ 'ਤੇ ਲੱਤ ਰੱਖ ਕੇ ਜਰਾਸਿੰਧ ਨੂੰ ਪਾੜ ਦਿੱਤਾ ਸੀ। ਇਸ ਪ੍ਰਕਾਰ ਜਰਾਸਿੰਧ ਦਾ ਅੰਤ ਕੀਤਾ ਸੀ।

**ਸਾਖੀ—ਕਾਲਜਮੁਨ ਦੀ :** ਕ੍ਰਿਸ਼ਨ ਭਗਵਾਨ ਦੀ ਕੁਲ ਦੇ ਜੋ ਯਾਦਵ ਸਨ, ਉਹ ਇਕ ਗਾਰਗਯ ਨਾਮੇ ਰਿਖੀ ਨੂੰ ਮਖ਼ੌਲ ਕਰਿਆ ਕਰਦੇ ਸਨ ਕਿ ਬਾਬਾ ਬੁੱਢਾ ਹੋ ਗਿਆ ਹੈ, ਹੁਣ ਵਿਆਹ ਕਰਵਾ ਲੈ। ਇਕ ਦਿਨ ਮਖ਼ੌਲ ਕਰਦਿਆਂ ਤੋਂ ਰਿਸ਼ੀ ਕਹਿੰਦਾ ਕਿ ਅਜਿਹਾ ਵਿਆਹ ਕਰਵਾਊ ਜਿਹੜਾ ਤੁਹਾਨੂੰ ਟਿਕਣ ਨਾ ਦੇਵੇ, ਇਸ ਨੇ ਪੱਛਮ ਵਿਚ ਜਾ ਕੇ ਇਕ ਪਠਾਣੀ ਨਾਲ ਵਿਆਹ ਕਰਵਾਇਆ। ਉਸ ਦੇ ਪੇਟ ਵਿੱਚੋਂ ਕਾਲਜਮਨ ਪੈਦਾ ਹੋਇਆ। ਜੋ ਜਰਾਸੰਧ ਦਾ ਬਹੁਤ ਪੱਕਾ ਮਿੱਤਰ ਸੀ। ਜਰਾਸੰਧ ਦਾ ਮਿੱਤਰ ਹੋਣ ਕਰਕੇ ਇਹ ਕ੍ਰਿਸ਼ਨ ਜੀ ਨਾਲ ਜੰਗ ਕਰਨ ਲਈ ਚੜ੍ਹ ਕੇ ਆਇਆ ਤੇ ਕ੍ਰਿਸ਼ਨ ਜੀ ਮੁਕਾਬਲਾ ਕਰਨ ਲੱਗੇ। ਕ੍ਰਿਸ਼ਨ ਜੀ ਨੇ ਸੋਚਿਆ ਕਿ ਜੇ ਮੈਂ ਇਸ ਨੂੰ ਹੱਥੀਂ ਮਾਰਿਆ ਤਾਂ ਇਹ ਮੁਕਤ ਹੋ ਜਾਵੇਗਾ, ਜੇ ਹੱਥ ਲੱਗ ਗਿਆ ਤਾਂ ਮੈਂ ਭਿੱਟਿਆ ਜਾਊਂ, ਕਿਉਂਕਿ ਇਹ ਦੁਸ਼ਟ ਪੁਰਸ਼ ਹੈ। ਇਸ ਕਰਕੇ ਕ੍ਰਿਸ਼ਨ ਜੀ ਉਸ ਤੋਂ ਅੱਗੇ ਭੱਜ ਪਏ ਤੇ ਕਾਲਜਮੁਨ ਵੀ ਮਗਰ ਹੀ ਦੌੜ ਪਿਆ। ਅਖ਼ੀਰ ਜਿਥੇ ਮੁਚਕੰਦ ਰਾਜਰਿਖੀ ਸੁੱਤਾ ਪਿਆ ਸੀ, ਉਸ ਗੁਫ਼ਾ ਵਿਚ ਵੜ ਗਏ। ਮੁਚਕੰਦ ਰਿਖੀ ਨੇ ਦੇਵਤਿਆਂ ਕੋਲੋਂ ਵਰ ਪ੍ਰਾਪਤ ਕੀਤਾ ਸੀ ਕਿ ਜਿਹੜਾ ਮੈਨੂੰ ਸੁੱਤੇ ਨੂੰ ਜਗਾਵੇ, ਉਹ ਭਸਮ ਹੋ ਜਾਵੇਗਾ। ਕ੍ਰਿਸ਼ਨ ਜੀ ਨੇ ਉਸ ਦੇ ਲੱਤ ਮਾਰ ਕੇ ਆਪਦਾ ਪਰਨਾ ਉਸ 'ਤੇ ਦੇ ਦਿੱਤਾ ਤੇ ਆਪ ਓਹਲੇ ਹੋ ਗਏ।

ਮੁਚਕੰਦ ਨੇ ਜਦੋਂ ਅੱਖਾਂ ਖੋਲ੍ਹੀਆਂ ਤਾਂ ਸਾਹਮਣੇ ਕਾਲਜਮੁਨ ਆ ਗਿਆ, ਇਸ ਰਾਜਰਿਖੀ ਨੇ ਕਿਹਾ ਕਿ ਭਸਮ ਹੋ ਜਾ, ਭਸਮ ਹੋ ਜਾ, ਭਸਮ ਹੋ ਜਾ, ਇਹ ਕਹਿ ਕੇ ਉਸ ਨੂੰ ਭਸਮ ਕਰ ਦਿੱਤਾ। ਇਉਂ ਕ੍ਰਿਸ਼ਨ ਜੀ ਨੇ ਛਲ ਨਾਲ ਮੁਚਕੰਦ ਰਿਖੀ ਤੋਂ ਸਰਾਪ ਦਿਵਾ ਕੇ ਕਾਲਜਮੁਨ ਨੂੰ ਮਾਰਨਾ ਕੀਤਾ ਸੀ।

## ਰਕਤਬੀਜੁ; ਕਾਲੁਨੇਮੁ ਬਿਦਾਰੇ ॥

ਰਕਤਬੀਜੁ ਅਤੇ ਕਾਲੁ ਨੇਮ ਦੈਂਤਾਂ ਨੂੰ ਵੀ ਪਰਮੇਸ਼ਰ ਨੇ ਬਿਦਾਰੇ = ਨਾਸ ਕੀਤਾ।

**ਸਾਖੀ—ਰਕਤਬੀਜ ਦੀ :** ਰਕਤਬੀਜ ਵੀ ਬੜਾ ਭਾਰੀ ਬਲ ਵਾਲਾ ਦੈਂਤ ਹੋਇਆ ਸੀ। ਇਸ ਦੇ ਰਕਤ (ਲਹੂ) ਦੀਆਂ ਬੂੰਦਾਂ ਜਿਥੇ ਡਿੱਗਦੀਆਂ ਸਨ, ਉਥੋਂ ਅਨੇਕਾਂ ਦੈਂਤ ਹੋਰ ਪੈਦਾ ਹੋ ਜਾਇਆ ਕਰਨ। ਇਹ ਸੁੰਭ ਦਾ ਸੈਨਾਪਤੀ ਸੀ। ਮਾਰਕੰਡੇਯ ਪੁਰਾਣ ਅਨੁਸਾਰ ਇਸ ਨੂੰ ਕਾਲੀ ਅਤੇ ਦੁਰਗਾ ਨੇ ਮਿਲ ਕੇ ਮਾਰਨਾ ਕੀਤਾ ਸੀ।

ਸ੍ਰੀ ਦਸਮ ਗ੍ਰੰਥ ਜੀ ਵਿਚ ਸ੍ਰੀ ਕਲਗ਼ੀਧਰ ਪਾਤਿਸ਼ਾਹ ਜੀ ਚੰਡੀ ਦੀ ਵਾਰ ਨਾਮੇ ਬਾਣੀ ਵਿਚ ਉਚਾਰਨ ਕਰਦੇ ਹਨ। ਸੁੰਭ ਤੇ ਨਿਸੁੰਭ ਦੋਵੇਂ ਬੜੇ ਭਾਰੀ ਸੂਰਮੇ ਦੈਂਤ ਸੀ। ਇਨ੍ਹਾਂ ਨੇ ਇੰਦ੍ਰਪੁਰੀ ਨੂੰ ਜਿੱਤ ਲਿਆ ਤੇ ਸਾਰੇ ਦੇਵਤੇ ਭਜਾ ਦਿੱਤੇ ਸਨ ਅਤੇ ਤਿੰਨਾਂ ਲੋਕਾਂ ਵਿਚ ਹੀ ਆਪਣੀ ਦੋਹੀ ਫਿਰਾ ਦਿੱਤੀ। ਦੇਵਤਿਆਂ ਨੇ ਡਰਦਿਆਂ ਹੋਇਆਂ ਦੁਰਗਾ ਦੇ ਕੋਲ ਜਾ ਕੇ ਬੇਨਤੀ ਕੀਤੀ ਕਿ ਸਾਨੂੰ ਰਾਕਸ਼ਾਂ ਤੋਂ ਬਚਾਉਣਾ ਕਰੋ ਅਤੇ ਸਾਡਾ ਰਾਜ ਭਾਗ ਦਿਵਾਉਣਾ ਕਰੋ, ਇਸ ਪ੍ਰਕਾਰ ਦੁਰਗਾ ਸ਼ੇਰ ਉੱਪਰ ਚੜ੍ਹ ਕੇ ਰਾਕਸ਼ਾਂ ਨਾਲ ਯੁਧ ਕਰਨ ਲਈ ਆਈ। ਰਾਕਸ਼ਾਂ ਅਤੇ ਦੁਰਗਾ ਵਿਚ ਬੜਾ ਭਾਰੀ ਜੁੱਧ ਹੋਇਆ। ਰਾਕਸ਼ਾਂ ਦੇ ਚੰਡ, ਮੁੰਡ ਆਦਿਕ ਵੱਡੇ ਵੱਡੇ ਸੂਰਮੇ ਇਸ ਨੇ ਵੱਢ ਸੁੱਟੇ। ਰਾਕਸ਼ਾਂ ਨੇ ਮਤਾ ਕਰ ਕੇ ਆਪਣੇ ਸੈਨਾਪਤੀ ਸ੍ਰਣਵਤਬੀਜ (ਰਕਤਬੀਜ) ਨੂੰ ਦੁਰਗਾ ਨਾਲ ਲੜਨ ਲਈ ਭੇਜਿਆ।

ਇਨ੍ਹਾਂ ਦਾ ਬੜਾ ਭਿਆਨਕ ਜੁੱਧ ਹੋਇਆ, ਅਖ਼ੀਰ ਦੁਰਗਾ ਨੇ ਰਕਤਬੀਜ ਦੇ ਸਿਰ ’ਤੇ ਤਲਵਾਰ ਦਾ ਵਾਰ ਕੀਤਾ। ਉਸ ਦੇ ਖ਼ੂਨ ਦੀਆਂ ਬੂੰਦਾਂ ਜਿਥੇ ਜਿਥੇ ਡਿੱਗੀਆਂ, ਉਥੇ ਅਣਗਿਣਤ ਹੀ ਦੈਂਤ ਪੈਦਾ ਹੋ ਗਏ, ਮਨਾਰਿਆਂ ਵਾਂਗੂ ਜੰਗ ਦੇ ਮੈਦਾਨ ਵਿਚ ਖੜ੍ਹੇ ਹੋ ਗਏ ਤੇ ਦੁਰਗਾ ਨੂੰ ਲਲਕਾਰ ਕੇ ਕਹਿੰਦੇ ਕਿ ਸਾਹਮਣੇ ਆਣ ਕੇ ਜੰਗ ਕਰ। ਦੁਰਗਾ ਨੇ ਸਾਰੇ ਰਾਕਸ਼ ਮਾਰ ਦਿੱਤੇ ਤੇ ਉਨ੍ਹਾਂ ਦੇ ਖ਼ੂਨ ਦੇ ਪਰਨਾਲੇ ਵੱਗ ਤੁਰੇ। ਉਥੋਂ ਹੋਰ ਅਨੇਕਾਂ ਰਾਕਸ਼ਸ਼ ਪੈਦਾ ਹੋ ਗਏ। ਇਸ ਪ੍ਰਕਾਰ ਸ੍ਰਣਵਤਬੀਜ ਨੇ ਅਨੇਕਾਂ ਸ਼ਕਲਾਂ ਬਣਾ ਲਈਆਂ। ਸਾਰਿਆਂ ਨੇ ਤਲਵਾਰਾਂ ਕੱਢ ਕੇ ਦੁਰਗਾ ਉਪਰ ਹਮਲਾ ਕੀਤਾ, ਦੁਰਗਾ ਨੇ ਫਿਰ ਸਾਰੇ ਮਾਰ ਦਿੱਤੇ, ਉਹ ਉਤਨੇ ਹੀ ਹੋਰ ਦੂਣ ਸਵਾਏ ਹੋ ਗਏ। ਅਖ਼ੀਰ ਦੁਰਗਾ ਨੇ ਆਪਣੇ ਮੱਥੇ ਵਿੱਚੋਂ ਕਾਲਕਾ ਨੂੰ ਪ੍ਰਗਟ ਕੀਤਾ, ਜਿਸ ਨੇ ਇਨ੍ਹਾਂ ਦੀਆਂ ਬੂੰਦਾਂ ਨੂੰ ਧਰਤੀ ’ਤੇ ਨਾ ਡਿੱਗਣ ਦਿੱਤਾ, ਸਾਰਾ ਹੀ ਪੀ ਗਈ। ਇਉਂ ਇਸ ਹੰਕਾਰੇ ਰਕਤਬੀਜ ਦਾ ਦੁਰਗਾ ਨੇ ਅੰਤ ਕੀਤਾ।

**ਸਾਖੀ—ਕਾਲ ਨੇਮ ਦੀ :** ਰਾਮਾਇਣ ਵਿਚ ਪ੍ਰਸੰਗ ਆਉਂਦਾ ਹੈ ਕਿ ਕਾਲਨੇਮ ਰਾਵਣ ਦਾ ਮਾਮਾ ਸੀ। ਜਿਸ ਵੇਲੇ ਲਛਮਣ ਮੂਰਛਾ ਹੋਇਆ, ਉਸ ਵੇਲੇ ਲੰਕਾ ਵਿੱਚੋਂ ਇਕ ਵੈਦ ਬੁਲਾਇਆ ਗਿਆ, ਉਸ ਨੇ ਦੱਸਿਆ ਕਿ ਜੇਕਰ ਦਿਨ ਚੜ੍ਹੇ ਤੋਂ ਪਹਿਲਾਂ ਸੰਜੀਵਨੀ ਬੂਟੀ ਲਿਆ ਕੇ ਇਸ ਦੇ ਲਾਈ ਜਾਵੇ ਤਾਂ ਜਿਊਂਦਾ ਹੋ ਸਕਦਾ ਹੈ। ਉਸ ਵੇਲੇ ਰਾਮਚੰਦ੍ਰ ਜੀ ਨੇ ਸਾਰੀ ਫ਼ੌਜ ਤੋਂ ਪੁੱਛਿਆ ਕਿ ਕੋਈ ਦਿਨ ਚੜ੍ਹੇ ਤੋਂ ਪਹਿਲਾਂ ਸੰਜੀਵਨੀ ਬੂਟੀ ਲਿਆ ਸਕਦਾ ਹੈ ਤਾਂ ਸਾਰੇ ਕਹਿਣ ਲੱਗੇ ਕਿ ਇਤਨੀ ਜਲਦੀ ਨਹੀਂ ਆ ਸਕਦੀ। ਫਿਰ ਹਨੂੰਮਾਨ ਤਿਆਰ ਹੋਇਆ। ਜਿਸ ਵੇਲੇ ਹਨੂੰਮਾਨ ਸੰਜੀਵਨੀ ਬੂਟੀ ਲੈਣ ਜਾ ਰਿਹਾ ਸੀ, ਉਧਰ ਰਾਵਣ ਨੂੰ ਪਤਾ ਲੱਗਣ ’ਤੇ ਉਸ ਨੇ ਕਾਲਨੇਮ ਨੂੰ ਹਨੂੰਮਾਨ ਤਾਂਈ ਛਲਣ ਲਈ ਭੇਜ ਦਿੱਤਾ ਤੇ ਇਹ ਇਕ ਪਾਂਧਾ ਬਣ ਕੇ ਬੈਠ ਗਿਆ, ਹਨੂੰਮਾਨ ਉਥੇ ਪਾਣੀ ਪੀਣ ਲਈ ਗਿਆ ਤਾਂ ਇਸ ਨੇ ਕਿਹਾ ਕਿ ਆਉ ਪੈਰ ਧੋ ਕੇ ਬੈਠ ਜਾਓ ਅਤੇ ਮੇਰੇ ਕੋਲੋਂ ਸਿੱਖਿਆ ਪ੍ਰਾਪਤ ਕਰੋ। ਜਦੋਂ ਹਨੂੰਮਾਨ ਪੈਰ ਧੋਣ ਲੱਗਿਆ, ਉਥੇ ਇਕ ਰਾਕਸ਼ਣੀ ਮੱਛੀ ਬਣੀ ਹੋਈ ਸੀ, ਉਸ ਨੇ ਹਨੂੰਮਾਨ ਦਾ ਪੈਰ ਫੜ ਲਿਆ ਤੇ ਹਨੂੰਮਾਨ ਨੇ ਉਸ ਮੱਛੀ ਬਣੀ ਰਾਕਸ਼ਣੀ ਨੂੰ ਪੈਰ ਨਾਲ ਹੀ ਮਸਲ ਦਿੱਤਾ। ਉਹ ਪਰਲੋਕ ਨੂੰ ਜਾਂਦੀ ਹੋਈ ਕਹਿਣ ਲੱਗੀ ਕਿ ਇਹ ਪਾਂਧਾ ਨਹੀਂ ਹੈ, ਰਾਵਣ ਦਾ ਭੇਜਿਆ ਹੋਇਆ ਕਾਲਨੇਮ ਹੈ, ਇਸ ਨੂੰ ਮਾਰ ਦੇ। ਹਨੂੰਮਾਨ ਨੇ ਕਾਲਨੇਮ ਨੂੰ ਘਸੁੰਨ ਮਾਰ ਕੇ ਖ਼ਤਮ ਕਰ ਦਿੱਤਾ ਸੀ। ਇਸ ਪ੍ਰਕਾਰ ਉਸ ਨੂੰ ਮਾਰ ਕੇ ਹਨੂੰਮਾਨ ਨੇ ਸੰਜੀਵਨੀ ਬੂਟੀ ਲਿਆ ਕੇ ਰਾਮਚੰਦ੍ਰ ਜੀ ਨੂੰ ਦਿੱਤੀ ਸੀ।

## ਦੈਤ ਸੰਘਾਰਿ; ਸੰਤ ਨਿਸਤਾਰੇ ॥੭॥

ਇਸ ਪ੍ਰਕਾਰ ਪਰਮੇਸ਼ਰ ਨੇ ਹੰਕਾਰੀ ਦੈਤ = ਰਾਖਸ਼ਸ਼ਾਂ, ਦੈਂਤਾਂ ਨੂੰ ਸੰਘਾਰਿ = ਮਾਰਨਾ ਕੀਤਾ ਹੈ ਅਤੇ ਆਪਣੇ ਸੰਤ = ਸ਼ਾਂਤ ਆਤਮਾ ਭਗਤ ਜਨਾਂ ਨੂੰ ਇਸ ਪ੍ਰਪੰਚ ਤੋਂ ਨਿਸਤਾਰੇ = ਤਾਰਨਾ ਕੀ॥ਤਾ ਹੈ ॥੭॥

[ਅੰਗ ੨੨੫]

## ਆਪੇ ਸਤਿਗੁਰੁ; ਸਬਦੁ ਬੀਚਾਰੇ ॥ ਦੂਜੈ ਭਾਇ; ਦੈਤ ਸੰਘਾਰੇ ॥

ਅਕਾਲ ਪੁਰਖ ਆਪੇ = ਆਪ ਹੀ ਸਤਿਗੁਰੁ = ਗੁਰੂ ਸਾਹਿਬ ਜੀ ਦੁਆਰਾ ਸਬਦੁ = ਉਪਦੇਸ਼ ਦੀ ਬੀਚਾਰੇ = ਵਿਚਾਰ ਕਰਦਾ ਹੈ **ਵਾ:** ਉਹ ਪਰਮੇਸ਼ਰ ਆਪੇ = ਆਪ ਹੀ ਸਤਿਗੁਰੂ ਰੂਪ ਹੋ ਕੇ ਸਬਦੁ = ਉਪਦੇਸ਼ ਦੇਣ ਵਾਲਾ ਹੈ ਅਤੇ ਆਪ ਹੀ ਬੀਚਾਰੇ = ਵੀਚਾਰ ਦੇਣ ਵਾਲਾ ਹੈ। ਜਿਹੜੇ ਦੂਜੈ = ਦ੍ਵੈਤ ਭਾਇ = ਭਾਵ ਵਾਲੇ ਹਨ, ਉਨ੍ਹਾਂ ਦੈਤ = ਦੈਂਤਾਂ ਨੂੰ ਮਹਾਰਾਜ ਨੇ ਸੰਘਾਰੇ = ਨਾਸ਼ ਕਰਨਾ ਕੀਤਾ ਹੈ।

## ਗੁਰਮੁਖਿ, ਸਾਚਿ ਭਗਤਿ; ਨਿਸਤਾਰੇ ॥੮॥

ਸਾਚਿ = ਸੱਚੀ ਭਗਤਿ = ਭਗਤੀ ਕਰਨ ਵਾਲੇ ਗੁਰਮੁਖਿ ਜਨਾਂ ਨੂੰ ਗੁਰੂ ਸਾਹਿਬ ਨੇ ਸੰਸਾਰ ਤੋਂ ਨਿਸਤਾਰੇ = ਤਾਰਨਾ ਕੀਤਾ ਹੈ ॥੮॥

## ਬੂਡਾ ਦੁਰਜੋਧਨੁ; ਪਤਿ ਖੋਈ ॥ ਰਾਮੁ ਨ ਜਾਨਿਆ; ਕਰਤਾ ਸੋਈ ॥

ਜੋ ਆਪਣੇ ਮਾਣ ਹੰਕਾਰ ਦੇ ਵਿਚ ਬੂਡਾ = ਡੁੱਬਾ ਹੋਇਆ ਦੁਰਜੋਧਨ ਸੀ। ਉਸ ਨੇ ਆਪਣੀ ਪਤਿ = ਇੱਜ਼ਤ ਖੋਈ = ਗੁਆ ਲਈ ਸੀ।

ਸ਼੍ਰੀ ਕ੍ਰਿਸ਼ਨ ਜੀ ਦੇ ਤਾਈਂ ਰਾਮੁ = ਪਰਮੇਸ਼ਰ ਦਾ ਰੂਪ ਨ = ਨਹੀਂ ਜਾਨਿਆ = ਜਾਨਣਾ ਕੀਤਾ ਕਿ ਸੋਈ = ਇਹੋ ਹੀ ਵਿਸ਼ਨੂੰ ਦਾ ਅਵਤਾਰ ਸਭ ਕੁਝ ਕਰਤਾ = ਕਰਨ ਵਾਲਾ ਹੈ।

**ਸਾਖੀ—ਦੁਰਜੋਧਨ ਦੀ :** ਦੁਰਜੋਧਨ ਕੌਰਵਾਂ ਦਾ ਰਾਜਾ ਸੀ, ਇਹ ਗਾਂਧਾਰੀ ਦੇ ਉਦਰ ਤੋਂ ਧ੍ਰਿਤਰਾਸ਼ਟਰ ਦਾ ਵੱਡਾ ਪੁੱਤਰ ਸੀ, ਜੋ ਪਾਂਡਵਾਂ ਦਾ ਬੜਾ ਭਾਰੀ ਵਿਰੋਧੀ ਸੀ। ਜਦ ਪਾਂਡਵਾਂ ਨੇ ਰਾਜਸੂਅ ਯੱਗ ਕੀਤਾ, ਤਦ ਉਨ੍ਹਾਂ ਦੀ ਪ੍ਰਭੁਤਾ ਨੂੰ ਦੇਖ ਕੇ ਦੁਰਜੋਧਨ ਅੰਦਰੋ-ਅੰਦਰੀ ਜਲ ਗਿਆ ਅਤੇ ਪਾਂਡਵਾਂ ਦੇ ਨਾਸ ਕਰਨ ਦੇ ਉਪਾਯ ਸੋਚਣ ਲੱਗਾ। ਇਸ ਨੇ ਆਪਣੇ ਮਾਮੇ ਸ਼ਕੁਨੀ ਨਾਲ ਮਿਲ ਕੇ ਯੁਧਿਸ਼ਟਰ ਨੂੰ ਜੂਆ ਖੇਡਣ ਲਈ ਤਿਆਰ ਕੀਤਾ ਅਤੇ ਅਜਿਹੀ ਚਤੁਰਾਈ ਨਾਲ ਖੇਡ ਕੀਤੀ ਕਿ ਯੁਧਿਸ਼ਟਰ ਦਾ ਸਭ ਰਾਜ ਜਿੱਤ ਲਿਆ, ਨਾਲ ਹੀ ਪਾਂਡਵਾਂ ਦੀ ਪਿਆਰੀ ਇਸਤਰੀ ਦ੍ਰੋਪਤੀ ਵੀ ਜਿੱਤ ਲਈ। ਇਹ ਸਭ ਕੁਝ ਹੀ ਜੂਏ ਵਿਚ ਹਾਰ ਗਏ।

ਦੁਰਜੋਧਨ ਨੇ ਆਗਿਆ ਕੀਤੀ ਕਿ ਦ੍ਰੋਪਤੀ ਨੂੰ ਸਭਾ ਵਿਚ ਲਿਆਉ, ਜਿਸ 'ਤੇ ਦੁਸ਼ਾਸ਼ਨ ਨੇ ਦ੍ਰੋਪਤੀ ਨੂੰ ਕੇਸਾਂ ਤੋਂ ਫੜ ਕੇ ਸਭਾ ਵਿਚ ਲਿਆਂਦਾ, ਦੁਰਜੋਧਨ ਨੇ ਉਸ ਨੂੰ ਬਸਤਰਾਂ ਤੋਂ ਹੀਣੀ ਕਰਨ ਦਾ ਹੁਕਮ ਕੀਤਾ, ਜਿਸ ਪਰ ਭਗਵਾਨ ਕ੍ਰਿਸ਼ਨ ਨੇ ਉਸ ਦੀ ਰੱਖਿਆ ਕੀਤੀ।

ਭੀਮ ਸੈਨ ਨੇ ਉਥੇ ਪ੍ਰਤੱਗਿਆ ਕੀਤੀ ਕਿ ਮੈਂ ਦੁਰਜੋਧਨ ਨੂੰ ਆਪਣੀ ਗਦਾ ਨਾਲ ਮਾਰਾਂਗਾ। ਜੂਏ ਵਿਚ ਹਾਰਨ ਕਰ ਕੇ, ਪਾਂਡਵਾਂ ਨੂੰ ਬਾਰ੍ਹਾਂ ਵਰ੍ਹੇ ਬਨਵਾਸ ਅਤੇ ਇਕ ਵਰ੍ਹਾ ਗੁਪਤ ਵਾਸ ਕੱਟਣਾ ਪਿਆ। ਇਸ ਪਿੱਛੋਂ ਭਗਵਾਨ ਕ੍ਰਿਸ਼ਨ ਜੀ ਨੇ ਇਨ੍ਹਾਂ ਸਭ ਭਾਈਆਂ ਦੀ ਸੁਲਾਹ ਕਰਵਾਣੀ ਚਾਹੀ। ਕ੍ਰਿਸ਼ਨ ਜੀ ਨੇ ਦੁਰਜੋਧਨ ਨੂੰ ਕਿਹਾ ਕਿ ਪਾਂਡਵਾਂ ਨੂੰ ਪੰਜ ਪਿੰਡ ਦੇ ਦੇ। ਇਹ ਇਸ ਵਿਚ ਹੀ ਗੁਜ਼ਾਰਾ ਕਰ ਲੈਣਗੇ। ਪਰ ਅੱਗੋਂ ਦੁਰਜੋਧਨ ਨੇ ਬੜੇ ਹੰਕਾਰ ਦੇ ਸਹਿਤ ਕਿਹਾ ਕਿ ਕ੍ਰਿਸ਼ਨ ਜੀ ਤੁਸੀਂ ਪੰਜ ਪਿੰਡਾਂ ਦੀ ਗੱਲ ਕਰਦੇ ਹੋ, ਮੈਂ ਤਾਂ ਸੂਈ ਦੇ ਨੱਕੇ ਜਿੰਨੀ ਵੀ ਜਗ੍ਹਾ ਨਹੀਂ ਦੇਣੀ। ਦੁਰਜੋਧਨ ਨੇ ਏਕਤਾ ਦੀ ਗੱਲ ਨਾ ਮੰਨੀ, ਜਿਸ ਤੋਂ ਇਨ੍ਹਾਂ ਭਾਈਆਂ ਵਿਚ ਕੁਰਛੇਤਰ ਦੇ ਮੈਦਾਨ ਵਿਚ ਮਹਾਂਭਾਰਤ ਦਾ ਭਿਆਨਕ ਜੁੱਧ ਹੋਇਆ। ਉਧਰ ਜੋਤਸ਼ੀਆਂ ਨੇ ਦੁਰਜੋਧਨ ਨੂੰ ਕਿਹਾ ਕਿ ਤੇਰਾ ਭੀਮ ਸੈਨ ਨਾਲ ਜੰਗ ਹੋਵੇਗਾ, ਜਿਸ ਵਿਚ ਤੂੰ ਭੀਮ ਸੈਨ ਦੇ ਹੱਥੋਂ ਮਰੇਂਗਾ। ਤਾਂ ਇਸ ਨੇ ਯਥਾਰਥ ਬਕਤਾ ਯੁਧਿਸ਼ਟਰ ਨੂੰ ਕਿਹਾ ਕਿ ਹੇ ਯੁਧਿਸ਼ਟਰ ਮੇਰੀ ਭੀਮ ਸੈਨ ਨਾਲ ਜੰਗ ਹੋਣੀ ਹੈ। ਮੇਰੀ ਬੱਜਰ ਦੀ ਦੇਹ ਕਿਵੇਂ ਹੋਵੇ ? ਤਾਂ ਯੁਧਿਸ਼ਟਰ ਨੇ ਅੱਗੋਂ ਕਿਹਾ ਕਿ ਤੇਰੀ ਮਾਤਾ ਨੇ ਤੇਰੇ ਪਿਤਾ ਦੇ ਅੰਨ੍ਹੇ ਹੋਣ ਕਰਕੇ ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਈ

ਹੈ। ਕਿਸੇ ਵੱਲ ਤੱਕਿਆ ਨਹੀਂ ਹੈ। ਜੇਕਰ ਤੂੰ ਬਸਤਰਾਂ ਤੋਂ ਹੀਣਾ ਹੋ ਕੇ ਆਪਣੀ ਮਾਂ ਦੀਆਂ ਅੱਖਾਂ ਤੋਂ ਪੱਟੀ ਖੁਲ੍ਹਵਾ ਕੇ ਉਸ ਦੇ ਅੱਗੋਂ ਦੀ ਲੰਘ ਜਾਵੇਂ ਤਾਂ ਤੇਰਾ ਸਰੀਰ ਬਜਰ ਵਰਗਾ ਹੋ ਜਾਵੇਗਾ। ਤਾਂ ਕ੍ਰਿਸ਼ਨ ਭਗਵਾਨ ਨੇ ਯੁਧਿਸ਼ਟਰ ਨੂੰ ਕਿਹਾ ਕਿ ਤੂੰ ਇਹ ਚੰਗਾ ਨਹੀਂ ਕੀਤਾ। ਯੁਧਿਸ਼ਟਰ ਨੇ ਕਿਹਾ ਕਿ ਮੈਂ ਤਾਂ ਸੱਚ ਹੀ ਬੋਲਿਆ ਹੈ। ਕ੍ਰਿਸ਼ਨ ਨੇ ਕਿਹਾ ਕਿ ਤੇਰਾ ਇਹ ਸੱਚ ਦੁਸ਼ਮਣ ਨੂੰ ਬਚਾਉਣ ਵਾਲਾ ਹੈ, ਤੂੰ ਚੁੱਪ ਵੀ ਤਾਂ ਕਰ ਸਕਦਾ ਸੀ।

ਫਿਰ ਕ੍ਰਿਸ਼ਨ ਜੀ ਦੁਰਜੋਧਨ ਨੂੰ ਮਖ਼ੌਲ ਕਰਨ ਲੱਗੇ ਕਿ ਦੇਖ ਤੂੰ ਨੌਜੁਆਨ ਹੈਂ, ਆਪਣੀ ਮਾਂ ਦੇ ਅੱਗੇ ਨੰਗਾ ਹੋ ਕੇ ਜਾਵੇਂਗਾ। ਉਸ ਵੇਲੇ ਦੁਰਜੋਧਨ ਆਪਣੇ ਲੱਕ ਦੁਆਲੇ ਫੁੱਲਾਂ ਦਾ ਸਿਹਰਾ ਜਿਹਾ ਕਰ ਕੇ ਆਪਣੀ ਮਾਂ ਦੇ ਅੱਗੋਂ ਲੰਘਿਆ। ਉਹ ਫੁੱਲਾਂ ਵਾਲਾ ਥਾਂ ਕੱਚਾ ਰਹਿ ਗਿਆ। ਜਿਸ ਪਰ ਭੀਮ ਸੈਨ ਨੇ ਇਸ ਨੂੰ ਆਪਣੇ ਗੁਰਜਾਂ ਨਾਲ ਮਾਰ ਦਿੱਤਾ ਸੀ। ਇਸ ਪ੍ਰਕਾਰ ਦੁਰਜੋਧਨ ਨੇ ਆਪਣੀ ਇੱਜ਼ਤ ਗੁਆ ਲਈ।

## ਜਨ ਕਉ ਦੂਖਿ ਪਚੈ; ਦੁਖੁ ਹੋਈ ॥੯॥

ਪਰਮੇਸ਼ਰ ਦੇ ਜਨ = ਭਗਤ ਜਨਾਂ ਕਉ = ਨੂੰ ਜਿਹੜਾ ਦੂਖਿ = ਕਸ਼ਟ ਪਚੈ = ਪਹੁੰਚਾਉਂਦਾ ਹੈ, ਉਸ ਦਾ ਪਰਮੇਸ਼ਰ ਨੂੰ ਭੀ ਦੁਖ = ਕਸ਼ਟ ਹੋਈ = ਹੁੰਦਾ ਹੈ **ਅਥਵਾ** ਪਰਮੇਸ਼ਰ ਦੇ ਭਗਤ ਜਨਾਂ ਨੂੰ ਦੁਖ ਪਹੁੰਚਾਉਣ ਵਾਲਾ ਅੰਤ ਨੂੰ ਆਪ ਵੀ ਦੁਖੀ ਹੋ ਕਰ ਕੇ ਪਚੈ = ਸੜ ਕੇ ਨਾਸ ਹੁੰਦਾ ਹੈ॥੯॥ ਜੈਸਾ ਕਿ :

**ਸੰਤਨ ਦੁਖ ਪਾਏ ਤੇ ਦੁਖੀ॥** *(ਸ੍ਰੀ ਦਸਮ ਗ੍ਰੰਥ, ਪੰਨਾ ੧੩੮੭)*

## ਜਨਮੇਜੈ; ਗੁਰ ਸਬਦੁ ਨ ਜਾਨਿਆ॥

ਰਾਜੇ ਜਨਮੇਜੈ = ਜਨਮੇਜੇ ਨੇ ਵੀ ਆਪਣੇ ਗੁਰ = ਗੁਰੂ ਬਿਆਸ ਦੇ ਕਹੇ ਹੋਏ ਸਬਦੁ = ਬਚਨ ਨੂੰ ਨ = ਨਹੀਂ ਜਾਨਿਆ = ਜਾਨਣਾ ਕੀਤਾ। ਬਿਆਸ ਨੇ ਜੋ ਇਸ ਦੀ ਹੋਣੀ ਸੀ, ਉਸ ਨੂੰ ਪਹਿਲਾਂ ਹੀ ਦੱਸ ਦਿੱਤਾ ਅਤੇ ਭੀਮ ਸੈਨ ਦੁਆਰਾ ਜੋ ਹਾਥੀ ਅਕਾਸ਼ ਵੱਲ ਸੁੱਟੇ ਸਨ, ਉਹ ਅਜੇ ਵੀ ਉਪਰ ਹੀ ਹਨ। ਇਨ੍ਹਾਂ ਸ਼ਬਦਾਂ ਨੂੰ ਰਾਜੇ ਜਨਮੇਜੇ ਨੇ ਨਾ ਜਾਣਿਆ।

## ਕਿਉ ਸੁਖੁ ਪਾਵੈ; ਭਰਮਿ ਭੁਲਾਨਿਆ॥
## ਇਕੁ ਤਿਲੁ ਭੂਲੇ; ਬਹੁਰਿ ਪਛੁਤਾਨਿਆ ॥੧੦॥

ਭਰਮਿ = ਸੰਸੇ ਵਿਚ ਹੀ ਭੁਲਾਨਿਆ = ਭੁੱਲ ਗਿਆ ਸੀ ਤੇ ਫਿਰ ਕਿਉ = ਕਿਵੇਂ ਸੁਖ = ਅਨੰਦ ਦੇ ਤਾਈਂ ਪਾਵੈ = ਪ੍ਰਾਪਤ ਕਰਦਾ। ਇਕੁ ਤਿਲੁ = ਤਿਲ ਮਾਤਰ ਭੂਲੇ = ਭੁੱਲਣ ਕਰਕੇ ਬਹੁਰਿ = ਮੁੜ ਕੇ ਜਨਮੇਜੇ ਨੂੰ ਪਛੁਤਾਨਿਆ = ਪਛਤਾਵਾ ਕਰਨਾ ਪਿਆ ਸੀ। ਅੰਤ ਨੂੰ ਕੋਹੜ ਕਰ ਕੇ ਇਸ ਦੀ ਮੌਤ ਹੋਈ ਸੀ॥੧੦॥

## ਕੰਸੁ ਕੇਸੁ; ਚਾਂਡੂਰੁ ਨ ਕੋਈ॥

ਕੰਸੁ = ਕ੍ਰਿਸ਼ਨ ਦਾ ਮਾਮਾ, ਕੇਸੁ = ਕੇਸੀ ਦੈਂਤ ਅਤੇ ਚਾਂਡੂਰ ਪਹਿਲਵਾਨ ਆਦਿ ਕੋਈ ਵੀ ਦੈਂਤ ਨ = ਨਾ ਰਿਹਾ **ਵਾ:** ਕੰਸੁ ਨੂੰ ਕੇਸੁ = ਕੇਸਾਂ ਤੋਂ ਫੜ ਕੇ ਪਟਕਾ ਕੇ ਮਾਰਨਾ ਕੀਤਾ। ਕੰਸ ਕ੍ਰਿਸ਼ਨ ਦਾ ਮਾਮਾ ਸੀ, ਇਸ ਨੇ ਆਪਣੀ ਭੈਣ ਤੇ ਭਣਵਈਏ (ਦੇਵਕੀ ਤੇ ਵਾਸਦੇਵ) ਨੂੰ ਜੇਲ੍ਹ ਵਿਚ ਕੈਦ ਕਰ ਕੇ ਰੱਖਿਆ ਸੀ। ਇਸ ਨੇ ਕ੍ਰਿਸ਼ਨ ਦੇ ਸੱਤ ਭਰਾਵਾਂ ਨੂੰ ਨਾਸ ਕੀਤਾ ਸੀ। ਕ੍ਰਿਸ਼ਨ ਜੀ ਗੋਕਲ ਵਿਚ ਜਾ ਕੇ ਨੰਦ ਰਾਜ ਅਤੇ ਯਸ਼ੌਦਾ ਦੇ ਘਰ ਵਿਚ ਪਲੇ ਸਨ। ਉਸੇ ਦਿਨ ਜੋ ਲੜਕੀ ਪੈਦਾ ਹੋਈ ਸੀ ਉਹ ਕੰਸ ਨੂੰ ਲਿਆ ਕੇ ਦਿੱਤੀ, ਜਿਸ ਨੂੰ ਕੰਸ ਨੇ ਪੱਥਰ ਨਾਲ ਮਾਰ ਕੇ ਖ਼ਤਮ ਕਰ ਦਿੱਤਾ ਸੀ। ਕੰਸ ਨੇ ਕ੍ਰਿਸ਼ਨ ਜੀ ਨੂੰ ਮਾਰਨ ਲਈ ਬਹੁਤ ਯਤਨ ਕੀਤੇ। ਪੂਤਨਾ ਨੂੰ ਦਾਈ ਬਣਾ ਕੇ ਭੇਜਿਆ।

ਫਿਰ ਕੇਸੀ ਦੈਂਤ ਕ੍ਰਿਸ਼ਨ ਨੂੰ ਮਾਰਨ ਲਈ ਭੇਜਿਆ। ਜੋ ਘੋੜੇ ਦੀ ਸ਼ਕਲ ਬਣਾ ਕੇ ਆਇਆ। ਕ੍ਰਿਸ਼ਨ

ਜੀ ਨੇ ਬੱਜਰ ਦੀ ਬਾਂਹ ਬਣਾ ਕੇ ਇਸ ਦੇ ਮੂੰਹ ਵਿਚ ਬਾਂਹ ਪਾ ਕੇ ਇਸ ਦੇ ਪ੍ਰਾਣ ਹਰੇ। ਇਸ ਨੂੰ ਮਾਰਨਾ ਕੀਤਾ। ਕੰਸ ਨੇ ਫਿਰ ਚੰਡੂਰ ਨਾਮੇ ਪਹਿਲਵਾਨ ਨੂੰ ਅਤੇ ਮੁਸ਼ਟਕ ਨਾਮੇ ਪਹਿਲਵਾਨ ਨਾਲ ਕੁਸ਼ਤੀ ਕਰਨ ਲਈ ਕ੍ਰਿਸ਼ਨ ਨੂੰ ਬੁਲਵਾਇਆ। ਚਾਂਡੂਰ ਨਾਲ ਕ੍ਰਿਸ਼ਨ ਜੀ ਨੇ ਜੰਗ ਕੀਤਾ ਤੇ ਮੁਸ਼ਟਕ ਦੇ ਨਾਲ ਬਲਰਾਮ ਨੇ ਜੰਗ ਕੀਤਾ ਦੋਵੇਂ ਹੀ ਦੈਂਤ ਮਾਰ ਦਿੱਤੇ। ਫਿਰ ਕੰਸ ਨੂੰ ਵੀ ਅੰਤ ਨੂੰ ਕੇਸਾਂ ਤੋਂ ਪਕੜ ਕੇ ਪਟਕਾ ਮਾਰਿਆ, ਇਉਂ ਇਨ੍ਹਾਂ ਵਿੱਚੋਂ ਕੋਈ ਵੀ ਨਾ ਰਿਹਾ। ਜੈਸਾ ਕਿ :

**ਤੈਥੋਂ ਹੀ ਬਲੁ ਕ੍ਰਿਸ਼ਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥** *(ਸ੍ਰੀ ਦਸਮ ਗ੍ਰੰਥ, ਪੰਨਾ ੧੧੯)*

## ਰਾਮੁ ਨ ਚੀਨਿਆ; ਅਪਨੀ ਪਤਿ ਖੋਈ ॥ ਬਿਨੁ ਜਗਦੀਸ; ਨ ਰਾਖੈ ਕੋਈ ॥੧੧॥

ਇਉਂ ਜਿਨ੍ਹਾਂ ਨੇ ਰਾਮੁ = ਪਰਮੇਸ਼ਰ ਨੂੰ ਚੀਨਿਆ = ਜਾਣਿਆ ਨ = ਨਹੀਂ ਹੈ, ਉਨ੍ਹਾਂ ਨੇ ਅਪਨੀ = ਆਪਣੀ ਪਤਿ = ਇੱਜ਼ਤ ਖੋਈ = ਗੁਆ ਲਈ ਹੈ। ਜਗਦੀਸ = ਜਗਤ ਦੇ ਈਸ਼ਵਰ, ਪਰਮੇਸ਼ਰ ਤੋਂ ਬਿਨੁ = ਬਗ਼ੈਰ ਕੋਈ ਵੀ ਨ = ਨਹੀਂ ਰਾਖੈ = ਰੱਖ ਸਕਦਾ॥੧੧॥

## ਬਿਨੁ ਗੁਰ; ਗਰਬੁ ਨ ਮੇਟਿਆ ਜਾਇ ॥ ਗੁਰਮਤਿ; ਧਰਮੁ ਧੀਰਜੁ ਹਰਿ ਨਾਇ ॥

ਗੁਰ = ਸਤਿਗੁਰੂ ਸਾਹਿਬ ਜੀ ਤੋਂ ਬਿਨੁ = ਬਗ਼ੈਰ ਕਿਸੇ ਕੋਲੋਂ ਵੀ ਗਰਬੁ = ਹੰਕਾਰ ਮੇਟਿਆ = ਨਵਿਰਤ ਨ = ਨਹੀਂ ਕੀਤਾ ਜਾਇ = ਜਾ ਸਕਦਾ। ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਧਰਮੁ = ਧਰਮੀ ਬਣੀਏ ਅਤੇ ਧੀਰਜੁ = ਧੀਰਜਤਾ ਧਾਰਨ ਕਰੀਏ ਅਤੇ ਹਰਿ = ਪਰਮੇਸ਼ਰ ਦੇ ਨਾਇ = ਨਾਮ ਨੂੰ ਗੁਰਾਂ ਦੁਆਰਾ ਪ੍ਰਾਪਤ ਕਰ ਕੇ ਜਪਣਾ ਕਰੀਏ।

## ਨਾਨਕ; ਨਾਮੁ ਮਿਲੈ, ਗੁਣ ਗਾਇ ॥੧੨॥੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦਾ ਨਾਮ ਮਿਲੈ = ਪ੍ਰਾਪਤ ਹੋਵੇ ਅਤੇ ਉਸ ਦੇ ਗੁਣ = ਸਿਫ਼ਤਾਂ ਤਾਈਂ ਗਾਇ = ਗਾਇਆ ਜਾਵੇ, ਤਾਂ ਹੀ ਹੰਕਾਰ ਆਦਿਕ ਨਾਸ਼ ਹੁੰਦੇ ਹਨ ਤੇ ਮੁਕਤ ਹੋਈਦਾ ਹੈ॥੧੨॥੯॥

## ਗਉੜੀ, ਮਹਲਾ ੧ ॥

ਸ੍ਰੀ ਗੁਰੂ ਨਾਨਕ ਦੇਵ ਜੀ ਨਾਨਕ ਮੱਤੇ ਵਾਲੇ ਅਸਥਾਨ 'ਤੇ ਬੈਠੇ ਸਿੱਧਾਂ ਨਾਲ ਚਰਚਾ ਕਰ ਰਹੇ ਸਨ। ਸਿੱਧਾਂ ਨੇ ਆਪਣੀ ਸਿਧੀ ਦੇ ਸੁਖ ਕਥਨ ਕੀਤੇ। ਤਦੋਂ ਗੁਰੂ ਸਾਹਿਬ ਜੀ ਮਾਇਕੀ ਪਦਾਰਥਾਂ ਦਾ ਨਿਖੇਧ ਕਰਦੇ ਅਤੇ ਪਰਮੇਸ਼ਰ ਅੱਗੇ ਬੇਨਤੀ ਕਰਦੇ ਹਨ ਅਤੇ ਉਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦਿੰਦੇ ਹੋਏ ਵਿਨੋਕ੍ਤਿ[1] ਅਲੰਕਾਰ ਦੁਆਰਾ ਇਹ ਪਾਵਨ ਸ਼ਬਦ ਉਚਾਰਨ ਕਰਦੇ ਹਨ।

## ਚੋਆ ਚੰਦਨੁ; ਅੰਕਿ ਚੜਾਵਉ ॥ ਪਾਟ ਪਟੰਬਰ; ਪਹਿਰਿ ਹਢਾਵਉ ॥

ਚੰਦਨੁ = ਚੰਦਨ ਆਦਿ ਚੋਆ = ਚੁਆ ਚੁਆ ਕੇ ਸਰੀਰ ਦੇ ਅੰਕਿ = ਅੰਗਾਂ 'ਤੇ ਚੜਾਵਉ = ਚੜ੍ਹਾਉਣਾ, ਭਾਵ ਮਲ ਮਲ ਕੇ ਲਾਉਣਾ ਕਰਦੇ ਹੋ ਪਾਟ = ਰੇਸ਼ਮ ਦੇ ਬਸਤਰਾਂ ਨੂੰ ਪਹਿਰਿ = ਪਹਿਨਣਾ ਕਰੇ ਤੇ ਪਟੰਬਰ = ਪਸ਼ਮੀਨੇ ਬਸਤਰਾਂ ਨੂੰ ਹੰਢਾਉਣਾ ਕਰਦੇ ਹੋ।

---

੧. ਵਿਨੋਕ੍ਤਿ = ਇਕ ਅਰਥਾਲੰਕਾਰ ਹੈ, ਕਿਸੇ ਐਸੀ ਵਸਤੂ ਦਾ ਵਰਣਨ ਜਿਸ ਬਿਨਾਂ ਹੋਰ ਵਸਤੂ **ਵਾ:** ਵਸਤਾਂ ਸੋਭਾ ਅਤੇ ਫਲ ਰਹਿਤ ਹੋਣ, ਉਸ ਨੂੰ "ਵਿਨੋਕ੍ਤਿ ਅਲੰਕਾਰ" ਕਹਿੰਦੇ ਹਨ।

## ਬਿਨੁ ਹਰਿ ਨਾਮ; ਕਹਾ ਸੁਖੁ ਪਾਵਉ ॥੧॥

ਹੇ ਭਾਈ! ਹਰਿ = ਹਰੀ ਪਰਮੇਸ਼ਰ ਦੇ ਨਾਮ ਤੋਂ ਬਿਨੁ = ਬਗ਼ੈਰ ਇਨ੍ਹਾਂ ਪਦਾਰਥਾਂ ਵਿਚ ਕਹਾ = ਕੀ ਸੁਖੁ = ਅਨੰਦ ਨੂੰ ਪਾਵਉ = ਪਾਵੋਂਗੇ, ਭਾਵ ਨਾਮ ਤੋਂ ਬਿਨਾਂ ਸਭ ਪਦਾਰਥ ਦੁਖ ਰੂਪ ਹੀ ਹਨ॥੧॥

## ਕਿਆ ਪਹਿਰਉ; ਕਿਆ ਓਢਿ ਦਿਖਾਵਉ ॥
## ਬਿਨੁ ਜਗਦੀਸ; ਕਹਾ ਸੁਖੁ ਪਾਵਉ ॥੧॥ਰਹਾਉ॥

ਤੁਸੀਂ ਕਿਆ = ਕੀ ਬਸਤਰ ਆਦਿਕ ਪਹਿਰਉ = ਪਹਿਰਨਾ ਕਰੋਗੇ ਅਤੇ ਕਿਆ = ਕੀ ਦੁਸ਼ਾਲੇ ਆਦਿਕ ਓਢਿ = ਓਢ ਕੇ, ਪਹਿਰ ਕੇ ਦਿਖਾਵਉ = ਵਿਖਾਉਂਦੇ ਹੋ ?

ਜਗਦੀਸ = ਜਗਤ ਦੇ ਈਸ਼ਵਰ ਪਰਮੇਸ਼ਰ ਤੋਂ ਬਿਨੁ = ਬਿਨਾਂ ਕਹਾ = ਕਿਥੋਂ ਸੁਖੁ = ਕੁਸ਼ਲ, ਅਨੰਦ ਨੂੰ ਪਾਵਉ = ਪ੍ਰਾਪਤ ਕਰੋਗੇ, ਭਾਵ ਕੋਈ ਸੁਖ ਪ੍ਰਾਪਤ ਨਹੀਂ ਹੋਣਗੇ॥੧॥ਰਹਾਉ॥

## ਕਾਨੀ ਕੁੰਡਲ; ਗਲਿ ਮੋਤੀਅਨ ਕੀ ਮਾਲਾ ॥ ਲਾਲ ਨਿਹਾਲੀ; ਫੂਲ ਗੁਲਾਲਾ ॥

ਕਾਨੀ = ਕੰਨਾਂ ਵਿਚ ਸੋਨੇ ਆਦਿਕ ਦੇ ਕੁੰਡਲ = ਬਾਲੇ (ਗੋਲਾਕਾਰ, ਕੰਨਾਂ ਦਾ ਭੂਸ਼ਣ) ਪਾ ਲਿਆ ਅਤੇ ਗਲਿ = ਗਲੇ ਵਿਚ ਮੋਤੀਅਨ = ਮੋਤੀਆਂ ਕੀ = ਦੀ ਮਾਲਾ = ਹਾਰ ਆਦਿਕ ਪਹਿਣ ਲਏ ਤਾਂ ਕੀ ਹੋ ਗਿਆ ? ਅਤੇ ਸੇਜਾ ਉੱਪਰ ਲਾਲ = ਸੂਹੇ ਰੰਗ ਦੀ ਨਿਹਾਲੀ = ਤੁਲਾਈ ਵਿਛਾ ਲਈ ਅਤੇ ਉਪਰ ਗੁਲਾਲਾ = ਗੁਲ ਲਾਲਹ ਜੇਹਾ ਸੁਰਖ **ਵਾ:** ਗੁਲਾਬ ਆਦਿ ਦੇ ਫੂਲ = ਫੁੱਲ ਵਿਛਾ ਲਏ **ਵਾ:** ਫੂਲ ਗੁਲਾਲਾ = ਪੋਸਤ ਦੇ ਫੁੱਲ ਦੀ ਨਿਆਈਂ ਥੰਧਿਆਈ ਵਾਲਾ ਹੋ ਕੇ ਜੇ ਫੂਲ = ਫੁੱਲਿਆ ਫਿਰਦਾ ਹੈ ਤਾਂ ਕੀ ਹੋ ਗਿਆ ਹੈ। ਪ੍ਰੰਤੂ :

## ਬਿਨੁ ਜਗਦੀਸ; ਕਹਾ ਸੁਖੁ ਭਾਲਾ ॥੨॥

ਜਗਦੀਸ = ਜਗਤ ਦੇ ਈਸ਼ਵਰ ਪਰਮਾਤਮਾ ਦੇ ਨਾਮ ਤੋਂ ਬਿਨੁ = ਬਗ਼ੈਰ ਕਹਾ = ਕਿਥੋਂ ਸੁਖ = ਸੁਖਾਂ ਨੂੰ ਭਾਲਾ = ਭਾਲਦੇ ਹੋ, ਭਾਵ ਨਾਮ ਤੋਂ ਬਿਨਾਂ ਕਿਤੋਂ ਵੀ ਸੁਖ ਪ੍ਰਾਪਤ ਨਹੀਂ ਹੋਣੇ॥੨॥

## ਨੈਨ ਸਲੋਨੀ; ਸੁੰਦਰ ਨਾਰੀ ॥ ਖੋੜ ਸੀਗਾਰ ਕਰੈ; ਅਤਿ ਪਿਆਰੀ ॥

ਨੈਨ ਸਲੋਨੀ = ਸੁੰਦਰ ਨੇਤਰਾਂ ਵਾਲੀ ਅਤੇ ਸੁੰਦਰ = ਸੋਹਣੀ ਨਾਰੀ = ਇਸਤਰੀ ਵੀ ਹੋਵੇ ਜਿਹੜੀ ਖੋੜ = ਸੋਲ੍ਹਾਂ ਸੀਗਾਰ = ਸ਼ਿੰਗਾਰ ਕਰੈ = ਕਰਦੀ ਹੋਵੇ ਅਤੇ ਅਤਿ = ਬਹੁਤ ਹੀ ਜ਼ਿਆਦਾ ਪਿਆਰੀ = ਪ੍ਰਿਯ ਲੱਗਦੀ ਹੋਵੇ। ਜੈਸਾ ਕਿ :

**ਪ੍ਰਥਮ ਸਕਲ ਸੁਚ ਮੱਜਨ ਅਮਲਵਾਸ, ਜਾਵਕ ਸੁਦੇਸ ਕੇਸ ਪਾਸ਼ ਕੋ ਸੁਧਾਰਬੋ।**
**ਅੰਗ ਰਾਗ ਭੂਸ਼ਣ ਵਿਵਿਧ ਮੁਖਵਾਸ ਰੰਗ, ਕੱਜਲ ਕਲਿਲ ਲੋਕ ਲੋਚਨ ਨਿਹਾਰਬੋ।**
**ਬੋਲਨ ਹਸਨ ਮ੍ਰਿਦੁਚਲਨ ਚਿਤੌਰ ਚਾਰ, ਪਲ ਪਲ ਪਤਿਵ੍ਰਤ ਪ੍ਰੀਤਿ ਸਿੰਗਾਰਬੋ।**
**ਕੇਸ਼ੋਦਾਸ ਸਵਿਲਾਸ ਕਰਹੋ ਕੁੰਵਰਿ ਰਾਧੇ! ਇਹ ਵਿਧਿ ਸੋਰਹਿ ਸਿੰਗਾਰਨ ਸਿੰਗਾਰਬੋ।**

*(ਰਸਿਕ ਪ੍ਰਿਯਾ, ਕੇਸ਼ਵਦਾਸ)*

## ਬਿਨੁ ਜਗਦੀਸ ਭਜੇ; ਨਿਤ ਖੁਆਰੀ ॥੩॥

(**ਭਜੇ** ਦਾ ਉਚਾਰਣ ਅੱਧਕ ਰਹਿਤ ਹੈ)

ਜਗਦੀਸ = ਜਗਤ ਦੇ ਮਾਲਕ ਵਾਹਿਗੁਰੂ ਦੇ ਭਜੇ = ਸਿਮਰਨ ਕੀਤੇ ਤੋਂ ਬਿਨੁ = ਬਿਨਾਂ ਜੀਵ ਨਿਤ = ਨਿਤਾ ਪ੍ਰਤੀ ਖੁਆਰੀ = ਖ਼ਰਾਬ ਹੀ ਹੁੰਦਾ ਹੈ॥੩॥

## ਦਰ ਘਰ ਮਹਲਾ; ਸੇਜ ਸੁਖਾਲੀ ॥
## ਅਹਿਨਿਸਿ; ਫੂਲ ਬਿਛਾਵੈ ਮਾਲੀ ॥

ਕੀ ਹੋਇਆ ਜੇਕਰ ਸੁੰਦਰ ਦਰ = ਦਰਵਾਜ਼ੇ ਬਣਾ ਲਏ, ਸੁੰਦਰ ਘਰ = ਮਕਾਨ ਬਣਾ ਲਏ, ਮਹਲਾ = ਸੀਸ ਮਹੱਲ ਵਰਗੇ ਪੱਕੇ ਮਕਾਨ ਬਣਾ ਲਏ ਅਤੇ ਸੁਖਾਲੀ = ਸੁੱਖਾਂ ਵਾਲੀਆਂ ਸੇਜ = ਸੇਜਾਂ ਬਣਾ ਲਈਆਂ **ਵਾ:** ਘਰ = ਘਰ ਦੇ ਦਰ = ਅੰਦਰ ਸੁੰਦਰ ਮਹਲਾ = ਮਹਿਲਾ ਭਾਵ ਇਸਤਰੀਆਂ ਸੁਖਾਲੀ = ਸੁਖਾਂ ਵਾਲੀ ਸੇਜ = ਸੇਜਾਂ ਉੱਪਰ ਬੈਠੀਆਂ ਹੋਣ। ਅਰ ਉਨ੍ਹਾਂ ਸੇਜਾਂ ਉਪਰ ਅਹਿਨਿਸਿ = ਰਾਤ ਦਿਨ ਮਾਲੀ ਫੂਲ = ਫੁੱਲਾਂ ਨੂੰ ਬਿਛਾਵੈ = ਵਿਛਾਉਂਦਾ ਰਹੇ।

**ਸਾਖੀ—ਫੁੱਲਾਂ ਵਾਲੀ ਸੇਜਾ ਦੀ :** ਇਕ ਅਦਮ ਬਾਦਸ਼ਾਹ ਹੋਇਆ ਹੈ, ਉਸ ਦੀ ਫੁੱਲਾਂ ਵਾਲੀ ਸੇਜਾ ਨੂੰ ਹਰ ਰੋਜ਼ ਇਕ ਮਾਲੀ ਵਿਛਾਇਆ ਕਰਦਾ ਸੀ। ਇਕ ਦਿਨ ਮਾਲੀ ਫੁੱਲਾਂ ਦੀ ਸੇਜਾ ਵਿਛਾ ਕੇ ਚਲਾ ਗਿਆ। ਤਾਂ ਇਕ ਦਾਸੀ ਝਾੜੂ ਦੇਣ ਵਾਸਤੇ ਆਈ। ਉਹ ਰਾਜੇ ਦੀ ਫੁੱਲਾਂ ਦੀ ਵਿਛੀ ਹੋਈ ਸੇਜਾ ਉੱਪਰ ਪੈ ਗਈ। ਉਸ ਨੂੰ ਨੀਂਦ ਆ ਗਈ, ਉਧਰੋਂ ਰਾਜਾ ਆ ਗਿਆ। ਰਾਜਾ ਉਸ ਨੂੰ ਬਹੁਤ ਗ਼ੁੱਸੇ ਹੋਇਆ ਅਤੇ ਉਸ ਦੇ ਕੋਰੜੇ ਮਾਰੇ। ਕਹਿਣ ਲੱਗਾ ਕਿ ਤੂੰ ਦਾਸੀ ਹੋ ਕੇ ਮੇਰੀ ਸੇਜਾ ਉੱਪਰ ਪਈ ਹੈਂ। ਉਸ ਵੇਲੇ ਦਾਸੀ ਨਾਲੇ ਰੋਵੇ ਅਤੇ ਨਾਲੇ ਹੱਸੇ। ਰਾਜਾ ਹੈਰਾਨ ਹੋ ਕੇ ਪੁੱਛਣ ਲੱਗਿਆ ਕਿ ਹੇ ਦਾਸੀ! ਤੂੰ ਰੋਈ ਵੀ ਜਾਂਦੀ ਹੈਂ ਤੇ ਹੱਸੀ ਵੀ ਜਾਂਦੀ ਹੈਂ, ਇਹ ਕੀ ਕਾਰਨ ਹੈ? ਇਹ ਕਹਿਣ ਲੱਗੀ ਕਿ ਰੋਂਦੀ ਤਾਂ ਹਾਂ ਕਿ ਮੇਰੇ ਕੋਰੜੇ ਵੱਜੇ ਹਨ ਅਤੇ ਹੱਸੀ ਤਾਂ ਹਾਂ ਕਿ ਮੈਂ ਤਾਂ ਸਿਰਫ਼ ਘੜੀ ਮੁਹਤ ਹੀ ਫੁੱਲਾਂ ਵਾਲੀ ਸੇਜਾ 'ਤੇ ਪਈ ਹਾਂ, ਤਾਂ ਮੇਰੇ ਕੋਰੜੇ ਵੱਜਦੇ ਹਨ। ਤੂੰ ਰੋਜ਼ਾਨਾ ਹੀ ਬਹੁਤ ਸਮਾਂ ਸੌਂਦਾ ਹੈਂ, ਤੈਨੂੰ ਪਤਾ ਨਹੀਂ ਕਿੰਨੀ ਕੁ ਸਜ਼ਾ ਮਿਲੇਗੀ। ਦਾਸੀ ਦੇ ਮੁਖ ਦੁਆਰਾ ਸੁਣ ਕੇ ਬਾਦਸ਼ਾਹ ਨੂੰ ਵੈਰਾਗ ਹੋ ਗਿਆ ਸੀ। ਵੈਰਾਗ ਹੋਣ ਕਰ ਕੇ ਬਾਹਰ ਜਾ ਕੇ ਤਪੱਸਿਆ ਕਰਨ ਲੱਗ ਪਿਆ। ਸੋ ਇਸ ਤਰ੍ਹਾਂ ਭਾਵੇਂ ਰਾਤ ਦਿਨ ਜੇਕਰ ਮਾਲੀ ਫੁੱਲਾਂ ਦੀ ਸੇਜਾ ਵਿਛਾਉਂਦਾ ਰਹੇ।

## ਬਿਨੁ ਹਰਿ ਨਾਮ; ਸੁ ਦੇਹ ਦੁਖਾਲੀ ॥੪॥

ਹਰਿ = ਪਰਮੇਸ਼ਰ ਦੇ ਨਾਮ ਤੋਂ ਬਿਨੁ = ਬਗ਼ੈਰ, ਸੁ = ਉਹ ਦੇਹ = ਸਰੀਰ, ਦੇਹੀ ਦੁਖਾਲੀ = ਦੁਖੀ ਹੀ ਰਹਿੰਦੀ ਹੈ ॥੪॥

## ਹੈਵਰ ਗੈਵਰ; ਨੇਜੇ ਵਾਜੇ ॥ ਲਸਕਰ ਨੇਬ; ਖਵਾਸੀ ਪਾਜੇ ॥

(ਹੈ+ਵਰ) ਹੈ = ਘੋੜੇ ਵਰ = ਸ੍ਰੇਸ਼ਟ (ਗੈ+ਵਰ) ਗੈ = ਹਾਥੀ ਵਰ = ਸ੍ਰੇਸ਼ਟ (ਐਰਾਵਤ, ਚਿੱਟੇ ਹਾਥੀ) ਆਦਿ ਦੀ ਸਵਾਰੀ ਕਰਦਾ ਹੋਵੇ ਅਤੇ ਨੇਜੇ = ਨੇਜ਼ਿਆਂ ਵਾਲੀਆਂ ਫ਼ੌਜਾਂ ਸਲਾਮਾਂ ਕਰਦੀਆਂ ਹੋਣ **ਵਾ:** ਨੇਜੇ = ਨਿਸ਼ਾਨ ਝੂਲਦੇ ਹੋਣ ਅਤੇ ਵਾਜੇ = ਸਾਜ ਆਦਿਕ ਚੁਫੇਰੇ ਵੱਜਦੇ ਹੋਣ ਜਾਂ ਨੇਜੇ ਵਾਜੇ = ਨਿਸ਼ਾਨ ਅਤੇ ਨਗਾਰਾ ਆਦਿ ਹੋਵੇ। ਜੇਕਰ ਲਸਕਰ = ਫ਼ੌਜਾਂ ਬਣਾ ਲਈਆਂ, ਨੇਬ = ਚੌਬਦਾਰ ਰੱਖ ਲਏ, ਖਵਾਸੀ = ਚੌਕੀਦਾਰ, ਸੇਵਾ ਵਾਲੇ ਰੱਖ ਲਏ, ਗ਼ੁਲਾਮ ਬਣਾ ਲਏ ਤਾਂ ਕੀ ਹੋ ਗਿਆ? ਇਹ ਸਭ ਝੂਠਾ ਪਾਜੇ = ਪਖੰਡ ਹੀ ਹੈ।

## ਬਿਨੁ ਜਗਦੀਸ; ਝੂਠੇ ਦਿਵਾਜੇ ॥੫॥

ਜਗਦੀਸ = ਜਗਤ ਦੇ ਈਸ਼ਰ ਪ੍ਰਭੂ ਦੇ ਸਿਮਰਨ ਕਰਨ ਤੋਂ ਬਿਨੁ = ਬਗ਼ੈਰ ਸਾਰੇ ਝੂਠੇ = ਮਿਥਿਆ, ਕੂੜੇ ਦਿਵਾਜੇ = ਅਡੰਬਰ, ਦਿਖਾਵੇ ਹਨ ॥੫॥

## ਸਿਧੁ ਕਹਾਵਉ; ਰਿਧਿ ਸਿਧਿ ਬੁਲਾਵਉ ॥ ਤਾਜ ਕੁਲਹ; ਸਿਰਿ ਛਤ੍ਰੁ ਬਨਾਵਉ ॥

ਜੇਕਰ ਕੋਈ ਸਿਧੁ = ਸਿਧੀ ਵਾਲਾ ਵੀ ਆਪਣੇ ਆਪ ਨੂੰ ਕਹਾਵਉ = ਕਹਾ ਲਵੇ ਅਤੇ ਹਰ ਤਰੀਕਿਆਂ ਨਾਲ ਰਿਧਿ = ਬਿਭੂਤੀ ਆਦਿ ਸਿਧਿ = ਅਲੌਕਿਕ ਸ਼ਕਤੀ ਨਾਲ ਕੁਝ ਭੀ ਆਪਣੇ ਪਾਸ ਬੁਲਾਵਉ = ਬੁਲਾ ਲਵੇ। ਅਤੇ ਜੇਕਰ ਬਾਦਸ਼ਾਹਾਂ ਵਾਂਗੂੰ ਸਿਰ 'ਤੇ ਤਾਜ = ਮੁਕਟ ਪਹਿਣ ਲਵੇ ਅਤੇ ਮੁਸਲਮਾਨ ਬਾਦਸ਼ਾਹਾਂ ਵਾਂਗੂ ਕੁਲਹ = ਕੁਲਹਾ, ਟੋਪੀ ਪਹਿਣ ਲਵੇ **ਵਾ:** ਤਾਜ ਕੁਲਹ = ਪਾਤਿਸ਼ਾਹੀ ਟੋਪੀ ਪਹਿਨ ਲਵੇ ਅਤੇ ਸਿਰਿ = ਸਿਰ ਉਪਰ ਛਤ੍ਰ = ਸਕਫ਼, ਛਤਰ ਬਨਾਵਉ = ਬਣਾ, ਸਜਾ ਲਵੇ, ਭਾਵ ਸਿਰ ਉੱਪਰ ਛਤਰ ਝੁਲਾਉਣੇ ਕੀਤੇ ਤਾਂ ਕੀ ਹੋਇਆ ? ਪਰ :

## ਬਿਨੁ ਜਗਦੀਸ; ਕਹਾ ਸਚੁ ਪਾਵਉ ॥੬॥

ਜਗਦੀਸ = ਜਗਤ ਦੇ ਈਸ਼ਰ ਪਰਮੇਸ਼ਰ ਦੇ ਭਜਨ ਸਿਮਰਨ ਕਰਨ ਤੋਂ ਬਿਨੁ = ਬਗ਼ੈਰ ਕਹਾ = ਕਿਥੋਂ ਸਚੁ = ਸਤਯ ਸਰੂਪ ਨੂੰ ਪਾਵਉ = ਪਾਵੋਗੇ, ਭਾਵ ਕਿਸੇ ਸੁਖ ਦੀ ਪ੍ਰਾਪਤੀ ਨਹੀਂ ਹੋਣੀ ॥੬॥

## ਖਾਨੁ ਮਲੂਕੁ; ਕਹਾਵਉ ਰਾਜਾ ॥ ਅਬੇ ਤਬੇ; ਕੂੜੇ ਹੈ ਪਾਜਾ ॥

(**ਅਬੇ ਤਬੇ** ਦਾ ਉਚਾਰਣ ਪੋਲਾ ਹੈ)

ਜੇਕਰ ਆਪਣੇ ਆਪ ਨੂੰ ਖਾਨੁ = ਪਠਾਣਾਂ ਦਾ ਸਰਦਾਰ ਕਹਾ ਲਵੇ, ਮਲੂਕੁ = ਬਲੋਚਾਂ ਦਾ ਨੰਬਰਦਾਰ ਕਹਾਵਉ = ਕਹਾ ਲਵੇ **ਵਾ:** ਮਲੂਕੁ = ਬਾਦਸ਼ਾਹ ਕਹਾ ਲਵੇ ਅਤੇ ਰਾਜਾ = ਰਜਵਾੜਿਆਂ ਦਾ ਮਾਲਕ ਬਣ ਕੇ ਰਾਜਾ ਵੀ ਕਹਾ ਲਵੇ। ਅਬੇ ਤਬੇ = ਅਬਾ ਤਬਾ ਬੋਲਣਾ ਭਾਵ ਭੈੜੇ ਬਚਨ ਬੋਲਣਾ ਕਰੇ **ਵਾ:** ਇਹ ਸਭ ਅਬੇ ਤਬੇ = ਨਿਤਾਪ੍ਰਤ, ਕੂੜੇ = ਝੂਠੇ ਹੀ ਪਾਜਾ = ਪਖੰਡ ਹਨ।

## ਬਿਨੁ ਗੁਰ ਸਬਦ; ਨ ਸਵਰਸਿ ਕਾਜਾ ॥੭॥

ਗੁਰ = ਸਤਿਗੁਰੂ ਜੀ ਦੇ ਸਬਦ = ਉਪਦੇਸ਼ ਨੂੰ ਗ੍ਰਹਿਣ ਕੀਤੇ ਤੋਂ ਬਿਨੁ = ਬਗ਼ੈਰ ਕੋਈ ਕਾਜਾ = ਕੰਮ ਨ = ਨਹੀਂ ਸਵਰਸਿ = ਸਵਰੇਗਾ **ਵਾ:** ਮੁਕਤੀ ਰੂਪੀ ਕੰਮ ਸਵਰਦਾ ਨਹੀਂ ॥੭॥

## ਹਉਮੈ ਮਮਤਾ; ਗੁਰ ਸਬਦਿ ਵਿਸਾਰੀ ॥ ਗੁਰਮਤਿ ਜਾਨਿਆ; ਰਿਦੈ ਮੁਰਾਰੀ ॥

ਜਿਹੜੀ ਜੀਵਾਂ ਦੇ ਅੰਦਰ ਦੇਹ ਦੀ ਹਉਮੈ = ਹੰਗਤਾ ਹੈ ਅਤੇ ਪਦਾਰਥਾਂ ਦੀ ਮਮਤਾ = ਅਪਣੱਤ ਹੈ, ਮੇਰ ਹੈ। ਇਹ ਸਭ ਗੁਰ = ਸਤਿਗੁਰੂ ਜੀ ਦੇ ਸਬਦਿ = ਉਪਦੇਸ਼ ਦੀ ਕਮਾਈ ਕਰ ਕੇ ਜਿਨ੍ਹਾਂ ਨੇ ਆਪਣੇ ਅੰਦਰੋਂ ਵਿਸਾਰੀ = ਭੁਲਾ ਦਿੱਤੀ ਹੈ। ਉਨ੍ਹਾਂ ਨੇ ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਰਿਦੈ = ਹਿਰਦੇ ਵਿਚ ਮੁਰਾਰੀ = ਪਰਮੇਸ਼ਰ ਨੂੰ ਜਾਨਿਆ = ਜਾਣ ਲਿਆ ਹੈ।

## ਪ੍ਰਣਵਤਿ ਨਾਨਕ; ਸਰਣਿ ਤੁਮਾਰੀ ॥੮॥੧੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਜੋ ਬੇਨਤੀ ਪੂਰਵਕ ਤੁਮਾਰੀ = ਤੁਹਾਡੀ ਸਰਣਿ = ਓਟ ਵਿਚ ਪਏ ਰਹਿੰਦੇ ਹਨ, ਉਹ ਪੁਰਸ਼ ਮੁਕਤ ਰੂਪ ਹਨ **ਵਾ:** ਹੇ ਪਰਮੇਸ਼ਰ ! ਉਨ੍ਹਾਂ ਗੁਰਮੁਖ ਜਨਾਂ ਨੂੰ ਮੈਂ ਪ੍ਰਣਵਤਿ = ਨਮਸਕਾਰ ਕਰਦਾ ਹਾਂ ਜੋ ਹਰ ਵਕਤ ਤੁਮਾਰੀ = ਤੁਹਾਡੀ ਸਰਣਿ = ਪਨਾਹ ਵਿਚ ਪਏ ਰਹਿੰਦੇ ਹਨ ॥੮॥੧੦॥

## ਗਉੜੀ, ਮਹਲਾ ੧ ॥

## ਸੇਵਾ ਏਕ; ਨ ਜਾਨਸਿ ਅਵਰੇ ॥ ਪਰਪੰਚ ਬਿਆਧਿ; ਤਿਆਗੈ ਕਵਰੇ ॥

ਜਿਹੜੇ ਏਕ = ਇਕ ਪਰਮੇਸ਼ਰ ਦੀ ਹੀ ਸੇਵਾ = ਟਹਿਲ ਕਰਦੇ ਹਨ **ਵਾ:** ਸੇਵਾ = ਸੇਵਨ ਭਾਵ ਸਿਮਰਨ ਕਰਦੇ ਹਨ, ਉਹ ਕਿਸੇ ਅਵਰੇ = ਹੋਰ ਨੂੰ ਨ = ਨਹੀਂ ਜਾਨਸਿ = ਜਾਣਦੇ। ਉਨ੍ਹਾਂ ਨੇ ਪਰਪੰਚ = ਛਲ ਰੂਪ ਸੰਸਾਰ ਵਿਚ ਕਾਮਾਦਿਕ ਬਿਆਧਿ = ਰੋਗ ਕਵਰੇ = ਕੌੜੇ ਜਾਣ ਕੇ ਤਿਆਗੈ = ਤਿਆਗ ਦਿੱਤੇ ਹਨ **ਅਥਵਾ** ਜਿਹੜੇ ਏਕ = ਇਕ ਪਰਮਾਤਮਾ ਦੀ ਸੇਵਾ = ਟਹਿਲ ਕਰਨ ਨ = ਨਹੀਂ ਜਾਨਸਿ = ਜਾਣਦੇ, ਉਹ ਅਗਿਆਨ ਦੇ ਅਵਰੇ = ਅਵਰਨ ਭਾਵ ਪਰਦੇ ਵਿਚ ਢਕੇ ਹੋਏ ਹਨ **ਵਾ:** ਉਹ ਅਵਰੇ = ਹੋਰਨਾਂ ਦੁਨਿਆਵੀ ਕੰਮਾਂ ਵਿਚ ਹੀ ਲੱਗੇ ਰਹਿੰਦੇ ਹਨ **ਵਾ:** ਉਹ (ਅ+ਵਰੇ) ਵਰੇ = ਸ੍ਰੇਸ਼ਟਤਾਈਂ ਤੋਂ ਅ = ਰਹਿਤ ਹਨ।

ਉਹ ਰਾਤ ਦਿਨ ਪਰਪੰਚ = ਛਲ ਹੀ ਕਰਦੇ ਰਹਿੰਦੇ ਹਨ ਅਤੇ ਬਿਆਧਿ = ਰੋਗੀ ਬਣੇ ਰਹਿੰਦੇ ਹਨ। (ਕਵ + ਰੇ) ਰੇ = ਹੇ ਜੀਵ ! ਤੂੰ ਇਨ੍ਹਾਂ ਔਗੁਣਾਂ ਨੂੰ ਕਵ = ਕਦੋਂ ਤਿਆਗੈ = ਛੱਡੇਂਗਾ **ਵਾ:** ਪਰਪੰਚ = ਸੰਸਾਰ ਦੀ ਪਕੜ ਰੂਪ ਬਿਆਧਿ = ਬਿਮਾਰੀ ਨੂੰ ਤਿਆਗੈ = ਛੱਡੇਂਗਾ ਵੀ, ਕਿ ਜਾਂ ਕਵਰੇ = ਕਮਲਾ ਹੀ ਹੋਇਆ ਫਿਰੇਂਗਾ **ਵਾ:** ਪਰਪੰਚ = ਛਲ ਰੂਪ ਸੰਸਾਰ, ਜਿਸ ਵਿਚ ਕਾਮਾਦਿਕ ਵਿਸ਼ੇ-ਵਿਕਾਰ ਬਿਆਧਿ = ਰੋਗ ਹਨ, (ਕਵ+ਰੇ) ਰੇ = ਹੇ ਜੀਵ ! ਤੂੰ ਇਨ੍ਹਾਂ ਨੂੰ ਕਦੋਂ ਤਿਆਗੈ = ਤਿਆਗਣਾ ਕਰੇਂਗਾ।

## ਭਾਇ ਮਿਲੈ; ਸਚੁ ਸਾਚੈ ਸਚੁਰੇ ॥੧॥

(ਦੂਸਰਾ ਪਾਠ **ਸਚੁ ਰੇ**)

ਜਿਹੜੇ ਸਾਚੈ = ਸੱਚੇ ਦੇ ਨਾਮ ਨੂੰ ਸਚੁਰੇ = ਇਕੱਤਰ ਕਰਦੇ ਹਨ, ਉਹ ਸਚੁ = ਅਨੰਦ ਸਰੂਪ ਅਤੇ ਭਾਇ = ਪ੍ਰਕਾਸ਼ ਸਰੂਪ ਨਾਲ ਮਿਲੈ = ਮਿਲ ਜਾਂਦੇ ਹਨ **ਅਥਵਾ** ਜਦੋਂ ਇਹ ਭਾਇ = ਪ੍ਰੇਮ ਗੁਰੂ ਸਾਹਿਬ ਜੀ ਦੇ ਕੋਲੋਂ ਮਿਲੈ = ਪ੍ਰਾਪਤ ਹੋਵੇ ਤਾਂ ਸਚੁ = ਸੱਚੇ ਨਾਮ ਦਾ ਸ੍ਰਵਣ ਕਰੇ, ਫਿਰ ਸਾਚੈ = ਸੱਚੇ ਨੂੰ ਮੰਨਣ ਕਰੇ, ਫਿਰ ਸਚੁ = ਸੱਚੇ ਦਾ ਨਿਧਿਆਸਣ ਕਰੇ **ਵਾ:** ਇਉਂ ਸਚੁ = ਸੱਚੇ ਦੇ ਸਾਚੈ = ਅਨੰਦ ਨੂੰ ਸਚੁਰੇ = ਇਕੱਤਰ ਕਰੇ **ਅਥਵਾ** ਹੇ ਭਾਈ ! ਜਿਹੜੇ ਸਚੁ = ਪਰਮੇਸ਼ਰ ਦੇ ਭਾਇ = ਪ੍ਰੇਮ ਵਿਚ ਮਿਲੈ = ਮਿਲ ਗਏ ਹਨ, ਉਹ ਸਾਚੈ = ਸੱਚੇ ਨੂੰ ਪ੍ਰਾਪਤ ਕਰ ਕੇ ਸਚੁ ਰੇ = ਸਤਯ ਸਰੂਪ ਹੋ ਗਏ ਹਨ ॥੧॥

## ਐਸਾ; ਰਾਮ ਭਗਤੁ ਜਨੁ ਹੋਈ ॥
## ਹਰਿ ਗੁਣ ਗਾਇ ਮਿਲੈ; ਮਲੁ ਧੋਈ ॥੧॥ਰਹਾਉ॥

ਹੇ ਭਾਈ ! ਜੋ ਐਸਾ = ਅਜਿਹਾ ਉਪਰੋਕਤ ਨਿਸਚੇਵਾਨ ਰਾਮ = ਪਰਮੇਸ਼ਰ ਦਾ ਭਗਤ ਜਨ ਹੋਈ = ਹੁੰਦਾ ਹੈ, ਹੋਣਾ ਕਰੇ। ਉਹ ਹਰਿ = ਹਰੀ ਦੇ ਗੁਣ = ਸਿਫ਼ਤਾਂ ਤਾਈਂ ਗਾਇ = ਗਾ ਕਰ ਕੇ ਅਵਿਦਿਆ ਦੀ ਮਲੁ = ਗੰਦਗੀ ਨੂੰ ਧੋਈ = ਧੋ ਕਰ ਕੇ ਵਾਹਿਗੁਰੂ ਨਾਲ ਮਿਲੈ = ਮਿਲ ਜਾਂਦੇ ਹਨ ॥੧॥ਰਹਾਉ॥

## ਊਂਧੋ ਕਵਲੁ; ਸਗਲ ਸੰਸਾਰੈ ॥ ਦੁਰਮਤਿ ਅਗਨਿ; ਜਗਤ ਪਰਜਾਰੈ ॥

(**ਪਰ-ਜਾਰੈ** ਡੈਸ਼ ਲੱਗਾ ਕੇ ਬੋਲੋ)

ਸਗਲ = ਸਾਰੇ ਸੰਸਾਰੈ = ਜਗਤ ਦਾ ਹਿਰਦਾ ਰੂਪੀ ਕਵਲੁ = ਕਮਲ ਊਂਧੋ = ਮੂਧਾ, ਉਲਟਾ ਹੋ ਰਿਹਾ ਹੈ। ਜੋ ਦੁਰਮਤਿ = ਖੋਟੀ ਮੱਤ ਹੈ, ਇਹ ਸਾਰੇ ਜਗਤ = ਸੰਸਾਰ ਤਾਈਂ ਕਾਲ ਰੂਪੀ ਅਗਨਿ = ਅੱਗ ਹੋ ਕਰ ਕੇ ਪਰਜਾਰੈ = ਵਿਸ਼ੇਸ਼ ਕਰ ਕੇ ਸਾੜ ਰਹੀ ਹੈ **ਵਾ:** ਜੋ ਦੁਰਮਤਿ = ਦੁਰਮੱਤੀਏ ਹਨ, ਉਨ੍ਹਾਂ ਨੂੰ ਜਗਤ = ਸੰਸਾਰ ਵਿਚ ਤ੍ਰਿਸ਼ਨਾ ਰੂਪੀ ਅਗਨਿ = ਅਗਨੀ ਪਰਜਾਰੈ = ਵਿਸ਼ੇਸ਼ ਕਰ ਕੇ ਸਾੜ ਰਹੀ ਹੈ।

## ਸੋ ਉਬਰੈ; ਗੁਰ ਸਬਦੁ ਬੀਚਾਰੈ ॥੨॥

ਇਸ ਵਿੱਚੋਂ ਸੋ = ਉਹੋ ਹੀ ਉਬਰੈ = ਉੱਬਰਦਾ, ਬਚਦਾ ਹੈ, ਜਿਹੜਾ ਗੁਰ = ਸਤਿਗੁਰੂ ਜੀ ਦੇ ਸਬਦੁ = ਉਪਦੇਸ਼ ਦੀ ਬੀਚਾਰੈ = ਵੀਚਾਰ ਕਰਦਾ ਹੈ ॥੨॥

## ਭ੍ਰਿੰਗ ਪਤੰਗੁ; ਕੁੰਚਰੁ ਅਰੁ ਮੀਨਾ ॥
## ਮਿਰਗੁ ਮਰੈ; ਸਹਿ ਅਪੁਨਾ ਕੀਨਾ ॥

ਭ੍ਰਿੰਗ = ਭੰਵਰਾ, ਪਤੰਗੁ = ਪਤੰਗਾ, ਕੁੰਚਰੁ = ਹਾਥੀ ਅਰੁ = ਅਤੇ ਮੀਨਾ = ਮਛਲੀ। ਮਿਰਗੁ = ਹਿਰਨ, ਇਹ ਪੰਜੇ (ਸ਼ਬਦ, ਸਪਰਸ਼, ਰੂਪ, ਰਸ, ਗੰਧ) ਵਿਸ਼ਿਆਂ ਵਿਚ ਲੱਗ ਕਰ ਕੇ ਮਰੈ = ਮਰ ਜਾਂਦੇ ਹਨ ਅਤੇ ਅਪੁਨਾ = ਆਪਣਾ ਕੀਨਾ = ਕੀਤਾ ਹੋਇਆ ਸਹਿ = ਸਹਾਰਦੇ ਹਨ। ਭਾਵ ਇਹ ਜੀਵ ਭੌਰੇ ਦੀ ਨਿਆਈਂ ਅਤਰ ਫਲੇਲ ਦੀਆਂ ਖ਼ੁਸ਼ਬੂਆਂ ਚਾਹੁੰਦਾ ਹੈ। ਪਰਵਾਨੇ ਵਾਂਗ ਬਿਗਾਨੇ ਰੂਪ ਹੀ ਦੇਖਦਾ ਹੈ, ਹਾਥੀ ਵਾਂਗੂੰ ਹਰ ਵੇਲੇ ਸਪਰਸ਼ਤਾ ਚਾਹੁੰਦਾ ਹੈ, ਮੱਛੀ ਦੀ ਨਿਆਈਂ ਹਰ ਵੇਲੇ ਜ਼ੁਬਾਨ ਦਾ ਰਸ ਹੀ ਚਾਹੁੰਦਾ ਹੈ ਅਤੇ ਮਿਰਗ ਦੀ ਨਿਆਈਂ ਦੇ ਨਾਦ ਸ਼ਬਦ ਸੁਨਣ ਵਾਂਗੂੰ ਹਰ ਵੇਲੇ ਆਪਣੀ ਉਸਤਤੀ ਜਾਂ ਵਿਸ਼ਿਆਂ ਦੀਆਂ ਗੱਲਾਂ ਸੁਣਨੀਆਂ ਚਾਹੁੰਦਾ ਹੈ। ਇਉਂ ਇਹ ਜੀਵ ਇਨ੍ਹਾਂ ਵਿਚ ਲੱਗਾ ਹੀ ਮਰੈ = ਮਰ ਜਾਂਦਾ ਹੈ ਤੇ ਅੱਗੇ ਪਰਲੋਕ ਵਿਚ ਆਪਣਾ ਕੀਤਾ ਹੋਇਆ ਹੀ ਸਹਿ = ਸਹਾਰਦਾ ਹੈ।

## ਤ੍ਰਿਸਨਾ ਰਾਚਿ; ਤਤੁ ਨਹੀ ਬੀਨਾ ॥੩॥

ਇਹ ਜੀਵ ਇਨ੍ਹਾਂ ਪੰਜਾਂ ਵਿਸ਼ਿਆਂ ਦੀ ਤ੍ਰਿਸ਼ਨਾ = ਪਿਆਸਾ ਵਿਚ ਹੀ ਰਾਚਿ = ਰਚਿਆ ਰਹਿੰਦਾ ਹੈ, ਤਤੁ = ਸਿਧਾਂਤ ਸਰੂਪ ਨੂੰ ਨਹੀਂ ਬੀਨਾ = ਜਾਣਦਾ **ਵਾ:** ਦੇਖਦਾ ਨਹੀਂ ਹੈ ॥੩॥

## ਕਾਮੁ ਚਿਤੈ; ਕਾਮਣਿ ਹਿਤਕਾਰੀ ॥ ਕ੍ਰੋਧੁ ਬਿਨਾਸੈ; ਸਗਲ ਵਿਕਾਰੀ ॥

ਇਹ ਜੀਵ ਕਾਮਣਿ = ਇਸਤਰੀਆਂ ਦੇ ਹਿਤਕਾਰੀ = ਪ੍ਰੇਮ ਵਾਲਾ ਹੋ ਕੇ ਕਾਮੁ = ਵਿਕਾਰ ਦ੍ਰਿਸ਼ਟੀ, ਕਾਮ ਵਾਸ਼ਨਾ ਨੂੰ ਹੀ ਚਿਤੈ = ਚਿਤਵਦਾ ਰਹਿੰਦਾ ਹੈ। ਸਗਲ = ਸਾਰੇ ਵਿਕਾਰੀ = ਵਿਸ਼ਿਆਂ ਨੂੰ ਭੋਗਣ ਵਾਲੇ, ਕ੍ਰੋਧੁ = ਗ਼ੁੱਸੇ, ਚਿੱਤ ਦੀ ਤੀਖਣ ਬਿਰਤੀ ਵਿਚ ਹੀ ਬਿਨਾਸੈ = ਵਿਸ਼ੇਸ਼ ਕਰ ਕੇ ਨਾਸ ਹੋ ਜਾਂਦੇ ਹਨ, ਕਿਉਂਕਿ ਕਾਮੀ ਆਦਮੀ ਵਿਚ ਕ੍ਰੋਧ ਬਹੁਤ ਜ਼ਿਆਦਾ ਹੁੰਦਾ ਹੈ। ਜੈਸਾ ਕਿ :

**ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥** *(ਅੰਗ ੯੩੨)*

## ਪਤਿ ਮਤਿ ਖੋਵਹਿ; ਨਾਮੁ ਵਿਸਾਰੀ ॥੪॥

ਇਉਂ ਵਿਕਾਰੀ ਆਦਮੀਆਂ ਨੇ ਪਰਮੇਸ਼ਰ ਦੇ ਨਾਮ ਨੂੰ ਵਿਸਾਰੀ = ਭੁਲਾ ਕੇ ਆਪਣੀ ਲੋਕ ਪਰਲੋਕ ਵਿਚ ਪਤਿ = ਇੱਜ਼ਤ ਅਤੇ ਪਰਮਾਰਥ ਵਾਲੀ ਮਤਿ = ਬੁੱਧੀ ਖੋਵਹਿ = ਗਵਾ ਲਈ ਹੈ ॥੪॥

**[ਅੰਗ ੨੨੬]**

## ਪਰ ਘਰਿ; ਚੀਤੁ ਮਨਮੁਖਿ ਡੋਲਾਇ ॥ ਗਲਿ ਜੇਵਰੀ; ਧੰਧੈ ਲਪਟਾਇ ॥

ਮਨਮੁਖਿ = ਸਾਕਤ ਪੁਰਸ਼ ਪਰ = ਪਰਾਇਆਂ ਘਰਿ = ਘਰਾਂ ਵਿਚ ਤੱਕਣ ਰੂਪ ਆਪਣੇ ਚੀਤੁ = ਚਿਤ ਨੂੰ ਡੋਲਾਇ = ਡੁਲਾਉਂਦਾ ਰਹਿੰਦਾ ਹੈ **ਵਾ:** ਪਰ = ਪਰਾਈਆਂ ਘਰਿ = ਇਸਤਰੀਆਂ ਨੂੰ ਦੇਖ ਕੇ ਆਪਣੇ ਚਿਤ ਨੂੰ ਡੁਲਾਉਂਦਾ ਹੈ। ਇਸ ਦੇ ਗਲਿ = ਗਲੇ ਵਿਚ ਮੋਹ ਰੂਪੀ ਜੇਵੜੀ = ਰੱਸੀ ਪਈ ਹੋਈ ਹੈ, ਹਰ ਵੇਲੇ ਧੰਧੇ = ਧੰਧਿਆਂ, ਵਿਕਾਰਾਂ ਵਿਚ ਹੀ ਲਪਟਾਇ = ਲਪਟਿਆ ਰਹਿੰਦਾ ਹੈ।

## ਗੁਰਮੁਖਿ ਛੂਟਸਿ; ਹਰਿ ਗੁਣ ਗਾਇ ॥੫॥

ਗੁਰਮੁਖ ਜਨ ਗੁਰਾਂ ਦੁਆਰਾ ਹਰਿ = ਹਰੀ ਦੇ ਗੁਣ = ਸਿਫ਼ਤਾਂ ਨੂੰ ਗਾਇ = ਗਾ ਕਰ ਕੇ ਸੰਸਾਰ ਬੰਧਨਾਂ ਤੋਂ ਛੂਟਸਿ = ਛੁਟਕਾਰਾ ਪਾ ਕੇ ਮੁਕਤ ਹੋ ਜਾਂਦੇ ਹਨ ॥੫॥

## ਜਿਉ ਤਨੁ ਬਿਧਵਾ; ਪਰ ਕਉ ਦੇਈ ॥ ਕਾਮਿ ਦਾਮਿ; ਚਿਤੁ ਪਰ ਵਸਿ ਸੇਈ ॥

ਜਿਉ = ਜਿਵੇਂ ਬਿਧਵਾ = ਪਤੀ ਤੋਂ ਹੀਣੀ ਵਿਭਚਾਰਨ ਇਸਤਰੀ ਪਰ = ਪਰਾਏ ਪੁਰਸ਼ਾਂ ਕਉ = ਨੂੰ ਆਪਣਾ ਤਨੁ = ਸਰੀਰ ਸੌਂਪ ਦੇਈ = ਦੇਂਦੀ ਹੈ। ਕਾਮਿ = ਕਾਮ ਚੇਸ਼ਟਾ ਦੇ ਅਧੀਨ ਹੋ ਕੇ ਦਾਮਿ = ਧਨ ਦੇ ਲਾਲਚ ਕਰ ਕੇ ਸੇਈ = ਉਹ ਔਰਤ ਆਪਣੇ ਚਿਤੁ = ਮਨ ਨੂੰ ਪਰ = ਪਰਾਏ ਪੁਰਖਾਂ ਦੇ ਵਸਿ = ਅਧੀਨ ਕਰਕੇ ਉਨ੍ਹਾਂ ਵਿਕਾਰੀ ਆਦਮੀਆਂ ਦੀ ਸੇਵਾ ਕਰਦੀ ਹੈ।

## ਬਿਨੁ ਪਿਰ; ਤ੍ਰਿਪਤਿ ਨ ਕਬਹੂੰ ਹੋਈ ॥੬॥

ਪ੍ਰੰਤੂ ਉਸ ਦੀ ਆਪਣੇ ਪਿਰ = ਪਤੀ ਤੋਂ ਬਿਨੁ = ਬਗ਼ੈਰ ਕਬਹੂੰ = ਕਦੇ ਭੀ ਤ੍ਰਿਪਤਿ = ਤ੍ਰਿਪਤੀ ਨ = ਨਹੀਂ ਹੋਈ = ਹੁੰਦੀ। ਏਸੇ ਪ੍ਰਕਾਰ ਜੀਵ ਰੂਪ ਇਸਤਰੀ ਬਿਧਵਾ = ਪਤੀ ਪਰਮੇਸ਼ਰ ਤੋਂ ਹੀਣੀ ਹੋਣ ਕਰਕੇ ਰੰਡੀ ਹੈ ਜੋ ਪਰ = ਪਰਾਏ ਦੇਵੀ ਦੇਵਤੇ, ਮੜੀਆਂ ਮੱਟਾਂ ਕਉ = ਤਾਈਂ ਆਪਣਾ ਤਨੁ = ਸਰੀਰ ਭੇਟਾ ਕਰ ਦੇਈ = ਦਿੰਦੀ ਹੈ। ਕਾਮਿ = ਕਾਮਨਾ ਦੀ ਮਾਰੀ ਹੋਈ ਹੈ ਕਿ ਉਨ੍ਹਾਂ ਦੀ ਪੂਜਾ ਨਾਲ ਛੇਤੀ ਪਦਾਰਥ ਦਾਮਿ = ਦਮੜੇ ਮਿਲ ਜਾਂਦੇ ਹਨ, ਇਉਂ ਉਹ ਆਪਣੇ ਚਿਤ ਨੂੰ ਪਰਾਏ ਦੇਵੀ ਦੇਵਤਿਆਂ ਭੂਤਾਂ ਪ੍ਰੇਤਾਂ ਦੇ ਵਸਿ = ਅਧੀਨ ਕਰ ਦਿੰਦੀ ਹੈ। ਪ੍ਰੰਤੂ ਉਸ ਦਾ ਪਿਰ = ਅਕਾਲ ਪੁਰਖ ਪਤੀ ਤੋਂ ਬਿਨੁ = ਬਿਨਾਂ ਕਦੇ ਭੀ ਤ੍ਰਿਪਤਿ = ਤ੍ਰਿਪਤੀ **ਵਾ:** ਰੱਜ ਨਹੀਂ ਹੋਈ = ਹੁੰਦਾ ॥੬॥

## ਪੜਿ ਪੜਿ ਪੋਥੀ; ਸਿੰਮ੍ਰਿਤਿ ਪਾਠਾ ॥ ਬੇਦ ਪੁਰਾਣ; ਪੜੈ ਸੁਣਿ ਥਾਟਾ ॥

ਸ਼ਾਸਤਰੀ ਲੋਕ ਧਾਰਮਿਕ ਪੋਥੀ = ਪੋਥੀਆਂ, ਗੀਤਾਂ ਆਦਿਕ ਅਤੇ ਸਤਾਈ ਸਿੰਮ੍ਰਿਤੀ = ਸਿੰਮ੍ਰਿਤੀਆਂ ਆਦਿਕ ਦੇ ਪਾਠਾ = ਪਾਠ ਨੂੰ ਪੜਿ ਪੜਿ = ਪੜ੍ਹ ਪੜ੍ਹ ਕੇ। ਅਤੇ ਬੇਦ = ਚਾਰ ਵੇਦਾਂ, ਪੁਰਾਣ = ਅਠਾਰਾਂ ਪੁਰਾਣਾਂ ਆਦਿਕ ਗ੍ਰੰਥਾਂ ਨੂੰ ਥਾਟਾ = ਬਣਾਵਟ ਬਣਾ ਬਣਾ ਕੇ ਪੜੈ = ਪੜ੍ਹਦੇ ਅਤੇ ਸੁਣਿ = ਸੁਣਦੇ ਹਨ, ਪ੍ਰੰਤੂ :

## ਬਿਨੁ ਰਸ ਰਾਤੇ; ਮਨੁ ਬਹੁ ਨਾਟਾ ॥੭॥

ਪਰਮੇਸ਼ਰ ਦੇ ਰਸ = ਪ੍ਰੇਮ ਵਿਚ ਰਾਤੇ = ਰੱਤੇ ਹੋਏ ਤੋਂ ਬਿਨੁ = ਬਿਨਾਂ ਇਹ ਮਨੁ = ਚਿਤ ਬਹੁ = ਬਹੁਤ ਨਾਟਾ = ਨੱਚਦਾ ਰਹਿੰਦਾ ਹੈ **ਵਾ:** ਨਾਟਾ = ਨਟ ਦੀ ਨਿਆਈਂ ਚੰਚਲ ਹੀ ਰਹਿੰਦਾ ਹੈ **ਵਾ:** ਵਾਹਿਗੁਰੂ ਦੇ ਨਾਮ ਰਸ ਵਿਚ ਰੱਤੇ ਤੋਂ ਬਿਨਾਂ ਇਹ ਮਨ ਬਹੁ = ਬਹੁਤਾ ਨਾਟਾ = ਮੁਕਰਦਾ ਹੀ ਰਹਿੰਦਾ ਹੈ ॥੭॥

## ਜਿਉ ਚਾਤ੍ਰਿਕ; ਜਲ ਪ੍ਰੇਮ ਪਿਆਸਾ ॥
## ਜਿਉ ਮੀਨਾ; ਜਲ ਮਾਹਿ ਉਲਾਸਾ ॥

ਜਿਉ = ਜਿਵੇਂ ਚਾਤ੍ਰਿਕ = ਬਬੀਹਾ ਪ੍ਰੇਮ = ਪਿਆਰ ਨਾਲ ਜਲ = ਸ੍ਵਾਂਤੀ ਬੂੰਦ ਦਾ ਪਿਆਸਾ = ਤਿਹਾਇਆ ਹੁੰਦਾ ਹੈ, ਇਉਂ ਬਬੀਹੇ ਦੀ ਨਿਆਈਂ ਪਰਮੇਸ਼ਰ ਦੇ ਪ੍ਰੇਮ ਰੂਪ ਜਲ ਦੇ ਮਨ ਬਾਣੀ ਸਰੀਰ ਕਰ ਕੇ ਪਿਆਸੇ ਹੋਣਾ ਚਾਹੀਦਾ ਹੈ। ਜਿਉ = ਜਿਵੇਂ ਮੀਨਾ = ਮੱਛੀ ਜਲ = ਪਾਣੀ ਮਾਹਿ = ਵਿਚ ਉਲਾਸਾ = ਉਤਸ਼ਾਹ ਨਾਲ, ਪ੍ਰਸੰਨ ਰਹਿੰਦੀ ਹੈ, ਇਉਂ ਪ੍ਰਭੂ ਦੇ ਨਾਮ ਸਿਮਰਨ ਵਿਚ ਉਤਸ਼ਾਹ ਨਾਲ ਜੁੜਨਾ ਕਰੇ।

## ਨਾਨਕ, ਹਰਿ ਰਸੁ ਪੀ; ਤ੍ਰਿਪਤਾਸਾ ॥੮॥੧੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ! ਇਉਂ ਹਰਿ = ਹਰੀ ਦੇ ਨਾਮ ਰਸ ਨੂੰ **ਵਾ:** ਰਸ = ਪ੍ਰੇਮ ਨੂੰ ਪੀ = ਪੀਣ ਕਰ ਕੇ ਤ੍ਰਿਪਤਾਸਾ = ਤ੍ਰਿਪਤੀ ਹੁੰਦੀ ਹੈ ॥੮॥੧੧॥

## ਗਉੜੀ, ਮਹਲਾ ੧ ॥

## ਹਠੁ ਕਰਿ ਮਰੈ; ਨ ਲੇਖੈ ਪਾਵੈ ॥ ਵੇਸ ਕਰੈ ਬਹੁ; ਭਸਮ ਲਗਾਵੈ ॥

ਜਿਹੜੇ ਪੁਰਸ਼ ਹਠੁ = ਅੜੀ ਕਰਿ = ਕਰ ਕੇ ਮਰੈ = ਮਰਦੇ ਹਨ, ਭਾਵ ਆਤਮ ਹੱਤਿਆ ਕਰ ਲੈਂਦੇ ਹਨ, ਉਹ ਵਾਹਿਗੁਰੂ ਦੇ ਲੇਖੈ = ਹਿਸਾਬ ਵਿਚ ਨ = ਨਹੀਂ ਪਾਵੈ = ਪਾਏ ਜਾਂਦੇ। ਭਾਵੇਂ ਕੋਈ ਬਹੁ = ਬਹੁਤ ਸਾਰੇ ਵੇਸ = ਲਿਬਾਸ, ਭੇਸ ਧਾਰਨ ਕਰੈ = ਕਰ ਲਵੇ ਅਤੇ ਸਰੀਰ ਉੱਪਰ ਬਹੁਤ ਸਾਰੀ ਭਸਮ = ਸੁਆਹ ਲਗਾਵੈ = ਲਾ ਲਵੇ।

## ਨਾਮੁ ਬਿਸਾਰਿ; ਬਹੁਰਿ ਪਛੁਤਾਵੈ ॥੧॥

ਪਰਮੇਸ਼ਰ ਦੇ ਨਾਮ ਨੂੰ ਬਿਸਾਰਿ = ਭੁਲਾਉਣ ਕਰਕੇ ਬਹੁਰਿ = ਮੁੜ ਕੇ, ਫਿਰ ਪਛਤਾਵੈ = ਪਛਤਾਉਣਾ ਹੀ ਪਵੇਗਾ ॥੧॥

## ਤੂੰ ਮਨਿ ਹਰਿ ਜੀਉ; ਤੂੰ ਮਨਿ ਸੂਖ ॥
## ਨਾਮੁ ਬਿਸਾਰਿ; ਸਹਹਿ ਜਮ ਦੂਖ ॥੧॥ਰਹਾਉ॥

ਹੇ ਮੇਰੇ ਮਨਿ = ਮਨਾਂ! ਤੂੰ ਹਰਿ = ਪਰਮੇਸ਼ਰ ਜੀਉ = ਜੀ ਨੂੰ ਮਨਿ = ਮੰਨਣ ਕਰ ਤਾਂ ਤੂੰ ਸੂਖ = ਸੁਖੀ ਹੋ ਜਾਵੇਂਗਾ **ਵਾ:** ਹੇ ਭਾਈ! ਜੋ ਹਰਿ = ਪਰਮੇਸ਼ਰ ਹੈ, ਉਹ ਤੇਰੇ ਜੀਉ = ਹਿਰਦੇ ਵਿਚ ਹੀ ਹੈ, ਉਸ ਨੂੰ ਗੁਰਾਂ ਦੇ ਮਨਿ = ਮੰਤ੍ਰ ਦੁਆਰਾ ਮਨਿ = ਮੰਨਣਾ ਕਰ ਤਾਂ ਤੂੰ ਸੂਖ = ਸੁੱਖਾਂ ਦੇ ਸਹਿਤ ਹੋਵੇਂਗਾ। ਪਰਮੇਸ਼ਰ ਦੇ ਨਾਮ ਨੂੰ ਬਿਸਾਰਿ = ਭੁਲਾਉਣ ਕਰਕੇ ਜਮ = ਜਮਦੂਤਾਂ ਦੁਆਰਾ ਦਿੱਤੇ ਹੋਏ ਦੂਖ = ਦੁੱਖਾਂ ਨੂੰ ਹੀ ਸਹਹਿ = ਸਹਾਰਦਾ ਰਹੇਂਗਾ ॥੧॥ਰਹਾਉ॥

## ਚੋਆ ਚੰਦਨ; ਅਗਰ ਕਪੂਰਿ ॥
## ਮਾਇਆ ਮਗਨੁ; ਪਰਮ ਪਦੁ ਦੂਰਿ ॥

ਚੋਆ ਚੰਦਨ = ਚੰਦਨ ਦਾ ਤੇਲ **ਵਾ:** ਚੰਦਨ ਨੂੰ ਚੁਆ ਚੁਆ ਕੇ ਸਰੀਰ ਉੱਪਰ ਲਾ ਲਿਆ, ਅਗਰ = ਅਗਰ ਦਾ ਤੇਲ **ਵਾ:** ਇਸ ਦਾ ਇਤਰ (ਅਤਰ) ਲਾ ਲਿਆ ਅਤੇ ਕਪੂਰਿ = ਮੁਸ਼ਕ ਕਪੂਰ ਆਦਿਕ ਸੁਗੰਧੀਆਂ ਸਰੀਰ ਉਪਰ ਲਾ ਲਈਆਂ। ਇਨ੍ਹਾਂ ਚੀਜ਼ਾਂ ਵਿਚ ਲੱਗ ਕਰ ਕੇ ਜਿਹੜੇ ਜੀਵ ਮਾਇਆ = ਛਲ ਰੂਪ ਸੰਸਾਰ ਵਿਚ ਹੀ ਮਗਨੁ = ਮਸਤ ਹੋਏ ਰਹਿੰਦੇ ਹਨ, ਉਹ ਪਰਮ ਪਦੁ = ਵੱਡੀ ਪਦਵੀ ਭਾਵ ਪਰਮਾਤਮਾ ਦੀ ਪ੍ਰਾਪਤੀ ਰੂਪੀ ਪਦਵੀ ਜਾਂ ਕੈਵਲ ਮੋਖ ਤੋਂ ਦੂਰਿ = ਦੂਰ ਰਹਿ ਜਾਂਦੇ ਹਨ।

## ਨਾਮਿ ਬਿਸਾਰਿਐ; ਸਭੁ ਕੂੜੋ ਕੂਰਿ ॥੨॥

ਪਰਮੇਸ਼ਰ ਦੇ ਨਾਮਿ = ਨਾਮ ਦੇ ਬਿਸਾਰਿਐ = ਭੁਲਾਉਣ ਕਰ ਕੇ ਸਭੁ = ਸਾਰੇ ਕਰਮ ਕਿਰਿਆ ਕਰਨੇ ਕੂੜੋ = ਝੂਠ ਹੀ ਕੂਰਿ = ਝੂਠ ਹਨ **ਵਾ:** ਉਹ ਝੂਠੇ ਅੰਤ ਨੂੰ ਕੂੜੋ = ਕੂੜੇ ਦੇ ਵਿਚ ਹੀ ਰਲ ਮਿਲ ਜਾਣਗੇ, ਭਾਵ ਟੇਢੀਆਂ ਜੂਨਾਂ ਵਿਚ ਪੈ ਜਾਣਗੇ ॥੨॥

## ਨੇਜੇ ਵਾਜੇ; ਤਖਤਿ ਸਲਾਮੁ ॥ ਅਧਕੀ ਤ੍ਰਿਸਨਾ; ਵਿਆਪੈ ਕਾਮੁ ॥

ਜੇਕਰ ਨੇਜੇ = ਚੋਬਦਾਰ ਸਾਹਮਣੇ ਖੜ੍ਹੇ ਕਰ ਲਏ **ਵਾ:** ਨੇਜੇ = ਨਿਸ਼ਾਨ ਝੁਲਾ ਲਏ, ਵਾਜੇ = ਸਾਜ਼, ਨਗਾਰੇ ਆਦਿ ਵੱਜਦੇ ਹੋਣ, ਬਾਦਸ਼ਾਹ ਬਣ ਕੇ ਤਖਤਿ = ਸਿੰਘਾਸਨ ਉਪਰ ਬੈਠ ਗਿਆ ਅਤੇ ਲੋਕ ਸਲਾਮੁ = ਪ੍ਰਣਾਮ, ਨਮਸਕਾਰਾਂ ਕਰਦੇ ਹੋਣ। ਇਸ ਨਾਲ ਤਾਂ ਪਦਾਰਥਾਂ ਦੀ ਤ੍ਰਿਸਨਾ = ਅਤ੍ਰਿਪਤੀ ਹੀ ਅਧਕੀ = ਬਹੁਤੀ ਵਧਦੀ ਹੈ ਅਤੇ ਕਾਮੁ = ਵਿਕਾਰਾਂ ਦੇ ਫੁਰਨੇ ਆ ਕੇ ਵਿਆਪੈ = ਵਿਆਪਦੇ, ਚਿੰਬੜਦੇ ਹਨ।

## ਬਿਨੁ ਹਰਿ ਜਾਚੇ; ਭਗਤਿ ਨ ਨਾਮੁ ॥੩॥

ਹਰਿ = ਹਰੀ ਪਰਮੇਸ਼ਰ ਕੋਲੋਂ ਜਾਚੇ = ਮੰਗੇ ਤੋਂ ਬਿਨੁ = ਬਿਨਾਂ ਕਿਤੋਂ ਵੀ ਭਗਤਿ = ਭਗਤੀ ਅਤੇ ਨਾਮੁ ਪ੍ਰਾਪਤ ਨਹੀਂ ਹੋਣਾ **ਵਾ:** ਹਰੀ ਕੋਲੋਂ ਭਗਤੀ ਮੰਗਣ ਤੋਂ ਬਗ਼ੈਰ ਤੇਰਾ ਦੁਨੀਆਂ ਵਿਚ ਨਾਮ ਨਹੀਂ ਰਹੇਗਾ ॥੩॥

## ਵਾਦਿ ਅਹੰਕਾਰਿ; ਨਾਹੀ ਪ੍ਰਭ ਮੇਲਾ ॥ ਮਨੁ ਦੇ; ਪਾਵਹਿ ਨਾਮੁ ਸੁਹੇਲਾ ॥

ਵਾਦਿ = ਝਗੜੇ ਕਰ ਕੇ ਅਤੇ ਅਹੰਕਾਰਿ = ਹੰਕਾਰ ਨਾਲ ਪ੍ਰਭ = ਪਰਮਾਤਮਾ ਨਾਲ ਮੇਲਾ = ਮਿਲਾਪ ਨਾਹੀ = ਨਹੀਂ ਹੁੰਦਾ। ਜੇਕਰ ਆਪਣਾ ਮਨੁ = ਅੰਤਸ਼ਕਰਣ ਗੁਰੂ ਸਾਹਿਬ ਨੂੰ ਦੇ = ਦੇਣਾ ਕਰੇਂ ਤਾਂ ਗੁਰਾਂ ਪਾਸੋਂ ਸੁਹੇਲਾ = ਸੁੱਖਾਂ ਦੇ ਦੇਣ ਵਾਲਾ ਹਰਿ ਨਾਮ ਪਾਵਹਿ = ਪਾ ਲਵੇਂਗਾ।

## ਦੂਜੈ ਭਾਇ ਅਗਿਆਨੁ; ਦੁਹੇਲਾ ॥੪॥

ਜਿਨ੍ਹਾਂ ਦੇ ਅੰਦਰ ਦੂਜੈ ਭਾਇ = ਦ੍ਵੈਤ-ਭਾਵ ਤੇ ਅਗਿਆਨੁ = ਅਵਿਦਿਆ ਹੈ ਉਹ ਪੁਰਖ ਦੁਹੇਲਾ = ਦੁਖੀ ਹੁੰਦੇ ਰਹਿੰਦੇ ਹਨ ॥੪॥

## ਬਿਨੁ ਦਮ ਕੇ; ਸਉਦਾ ਨਹੀ ਹਾਟ ॥ ਬਿਨੁ ਬੋਹਿਥ; ਸਾਗਰ ਨਹੀ ਵਾਟ ॥

ਜਿਵੇਂ ਦਮ = ਦਮੜਿਆਂ (ਧਨ) ਕੇ = ਦੇ ਬਿਨੁ = ਬਗ਼ੈਰ ਕੋਈ ਹਾਟ = ਹੱਟੀ (ਦੁਕਾਨ) ਤੋਂ ਸਉਦਾ = ਪਦਾਰਥ, ਸੌਦਾ ਨਹੀਂ ਦਿੰਦਾ **ਵਾ:** ਏਸੇ ਪ੍ਰਕਾਰ ਜਿੰਨਾ ਚਿਰ ਸ਼ਰਧਾ ਰੂਪੀ ਦਮੜਾ ਨਹੀਂ ਹੈ, ਉਤਨਾ ਚਿਰ ਸਾਧਸੰਗਤ ਰੂਪੀ ਹੱਟੀ ਵਿੱਚੋਂ ਕਿਸੇ ਨੂੰ ਨਾਮ ਰੂਪੀ ਸੌਦਾ ਨਹੀਂ ਪ੍ਰਾਪਤ ਹੋਣਾ। ਜਿਵੇਂ ਬੋਹਿਥ = ਜਹਾਜ਼ ਤੋਂ ਬਿਨੁ = ਬਿਨਾਂ ਸਾਗਰ = ਸਮੁੰਦਰ ਦਾ ਵਾਟ = ਰਸਤਾ ਨਹੀਂ ਪਾਰ ਕੀਤਾ ਜਾ ਸਕਦਾ **ਵਾ:** ਇਵੇਂ ਹੀ ਪਰਮੇਸ਼ਰ ਦੇ ਨਾਮ ਰੂਪੀ ਜਹਾਜ਼ ਤੋਂ ਬਿਨਾਂ ਸੰਸਾਰ-ਸਮੁੰਦਰ ਦਾ ਰਸਤਾ ਪਾਰ ਨਹੀਂ ਕੀਤਾ ਜਾ ਸਕਦਾ, ਮੁਕਤੀ ਰੂਪੀ ਕਿਨਾਰੇ 'ਤੇ ਨਹੀਂ ਪਹੁੰਚਿਆ ਜਾ ਸਕਦਾ।

## ਬਿਨੁ ਗੁਰ ਸੇਵੇ; ਘਾਟੇ ਘਾਟਿ ॥੫॥

ਗੁਰ = ਸਤਿਗੁਰੂ ਸਾਹਿਬ ਜੀ ਦੇ ਸੇਵੇ = ਟਹਿਲ, ਸੇਵਨ ਕੀਤੇ ਤੋਂ ਬਿਨੁ = ਬਗ਼ੈਰ ਘਾਟੇ ਘਾਟਿ = ਘਾਟਾ ਹੀ ਘਾਟਾ ਹੈ ॥੫॥

## ਤਿਸ ਕਉ ਵਾਹੁ ਵਾਹੁ; ਜਿ ਵਾਟ ਦਿਖਾਵੈ ॥
## ਤਿਸ ਕਉ ਵਾਹੁ ਵਾਹੁ; ਜਿ ਸਬਦੁ ਸੁਣਾਵੈ ॥

ਤਿਸ = ਉਸ ਕਉ = ਤਾਈਂ ਵਾਹੁ ਵਾਹੁ = ਧੰਨ ਧੰਨ ਹੈ, ਜਿ = ਜਿਹੜਾ ਗੁਰੂ ਗਿਆਨ ਭਗਤੀ ਦਾ ਵਾਟ = ਰਸਤਾ ਦਿਖਾਵੈ = ਦਿਖਾ ਦਿੰਦਾ ਹੈ। ਤਿਸ = ਉਸ ਗੁਰੂ ਕਉ = ਨੂੰ ਵਾਹੁ ਵਾਹੁ = ਧੰਨ ਧੰਨ ਕਹੋ, ਜੋ ਸਬਦੁ = ਬ੍ਰਹਮ ਦਾ ਉਪਦੇਸ਼ ਸੁਣਾਵੈ = ਸੁਣਾਉਂਦਾ ਹੈ **ਅਥਵਾ** ਉਸ ਦਾ ਨਾਮ ਵਾਹੁ ਵਾਹੁ = ਵਾਹਿਗੁਰੂ ਵਾਹਿਗੁਰੂ

ਹੈ, ਜੋ ਸੰਸਾਰ ਵਿਚ ਆਪਣੀ ਪ੍ਰਾਪਤੀ ਦਾ ਰਸਤਾ ਦਿਖਾਉਣ ਵਾਲਾ ਹੈ। ਉਸ ਦਾ ਨਾਮ ਵਾਹੁ ਵਾਹੁ = ਵਾਹਿਗੁਰੂ ਵਾਹਿਗੁਰੂ ਹੈ, ਜੋ ਗੁਰੂ ਰੂਪ ਧਾਰ ਕੇ ਸਬਦੁ = ਉਪਦੇਸ਼ ਸੁਣਾਵੈ = ਸੁਣਾਉਂਦਾ ਹੈ।

## ਤਿਸ ਕਉ ਵਾਹੁ ਵਾਹੁ; ਜਿ ਮੇਲਿ ਮਿਲਾਵੈ ॥੬॥

ਤਿਸ = ਉਸ ਗੁਰੂ ਕਉ = ਨੂੰ ਵਾਹੁ ਵਾਹੁ = ਧੰਨਯ ਧੰਨਯ ਹੈ, ਜਿ = ਜੋ ਵਾਹਿਗੁਰੂ ਦੇ ਮੇਲਿ = ਮਿਲਾਪ ਵਿਚ ਮਿਲਾਵੈ = ਮਿਲਾਉਂਦਾ ਹੈ ॥੬॥

## ਵਾਹੁ ਵਾਹੁ ਤਿਸ ਕਉ; ਜਿਸ ਕਾ ਇਹੁ ਜੀਉ ॥
## ਗੁਰ ਸਬਦੀ ਮਥਿ; ਅੰਮ੍ਰਿਤੁ ਪੀਉ ॥

ਤਿਸ = ਉਸ ਪਰਮੇਸ਼ਰ ਕਉ = ਨੂੰ ਵਾਹੁ ਵਾਹੁ = ਵਾਹ ਵਾਹ, ਧੰਨਯ ਧੰਨਯ ਹੈ, ਜਿਸ ਪਰਮੇਸ਼ਰ ਦਾ ਇਹ ਜੀਉ = ਜੀਅ ਦਿੱਤਾ ਹੋਇਆ ਹੈ। ਇਸ ਕਰ ਕੇ ਗੁਰ = ਸਤਿਗੁਰੂ ਸਾਹਿਬ ਜੀ ਦੇ ਸਬਦੀ = ਉਪਦੇਸ਼ ਦੁਆਰਾ ਮਥਿ = ਮੰਥਨ ਕਰ ਕੇ ਅੰਮ੍ਰਿਤ ਰੂਪੀ ਨਾਮ ਨੂੰ ਪੀਉ = ਪੀਣਾ ਕਰੋ।

## ਨਾਮ ਵਡਾਈ; ਤੁਧੁ ਭਾਣੈ ਦੀਉ ॥੭॥

ਹੇ ਵਾਹਿਗੁਰੂ! ਜਿਹੜੇ ਤੁਧੁ = ਤੈਨੂੰ ਭਾਣੈ = ਭਾ ਗਏ ਹਨ, ਉਨ੍ਹਾਂ ਨੂੰ ਹੀ ਨਾਮ ਦੀ ਵਡਾਈ = ਸੋਭਾ ਦੀਉ = ਦੇਣਾ ਕੀਤੀ ਹੈ ॥੭॥

## ਨਾਮ ਬਿਨਾ; ਕਿਉ ਜੀਵਾ ਮਾਇ ॥
## ਅਨ ਦਿਨੁ ਜਪਤੁ ਰਹਉ; ਤੇਰੀ ਸਰਣਾਇ ॥

ਹੇ ਮੇਰੇ ਮਾਇ = ਮਾਤਾ ਪਿਤਾ ਰੂਪ ਸੰਤ ਜਨੋਂ! ਪਰਮੇਸ਼ਰ ਦੇ ਨਾਮ ਤੋਂ ਬਿਨਾ = ਬਗ਼ੈਰ ਕਿਉ = ਕਿਵੇਂ ਜੀਵਾ = ਜੀਵਿਆ ਜਾਏ, ਜੀਣਾ ਕਰੀਏ?

ਹੇ ਮਹਾਰਾਜ! ਮੈਂ ਤੇਰੀ = ਤੁਹਾਡੀ ਸਰਣਾਇ = ਸ਼ਰਣ ਵਿਚ ਆ ਕਰ ਕੇ ਅਨ ਦਿਨੁ = ਰਾਤ ਦਿਨ ਆਪ ਦੇ ਨਾਮ ਨੂੰ ਜਪਤੁ = ਜਪਦਾ ਰਹਉ = ਰਹਿੰਦਾ ਹਾਂ।

## ਨਾਨਕ ਨਾਮਿ ਰਤੇ; ਪਤਿ ਪਾਇ ॥੮॥੧੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਤੇਰੇ ਨਾਮਿ = ਨਾਮ ਵਿਚ ਰਤੇ = ਰੰਗੇ ਗਏ ਹਨ, ਉਹ ਲੋਕ ਪਰਲੋਕ ਵਿਚ ਪਤਿ = ਪ੍ਰਤਿਸ਼ਠਾ (ਇੱਜ਼ਤ) ਪਾਇ = ਪ੍ਰਾਪਤ ਕਰ ਲੈਂਦੇ ਹਨ ॥੮॥੧੨॥

## ਗਉੜੀ, ਮਹਲਾ ੧ ॥
## ਹਉਮੈ ਕਰਤ ਭੇਖੀ; ਨਹੀ ਜਾਨਿਆ ॥
## ਗੁਰਮੁਖਿ ਭਗਤਿ; ਵਿਰਲੇ ਮਨੁ ਮਾਨਿਆ ॥੧॥

ਭੇਖੀ = ਭੇਖ ਧਾਰੀਆਂ ਨੇ, ਦੇਹ ਦੀ, ਵਿਦਿਆ ਆਦਿਕ ਦੀ ਹਉਮੈ = ਹੰਗਤਾ ਮਮਤਾ ਕਰਤ = ਕਰ ਕੇ ਉਸ ਵਾਹਿਗੁਰੂ ਦੇ ਸਰੂਪ ਨੂੰ ਨਹੀਂ ਜਾਨਿਆ = ਜਾਨਣਾ ਕੀਤਾ। ਕੋਈ ਵਿਰਲੇ = ਟਾਂਵੇਂ ਟਾਂਵੇਂ ਹੀ ਗੁਰਮੁਖਿ = ਅਧਿਕਾਰੀ ਜਨ ਹਨ, ਜਿਨ੍ਹਾਂ ਦਾ ਪਰਮੇਸ਼ਰ ਦੀ ਭਗਤਿ = ਭਗਤੀ ਵਿਚ ਮਨ = ਹਿਰਦਾ ਮਾਨਿਆ = ਮੰਨ ਗਿਆ ਹੈ ॥੧॥

## ਹਉ ਹਉ ਕਰਤ; ਨਹੀ ਸਚੁ ਪਾਈਐ ॥ ਹਉਮੈ ਜਾਇ; ਪਰਮ ਪਦੁ ਪਾਈਐ ॥੧॥ਰਹਾਉ॥

ਹਉ ਹਉ = ਮੈਂ ਮੈਂ **ਵਾ:** ਪਦਾਰਥਾਂ ਦੀ ਹਉ = ਹੰਗਤਾ ਗੁਣਾਂ ਦੀ ਹਉ = ਹੰਗਤਾ ਕਰਤ = ਕਰ ਕੇ ਸਚੁ = ਸਤਯ ਸਰੂਪ ਨੂੰ ਨਹੀਂ ਪਾਈਐ = ਪਾਈਦਾ। ਜੇਕਰ ਦੇਹ ਦੇ ਅੰਦਰੋਂ ਹਉਮੈ = ਹੰਗਤਾ ਚਲੀ ਜਾਇ = ਜਾਵੇ ਤਾਂ ਪਰਮ ਪਦੁ = ਵੱਡੀ ਪਦਵੀ ਭਾਵ ਕੈਵਲ ਮੋਖ ਨੂੰ ਪਾਈਐ = ਪ੍ਰਾਪਤ ਕਰੀਦਾ ਹੈ ॥੧॥ਰਹਾਉ॥

## ਹਉਮੈ ਕਰਿ; ਰਾਜੇ ਬਹੁ ਧਾਵਹਿ ॥ ਹਉਮੈ ਖਪਹਿ; ਜਨਮਿ ਮਰਿ ਆਵਹਿ ॥੨॥

ਰਾਜੇ = ਭੂਪਤ ਲੋਕ ਹਉਮੈ = ਹੰਗਤਾ ਕਰਿ = ਕਰ ਕੇ ਦੁਨੀਆਂ ਦੇ ਦੇਸ਼ਾਂ ਨੂੰ ਦਬਾਉਣ ਵਾਸਤੇ ਬਹੁ = ਬਹੁਤ ਧਾਵਹਿ = ਦੌੜਦੇ ਹਨ। ਪ੍ਰੰਤੂ ਅੰਤ ਨੂੰ ਇਹ ਹਉਮੈ = ਹੰਗਤਾ ਵਿਚ ਹੀ ਖਪਹਿ = ਖਪਦੇ ਹਨ ਅਤੇ ਜਨਮਿ = ਜੰਮਦੇ ਹਨ, ਮਰਿ = ਮਰਦੇ ਹਨ ਤੇ ਇਉਂ ਖੂਹ ਦੀਆਂ ਟਿੰਡਾਂ ਵਾਂਗੂੰ ਚੌਰਾਸੀ ਲੱਖ ਜੂਨਾਂ ਵਿਚ ਆਵਹਿ = ਆਉਂਦੇ ਜਾਂਦੇ ਰਹਿੰਦੇ ਹਨ **ਵਾ:** ਜੰਮਣ ਮਰਣ ਵਿਚ ਆਉਂਦੇ ਰਹਿੰਦੇ ਹਨ **ਵਾ:** ਹਉਮੈ ਵਿਚ ਖਪ ਕਰ ਕੇ ਮਰਿ = ਮਰ ਜਾਂਦੇ ਹਨ ਤੇ ਫਿਰ ਜੂਨਾਂ ਵਿਚ ਜਨਮਿ = ਜਨਮ ਧਾਰ ਕੇ ਆਵਹਿ = ਆਉਂਦੇ ਹਨ ॥੨॥

***ਪ੍ਰਸ਼ਨ :*** *ਹੇ ਮਹਾਰਾਜ ! ਹਉਮੈ ਦੀ ਨਵਿਰਤੀ ਕਿਵੇਂ ਹੋ ਸਕਦੀ ਹੈ ?*

***ਗੁਰ ਉੱਤਰ :***

## ਹਉਮੈ ਨਿਵਰੈ; ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ; ਪੰਚ ਸੰਘਾਰੈ ॥੩॥

ਗੁਰ = ਸਤਿਗੁਰੂ ਸਾਹਿਬ ਜੀ ਦੇ ਸਬਦੁ = ਉਪਦੇਸ਼ ਦੀ ਵੀਚਾਰੈ = ਵੀਚਾਰ ਕਰਨ ਨਾਲ ਹਉਮੈ = ਹੰਗਤਾ ਨਿਵਰੈ = ਨਵਿਰਤ ਹੋ ਜਾਂਦੀ ਹੈ ਅਤੇ ਜੋ ਮਿਥਿਆ ਪਦਾਰਥਾਂ ਨੂੰ ਨਿਸਚੇ ਕਰਨ ਵਾਲੀ ਚੰਚਲ = ਚੰਚਲਤਾਈ ਵਾਲੀ ਮਤਿ = ਬੁੱਧੀ ਹੈ, ਇਸ ਨੂੰ ਤਿਆਗੈ = ਤਿਆਗਣਾ ਕਰੇ ਤੇ ਪੰਚ = ਪੰਜ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਸੰਘਾਰੈ = ਨਾਸ਼ ਕਰਨਾ ਕਰੇ ॥੩॥

## ਅੰਤਰਿ ਸਾਚੁ; ਸਹਜ ਘਰਿ ਆਵਹਿ ॥ ਰਾਜਨੁ ਜਾਣਿ; ਪਰਮਗਤਿ ਪਾਵਹਿ ॥੪॥

ਜਿਨ੍ਹਾਂ ਦੇ ਅੰਤਰਿ = ਹਿਰਦੇ ਵਿਚ ਗੁਰਾਂ ਦਾ ਸਾਚੁ = ਸੱਚਾ ਨਾਮ ਹੈ, ਉਹ ਸਹਜ = ਗਿਆਨ ਦੇ ਘਰਿ = ਘਰ ਵਿਚ, ਤੁਰੀਆ ਪਦ ਵਿਚ ਆਵਹਿ = ਆ ਕੇ ਇਸਥਿਤ ਹੋ ਜਾਂਦੇ ਹਨ। ਉਹ ਰਾਜਨੁ = ਪ੍ਰਕਾਸ਼ ਸਰੂਪ ਨੂੰ ਜਾਣਿ = ਜਾਣ ਕਰ ਕੇ ਪਰਮਗਤਿ = ਵੱਡੀ ਗਤੀ ਭਾਵ ਕੈਵਲ ਮੋਖ ਨੂੰ ਪਾਵਹਿ = ਪਾ ਲੈਂਦੇ ਹਨ ॥੪॥

## ਸਚੁ ਕਰਣੀ; ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ; ਤਾੜੀ ਲਾਵੈ ॥੫॥

ਗੁਰੁ = ਸਤਿਗੁਰਾਂ ਦੀ ਭਗਤੀ ਰੂਪੀ ਕਰਣੀ = ਕਮਾਈ ਸਚੁ = ਸੱਚੀ ਹੈ। ਜੋ ਇਸ ਸੱਚੀ ਕਰਣੀ ਨੂੰ ਕਰਦਾ ਹੈ, ਗੁਰੂ ਸਾਹਿਬ ਜੀ ਉਸ ਦੇ ਅੰਦਰੋਂ ਭਰਮੁ = ਸੰਸਾ ਚੁਕਾਵੈ = ਚੁੱਕ ਦਿੰਦੇ ਹਨ, ਨਵਿਰਤ ਕਰ ਦਿੰਦੇ ਹਨ ਅਤੇ ਨਿਰਭਉ = ਭੈ ਤੋਂ ਰਹਿਤ ਪਰਮੇਸ਼ਰ ਕੈ = ਦੇ ਘਰਿ = ਸਰੂਪ ਦੇ ਅੰਦਰ ਸਿੱਖ ਦੀ ਤਾੜੀ = ਸਮਾਧੀ ਲਾਉਣ ਰੂਪ ਬਿਰਤੀ ਲਗਾ ਦਿੰਦੇ ਹਨ ॥੫॥

## ਹਉ ਹਉ ਕਰਿ ਮਰਣਾ; ਕਿਆ ਪਾਵੈ ॥ ਪੂਰਾ ਗੁਰੁ ਭੇਟੇ; ਸੋ ਝਗਰੁ ਚੁਕਾਵੈ ॥੬॥

ਹਉ ਹਉ = ਮੈਂ ਮੈਂ ਕਰਿ = ਕਰਕੇ ਮਰਣਾ = ਮਰਨ ਨਾਲ, ਮਰਣ ਵਾਲੇ ਕਿਆ = ਕੀ ਪਾਵੈ = ਪ੍ਰਾਪਤ

ਕਰ ਸਕਦੇ ਹਨ ? ਭਾਵ ਕੁਝ ਨਹੀਂ ਪਾ ਸਕਦੇ। ਜਿਨ੍ਹਾਂ ਨੂੰ ਪੂਰਾ = ਪੂਰਨ ਗੁਰੁ = ਸਤਿਗੁਰੂ ਸਾਹਿਬ ਜੀ ਭੇਟੇ = ਮਿਲ ਜਾਣ, ਸੋ = ਉਨ੍ਹਾਂ ਦੇ ਜੰਮਣ ਮਰਣ ਰੂਪੀ ਝਗਰੁ = ਝਗੜੇ ਨੂੰ ਗੁਰੂ ਸਾਹਿਬ ਜੀ ਚੁਕਾਵੈ = ਚੁਕਾ ਦਿੰਦੇ ਹਨ ॥੬॥

## ਜੇਤੀ ਹੈ; ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ; ਗੁਣ ਗਾਹੀ ॥੭॥

ਜੇਤੀ = ਜਿਤਨੀ ਸ੍ਰਿਸ਼ਟੀ ਅਗਿਆਨ ਕਾਲ ਵਿਚ ਪ੍ਰਤੀਤ ਹੋ ਰਹੀ ਹੈ, ਜਦੋਂ ਬ੍ਰਹਮ ਗਿਆਨ ਦਾ ਪ੍ਰਕਾਸ਼ ਹੋ ਗਿਆ, ਉਸ ਵੇਲੇ ਤੇਤੀ = ਉਤਨੀ ਕਿਹੁ = ਕੁਝ ਵੀ ਨਾਹੀ = ਨਹੀਂ ਰਹਿ ਜਾਂਦੀ, ਭਾਵ ਇਹ ਸਾਰੀ ਅਗਿਆਨ ਕਰ ਕੇ ਕਲਪਨਾ ਹੋ ਰਹੀ ਹੈ। ਜਿਵੇਂ ਰਾਤ ਦੇ ਹਨੇਰੇ ਵਿਚ ਲੱਖਾਂ ਤਾਰੇ ਚਮਕਦੇ ਹਨ, ਬੜੇ ਭਰਮ ਪੈਂਦੇ ਹਨ। ਇਸੇ ਪ੍ਰਕਾਰ ਅਵਿਦਿਆ ਰੂਪੀ ਰਾਤ ਕਰ ਕੇ, ਭਰਮ ਦੇ ਹਨੇਰੇ ਵਿਚ ਇਹ ਸੰਸਾਰ ਵਿਚ ਨਾਨਾ ਪੁਣਾ ਪ੍ਰਤੀਤ ਹੋ ਰਿਹਾ ਹੈ। ਜਦੋਂ ਗੁਰੂ ਸਾਹਿਬ ਜੀ ਗਿਆਨ ਦਾ ਸੂਰਜ ਚਾੜ੍ਹ ਦਿੰਦੇ ਹਨ, ਤਾਂ ਸਾਰਾ ਹੀ ਭਰਮ ਰੂਪੀ ਹਨੇਰਾ ਚੁੱਕਿਆ ਜਾਂਦਾ ਹੈ ਤੇ ਕੇਵਲ ਇਕ ਬ੍ਰਹਮ ਦੀ ਜੋਤ ਸਾਰੇ ਪਸਰੀ ਹੋਈ ਦਿਸ ਪੈਂਦੀ ਹੈ। ਜਿਨ੍ਹਾਂ ਗੁਰਮੁਖਿ = ਗੁਰਮੁਖ ਜਨਾਂ ਤਾਈਂ ਸਰੂਪ ਦਾ ਗਿਆਨ = ਬੋਧ ਭੇਟਿ = ਪ੍ਰਾਪਤ ਹੁੰਦਾ ਹੈ, ਉਹ ਮਿਲ ਕਰ ਕੇ ਵਾਹਿਗੁਰੂ ਦੇ ਗੁਣ = ਸਿਫ਼ਤਾਂ ਨੂੰ ਗਾਹੀ = ਗਾਉਂਦੇ ਹਨ **ਵਾ:** ਉਹ ਗੁਣਾਂ ਦੀ ਗਾਹੀ = ਜਗ੍ਹਾ ਬਣ ਜਾਂਦੇ ਹਨ ॥੭॥ (ਫ਼ਾਰਸੀ ਵਿਚ ਗਾਹ = ਜਗ੍ਹਾ ਦਾ ਨਾਮ ਹੈ)।

[ਅੰਗ ੨੨੭]

## ਹਉਮੈ ਬੰਧਨ; ਬੰਧਿ ਭਵਾਵੈ ॥ ਨਾਨਕ; ਰਾਮ ਭਗਤਿ, ਸੁਖੁ ਪਾਵੈ ॥੮॥੧੩॥

ਜਿੰਨਾ ਚਿਰ ਜੀਵ ਦੇ ਅੰਦਰ ਹਉਮੈ = ਹੰਗਤਾ ਮਮਤਾ ਦੇ ਬੰਧਨਿ = ਜੰਜਾਲ ਪਏ ਰਹਿੰਦੇ ਹਨ, ਉਤਨਾ ਚਿਰ ਇਹ ਜਨਮ ਜਨਮਾਂਤਰਾਂ ਦੇ ਬੰਧਿ = ਬੰਧਨਾਂ ਵਿਚ ਭਵਾਵੈ = ਭਵਾਉਂਦਾ ਰਹਿੰਦਾ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਪ੍ਰੇਮ ਦੇ ਨਾਲ ਰਾਮ = ਪਰਮੇਸ਼ਰ ਦੀ ਭਗਤਿ = ਭਗਤੀ ਕਰਦਾ ਹੈ, ਉਹੋ ਹੀ ਸੁਖੁ = ਸੁੱਖ ਸਰੂਪ ਨੂੰ ਪਾਵੈ = ਪਾ ਲੈਂਦਾ ਹੈ ॥੮॥੧੩॥

## ਗਉੜੀ, ਮਹਲਾ ੧ ॥

ਸਿੱਧਾਂ ਨੇ ਕਿਹਾ ਕਿ ਹੇ ਸਤਿਗੁਰੂ ਜੀ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨੀ ਚੰਗੀ ਹੈ ਕਿ ਨਹੀਂ ! ਸਤਿਗੁਰੂ ਜੀ ਉਨ੍ਹਾਂ ਨੂੰ ਕਹਿੰਦੇ ਹਨ ਕਿ ਇਨ੍ਹਾਂ ਦੇਵੀ ਦੇਵਤਿਆਂ ਦੀ ਉਪਾਸ਼ਨਾ ਦਾ ਫਲ ਇਹੀ ਹੈ ਕਿ ਆਪਣੇ ਇਸ਼ਟ ਦੇਵਤਾ ਦਾ ਰੂਪ ਹੋ ਜਾਣਾ। ਜੇਕਰ ਕੋਈ ਬ੍ਰਹਮਾ ਦੀ ਉਪਾਸ਼ਨਾ ਕਰੇਗਾ ਤਾਂ ਉਹ ਬ੍ਰਹਮਾ ਬਣ ਜਾਵੇਗਾ, ਬ੍ਰਹਮਾ ਬਣ ਕੇ ਵੀ ਉਸ ਨੂੰ ਕਾਲ ਦੇ ਘਰ ਵਿਚ ਆਉਣਾ ਪਵੇਗਾ। ਇਸ ਕਰਕੇ ਇਨ੍ਹਾਂ ਦੀ ਉਪਾਸ਼ਨਾ ਯੋਗ ਨਹੀਂ ਹੈ। ਇਕ ਵਾਹਿਗੁਰੂ ਦੀ ਹੀ ਉਪਾਸ਼ਨਾ ਕਰਨੀ ਚਾਹੀਦੀ ਹੈ।

## ਪ੍ਰਥਮੇ ਬ੍ਰਹਮਾ; ਕਾਲੈ ਘਰਿ ਆਇਆ ॥

(**ਕਾਲੈ** ਦਾ ਉਚਾਰਣ ਥੋੜ੍ਹਾ ਕੱਸ ਕੇ ਹੈ)

ਪ੍ਰਥਮੇ = ਪਹਿਲਾਂ ਜੋ ਸਾਰੀ ਸ੍ਰਿਸ਼ਟੀ ਦੇ ਮੁੱਢ ਵਿਚ ਬ੍ਰਹਮਾ ਪੈਦਾ ਕੀਤਾ ਹੈ, ਇਹ ਵੀ ਕਾਲੈ = ਮੌਤ ਦੇ ਘਰ ਵਿਚ ਆਇਆ ਹੋਇਆ ਹੈ। ਭਾਵ ਪਰਮੇਸ਼ਰ ਨੇ ਪਹਿਲਾਂ ਸਮਾਂ ਬਣਾਇਆ, ਫਿਰ ਬ੍ਰਹਮਾ ਦੀ ਉਤਪਤੀ ਕੀਤੀ, ਇਉਂ ਬ੍ਰਹਮਾ ਕਾਲ ਦੇ ਘਰ ਵਿਚ ਆਇਆ ਹੋਇਆ ਹੈ। ਜੈਸਾ ਕਿ :

**ਕਾਲ ਪਾਇ ਬ੍ਰਹਮਾ ਬਪੁ ਧਰਾ ॥** *(ਸ੍ਰੀ ਦਸਮ ਗ੍ਰੰਥ, ਪੰਨਾ ੧੩੮੭)*

## ਬ੍ਰਹਮ ਕਮਲੁ; ਪਇਆਲਿ ਨ ਪਾਇਆ ॥

ਬ੍ਰਹਮ = ਬ੍ਰਹਮਾ **ਵਾ:** ਬ੍ਰਹਮ = ਪਰਮੇਸ਼ਰ ਭਾਵ ਵਿਸ਼ਨੂੰ; ਜਿਸ ਦੀ ਨਾਭੀ ਵਿੱਚੋਂ ਉਤਪੰਨ ਹੋਏ ਕਮਲੁ = ਕੌਲ ਫੁੱਲ ਦੀ ਨਾਲੀ ਦਾ ਬ੍ਰਹਮਾ ਪਇਆਲੁ = ਹੇਠਲਾ ਭਾਗ, ਥੱਲਾ ਨ = ਨਹੀਂ ਪਾਇਆ = ਪਾ ਸਕਿਆ। ਕਿਉਂਕਿ ਬ੍ਰਹਮਾ ਨੂੰ ਹੰਕਾਰ ਹੋ ਗਿਆ ਸੀ ਕਿ ਮੈਂ ਸੁਤੇ ਹੀ ਪ੍ਰਕਾਸ਼ ਹਾਂ, ਉਸ ਵੇਲੇ ਅਕਾਸ਼ ਬਾਣੀ ਹੋਈ ਕਿ ਹੇ ਬ੍ਰਹਮਾ ! ਤੇਰਾ ਕਮਲ ਵਿੱਚੋਂ ਪ੍ਰਕਾਸ਼ ਹੋਇਆ ਹੈ। ਤੂੰ ਕਿਉਂ ਅਭਿਮਾਨ ਕਰਦਾ ਹੈਂ। ਇਹ ਕਹਿਣ ਲੱਗਾ ਕਿ ਕਮਲ ਤਾਂ ਛੋਟਾ ਜਿਹਾ ਹੈ ਤੇ ਮੇਰਾ ਸਰੀਰ ਬਹੁਤ ਵੱਡਾ ਹੈ, ਕਮਲ ਕੋਮਲ ਜਿਹਾ ਹੈ, ਮੇਰਾ ਸਰੀਰ ਨਰੋਆ ਹੈ, ਇਹ ਮੈਨੂੰ ਕਿਵੇਂ ਪੈਦਾ ਕਰ ਸਕਦਾ ਹੈ ? ਉਸ ਵੇਲੇ ਬ੍ਰਹਮੇ ਨੇ ਕਮਲ ਦੇ ਲੱਤ ਮਾਰੀ, ਕਹਿਣ ਲੱਗਾ ਕਿ ਜੇਕਰ ਇਸ ਨੇ ਮੇਰੀ ਲੱਤ ਸਹਾਰ ਲਈ ਤਾਂ ਮੈਂ ਸਮਝ ਲਵਾਂਗਾ ਕਿ ਮੈਂ ਇਸ ਤੋਂ ਜੰਮਿਆ ਹਾਂ, ਜੇਕਰ ਇਹ ਟੁੱਟ ਗਿਆ ਤਾਂ ਮੈਂ ਇਸ ਤੋਂ ਨਹੀਂ ਜੰਮਿਆ। ਮੈਂ ਖ਼ੁਦ ਹੀ ਹਾਂ, ਇਸ ਨੇ ਫਿਰ ਲੱਤ ਮਾਰੀ, ਤਾਂ ਜਿਵੇਂ ਵੱਡੇ ਆਦਮੀ ਛੋਟੇ ਦੀ ਬੇਅਦਬੀ ਸਹਾਰ ਲੈਂਦੇ ਹਨ, ਇਸੇ ਤਰ੍ਹਾਂ ਪਰਮੇਸ਼ਰ ਨੇ ਇਸਦੀ ਬੇਅਦਬੀ ਸਹਾਰ ਲਈ ਜਦੋਂ ਤੀਜੀ ਲੱਤ ਮਾਰੀ ਤਾਂ ਜਿਵੇਂ ਖੂਹ ਵਿਚ ਰੋੜ ਡਿੱਗ ਪੈਂਦਾ ਹੈ, ਇਸ ਪ੍ਰਕਾਰ ਕਮਲ ਦੇ ਵਿਚ ਡਿੱਗ ਪਿਆ। ਅਠਾਰਾਂ ਯੁਗ ਕਮਲ ਦੇ ਵਿਚ ਹੀ ਥੱਲੇ ਨੂੰ ਘੁੰਮਦਾ ਗਿਆ ਤੇ ਉਸ ਕਮਲ ਦੀ ਨਾਲ ਦਾ ਅੰਤ ਨਾ ਪਾ ਸਕਿਆ। ਇਸ ਦੇ ਬੇਨਤੀ ਕਰਨ 'ਤੇ ਭਗਵਾਨ ਨੇ ਇਸ ਨੂੰ ਫਿਰ ਅਠਾਰਾਂ ਯੁੱਗਾਂ ਵਿਚ ਉਪਰ ਲਿਆਂਦਾ।

## ਆਗਿਆ ਨਹੀ ਲੀਨੀ; ਭਰਮਿ ਭੁਲਾਇਆ ॥੧॥

ਬ੍ਰਹਮੇ ਨੇ ਮਹਾਰਾਜ ਦੀ ਆਗਿਆ ਨਹੀਂ ਲੀਨੀ = ਲਈ ਤੇ ਹੰਕਾਰ ਵਿਚ ਆ ਕੇ ਕਹਿੰਦਾ ਕਿ ਮੈਂ ਸ੍ਵੈ ਪ੍ਰਕਾਸ਼ ਹਾਂ, ਇਉਂ ਇਹ ਭਰਮਿ = ਭਰਮ ਨੇ ਭੁਲਾਇਆ = ਭੁਲਾਉਣਾ ਕੀਤਾ ॥੧॥

## ਜੋ ਉਪਜੈ; ਸੋ ਕਾਲਿ ਸੰਘਾਰਿਆ ॥
## ਹਮ ਹਰਿ ਰਾਖੇ; ਗੁਰ ਸਬਦੁ ਬੀਚਾਰਿਆ ॥੧॥ਰਹਾਉ॥

ਜੋ = ਜਿਹੜਾ ਵੀ ਇਸ ਸੰਸਾਰ ਵਿਚ ਉਪਜੈ = ਪੈਦਾ ਹੋਇਆ ਹੈ, ਸੋ = ਉਹੋ ਹੀ ਕਾਲਿ = ਸਮੇਂ ਜਮਕਾਲ ਨੇ ਸੰਘਾਰਿਆ = ਨਾਸ਼ ਕੀਤਾ ਹੈ। ਹਮ = ਸਾਨੂੰ ਤਾਂ ਹਰਿ = ਅਕਾਲ ਪੁਰਖ ਨੇ ਰਾਖੇ = ਰੱਖ ਲੈਣਾ ਕੀਤਾ ਹੈ, ਕਿਉਂਕਿ ਅਸੀਂ ਆਪਣੇ ਉਸ ਗੁਰ = ਅਕਾਲ ਪੁਰਖ ਦੇ ਸਬਦੁ = ਉਪਦੇਸ਼ ਨੂੰ ਬੀਚਾਰਿਆ = ਵਿਚਾਰਨਾ ਕੀਤਾ ਹੈ ॥੧॥ਰਹਾਉ॥

## ਮਾਇਆ ਮੋਹੇ; ਦੇਵੀ ਸਭਿ ਦੇਵਾ ॥
## ਕਾਲੁ ਨ ਛੋਡੈ; ਬਿਨੁ ਗੁਰ ਕੀ ਸੇਵਾ ॥

ਹੇ ਭਾਈ ! ਸਭਿ = ਸਾਰੇ ਦੇਵੀ = ਦੇਵੀਆਂ ਅਤੇ ਦੇਵਾ = ਦੇਵਤੇ ਜੋ ਪੈਦਾ ਹੋਏ ਹਨ, ਸਾਰੇ ਮਾਇਆ ਦੇ ਮੋਹੇ = ਮੋਹ ਵਿਚ ਹੀ ਫਸੇ ਹਨ। ਉਸ ਗੁਰ = ਗੁਰੂ ਅਕਾਲ ਪੁਰਖ ਕੀ = ਦੀ ਸੇਵਾ = ਭਗਤੀ ਤੋਂ ਬਿਨੁ = ਬਿਨਾਂ ਕਾਲ = ਮੌਤ ਨ = ਨਹੀਂ ਛੋਡੈ = ਛੱਡਦੀ।

## ਓਹੁ ਅਬਿਨਾਸੀ; ਅਲਖ ਅਭੇਵਾ ॥੨॥

ਓਹੁ = ਉਹ ਵਾਹਿਗੁਰੂ ਆਪ ਅਬਿਨਾਸੀ = ਵਿਸ਼ੇਸ਼ ਕਰਕੇ ਨਾਸ ਤੋਂ ਰਹਿਤ ਹੈ। ਗੁਰਾਂ ਤੋਂ ਬਿਨਾਂ ਅਲਖ = ਲਖਿਆ ਨਹੀਂ ਜਾਂਦਾ ਅਤੇ ਅਸ਼ੁੱਧ ਮਨ ਕਰ ਕੇ ਅਭੇਵਾ = ਭੇਦ ਨਹੀਂ ਪਾਇਆ ਜਾਂਦਾ ॥੨॥

## ਸੁਲਤਾਨ ਖਾਨ ਬਾਦਿਸਾਹ; ਨਹੀ ਰਹਨਾ ॥ ਨਾਮਹੁ ਭੂਲੈ; ਜਮ ਕਾ ਦੁਖੁ ਸਹਨਾ ॥

ਜੇਕਰ ਕੋਈ ਸੁਲਤਾਨ = ਚੱਕ੍ਰਵਰਤੀ ਰਾਜਾ, ਖਾਨ = ਪਠਾਣਾਂ ਦੇ ਸਰਦਾਰ, ਬਾਦਿਸਾਹ[੧] = ਤਖ਼ਤ ਦੇ ਮਾਲਕ ਕਹਾਉਣ ਵਾਲੇ ਹਨ, ਇਨ੍ਹਾਂ ਵਿੱਚੋਂ ਕਿਸੇ ਨੇ ਵੀ ਹਮੇਸ਼ਾਂ ਇਸਥਿਤ ਨਹੀਂ ਰਹਨਾ = ਰਹਿਣਾ ਹੈ।

ਪਰਮੇਸ਼ਰ ਦੇ ਨਾਮਹੁ = ਨਾਮ ਤੋਂ ਭੂਲੈ = ਭੁੱਲਣ ਕਰ ਕੇ ਜਮ = ਜਮਾਂ ਕਾ = ਦਾ ਦੁਖੁ = ਕਸ਼ਟ ਸਹਨਾ = ਸਹਾਰਨਾ ਪਵੇਗਾ।

## ਮੈ ਧਰ ਨਾਮੁ; ਜਿਉ ਰਾਖਹੁ ਰਹਨਾ ॥੩॥

ਹੇ ਪ੍ਰਭੂ ! ਮੈ = ਮੈਨੂੰ ਤਾਂ ਤੁਹਾਡੇ ਨਾਮ ਦੀ ਹੀ ਧਰ = ਓਟ, ਟੇਕ ਹੈ, ਜਿਉ = ਜਿਸ ਪ੍ਰਕਾਰ ਤੁਸੀਂ ਰਾਖਹੁ = ਰੱਖਣਾ ਕਰੋਗੇ, ਉਸੇ ਪ੍ਰਕਾਰ ਮੇਰਾ ਰਹਨਾ = ਰਹਿਣਾ ਹੁੰਦਾ ਹੈ ॥੩॥

## ਚਉਧਰੀ ਰਾਜੇ; ਨਹੀ ਕਿਸੈ ਮੁਕਾਮੁ ॥ ਸਾਹ ਮਰਹਿ; ਸੰਚਹਿ ਮਾਇਆ ਦਾਮ ॥

ਚਉਧਰੀ = ਮੁਖੀ ਜੋ ਪਿੰਡ ਦੇ ਚੰਗੇ ਪ੍ਰਧਾਨ ਮੰਨੇ ਜਾਣ, ਰਾਜੇ = ਰਜਵਾੜਿਆਂ ਦੇ ਮਾਲਕ ਆਦਿ ਕਿਸੈ = ਕਿਸੇ ਦੀ ਵੀ ਮੁਕਾਮੁ = ਇਸਥਿਤੀ ਨਹੀਂ ਰਹਿੰਦੀ। ਸਾਹ = ਸ਼ਾਹੂਕਾਰ ਮਾਇਆ = ਛਲ ਰੂਪ ਦਾਮ = ਦਮੜਿਆਂ ਨੂੰ ਹੀ ਸੰਚਹਿ = ਇਕੱਠੇ ਕਰਦੇ ਮਰਹਿ = ਮਰ ਜਾਂਦੇ ਹਨ **ਵਾ:** ਦਾਮ = ਰੱਸੀ (ਰੱਸੀ ਤੋਂ ਭਾਵ ਫਾਹੀ ਦਾ ਲੈਣਾ) ਇਹ ਮਾਇਆ ਦੀ ਫਾਹੀ ਵਿਚ ਹੀ ਪਏ ਰਹਿੰਦੇ ਹਨ।

***ਨੋਟ :*** ਦਾਮ = ਟਕਸਾਲ ਵਿਚ ਘੜੇ ਰੁਪਈਆਂ ਦਾ ਨਾਮ ਹੈ, ਮਾਇਆ = ਚਾਂਦੀ, ਸੋਨਾ, ਰੋਕੜੀ ਆਦਿ ਜੋ ਸੰਚੇ ਵਿਚ ਬਣੇ ਹੋਣ, ਇਨ੍ਹਾਂ ਨੂੰ ਹੀ ਲੋਕ ਸੰਚਹਿ = ਇਕੱਤਰ ਕਰਦੇ ਮਰ ਜਾਂਦੇ ਹਨ, ਪਰ ਇਹ ਉਤਨਾ ਚਿਰ ਹੀ ਹੈ, ਜਿੰਨਾ ਚਿਰ ਸਰੀਰ ਵਿਚ ਸਾਹ = ਪ੍ਰਾਣ, ਦਮ ਹੈ।

## ਮੈ ਧਨੁ ਦੀਜੈ; ਹਰਿ ਅੰਮ੍ਰਿਤ ਨਾਮੁ ॥੪॥

ਹੇ ਹਰਿ = ਪਰਮੇਸ਼ਰ ! ਜੋ ਆਪ ਜੀ ਦਾ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਨਾਮ ਹੈ, ਮੈ = ਮੈਨੂੰ ਇਹੋ ਨਾਮ ਰੂਪੀ ਧਨੁ = ਰੋਕੜੀ ਦੀਜੈ = ਦੇਣਾ ਕਰੋ ॥੪॥

## ਰਯਤਿ ਮਹਰ; ਮੁਕਦਮ ਸਿਕਦਾਰੈ ॥

(**ਰਈਅਤ** ਅਤੇ **ਮੁਕੱਦਮ** ਦਾ ਉਚਾਰਣ ਅੱਧਕ ਸਹਿਤ ਹੈ)

ਜਿਤਨੀ ਭੀ ਰਯਤਿ = ਪ੍ਰਜਾ ਹੈ, ਮਹਰ = ਗੁੱਜਰਾਂ ਦੇ ਨੰਬਰਦਾਰ, ਮੁਕਦਮ = ਮੁਕੱਦਮਾ ਦਾਇਰ ਕਰਾਉਣ ਵਾਲੇ, ਸਿਕਦਾਰੈ = ਸਿੱਕਾ ਚਲਾਉਣ ਵਾਲੇ ਲੋਕ, ਥਾਣੇਦਾਰ, ਹਾਕਿਮ ਆਦਿਕ ਹਨ।

## ਨਿਹਚਲੁ ਕੋਇ ਨ ਦਿਸੈ; ਸੰਸਾਰੈ ॥
## ਅਫਰਿਉ ਕਾਲੁ; ਕੂੜੁ ਸਿਰਿ ਮਾਰੈ ॥੫॥

ਇਨ੍ਹਾਂ ਵਿੱਚੋਂ ਕੋਇ = ਕੋਈ ਵੀ ਸੰਸਾਰੈ = ਸੰਸਾਰ ਵਿਚ ਨਿਹਚਲੁ = ਅਚੱਲ ਨ = ਨਹੀਂ ਦਿਸੈ = ਦਿਸਦਾ, ਕਿਉਂਕਿ ਕਾਲੁ = ਯਮ ਬਹੁਤ ਹੀ ਅਫਰਿਓ = ਆਫਰਿਆ ਹੋਇਆ ਹੈ, ਉਹ ਕੂੜ = ਝੂਠੇ ਪੁਰਸ਼ਾਂ ਦੇ ਸਿਰਿ = ਸਿਰ ਉੱਪਰ ਮਾਰੈ = ਮਾਰਦਾ ਹੈ ॥੫॥

---

੧. ਸਭ ਤੋਂ ਪਹਿਲਾਂ "ਸੁਲਤਾਨ" ਪਦਵੀ ਮਹਿਮੂਦ ਗ਼ਜ਼ਨਵੀ ਨੇ ਧਾਰਨ ਕੀਤੀ ਹੈ। ਪਾਤਿਸ਼ਾਹ ਸੰਸਕ੍ਰਿਤ ਦਾ ਸ਼ਬਦ ਸੀ। ਜਿਸ ਸਮੇਂ ਅਕਬਰ ਨੇ ਰਾਜ ਪਾਇਆ ਹੈ, ਉਸ ਵਖਤ ਤੋਂ ਮੁਸਲਮਾਨਾਂ ਦੀ ਬੋਲੀ ਵਿਚ ਸਿਕੰਦਰ ਲੋਧੀ ਨੇ "ਪਾਤਿਸ਼ਾਹ" ਨੂੰ ਬਦਲ ਕੇ "ਬਾਦਸ਼ਾਹ" ਰੱਖ ਦਿੱਤਾ ਹੈ।

## ਨਿਹਚਲੁ ਏਕੁ; ਸਚਾ ਸਚੁ ਸੋਈ ॥ ਜਿਨਿ ਕਰਿ ਸਾਜੀ; ਤਿਨਹਿ ਸਭ ਗੋਈ ॥

ਸੋਈ = ਉਹੀ ਏਕ = ਇਕ ਸਚਾ = ਅਨੰਦ ਸਰੂਪ ਸਚੁ = ਪਰਮੇਸ਼ਰ ਨਿਹਚਲੁ = ਅਚੱਲ ਰਹਿਣ ਵਾਲਾ ਹੈ **ਵਾ:** ਨਿਹਚਲ = ਅਚੱਲ ਰਹਿਣ ਵਾਲਾ ਏਕੁ = ਇਕ ਪਰਮੇਸ਼ਰ ਪਿੱਛੇ ਵੀ ਸਚਾ = ਸਤਯ ਸਰੂਪ ਸੀ, ਹੁਣ ਵੀ ਸਚੁ = ਸੱਚਾ ਹੈ ਸੋਈ = ਅੱਗੇ ਨੂੰ ਵੀ ਉਹੀ ਸੱਚਾ ਅਚੱਲ ਹੋਵੇਗਾ। ਜਿਨਿ = ਜਿਸ ਵਾਹਿਗੁਰੂ ਨੇ ਸਾਰੀ ਸ੍ਰਿਸ਼ਟੀ ਸਾਜੀ = ਸਾਜਨਾ ਕਰਿ = ਕਰ ਕੇ ਪਾਲਣਾ ਕੀਤੀ ਹੈ, ਉਸ ਨੇ ਹੀ ਆਪਣੇ ਵੱਲ ਗੋਈ = ਬੁਲਾਈ ਹੈ, ਛਪਾਈ, ਮਿਲਾ ਲਈ ਹੈ।

***ਨੋਟ :*** ਦੇਸ਼ ਭਾਸ਼ਾ ਵਿਚ "ਗੋਈ" 'ਮਿਲਾਉਣ' ਦਾ ਨਾਮ ਹੈ।

ਫ਼ਾਰਸੀ ਵਿਚ 'ਗੋਈ' 'ਛਪਾਉਣ' ਦਾ ਨਾਮ ਹੈ। ਅਰਬੀ ਵਿਚ "ਗੋਈ" 'ਬੁਲਾਉਣ' ਦਾ ਨਾਮ ਹੈ।

## ਓਹੁ ਗੁਰਮੁਖਿ ਜਾਪੈ; ਤਾਂ ਪਤਿ ਹੋਈ ॥੬॥

ਓਹੁ = ਉਸ ਪਰਮੇਸ਼ਰ ਨੂੰ ਗੁਰਾਂ ਦੁਆਰਾ ਗੁਰਮੁਖ ਬਣ ਕੇ ਜਾਪੈ = ਜਾਣਿਆ ਜਾਵੇ, ਤਾ = ਤਦ ਪਤਿ = ਇੱਜ਼ਤ ਦੀ ਪ੍ਰਾਪਤੀ ਹੋਈ = ਹੁੰਦੀ ਹੈ ॥੬॥

## ਕਾਜੀ ਸੇਖ; ਭੇਖ ਫਕੀਰਾ ॥ ਬਡੇ ਕਹਾਵਹਿ; ਹਉਮੈ ਤਨਿ ਪੀਰਾ ॥

ਕਾਜੀ = ਕਜ਼ਾ (ਫ਼ੈਸਲਾ) ਕਰਨ ਵਾਲਾ **ਵਾ:** ਮੁਸਲਮਾਨ ਸ਼ਰ੍ਹਾ ਦਾ ਜੋ ਗਿਆਤਾ ਹੈ, ਸੇਖ = ਬਿਰਧ (ਮੁਸਲਮਾਨਾਂ ਵਿਚ ਵਿਸ਼ੇਸ਼ ਜਾਤੀ ਵਾਲੇ ਹਨ) ਅਤੇ ਅਨੇਕਾਂ ਤਰ੍ਹਾਂ ਦੇ ਜੋ ਫਕੀਰਾ = ਫ਼ਕੀਰਾਂ, ਦਰਵੇਸ਼ਾਂ ਦੇ ਭੇਖ = ਲਿਬਾਸ ਹਨ **ਵਾ:** ਜੋ ਫਕੀਰਾਂ ਦੇ ਭੇਖ ਹਨ। ਇਹ ਸਾਰੇ ਆਪਣੇ ਆਪ ਨੂੰ ਬਡੇ = ਸ਼ਿਰੋਮਣ ਕਹਾਵਹਿ = ਕਹਾਉਂਦੇ ਹਨ, ਇਸ ਪ੍ਰਕਾਰ ਇਨ੍ਹਾਂ ਦੇ ਤਨਿ = ਸਰੀਰ ਵਿਚ ਹਉਮੈ = ਹੰਗਤਾ ਮਮਤਾ ਦੀ ਪੀਰਾ = ਪੀੜ ਪਈ ਰਹਿੰਦੀ ਹੈ।

## ਕਾਲੁ ਨ ਛੋਡੈ; ਬਿਨੁ ਸਤਿਗੁਰ ਕੀ ਧੀਰਾ ॥੭॥

ਸਤਿਗੁਰ = ਗੁਰੂ ਸਾਹਿਬ ਜੀ ਕੀ = ਦੀ ਬਖ਼ਸ਼ੀ ਹੋਈ ਧੀਰਾ = ਧੀਰਜਤਾ ਤੋਂ ਬਿਨੁ = ਬਗ਼ੈਰ ਕਾਲੁ = ਯਮ ਨ = ਨਹੀਂ ਛੋਡੈ = ਛੱਡਦਾ ॥੭॥

## ਕਾਲੁ ਜਾਲੁ; ਜਿਹਵਾ ਅਰੁ ਨੈਣੀ ॥ ਕਾਨੀ ਕਾਲੁ; ਸੁਣੈ ਬਿਖੁ ਬੈਣੀ ॥

ਜਿਹਵਾ = ਜੀਭ ਨੂੰ ਝੂਠ ਬੋਲਣ ਅਤੇ ਸੁਆਦ ਚੱਖਣੇ ਰੂਪ, ਅਰੁ = ਅਤੇ ਨੈਣੀ = ਨੇਤ੍ਰਾਂ ਨੂੰ ਪਰਾਏ ਸੁੰਦਰ ਸਰੂਪ ਦੇਖਣ ਰੂਪ ਕਾਲੁ = ਯਮ, ਮੌਤ ਦਾ ਜਾਲੁ = ਫਾਹਾ ਪਿਆ ਹੋਇਆ ਹੈ। ਕਾਨੀ = ਕੰਨਾਂ ਵਿਚ ਵੀ ਕਾਲੁ = ਯਮ ਚਿੰਬੜ ਰਿਹਾ ਹੈ, ਜੋ ਕੰਨਾਂ ਦੁਆਰਾ ਬਿਖੁ = ਵਿਸ਼ਿਆਂ ਵਾਲੀਆਂ ਬੈਣੀ = ਬਚਨ, ਗੱਲਾਂ ਨੂੰ ਸੁਣੈ = ਸੁਣਨਾ ਹੈ, ਇਹ ਕੰਨਾਂ ਨੂੰ ਕਾਲ ਦਾ ਫਾਹਾ ਪਿਆ ਹੋਇਆ ਹੈ।

## ਬਿਨੁ ਸਬਦੈ; ਮੂਠੇ ਦਿਨੁ ਰੈਣੀ ॥੮॥

ਸਤਿਗੁਰਾਂ ਦੇ ਸਬਦੈ = ਉਪਦੇਸ਼ ਦੀ ਕਮਾਈ ਤੋਂ ਬਿਨੁ = ਬਿਨਾਂ ਜੀਵ ਦਿਨੁ ਰੈਣੀ = ਰਾਤ ਦਿਨੇ ਮੂਠੇ = ਲੁੱਟੇ ਜਾ ਰਹੇ ਹਨ ॥੮॥

## ਹਿਰਦੈ ਸਾਚੁ ਵਸੈ; ਹਰਿ ਨਾਇ ॥ ਕਾਲੁ ਨ ਜੋਹਿ ਸਕੈ; ਗੁਣ ਗਾਇ ॥

ਜਿਨ੍ਹਾਂ ਦੇ ਹਿਰਦੈ = ਅੰਤਸ਼ਕਰਣ ਵਿਚ ਹਰਿ = ਪਰਮੇਸ਼ਰ ਦਾ ਸਾਚੁ = ਸੱਚਾ ਨਾਇ = ਨਾਮ ਵਸੈ = ਵੱਸ

ਜਾਂਦਾ ਹੈ **ਵਾ:** ਹਰਿ = ਪਰਮੇਸ਼ਰ ਦਾ ਨਾਇ = ਨਾਮ ਜਪਣ ਨਾਲ ਹਿਰਦੈ = ਮਨ ਵਿਚ ਸਾਚੁ = ਸਤਯ ਸਰੂਪ ਪਰਮਾਤਮਾ ਵਸੈ = ਵੱਸ ਜਾਂਦਾ ਹੈ। ਅਤੇ ਉਸ ਪਰਮਾਤਮਾ ਦੇ ਗੁਣ = ਸਿਫ਼ਤਾਂ ਦੇ ਤਾਈਂ ਗਾਇ = ਗਾਉਣ ਕਰ ਕੇ ਉਨ੍ਹਾਂ ਵੱਲ ਕਾਲੁ = ਜਮ ਜੋਹਿ = ਵੇਖ ਵੀ ਨ = ਨਹੀਂ ਸਕੈ = ਸਕਦਾ।

## ਨਾਨਕ ਗੁਰਮੁਖਿ; ਸਬਦਿ ਸਮਾਇ ॥੯॥੧੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸਿੱਧੋ! ਇਉਂ ਗੁਰਮੁਖਿ = ਅਧਿਕਾਰੀ ਬਣ ਕਰ ਕੇ ਗੁਰੂ ਜੀ ਦੇ ਸਬਦਿ = ਉਪਦੇਸ਼ ਵਿਚ **ਵਾ:** ਸਬਦਿ = ਬ੍ਰਹਮ ਵਿਚ ਸਮਾਇ = ਸਮਾਇਆ ਜਾਂਦਾ ਹੈ ॥੯॥੧੪॥

## ਗਉੜੀ, ਮਹਲਾ ੧ ॥

ਫਿਰ ਸਿੱਧ ਕਹਿਣ ਲੱਗੇ ਕਿ ਹੇ ਮਹਾਰਾਜ! ਫਿਰ ਕਾਲ ਤੋਂ ਬਚਿਆ ਕਿਵੇਂ ਜਾਂਦਾ ਹੈ? ਆਪ ਜੀ ਕਿਰਪਾ ਕਰਕੇ ਦੱਸੋ, ਤਾਂ ਸਤਿਗੁਰੂ ਜੀ ਉਚਾਰਨ ਕਰਦੇ ਹਨ:

## ਬੋਲਹਿ ਸਾਚੁ; ਮਿਥਿਆ ਨਹੀ ਰਾਈ ॥ ਚਾਲਹਿ ਗੁਰਮੁਖਿ; ਹੁਕਮਿ ਰਜਾਈ ॥

ਹੇ ਭਾਈ! ਸਾਚੁ = ਸੱਚੇ ਨਾਮ ਨੂੰ ਹੀ ਹਰ ਸਮੇਂ ਬੋਲਹਿ = ਬੋਲਣਾ ਕਰੋ ਅਤੇ ਰਾਈ = ਥੋੜਾ ਮਾਤਰ ਵੀ ਮਿਥਿਆ = ਝੂਠ ਨਹੀਂ ਬੋਲਣਾ ਚਾਹੀਦਾ ਅਤੇ ਗੁਰਮੁਖ ਬਣ ਕੇ ਗੁਰਾਂ ਦੀ ਹੁਕਮਿ = ਆਗਿਆ ਦੁਆਰਾ ਪਰਮੇਸ਼ਰ ਦੀ ਰਜਾਈ = ਰਜ਼ਾ ਵਿਚ ਚਾਲਹਿ = ਚੱਲਣਾ ਕਰੇ।

## ਰਹਹਿ ਅਤੀਤ; ਸਚੇ ਸਰਣਾਈ ॥੧॥

ਸਚੇ = ਪਰਮੇਸ਼ਰ ਦੀ ਸਰਣਾਈ = ਸ਼ਰਣ ਵਿਚ ਆ ਕਰਕੇ ਅਤੀਤ = ਅਸੰਗ ਰਹਹਿ = ਰਹਿਣਾ ਕਰੇ, ਭਾਵ ਪਦਾਰਥਾਕਾਰ ਬਿਰਤੀ ਨ ਰੱਖੇ, ਵੈਰਾਗੀ ਅਤੇ ਅਤੀਤ = ਤਿਆਗੀ ਬਿਰਤੀ ਰੱਖੇ ॥੧॥

## ਸਚ ਘਰਿ ਬੈਸੈ; ਕਾਲੁ ਨ ਜੋਹੈ ॥
## ਮਨਮੁਖ ਕਉ; ਆਵਤ ਜਾਵਤ ਦੁਖੁ ਮੋਹੈ ॥੧॥ਰਹਾਉ॥

ਜਦੋਂ ਸਚ = ਸੱਤਯ ਸਰੂਪ ਵਾਹਿਗੁਰੂ ਦੇ ਘਰ = ਸਰੂਪ ਵਿਚ, ਚਿਤ ਦੀ ਬਿਰਤੀ ਦੇਹ ਦੇ ਅਭਿਮਾਨ ਤੋਂ ਪਰ੍ਹੇ ਹੋ ਕੇ, ਅੰਤਰਮੁਖ ਹੋ ਕੇ ਬੈਸੈ = ਬੈਠ ਜਾਂਦੀ ਹੈ, ਤਦ ਕਾਲੁ = ਯਮ ਜੋਹੈ = ਦੇਖ ਨ = ਨਹੀਂ ਸਕਦਾ। ਮਨਮੁਖ = ਸਾਕਤ ਪੁਰਸ਼ਾਂ ਕਉ = ਨੂੰ ਸੰਸਾਰ ਵਿਚ ਜਨਮ ਧਾਰ ਕੇ ਆਵਤ = ਆਉਣਾ ਤੇ ਮਰ ਕਰ ਕੇ ਜਾਵਤ = ਜਾਣਾ ਦੁਖੁ = ਕਸ਼ਟ ਵਿਚ ਹੀ ਹੈ, ਇਸ ਅਗਿਆਨ ਰੂਪੀ ਦੁਖ ਨੇ ਇਨ੍ਹਾਂ ਨੂੰ ਮੋਹੈ = ਮੂਰਛਾ ਕਰ ਲਿਆ ਹੈ ॥੧॥ਰਹਾਉ॥

## ਅਪਿਉ ਪੀਅਉ; ਅਕਥੁ ਕਥਿ ਰਹੀਐ ॥
## ਨਿਜ ਘਰਿ ਬੈਸਿ; ਸਹਜ ਘਰੁ ਲਹੀਐ ॥

ਹੇ ਭਾਈ! ਜੇਕਰ ਅਪਿਉ = ਅੰਮ੍ਰਿਤ ਨਾਮ ਨੂੰ ਪੀਅਉ = ਪੀਣਾ ਕਰੀਏ ਤਾਂ ਅਕਥੁ = ਕਹਿਣ ਤੋਂ ਰਹਿਤ ਵਾਹਿਗੁਰੂ ਦੀ ਕਥਾ ਨੂੰ ਕਥਿ = ਕਥਨ ਕਰ ਕੇ, ਉਸ ਵਿਚ ਇਸਥਿਤ ਰਹੀਐ = ਰਹੀਦਾ ਹੈ **ਵਾ:** ਜੋ ਸ਼ਕਤੀ ਬਿਰਤੀ ਕਰ ਕੇ ਅਕਥੁ = ਕਥਨ ਤੋਂ ਰਹਿਤ ਹੈ, ਉਸ ਨੂੰ ਲਖਣਾ ਬਿਰਤੀ ਦੁਆਰਾ ਕਥਿ = ਕਥਨ ਕਰ ਕੇ ਉਸ ਵਿਚ ਇਸਥਿਤ ਹੋ ਕੇ ਰਹੀਏ। ਇਉਂ ਨਿਜ = ਆਪਣੇ ਤੁਰੀਆ ਪਦ ਰੂਪੀ ਘਰ ਵਿਚ ਬੈਸਿ = ਬੈਠ ਕੇ ਸਹਜ = ਗਿਆਨ ਸਰੂਪ ਰੂਪੀ ਘਰੁ = ਘਰ ਨੂੰ ਲਹੀਐ = ਜਾਣੀਦਾ ਹੈ।

## ਹਰਿ ਰਸਿ ਮਾਤੇ; ਇਹੁ ਸੁਖੁ ਕਹੀਐ ॥੨॥

(**ਮਾਤੇ** ਦਾ ਉਚਾਰਣ ਅੱਧਕ ਸਹਿਤ ਹੈ)

ਜਿਹੜੇ ਹਰਿ = ਪਰਮੇਸ਼ਰ ਦੇ ਰਸਿ = ਪ੍ਰੇਮ ਵਿਚ ਮਾਤੇ = ਮਸਤ ਹਨ, ਇਹੁ = ਇਹ ਅਦ੍ਵੈਤ ਸੁਖੁ = ਅਨੰਦ ਸਰੂਪ, ਉਨ੍ਹਾਂ ਨੂੰ ਹੀ ਪ੍ਰਾਪਤ ਹੋਣਾ ਕਹੀਐ = ਕਹੀਦਾ ਹੈ ॥੨॥

## ਗੁਰਮਤਿ ਚਾਲ ਨਿਹਚਲ; ਨਹੀ ਡੋਲੈ ॥ ਗੁਰਮਤਿ; ਸਾਚਿ ਸਹਜਿ ਹਰਿ ਬੋਲੈ ॥

ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਐਸੀ ਚਾਲ = ਮਰਿਆਦਾ ਵਿਚ ਚੱਲ ਕੇ ਹਿਰਦਾ ਨਿਹਚਲ = ਅਚੱਲ ਹੋ ਜਾਵੇ ਅਤੇ ਕਦੇ ਵੀ ਪਦਾਰਥਾਂ, ਵਿਸ਼ਿਆਂ ਵਿਚ ਡੋਲੈ = ਡੁਲਾਵੇ ਨਾ। ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਸਾਚਿ = ਸੱਚ ਸਰੂਪ ਹਰਿ = ਹਰੀ ਪਰਮੇਸ਼ਰ ਦੇ ਨਾਮ ਨੂੰ ਸਹਜਿ = ਸੁਭਾਵਕ ਹੀ ਬੋਲੈ = ਬੋਲਣਾ ਕਰੇ।

## ਪੀਵੈ ਅੰਮ੍ਰਿਤੁ; ਤਤੁ ਵਿਰੋਲੈ ॥੩॥

ਤਤੁ = ਸਾਰਾਂਸ਼ ਸਿਧਾਂਤ ਦਾ ਵਿਰੋਲੈ = ਮਥਨ ਕਰ ਕੇ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲੇ ਪਰਮੇਸ਼ਰ ਦੇ ਨਾਮ ਨੂੰ ਜਪਣ ਰੂਪ ਪੀਵੈ = ਪੀਣਾ ਕਰੇ **ਵਾ:** ਤਤੁ ਸਰੂਪ ਦੇ ਤਾਈਂ ਵਰੋਲ ਕੇ, ਭਾਵ ਇਸ ਵਿੱਚੋਂ ਪਦਾਰਥਾਂ, ਮਿਥਿਆ ਵਸਤੂ ਰੂਪੀ ਬੂਰ ਨੂੰ ਪਾਸੇ ਕਰ ਕੇ, ਰਿਧੀਆਂ, ਸਿਧੀਆਂ ਦੇ ਸੁੱਖਾਂ ਰੂਪੀ ਝੱਗ ਨੂੰ ਸੱਤ ਅਸੱਤ ਦਾ ਨਿਰਣਾ ਕਰਨ ਰੂਪ ਵਿਰੋਲੈ = ਵਿਰੋਲ ਕੇ ਆਤਮਾਨੰਦ ਰੂਪੀ ਅੰਮ੍ਰਿਤ ਨੂੰ ਪੀਣਾ ਕਰੇ ॥੩॥

## ਸਤਿਗੁਰੁ ਦੇਖਿਆ; ਦੀਖਿਆ ਲੀਨੀ ॥
## ਮਨੁ ਤਨੁ ਅਰਪਿਓ; ਅੰਤਰਗਤਿ ਕੀਨੀ ॥

ਹੇ ਸਿੱਧੋ ! ਜਿਨ੍ਹਾਂ ਨੇ ਸਤਿਗੁਰੁ = ਗੁਰੂ ਸਾਹਿਬ ਜੀ ਦੇ ਦਰਸ਼ਨ ਨੂੰ ਦੇਖਿਆ = ਵੇਖਿਆ ਹੈ, ਉਨ੍ਹਾਂ ਨੇ ਗੁਰੂ ਸਾਹਿਬ ਜੀ ਤੋਂ ਦੀਖਿਆ = ਸਿੱਖਿਆ ਲੀਨੀ = ਲੈਣਾ ਕੀਤੀ ਹੈ **ਵਾ:** ਅਸੀਂ ਸਤਿਗੁਰੁ = ਅਕਾਲ ਪੁਰਖ ਦੇ ਸਰੂਪ ਨੂੰ ਸਾਖਿਆਤ ਕਰ ਕੇ ਦੇਖਿਆ = ਵੇਖਣਾ ਕੀਤਾ ਹੈ, ਇਹ ਦੀਖਿਆ = ਸਿੱਖਿਆ ਲੀਨੀ = ਲੈਣਾ ਕੀਤੀ ਹੈ। ਜਦੋਂ ਮਹਾਰਾਜ ਜੀ ਨੂੰ ਮਨੁ = ਹਿਰਦਾ ਤੇ ਤਨੁ = ਸਰੀਰ ਅਰਪਿਓ = ਅਰਪਨ, ਭੇਟਾ ਕਰ ਦਿੱਤਾ ਤਾਂ ਮਹਾਰਾਜ ਜੀ ਨੇ ਸਾਡੀ ਅੰਤਰ = ਅੰਦਰੋਂ ਹੀ ਗਤਿ = ਕਲਿਆਣ ਕੀਨੀ = ਕਰ ਦਿੱਤੀ **ਵਾ:** ਅੰਤਰ = ਹਿਰਦੇ ਵਿਚ ਹੀ ਜੋ ਪ੍ਰਾਪਤ ਰੂਪ ਹੈ, ਉਸ ਦੀ ਗਤਿ = ਪ੍ਰਾਪਤੀ ਕੀਨੀ = ਕਰਾ ਦਿੱਤੀ **ਵਾ:** ਜੋ ਆਤਮ ਪਰਮਾਤਮਾ ਦਾ ਅੰਤਰ = ਫ਼ਰਕ ਸੀ, ਇਹ ਗਤਿ = ਨਾਸ਼ ਕਰ ਕੇ ਏਕਤਾ ਕੀਨੀ = ਕਰ ਦਿੱਤੀ ਹੈ।

## ਗਤਿ ਮਿਤਿ ਪਾਈ; ਆਤਮੁ ਚੀਨੀ ॥੪॥

ਗਤਿ = ਪ੍ਰਾਪਤੀ ਰੂਪ ਜੋ ਬ੍ਰਹਮ ਹੈ, ਉਸ ਦੀ ਮਿਤਿ = ਮਰਯਾਦਾ ਪਾਈ = ਪਾ ਲਈ ਹੈ ਅਤੇ ਆਪਣੇ ਆਪ ਨੂੰ ਆਤਮੁ = ਬ੍ਰਹਮ ਰੂਪ, ਆਤਮਾ ਰੂਪ ਕਰ ਕੇ ਚੀਨੀ = ਜਾਣ ਲਿਆ ਹੈ ॥੪॥

## ਭੋਜਨੁ; ਨਾਮੁ ਨਿਰੰਜਨ ਸਾਰੁ ॥ ਪਰਮ ਹੰਸੁ; ਸਚੁ ਜੋਤਿ ਅਪਾਰ ॥

ਨਿਰੰਜਨ = ਮਾਇਆ ਕਾਲਖ ਤੋਂ ਰਹਿਤ ਪਰਮੇਸ਼ਰ ਦਾ ਨਾਮ ਹੀ ਸਭ ਤੋਂ ਸਾਰੁ = ਸ੍ਰੇਸ਼ਟ ਭੋਜਨ ਹੈ। ਪਰਮ ਹੰਸੁ = ਤਤਬੇਤੇ ਮਹਾਂਪੁਰਖ ਜੋ ਸਤਿ ਅਸਤਿ ਦਾ ਵਿਵੇਚਨ ਕਰਨ ਵਾਲੇ ਹਨ, ਉਨ੍ਹਾਂ ਦੇ ਅੰਦਰ ਅਪਾਰ = ਪਾਰਾਵਾਰ ਤੋਂ ਰਹਿਤ ਸਚੁ = ਸੱਚੇ ਪਰਮੇਸ਼ਰ ਦੀ ਜੋਤਿ = ਗਿਆਤ ਹੈ **ਵਾ:** ਜੋਤਿ = ਪ੍ਰਕਾਸ਼ ਹੈ।

## ਜਹ ਦੇਖਉ; ਤਹ ਏਕੰਕਾਰੁ ॥੫॥

ਹੇ ਸਿੱਖੋ! ਜਹ = ਜਿਥੇ ਵੀ ਦੇਖਉ = ਦੇਖਦੇ ਹਾਂ, ਤਹ = ਉਥੇ ਹੀ ਏਕੰਕਾਰੁ = ਅਦ੍ਵੈਤ ਰੂਪ ਬ੍ਰਹਮ ਹੀ ਹੈ ॥੫॥

## ਰਹੈ ਨਿਰਾਲਮੁ; ਏਕਾ ਸਚੁ ਕਰਣੀ ॥ ਪਰਮ ਪਦੁ ਪਾਇਆ; ਸੇਵਾ ਗੁਰ ਚਰਣੀ ॥

ਜਿਹੜਾ ਪੁਰਖ ਸਾਰਿਆਂ ਪਦਾਰਥਾਂ ਵੱਲੋਂ ਨਿਰਾਲਮੁ = ਅਸੰਗ ਰਹੈ = ਰਹਿੰਦਾ ਹੈ ਤੇ ਏਕਾ = ਇੱਕੋ ਹੀ ਸਚੁ = ਸੱਚੇ ਨਾਮ ਦੀ ਕਰਣੀ = ਕਮਾਈ ਕਰਦਾ ਹੈ। ਅਤੇ ਗੁਰ = ਸਤਿਗੁਰੂ ਸਾਹਿਬ ਜੀ ਦੇ ਚਰਣੀ = ਚਰਨਾਂ ਕਮਲਾਂ ਦੀ ਸੇਵਾ = ਟਹਿਲ ਕਰਦਾ ਹੈ, ਉਹ ਪਰਮ ਪਦੁ = ਵੱਡੀ ਪਦਵੀ ਭਾਵ ਕੈਵਲ ਮੋਖ ਨੂੰ ਪਾਇਆ = ਪ੍ਰਾਪਤ ਕਰ ਲੈਂਦਾ ਹੈ।

## ਮਨ ਤੇ ਮਨੁ ਮਾਨਿਆ; ਚੂਕੀ ਅਹੰ ਭ੍ਰਮਣੀ ॥੬॥

ਜਦੋਂ ਗੁਰਾਂ ਦੇ ਮਨ = ਮੰਤ੍ਰ ਤੇ = ਉੱਤੇ, ਮਨੁ = ਹਿਰਦਾ ਮਾਨਿਆ = ਮੰਨ ਗਿਆ ਤਾਂ ਜੋ ਅਹੰ = ਹਉਮੈ ਕਰ ਕੇ ਜੰਮਣਾ ਮਰਣਾ ਰੂਪ ਭ੍ਰਮਣੀ = ਭਟਕਣਾ ਸੀ, ਉਹ ਚੂਕੀ = ਚੁੱਕੀ ਗਈ, ਨਾਸ ਹੋ ਗਈ **ਵਾ:** ਜਦੋਂ ਮਨ = ਸ਼ਿਰੋਮਣੀ ਪਰਮੇਸ਼ਰ ਦੇ ਗਿਆਨ ਤੇ = ਤੋਂ ਮਨੁ = ਅੰਤਸ਼ਕਰਣ ਇਕਾਗਰ ਹੋਣ ਰੂਪ ਮਾਨਿਆ = ਮੰਨ ਗਿਆ, ਤਾਂ ਉਸ ਵੇਲੇ ਅਹੰ = ਹੰਕਾਰ ਅਤੇ ਜੂਨਾਂ ਦੀ ਭ੍ਰਮਣੀ = ਭ੍ਰਾਂਤੀ ਸਭ ਚੂਕੀ = ਚੁੱਕੀ ਗਈ, ਨਵਿਰਤ ਹੋ ਗਈ ॥੬॥

## ਇਨ ਬਿਧਿ; ਕਉਣੁ ਕਉਣੁ ਨਹੀ ਤਾਰਿਆ ॥

ਹੇ ਸਿੱਧੋ! ਇਨ = ਇਸ ਬਿਧਿ = ਤਰੀਕੇ ਨਾਲ ਪਰਮੇਸ਼ਰ ਨੇ ਕਉਣੁ ਕਉਣੁ = ਕਿਹੜਾ ਕਿਹੜਾ ਨਹੀਂ ਤਾਰਿਆ = ਤਾਰਣਾ ਕੀਤਾ? ਭਾਵ ਚਾਰੇ ਯੁੱਗਾਂ ਵਿਚ ਬਿਅੰਤ ਹੀ ਤਾਰ ਦਿੱਤੇ ਹਨ।

[ਅੰਗ ੨੨੮]

## ਹਰਿ ਜਸਿ; ਸੰਤ ਭਗਤ ਨਿਸਤਾਰਿਆ ॥ ਪ੍ਰਭ ਪਾਏ; ਹਮ ਅਵਰੁ ਨ ਭਾਰਿਆ ॥੭॥

ਜਿਨ੍ਹਾਂ ਸੰਤ = ਸ਼ਾਂਤ ਚਿਤ ਮਹਾਤਮਾ ਅਤੇ ਭਗਤ = ਸੇਵਕਾਂ ਨੇ ਹਰਿ = ਹਰੀ ਦਾ ਜਸਿ = ਕੀਰਤਨ ਕੀਤਾ ਹੈ, ਉਨ੍ਹਾਂ ਸਾਰਿਆਂ ਨੂੰ ਹੀ ਹਰੀ ਨੇ ਨਿਸਤਾਰਿਆ = ਤਾਰਨਾ ਕੀਤਾ ਹੈ **ਵਾ:** ਸੰਤ = ਮਹਾਂਪੁਰਖਾਂ ਨੇ ਹਰਿ = ਹਰੀ ਦਾ ਜਸ ਦੇ ਕਰ ਕੇ ਭਗਤ = ਉਪਾਸ਼ਕਾਂ ਨੂੰ ਤਾਰਨਾ ਕੀਤਾ ਹੈ।

ਹੇ ਸਿੱਧੋ! ਅਸੀਂ ਤਾਂ ਪ੍ਰਭ = ਪਰਮੇਸ਼ਰ ਨੂੰ ਹੀ ਪਾਏ = ਪ੍ਰਾਪਤ ਕੀਤਾ ਹੈ, ਹਮ = ਅਸੀਂ ਅਵਰੁ = ਹੋਰ ਕਿਸੇ ਚੀਜ਼ ਨੂੰ ਭਰਿਆ = ਭਾਲਣ ਦੀ ਲੋੜ ਨਹੀਂ ਸਮਝੀ **ਵਾ:** ਅਵਰਨੁ = ਅਗਿਆਨ ਦੇ ਪੜਦੇ ਪਾਉਣ ਵਾਲੀਆਂ ਚੀਜ਼ਾਂ ਨੂੰ ਨਹੀਂ ਭਾਰਿਆ = ਭਾਲਿਆ, ਅਸੀਂ ਤਾਂ ਵਾਹਿਗੁਰੂ ਨੂੰ ਹੀ ਪਾਇਆ ਹੈ ॥੭॥

## ਸਾਚ ਮਹਲਿ; ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ; ਨਹੀ ਛਾਇਆ ਮਾਇਆ ॥

ਸਾਚ = ਸੱਚੇ ਮਹਲਿ = ਸਰੂਪ ਦੇ ਮਾਲਕ ਆਪ ਗੁਰਿ = ਗੁਰੂ ਸਾਹਿਬ ਜੀ ਹਨ, ਉਨ੍ਹਾਂ ਨੇ ਕਿਰਪਾ ਕਰ ਕੇ ਅਲਖੁ = ਨਾ ਲਖੇ ਜਾਣ ਵਾਲੇ ਸਰੂਪ ਨੂੰ ਲਖਾਇਆ = ਜਣਾ ਦਿੱਤਾ ਹੈ **ਵਾ:** ਜੋ ਸਾਧਸੰਗਤ ਵਿਚ ਆਏ

ਹਨ, ਉਨ੍ਹਾਂ ਨੂੰ ਸਾਚ = ਸੱਚੇ ਪਰਮਾਤਮਾ ਨੇ ਆਪਣੇ ਤੁਰੀਆ ਪਦ ਰੂਪੀ ਮਹਲਿ = ਅਸਥਾਨ ਵਿਚ ਟਿਕਾ ਕੇ ਅਲਖੁ = ਨਾ ਲਖੇ ਜਾਣ ਵਾਲੇ (ਜੋ ਅਸ਼ੁੱਧ ਮਨ ਕਰ ਕੇ ਲਖਿਆ ਨਹੀਂ ਜਾਂਦਾ ਸੀ) ਨੂੰ ਲਖਾਇਆ = ਲਖਾ, ਜਣਾ ਦਿੱਤਾ ਹੈ। ਜੋ ਨਿਹਚਲ = ਅਚੱਲ ਸਰੂਪ ਰੂਪੀ ਮਹਲ ਹੈ, ਉਸ ਵਿਚ ਛਾਇਆ = ਅਵਿਦਿਆ ਅਤੇ ਮਾਇਆ = ਭਰਮ, ਭੁਲੇਖਾ ਆਦਿ ਕੋਈ ਨਹੀਂ ਹੈ। ਮਾਇਆ ਵਿਚ ਛਾਇਆ = ਪ੍ਰਤੀਬਿੰਬ ਈਸ਼ਰਪੁਣਾ ਨਹੀਂ ਹੈ ਤੇ ਅਵਿਦਿਆ ਵਿਚ ਛਾਇਆ ਪ੍ਰਤੀਬਿੰਬ ਜੀਵਪੁਣਾ ਨਹੀਂ ਹੈ, ਭਾਵ ਉਸ ਵਿਚ ਛਾਇਆ ਮਾਇਆ ਨਹੀਂ ਹੈ।

## ਸਾਚਿ ਸੰਤੋਖੇ; ਭਰਮੁ ਚੁਕਾਇਆ ॥੮॥

ਇਸ ਪ੍ਰਕਾਰ ਸਾਚਿ = ਸੱਤ ਸਰੂਪ ਕਰ ਕੇ ਸੰਤੋਖੇ = ਸੰਤੁਸ਼ਟ ਹੋ ਗਏ ਹਨ ਤੇ ਗੁਰੂ ਸਾਹਿਬ ਜੀ ਨੇ ਹਿਰਦੇ ਵਿੱਚੋਂ ਭਰਮੁ = ਸੰਸਾ ਚੁਕਾਇਆ = ਚੁੱਕ ਦਿੱਤਾ ਹੈ ॥੮॥

## ਜਿਨ ਕੈ ਮਨਿ ਵਸਿਆ; ਸਚੁ ਸੋਈ ॥ ਤਿਨ ਕੀ ਸੰਗਤਿ; ਗੁਰਮੁਖਿ ਹੋਈ ॥

ਜਿਨ = ਜਿਨ੍ਹਾਂ ਕੈ = ਦੇ ਮਨਿ = ਹਿਰਦੇ ਵਿਚ ਸੋਈ = ਉਹ ਸਚੁ = ਸਤਯ ਸਰੂਪ ਪਰਮੇਸ਼ਰ ਵਸਿਆ = ਵੱਸ ਗਿਆ ਹੈ। ਤਿਨ = ਉਨ੍ਹਾਂ ਕੀ = ਦੀ ਸੰਗਤ ਕਰ ਕੇ ਗੁਰਮੁਖਾਂ ਵਾਲੇ ਸੁਭਾਅ ਦੀ ਪ੍ਰਾਪਤ ਹੋਈ = ਹੁੰਦੀ ਹੈ।

## ਨਾਨਕ ਸਾਚਿ ਨਾਮਿ; ਮਲੁ ਖੋਈ ॥੯॥੧੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਸਾਚਿ = ਸੱਚੇ ਨਾਮਿ = ਨਾਮ ਦੇ ਕਰ ਕੇ, ਪਰਮੇਸ਼ਰ ਨੇ ਉਨ੍ਹਾਂ ਦੀ ਜੰਮਣ ਮਰਣ ਦੀ ਮਲੁ = ਮੈਲ ਖੋਈ = ਨਾਸ ਕਰ ਦਿੱਤੀ ਹੈ ॥੯॥੧੫॥

## ਗਉੜੀ, ਮਹਲਾ ੧ ॥

## ਰਾਮਿ ਨਾਮਿ; ਚਿਤੁ ਰਾਪੈ ਜਾ ਕਾ ॥ ਉਪਜੰਪਿ; ਦਰਸਨੁ ਕੀਜੈ ਤਾ ਕਾ ॥੧॥

ਜਾ ਕਾ = ਜਿਨ੍ਹਾਂ ਦਾ ਰਾਮਿ = ਪਰਮੇਸ਼ਰ ਦੇ ਨਾਮਿ = ਨਾਮ ਵਿਚ ਚਿਤੁ = ਹਿਰਦਾ ਰਾਪੈ = ਰੰਗਿਆ ਜਾਂਦਾ ਹੈ। ਉਪਜੰਪਿ = ਸੂਰਜ ਚੜ੍ਹਦੇ ਦੇ ਨਾਲ ਭਾਵ ਹਰ ਸਵੇਰੇ ਹੀ ਤਾ ਕਾ = ਉਨ੍ਹਾਂ ਦਾ ਦਰਸਨੁ = ਦੀਦਾਰ ਕੀਜੈ = ਕਰਨਾ ਕਰੀਏ **ਵਾ:** ਉਨ੍ਹਾਂ ਦੇ ਉਪ = ਸਮੀਪ ਜੰਪਿ = ਜਾ ਕੇ ਦਰਸ਼ਨ ਕਰਨਾ ਚਾਹੀਦਾ ਹੈ **ਵਾ:** ਉਨ੍ਹਾਂ ਦੇ ਦਰਸ਼ਨ ਕਰ ਕੇ ਬ੍ਰਹਮ ਗਿਆਨ ਉਪਜੰਪਿ = ਉਤਪੰਨ ਹੋ ਜਾਂਦਾ ਹੈ **ਵਾ:** ਜੋ ਪਰਮੇਸ਼ਰ ਨੂੰ ਉਪਜੰਪਿ = ਸਮੀਪ ਜਾਣਦੇ ਹਨ, ਉਨ੍ਹਾਂ ਦੇ ਦਰਸ਼ਨ ਕਰਨੇ ਕਰੀਏ ॥੧॥

## ਰਾਮ ਨ ਜਪਹੁ; ਅਭਾਗੁ ਤੁਮਾਰਾ ॥
## ਜੁਗਿ ਜੁਗਿ ਦਾਤਾ; ਪ੍ਰਭੁ ਰਾਮੁ ਹਮਾਰਾ ॥੧॥ਰਹਾਉ॥

ਹੇ ਭਾਈ! ਜੇਕਰ ਤੁਸੀਂ ਰਾਮ = ਪਰਮੇਸ਼ਰ ਦਾ ਨਾਮ ਨ = ਨਹੀਂ ਜਪਹੁ = ਜਪਦੇ ਹੋ, ਤਾਂ ਤੁਮਾਰਾ = ਤੁਹਾਡਾ ਇਹ ਅਭਾਗੁ = ਮੰਦ ਭਾਗ ਹੈ **ਵਾ:** ਭਾਗਾਂ ਤੋਂ ਹੀਣਾ ਤੁਹਾਡਾ ਕਰਮ ਹੈ। ਹਮਾਰਾ = ਸਾਡਾ ਰਾਮੁ = ਰਮਿਆ ਹੋਇਆ ਪ੍ਰਭੁ = ਪ੍ਰਭੂ ਜੁਗਿ ਜੁਗਿ = ਜੁਗਾਂ ਜੁਗਾਂ ਵਿਚ ਦਾਤਾ = ਦਾਤਾਂ ਦੇਣ ਵਾਲਾ ਹੈ ॥੧॥ਰਹਾਉ॥

## ਗੁਰਮਤਿ, ਰਾਮੁ ਜਪੈ; ਜਨੁ ਪੂਰਾ ॥ ਤਿਤੁ ਘਟ; ਅਨਹਤ ਬਾਜੇ ਤੂਰਾ ॥੨॥

ਜਿਹੜਾ ਪੁਰਸ਼ ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ, ਰਾਮੁ = ਪਰਮੇਸ਼ਰ ਦਾ ਨਾਮ ਜਪੈ = ਜਪਦਾ

ਹੈ, ਉਹੋ ਜਨੁ = ਪੁਰਸ਼ ਪੂਰਾ = ਪੂਰਨ ਹੈ **ਵਾ:** ਉਸ ਨੂੰ ਹੀ ਪੂਰਾ = ਪੂਰਨ ਪੁਰਖ ਜਨੁ = ਜਾਨਣਾ ਕਰੋ। ਤਿਤੁ = ਤਿਸ ਪੁਰਖ ਦੇ ਘਟ = ਹਿਰਦੇ ਵਿਚ ਅਨਹਤ = ਨਾਸ਼ ਤੋਂ ਰਹਿਤ ਸ਼ੀਘਰ ਸ਼ਬਦ ਰੂਪੀ ਤੂਰਾ = ਵਾਜੇ, ਬਾਜੇ = ਵੱਜ ਆਉਂਦੇ ਹਨ ॥੨॥

## ਜੋ ਜਨ; ਰਾਮ ਭਗਤਿ, ਹਰਿ ਪਿਆਰਿ ॥ ਸੇ ਪ੍ਰਭਿ ਰਾਖੇ; ਕਿਰਪਾ ਧਾਰਿ ॥੩॥

ਜੋ = ਜਿਹੜੇ ਜਨ = ਪੁਰਸ਼ ਰਾਮ = ਪਰਮੇਸ਼ਰ ਦੀ ਭਗਤਿ = ਭਗਤੀ ਕਰਦੇ ਹਨ, ਉਹ ਹਰਿ = ਹਰੀ ਨੂੰ ਪਿਆਰਿ = ਪਿਆਰੇ ਹਨ। ਸੇ = ਉਨ੍ਹਾਂ ਨੂੰ ਪ੍ਰਭਿ = ਪਰਮੇਸ਼ਰ ਨੇ ਕਿਰਪਾ = ਦਇਆ ਦ੍ਰਿਸ਼ਟੀ ਧਾਰਿ = ਧਾਰਨ ਕਰ ਕੇ ਜੰਮਣ ਮਰਣ ਦੇ ਵਿਕਾਰਾਂ ਤੋਂ ਰਾਖੇ = ਰੱਖ ਲਿਆ ਹੈ ॥੩॥

## ਜਿਨ ਕੈ ਹਿਰਦੈ; ਹਰਿ ਹਰਿ ਸੋਈ ॥ ਤਿਨ ਕਾ ਦਰਸੁ ਪਰਸਿ; ਸੁਖੁ ਹੋਈ ॥੪॥

ਜਿਨ = ਜਿਨ੍ਹਾਂ ਕੈ = ਦੇ ਹਿਰਦੈ = ਅੰਤਸ਼ਕਰਣ ਵਿਚ ਹਰਿ = ਹਰੇਕ ਨੂੰ ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਸੋਈ = ਸੋਭਦਾ ਹੈ। ਤਿਨ = ਉਨ੍ਹਾਂ ਪਿਆਰਿਆਂ ਕਾ = ਦਾ ਦਰਸੁ = ਦਰਸ਼ਨ ਪਰਸਿ = ਪਰਸਣ ਕਰ ਕੇ ਸੁਖੁ = ਅਨੰਦ ਦੇ ਸਹਿਤ ਹੋਈ = ਹੋਈਦਾ ਹੈ ॥੪॥

## ਸਰਬ ਜੀਆ ਮਹਿ; ਏਕੋ ਰਵੈ ॥ ਮਨਮੁਖਿ ਅਹੰਕਾਰੀ; ਫਿਰਿ ਜੂਨੀ ਭਵੈ ॥੫॥

ਉਹ ਗੁਰਮੁਖ ਸਰਬ = ਸਾਰਿਆਂ ਜੀਆ = ਜੀਵਾਂ ਮਹਿ = ਵਿਚ ਏਕੋ = ਇੱਕੋ ਹੀ ਅਦ੍ਵੈਤ ਸਰੂਪ ਪਰਮੇਸ਼ਰ ਨੂੰ ਜਾਣ ਕੇ ਰਵੈ = ਉਚਾਰਨ ਕਰਦਾ ਰਹਿੰਦਾ ਹੈ ਅਤੇ ਮਨਮੁਖਿ = ਸਾਕਤ ਪੁਰਸ਼ ਅਹੰਕਾਰੀ = ਹੰਕਾਰ ਦੇ ਸਹਿਤ ਹੋਣ ਕਰ ਕੇ ਫਿਰਿ = ਮੁੜ ਮੁੜ ਕੇ ਜੂਨੀ = ਜੂਨਾਂ ਵਿਚ ਭਵੈ = ਫਿਰਦਾ ਰਹਿੰਦਾ ਹੈ ॥੫॥

## ਸੋ ਬੂਝੈ; ਜੋ ਸਤਿਗੁਰੁ ਪਾਏ ॥ ਹਉਮੈ ਮਾਰੇ; ਗੁਰ ਸਬਦੇ ਪਾਏ ॥੬॥

ਸੋ = ਉਹੋ ਹੀ ਬੂਝੈ = ਸਮਝਦਾ ਹੈ, ਜੋ = ਜਿਹੜਾ ਸਤਿਗੁਰੁ = ਗੁਰੂ ਸਾਹਿਬ ਜੀ ਨੂੰ **ਵਾ:** ਗੁਰੂ ਜੀ ਦੀ ਸ਼ਰਨ ਨੂੰ ਪਾਏ = ਪਾਉਂਦਾ ਹੈ **ਵਾ:** ਜੋ = ਜਿਹੜਾ ਸਤਿਗੁਰੁ = ਨਾਸ ਤੋਂ ਰਹਿਤ ਚੇਤਨ ਸਰੂਪ ਨੂੰ ਪਾਏ = ਪਾਉਂਦਾ ਹੈ, ਸੋ = ਉਹ ਸਤਿ ਅਸਤਿ ਦੇ ਨਿਰਣੇ ਨੂੰ ਬੂਝੈ = ਜਾਣ ਲੈਂਦਾ ਹੈ ॥੬॥

***ਪ੍ਰਸ਼ਨ :*** *ਸਿੱਧ ਕਹਿਣ ਲੱਗੇ ਕਿ ਮਹਾਰਾਜ ਸਤਿਗੁਰੂ ਤਾਂ ਆਪ ਹੀ ਹੋ, ਫਿਰ ਅਸੀਂ ਹੋਰ ਕਿਸ ਨੂੰ ਪੁਛੀਏ ?*

***ਗੁਰ ਉੱਤਰ :*** ਜੇਕਰ ਤੁਹਾਡਾ ਨਿਸਚਾ ਹੈ ਤਾਂ ਗੁਰ = ਗੁਰੂ ਦੇ ਸਬਦੇ = ਉਪਦੇਸ਼ ਦੀ ਕਮਾਈ ਕਰ ਕੇ ਹਉਮੈ = ਹੰਗਤਾ ਨੂੰ ਮਾਰੇ = ਮਾਰ ਕੇ ਵਾਹਿਗੁਰੂ ਨੂੰ ਪਾਏ = ਪਾਉਣਾ ਕਰੋਗੇ।

## ਅਰਧ ਉਰਧ ਕੀ; ਸੰਧਿ ਕਿਉ ਜਾਨੈ ॥

ਹੇ ਸਤਿਗੁਰੂ ! ਕਿਰਪਾ ਕਰੋ ਕਿ ਜਿਹੜਾ ਜੀਵ ਪਰਮਾਦੀ ਹੋ ਕੇ ਅਰਧ = ਨੀਵਾਂ ਹੋ ਰਿਹਾ ਹੈ ਅਤੇ ਜਿਹੜਾ ਈਸ਼ਰ ਸਰਬ ਗੁਣਾਂ ਸੰਪੰਨ ਉਰਧ = ਉੱਚਾ ਹੋ ਰਿਹਾ ਹੈ, ਇਨ੍ਹਾਂ ਕੀ = ਦੀ ਸੰਧਿ = ਮਿਲੌਣੀ ਨੂੰ ਕਿਉ = ਕਿਵੇਂ ਜਾਨੈ = ਜਾਨਣਾ ਕਰੀਏ **ਅਥਵਾ** ਜੋ ਸਰੀਰ ਵਿਚ ਨਾਭੀ ਤੋਂ ਅਰਧ = ਥੱਲੇ ਸ੍ਵਾਸ ਆ ਰਹੇ ਹਨ ਅਤੇ ਜੋ ਨਾਸਾਂ ਰਾਹੀਂ ਉਰਧ = ਉੱਪਰ ਨੂੰ ਨਿਕਲ ਰਹੇ ਹਨ, ਇਨ੍ਹਾਂ ਨੂੰ ਸੰਧਿ = ਮੇਲ ਕਰ ਕੇ, ਜੋੜ ਕੇ ਦਸਵੇਂ ਦੁਆਰ ਚੜ੍ਹਾਉਣ ਨੂੰ ਕਿਉ = ਕਿਵੇਂ ਜਾਨੈ = ਜਾਨਣਾ ਕਰੀਏ **ਅਥਵਾ** ਅਰਧ = ਅਰਾਧਣੇ ਯੋਗ ਜੋ ਉਰਧ = ਊਰਧ ਰੂਪ ਬ੍ਰਹਮ ਹੈ, ਉਸ ਦੇ ਨਾਲ ਸੰਧਿ = ਮਿਲਾਪ ਕਰਨਾ ਕਿਵੇਂ ਜਾਣੀਏ **ਅਥਵਾ** ਜੋ ਅਰਧ = ਹੇਠਾਂ ਭਾਵ ਸੰਸਾਰ ਹੈ ਅਤੇ ਉਰਧ = ਉਪਰਲੇ ਲੋਕ ਬੈਕੁੰਠ ਆਦਿਕ ਹਨ, ਇਨ੍ਹਾਂ ਵਿਚ ਜੋ ਰਮਿਆ ਹੋਇਆ ਹੈ, ਉਸ ਨਾਲ ਮਿਲਾਪ ਕਰਨਾ ਕਿਵੇਂ ਜਾਣੀਏ। ਕਿਰਪਾ ਕਰ ਕੇ ਦੱਸਣਾ ਕਰੋ।

## ਗੁਰਮੁਖਿ ਸੰਧਿ ਮਿਲੈ; ਮਨੁ ਮਾਨੈ ॥੭॥

ਗੁਰਮੁਖਿ = ਗੁਰਮੁਖਾਂ ਦੇ ਸੰਧਿ = ਮੇਲ ਵਿਚ ਮਿਲੈ = ਮਿਲ ਕਰ ਕੇ ਅਤੇ ਸਤਿਗੁਰਾਂ ਦੇ ਮਨੁ = ਮੰਤ੍ਰ ਨੂੰ ਮਾਨੈ = ਮੰਨਣੇ ਕਰ ਕੇ ਜੀਵ ਈਸ਼ ਦਾ ਮਿਲਾਪ ਹੋ ਜਾਂਦਾ ਹੈ **ਵਾ:** ਜੋ ਆਉਂਦੇ ਜਾਂਦੇ ਸਵਾਸਾਂ ਦਾ ਅਧਾਰ ਰੂਪ ਅਤੇ ਪ੍ਰਕਾਸ਼ਣ ਵਾਲਾ ਜੋ ਚੇਤਨ ਬ੍ਰਹਮ ਹੈ, ਗੁਰਮੁਖਾਂ ਦਾ ਉਸ ਦੀ ਸੰਧਿ = ਇਸਥਿਤੀ ਵਿਚ ਮਿਲੈ = ਮਿਲ ਕੇ ਮਨੁ = ਹਿਰਦਾ ਮਾਨੈ = ਮੰਨ ਜਾਂਦਾ ਹੈ, ਇਉਂ ਉਹ ਉਸ ਬ੍ਰਹਮ ਵਿਚ ਮਿਲੇ ਰਹਿੰਦੇ ਹਨ ॥੭॥

ਫਿਰ ਵੀ ਇਉਂ ਬੇਨਤੀਆਂ ਕਰਦੇ ਹਨ ਕਿ :

## ਹਮ ਪਾਪੀ ਨਿਰਗੁਣ ਕਉ; ਗੁਣੁ ਕਰੀਐ ॥
## ਪ੍ਰਭ ਹੋਇ ਦਇਆਲੁ; ਨਾਨਕ ਜਨ ਤਰੀਐ ॥੮॥੧੬॥

ਹੇ ਮਹਾਰਾਜ ! ਹਮ = ਸਾਨੂੰ ਪਾਪੀ = ਦੁਸ਼ਟਾਂ ਅਤੇ ਨਿਰਗੁਣ = ਸ਼ੁਭ ਗੁਣਾਂ ਤੋਂ ਹੀਣਿਆਂ ਕਉ = ਨੂੰ ਅਪ੍ਰੋਖ ਗਿਆਨ ਰੂਪੀ ਗੁਣ = ਉਪਕਾਰ ਦੇਣਾ ਕਰੀਐ = ਕਰੀਏ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਪਰਮਾਤਮਾ ! ਜੇਕਰ ਆਪ ਸਾਡੇ 'ਤੇ ਦਇਆਲੁ = ਦਿਆਲੂ ਹੋਇ = ਹੋਵੋ ਤਾਂ ਅਸੀਂ ਜਨ ਤਰੀਐ = ਤਰ ਸਕਾਂਗੇ ॥੮॥੧੬॥

## ਸੋਲਹ ਅਸਟਪਦੀਆ ਗੁਆਰੇਰੀ ਗਉੜੀ ਕੀਆ ॥

ਇਥੋਂ ਤਕ ਗੁਆਰੇਰੀ ਜਾਤੀ ਦੀ ਗਉੜੀ ਕੀਆ = ਦੀਆਂ ਸੋਲਹ = ਸੋਲ੍ਹਾਂ ਅਸਟਪਦੀਆ = ਅੱਠ ਪਦਾਂ ਵਾਲੇ ਸ਼ਬਦ 'ਨਾਨਕ ਮਤੇ' ਵਿਖੇ ਸਿੱਧਾਂ ਨਾਲ ਚਰਚਾ ਕਰਦੇ ਹੋਏ ਉਚਾਰਨ ਕੀਤੇ ਹਨ।

***ਨੋਟ :*** ਇਹ ਸ਼ਬਦ "ਸੋਲਹ ਅਸਟਪਦੀਆ ਗੁਆਰੇਰੀ ਗਉੜੀ ਕੀਆ" ਪਿਛਲੇ ਸ਼ਬਦ ਨਾਲ ਹੀ ਪੜ੍ਹਨਾ ਹੈ, ਅੱਗੇ "ਗਉੜੀ ਬੈਰਾਗਣਿ ਮਹਲਾ ੧" ਇਸ ਦੇ ਨਾਲ ਨਹੀਂ ਪੜ੍ਹਨਾ।

## ਗਉੜੀ ਬੈਰਾਗਣਿ, ਮਹਲਾ ੧

**ਉਥਾਨਕਾ :** ਸ੍ਰੀ ਗੁਰੂ ਨਾਨਕ ਦੇਵ ਜੀ, ਜਿਸ ਸਮੇਂ ਰਾਵੀ ਦੇ ਕਿਨਾਰੇ ਕਰਤਾਰਪੁਰ ਸਾਹਿਬ ਵਿਖੇ ਸੰਗਤਾਂ ਨੂੰ ਉਪਦੇਸ਼ ਦੇ ਕੇ ਨਿਹਾਲ ਕਰ ਰਹੇ ਸਨ, ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਜਥੇ ਬਣਾ ਬਣਾ ਕੇ ਆਉਂਦੀਆਂ ਸਨ। ਸਿੱਧ ਵੀ ਕਰਤਾਰਪੁਰ ਵਿਖੇ ਗੁਰੂ ਜੀ ਦੇ ਦਰਸ਼ਨਾਂ ਨੂੰ ਪਹੁੰਚੇ, ਇਨ੍ਹਾਂ ਨੇ ਬੇਨਤੀ ਕੀਤੀ ਕਿ ਹੇ ਮਹਾਰਾਜ ! ਸਾਨੂੰ ਦੱਸਣਾ ਕਰੋ ਕਿ ਪਰਮੇਸ਼ਰ ਆਪ ਦੇ ਪਿਆਰਿਆਂ ਦੀ ਰੱਖਿਆ ਕਿਸ ਤਰ੍ਹਾਂ ਕਰਦਾ ਹੈ। ਤਦ ਸਤਿਗੁਰੂ ਸਾਹਿਬ ਜੀ ਨੇ ਗਉੜੀ ਦੀ ਬੈਰਾਗਣਿ ਜਾਤੀ ਵਿਚ ਇਹ ਅਸਟਪਦੀ ਉਚਾਰਨ ਕੀਤੀ

## ੧ੴ ਸਤਿਗੁਰ ਪ੍ਰਸਾਦਿ ॥

੧ = ਅਦ੍ਵੈਤ ਸਰੂਪ ਬ੍ਰਹਮ ੴ = ਸਾਰਿਆਂ ਦਾ ਪ੍ਰਕਾਸ਼ਕ ਜੋ ਸਤਿਗੁਰ = ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਨਾਲ ਪਰਾਪਤ ਹੁੰਦਾ ਹੈ।

## ਜਿਉ ਗਾਈ ਕਉ ਗੋਇਲੀ; ਰਾਖਹਿ ਕਰਿ ਸਾਰਾ ॥

**ਦ੍ਰਿਸ਼ਟਾਂਤ :** ਜਿਸ ਪ੍ਰਕਾਰ ਗਾਈ = ਗਊਆਂ ਦੇ ਕਉ = ਤਾਈਂ ਗੋਇਲੀ = ਗਵਾਲਾ ਸਾਰਾ = ਸੰਭਾਲ ਕਰਿ = ਕਰ ਕੇ ਰਾਖਹਿ = ਰੱਖਦਾ ਹੈ **ਵਾ:** ਹੋਰਨਾਂ ਜੰਗਲੀ ਜਾਨਵਰਾਂ ਆਦਿ ਤੋਂ ਸਾਰਾ = ਸਾਵਧਾਨ ਹੋ ਕਰਿ = ਕਰ ਕੇ ਰਾਖਹਿ = ਰੱਖਦਾ ਹੈ।

## ਅਹਿ ਨਿਸਿ ਪਾਲਹਿ, ਰਾਖਿ ਲੇਹਿ; ਆਤਮ ਸੁਖੁ ਧਾਰਾ ॥੧॥

ਅਹਿ ਨਿਸਿ = ਰਾਤ ਦਿਨ ਗਊਆਂ, ਵੱਛਿਆਂ ਨੂੰ ਪਾਲਹਿ = ਪਾਲਦਾ ਹੈ ਅਤੇ ਰਾਖਿ = ਰੱਖਿਆ ਕਰ ਲੇਹਿ = ਲੈਂਦਾ ਹੈ, ਇਸ ਤਰ੍ਹਾਂ ਆਪਣੇ ਆਤਮ = ਮਨ ਵਿਚ ਸੁਖ = ਅਨੰਦ ਨੂੰ ਧਾਰਾ = ਧਾਰਦਾ ਹੈ।

**ਦਾ ਦ੍ਰਿਸ਼ਟਾਂਤ :** ਇਸੇ ਪ੍ਰਕਾਰ ਮਹਾਰਾਜ ਸਾਡੀਆਂ ਸੂਖਮ, ਕਾਰਨ, ਅਸਥੂਹ ਦੇਹਾਂ ਗਾਂਈਆਂ ਦੀ ਨਿਆਈਂ ਹਨ ਤੇ ਆਪ ਜੀ ਸਾਡੀਆਂ ਦੇਹਾਂ ਨੂੰ ਪਾਲਣ ਵਾਲੇ ਗੋਇਲੀ = ਚਰਵਾਹੇ, ਗਵਾਲੇ ਹੋ **ਵਾ:** ਜਿਤਨੇ ਵੀ ਦੇਵ, ਦੇਵਤੇ, ਦੈਂਤ ਆਦਿ ਚੌਰਾਸੀ ਲੱਖ ਜੂਨਾਂ ਦੀਆਂ ਦੇਹਾਂ ਰੂਪੀ ਗਊਆਂ ਹਨ ਉਨ੍ਹਾਂ ਦੇ ਤਾਈਂ ਪਾਲਣਾ ਕਰਨ ਵਾਲੇ ਤੁਸੀਂ ਗਵਾਲੇ ਹੋ ਅਤੇ ਆਪਣੇ ਸੇਵਕਾਂ ਨੂੰ ਸਾਰਾ = ਸੰਭਾਲ ਕੇ ਰੱਖਣ ਵਾਲੇ ਹੋ **ਵਾ:** ਸਾਡੇ ਸਵਾਸਾਂ ਦੇ ਤਾਈਂ, ਰੋਜ਼ੀ ਖ਼ੁਰਾਕ ਆਦਿਕ ਦੇਣ ਵਿਚ ਹਰ ਤਰ੍ਹਾਂ ਕਰ ਕੇ ਆਪ ਸਹਾਇਤਾ ਕਰਦੇ ਹੋ।

ਹੇ ਪ੍ਰਭੂ ! ਤੂੰ ਰਾਤ ਦਿਨ ਹੀ ਸਾਡੀ ਪਾਲਣਾ ਕਰਦਾ ਹੈਂ, ਬਾਲਕ, ਯੁਵਾ, ਬਿਰਧ ਤਿੰਨਾਂ ਅਵਸਥਾ ਵਿਚ ਤੁਸੀਂ ਸਾਡੀ ਪਾਲਣਾ ਕਰਦੇ ਹੋ, ਇਉਂ ਅਸੀਂ ਆਪਣੇ ਆਤਮ = ਮਨ ਵਿਚ ਸੁਖੁ ਧਾਰਾ = ਧਾਰਨ ਕਰਦੇ ਹਾਂ **ਅਥਵਾ** ਜਿਨ੍ਹਾਂ ਜਗਿਆਸੂ ਰੂਪ ਗਾਂਈਆਂ ਨੂੰ ਸਤਿਸੰਗਤ ਰੂਪੀ ਘਾਟ 'ਤੇ ਲਿਜਾ ਕੇ, ਸ਼ੁਭ ਗੁਣਾਂ ਨੂੰ ਗ੍ਰਹਿਣ ਕਰਨ ਰੂਪ ਘਾਹ ਚਰਾਉਂਦੇ ਹੋ, ਉਨ੍ਹਾਂ ਨੂੰ ਆਸਾ ਰੂਪ ਨਦੀ ਵਿਚ ਡੁੱਬਣ ਨਹੀਂ ਦਿੰਦੇ। ਇਸ ਤਰ੍ਹਾਂ ਰਾਤ ਦਿਨ ਪਾਲਣਾ ਕਰਦੇ ਹੋ ਅਤੇ ਕਾਲ ਰੂਪੀ ਸ਼ੇਰ ਤੋਂ, ਕਾਮ ਕ੍ਰੋਧਾਦਿ ਰੂਪੀ ਬਾਘਾਂ ਤੋਂ, ਦਸੇ ਇੰਦ੍ਰੀਆਂ ਰੂਪ ਬਘਿਆੜੀਆਂ ਤੋਂ ਰੱਖਿਆ ਕਰਦੇ ਹੋ। ਇਸ ਪ੍ਰਕਾਰ ਸਾਨੂੰ ਆਤਮਾਨੰਦ ਰੂਪ ਦੁੱਧ ਦੀਆਂ ਧਾਰਾ = ਧਾਰਾਂ ਪ੍ਰਾਪਤ ਹੁੰਦੀਆਂ ਹਨ, ਜਿਨ੍ਹਾਂ ਨੂੰ ਪੀ ਕਰ ਕੇ ਮਨ ਵਿਚ ਸੁਖ ਧਾਰਨ ਕਰੀਦਾ ਹੈ ॥੧॥

## ਇਤ ਉਤ ਰਾਖਹੁ; ਦੀਨ ਦਇਆਲਾ ॥
## ਤਉ ਸਰਣਾਗਤਿ; ਨਦਰਿ ਨਿਹਾਲਾ ॥੧॥ਰਹਾਉ॥

ਹੇ ਦੀਨ = ਗ਼ਰੀਬਾਂ 'ਤੇ ਦਇਆਲਾ = ਦਿਆਲਤਾ ਕਰਨ ਵਾਲੇ ਪਰਮੇਸ਼ਰ ! ਤੁਸੀਂ ਇਤ ਉਤ = ਲੋਕ ਪਰਲੋਕ ਵਿਚ ਸਾਨੂੰ ਰਾਖਹੁ = ਰੱਖਣਾ ਕਰੋ **ਵਾ:** ਆਪ ਹੀ ਸਾਡੀ ਰੱਖਿਆ ਕਰਨ ਵਾਲੇ ਹੋ।

ਹੇ ਮਹਾਰਾਜ ! ਮੈਂ ਤਉ = ਤੁਹਾਡੀ ਸਰਣਾਗਤਿ = ਸ਼ਰਣ ਵਿਚ ਆ ਕੇ ਪ੍ਰਾਪਤ ਹੋਇਆ ਹਾਂ। ਆਪ ਜੀ ਨਦਰਿ = ਕਿਰਪਾ ਦ੍ਰਿਸ਼ਟੀ ਕਰ ਕੇ ਸਾਨੂੰ ਨਿਹਾਲਾ = ਨਿਹਾਲ ਕਰੋ **ਵਾ:** ਨਿਹਾਲਾ = ਦੁੱਖਾਂ ਤੋਂ ਰਹਿਤ ਕਰੋ ॥੧॥ਰਹਾਉ॥

## ਜਹ ਦੇਖਉ, ਤਹ ਰਵਿ ਰਹੇ; ਰਖੁ ਰਾਖਨਹਾਰਾ ॥

ਮੈਂ ਜਹ = ਜਿਥੇ ਵੀ ਦੇਖਉ = ਦੇਖਦਾ ਹਾਂ, ਤਹ = ਉਥੇ ਹੀ ਤੁਸੀਂ ਰਵਿ = ਵਿਆਪਕ ਹੋ ਰਹੇ ਹੋ। ਹੇ ਰਾਖਨਹਾਰਾ = ਰੱਖਿਆ ਕਰਨ ਵਾਲੇ ਪਰਮੇਸ਼ਰ ਸਾਨੂੰ ਸਭ ਸਮਿਆਂ ਤੇ ਸਭ ਥਾਵਾਂ ਵਿਚ ਰਖੁ = ਰੱਖਣਾ ਕਰੋ।

## ਤੂੰ ਦਾਤਾ, ਭੁਗਤਾ ਤੂੰਹੈ; ਤੂੰ ਪ੍ਰਾਣ ਅਧਾਰਾ ॥੨॥

ਤੂੰ = ਤੁਸੀਂ ਹੀ ਦਾਤਾ = ਦਾਤਾਂ ਦੇਣ ਵਾਲੇ ਹੋ ਅਤੇ ਪਦਾਰਥਾਂ ਨੂੰ ਭੁਗਤਾ = ਭੋਗਣ ਵਾਲੇ ਵੀ ਤੂੰਹੈ = ਤੁਸੀਂ ਹੀ ਹੋ **ਵਾ:** ਤੁਸੀਂ ਹੀ ਉਪਾਸ਼ਕਾਂ ਦੇ ਹਿਰਦਿਆਂ ਵਿਚ ਦਾਤਾ ਰੂਪ ਹੋ ਕੇ ਪ੍ਰੋਖ, ਅਪ੍ਰੋਖ ਗਿਆਨ ਦੀਆਂ ਦਾਤਾਂ ਦੇਣ ਵਾਲੇ ਹੋ ਤੇ ਬ੍ਰਹਮਾਨੰਦ ਨੂੰ ਭੋਗਣ ਵਾਲੇ ਹੋ ਕੇ ਤਤਬੇਤਾ ਰੂਪ ਵੀ ਤੁਸੀਂ ਹੀ ਹੋ ਅਤੇ ਤੁਸੀਂ ਹੀ ਸਾਡੇ ਪ੍ਰਾਣ = ਸ੍ਵਾਸਾਂ ਦਾ ਅਧਾਰਾ = ਆਸਰਾ ਰੂਪ ਹੋ ॥੨॥

## ਕਿਰਤੁ ਪਇਆ ਅਧ ਊਰਧੀ; ਬਿਨੁ ਗਿਆਨ ਬੀਚਾਰਾ ॥

ਆਪਣੇ ਸਰੂਪ ਦੇ ਗਿਆਨ = ਬੋਧ ਦੀ ਬੀਚਾਰਾ = ਵਿਚਾਰ ਕੀਤੇ ਤੋਂ ਬਿਨੁ = ਬ਼ਗੈਰ, ਜੀਵ ਦੇ ਮੱਥੇ

ਉਪਰ ਕਿਰਤੁ = ਕਰਮ ਪਇਆ = ਪਿਆ ਹੋਇਆ ਹੈ, ਉਸ ਅਨੁਸਾਰ ਕਦੇ ਅਧ = ਨੀਵੀਆਂ ਜੂਨਾਂ ਵਿਚ ਆਉਂਦਾ ਹੈ, ਕਦੇ ਊਰਧੀ = ਉੱਚੀਆਂ ਦੇਵਤਿਆਂ ਆਦਿਕ ਜੂਨਾਂ ਵਿਚ ਆਉਂਦਾ ਹੈ **ਵਾ**: ਅਧ = ਨੀਵੀਆਂ ਧਰਤੀ 'ਤੇ ਵਿਚਰਨ ਵਾਲੀਆਂ ਜੂਨਾਂ ਵਿਚ ਆਉਂਦਾ ਹੈ, ਕਦੇ ਊਰਧੀ = ਉਪਰ ਅਕਾਸ਼ ਵਿਚ ਉੱਡਣ ਵਾਲੇ ਪੰਛੀਆਂ ਦੀਆਂ ਜੂਨਾਂ ਵਿਚ ਆਉਂਦਾ ਹੈ **ਅਥਵਾ** ਕਿਰਤ = ਕਰਮਾਂ ਅਨੁਸਾਰ ਜਦੋਂ ਪੁੰਨ ਨਾਸ ਹੋ ਜਾਂਦੇ ਹਨ, ਤਾਂ ਉਦੋਂ ਊਰਧੀ = ਸਵਰਗ ਆਦਿਕਾਂ ਵਿੱਚੋਂ, ਨੌਖ ਰਾਜੇ ਵਾਂਗੂੰ ਅਧ = ਮਾਤ ਲੋਕ ਵਿਚ ਆ ਕੇ ਡਿੱਗਦੇ ਹਨ।

## ਬਿਨੁ ਉਪਮਾ ਜਗਦੀਸ ਕੀ; ਬਿਨਸੈ ਨ ਅੰਧਿਆਰਾ ॥੩॥

ਜਗਦੀਸ = ਜਗਤ ਦੇ ਈਸ਼ਵਰ ਪਰਮੇਸ਼ਰ ਕੀ = ਦੀ ਉਪਮਾ = ਉਸਤਤ ਕੀਤੇ ਤੋਂ ਬਿਨੁ = ਬਗ਼ੈਰ, ਅਗਿਆਨ ਰੂਪੀ ਅੰਧਿਆਰਾ = ਅੰਧੇਰਾ ਬਿਨਸੈ = ਵਿਸ਼ੇਸ਼ ਕਰ ਕੇ ਨੱਸਦਾ ਨ = ਨਹੀਂ ਹੈ, ਨਵਿਰਤ ਨਹੀਂ ਹੁੰਦਾ ॥੩॥

## ਜਗੁ ਬਿਨਸਤ ਹਮ ਦੇਖਿਆ; ਲੋਭੇ ਅਹੰਕਾਰਾ ॥

ਲੋਭੇ = ਲਾਲਚ ਅਤੇ ਅਹੰਕਾਰਾ = ਹੰਕਾਰ ਆਦਿ ਵਿਕਾਰਾਂ ਵਿਚ ਸਭ ਜਗੁ = ਸੰਸਾਰ ਨੂੰ ਬਿਨਸਤ = ਨਾਸ਼ ਹੁੰਦੇ ਹੋਏ ਨੂੰ ਹਮ = ਅਸੀਂ ਦੇਖਿਆ = ਵੇਖਿਆ ਹੈ।

## ਗੁਰ ਸੇਵਾ, ਪ੍ਰਭੁ ਪਾਇਆ; ਸਚੁ ਮੁਕਤਿ ਦੁਆਰਾ ॥੪॥

ਹੇ ਭਾਈ! ਜਿਨ੍ਹਾਂ ਜਿਨ੍ਹਾਂ ਨੇ ਗੁਰ = ਸਤਿਗੁਰੂ ਸਾਹਿਬ ਜੀ ਦੀ ਸੇਵਾ = ਟਹਿਲ ਕੀਤੀ ਹੈ, ਉਨ੍ਹਾਂ ਨੇ ਪ੍ਰਭੁ = ਅਕਾਲ ਪੁਰਖ ਅਤੇ ਉਸ ਦਾ ਸਚੁ = ਸਚਾ ਮੁਕਤਿ = ਮੁਕਤੀ ਦਾ ਦੁਆਰਾ = ਦਰਵਾਜ਼ਾ ਭਾਵ ਗਿਆਨ ਪਾਇਆ = ਪਾਉਣਾ ਕੀਤਾ ਹੈ **ਅਥਵਾ** ਸੱਚੇ ਸਤਿਗੁਰੂ ਜੀ ਆਪ ਮੁਕਤੀ ਦੇ ਦਰਵਾਜ਼ੇ ਹਨ, ਜਿਨ੍ਹਾਂ ਨੇ ਗੁਰਾਂ ਦੀ ਸੇਵਾ ਕੀਤੀ ਹੈ, ਉਨ੍ਹਾਂ ਨੇ ਪ੍ਰਭੁ = ਪਰਮੇਸ਼ਰ ਨੂੰ ਪਾਇਆ = ਪਾਉਣਾ ਕੀਤਾ ਹੈ **ਅਥਵਾ** ਸਤਿਸੰਗਤ ਰੂਪੀ ਮੁਕਤੀ ਦੇ ਦਰਵਾਜ਼ੇ ਤੋਂ ਜਿਨ੍ਹਾਂ ਨੇ ਸੱਚੇ ਨਾਮ ਨੂੰ ਪਾਇਆ ਹੈ, ਉਨ੍ਹਾਂ ਨੇ ਗੁਰੂ ਜੀ ਦੀ ਸੇਵਾ ਕਰ ਕੇ ਪ੍ਰਭੁ = ਅਕਾਲ ਪੁਰਖ ਨੂੰ ਪਾ ਲਿਆ ਹੈ ॥੪॥

## ਨਿਜ ਘਰਿ ਮਹਲੁ ਅਪਾਰ ਕੋ; ਅਪਰੰਪਰੁ ਸੋਈ ॥

ਨਿਜ = ਆਪਣੇ ਸਰੀਰ, ਅੰਤਸ਼ਕਰਣ ਰੂਪੀ ਘਰ ਦੇ ਵਿਚ ਹੀ ਅਪਾਰ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਕੋ = ਦਾ ਸਰੂਪ ਰੂਪੀ ਮਹਲ ਇਸਥਿਤ ਹੈ, ਪ੍ਰੰਤੂ ਉਹ ਪ੍ਰਾਪਤ ਨਹੀਂ ਹੁੰਦਾ। ਕਿਉਂਕਿ ਸੋਈ = ਉਹ ਪਰਮੇਸ਼ਰ ਅਪਰੰਪਰ = ਪ੍ਰਕਿਰਤੀ ਤੋਂ ਪਰ੍ਹੇ ਹੈ **ਅਥਵਾ** ਉਸ ਅਪਾਰ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦਾ ਮਹਲ ਭਾਵ ਤੁਰੀਆ ਪਦ ਰੂਪੀ ਘਰ ਹੈ, ਪਰ ਅਸੀਂ (ਅਪਰੰ+ਪਰ) ਅਪਰੰ = ਪ੍ਰਕਿਰਤੀ ਵਿਚ ਫਸੇ ਹੋਏ ਹਾਂ ਤੇ ਉਹ ਪਰ = ਪ੍ਰਕਿਰਤੀ ਤੋਂ ਪਰ੍ਹੇ ਹੈ।

## ਬਿਨੁ ਸਬਦੈ ਥਿਰੁ ਕੋ ਨਹੀ; ਬੂਝੈ ਸੁਖੁ ਹੋਈ ॥੫॥

ਸਤਿਗੁਰਾਂ ਦੇ ਸਬਦੈ = ਉਪਦੇਸ਼ ਤੋਂ ਬਿਨੁ = ਬਗ਼ੈਰ ਉਸ ਪਦ ਵਿਚ ਕੋ = ਕੋਈ ਵੀ ਥਿਰੁ = ਇਸਥਿਤ ਨਹੀਂ ਹੋ ਸਕਦਾ। ਜੇਕਰ ਗੁਰਾਂ ਤੋਂ ਬੂਝੈ = ਪੁੱਛ ਲਵੇ, ਸਮਝ ਲਵੇ ਤਾਂ ਸੁਖੁ = ਸੁਖ ਸਰੂਪ ਦੀ ਪ੍ਰਾਪਤੀ ਹੋਈ = ਹੁੰਦੀ ਹੈ **ਅਥਵਾ** ਇਕ ਸਬਦੈ = ਬ੍ਰਹਮ ਤੋਂ ਬਿਨੁ = ਬਿਨਾਂ ਇਸ ਬ੍ਰਹਮੰਡ ਵਿਚ ਕੋ = ਕੋਈ ਵੀ ਥਿਰੁ = ਇਸਥਿਤ ਨਹੀਂ ਹੈ, ਜੇਕਰ ਉਸ ਨੂੰ (ਬ੍ਰਹਮ ਨੂੰ) ਬੂਝੈ = ਸਮਝੇ ਤਾਂ ਸੁਖੁ = ਆਨੰਦ ਸਰੂਪ ਦੀ ਪ੍ਰਾਪਤੀ ਵੀ ਹੁੰਦੀ ਹੈ ॥੫॥

## ਕਿਆ ਲੈ ਆਇਆ, ਲੇ ਜਾਇ ਕਿਆ; ਫਾਸਹਿ ਜਮ ਜਾਲਾ ॥

ਹੇ ਜੀਵ! ਤੂੰ ਕਿਆ = ਕੀ ਲੈ ਕਰ ਕੇ ਆਇਆ ਸੀ ਤੇ ਕਿਆ = ਕੀ ਲੈ = ਲੈ ਕਰ ਕੇ ਜਾਇ = ਜਾਵੇਂਗਾ, ਭਾਵ ਨਾ ਨਾਲ ਕੁਝ ਆਇਆ ਸੀ ਤੇ ਨਾ ਹੀ ਨਾਲ ਕੁਝ ਜਾਵੇਗਾ। ਤੂੰ ਵਿਅਰਥ ਹੀ ਹਉਮੈ ਕਰ ਕੇ ਜਮ = ਜਮਾਂ ਦੇ ਜਾਲਾ = ਫਾਹਿਆ ਵਿਚ ਫਾਸਹਿ = ਫਸ ਰਿਹਾ ਹੈ।

## ਡੋਲੁ ਬਧਾ ਕਸਿ ਜੇਵਰੀ; ਆਕਾਸਿ ਪਤਾਲਾ ॥੬॥

(**ਬੱਧਾ** ਦਾ ਉਚਾਰਣ ਅੱਧਕ ਸਹਿਤ ਹੈ)

ਜੇਕਰ ਡੋਲ = ਖੂਹ ਵਿੱਚੋਂ ਪਾਣੀ ਕੱਢਣ ਵਾਲੇ ਪਾਤਰ ਨੂੰ ਜੇਵਰੀ = ਰੱਸੀ ਨਾਲ ਕਸਿ = ਖਿੱਚ ਕੇ ਬਧਾ = ਬੰਨ੍ਹ ਦਿੱਤਾ ਜਾਵੇ ਤਾਂ ਉਹ ਡੋਲ ਖੂਹੀ ਵਿੱਚੋਂ ਕਦੇ ਆਕਾਸਿ = ਉੱਪਰ ਨੂੰ ਚੜ੍ਹ ਜਾਂਦਾ ਹੈ ਤੇ ਕਦੇ ਪਤਾਲਾ = ਹੇਠਾਂ ਖੂਹੀ ਦੇ ਵਿਚ ਡਿੱਗ ਪੈਂਦਾ ਹੈ।

ਏਸੇ ਪ੍ਰਕਾਰ ਇਹ ਜੀਵ ਰੂਪੀ ਡੋਲ, ਕਰਮਾਂ ਰੂਪੀ, ਆਸਾ ਰੂਪੀ, ਵਾਸ਼ਨਾ ਰੂਪੀ ਜੇਵਰੀ = ਰੱਸੀ ਨਾਲ ਕੱਸ ਕੇ ਬਧਾ = ਬੱਝਾ ਪਿਆ ਹੈ। ਪੁੰਨਾਂ ਕਰ ਕੇ ਕਦੇ ਆਕਾਸਿ = ਸਵਰਗ ਆਦਿ ਦੇ ਸੁੱਖਾਂ ਨੂੰ ਭੋਗਦਾ ਹੈ ਤੇ ਕਦੇ ਪੁੰਨ ਨਾਸ ਹੋਣੇ ਤੋਂ ਪਤਾਲਾ = ਹੇਠਾਂ ਟੇਢੀਆਂ ਜੂਨਾਂ ਵਿਚ ਆ ਕੇ ਪ੍ਰਾਪਤ ਹੁੰਦਾ ਹੈ॥੬॥

## ਗੁਰਮਤਿ ਨਾਮੁ ਨ ਵੀਸਰੈ; ਸਹਜੇ ਪਤਿ ਪਾਈਐ ॥

ਹੇ ਭਾਈ! ਗੁਰਮਤਿ = ਗੁਰੂ ਦੀ ਸਿੱਖਿਆ ਨੂੰ ਧਾਰਨ ਕਰੋ। ਗੁਰੂ ਦੀ ਸਿੱਖਿਆ ਇਹੋ ਹੀ ਹੈ ਕਿ ਕਦੇ ਵੀ ਪਰਮੇਸ਼ਰ ਦਾ ਨਾਮ ਨ ਵੀਸਰੈ = ਭੁੱਲੇ **ਵਾ:** ਗੁਰਮਤਿ = ਗੁਰਮੱਤੀਆਂ ਨੂੰ ਕਦਾਚਿਤ ਵੀ ਪਰਮਾਤਮਾ ਦਾ ਨਾਮ ਵੀਸਰੈ = ਭੁੱਲਦਾ ਨ = ਨਹੀਂ ਹੈ। ਉਹ ਸਹਜੇ = ਸੁਤੇਸਿਧ ਹੀ ਪਤਿ = ਇੱਜ਼ਤ ਪਾਈਐ = ਪਾ ਲੈਂਦੇ ਹਨ **ਵਾ:** ਸਹਜੇ = ਸਹਜ ਅਵਸਥਾ ਨੂੰ ਪ੍ਰਾਪਤ ਕਰ ਕੇ ਉਸ ਪਰਮਾਤਮਾ ਪਤਿ = ਪਤੀ ਨੂੰ ਪਾਈਐ = ਪਾ ਲਈਦਾ ਹੈ।

## ਅੰਤਰਿ ਸਬਦੁ ਨਿਧਾਨੁ ਹੈ; ਮਿਲਿ ਆਪੁ ਗਵਾਈਐ ॥੭॥

ਜਿਨ੍ਹਾਂ ਦੇ ਅੰਤਰਿ = ਹਿਰਦੇ ਵਿਚ ਗੁਰਾਂ ਦੇ ਸਬਦੁ = ਉਪਦੇਸ਼ ਭਾਵ ਨਾਮ ਦਾ ਨਿਧਾਨੁ = ਖ਼ਜ਼ਾਨਾ ਹੈ, ਉਹ ਗੁਰਾਂ ਦੇ ਸ਼ਬਦ ਨਾਲ ਮਿਲਿ = ਮਿਲ ਕਰ ਕੇ ਆਪੁ = ਆਪ-ਭਾਵ ਗਵਾਈਐ = ਗਵਾ ਦਿੰਦੇ ਹਨ **ਵਾ:** ਸ਼ਬਦ ਦੀ ਕਮਾਈ ਕਰ ਕੇ ਆਪਾ-ਭਾਵ ਗਵਾ ਕਰ ਕੇ ਵਾਹਿਗੁਰੂ ਨਾਲ ਮਿਲ ਜਾਂਦੇ ਹਨ॥੭॥

## ਨਦਰਿ ਕਰੇ ਪ੍ਰਭੁ ਆਪਣੀ; ਗੁਣ ਅੰਕਿ ਸਮਾਵੈ ॥

ਜਦੋਂ ਪ੍ਰਭੁ = ਪਰਮੇਸ਼ਰ ਆਪਣੀ ਨਦਰਿ = ਕਿਰਪਾ ਦ੍ਰਿਸ਼ਟੀ ਕਰੇ = ਕਰਦਾ ਹੈ, ਤਾਂ ਅੰਕਿ = ਹਿਰਦੇ ਵਿਚ ਗੁਣ = ਸ਼ੁਭ ਗੁਣ ਸਮਾਵੈ = ਸਮਾਉਂਦੇ ਹਨ।

## ਨਾਨਕ ਮੇਲੁ ਨ ਚੂਕਈ;<br>ਲਾਹਾ ਸਚੁ ਪਾਵੈ ॥੮॥੧॥੧੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਗੁਰਮੁਖ ਸਚੁ = ਸੱਚੇ ਨਾਮ ਦਾ ਲਾਹਾ = ਲਾਭ ਪਾਵੈ = ਪ੍ਰਾਪਤ ਕਰ ਕੇ ਪਰਮਾਤਮਾ ਵਿਚ ਅਭੇਦ ਹੋ ਜਾਂਦੇ ਹਨ, ਉਨ੍ਹਾਂ ਦਾ ਇਹ ਮੇਲੁ = ਮਿਲਾਪ ਚੂਕਈ = ਚੁੱਕਿਆ ਨਹੀਂ ਜਾਂਦਾ, ਭਾਵ ਇੱਕੋ ਹੀ ਰੂਪ ਹੋ ਜਾਂਦੇ ਹਨ॥੮॥੧॥੧੭॥

[ਅੰਗ ੨੨੯]

## ਗਉੜੀ, ਮਹਲਾ ੧ ॥

ਸਿੱਧ ਮੰਡਲੀ ਨੇ ਸਤਿਗੁਰਾਂ ਦੀ ਸ਼ਰਨ ਵਿਚ ਆਣ ਕੇ ਬੇਨਤੀ ਕਰ ਕੇ ਪੁੱਛਿਆ ਕਿ ਮਹਾਰਾਜ ਕਲਿਜੁਗ ਦੇ ਲੱਛਣ ਕੀ ਹਨ ? ਤਦ ਸਤਿਗੁਰੂ ਸਾਹਿਬ ਜੀ ਸਿੱਧਾਂ ਦੇ ਪ੍ਰਥਾਇ ਸਰਬ ਸਾਂਝਾ ਉਪਦੇਸ਼ ਕਥਨ ਕਰਦੇ ਹਨ। ਪਹਿਲਾਂ ਗੁਰੂ ਅਤੇ ਪਰਮੇਸ਼ਰ ਦੀ ਉਪਮਾ ਕਰ ਕੇ ਸਮਝਾਇਆ ਹੈ, ਫਿਰ ਕਲਿਜੁਗ ਦੇ ਲੱਛਣ ਤੀਸਰੇ ਪਦ ਤੋਂ ਦੱਸਣਗੇ।

## ਗੁਰ ਪਰਸਾਦੀ ਬੂਝਿ ਲੇ; ਤਉ ਹੋਇ ਨਿਬੇਰਾ ॥

ਗੁਰ = ਸਤਿਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਜੇਕਰ ਕੋਈ ਪਰਮਾਤਮਾ ਨੂੰ ਬੂਝਿ = ਸਮਝ ਲੇ = ਲਵੇ, ਤਉ = ਤਾਂ ਜੰਮਣ ਮਰਣ ਦਾ ਨਿਬੇਰਾ = ਨਬੇੜਾ ਹੋਇ = ਹੋਵੇਗਾ।

## ਘਰਿ ਘਰਿ ਨਾਮੁ ਨਿਰੰਜਨਾ; ਸੋ ਠਾਕੁਰੁ ਮੇਰਾ ॥੧॥

ਘਰਿ ਘਰਿ = ਸ਼ਾਸਤਰਾਂ, ਸ਼ਾਸਤਰਾਂ ਵਿਚ ਨਿਰੰਜਨਾ = ਪਰਮੇਸ਼ਰ ਦਾ ਨਾਮ ਹੀ ਕਥਨ ਕੀਤਾ ਹੋਇਆ ਹੈ, ਭਾਵ ਸਭ ਸ਼ਾਸਤਰ ਨਾਮ ਦੀ ਮਹਿਮਾ ਹੀ ਕਹਿੰਦੇ ਹਨ **ਵਾ:** ਘਰਿ ਘਰਿ = ਸਰੀਰਾਂ ਸਰੀਰਾਂ ਵਿਚ ਸਾਰੇ ਨਿਰੰਜਨਾ = ਪਰਮੇਸ਼ਰ ਦਾ ਨਾਮ ਜਪਦੇ ਹਨ **ਵਾ:** ਸਾਰਿਆਂ ਦੇ ਘਰਿ = ਸਰੀਰਾਂ ਨੂੰ ਘਰਿ = ਘੜਨ ਵਾਲਾ ਬ੍ਰਹਮਾ ਵੀ ਨਿਰੰਜਨਾ = ਪਰਮਾਤਮਾ ਦੇ ਨਾਮ ਦਾ ਜਾਪ ਕਰਦਾ ਹੈ **ਵਾ:** ਘਰਿ = ਸਰੀਰ, ਅਸਥੂਲ ਦੇਹ ਇਸ ਦੇ ਵਿਚ ਸੂਖਮ ਦੇਹ ਇਸ ਦੇ ਵਿਚ ਕਾਰਨ ਦੇਹ, ਇਨ੍ਹਾਂ ਤਿੰਨਾਂ ਦੇਹਾਂ ਨੂੰ ਜੋ ਘਰਿ = ਘੜਨ ਵਾਲਾ ਹੈ, ਉਸ ਦਾ ਨਾਮੁ = ਨਾਉਂ ਨਿਰੰਜਨਾ = ਸ਼ੁੱਧ ਬ੍ਰਹਮ ਹੈ। ਸੋ = ਉਹ ਮੇਰਾ = ਸਾਡਾ ਠਾਕੁਰੁ = ਸੁਆਮੀ ਹੈ ॥੧॥

## ਬਿਨੁ ਗੁਰ ਸਬਦ ਨ ਛੂਟੀਐ; ਦੇਖਹੁ ਵੀਚਾਰਾ ॥

ਗੁਰ = ਸਤਿਗੁਰੂ ਸਾਹਿਬ ਜੀ ਦੇ ਸਬਦ = ਉਪਦੇਸ਼ ਦੀ ਕਮਾਈ ਕੀਤੇ ਤੋਂ ਬਿਨੁ = ਬਗ਼ੈਰ ਛੂਟੀਐ = ਛੁਟਕਾਰਾ ਨ = ਨਹੀਂ ਹੁੰਦਾ, ਬੇਸ਼ੱਕ ਇਸ ਨੂੰ ਵੀਚਾਰਾ = ਵੀਚਾਰ ਕੇ ਦੇਖਹੁ = ਦੇਖ ਲਵੋ।

## ਜੇ ਲਖ ਕਰਮ ਕਮਾਵਹੀ; ਬਿਨੁ ਗੁਰ ਅੰਧਿਆਰਾ ॥੧॥ਰਹਾਉ॥

ਜੇ = ਜੇਕਰ ਲਖ = ਲੱਖਾਂ ਜਨਮ ਧਾਰ ਕੇ ਲੱਖਾਂ ਕਰਮ = ਕਰਮਾਂ ਨੂੰ ਕਮਾਵਹੀ = ਕਮਾ ਲਵੇ, ਪ੍ਰੰਤੂ ਗੁਰ = ਸਤਿਗੁਰਾਂ ਤੋਂ ਬਿਨੁ = ਬਗ਼ੈਰ ਅਗਿਆਨ ਦਾ ਅੰਧਿਆਰਾ = ਅੰਧੇਰਾ ਬਣਿਆ ਹੀ ਰਹਿੰਦਾ ਹੈ ॥੧॥ਰਹਾਉ॥

## ਅੰਧੇ ਅਕਲੀ ਬਾਹਰੇ; ਕਿਆ ਤਿਨ ਸਿਉ ਕਹੀਐ ॥

ਜਿਹੜੇ ਅੰਧੇ = ਅੰਨ੍ਹੇ, ਅਗਿਆਨੀ ਲੋਕ ਅਕਲੀ = ਅਕਲ ਤੋਂ ਬਾਹਰੇ = ਬਾਹਰ ਹਨ, ਭਾਵ ਮਨ ਬੁੱਧ ਰੂਪੀ ਨੇਤਰਾਂ ਵਿਚ ਭਰਮ ਰੂਪੀ ਫੋਲੇ ਪਏ ਹੋਏ ਹਨ ਤੇ ਅੰਦਰ ਪਰਮਾਰਥ ਵਾਲੀ ਅਕਲ ਨਹੀਂ ਹੈ, ਫਿਰ ਤਿਨ = ਉਨ੍ਹਾਂ ਪੁਰਖਾਂ ਦੇ ਸਿਉ = ਤਾਈਂ ਕਿਆ = ਕੀ ਕਹੀਐ = ਕਹਿਣਾ ਕਰੀਏ। ਭਾਵ ਉਹ ਕੁਝ ਸਮਝਦੇ ਹੀ ਨਹੀਂ।

## ਬਿਨੁ ਗੁਰ ਪੰਥੁ ਨ ਸੂਝਈ; ਕਿਤੁ ਬਿਧਿ ਨਿਰਬਹੀਐ ॥੨॥

ਗੁਰ = ਸਤਿਗੁਰੂ ਸਾਹਿਬ ਜੀ ਤੋਂ ਬਿਨੁ = ਬਗ਼ੈਰ ਭਗਤੀ ਸਹਿਤ ਪਰਮਾਰਥ, ਗਿਆਨ ਦਾ

ਪੰਥੁ = ਰਸਤਾ, ਕਿਸੇ ਨੂੰ ਸੂਝਈ = ਦਿਸ ਨ = ਨਹੀਂ ਸਕਦਾ। ਫਿਰ ਇਹ ਜੀਵ ਕਿਤੁ = ਕਿਹੜੀ ਬਿਧਿ = ਬਿਧੀ ਨਾਲ ਨਿਰਬਹੀਐ = ਨਿਰਬਾਹ ਕਰਨਗੇ, ਭਾਵ ਮੁਕਤ ਕਿਵੇਂ ਹੋਣਗੇ। ਅੱਗੇ ਕਲਿਜੁਗ ਦੇ ਲੱਛਣ ਦੱਸਦੇ ਹਨ ॥੨॥

## ਖੋਟੇ ਕਉ ਖਰਾ ਕਹੈ; ਖਰੇ ਸਾਰ ਨ ਜਾਣੈ ॥

ਇਹ ਸੰਸਾਰ ਵਿਚ ਖੋਟੇ = ਦੋਸ਼ੀ, ਐਬੀ ਕਉ = ਨੂੰ ਭਾਵ ਧਰਮ ਤੋਂ ਹੀਣੇ ਨੂੰ ਲੋਕ, ਖਰਾ = ਚੰਗਾ ਕਹੈ = ਕਹਿੰਦੇ ਹਨ ਤੇ ਜੋ ਸ੍ਵੈ ਧਰਮ ਵਿਚ ਖਰੇ = ਪੱਕੇ ਹਨ, ਚੰਗੇ ਹਨ, ਉਨ੍ਹਾਂ ਦੀ ਸਾਰ = ਖ਼ਬਰ ਤਕ ਵੀ ਨ = ਨਹੀਂ ਜਾਣੈ = ਜਾਣਦੇ।

## ਅੰਧੇ ਕਾ ਨਾਉ ਪਾਰਖੂ; ਕਲੀ ਕਾਲ ਵਿਡਾਣੈ ॥੩॥

ਜਿਹੜੇ ਅੰਧੇ = ਅੰਨ੍ਹੇ ਅਗਿਆਨੀ ਪੁਰਸ਼ ਹਨ **ਵਾ:** ਮਨ ਬੁੱਧ ਰੂਪੀ ਨੇਤਰਾਂ ਵਿਚ ਬ੍ਰਹਮ ਗਿਆਨ ਰੂਪੀ ਨਿਗ੍ਹਾ ਨਹੀਂ ਹੈ, ਉਨ੍ਹਾਂ ਕਾ = ਦਾ ਨਾਉ = ਨਾਮ ਪਾਰਖੂ = ਪਰਖਣ ਵਾਲਾ ਭਾਵ ਗਿਆਨੀ ਰੱਖਿਆ ਹੈ **ਵਾ:** ਜੋ ਅਗਿਆਨੀ ਹੈ, ਉਸ ਦਾ ਨਾਮ ਪਰਮੇਸ਼ਰ ਦੀ ਪਰਮਾਰਥ ਦੀ ਪਰਖ ਕਰਨ ਵਾਲੇ ਰੱਖਿਆ ਹੋਇਆ ਹੈ।

ਇਹ ਕਲੀ = ਕਲਿਜੁਗ ਦੇ ਕਾਲ = ਸਮੇਂ ਦੀ ਵਿਡਾਣੈ = ਅਸਚਰਜਤਾ ਹੈ ॥੩॥

## ਸੂਤੇ ਕਉ ਜਾਗਤੁ ਕਹੈ; ਜਾਗਤ ਕਉ ਸੂਤਾ ॥

ਜਿਹੜੇ ਅਵਿਦਿਆ ਦੀ ਨੀਂਦ ਵਿਚ ਪਰਮਾਰਥ ਵੱਲੋਂ ਸੂਤੇ = ਸੁੱਤੇ ਪਏ ਹਨ **ਵਾ:** ਭਜਨ ਸਿਮਰਨ ਵੱਲੋਂ, ਅੰਮ੍ਰਿਤ ਵੇਲੇ ਉੱਠਣ ਵੱਲੋਂ, ਸਤਿਸੰਗਤ ਕਰਨ ਵੱਲੋਂ ਸੁੱਤੇ ਰਹਿੰਦੇ ਹਨ, ਉਨ੍ਹਾਂ ਕਉ = ਨੂੰ ਕਲਿਜੁਗੀ ਜੀਵ ਜਾਗਤ = ਜਾਗਦਾ ਕਹੈ = ਕਹਿੰਦੇ ਹਨ ਕਿ ਬਹੁਤ ਲਿਆਕਤ ਵਾਲਾ ਹੈ ਉਸ ਨੂੰ ਜਾਗਦੇ ਦਿਮਾਗ਼ ਵਾਲਾ ਮੰਨਦੇ ਹਨ ਤੇ ਜਿਹੜੇ ਆਪਣੀ ਬਿਰਤੀ ਨੂੰ ਪਰਮੇਸ਼ਰ ਦੇ ਚਰਨਾਂ ਵਿਚ ਜੋੜ ਕੇ ਗਿਆਨ ਅਵਸਥਾ ਵਿਚ ਜਾਗਤ = ਜਾਗਦੇ ਹਨ, ਉਨ੍ਹਾਂ ਕਉ = ਨੂੰ ਸੂਤਾ = ਸੁੱਤਾ ਹੋਇਆ ਕਹਿੰਦੇ ਹਨ ਕਿ ਇਸ ਨੂੰ ਤਾਂ ਸੰਸਾਰ ਦਾ ਕੁਝ ਪਤਾ ਹੀ ਨਹੀਂ ਹੈ।

## ਜੀਵਤ ਕਉ ਮੂਆ ਕਹੈ; ਮੂਏ ਨਹੀ ਰੋਤਾ ॥੪॥

ਜਿਹੜੇ ਵਾਹਿਗੁਰੂ ਵੱਲੋਂ ਜੀਵਤ = ਜਿਊਂਦੇ ਹੋ ਗਏ ਹਨ ਉਨ੍ਹਾਂ ਕਉ = ਨੂੰ ਮੂਆ = ਮਰਿਆ ਹੋਇਆ ਕਹੈ = ਕਹਿੰਦੇ ਹਨ ਤੇ ਜੋ ਪਰਮੇਸ਼ਰ ਵੱਲੋਂ ਮੂਏ = ਮਰੇ ਹੋਏ ਹਨ, ਉਨ੍ਹਾਂ ਨੂੰ ਰੋਤਾ = ਰੋਂਦੇ ਹੀ ਨਹੀਂ ਹਨ ਕਿ ਇਹ ਵਾਹਿਗੁਰੂ ਵੱਲੋਂ ਬੇਮੁਖ ਹੋ ਕੇ ਕਿਉਂ ਮਰ ਗਏ **ਵਾ:** ਜਿਹੜੇ ਪਰਮਾਰਥ ਵੱਲੋਂ ਮੂਏ = ਮਰੇ ਹੋਏ ਹਨ, ਉਨ੍ਹਾਂ ਵਾਸਤੇ ਰੋਤਾ = ਰੋਂਦੇ ਭਾਵ ਯਤਨ ਨਹੀਂ ਕਰਦੇ ॥੪॥

## ਆਵਤ ਕਉ ਜਾਤਾ ਕਹੈ; ਜਾਤੇ ਕਉ ਆਇਆ ॥

ਜਿਹੜੇ ਆਪਣੇ ਜੀਵਨ ਨੂੰ ਉੱਚਾ ਕਰਨ ਲਈ ਸਾਧਸੰਗਤ ਵਿਚ ਆਵਤ = ਆਉਂਦੇ ਹਨ ਉਨ੍ਹਾਂ ਕਉ = ਨੂੰ ਕਹੈ = ਕਹਿੰਦੇ ਹਨ ਕਿ ਇਹ ਸਾਡੇ ਘਰ ਘਾਟ ਵੱਲੋਂ ਜਾਤਾ = ਚਲਿਆ ਗਿਆ ਹੈ, ਭਾਵ ਸਾਡੇ ਕੰਮ ਦਾ ਨਹੀਂ ਰਿਹਾ। ਤੇ ਜਿਹੜੇ ਸਾਧਸੰਗਤ ਛੱਡ ਕੇ ਸੰਸਾਰ ਵੱਲ ਚਲੇ ਜਾਤੇ = ਜਾਂਦੇ ਹਨ ਉਨ੍ਹਾਂ ਕਉ = ਨੂੰ ਕਹਿੰਦੇ ਹਨ ਕਿ ਇਹ ਘਰ ਵਿਚ ਆਇਆ = ਆ ਗਿਆ ਹੈ।

## ਪਰ ਕੀ ਕਉ ਅਪੁਨੀ ਕਹੈ; ਅਪੁਨੋ ਨਹੀ ਭਾਇਆ ॥੫॥

ਪਰ ਕੀ = ਪਰਾਏ ਹੱਕ ਕਉ = ਨੂੰ ਅਪੁਨੀ = ਆਪਣੀ ਕਹੈ = ਕਹਿੰਦੇ ਹਨ ਤੇ ਜਿਹੜਾ ਅਪੁਨੋ = ਆਪਣਾ

ਹੱਕ ਹੈ ਉਹ ਭਾਇਆ = ਭਾਉਂਦਾ ਨਹੀਂ ਹੈ **ਅਥਵਾ** ਪਰ = ਪਰਾਈਆਂ ਇਸਤਰੀਆਂ ਕੀ = ਦੀ ਮੇਰ ਕਰਦੇ ਹਨ, ਆਪਣੀ ਕਹਿੰਦੇ ਹਨ ਤੇ ਜੋ ਘਰ ਵਿਚ ਅਪੁਨੋ = ਆਪਣੀਆਂ ਇਸਤਰੀਆਂ ਹਨ, ਜਿਨ੍ਹਾਂ ਤੋਂ ਕੁਲ ਚੱਲਣੀ ਹੈ, ਸ਼ੁਭ ਸੰਤਾਨ ਪੈਦਾ ਹੋਣੀ ਹੈ, ਉਹ ਆਪਣਾ ਪਰਿਵਾਰ ਭਾਇਆ = ਚੰਗਾ ਨਹੀਂ ਲੱਗਦਾ ॥੫॥

## ਮੀਠੇ ਕਉ ਕਉੜਾ ਕਹੈ; ਕੜੂਏ ਕਉ ਮੀਠਾ ॥

ਜੋ ਪਰਮੇਸ਼ਰ ਦਾ ਅੰਮ੍ਰਿਤ ਰੂਪ ਨਾਮ ਮੀਠੇ = ਮਿੱਠਾ ਹੈ, ਉਸ ਕਉ = ਨੂੰ ਕਉੜਾ = ਕੜਵਾ ਕਹੈ = ਕਹਿੰਦੇ ਹਨ ਤੇ ਜੋ ਵਿਸ਼ੇ-ਵਿਕਾਰ ਆਦਿਕ ਕੜੂਏ = ਕੌੜੇ ਹਨ, ਉਨ੍ਹਾਂ ਕਉ = ਨੂੰ ਮੀਠਾ = ਮਿੱਠੇ ਰਸ ਵਾਲੇ ਕਹਿੰਦੇ ਹਨ।

## ਰਾਤੇ ਕੀ ਨਿੰਦਾ ਕਰਹਿ; ਐਸਾ ਕਲਿ ਮਹਿ ਡੀਠਾ ॥੬॥

(**ਰਾਤੇ** ਦਾ ਉਚਾਰਣ ਕੱਸ ਕੇ ਅਤੇ **ਕਲਿ** ਦਾ ਉਚਾਰਣ ਪੋਲਾ ਹੈ)

ਜਿਹੜੇ ਪਰਮੇਸ਼ਰ ਵਿਚ ਰਾਤੇ = ਰੰਗੇ ਹੋਏ ਹਨ, ਉਨ੍ਹਾਂ ਕੀ = ਦੀ ਲੋਕ ਨਿੰਦਾ = ਨਿੰਦਿਆ ਕਰਹਿ = ਕਰਦੇ ਹਨ, ਅਸੀਂ ਐਸਾ = ਅਜਿਹਾ ਵਰਤਾਰਾ ਕਲਿ = ਕਲਿਜੁਗ ਮਹਿ = ਵਿਚ ਡੀਠਾ = ਦੇਖਿਆ ਹੈ ॥੬॥

## ਚੇਰੀ ਕੀ ਸੇਵਾ ਕਰਹਿ; ਠਾਕੁਰੁ ਨਹੀ ਦੀਸੈ ॥

ਚੇਰੀ = ਦਾਸੀ ਭਾਵ ਮਾਇਆ ਕੀ = ਦੀ ਹਰ ਵੇਲੇ ਸੇਵਾ = ਟਹਿਲ ਕਰਹਿ = ਕਰਦੇ ਹਨ ਤੇ ਜੋ ਸਾਰੇ ਹੀ ਵਿਆਪਕ ਠਾਕੁਰੁ = ਸੁਆਮੀ ਵਾਹਿਗੁਰੂ ਹੈ, ਉਹ ਇਨ੍ਹਾਂ ਅਗਿਆਨੀ ਜੀਵਾਂ ਤਾਈਂ ਦੀਸੈ = ਦਿਖਦਾ ਨਹੀਂ ਹੈ।

## ਪੋਖਰੁ ਨੀਰੁ ਵਿਰੋਲੀਐ; ਮਾਖਨੁ ਨਹੀ ਰੀਸੈ ॥੭॥

ਪੋਖਰੁ[੧] = ਛੱਪੜ ਟੋਭੇ ਆਦਿ ਦਾ ਨੀਰੁ = ਜਲ ਵਿਰੋਲੀਐ = ਰਿੜਕਨਾ ਕਰੀਏ ਤਾਂ ਉਸ ਵਿੱਚੋਂ ਮਾਖਨੁ = ਮੱਖਣ ਨਹੀਂ ਰੀਸੈ = ਨਿਕਲਦਾ **ਅਥਵਾ** ਇਸੇ ਪ੍ਰਕਾਰ ਸੰਸਾਰ ਰੂਪੀ ਟੋਭੇ ਦੇ ਭੂਤਾਂ ਪ੍ਰੇਤਾਂ ਦੀ ਉਪਾਸ਼ਨਾ ਅਤੇ ਸਕਾਮ ਕਰਮਾਂ ਰੂਪੀ ਨੀਰੁ = ਪਾਣੀ ਨੂੰ ਵਿਰੋਲੀਐ = ਰਿੜਕਦੇ ਰਹੀਏ ਤਾਂ ਇਸ ਵਿੱਚੋਂ ਪਰਮੇਸ਼ਰ ਦਾ ਅਨੰਦ ਰੂਪ, ਗਿਆਨ ਰੂਪੀ ਮਾਖਨੁ = ਮੱਖਣ ਨਹੀਂ ਰੀਸੈ = ਰਿਸਦਾ ਭਾਵ ਨਿਕਲਦਾ ॥੭॥

## ਇਸੁ ਪਦ ਜੋ ਅਰਥਾਇ ਲੇਇ; ਸੋ ਗੁਰੂ ਹਮਾਰਾ ॥

ਇਸੁ = ਇਹ ਪਦ = ਸ਼ਬਦ ਦੇ ਅੰਦਰ ਜੋ ਵੀਚਾਰ ਕੀਤੀ ਹੈ, ਜੋ = ਜਿਹੜਾ ਇਸ ਦੇ ਅਰਥਾਇ = ਅਰਥ ਸਮਝ ਲੇਇ = ਲਵੇ, ਹਿਰਦੇ ਵਿਚ ਧਾਰਨ ਕਰ ਲਵੇ। ਸੋ = ਉਹ ਹਮਾਰਾ = ਤਮਾਮ ਭਾਵ ਸਭ ਦੇ ਗੁਰੂ = ਪੂਜਣੇ ਯੋਗ ਹੈ **ਵਾ**: ਇਸ ਪਦ ਦੇ ਜੋ ਪੁਰਖ ਅਰਥਾਇ = ਅਰਥਾਂ ਨੂੰ ਪੜ੍ਹ ਜਾਂ ਸੁਣ ਕੇ ਹਿਰਦੇ ਵਿਚ ਧਾਰ ਲੇਇ = ਲੈਂਦਾ ਹੈ ਉਹ ਪਰਮੇਸ਼ਰ ਦਾ ਸਰੂਪ ਹੋ ਜਾਂਦਾ ਹੈ ਤੇ ਪਰਮੇਸ਼ਰ ਦਾ ਸਰੂਪ ਹੋਣ ਕਰਕੇ ਉਹ ਸਾਡਾ ਗੁਰੂ ਹੈ।

## ਨਾਨਕ ਚੀਨੈ ਆਪ ਕਉ; ਸੋ ਅਪਰ ਅਪਾਰਾ ॥੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਹੜਾ ਆਪ ਕਉ = ਆਪਣੇ ਆਪ ਨੂੰ ਚੀਨੈ = ਜਾਣ ਲਵੇ, ਸੋ = ਉਹ ਅਪਰ = ਭਿੰਨ ਜੋ ਪ੍ਰਕਿਰਤੀ ਹੈ, ਇਸ ਤੋਂ ਪਰ੍ਹੇ ਅਪਾਰਾ = ਪਾਰਾਵਾਰ ਤੋਂ ਰਹਿਤ ਬ੍ਰਹਮ ਸਰੂਪ ਨੂੰ ਜਾਣ ਲੈਂਦਾ ਹੈ, **ਵਾ**: ਉਸ ਦੀ ਪ੍ਰਾਪਤੀ ਵਾਲਾ ਹੋ ਜਾਂਦਾ ਹੈ ॥੮॥

---

੧. ਜਿਵੇਂ ਪੋਖਰੁ ਬੰਗਾਲ ਵਿਚ ਕਲਕੱਤੇ ਵੱਲ ਜਾਈਏ, ਉਥੇ ਦੀ ਬੋਲੀ ਹੈ, ਜੋ ਟੋਭੇ, ਛੱਪੜ ਨੂੰ ਪੋਖਰ ਕਹਿੰਦੇ ਹਨ।

## ਸਭੁ ਆਪੇ ਆਪਿ ਵਰਤਦਾ; ਆਪੇ ਭਰਮਾਇਆ ॥

ਸਭੁ = ਸਾਰਿਆਂ ਵਿਚ ਆਪੇ ਆਪਿ = ਖ਼ੁਦ ਬਖ਼ੁਦ, ਆਪਣਾ ਆਪ ਰੂਪ ਹੀ ਪਰਮੇਸ਼ਰ ਵਰਤਦਾ = ਵਰਤ ਰਿਹਾ ਹੈ ਤੇ ਆਪੇ = ਆਪ ਹੀ ਜੀਵਾਂ ਦੀ ਕਰਨੀ ਕਰਤੂਤ ਅਨੁਸਾਰ ਭਰਮਾਇਆ = ਭਰਮਾ ਰਿਹਾ ਹੈ।

## ਗੁਰ ਕਿਰਪਾ ਤੇ ਬੂਝੀਐ; ਸਭੁ ਬ੍ਰਹਮੁ ਸਮਾਇਆ ॥੯॥੨॥੧੮॥

ਗੁਰ = ਸਤਿਗੁਰਾਂ ਦੀ ਕਿਰਪਾ = ਦਇਆ ਦ੍ਰਿਸ਼ਟੀ ਤੇ = ਤੋਂ ਹੀ ਬੂਝੀਐ = ਸਮਝਣਾ ਕਰੀਦਾ ਹੈ ਕਿ ਸਭੁ = ਸਾਰਿਆਂ ਵਿਚ ਬ੍ਰਹਮ = ਪਰਮੇਸ਼ਰ ਹੀ ਸਮਾਇਆ = ਵਿਆਪਿਆ, ਮਿਲਿਆ ਹੋਇਆ ਹੈ ॥੯॥੨॥੧੮॥

## ਰਾਗੁ ਗਉੜੀ ਗੁਆਰੇਰੀ, ਮਹਲਾ ੩ ਅਸਟਪਦੀਆ

## ੧ੴ ਸਤਿਗੁਰ ਪ੍ਰਸਾਦਿ ॥

**ਉਥਾਨਕਾ :** ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਕੋਲ ਇਕ ਅਦਲੀ ਨਾਮੇ ਸਿੱਖ ਨੇ ਆਣ ਕੇ ਬੇਨਤੀ ਕੀਤੀ ਕਿ ਮਹਾਰਾਜ ! ਮੈਂ ਬ੍ਰਾਹਮਣਾਂ ਲਈ ਬ੍ਰਹਮ ਭੋਜ ਤਿਆਰ ਕੀਤਾ ਸੀ, ਜਦੋਂ ਸਾਰੇ ਬ੍ਰਾਹਮਣ ਘਰ ਵਿਚ ਆ ਗਏ ਤੇ ਪੰਗਤਾਂ ਲਗਾ ਕੇ ਬੈਠ ਗਏ, ਉਸ ਵੇਲੇ ਦਾਈ ਨੇ ਆਣ ਕੇ ਦੱਸਿਆ ਕਿ ਤੁਹਾਡੇ ਘਰ ਪੁੱਤਰ ਪੈਦਾ ਹੋਇਆ ਹੈ, ਇਹ ਗੱਲ ਸੁਣ ਕੇ ਸਾਰੇ ਬ੍ਰਾਹਮਣ "ਸੂਤਕ ਹੋ ਗਿਆ, ਸੂਤਕ ਹੋ ਗਿਆ" ਇਉਂ ਕਹਿ ਕੇ ਚਲੇ ਗਏ, ਸਾਰਾ ਅੰਨ ਵੀ ਵਿਅਰਥ ਹੀ ਜਾਵੇਗਾ, ਆਪ ਜੀ ਹੀ ਕਿਰਪਾ ਕਰੋ। ਤਾਂ ਸਤਿਗੁਰਾਂ ਨੇ ਆਪ ਦੇ ਸਿੱਖ ਭੇਜ ਕਰ ਕੇ ਸਾਰਾ ਪ੍ਰਸ਼ਾਦਾ ਛਕਾ ਦਿੱਤਾ, ਸਿੱਖ ਪ੍ਰਸ਼ਾਦਾ ਛਕ ਕੇ ਵਾਪਸ ਆ ਗਏ, ਜਦ ਬ੍ਰਾਹਮਣਾਂ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਗ਼ੁੱਸੇ ਦੇ ਮਾਰੇ ਹੋਏ ਗੁਰੂ ਸਾਹਿਬ ਜੀ ਨਾਲ ਚਰਚਾ ਕਰਨ ਵਾਸਤੇ ਆ ਗਏ। ਕਹਿਣ ਲੱਗੇ ਕਿ ਮਹਾਰਾਜ ਆਪ ਗੁਰੂ ਹੋ, ਫਿਰ ਤੁਸੀਂ ਸੂਤਕ ਵਾਲੇ ਘਰ ਦਾ ਭੋਜਨ ਕਿਉਂ ਖਾ ਲਿਆ ? ਕੁਝ ਸੂਤਕ ਪਾਤਕ ਦਾ ਵਿਚਾਰ ਤਾਂ ਕਰ ਲਿਆ ਕਰੋ। ਤਾਂ ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਹੇ ਪੰਡਤੋ ! ਨਾਮ ਸਿਮਰਨ ਕਰਨ ਵਾਲੇ ਗੁਰਮੁਖਾਂ ਨੂੰ ਕੋਈ ਸੂਤਕ ਪਾਤਕ ਨਹੀਂ ਹੁੰਦਾ, ਜਿਹੜੇ ਮਨਮੁਖ ਲੋਕ ਹਨ ਉਨ੍ਹਾਂ ਨੂੰ ਹੀ ਇਹ ਸੂਤਕ ਪਾਤਕ ਹੁੰਦਾ ਹੈ। ਜੇ ਸੂਤਕ ਦੀ ਵੀਚਾਰ ਕਰਨੀ ਹੈ ਤਾਂ ਫਿਰ ਹਰ ਥਾਂ ਹੀ ਸੂਤਕ ਹੈ। ਇਸ ਪ੍ਰਕਾਰ ਉਨ੍ਹਾਂ ਬ੍ਰਾਹਮਣਾਂ ਦੇ ਪ੍ਰਥਾਇ ਰਾਗ ਗਉੜੀ ਦੀ ਗੁਆਰੇਰੀ ਜਾਤੀ ਵਿਚ ਤੀਸਰੇ ਪਾਤਿਸ਼ਾਹ ਅੱਠ ਪਦਿਆਂ ਵਾਲਾ ਸ਼ਬਦ ਉਚਾਰਨ ਕਰਦੇ ਹਨ :

੧ = ਅਦ੍ਵੈਤ ਰੂਪ ਪਰਮੇਸ਼ਰ ੴ = ਸਰਬ ਦਾ ਪ੍ਰਕਾਸ਼ਕ ਜੋ ਸਤਿਗੁਰ = ਗੁਰੂ ਸਾਹਿਬ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਮਨ ਕਾ ਸੂਤਕੁ; ਦੂਜਾ ਭਾਉ ॥

ਮਨ = ਅੰਤਸ਼ਕਰਣ ਕਾ = ਦਾ ਸੂਤਕ ਤਾਂ ਦੂਜਾ = ਦ੍ਵੈਤ ਭਾਉ = ਭਾਵ ਹੈ।

***ਨੋਟ :*** ਸੂਤਕੁ = ਸੂਤ = ਪ੍ਰਸੂਤ ਦੇ ਸਮੇਂ ਜੋ ਅਸ਼ੁੱਧੀ ਹੋਣੀ ਹੈ, ਉਸ ਨੂੰ ਸੂਤਕ ਕਹਿੰਦੇ ਹਨ। ਹਿੰਦੂ ਧਾਰਮਿਕ ਸ਼ਾਸਤਰਾਂ ਅਨੁਸਾਰ ਇਹ ਅਪਵਿੱਤਰਤਾ (ਅਸ਼ੁੱਧੀ) ਬ੍ਰਾਹਮਣ ਦੇ ਗਿਆਰਾਂ (੧੧) ਦਿਨ, ਛੱਤਰੀ ਦੇ ਤੇਰਾਂ (੧੩) ਦਿਨ, ਵੈਸ ਦੇ ਸਤਾਰਾਂ (੧੭) ਦਿਨ ਅਤੇ ਸ਼ੂਦਰ ਦੇ ਤੀਹ (੩੦) ਦਿਨ, ਤਕ ਸੂਤਕ ਮੰਨਿਆ ਹੈ। ਕਈ ਚਾਲੀ ਦਿਨ ਵੀ ਮੰਨਦੇ ਹਨ।

ਇਕ ਪਾਤਕ ਹੁੰਦਾ ਹੈ, ਜੋ ਹਿੰਦੂ ਮੱਤ ਦੇ ਧਾਰਮਿਕ ਗ੍ਰੰਥਾਂ ਅਨੁਸਾਰ ਪ੍ਰਾਣੀ ਦੇ ਮਰਣ ਪਰ ਹੋਈ ਅਪਵਿੱਤਰਤਾ ਨੂੰ ਪਾਤਕ ਕਹਿੰਦੇ ਹਨ। ਜੋ ਬ੍ਰਾਹਮਣ ਦੇ ੧੦ ਦਿਨ, ਛੱਤਰੀ ਦੇ ੧੨ ਦਿਨ, ਵੈਸ਼ਯ ਦੇ ੧੫ ਦਿਨ ਅਤੇ ਸ਼ੂਦਰ ਦੇ ਤੀਹ ਦਿਨ ਰਹਿੰਦੀ ਹੈ। ਕਈ ਸਿੰਮ੍ਰਿਤੀਆਂ ਨੇ ੧੨, ੧੩, ੧੭ ਅਤੇ ੩੦ ਦਿਨ ਯਥਾ

ਕਰਮ ਲਿਖਿਆ ਹੈ। ਸਿੱਖ ਧਰਮ ਅਨੁਸਾਰ ਤਨਖ਼ਾਹ ਯੋਗ ਕਰਮ ਅਰਥਾਤ—ਮੁੰਡਨ, ਵਿਭਚਾਰ, ਤੰਮਾਕੂ ਆਦਿ ਨਸ਼ਿਆਂ ਦਾ ਸੇਵਨ ਅਤੇ ਕੁੱਠਾ ਖਾਣਾ, ਸ਼ਰਾਬ ਆਦਿ ਪਾਤਕ ਹੈ।

## ਭਰਮੇ ਭੂਲੇ; ਆਵਉ ਜਾਉ ॥੧॥

ਇਹ ਜੀਵ ਭਰਮੇ = ਭਰਮ, ਸੰਸੇ ਦੇ ਵਿਚ ਭੂਲੇ = ਭੁੱਲੇ ਹੋਏ ਜਨਮ ਧਾਰ ਕੇ ਆਵਉ = ਆਉਂਦੇ ਹਨ ਤੇ ਮਰ ਕਰ ਕੇ ਜਾਉ = ਜਾਂਦੇ ਹਨ, ਭਾਵ ਜੰਮਦੇ ਮਰਦੇ ਹਨ ॥੧॥

## ਮਨਮੁਖਿ; ਸੂਤਕੁ ਕਬਹਿ ਨ ਜਾਇ ॥
## ਜਿਚਰੁ ਸਬਦਿ; ਨ ਭੀਜੈ ਹਰਿ ਕੈ ਨਾਇ ॥੧॥ਰਹਾਉ॥

ਹੇ ਭਾਈ ! ਮਨਮੁਖਿ = ਸਾਕਤ, ਮਨਮੁਖਾਂ ਨੂੰ ਸਦਾ ਸੂਤਕ ਬਣਿਆ ਰਹਿੰਦਾ ਹੈ, ਇਹ ਕਬਹਿ = ਕਦੇ ਭੀ ਨ = ਨਹੀਂ ਜਾਇ = ਜਾਂਦਾ। ਜਿਚਰੁ = ਜਿੰਨਾ ਚਿਰ ਤਕ ਇਸ ਦਾ ਚਿਤ ਸਤਿਗੁਰਾਂ ਦੇ ਸਬਦਿ = ਉਪਦੇਸ਼ ਕਰ ਕੇ ਹਰਿ = ਹਰੀ ਕੈ = ਦੇ ਨਾਇ = ਨਾਮ ਵਿਚ ਭੀਜੈ = ਭਿੱਜਦਾ ਨ = ਨਹੀਂ **ਵਾ:** ਜਿੰਨਾ ਚਿਰ ਤਕ ਚਿੱਤ ਹਰਿ = ਹਰੀ ਦੇ ਨਾਮ ਦੁਆਰਾ ਪਰਮਾਤਮਾ ਦੇ ਪ੍ਰੇਮ ਰੂਪ ਜਲ ਵਿਚ ਨਹੀਂ ਭਿੱਜਦਾ **ਵਾ:** ਸਬਦਿ = ਬ੍ਰਹਮ ਵਿਚ ਭੀਜੈ = ਭਿੱਜਦਾ ਨ = ਨਹੀਂ ਹੈ, ਉਤਨਾ ਚਿਰ ਤਕ ਮਨਮੁਖਾਂ ਦਾ ਸੂਤਕ ਕਦੇ ਭੀ ਨਹੀਂ ਜਾਂਦਾ ॥੧॥ਰਹਾਉ॥

## ਸਭੋ ਸੂਤਕੁ; ਜੇਤਾ ਮੋਹੁ ਆਕਾਰੁ ॥ ਮਰਿ ਮਰਿ ਜੰਮੈ; ਵਾਰੋ ਵਾਰ ॥੨॥

ਜੇਤਾ = ਜਿੰਨਾ ਭੀ ਆਕਾਰੁ = ਰੂਪਾਂ, ਸਰੀਰਾਂ ਦਾ ਮੋਹੁ = ਸਨੇਹ ਕਰਨਾ ਹੈ, ਇਹ ਸਭੋ = ਸਾਰਾ ਸੂਤਕੁ = ਅਸ਼ੁੱਧੀ ਹੀ ਹੈ।

ਮੌਤ ਦੇ ਮਰਿ = ਮਾਰੇ ਹੋਏ ਵਾਰੋ ਵਾਰ = ਬਾਰੰਬਾਰ ਜੰਮੈ = ਜੰਮਦੇ ਅਤੇ ਮਰਿ = ਮਰਦੇ ਰਹਿੰਦੇ ਹਨ ॥੨॥

## ਸੂਤਕੁ; ਅਗਨਿ ਪਉਣੈ ਪਾਣੀ ਮਾਹਿ ॥

ਅਗਨਿ = ਅੱਗ, ਪਉਣੈ = ਹਵਾ, ਪਾਣੀ = ਜਲ ਮਾਹਿ = ਵਿਚ ਭੀ ਸੂਤਕੁ = ਅਪਵਿੱਤਰਤਾ ਹੈ, ਭਾਵ ਅੱਗ ਵਿਚ ਭੀ ਚੰਗਿਆੜੇ ਪੈਦਾ ਹੁੰਦੇ ਹਨ, ਪੌਣ ਵਿਚ ਭੀ ਅਨੇਕਾਂ ਅਣੂ ਸਾਹ ਲੈਂਦਿਆਂ ਆਪਣੇ ਅੰਦਰ ਜਾਂਦੇ ਹਨ, ਪਾਣੀ ਵਿਚ ਤਾਂ ਸਾਰੇ ਜੀਵ ਹੀ ਹਨ। ਜੈਸਾ ਕਿ :

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥** *(ਅੰਗ ੪੭੨)*

## ਸੂਤਕੁ ਭੋਜਨੁ; ਜੇਤਾ ਕਿਛੁ ਖਾਹਿ ॥੩॥

ਜੇਤਾ = ਜਿੰਨਾ ਕਿਛੁ = ਕੁਝ ਵੀ ਅਸੀਂ ਖਾਹਿ = ਖਾਂਦੇ ਹਾਂ, ਇਹ ਸਾਰਾ ਭੋਜਨੁ = ਅੰਨ ਭੀ ਸੂਤਕ ਹੀ ਹੈ ॥੩॥ ਜੈਸਾ ਕਿ :

**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥** *(ਅੰਗ ੪੭੨)*

## ਸੂਤਕਿ; ਕਰਮਨ ਪੂਜਾ ਹੋਇ ॥

ਜਿਹੜੇ ਕਰਮਨ = ਕਰਮ ਕਰਦੇ ਹੋ ਅਤੇ ਪੂਜਾ = ਅਰਚਨ ਕਰਦੇ ਹੋ, ਇਨ੍ਹਾਂ ਵਿਚ ਭੀ ਸੂਤਕ ਹੋਇ = ਹੁੰਦਾ ਹੈ, ਭਾਵ ਜਦੋਂ ਕੰਮਾਂ ਦਾ ਜਾਂ ਪੂਜਾ ਕਰਨ ਦਾ ਫੁਰਨਾ ਉੱਠਦਾ ਹੈ, ਓਦੋਂ ਸੰਕਲਪ ਉੱਠਣ ਕਰਕੇ ਸੂਤਕ ਵੀ ਨਾਲ ਹੀ ਆ ਗਿਆ।

***ਨੋਟ :*** 'ਕਰਮਨ' ਪਾਠ ਹੀ ਕਰਨਾ ਹੈ, ਦੂਸਰਾ ਪਾਠ ਨਿਖੇਧ ਮੰਨ ਕੇ ਇਸ ਪ੍ਰਕਾਰ ਵੀ ਕਰਦੇ ਹਨ :

**ਸੂਤਕਿ; ਕਰਮ ਨ ਪੂਜਾ ਹੋਇ ॥**

ਜਿਸ ਕਰਮ ਕਰਦਿਆਂ ਸੁਤਕ ਹੋ ਜਾਵੇ ਉਹ ਪੂਜਾ ਕੀਤੀ ਸਫਲ ਨਹੀਂ ਹੋਇ = ਹੁੰਦੀ ਤਾਂ ਫੇਰ ਕਰਨ ਦੀ ਕੀ ਲੋੜ ਹੈ ਇਹ ਹਿੰਦੂ ਮਤ ਵਿਚ ਮੰਨਿਆਂ ਹੈ **ਵਾ:** ਫੇਰ ਸੂਤਕ ਵਿਚ ਨਾ ਕਰਮ ਹੋ ਸਕਦੇ ਹਨ ਨਾ ਪੂਜਾ ਹੋ ਸਕਦੀ ਹੈ।

## ਨਾਮਿ ਰਤੇ; ਮਨੁ ਨਿਰਮਲੁ ਹੋਇ ॥੪॥

ਹੇ ਪੰਡਿਤੋ ! ਜਿਹੜੇ ਪਰਮੇਸ਼ਰ ਦੇ ਨਾਮਿ = ਨਾਮ ਵਿਚ ਰਤੇ = ਰੰਗੇ ਗਏ ਹਨ, ਉਨ੍ਹਾਂ ਦਾ ਮਨੁ = ਹਿਰਦਾ ਨਿਰਮਲੁ = ਸ਼ੁੱਧ ਹੋਇ = ਹੁੰਦਾ ਹੈ ॥੪॥

## ਸਤਿਗੁਰੁ ਸੇਵਿਐ; ਸੂਤਕੁ ਜਾਇ ॥ ਮਰੈ ਨ ਜਨਮੈ; ਕਾਲੁ ਨ ਖਾਇ ॥੫॥

ਜੇਕਰ ਸਤਿਗੁਰੁ = ਗੁਰੂ ਸਾਹਿਬ ਜੀ ਦੀ ਸੇਵਿਐ = ਸੇਵਾ, ਟਹਿਲ ਕਰੋ ਤਾਂ ਸੂਤਕੁ = ਅਸ਼ੁੱਧੀ ਦਾ ਭਰਮ ਚਲਿਆ ਜਾਇ = ਜਾਂਦਾ ਹੈ। ਫਿਰ ਉਹ ਨਾ ਮੌਤ ਦਾ ਮਾਰਿਆ ਮਰੈ = ਮਰਦਾ ਹੈ ਅਤੇ ਨ = ਨਾ ਹੀ ਵਾਸ਼ਨਾ ਦਾ ਬੱਧਾ ਜਨਮੈ = ਜੰਮਦਾ ਹੈ ਅਤੇ ਨਾ ਹੀ ਉਸ ਨੂੰ ਕਾਲੁ = ਯਮ ਖਾਇ = ਭੱਖਣ ਕਰਦਾ ਹੈ **ਵਾ:** ਬਾਲ, ਯੁਵਾ, ਬਿਰਧ ਅਵਸਥਾ ਵਿਚ ਉਨ੍ਹਾਂ ਦੇ ਤਾਈਂ ਕਾਲੁ = ਸਮਾਂ ਭੀ ਨਹੀਂ ਖਾਂਦਾ ॥੫॥

## ਸਾਸਤ ਸਿੰਮ੍ਰਿਤਿ; ਸੋਧਿ ਦੇਖਹੁ ਕੋਇ ॥
## ਵਿਣੁ ਨਾਵੈ; ਕੋ ਮੁਕਤਿ ਨ ਹੋਇ ॥੬॥

ਜੇਕਰ ਤੁਹਾਨੂੰ ਕਿਸੇ ਉਗਾਹੀ ਦੀ ਲੋੜ ਹੈ ਤਾਂ ਸਾਸਤ = ਛੇ ਸ਼ਾਸਤ੍ਰ, ਸਿੰਮ੍ਰਿਤਿ = ਸਤਾਈ ਸਿੰਮ੍ਰਿਤੀਆਂ ਨੂੰ ਤੁਹਾਡੇ ਵਿੱਚੋਂ ਕੋਇ = ਕੋਈ ਵੀ ਚੰਗੀ ਤਰ੍ਹਾਂ ਸੋਧਿ = ਵਿਚਾਰ ਕੇ ਦੇਖਹੁ = ਦੇਖ ਲਵੇ। ਪਰਮੇਸ਼ਰ ਦੇ ਅੰਮ੍ਰਿਤ ਨਾਵੈ = ਨਾਮ ਤੋਂ ਵਿਣੁ = ਬਗ਼ੈਰ ਕੋ = ਕੋਈ ਭੀ ਮੁਕਤਿ = ਬੰਧਨਾਂ ਤੋਂ ਰਹਿਤ, ਮੁਕਤ ਨ = ਨਹੀਂ ਹੋਇ = ਹੋ ਸਕਦਾ ॥੬॥

## ਜੁਗ ਚਾਰੇ; ਨਾਮੁ ਉਤਮੁ ਸਬਦੁ ਬੀਚਾਰਿ ॥[੧]

ਜੁਗ ਚਾਰੇ = ਚੌਹਾਂ ਜੁਗਾਂ ਵਿਚ ਪਰਮੇਸ਼ਰ ਦਾ ਨਾਮ ਹੀ ਉਤਮੁ = ਸ੍ਰੇਸ਼ਟ ਹੈ, ਇਹ ਗੁਰਾਂ ਦੇ ਸਬਦੁ = ਉਪਦੇਸ਼ ਨੂੰ ਬੀਚਾਰਿ = ਵਿਚਾਰ ਕਰ ਕੇ ਵੇਖ ਲਉ **ਵਾ:** ਚੌਹਾਂ ਜੁਗਾਂ ਵਿਚ ਸਬਦੁ = ਬ੍ਰਹਮ ਦੀ ਬੀਚਾਰਿ = ਵਿਚਾਰ, ਉੱਤਮ ਨਾਮ ਕਰ ਕੇ ਪ੍ਰਾਪਤ ਹੁੰਦੀ ਹੈ।

## ਕਲਿ ਮਹਿ; ਗੁਰਮੁਖਿ ਉਤਰਸਿ ਪਾਰਿ ॥੭॥

ਉਹੋ ਹੀ ਗੁਰਮੁਖਿ = ਅਧਿਕਾਰੀ ਜਨ ਕਲਿ = ਕਲਿਜੁਗ ਮਹਿ = ਵਿਚ ਸੰਸਾਰ-ਸਮੁੰਦਰ ਤੋਂ ਪਾਰਿ = ਪਾਰ ਉਤਰਸਿ = ਉਤਰ ਜਾਂਦੇ ਹਨ ॥੭॥

## ਸਾਚਾ; ਮਰੈ ਨ ਆਵੈ ਜਾਇ ॥ ਨਾਨਕ; ਗੁਰਮੁਖਿ ਰਹੈ ਸਮਾਇ ॥੮॥੧॥

ਸਾਚਾ = ਸੱਚਾ ਪਰਮੇਸ਼ਰ ਨਾ ਮਰੈ = ਮਰਦਾ ਹੈ, ਨਾ ਉਹ ਜਨਮ ਧਾਰ ਕੇ ਆਵੈ = ਆਉਂਦਾ ਹੈ, ਨਾ ਪਰਲੋਕ ਵਿਚ ਜਾਇ = ਜਾਂਦਾ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਮੁਖ ਜਨ ਉਸ ਵਾਹਿਗੁਰੂ ਵਿਚ ਹਰ ਵੇਲੇ ਸਮਾਇ = ਅਭੇਦ ਹੋਏ ਰਹੈ = ਰਹਿੰਦੇ ਹਨ ॥੮॥੧॥

---

੧. ਬਿਸ੍ਰਾਮ '**ਉਤਮ**' ਪਦ 'ਤੇ ਵੀ ਲੱਗ ਜਾਂਦਾ ਹੈ।

## ਗਉੜੀ, ਮਹਲਾ ੩ ॥

## ਗੁਰਮੁਖਿ ਸੇਵਾ; ਪ੍ਰਾਨ ਅਧਾਰਾ ॥ ਹਰਿ ਜੀਉ; ਰਾਖਹੁ ਹਿਰਦੈ ਉਰ ਧਾਰਾ ॥

ਗੁਰਮੁਖ ਜਨ ਉਸ ਦੀ ਸੇਵਾ = ਟਹਿਲ ਵਿਚ ਲੱਗੇ ਰਹਿੰਦੇ ਹਨ, ਜੋ ਸਭ ਦੇ ਪ੍ਰਾਨ = ਪ੍ਰਾਣਾਂ ਦਾ ਅਧਾਰਾ = ਆਸਰਾ ਰੂਪ ਹੈ **ਵਾ:** ਗੁਰਮੁਖ ਜਨ ਪ੍ਰਾਣਾਂ ਦਾ ਅਧਾਰ ਚੇਤਨ ਬ੍ਰਹਮ ਨੂੰ ਸਮਝ ਕੇ ਉਸ ਵਿਚ ਹਰ ਵਕਤ ਬਿਰਤੀ ਨੂੰ ਜੋੜ ਕੇ ਬ੍ਰਹਮਾਕਾਰ ਬਣਾਈ ਰੱਖਦੇ ਹਨ, ਇਹੋ ਹੀ ਗੁਰਮੁਖਾਂ ਦੀ ਸੇਵਾ ਹੈ।

ਹੇ ਭਾਈ! ਹਰਿ = ਹਰੀ ਪਰਮੇਸ਼ਰ ਜੀਉ = ਜੀ ਨੂੰ ਹਿਰਦੇ ਦੇ ਉਰ = ਅੰਦਰ ਧਾਰਾ = ਧਾਰ ਕੇ ਰਾਖਹੁ = ਰੱਖੋ, ਇਹੋ ਸਭ ਤੋਂ ਵੱਡੀ ਸੇਵਾ ਹੈ।

## ਗੁਰਮੁਖਿ ਸੋਭਾ; ਸਾਚ ਦੁਆਰਾ ॥੧॥

ਸਤਿਸੰਗਤ ਰੂਪੀ ਸੱਚੇ ਦੁਆਰ ਅੰਦਰ ਗੁਰਮੁਖਾਂ ਦੀ ਸੋਭਾ = ਵਡਿਆਈ ਹੁੰਦੀ ਹੈ **ਵਾ:** ਗੁਰਮੁਖ ਸੱਚੇ ਗੁਰਾਂ ਦੁਆਰਾ ਵਾਹਿਗੁਰੂ ਦੇ ਸਚਖੰਡ ਰੂਪੀ ਦਰ ਵਿਚ ਸੋਭਾ ਪਾਉਂਦੇ ਹਨ॥੧॥

## ਪੰਡਿਤ, ਹਰਿ ਪੜੁ; ਤਜਹੁ ਵਿਕਾਰਾ ॥

ਹੇ ਪੰਡਿਤ = ਵਿਦਵਾਨੋਂ! ਕਾਮ ਆਦਿਕ ਵਿਕਾਰਾਂ = ਔਗੁਣਾਂ ਨੂੰ ਤਜਹੁ = ਤਿਆਗ ਕੇ ਹਰੀ ਨਾਮ ਨਾਲ ਸੰਬੰਧਿਤ ਗ੍ਰੰਥਾਂ ਨੂੰ ਪੜੁ = ਪੜ੍ਹਨਾ ਕਰੋ।

## ਗੁਰਮੁਖਿ; ਭਉਜਲੁ ਉਤਰਹੁ ਪਾਰਾ ॥੧॥ਰਹਾਉ॥

ਗੁਰਮੁਖਾਂ ਨਾਲ ਮਿਲਾਪ ਕਰ ਕੇ ਭਉਜਲੁ = ਸੰਸਾਰ-ਸਮੁੰਦਰ ਤੋਂ ਪਾਰ ਉਤਰਹੁ = ਉਤਰਨਾ ਕਰੋ ॥੧॥ਰਹਾਉ॥

[ਅੰਗ ੨੩੦]

## ਗੁਰਮੁਖਿ ਵਿਚਹੁ; ਹਉਮੈ ਜਾਇ ॥ ਗੁਰਮੁਖਿ; ਮੈਲੁ ਨ ਲਾਗੈ ਆਇ ॥

ਗੁਰਾਂ ਦੁਆਰਾ ਗੁਰਮੁਖਾਂ ਦੇ ਵਿਚਹੁ = ਅੰਦਰੋਂ ਹਉਮੈ = ਹੰਗਤਾ ਮਮਤਾ ਚਲੀ ਜਾਇ = ਜਾਂਦੀ ਹੈ। ਗੁਰਮੁਖਾਂ ਨੂੰ ਅਵਿੱਦਿਆ **ਵਾ:** ਪਾਪਾਂ ਰੂਪੀ ਮੈਲ ਆਇ = ਆ ਕੇ ਨ = ਨਹੀਂ ਲਾਗੈ = ਲੱਗਦੀ, ਭਾਵ ਉਹ ਗੁਰਾਂ ਦੁਆਰਾ ਉੱਜਲ ਹੋ ਜਾਂਦੇ ਹਨ।

## ਗੁਰਮੁਖਿ; ਨਾਮੁ ਵਸੈ ਮਨਿ ਆਇ ॥੨॥

ਗੁਰਮੁਖ ਜਨਾਂ ਦੇ ਮਨ ਵਿਚ ਗੁਰਾਂ ਦੁਆਰਾ ਨਾਮ ਆਇ = ਆ ਕੇ ਵਸੈ = ਵੱਸ ਜਾਂਦਾ ਹੈ ॥੨॥

## ਗੁਰਮੁਖਿ; ਕਰਮ ਧਰਮ ਸਚਿ ਹੋਈ ॥
## ਗੁਰਮੁਖਿ; ਅਹੰਕਾਰੁ ਜਲਾਏ ਦੋਈ ॥

ਗੁਰਮੁਖਾਂ ਦੇ ਚਿਤ ਵਿਚ ਜੋ ਸਚਿ = ਸੱਚੇ ਦੀ ਪ੍ਰਾਪਤੀ ਹੋਈ = ਹੁੰਦੀ ਹੈ, ਇਹੋ ਹੀ ਕਰਮ ਧਰਮ ਹਨ, ਗੁਰਮੁਖਾਂ ਨੇ ਅਹੰਕਾਰ ਕਰ ਕੇ ਕਰਮਾਂ ਧਰਮਾਂ ਦੀ ਦੋਈ = ਦ੍ਵੈਤ ਜਲਾਏ = ਸਾੜ ਦਿੱਤੀ ਹੈ **ਵਾ:** ਗੁਰਮੁਖਾਂ ਨੇ ਹੰਕਾਰ ਅਤੇ ਮੋਹ ਦੋਈ = ਦੋਵੇਂ ਜਾਲ ਦਿੱਤੇ ਹਨ **ਵਾ:** ਗੁਰਮੁਖਾਂ ਨੇ ਅਹੰਕਾਰ ਅਤੇ ਜੰਮਣ ਤੇ ਮਰਣ ਦੋਹਾਂ ਨੂੰ ਜਾਲ ਦਿੱਤਾ ਹੈ।

## ਗੁਰਮੁਖਿ ਨਾਮਿ ਰਤੇ; ਸੁਖੁ ਹੋਈ ॥੩॥

ਗੁਰਮੁਖ ਜਨ ਪਰਮੇਸ਼ਰ ਦੇ ਨਾਮ ਵਿਚ ਰਤੇ = ਰੰਗੇ ਰਹਿੰਦੇ ਹਨ, ਜਿਸ ਕਰਕੇ ਉਨ੍ਹਾਂ ਨੂੰ ਸੁਖ ਦੀ ਪ੍ਰਾਪਤੀ ਹੋਈ = ਹੁੰਦੀ ਹੈ ॥੩॥

## ਆਪਣਾ ਮਨੁ ਪਰਬੋਧਹੁ; ਬੂਝਹੁ ਸੋਈ ॥ ਲੋਕ ਸਮਝਾਵਹੁ; ਸੁਣੇ ਨ ਕੋਈ ॥

ਹੇ ਭਾਈ! ਆਪਣੇ ਮਨ ਨੂੰ ਪਰਬੋਧਹੁ = ਸਮਝਾ ਕੇ ਗੁਰਾਂ ਦੁਆਰਾ ਸੋਈ = ਉਸ ਪਰਮੇਸ਼ਰ ਨੂੰ ਬੂਝਹੁ = ਸਮਝਣਾ ਕਰੋ **ਵਾ:** ਜਿਸ ਤਰ੍ਹਾਂ ਆਪਣੇ ਮਨ ਨੂੰ ਪਰਬੋਧਹੁ = ਗਿਆਨ ਪ੍ਰਾਪਤ ਹੋਵੇ, ਉਸ ਜੁਗਤੀ ਨੂੰ ਗੁਰਾਂ ਤੋਂ ਬੂਝਹੁ = ਪੁੱਛਣਾ ਕਰੋ। ਕਿਉਂਕਿ ਆਪਣੇ ਮਨ ਨੂੰ ਗਿਆਨ ਹੋਏ ਤੋਂ ਬਿਨਾਂ ਜੇ ਲੋਕਾਂ ਨੂੰ ਸਮਝਾਉਣ ਵਿਚ ਲੱਗੇ ਰਹੋਗੇ ਤਾਂ ਕਿਸੇ ਨ = ਨਹੀਂ ਸੁਣਨਾ, ਇਹੀ ਕਹਿਣਗੇ ਕਿ ਆਪ ਧਾਰਨ ਨਹੀਂ ਕਰਦਾ ਤੇ ਸਾਨੂੰ ਪ੍ਰਚਾਰ ਕਰਦਾ ਹੈ।

## ਗੁਰਮੁਖਿ ਸਮਝਹੁ; ਸਦਾ ਸੁਖੁ ਹੋਈ ॥੪॥

ਜਦੋਂ ਗੁਰਮੁਖ ਬਣ ਕੇ ਹਿਰਦੇ ਵਿਚ ਸਮਝਹੁ = ਸਮਝ ਲਵੋਗੇ ਤਾਂ ਸਦਾ = ਹਮੇਸ਼ਾਂ ਤੁਹਾਨੂੰ ਸੁਖ ਦੀ ਪ੍ਰਾਪਤੀ ਹੋਈ = ਹੋਵੇਗੀ ॥੪॥

## ਮਨਮੁਖਿ ਡੰਫੁ; ਬਹੁਤੁ ਚਤੁਰਾਈ ॥ ਜੋ ਕਿਛੁ ਕਮਾਵੈ; ਸੁ ਥਾਇ ਨ ਪਾਈ ॥

ਮਨਮੁਖ ਲੋਕ ਡੰਫੁ = ਪਾਖੰਡ ਅਤੇ ਲੋਕਾਂ ਨੂੰ ਪ੍ਰਚਾਉਣ ਵਾਸਤੇ ਬਹੁਤੁ = ਬੇਅੰਤ ਚਤੁਰਾਈ = ਸਿਆਨਪ ਦੀਆਂ ਗੱਲਾਂ ਕਰਦੇ ਹਨ। ਜੋ ਕਿਛੁ = ਕੁਝ ਵੀ ਕਮਾਵੈ = ਕਮਾਉਂਦੇ ਹਨ, ਸੋ = ਉਹ ਥਾਇ = ਥਾਂ ਭਾਵ ਲੇਖੇ ਪ੍ਰਵਾਨਗੀ ਵਿਚ ਨਹੀਂ ਪੈਂਦਾ।

## ਆਵੈ ਜਾਵੈ; ਠਉਰ ਨ ਕਾਈ ॥੫॥

ਇਸ ਕਰਕੇ ਉਹ ਜਨਮ ਧਾਰ ਕੇ ਆਵੈ = ਆਉਂਦੇ ਹਨ ਅਤੇ ਮ੍ਰਿਤੂ ਹੋ ਕੇ ਜਾਵੈ = ਜਾਂਦੇ ਹਨ, ਉਨ੍ਹਾਂ ਨੂੰ ਲੋਕ ਪਰਲੋਕ ਵਿਚ ਕਾਈ = ਕੋਈ ਠਉਰ = ਥਾਂ ਨ = ਨਹੀਂ ਮਿਲਦੀ **ਵਾ:** ਇਸ ਲੋਕ ਵਿਚ ਮਨੁੱਖਾ ਜਨਮ ਲਈ ਥਾਂ ਨਹੀਂ ਮਿਲਦੀ, ਪ੍ਰਲੋਕ ਵਿਚ ਮੁਕਤੀ ਨਹੀਂ ਮਿਲਦੀ **ਵਾ:** ਉਨ੍ਹਾਂ ਨੂੰ ਸਰੂਪ ਰੂਪੀ ਥਾਂ ਦੀ ਪ੍ਰਾਪਤੀ ਨਹੀਂ ਹੁੰਦੀ ॥੫॥

## ਮਨਮੁਖ ਕਰਮ ਕਰੇ; ਬਹੁਤੁ ਅਭਿਮਾਨਾ ॥
## ਬਗ ਜਿਉ; ਲਾਇ ਬਹੈ ਨਿਤ ਧਿਆਨਾ ॥

(**ਬੱਗ** ਦਾ ਉਚਾਰਣ ਅੱਧਕ ਸਹਿਤ ਹੈ)

ਮਨਮੁਖ ਪੁਰਸ਼ ਬਹੁਤ ਅਭਿਮਾਨਾ = ਹੰਕਾਰ ਦੇ ਸਹਿਤ ਕਰਮਾਂ ਨੂੰ ਕਰੇ = ਕਰਦੇ ਹਨ। ਜਿਉ = ਜਿਵੇਂ ਬਗ = ਬਗੁਲਾ ਮੱਛੀ ਦੀ ਤਾੜ ਵਾਸਤੇ ਸਮਾਧੀ ਲਾ ਕੇ ਬਹੈ = ਬੈਠ ਜਾਂਦਾ ਹੈ, ਇਉਂ ਨਿਤ ਹੀ ਪਰਾਏ ਘਰਾਂ ਨੂੰ ਤੱਕਣ ਵਾਸਤੇ ਧਿਆਨ ਲਗਾ ਕੇ ਬੈਠ ਜਾਂਦੇ ਹਨ।

## ਜਮਿ ਪਕੜਿਆ; ਤਬ ਹੀ ਪਛੁਤਾਨਾ ॥੬॥

ਜਦੋਂ ਜਮਿ = ਧਰਮਰਾਜ ਦੇ ਦੂਤਾਂ ਨੇ ਪਕੜਿਆ = ਪਕੜ ਲਿਆ, ਤਬ = ਤਦੋਂ ਪਛੁਤਾਨਾ = ਪਸ਼ਚਾਤਾਪ ਕਰਦੇ ਹਨ ॥੬॥

## ਬਿਨੁ ਸਤਿਗੁਰ ਸੇਵੇ; ਮੁਕਤਿ ਨ ਹੋਈ ॥ ਗੁਰ ਪਰਸਾਦੀ; ਮਿਲੈ ਹਰਿ ਸੋਈ ॥

ਸਤਿਗੁਰੂ ਸੱਚੇ ਪਾਤਿਸ਼ਾਹ ਦੀ ਸੇਵੇ = ਟਹਿਲ ਕਰੀ ਤੋਂ ਬਿਨੁ = ਬਗ਼ੈਰ ਹੁਣ ਤਕ ਕਿਸੇ ਦੀ ਵੀ ਮੁਕਤਿ = ਕਲਿਆਣ ਨਹੀਂ ਹੋਈ = ਹੁੰਦੀ। ਗੁਰਾਂ ਦੀ ਪਰਸਾਦੀ = ਕਿਰਪਾ ਨਾਲ ਹੀ ਸੋਈ = ਉਹ ਹਰਿ = ਹਰੀ ਪਰਮੇਸ਼ਰ ਮਿਲੈ = ਮਿਲਦਾ ਹੈ।

## ਗੁਰੁ ਦਾਤਾ; ਜੁਗ ਚਾਰੇ ਹੋਈ ॥੭॥

ਦਾਤਾ = ਦਾਤਾਰ ਗੁਰੂ ਸਾਹਿਬ ਜੀ ਤੋਂ ਹੀ ਚਾਰੇ ਜੁਗਾਂ ਸ੍ਰੇਸ਼ਟ ਜਗਿਆਸੂ ਜਨਾਂ ਨੂੰ ਮੁਕਤੀ ਦੀ ਦਾਤ ਪ੍ਰਾਪਤ ਹੋਈ = ਹੁੰਦੀ ਆਈ ਹੈ ॥੭॥ ਜੈਸਾ ਕਿ :

**ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥** *(ਸਵਈਏ ਮਹਲੇ ਚਉਥੇ ਕੇ, ਅੰਗ ੧੪੦੬)*

## ਗੁਰਮੁਖਿ ਜਾਤਿ ਪਤਿ; ਨਾਮੇ ਵਡਿਆਈ ॥

ਗੁਰਮੁਖਾਂ ਨੇ ਜਾਤਿ = ਜਾਤੀ, ਪਤਿ = ਇੱਜ਼ਤ ਅਤੇ ਵਡਿਆਈ ਨਾਲੋਂ ਇਕ ਨਾਮੇ = ਨਾਮ ਨੂੰ ਹੀ ਚੰਗਾ ਸਮਝਿਆ ਹੈ **ਵਾ:** ਜਾਤਿ = ਗਿਆਤ ਅਤੇ ਪਤਿ = ਨਿਰਵਿਕਾਰ ਪੁਣੇ ਦੀ ਵਡਿਆਈ ਸਭ ਨਾਮ ਕਰਕੇ ਹੀ ਹੈ।

## ਸਾਇਰ ਕੀ ਪੁਤ੍ਰੀ; ਬਿਦਾਰਿ ਗਵਾਈ ॥

ਗੁਰਮੁਖਾਂ ਨੇ ਸਾਇਰ = ਸਮੁੰਦਰ ਕੀ = ਦੀ ਪੁੱਤਰੀ ਲਕਸ਼ਮੀ (ਮਾਇਆ) ਨੂੰ ਬਿਦਾਰਿ = ਹੁਸ਼ਿਆਰ ਹੋ ਕੇ ਗਵਾਈ = ਗਵਾ ਦਿੱਤਾ ਹੈ, ਭਾਵ ਹਿਰਦੇ ਦੇ ਅੰਦਰੋਂ ਮੇਟ ਦਿੱਤੀ ਹੈ। (ਜਦੋਂ ਸਮੁੰਦਰ ਰਿੜਕਿਆ ਸੀ, ਉਸ ਵਿੱਚੋਂ ਚੌਦਾਂ ਰਤਨ ਨਿਕਲੇ ਸਨ, ਲਕਸ਼ਮੀ ਵੀ ਨਿਕਲੀ, ਇਸ ਕਰਕੇ ਇਸ ਨੂੰ ਸਮੁੰਦਰ ਦੀ ਪੁੱਤਰੀ ਮੰਨਿਆ)।

## ਨਾਨਕ ਬਿਨੁ ਨਾਵੈ; ਝੂਠੀ ਚਤੁਰਾਈ ॥੮॥੨॥

ਗੁਰੂ ਜੀ ਕਥਨ ਕਰਦੇ ਹਨ ਕਿ ਸੱਚੇ ਪਾਤਿਸ਼ਾਹ ਦੇ ਨਾਮ ਦੀ ਕਮਾਈ ਤੋਂ ਬਿਨਾਂ ਚਤੁਰਾਈ = ਚਤਰਪੁਣੇ ਦੀਆਂ ਗੱਲਾਂ ਕਰਨੀਆਂ ਸਭ ਝੂਠੀਆਂ ਹਨ ॥੮॥੨॥

## ਗਉੜੀ, ਮਃ ੩ ॥

ਸ੍ਰੀ ਗੁਰੂ ਅਮਰਦਾਸ ਜੀ ਡੱਲੇ ਨਗਰ ਤੋਂ ਸੰਗਤਾਂ ਨੂੰ ਤਾਰਦੇ ਗੋਇੰਦਵਾਲ ਸਾਹਿਬ ਬਿਰਾਜਮਾਨ ਹੋਏ। ਗੁਰੂ ਸਾਹਿਬ ਜੀ ਨਾਲ ਬਹੁਤ ਸਾਰੇ ਪੰਡਤ ਚਰਚਾ ਕਰਨ ਵਾਸਤੇ ਆਏ, ਜਿਨ੍ਹਾਂ ਵਿੱਚੋਂ ਇਕ ਵੇਣੀ ਨਾਮੇ ਪੰਡਤ ਸੀ, ਜੋ ਪੁਸਤਕਾਂ ਦਾ ਆਪਣੇ ਨਾਲ ਗੱਡਾ ਲੱਦੀ ਫਿਰਦਾ ਸੀ। ਜਿਸ ਨਾਲ ਚਰਚਾ ਕਰਦਾ, ਉਸ ਨੂੰ ਜਿੱਤ ਕੇ ਪੁਸਤਕਾਂ ਖੋਹ ਲੈਂਦਾ ਸੀ। ਵੇਣੀ ਪੰਡਤ ਮਾਣ ਦੇ ਸਹਿਤ ਗੁਰੂ ਦੇ ਦਰਬਾਰ ਵਿਚ ਆ ਕੇ ਬੈਠ ਗਿਆ ਅਤੇ ਗੁਰੂ ਸਾਹਿਬ ਤੋਂ ਧਰਮ ਦੀ ਬਾਬਤ ਪੁੱਛਿਆ। ਤਦ ਸਤਿਗੁਰੂ ਜੀ ਨੇ ਧਰਮ ਦੀ ਬਾਬਤ ਇਹ ਅਸਟਪਦੀਆ ਉਚਾਰਨ ਕੀਤੀਆਂ

## ਇਸੁ ਜੁਗ ਕਾ ਧਰਮੁ; ਪੜਹੁ ਤੁਮ ਭਾਈ ॥ ਪੂਰੈ ਗੁਰਿ; ਸਭ ਸੋਝੀ ਪਾਈ ॥

ਹੇ ਭਰਾਵੋ ! ਇਸ ਜੁਗ = ਕਲਿਜੁਗ ਕਾ = ਦਾ ਧਰਮ ਤੁਮ = ਤੁਸੀਂ ਪੜ੍ਹਨਾ ਕਰੋ **ਵਾ:** ਇਸ ਜੁਗ ਦਾ ਧਰਮ ਪਰਮੇਸ਼ਰ ਦਾ ਨਾਮ ਜਪਣਾ ਹੈ। ਭਾਵੇਂ ਤੁਸੀਂ ਵੇਦਾਂ ਸ਼ਾਸਤਰਾਂ ਨੂੰ ਪੜ੍ਹ ਕੇ ਵੇਖ ਲਵੋ ਨਾਮ ਤੋਂ ਬਿਨਾਂ ਕਿਸੇ ਦੀ ਮੁਕਤੀ ਨਹੀਂ ਹੋ ਸਕਦੀ। ਇਹ ਪੂਰੈ = ਪੂਰਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਭ = ਸਾਰੀ ਸੋਝੀ = ਗਿਆਤ ਭਾਵ ਸਮਝ ਪਾ ਦਿੱਤੀ ਹੈ।

## ਐਥੈ ਅਗੈ; ਹਰਿ ਨਾਮੁ ਸਖਾਈ ॥੧॥

ਹੇ ਭਾਈ ! ਐਥੈ = ਇਸ ਲੋਕ ਤੇ ਅਗੈ = ਪਰਲੋਕ ਵਿਚ ਹਰਿ = ਹਰੀ ਪਰਮੇਸ਼ਰ ਦਾ ਨਾਮ ਹੀ ਸਖਾਈ = ਸਹਾਇਤਾ ਕਰਨ ਵਾਲਾ ਹੈ ॥੧॥

## ਰਾਮ ਪੜਹੁ; ਮਨਿ ਕਰਹੁ ਬੀਚਾਰੁ ॥ ਗੁਰ ਪਰਸਾਦੀ; ਮੈਲੁ ਉਤਾਰੁ ॥੧॥ਰਹਾਉ॥

ਰਾਮ = ਪਰਮੇਸ਼ਰ ਦੇ ਨਾਮ ਦੀ ਪੜ੍ਹਾਈ ਪੜ੍ਹੋ ਤੇ ਮਨ ਵਿਚ ਉਸੇ ਦੀ ਵੀਚਾਰ ਕਰੋ। ਅਤੇ ਗੁਰ ਪਰਸਾਦੀ = ਗੁਰਾਂ ਦੀ ਕਿਰਪਾ ਦੁਆਰਾ ਨਾਮ ਨੂੰ ਉਚਾਰਨੇ ਕਰ ਕੇ ਪਾਪਾਂ ਦੀ, ਅਵਿੱਦਿਆ ਦੀ ਮੈਲ ਨੂੰ ਉਤਾਰੁ = ਉਤਾਰਨਾ ਕਰੋ ॥੧॥ਰਹਾਉ॥

## ਵਾਦਿ ਵਿਰੋਧਿ; ਨ ਪਾਇਆ ਜਾਇ ॥ ਮਨੁ ਤਨੁ ਫੀਕਾ; ਦੂਜੈ ਭਾਇ ॥

ਇਉ ਵਾਦਿ = ਝਗੜੇ ਤੇ ਕਿਸੇ ਨਾਲ ਵਿਰੋਧਿ = ਵੈਰ ਕਰਨੇ ਕਰ ਕੇ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਕੀਤੀ ਜਾਂਦੀ, ਭਾਵ ਪਰਮੇਸ਼ਰ ਨੂੰ ਪਾਇਆ ਨਹੀਂ ਜਾਂਦਾ। ਜੋ ਦੂਜੈ = ਦਵੈਤ-ਭਾਵ ਵਿਚ ਹੀ ਲੱਗੇ ਰਹਿੰਦੇ ਹਨ, ਉਨ੍ਹਾਂ ਦਾ ਮਨ ਅਤੇ ਤਨ ਫਿੱਕਾ ਹੀ ਰਹਿੰਦਾ ਹੈ **ਵਾ:** ਆਤਮਾ ਨੰਦ ਨੂੰ ਛੱਡ ਕੇ ਦੂਜੈ ਭਾਇ = ਦੂਜੀਆਂ ਚੀਜ਼ਾਂ, ਭਾਵ ਮਾਇਆ ਵਿਚ ਪ੍ਰੇਮ ਹੋਣ ਕਰਕੇ ਮਨ ਅਤੇ ਤਨ ਫਿੱਕਾ ਹੀ ਭਾਵ ਰਸ ਹੀਣ ਰਹਿੰਦਾ ਹੈ।

## ਗੁਰ ਕੈ ਸਬਦਿ; ਸਚਿ ਲਿਵ ਲਾਇ ॥੨॥

ਗੁਰ = ਸਤਿਗੁਰੂ ਸਾਹਿਬ ਜੀ ਦੇ ਸਬਦਿ = ਉਪਦੇਸ਼ ਦੁਆਰਾ ਸੱਚੇ ਨਾਮ ਵਿਚ ਲਿਵ = ਬਿਰਤੀ ਲਾਇ = ਲਾਉਣਾ ਕਰੋ ॥੨॥

## ਹਉਮੈ ਮੈਲਾ; ਇਹੁ ਸੰਸਾਰਾ ॥
## ਨਿਤ ਤੀਰਥਿ ਨਾਵੈ; ਨ ਜਾਇ ਅਹੰਕਾਰਾ ॥

ਇਹ ਸਾਰਾ ਸੰਸਾਰ ਹਉਮੈ ਦੀ ਮੈਲ ਕਰਕੇ ਮੈਲਾ ਹੋ ਰਿਹਾ ਹੈ। ਭਾਵੇਂ ਨਿਤ ਹੀ ਤੀਰਥਾਂ 'ਤੇ ਨਾਵੈ = ਨਹਾਉਂਦਾ ਫਿਰੇ, ਪਰ ਇਸ ਦੇ ਅੰਦਰੋਂ ਅਹੰਕਾਰ ਨਹੀਂ ਜਾਇ = ਜਾਂਦਾ।

## ਬਿਨੁ ਗੁਰ ਭੇਟੇ; ਜਮੁ ਕਰੇ ਖੁਆਰਾ ॥੩॥

ਸਤਿਗੁਰੂ ਸਾਹਿਬ ਦੇ ਨਾਲ ਭੇਟੇ = ਮਿਲੇ ਤੋਂ ਬਿਨੁ = ਬਗ਼ੈਰ ਹੰਕਾਰ ਨਹੀਂ ਜਾਂਦਾ, ਇਸ ਕਰਕੇ ਹੰਕਾਰੀ ਨੂੰ ਜਮ ਖੁਆਰਾ = ਖ਼ਰਾਬ ਕਰਦੇ ਹਨ **ਵਾ:** ਜਮ = ਧਰਮਰਾਜ ਦੇ ਦੂਤ ਪਰਲੋਕ ਰਸਤੇ ਵਿਚ ਖੁਆਰ = ਖੱਜਲ ਖੁਆਰ ਕਰਦੇ ਹਨ ॥੩॥

## ਸੋ ਜਨੁ ਸਾਚਾ; ਜਿ ਹਉਮੈ ਮਾਰੈ ॥ ਗੁਰ ਕੈ ਸਬਦਿ; ਪੰਚ ਸੰਘਾਰੈ ॥

ਸੋ = ਉਹ ਜਨੁ = ਪੁਰਖ ਸੱਚਾ ਹੈ, ਜੋ ਦੇਹ ਦੀ ਹਉਮੈ ਨੂੰ ਮਾਰ ਲਵੇ। ਅਤੇ ਗੁਰਾਂ ਕੈ = ਦੇ ਸਬਦਿ = ਉਪਦੇਸ਼ ਦੁਆਰਾ ਪੰਚ = ਪੰਜੇ ਕਾਮ, ਕਰੋਧ, ਲੋਭ, ਮੋਹ, ਹੰਕਾਰ, ਨੂੰ ਸੰਘਾਰੈ = ਨਾਸ ਕਰ ਲਵੇ।

## ਆਪਿ ਤਰੈ; ਸਗਲੇ ਕੁਲ ਤਾਰੈ ॥੪॥

ਉਹ ਆਪ ਸੰਸਾਰ-ਸਮੁੰਦਰ ਤੋਂ ਤਰੈ = ਤਰ ਜਾਂਦਾ ਹੈ ਅਤੇ ਆਪਣੀਆਂ ਸਗਲੇ = ਸਾਰੀਆਂ ਕੁਲਾਂ ਨੂੰ ਤਾਰ ਲੈਂਦਾ ਹੈ, ਭਾਵ ਮੁਕਤ ਕਰ ਲੈਂਦਾ ਹੈ ॥੪॥

## ਮਾਇਆ ਮੋਹਿ; ਨਟਿ ਬਾਜੀ ਪਾਈ ॥ ਮਨਮੁਖ ਅੰਧ; ਰਹੇ ਲਪਟਾਈ ॥

ਸਾਰੇ ਸੰਸਾਰ ਵਿਚ ਮਾਇਆ ਰੂਪੀ ਨਟਿ = ਤਮਾਸ਼ਾ ਕਰਨ ਵਾਲੇ ਨੇ ਮੋਹ ਰੂਪੀ ਬਾਜ਼ੀ ਪਾਈ ਹੋਈ ਹੈ **ਵਾ:** ਮਾਇਆ ਦਾ ਮੋਹ ਪੈਦਾ ਕਰ ਕੇ ਇਹ ਕਨਾਤ ਤਾਣੀ ਹੋਈ ਹੈ **ਵਾ:** ਪਰਮੇਸ਼ਰ ਰੂਪ ਨਟ ਨੇ ਮੋਹਤ ਕਰਨ ਵਾਲੀ ਮਾਇਆ ਦੁਆਰਾ ਸੰਸਾਰ ਰੂਪੀ ਬਾਜ਼ੀ ਪਾਈ ਹੋਈ ਹੈ। ਇਸ ਦੇ ਵਿਚ ਮਨਮੁਖ ਅੰਧ = ਅੰਨ੍ਹੇ ਅਗਿਆਨੀ ਮੋਹ ਕਰ ਕੇ ਅਵਰਨ ਕਰ ਕੇ ਲਪਟਾਈ = ਲਪਟ ਰਹੇ ਹਨ, ਖਚਤ ਹੋ ਰਹੇ ਹਨ।

## ਗੁਰਮੁਖਿ ਅਲਿਪਤ ਰਹੇ; ਲਿਵ ਲਾਈ ॥੫॥

ਗੁਰਮੁਖ ਜਨ ਪਰਮੇਸ਼ਰ ਦੇ ਨਾਮ ਵਿਚ ਲਿਵ = ਬਿਰਤੀ ਨੂੰ ਲਾਈ = ਲਾ ਕੇ ਸੰਸਾਰ ਤੋਂ ਅਲਿਪਤ = ਨਿਰਲੇਪ ਰਹੇ = ਰਹਿੰਦੇ ਹਨ ॥੫॥

## ਬਹੁਤੇ ਭੇਖ ਕਰੈ; ਭੇਖਧਾਰੀ ॥ ਅੰਤਰਿ ਤਿਸਨਾ; ਫਿਰੈ ਅਹੰਕਾਰੀ ॥

ਭੇਖਧਾਰੀ ਪੁਰਸ਼ ਸਰੀਰ ਤੇ ਬਹੁਤਿਆਂ ਭੇਖਾਂ ਨੂੰ ਧਾਰਨ ਕਰੈ = ਕਰਦੇ ਹਨ।

ਉਨ੍ਹਾਂ ਦੇ ਅੰਤਰਿ = ਅੰਦਰ ਤ੍ਰਿਸ਼ਨਾ ਦੀ ਅੱਗ ਲੱਗੀ ਹੋਣ ਕਰਕੇ ਭੇਖ ਦੇ ਹੰਕਾਰ ਵਿਚ ਤੁਰੇ ਫਿਰੈ = ਫਿਰਦੇ ਹਨ।

## ਆਪੁ ਨ ਚੀਨੈ; ਬਾਜੀ ਹਾਰੀ ॥੬॥

ਇਉਂ ਉਹ ਆਪਣੇ ਆਤਮਾ ਸਰੂਪ ਨੂੰ ਚੀਨੈ = ਜਾਣਦੇ ਨਹੀਂ ਅਤੇ ਵਿਸ਼ਿਆਂ ਰੂਪੀ ਜੂਏ ਵਿਚ ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਂਦੇ ਹਨ ॥੬॥

## ਕਾਪੜ ਪਹਿਰਿ; ਕਰੇ ਚਤੁਰਾਈ ॥ ਮਾਇਆ ਮੋਹਿ; ਅਤਿ ਭਰਮਿ ਭੁਲਾਈ ॥

ਉੱਪਰੋਂ ਕਾਪੜ = ਕੱਪੜੇ ਪਹਿਰਿ = ਪਹਿਨ ਕੇ ਸੋਹਣਾ ਭੇਖ ਬਣਾ ਲੈਂਦੇ ਹਨ। ਚਤੁਰਤਾ ਨਾਲ ਚਤੁਰਾਈ ਵਾਲੀਆਂ ਗੱਲਾਂ ਕਰੇ = ਕਰਦੇ ਹਨ। ਇਸ ਕਰਕੇ ਅਤਿ = ਅਤਿਅੰਤ ਭਰਮ ਕਰ ਕੇ ਸਾਰੀ ਸ੍ਰਿਸ਼ਟੀ ਮਾਇਆ ਦੇ ਮੋਹ ਵਿਚ ਭੁਲਾਈ = ਭੁਲਾ ਦਿੱਤੀ ਹੈ।

## ਬਿਨੁ ਗੁਰ ਸੇਵੇ; ਬਹੁਤੁ ਦੁਖੁ ਪਾਈ ॥੭॥

ਸਤਿਗੁਰਾਂ ਦੀ ਸੇਵੇ = ਟਹਿਲ ਕਰੇ ਤੋਂ ਬਿਨੁ = ਬਗ਼ੈਰ ਮਾਇਆ ਦਾ ਮੋਹ ਨਹੀਂ ਟੁੱਟਦਾ, ਜਿਸ ਕਰਕੇ ਸ੍ਰਿਸ਼ਟੀ ਬਹੁਤ ਦੁਖ ਨੂੰ ਪਾਈ = ਪਾਉਂਦੀ ਹੈ ॥੭॥

## ਨਾਮਿ ਰਤੇ; ਸਦਾ ਬੈਰਾਗੀ ॥ ਗ੍ਰਿਹੀ ਅੰਤਰਿ; ਸਾਚਿ ਲਿਵ ਲਾਗੀ ॥

ਜਿਹੜੇ ਪਰਮੇਸ਼ਰ ਦੇ ਨਾਮ ਵਿਚ ਰਤੇ = ਰੰਗੇ ਹੋਏ ਹਨ, ਉਹ ਸਦਾ = ਹਮੇਸ਼ਾਂ ਵੈਰਾਗ ਦੇ ਸਹਿਤ ਰਹਿੰਦੇ ਹਨ, ਭਾਵ ਸੰਸਾਰ ਵੱਲੋਂ ਵੈਰਾਗਵਾਨ ਹੋ ਕੇ ਰਹਿੰਦੇ ਹਨ। ਉਨ੍ਹਾਂ ਦੀ ਗ੍ਰਿਹੀ = ਗ੍ਰਹਿਸਥ ਦੇ ਅੰਤਰਿ = ਅੰਦਰ ਰਹਿੰਦਿਆਂ ਹੀ ਸਾਚਿ = ਸੱਚੇ ਪਰਮੇਸ਼ਰ ਵਿਚ ਲਿਵ = ਬਿਰਤੀ ਲਾਗੀ = ਲੱਗੀ ਰਹਿੰਦੀ ਹੈ।

## ਨਾਨਕ ਸਤਿਗੁਰੁ ਸੇਵਹਿ; ਸੇ ਵਡਭਾਗੀ ॥੮॥੩॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ, ਜੋ ਸਤਿਗੁਰਾਂ ਦਾ ਸੇਵਹਿ = ਸੇਵਨ ਕਰਦੇ ਹਨ, ਸੇ = ਉਹ ਪੁਰਖ ਵਡਭਾਗੀ = ਵੱਡਿਆਂ ਭਾਗਾਂ ਵਾਲੇ ਹਨ ॥੮॥੩॥

ਫੇਰ ਸਤਿਗੁਰਾਂ ਨੂੰ ਪੰਡਤ ਕਹਿਣ ਲੱਗੇ ਕਿ ਜੋ ਬ੍ਰਹਮਾ ਜੀ ਦੇ ਵੇਦ ਲਿਖੇ ਹੋਏ ਹਨ, ਕੀ ਉਨ੍ਹਾਂ ਦਾ ਅਭਿਆਸ ਨਹੀਂ ਕਰਨਾ ਚਾਹੀਦਾ।

## ਗਉੜੀ, ਮਹਲਾ ੩ ॥

## ਬ੍ਰਹਮਾ ਮੂਲੁ; ਵੇਦ ਅਭਿਆਸਾ ॥

ਬ੍ਰਹਮਾ ਦਾ ਵੀ ਮੂਲੁ = ਮੁੱਢ ਮਾਇਆ ਹੀ ਹੈ, ਜਿਸ ਨੇ ਵੇਦਾਂ ਦਾ ਅਭਿਆਸ ਕਰਨਾ ਦੱਸਿਆ ਹੈ ਕਿ ਵੇਦ ਪੜ੍ਹਿਆ ਕਰੋ ਵਾ: ਬ੍ਰਹਮਾ ਵੀ ਮੂਲੁ = ਅਗਿਆਨ ਕਰ ਕੇ ਤਿੰਨਾਂ ਗੁਣਾਂ ਨੂੰ ਵੇਦਾਂ ਦੁਆਰਾ ਕਥਨ ਕਰਦਾ ਹੈ। ਜੈਸਾ ਕਿ :

**ਤ੍ਰੈਗੁਣ ਵਿਸ਼ਿਆ ਵੇਦਾ।** *(ਸੁਰਤੀ)*

## ਤਿਸ ਤੇ ਉਪਜੇ; ਦੇਵ ਮੋਹ ਪਿਆਸਾ ॥

ਬ੍ਰਹਮਾ ਨੇ ਸੰਕਲਪ ਕੀਤਾ ਕਿ ਮੇਰੇ ਵਿੱਚੋਂ ਹੋਰ ਦੇਵਤੇ ਪੈਦਾ ਹੋਣ, ਫਿਰ ਅੰਜਾਨ ਸੰਗਯਾ ਵਾਲੇ ਦੇਵਤੇ, ਤੇਤੀ ਕਰੋੜ ਦੇਵਤੇ ਬ੍ਰਹਮਾ ਤੋਂ ਉਪਜੇ = ਪੈਦਾ ਹੋਏ। ਉਨ੍ਹਾਂ ਦਾ ਗੁਰੂ ਬ੍ਰਹਸਪਤ ਬਣਾਇਆ, ਇੰਦਰ ਰਾਜਾ ਬਣਾਇਆ। ਸਾਰੇ ਦੇਵਤੇ ਸਰੀਰਾਂ ਦੇ ਭੋਗਾਂ ਦਾ ਮੋਹ ਕਰਦੇ ਹਨ। ਉਹ ਵਿਸ਼ਿਆਂ ਦੇ ਪਿਆਸਾ = ਤਿਹਾਏ ਹਨ। ਹਰ ਵਕਤ ਅਪੱਛਰਾਂ ਦੇ ਨਾਚ ਵੇਖਣ ਵਿਚ ਹੀ ਲੱਗੇ ਰਹਿੰਦੇ ਹਨ।

## ਤ੍ਰੈ ਗੁਣ ਭਰਮੇ; ਨਾਹੀ ਨਿਜ ਘਰਿ ਵਾਸਾ ॥੧॥

ਤ੍ਰੈ ਗੁਣ = ਤਿੰਨਾਂ ਗੁਣਾਂ (ਰਜੋ, ਤਮੋ, ਸਤੋ) ਵਿਚ ਭਰਮਣੇ ਕਰ ਕੇ, ਸਰੂਪ ਰੂਪੀ ਨਿਜ ਘਰ ਵਿਚ ਵਾਸਾ ਨਹੀਂ ਹੁੰਦਾ **ਵਾ:** ਤ੍ਰੈ ਗੁਣ ਆਤਮਕ ਮਾਇਆ ਵਿਚ ਭਰਮਣੇ ਕਰ ਕੇ ਤੁਰੀਆ ਪਦ ਰੂਪੀ ਨਿਜ ਘਰ ਵਿਚ ਨਹੀਂ ਪਹੁੰਚਿਆ ਜਾ ਸਕਦਾ॥੧॥

## ਹਮ ਹਰਿ ਰਾਖੇ; ਸਤਿਗੁਰੂ ਮਿਲਾਇਆ ॥

ਹਮ = ਸਾਨੂੰ ਤਾਂ ਹਰਿ = ਹਰੀ ਵਾਹਿਗੁਰੂ ਨੇ ਇਨ੍ਹਾਂ ਤਿੰਨਾਂ ਗੁਣਾਂ ਦੀ ਉਪਾਸ਼ਨਾ ਤੋਂ ਰੱਖ ਲਿਆ ਹੈ, ਸੱਚੇ ਪਾਤਿਸ਼ਾਹ ਨੇ ਕਿਰਪਾ ਦ੍ਰਿਸ਼ਟੀ ਕੀਤੀ, ਸਤਿਗੁਰੂ ਨਾਨਕ ਦੇਵ ਜੀ ਦਾ ਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਨਾਲ ਮਿਲਾ ਦਿੱਤਾ ਹੈ।

## ਅਨਦਿਨੁ ਭਗਤਿ; ਹਰਿ ਨਾਮੁ ਦ੍ਰਿੜਾਇਆ ॥੧॥ਰਹਾਉ॥

ਸਤਿਗੁਰਾਂ ਨੇ ਅਨਦਿਨੁ = ਰਾਤ ਦਿਨੇ ਭਾਉ ਭਗਤਿ = ਪ੍ਰੇਮਾ-ਭਗਤੀ ਕਰਨੀ ਤੇ ਹਰਿ = ਹਰੀ ਵਾਹਿਗੁਰੂ ਦੇ ਨਾਮ ਦਾ ਜਾਪ ਕਰਨਾ ਹੀ ਦ੍ਰਿੜਾਇਆ = ਦ੍ਰਿੜ੍ਹ ਭਾਵ ਪੱਕਾ ਕਰਵਾਇਆ ਹੈ॥੧॥ਰਹਾਉ॥

***ਪ੍ਰਸ਼ਨ :** ਹੇ ਗੁਰੂ ਜੀ ! ਤੁਸੀਂ ਰਾਤ ਦਿਨੇ ਭਗਤੀ ਕਰਨੀ ਨਾਮ ਜਪਣਾ ਹੀ ਦੱਸਿਆ ਹੈ, ਫੇਰ ਬ੍ਰਹਮਾ ਦੀ ਵੇਦ ਬਾਣੀ ਕੀ ਹੈ ?*

***ਗੁਰ ਉੱਤਰ :***

## ਤ੍ਰੈ ਗੁਣ ਬਾਣੀ ਬ੍ਰਹਮ; ਜੰਜਾਲਾ ॥

ਹੇ ਭਾਈ ! ਬ੍ਰਹਮਾ ਦੀ ਤ੍ਰੈ ਗੁਣ = ਤਿੰਨ ਗੁਣ ਰੂਪ ਬਾਣੀ, ਕਰਮ ਕਾਂਡ ਦੇ ਜੰਜਾਲਾ = ਬੰਧਨ ਪਾਉਣ ਵਾਲੀ ਹੈ **ਵਾ:** ਤ੍ਰੈ ਗੁਣ = ਰਜੋ, ਤਮੋ, ਸਤੋ ਰੂਪ ਤਿੰਨਾਂ ਗੁਣਾਂ ਵਾਲੀ ਬ੍ਰਹਮਾ ਦੀ ਵੇਦ ਬਾਣੀ ਜੰਜਾਲਾ = ਬੰਧਨ ਰੂਪ ਹੈ।

[ਅੰਗ ੨੩੧]

## ਪੜਿ ਵਾਦੁ ਵਖਾਣਹਿ; ਸਿਰਿ ਮਾਰੇ ਜਮਕਾਲਾ ॥

ਜਿਹੜੇ ਵਿੱਦਿਆ ਪੜਿ = ਪੜ੍ਹ ਕੇ ਵਾਦੁ = ਝਗੜਿਆਂ ਨੂੰ ਹੀ ਵਖਾਣਹਿ = ਕਥਨ ਕਰੀ ਜਾਂਦੇ ਹਨ, ਕਿ ਮੇਰੀ ਸੁਰਤੀ ਤੀਬਰ ਹੈ ਅਤੇ ਤੇਰੀ ਸੁਰਤੀ ਕੋਮਲ ਹੈ, ਮੈਂ ਜਿੱਤ ਲਵਾਂਗਾ। ਇਨ੍ਹਾਂ ਝਗੜਿਆਂ ਕਰਨ ਵਾਲਿਆਂ ਦੇ ਸਿਰ ਉੱਤੇ ਜਮਕਾਲ ਡੰਡੇ ਮਾਰਦਾ ਹੈ।

## ਤਤੁ ਨ ਚੀਨਹਿ; ਬੰਨਹਿ ਪੰਡ ਪਰਾਲਾ ॥੨॥

ਉਹ ਅਸਲੀ ਤਤੁ = ਸਿਧਾਂਤ ਰੂਪ ਪਰਮੇਸ਼ਰ ਨੂੰ ਚੀਨਹਿ = ਜਾਣਦੇ ਨਹੀਂ ਇਸ ਲਈ ਪਰਾਲਾ = ਖ਼ਾਲੀ ਵਿਕਾਰਾਂ ਦੀਆਂ ਪੰਡਾਂ ਬੰਨਹਿ = ਬੰਨ੍ਹਦੇ ਹਨ, ਭਾਵ ਸੰਸਾਰ ਦੇ ਝੂਠੇ ਧੰਧਿਆਂ ਦੀਆਂ ਪੰਡਾਂ ਬੰਨਦੇ ਹਨ ॥੨॥

## ਮਨਮੁਖ ਅਗਿਆਨਿ; ਕੁਮਾਰਗਿ ਪਾਏ ॥

ਮਨਮੁਖ ਪੁਰਸ਼ ਅਗਿਆਨੀ ਹੋਣ ਕਰਕੇ **ਵਾ:** ਆਪਣੇ ਸਰੂਪ ਦੇ ਗਿਆਨ ਤੋਂ ਰਹਿਤ ਹੋਣ ਕਰਕੇ ਹੋਰਨਾਂ ਨੂੰ ਵੀ ਕੁ+ਮਾਰਗਿ = ਖੋਟੇ ਰਸਤੇ ਵਿਚ ਪਾਏ = ਪਾਉਂਦੇ ਹਨ।

## ਹਰਿ ਨਾਮੁ ਬਿਸਾਰਿਆ; ਬਹੁ ਕਰਮ ਦ੍ਰਿੜਾਏ ॥

ਮਨਮੁਖਾਂ ਨੇ ਆਪ ਪਰਮੇਸ਼ਰ ਦੇ ਨਾਮ ਨੂੰ ਬਿਸਾਰਿਆ = ਭੁਲਾ ਦਿੱਤਾ ਹੈ ਅਤੇ ਹੋਰਨਾਂ ਨੂੰ ਅਨੇਕ ਤਰ੍ਹਾ ਦੀ ਉਪਾਸ਼ਨਾ ਵਿਚ ਲਾ ਕੇ ਬਹੁ = ਬਹੁਤੇ ਨਿੱਤ, ਨਮਿੱਤ ਪ੍ਰਾਸ਼ਚਿਤ ਕਰਮ ਦ੍ਰਿੜਾਏ = ਦ੍ਰਿੜ੍ਹ ਕਰਾ ਦਿੱਤੇ ਹਨ।

## ਭਵਜਲਿ ਡੂਬੇ; ਦੂਜੈ ਭਾਏ ॥੩॥

ਜਿਸ ਕਰਕੇ ਉਹ ਦੂਜੈ = ਦਵੈਤ ਭਾਏ = ਭਾ ਕਰ ਕੇ ਭਵਜਲਿ = ਸੰਸਾਰ-ਸਮੁੰਦਰ ਵਿਚ ਡੂਬੇ = ਡੁੱਬ ਰਹੇ ਹਨ ॥੩॥

## ਮਾਇਆ ਕਾ ਮੁਹਤਾਜੁ; ਪੰਡਿਤੁ ਕਹਾਵੈ ॥

ਜੋ ਅੰਦਰੋਂ ਮਾਇਆ ਕਾ = ਦਾ ਮੁਹਤਾਜੁ = ਲੋੜਵੰਦ (ਮੁਥਾਜ) ਹੈ ਤੇ ਆਪਣੇ ਆਪ ਨੂੰ ਪੰਡਿਤੁ = ਵਿਦਵਾਨ ਕਹਾਵੈ = ਕਹਾਉਂਦਾ ਹੈ। (ਜਿਸ ਦੀ ਬੁੱਧੀ ਤੱਤ ਸਰੂਪ ਦੇ ਸਿਧਾਂਤ ਜਾਨਣ ਨੂੰ ਕੁਸ਼ਲ ਹੋਵੇ, ਉਹ ਪੰਡਤ ਹੁੰਦਾ ਹੈ।)

## ਬਿਖਿਆ ਰਾਤਾ; ਬਹੁਤੁ ਦੁਖੁ ਪਾਵੈ ॥

ਇਸ ਕਰਕੇ ਬਿਖਿਆ = ਮਾਇਆ ਵਿਚ ਰਾਤਾ = ਰੰਗਿਆ ਹੋਇਆ ਬਹੁਤ ਹੀ ਦੁਖ ਪਾਉਂਦਾ ਫਿਰਦਾ ਹੈ।

## ਜਮ ਕਾ ਗਲਿ ਜੇਵੜਾ; ਨਿਤ ਕਾਲੁ ਸੰਤਾਵੈ ॥੪॥

ਜਮ = ਜਮਦੂਤਾਂ ਕਾ = ਦਾ ਗਲ ਵਿਚ ਜੇਵੜਾ = ਰੱਸਾ (ਫਾਹਾ) ਪਿਆ ਰਹਿੰਦਾ ਹੈ ਨਿਤ = ਨਿਤਾਪ੍ਰਤੀ ਕਾਲ ਸੰਤਾਵੈ = ਤਪਾਉਂਦਾ ਰਹਿੰਦਾ ਹੈ ਭਾਵ ਮੌਤ ਹਮੇਸ਼ਾਂ ਉਸ ਨੂੰ ਦੁਖ ਦਿੰਦੀ ਹੈ ॥੪॥

## ਗੁਰਮੁਖਿ; ਜਮਕਾਲੁ ਨੇੜਿ ਨ ਆਵੈ ॥

ਗੁਰਮੁਖ ਪੁਰਸ਼ਾਂ ਦੇ (ਜਮ+ਕਾਲ) ਜਮ = ਜੰਮਣ ਰੂਪ ਅਤੇ ਕਾਲ = ਮਰਨ ਰੂਪ ਸਮਾਂ ਨੇੜੇ ਨਹੀਂ ਆ ਸਕਦਾ।

## ਹਉਮੈ ਦੂਜਾ; ਸਬਦਿ ਜਲਾਵੈ ॥

ਗੁਰਮੁਖ ਜਨ ਗੁਰਾਂ ਦੇ ਸਬਦਿ = ਉਪਦੇਸ਼ ਦੀ ਕਮਾਈ ਕਰ ਕੇ ਹਉਮੈ = ਹੰਗਤਾ ਮਮਤਾ ਤੇ ਦੂਜਾ = ਦਵੈਤ-ਭਾਵ ਅੰਦਰੋਂ ਜਲਾਵੈ = ਸਾੜਦੇ ਰਹਿੰਦੇ ਹਨ।

## ਨਾਮੇ ਰਾਤੇ; ਹਰਿ ਗੁਣ ਗਾਵੈ ॥੫॥

ਇਸ ਪ੍ਰਕਾਰ ਪਰਮੇਸ਼ਰ ਦੇ ਨਾਮ ਵਿਚ ਰਾਤੇ = ਰੰਗੇ ਹੋਏ ਹਰੀ ਅਕਾਲ ਪੁਰਖ ਦੇ ਗੁਣਾਂ ਨੂੰ ਗਾਵੈ = ਗਾਉਂਦੇ ਰਹਿੰਦੇ ਹਨ ॥੫॥

## ਮਾਇਆ ਦਾਸੀ; ਭਗਤਾ ਕੀ ਕਾਰ ਕਮਾਵੈ ॥
## ਚਰਣੀ ਲਾਗੈ; ਤਾ ਮਹਲੁ ਪਾਵੈ ॥

ਮਾਇਆ ਵਾਹਿਗੁਰੂ ਦੀ ਦਾਸੀ ਹੈ, ਜੋ ਭਗਤਾਂ ਦੀ ਸੇਵਾ ਰੂਪ ਕਾਰ ਕਮਾਵੈ = ਕਮਾਉਣ ਵਾਸਤੇ ਲਾਈ ਹੋਈ ਹੈ। ਜੇ ਉਨ੍ਹਾਂ ਪਿਆਰਿਆਂ ਦੇ ਚਰਨੀਂ ਲੱਗੀ ਰਹੇ ਤਾਂ ਹੀ ਮਹਲ ਵਿਚ ਸਫਲ ਹੋਣਾ ਪਾਉਂਦੀ ਹੈ **ਅਥਵਾ** ਜਿਹੜਾ ਜਗਿਆਸੂ ਜਨ ਭਗਤਾਂ ਦੇ ਚਰਨੀਂ ਲੱਗਦਾ ਹੈ, ਉਹ ਮਹਲੁ = ਸਰੂਪ ਰੂਪੀ ਥਾਂ ਨੂੰ ਪਾਉਣਾ ਕਰਦਾ ਹੈ। ਅਤੇ

## ਸਦ ਹੀ ਨਿਰਮਲੁ; ਸਹਜਿ ਸਮਾਵੈ ॥੬॥

ਸਦ = ਹਮੇਸ਼ਾਂ ਹੀ ਨਿਰਮਲੁ = ਉੱਜਲ ਹੋ ਕੇ ਸਹਜਿ = ਸੁਤੇ-ਸਿਧ ਹੀ ਵਾਹਿਗੁਰੂ ਵਿਚ ਸਮਾਵੈ = ਸਮਾ ਜਾਂਦਾ ਹੈ, ਭਾਵ ਲੀਨ ਹੋ ਜਾਂਦਾ ਹੈ ॥੬॥

## ਹਰਿ ਕਥਾ ਸੁਣਹਿ; ਸੇ ਧਨਵੰਤ ਦਿਸਹਿ ਜੁਗ ਮਾਹੀ ॥

ਜੋ ਹਰੀ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਕਥਾ ਗੁਰਾਂ ਦੁਆਰਾ ਸੁਣਹਿ = ਸ਼੍ਰਵਣ ਕਰਦੇ ਹਨ, ਸੇ = ਉਹ ਮੰਨਣ ਤੇ ਨਿਧਿਆਸਣ ਕਰਕੇ ਜੁਗ = ਜਗਤ ਮਾਹੀ = ਵਿਚ ਧਨਵੰਤ = ਪੂਰੇ ਧਨੀ ਦਿਸਹਿ = ਦਿੱਸਦੇ ਹਨ **ਵਾ:** ਨਾਮ ਧਨ ਵਾਲੇ ਦਿਸਦੇ ਹਨ। ਅਤੇ

## ਤਿਨ ਕਉ ਸਭਿ ਨਿਵਹਿ; ਅਨਦਿਨੁ ਪੂਜ ਕਰਾਹੀ ॥

ਤਿਨ = ਉਨ੍ਹਾਂ ਪਿਆਰਿਆਂ ਕਉ = ਨੂੰ ਸਭਿ = ਸਾਰੇ ਦੇਵਤੇ ਨਿਵਹਿ = ਨਮਸ਼ਕਾਰ ਕਰਦੇ ਹਨ ਅਤੇ ਅਨਦਿਨੁ = ਰਾਤ ਦਿਨੇ ਪੂਜ = ਪੂਜਨ ਕਰਾਹੀ = ਕਰਦੇ ਹਨ ਕਿ ਸਾਨੂੰ ਮਨੁੱਖਾ ਸਰੀਰ ਪਰਾਪਤ ਨਹੀਂ ਹੋਇਆ, ਇਨ੍ਹਾਂ ਨੂੰ ਪ੍ਰਾਪਤ ਹੈ ਤਾਂ ਹੀ ਗੁਰਬਾਣੀ ਦੀ ਕਥਾ ਸੁਣਦੇ ਹਨ, ਇਹ ਧੰਨ ਹਨ।

## ਸਹਜੇ ਗੁਣ ਰਵਹਿ; ਸਾਚੇ ਮਨ ਮਾਹੀ ॥੭॥

ਉਹ ਸਹਜੇ = ਸੁਤੇ-ਸਿਧ ਸੱਚੇ ਅਕਾਲ ਪੁਰਖ ਦੇ ਗੁਣ ਆਪਣੇ ਮਨ ਮਾਹੀ = ਵਿਚ ਰਵਹਿ = ਯਾਦ ਕਰਦੇ ਹਨ **ਅਥਵਾ** ਸਹਜੇ = ਸੁਭਾਵਕ ਹੀ ਮਨ ਮਾਹੀ = ਵਿਚ ਸਾਚੇ = ਸੱਚੇ ਦੇ ਗੁਣ = ਜਸ ਨੂੰ ਰਵਹਿ = ਉਚਾਰਨ ਕਰਦੇ ਹਨ ॥੭॥

## ਪੂਰੈ ਸਤਿਗੁਰਿ; ਸਬਦੁ ਸੁਣਾਇਆ ॥ ਤ੍ਰੈ ਗੁਣ ਮੇਟੇ; ਚਉਥੈ ਚਿਤੁ ਲਾਇਆ ॥

ਪੂਰੈ = ਪੂਰਿਆਂ ਸਤਿਗੁਰਾਂ ਨੇ ਜਿਨ੍ਹਾਂ ਨੂੰ ਸਬਦੁ = ਉਪਦੇਸ਼ ਸੁਣਾਇਆ ਹੈ। ਉਨ੍ਹਾਂ ਨੇ ਤ੍ਰੈ ਗੁਣ = ਤਿੰਨ

ਗੁਣ ਰਾਜਸੀ, ਤਾਮਸੀ, ਸਾਤਕੀ ਸੁਭਾਅ ਨੂੰ **ਵਾ:** ਜਾਗਰਤ, ਸੁਪਨ, ਸੁਖੋਪਤ ਨੂੰ ਮੇਟੇ = ਮਿਟਾ ਕਰ ਕੇ ਚਉਥੈ = ਤੁਰੀਆ ਪਦ ਵਿਚ ਚਿਤ ਨੂੰ ਲਾਇਆ = ਲਗਾਉਣਾ ਕੀਤਾ ਹੈ।

## ਨਾਨਕ, ਹਉਮੈ ਮਾਰਿ; ਬ੍ਰਹਮ ਮਿਲਾਇਆ ॥੮॥੪॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਹਉਮੈ = ਹੰਗਤਾ ਮਮਤਾ ਨੂੰ ਮਾਰ ਲਿਆ ਹੈ, ਉਨ੍ਹਾਂ ਨੂੰ ਸਤਿਗੁਰਾਂ ਨੇ ਬ੍ਰਹਮ ਵਿਚ ਮਿਲਾਇਆ = ਮਿਲਾ ਦਿੱਤਾ ਹੈ ॥੮॥੪॥

## ਗਉੜੀ, ਮਹਲਾ ੩ ॥

## ਬ੍ਰਹਮਾ ਵੇਦੁ ਪੜੈ; ਵਾਦੁ ਵਖਾਣੈ ॥ ਅੰਤਰਿ ਤਾਮਸੁ; ਆਪੁ ਨ ਪਛਾਣੈ ॥

ਬ੍ਰਹਮਾ ਵੇਦਾਂ ਨੂੰ ਪੜ੍ਹ ਕੇ ਵਾਦੁ = ਝਗੜਿਆਂ ਨੂੰ ਹੀ ਵਖਾਣੈ = ਕਥਨ ਕਰਦਾ ਹੈ।

ਹਿਰਦੇ ਦੇ ਅੰਤਰਿ = ਅੰਦਰ ਤਾਮਸੁ = ਤਮੋਗੁਣ ਹੋਣ ਕਰਕੇ ਆਪਣੇ ਆਪ ਨੂੰ ਪਛਾਣੈ = ਪਛਾਣਦਾ ਨ = ਨਹੀਂ ਹੈ **ਅਥਵਾ** ਜਿਨ੍ਹਾਂ ਵੇਦਾਂ ਦਾ ਬ੍ਰਹਮਾ ਗਿਆਤਾ ਹੈ, ਉਨ੍ਹਾਂ ਵੇਦਾਂ ਨੂੰ ਪੜ੍ਹ ਕੇ ਪੰਡਤ ਵਿਦਵਾਨ ਜਿੱਤ ਹਾਰ ਲਈ ਵਾਦੁ = ਝਗੜੇ ਹੀ ਵਖਾਣੈ = ਕਥਨ ਕਰਦੇ ਹਨ।

ਹਿਰਦੇ ਅੰਤਰਿ = ਅੰਦਰ ਤਾਮਸੁ = ਤਮੋ ਗੁਣ (ਕ੍ਰੋਧ) ਹੋਣ ਕਰਕੇ ਆਪੁ = ਆਪਣੇ ਸਰੂਪ ਨੂੰ ਪਛਾਣੈ = ਪਛਾਣਦੇ ਹੀ ਨਹੀਂ।

## ਤਾ ਪ੍ਰਭੁ ਪਾਏ; ਗੁਰ ਸਬਦੁ ਵਖਾਣੈ ॥੧॥

ਜੇ ਗੁਰੂ ਸਾਹਿਬ ਜੀ ਦੇ ਸ਼ਬਦ ਦਾ ਵਖਾਣੈ = ਵਖਿਆਨ ਕਰੇ ਤਾਂ ਉਸ ਪ੍ਰਭੁ = ਅਕਾਲ ਪੁਰਖ ਨੂੰ ਪਾ ਸਕਦੇ ਹਨ ॥੧॥

## ਗੁਰ ਸੇਵਾ ਕਰਉ; ਫਿਰਿ ਕਾਲੁ ਨ ਖਾਇ ॥

## ਮਨਮੁਖ ਖਾਧੇ; ਦੂਜੈ ਭਾਇ ॥੧॥ਰਹਾਉ॥

ਹੇ ਭਾਈ! ਸਤਿਗੁਰਾਂ ਦੀ ਸੇਵਾ = ਟਹਿਲ ਕਰਉ = ਕਰੋ, ਫਿਰ ਤੁਹਾਨੂੰ ਕਾਲ ਨ = ਨਹੀਂ ਖਾਇ = ਖਾਵੇਗਾ।

ਮਨਮੁਖ ਲੋਕ ਦੂਜੈ ਭਾਇ = ਦ੍ਵੈਤ-ਭਾਵ ਵਿਚ ਲੱਗੇ ਹੋਣ ਕਰਕੇ ਕਾਲ ਨੇ ਖਾਧੇ = ਖਾ ਲਏ ਹਨ ॥੧॥ਰਹਾਉ॥

## ਗੁਰਮੁਖਿ ਪ੍ਰਾਣੀ; ਅਪਰਾਧੀ ਸੀਧੇ ॥

ਗੁਰਮੁਖਾਂ ਦੀ ਸੰਗਤ ਕਰ ਕੇ ਜੋ ਅਪਰਾਧੀ = ਗੁਨਾਹਗਾਰ ਪ੍ਰਾਣੀ = ਪੁਰਸ਼ ਸਨ, ਉਹ ਵੀ ਸੀਧੇ = ਸਿੱਧੇ ਹੋ ਗਏ, ਭਾਵ ਮੁਕਤ ਹੋ ਗਏ, ਅਪਰਾਧੀ ਆਦਮੀ ਅਪਰਾਧਾਂ ਨੂੰ ਛੱਡ ਕੇ ਗਿਆਨ ਦੇ ਸਿੱਧੇ ਰਸਤੇ ਚੱਲ ਪਏ, ਭਾਵ ਮੁਕਤ ਹੋ ਗਏ।

## ਗੁਰ ਕੈ ਸਬਦਿ; ਅੰਤਰਿ ਸਹਜਿ ਰੀਧੇ ॥

ਗੁਰਾਂ ਕੈ = ਦੇ ਸਬਦਿ = ਉਪਦੇਸ਼ ਦੀ ਕਮਾਈ ਕਰ ਕੇ ਸਹਜਿ = ਗਿਆਨ ਦੁਆਰਾ ਸ਼ਾਂਤੀ ਸਰੂਪ ਪਰਮੇਸ਼ਰ ਅੰਤਰਿ = ਅੰਦਰ ਰੀਧੇ = ਰਿੱਝ ਗਏ, ਭਾਵ ਮਿਲ ਗਏ ਹਨ **ਵਾ:** ਗੁਰਾਂ ਦੇ ਸ਼ਬਦ ਕਰਕੇ ਸਹਜਿ = ਸ਼ਾਂਤੀ ਸਰੂਪ ਪਰਮੇਸ਼ਰ ਨੂੰ ਹਿਰਦੇ 'ਚੋਂ ਪਾ ਕੇ ਪ੍ਰਸੰਨ ਹੋ ਗਏ ਹਨ। ਜਿਵੇਂ ਮੋਠਾਂ ਵਿਚ ਕੋਰੜੂ ਹੁੰਦਾ

ਹੈ, ਉਹ ਰਿੱਝਦਾ ਨਹੀਂ, ਭਾਵੇਂ ਸੱਤ ਅੱਗਾਂ ਦੇਈ ਜਾਈਏ। ਇਸੇ ਤਰ੍ਹਾਂ ਹੀ ਮਨਮੁਖ ਨੂੰ ਜੇ ਵੇਦ ਸ਼ਾਸਤਰ ਸੁਣਾਉਂਦੇ ਰਹੀਏ, ਉਹ ਕੋਰੜੂ ਦੀ ਨਿਆਈਂ ਗੀਧੇ = ਰਿੱਝਦੇ ਨਹੀਂ, ਪ੍ਰਸੰਨ ਨਹੀਂ ਹੁੰਦੇ। ਗੁਰਮੁਖ ਜਨ ਗੁਰਾਂ ਦੇ ਸ਼ਬਦ ਦੁਆਰਾ ਗੀਧੇ = ਰਿੱਝ ਕੇ ਭਾਵ ਪ੍ਰਸੰਨ ਹੋ ਕੇ ਉਸ ਵਿਚ ਲੱਗ ਜਾਂਦੇ ਹਨ ਅਤੇ ਆਪਣੇ ਮਨ ਦੀ ਕਠੋਰਤਾਈ ਨੂੰ ਤਪ ਰੂਪੀ ਅਗਨੀ ਨਾਲ ਰਿੰਨ੍ਹ ਦਿੰਦੇ ਹਨ।

## ਮੇਰਾ ਪ੍ਰਭੁ ਪਾਇਆ; ਗੁਰ ਕੈ ਸਬਦਿ ਸੀਧੇ ॥੨॥

ਮੇਰੇ ਪ੍ਰਭੂ ਨੂੰ ਉਨ੍ਹਾਂ ਨੇ ਪਾਇਆ = ਪ੍ਰਾਪਤ ਕਰ ਲਿਆ ਹੈ, ਜੋ ਗੁਰੂ ਸ਼ਬਦ ਵਿਚ ਸੀਧੇ = ਸਿੱਧੇ ਹੋ ਕੇ ਲੱਗੇ ਹਨ **ਵਾ:** ਜਿਨ੍ਹਾਂ ਨੇ ਆਪਣੇ ਮਨ ਨੂੰ ਗੁਰ = ਗੁਰੂ ਦੇ ਸਬਦਿ = ਉਪਦੇਸ਼ ਵਿਚ ਸੀਧੇ = ਸਿੱਧਾ ਕਰ ਲਿਆ ਹੈ ॥੨॥

## ਸਤਿਗੁਰਿ ਮੇਲੇ; ਪ੍ਰਭਿ ਆਪਿ ਮਿਲਾਏ ॥ ਮੇਰੇ ਪ੍ਰਭ ਸਾਚੇ ਕੈ; ਮਨਿ ਭਾਏ ॥

ਜਿਨ੍ਹਾਂ ਨੂੰ ਸਤਿਗੁਰੂ ਸਾਹਿਬ ਜੀ ਨੇ ਆਪਣੀ ਸ਼ਰਣ ਵਿਚ ਮੇਲ ਲਿਆ, ਉਨ੍ਹਾਂ ਨੂੰ ਪ੍ਰਭਿ = ਵਾਹਿਗੁਰੂ ਨੇ ਆਪ ਦੇ ਵਿਚ ਮਿਲਾਏ = ਮਿਲਾ ਲਿਆ ਹੈ।

ਕਿਉਂਕਿ ਉਹ ਪੁਰਸ਼ ਮੇਰੇ ਸਾਚੇ = ਸੱਚੇ ਪ੍ਰਭ = ਵਾਹਿਗੁਰੂ ਕੈ = ਦੇ ਮਨ ਵਿਚ ਭਾਏ = ਚੰਗੇ ਲੱਗੇ ਹਨ, ਭਾਵ ਭਾਉਂਦੇ ਹਨ।

## ਹਰਿ ਗੁਣ ਗਾਵਹਿ; ਸਹਜਿ ਸੁਭਾਏ ॥੩॥

ਗੁਰਮੁਖ ਜਨ ਹਰਿ ਗੁਣ = ਹਰੀ ਦੇ ਗੁਣਾਂ ਨੂੰ ਸਹਜਿ ਸੁਭਾਏ = ਸੁਤੇ-ਸਿਧ ਸ਼ਾਂਤੀ ਸੁਭਾਅ ਧਾਰ ਕੇ ਹਰ ਵਕਤ ਗਾਵਹਿ = ਗਾਉਂਦੇ ਰਹਿੰਦੇ ਹਨ ॥੩॥

## ਬਿਨੁ ਗੁਰ ਸਾਚੇ; ਭਰਮਿ ਭੁਲਾਏ ॥ ਮਨਮੁਖ ਅੰਧੇ; ਸਦਾ ਬਿਖੁ ਖਾਏ ॥

ਜੋ ਸਤਿਗੁਰੂ ਸਾਹਿਬ ਸੱਚੇ ਤੋਂ ਬਿਨੁ = ਬਗ਼ੈਰ ਨਿਗੁਰੇ ਫਿਰਦੇ ਹਨ, ਉਹ ਤਾਂ ਸੰਸਾਰ ਦੇ ਅੰਦਰ ਭਰਮ ਨੇ ਭੁਲਾਏ = ਭੁਲਾ ਲਏ ਹਨ।

ਮਨਮੁਖ ਅੰਧੇ = ਅੰਨ੍ਹਿਆਂ ਦੀ ਨਿਆਈਂ ਅਗਿਆਨੀ ਹਨ, ਮਨ ਬੁੱਧ ਰੂਪੀ ਨੇਤਰਾਂ ਵਿਚ ਵਿਚਾਰ ਰੂਪੀ ਨਿਗ੍ਹਾ ਨਹੀਂ ਹੈ। ਸਦਾ = ਹਮੇਸ਼ਾਂ ਵਿਸ਼ਿਆਂ ਦੀ ਬਿਖੁ = ਜ਼ਹਿਰ ਨੂੰ ਹੀ ਖਾਏ = ਖਾਂਦੇ ਹਨ।

## ਜਮ ਡੰਡੁ ਸਹਹਿ; ਸਦਾ ਦੁਖੁ ਪਾਏ ॥੪॥

ਅੰਤ ਨੂੰ ਜਮਾਂ ਦੇ ਡੰਡੁ = ਡੰਡਿਆਂ ਨੂੰ ਸਹਹਿ = ਸਹਾਰਦੇ ਹੋਏ ਸਦਾ = ਹਮੇਸ਼ਾਂ ਵਿਕਾਰਾਂ ਕਰ ਕੇ ਦੁੱਖਾਂ ਨੂੰ ਪਾਏ = ਪਾਉਂਦੇ ਹਨ ॥੪॥

***ਪ੍ਰਸ਼ਨ :*** *ਹੇ ਮਹਾਰਾਜ! ਜਮਾਂ ਤੋਂ ਛੁਟੀਦਾ ਕਿਵੇਂ ਹੈ।*

***ਗੁਰ ਉੱਤਰ :***

## ਜਮੂਆ ਨ ਜੋਹੈ; ਹਰਿ ਕੀ ਸਰਣਾਈ ॥ ਹਉਮੈ ਮਾਰਿ; ਸਚਿ ਲਿਵ ਲਾਈ ॥

ਹੇ ਭਾਈ! ਜਿਹੜੇ ਹਰਿ = ਹਰੀ ਅਕਾਲ ਪੁਰਖ ਕੀ = ਦੀ ਸਰਣਾਈ = ਸ਼ਰਨ ਪਏ ਹਨ, ਉਨ੍ਹਾਂ ਨੂੰ ਜਮੂਆ = ਜਮ ਰਾਜਾ ਜੋਹੈ = ਦੇਖ ਨਹੀਂ ਸਕਦਾ। ਕਿਉਂਕਿ

ਉਨ੍ਹਾਂ ਨੇ ਹਉਮੈ = ਹੰਗਤਾ ਨੂੰ ਮਾਰ ਕੇ ਸਚਿ = ਸੱਚੇ ਪਰਮੇਸ਼ਰ ਵਿਚ ਲਿਵ = ਬਿਰਤੀ ਲਾਈ = ਲਾ ਲਈ ਹੈ।

## ਸਦਾ ਰਹੈ; ਹਰਿ ਨਾਮਿ ਲਿਵ ਲਾਈ ॥੫॥

ਉਹ ਸਦਾ = ਹਮੇਸ਼ਾਂ ਹਰਿ = ਹਰੀ ਅਕਾਲ ਪੁਰਖ ਦੇ ਨਾਮ ਵਿਚ ਲਿਵ = ਬਿਰਤੀ ਲਾਈ ਰਹੈ = ਰੱਖਦੇ ਹਨ ॥੫॥

## ਸਤਿਗੁਰੁ ਸੇਵਹਿ; ਸੇ ਜਨ ਨਿਰਮਲ ਪਵਿਤਾ ॥

ਜਿਹੜੇ ਸਤਿਗੁਰੂ ਸਾਹਿਬ ਦਾ ਸੇਵਹਿ = ਸੇਵਨ ਕਰਦੇ ਹਨ, ਸੇ = ਉਹ ਜਨ = ਪੁਰਖ ਨਿਰਮਲ ਚਿੱਤ ਅਤੇ ਸਰੀਰ ਕਰ ਕੇ ਵੀ ਪਵਿਤਾ = ਪਵਿੱਤਰ ਹਨ।

## ਮਨ ਸਿਉ ਮਨੁ ਮਿਲਾਇ; ਸਭੁ ਜਗੁ ਜੀਤਾ ॥

ਉਨ੍ਹਾਂ ਨੇ ਗੁਰੂ ਸਾਹਿਬ ਦੇ ਮਨੁ = ਮੰਤਰ ਦੇ ਸਿਉ = ਨਾਲ ਆਪਣੇ ਮਨ ਨੂੰ ਮਿਲਾਇ = ਮਿਲਾਇਆ ਹੈ, ਅਸ਼ੁੱਧ ਮਨ ਨੂੰ ਸ਼ੁੱਧ ਮਨ ਨਾਲ ਮਿਲਾ ਕੇ ਸਭੁ = ਸਾਰੇ ਜਗੁ = ਜਗਤ ਨੂੰ ਜੀਤਾ = ਜਿੱਤ ਲਿਆ ਹੈ **ਵਾ:** ਮਨ = ਸ਼੍ਰੋਮਣੀ ਪਰਮੇਸ਼ਰ ਨਾਲ ਮਿਲਾ ਕੇ ਸਭੁ = ਸਾਰੇ ਜਗੁ = ਜਗਤ ਤੇ ਮਨ ਨੇ ਜੀਤਾ = ਫ਼ਤਹਿ ਪਾਈ ਹੈ।

## ਇਨ ਬਿਧਿ ਕੁਸਲੁ ਤੇਰੈ; ਮੇਰੇ ਮੀਤਾ ॥੬॥

ਹੇ ਮੇਰੇ ਮੀਤਾ = ਮਿੱਤਰ ! ਇਨ ਬਿਧਿ = ਇਸ ਪ੍ਰਕਾਰ ਤੇਰੈ = ਤੁਹਾਡੇ ਅੰਦਰ ਵੀ ਕੁਸਲੁ = ਸੁਖ ਦੀ ਪ੍ਰਾਪਤੀ ਹੋ ਜਾਵੇਗੀ ॥੬॥

## ਸਤਿਗੁਰੂ ਸੇਵੇ; ਸੋ ਫਲੁ ਪਾਏ ॥ ਹਿਰਦੈ ਨਾਮੁ; ਵਿਚਹੁ ਆਪੁ ਗਵਾਏ ॥

ਜੋ ਸਤਿਗੁਰੂ ਸਾਹਿਬ ਨੂੰ ਸੇਵੇ = ਸੇਵਨਾ ਕਰਦੇ ਹਨ, ਸੋ = ਉਹ, ਧਰਮ, ਅਰਥ, ਕਾਮ, ਮੋਖ, ਆਦਿਕ ਫਲ ਪਾਏ = ਪ੍ਰਾਪਤ ਕਰ ਲੈਂਦੇ ਹਨ।

ਹਿਰਦੈ = ਅੰਤਸ਼ਕਰਣ ਵਿਚਹੁ = ਅੰਦਰੋਂ ਆਪੁ = ਆਪਾ-ਭਾਵ ਗਵਾ ਕੇ ਅੱਠੇ ਪਹਿਰ ਪਰਮੇਸ਼ਰ ਦਾ ਨਾਮ ਜਪਦੇ ਰਹਿੰਦੇ ਹਨ।

## ਅਨਹਦ ਬਾਣੀ; ਸਬਦੁ ਵਜਾਏ ॥੭॥

ਉਹ ਅਨਹਦ = ਹੱਦ ਤੋਂ ਰਹਿਤ ਇਕ-ਰਸ ਬਾਣੀ ਨੂੰ ਗੁਰਾਂ ਦੇ ਸਬਦੁ = ਉਪਦੇਸ਼ ਦੁਆਰਾ ਵਜਾਏ = ਵਜਾਉਂਦੇ, ਭਾਵ ਪ੍ਰਗਟ ਕਰਦੇ ਹਨ **ਵਾ:** ਜੋ ਅਨਹਦ = ਹੱਦ ਤੋਂ ਰਹਿਤ ਪਰਮੇਸ਼ਰ ਦੀ ਬਾਣੀ ਹੈ, ਉਸ ਦੁਆਰਾ ਗੁਰਾਂ ਦੇ ਸਬਦੁ = ਉਪਦੇਸ਼ ਨੂੰ ਹਿਰਦੇ ਵਿਚ ਵਜਾਏ = ਪ੍ਰਗਟ ਕਰਦੇ ਹਨ ॥੭॥

## ਸਤਿਗੁਰ ਤੇ; ਕਵਨੁ ਕਵਨੁ ਨ ਸੀਧੋ ਮੇਰੇ ਭਾਈ ॥

ਹੇ ਮੇਰੇ ਭਾਈ = ਭਰਾਵੋ ! ਸਤਿਗੁਰੂ ਸਾਹਿਬ ਤੇ = ਤੋਂ ਕਵਨੁ ਕਵਨੁ = ਕੌਣ ਕੌਣ ਨ = ਨਹੀਂ ਸੀਧੋ = ਸਿੱਧਾ ਭਾਵ ਮੁਕਤ ਹੋਇਆ ਅਰਥਾਤ ਬੇਅੰਤ ਹੀ ਮੁਕਤ ਹੋ ਗਏ ਹਨ।

## ਭਗਤੀ ਸੀਧੇ; ਦਰਿ ਸੋਭਾ ਪਾਈ ॥ ਨਾਨਕ; ਰਾਮ ਨਾਮਿ ਵਡਿਆਈ ॥੮॥੫॥

ਜਿਹੜੇ ਪਰਮੇਸ਼ਰ ਦੀ ਭਗਤੀ ਵਿਚ ਸੀਧੇ = ਸਿੱਧੇ ਭਾਵ ਸਨਮੁਖ ਹੋ ਕੇ ਲੱਗੇ ਹਨ, ਉਨ੍ਹਾਂ ਨੇ ਵਾਹਿਗੁਰੂ ਦੀ ਦਰਿ = ਦਰਗਾਹ ਵਿਚ ਸੋਭਾ = ਵਡਿਆਈ ਪਾਈ = ਪਾਉਣਾ ਕੀਤੀ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਰਾਮ = ਪਰਮੇਸ਼ਰ ਦਾ ਨਾਮ ਜਪਣੇ ਕਰ ਕੇ ਹੀ ਵਡਿਆਈ = ਸ਼ੋਭਾ ਪ੍ਰਾਪਤ ਹੁੰਦੀ ਹੈ ॥੮॥੫॥

## ਗਉੜੀ, ਮਹਲਾ ੩ ॥

## ਤ੍ਰੈ ਗੁਣ ਵਖਾਣੈ; ਭਰਮੁ ਨ ਜਾਇ ॥

ਹੇ ਪੰਡਤ ਲੋਕੋ ! ਤ੍ਰੈ ਗੁਣ = ਤਿੰਨਾਂ ਗੁਣਾਂ (ਵੇਦਾਂ) ਦੇ ਵਖਾਣੈ = ਕਥਨ ਕਰਨ ਕਰ ਕੇ ਅੰਦਰੋਂ ਭਰਮ ਨ = ਨਹੀਂ ਜਾਇ = ਜਾਂਦਾ **ਵਾ:** ਤਿੰਨਾਂ ਗੁਣਾਂ ਦੇ ਵਿਸ਼ੇ ਕਰਨ ਵਾਲੀ ਜੋ ਵੇਦ ਬਾਣੀ ਹੈ, ਉਸ ਦੇ ਕਥਨ ਕਰਨ ਨਾਲ ਭਰਮ ਨਹੀਂ ਜਾਂਦਾ **ਵਾ:** ਤ੍ਰਿਗੁਣ ਆਤਮਿਕ ਮਾਇਆ ਦੇ ਪ੍ਰਸੰਗਾਂ ਨੂੰ ਵਖਾਣੈ = ਕਥਨ ਕਰਨੇ ਨਾਲ ਭਰਮ ਨਹੀਂ ਜਾਂਦਾ।

## ਬੰਧਨ ਨ ਤੂਟਹਿ; ਮੁਕਤਿ ਨ ਪਾਇ ॥

ਨਾ ਕਰਤਾ ਭੋਗਤਾ ਦੇ ਬੰਧਨ ਤੂਟਹਿ = ਟੁੱਟਦੇ ਹਨ ਅਤੇ ਨਾ ਹੀ ਮੁਕਤਿ = ਮੁਕਤੀ ਪਾਇ = ਪ੍ਰਾਪਤ ਹੁੰਦੀ ਹੈ।

## ਮੁਕਤਿ ਦਾਤਾ ਸਤਿਗੁਰੁ; ਜੁਗ ਮਾਹਿ ॥੧॥

ਇਸ ਜੁਗ = ਕਲਿਜੁਗ ਮਾਹਿ = ਵਿਚ ਤਾਂ ਸਤਿਗੁਰੂ ਨਾਨਕ ਦੇਵ ਜੀ ਗੁਰੂ ਅੰਗਦ ਦੇਵ ਜੀ ਹੀ ਮੁਕਤਿ = ਮੁਕਤੀ ਦੇ ਦਾਤੇ ਹਨ ॥੧॥

## ਗੁਰਮੁਖਿ ਪ੍ਰਾਣੀ; ਭਰਮੁ ਗਵਾਇ ॥

ਹੇ ਪ੍ਰਾਣਾਧਾਰੀ ਜੀਵ! ਗੁਰਮੁਖ ਬਣ ਕੇ ਗੁਰਾਂ ਦੁਆਰੇ ਤੂੰ ਆਪਣੇ ਅੰਦਰੋਂ ਭਰਮ ਨੂੰ ਗਵਾਇ = ਗਵਾਉਣਾ ਕਰ।

## ਸਹਜ ਧੁਨਿ ਉਪਜੈ; ਹਰਿ ਲਿਵ ਲਾਇ ॥੧॥ਰਹਾਉ॥

ਜੇਕਰ ਹਰਿ = ਹਰੀ ਪਰਮੇਸ਼ਰ ਵਿਚ ਲਿਵ = ਚਿੱਤ ਦੀ ਬਿਰਤੀ ਨੂੰ ਲਾਇ = ਲਾਵੇਂਗਾ, ਤਾਂ ਸਹਜ = ਸ਼ਾਂਤੀ ਵਾਲੀ ਤੇਰੇ ਅੰਦਰੋਂ ਅੰਮ੍ਰਿਤ ਨਾਮ ਦੀ ਧੁਨਿ = ਅਵਾਜ਼ ਉਪਜੈ = ਪੈਦਾ ਹੋਵੇਗੀ ॥੧॥ਰਹਾਉ॥

[ਅੰਗ ੨੩੨]

## ਤ੍ਰੈ ਗੁਣ; ਕਾਲੈ ਕੀ ਸਿਰਿ ਕਾਰਾ ॥ ਨਾਮੁ ਨ ਚੇਤਹਿ; ਉਪਾਵਣਹਾਰਾ ॥

ਤ੍ਰੈ ਗੁਣ = ਤਿੰਨ ਗੁਣੀ ਜੀਵਾਂ ਦੇ ਸਿਰ 'ਤੇ ਕਾਲੈ ਕੀ = ਮੌਤ ਦੀ (ਆਤਮਿਕ ਮੌਤ ਦੀ) ਕਾਰਾ = ਕਾਰ ਹੈ **ਵਾ:** ਤ੍ਰਿਗੁਣੀ ਜੀਵ ਕਾਲੈ = ਕਾਲ ਦੇ ਅਧੀਨ ਹਨ। ਉਨ੍ਹਾਂ ਦੇ ਸਿਰਿ = ਜ਼ੁੰਮੇ ਕਾਲੈ = ਕਾਲ ਦੀ ਕਾਰਾ = ਕਾਰ ਆਗਿਆ ਹੁੰਦੀ ਹੈ, ਭਾਵ ਉਹ ਕਾਲ ਦੇ ਅਧੀਨ ਹੋ ਕੇ ਹੀ ਕਾਰਾ = ਕੰਮ ਕਰਦੇ ਹਨ **ਵਾ:** ਤ੍ਰਿਗੁਣੀ ਸ੍ਰਿਸ਼ਟੀ ਕਾਲ ਦੀ ਹੀ ਸਿਰਿ ਕਾਰਾ = ਰਈਅਤ, ਪਰਜਾ ਹੈ। ਕਿਉਂਕਿ ਜਗਤ ਦੇ ਜੀਵ ਉਪਾਵਣਹਾਰਾ = ਪੈਦਾ ਕਰਨ ਵਾਲੇ ਪਰਮੇਸ਼ਰ ਦੇ ਨਾਮ ਨੂੰ ਚੇਤਹਿ = ਚਿੰਤਨ ਨਹੀਂ ਕਰਦੇ।

## ਮਰਿ ਜੰਮਹਿ; ਫਿਰਿ ਵਾਰੋ ਵਾਰਾ ॥੨॥

ਇਸ ਕਰਕੇ ਵਾਰੋ ਵਾਰਾ = ਮੁੜ ਮੁੜ ਕੇ ਜੰਮਹਿ = ਜੰਮਣ ਮਰਿ = ਮਰਨ ਵਿਚ ਫਿਰਿ = ਫਿਰਦੇ ਰਹਿੰਦੇ ਹਨ, ਭਾਵ ਜੂਨਾਂ ਦੇ ਫੇਰਿਆਂ ਵਿਚ ਹੀ ਫਿਰਦੇ ਰਹਿੰਦੇ ਹਨ ॥੨॥

## ਅੰਧੇ ਗੁਰੂ ਤੇ; ਭਰਮੁ ਨ ਜਾਈ ॥

ਅੰਧੇ = ਅੰਨ੍ਹੇ ਭਾਵ ਅਗਿਆਨੀ ਗੁਰੂ ਤੇ = ਤੋਂ ਸਿੱਖ ਦਾ ਭਰਮ ਨ = ਨਹੀਂ ਜਾਈ = ਜਾਂਦਾ ਭਾਵ ਅਗਿਆਨੀ ਗੁਰੂ ਨੂੰ ਆਪ ਆਤਮਾ ਦੀ ਸੂਝ ਨਹੀਂ, ਦੂਸਰਿਆਂ ਨੂੰ ਕੀ ਸੋਝੀ ਦੇਵੇਗਾ।

## ਮੂਲੁ ਛੋਡਿ; ਲਾਗੇ ਦੂਜੈ ਭਾਈ ॥

ਜੋ ਆਪ ਮੂਲੁ = ਮੁੱਢ ਰੂਪ ਬ੍ਰਹਮ ਨੂੰ ਛੋਡਿ = ਛੱਡ ਕੇ ਦੂਜੈ ਭਾਈ = ਦ੍ਵੈਤ-ਭਾਵ ਵਿਚ ਲਾਗੇ = ਲੱਗਾ ਰਹਿੰਦਾ ਹੈ।

## ਬਿਖੁ ਕਾ ਮਾਤਾ; ਬਿਖੁ ਮਾਹਿ ਸਮਾਈ ॥੩॥

ਬਿਖੁ = ਵਿਹੁ ਰੂਪ ਵਿਸ਼ਿਆ ਕਾ = ਦਾ ਮਾਤਾ = ਮਸਤ ਹੋਇਆ ਮਰ ਕਰ ਕੇ ਵਿਸ਼ਿਆਂ ਰੂਪੀ ਬਿਖੁ = ਵਿਹੁ ਦੇ ਮਾਹਿ = ਵਿਚ ਸਮਾਈ = ਸਮਾ ਰਿਹਾ ਹੈ **ਵਾ:** ਆਤਮਿਕ ਮੌਤ ਪੈਦਾ ਕਰਨ ਵਾਲੀ ਮਾਇਆ ਰੂਪ ਬਿਖੁ = ਜ਼ਹਿਰ ਵਿਚ ਮਾਤਾ = ਮਸਤ ਹੋਇਆ ਉਸ ਮਾਇਆ ਰੂਪ ਬਿਖੁ = ਜ਼ਹਿਰ ਮਾਹਿ = ਵਿਚ ਹੀ ਸਮਾਈ = ਸਮਾਇਆ ਰਹਿੰਦਾ ਹੈ ॥੩॥

## ਮਾਇਆ ਕਰਿ; ਮੂਲੁਜੰਤ੍ਰ ਭਰਮਾਏ ॥ ਹਰਿ ਜੀਉ ਵਿਸਰਿਆ; ਦੂਜੈ ਭਾਏ ॥

ਮਾਇਆ ਨੇ ਮੂਲਜੰਤ੍ਰ = ਪੰਘੂੜਾ ਬਣ ਕਰਿ = ਕਰਕੇ ਜੀਵਾਂ ਨੂੰ ਅਗਿਆਨ ਵਿਚ ਭਰਮਾਏ = ਭਰਮਾਉਣਾ ਕੀਤਾ ਹੈ **ਵਾ:** ਸੰਸਾਰ ਦੇ ਮੂਲੁ = ਕਾਰਨ ਰੂਪ ਮਾਇਆ ਨੇ ਅਗਿਆਨ ਦੁਆਰਾ ਜੰਤ੍ਰ = ਜੀਵਾਂ ਨੂੰ ਭਰਮਾਉਣਾ ਕੀਤਾ ਹੈ। ਇਨ੍ਹਾਂ ਜੀਵਾਂ ਨੂੰ ਹਰਿ = ਹਰੀ ਅਕਾਲ ਪੁਰਖ ਵਿਸਰਿਆ = ਭੁੱਲ ਗਿਆ ਹੈ, ਕਿਉਂਕਿ ਇਹ ਰਾਤ ਦਿਨੇ ਦੂਜੈ ਭਾਇ = ਦ੍ਵੈਤ-ਭਾਵ ਵਿਚ ਹੀ ਲੱਗੇ ਰਹਿੰਦੇ ਹਨ।

## ਜਿਸੁ ਨਦਰਿ ਕਰੇ; ਸੋ ਪਰਮ ਗਤਿ ਪਾਏ ॥੪॥

ਜਿਸੁ = ਜਿਨ੍ਹਾਂ ਉੱਤੇ ਗੁਰੂ ਸਾਹਿਬ ਜੀ ਨਦਰਿ = ਕਿਰਪਾ ਦ੍ਰਿਸ਼ਟੀ ਕਰੇ = ਕਰਦੇ ਹਨ, ਸੋ = ਉਹ ਪਰਮ ਗਤਿ = ਕਲਿਆਣ ਨੂੰ ਪਾਏ = ਪਾਉਂਦੇ ਹਨ, ਭਾਵ ਕੈਵਲ ਮੁਕਤੀ ਨੂੰ ਪਾਉਂਦੇ ਹਨ ॥੪॥

## ਅੰਤਰਿ ਸਾਚੁ; ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ; ਜੇ ਕੋ ਰਖੈ ਛਪਾਏ ॥

ਜਿਨ੍ਹਾਂ ਦੇ ਅੰਤਰਿ = ਅੰਦਰ ਸਾਚੁ = ਸੱਚਾ ਵਸਿਆ ਹੋਇਆ ਹੈ, ਉਹ ਬਾਹਰ ਸੰਸਾਰ ਵਿਚ ਵੀ ਸਾਚੁ = ਸੱਚੇ ਨਾਮ ਦਾ ਉਪਦੇਸ਼ ਵਰਤਾਏ = ਵਰਤਾਉਂਦੇ ਹਨ।

ਜੇ ਕੋ = ਕੋਈ ਸੱਚ ਨੂੰ ਛਪੈ = ਲੁਕਾ ਕੇ ਰਖੈ = ਰੱਖੇ, ਤਾਂ ਵੀ ਉਸ ਦਾ ਸੱਚ ਛੁਪਿਆ = ਲੁਕਿਆ ਨਹੀਂ ਰਹਿ ਸਕਦਾ। ਜਿਵੇਂ ਕੀੜੇ ਗੁੜ ਨੂੰ ਲੱਭ ਹੀ ਲੈਂਦੇ ਹਨ, ਭਾਵੇਂ ਕਿੰਨਾ ਵੀ ਲੁਕਾਇਆ ਹੋਵੇ, ਇਸੇ ਤਰ੍ਹਾਂ ਅਧਿਕਾਰੀ ਜਨ ਗੁੜ ਦੀ ਨਿਆਈਂ ਗਿਆਨਵਾਨਾਂ ਨੂੰ (ਬ੍ਰਹਮ ਵੇਤਿਆਂ ਨੂੰ ਲੱਭ ਹੀ ਲੈਂਦੇ ਹਨ, ਭਾਵੇਂ ਉਹ ਕਿੰਨਾ ਵੀ ਲੁੱਕ ਕੇ ਰਹਿਣ। ਜੈਸਾ ਕਿ :

**ਜਾਇ ਮਿਲਨਿ ਗੁੜ ਕੀੜਿਆਂ ਰਖੈ ਰਖਣਹਾਰੁ ਲੁਕਾਏ ॥** *(ਭਾਈ ਗੁਰਦਾਸ ਜੀ, ਵਾਰ ੬, ਪਉੜੀ ੧੦)*

## ਗਿਆਨੀ ਬੂਝਹਿ; ਸਹਜਿ ਸੁਭਾਏ ॥੫॥

ਅਜਿਹੇ ਗਿਆਨੀ = ਗਿਆਨਵਾਨ ਪੁਰਸ਼ ਸਹਜਿ = ਸ਼ਾਂਤੀ (ਸੁਤੇ-ਸਿਧ) ਸੁਭਾਏ = ਸੁਭਾਅ ਧਾਰਨ ਕਰ ਕੇ ਪਰਮੇਸ਼ਰ ਨੂੰ ਬੂਝਹਿ = ਸਮਝਦੇ ਹਨ ॥੫॥

## ਗੁਰਮੁਖਿ; ਸਾਚਿ ਰਹਿਆ ਲਿਵ ਲਾਏ ॥

ਜੋ ਗੁਰਮੁਖ ਜਨ ਸਾਚਿ = ਸੱਚ ਸਰੂਪ ਨਾਲ ਲਿਵ = ਚਿੱਤ ਦੀ ਬਿਰਤੀ ਨੂੰ ਲਾਏ = ਲਾ ਰਿਹਾ ਹੈ।

## ਹਉਮੈ ਮਾਇਆ; ਸਬਦਿ ਜਲਾਏ ॥

ਅਤੇ ਗੁਰ ਦੇ ਸਬਦਿ = ਉਪਦੇਸ਼ ਦੀ ਕਮਾਈ ਕਰ ਕੇ ਮਾਇਆ ਹਉਮੈ = ਹੰਗਤਾ ਮਮਤਾ ਜਾਲ ਦੇਵੇ **ਅਥਵਾ** ਬ੍ਰਹਮ ਅਭਿਆਸ ਅਗਨੀ ਕਰ ਕੇ ਹਉਮੈ = ਹੰਗਤਾ ਮਮਤਾ ਮਾਇਆ ਆਦਿਕ ਨੂੰ ਜਾਲ ਦੇਵੇ।

## ਮੇਰਾ ਪ੍ਰਭੁ ਸਾਚਾ; ਮੇਲਿ ਮਿਲਾਏ ॥੬॥

ਉਸ ਨੂੰ ਮੇਰਾ ਸਾਚਾ = ਸੱਚਾ ਪ੍ਰਭੁ = ਹਰੀ ਅਕਾਲ ਪੁਰਖ ਆਪਣੇ ਮੇਲ ਵਿਚ ਮਿਲਾਏ = ਮਿਲਾ ਲੈਂਦਾ ਹੈ ॥੬॥

## ਸਤਿਗੁਰੁ ਦਾਤਾ; ਸਬਦੁ ਸੁਣਾਏ ॥ ਧਾਵਤੁ ਰਾਖੈ; ਠਾਕਿ ਰਹਾਏ ॥

ਜਿਸ ਨੂੰ ਸਤਿਗੁਰੂ ਨਾਮ ਦੇ ਦਾਤੇ ਸਬਦੁ = ਉਪਦੇਸ਼ ਸੁਣਾਏ = ਸੁਣਾਉਂਦੇ ਹਨ। ਉਹ ਧਾਵਤੁ = ਦੌੜਦੀਆਂ ਇੰਦਰੀਆਂ ਨੂੰ ਰੋਕ ਕੇ ਰਾਖੈ = ਰੱਖਦੇ ਹਨ **ਵਾ:** ਜੋ ਮਨ ਰਾਤ ਦਿਨੇ ਵਿਸ਼ਿਆਂ ਵਿਚ ਧਾਵਤੁ = ਦੌੜਦਾ ਹੈ, ਇਸ ਨੂੰ ਵੀ ਠਾਕਿ = ਰੋਕ ਕੇ ਰਹਾਏ = ਰੱਖਦੇ ਹਨ।

## ਪੂਰੇ ਗੁਰ ਤੇ; ਸੋਝੀ ਪਾਏ ॥੭॥

ਮਨ ਅਤੇ ਇੰਦ੍ਰੀਆਂ ਨੂੰ ਵਸ ਵਿਚ ਰੱਖਣਾ, ਇਹ ਪੂਰੇ = ਪੂਰਿਆਂ ਗੁਰਾਂ ਤੇ = ਤੋਂ ਸੋਝੀ = ਸਮਝ ਪਾਏ = ਪੈਂਦੀ ਹੈ **ਵਾ:** ਉਹ ਪੂਰੇ = ਪੂਰਿਆਂ ਗੁਰਾਂ ਤੋਂ ਆਤਮਿਕ ਗਿਆਨ ਨੂੰ ਪਾਏ = ਪਾਈਦਾ ਹੈ ॥੭॥

## ਆਪੇ ਕਰਤਾ; ਸ੍ਰਿਸਟਿ ਸਿਰਜਿ ਜਿਨਿ ਗੋਈ ॥

ਆਪ ਹੀ ਜਗਤ ਦਾ ਕਰਤਾ ਪਰਮੇਸ਼ਰ ਹੈ, ਜਿਨਿ = ਜਿਸ ਨੇ ਸ੍ਰਿਸਟਿ = ਦੁਨੀਆਂ ਨੂੰ ਸਿਰਜਿ = ਰਚ ਕੇ ਪਾਲਣਾ ਕੀਤੀ ਅਤੇ ਫਿਰ ਗੋਈ = ਬੁਲਾਈ, ਮਿਲਾਈ, ਛਪਾਈ ਭਾਵ ਨਾਸ ਕਰਨਾ ਕੀਤੀ ਹੈ।

## ਤਿਸੁ ਬਿਨੁ; ਦੂਜਾ ਅਵਰੁ ਨ ਕੋਈ ॥

ਤਿਸੁ = ਉਸ ਵਾਹਿਗੁਰੂ ਤੋਂ ਬਿਨੁ = ਬਗ਼ੈਰ ਅਵਰੁ = ਹੋਰ ਕੋਈ ਦੂਜਾ ਨਹੀਂ ਹੈ।

## ਨਾਨਕ; ਗੁਰਮੁਖਿ ਬੂਝੈ ਕੋਈ ॥੮॥੬॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਕੋਈ ਵਿਰਲਾ ਹੀ ਗੁਰਮੁਖ ਗੁਰਾਂ ਦੁਆਰਾ ਉਸ ਵਾਹਿਗੁਰੂ ਨੂੰ ਬੂਝੈ = ਸਮਝਦਾ ਹੈ ॥੮॥੬॥

## ਗਉੜੀ, ਮਹਲਾ ੩ ॥

## ਨਾਮੁ ਅਮੋਲਕੁ; ਗੁਰਮੁਖਿ ਪਾਵੈ ॥ ਨਾਮੋ ਸੇਵੇ; ਨਾਮਿ ਸਹਜਿ ਸਮਾਵੈ ॥

ਹੇ ਭਾਈ! ਹਰੀ ਪਰਮੇਸ਼ਰ ਦਾ ਅਮੋਲਕੁ = ਮੁੱਲ ਤੋਂ ਰਹਿਤ ਨਾਮ ਗੁਰਮੁਖਾਂ ਦੀ ਸੰਗਤ ਕਰ ਕੇ ਪਾਵੈ = ਪਾਇਆ ਜਾਂਦਾ ਹੈ। ਜਿਹੜਾ ਜਗਿਆਸੂ ਜਨ ਪਰਮੇਸ਼ਰ ਦੇ ਨਾਮੋ = ਨਾਮ ਦਾ ਸੇਵੇ = ਚਿੰਤਨ ਕਰਦਾ ਹੈ, ਉਹ ਨਾਮੀ ਪਰਮੇਸ਼ਰ ਵਿਚ ਸਹਜਿ = (ਸੁਤੇ-ਸਿਧ) ਸ਼ਾਂਤ ਰੂਪ ਹੋ ਕੇ ਸਮਾਵੈ = ਸਮਾ ਜਾਂਦਾ ਹੈ।

## ਅੰਮ੍ਰਿਤੁ ਨਾਮੁ; ਰਸਨਾ ਨਿਤ ਗਾਵੈ ॥
## ਜਿਸ ਨੋ ਕ੍ਰਿਪਾ ਕਰੇ; ਸੋ ਹਰਿ ਰਸੁ ਪਾਵੈ ॥੧॥

ਅੰਮ੍ਰਿਤ ਨਾਮ ਨੂੰ ਨਿਤ = ਹਮੇਸ਼ਾ ਹੀ ਰਸਨਾ = ਜੀਭਾ ਨਾਲ ਗਾਵੈ = ਗਾਉਂਦਾ ਰਹੇ, ਰਸਨਾ ਨੂੰ ਨਿੰਦਿਆ ਚੁਗਲੀ ਵਾਸਤੇ ਵਿਹਲੀ ਨਾ ਰੱਖੇ। ਜਿਸ ਨੋ = ਜਿਨ੍ਹਾਂ ਉੱਤੇ ਪਰਮੇਸ਼ਰ ਕਿਰਪਾ ਦ੍ਰਿਸ਼ਟੀ ਕਰੇ = ਕਰਦਾ ਹੈ, ਸੋ = ਉਹ ਹਰਿ = ਹਰੀ ਪਰਮੇਸ਼ਰ ਦੇ ਆਤਮ ਰਸ ਨੂੰ ਪਾਵੈ = ਪਾਉਂਦਾ ਹੈ ॥੧॥

## ਅਨਦਿਨੁ; ਹਿਰਦੈ ਜਪਉ ਜਗਦੀਸਾ ॥

ਹੇ ਭਾਈ ! ਜਗਦੀਸਾ = ਪਰਮੇਸ਼ਰ ਦੇ ਨਾਮ ਨੂੰ ਹਿਰਦੇ ਵਿਚ ਅਨਦਿਨੁ = ਰਾਤ ਦਿਨ ਜਪਉ = ਜਪਣਾ ਕਰੋ।

## ਗੁਰਮੁਖਿ ਪਾਵਉ; ਪਰਮ ਪਦੁ ਸੂਖਾ ॥੧॥ਰਹਾਉ॥

ਜਿਸ ਕਰਕੇ ਗੁਰਮੁਖਾਂ ਦੀ ਸੰਗਤ ਦੁਆਰਾ ਪਰਮ = ਵੱਡੀ ਸ੍ਰੇਸ਼ਟ ਪਦੁ = ਪਦਵੀ ਦੇ ਸੂਖਾ = ਸੁੱਖਾਂ ਨੂੰ ਤੁਸੀਂ ਪਾਵਉ = ਪਾ ਲਵੋਗੇ ॥੧॥ਰਹਾਉ॥

## ਹਿਰਦੈ; ਸੂਖੁ ਭਇਆ ਪਰਗਾਸੁ ॥ ਗੁਰਮੁਖਿ ਗਾਵਹਿ; ਸਚੁ ਗੁਣਤਾਸੁ ॥

ਉਸ ਦੇ ਹਿਰਦੈ = ਅੰਤਸ਼ਕਰਨ ਵਿਚ ਸੂਖੁ = ਸੁੱਖ ਸਰੂਪ ਦੇ ਗਿਆਨ ਦਾ ਪਰਗਾਸੁ = ਪ੍ਰਕਾਸ਼ ਭਇਆ = ਹੋਇਆ ਹੈ **ਵਾ:** ਉਸ ਨੂੰ ਹਿਰਦੇ ਵਿੱਚੋਂ ਹੀ ਸੁਖ ਰੂਪ ਪ੍ਰਭੂ ਦਾ ਪਰਗਾਸੁ = ਪ੍ਰਕਾਸ਼ ਭਇਆ = ਹੋਇਆ ਹੈ। ਜਿਸ ਨੇ ਗੁਰਮੁਖਿ = ਮੁਖੀ ਗੁਰਾਂ ਦੁਆਰਾ ਉਸ ਸਚੁ = ਸੱਚੇ ਗੁਣ+ਤਾਸ = ਗੁਣਾਂ ਦੇ ਤਾਸ = ਮਾਲਕ (ਫ਼ਾਰਸੀ ਵਿਚ ਤਾਸ = ਮਾਲਕ) ਪ੍ਰਭੂ ਦੇ ਜਸ ਨੂੰ ਗਾਵਹਿ = ਗਾਉਣਾ ਕੀਤਾ ਹੈ।

## ਦਾਸਨਿ ਦਾਸ; ਨਿਤ ਹੋਵਹਿ ਦਾਸੁ ॥ ਗ੍ਰਿਹ ਕੁਟੰਬ ਮਹਿ; ਸਦਾ ਉਦਾਸੁ ॥੨॥

ਜੋ ਪਰਮੇਸ਼ਰ ਦੇ ਦਾਸਨਿ = ਦਾਸਾਂ ਦੇ ਦਾਸ ਹਨ, ਮਨ, ਬਾਣੀ ਸਰੀਰ ਕਰ ਕੇ ਨਿਤ = ਨਿਤਾਪ੍ਰਤੀ ਉਨ੍ਹਾਂ ਦਾ ਵੀ ਦਾਸ ਹੋਵਹਿ = ਹੋ ਕੇ ਰਹਿਣਾ ਕਰੇ। ਆਪਣੇ ਗ੍ਰਿਹ = ਘਰ ਅਤੇ ਕੁਟੰਬ = ਪਰਿਵਾਰ ਮਹਿ = ਵਿਚ ਸਦਾ = ਹਮੇਸ਼ਾ ਉਦਾਸੁ = ਉਪਰਾਮ, ਭਾਵ ਨਿਰਲੇਪ ਰਹਿਣਾ ਕਰੇ ॥੨॥

## ਜੀਵਨ ਮੁਕਤੁ; ਗੁਰਮੁਖਿ ਕੋ ਹੋਈ ॥

ਐਸਾ ਜੀਵਨ = ਜਿਊਂਦਾ ਮੁਕਤ ਕੋ = ਕੋਈ ਵਿਰਲਾ ਗੁਰਮੁਖ ਹੀ ਹੋਈ = ਹੁੰਦਾ ਹੈ।

## ਪਰਮ ਪਦਾਰਥੁ; ਪਾਵੈ ਸੋਈ ॥

ਸੋਈ = ਉਹ ਪਰਮ = ਵੱਡਾ ਆਤਮਿਕ ਅਨੰਦ, ਵਿਦੇਹ ਮੁਕਤੀ ਰੂਪ ਪਦਾਰਥ ਪਾਵੈ = ਪਾ ਲੈਂਦਾ ਹੈ **ਵਾ:** ਬ੍ਰਹਮ ਗਿਆਨ ਰੂਪੀ ਪਦਾਰਥ ਨੂੰ ਪਾ ਲੈਂਦਾ ਹੈ।

## ਤ੍ਰੈ ਗੁਣ ਮੇਟੇ; ਨਿਰਮਲੁ ਹੋਈ ॥

ਉਹ ਗੁਰਮੁਖ ਜਨ ਤ੍ਰੈ = ਤਿੰਨਾਂ ਗੁਣਾਂ ਦੀ ਉਪਾਸ਼ਨਾ ਨੂੰ ਮੇਟੇ = ਮੇਟ ਕੇ ਨਿਰਮਲੁ = ਉੱਜਲ ਹੋਈ = ਹੋ ਜਾਂਦਾ ਹੈ।

## ਸਹਜੇ ਸਾਚਿ; ਮਿਲੈ ਪ੍ਰਭੁ ਸੋਈ ॥੩॥

ਸੋਈ = ਉਹ ਸਹਜੇ = ਸੁਤੇ-ਸਿਧ ਸਾਚਿ = ਸੱਚੇ ਪ੍ਰਭੂ = ਪਰਮੇਸ਼ਰ ਨਾਲ ਮਿਲੈ = ਮਿਲ ਜਾਂਦਾ ਹੈ ॥੩॥

## ਮੋਹ ਕੁਟੰਬ ਸਿਉ; ਪ੍ਰੀਤਿ ਨ ਹੋਇ ॥ ਜਾ ਹਿਰਦੈ ਵਸਿਆ; ਸਚੁ ਸੋਇ ॥

ਉਸ ਦੇ ਹਿਰਦੇ ਵਿਚ ਕੁਟੰਬ = ਪਰਿਵਾਰ ਦੇ ਸਿਉ = ਨਾਲ ਰਹਿੰਦਿਆਂ ਮੋਹ ਤੇ ਮਨ, ਬਾਣੀ, ਸਰੀਰ ਕਰ ਕੇ ਪ੍ਰੀਤੀ ਨ = ਨਹੀਂ ਹੋਇ = ਹੁੰਦੀ **ਵਾ:** ਪਰਿਵਾਰ ਦੇ ਨਾਲ ਮੋਹ ਵਾਲੀ ਪ੍ਰੀਤੀ ਨ = ਨਹੀਂ ਹੋਇ = ਹੁੰਦੀ। ਜਾ = ਜਿਸ ਦੇ ਹਿਰਦੈ = ਅੰਤਸ਼ਕਰਨ ਵਿਚ ਸੋਇ = ਉਹ ਸੱਚਾ ਵਾਹਿਗੁਰੂ ਆਪ ਵਸਿਆ = ਵੱਸ ਜਾਂਦਾ ਹੈ।

## ਗੁਰਮੁਖਿ ਮਨੁ ਬੇਧਿਆ; ਅਸਥਿਰੁ ਹੋਇ ॥

ਗੁਰਮੁਖ ਜਨਾਂ ਦਾ ਮਨ ਵਾਹਿਗੁਰੂ ਦੇ ਪ੍ਰੇਮ ਵਿਚ ਬੇਧਿਆ = ਵਿੰਨ੍ਹਿਆ ਗਿਆ ਹੈ ਜਿਸ ਕਰਕੇ ਅਸਥਿਰੁ = ਇਸਥਿਤ ਹੋਇ = ਹੋ ਗਿਆ ਹੈ।

## ਹੁਕਮੁ ਪਛਾਣੈ; ਬੂਝੈ ਸਚੁ ਸੋਇ ॥੪॥

ਜਿਹੜਾ ਗੁਰਾਂ ਦੇ ਹੁਕਮ ਨੂੰ ਪਛਾਣੈ = ਪਛਾਣਦਾ ਹੈ, ਸੋਇ = ਉਹ ਸੱਚੇ ਨੂੰ ਬੂਝੈ = ਸਮਝ ਲੈਂਦਾ ਹੈ ॥੪॥

## ਤੂੰ ਕਰਤਾ; ਮੈ ਅਵਰੁ ਨ ਕੋਇ ॥

ਹੇ ਮਹਾਰਾਜ ! ਤੂੰ ਹੀ ਕਰਤਾ ਪੁਰਖ ਹੈਂ, ਮੈ = ਮੈਨੂੰ ਆਪ ਤੋਂ ਬਿਨਾਂ ਅਵਰੁ = ਹੋਰ ਕੋਇ = ਕੋਈ ਆਸਰਾ ਨ = ਨਹੀਂ ਹੈ।

## ਤੁਝੁ ਸੇਵੀ; ਤੁਝ ਤੇ, ਪਤਿ ਹੋਇ ॥

ਮੈਂ ਤੁਝੁ = ਤੁਹਾਨੂੰ ਸੇਵੀ = ਸੇਂਵਦਾ ਹਾਂ ਅਤੇ ਤੁਝ = ਤੁਹਾਡੇ ਤੋਂ ਹੀ ਪਤਿ = ਇੱਜ਼ਤ ਦੀ ਪ੍ਰਾਪਤੀ ਹੋਇ = ਹੋਣੀ ਹੈ।

## ਕਿਰਪਾ ਕਰਹਿ; ਗਾਵਾ ਪ੍ਰਭੁ ਸੋਇ ॥

ਹੇ ਪ੍ਰਭੁ = ਅਕਾਲ ਪੁਰਖ ! ਜੇ ਤੁਸੀਂ ਕਿਰਪਾ = ਦਇਆ ਦ੍ਰਿਸ਼ਟੀ ਕਰਹਿ = ਕਰੋਂ, ਤਾਂ ਮੈਂ ਤੇਰੇ ਸੋਇ = ਉਸ ਸੱਚੇ ਨਾਮ ਨੂੰ ਗਾਵਾ = ਗਾਵਣਾ ਕਰਾਂ।

## ਨਾਮ ਰਤਨੁ; ਸਭ ਜਗ ਮਹਿ ਲੋਇ ॥੫॥

ਇਹ ਤੁਹਾਡਾ ਨਾਮ ਰੂਪੀ ਰਤਨ ਸਭ = ਸਾਰੇ ਜਗ = ਜਗਤ ਮਹਿ = ਵਿਚ ਲੋਇ = ਪ੍ਰਕਾਸ਼ ਕਰਨ ਵਾਲਾ ਹੈ ॥੫॥

## ਗੁਰਮੁਖਿ ਬਾਣੀ; ਮੀਠੀ ਲਾਗੀ ॥ ਅੰਤਰੁ ਬਿਗਸੈ; ਅਨਦਿਨੁ ਲਿਵ ਲਾਗੀ ॥

ਗੁਰਮੁਖਾਂ ਦੀ ਬਾਣੀ ਮੀਠੀ = ਪਿਆਰੀ ਲਾਗੀ = ਲੱਗਦੀ ਹੈ। ਉਨ੍ਹਾਂ ਦਾ ਅੰਤਰੁ = ਅੰਤਸ਼ਕਰਨ ਬਿਗਸੈ = ਖਿੜ ਪੈਂਦਾ ਹੈ ਤੇ ਅਨਦਿਨੁ = ਰਾਤ ਦਿਨੇ ਪਰਮੇਸ਼ਰ ਵਿਚ ਲਿਵ = ਬਿਰਤੀ ਲਾਗੀ = ਲੱਗ ਜਾਂਦੀ ਹੈ, ਭਾਵ ਵਾਹਿਗੁਰੂ ਨਾਲ ਸੁਰਤ ਜੁੜ ਜਾਂਦੀ ਹੈ।

## ਸਹਜੇ ਸਚੁ ਮਿਲਿਆ; ਪਰਸਾਦੀ ॥

ਉਨ੍ਹਾਂ ਨੂੰ ਸੱਚਾ ਪਰਸਾਦੀ = ਅਨੰਦ ਸਰੂਪ ਸਹਜੇ = ਸੁਭਾਵਿਕ ਹੀ ਮਿਲਿਆ = ਮਿਲ ਗਿਆ ਹੈ **ਵਾ:** ਉਨ੍ਹਾਂ ਨੂੰ ਸਹਜੇ = ਸੁਤੇ-ਸਿਧ ਹੀ ਸੱਚ ਮਿਲ ਗਿਆ ਹੈ, ਜੋ (ਪਰ+ਸਾਦੀ) ਸਾਦੀ = ਸੁਆਦਾਂ ਤੋਂ ਪਰ = ਪਰ੍ਹੇ ਹੈ।

## ਸਤਿਗੁਰੁ ਪਾਇਆ; ਪੂਰੈ ਵਡਭਾਗੀ ॥੬॥

ਜਿਨ੍ਹਾਂ ਨੇ ਸਤਿਗੁਰਾਂ ਨੂੰ ਪਾਇਆ = ਪਾ ਲਿਆ ਹੈ, ਉਨ੍ਹਾਂ ਨੂੰ ਪੂਰੈ = ਪੂਰਨ ਵਡਭਾਗੀ = ਵੱਡਿਆਂ ਭਾਗਾਂ ਵਾਲੇ ਪੁਰਖ ਜਾਨਣਾ ਕਰੋ ॥੬॥

## ਹਉਮੈ ਮਮਤਾ; ਦੁਰਮਤਿ ਦੁਖ ਨਾਸੁ ॥

ਤਦੋਂ ਹਉਮੈ = ਹੰਗਤਾ, ਮਮਤਾ ਦੁਰਮਤਿ = ਖੋਟੀ ਮੱਤ ਤੇ ਜੰਮਣ ਮਰਣ ਦੇ ਆਦਿਕ ਸਾਰੇ ਦੁਖ ਨਾਸ਼ ਹੋ ਜਾਂਦੇ ਹਨ।

## ਜਬ ਹਿਰਦੈ; ਰਾਮ ਨਾਮ ਗੁਣਤਾਸੁ ॥

ਜਬ = ਜਦੋਂ ਹਿਰਦੈ = ਚਿੱਤ ਵਿਚ ਗੁਣਤਾਸੁ = ਗੁਣਾਂ ਦੇ ਮਾਲਕ ਰਾਮ = ਪਰਮਾਤਮਾ ਦਾ ਨਾਮ ਆ ਕੇ ਵਸ ਜਾਂਦਾ ਹੈ।

## ਗੁਰਮੁਖਿ ਬੁਧਿ ਪ੍ਰਗਟੀ; ਪ੍ਰਭ ਜਾਸੁ ॥

ਪ੍ਰਭੁ = ਹਰੀ ਵਾਹਿਗੁਰੂ ਦੇ ਜਾਸੁ = ਜਸ ਕਰਨ ਵਾਲੀ ਗੁਰਮੁਖਾਂ ਨੂੰ ਸ੍ਰੇਸ਼ਟ ਬੁਧਿ =ਬੁੱਧੀ ਪ੍ਰਗਟੀ = ਉਜਾਗਰ ਹੋ ਗਈ ਹੈ **ਵਾ:** ਜਿਨ੍ਹਾਂ ਗੁਰਮੁਖਾਂ ਨੂੰ ਪ੍ਰਭ = ਵਾਹਿਗੁਰੂ ਦੇ ਜਸ ਕਰਨ ਵਾਲੀ ਬੁੱਧੀ ਪ੍ਰਗਟੀ = ਪੈਦਾ ਹੋ ਗਈ, ਉਹ ਵਾਹਿਗੁਰੂ ਪਰਮੇਸ਼ਰ ਨੂੰ ਜਾਸੁ = ਜਾਣ ਲੈਂਦੇ ਹਨ।

## ਜਬ ਹਿਰਦੈ ਰਵਿਆ; ਚਰਣ ਨਿਵਾਸੁ ॥੭॥

ਜਬ = ਜਦੋਂ ਹਿਰਦੇ ਵਿਚ ਨਾਮ ਰਵਿਆ = ਉਚਾਰਿਆ ਤਾਂ ਝੱਟ ਪਰਮੇਸ਼ਰ ਦੇ ਚਰਨਾਂ ਵਿਚ ਨਿਵਾਸ ਹੋ ਜਾਂਦਾ ਹੈ, ਭਾਵ ਚਰਨਾਂ ਵਿਚ ਮਨ ਦਾ ਟਿਕਾਅ ਹੋ ਜਾਂਦਾ ਹੈ ॥੭॥

## ਜਿਸੁ ਨਾਮੁ ਦੇਇ; ਸੋਈ ਜਨੁ ਪਾਏ ॥

ਜਿਸ ਨੂੰ ਮਹਾਰਾਜ ਨਾਮ ਦੀ ਦਾਤ ਦੇਇ = ਦਿੰਦੇ ਹਨ, ਸੋਈ = ਉਹੀ ਜਨੁ = ਪੁਰਖ ਨਾਮ ਦੀ ਦਾਤ ਨੂੰ ਪਾਏ = ਪਾਉਂਦੇ ਹਨ।

## ਗੁਰਮੁਖਿ ਮੇਲੇ; ਆਪੁ ਗਵਾਏ ॥

ਉਨ੍ਹਾਂ ਗੁਰਮੁਖਾਂ ਨੂੰ ਵਾਹਿਗੁਰੂ ਪਰਮੇਸ਼ਰ ਆਪਣੇ ਸਰੂਪ ਵਿਚ ਮੇਲੇ = ਮਿਲਾ ਲੈਂਦੇ ਹਨ, ਜਿਹੜੇ ਆਪਾ-ਭਾਵ ਅੰਦਰੋਂ ਗਵਾਏ = ਗਵਾ ਦਿੰਦੇ ਹਨ।

## ਹਿਰਦੈ; ਸਾਚਾ ਨਾਮੁ ਵਸਾਏ ॥

ਜਿਹੜਾ ਹਿਰਦੈ = ਅੰਤਸ਼ਕਰਨ ਵਿਚ ਸਾਚਾ = ਸੱਚੇ ਨਾਮ ਨੂੰ ਵਸਾਏ = ਵਸਾਉਂਦਾ ਹੈ।

## ਨਾਨਕ; ਸਹਜੇ ਸਾਚਿ ਸਮਾਏ ॥੮॥੭॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਸਹਜੇ = ਸੁਭਾਵਿਕ ਹੀ ਸਾਚਿ = ਸੱਚ ਸਰੂਪ ਵਾਹਿਗੁਰੂ ਵਿਚ ਸਮਾਏ = ਸਮਾ ਭਾਵ ਲੀਨ ਹੋ ਜਾਂਦਾ ਹੈ ॥੮॥੭॥

## ਗਉੜੀ, ਮਹਲਾ ੩ ॥

## ਮਨ ਹੀ ਮਨੁ ਸਵਾਰਿਆ; ਭੈ ਸਹਜਿ ਸੁਭਾਇ ॥

ਜਿਸ ਨੇ ਗੁਰੂ ਸਾਹਿਬ ਦੇ ਮਨੁ = ਮੰਤ੍ਰ ਨਾਲ ਹੀ ਅਸ਼ੁੱਧ ਮਨ ਨੂੰ ਸ਼ੁੱਧ ਅੰਤਸ਼ਕਰਣ ਦੁਆਰਾ ਸਵਾਰਿਆ = ਸਵਾਰ ਲਿਆ ਹੈ, ਉਸ ਨੇ ਸਹਜਿ = ਸੁਤੇ-ਸਿਧ ਹੀ ਸ਼ਾਂਤੀ ਸੁਭਾਇ = ਸੁਭਾਅ ਤੇ ਭੈ = ਡਰ ਨੂੰ ਧਾਰਨ ਕੀਤਾ ਹੈ **ਵਾ:** ਜਿਸ ਨੇ ਪਰਮੇਸ਼ਰ ਦੇ ਭੈ ਦੇ ਸੰਯੁਕਤ ਹੋ ਕੇ ਸਹਜਿ ਸੁਭਾਇ = ਸੁਤੇ ਸਿੱਧ ਸੁਭਾਵਿਕ ਹੀ ਆਤਮਿਕ ਅਡੋਲਤਾ ਵਿਚ ਟਿਕ ਕੇ ਆਪਣੇ ਅਸ਼ੁੱਧ ਮਨ ਨੂੰ ਅੰਤਰ ਆਤਮੇ ਸ਼ੁਭ ਗੁਣਾਂ ਦੇ ਨਾਲ ਸਵਾਰਿਆ = ਸੁੰਦਰ ਬਣਾ ਲਿਆ ਹੈ।

[ਅੰਗ ੨੩੩]

## ਸਬਦਿ ਮਨੁ ਰੰਗਿਆ; ਲਿਵ ਲਾਇ ॥
## ਨਿਜ ਘਰਿ ਵਸਿਆ; ਪ੍ਰਭ ਕੀ ਰਜਾਇ ॥੧॥

ਜਿਸ ਨੇ ਸਬਦਿ = ਉਪਦੇਸ਼ ਵਿਚ ਲਿਵ = ਬਿਰਤੀ ਨੂੰ ਲਾਇ = ਲਾ ਕੇ ਮਨ ਨੂੰ ਪ੍ਰੇਮ ਰੰਗ ਵਿਚ ਰੰਗਿਆ = ਰੰਗ ਲਿਆ ਹੈ। ਅਤੇ ਪ੍ਰਭ = ਵਾਹਿਗੁਰੂ ਅਕਾਲ ਪੁਰਖ ਕੀ = ਦੀ ਰਜਾਇ = ਆਗਿਆ ਮੰਨੀ ਹੈ, ਉਹ ਨਿਜ = ਆਪਣੇ ਸਰੂਪ ਰੂਪੀ ਘਰ ਵਿਚ ਵਸਿਆ = ਵਸ ਗਿਆ ਹੈ ॥੧॥

## ਸਤਿਗੁਰੁ ਸੇਵਿਐ; ਜਾਇ ਅਭਿਮਾਨੁ ॥

ਸਤਿਗੁਰੂ ਸਾਹਿਬ ਜੀ ਦੀ ਸੇਵਿਐ = ਟਹਿਲ ਕਰਕੇ ਦੇਹ, ਗੁਣਾਂ ਆਦਿ ਦਾ ਅਭਿਮਾਨੁ = ਹੰਕਾਰ ਚਲਿਆ ਜਾਇ = ਜਾਂਦਾ ਹੈ।

## ਗੋਵਿਦੁ ਪਾਈਐ; ਗੁਣੀ ਨਿਧਾਨੁ ॥੧॥ਰਹਾਉ॥

ਜੋ ਗੋਵਿਦੁ = ਪਰਮੇਸ਼ਰ ਗੁਣੀ = ਗੁਣਾਂ ਦਾ ਨਿਧਾਨੁ = ਖ਼ਜ਼ਾਨਾ ਹੈ, ਉਸ ਨੂੰ ਪਾਈਐ = ਪਾ ਲਈਦਾ ਹੈ ॥੧॥ਰਹਾਉ॥

## ਮਨੁ ਬੈਰਾਗੀ; ਜਾ ਸਬਦਿ ਭਉ ਖਾਇ ॥

ਇਹ ਮਨ ਬੈਰਾਗੀ = ਵੈਰਾਗਵਾਨ ਉਦੋਂ ਬਣਦਾ ਹੈ, ਜਾ = ਜਦੋਂ ਸਬਦਿ = ਗੁਰਾਂ ਦੇ ਉਪਦੇਸ਼ ਦਾ ਭਉ = ਡਰ ਖਾਇ = ਧਾਰਨ ਕਰੇ, ਭਾਵ ਵੈਰਾਗ ਦੇ ਸਹਿਤ ਮਨ ਉਦੋਂ ਹੁੰਦਾ ਹੈ, ਜਦੋਂ ਪਰਮੇਸ਼ਰ ਨੂੰ ਹਾਜ਼ਰ ਨਾਜ਼ਰ ਜਾਣ ਕੇ ਡਰ ਖਾਇ = ਖਾਵੇ।

## ਮੇਰਾ ਪ੍ਰਭੁ ਨਿਰਮਲਾ; ਸਭਤੈ ਰਹਿਆ ਸਮਾਇ ॥

(ਦੂਸਰਾ ਪਾਠ **ਸਭ ਤੈ** ਹੈ)

ਮੇਰਾ ਨਿਰਮਲਾ = ਉੱਜਲ ਸਰੂਪ ਪ੍ਰਭੁ = ਵਾਹਿਗੁਰੂ ਸਭਤੈ = ਸਾਰੇ ਅਸਥਾਨਾਂ ਵਿਚ ਸਮਾਇ = ਸਮਾ ਰਹਿਆ = ਰਿਹਾ ਹੈ।

## ਗੁਰ ਕਿਰਪਾ ਤੇ; ਮਿਲੈ ਮਿਲਾਇ ॥੨॥

ਗੁਰਾਂ ਦੀ ਕਿਰਪਾ = ਦਇਆ ਦ੍ਰਿਸ਼ਟੀ ਤੇ = ਤੋਂ ਹੀ ਉਸ ਪਰਮੇਸ਼ਰ ਨਾਲ ਮਿਲਾਇ = ਮਿਲਾਇਆ ਹੋਇਆ ਮਿਲੈ = ਮਿਲਦਾ ਹੈ ॥੨॥

## ਹਰਿ ਦਾਸਨ ਕੋ ਦਾਸੁ; ਸੁਖੁ ਪਾਏ ॥

ਜੋ ਹਰਿ = ਪਰਮੇਸ਼ਰ ਦੇ ਦਾਸਨ = ਸੇਵਕਾਂ ਕੋ = ਦਾ ਦਾਸੁ = ਸੇਵਕ ਬਣਦਾ ਹੈ, ਉਹੋ ਹੀ ਸੁਖੁ = ਅਨੰਦ ਸਰੂਪ ਨੂੰ ਪਾਏ = ਪਾਉਂਦਾ ਹੈ।

## ਮੇਰਾ ਹਰਿ ਪ੍ਰਭੁ; ਇਨ ਬਿਧਿ ਪਾਇਆ ਜਾਏ ॥

ਮੇਰਾ ਹਰਿ = ਹਰੀ ਪ੍ਰਭੂ ਸਮਰੱਥ ਹੋਣ ਕਰਕੇ ਇਨ = ਇਸ ਬਿਧਿ = ਤਰੀਕੇ ਨਾਲ ਪਾਇਆ ਜਾਏ = ਜਾਂਦਾ ਹੈ।

## ਹਰਿ ਕਿਰਪਾ ਤੇ; ਰਾਮ ਗੁਣ ਗਾਏ ॥੩॥

ਹਰਿ = ਅਕਾਲ ਪੁਰਖ ਦੀ ਕਿਰਪਾ ਦ੍ਰਿਸ਼ਟੀ ਤੇ = ਤੋਂ ਹੀ ਉਸ ਰਾਮ = ਪਰਮੇਸ਼ਰ ਦੇ ਗੁਣ ਗਾਏ ਜਾਂਦੇ ਹਨ ॥੩॥

## ਧ੍ਰਿਗੁ ਬਹੁ ਜੀਵਣੁ; ਜਿਤੁ ਹਰਿ ਨਾਮਿ ਨ ਲਗੈ ਪਿਆਰੁ ॥

ਉਸ ਬਹੁ = ਬਹੁਤੇ ਜੀਵਣੁ ਭਾਵ ਲੰਬੇਰੀ ਉਮਰ ਨੂੰ ਧ੍ਰਿਗ = ਧ੍ਰਿਕਾਰ ਹੈ ਜਿਤੁ = ਜਿਸ ਜੀਵਨ ਵਿਚ ਹਰਿ = ਹਰੀ ਵਾਹਿਗੁਰੂ ਦੇ ਨਾਮ ਨਾਲ ਪਿਆਰੁ = ਪ੍ਰੇਮ ਨਹੀਂ ਲਗੈ = ਲੱਗਿਆ।

## ਧ੍ਰਿਗੁ ਸੇਜ ਸੁਖਾਲੀ; ਕਾਮਣਿ ਮੋਹ ਗੁਬਾਰੁ ॥

ਅਗਿਆਨ ਦੇ ਗੁਬਾਰੁ = ਹਨੇਰੇ ਕਰਕੇ ਕਾਮਣਿ = ਇਸਤਰੀ ਦੇ ਨਾਲ ਮੋਹ ਕਰਨਾ ਅਤੇ ਸੁਖਾਲੀ = ਸੁੱਖਾਂ ਵਾਲੀ ਸੇਜਾਂ ਉੱਤੇ ਸੋਣਾ ਵੀ ਧ੍ਰਿਗੁ = ਧ੍ਰਿਕਾਰ ਯੋਗ ਹੈ **ਵਾ:**

## ਤਿਨ ਸਫਲੁ ਜਨਮੁ; ਜਿਨ ਨਾਮੁ ਅਧਾਰੁ ॥੪॥

ਜਿਨ = ਜਿਨ੍ਹਾਂ ਨੂੰ ਪਰਮੇਸ਼ਰ ਦੇ ਨਾਮ ਦਾ ਅਧਾਰੁ = ਆਸਰਾ ਹੈ, ਤਿਨ = ਉਨ੍ਹਾਂ ਦਾ ਹੀ ਮਨੁੱਖਾ ਜਨਮ ਸਫਲੁ = ਸਹਿਤ ਗਿਆਨ ਫਲ ਦੇ ਹੈ ॥੪॥

## ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ; ਜਿਤੁ ਹਰਿ ਪ੍ਰੀਤਿ ਨ ਹੋਇ ॥

ਉਸ ਗ੍ਰਿਹੁ = ਘਰ ਨੂੰ ਧ੍ਰਿਗੁ = ਧ੍ਰਿਕਾਰ, ਉਸ ਕੁਟੰਬੁ = ਪਰਿਵਾਰ ਨੂੰ ਵੀ ਧ੍ਰਿਗੁ = ਧ੍ਰਿਕਾਰ ਹੈ, ਜਿਤੁ = ਜਿਸ ਵਿਚ ਹਰਿ = ਵਾਹਿਗੁਰੂ ਦੀ ਪ੍ਰੀਤਿ = ਪ੍ਰੀਤੀ ਨ = ਨਹੀਂ ਹੋਇ = ਹੁੰਦੀ **ਵਾ:** ਉਹ ਗ੍ਰਿਹਿਸਥ ਵੀ, ਕੁਟੰਬ ਵੀ ਧ੍ਰਿਕਾਰ ਯੋਗ ਹੈ, ਜਿਥੇ ਹਰੀ ਦੀ ਪ੍ਰੀਤੀ ਨਹੀਂ ਹੁੰਦੀ।

## ਸੋਈ ਹਮਾਰਾ ਮੀਤੁ; ਜੋ ਹਰਿ ਗੁਣ ਗਾਵੈ ਸੋਇ ॥

ਹਮਾਰਾ = ਸਾਡਾ ਤਾਂ ਸੋਈ = ਓਹੀ ਮੀਤੁ = ਸੱਜਣ ਮਿੱਤਰ ਹੈ, ਜੋ ਸੋਇ = ਉਸ ਹਰਿ = ਪਰਮੇਸ਼ਰ ਦੇ ਗੁਣਾਂ ਨੂੰ ਗਾਵੈ = ਗਾਉਂਦਾ ਹੈ।

## ਹਰਿ ਨਾਮ ਬਿਨਾ; ਮੈ ਅਵਰੁ ਨ ਕੋਇ ॥੫॥

ਹਰਿ = ਹਰੀ ਵਾਹਿਗੁਰੂ ਦੇ ਨਾਮ ਤੋਂ ਬਿਨਾ = ਬਗ਼ੈਰ ਮੈ = ਮੈਨੂੰ ਅਵਰੁ = ਹੋਰ ਕੋਇ = ਕੋਈ ਆਸਰਾ ਨ = ਨਹੀਂ ਹੈ ॥੫॥

## ਸਤਿਗੁਰ ਤੇ; ਹਮ ਗਤਿ ਪਤਿ ਪਾਈ ॥

ਹਮ = ਅਸੀਂ ਤਾਂ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਤੇ = ਤੋਂ ਹੀ ਗਤਿ = ਮੁਕਤੀ ਤੇ ਪਤਿ = ਇੱਜ਼ਤ ਪਾਈ ਹੈ।

## ਹਰਿ ਨਾਮੁ ਧਿਆਇਆ; ਦੂਖੁ ਸਗਲ ਮਿਟਾਈ ॥

ਹਰਿ = ਪਰਮੇਸ਼ਰ ਦੇ ਨਾਮ ਨੂੰ ਧਿਆਇਆ = ਧਿਆਉਣੇ ਕਰ ਕੇ ਸਗਲ = ਸਾਰੇ ਦੂਖੁ = ਦੁਖ ਮਹਾਰਾਜ ਨੇ ਮਿਟਾਈ = ਮੇਟ ਦਿੱਤੇ ਹਨ।

## ਸਦਾ ਅਨੰਦੁ; ਹਰਿ ਨਾਮਿ ਲਿਵ ਲਾਈ ॥੬॥

ਹਰਿ = ਪਰਮੇਸ਼ਰ ਦੇ ਨਾਮ ਵਿਚ ਲਿਵ = ਬਿਰਤੀ ਨੂੰ ਲਾਈ = ਲਾਉਣੇ ਕਰ ਕੇ ਸਦਾ = ਹਮੇਸ਼ਾਂ ਅਨੰਦ ਦੀ ਪ੍ਰਾਪਤੀ ਹੁੰਦੀ ਹੈ ॥੬॥

## ਗੁਰਿ ਮਿਲਿਐ; ਹਮ ਕਉ ਸਰੀਰ ਸੁਧਿ ਭਈ ॥

ਸਤਿਗੁਰਾਂ ਦੇ ਨਾਲ ਮਿਲਿਐ = ਮਿਲ ਕੇ ਹਮ = ਸਾਨੂੰ ਸਰੀਰ ਦੀ ਸੁਧਿ = ਗਿਆਤ ਭਈ = ਹੋਈ ਹੈ ਕਿ ਇਹ ਸਰੀਰ ਪਰਮੇਸ਼ਰ ਦੇ ਨਾਲ ਮਿਲਣ ਵਾਸਤੇ ਮਿਲਿਆ ਹੈ। ਸਾਨੂੰ ਇਸੇ ਸਰੀਰ ਦੇ ਹੁੰਦਿਆਂ ਪਰਮਾਤਮਾ ਨਾਲ ਮਿਲਾਪ ਕਰ ਲੈਣਾ ਚਾਹੀਦਾ ਹੈ **ਵਾ:** ਸਤਿਗੁਰਾਂ ਦੇ ਨਾਲ ਮਿਲ ਕਰਕੇ ਸਾਡੀ ਬਿਰਤੀ ਸਰੀਰ = ਦੇਹ ਅਭਿਮਾਨ ਵੱਲੋਂ ਛੁੱਟ ਕੇ ਸੁਧਿ = ਨਿਰਮਲ ਭਈ = ਹੋਈ ਹੈ।

## ਹਉਮੈ ਤ੍ਰਿਸਨਾ; ਸਭ ਅਗਨਿ ਬੁਝਈ ॥

(**ਬੁਝਈ** ਦਾ ਉਚਾਰਣ ਪੋਲਾ ਹੈ)

ਜਿਹੜਾ ਜਗਿਆਸੂ ਜਨ ਗੁਰੂ ਦੀ ਸ਼ਰਨ ਵਿਚ ਪੈਂਦਾ ਹੈ, ਉਸ ਦੇ ਅੰਦਰੋਂ ਹਉਮੈ = ਹੰਗਤਾ ਮਮਤਾ, ਰਸਾਂ ਕਸਾਂ ਦੀ ਤ੍ਰਿਸਨਾ ਰੂਪੀ ਅਗਨਿ = ਅੱਗ ਸਭ = ਸਾਰੀ ਬੁਝਈ = ਬੁਝ, ਨਾਸ ਜਾਂਦੀ ਹੈ।

## ਬਿਨਸੇ ਕ੍ਰੋਧ; ਖਿਮਾ ਗਹਿ ਲਈ ॥੭॥

ਉਸ ਦੇ ਅੰਦਰੋਂ ਕ੍ਰੋਧ ਆਦਿਕ ਬਿਨਸੇ = ਨਾਸ ਹੋ ਗਏ ਅਤੇ ਖਿਮਾ = ਨਿਮਰਤਾ ਗਹਿ = ਗ੍ਰਹਿਣ ਕਰ ਲਈ ਹੈ। ਜਿਵੇਂ ਕਮਜ਼ੋਰ ਆਦਮੀ ਨੂੰ ਮੁਆਫ਼ ਕਰ ਦੇਈਏ ਜੋ ਆਪ ਤੋਂ ਨਿਰਬਲ ਹੋਵੇ ਤਾਂ ਮਨ ਐਨਾ ਸ਼ਾਂਤ ਹੋ ਜਾਂਦਾ ਹੈ, ਇਤਨਾ ਸਕੂਨ ਮਿਲਦਾ ਹੈ, ਜਿਵੇਂ ਮੱਚਦੀ ਅੱਗ 'ਤੇ ਸੌ ਘੜਾ ਪਾਣੀ ਦਾ ਪੈ ਜਾਵੇ, ਐਸਾ ਸੁਖ ਪ੍ਰਾਪਤ ਹੁੰਦਾ ਹੈ ॥੭॥

## ਹਰਿ ਆਪੇ ਕ੍ਰਿਪਾ ਕਰੇ; ਨਾਮੁ ਦੇਵੈ ॥

ਜਿਨ੍ਹਾਂ 'ਤੇ ਹਰਿ = ਹਰੀ ਅਕਾਲ ਪੁਰਖ ਵਾਹਿਗੁਰੂ ਆਪ ਕਿਰਪਾ ਦ੍ਰਿਸ਼ਟੀ ਕਰੇ = ਕਰਦਾ ਹੈ, ਉਨ੍ਹਾਂ ਨੂੰ ਨਾਮ ਦਾ ਦਾਨ ਦੇਵੈ = ਦੇਣਾ ਕਰਦਾ ਹੈ।

## ਗੁਰਮੁਖਿ; ਰਤਨੁ ਕੋ ਵਿਰਲਾ ਲੇਵੈ ॥

ਕੋ = ਕੋਈ ਵਿਰਲਾ ਗੁਰਮੁਖ ਹੀ ਇਸ ਨਾਮ ਰੂਪੀ ਰਤਨ ਨੂੰ ਗੁਰਾਂ ਦੇ ਪਾਸੋਂ ਲੇਵੈ = ਲੈਣਾ ਕਰਦਾ ਹੈ।

## ਨਾਨਕੁ ਗੁਣ ਗਾਵੈ; ਹਰਿ ਅਲਖ ਅਭੇਵੈ ॥੮॥੮॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਹਰੀ ਅਸ਼ੁੱਧ ਮਨ ਕਰ ਕੇ ਅਲਖ = ਲਖਿਆ ਨਹੀਂ ਜਾਂਦਾ, ਗੁਰਾਂ ਤੋਂ ਬਿਨਾਂ ਅਭੇਵੈ = ਭੇਦ ਨਹੀਂ ਪਾਇਆ ਜਾਂਦਾ, ਉਸ ਵਾਹਿਗੁਰੂ ਦੇ ਗੁਣਾਂ ਨੂੰ ਹਰ ਵਕਤ ਗਾਵੈ = ਗਾਉਣਾ ਕਰੇ ॥੮॥੮॥

## ੧ੴ ਸਤਿਗੁਰ ਪ੍ਰਸਾਦਿ ॥

੧ = ਇਕ ਅਦ੍ਵੈਤ ਰੂਪ ਪਰਮੇਸ਼ਰ ੴ = ਸਰਬ ਦਾ ਪ੍ਰਕਾਸ਼ਕ ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ ਸਰੂਪ ਪ੍ਰਸਾਦਿ = ਅਨੰਦ ਸਰੂਪ ਹੈ **ਵਾ:** ਸਤਿਗੁਰਾਂ ਦੀ ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ।

## ਰਾਗੁ ਗਉੜੀ ਬੈਰਾਗਣਿ ਮਹਲਾ ੩ ॥

**ਉਥਾਨਕਾ :** ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਵਿਖੇ ਬਾਉਲੀ ਸਾਹਿਬ ਦੇ ਕਿਨਾਰੇ ਬਿਰਾਜਮਾਨ ਸਨ, ਸੰਗਤਾਂ ਦਰਸ਼ਨ ਕਰ ਕੇ ਨਿਹਾਲ ਹੋ ਰਹੀਆਂ ਸਨ। ਭਾਈ ਪਾਰੋ ਜੈਸੇ ਗੁਰਮੁਖ ਜਨ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੈਠੇ ਦਰਸ਼ਨ ਦੀਦਾਰੇ ਕਰ ਰਹੇ ਸਨ, ਭਾਈ ਪਾਰੋ ਜੀ ਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੋ ਗੁਰੂ ਸਾਹਿਬ ਜੀ ਤੋਂ ਬੇਮੁਖ ਹੁੰਦੇ ਹਨ, ਉਨ੍ਹਾਂ ਦਾ ਕੀ ਹਾਲ ਹੁੰਦਾ ਹੈ। ਗਉੜੀ ਰਾਗ ਦੀ ਬੈਰਾਗਣਿ ਜਾਤੀ ਵਿਚ ਮਹਲਾ ੩ = ਤੀਜੇ ਸਰੂਪ ਸ੍ਰੀ ਗੁਰੂ ਅਮਰਦਾਸ ਜੀ ਪ੍ਰਸ਼ਨਾਂ ਦਾ ਉੱਤਰ ਦਿੰਦਿਆਂ ਸ਼ਬਦ ਉਚਾਰਨ ਕਰਦੇ ਹਨ :

## ਸਤਿਗੁਰ ਤੇ ਜੋ ਮੁਹ ਫੇਰੇ; ਤੇ ਵੇਮੁਖ ਬੁਰੇ ਦਿਸੰਨਿ ॥

ਹੇ ਭਾਈ ! ਜੋ = ਜਿਹੜੇ ਸਤਿਗੁਰੂ ਤੇ = ਤੋਂ ਮੁਹ = ਮੂੰਹ ਫੇਰੇ = ਫੇਰ ਲੈਂਦੇ ਹਨ, ਪਰਮੇਸ਼ਰ ਦੇ ਹਜ਼ੂਰ ਪ੍ਰਣ ਕਰ ਕੇ ਜਾਣਾ ਕਿ ਅਸੀਂ ਇਹ ਸੇਵਾ ਕਰਾਂਗੇ, ਫਿਰ ਉਸ ਤੋਂ ਮੁੱਕਰ ਜਾਣਾ ਤੇ = ਉਹ ਗੁਰੂ ਵੱਲੋਂ ਵੇਮੁਖ = ਉਲਟੇ ਮੁਖ ਵਾਲੇ ਸੰਸਾਰ ਵਿਚ ਬਹੁਤ ਬੁਰੇ = ਭੈੜੇ ਮਨੁੱਖ ਦਿਸੰਨਿ = ਦਿਸਦੇ ਹਨ।

## ਅਨਦਿਨੁ ਬਧੇ ਮਾਰੀਅਨਿ; ਫਿਰਿ ਵੇਲਾ ਨਾ ਲਹੰਨਿ ॥੧॥

ਅਨਦਿਨੁ = ਰਾਤ ਦਿਨੇ ਮਾਇਆ ਦੇ ਮੋਹ ਦੇ ਬੰਧਨਾਂ ਵਿਚ ਬਧੇ = ਬੱਝੇ ਹੋਏ ਮਾਰੀਅਨਿ = ਮਾਰਾਂ ਖਾਂਦੇ ਹਨ, ਫਿਰ ਗੁਰਾਂ ਤੋਂ ਬਖ਼ਸ਼ਾਉਣ ਦਾ ਵੇਲਾ = ਸਮਾਂ ਨਹੀਂ ਲਹੰਨਿ = ਲੈ ਸਕਦੇ, ਭਾਵ ਲੱਭ ਸਕਦੇ ॥੧॥

## ਹਰਿ ਹਰਿ ਰਾਖਹੁ; ਕ੍ਰਿਪਾ ਧਾਰਿ ॥

ਹੇ ਹਰਿ = ਸਭ ਨੂੰ ਹਰੇ ਭਰੇ ਕਰਨ ਵਾਲੇ ਹਰਿ = ਹਰੀ ਪਰਮੇਸ਼ਰ ! ਆਪ ਕਿਰਪਾ ਧਾਰ ਕੇ ਮੈਨੂੰ ਰਾਖਹੁ = ਰੱਖਣਾ ਕਰੋ।

## ਸਤਸੰਗਤਿ ਮੇਲਾਇ ਪ੍ਰਭ;
## ਹਰਿ ਹਿਰਦੈ ਹਰਿ ਗੁਣ ਸਾਰਿ ॥੧॥ਰਹਾਉ॥

ਹੇ ਮੇਰੇ ਪ੍ਰਭ = ਵਾਹਿਗੁਰੂ ਆਪਣੀ ਸਤਿਸੰਗਤ ਨਾਲ ਸਾਨੂੰ ਮੇਲਾਇ = ਮਿਲਾਉਣਾ ਕਰੋ, ਜਿਸ ਕਰ ਕੇ ਹੇ ਪਾਪਾਂ ਦੇ ਹਰਿ = ਹਾਰਕ ਹਰਿ = ਪਰਮੇਸ਼ਰ ! ਮੈਂ ਤੇਰੇ ਗੁਣਾਂ ਨੂੰ ਸਾਰਿ = ਸੰਭਾਲਣਾ ਕਰਾਂ **ਵਾ:** ਤੇਰੇ ਗੁਣਾਂ ਦਾ ਭਲੀ ਪ੍ਰਕਾਰ ਉਚਾਰਨਾ ਕਰਾਂ ॥੧॥ਰਹਾਉ॥

## ਸੇ ਭਗਤ ਹਰਿ ਭਾਵਦੇ; ਜੋ ਗੁਰਮੁਖਿ ਭਾਇ ਚਲੰਨਿ ॥

ਸੇ = ਉਹ ਭਗਤ ਹਰਿ = ਹਰੀ ਅਕਾਲ ਪੁਰਖ ਨੂੰ ਭਾਵਦੇ = ਚੰਗੇ ਲੱਗਦੇ ਹਨ, ਜੋ ਗੁਰਮੁਖਾਂ ਦੀ ਸੰਗਤ ਵਿਚ ਮਿਲ ਕੇ ਪਰਮੇਸ਼ਰ ਦੀ ਭਾਇ = ਆਗਿਆ ਅਨੁਸਾਰ ਹੋ ਕੇ ਚਲੰਨਿ = ਚੱਲਦੇ ਹਨ।

ਹੇ ਮਹਾਰਾਜ! ਪਰਮੇਸ਼ਰ ਅਨੁਸਾਰ ਕਿਹੜੇ ਚੱਲਦੇ ਹਨ। ਗੁਰ ਉੱਤਰ :

## ਆਪੁ ਛੋਡਿ ਸੇਵਾ ਕਰਨਿ; ਜੀਵਤ ਮੁਏ ਰਹੰਨਿ ॥੨॥

ਹੇ ਭਾਈ! ਜਿਹੜੇ ਆਪੁ = ਆਪਾ-ਭਾਵ ਛੋਡਿ = ਛੱਡ ਕੇ ਗੁਰਾਂ ਦੀ ਸੇਵਾ = ਟਹਿਲ ਕਰਨਿ = ਕਰਦੇ ਹਨ, ਅਤੇ ਜੀਵਤ = ਜੀਵ ਪੁਣੇ ਦੇ ਹੰਕਾਰ ਵੱਲੋਂ ਮੁਏ = ਮਰੇ ਰਹੰਨਿ = ਰਹਿੰਦੇ ਹਨ। ਉਹ ਪਰਮੇਸ਼ਰ ਦੇ ਭਾਣੇ ਅਨੁਸਾਰ ਚੱਲਦੇ ਹਨ ॥੨॥

## ਜਿਸ ਦਾ ਪਿੰਡੁ ਪਰਾਣ ਹੈ; ਤਿਸ ਕੀ ਸਿਰਿ ਕਾਰ ॥

ਜਿਸ ਪਰਮੇਸ਼ਰ ਦਾ ਪਿੰਡੁ = ਸਰੀਰ ਤੇ ਪਰਾਣ = ਜਿੰਦ ਆਦਿਕ ਸਭ ਕੁਝ ਦਿੱਤਾ ਹੋਇਆ ਹੈ, ਤਿਸ = ਉਸੇ ਵਾਹਿਗੁਰੂ ਕੀ = ਦੀ ਸਿਰਿ = ਸਿਰ ਉੱਤੇ ਹੁਕਮ ਰੂਪੀ ਕਾਰ ਹੈ **ਵਾ:** ਤਿਸ = ਉਸੇ ਕੀ = ਦੀ ਹੀ ਸਿਰਿਕਾਰ = ਰਈਅਤ ਹੈ।

## ਓਹੁ ਕਿਉ ਮਨਹੁ ਵਿਸਾਰੀਐ; ਹਰਿ ਰਖੀਐ ਹਿਰਦੈ ਧਾਰਿ ॥੩॥

ਓਹੁ = ਉਸ ਪਰਮੇਸ਼ਰ ਨੂੰ ਮਨਹੁ = ਮਨ ਵਿੱਚੋਂ ਕਿਉਂ ਵਿਸਾਰੀਐ = ਭੁਲਾਉਣਾ ਹੈ ਹਮੇਸ਼ਾ ਹੀ ਉਸ ਹਰਿ = ਹਰੀ ਪਰਮੇਸ਼ਰ ਨੂੰ ਹਿਰਦੈ = ਅੰਤਸ਼ਕਰਨ ਵਿਚ ਧਾਰਿ = ਧਾਰਨ ਕਰਕੇ ਰੱਖੀਏ ॥੩॥

## ਨਾਮਿ ਮਿਲਿਐ ਪਤਿ ਪਾਈਐ; ਨਾਮਿ ਮੰਨਿਐ ਸੁਖੁ ਹੋਇ ॥

ਸੱਚੇ ਪਾਤਿਸ਼ਾਹ ਦੇ ਨਾਮ ਕਰ ਕੇ ਲੋਕ ਪਰਲੋਕ ਵਿਚ ਪਤਿ = ਇੱਜ਼ਤ ਪਾਈਐ = ਪਾਈਦੀ ਹੈ ਅਤੇ ਪਰਮੇਸ਼ਰ ਦੇ ਨਾਮ ਦਾ ਮੰਨਿਐ = ਮੰਨਣ ਕਰ ਕੇ ਆਤਮਿਕ ਸੁਖ ਦੀ ਪ੍ਰਾਪਤੀ ਹੋਇ = ਹੁੰਦੀ ਹੈ।

## ਸਤਿਗੁਰ ਤੇ ਨਾਮੁ ਪਾਈਐ; ਕਰਮਿ ਮਿਲੈ ਪ੍ਰਭੁ ਸੋਇ ॥੪॥

ਸਤਿਗੁਰਾਂ ਤੇ = ਤੋਂ ਹੀ ਅੰਮ੍ਰਿਤ ਨਾਮ ਦੀ ਦਾਤ ਪਾਈਐ = ਪ੍ਰਾਪਤੀ ਹੁੰਦੀ ਹੈ ਤੇ ਪੂਰਬਲੇ ਕਰਮਿ = ਨਿਸ਼ਕਾਮ ਕਰਮਾਂ ਕਰ ਕੇ ਸੋਇ = ਉਹ ਪ੍ਰਭੁ = ਹਰੀ ਪਰਮਾਤਮਾ ਮਿਲੈ = ਮਿਲਦਾ ਹੈ ॥੪॥

## ਸਤਿਗੁਰ ਤੇ ਜੋ ਮੁਹੁ ਫੇਰੇ; ਓਇ ਭ੍ਰਮਦੇ ਨਾ ਟਿਕੰਨਿ ॥

ਜੋ ਸਤਿਗੁਰਾਂ ਤੇ = ਤੋਂ ਮੁਹੁ = ਮੂੰਹ ਫੇਰੇ = ਫੇਰ ਲੈਂਦੇ ਹਨ, ਭਾਵ ਬੇਮੁਖ ਹੋ ਜਾਂਦੇ ਹਨ, ਓਇ = ਉਹ ਜੂਨਾਂ ਵਿਚ ਹੀ ਭ੍ਰਮਦੇ = ਚੱਕਰ ਕੱਟਦੇ ਰਹਿੰਦੇ ਹਨ, ਕਿਤੇ ਵੀ ਟਿਕੰਨਿ = ਇਸਥਿਤ ਨਾ = ਨਹੀਂ ਹੁੰਦੇ, ਭਾਵ ਮੁਕਤ ਪਦ ਵਿਚ ਨਹੀਂ ਟਿਕਦੇ।

## ਧਰਤਿ ਅਸਮਾਨੁ ਨ ਝਲਈ; ਵਿਚਿ ਵਿਸਟਾ ਪਏ ਪਚੰਨਿ ॥੫॥

ਉਨ੍ਹਾਂ ਨੂੰ ਧਰਤਿ = ਧਰਤੀ ਦੀਆਂ ਜੂਨਾਂ, ਪਤੰਗੇ ਆਦਿਕ ਅਸਮਾਨੁ = ਅਕਾਸ਼ ਦੀਆਂ ਜੂਨਾਂ ਪੰਛੀ ਆਦਿਕ ਕੋਈ ਵੀ ਝਲਈ = ਝੱਲਦਾ ਨਹੀਂ ਹੈ, ਇਸ ਕਰਕੇ ਉਹ ਵਿਸਟਾ = ਗੰਦਗੀ ਵਿਚ ਪਏ ਮੈਲ ਦੇ ਕੀੜੇ ਬਣ ਕੇ ਪਚੰਨਿ = ਸੜਦੇ ਭਾਵ ਖ਼ਰਾਬ ਹੁੰਦੇ ਰਹਿੰਦੇ ਹਨ ॥੫॥

## ਇਹੁ ਜਗੁ ਭਰਮਿ ਭੁਲਾਇਆ; ਮੋਹ ਠਗਉਲੀ ਪਾਇ ॥

ਇਹੁ = ਇਸ ਜਗੁ = ਸੰਸਾਰ ਨੂੰ ਪਰਮੇਸ਼ਰ ਨੇ ਮਾਇਆ ਦੇ ਮੋਹ ਦੀ ਠਗਉਲੀ = ਠੱਗ ਬੂਟੀ ਪਾਇ = ਪਾ ਕੇ ਭਰਮਿ = ਭੁਲੇਖਿਆਂ ਵਿਚ ਭੁਲਾਇਆ = ਭੁਲਾ ਦਿੱਤਾ ਹੈ।

## ਜਿਨਾ ਸਤਿਗੁਰੁ ਭੇਟਿਆ; ਤਿਨ ਨੇੜਿ ਨ ਭਿਟੈ ਮਾਇ ॥੬॥

ਜਿਨ੍ਹਾਂ ਨੂੰ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਭੇਟਿਆ = ਮਿਲ ਗਏ ਹਨ, ਤਿਨ = ਉਨ੍ਹਾਂ ਨੂੰ ਮੋਹਣ ਵਾਸਤੇ ਮਾਇ = ਮਾਇਆ ਨੇੜਿ = ਨਜ਼ਦੀਕ ਹੋ ਕੇ ਨ = ਨਹੀਂ ਭਿਟੈ = ਛੋਹ ਸਕਦੀ ॥੬॥

## ਸਤਿਗੁਰੁ ਸੇਵਨਿ ਸੋ ਸੋਹਣੇ; ਹਉਮੈ ਮੈਲੁ ਗਵਾਇ ॥

ਜੋ ਸਤਿਗੁਰਾਂ ਦਾ ਸਨਮੁਖ ਹੋ ਕੇ ਸੇਵਨਿ = ਚਿੰਤਨ ਕਰਦੇ ਹਨ ਸੋ = ਉਹ ਲੋਕ ਪਰਲੋਕ ਵਿਚ ਸੋਹਣੇ = ਸ਼ੋਭਨੀਕ ਹਨ, ਕਿਉਂਕਿ ਉਨ੍ਹਾਂ ਨੇ ਅੰਦਰੋਂ ਹਉਮੈ = ਹੰਗਤਾ ਮਮਤਾ ਦੀ ਮੈਲ ਨੂੰ ਗਵਾਇ = ਗਵਾ ਦਿੱਤਾ ਹੈ।

[ਅੰਗ ੨੩੪]

## ਸਬਦਿ ਰਤੇ ਸੇ ਨਿਰਮਲੇ; ਚਲਹਿ ਸਤਿਗੁਰ ਭਾਇ ॥੭॥

ਜੋ ਪੁਰਸ਼ ਸਬਦਿ = ਉਪਦੇਸ਼ ਵਿਚ ਰਤੇ = ਰੰਗੇ ਹੋਏ ਸਤਿਗੁਰਾਂ ਦੇ ਭਾਇ = ਭਾਣੇ ਵਿਚ ਚੱਲਦੇ ਹਨ, ਸੇ = ਉਹ ਨਿਰਮਲੇ = ਉੱਜਲ, ਭਾਵ ਸ਼ੁਧ ਸਰੂਪ ਹਨ ॥੭॥

## ਹਰਿ ਪ੍ਰਭ ਦਾਤਾ ਏਕੁ ਤੂੰ; ਤੂੰ ਆਪੇ ਬਖਸਿ ਮਿਲਾਇ ॥

ਹੇ ਪ੍ਰਭ = ਮਾਲਕ ਹਰਿ = ਪਰਮੇਸ਼ਰ ! ਇਕ ਤੂੰ ਹੀ ਸਮਰੱਥ ਦਾਤਾਂ ਦੇ ਦੇਣ ਵਾਲਾ ਹੈਂ, ਤੂੰ ਆਪ ਹੀ ਜਿਨ੍ਹਾਂ ਨੂੰ ਗੁਰਾਂ ਦੁਆਰਾ ਨਾਮ ਦੀ ਦਾਤ ਬਖ਼ਸ਼ਦਾ ਹੈਂ, ਉਨ੍ਹਾਂ ਦੇ ਅਉਗੁਣ ਬਖ਼ਸ਼ ਕੇ ਆਪਣੇ ਨਾਲ ਮਿਲਾਇ = ਮਿਲਾ ਲੈਂਦਾ ਹੈਂ।

## ਜਨੁ ਨਾਨਕੁ ਸਰਣਾਗਤੀ; ਜਿਉ ਭਾਵੈ ਤਿਵੈ ਛਡਾਇ ॥੮॥੧॥੯॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਮਹਾਰਾਜ ! ਅਸੀਂ ਜਨੁ = ਦਾਸ ਆਪ ਜੀ ਦੀ ਸਰਣਾਗਤੀ = ਸ਼ਰਣ ਪ੍ਰਾਪਤ ਹੋਏ ਹਾਂ, ਜਿਉ = ਜਿਵੇਂ ਆਪ ਜੀ ਨੂੰ ਭਾਵੈ = ਭਾਉਂਦਾ ਹੈ, ਤਿਵੈ = ਉਸੇ ਤਰ੍ਹਾਂ ਸਾਨੂੰ ਬੰਧਨਾਂ ਤੋਂ ਛਡਾਇ = ਛੁਡਾਉਣਾ ਕਰੋ, ਭਾਵ ਆਪਣੀ ਕਿਰਪਾ ਕਰ ਕੇ ਮੁਕਤ ਕਰ ਲੈਣਾ ਕਰੋ ॥੮॥੧॥੯॥

## ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ

ਰਾਗ ਗਉੜੀ ਦੀ ਪੂਰਬੀ ਜਾਤੀ ਵਿਚ ਮਹਲਾ ੪ = ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਜੀ ਕਰਹਲੇ[੧] ਛੰਦ ਦੀ ਚਾਲ ਦੁਆਰਾ ਸ਼ਬਦ ਉਚਾਰਨ ਕਰਦੇ ਹਨ :

## ੴ ਸਤਿਗੁਰ ਪ੍ਰਸਾਦਿ ॥

੧ = ਇਕ ਅਦ੍ਵੈਤ ਰੂਪ ਪਰਮੇਸ਼ਰ ੴ = ਸਾਰਿਆਂ ਦਾ ਪ੍ਰਕਾਸ਼ਕ, ਸਤਿ = ਨਾਸ਼ ਤੋਂ ਰਹਿਤ ਗੁਰ = ਚੇਤਨ ਸਰੂਪ ਜੋ ਪ੍ਰਸਾਦਿ = ਸਤਿਗੁਰਾਂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

---

੧. ਕਰਹਲੇ = ਬੇਮੁਹਾਰਾਂ ਸ਼ੁਤਰ (ਊਠ) ਜੋ ਮੁਹਾਰ ਨਾਲ ਵਸ ਕਰੀਦਾ ਹੈ **ਵਾ:** ਜੀਵ ਦੇ ਤਾਈਂ ਉਪਦੇਸ਼ ਹੈ ਕਿ ਪਰਮੇਸ਼ਰ ਦੀ ਪ੍ਰਾਪਤੀ ਵਾਸਤੇ ਸਤਸੰਗਤ ਵੱਲ ਜਾਣ ਦਾ (ਕਰ+ਹਲੇ) ਹਲੇ = ਉੱਦਮ ਕਰ।

## ਕਰਹਲੇ ਮਨ ਪਰਦੇਸੀਆ; ਕਿਉ ਮਿਲੀਐ ਹਰਿ ਮਾਇ ॥

(**ਕਰਹਲੇ** ਦਾ ਉਚਾਰਣ ਅੱਧਕ ਤੋਂ ਰਹਿਤ ਹੈ)

ਹੇ ਮੇਰੇ (ਪਰ+ਦੇਸੀਆ) ਪਰ = ਪਰਾਏ ਦੇਸ ਭਾਵ ਸਰੂਪ ਦੇਸ ਤੋਂ ਪਰ੍ਹੇ ਰਹਿਣ ਵਾਲੇ ਕਰਹਲੇ = ਬੇਮੁਹਾਰੇ ਊਠ ਦੀ ਨਿਆਈਂ ਮਨਾਂ! ਮਾਇ = ਮਾਤਾ ਰੂਪ **ਵਾ:** ਮਾਇ = ਮਯਾ ਭਾਵ ਕਿਰਪਾ ਕਰਨ ਵਾਲੇ ਹਰਿ = ਪਰਮੇਸ਼ਰ ਨੂੰ ਕਿਉ = ਕਿਵੇਂ ਮਿਲੀਐ = ਮਿਲਣਾ ਕਰੀਏ **ਅਥਵਾ** ਮਾਇ = ਮਾਤਾ ਦੀ ਨਿਆਈਂ ਗੁਰਮੁਖ ਸਖੀਆਂ **ਵਾ:** ਬ੍ਰਹਮ ਬੇਤੇ ਮਹਾਂਪੁਰਖ ਹਨ, ਉਨ੍ਹਾਂ ਦੇ ਕੋਲ ਪਰਦੇਸੀ ਮਨਾਂ ਜਾ ਕੇ ਪੁੱਛਣਾ ਕਰ ਕਿ ਹਰੀ ਦੇ ਤਾਈਂ ਕਿਉ = ਕਿਵੇਂ (ਕਰ+ਹਲੇ) ਹਲੇ = ਉੱਦਮ ਕਰ ਕੇ ਮਿਲੀਏ।

## ਗੁਰੁ ਭਾਗਿ ਪੂਰੈ ਪਾਇਆ; ਗਲਿ ਮਿਲਿਆ ਪਿਆਰਾ ਆਇ ॥੧॥

ਹੇ ਮਨਾਂ! ਵੇਖਣਾ ਕਰ ਪੂਰੈ = ਪੂਰਿਆਂ ਭਾਗਾਂ ਕਰ ਕੇ ਜਿਨ੍ਹਾਂ ਨੇ ਸਤਿਗੁਰੂ ਸੱਚੇ ਪਾਤਿਸ਼ਾਹ ਨੂੰ ਪਾਇਆ = ਪ੍ਰਾਪਤ ਕੀਤਾ ਹੈ, ਉਨ੍ਹਾਂ ਨੂੰ ਪਿਆਰਾ ਪਰਮੇਸ਼ਰ ਆਇ = ਆ ਕੇ ਗਲ ਨਾਲ ਮਿਲਿਆ = ਮਿਲ ਪਿਆ ਹੈ। **ਵਾ:** ਜਿਨ੍ਹਾਂ ਨੇ ਸਤਿਗੁਰੂ ਸੱਚੇ ਪਾਤਿਸ਼ਾਹ ਨੂੰ ਪੂਰੈ = ਪੂਰਨ ਸਤਿਗੁਰਾਂ ਨੂੰ ਪਾਇਆ = ਪ੍ਰਾਪਤ ਕੀਤਾ ਹੈ, ਉਨ੍ਹਾਂ ਨੂੰ ਪਿਆਰਾ ਪਰਮੇਸ਼ਰ ਨਿਰਗੁਣ ਸਰੂਪ ਵਿਚ ਅਭੇਦ ਨਿਸਚੇ ਰੂਪੀ ਕੰਠ ਨਾਲ ਆ ਕੇ ਮਿਲ ਗਿਆ ਹੈ **ਵਾ:** ਸਰਗੁਣ ਸਰੂਪ ਵਿਚ ਤਾਂ ਪ੍ਰਤੱਖ ਹੀ ਗਲ ਨਾਲ ਲਾ ਕੇ ਮਿਲ ਪੈਂਦਾ ਹੈ ॥੧॥

## ਮਨ ਕਰਹਲਾ; ਸਤਿਗੁਰੁ ਪੁਰਖੁ ਧਿਆਇ ॥੧॥ਰਹਾਉ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ! ਪੁਰਖੁ = ਪੂਰਨ ਸਤਿਗੁਰਾਂ ਨੂੰ ਧਿਆਇ = ਧਿਆਉਣਾ ਕਰ **ਵਾ:** ਹੇ ਮੇਰੇ ਮਨਾਂ! (ਕਰ+ਹਲਾ) ਹਲਾ = ਉੱਦਮ ਕਰ = ਕਰਕੇ ਸਤਿਗੁਰ ਦੁਆਰਾ ਪੁਰਖੁ = ਅਕਾਲ ਪੁਰਖ ਨੂੰ ਧਿਆਇ = ਧਿਆਉਣਾ ਕਰ। (ਨਿਹੰਗ ਸਿੰਘਾਂ ਦੇ ਬੋਲੇ ਵਿਚ ਇਥੋਂ ਹੀ 'ਹੱਲਾ' ਸ਼ਬਦ ਚੱਲਿਆ ਹੈ)॥੧॥ਰਹਾਉ॥

## ਮਨ ਕਰਹਲਾ ਵੀਚਾਰੀਆ; ਹਰਿ ਰਾਮ ਨਾਮ ਧਿਆਇ ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ! ਜੇਕਰ ਤੂੰ ਵੀਚਾਰੀਆ = ਵਿਚਾਰਵਾਨ ਅਖਵਾਉਂਦਾ ਹੈਂ ਤਾਂ ਉਸ ਹਰਿ = ਹਰੀ ਦੇ ਨਾਮ ਨੂੰ ਜੋ ਰਾਮ = ਸਾਰੇ ਰਮਿਆ ਹੋਇਆ ਹੈ, ਉਸ ਨੂੰ ਧਿਆਇ = ਧਿਆਉਣਾ ਕਰ।

## ਜਿਥੈ ਲੇਖਾ ਮੰਗੀਐ; ਹਰਿ ਆਪੇ ਲਏ ਛਡਾਇ ॥੨॥

ਜਿਥੇ ਤੇਰੇ ਪਾਸੋਂ ਕਰਮਾਂ ਧਰਮਾਂ ਦਾ ਲੇਖਾ = ਹਿਸਾਬ ਮੰਗਿਆ ਜਾਵੇਗਾ, ਉਥੇ ਹਰਿ = ਹਰੀ ਆਪ ਹੀ ਤੇਰੇ ਔਗੁਣਾਂ ਨੂੰ ਨਵਿਰਤ ਕਰਕੇ ਤੈਨੂੰ ਬੰਧਨਾਂ ਤੋਂ ਛਡਾਇ = ਛੁਡਾ ਲਏ = ਲਵੇਗਾ ॥੨॥

## ਮਨ ਕਰਹਲਾ ਅਤਿ ਨਿਰਮਲਾ; ਮਲੁ ਲਾਗੀ ਹਉਮੈ ਆਇ ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ! ਤੂੰ ਅਤਿ = ਅਤਿਅੰਤ ਨਿਰਮਲਾ = ਉੱਜਲ ਹੋਣਾ ਕਰ, ਕਿਉਂਕਿ ਤੇਰੇ ਅੰਦਰ ਹਉਮੈ = ਹੰਗਤਾ ਮਮਤਾ ਦੀ ਮੈਲ ਆਇ = ਆ ਕੇ ਲਾਗੀ = ਲੱਗੀ ਹੋਈ ਹੈ।

## ਪਰਤਖਿ ਪਿਰੁ ਘਰਿ ਨਾਲਿ ਪਿਆਰਾ; ਵਿਛੁੜਿ ਚੋਟਾ ਖਾਇ ॥੩॥

ਪਿਆਰਾ ਪਿਰੁ = ਪਤੀ ਪਰਮੇਸ਼ਰ ਪ੍ਰਤੱਖ ਹੀ ਤੇਰੇ ਘਰਿ = ਸਰੀਰ ਨਾਲ ਰਹਿੰਦਾ ਹੈ, ਉਸ ਪਰਮੇਸ਼ਰ ਤੋਂ ਵਿਛੁੜ ਕੇ ਕਾਮ, ਕ੍ਰੋਧ, ਜਮਾਂ ਆਦਿ ਦੀਆਂ ਚੋਟਾ = ਸੱਟਾਂ ਖਾਇ = ਖਾਂਦਾ ਹੈ ॥੩॥

## ਮਨ ਕਰਹਲਾ ਮੇਰੇ ਪ੍ਰੀਤਮਾ; ਹਰਿ ਰਿਦੈ ਭਾਲਿ ਭਾਲਾਇ ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ, ਹੇ ਮੇਰੇ ਪ੍ਰੀਤਮਾ = ਪਿਆਰੇ ਮਨਾਂ ! ਤੂੰ ਆਪਣੇ ਰਿਦੈ = ਹਿਰਦੇ ਵਿੱਚੋਂ ਹੀ ਗੁਰਾਂ ਦੁਆਰਾ ਭਾਲਿ = ਖੋਜ ਕਰਕੇ ਹਰਿ = ਪਰਮੇਸ਼ਰ ਨੂੰ ਭਾਲਾਇ = ਖੋਜਣਾ ਕਰ।

## ਉਪਾਇ ਕਿਤੈ ਨ ਲਭਈ; ਗੁਰੁ ਹਿਰਦੈ ਹਰਿ ਦੇਖਾਇ ॥੪॥

ਹੇ ਮਨਾਂ! ਵੇਖਣਾ ਕਰ ਉਹ ਪਰਮੇਸ਼ਰ ਹੋਰ ਕਿਤੈ = ਕਿਸੇ ਉਪਾਇ = ਯਤਨ ਨਾਲ ਨ = ਨਹੀਂ ਲਭਈ = ਲੱਭਦਾ, ਕੇਵਲ ਇਕ ਗੁਰੂ ਸਾਹਿਬ ਜੀ ਹੀ ਹਿਰਦੇ ਵਿੱਚੋਂ ਹਰਿ = ਪਰਮਾਤਮਾ ਨੂੰ ਦੇਖਾਇ = ਦਿਖਾ ਦਿੰਦੇ ਹਨ ॥੪॥

## ਮਨ ਕਰਹਲਾ ਮੇਰੇ ਪ੍ਰੀਤਮਾ; ਦਿਨੁ ਰੈਣਿ ਹਰਿ ਲਿਵ ਲਾਇ ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ, ਹੇ ਮੇਰੇ ਪ੍ਰੀਤਮਾ = ਪਿਆਰੇ ਮਨਾਂ ! ਰੈਣਿ = ਰਾਤ ਦਿਨ ਹੀ ਹਰਿ = ਹਰੀ ਨਾਲ ਲਿਵ = ਬਿਰਤੀ ਨੂੰ ਲਾਇ = ਲਾਉਣਾ ਕਰ।

## ਘਰੁ ਜਾਇ ਪਾਵਹਿ ਰੰਗ ਮਹਲੀ; ਗੁਰੁ ਮੇਲੇ ਹਰਿ ਮੇਲਾਇ ॥੫॥

ਤਦ ਤੂੰ ਇਸ ਘਰੁ = ਸਰੀਰ ਦੀ ਜਾਇ = ਜਗ੍ਹਾ ਵਿਚ ਹੀ ਹਰੀ ਪਾਵਹਿ = ਪਾ ਲਵੇਂਗਾ ਜਿਸ ਦਾ ਰੰਗ = ਅਨੰਦਾਇਕ ਮਹਲੀ = ਮਹੱਲ ਸਰੂਪ ਹੈ, ਭਾਵ ਮਹਿਲਾਂ ਦੇ ਮਾਲਕ ਪਰਮੇਸ਼ਰ ਨੂੰ ਜੋ ਅਨੰਦਾਇਕ ਸਰੂਪ ਹੈ, ਉਸ ਨੂੰ ਪਾ ਲਵੇਂਗਾ **ਵਾ:** ਜੇ ਘਰੁ = ਸਾਧਸੰਗਤ ਵਿਚ ਜਾਇ = ਜਾਂਦਾ ਰਹੇਗਾ ਤਾਂ ਮਹਲੀ = ਮਹਿਲਾਂ ਦੇ ਮਾਲਕ ਪਰਮੇਸ਼ਰ ਦੇ ਸਰੂਪ ਦਾ ਰੰਗ = ਅਨੰਦ ਪਾਵਹਿ = ਪਾ ਲਵੇਂਗਾ **ਵਾ:** ਘਰੁ ਜਾਇ = ਜਦੋਂ ਤੁਰੀਆ ਪਦ ਰੂਪੀ ਘਰ ਦੇ ਵਿਚ ਚਲਿਆ ਜਾਵੇਂਗਾ ਤਾਂ ਮਹਲੀ = ਮਹਿਲਾਂ ਦੇ ਮਾਲਕ ਪਰਮੇਸ਼ਰ ਦਾ ਰੰਗ = ਅਨੰਦ ਪਾਵਹਿ = ਪਾ ਲਵੇਂਗਾ। ਇਉਂ ਗੁਰੂ ਤੈਨੂੰ ਹਰੀ ਦੇ ਮੇਲੇ = ਮਿਲਾਪ ਵਿਚ ਮੇਲਾਇ = ਮਿਲਾ ਦੇਵੇਗਾ **ਵਾ:** ਜਿਨ੍ਹਾਂ ਨੂੰ ਪੂਰਬਲੇ ਪੁੰਨਾਂ ਦੇ ਪ੍ਰੇਰੇ ਹੋਏ ਗੁਰੂ ਸਾਹਿਬ ਜੀ ਮਿਲ ਜਾਂਦੇ ਹਨ, ਉਨ੍ਹਾਂ ਨੂੰ ਗੁਰੂ ਸਾਹਿਬ ਜੀ ਹਰਿ = ਹਰੀ ਪਰਮਾਤਮਾ ਨਾਲ ਮਿਲਾਏ = ਮਿਲਾ ਦਿੰਦੇ ਹਨ ॥੫॥

## ਮਨ ਕਰਹਲਾ, ਤੂੰ ਮੀਤੁ ਮੇਰਾ; ਪਾਖੰਡੁ ਲੋਭੁ ਤਜਾਇ ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ ! ਤੂੰ ਮੇਰਾ ਮੀਤੁ = ਮਿੱਤਰ ਹੈਂ, ਇਸ ਕਰਕੇ ਤੂੰ ਪਾਖੰਡੁ = ਦੰਭ ਭਾਵ ਲੋਕ ਦਿਖਾਵੇ ਤੇ ਪਦਾਰਥਾਂ ਦੇ ਲੋਭੁ = ਲਾਲਚ ਨੂੰ ਤਜਾਇ = ਤਿਆਗਣਾ ਕਰ।

## ਪਾਖੰਡਿ ਲੋਭੀ ਮਾਰੀਐ; ਜਮ ਡੰਡੁ ਦੇਇ ਸਜਾਇ ॥੬॥

ਪਾਖੰਡਿ = ਦੰਭੀ ਤੇ ਲੋਭੀ = ਲਾਲਚੀ ਨੂੰ ਅੱਗੇ ਪ੍ਰਲੋਕ ਵਿਚ ਮਾਰੀਐ = ਮਾਰ ਪੈਂਦੀ ਹੈ, ਜਮ = ਜਮ ਰਾਜਾ ਡੰਡੁ = ਦੰਡ ਦੇਇ = ਦੇ ਕੇ ਸਜਾਇ = ਸਜਾ ਦਿੰਦਾ ਹੈ ॥੬॥

## ਮਨ ਕਰਹਲਾ ਮੇਰੇ ਪ੍ਰਾਨ ਤੂੰ; ਮੈਲੁ ਪਾਖੰਡੁ ਭਰਮੁ ਗਵਾਇ ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ ! ਤੂੰ ਹੀ ਮੇਰੀ ਪ੍ਰਾਨ = ਜਿੰਦ ਜਾਨ ਹੈਂ, ਇਸ ਕਰਕੇ ਤੂੰ ਪਾਖੰਡੁ = ਦੰਭ ਤੇ ਭਰਮੁ = ਭੁਲੇਖੇ ਦੀ ਮੈਲੁ = ਮਲੀਨ ਤਾਈ ਨੂੰ ਗਵਾਇ = ਗਵਾਉਣਾ ਕਰ।

## ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ; ਮਿਲਿ ਸੰਗਤੀ ਮਲੁ ਲਹਿ ਜਾਇ ॥੭॥

ਹੇ ਮਨਾਂ ! ਵੇਖ ਪੂਰਿਆ = ਪੂਰਨ ਗੁਰਾਂ ਨੇ ਹਰਿ = ਪਰਮੇਸ਼ਰ ਦੇ ਅੰਮ੍ਰਿਤ ਨਾਮ ਦਾ ਸਰੁ = ਸਰੋਵਰ ਲਬਾਲਬ ਭਰਿਆ ਹੋਇਆ ਹੈ। ਸਾਧਸੰਗਤ ਨਾਲ ਮਿਲਿ = ਮਿਲ ਕਰ ਕੇ ਨਾਮ ਰੂਪੀ ਸਰੋਵਰ ਵਿਚ ਇਸ਼ਨਾਨ ਕਰ ਤਾਂ ਤੇਰੀ ਹਉਮੈ ਦੀ ਮਲੁ = ਮੈਲ ਲਹਿ ਜਾਇ = ਜਾਵੇਗੀ **ਵਾ:** ਪੂਰਿਆ = ਪੂਰਨ ਗੁਰਿ = ਸਤਿਗੁਰੂ ਜੀ ਹਰਿ = ਹਰੀ ਦੇ ਅੰਮ੍ਰਿਤ ਗਿਆਨ ਦੇ ਭਰੇ ਹੋਏ ਸਰੁ = ਸਰੋਵਰ ਹਨ, ਜਿਨ੍ਹਾਂ ਦੀ ਸੰਗਤ ਨਾਲ ਮਿਲ ਕਰ ਕੇ ਤੇਰੀ ਅਵਿੱਦਿਆ ਦੀ ਪਾਪਾਂ ਦੀ ਮਲੁ = ਮੈਲ ਲਹਿ ਜਾਇ = ਜਾਵੇਗੀ **ਵਾ:** ਹਰੀ ਸਰੂਪ ਪੂਰਿਆਂ ਸਤਿਗੁਰਾਂ ਨੇ ਸਤਿਸੰਗ ਰੂਪੀ ਅੰਮ੍ਰਿਤ ਨਾਮ ਦਾ ਸਰੁ = ਸਰੋਵਰ ਲਗਾਇਆ ਹੈ। ਜੋ ਸਤਸੰਗ ਰੂਪ ਸਰੋਵਰ ਵਿਚ ਆ ਕੇ ਮਿਲਦਾ ਹੈ, ਉਸ ਦੀ ਹਉਮੈ ਰੂਪੀ ਮਲੁ = ਮੈਲ ਲਹਿ ਜਾਇ = ਜਾਂਦੀ ਹੈ ॥੭॥

## ਮਨ ਕਰਹਲਾ ਮੇਰੇ ਪਿਆਰਿਆ; ਇਕ ਗੁਰ ਕੀ ਸਿਖ ਸੁਣਾਇ ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ, ਹੇ ਮੇਰੇ ਪਿਆਰਿਆ ਮਨਾਂ ! ਆ ਤੈਨੂੰ ਇਕ ਗੁਰੂ ਸਾਹਿਬ ਕੀ = ਦੀ ਸਿਖ = ਸਿੱਖਿਆ ਸੁਣਾਇ = ਸੁਣਾਉਣਾ ਕਰੀਏ।

## ਇਹੁ ਮੋਹੁ ਮਾਇਆ ਪਸਰਿਆ; ਅੰਤਿ ਸਾਥਿ ਨ ਕੋਈ ਜਾਇ ॥੮॥

ਇਹ ਜੋ ਮਾਇਆ ਦਾ ਮੋਹ ਪਸਰਿਆ = ਫੈਲਿਆ ਹੋਇਆ ਹੈ, ਅੰਤਿ = ਅੰਤਮ ਸਮੇਂ ਕੋਈ ਵੀ ਪਦਾਰਥ ਤੇਰੇ ਸਾਥਿ = ਨਾਲ ਨ = ਨਹੀਂ ਜਾਇ = ਜਾਵੇਗਾ ॥੮॥

## ਮਨ ਕਰਹਲਾ ਮੇਰੇ ਸਾਜਨਾ; ਹਰਿ ਖਰਚੁ ਲੀਆ ਪਤਿ ਪਾਇ ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ, ਮੇਰੇ ਸਾਜਨਾ = ਮਿੱਤਰ ਮਨਾਂ ! ਜਿਨ੍ਹਾਂ ਨੇ ਹਰੀ ਨਾਮ ਰੂਪੀ ਖ਼ਰਚ ਪੱਲੇ ਬੰਨ੍ਹ ਲੀਆ = ਲਿਆ ਹੈ, ਉਨ੍ਹਾਂ ਨੇ ਲੋਕ ਪਰਲੋਕ ਵਿਚ ਪਤਿ = ਇੱਜ਼ਤ ਪਾਇ = ਪਾ ਲਈ ਹੈ। ਤੂੰ ਵੀ ਹਰੀ ਦੇ ਖ਼ਰਚ ਨੂੰ ਲੈ ਕੇ ਇੱਜ਼ਤ ਪਾਉਣਾ ਕਰ।

## ਹਰਿ ਦਰਗਹ ਪੈਨਾਇਆ; ਹਰਿ ਆਪਿ ਲਇਆ ਗਲਿ ਲਾਇ ॥੯॥

ਉਨ੍ਹਾਂ ਨੂੰ ਹਰਿ = ਹਰੀ ਅਕਾਲ ਪੁਰਖ ਦੀ ਦਰਗਾਹ ਵਿਚ ਜਸ ਰੂਪੀ ਪੁਸ਼ਾਕ, ਸਿਰੋਪਾਉ ਪੈਨਾਇਆ = ਪਹਿਨਾਇਆ ਜਾਂਦਾ ਹੈ, ਉਨ੍ਹਾਂ ਨੂੰ ਹਰਿ = ਵਾਹਿਗੁਰੂ ਨੇ ਆਪ ਆਪਣੇ ਅਭੇਦ ਨਿਸਚੇ ਰੂਪ ਗਲਿ = ਕੰਠ ਨਾਲ ਲਾਇ = ਲਾ ਲਇਆ = ਲਿਆ ਹੈ ॥੯॥

## ਮਨ ਕਰਹਲਾ ਗੁਰਿ ਮੰਨਿਆ; ਗੁਰਮੁਖਿ ਕਾਰ ਕਮਾਇ ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ ! ਜਿਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਉਪਦੇਸ਼ ਨੂੰ ਮੰਨਿਆ = ਗ੍ਰਹਿਣ ਕੀਤਾ ਹੈ। ਉਨ੍ਹਾਂ ਗੁਰਮੁਖਾਂ ਦੀ ਤੂੰ ਵੀ ਕਾਰ = ਟਹਿਲ ਕਮਾਇ = ਕਮਾਉਣਾ ਕਰ।

## ਗੁਰ ਆਗੈ ਕਰਿ ਜੋਦੜੀ; ਜਨ ਨਾਨਕ ਹਰਿ ਮੇਲਾਇ ॥੧੦॥੧॥

ਸਤਿਗੁਰਾਂ ਆਗੈ = ਅੱਗੇ ਖੜ੍ਹ ਕੇ ਨਿਮਰਤਾ ਸਹਿਤ ਜੋਦੜੀ = ਬੇਨਤੀ ਕਰਨਾ ਕਰ ਕਿ ਹੇ ਗੁਰੂ ਨਾਨਕ ਦੇਵ ਜੀ, ਮੈਨੂੰ ਹਰਿ = ਹਰੀ ਪਰਮੇਸ਼ਰ ਦੇ ਨਾਲ ਕਿਰਪਾ ਕਰਕੇ ਮੇਲਾਇ = ਮਿਲਾਉਣਾ ਕਰੋ **ਵਾ:** ਇਹ ਮਿਲਾਪ ਬਣਿਆ ਹੀ ਰਹੇ, ਜੋ ਸਰੂਪ ਵਿਚ ਅਭੇਦ ਹੋਣਾ ਹੈ ॥੧੦॥੧॥

## ਗਉੜੀ, ਮਹਲਾ ੪ ॥

## ਮਨ ਕਰਹਲਾ ਵੀਚਾਰੀਆ; ਵੀਚਾਰਿ ਦੇਖੁ ਸਮਾਲਿ ॥

ਹੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ ! ਤੂੰ ਵੀਚਾਰੀਆ = ਵੀਚਾਰਵਾਨ ਬਣ ਅਤੇ ਹਿਰਦੇ ਵਿਚ ਸਮਾਲਿ = ਸੰਭਾਲ ਕੇ ਭਾਵ ਸਾਵਧਾਨ ਹੋ ਕੇ ਵੀਚਾਰਿ = ਨਿਰਨਾ ਕਰਕੇ ਦੇਖੁ = ਵੇਖ **ਵਾ:** ਗੁਰਾਂ ਦੇ ਸ਼ਬਦ ਨੂੰ ਵੀਚਾਰ ਕੇ ਦੇਖ ਅਤੇ ਹਿਰਦੇ ਵਿਚ ਪਰਮੇਸ਼ਰ ਸਮਾਲਿ = ਯਾਦ ਕਰ।

## ਬਨ ਫਿਰਿ ਥਕੇ ਬਨ ਵਾਸੀਆ; ਪਿਰੁ ਗੁਰਮਤਿ ਰਿਦੈ ਨਿਹਾਲਿ ॥੧॥

ਸਾਰੇ ਬਨਵਾਸੀ ਵਣਾਂ ਵਿਚ ਫਿਰਿ = ਫਿਰਦੇ ਥਕੇ = ਥੱਕ ਗਏ ਹਨ, ਪਰ ਕਿਤੋਂ ਵੀ ਪਰਮਾਤਮਾ ਪ੍ਰਾਪਤ ਨਹੀਂ ਹੋਇਆ, ਇਸ ਲਈ ਤੂੰ ਉਸ ਪਿਰੁ = ਪਤੀ ਪਰਮਾਤਮਾ ਨੂੰ ਗੁਰਮਤਿ = ਗੁਰ-ਸਿੱਖਿਆ ਦੁਆਰਾ ਰਿਦੈ = ਹਿਰਦੇ ਵਿਚ ਨਿਹਾਲਿ = ਵੇਖ ਲੈਣਾ ਕਰ ॥੧॥

## ਮਨ ਕਰਹਲਾ; ਗੁਰ ਗੋਵਿੰਦੁ ਸਮਾਲਿ ॥੧॥ਰਹਾਉ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ ! ਸਤਿਗੁਰਾਂ ਦੁਆਰਾ ਗੋਵਿੰਦੁ = ਪਰਮੇਸ਼ਰ ਦੇ ਨਾਮ ਨੂੰ ਸਮਾਲਿ = ਯਾਦ ਕਰ ॥੧॥ਰਹਾਉ॥

## ਮਨ ਕਰਹਲਾ ਵੀਚਾਰੀਆ; ਮਨਮੁਖ ਫਾਥਿਆ ਮਹਾ ਜਾਲਿ ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ ! ਤੂੰ ਆਪਣੇ ਆਪ ਨੂੰ ਵੀਚਾਰੀਆ = ਵਿਚਾਰਵਾਨ ਕਹਾਉਂਦਾ ਹੈਂ। ਇਸ ਲਈ ਤੂੰ ਵੇਖ ਮਨਮੁਖ ਲੋਕ ਤਾਂ ਮੋਹ ਰੂਪੀ ਮਹਾ = ਵੱਡੇ ਜਾਲ ਵਿਚ ਫਾਥਿਆ = ਫਸੇ ਹੋਏ ਹਨ **ਵਾ:** ਮਾਇਆ ਦੇ, ਕਾਲ ਦੇ, ਮੋਹ ਦੇ ਜਾਲ ਵਿਚ ਫਸੇ ਹੋਏ ਹਨ।

## ਗੁਰਮੁਖਿ ਪ੍ਰਾਣੀ ਮੁਕਤੁ ਹੈ; ਹਰਿ ਹਰਿ ਨਾਮੁ ਸਮਾਲਿ ॥੨॥

ਉਹ ਗੁਰਮੁਖਿ ਪ੍ਰਾਣੀ = ਜਗਿਆਸੂ ਮੁਕਤ ਹੈ, ਜੋ ਹਰਿ ਹਰਿ ਪਰਮੇਸ਼ਰ ਦੇ ਨਾਮ ਨੂੰ ਸਮਾਲਿ = ਸੰਮਾਲਦਾ, ਯਾਦ ਕਰਦਾ ਹੈ ॥੨॥

## ਮਨ ਕਰਹਲਾ ਮੇਰੇ ਪਿਆਰਿਆ; ਸਤਸੰਗਤਿ ਸਤਿਗੁਰੁ ਭਾਲਿ ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾ ! ਤੂੰ ਪੂਰੇ ਸਤਿਗੁਰੂ ਸਾਹਿਬ ਜੀ ਦੀ ਸਤਿਸੰਗਤ ਨੂੰ ਭਾਲਿ = ਖੋਜਣਾ ਕਰ।

## ਸਤਸੰਗਤਿ ਲਗਿ ਹਰਿ ਧਿਆਈਐ; ਹਰਿ ਹਰਿ ਚਲੈ ਤੇਰੈ ਨਾਲਿ ॥੩॥

ਸਤਿਸੰਗਤ ਨਾਲ ਲਗਿ = ਮਿਲ ਕੇ ਹਰਿ = ਪਰਮੇਸ਼ਰ ਦੇ ਨਾਮ ਨੂੰ ਧਿਆਈਐ = ਧਿਆਉਣਾ ਕਰ ਜੋ ਹਰਿ = ਹਰੀ ਪਰਮੇਸ਼ਰ ਦਾ ਨਾਮ ਤੇਰੀ ਸਹਾਇਤਾ ਲਈ ਤੇਰੈ ਨਾਲਿ = ਸਾਥ ਪਰਲੋਕ ਵਿਚ ਜਾਵੇਗਾ ॥੩॥

[ਅੰਗ ੨੩੫]

## ਮਨ ਕਰਹਲਾ ਵਡਭਾਗੀਆ; ਹਰਿ ਏਕ ਨਦਰਿ ਨਿਹਾਲਿ ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ, ਹੇ ਮੇਰੇ ਵਡਭਾਗੀਆ = ਵੱਡਿਆਂ ਭਾਗਾਂ ਵਾਲੇ ਮਨਾਂ! ਏਕ = ਇਕ ਹਰਿ = ਪਰਮੇਸ਼ਰ ਹੀ ਸਾਰਿਆਂ ਥਾਵਾਂ ਵਿਚ ਵਿਆਪਕ ਹੈ। ਆਪਣੀ ਗਿਆਨ ਨਦਰਿ = ਦ੍ਰਿਸ਼ਟੀ ਨਾਲ ਉਸ ਨੂੰ ਨਿਹਾਲਿ = ਦੇਖਣਾ ਕਰ।

## ਆਪਿ ਛਡਾਏ ਛੁਟੀਐ; ਸਤਿਗੁਰ ਚਰਣ ਸਮਾਲਿ ॥੪॥

ਜਿਨ੍ਹਾਂ ਨੂੰ ਪਰਮੇਸ਼ਰ ਆਪ ਛਡਾਏ = ਛੁਡਾਉਂਦਾ ਹੈ, ਉਨ੍ਹਾਂ ਦਾ ਹੀ ਛੁਟੀਐ = ਛੁਟਕਾਰਾ ਹੁੰਦਾ ਹੈ। ਇਸ ਕਰਕੇ ਤੂੰ ਸਤਿਗੁਰਾਂ ਦੇ ਚਰਨਾਂ ਨੂੰ ਸਮਾਲਿ = ਸੰਮਾਲਣਾ ਕਰ ॥੪॥

## ਮਨ ਕਰਹਲਾ ਮੇਰੇ ਪਿਆਰਿਆ; ਵਿਚਿ ਦੇਹੀ ਜੋਤਿ ਸਮਾਲਿ ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ, ਮੇਰੇ ਪਿਆਰਿਆ ਮਨਾਂ! ਇਸ ਦੇਹੀ = ਸਰੀਰ ਵਿਚ ਜੋ ਜੋਤ ਸਰੂਪ ਦਾ ਪ੍ਰਕਾਸ਼ ਹੈ, ਉਸ ਨੂੰ ਸਮਾਲਿ = ਸੰਮਾਲਣਾ ਕਰ ਭਾਵ ਸਰੀਰ ਦੇ ਵਿਚਿ = ਅੰਦਰ ਜੋਤੀ ਰੂਪ ਦਾ ਪ੍ਰਕਾਸ਼ ਹੈ, ਜਿਸ ਨਾਲ ਅੱਖਾਂ ਵੇਖਦੀਆਂ ਹਨ, ਕੰਨ ਸੁਣਦੇ ਹਨ, ਜ਼ੁਬਾਨ ਬੋਲਦੀ ਹੈ, ਰਸਨਾ ਰਸ ਲੈਂਦੀ ਹੈ, ਹੱਥ ਪਕੜਦੇ ਹਨ, ਪੈਰ ਤੁਰਦੇ ਹਨ, ਮਨ ਸੰਕਲਪ ਉਠਾਉਂਦਾ ਹੈ, ਉਸ ਜੋਤੀ ਸਰੂਪ ਨੂੰ ਸੰਮਾਲਣਾ ਕਰ, ਭਾਵ ਯਾਦ ਕਰ।

## ਗੁਰਿ ਨਉ ਨਿਧਿ ਨਾਮੁ ਵਿਖਾਲਿਆ;
## ਹਰਿ ਦਾਤਿ ਕਰੀ ਦਇਆਲਿ ॥੫॥

ਗੁਰੂ ਜੀ ਨੇ ਨਉ = ਨੌਂ ਨਿਧਿ = ਨਿਧੀਆਂ ਦੇ ਦੇਣ ਵਾਲਾ ਨਾਮ ਪ੍ਰਗਟ ਕਰ ਕੇ ਵਿਖਾਲਿਆ = ਦਿਖਾਇਆ ਹੈ। ਇਹ ਦਇਆਲਿ = ਦਿਆਲੂ ਹਰਿ = ਹਰੀ ਪਰਮੇਸ਼ਰ ਨੇ ਦਾਤਿ = ਬਖ਼ਸ਼ਿਸ਼ ਕਰੀ = ਕਰਨਾ ਕੀਤੀ ਹੈ।੫।

## ਮਨ ਕਰਹਲਾ ਤੂੰ ਚੰਚਲਾ; ਚਤੁਰਾਈ ਛਡਿ ਵਿਕਰਾਲਿ ॥

ਹੇ ਕਰਹਲਾ = ਬੇਮੁਹਾਰੇ ਸ਼ੁਤਰ ਦੀ ਨਿਆਈਂ ਮਨਾਂ! ਤੂੰ ਬੜਾ ਚੰਚਲਾ = ਚਤੁਰ ਹੋ ਰਿਹਾ ਹੈਂ, ਜਿਹੜੀਆਂ ਉਪਰੋਂ ਚਤੁਰਾਈਆਂ ਕਰਦਾ ਹੈਂ, ਇਹ ਵਿਕਰਾਲਿ = ਭਿਆਨਕ ਚਤੁਰਾਈਆਂ ਨੂੰ ਛਡਿ = ਛੱਡਣਾ ਕਰ।

## ਹਰਿ ਹਰਿ ਨਾਮੁ ਸਮਾਲਿ ਤੂੰ; ਹਰਿ ਮੁਕਤਿ ਕਰੇ ਅੰਤ ਕਾਲਿ ॥੬॥

ਜੋ ਸਾਰਿਆਂ ਨੂੰ ਹਰਿ = ਹਰੇ ਭਰੇ ਕਰਨ ਵਾਲਾ ਹੈ, ਤੂੰ ਉਸ ਹਰਿ = ਪਰਮੇਸ਼ਰ ਦੇ ਨਾਮ ਨੂੰ ਸਮਾਲਿ = ਯਾਦ ਕਰਨਾ ਕਰੇਂਗਾ ਤਾਂ ਅੰਤਕਾਲਿ = ਅੰਤ ਵੇਲੇ ਹਰਿ = ਹਰੀ ਪਰਮੇਸ਼ਰ ਤੈਨੂੰ ਮੁਕਤ ਕਰ ਦੇਵੇਗਾ ॥੬॥ ਜੈਸਾ ਕਿ :

**ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥** *(ਆਸਾ ਮ: ੪ ਛੰਤ, ਅੰਗ ੪੫੧)*

## ਮਨ ਕਰਹਲਾ ਵਡਭਾਗੀਆ; ਤੂੰ ਗਿਆਨੁ ਰਤਨੁ ਸਮਾਲਿ ॥

ਹੇ ਮੇਰੇ ਕਰਹਲਾ = ਬੇਮੁਹਾਰੇ ਊਠ ਦੀ ਨਿਆਈਂ ਮਨਾਂ, ਹੇ ਮੇਰੇ ਵਡਭਾਗੀਆ = ਵੱਡਿਆਂ ਭਾਗਾਂ ਵਾਲਿਆ ਮਨਾਂ! ਜੋ ਪਰਮੇਸ਼ਰ ਦਾ ਗਿਆਨ ਰਤਨ ਦੀ ਨਿਆਈਂ ਅਮੋਲਕ ਹੈ, ਇਸ ਨੂੰ ਤੂੰ ਹਿਰਦੇ ਦੇ ਅੰਦਰ ਸਮਾਲਿ = ਸੰਭਾਲਣਾ ਕਰ।

## ਗੁਰ ਗਿਆਨੁ ਖੜਗੁ ਹਥਿ ਧਾਰਿਆ; ਜਮੁ ਮਾਰਿਅੜਾ ਜਮਕਾਲਿ ॥੭॥

ਹੇ ਮਨਾਂ! ਵੇਖਣਾ ਕਰ ਜਿਨ੍ਹਾਂ ਨੇ ਗੁਰੂ ਸਾਹਿਬਾਨਾਂ ਪਾਸੋਂ ਗਿਆਨੁ = ਅਪ੍ਰੋਖ ਗਿਆਨ ਰੂਪੀ ਖੜਗੁ = ਕਿਰਪਾਨ ਲੈ ਕੇ ਬੁੱਧ ਰੂਪੀ ਹੱਥ ਵਿਚ ਧਾਰਿਆ = ਧਾਰਨ ਕੀਤੀ ਹੈ, ਉਨ੍ਹਾਂ ਨੇ ਜਮ ਅਤੇ (ਜਮ+ਕਾਲਿ) ਜੰਮਣ ਮਰਣ ਦੇ ਸਮੇਂ ਨੂੰ ਵੀ ਮਾਰਿਅੜਾ = ਮਾਰ ਲਿਆ ਹੈ **ਵਾ:** ਉਨ੍ਹਾਂ ਨੂੰ ਜਮ = ਜ਼ਮਾਨਾ ਵੀ ਕੁਝ ਨਹੀਂ ਕਰ ਸਕਦਾ। ਜਮਕਾਲ ਨੂੰ ਵੀ ਮਾਰ ਲਿਆ ਹੈ। ਜੰਮਣ ਅਤੇ ਮਰਣ ਨੂੰ ਵੀ ਜਿੱਤ ਲਿਆ ਹੈ ॥੭॥

## ਅੰਤਰਿ ਨਿਧਾਨੁ ਮਨ ਕਰਹਲੇ; ਭ੍ਰਮਿ ਭਵਹਿ ਬਾਹਰਿ ਭਾਲਿ ॥

ਹੇ ਮੇਰੇ ਕਰਹਲੇ = ਬੇਮੁਹਾਰੇ ਸ਼ੁਤਰ ਮਨਾਂ! ਸਾਰੇ ਨਿਧਾਨੁ = ਖ਼ਜ਼ਾਨੇ ਤੇਰੇ ਅੰਤਰਿ = ਅੰਦਰ ਹੀ ਹਨ। ਤੂੰ ਬਾਹਰ ਸੰਸਾਰ ਵਿਚ ਭਾਲਦਾ ਹੋਇਆ ਭਰਮਦਾ ਫਿਰਦਾ ਹੈਂ।

## ਗੁਰੁ ਪੁਰਖੁ ਪੂਰਾ ਭੇਟਿਆ; ਹਰਿ ਸਜਣੁ ਲਧੜਾ ਨਾਲਿ ॥੮॥

ਹੇ ਮਨਾਂ! ਵੇਖ ਜਿਨ੍ਹਾਂ ਨੂੰ ਪੂਰਾ = ਪੂਰਨ ਸਤਿਗੁਰੂ ਪੁਰਖੁ = ਪਰਮੇਸ਼ਰ ਰੂਪ ਭੇਟਿਆ = ਮਿਲਿਆ ਹੈ ਉਨ੍ਹਾਂ ਨੇ ਹਰਿ ਸਜਣੁ = ਹਰੀ ਸੱਜਣ ਸਰੀਰ ਦੇ ਨਾਲ ਹੀ ਲਧੜਾ = ਲੱਭ ਲਿਆ ਹੈ ॥੮॥

## ਰੰਗਿ ਰਤੜੇ ਮਨ ਕਰਹਲੇ; ਹਰਿ ਰੰਗੁ ਸਦਾ ਸਮਾਲਿ ॥

ਹੇ ਦੁਨੀਆਂ ਦੇ ਰੰਗ ਵਿਚ ਰਤੜੇ = ਰੰਗੇ ਹੋਏ ਕਰਹਲੇ = ਬੇਮੁਹਾਰੇ ਸ਼ੁਤਰ ਮਨਾਂ! ਤੂੰ ਹਰਿ = ਪਰਮੇਸ਼ਰ ਦੇ ਰੰਗ ਨੂੰ ਸਦਾ = ਹਮੇਸ਼ਾ ਸਮਾਲਿ = ਸੰਭਾਲਣਾ ਕਰ।

## ਹਰਿ ਰੰਗੁ ਕਦੇ ਨ ਉਤਰੈ; ਗੁਰ ਸੇਵਾ ਸਬਦੁ ਸਮਾਲਿ ॥੯॥

ਜੇਕਰ ਹਰਿ = ਹਰੀ ਪਰਮੇਸ਼ਰ ਦਾ ਪ੍ਰੇਮ ਰੰਗ ਤੈਨੂੰ ਚੜ੍ਹ ਗਿਆ, ਫੇਰ ਕਦੇ ਵੀ ਤੇਰੇ ਅੰਦਰੋਂ ਨ = ਨਹੀਂ ਉਤਰੈ = ਉਤਰੇਗਾ। ਇਸ ਲਈ ਤੂੰ ਗੁਰਾਂ ਦੀ ਸੇਵਾ = ਚਾਕਰੀ ਅਤੇ ਸਬਦੁ = ਉਪਦੇਸ਼ ਨੂੰ ਸਮਾਲਿ = ਸੰਭਾਲਣਾ ਕਰ ॥੯॥

## ਹਮ ਪੰਖੀ ਮਨ ਕਰਹਲੇ; ਹਰਿ ਤਰਵਰੁ ਪੁਰਖੁ ਅਕਾਲਿ ॥

ਹੇ ਮੇਰੇ ਕਰਹਲੇ = ਬੇਮੁਹਾਰੇ ਊਠ ਦੀ ਨਿਆਈਂ ਮਨਾਂ! ਹਮ = ਤਮਾਮ ਜਿੰਨੇ ਜੀਵ ਜੰਤ ਹਨ, ਸਭ ਪੰਛੀਆਂ ਦੀ ਨਿਆਈਂ ਹਨ ਅਤੇ ਹਰਿ = ਹਰੀ ਅਕਾਲ ਪੁਰਖ ਤਰਵਰੁ = ਬ੍ਰਿਛ ਦੀ ਨਿਆਈਂ ਹੈ, ਆਪਾਂ ਉਸ ਦੇ ਆਸਰੇ ਰਹਿਣ ਵਾਲੇ ਹਾਂ। ਉਸ ਦੇ ਵਿੱਚੋਂ ਹੀ ਗਿਆਨ ਰੂਪੀ ਫਲ ਖਾਣੇ ਹਨ, ਉਸ ਦੇ ਵਿੱਚੋਂ ਹੀ ਪ੍ਰੇਮ ਰੂਪੀ ਫੁੱਲ ਗ੍ਰਹਿਣ ਕਰਨੇ ਹਨ।

## ਵਡਭਾਗੀ ਗੁਰਮੁਖਿ ਪਾਇਆ;
## ਜਨ ਨਾਨਕ ਨਾਮੁ ਸਮਾਲਿ ॥੧੦॥੨॥੨੯॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਵਡਭਾਗੀ = ਵੱਡਿਆਂ ਭਾਗਾਂ ਵਾਲਿਆਂ ਗੁਰਮੁਖਾਂ ਨੇ ਗੁਰਾਂ ਦੁਆਰਾ ਨਾਮ ਨੂੰ ਸਮਾਲਿ = ਸੰਭਾਲਣਾ ਕੀਤਾ ਹੈ, ਭਾਵ ਪਰਮੇਸ਼ਰ ਦੇ ਨਾਮ ਨੂੰ ਪਾਇਆ = ਪ੍ਰਾਪਤ ਕੀਤਾ ਹੈ ॥੧੦॥੨॥੨੯॥

# ਰਾਗੁ ਗਉੜੀ ਗੁਆਰੇਰੀ ਮਹਲਾ ੫ ਅਸਟਪਦੀਆ

## ੧ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

**ਉਥਾਨਕਾ** : ਸ੍ਰੀ ਅੰਮ੍ਰਿਤਸਰ ਸਾਹਿਬ ਮੰਜੀ ਸਾਹਿਬ ਵਿਖੇ ਗੁਰੂ ਜੀ ਦਾ ਦੀਵਾਨ ਲੱਗਾ ਹੋਇਆ ਸੀ, ਉਥੇ ਭਾਈ ਪਰਾਣਾ ਜੀ, ਭਾਈ ਪੈੜਾ ਜੀ ਆਦਿਕ ਗੁਰਸਿੱਖ ਦਰਸ਼ਨ ਕਰ ਰਹੇ ਸਨ। ਇਨ੍ਹਾਂ ਸਾਰੇ ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਿਸ਼ਾਹ ਜੀ ! ਜੇ ਇੱਕੋ ਪਰਮੇਸ਼ਰ ਹੀ ਹੈ ਤਾਂ ਮਨ ਭਰਮ ਦੇ ਵਿਚ ਕਿਉਂ ਪੈ ਗਿਆ ? ਤਾਂ ਰਾਗ ਗਉੜੀ ਦੀ ਗੁਆਰੇਰੀ ਜਾਤੀ ਅੰਦਰ ਮਹਲਾ ੫ = ਪੰਜਵੇ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਸਟਪਦੀਆ = ਅੱਠ ਪਦਿਆਂ ਵਾਲਾ ਇਹ ਸ਼ਬਦ ਉਚਾਰਣ ਕਰਕੇ ਉੱਤਰ ਦਿੱਤਾ :

੧ = ਇਕ ਅਦ੍ਵੈਤ ਰੂਪ ਪਰਮੇਸ਼ਰ, ੴ = ਸਾਰਿਆਂ ਦਾ ਪ੍ਰਕਾਸ਼ਕ, ਸਤਿ = ਨਾਸ਼ ਤੋਂ ਰਹਿਤ ਨਾਮ = ਪ੍ਰਸਿੱਧ ਹੈ, ਕਰਤਾ = ਸਾਰੇ ਜਗਤ ਨੂੰ ਰਚਣ ਵਾਲਾ ਹੈ, ਪੁਰਖੁ = ਸਾਰਿਆਂ ਥਾਵਾਂ 'ਤੇ ਪੂਰਨ ਹੈ। ਗੁਰ ਪ੍ਰਸਾਦਿ = ਗੁਰਾਂ ਦੀ ਕਿਰਪਾ ਕਰ ਕੇ ਪ੍ਰਾਪਤ ਹੁੰਦਾ ਹੈ।

## ਜਬ ਇਹੁ; ਮਨ ਮਹਿ ਕਰਤ ਗੁਮਾਨਾ ॥

ਜਬ = ਜਦੋਂ ਇਹ ਜੀਵ ਆਪਣੇ ਮਨ ਮਹਿ = ਵਿਚ ਮਾਇਆ, ਵਿੱਦਿਆ, ਗੁਣਾਂ ਦਾ ਗੁਮਾਨਾ = ਹੰਕਾਰ ਕਰਤ = ਕਰਦਾ ਹੈ ਕਿ ਮੇਰੇ ਤੋਂ ਉੱਪਰ ਦੁਨੀਆਂ ਵਿਚ ਕੋਈ ਨਹੀਂ ਹੈ **ਵਾ:** ਗੁਮਾਨਾ (ਗੁ+ਮਾਨਾ) ਗੁ = ਇੰਦ੍ਰੀਆਂ ਦੇ ਸਹਿਤ ਆਪਣੇ ਆਪ ਨੂੰ ਮਨ ਦੇ ਵਿਚ ਤਰ੍ਹਾਂ ਤਰ੍ਹਾਂ ਦੇ ਸੰਕਲਪ ਉਠਾ ਕੇ ਮਾਨਾ = ਹੰਕਾਰ ਕਰਦਾ ਹੈ **ਵਾ:** ਗੁ = ਵੇਦਾਂ, ਸ਼ਾਸਤਰਾਂ ਦਾ ਮਾਣ ਕਰਦਾ ਹੈ ਕਿ ਮੈਂ ਬੜਾ ਵਿਦਵਾਨ ਹਾਂ।

## ਤਬ ਇਹੁ; ਬਾਵਰੁ ਫਿਰਤ ਬਿਗਾਨਾ ॥

ਤਬ = ਤਦੋਂ ਇਹ ਬਾਵਰੁ = ਬਉਰਾ, ਕਮਲਾ ਹੋਇਆ ਬਿਗਾਨਾ = ਬੇਗਿਆਤ ਤੁਰਿਆ ਫਿਰਤ = ਫਿਰਦਾ ਹੈ, ਇਸ ਨੂੰ ਆਪਣੇ ਸਰੂਪ ਦੀ ਗਿਆਤ ਨਹੀਂ, ਕਦੇ ਜਮਦੂਤਾਂ ਦਾ ਕਦੇ ਕਾਮ, ਕ੍ਰੋਧ, ਲੋਭ, ਮੋਹ ਆਦਿ ਵਿਕਾਰਾਂ ਦੇ ਵਸ ਪੈ ਕੇ ਬਿਗਾਨਾ ਹੀ ਬਣਿਆ ਰਹਿੰਦਾ ਹੈ।

## ਜਬ ਇਹੁ ਹੂਆ; ਸਗਲ ਕੀ ਰੀਨਾ ॥ ਤਾ ਤੇ ਰਮਈਆ; ਘਟਿ ਘਟਿ ਚੀਨਾ ॥੧॥

ਜਬ = ਜਦ ਇਹ ਜੀਵ ਸਗਲ = ਸਾਰਿਆਂ ਦੇ ਚਰਨਾਂ ਕੀ = ਦੀ ਰੀਨਾ = ਧੂੜ ਹੂਆ = ਹੋ ਗਿਆ। ਤਾ = ਤਦੋਂ ਤੇ = ਤੋਂ ਇਹ ਜੀਵ ਨੇ ਰਮਈਆ = ਰਮੇ ਹੋਏ ਪਰਮੇਸ਼ਰ ਨੂੰ ਘਟਿ ਘਟਿ = ਘਟਾਂ ਘਟਾਂ ਵਿਚ ਚੀਨਾ = ਜਾਣ ਲਿਆ ॥੧॥

## ਸਹਜ ਸੁਹੇਲਾ; ਫਲੁ ਮਸਕੀਨੀ ॥

ਇਹ ਸਹਜ = ਸੁਤੇ-ਸਿਧ ਹੀ ਸੁਹੇਲਾ = ਸੁਖੀ ਹੋਣ ਦਾ ਫਲ ਮਸਕੀਨੀ = ਗ਼ਰੀਬੀ ਵਿਚ ਹੈ। ਜਦੋਂ ਨਿਮਰਤਾ ਆ ਗਈ, ਸਹਜੇ ਹੀ ਸੁਹੇਲਾ = ਸੁਖੀ ਹੋ ਜਾਣਾ, ਇਹ ਫਲ ਮਸਕੀਨੀ = ਗ਼ਰੀਬੀ ਨੂੰ ਲੱਗੇ ਹੋਏ ਹਨ।

## ਸਤਿਗੁਰ ਅਪੁਨੈ; ਮੋਹਿ ਦਾਨੁ ਦੀਨੀ ॥੧॥ਰਹਾਉ॥

ਆਪ ਦੇ ਸਤਿਗੁਰੂ ਜੀ ਨੇ ਮੋਹਿ = ਮੈਨੂੰ ਨਿਮਰਤਾ ਗ਼ਰੀਬੀ ਦਾਨ ਵਜੋਂ ਦੀਨੀ = ਦਿੱਤੀ ਹੋਈ ਹੈ। ਅਰਥਾਤ ਗ਼ਰੀਬੀ ਕਿਤੋਂ ਮੁੱਲ ਨਹੀਂ ਮਿਲ ਸਕਦੀ, ਸਾਨੂੰ ਆਪਣਿਆਂ ਨੇ ਦਾਨ ਵਿਚ ਦਿੱਤੀ ਹੈ ॥੧॥ਰਹਾਉ॥

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿੱਧ ਮਿਲੇ, ਉਸ ਵੇਲੇ ਗੋਰਖ ਨਾਥ ਗੁਰੂ ਜੀ ਨੂੰ ਕਹਿਣ ਲੱਗਾ

ਕਿ ਹੇ ਮਹਾਰਾਜ ਸਾਡੇ ਕੋਲੋਂ ਹੀਰੇ, ਜਵਾਹਰਰਾਤ ਰਤਨ ਆਦਿਕ ਕੁਝ ਲੈ ਲਉ, ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਗੋਰਖ ਨਾਥ ਜੀ ਸਾਨੂੰ ਗ਼ਰੀਬੀ ਲਿਆ ਦੇ, ਗੋਰਖ ਨਾਥ ਹੈਰਾਨ ਹੋ ਗਿਆ, ਵਿਸ਼ਨੂੰ ਭਗਵਾਨ ਕੋਲ ਗਿਆ, ਸਾਰਿਆਂ ਕੋਲ ਗਿਆ, ਕਿਤੋਂ ਵੀ ਗ਼ਰੀਬੀ ਨਾ ਮਿਲੀ, ਸਭ ਨੇ ਕਿਹਾ ਕਿ ਸਾਰੀ ਨਿਮਰਤਾ, ਗ਼ਰੀਬੀ ਗੁਰੂ ਨਾਨਕ ਦੇਵ ਜੀ ਦੇ ਪਾਸ ਹੈ। ਹੋਰ ਗ਼ਰੀਬੀ ਕਿਥੋਂ ਭਾਲਦਾ ਹੈਂ, ਇਹ ਗ਼ਰੀਬੀ ਭਾਵ ਨਿਮਰਤਾ ਹੈ। ਜੈਸਾ ਕਿ :

**ਹਉਮੈ ਗਰਬੁ ਨਿਵਾਰੀਐ ਗੁਰਮੁਖਿ ਰਿਦੈ ਗਰੀਬੀ ਆਵੈ ॥**

*(ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੩)*

## ਜਬ ਕਿਸ ਕਉ; ਇਹੁ ਜਾਨਸਿ ਮੰਦਾ ॥ ਤਬ ਸਗਲੇ; ਇਸੁ ਮੇਲਹਿ ਫੰਦਾ ॥

ਜਬ = ਜਦੋਂ ਇਹ ਜੀਵ ਕਿਸੇ ਕਉ = ਨੂੰ ਪਹਿਲਾਂ ਮੰਦਾ = ਭੈੜਾ ਸੰਕਲਪ ਕਰ ਕੇ ਜਾਨਸਿ = ਜਾਣਦਾ ਹੈ ਕਿ ਇਹ ਬਹੁਤ ਭੈੜਾ ਪੁਰਖ ਹੈ। ਤਬ = ਤਦੋਂ ਸਗਲ = ਸਾਰੇ ਇਸ ਦੁਆਲੇ ਫੰਦਾ = ਫਾਹੇ ਆ ਮੇਲਹਿ = ਮੇਲਦੇ ਹਨ, ਭਾਵ ਇਸਦਾ ਬੁਰਾ ਚਿਤਵਦੇ ਹਨ।

ਜਿਵੇਂ ਭਗਤ ਪੀਪਾ ਜੀ ਦੀ ਸੁਪਤਨੀ ਬਹੁਤ ਬੰਦਗੀ ਵਾਲੀ ਗੁਰਮੁਖ ਰੂਹ ਸੀ, ਨਾਮ ਦੀ ਕਮਾਈ ਬਹੁਤ ਸੀ, ਇਕ ਵਾਰੀ ਕਈ ਵਿਕਾਰੀ ਪੁਰਖ ਸਾਧਾਂ ਦਾ ਰੂਪ ਧਾਰ ਕੇ ਪੀਪੇ ਭਗਤ ਕੋਲ ਆਏ, ਆ ਕੇ ਕਹਿਣ ਲੱਗੇ ਕਿ ਸਾਨੂੰ ਸੀਤਾ ਰਾਣੀ ਦੇ ਦਰਸ਼ਨ ਕਰਾਉ। ਮਨ ਵਿਚ ਵਿਕਾਰ ਦੀ ਦ੍ਰਿਸ਼ਟੀ ਸੀ। ਭਗਤ ਜੀ ਕਹਿਣ ਲੱਗੇ ਕਿ ਰਸੋਈ ਵਿਚ ਲੰਗਰ ਬਣਾ ਰਹੀ ਹੈ, ਜਾ ਕੇ ਦਰਸ਼ਨ ਕਰ ਲਵੋ। ਜਦੋਂ ਅੰਦਰ ਗਏ ਤਾਂ ਅੱਗੇ ਲੰਗਰ ਖਾਨੇ ਵਿਚ ਸ਼ੇਰਨੀ ਬੈਠੀ ਸੀ। ਭਗਤ ਜੀ ਨੂੰ ਕਹਿਣ ਲੱਗੇ ਕਿ ਤੁਸੀਂ ਤਾਂ ਸਾਨੂੰ ਸ਼ੇਰਨੀ ਪਾਸ ਭੇਜ ਦਿੱਤਾ, ਤਾਂ ਭਗਤ ਜੀ ਕਹਿਣ ਲੱਗੇ ਕਿ ਤੁਹਾਡੀ ਦ੍ਰਿਸ਼ਟੀ ਦਾ ਫ਼ਰਕ ਹੈ, ਤੁਸੀਂ ਮੰਦ ਭਾਵਨਾ ਕਰ ਕੇ ਗਏ ਤਾਂ ਤੁਹਾਨੂੰ ਸ਼ੇਰਨੀ ਦਿਸੀ ਹੈ, ਭਾਵਨਾ ਸਾਫ਼ ਕਰ ਕੇ ਜਾਉ। ਜਦੋਂ ਵਿਕਾਰ ਮਨ ਵਿੱਚੋਂ ਕੱਢ ਕੇ ਭਾਵਨਾ ਸ਼ੁੱਧ ਕਰ ਕੇ ਗਏ ਤਾਂ ਅੱਗੋਂ ਸੀਤਾ ਰਾਣੀ ਨੇ ਉਨ੍ਹਾਂ ਨੂੰ ਭੋਜਨ ਛਕਾਇਆ ਤਾਂ ਅੱਗੋਂ ਉਨ੍ਹਾਂ ਨੇ ਕਿਹਾ ਕਿ ਮਾਤਾ ਜੀ ਪਹਿਲਾਂ ਆਪ ਜੀ ਦਾ ਸ਼ੇਰਨੀ ਦਾ ਸਰੂਪ ਸੀ। ਮਾਤਾ ਜੀ ਕਹਿਣ ਲੱਗੇ ਕਿ ਹੇ ਭਾਈ! ਤੁਸੀਂ ਮੇਰੇ ਮਾਸ ਦੀ ਇੱਛਾ ਕਰ ਕੇ ਆਏ ਸੀ, ਇਸ ਕਰਕੇ ਪਰਮੇਸ਼ਰ ਨੇ ਤੁਹਾਨੂੰ ਸ਼ੇਰਨੀ ਕਰ ਕੇ ਮੇਰਾ ਰੂਪ ਦਿਖਾਇਆ ਹੈ।

## ਮੇਰ ਤੇਰ; ਜਬ ਇਨਹਿ ਚੁਕਾਈ ॥ ਤਾ ਤੇ; ਇਸੁ ਸੰਗਿ, ਨਹੀ ਬੈਰਾਈ ॥੨॥

ਜਬ = ਜਦੋਂ ਜੀਵ ਨੇ ਮੇਰ ਤੇਰ ਚੁਕਾਈ = ਦੂਰ ਕਰ ਦਿੱਤੀ। ਤਾ ਤੇ = ਤਿਸ ਕਰਕੇ ਇਸ ਸੰਗਿ = ਨਾਲ ਕੋਈ ਵੀ ਬੈਰਾਈ = ਵੈਰ ਨਹੀਂ ਕਰਦਾ। ਸਭ ਉਸ ਦੇ ਸੱਜਣ ਬਣ ਜਾਂਦੇ ਹਨ॥੨॥ ਜੈਸਾ ਕਿ :

**ਬੈਰੀ ਉਲਟਿ ਭਏ ਹੈ ਮੀਤਾ॥** *(ਗਉੜੀ ਭਗਤ ਕਬੀਰ ਜੀ, ਅੰਗ ੩੨੬)*

## ਜਬ ਇਨਿ; ਅਪੁਨੀ ਅਪਨੀ ਧਾਰੀ ॥ ਤਬ ਇਸ ਕਉ ਹੈ; ਮੁਸਕਲੁ ਭਾਰੀ ॥

ਜਬ = ਜਦੋਂ ਇਨਿ = ਇਸ ਜੀਵ ਨੇ ਆਪਣੀ ਦੇਹ ਮੰਨ ਕੇ ਅਪੁਨੀ ਮਮਤਾ ਪਦਾਰਥਾਂ ਵਿਚ ਧਾਰੀ = ਧਾਰ ਲਈ, ਤਬ = (ਤਦੋਂ) ਤਿਸ ਵੇਲੇ ਇਸ ਕਉ = ਨੂੰ ਭਾਰੀ = ਬਹੁਤੀ ਮੁਸਕਲੁ = ਬਿਪਤਾ ਪੈ ਜਾਂਦੀ ਹੈ ਭਾਵ ਬਿਪਤਾ ਵਿੱਚੋਂ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ।

## ਜਬ ਇਨਿ; ਕਰਣੈਹਾਰੁ ਪਛਾਤਾ ॥ ਤਬ ਇਸ ਨੋ; ਨਾਹੀ ਕਿਛੁ ਤਾਤਾ ॥੩॥

ਜਬ = ਜਦੋਂ ਇਨਿ = ਇਸ ਜੀਵ ਨੇ ਆਪਣੀ ਹੰਗਤਾ ਮਮਤਾ ਛੱਡ ਕੇ ਕਰਣੈਹਾਰੁ = ਕਰਤਾ ਪੁਰਖ

ਪਰਮੇਸ਼ਰ ਨੂੰ ਪਛਾਤਾ = ਪਛਾਣ ਭਾਵ ਜਾਣ ਲਿਆ। ਤਬ = ਤਦ ਇਸ ਨੋ = ਇਸ ਨੂੰ ਕਿਛੁ = ਕੁਝ ਵੀ ਤਾਤਾ = ਸਾੜਾ, ਇੱਛਾ ਨਾਹੀ = ਨਹੀਂ ਰਹਿੰਦੀ ॥੩॥

## ਜਬ ਇਨਿ; ਅਪੁਨੋ ਬਾਧਿਓ ਮੋਹਾ ॥ ਆਵੈ ਜਾਇ; ਸਦਾ ਜਮਿ ਜੋਹਾ ॥

ਜਬ = ਜਦੋਂ ਇਨਿ = ਇਸ ਜੀਵ ਨੇ ਹੰਕਾਰ ਨਾਲ ਅਪਨਾ ਮੋਹਾ = ਮੋਹ ਬਾਧਿਓ = ਬੰਨ੍ਹ ਲਿਆ ਕਿ ਇਹ ਮੇਰਾ ਪਦਾਰਥ ਹੈ। ਓਨਾ ਚਿਰ ਇਹ ਜੀਵ ਜਨਮ ਧਾਰ ਕੇ ਆਵੈ = ਆਉਂਦਾ ਤੇ ਮਰ ਕੇ ਜਾਇ = ਜਾਂਦਾ ਰਹਿੰਦਾ ਹੈ ਅਤੇ ਸਦਾ = ਹਮੇਸ਼ਾਂ ਹੀ ਉਸ ਦੇ ਤਾਈਂ ਜਮ ਜੋਹਾ = ਤਾੜਦਾ ਭਾਵ ਦੇਖਦਾ ਰਹਿੰਦਾ ਹੈ।

## ਜਬ ਇਸ ਤੇ; ਸਭ ਬਿਨਸੇ ਭਰਮਾ ॥ ਭੇਦੁ ਨਾਹੀ ਹੈ; ਪਾਰਬ੍ਰਹਮਾ ॥੪॥

ਜਬ = ਜਦੋਂ ਇਸ ਦੇ ਹਿਰਦੇ ਤੇ = ਤੋਂ ਸਭ = ਸਾਰੇ ਭਰਮ ਬਿਨਸੇ = ਨਾਸ ਹੋ ਗਏ, ਤਾਂ ਉਸ ਵੇਲੇ ਜੀਵ ਅਤੇ ਪਾਰਬ੍ਰਹਮਾ = ਪਰਮੇਸ਼ਰ ਵਿਚ ਕੋਈ ਭੇਦੁ = ਫ਼ਰਕ ਨਾਹੀ = ਨਹੀਂ ਰਹਿੰਦਾ, ਅਭੇਦ ਹੋ ਜਾਂਦਾ ਹੈ। ਜਿਵੇਂ ਬੂੰਦ ਸਾਗਰ ਵਿਚ ਮਿਲ ਕੇ ਸਮੁੰਦਰ ਦਾ ਹੀ ਰੂਪ ਹੋ ਜਾਂਦੀ ਹੈ ॥੪॥

## ਜਬ ਇਨਿ; ਕਿਛੁ ਕਰਿ ਮਾਨੇ ਭੇਦਾ ॥ ਤਬ ਤੇ; ਦੂਖ ਡੰਡ ਅਰੁ ਖੇਦਾ ॥

ਜਬ = ਜਦੋਂ ਇਨਿ = ਇਸ ਜੀਵ ਨੇ ਭੇਦ ਗਿਆਨ ਕਰਿ = ਕਰ ਕੇ ਜੀਵ ਈਸ, ਜੀਵ ਜੜ੍ਹ ਆਦਿਕ ਦੇ ਕਿਛੁ = ਕੁਝ ਭੇਦ ਮਾਨੋ = ਮੰਨੇ ਹਨ। ਤਬ = ਤਦੋਂ ਤੇ = ਤੋਂ ਇਸ ਨੂੰ ਸਰੀਰ ਕਰ ਕੇ ਜੰਮਣ ਮਰਣ ਦਾ ਦੂਖ = ਦੁੱਖ ਜਮਾਂ ਦਾ ਡੰਡ ਅਰੁ = ਅਤੇ ਮਨ ਕਰ ਕੇ ਖੇਦਾ = ਕਸ਼ਟ ਪ੍ਰਾਪਤ ਹੁੰਦਾ ਹੈ।

## ਜਬ ਇਨਿ; ਏਕੋ ਏਕੀ ਬੂਝਿਆ ॥ ਤਬ ਤੇ ਇਸ ਨੋ; ਸਭੁ ਕਿਛੁ ਸੂਝਿਆ ॥੫॥

ਜਬ = ਜਦੋਂ ਇਨਿ = ਇਸ ਜੀਵ ਨੇ ਲੋਕ ਪਰਲੋਕ ਵਿਚ ਇੱਕੋ ਇਕ ਪਰਮਾਤਮਾ ਨੂੰ ਬੂਝਿਆ = ਸਮਝ ਲਿਆ ਹੈ।

ਤਬ ਤੇ = ਤਦ ਤੋਂ ਇਸ ਨੋ = ਇਸ ਨੂੰ ਸਭੁ = ਸਾਰਾ ਕਿਛੁ = ਕੁਝ ਬ੍ਰਹਮ ਰੂਪ ਕਰਕੇ ਸੂਝਿਆ = ਦਿਸ ਆਇਆ ਹੈ, ਭਾਵ ਪਰਮੇਸ਼ਰ ਦੀ ਕਿਰਪਾ ਕਰਕੇ ਗਿਆਨ ਹੋ ਜਾਂਦਾ ਹੈ ॥੫॥

## ਜਬ ਇਹੁ ਧਾਵੈ; ਮਾਇਆ ਅਰਥੀ ॥ ਨਹ ਤ੍ਰਿਪਤਾਵੈ; ਨਹ ਤਿਸ ਲਾਥੀ ॥

ਜਬ = ਜਦ ਇਹ ਜੀਵ ਮਾਇਆ ਦੇ ਅਰਥੀ = ਵਾਸਤੇ ਮੰਗਤਾ, ਜਾਚਕ ਬਣ ਕੇ ਧਾਵੈ = ਦੌੜਦਾ ਹੈ, ਇਸ ਨੂੰ ਨਹ = ਨਾ ਤਾਂ ਤ੍ਰਿਪਤਾਵੈ = ਰੱਜ ਆਉਂਦਾ ਹੈ ਤੇ ਨਹ = ਨਾ ਹੀ ਪਦਾਰਥਾਂ ਦੀ ਤਿਸ = ਤ੍ਰਿਸ਼ਨਾ ਲਾਥੀ = ਲਹਿੰਦੀ ਹੈ।

## ਜਬ ਇਸ ਤੇ; ਇਹੁ ਹੋਇਓ ਜਉਲਾ ॥

ਜਬ = ਜਦੋਂ ਇਸ ਮਾਇਆ ਤੇ = ਤੋਂ ਇਹ ਜਉਲਾ = ਜੁਦਾ ਭਾਵ ਅਸੰਗ ਹੋ ਗਿਆ **ਅਥਵਾ** ਜਦੋਂ ਪਦਾਰਥਾਂ ਵੱਲੋਂ ਮਨ ਉਥਾਨ ਹੋ ਗਿਆ, ਅੰਦਰੋਂ ਪਦਾਰਥਾਂ ਅਤੇ ਵਿਕਾਰਾਂ ਦੀ ਵਾਸ਼ਨਾ ਮਿਟ ਗਈ।

## ਪੀਛੈ ਲਾਗਿ ਚਲੀ; ਉਠਿ ਕਉਲਾ ॥੬॥

ਤਦੋਂ ਇਹ ਕਉਲਾ = ਮਾਇਆ ਉੱਠ ਕੇ ਉਸ ਦੇ ਪੀਛੈ = ਪਿੱਛੇ ਲਾਗਿ = ਲੱਗ ਕੇ ਚਲੀ = ਤੁਰ ਪੈਂਦੀ ਹੈ ॥੬॥

## ਕਰਿ ਕਿਰਪਾ; ਜਉ ਸਤਿਗੁਰੁ ਮਿਲਿਓ ॥

ਜਉ = ਜਦੋਂ ਇਸ ਜੀਵ ਤਾਈਂ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰਕੇ ਪੂਰੇ ਸਤਿਗੁਰੂ ਜੀ ਮਿਲਿਓ = ਮਿਲ ਪਏ।

ਇਸ ਪੰਗਤੀ ਸਿਧਾਂਤ ਨਾਲ ਮਿਲਦੀ ਹੋਈ ਵੀਚਾਰ ਦਸ਼ਮੇਸ਼ ਪਿਤਾ ਜੀ ਦੇ ਜੀਵਨ ਵਿਚ ਪੀਰ ਬੁੱਧੂ ਸ਼ਾਹ ਦੀ ਮਿਲਦੀ ਹੈ। ਜਿਵੇਂ ਪੀਰ ਬੁੱਧੂ ਸ਼ਾਹ ਨੇ ਪਾਉਂਟਾ ਸਾਹਿਬ ਜਾ ਕੇ ਸਤਿਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ। ਦਰਸ਼ਨ ਕਰਨ ਸਾਰ ਹੀ ਮਨ ਦੀ ਸਾਰੀ ਤ੍ਰਿਸ਼ਨਾ ਅਤੇ ਫੁਰਨੇ ਮਿਟ ਗਏ। ਗੁਰੂ ਸਾਹਿਬ ਜੀ ਦਾ ਸਰੂਪ ਹਿਰਦੇ ਵਿਚ ਜੜਿਆ ਗਿਆ, ਜਿਵੇਂ ਸਵਰਨ ਦੀ ਮੂਰਤੀ ਹੁੰਦੀ ਹੈ, ਇਉਂ ਉਸ ਦਾ ਹਿਰਦਾ ਸ਼ੁੱਧ ਹੋ ਗਿਆ। ਦਸਮੇਸ਼ ਜੀ ਬੋਲੇ ਕਿ ਪੀਰ ਬੁੱਧੂ ਸ਼ਾਹ ਕੀ ਚਾਹੁੰਦਾ ਹੈਂ, ਤਾਂ ਬੋਲਿਆ ਕਿ ਹੇ ਮਹਾਰਾਜ ਬਿਨਾਂ ਬੋਲੇ ਤੋਂ ਹੀ ਸਾਰੇ ਕਾਰਜ ਕਰ ਦਿੱਤੇ। ਤੁਹਾਡੇ ਦਰਸ਼ਨਾਂ ਨੇ ਮੈਨੂੰ ਨਿਹਾਲ ਕਰ ਦਿੱਤਾ ਹੈ। ਇਸ ਤਰ੍ਹਾਂ ਜਿਵੇਂ ਪੀਰ ਬੁੱਧੂ ਸ਼ਾਹ ਮਨੋਂ ਆ ਕੇ ਸਤਿਗੁਰਾਂ ਨੂੰ ਮਿਲਿਆ ਸੀ, ਇਸੇ ਤਰ੍ਹਾਂ ਹੇ ਜੀਵ ਤੂੰ ਵੀ ਮਨ ਕਰਕੇ ਸਤਿਗੁਰਾਂ ਨਾਲ ਮਿਲਣਾ ਕਰ।

## ਮਨ ਮੰਦਰ ਮਹਿ; ਦੀਪਕੁ ਜਲਿਓ ॥

ਤਦ ਉਸ ਦੇ ਮਨ ਰੂਪੀ ਮੰਦਰ = ਘਰ ਮਹਿ = ਵਿਚ ਬ੍ਰਹਮ ਗਿਆਨ ਰੂਪੀ ਦੀਪਕੁ = ਦੀਵਾ ਜਲਿਓ = ਜਲ ਪਿਆ। ਜਿਸ ਦੀਵੇ ਕਰ ਕੇ ਅਗਿਆਨ ਦਾ ਅੰਧੇਰਾ ਚੁੱਕਿਆ ਗਿਆ, ਐਸੀ ਗਿਆਤ ਆਈ।

## ਜੀਤ ਹਾਰ ਕੀ; ਸੋਝੀ ਕਰੀ ॥
## ਤਉ ਇਸੁ ਘਰ ਕੀ; ਕੀਮਤਿ ਪਰੀ ॥੭॥

ਉਸ ਗਿਆਨ ਦੁਆਰਾ ਪਤਾ ਲੱਗਾ ਕਿ ਮਨ ਨੂੰ ਜਿੱਤਣ ਕਰ ਕੇ ਜੀਤ = ਜਿੱਤ ਸੀ ਅਤੇ ਮਨ ਦੇ ਅਜਿੱਤ ਰਹਿਣ ਕਰ ਕੇ ਹਾਰ ਸੀ **ਵਾ:** ਸਰੂਪ ਦੀ ਸਾਖਿਅਤਾ ਕਰ ਕੇ ਜਿੱਤ ਹੈ ਅਤੇ ਮਾਇਆ ਦੇ ਮੋਹ ਵਿਚ ਲੱਗਣ ਤੇ ਹਾਰ ਹੈ। ਇਹ ਸਾਰੀ ਸੋਝੀ = ਸਮਝ ਪ੍ਰਾਪਤ ਕਰ ਲਈ।

ਤਉ = ਤਦ ਇਸੁ ਘਰ = ਸਰੀਰ **ਵਾ:** ਮਨੁੱਖਾ ਜਨਮ ਕੀ = ਦੀ ਕੀਮਤਿ ਪਰੀ = ਪੈ ਗਈ, ਮੁੱਲ ਪੈ ਗਿਆ ॥੭॥

[ਅੰਗ ੨੩੬]

## ਕਰਨ ਕਰਾਵਨ; ਸਭੁ ਕਿਛੁ ਏਕੈ ॥

ਉਹ ਏਕੈ = ਇਕ ਪਰਮੇਸ਼ਰ ਹੀ ਸਭੁ = ਸਾਰਾ ਕਿਛੁ = ਕੁਝ ਕਰਨ ਕਰਾਵਨ ਵਾਲਾ ਹੈ, ਭਾਵ ਸਾਰੇ ਕਾਰਜਾਂ ਨੂੰ ਕਰਨ ਵਾਲਾ ਹੈ **ਵਾ:** ਬ੍ਰਹਮਾ, ਵਿਸ਼ਨੂੰ ਸ਼ਿਵਜੀ ਆਦਿਕਾਂ ਨੂੰ ਪ੍ਰੇਰ ਕੇ ਉਤਪਤੀ, ਪਾਲਣਾ, ਲੈਅਤਾ ਦੇ ਕਾਰਜਾਂ ਨੂੰ ਕਰਾਉਣ ਵਾਲਾ ਸਭ ਕੁਝ ਇੱਕੋ ਅਕਾਲ ਪੁਰਖ ਹੀ ਹੈ।

## ਆਪੇ; ਬੁਧਿ ਬੀਚਾਰਿ ਬਿਬੇਕੈ ॥

ਉਹ ਪਰਮੇਸ਼ਰ ਆਪ ਹੀ ਬੁਧਿ = ਬੁੱਧੀ ਦੇਣ ਵਾਲਾ ਹੈ, ਸੰਗਤ ਵਿਚ ਬੀਚਾਰਿ = ਨਿਰਣਾ ਕਰਨ ਵਾਲਾ ਵੀ ਆਪ ਹੀ ਹੈ। ਬਿਬੇਕੈ (ਬਿਬ+ਏਕੈ) ਬਿਬ = (ਦੋ) ਜੀਵ ਈਸ ਦੀ ਏਕੈ = ਏਕਤਾ ਕਰਾਉਣ ਵਾਲਾ ਵੀ ਆਪ ਹੀ ਹੈ।

**ਦੂਰਿ ਨ ਨੇਰੈ; ਸਭ ਕੈ ਸੰਗਾ ॥ ਸਚੁ ਸਾਲਾਹਣੁ; ਨਾਨਕ ਹਰਿ ਰੰਗਾ ॥੮॥੧॥**

ਪਰਮੇਸ਼ਰ ਨ ਦੂਰ ਅਤੇ ਨਾ ਹੀ ਨੇਰੈ = ਨੇੜੇ ਹੈ। ਅਗਿਆਨੀਆਂ ਨੇ ਦੂਰ ਮੰਨਿਆ ਹੈ, ਵਿਚਾਰਵਾਨਾਂ ਨੇ ਨੇੜੇ ਮੰਨਿਆ ਹੈ, ਉਹ ਆਤਮਾ ਰੂਪ ਹੋਣ ਕਰਕੇ ਸਭ = ਸਾਰਿਆਂ ਕੈ = ਦੇ ਸੰਗਾ = ਸਾਥ ਹੈ ਭਾਵ ਸਦਾ ਅੰਗ ਸੰਗ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਉਸ ਸੱਚੇ ਨੂੰ ਸਾਲਾਹਣੁ = ਸਾਲਾਹੁਣਾ ਕਰੋ, ਤਾਂ ਹਰਿ = ਹਰੀ ਪਰਮੇਸ਼ਰ ਦੇ ਨਾਮ ਦਾ ਰੰਗ ਲੱਗਦਾ ਹੈ ॥੮॥੧॥

## ਗਉੜੀ, ਮਹਲਾ ੫ ॥

**ਗੁਰ ਸੇਵਾ ਤੇ; ਨਾਮੇ ਲਾਗਾ ॥**

ਹੇ ਭਾਈ ! ਗੁਰੂ ਸਾਹਿਬ ਜੀ ਦੀ ਸੇਵਾ = ਟਹਿਲ ਕਰਨ ਤੇ = ਤੋਂ ਹੀ ਮਨੁੱਖ ਦਾ ਚਿੱਤ ਨਾਮੇ = ਨਾਮ ਵਿਚ ਲਾਗਾ = ਲੱਗਦਾ ਹੈ।

**ਤਿਸ ਕਉ ਮਿਲਿਆ; ਜਿਸੁ ਮਸਤਕਿ ਭਾਗਾ ॥**

ਤਿਸ = ਉਸ ਕਉ = ਨੂੰ ਹੀ ਗੁਰਾਂ ਦੁਆਰਾ ਇਹ ਅੰਮ੍ਰਿਤ ਨਾਮ ਮਿਲਿਆ = ਪ੍ਰਾਪਤ ਹੋਇਆ ਹੈ ਜਿਸ ਦੇ ਮਸਤਕਿ = ਮੱਥੇ ਦੇ ਸ੍ਰੇਸ਼ਟ ਭਾਗਾ = ਕਰਮ ਹਨ।

**ਤਿਸ ਕੈ ਹਿਰਦੈ; ਰਵਿਆ ਸੋਇ ॥**

ਤਿਸ ਕੈ = ਉਸ ਦੇ ਹਿਰਦੇ ਵਿਚ ਹੀ ਹਰ ਸਮੇ ਸੋਇ = ਉਹ ਪਰਮੇਸ਼ਰ ਰਵਿਆ = ਮਿਲਿਆ ਹੋਇਆ ਹੈ **ਵਾ:** ਉਸ ਦੇ ਹਿਰਦੇ ਵਿਚ ਹਰ ਵਕਤ ਸੋਇ = ਉਸ ਪਰਮੇਸ਼ਰ ਦੇ ਨਾਮ ਦਾ ਰਵਿਆ = ਉਚਾਰਨ ਹੁੰਦਾ ਹੈ।

**ਮਨੁ ਤਨੁ ਸੀਤਲੁ; ਨਿਹਚਲੁ ਹੋਇ ॥੧॥**

ਉਸ ਦਾ ਮਨ ਨਿਹਚਲੁ = ਅਚੱਲ ਹੋਇ = ਹੋ ਜਾਂਦਾ ਹੈ ਤੇ ਤਨ ਵਿਸ਼ਿਆਂ ਵੱਲੋਂ ਸੀਤਲ = ਠੰਢਾ ਹੋ ਜਾਂਦਾ ਹੈ ॥੧॥

**ਐਸਾ ਕੀਰਤਨੁ; ਕਰਿ ਮਨ ਮੇਰੇ ॥**

ਹੇ ਮੇਰੇ ਮਨਾਂ ! ਤੂੰ ਹਰੀ ਦਾ ਐਸਾ = ਅਜਿਹਾ ਕੀਰਤਨੁ = ਜਸ ਕਰ।

**ਈਹਾ ਊਹਾ; ਜੋ ਕਾਮਿ ਤੇਰੈ ॥੧॥ਰਹਾਉ॥**

ਜੋ = ਜਿਹੜਾ ਈਹਾ ਊਹਾ = ਲੋਕ ਪਰਲੋਕ ਵਿਚ ਤੇਰੇ ਕਾਮਿ = ਕੰਮ ਆਵੇਗਾ ॥੧॥ਰਹਾਉ॥

**ਜਾਸੁ ਜਪਤ; ਭਉ ਅਪਦਾ ਜਾਇ ॥ ਧਾਵਤ ਮਨੂਆ; ਆਵੈ ਠਾਇ ॥**

ਹੇ ਭਾਈ ! ਜਾਸੁ = ਜਿਸ ਪਰਮੇਸ਼ਰ ਦਾ ਨਾਮ ਜਪਤ = ਜਪਣੇ ਕਰ ਕੇ, ਸੱਤ ਪ੍ਰਕਾਰ ਦਾ ਭਉ = ਡਰ ਅਤੇ ਅਪਦਾ = ਬਿਪਤਾ ਮਿਟ ਜਾਇ = ਜਾਂਦੀ ਹੈ। ਅਤੇ ਧਾਵਤ = ਦੌੜਨ ਵਾਲਾ ਮਨੂਆ = ਮਨ ਵੀ ਠਾਇ = ਟਿਕਾਣੇ ਵਿਚ ਆਵੈ = ਆ ਜਾਂਦਾ ਹੈ ਭਾਵ ਇਸਥਿਤ ਹੋ ਜਾਂਦਾ ਹੈ।

**ਜਾਸੁ ਜਪਤ; ਫਿਰਿ ਦੂਖੁ ਨ ਲਾਗੈ ॥ ਜਾਸੁ ਜਪਤ; ਇਹ ਹਉਮੈ ਭਾਗੈ ॥੨॥**

ਜਾਸੁ = ਜਿਸ ਪਰਮੇਸ਼ਰ ਦਾ ਨਾਮ ਜਪਣੇ ਕਰ ਕੇ ਫਿਰਿ = ਮੁੜ ਕੇ ਕਦੇ ਦੁਖ ਨਹੀਂ ਲਾਗੈ = ਲੱਗਦਾ।

ਜਾਸੁ = ਜਿਸ ਵਾਹਿਗੁਰੂ ਦਾ ਨਾਮ ਜਪਤ = ਜਪਣ ਕਰਕੇ ਦੇਹ ਦੀ ਹਉਮੈ = ਹੰਗਤਾ ਮਮਤਾ ਦੀ ਭਾਗੈ = ਭੱਜ ਜਾਂਦੀ ਹੈ ॥੨॥

## ਜਾਸੁ ਜਪਤ; ਵਸਿ ਆਵਹਿ ਪੰਚਾ ॥ ਜਾਸੁ ਜਪਤ; ਰਿਦੈ ਅੰਮ੍ਰਿਤੁ ਸੰਚਾ ॥

ਜਾਸੁ = ਜਿਸ ਵਾਹਿਗੁਰੂ ਦਾ ਨਾਮ ਜਪਤ = ਜਪਣੇ ਕਰ ਕੇ ਪੰਚਾ = ਪੰਜੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਸ ਵਿਚ ਆਵਹਿ = ਆ ਜਾਂਦੇ ਹਨ। ਜਾਸੁ = ਜਿਸ ਵਾਹਿਗੁਰੂ ਦਾ ਨਾਮ ਜਪਣੇ ਕਰ ਕੇ ਰਿਦੈ = ਹਿਰਦੇ ਵਿਚ ਅੰਮ੍ਰਿਤ ਨਾਮ ਦਾ ਸੰਚਾ = ਸੰਚਨ ਹੋ ਜਾਂਦਾ ਹੈ। ਜਿਵੇਂ ਕਿਸੇ ਖੇਤ ਨੂੰ ਸਿੰਜ ਦੇਈਏ ਤਾਂ ਉਥੇ ਹਰਿਆਵਲਤਾ ਹੋ ਜਾਂਦੀ ਹੈ। ਇਸੇ ਤਰ੍ਹਾਂ ਅੰਮ੍ਰਿਤ ਨਾਮ ਨਾਲ ਹਿਰਦੇ ਨੂੰ ਸੰਚਨਾ ਕਰੀਏ ਤਾਂ ਅੰਦਰ ਵੀ ਸ਼ੁਭ ਗੁਣਾਂ ਦੀ ਹਰਿਆਵਲ ਹੋ ਜਾਵੇਗੀ।

## ਜਾਸੁ ਜਪਤ; ਇਹ ਤ੍ਰਿਸਨਾ ਬੁਝੈ ॥ ਜਾਸੁ ਜਪਤ; ਹਰਿ ਦਰਗਹ ਸਿਝੈ ॥੩॥

ਜਾਸੁ = ਜਿਸ ਵਾਹਿਗੁਰੂ ਦਾ ਨਾਮ ਜਪਤ = ਜਪਣੇ ਕਰ ਕੇ, ਜਨਮਾਂ ਜਨਮਾਂ ਦੀ ਲੱਗੀ ਹੋਈ ਤ੍ਰਿਸ਼ਨਾ = ਅਤਿਪ੍ਰਤੀ ਬੁਝੈ = ਮਿਟ ਜਾਂਦੀ ਹੈ।

ਜਿਸ ਵਾਹਿਗੁਰੂ ਦਾ ਜਾਪ ਕਰਨੇ ਕਰ ਕੇ ਹਰਿ = ਹਰੀ ਪਰਮੇਸ਼ਰ ਦੀ ਦਰਗਾਹ ਵਿਚ ਜਮਾਂ ਤੋਂ ਛੁਟਕਾਰਾ ਸਿਝੈ = ਮੁਕਤੀ ਹੋ ਜਾਂਦੀ ਹੈ ॥੩॥

## ਜਾਸੁ ਜਪਤ; ਕੋਟਿ ਮਿਟਹਿ ਅਪਰਾਧ ॥ ਜਾਸੁ ਜਪਤ; ਹਰਿ ਹੋਵਹਿ ਸਾਧ ॥

ਜਾਸੁ = ਜਿਸ ਵਾਹਿਗੁਰੂ ਦਾ ਨਾਮ ਜਪਤ = ਜਪਣੇ ਕਰ ਕੇ ਕੋਟਿ = ਕਰੋੜਾਂ ਅਪਰਾਧ = ਪਾਪ ਮਿਟਹਿ = ਮਿਟ ਜਾਂਦੇ ਹਨ। ਜਾਸੁ = ਜਿਸ ਵਾਹਿਗੁਰੂ ਦੇ ਨਾਮ ਦਾ ਜਾਪ ਕਰਨੇ ਕਰ ਕੇ ਹਰਿ = ਹਰੀ ਪਰਮੇਸ਼ਰ ਤੈਨੂੰ ਸਾਧ = ਸਿੱਧ ਹੋਵਹਿ = ਹੋ ਜਾਂਦਾ ਹੈ **ਅਥਵਾ** ਪਰਮੇਸ਼ਰ ਦੇ ਨਾਮ ਦਾ ਭਜਨ ਕਰਨੇ ਕਰ ਕੇ ਤੂੰ ਹਰੀ ਦਾ ਸਾਧ = ਸੰਤ ਬਣ ਜਾਵੇਂਗਾ।

## ਜਾਸੁ ਜਪਤ; ਮਨੁ ਸੀਤਲੁ ਹੋਵੈ ॥ ਜਾਸੁ ਜਪਤ; ਮਲੁ ਸਗਲੀ ਖੋਵੈ ॥੪॥

ਜਾਸੁ = ਜਿਸ ਵਾਹਿਗੁਰੂ ਦਾ ਨਾਮ ਜਪਤ = ਜਪਣੇ ਕਰਕੇ ਵਿਕਾਰਾਂ, ਈਰਖਾ ਵਿਚ ਤਪਦਾ ਮਨ ਸੀਤਲੁ = ਠੰਢਾ ਹੋਵੈ = ਹੋ ਜਾਂਦਾ ਹੈ। ਜਾਸੁ = ਜਿਸ ਵਾਹਿਗੁਰੂ ਦਾ ਨਾਮ ਜਪਤ = ਜਪਣੇ ਕਰਕੇ ਜਨਮਾਂ ਜਨਮਾਂਤਰਾਂ ਦੀ ਸਗਲੀ = ਸਾਰੀ ਮਲੁ = ਮੈਲ ਖੋਵੈ = ਮਿਟ ਜਾਂਦੀ ਹੈ ॥੪॥

## ਜਾਸੁ ਜਪਤ; ਰਤਨੁ ਹਰਿ ਮਿਲੈ ॥ ਬਹੁਰਿ ਨ ਛੋਡੈ; ਹਰਿ ਸੰਗਿ ਹਿਲੈ ॥

ਜਾਸੁ = ਜਿਸ ਵਾਹਿਗੁਰੂ ਦਾ ਨਾਮ ਜਪਤ = ਜਪਣੇ ਕਰ ਕੇ ਹਰੀ ਰੂਪ ਅਮੋਲਕ ਰਤਨ ਮਿਲੈ = ਮਿਲ ਜਾਂਦਾ ਹੈ। ਸਿਮਰਨ ਦੀ ਬਰਕਤ ਨਾਲ ਜੀਵ ਹਰਿ = ਹਰੀ ਵਾਹਿਗੁਰੂ ਸੰਗਿ = ਨਾਲ ਇਤਨਾ ਹਿਲੈ = ਗਿੱਝ ਜਾਂਦਾ ਭਾਵ ਰਸੀਆ ਹੋ ਜਾਂਦਾ ਹੈ। ਬਹੁਰਿ = ਦੁਬਾਰਾ ਨਹੀਂ ਛੋਡੈ = ਛੱਡਦਾ **ਵਾ:** ਮਨ ਇਤਨਾ ਹਰਿ = ਹਰੀ ਦੇ ਸੰਗਿ = ਨਾਲ ਹਿਲੈ = ਗਿੱਝ ਜਾਂਦਾ ਹੈ ਫਿਰ ਛੋਡੈ = ਛੱਡ ਨਹੀਂ ਸਕੇਗਾ।

## ਜਾਸੁ ਜਪਤ; ਕਈ ਬੈਕੁੰਠ ਵਾਸੁ ॥ ਜਾਸੁ ਜਪਤ; ਸੁਖ ਸਹਜਿ ਨਿਵਾਸੁ ॥੫॥

ਜਾਸੁ = ਜਿਸ ਵਾਹਿਗੁਰੂ ਦਾ ਨਾਮ ਜਪਤ = ਜਪਣੇ ਕਰਕੇ ਕਈ ਲੋਕ ਬੈਕੁੰਠ = ਸਚਖੰਡ ਵਿਚ ਵਾਸੁ = ਵਸਣ ਵਾਲੇ ਹੋ ਜਾਂਦੇ ਹਨ **ਵਾ:** ਜਿਸ ਵਾਹਿਗੁਰੂ ਦੇ ਨਾਮ ਜਪਣ ਦਾ ਕਈ ਬੈਕੁੰਠਾਂ ਵਰਗਾ ਆਨੰਦ ਹੈ **ਵਾ:** ਜਿਸ ਵਾਹਿਗੁਰੂ ਦਾ ਜਾਪ ਕਰਨ ਕਰ ਕੇ (ਬੈ+ਕੁੰਠ) ਬੈ = ਦ੍ਵੈਤ ਕੁੰਠ = ਰੁਕ ਜਾਣੀ, ਉਨ੍ਹਾਂ ਦਾ ਐਸਾ

ਅਦ੍ਵੈਤ ਪਦ ਵਿਚ ਵਾਸਾ ਹੋਇਆ ਹੈ। ਜਾਸੁ = ਜਿਸ ਵਾਹਿਗੁਰੂ ਦਾ ਜਪਤ = ਜਾਪ ਕਰਨ ਕਰ ਕੇ ਸਹਜਿ = ਸੁਤੇ-ਸਿਧ ਸੁਖ ਵਿਚ ਨਿਵਾਸੁ = ਵਾਸਾ ਹੋ ਜਾਂਦਾ ਹੈ॥੫॥

## ਜਾਸੁ ਜਪਤ; ਇਹ ਅਗਨਿ ਨ ਪੋਹਤ ॥

ਜਾਸੁ = ਜਿਸ ਵਾਹਿਗੁਰੂ ਦੇ ਨਾਮ ਦਾ ਜਪਤ = ਜਾਪ ਕਰਨ ਕਰ ਕੇ ਇਹ ਈਰਖਾ ਦੀ, ਮਾਇਆ ਦੀ, ਨਰਕ ਦੀ ਅਤੇ ਮਾਤਾ ਦੇ ਗਰਭ ਦੀ ਅਗਨਿ = ਅੱਗ ਪੋਹਤ = ਸਾੜ ਨਹੀਂ ਸਕਦੀ।

## ਜਾਸੁ ਜਪਤ; ਇਹੁ ਕਾਲੁ ਨ ਜੋਹਤ ॥

ਜਾਸੁ = ਜਿਸ ਵਾਹਿਗੁਰੂ ਦੇ ਨਾਮ ਦਾ ਜਪਤ = ਜਾਪ ਕਰਨ ਕਰ ਕੇ ਇਹ ਕਾਲ ਵੀ ਜੋਹਤ = ਜੋਹ ਭਾਵ ਦੇਖ ਨਹੀਂ ਸਕਦਾ।

## ਜਾਸੁ ਜਪਤ; ਤੇਰਾ ਨਿਰਮਲ ਮਾਥਾ ॥ ਜਾਸੁ ਜਪਤ; ਸਗਲਾ ਦੂਖੁ ਲਾਥਾ ॥੬॥

ਹੇ ਭਾਈ ! ਜਾਸੁ = ਜਿਸ ਵਾਹਿਗੁਰੂ ਦੇ ਨਾਮ ਦਾ ਜਪਤ = ਜਾਪ ਕਰਨ ਕਰ ਕੇ ਤੇਰਾ ਵੀ ਮਾਥਾ = ਮੂੰਹ ਭਾਵ ਅੰਤਹਕਰਣ ਨਿਰਮਲ = ਉੱਜਲ ਹੋ ਜਾਵੇਗਾ। ਜਾਸੁ = ਜਿਸ ਵਾਹਿਗੁਰੂ ਦੇ ਨਾਮ ਜਪਤ = ਜਪਣੇ ਕਰ ਕੇ ਸਗਲਾ = ਸਾਰਾ ਜਨਮਾਂ ਜਨਮਾਂਤਰਾਂ ਦਾ ਦੁਖ ਲਾਥਾ = ਲਹਿ ਜਾਂਦਾ ਹੈ॥੬॥

## ਜਾਸੁ ਜਪਤ; ਮੁਸਕਲੁ ਕਛੂ ਨ ਬਨੈ ॥ ਜਾਸੁ ਜਪਤ; ਸੁਣਿ ਅਨਹਤ ਧੁਨੈ ॥

ਜਾਸੁ = ਜਿਸ ਵਾਹਿਗੁਰੂ ਦਾ ਨਾਮ ਜਪਤ = ਜਪਣੇ ਕਰ ਕੇ ਕਛੂ = ਕਿਸੇ ਪ੍ਰਕਾਰ ਦੀ ਮੁਸਕਲੁ = ਔਕੁੜ ਨ = ਨਹੀਂ ਬਨੈ = ਬਣ ਸਕਦੀ। ਜਿਸ ਵਾਹਿਗੁਰੂ ਦੇ ਨਾਮ ਦਾ ਜਾਪ ਕਰਨੇ ਕਰ ਕੇ ਅਨਹਤ = ਨਾਸ ਤੋਂ ਰਹਿਤ ਧੁਨੈ = ਧੁਨੀ ਸੁਣਿ = ਸੁਣਦੀ ਹੈ **ਵਾ:** ਜਿਸ ਵਾਹਿਗੁਰੂ ਦਾ ਨਾਮ ਜਪਣ ਕਰ ਕੇ ਅਨਹਤ ਧੁਨੈ = ਹਦ ਤੋਂ ਰਹਿਤ ਧੁਨ ਦੇ ਵਾਜੇ ਸੁਣਿ = ਸੁਣੀਂਦੇ ਹਨ।

## ਜਾਸੁ ਜਪਤ; ਇਹ ਨਿਰਮਲ ਸੋਇ ॥ ਜਾਸੁ ਜਪਤ; ਕਮਲੁ ਸੀਧਾ ਹੋਇ ॥੭॥

ਜਾਸੁ = ਜਿਸ ਵਾਹਿਗੁਰੂ ਦੇ ਨਾਮ ਦਾ ਜਾਪ ਕਰਨੇ ਕਰ ਕੇ ਇਹ = ਇਸ ਦੁਨੀਆਂ ਵਿਚ ਨਿਰਮਲ = ਉੱਜਲ ਸੋਇ = ਸ਼ੋਭਾ ਹੁੰਦੀ ਹੈ। ਜਾਸੁ = ਜਿਸ ਵਾਹਿਗੁਰੂ ਦੇ ਨਾਮ ਦਾ ਜਾਪ ਕਰਨੇ ਕਰ ਕੇ ਰਿਦੇ ਰੂਪੀ ਕਮਲ ਸੀਧਾ = ਸਿੱਧਾ ਹੋ ਜਾਂਦਾ ਹੈ।

ਇਸ ਕੌਲ ਨੂੰ ਸਿੱਧਾ ਕਰਨ ਵਾਸਤੇ ਜੋਗੀ ਜਨ ਕਈ ਯਤਨ ਕਰਦੇ ਹਨ। ਪ੍ਰਾਣਾਯਾਮ ਕਰ ਕੇ ਭੁਜੰਗਮਾ ਨਾੜੀ ਦੇ ਵਿਚ ਪੌਣ ਨੂੰ ਛੱਡ ਕੇ, ਮੂਲ ਦੁਆਰੇ ਵਾਲੀ ਪੌਣ ਨੂੰ ਰੋਕ ਕੇ ਤੇ ਦੋਹਾਂ ਸੁਆਸਾਂ ਨੂੰ ਰੋਕ ਕੇ ਜਦੋਂ ਭੁਜੰਗਮਾਂ ਨਾੜੀ ਵਿਚ ਛੱਡਦੇ ਹਨ ਤਾਂ ਉਸ ਵੇਲੇ ਜਿਵੇਂ ਪਿਚਕਾਰੀ ਵਿਚ ਹਵਾ ਭਰਨ ਨਾਲ ਰਬੜ ਸਿੱਧੀ ਹੋ ਜਾਂਦੀ ਹੈ, ਇਉਂ ਉਹ ਕਵਲ ਸਿੱਧਾ ਹੋ ਜਾਂਦਾ ਹੈ। ਜੋ ਦਸਮ ਦੁਆਰ ਵਿੱਚੋਂ ਰਸ ਧਾਤੂ ਡਿੱਗਣ ਲੱਗ ਜਾਂਦੀ ਹੈ। ਜੋਗੀ ਇਸ ਤਰ੍ਹਾਂ ਕਰਦੇ ਹਨ।

ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਭਜਨ ਨਾਲ ਵੀ ਕੌਲ ਸਿੱਧਾ ਹੋ ਜਾਂਦਾ ਹੈ, ਦਸਵੇਂ ਦੁਆਰ ਦਾ ਯੋਗਾਨੰਦ ਵੀ ਪ੍ਰਾਪਤ ਹੋ ਜਾਂਦਾ ਹੈ। ਮਨ ਪਰਮੇਸ਼ਰ ਦੇ ਸਨਮੁਖ ਹੋਣਾ ਕੌਲ ਸਿੱਧਾ ਹੋਣਾ ਹੈ, ਹਿਰਦੇ ਵਿਚ ਪਰਮੇਸ਼ਰ ਦੀ ਗਿਆਨ ਰੂਪੀ ਕਿਰਨ ਪੈਂਦੀ ਹੈ। ਫਿਰ ਵਾਸ਼ਨਾ ਰੂਪੀ ਵਾਦੀ ਨਹੀਂ ਰਹਿੰਦੀ, ਕਾਮ ਰੂਪੀ ਕਫ਼ ਨਹੀਂ ਰਹਿੰਦੀ, ਪਾਪਾਂ ਰੂਪੀ ਪਿੱਤ ਨਹੀਂ ਰਹਿੰਦੀ, ਇਸ ਪ੍ਰਕਾਰ ਗੁਰਮਤਿ ਅਨੁਸਾਰ ਵਾਹਿਗੁਰੂ ਦੇ ਸਨਮੁਖ ਹੋਣਾ ਹੀ ਰਿਦੇ ਰੂਪੀ ਕੌਲ ਦਾ ਸਿੱਧਾ ਹੋਣਾ ਹੈ॥੭॥

## ਗੁਰਿ ਸੁਭ ਦ੍ਰਿਸਟਿ; ਸਭ ਊਪਰਿ ਕਰੀ ॥ ਜਿਸ ਕੈ ਹਿਰਦੈ; ਮੰਤ੍ਰੁ ਦੇ ਹਰੀ ॥

ਗੁਰਾਂ ਨੇ ਸੁਭ = ਚੰਗੀ ਦ੍ਰਿਸਟਿ = ਨਜ਼ਰ ਸਭ = ਸਾਰਿਆਂ ਦੇ ਊਪਰਿ = ਉੱਤੇ ਕਰੀ = ਕਰਨਾ ਕੀਤੀ ਹੈ। ਪਰ ਜਿਸ ਕੈ = ਦੇ ਹਿਰਦੇ ਵਿਚ ਹਰੀ = ਪਰਮੇਸ਼ਰ ਗੁਰਾਂ ਦੁਆਰਾ ਨਾਮ ਮੰਤ੍ਰ ਦੇ = ਦਿੰਦਾ ਹੈ।

## ਅਖੰਡ ਕੀਰਤਨੁ; ਤਿਨਿ ਭੋਜਨੁ ਚੂਰਾ ॥

ਤਿਨਿ = ਉਸ ਨੇ ਅਖੰਡ = ਇਕ ਰਸ ਕੀਰਤਨ ਰੂਪੀ ਭੋਜਨ ਦਾ ਚੂਰਾ = ਚੂਰਮਾ ਛੱਕਣਾ ਕੀਤਾ ਹੈ **ਵਾ:** ਤਿਨਿ = ਉਸ ਨੇ ਮਹਾਰਾਜ ਜੀ ਤੋਂ ਅਖੰਡ = ਖੰਡਨ ਤੋਂ ਰਹਿਤ ਕੀਰਤਨ ਕਰਨ ਦਾ ਚੂਰਾ ਪ੍ਰਾਪਤ ਕੀਤਾ ਹੈ **ਵਾ:** ਤਿਨਿ = ਉਸ ਨੇ ਅਖੰਡ ਕੀਰਤਨ ਰੂਪੀ ਭੋਜਨ ਨਾਲ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਸਾਰਿਆਂ ਦਾ ਚੂਰਾ = ਚੂਰਨ ਕਰ ਦਿੱਤਾ ਹੈ **ਵਾ:** ਉਸ ਨੂੰ ਪੂਰਨ ਆਨੰਦ ਪ੍ਰਾਪਤ ਹੋਇਆ ਹੈ। ਇਹ ਭੁਗਤ ਭੋਜਨ ਮਿਲਿਆ ਹੈ **ਵਾ:** ਇਸੇ ਪ੍ਰਕਾਰ ਜੋ ਤਿਨਿ = ਉਸ ਨੇ ਅਖੰਡ ਕੀਰਤਨ ਰੂਪੀ ਭੋਜਨ ਕੀਤਾ ਹੈ, ਇਸ ਵਿਚ ਪ੍ਰੇਮ ਰੂਪੀ ਘਿਓ ਪਾਇਆ ਹੋਇਆ ਹੈ, ਗਿਆਨ ਰੂਪੀ ਮੈਦਾ ਪਾਇਆ ਹੋਇਆ ਹੈ, ਭਗਤੀ ਰੂਪੀ ਖੰਡ ਪਾਈ ਹੈ। ਇਉਂ ਅਖੰਡ ਕੀਰਤਨ ਰੂਪੀ ਭੋਜਨ ਦਾ ਚੂਰਾ = ਚੂਰਮਾ ਛੱਕਣਾ ਕੀਤਾ ਹੈ।

## ਕਹੁ ਨਾਨਕ; ਜਿਸੁ ਸਤਿਗੁਰੁ ਪੂਰਾ ॥੮॥੨॥

ਸਤਿਗੁਰੂ ਜੀ ਕਥਨ ਕਰਦੇ ਹਨ, ਕਿ ਜਿਸ ਉੱਤੇ ਪੂਰਾ = ਪੂਰਨ ਸਤਿਗੁਰੂ ਜੀ ਦੀ ਕਿਰਪਾ ਹੋਈ ਹੈ, ਉਸ ਨੇ ਅਖੰਡ ਕੀਰਤਨ ਰੂਪੀ ਭੋਜਨ ਦਾ ਚੂਰਮਾ ਛੱਕਣਾ ਕੀਤਾ ਹੈ॥੮॥੨॥

## ਗਉੜੀ, ਮਹਲਾ ੫ ॥

ਸ੍ਰੀ ਗੁਰੂ ਅਰਜਨ ਦੇਵ ਜੀ ਸਹਜ ਅਵਸਥਾ ਦੀ ਪ੍ਰਾਪਤੀ ਬਾਬਤ ਇਹ ਅਸਟਪਦੀ ਉਚਾਰਨ ਕਰਦੇ ਹਨ :

## ਗੁਰ ਕਾ ਸਬਦੁ; ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ; ਸੰਗੁ ਨਿਵਾਰੈ ॥

ਹੇ ਭਾਈ ! ਜੇ ਕੋਈ ਪ੍ਰੇਮੀ ਗੁਰੂ ਕਾ = ਦਾ ਸਬਦੁ = ਉਪਦੇਸ਼ ਆਪਣੇ ਰਿਦ = ਹਿਰਦੇ ਅੰਤਰਿ = ਅੰਦਰ ਧਾਰੈ = ਧਾਰਦਾ ਹੈ।

ਉਹ ਪੰਚ ਜਨਾ = ਪੰਜ ਜਣੇ ਭਾਵ ਪੰਜੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ **ਵਾ:** ਪੰਜ ਵਿਸ਼ੇ ਸ਼ਬਦ, ਸਪਰਸ਼, ਰੂਪ, ਰਸ ਗੰਧ ਆਦਿਕ ਸਿਉ = ਨਾਲੋਂ ਆਪਣਾ ਸੰਗ ਨਿਵਾਰੈ = ਨਵਿਰਤ ਕਰ ਲੈਂਦਾ ਹੈ, ਇਨ੍ਹਾਂ ਦੀ ਸੰਗਤ ਮਨ ਬਾਣੀ ਸਰੀਰ ਕਰ ਕੇ ਬਿਲਕੁਲ ਹੀ ਛੱਡ ਦਿੰਦਾ ਹੈ। ਅਤੇ

## ਦਸ ਇੰਦ੍ਰੀ; ਕਰਿ ਰਾਖੈ ਵਾਸਿ ॥

ਜੋ ਦਸ ਇੰਦ੍ਰੀ = ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ ਇਨ੍ਹਾਂ ਦਸਾਂ ਨੂੰ ਸਮਦਮ ਸਾਧਨਾਂ ਦੇ ਨਾਲ ਵਾਸਿ = ਵੱਸ ਕਰਿ = ਕਰਕੇ ਰਾਖੈ = ਰੱਖ ਲੈਂਦਾ ਹੈ।

## ਤਾ ਕੈ ਆਤਮੈ; ਹੋਇ ਪਰਗਾਸੁ ॥੧॥

ਤਾ ਕੈ = ਉਸ ਦੇ ਆਤਮੈ = ਮਨ ਦੇ ਵਿਚ ਵਾਹਿਗੁਰੂ ਸਰੂਪ ਦਾ ਪਰਗਾਸੁ = ਪ੍ਰਕਾਸ਼ ਭਾਵ ਗਿਆਨ ਪ੍ਰਗਟ ਹੋਇ = ਹੋ ਜਾਂਦਾ ਹੈ॥੧॥

## ਐਸੀ ਦ੍ਰਿੜਤਾ; ਤਾ ਕੈ ਹੋਇ ॥ ਜਾ ਕਉ; ਦਇਆ ਮਇਆ, ਪ੍ਰਭ ਸੋਇ ॥੧॥ਰਹਾਉ॥

ਐਸੀ ਦ੍ਰਿੜਤਾ = ਪਕਿਆਈ ਤਾ ਕੈ = ਉਸ ਪੁਰਖ ਦੇ ਅੰਦਰ ਹੋਇ = ਹੁੰਦੀ ਹੈ।

ਜਾ ਕਉ = ਜਿਸ 'ਤੇ ਸੋਇ = ਉਹ ਪ੍ਰਭ = ਵਾਹਿਗੁਰੂ ਮਇਆ = ਕਿਰਪਾ ਕਰਨ ਵਾਲਾ, ਮਿਹਰਬਾਨੀ ਕਰਨ ਵਾਲਾ ਦਇਆਲਤਾ ਧਾਰਦਾ ਹੈ॥੧॥ਰਹਾਉ॥

## ਸਾਜਨੁ ਦੁਸਟੁ; ਜਾ ਕੈ ਏਕ ਸਮਾਨੈ ॥ ਜੇਤਾ ਬੋਲਣੁ; ਤੇਤਾ ਗਿਆਨੈ ॥

ਜਾ ਕੈ = ਜਿਸ ਦੇ ਮਨ ਵਿਚ ਸਾਜਨੁ = ਮਿੱਤਰ ਦੁਸਟੁ = ਵੈਰੀ ਏਕ = ਇੱਕੋ ਸਮਾਨੈ = ਬਰਾਬਰ ਹੋਣ, ਉਸ ਪੁਰਖ ਨੂੰ ਸਹਜ ਅਵਸਥਾ ਵਾਲਾ ਸਮਝਣਾ ਚਾਹੀਦਾ ਹੈ। ਜੇਤਾ = ਜਿਤਨਾ ਕੁ ਬੋਲਣ, ਤੇਤਾ = ਉਤਨਾ ਹੀ ਗਿਆਨੈ = ਗਿਆਨ ਦੇ ਬਚਨ ਬੋਲੇ, ਹਮੇਸ਼ਾ ਜ਼ੁਬਾਨ ਵਿੱਚੋਂ ਐਸਾ ਹੀ ਵਾਕ ਨਿਕਲੇ।

## ਜੇਤਾ ਸੁਨਣਾ; ਤੇਤਾ ਨਾਮੁ ॥ ਜੇਤਾ ਪੇਖਨੁ; ਤੇਤਾ ਧਿਆਨੁ ॥੨॥

ਜੇਤਾ = ਜਿਤਨਾ ਸੁਣਨਾ, ਤੇਤਾ = ਉਤਨਾ ਪਰਮੇਸ਼ਰ ਦੇ ਨਾਮ ਨੂੰ ਹੀ ਸੁਣਨਾ ਕਰੇ।

ਜੇਤਾ = ਜਿਤਨਾ ਪੇਖਨੁ = ਵੇਖਣਾ ਕਰੇ, ਤੇਤਾ = ਉਤਨਾ ਵਾਹਿਗੁਰੂ ਦਾ ਹੀ ਧਿਆਨ ਦੇਖੇ, ਭਾਵ ਉਸ ਵਾਹਿਗੁਰੂ ਦੀ ਜੋਤ ਨੂੰ ਸਾਰਿਆਂ ਵਿਚ ਦੇਖੇ, ਐਸਾ ਧਿਆਨ ਜੁੜਿਆ ਹੋਇਆ ਹੋਵੇ॥੨॥

## ਸਹਜੇ ਜਾਗਣੁ; ਸਹਜੇ ਸੋਇ ॥

ਉਹ ਸਹਜੇ = ਸੁਤੇ-ਸਿਧ ਹੀ ਬ੍ਰਹਮ ਗਿਆਨ ਕਰਕੇ ਜਾਗਣੁ = ਜਾਗਦਾ ਅਤੇ ਸਹਜੇ = ਸੁਤੇ-ਸਿਧ ਹੀ ਸੰਸਾਰ ਵੱਲੋਂ ਸੋਇ = ਸੌਂ ਗਿਆ ਹੈ।

## ਸਹਜੇ ਹੋਤਾ ਜਾਇ; ਸੁ ਹੋਇ ॥

ਸਹਜੇ = ਸੁਤੇ-ਸਿਧ ਜੋ ਕੁਝ ਹੋਤਾ = ਹੁੰਦਾ ਜਾਇ = ਜਾਂਦਾ ਹੈ, ਸੁ = ਉਹ ਹੁੰਦਾ ਜਾਵੇ, ਉਸ ਤੋਂ ਨਫ਼ਰਤ ਨਹੀਂ ਕਰਦਾ ਕਿ ਪਰਮੇਸ਼ਰ ਇਹ ਇਉਂ ਕਿਉਂ ਕਰ ਦਿੱਤਾ, ਉਸ ਦੀ ਰਜ਼ਾ ਵਿਚ ਹੀ ਪ੍ਰਸੰਨ ਰਹਿੰਦਾ ਹੈ।

## ਸਹਜਿ ਬੈਰਾਗੁ; ਸਹਜੇ ਹੀ ਹਸਨਾ ॥ ਸਹਜੇ ਚੂਪ; ਸਹਜੇ ਹੀ ਜਪਨਾ ॥੩॥

ਕਦੇ ਸਹਜਿ = ਸੁਭਾਵਿਕ ਹੀ ਬੈਰਾਗ = ਪ੍ਰੇਮ ਦਾ ਵੈਰਾਗ ਛੁੱਟ ਪੈਂਦਾ ਹੈ ਕਿ ਹੇ ਮਨਾਂ ! ਵਾਹਿਗੁਰੂ ਦੇ ਸਿਮਰਨ ਵਿਚ ਇਤਨਾ ਅਨੰਦ ਸੀ, ਪਿਛਲੀ ਉਮਰ ਐਵੇਂ ਕਿਉਂ ਗਵਾ ਲਈ ਅਤੇ ਸਹਜੇ = ਸੁਤੇ-ਸਿਧ ਹੀ ਹਸਨਾ = ਹੱਸਣ ਲੱਗ ਜਾਂਦਾ ਹੈ ਕਿ ਸ਼ੁਕਰ ਹੈ ਵਾਹਿਗੁਰੂ ਹੁਣ ਤਾਂ ਤੂੰ ਅਨੰਦ ਬਖ਼ਸ਼ ਦਿੱਤਾ ਹੈ। ਇਉਂ ਸੁਤੇ-ਸਿਧ ਉਸ ਅਵਸਥਾ ਦੀ ਪ੍ਰਾਪਤੀ ਨੂੰ ਲੈ ਕੇ ਪ੍ਰਸੰਨ ਹੁੰਦਾ ਹੈ। ਸਹਜ ਅਵਸਥਾ ਵਿਚ ਸਹਜੇ = ਸੁਤੇ-ਸਿਧ ਚੂਪ = ਚੁੱਪ ਕਰ ਕੇ ਅਜਪਾ ਜਾਪ ਵਿਚ ਲੀਨ ਹੋ ਜਾਂਦਾ ਹੈ ਅਤੇ ਸੁਤੇ-ਸਿਧ ਹੀ ਵਾਹਿਗੁਰੂ ਪਰਮੇਸ਼ਰ ਦਾ ਜਾਪ ਕਰਨ ਲੱਗ ਜਾਂਦਾ ਹੈ॥੩॥

## ਸਹਜੇ ਭੋਜਨੁ; ਸਹਜੇ ਭਾਉ ॥

ਉਸ ਨੂੰ ਸਹਜੇ = ਸੁਤੇ-ਸਿਧ ਜੋ ਭੋਜਨ ਪ੍ਰਾਪਤ ਹੁੰਦਾ ਹੈ, ਉਸ ਵਿਚ ਹੀ ਪ੍ਰਸੰਨ ਹੁੰਦਾ ਹੈ, ਉਸ ਸਹਜੇ = ਸੁਤੇ-ਸਿਧ ਹੀ ਭਾਉ = ਪ੍ਰੇਮ ਭਾਵਨਾ ਰੱਖਦਾ ਹੈ **ਵਾ:** ਉਹ ਸਹਜ ਅਵਸਥਾ ਦਾ ਗਿਆਨ ਰੂਪੀ ਭੋਜਨ ਛਕਦਾ ਹੈ ਅਤੇ ਗਿਆਨ ਅਵਸਥਾ ਵਿਚ ਭਾਉ = ਪ੍ਰੇਮ ਕਰਦਾ ਹੈ।

## ਸਹਜੇ ਮਿਟਿਓ; ਸਗਲ ਦੁਰਾਉ ॥

ਉਸ ਦੀ ਸਹਜ ਅਵਸਥਾ ਵਿਚ ਜੋ ਦੁਰਾਉ = ਲੁਕਾ ਛਿਪੀ ਭਾਵ ਕਪਟ ਛੱਲ ਆਦਿ ਸਗਲ = ਸਭ

ਸਹਜੇ = ਸੁਤੇ ਸਿੱਧ ਹੀ ਮਿਟਿਓ = ਮਿਟ ਜਾਂਦਾ ਹੈ **ਵਾ:** ਦੁਰਾਉ = ਦ੍ਵੈਤ-ਭਾਵ ਵੀ ਸਹਜੇ = ਸੁਤੇਸਿਧ ਹੀ ਸਗਲ = ਸਾਰੀ ਮਿਟਿਓ = ਮਿਟ ਜਾਂਦੀ ਹੈ।

## ਸਹਜੇ ਹੋਆ; ਸਾਧੂ ਸੰਗੁ ॥ ਸਹਜਿ; ਮਿਲਿਓ ਪਾਰਬ੍ਰਹਮੁ ਨਿਸੰਗੁ ॥੪॥

ਸਹਜੇ = ਸੁਤੇ-ਸਿਧ ਸਾਧੂ = ਸੰਤਾਂ ਦੀ ਸੰਗੁ = ਸਤਿਸੰਗਤ ਪ੍ਰਾਪਤ ਹੋਆ = ਹੁੰਦੀ ਹੈ। ਹੁਣ ਇਸ ਸਹਜ ਅਵਸਥਾ ਵਿਚ ਦ੍ਵੈਤ ਤੋਂ ਰਹਿਤ ਹੋ ਕੇ ਪਾਰਬ੍ਰਹਮ ਵਾਹਿਗੁਰੂ ਵਿਚ ਨਿਸੰਗੁ = ਨਿਸ਼ੰਕ ਹੋ ਕੇ ਸਹਜੇ = ਸੁਤੇ-ਸਿਧ ਮਿਲਿਓ = ਮਿਲ ਜਾਂਦਾ ਹੈ **ਵਾ:** ਉਸ ਨੂੰ ਸਹਜ ਅਵਸਥਾ ਵਿਚ ਪਾਰਬ੍ਰਹਮੁ = ਪਰਮੇਸ਼ਰ ਨਿਸੰਗੁ = ਪ੍ਰਗਟ ਹੋ ਕੇ ਮਿਲ ਪੈਂਦਾ ਹੈ ॥੪॥

**[ਅੰਗ ੨੩੭]**

## ਸਹਜੇ ਗ੍ਰਿਹ ਮਹਿ; ਸਹਜਿ ਉਦਾਸੀ ॥ ਸਹਜੇ; ਦੁਬਿਧਾ ਤਨ ਕੀ ਨਾਸੀ ॥

ਉਹ ਗ੍ਰਿਹ = ਗ੍ਰਹਿਸਥ ਮਹਿ = ਵਿਚ ਰਹਿੰਦਾ ਵੀ ਸਹਜ ਅਵਸਥਾ ਵਿਚ ਲੀਨ ਰਹਿੰਦਾ ਹੈ ਅਤੇ ਦੁਨੀਆਂ ਤੋਂ ਉਦਾਸੀ = ਉਪਰਾਮ ਰਹਿੰਦਾ ਹੈ। ਸਹਜੇ = ਸੁਤੇ-ਸਿਧ ਤਨ = ਸਰੀਰ ਕੀ = ਦੀ ਦੁਬਿਧਾ = ਦ੍ਵੈਤ ਨਾਸੀ = ਨਾਸ਼ ਹੋ ਜਾਂਦੀ ਹੈ **ਵਾ:** ਸਹਜੇ = ਗਿਆਨ ਕਰ ਕੇ ਤਨ = ਸਰੀਰ ਕੀ = ਦੁਬਿਧਾ = ਦ੍ਵੈਤ-ਭਾਵ ਨਾਸੀ = ਨਾਸ਼ ਹੋ ਜਾਂਦੀ ਹੈ।

## ਜਾ ਕੈ ਸਹਜਿ; ਮਨਿ ਭਇਆ ਅਨੰਦੁ ॥ ਤਾ ਕਉ ਭੇਟਿਆ; ਪਰਮਾਨੰਦੁ ॥੫॥

ਜਾ ਕੈ = ਜਿਸ ਦੇ ਸਹਜਿ = ਗਿਆਨ ਕਰ ਕੇ ਮਨ = ਅੰਤਸ਼ਕਰਨ ਵਿਚ ਸਰੂਪ ਦਾ ਅਨੰਦ ਭਇਆ = ਹੋਇਆ ਹੈ। ਤਾਕਉ = ਉਸ ਨੂੰ ਪਰਮਾਨੰਦੁ = ਵੱਡੇ ਅਨੰਦ ਵਾਲਾ ਪਰਮੇਸ਼ਰ ਭੇਟਿਆ = ਮਿਲਿਆ ਹੈ ॥੫॥

## ਸਹਜੇ; ਅੰਮ੍ਰਿਤੁ ਪੀਓ ਨਾਮੁ ॥ ਸਹਜੇ; ਕੀਨੋ ਜੀਅ ਕੋ ਦਾਨੁ ॥

ਉਸ ਨੇ ਸਹਜੇ = ਸਹਜ ਅਵਸਥਾ ਵਿਚ ਇਸਥਿਤ ਕਰਨ ਵਾਲਾ ਅੰਮ੍ਰਿਤ ਨਾਮ ਪੀਓ = ਪੀਤਾ ਹੈ। ਉਸ ਨੇ ਸਹਜੇ = ਸੁਤੇ-ਸਿਧ ਹੋਰਨਾਂ ਜੀਅ = ਜੀਵਾਂ ਨੂੰ ਵੀ ਆਤਮਿਕ ਜੀਵਨ ਕੋ = ਦਾ ਦਾਨ ਦੇਣਾ ਕੀਨੋ = ਕੀਤਾ ਹੈ **ਵਾ:** ਸਹਜੇ = ਸੁਭਾਵਿਕ ਹੀ ਜੀਅ = ਜੀਵਾਂ ਕੋ = ਨੂੰ ਬ੍ਰਹਮ ਗਿਆਨ ਦਾ ਦਾਨ ਦੇ ਕੇ ਜੀਵਨ ਮੁਕਤ ਕੀਤਾ ਹੈ।

## ਸਹਜ ਕਥਾ ਮਹਿ; ਆਤਮੁ ਰਸਿਆ ॥
## ਤਾ ਕੈ ਸੰਗਿ; ਅਬਿਨਾਸੀ ਵਸਿਆ ॥੬॥

ਜਿਸ ਦਾ ਆਤਮੁ = ਮਨ ਸਹਜ ਸਰੂਪ ਦੀ ਕਥਾ ਮਹਿ = ਵਿਚ ਰਸਿਆ = ਤਦਾਕਾਰ ਭਾਵ ਰੰਗਿਆ ਗਿਆ ਹੈ। ਤਾ ਕੈ = ਉਸ ਦੇ ਹਿਰਦੇ ਵਿਚ ਅਬਿਨਾਸੀ = ਨਾਸ ਤੋਂ ਰਹਿਤ ਪਰਮਾਤਮਾ ਹਰ ਵਕਤ ਸੰਗਿ = ਨਾਲ ਹੋ ਕੇ ਵਸਿਆ = ਵਸਦਾ ਹੈ ॥੬॥

## ਸਹਜੇ; ਆਸਣੁ ਅਸਥਿਰੁ ਭਾਇਆ ॥ ਸਹਜੇ; ਅਨਹਤ ਸਬਦੁ ਵਜਾਇਆ ॥

ਜੋ ਸਹਜੇ = ਸੁਤੇ-ਸਿਧ ਮਨ ਦਾ ਅਸਥਿਰੁ = ਇਸਥਿਤ ਹੋਣਾ ਹੈ, ਇਹੋ ਆਸਣ ਉਸ ਨੂੰ ਭਇਆ = ਚੰਗਾ

ਲੱਗਾ ਹੈ **ਵਾ:** ਗਿਆਨਵਾਨ ਨੂੰ ਸਹਜੇ = ਸੁਤੇ-ਸਿਧ ਹੀ ਅਸਥਿਰੁ = ਨਾ ਚਲਾਏਮਾਨ ਵਾਲਾ ਆਸਣ ਭਾਇਆ = ਚੰਗਾ ਲੱਗਾ ਹੈ। ਉਸ ਦੇ ਹਿਰਦੇ ਵਿਚ ਸਹਜੇ = ਸੁਤੇ-ਸਿਧ ਹੀ ਅਨਹਤ = ਨਾਸ਼ ਤੋਂ ਰਹਿਤ ਇਕ ਰਸ ਸ਼ਬਦ ਵਜਾਇਆ = ਵੱਜ ਆਇਆ, ਪ੍ਰਗਟ ਹੋ ਆਇਆ ਹੈ।

## ਸਹਜੇ; ਰੁਣ ਝੁਣਕਾਰੁ ਸੁਹਾਇਆ ॥ ਤਾ ਕੈ ਘਰਿ; ਪਾਰਬ੍ਰਹਮੁ ਸਮਾਇਆ ॥੭॥

ਉਸ ਪੁਰਖ ਦੇ ਹਿਰਦੇ ਵਿਚ ਸਿਮਰਨ ਦਾ ਸਹਜੇ = ਸੁਤੇ ਸਿੱਧ ਹੀ ਰੁਣ = ਸੁੰਦਰ ਝੁਣਕਾਰੁ = ਛਣਕਾਰ ਸੁਹਾਇਆ = ਸ਼ੋਭਦਾ ਹੈ **ਵਾ:** ਉਸ ਦੇ ਹਿਰਦੇ ਵਿਚ ਸਿਮਰਨ ਦੀ ਰੁਣਝੁਣਕਾਰ = ਇਕ ਰਸ **ਵਾ:** ਸ਼ਬਦ ਦੀ ਮਿੱਠੀ ਮਿੱਠੀ ਝੁਣਕਾਰ ਸ਼ੋਭਦੀ ਹੈ। ਤਾ ਕੈ = ਉਸ ਦੇ ਘਰਿ = ਹਿਰਦੇ ਵਿਚ ਪਾਰਬ੍ਰਹਮ ਸਮਾਇਆ = ਸਮਾ ਭਾਵ ਵਿਆਪਕ ਹੈ **ਵਾ:** ਉਸ ਦੇ ਹਿਰਦੇ ਰੂਪੀ ਘਰ ਵਿਚ ਪਾਰਬ੍ਰਹਮ ਸਮਾਇਆ = ਮਿਲਿਆ ਹੋਇਆ ਹੈ ॥੭॥

## ਸਹਜੇ; ਜਾ ਕਉ ਪਰਿਓ ਕਰਮਾ ॥ ਸਹਜੇ; ਗੁਰੁ ਭੇਟਿਓ, ਸਚੁ ਧਰਮਾ ॥

ਸਹਜੇ = ਸੁਤੇ-ਸਿਧ ਹੀ ਜਾਕਉ = ਜਿਸ ਦੇ ਮੱਥੇ 'ਤੇ ਸ਼ੁਭ ਕਰਮਾਂ ਦਾ ਲੇਖ ਪਰਿਓ = ਪਿਆ ਹੈ **ਵਾ:** ਜਾਕਉ = ਜਿਸ ਉੱਤੇ ਗੁਰੂ ਸਾਹਿਬ ਦੀ ਕਰਮਾ = ਕਿਰਪਾ ਪਰਿਓ = ਪਈ ਹੈ, ਉਸ ਨੂੰ ਸਹਜੇ = ਸਹਜ ਅਵਸਥਾ ਪ੍ਰਾਪਤ ਹੁੰਦੀ ਹੈ।

ਉਸ ਨੂੰ ਸਹਜੇ = ਸੁਤੇ-ਸਿਧ ਹੀ ਸਚੁ ਧਰਮਾ = ਸੱਚੇ ਧਰਮ ਨੂੰ ਦੇਣ ਵਾਲੇ ਗੁਰੂ ਸਾਹਿਬ ਜੀ ਭੇਟਿਓ = ਮਿਲੇ ਹਨ। ਜੈਸਾ ਕਿ :

**ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥**
**ਕਹੁ ਨਾਨਕ ਅਟਲ ਇਹੁ ਧਰਮੁ ॥੪॥੮੦॥੧੪੯॥** *(ਗਉੜੀ ਮ: ੫, ਅੰਗ ੧੯੬)*

## ਜਾ ਕੈ ਸਹਜੁ ਭਇਆ; ਸੋ ਜਾਣੈ ॥

ਜਾ ਕੈ = ਜਿਸ ਦੇ ਹਿਰਦੇ ਅੰਦਰ ਸਹਜ ਅਵਸਥਾ ਹੋਈ ਹੈ, ਸੋ = ਉਹੋ ਹੀ ਪਰਮਾਤਮਾ ਨੂੰ ਜਾਣੈ = ਜਾਣਦਾ ਹੈ **ਵਾ:** ਜਿਸ ਨੂੰ ਸਹਜੁ = ਗਿਆਨ ਭਇਆ = ਹੋਇਆ ਹੈ, ਸੋ = ਉਹੋ ਹੀ ਪਰਮੇਸ਼ਰ ਨੂੰ ਜਾਣੈ = ਜਾਣਦਾ ਹੈ।

## ਨਾਨਕ ਦਾਸ; ਤਾ ਕੈ ਕੁਰਬਾਣੈ ॥੮॥੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ! ਦਾਸਾ-ਭਾਵ ਧਾਰ ਕੇ ਤਾ = ਉਸ ਕੈ = ਦੇ ਉੱਪਰੋਂ ਕੁਰਬਾਣੈ = ਬਲਿਹਾਰ ਜਾਈਏ ॥੮॥੩॥

## ਗਉੜੀ, ਮਹਲਾ ੫ ॥

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਸ਼ਬਦ ਅੰਮ੍ਰਿਤਸਰ ਸਾਹਿਬ ਦੀ ਪਾਵਨ ਧਰਤੀ ਵਿਚ ਗੁਰਸਿੱਖ ਸੰਗਤਾਂ ਤੇ ਮਾਧੋਦਾਸ ਆਦਿ ਪ੍ਰਚਾਰਕਾਂ ਨੂੰ ਸੰਸਾਰ ਦੇ ਨਾਸ਼ਵਾਨ ਪਦਾਰਥਾਂ ਦਾ ਮੋਹ ਖ਼ਤਮ ਕਰਨ ਲਈ ਅਤੇ ਜੋ ਹਿੰਦੂ ਮਤ ਵਿਚ ਇੰਦਰਪੁਰੀ, ਬ੍ਰਹਮਪੁਰੀ, ਸ਼ਿਵਪੁਰੀ ਆਦਿ ਦੀ ਲਾਲਸਾ ਪੈਦਾ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਨਾਸ਼ਵੰਤ ਦਰਸਾਉਂਦਿਆਂ ਇਹ ਪਾਵਨ ਸ਼ਬਦ ਉਚਾਰਨ ਕੀਤਾ। ਗੁਰ ਬਿਲਾਸ ਪਾਤਸ਼ਾਹੀ ੬ ਵਿਚ ਮਾਤਾ ਭਾਗ ਭਰੀ ਦਾ ਪ੍ਰਸੰਗ ਆਉਂਦਾ ਹੈ ਕਿ ਜਦੋਂ ਮਾਤਾ ਦਾ ਅੰਤ ਵੇਲਾ ਆਇਆ, ਪਹਿਲਾਂ ਇਸ ਦੇ ਕੋਲ ਇੰਦਰ ਆਇਆ ਕਿ ਮਾਤਾ ਤੈਨੂੰ ਇੰਦਰਪੁਰੀ ਲਿਜਾਣ ਲਈ ਆਇਆ ਹਾਂ ਤਾਂ ਮਾਤਾ ਜੀ ਨੇ ਜਵਾਬ ਦਿੱਤਾ ਸੀ ਕਿ ਮੈਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ "ਪ੍ਰਥਮੇ ਗਰਭ ਵਾਸ ਤੇ ਟਰਿਆ ॥" ਵਾਲੇ ਸ਼ਬਦ ਵਿੱਚੋਂ ਇਹ ਸੋਝੀ ਹੋਈ ਹੈ ਕਿ ਮੌਤ ਉਥੇ ਭੀ ਜ਼ਰੂਰ ਆਉਂਦੀ ਹੈ। ਬ੍ਰਹਮਾ ਨੇ ਕਿਹਾ, ਬ੍ਰਹਮਾ ਨੂੰ ਭੀ ਇਹੋ ਹੀ ਜਵਾਬ ਦਿੱਤਾ, ਸ਼ਿਵਜੀ ਆਇਆ ਤਾਂ ਸ਼ਿਵ ਜੀ ਨੂੰ ਭੀ ਕਿਹਾ ਕਿ ਤੇਰੀ ਪੁਰੀ ਦਾ ਭੀ ਕਾਲ ਹੋ ਜਾਣਾ ਹੈ। ਛੇਵੇਂ ਪਾਤਿਸ਼ਾਹ ਨੇ ਜਦੋਂ ਗੁਰਤਾ ਗੱਦੀ 'ਤੇ ਬਿਰਾਜਮਾਨ ਹੋ

ਕੇ ਕਸ਼ਮੀਰ ਦੀ ਫੇਰੀ ਪਾਈ ਤਾਂ ਮਾਤਾ ਦੇ ਯਾਦ ਕਰਨ ਤੋਂ ਅੰਤ ਵੇਲੇ ਦਰਸ਼ਨ ਦਿੱਤੇ, ਗੁਰੂ ਪ੍ਰਤਾਪ ਨਾਲ ਮਾਤਾ ਸਚਖੰਡ ਦੀ ਵਾਸੀ ਹੋਈ।

## ਪ੍ਰਥਮੇ; ਗਰਭ ਵਾਸ ਤੇ ਟਰਿਆ ॥

ਹੇ ਜੀਵ! ਸਭ ਤੋਂ ਪ੍ਰਥਮੇ = ਪਹਿਲਾਂ ਤੂੰ ਮਾਤਾ ਤੇ = ਦੇ ਗਰਭ = ਪੇਟ ਵਿਚ ਵਾਸ = ਵਸਦਾ ਸੀ ਫੇਰ ਉਥੇ ਤੇ = ਤੋਂ ਤੂੰ ਟਰਿਆ = ਟਲਿਆ, ਭਾਵ ਜਨਮ ਧਾਰ ਕੇ ਗਰਭ ਵਿੱਚੋਂ ਨਿਕਲਿਆ।

## ਪੁਤ੍ਰ ਕਲਤ੍ਰ; ਕੁਟੰਬ ਸੰਗਿ ਜੁਰਿਆ ॥

ਫੇਰ ਵੱਡਾ ਹੋ ਕੇ ਪੁਤ੍ਰ ਕਲਤ੍ਰ = ਇਸਤਰੀ ਕੁਟੰਬ = ਪਰਿਵਾਰ ਦੇ ਸੰਗਿ = ਨਾਲ ਜੁਰਿਆ = ਜੁੜ ਗਿਆ।

## ਭੋਜਨੁ ਅਨਿਕ ਪ੍ਰਕਾਰ; ਬਹੁ ਕਪਰੇ ॥
## ਸਰਪਰ ਗਵਨੁ ਕਰਹਿਗੇ; ਬਪੁਰੇ ॥੧॥

ਹੇ ਜੀਵ! ਜਿਹੜੇ ਅਨਿਕ = ਅਨੇਕ ਪ੍ਰਕਾਰ ਦੇ ਭੋਜਨ ਅਤੇ ਬਹੁ = ਬਹੁਤੇ ਕਪਰੇ = ਕੱਪੜੇ ਪਹਿਨਦਾ ਹੈਂ। ਹੇ ਬਪੁਰੇ = ਵਿਚਾਰੇ ਜੀਵ! ਇਹ ਸਰਪਰ = ਜ਼ਰੂਰ ਤੈਨੂੰ ਛੱਡ ਕੇ ਗਵਨੁ ਕਰਹਿਗੇ = ਚੱਲੇ ਜਾਣਗੇ **ਵਾ:** ਇਨ੍ਹਾਂ ਨੂੰ ਛੱਡ ਕੇ ਤੂੰ ਸਰਪਰ = ਜ਼ਰੂਰ ਹੀ ਗਵਨੁ = ਚਲਿਆ ਭਾਵ ਕੂਚ ਕਰਹਿਗੇ = ਕਰ ਜਾਏਂਗਾ ॥੧॥

ਅੱਗੇ ਸਤਿਗੁਰੂ ਜੀ ਜਗਿਆਸੂ ਮੁਖ ਦੁਆਰਾ ਪਹਿਲਾ ਪ੍ਰਸ਼ਨ ਉਚਾਰਨ ਕਰਕੇ ਫੇਰ ਆਪ ਹੀ ਉੱਤਰ ਦਿੰਦੇ ਹਨ।

## ਕਵਨੁ ਅਸਥਾਨੁ; ਜੋ ਕਬਹੁ ਨ ਟਰੈ ॥

***ਪ੍ਰਸ਼ਨ :*** *ਹੇ ਗੁਰੂ ਜੀ ਉਹ ਕਵਨੁ = ਕਿਹੜਾ ਅਸਥਾਨੁ = ਥਾਂ ਹੈ, ਜੋ = ਜਿਹੜਾ ਕਬਹੁ = ਕਦੇ ਵੀ ਟਰੈ = ਟੱਲਣ ਵਾਲਾ ਨਾ ਹੋਵੇ ਭਾਵ ਹਰ ਵਕਤ ਅਚੱਲ ਰਹੇ?*

***ਗੁਰ ਉੱਤਰ :*** ਜੋ = ਜਿਹੜਾ ਕਬਹੁ = ਕਦੇ ਨ ਟਰੈ = ਟਲੇ, ਉਹ ਵਾਹਿਗੁਰੂ ਦਾ ਸਰੂਪ ਹੀ ਸਦਾ ਇਸਥਿਤ ਰਹਿਣ ਵਾਲਾ ਹੈ।

## ਕਵਨੁ ਸਬਦੁ; ਜਿਤੁ ਦੁਰਮਤਿ ਹਰੈ ॥੧॥ਰਹਾਉ॥

***ਪ੍ਰਸ਼ਨ :*** *ਹੇ ਮਹਾਰਾਜ! ਉਹ ਕਿਹੜਾ ਸ਼ਬਦ ਹੈ, ਜਿਸ ਨਾਲ ਖੋਟੀ ਮਤ ਨਾਸ਼ ਹੋ ਜਾਂਦੀ ਹੈ?*

***ਗੁਰ ਉੱਤਰ :*** ਗੁਰਾਂ ਦੁਆਰੇ ਜੋ ਵਾਹਿਗੁਰੂ ਗੁਰਮੰਤਰ ਮਿਲਿਆ ਹੈ, ਏਹੋ ਹੀ ਉੱਤਮ ਸਬਦੁ = ਉਪਦੇਸ਼ ਹੈ, ਜਿਤੁ = ਜਿਸ ਕਰਕੇ ਦੁਰਮਤਿ = ਖੋਟੀ ਮਤ ਹਰੈ = ਨਾਸ ਹੋ ਜਾਂਦੀ ਹੈ ॥੧॥ਰਹਾਉ॥

## ਇੰਦ੍ਰ ਪੁਰੀ ਮਹਿ; ਸਰਪਰ ਮਰਣਾ ॥ ਬ੍ਰਹਮ ਪੁਰੀ; ਨਿਹਚਲੁ ਨਹੀ ਰਹਣਾ ॥

ਹੇ ਭਾਈ! ਇੰਦਰਪੁਰੀ ਮਹਿ = ਵਿਚ ਵੀ ਸਰਪਰ = ਜ਼ਰੂਰ ਮਰਣਾ ਹੁੰਦਾ ਹੈ ਅਤੇ ਬ੍ਰਹਮਪੁਰੀ = ਬ੍ਰਹਮਾ ਦੀ ਪੂਰੀ ਵਿਚ ਵੀ ਸਦਾ ਨਿਹਚਲੁ = ਅਚੱਲ ਨਹੀਂ ਰਹਣਾ।

## ਸਿਵ ਪੁਰੀ ਕਾ; ਹੋਇਗਾ ਕਾਲਾ ॥

ਸਿਵ = ਸ਼ਿਵਜੀ ਦੀ ਪੁਰੀ = ਨਗਰੀ ਭਾਵ ਕੈਲਾਸ਼ ਪਰਬਤ ਕਾ = ਦਾ ਵੀ ਕਾਲਾ = ਨਾਸ਼ ਹੋਇਗਾ = ਹੋ ਜਾਵੇਗਾ।

## ਤ੍ਰੈ ਗੁਣ ਮਾਇਆ; ਬਿਨਸਿ ਬਿਤਾਲਾ ॥੨॥

ਤ੍ਰੈ ਗੁਣ = ਤਿੰਨਾਂ ਗੁਣਾਂ ਵਾਲੀ ਮਾਇਆ ਵਿਚ ਫਸੇ ਬਿਤਾਲਾ = ਭੂਤਨਿਆਂ ਦੀ ਨਿਆਈਂ **ਵਾ:** (ਬਿ+ਤਾਲਾ) ਸਰੂਪ ਰੂਪੀ ਤਾਲ ਤੋਂ ਬਿ = ਰਹਿਤ ਜੀਵ ਹੀ ਬਿਨਸਿ = ਨਾਸ਼ ਹੋ ਜਾਣਗੇ ॥੨॥

***ਨੋਟ :*** ਬੇਤਾਲ ਪ੍ਰੇਤਾਂ ਦੀ ਇਕ ਜਾਤੀ ਵਿੱਚੋਂ ਜਾਤੀ ਮੰਨੀ ਹੈ। ਜਿਵੇਂ ਬਿਕਰਮਾਜੀਤ ਦੇ ਜੀਵਨ ਵਿਚ ਬੇਤਾਲ ਦੀ ਗੱਲ ਆਉਂਦੀ ਹੈ।

## ਗਿਰਿ ਤਰ ਧਰਣਿ; ਗਗਨ ਅਰੁ ਤਾਰੇ ॥

ਗਿਰਿ = ਪਹਾੜ, ਤਰ = ਬ੍ਰਿਛ, ਧਰਣਿ = ਧਰਤੀ, ਗਗਨ = ਅਕਾਸ਼ ਅਰੁ = ਅਤੇ ਤਾਰੇ। (ਜਿਵੇਂ ਸੁਪਨੇ ਦਾ ਅਕਾਸ਼ ਜਾਗਿਆਂ ਤੋਂ ਕਾਇਮ ਨਹੀਂ ਰਹਿੰਦਾ। ਇਸੇ ਪ੍ਰਕਾਰ ਜਦੋਂ ਅੰਤਰਜਾਮੀ ਨੇ ਜੀਵਾਂ ਦੀ ਅਵਿੱਦਿਆ ਦੀ ਨੀਂਦ ਖੋਲ੍ਹ ਦਿੱਤੀ, ਫੇਰ ਇਹ ਅਕਾਸ਼ ਆਦਿਕ ਅਤੇ ਤਾਰੇ ਨਹੀਂ ਰਹਿਣੇ।)

## ਰਵਿ ਸਸਿ ਪਵਣੁ; ਪਾਵਕੁ ਨੀਰਾਰੇ ॥

ਰਵਿ = ਸੂਰਜ, ਸਸਿ = ਚੰਦ੍ਰਮਾ, ਪਵਣੁ = ਹਵਾ, ਪਾਵਕੁ = ਅੱਗ, ਨੀਰਾਰੇ = ਪਾਣੀ ਦਾ ਘਰ ਸਮੁੰਦਰ। (ਰਾਰੇ ਦੇ ਕੰਨੇ 'ਚੋਂ ਐੜਾ ਲੈ ਕੇ ਵਿਆਕਰਣ ਅਨੁਸਾਰ ਨੀਰ = ਪਾਣੀ ਆਰੇ = ਘਰ ਰਾਰਾ ਤੇ ਲੱਲਾ ਸਵਰਨੀ ਅੱਖਰ ਹਨ। ਅਰਥ ਆਲੇ ਬਣਿਆ ਆਲ = ਘਰ ਭਾਵ ਪਾਣੀ ਦਾ ਘਰ ਭਾਵ ਸਮੁੰਦਰ।)

## ਦਿਨਸੁ ਰੈਣਿ; ਬਰਤ ਅਰੁ ਭੇਦਾ ॥
## ਸਾਸਤ ਸਿੰਮ੍ਰਿਤਿ; ਬਿਨਸਹਿਗੇ ਬੇਦਾ ॥੩॥

(ਪਾਠਾਂਤ੍ਰ **ਸਾਸਤ੍ਰ**)

ਦਿਨਸੁ = ਦਿਨ ਰੈਣਿ = ਰਾਤ, ਬਰਤ = ਚੌਦਸ਼ ਦਾ ਵਰਤ, ਇਕਾਦਸ਼ੀ ਦਾ ਵਰਤ ਆਦਿ ਦੇ ਭੇਦਾ = ਭੇਦ ਛੇ ਸ਼ਾਸਤਰ, ੨੭ ਸਿੰਮ੍ਰਿਤੀਆਂ, ਚਾਰ ਵੇਦ ਆਦਿ ਸਭ ਕੁਝ ਬਿਨਸਹਿਗੇ = ਬਿਨਸ ਭਾਵ ਨਾਸ ਹੋ ਜਾਵੇਗਾ ॥੩॥

## ਤੀਰਥ ਦੇਵ; ਦੇਹੁਰਾ ਪੋਥੀ ॥
## ਮਾਲਾ ਤਿਲਕੁ; ਸੋਚ ਪਾਕ ਹੋਤੀ ॥

ਤੀਰਥ ਦੇਵ = ਦੇਵਤੇ, ਦੇਹੁਰਾ = ਮੰਦਰ, ਪੋਥੀ = ਪੁਸਤਕਾਂ। ਮਾਲਾ = ਚੰਦਨ ਜਾਂ ਪਸ਼ਮ ਦੀ ਮਾਲਾ, ਗੋਪੀ ਚੰਦਨ ਦਾ ਤਿਲਕ, ਸੋਚ = ਪਵਿੱਤਰਤਾ ਪਾਕ = ਰਸੋਈ, ਹੋਤੀ = ਹਵਨ ਆਦਿਕ ਕਰਨ ਵਾਲੇ ਲੋਕ।

## ਧੋਤੀ ਡੰਡਉਤਿ; ਪਰਸਾਦਨ ਭੋਗਾ ॥
## ਗਵਨੁ ਕਰੈਗੋ; ਸਗਲੋ ਲੋਗਾ ॥੪॥

ਧੋਤੀ = ਤੇੜ ਦੀ ਚਾਦਰ, ਮੇਦਾ ਸਾਫ਼ ਕਰਨ ਵਾਲੀ ਲੀਰ, ਯੋਗ ਦੀ ਕਿਰਿਆ ਡੰਡਉਤਿ = ਡੰਡਵੇਤ ਲੰਮੇ ਪੈ ਕੇ ਨਮਸਕਾਰ ਕਰਨੀ, ਪਰਸਾਦਨ = ਮੰਦਰ ਦੇਵੀ ਦੇਵਤਿਆਂ ਨੂੰ ਅਰਪਨ ਕੀਤਾ ਅੰਨ ਭੋਜਨ, ਭੋਗਾ = ਪਦਾਰਥਾਂ ਨੂੰ ਭੋਗਣ ਵਾਲਾ, ਭੋਗ ਪਦਾਰਥ। ਅਤੇ ਸਗਲੋ = ਸਾਰੇ ਲੋਗਾ = ਲੋਕ ਵੀ ਗਵਨੁ = ਚੱਲੇ ਜਾਣਾ ਕਰਨਗੇ ਭਾਵ ਨਾਸ਼ ਹੋ ਜਾਣਗੇ ॥੪॥

## ਜਾਤਿ ਵਰਨ; ਤੁਰਕ ਅਰੁ ਹਿੰਦੂ ॥ ਪਸੁ ਪੰਖੀ; ਅਨਿਕ ਜੋਨਿ ਜਿੰਦੂ ॥

ਜਾਤਿ = ਜਾਤੀਆਂ, ਵਰਨ = ਚਾਰ ਵਰਨ, ਤੁਰਕ = ਮੁਸਲਮਾਨ ਅਰੁ = ਅਤੇ ਹਿੰਦੂ। ਪਸੁ = ਪਸ਼ੂ ਪੰਖੀ = ਪੰਛੀ ਜੋ ਅਨਿਕ = ਅਨੇਕਾਂ ਜੋਨਿ = ਜੂਨੀਆਂ ਦੇ ਜਿੰਦੂ = ਜੀਵ ਹਨ।

## ਸਗਲ ਪਾਸਾਰੁ; ਦੀਸੈ ਪਾਸਾਰਾ ॥ ਬਿਨਸਿ ਜਾਇਗੋ; ਸਗਲ ਆਕਾਰਾ ॥੫॥

ਜਿੰਨਾ ਇਹ ਸਗਲ = ਸਾਰਾ ਪਸਾਰਾ, ਪਾਸਾਰਾ = ਪਸਰਿਆ ਹੋਇਆ ਦੀਸੈ = ਦਿੱਸਦਾ ਹੈ। ਇਹ ਸਗਲ = ਸਾਰਾ ਆਕਾਰ ਬਿਨਸਿ = ਨਾਸ ਹੋ ਜਾਇਗੋ = ਜਾਵੇਗਾ ਭਾਵ ਕਾਲ ਸਾਰਿਆਂ ਦਾ ਭੱਖਣ ਕਰ ਰਿਹਾ ਹੈ ॥੫॥

## ਸਹਜ, ਸਿਫਤਿ ਭਗਤਿ; ਤਤੁ ਗਿਆਨਾ ॥ ਸਦਾ ਅਨੰਦੁ; ਨਿਹਚਲੁ ਸਚੁ ਥਾਨਾ ॥

ਜਿਸ ਸਤਿਸੰਗਤ ਵਿਚ ਸਹਜ = ਸਹਜੇ ਹੀ ਪਰਮੇਸ਼ਰ ਦੀ ਸਿਫ਼ਤਿ = ਉਸਤਤੀ ਭਗਤਿ = ਭਗਤੀ ਅਤੇ ਤਤੁ ਗਿਆਨਾ = ਯਥਾਰਥ ਗਿਆਨ ਦਾ ਉਚਾਰਨ ਹੋ ਰਿਹਾ ਹੈ। ਉਥੇ ਸਦਾ ਅਨੰਦ ਹੈ, ਉਹ ਸੱਚਾ ਅਤੇ ਅਚੱਲ ਰਹਿਣ ਵਾਲਾ ਥਾਂ ਹੈ। ਉਥੇ ਸਦਾ = ਹਮੇਸ਼ਾਂ ਅਨੰਦ ਦੀ ਪ੍ਰਾਪਤੀ ਕਰਾਉਣ ਵਾਲਾ ਸੱਚਾ ਸਿਮਰਨ ਰੂਪੀ ਨਿਹਚਲੁ = ਅਚੱਲ ਰਹਿਣ ਵਾਲਾ ਥਾਨਾ = ਥਾਂ ਪ੍ਰਾਪਤ ਹੁੰਦਾ ਹੈ।

## ਤਹਾ ਸੰਗਤਿ; ਸਾਧ ਗੁਣ ਰਸੈ ॥ ਅਨਭਉ ਨਗਰੁ; ਤਹਾ ਸਦ ਵਸੈ ॥੬॥

ਤਹਾ = ਉਥੇ ਉਸ ਸੰਗਤ ਵਿਚ ਸੰਤ ਜਨ ਸ਼ੁਭ ਗੁਣਾਂ ਵਿਚ ਰਸੈ = ਤਦਾਕਾਰ ਹੋ ਰਹੇ ਹਨ। ਉਹ ਸੰਗਤ ਅਨਭਉ = ਭੈ ਤੋਂ ਰਹਿਤ ਬ੍ਰਹਮ ਦੀ ਨਗਰੀ ਹੈ, ਤਹਾ = ਉਥੇ ਸਦ = ਹਮੇਸ਼ਾਂ ਸੰਤ ਜਨ ਹੀ ਵਸੈ = ਵੱਸਦੇ ਹਨ **ਵਾ:** ਪਰਮੇਸ਼ਰ ਆਪ ਹੀ ਸਦਾ ਵਸਦਾ ਹੈ ॥੬॥

## ਤਹ ਭਉ ਭਰਮਾ; ਸੋਗੁ ਨ ਚਿੰਤਾ ॥ ਆਵਣੁ ਜਾਵਣੁ; ਮਿਰਤੁ ਨ ਹੋਤਾ ॥

ਤਹ = ਉਥੇ ਸਤਿਸੰਗ ਵਿਚ ਨ ਭਉ = ਡਰ, ਨਾ ਹੀ ਭਰਮ, ਨਾ ਸੋਗੁ = ਦੁਖ ਅਤੇ ਨਾ ਹੀ ਚਿੰਤਾ ਹੈ। ਨਾ ਉਥੇ ਜਨਮ ਧਾਰ ਕੇ ਆਵਣੁ = ਆਉਣਾ ਹੁੰਦਾ ਹੈ, ਨਾ ਮਰ ਕੇ ਜਾਵਣੁ = ਜਾਣਾ ਹੁੰਦਾ ਹੈ, ਨਾ ਕੋਈ ਮਿਰਤੁ = ਮੌਤ ਹੈ ਅਤੇ ਨਾ ਹੀ ਕਿਸੇ ਨੂੰ ਮੌਤ ਹੋਤਾ = ਹੁੰਦੀ ਹੈ।

## ਤਹ ਸਦਾ ਅਨੰਦ; ਅਨਹਤ ਆਖਾਰੇ ॥
## ਭਗਤ ਵਸਹਿ; ਕੀਰਤਨ ਆਧਾਰੇ ॥੭॥

ਤਹ = ਉਥੇ ਸਦਾ = ਹਮੇਸ਼ਾਂ ਅਨੰਦ ਹੈ, ਅਨਹਤ = ਨਾਸ ਤੋਂ ਰਹਿਤ ਆਖਾਰੇ = ਸਾਧੂਆਂ ਦੀਆਂ ਸਭਾ ਲੱਗੀਆਂ ਹੋਈਆਂ ਹਨ। ਉਥੇ ਭਗਤ ਜਨ ਪਰਮੇਸ਼ਰ ਦੇ ਕੀਰਤਨ = ਜੱਸ ਦੇ ਆਧਾਰੇ = ਆਸਰੇ ਹੋ ਕੇ ਵਸਹਿ = ਵਸਦੇ ਹਨ ॥੭॥

## ਪਾਰਬ੍ਰਹਮ ਕਾ; ਅੰਤੁ ਨ ਪਾਰੁ ॥ ਕਉਣੁ ਕਰੈ; ਤਾ ਕਾ ਬੀਚਾਰੁ ॥

ਪਾਰਬ੍ਰਹਮ ਦੇ ਉਰਵਾਰ ਪਾਰ ਕਾ = ਦਾ ਅੰਤ ਨਹੀਂ ਆਉਂਦਾ, ਬੇਅੰਤ ਹੈ, ਜਿਵੇਂ ਮੱਛੀ ਪਾਣੀ ਵਿਚ ਰਹਿੰਦੀ ਸਮੁੰਦਰ ਦਾ ਅੰਤ ਨਹੀਂ ਪਾ ਸਕਦੀ। ਹੇ ਭਾਈ! ਕਉਣੁ = ਕੌਣ ਤਾ = ਉਸ ਪਰਮੇਸ਼ਰ ਦੀ ਪ੍ਰਾਪਤੀ ਕਾ = ਦਾ ਬੀਚਾਰੁ = ਨਿਰਨਾ ਕਰੈ = ਕਰ ਸਕਦਾ ਭਾਵ ਉਸ ਦਾ ਪੂਰਨ ਵਿਚਾਰ ਕਿਸੇ ਦੇ ਪਾਸੋਂ ਨਹੀਂ ਕੀਤਾ ਜਾਂਦਾ।

## ਕਹੁ ਨਾਨਕ; ਜਿਸੁ ਕਿਰਪਾ ਕਰੈ ॥ ਨਿਹਚਲ ਥਾਨੁ; ਸਾਧਸੰਗਿ ਤਰੈ ॥੮॥੪॥

ਸਤਿਗੁਰੂ ਜੀ ਕਥਨ ਕਰਦੇ ਹਨ, ਜਿਸ 'ਤੇ ਮੇਰਾ ਵਾਹਿਗੁਰੂ ਕਿਰਪਾ = ਦਇਆ ਦ੍ਰਿਸ਼ਟੀ ਕਰੈ = ਕਰਦਾ ਹੈ, ਉਸ ਨੂੰ ਸਾਧਸੰਗਤ ਰੂਪੀ ਨਿਹਚਲੁ = ਅਚੱਲ ਥਾਂ ਪ੍ਰਾਪਤ ਹੁੰਦਾ ਹੈ ਜਿਸ ਸਾਧ ਸੰਗਤ ਦੁਆਰਾ ਉਹ ਪੁਰਖ ਤਰੈ = ਤਰ ਭਾਵ ਮੁਕਤ ਹੋ ਜਾਂਦਾ ਹੈ॥੮॥੪॥

## ਗਉੜੀ, ਮਹਲਾ ੫ ॥

ਇਸ ਸ਼ਬਦ ਦਾ ਅਰਥ ਰਹਾਉ ਦੀ ਪੰਕਤੀ ਤੋਂ ਸ਼ੁਰੂ ਹੁੰਦਾ ਹੈ।

**ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥**

ਐਸਾ ਕੋਇ = ਕੋਈ ਪੁਰਖ ਹੈ ਜਿ = ਜੋ ਦੁਬਿਧਾ = ਦ੍ਵੈਤ ਨੂੰ ਮਾਰ ਦੇਵੇ **ਵਾ:** ਕਾਮ ਆਦਿਕਾਂ ਨੂੰ ਹਿਰਦੇ ਵਿੱਚੋਂ ਗਵਾਵੈ = ਗਵਾ ਦੇਵੇ।

**ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ਰਹਾਉ॥**

ਇਸਹਿ = ਇਸ ਦ੍ਵੈਤ ਨੂੰ ਮਾਰ ਕੇ ਰਾਜ ਜੋਗ ਕਮਾਉਣਾ ਕਰੇ॥੧॥ਰਹਾਉ॥
ਆਦਿ ਤੋਂ ਅਰਥ ਸ਼ੁਰੂ ਕਰਨਾ :

## ਜੋ ਇਸੁ ਮਾਰੇ; ਸੋਈ ਸੂਰਾ ॥ ਜੋ ਇਸੁ ਮਾਰੇ; ਸੋਈ ਪੂਰਾ ॥

ਹੇ ਭਾਈ! ਜੋ ਇਸ ਦ੍ਵੈਤ ਨੂੰ ਮਾਰ ਦੇਵੇ, ਸੋਈ = ਉਹੋ ਹੀ ਸੂਰਾ = ਸੂਰਮਾ ਹੈ। ਜੋ ਇਸ ਦ੍ਵੈਤ ਨੂੰ ਮਾਰ ਦੇਵੇ, ਸੋਈ = ਉਹ ਪੂਰਾ = ਪੂਰਨ ਪੁਰਖ ਹੈ, ਬਾਕੀ ਸਭ ਦ੍ਵੈਤ ਮਾਰੇ ਤੋਂ ਬਿਨਾਂ ਅਧੂਰੇ ਹੀ ਹਨ।

## ਜੋ ਇਸੁ ਮਾਰੇ; ਤਿਸਹਿ ਵਡਿਆਈ ॥
## ਜੋ ਇਸੁ ਮਾਰੇ; ਤਿਸ ਕਾ ਦੁਖੁ ਜਾਈ ॥੧॥

ਜੋ ਇਸ ਦ੍ਵੈਤ ਨੂੰ ਮਾਰ ਦੇਵੇ, ਤਿਸਹਿ = ਉਸੇ ਪੁਰਖ ਦੀ ਵਡਿਆਈ = ਸ਼ੋਭਾ ਹੈ। ਜੋ ਇਸ ਦ੍ਵੈਤ ਨੂੰ ਮਾਰ ਦੇਵੇ, ਤਿਸ ਕਾ = ਉਸ ਦਾ ਜੰਮਣ ਮਰਣ ਦਾ ਦੁਖ ਜਾਈ = ਚਲਿਆ ਭਾਵ ਨਾਸ ਹੋ ਜਾਂਦਾ ਹੈ॥੧॥

## ਐਸਾ ਕੋਇ; ਜਿ ਦੁਬਿਧਾ ਮਾਰਿ ਗਵਾਵੈ ॥
## ਇਸਹਿ ਮਾਰਿ; ਰਾਜ ਜੋਗੁ ਕਮਾਵੈ ॥੧॥ਰਹਾਉ॥

ਐਸਾ ਕੋਇ = ਕੋਈ ਵਿਰਲਾ ਪੁਰਸ਼ ਹੀ ਹੈ ਜਿ = ਜਿਹੜਾ ਦੁਬਿਧਾ = ਦ੍ਵੈਤ ਭਾਵ ਨੂੰ ਮਾਰ ਕੇ ਅੰਦਰੋਂ ਗਵਾਵੈ = ਗਵਾ ਦਿੰਦਾ ਹੈ। ਉਹ ਇਸ ਦ੍ਵੈਤ ਨੂੰ ਮਾਰ ਕੇ ਰਾਜ ਜੋਗ ਨੂੰ ਕਮਾਵੈ = ਕਮਾਉਂਦਾ ਹੈ ਭਾਵ ਪਰਿਵਾਰ ਵਿਚ ਰਹਿੰਦਿਆਂ ਵਾਹਿਗੁਰੂ ਦੇ ਨਾਲ ਜੁੜੇ ਰਹਿਣਾ, ਸਾਰੇ ਪਦਾਰਥਾਂ ਵਿਚ ਰਹਿੰਦਿਆਂ ਕਮਲ ਦੀ ਨਿਆਈਂ ਨਿਰਲੇਪ ਰਹਿਣਾ, ਉਹ ਪੁਰਖ, ਰਾਜ ਜੋਗ ਨੂੰ ਕਰਾਉਣਾ ਯੋਗ ਹੈ॥੧॥ਰਹਾਉ॥

**[ਅੰਗ ੨੩੮]**

## ਜੋ ਇਸੁ ਮਾਰੇ; ਤਿਸ ਕਉ ਭਉ ਨਾਹਿ ॥ ਜੋ ਇਸੁ ਮਾਰੇ; ਸੁ ਨਾਮਿ ਸਮਾਹਿ ॥

ਜੋ ਇਸ ਦ੍ਵੈਤ ਨੂੰ ਮਾਰ ਦੇਵੇ, ਤਿਸ = ਉਸ ਕਉ = ਨੂੰ ਫੇਰ ਕਿਸੇ ਦਾ ਭਉ = ਡਰ ਨਾਹਿ = ਨਹੀਂ ਰਹਿੰਦਾ। ਜੋ ਇਸ ਦ੍ਵੈਤ ਨੂੰ ਮਾਰ ਦੇਵੇ, ਸੁ = ਉਸ ਦਾ ਮਨ ਨਾਮ ਵਿਚ ਸਮਾਹਿ = ਸਮਾਉਂਦਾ ਹੈ।

## ਜੋ ਇਸੁ ਮਾਰੇ; ਤਿਸ ਕੀ ਤ੍ਰਿਸਨਾ ਬੁਝੈ ॥ ਜੋ ਇਸੁ ਮਾਰੇ; ਸੁ ਦਰਗਹ ਸਿਝੈ ॥੨॥

ਜੋ ਇਸ ਦ੍ਵੈਤ ਨੂੰ ਮਾਰ ਦੇਵੇ, ਤਿਸ = ਉਸ ਪੁਰਸ਼ ਕੀ = ਦੀ ਤ੍ਰਿਸ਼ਨਾ ਰੂਪੀ ਅੱਗ ਬੁਝੈ = ਬੁੱਝ ਜਾਂਦੀ ਹੈ। ਤ੍ਰਿਸ਼ਨਾ ਅੱਗ ਦੀ ਨਿਆਈਂ ਹੈ, ਦੁਬਿਧਾ ਨੂੰ ਮਾਰਨਾ ਪਾਣੀ ਪਾਉਣਾ ਹੈ। ਜੋ = ਜਿਹੜਾ ਇਸ ਦ੍ਵੈਤ ਨੂੰ ਮਾਰ ਲਵੇ, ਸੁ = ਉਹ ਦਰਗਹ ਵਿਚ ਸਿਝੈ = ਮੁਕਤ ਹੁੰਦਾ ਹੈ ॥੨॥

## ਜੋ ਇਸੁ ਮਾਰੇ; ਸੋ ਧਨਵੰਤਾ ॥ ਜੋ ਇਸੁ ਮਾਰੇ; ਸੋ ਪਤਿਵੰਤਾ ॥

ਜੋ = ਜਿਹੜਾ ਇਸ ਦ੍ਵੈਤ ਨੂੰ ਮਾਰ ਦੇਵੇ, ਸੋ = ਉਹ ਆਤਮ ਧਨ ਵਾਲਾ ਧਨਵੰਤਾ = ਧਨੀ ਹੈ। ਜੋ = ਜਿਹੜਾ ਇਸ ਦ੍ਵੈਤ ਨੂੰ ਮਾਰ ਦੇਵੇ, ਸੋ = ਉਹ ਪੁਰਖ ਲੋਕ ਪਰਲੋਕ ਵਿਚ ਪਤਿਵੰਤਾ = ਇੱਜ਼ਤ ਵਾਲਾ ਹੋ ਜਾਂਦਾ ਹੈ।

## ਜੋ ਇਸੁ ਮਾਰੇ; ਸੋਈ ਜਤੀ ॥ ਜੋ ਇਸੁ ਮਾਰੇ; ਤਿਸੁ ਹੋਵੈ ਗਤੀ ॥੩॥

ਜੋ = ਜਿਹੜਾ ਇਸ ਦ੍ਵੈਤ ਨੂੰ ਮਾਰ ਦੇਵੇ, ਸੋਈ = ਓਹੀ ਜਤੀ ਹੈ, ਬਾਕੀ ਸਾਰੇ ਤਾਂ ਕਾਮਨਾ ਦੇ ਗ੍ਰਸੇ ਹੋਏ ਹਨ। ਜੋ = ਜਿਹੜਾ ਇਸ ਦ੍ਵੈਤ ਨੂੰ ਮਾਰ ਦੇਵੇ, ਤਿਸੁ = ਉਸ ਦੀ ਗਤੀ = ਮੁਕਤੀ ਹੋਵੈ = ਹੋ ਜਾਂਦੀ ਹੈ ॥੩॥

## ਜੋ ਇਸੁ ਮਾਰੇ; ਤਿਸ ਕਾ ਆਇਆ ਗਨੀ ॥
## ਜੋ ਇਸੁ ਮਾਰੇ; ਸੁ ਨਿਹਚਲੁ ਧਨੀ ॥

ਜੋ = ਜਿਹੜਾ ਇਸੁ ਦ੍ਵੈਤ ਨੂੰ ਮਾਰ ਦੇਵੇ, ਤਿਸ ਕਾ = ਉਸ ਦਾ ਆਇਆ ਸਫਲ ਗਨੀ = ਗਿਣੀਦਾ, ਵਿਚਾਰੀਦਾ ਹੈ। ਜੋ = ਜਿਹੜਾ ਇਸ ਦ੍ਵੈਤ ਨੂੰ ਮਾਰ ਦੇਵੇ ਸੁ = ਉਹ ਨਿਹਚਲੁ = ਅਚੱਲ ਨਾਮ ਰੂਪੀ ਧਨੀ = ਧਨ ਵਾਲਾ ਹੋ ਜਾਂਦਾ ਹੈ।

## ਜੋ ਇਸੁ ਮਾਰੇ; ਸੋ ਵਡਭਾਗਾ ॥ ਜੋ ਇਸੁ ਮਾਰੇ; ਸੁ ਅਨਦਿਨੁ ਜਾਗਾ ॥੪॥

ਜਿਹੜਾ ਪੁਰਸ਼ ਇਸ ਦ੍ਵੈਤ ਨੂੰ ਮਾਰ ਦੇਵੇ, ਸੋ = ਉਹ ਬਹੁਤ ਵਡਭਾਗਾ = ਵੱਡਿਆਂ ਭਾਗਾਂ ਵਾਲਾ ਹੋ ਜਾਂਦਾ ਹੈ।

ਜੋ = ਜਿਹੜਾ ਇਸ ਦ੍ਵੈਤ ਨੂੰ ਮਾਰ ਦੇਵੇ, ਸੁ = ਉਹ ਅਨਦਿਨੁ = ਰਾਤ ਦਿਨ ਹੀ ਗਿਆਨ ਅਵਸਥਾ ਵਿਚ ਜਾਗਾ = ਜਾਗ ਪੈਂਦਾ ਹੈ ॥੪॥

## ਜੋ ਇਸੁ ਮਾਰੇ; ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ; ਤਿਸ ਕੀ ਨਿਰਮਲ ਜੁਗਤਾ ॥

ਜੋ = ਜਿਹੜਾ ਇਸ ਦ੍ਵੈਤ ਨੂੰ ਮਾਰ ਦੇਵੇ, ਸੁ = ਉਹ ਜੀਵਨ = ਜਿਊਂਦਾ ਹੀ ਮੁਕਤ ਹੈ **ਵਾ:** ਉਹ ਜੀਵਨ ਮੁਕਤੀ ਨੂੰ ਪਾਉਣ ਵਾਲਾ ਹੈ। ਜੋ = ਜਿਹੜਾ ਪੁਰਖ ਇਸ ਦ੍ਵੈਤ ਨੂੰ ਮਾਰ ਦੇਵੇ, ਤਿਸ ਕੀ = ਉਸ ਦੀ ਜੁਗਤਾ = ਰਹਿਣੀ ਨਿਰਮਲ = ਉੱਜਲ ਹੈ **ਵਾ:** ਉਹ ਨਿਰਮਲ = ਉੱਜਲ ਸਰੂਪ ਵਿਚ ਜੁਗਤਾ = ਜੁੜਿਆ ਰਹਿੰਦਾ ਹੈ।

## ਜੋ ਇਸੁ ਮਾਰੇ; ਸੋਈ ਸੁਗਿਆਨੀ ॥ ਜੋ ਇਸੁ ਮਾਰੇ; ਸੁ ਸਹਜ ਧਿਆਨੀ ॥੫॥

ਜੋ = ਜਿਹੜਾ ਇਸ ਦੁਬਿਧਾ ਨੂੰ ਮਾਰ ਦੇਵੇ, ਸੋਈ = ਓਹੀ ਸੁਗਿਆਨੀ = ਸ੍ਰੇਸ਼ਟ ਗਿਆਨੀ ਹੈ। (ਸ੍ਰੇਸ਼ਟ ਗਿਆਨੀ ਆਤਮਿਕ ਗਿਆਨੀ ਬ੍ਰਹਮਗਿਆਨੀ ਹੀ ਹੋ ਸਕਦਾ ਹੈ।) ਜੋ = ਜਿਹੜਾ ਇਸ ਦੁਬਿਧਾ ਨੂੰ ਮਾਰ ਦੇਵੇ, ਸੁ = ਉਹੋ ਹੀ ਸਹਜ = ਸ਼ਾਂਤੀ ਸਰੂਪ ਪਰਮੇਸ਼ਰ ਦੇ ਧਿਆਨ ਵਿਚ ਜੁੜਿਆ ਰਹਿੰਦਾ ਹੈ ॥੫॥

## ਇਸੁ ਮਾਰੀ ਬਿਨੁ; ਥਾਇ ਨ ਪਰੈ ॥ ਕੋਟਿ ਕਰਮ; ਜਾਪ ਤਪ ਕਰੈ ॥

ਇਸ ਦੁਬਿਧਾ ਮਾਰੀ ਤੋਂ ਬਿਨੁ = ਬਗ਼ੈਰ ਜੀਵ ਦੇ ਕੀਤੇ ਸਾਧਨ ਵਾਹਿਗੁਰੂ ਦੇ ਲੇਖੇ ਵਿਚ ਕਿਸੇ ਥਾਇ = ਥਾਂ ਨ = ਨਹੀਂ ਪਰੈ = ਪੈਂਦੇ, ਭਾਵ ਸਰੂਪ ਰੂਪੀ ਥਾਂ ਪ੍ਰਾਪਤ ਨਹੀਂ ਹੋ ਸਕਦਾ। ਭਾਵੇਂ ਕੋਟਿ = ਕਰੋੜਾਂ ਜਪ ਤਪ ਆਦਿਕ ਕਰਮ ਕਰੈ = ਕਰ ਲਵੇ।

## ਇਸੁ ਮਾਰੀ ਬਿਨੁ; ਜਨਮੁ ਨ ਮਿਟੈ ॥
## ਇਸੁ ਮਾਰੀ ਬਿਨੁ; ਜਮ ਤੇ ਨਹੀ ਛੂਟੈ ॥੬॥

ਇਸ ਦ੍ਵੈਤ ਮਾਰੀ ਤੋਂ ਬਿਨੁ = ਬਗ਼ੈਰ ਜਨਮ ਨਹੀਂ ਮਿਟੈ = ਮਿਟ ਸਕਦਾ ਭਾਵ ਹਮੇਸ਼ਾਂ ਜਿਊਂਦਾ ਮਰਦਾ ਹੀ ਰਹੇਗਾ। ਇਸ ਦੁਬਿਧਾ ਮਾਰੀ ਤੋਂ ਬਿਨੁ = ਬਗ਼ੈਰ ਜਮ = ਜਮਾਂ ਤੇ = ਤੋਂ ਛੂਟੈ = ਛੁਟਕਾਰਾ ਨਹੀਂ ਹੋ ਸਕਦਾ ॥੬॥

## ਇਸੁ ਮਾਰੀ ਬਿਨੁ; ਗਿਆਨੁ ਨ ਹੋਈ ॥
## ਇਸੁ ਮਾਰੀ ਬਿਨੁ; ਜੂਠਿ ਨ ਧੋਈ ॥

ਇਸ ਦ੍ਵੈਤ ਮਾਰੀ ਤੋਂ ਬਿਨੁ = ਬਗ਼ੈਰ ਕਿਸੇ ਨੂੰ ਗਿਆਨੁ = ਬ੍ਰਹਮ ਗਿਆਨ ਦੀ ਪ੍ਰਾਪਤੀ ਨ = ਨਹੀਂ ਹੋਈ = ਹੁੰਦੀ ਇਸ ਦ੍ਵੈਤ ਮਾਰੀ ਤੋਂ ਬਿਨੁ = ਬਗ਼ੈਰ ਅੰਤਸ਼ਕਰਨ ਵਿੱਚੋਂ ਅਵਿੱਦਿਆ, ਪਾਪਾਂ ਦੀ ਮੈਲ ਰੂਪੀ ਜੂਠ ਧੋਈ = ਧੋਤੀ ਨਹੀਂ ਜਾਂਦੀ।

## ਇਸੁ ਮਾਰੀ ਬਿਨੁ; ਸਭੁ ਕਿਛੁ ਮੈਲਾ ॥
## ਇਸੁ ਮਾਰੀ ਬਿਨੁ; ਸਭੁ ਕਿਛੁ ਜਉਲਾ ॥੭॥

ਇਸ ਦ੍ਵੈਤ ਮਾਰੀ ਤੋਂ ਬਿਨਾਂ ਸਭੁ = ਸਾਰਾ ਕਿਛੁ = ਕੁਝ ਮੈਲਾ ਹੀ ਪ੍ਰਤੀਤ ਹੁੰਦਾ ਹੈ। ਇਸ ਦ੍ਵੈਤ ਮਾਰੀ ਤੋਂ ਬਿਨਾਂ ਸਭੁ = ਸਾਰਾ ਕਿਛੁ = ਕੁਝ ਜਉਲਾ = ਦੌੜਨ ਵਾਲਾ ਭਾਵ ਜੁਦਾਇਗੀ ਵਿਚ ਰਹਿੰਦਾ ਹੈ, ਏਕਤਾ ਨਹੀਂ ਹੋ ਸਕਦੀ ॥੭॥

## ਜਾ ਕਉ ਭਏ; ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ; ਹੋਈ ਸਗਲ ਸਿਧਿ ॥

ਜਾ ਕਉ = ਜਿਸ ਉੱਤੇ ਕਿਰਪਾ ਦੇ ਨਿਧਿ = ਸਮੁੰਦਰ ਪਰਮੇਸ਼ਰ ਕ੍ਰਿਪਾਲ = ਦਇਆਲੂ ਭਏ = ਹੋਏ ਹਨ। ਤਿਸੁ = ਉਸ ਦੀ ਦੁਬਿਧਾ ਤੋਂ ਖਲਾਸੀ = ਛੁੱਟਕਾਰਾ ਭਾਵ ਮੁਕਤੀ ਭਈ = ਹੋਈ ਹੈ, ਉਸ ਨੂੰ ਸਗਲ = ਸਾਰੀਆਂ ਨੌਂ ਨਿਧੀਆਂ ਅਠਾਰਾਂ ਸਿਧਿ = ਸਿਧੀਆਂ ਪ੍ਰਾਪਤ ਹੋਈ = ਹੋ ਗਈਆਂ ਹਨ।

## ਗੁਰਿ; ਦੁਬਿਧਾ ਜਾ ਕੀ ਹੈ ਮਾਰੀ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਰਪਾ ਕਰਕੇ ਜਾ ਕੀ = ਜਿਸ ਪੁਰਸ਼ ਦੀ ਦੁਬਿਧਾ = ਦ੍ਵੈਤ ਭਾਵਨਾ ਮਾਰੀ = ਮਾਰ ਦਿੱਤੀ ਹੈ।

## ਕਹੁ ਨਾਨਕ; ਸੋ ਬ੍ਰਹਮ ਬੀਚਾਰੀ ॥੮॥੫॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋ = ਉਹ ਪੁਰਸ਼ ਬ੍ਰਹਮ = ਵਾਹਿਗੁਰੂ ਦੀ ਵੀਚਾਰ ਵਾਲਾ ਹੈ **ਵਾ:** ਜਿਸ ਨੇ ਗੁਰਾਂ ਦੀ ਕਿਰਪਾ ਦੁਆਰਾ ਹਿਰਦੇ ਵਿੱਚੋਂ ਦੁਬਿਧਾ ਮਾਰੀ ਹੈ, ਉਹ ਬ੍ਰਹਮ ਦੀ ਵੀਚਾਰ ਵਾਲਾ ਹੋ ਜਾਂਦਾ ਹੈ ॥੮॥੫॥

## ਗਉੜੀ, ਮਹਲਾ ੫ ॥

## ਹਰਿ ਸਿਉ ਜੁਰੈ; ਤ ਸਭੁ ਕੋ ਮੀਤੁ ॥

ਹੇ ਭਾਈ ! ਜਦ ਜੇ ਹਰਿ = ਹਰੀ ਅਕਾਲ ਪੁਰਖ ਸਿਉ = ਨਾਲ ਚਿਤ ਦੀ ਬਿਰਤੀ ਜੁੜ ਜਾਵੇ ਤ = ਤਾਂ ਸਭ ਕੋ = ਕੋਈ ਮੀਤੁ = ਮਿੱਤਰ ਹੋ ਜਾਂਦਾ ਹੈ।

ਜਿਵੇਂ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਮਹਾਂਪੁਰਖਾਂ ਦੇ ਜੀਵਨ ਵਿਚ ਇਕ ਘਟਨਾ ਹੈ। ਸੰਤ ਮਹਾਰਾਜ ਜੀ ਰਿਸ਼ੀਕੇਸ਼ ਦੀਆਂ ਪਹਾੜੀਆਂ ਦੇ ਉੱਤੇ ਵਾਹਿਗੁਰੂ ਦੇ ਸ਼ਬਦ ਵਿਚ ਲਿਵ ਲਗਾ ਕੇ ਉੱਪਰ ਚਾਦਰਾ ਲੈ ਕੇ ਲੇਟੇ ਹੋਏ ਸਨ, ਇਕ ਸ਼ੇਰ ਪਹਾੜੀਆਂ 'ਤੇ ਰਹਿੰਦਾ ਸੰਤਾਂ ਪਾਸ ਆਇਆ। ਸ਼ੇਰ ਨੇ ਆ ਕੇ ਸੰਤਾਂ ਦੇ ਸਰੀਰ ਨੂੰ ਸੁੰਘਿਆ ਅਤੇ ਪਰਿਕਰਮਾ ਕਰ ਕੇ ਨਮਸ਼ਕਾਰ ਕਰ ਕੇ ਵਾਪਸ ਚਲਿਆ ਗਿਆ। ਉਸ ਵੇਲੇ ਸੰਤ ਚਾਦਰੇ ਵਿਚ ਦੀ ਸ਼ੇਰ ਦੇ ਚਿਹਰੇ ਨੂੰ ਵੇਖ ਰਹੇ ਸਨ ਕਿ ਸ਼ੇਰ ਸਾਡਾ ਭੱਖਣ ਕਰ ਜਾਵੇਗਾ।

ਏਨਾ ਵੈਰਾਗ ਸੀ ਕਿ ਇਹ ਦੇਹ ਰੱਖ ਕੇ ਕੀ ਕਰਨੀ ਹੈ, ਉਸ ਵੇਲੇ ਸੁਖਮਨੀ ਸਾਹਿਬ ਦੀ ਇਹ ਤੁਕ ਸੰਤਾਂ ਦੇ ਰਸਨਾ 'ਤੇ ਸੀ। ਜੈਸਾ ਕਿ :

**ਮਿਥਿਆ ਤਨ ਨਹੀ ਪਰਉਪਕਾਰਾ ॥** *(ਗਉੜੀ ਸੁਖਮਨੀ ਮ: ੫, ਅੰਗ ੨੬੯)*

ਸੰਤ ਕਹਿਣ ਲੱਗੇ ਕਿ ਸਾਨੂੰ ਤਾਂ ਸ਼ੇਰ ਨੇ ਵੀ ਨਹੀਂ ਖਾਧਾ।

ਇਸੇ ਪ੍ਰਕਾਰ ਮਨੁੱਖ ਵਿਰੋਧੀ ਜਾਨਵਰ ਸ਼ੇਰ, ਚੀਤੇ ਆਦਿਕ ਦਾ ਸ਼ਿਕਾਰ ਹੈ। ਜਦੋਂ ਵਾਹਿਗੁਰੂ ਵਿਚ ਚਿਤ ਜੁੜ ਜਾਵੇ ਤਾਂ ਉਹ ਉਸੇ ਵੇਲੇ ਵੈਰ ਨਹੀਂ ਕਰਦੇ। ਇਤਨੀ ਵੱਡੀ ਪਰਮੇਸ਼ਰ ਦੇ ਨਾਮ ਵਿਚ ਤਾਕਤ ਹੈ।

## ਹਰਿ ਸਿਉ ਜੁਰੈ; ਤ ਨਿਹਚਲੁ ਚੀਤੁ ॥

ਜਦੋਂ ਹਰਿ = ਹਰੀ ਅਕਾਲ ਪੁਰਖ ਸਿਉ = ਨਾਲ ਚਿੱਤ ਦੀ ਬਿਰਤੀ ਜੁਰੈ = ਜੁੜ ਜਾਵੇ, ਤਾਂ ਉਸੇ ਵੇਲੇ ਚੀਤੁ = ਚਿੱਤ ਨਿਹਚਲੁ = ਅਚੱਲ ਹੋ ਜਾਂਦਾ ਹੈ।

ਮਨ ਪਾਰੇ ਵਾਂਗ ਚੰਚਲ ਹੈ, ਉਹ ਸੋਧੇ ਹੋਏ ਪਾਰੇ ਵਾਂਗ ਅਚੱਲ ਹੋ ਜਾਂਦਾ ਹੈ।

## ਹਰਿ ਸਿਉ ਜੁਰੈ; ਨ ਵਿਆਪੈ ਕਾੜ੍ਹਾ ॥ ਹਰਿ ਸਿਉ ਜੁਰੈ; ਤ ਹੋਇ ਨਿਸਤਾਰਾ ॥੧॥

ਜਦੋਂ ਹਰਿ = ਹਰੀ ਅਕਾਲ ਪੁਰਖ ਸਿਉ = ਨਾਲ ਚਿੱਤ ਜੁਰੈ = ਜੁੜ ਜਾਵੇ ਤਾਂ ਕਿਸੇ ਪ੍ਰਕਾਰ ਦਾ ਕਾੜ੍ਹਾ = ਝੋਰਾ ਨ = ਨਹੀਂ ਵਿਆਪੈ = ਵਿਆਪਦਾ।

ਜਦ ਹਰਿ = ਅਕਾਲ ਪੁਰਖ ਵਾਹਿਗੁਰੂ ਨਾਲ ਚਿੱਤ ਜੁਰੈ = ਜੁੜ ਜਾਵੇ, ਤਾਂ ਇਸ ਦੁਨੀਆਂ 'ਚੋਂ ਨਿਸਤਾਰਾ = ਤਰਨਾ, ਭਾਵ ਮੁਕਤ ਹੋ ਜਾਣਾ ਹੁੰਦਾ ਹੈ ॥੧॥

## ਰੇ ਮਨ ਮੇਰੇ; ਤੂੰ ਹਰਿ ਸਿਉ ਜੋਰੁ ॥ ਕਾਜਿ ਤੁਹਾਰੈ; ਨਾਹੀ ਹੋਰੁ ॥੧॥ਰਹਾਉ॥

ਰੇ = ਹੇ ਮੇਰੇ ਪਿਆਰੇ ਮਨਾਂ ! ਤੂੰ ਹਰਿ = ਹਰੀ ਵਾਹਿਗੁਰੂ ਸਿਉ = ਨਾਲ ਚਿੱਤ ਦੀ ਬਿਰਤੀ ਨੂੰ ਜੋਰੁ = ਜੋੜਨਾ ਕਰ।

ਵਾਹਿਗੁਰੂ ਪਰਮੇਸ਼ਰ ਦੇ ਸਿਮਰਨ ਤੋਂ ਬਿਨਾਂ ਹੋਰ ਤੁਹਾਰੈ = ਤੇਰੇ ਕੰਮ ਕਿਸੇ ਅਰਥ ਨਹੀਂ ਹਨ **ਵਾ:** ਹੋਰ ਕੁਝ ਤੇਰੇ ਕਿਸੇ ਕੰਮ ਨਹੀਂ ਹੈ ॥੧॥ਰਹਾਉ॥

## ਵਡੇ ਵਡੇ; ਜੋ ਦੁਨੀਆਦਾਰ ॥ ਕਾਹੂ ਕਾਜਿ ਨਾਹੀ; ਗਾਵਾਰ ॥

ਜੋ ਵੱਡੇ ਵੱਡੇ ਮਾਇਆਧਾਰੀ ਤੈਨੂੰ ਦਿੱਸਦੇ ਹਨ, ਦੁਨੀਆਦਾਰ ਦੁਨੀਆਂ ਦੇ ਪਦਾਰਥਾਂ ਦੇ ਧਨੀ, ਮਾਲਕ

ਦਿੱਸਦੇ ਹਨ। ਹੇ ਗਾਵਾਰ = ਮੂਰਖ, ਬੇਸਮਝ ਮਨ ! ਅੰਤ ਨੂੰ ਕਿਸੇ ਪਦਾਰਥ ਨੇ ਤੇਰੇ ਕਾਹੂ = ਕਿਸੇ ਕਾਜਿ = ਕੰਮ ਨਾਹੀ = ਨਹੀਂ ਆਉਣਾ।

## ਹਰਿ ਕਾ ਦਾਸੁ; ਨੀਚ ਕੁਲੁ ਸੁਣਹਿ ॥ ਤਿਸ ਕੈ ਸੰਗਿ; ਖਿਨ ਮਹਿ ਉਧਰਹਿ ॥੨॥

ਦੂਸਰੇ ਪਾਸੇ ਭਾਵੇਂ ਤੂੰ ਹਰਿ = ਹਰੀ ਅਕਾਲ ਪੁਰਖ ਕਾ = ਦਾ ਦਾਸੁ = ਸੇਵਕ ਨੀਚੁ = ਨੀਵੀਂ ਕੁਲ ਵਾਲਾ ਸੁਣਹਿ = ਸੁਣ ਲਵੇਂ, ਤਿਸ ਕੈ = ਉਸਦੇ ਸੰਗਿ = ਨਾਲ ਭਾਵ ਉਸ ਦੀ ਸੰਗਤ ਕਰਕੇ ਇਕ ਖਿਨ = ਛਿਨ ਮਹਿ = ਵਿਚ ਹੀ ਤੂੰ ਉਧਰਹਿ ਮੁਕਤ ਹੋ ਜਾਵੇਂਗਾ ॥੨॥

## ਕੋਟਿ ਮਜਨ; ਜਾਕੈ ਸੁਣਿ ਨਾਮ ॥ ਕੋਟਿ ਪੂਜਾ; ਜਾ ਕੈ ਹੈ ਧਿਆਨ ॥

ਜਾਕੈ = ਜਿਸ ਵਾਹਿਗੁਰੂ ਦੇ ਨਾਮ ਸੁਣਿ = ਸੁਣਿਆ ਕੋਟਿ = ਕਰੋੜਾਂ ਤੀਰਥਾਂ ਦੇ ਮਜਨ = ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ ਹੈ। ਜਾ ਕੈ = ਜਿਸ ਵਾਹਿਗੁਰੂ ਦੇ ਧਿਆਨ ਵਿਚ ਜੁੜਨੇ ਕਰਕੇ ਕੋਟਿ = ਕਰੋੜਾਂ ਪੂਜਾ ਹੋ ਜਾਂਦੀਆਂ ਹੈ = ਹਨ, ਕੁਝ ਅਧੂਰਾਪਣ ਨਹੀਂ ਰਹਿੰਦਾ, ਸਭ ਕੁਝ ਪੂਰਨ ਹੋ ਜਾਂਦਾ ਹੈ।

## ਕੋਟਿ ਪੁੰਨ; ਸੁਣਿ ਹਰਿ ਕੀ ਬਾਣੀ ॥ ਕੋਟਿ ਫਲਾ; ਗੁਰ ਤੇ ਬਿਧਿ ਜਾਣੀ ॥੩॥

ਹਰਿ = ਪਰਮੇਸ਼ਰ ਦੀ ਧੁਰ ਕੀ ਬਾਣੀ ਸੁਣਿ = ਸੁਣਨ ਨਾਲ ਕੋਟਿ = ਕਰੋੜਾਂ ਪੁੰਨਾਂ ਦੇ ਫਲਾਂ ਦੀ ਪ੍ਰਾਪਤੀ ਹੁੰਦੀ ਹੈ। ਉਸ ਪੁਰਖ ਨੂੰ ਕੋਟਿ = ਕਰੋੜਾਂ ਫਲ ਪ੍ਰਾਪਤ ਹੁੰਦੇ ਹਨ, ਇਹ ਬਿਧਿ = ਜੁਗਤੀ ਅਸੀਂ ਗੁਰੂ ਸਾਹਿਬ ਤੋਂ ਜਾਣੀ = ਜਾਣਨਾ ਕੀਤਾ ਹੈ ॥੩॥

## ਮਨ ਅਪੁਨੇ ਮਹਿ; ਫਿਰਿ ਫਿਰਿ ਚੇਤ ॥ ਬਿਨਸਿ ਜਾਹਿ; ਮਾਇਆ ਕੇ ਹੇਤ ॥

ਹੇ ਮੇਰੇ ਮਨਾਂ ! ਤੂੰ ਆਪਣੇ ਆਪ ਮਹਿ = ਵਿਚ ਫਿਰਿ ਫਿਰਿ = ਮੁੜ ਮੁੜ ਕੇ ਵਾਹਿਗੁਰੂ ਨੂੰ ਚੇਤ = ਯਾਦ ਕਰ। ਜਿਹੜਾ ਮਾਇਆ ਕੇ = ਦੇ ਨਾਲ ਹੇਤ = ਪ੍ਰੇਮ ਕਰਦਾ ਹੈ, ਅੰਤ ਨੂੰ ਇਹ ਸਭ ਮਾਇਆ ਦੇ ਪਦਾਰਥ ਬਿਨਸਿ = ਨਾਸ਼ ਹੋ ਜਾਹਿ = ਜਾਣਗੇ।

## ਹਰਿ ਅਬਿਨਾਸੀ; ਤੁਮਰੈ ਸੰਗਿ ॥ ਮਨ ਮੇਰੇ; ਰਚੁ ਰਾਮ ਕੈ ਰੰਗਿ ॥੪॥

ਹੇ ਮਨਾਂ ! ਅਬਿਨਾਸੀ = ਨਾਸ ਤੋਂ ਰਹਿਤ ਹਰਿ = ਪਰਮੇਸ਼ਰ ਸਦਾ ਹੀ ਤੁਮਰੈ = ਤੇਰੇ ਅੰਗ ਸੰਗ ਹੈ **ਵਾ:** ਅਬਿਨਾਸੀ = ਨਾਸ ਤੋਂ ਰਹਿਤ ਅਕਾਲ ਪੁਰਖ ਤੇਰੀਆਂ ਕਰਤੂਤਾਂ ਨੂੰ ਜਾਨਣ ਵਾਲਾ ਹਰ ਵਕਤ ਤੇਰੇ ਸੰਗਿ = ਨਾਲ ਹੈ।

ਹੇ ਮੇਰੇ ਪਿਆਰੇ ਮਨਾਂ ! ਉਸ ਰਾਮ = ਪਰਮੇਸ਼ਰ ਕੈ = ਦੇ ਰੰਗਿ = ਪ੍ਰੇਮ ਵਿਚ ਇਕ ਚਿੱਤ ਹੋ ਕੇ ਰਚੁ = ਰਚਣਾ ਕਰ ॥੪॥

## ਜਾ ਕੈ ਕਾਮਿ; ਉਤਰੈ ਸਭ ਭੂਖ ॥ ਜਾ ਕੈ ਕਾਮਿ; ਨ ਜੋਹਹਿ ਦੂਤ ॥

ਜਾ ਕੈ = ਜਿਸ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰ ਕੇ ਸਭ ਪਦਾਰਥਾਂ ਦੀ ਭੂਖ = ਭੁਖ ਉਤਰੈ = ਉਤਰ ਜਾਂਦੀ ਹੈ, ਭਾਵ ਤ੍ਰਿਸ਼ਨਾ ਆਦਿ ਭੁੱਖ ਲਹਿ ਜਾਂਦੀ ਹੈ। ਜਾ ਕੈ = ਜਿਸ ਵਾਹਿਗੁਰੂ ਦੇ ਸਿਮਰਨ ਰੂਪੀ ਕਾਮਿ = ਕੰਮ ਕਰਨ ਕਰ ਕੇ ਤੇਰੇ ਵੱਲ ਦੂਤ = ਜਮਦੂਤ ਜੋਹਹਿ = ਜੋਹ ਭਾਵ ਦੇਖ ਨਹੀਂ ਸਕਦੇ।

**ਜਾ ਕੈ ਕਾਮਿ; ਤੇਰਾ ਵਡ ਗਮਰੁ ॥ ਜਾ ਕੈ ਕਾਮਿ; ਹੋਵਹਿ ਤੂੰ ਅਮਰੁ ॥੫॥**

ਜਾ ਕੈ = ਜਿਸ ਵਾਹਿਗੁਰੂ ਦੇ ਭਗਤੀ ਰੂਪੀ ਕਾਮਿ = ਕੰਮ ਕਰਨ ਕਰ ਕੇ ਤੇਰਾ ਵਡ = ਵੱਡਾ ਗਮਰੁ = ਪ੍ਰਤਾਪ ਹੋ ਜਾਵੇਗਾ। ਜਾ ਕੈ = ਜਿਸ ਵਾਹਿਗੁਰੂ ਦੇ ਨਾਮ ਰੂਪੀ ਕਾਮਿ = ਕੰਮ ਕਰਨ ਕਰ ਕੇ ਤੂੰ ਅਮਰੁ = ਮਰਨ ਤੋਂ ਰਹਿਤ ਹੋਵਹਿ = ਹੋ ਜਾਵੇਂਗਾ ਭਾਵ ਸੰਸਾਰ ਤੋਂ ਮੁਕਤ ਹੋ ਜਾਵੇਂਗਾ॥੫॥

**ਜਾ ਕੇ ਚਾਕਰ ਕਉ; ਨਹੀ ਡਾਨ ॥ ਜਾ ਕੇ ਚਾਕਰ ਕਉ; ਨਹੀ ਬਾਨ ॥**

ਜਾ = ਜਿਸ ਵਾਹਿਗੁਰੂ ਕੇ = ਦੇ ਚਾਕਰ = ਸੇਵਕ ਕਉ = ਨੂੰ ਕੋਈ ਵੀ, ਲੋਕ ਦੰਡ, ਪਿਤਰ ਦੰਡ, ਦੇਵ ਦੰਡ ਆਦਿਕ ਡਾਨ = ਡੰਡ (ਦੰਡ) ਨਹੀਂ ਲੱਗ ਸਕਦਾ। ਜਾ ਕੇ = ਜਿਸ ਵਾਹਿਗੁਰੂ ਦੇ ਚਾਕਰ = ਸੇਵਕ ਕਉ = ਨੂੰ ਕਿਸੇ ਪ੍ਰਕਾਰ ਦਾ ਬਾਨ = ਬੰਧਨ ਨਹੀਂ ਰਹਿੰਦਾ **ਵਾ:** ਜਿਸ ਵਾਹਿਗੁਰੂ ਦੇ ਸੇਵਕ ਨੂੰ ਕਾਮ ਆਦਿਕਾਂ ਦਾ ਬਾਨ = ਤੀਰ ਨਹੀਂ ਲੱਗ ਸਕਦਾ।

**ਜਾ ਕੈ ਦਫਤਰਿ; ਪੁਛੈ ਨ ਲੇਖਾ ॥ ਤਾ ਕੀ ਚਾਕਰੀ ਕਰਹੁ; ਬਿਸੇਖਾ ॥੬॥**

ਜਾ ਕੈ = ਜਿਸ ਵਾਹਿਗੁਰੂ ਦੇ ਦਫ਼ਤਰ ਵਿਚ ਸੇਵਕ ਕੋਲੋਂ ਲੇਖਾ = ਹਿਸਾਬ ਕਿਤਾਬ ਨਹੀਂ ਪੁਛੈ = ਪੁੱਛਿਆ ਜਾ ਸਕਦਾ। ਤਾ ਕੀ = ਉਸ ਵਾਹਿਗੁਰੂ ਦੀ ਬਿਸੇਖਾ = ਵਿਸ਼ੇਸ਼ ਕਰ ਕੇ ਬੰਦਗੀ ਰੂਪ ਚਾਕਰੀ = ਨੌਕਰੀ ਕਰਹੁ = ਕਰਨਾ ਕਰ॥੬॥

**ਜਾ ਕੈ ਊਨ ਨਾਹੀ; ਕਾਹੂ ਬਾਤ ॥ ਏਕਹਿ ਆਪਿ; ਅਨੇਕਹਿ ਭਾਤਿ ॥**

ਜਾ ਕੈ = ਜਿਸ ਵਾਹਿਗੁਰੂ ਕੈ = ਦੇ ਘਰ ਵਿਚ ਕਾਹੂ = ਕਿਸੇ ਬਾਤ = ਗੱਲ ਦੀ ਊਨ = ਥੁੜ ਨਾਹੀ = ਨਹੀਂ ਹੈ। ਏਕਹਿ = ਇੱਕੋ ਹੀ ਆਪ ਪਰਮੇਸ਼ਰ ਨਿਰਗੁਣ ਅਦ੍ਵੈਤ ਰੂਪ ਹੈ ਅਤੇ ਆਪ ਹੀ ਸਰਗੁਣ ਸਰੂਪ ਧਾਰ ਕੇ ਅਨੇਕਹਿ = ਬਹੁਤ ਤਰ੍ਹਾਂ ਦੇ ਕੌਤਕਾਂ ਨੂੰ ਕਰਨ ਵਾਲਾ ਹੈ।

**ਜਾ ਕੀ ਦ੍ਰਿਸਟਿ; ਹੋਇ ਸਦਾ ਨਿਹਾਲ ॥ ਮਨ ਮੇਰੇ; ਕਰਿ ਤਾ ਕੀ ਘਾਲ ॥੭॥**

ਜਾ ਕੀ = ਜਿਸ ਵਾਹਿਗੁਰੂ ਦੀ ਕਿਰਪਾ ਦ੍ਰਿਸ਼ਟੀ ਕਰ ਕੇ ਸਦਾ = ਹਮੇਸ਼ਾਂ ਨਿਹਾਲ ਹੋਈਦਾ ਹੈ **ਵਾ:** ਦੁੱਖਾਂ ਤੋਂ ਰਹਿਤ ਹੋਈਦਾ।

ਹੇ ਮੇਰੇ ਪਿਆਰੇ ਮਨਾਂ! ਤਾ ਕੀ = ਉਸ ਵਾਹਿਗੁਰੂ ਦੀ ਪ੍ਰਾਪਤੀ ਲਈ ਘਾਲ = ਕਮਾਈ ਕਰ॥੭॥

**ਨਾ ਕੋ ਚਤੁਰੁ; ਨਾਹੀ ਕੋ ਮੂੜਾ ॥ ਨਾ ਕੋ ਹੀਣੁ; ਨਾਹੀ ਕੋ ਸੂਰਾ ॥**

ਸ਼ਬਦ ਦੀ ਕਮਾਈ ਕਰ ਕੇ ਅੰਦਰ ਗਿਆਨ ਹੋ ਜਾਂਦਾ ਹੈ ਕਿ ਨਾ ਕੋ = ਕੋਈ ਚਤੁਰੁ = ਸਿਆਣਾ ਹੈ ਅਤੇ ਨਾ ਹੀ ਕੋ = ਕੋਈ ਮੂੜਾ = ਮੂਰਖ ਹੈ। ਅਤੇ ਨਾ ਹੀ ਕੋ = ਕੋਈ ਹੀਣੁ = ਕਮਜ਼ੋਰ ਹੈ, ਨਾ ਹੀ ਕੋ = ਕੋਈ ਸੂਰਾ = ਸੂਰਮਾ ਹੈ।

**[ਅੰਗ ੨੩੯]**

**ਜਿਤੁ ਕੋ ਲਾਇਆ; ਤਿਤ ਹੀ ਲਾਗਾ ॥ ਸੋ ਸੇਵਕੁ; ਨਾਨਕ ਜਿਸੁ ਭਾਗਾ ॥੮॥੬॥**

ਜੀਵ ਦੀ ਪ੍ਰਵਿਰਤੀ ਅਨੁਸਾਰ ਜਿਤੁ ਕੋ = ਜਿਧਰ ਨੂੰ ਕੋਈ ਲਾਇਆ ਹੈ, ਤਿਤ ਹੀ = ਉਸ ਪਾਸੇ ਹੀ ਲਾਗਾ = ਲੱਗ ਗਿਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਦੇ ਵੱਡੇ ਭਾਗਾ = ਭਾਗ ਹਨ, ਸੋ = ਉਹ ਹੀ ਸੱਚੇ ਪਾਤਿਸ਼ਾਹ ਦਾ ਸੇਵਕੁ = ਦਾਸ ਬਣਿਆ ਹੈ॥੮॥੬॥

## ਗਉੜੀ, ਮਹਲਾ ੫ ॥

## ਬਿਨੁ ਸਿਮਰਨ; ਜੈਸੇ ਸਰਪ ਆਰਜਾਰੀ ॥

ਹੇ ਭਾਈ! ਪਰਮੇਸ਼ਰ ਦੇ ਸਿਮਰਨ ਤੋਂ ਬਿਨੁ = ਬਗ਼ੈਰ ਜੀਵਨ ਇਉਂ ਹੈ, ਜੈਸੇ = ਜਿਵੇਂ ਸਰਪ = ਸੱਪ ਦੀ ਆਰਜਾਰੀ = ਉਮਰ ਹੁੰਦੀ ਹੈ। ਉਮਰ ਦੇ ਵਧਣ ਨਾਲ ਸੱਪ ਦੀ ਜ਼ਹਿਰ ਵੀ ਵੱਧ ਜਾਂਦੀ ਹੈ।

ਇਕ ਆਰਜਾਰੀ = ਅਜਗਰ ਸੱਪ ਹੁੰਦੇ ਹਨ ਜੋ ਕਿ ਬੱਕਰੇ ਆਦਿਕਾਂ ਨੂੰ ਨਿਗਲ ਜਾਂਦੇ ਹਨ, ਤੁਰ ਫਿਰ ਨਹੀਂ ਸਕਦੇ, ਜ਼ਹਿਰ ਕਰ ਕੇ ਦੁਖੀ ਬਹੁਤ ਹੁੰਦੇ ਹਨ। ਜਿਵੇਂ ਆਮ ਕਹਾਵਤ ਹੈ ਕਿ ਉਮਰ ਲੱਖਾਂ ਕਾਗਾਂ ਦੀ, ਕ੍ਰੋੜਾਂ ਨਾਗਾਂ ਦੀ।

## ਤਿਉ ਜੀਵਹਿ ਸਾਕਤ; ਨਾਮੁ ਬਿਸਾਰੀ ॥੧॥

ਤਿਉ = ਤਿਵੇਂ ਸਾਕਤ = ਮਨਮੁਖ ਪੁਰਸ਼ ਨਾਮ ਨੂੰ ਬਿਸਾਰੀ = ਭੁਲਾ ਕੇ ਅਜਗਰ ਸੱਪ ਦੀ ਨਿਆਈਂ ਵਿਸ਼ਿਆਂ ਰੂਪੀ ਜ਼ਹਿਰ ਦੇ ਭਰੇ ਜੀਵਹਿ = ਜਿਊਂਦੇ ਹਨ ॥੧॥

## ਏਕ ਨਿਮਖ; ਜੋ ਸਿਮਰਨ ਮਹਿ ਜੀਆ ॥

ਜੋ ਜੀਆ = ਜੀਵ ਏਕ = ਇਕ ਨਿਮਖ = ਛਿਨ ਭਰ ਵੀ ਵਾਹਿਗੁਰੂ ਦੇ ਸਿਮਰਨ ਮਹਿ = ਵਿਚ ਜੁੜਿਆ ਹੋਵੇ **ਵਾ:** ਜੀਆ = ਜੀਵਨ ਬਤੀਤ ਕੀਤਾ ਹੋਵੇ।

## ਕੋਟਿ ਦਿਨਸ ਲਾਖ; ਸਦਾ ਥਿਰੁ ਥੀਆ ॥੧॥ਰਹਾਉ॥

ਉਸ ਜੀਵ ਦਾ ਲਾਖ = ਲੱਖਾਂ ਕੋਟਿ = ਕ੍ਰੋੜਾਂ ਦਿਨਸ = ਦਿਨ ਥਿਰੁ = ਇਸਥਿਤ ਥੀਆ = ਹੋਇਆ ਹੈ, ਭਾਵ ਉਹ ਜੀਵ ਤਾਂ ਸਦਾ ਵਾਸਤੇ ਜਿਊਂਦਾ ਹੈ ॥੧॥ਰਹਾਉ॥

## ਬਿਨੁ ਸਿਮਰਨ; ਧ੍ਰਿਗੁ ਕਰਮ ਕਰਾਸ ॥

ਵਾਹਿਗੁਰੂ ਦੇ ਸਿਮਰਨ ਤੋਂ ਬਿਨੁ = ਬਿਨਾਂ ਹੋਰ ਕਰਮ ਕਰਾਸ = ਕਰਨ ਨੂੰ ਧ੍ਰਿਗੁ = ਧ੍ਰਿਗਾਕਾਰ ਹੈ।

## ਕਾਗ ਬਤਨ; ਬਿਸਟਾ ਮਹਿ ਵਾਸ ॥੨॥

ਜਿਵੇਂ ਕਾਗ = ਕਾਂ ਦਾ ਬਤਨ = ਦੇਸ ਰੂੜੀਆਂ ਆਦਿ ਹੁੰਦੀਆਂ ਹਨ। ਹਰ ਵਕਤ ਕਾਂ ਬਿਸਟਾ = ਗੰਦਗੀ ਮਹਿ = ਵਿਚ ਵਾਸ = ਵਸਦਾ ਹੈ ॥੨॥

ਇਸੇ ਤਰ੍ਹਾਂ ਕਾਂ ਦੀ ਨਿਆਈਂ ਕਾਲੇ ਚਿੱਤ ਵਾਲੇ ਵਿਸ਼ਈ ਪੁਰਸ਼ਾਂ ਦਾ ਹੱਡ ਚੰਮ ਦਾ ਮੋਹ ਕਰਨਾ ਇਤਨਾ ਹੀ ਬਤਨ = ਦੇਸ਼ ਹੈ। ਕਾਂ ਦੀ ਨਿਆਈਂ ਹਰ ਵਕਤ ਵਿਸ਼ਿਆਂ ਵਿਚ ਹੀ ਵਾਸਾ ਰਹਿੰਦਾ ਹੈ **ਅਥਵਾ** (ਕਾ ਗਬ ਤਨ) ਇਹ ਤਨ = ਸਰੀਰ ਕਾ = ਦਾ ਕੀ ਗਬ = ਹੰਕਾਰ ਕਰਦਾ ਹੈਂ, ਇਹ ਤੂੰ ਵਿਸ਼ਟਾ ਵਿਚ ਹੀ ਵਸਦਾ ਹੈਂ, ਹੋਰ ਤੇਰੇ ਪਾਸ ਕੀ ਹੈ **ਵਾ:** ਕਾਂ ਦੀ ਨਿਆਈਂ ਐਸਾ ਕਪਟੀ ਪੁਰਖ ਹੈ, ਜਿਸ ਦੇ ਬਤਨ = ਮੂੰਹ ਮਹਿ = ਵਿਚ ਪਰਾਈ ਨਿੰਦਿਆ ਰੂਪੀ ਵਿਸਟਾ = ਗੰਦਗੀ ਵਾਸਾ = ਵਸਦੀ ਹੈ। ਜੈਸਾ ਕਿ :

**ਬਿਸਟਾ ਅਸਤ ਰਕਤੁ ਪਰੇਟੇ ਚਾਮ ॥**
**ਇਸੁ ਊਪਰਿ ਲੇ ਰਾਖਿਓ ਗੁਮਾਨ ॥੩॥** *(ਆਸਾ ਮ: ੫, ਅੰਗ ੩੭੪)*

***ਨੋਟ :*** ਭਾਈ ਬੰਨੋ ਜੀ ਦੀ ਬੀੜ ਵਿਚ 'ਬਤਨ' ਦੀ ਜਗ੍ਹਾ 'ਬਦਨ' ਪਾਠ ਵੀ ਹੈ :

## ਬਿਨੁ ਸਿਮਰਨ; ਭਏ ਕੂਕਰ ਕਾਮ ॥

ਵਾਹਿਗੁਰੂ ਦੇ ਸਿਮਰਨ ਤੋਂ ਬਿਨੁ = ਬਗ਼ੈਰ ਮਨਮੁਖ ਪੁਰਸ਼ ਕੂਕਰ = ਕੁੱਤਿਆਂ ਵਰਗੇ ਕਾਮ = ਕੰਮਾਂ ਵਿਚ ਲੱਗੇ ਭਏ = ਹੋਏ ਹਨ। ਜਿਵੇਂ ਕੁੱਤੇ ਅਕਾਸ਼ ਵੱਲ ਮੂੰਹ ਕਰ ਕੇ ਕੂਕਦੇ ਹਨ, ਇਉਂ ਸਵਰਗ ਆਦਿਕਾਂ ਦੇ ਸੁਖ ਵਾਸਤੇ ਕੂਕਦੇ ਰਹਿੰਦੇ ਹਨ ਕਿ ਮੈਨੂੰ ਭੋਗ ਪਦਾਰਥ ਪ੍ਰਾਪਤ ਹੋਣ।

## ਸਾਕਤ, ਬੇਸੁਆ ਪੂਤ; ਨਿਨਾਮ ॥੩॥

ਸਾਕਤ ਪੁਰਖ ਤਾਂ ਬੇਸੁਆ = ਵੇਸਵਾ ਦੇ ਪੂਤ = ਪੁੱਤਰ ਵਰਗਾ ਹੈ, ਜਿਵੇਂ ਵੇਸਵਾ ਦੇ ਪੁੱਤਰ ਦੇ ਪਿਉ ਦਾ ਕੋਈ ਨਿਨਾਮ = ਨਾਮ ਨਹੀਂ ਹੁੰਦਾ। ਇਸੇ ਤਰ੍ਹਾਂ ਜੋ ਸਾਕਤ ਪੁਰਖ ਹੈ, ਉਸ ਦਾ ਗੁਰੂ ਰੂਪ ਪਿਤਾ ਕੋਈ ਨਹੀਂ ਹੁੰਦਾ ॥੩॥

## ਬਿਨੁ ਸਿਮਰਨ; ਜੈਸੇ ਸੀਙ ਛਤਾਰਾ ॥

ਵਾਹਿਗੁਰੂ ਦੇ ਸਿਮਰਨ ਤੋਂ ਬਿਨੁ = ਬਗ਼ੈਰ ਤਾਂ ਇਉਂ ਹੈ, ਜੈਸੇ = ਜਿਵੇਂ ਛਤਾਰਾ = ਮੀਂਢੇ ਦੇ ਸੀਙ = ਸਿੰਗ ਹੁੰਦੇ ਹਨ। ਜਦੋਂ ਛੱਤਰੇ ਦੇ ਸਿੰਗ ਨਿਕਲਦੇ ਹਨ ਤਾਂ ਇਸ ਨੂੰ ਸਿਰ ਪਾੜਨ ਜਿੰਨੀ ਪੀੜ ਹੁੰਦੀ ਹੈ। ਫਿਰ ਉਹ ਭਿੜ ਭਿੜ ਕੇ ਹੀ ਸਿੰਗਾਂ ਨੂੰ ਤੋੜ ਲੈਂਦੇ ਹਨ। ਇਸੇ ਤਰ੍ਹਾਂ ਸਿਮਰਨ ਤੋਂ ਬਿਨਾਂ ਜੋ ਜੀਵ ਹਨ, ਉਨ੍ਹਾਂ ਦੇ ਛੱਤਰੇ (ਮੀਂਢੇ) ਦੇ ਸਿੰਗ ਵਾਂਗੂੰ ਮਨ ਨੂੰ ਪਾੜ ਪਾੜ ਕੇ ਸੰਕਲਪ ਨਿਕਲਦੇ ਰਹਿੰਦੇ ਹਨ।

## ਬੋਲਹਿ ਕੂਰੁ; ਸਾਕਤ ਮੁਖੁ ਕਾਰਾ ॥੪॥

ਸਾਕਤ ਪੁਰਸ਼ ਦਾ ਕੂਰੁ = ਝੂਠ ਬੋਲਹਿ = ਬੋਲਣੇ ਕਰ ਕੇ ਦਰਗਹ ਵਿਚ ਮੁਖੁ = ਮੂੰਹ ਕਾਰਾ = ਕਾਲਾ ਹੁੰਦਾ ਹੈ ॥੪॥

## ਬਿਨੁ ਸਿਮਰਨ; ਗਰਧਭ ਕੀ ਨਿਆਈ ॥

ਵਾਹਿਗੁਰੂ ਦੇ ਸਿਮਰਨ ਤੋਂ ਬਿਨਾਂ ਸਾਕਤ ਗਰਧਭ = ਖੋਤੇ ਕੀ = ਦੀ ਨਿਆਈਂ ਹੈ। ਜਿਵੇਂ ਖੋਤੇ ਦਾ ਸੁਭਾਅ ਹੈ ਕਿ ਰੂੜੀ 'ਤੇ ਲੇਟਦਾ ਰਹਿੰਦਾ ਹੈ।

## ਸਾਕਤ; ਥਾਨ ਭਰਿਸਟ, ਫਿਰਾਹੀ ॥੫॥

ਇਸੇ ਪ੍ਰਕਾਰ ਸਾਕਤ ਪੁਰਸ਼ ਭਰਿਸਟ=ਗੰਦੀਆਂ, ਵੇਸਵਾ ਆਦਿਕ ਥਾਨ = ਥਾਵਾਂ 'ਤੇ ਫਿਰਾਹੀ = ਫਿਰਦਾ ਰਹਿੰਦਾ ਹੈ। ਵਿਸ਼ਿਆਂ ਦੀ ਸੁਆਹ 'ਚ ਲੇਟਦਾ ਰਹਿੰਦਾ ਹੈ ॥੫॥

## ਬਿਨੁ ਸਿਮਰਨ; ਕੂਕਰ ਹਰਕਾਇਆ ॥

ਵਾਹਿਗੁਰੂ ਦੇ ਸਿਮਰਨ ਤੋਂ ਬਿਨਾਂ ਇਹ ਜੀਵ ਹਰਕਾਇਆ = ਹਲਕੇ ਕੂਕਰ = ਕੁੱਤੇ ਦੀ ਤਰ੍ਹਾਂ ਹੈ। ਜਿਵੇਂ ਹਲਕੇ ਕੁੱਤੇ ਵਿਚ ਚਾਰ ਔਗੁਣ ਹੁੰਦੇ ਹਨ :

੧. ਪੂਛ ਸਿੱਧੀ ਹੋ ਜਾਂਦੀ ਹੈ; ੨. ਮੂੰਹ ਵਿੱਚੋਂ ਝੱਗ ਸੁੱਟਦਾ ਹੈ; ੩. ਪਾਨੀ ਕੋਲੋਂ ਡਰਦਾ ਹੈ; ੪. ਆਪਣੇ ਪਰਾਏ ਦੀ ਪਛਾਣ ਨਹੀਂ ਕਰਦਾ।

ਇਸੇ ਤਰ੍ਹਾਂ ਨਾਮ ਹੀਣ ਸਾਕਤ ਪੁਰਸ਼ ਵਿਚ ਚਾਰ ਔਗੁਣ ਹਨ :

੧. ਪੂਛ ਸਿੱਧੀ ਇਹੋ ਹੈ, ਹੱਥ ਸਿੱਧਾ ਰਹਿਣਾ, ਹਰ ਇਕ ਤੋਂ ਮੰਗਦਾ ਹੀ ਰਹਿੰਦਾ ਹੈ।
੨. ਸਤਪੁਰਸ਼ਾਂ, ਗੁਰੂ ਅਤੇ ਵਾਹਿਗੁਰੂ ਪਰਮੇਸ਼ਰ ਦੀ ਨਿੰਦਿਆ ਰੂਪੀ ਝੱਗ ਸੁੱਟਦਾ ਰਹਿੰਦਾ ਹੈ।
੩. ਸਾਧਸੰਗਤ ਰੂਪੀ ਜਲ ਤੋਂ ਡਰਦਾ ਹੈ।
੪. ਆਪਣੇ ਪਰਾਏ ਦੀ ਪਛਾਣ ਨਹੀਂ, ਸਭ ਨਾਲ ਹੀ ਠੱਗੀ ਮਾਰ ਜਾਂਦਾ ਹੈ।

## ਸਾਕਤ ਲੋਭੀ; ਬੰਧੁ ਨ ਪਾਇਆ ॥੬॥

ਸਾਕਤ = ਕਠੋਰ ਚਿੱਤ ਵਾਲੇ ਲੋਭੀ = ਲਾਲਚੀ ਪੁਰਖ ਨੇ ਆਪਣੇ ਆਪ ਨੂੰ ਵਿਸ਼ੇ ਵਿਕਾਰਾਂ ਆਦਿ ਤੋਂ ਬੰਧੁ = ਰੋਕ ਨ = ਨਹੀਂ ਪਾਇਆ ਹੋਇਆ **ਵਾ:** ਉਸ ਨੇ ਕਿਤੋਂ ਵੀ ਬੰਧੁ = ਸੰਤੋਖ ਨ = ਨਹੀਂ ਪਾਇਆ = ਪਾਉਣਾ ਕੀਤਾ ॥੬॥

## ਬਿਨੁ ਸਿਮਰਨ; ਹੈ ਆਤਮ ਘਾਤੀ ॥ ਸਾਕਤ ਨੀਚ; ਤਿਸੁ ਕੁਲੁ ਨਹੀ ਜਾਤੀ ॥੭॥

ਵਾਹਿਗੁਰੂ ਦੇ ਸਿਮਰਨ ਤੋਂ ਬਿਨੁ = ਬਗ਼ੈਰ ਇਹ ਜੀਵ ਆਤਮਘਾਤੀ = ਆਪਣੀ ਖ਼ੁਦਕੁਸ਼ੀ ਆਪ ਕਰਨ ਵਾਲਾ ਹੈ। ਤਿਸੁ = ਉਸ ਸਾਕਤ ਨੀਚ = ਨੀਵੇਂ ਕੰਮ ਕਰਨ ਵਾਲੇ ਪੁਰਸ਼ ਦੀ ਸ਼ੁਭ ਗੁਣਾਂ ਵਾਲੀ ਕੁਲ ਨਹੀਂ ਜਾਤੀ = ਜਾਣੀ ਜਾਂਦੀ ॥੭॥

## ਜਿਸੁ ਭਇਆ ਕ੍ਰਿਪਾਲੁ; ਤਿਸੁ ਸਤਸੰਗਿ ਮਿਲਾਇਆ ॥

ਜਿਸ ਉੱਤੇ ਮੇਰਾ ਵਾਹਿਗੁਰੂ ਕ੍ਰਿਪਾਲੂ ਭਇਆ = ਹੋਇਆ ਹੈ, ਤਿਸੁ = ਉਸ ਜੀਵ ਨੂੰ ਸੱਚੇ ਪਾਤਿਸ਼ਾਹ ਨੇ ਆਪ ਸਤਿਸੰਗਤ ਵਿਚ ਮਿਲਾਇਆ = ਮਿਲਾ ਦਿੱਤਾ ਹੈ।

## ਕਹੁ ਨਾਨਕ; ਗੁਰਿ ਜਗਤੁ ਤਰਾਇਆ ॥੮॥੭॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਨੂੰ ਸਤਿਗੁਰਾਂ ਨੇ ਜਗਤੁ = ਸੰਸਾਰ-ਸਮੰਦਰ ਤੋਂ ਤਰਾਇਆ = ਤਾਰ ਦਿੱਤਾ ਹੈ ॥੮॥੭॥

## ਗਉੜੀ, ਮਹਲਾ ੫ ॥

## ਗੁਰ ਕੈ ਬਚਨਿ; ਮੋਹਿ ਪਰਮ ਗਤਿ ਪਾਈ ॥

ਸਤਿਗੁਰਾਂ ਕੈ = ਦੇ ਅੰਮ੍ਰਿਤ ਰੂਪ ਬਚਨਾਂ ਦੇ ਨਾਲ ਮੋਹਿ = ਮੈਂ ਪਰਮ ਗਤਿ = ਵੱਡੀ ਮੁਕਤੀ ਭਾਵ ਕੈਵਲ ਮੁਕਤੀ ਪਾਈ = ਪਾਉਣਾ ਕੀਤੀ ਹੈ।

## ਗੁਰਿ ਪੂਰੈ; ਮੇਰੀ ਪੈਜ ਰਖਾਈ ॥੧॥

ਪੂਰੈ = ਪੂਰਿਆਂ ਸਤਿਗੁਰਾਂ ਨੇ ਮੇਰੀ ਪੈਜ = ਇੱਜ਼ਤ ਰਖਾਈ = ਰੱਖ ਲਈ ਹੈ ॥੧॥

## ਗੁਰ ਕੈ ਬਚਨਿ; ਧਿਆਇਓ ਮੋਹਿ ਨਾਉ ॥

ਸਤਿਗੁਰੂ ਸੱਚੇ ਪਾਤਿਸ਼ਾਹ ਦੇ ਬਚਨਿ = ਉਪਦੇਸ਼ ਕਰ ਕੇ ਮੋਹਿ = ਮੈਂ ਅੰਮ੍ਰਿਤ ਨਾਉ = ਨਾਮ ਨੂੰ ਧਿਆਇਓ = ਧਿਆਉਣਾ ਕੀਤਾ ਹੈ।

## ਗੁਰ ਪਰਸਾਦਿ; ਮੋਹਿ ਮਿਲਿਆ ਥਾਉ ॥੧॥ਰਹਾਉ॥

ਗੁਰ ਪਰਸਾਦਿ = ਸਤਿਗੁਰਾਂ ਦੀ ਕਿਰਪਾ ਕਰ ਕੇ ਮੋਹਿ = ਮੈਨੂੰ ਸਤਿਸੰਗਤ, ਸਰੂਪ ਰੂਪੀ ਥਾਉ = ਥਾਂ ਮਿਲਿਆ ਹੈ ॥੧॥ਰਹਾਉ॥

## ਗੁਰ ਕੈ ਬਚਨਿ; ਸੁਣਿ ਰਸਨ ਵਖਾਣੀ ॥

ਗੁਰੂ ਸਾਹਿਬ ਜੀ ਕੈ = ਦੇ ਬਚਨਿ = ਵਾਕਾਂ ਨੂੰ ਕੰਨਾਂ ਦੇ ਨਾਲ ਸ਼੍ਰਵਣ ਕਰ ਕੇ ਰਸਨਿ = ਜੀਭਾ ਦੇ ਨਾਲ ਮੈਂ ਉਸਦੇ ਗੁਣਾਂ ਨੂੰ ਵਖਾਣੀ = ਕਥਨ ਕਰਦਾ ਹਾਂ **ਵਾ:** ਗੁਰੂ ਸਾਹਿਬ ਜੀ ਦੇ ਬਚਨਾਂ ਨੂੰ ਸ਼ਰਧਾ ਵਿਸ਼ਵਾਸ

ਰੂਪੀ ਕੰਨਾਂ ਦੇ ਨਾਲ ਸੁਣਿ = ਸ੍ਰਵਨ ਕਰਕੇ ਪ੍ਰੀਤ ਰੂਪੀ ਰਸਨਿ = ਰਸਨਾ ਨਾਲ ਵਖਾਣੀ = ਵਖਿਆਨ ਕਰਦਾ ਹਾਂ।

## ਗੁਰ ਕਿਰਪਾ ਤੇ; ਅੰਮ੍ਰਿਤ ਮੇਰੀ ਬਾਣੀ ॥੨॥

ਗੁਰਾਂ ਦੀ ਕਿਰਪਾ = ਮਿਹਰ ਤੇ = ਤੋਂ ਹੀ ਮੇਰੀ ਬਾਣੀ ਵਿਚ ਨਾਮ ਅੰਮ੍ਰਿਤ ਦਾ ਰਸ ਭਰ ਗਿਆ ਹੈ **ਵਾ**: ਗੁਰਾਂ ਦੀ ਕਿਰਪਾ = ਮਿਹਰ ਤੇ = ਤੋਂ ਮੇਰੀ ਬਾਣੀ = ਬੋਲੀ ਅੰਮ੍ਰਿਤ = ਸੁਧਾ ਰਸ ਵਰਗੀ ਹੋ ਗਈ ਹੈ **ਵਾ**: ਮੇਰੀ ਬਾਣੀ ਵਿਚ ਜੋ ਅੰਮ੍ਰਿਤ ਰਸ ਹੈ, ਇਹ ਗੁਰੂ ਸਾਹਿਬ ਨੇ ਆਪਣੀ ਕਿਰਪਾ ਨਾਲ ਭਰਿਆ ਹੈ ॥੨॥

## ਗੁਰ ਕੈ ਬਚਨਿ; ਮਿਟਿਆ ਮੇਰਾ ਆਪੁ ॥

ਗੁਰਾਂ ਕੈ = ਦੇ ਬਚਨਿ = ਉਪਦੇਸ਼ ਨੂੰ ਸ੍ਰਵਨ ਕਰਨ ਕਰ ਕੇ ਮੇਰਾ ਆਪੁ = ਆਪਾ-ਭਾਵ ਮਿਟਿਆ = ਮਿਟ ਗਿਆ ਹੈ।

## ਗੁਰ ਕੀ ਦਇਆ ਤੇ; ਮੇਰਾ ਵਡ ਪਰਤਾਪੁ ॥੩॥

ਗੁਰਾਂ ਕੀ = ਦੀ ਦਇਆ = ਕਿਰਪਾ ਕਰਨ ਤੇ = ਤੋਂ ਮੇਰਾ ਵਡ = ਵੱਡਾ ਪਰਤਾਪੁ = ਤੇਜ ਪ੍ਰਭਾਵ ਹੋ ਗਿਆ ਹੈ ॥੩॥

## ਗੁਰ ਕੈ ਬਚਨਿ; ਮਿਟਿਆ ਮੇਰਾ ਭਰਮੁ ॥

ਸਤਿਗੁਰਾਂ ਕੈ = ਦੇ ਬਚਨਿ = ਉਪਦੇਸ਼ ਮੰਨਣ ਕਰ ਕੇ ਮੇਰੇ ਅੰਦਰੋਂ ਜੀਵ ਈਸ ਦਾ ਭਰਮ, ਭੇਦ ਭਰਮ, ਕਰਤਬ ਭਰਮ, ਆਦਿ ਸਭ ਮਿਟਿਆ = ਨਾਸ਼ ਹੋ ਗਿਆ ਹੈ।

## ਗੁਰ ਕੈ ਬਚਨਿ; ਪੇਖਿਓ ਸਭੁ ਬ੍ਰਹਮੁ ॥੪॥

ਸਤਿਗੁਰਾਂ ਕੈ = ਦੇ ਬਚਨਾਂ ਦੁਆਰਾ ਹੀ ਸਭੁ = ਸਾਰਿਆਂ ਨੂੰ ਬ੍ਰਹਮ ਰੂਪ ਕਰਕੇ ਪੇਖਿਓ = ਦੇਖਿਆ ਹੈ, ਜਿਵੇਂ ਦੂਰਬੀਨ ਨਾਲ ਦੂਰ ਦੀਆਂ ਚੀਜ਼ਾਂ ਨੇੜੇ ਵੇਖ ਲਈਦੀਆਂ ਹਨ, ਖੁਰਦਬੀਨ ਦੇ ਨਾਲ ਬਰੀਕ ਚੀਜ਼ਾਂ ਮੋਟੀਆਂ ਕਰ ਕੇ ਦੇਖ ਲਈਦੀਆਂ ਹਨ। ਇਉਂ ਗੁਰੂ ਮਹਾਰਾਜ ਸਾਹਿਬ ਜੀ ਦੇ ਬਚਨਾਂ ਰੂਪੀ ਚਸ਼ਮਿਆਂ ਦੇ ਨਾਲ ਸਭੁ = ਸਾਰਿਆਂ ਸੂਖਮ, ਸਥੂਲ, ਕਾਰਨ ਸਰੀਰਾਂ ਵਿਚ ਬ੍ਰਹਮ ਆਤਮਾ ਨੂੰ ਪੇਖਿਓ = ਵੇਖ ਲਿਆ ਹੈ ॥੪॥

## ਗੁਰ ਕੈ ਬਚਨਿ; ਕੀਨੋ ਰਾਜੁ ਜੋਗੁ ॥

ਸਤਿਗੁਰਾਂ ਕੈ = ਦੇ ਬਚਨਿ = ਉਪਦੇਸ਼ ਕਰ ਕੇ ਰਾਜੁ ਜੋਗ = ਸੰਸਾਰਕ ਕਿਰਿਆ ਵਿਚ ਰਹਿੰਦਿਆਂ ਮਨ ਯੋਗੀਆਂ ਵਾਂਗ ਵਾਹਿਗੁਰੂ ਨਾਲ ਜੋੜਨਾ ਕੀਨੋ = ਕੀਤਾ ਹੈ।

## ਗੁਰ ਕੈ ਸੰਗਿ; ਤਰਿਆ ਸਭੁ ਲੋਗੁ ॥੫॥

ਸਤਿਗੁਰਾਂ ਕੈ = ਦੇ ਸੰਗਿ = ਨਾਲ ਮਿਲਣੇ ਕਰ ਕੇ ਸਭੁ = ਸਾਰੇ ਲੋਗੁ = ਲੋਕ ਤਰਿਆ = ਤਰ ਗਏ ਹਨ ॥੫॥

## ਗੁਰ ਕੈ ਬਚਨਿ; ਮੇਰੇ ਕਾਰਜ ਸਿਧਿ ॥
## ਗੁਰ ਕੈ ਬਚਨਿ; ਪਾਇਆ ਨਾਉ ਨਿਧਿ ॥੬॥

ਸਤਿਗੁਰੂ ਜੀ ਕੈ = ਦੇ ਬਚਨ ਮੰਨਣ ਕਰ ਕੇ ਮੇਰੇ ਸੰਸਾਰਕ, ਪਰਮਾਰਥ ਆਦਿ ਸਾਰੇ ਕਾਰਜ = ਕੰਮ

ਸਿੱਧ ਹੋ ਗਏ। ਸਤਿਗੁਰਾਂ ਕੈ = ਦੇ ਬਚਨਾਂ ਦੁਆਰਾ ਮੈਂ ਨਾਉ = ਨਾਮ ਰੂਪੀ ਨਿਧਿ = ਖ਼ਜ਼ਾਨਾ ਪਾਇਆ = ਪਾ ਲਿਆ ਹੈ ॥੬॥

## ਜਿਨਿ ਜਿਨਿ ਕੀਨੀ; ਮੇਰੇ ਗੁਰ ਕੀ ਆਸਾ ॥
## ਤਿਸ ਕੀ ਕਟੀਐ; ਜਮ ਕੀ ਫਾਸਾ ॥੭॥

ਜਿਨਿ ਜਿਨਿ = ਜਿਸ ਜਿਸ ਨੇ ਮੇਰੇ ਸਤਿਗੁਰਾਂ ਕੀ = ਦੀ ਚਿੱਤ ਦੇ ਵਿਚ ਆਸਾ = ਉਮੀਦ ਧਾਰਣ ਕੀਤੀ ਹੈ। ਤਿਸ ਕੀ = ਉਸ ਦੀ ਜਮਾਂ ਦੀ ਫਾਸਾ = ਫਾਹੀ ਕਟੀਐ = ਕੱਟੀ ਗਈ ਹੈ, ਭਾਵ ਉਹ ਦੁਬਾਰਾ ਜੰਮਣ ਮਰਨ ਦੀ ਫਾਸਾ = ਫਾਹੀ ਵਿਚ ਨਹੀਂ ਪੈਂਦਾ ॥੭॥

## ਗੁਰ ਕੈ ਬਚਨਿ; ਜਾਗਿਆ ਮੇਰਾ ਕਰਮੁ ॥

ਸਤਿਗੁਰਾਂ ਕੈ = ਦੇ ਬਚਨਾਂ ਨੂੰ ਮੰਨਣ ਕਰ ਕੇ ਮੇਰਾ ਕਰਮੁ = ਭਾਗ ਜਾਗਿਆ = ਜਾਗ ਪਿਆ ਹੈ।

## ਨਾਨਕ; ਗੁਰੁ ਭੇਟਿਆ, ਪਾਰਬ੍ਰਹਮੁ ॥੮॥੮॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦੀ ਦਇਆ ਦ੍ਰਿਸ਼ਟੀ ਕਰਕੇ ਮੈਨੂੰ ਪੂਰਾ ਸਤਿਗੁਰੂ ਭੇਟਿਆ = ਮਿਲਿਆ ਹੈ ॥੮॥੮॥ ਜੈਸਾ ਕਿ :

**ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ ॥** *(ਸੂਹੀ ਮ: ੫, ਅੰਗ ੭੪੭)*

## ਗਉੜੀ, ਮਹਲਾ ੫ ॥
## ਤਿਸੁ ਗੁਰ ਕਉ; ਸਿਮਰਉ ਸਾਸਿ ਸਾਸਿ ॥

ਤਿਸੁ = ਉਸ ਸਤਿਗੁਰਾਂ ਕਉ = ਨੂੰ ਮੈਂ ਸ੍ਵਾਸ ਸ੍ਵਾਸ ਸਿਮਰਉ = ਸਿਮਰਦਾ ਹਾਂ।

## ਗੁਰੁ ਮੇਰੇ ਪ੍ਰਾਣ; ਸਤਿਗੁਰੁ ਮੇਰੀ ਰਾਸਿ ॥੧॥ਰਹਾਉ॥

ਗੁਰੂ ਸਾਹਿਬ ਹੀ ਮੇਰੇ ਪ੍ਰਾਣ = ਪ੍ਰਾਣਾਂ ਦਾ ਆਸਰਾ ਰੂਪ ਹੈ ਅਤੇ ਸਤਿਗੁਰੂ ਹੀ ਮੇਰੀ ਰਾਸਿ = ਪੂੰਜੀ ਹੈ ॥੧॥ਰਹਾਉ॥

## ਗੁਰ ਕਾ ਦਰਸਨੁ; ਦੇਖਿ ਦੇਖਿ ਜੀਵਾ ॥

ਸਤਿਗੁਰੂ ਸਾਹਿਬ ਜੀ ਕਾ = ਦਾ ਦਰਸ਼ਨ ਸੱਜੇ ਖੱਬੇ ਨੇਤ੍ਰ ਨਾਲ, ਮਨ ਬੁੱਧ ਰੂਪੀ ਨੇਤ੍ਰਾਂ ਨਾਲ, ਵੈਰਾਗ ਬਿਬੇਕ ਰੂਪੀ ਨੇਤ੍ਰਾਂ ਨਾਲ, ਪ੍ਰੋਖ ਅਪ੍ਰੋਖ ਗਿਆਨ ਰੂਪੀ ਨੇਤ੍ਰਾਂ ਜੋ ਸਾਰਿਆਂ ਨੂੰ ਦ੍ਰਿਸ਼ਟਾ ਰੂਪ ਹੋ ਕੇ ਦੇਖਿ = ਦੇਖਣ ਵਾਲਾ ਹੈ, ਉਸ ਨੂੰ ਦੇਖਿ = ਵੇਖ ਕੇ ਜੀਵਾ = ਜਿਊਂਦਾ ਹਾਂ।

## ਗੁਰ ਕੇ ਚਰਣ; ਧੋਇ ਧੋਇ ਪੀਵਾ ॥੧॥

ਗੁਰੂ ਸਾਹਿਬ ਕੈ = ਦੇ ਚਰਨਾਂ ਨੂੰ ਧੋ ਧੋ ਕੇ ਪੀਵਾ = ਪੀਂਦਾ ਹਾਂ ॥੧॥

## ਗੁਰ ਕੀ ਰੇਣੁ; ਨਿਤ ਮਜਨੁ ਕਰਉ ॥ ਜਨਮ ਜਨਮ ਕੀ; ਹਉਮੈ ਮਲੁ ਹਰਉ ॥੨॥

ਸਤਿਗੁਰਾਂ ਕੀ = ਦੀ ਚਰਨ ਰੇਣੁ = ਧੂੜੀ ਵਿਚ ਨਿਤ = ਹਮੇਸ਼ਾਂ ਮਜਨੁ = ਇਸ਼ਨਾਨ ਕਰਉ = ਕਰਦਾ ਹਾਂ।

ਜਿਸ ਸਤਿਗੁਰਾਂ ਦੀ ਚਰਨ ਧੂੜੀ ਨੇ ਮੇਰੀ ਜਨਮਾਂ ਜਨਮਾਂਤਰਾਂ ਕੀ = ਦੀ ਹਉਮੈ = ਹੰਗਤਾ ਮਮਤਾ ਰੂਪੀ ਮਲੁ = ਮੈਲ ਹਰਉ = ਨਾਸ ਕਰ ਦਿੱਤੀ ਹੈ ॥੨॥

## ਤਿਸੁ ਗੁਰ ਕਉ; ਝੂਲਾਵਉ ਪਾਖਾ ॥ ਮਹਾ ਅਗਨਿ ਤੇ; ਹਾਥੁ ਦੇ ਰਾਖਾ ॥੩॥

ਤਿਸੁ = ਉਸ ਸਤਿਗੁਰਾਂ ਕਉ = ਨੂੰ ਗਰਮੀ ਦੀ ਰੁੱਤ ਵਿਚ ਪਾਖਾ = ਪੱਖਾ ਝੂਲਾਵਉ = ਝੁਲਾਉਣਾ ਕਰਦਾ ਹਾਂ। ਜਿਸ ਸਤਿਗੁਰਾਂ ਨੇ ਮਾਇਆ ਦੀ ਤ੍ਰਿਸ਼ਨਾ ਰੂਪੀ ਮਹਾ = ਭਾਰੀ ਅਗਨਿ = ਅੱਗ ਤੇ = ਤੋਂ ਕਿਰਪਾ ਰੂਪੀ ਹਾਥੁ = ਹੱਥ ਦੇ ਕੇ ਮੇਰੀ ਰਾਖਾ = ਰੱਖਿਆ ਕੀਤੀ ਹੈ।੩।

## ਤਿਸੁ ਗੁਰ ਕੈ ਗ੍ਰਿਹਿ; ਢੋਵਉ ਪਾਣੀ ॥
## ਜਿਸੁ ਗੁਰ ਤੇ; ਅਕਲ ਗਤਿ ਜਾਣੀ ॥੪॥

ਤਿਸੁ = ਉਸ ਗੁਰੂ ਕੈ = ਦੇ ਸਤ ਸੰਗਤ ਰੂਪੀ ਗ੍ਰਿਹਿ = ਘਰ ਦਾ ਪਾਣੀ ਢੋਵਉ = ਢੋਣਾ ਕਰਾਂ **ਵਾ:** ਜੋ ਪ੍ਰੇਮ ਕਰਨਾ ਹੈ, ਇਹ ਪਾਣੀ ਢੋਹਣਾ ਹੈ। ਜਿਸ ਗੁਰੂ ਤੇ = ਤੋਂ ਮੈਂ ਅਕਲ = ਕਲਪਣਾ ਤੋਂ ਰਹਿਤ ਪਰਮੇਸ਼ਰ ਦੀ ਗਤਿ = ਪ੍ਰਾਪਤੀ ਜਾਣੀ ਹੈ ॥੪॥

## ਤਿਸੁ ਗੁਰ ਕੈ ਗ੍ਰਿਹਿ; ਪੀਸਉ ਨੀਤ ॥ ਜਿਸੁ ਪਰਸਾਦਿ; ਵੈਰੀ ਸਭ ਮੀਤ ॥੫॥

ਤਿਸੁ = ਉਸ ਗੁਰ = ਗੁਰੂ ਕੈ = ਦੇ ਸਤਸੰਗਤ ਰੂਪੀ ਗ੍ਰਿਹਿ = ਘਰ ਵਿਚ ਅਸੀਂ ਚੱਕੀ ਦੇ ਨਾਲ ਨੀਤ = ਨਿਤਾਪ੍ਰਤੀ ਪੀਹਣਾ ਕਰਦੇ ਹਾਂ, ਭਾਵ ਆਟਾ ਪੀਹ ਪੀਹ ਕੇ ਸੰਗਤਾਂ ਨੂੰ ਪ੍ਰਸਾਦ ਬਣਾ ਕੇ ਛਕਾਉਣਾ ਕਰਦੇ ਹਾਂ **ਵਾ:** ਤਿਸੁ = ਉਸ ਸਤਿਗੁਰੂ ਕੈ = ਦੇ ਗ੍ਰਿਹਿ = ਘਰ ਵਿਚ ਸਰਵਣ ਮੰਨਣ ਰੂਪੀ ਚੱਕੀ ਦੇ ਵਿਚ ਵਾਸ਼ਨਾ ਰੂਪੀ ਦਾਣਿਆਂ ਦੇ ਤਾਈਂ ਪੀਹਣਾ ਭਾਵ ਵਿਕਾਰਾਂ ਦਾ ਨਾਸ ਕਰਦੇ ਹਾਂ। ਜਿਸ ਗੁਰਾਂ ਦੀ ਪਰਸਾਦਿ = ਕਿਰਪਾ ਕਰ ਕੇ ਦੁਨੀਆਂ ਦੇ ਲੋਕ ਵੈਰੀ = ਵੈਰ ਕਰਨ ਵਾਲੇ ਉਲਟ ਕੇ ਸਭ = ਸਾਰੇ ਮੀਤ = ਮਿੱਤਰ ਹੋ ਜਾਂਦੇ ਹਨ **ਵਾ:** ਜਿਸ ਗੁਰਾਂ ਦੀ ਕਿਰਪਾ ਕਰ ਕੇ ਕਾਮ, ਕ੍ਰੋਧ, ਲੋਭ, ਮੋਹ ਆਦਿਕ ਵੈਰੀ ਸਭ = ਸਾਰੇ ਮੀਤ = ਸੱਜਣ ਬਣ ਜਾਂਦੇ ਹਨ ॥੫॥

[ਅੰਗ ੨੪੦]

## ਜਿਨਿ ਗੁਰਿ ਮੋਕਉ; ਦੀਨਾ ਜੀਉ ॥
## ਆਪੁਨਾ ਦਾਸਰਾ; ਆਪੇ ਮੁਲਿ ਲੀਉ ॥੬॥

ਜਿਨਿ = ਜਿਸ ਗੁਰੂ ਸਾਹਿਬਾਨਾਂ ਨੇ ਮੋਕਉ = ਮੈਨੂੰ ਜੀਵ ਦਾਨ ਭਾਵ ਮੁਕਤੀ ਦਾ ਦਾਨ ਦੇਣਾ ਕੀਤਾ ਹੈ। ਅਤੇ ਆਪਣੇ ਦਾਸਰਾ = ਸੇਵਕ ਨੂੰ ਆਪ ਹੀ ਪ੍ਰੇਮ ਰੂਪੀ ਮੁਲਿ = ਕੀਮਤ ਵਿਚ ਲਉ = ਲੈ ਲਿਆ ਹੈ, ਭਾਵ ਖ਼ਰੀਦ ਲਿਆ ਹੈ ॥੬॥

## ਆਪੇ ਲਾਇਓ; ਅਪਨਾ ਪਿਆਰੁ ॥

ਸਤਿਗੁਰੂ ਜੀ ਨੇ ਆਪਣੀ ਕਿਰਪਾ ਦ੍ਰਿਸ਼ਟੀ ਕਰ ਕੇ ਆਪਣੀ ਪ੍ਰਾਪਤੀ ਦਾ ਪਿਆਰ ਹਿਰਦੇ ਵਿਚ ਆਪ ਹੀ ਲਾਇਓ = ਲਾਉਣਾ ਕੀਤਾ ਹੈ।

## ਸਦਾ ਸਦਾ ਤਿਸੁ ਗੁਰ ਕਉ; ਕਰੀ ਨਮਸਕਾਰੁ ॥੭॥

ਸਦਾ ਸਦਾ ਤਿਸੁ = ਉਸ ਗੁਰੂ ਸਾਹਿਬ ਜੀ ਕਉ = ਨੂੰ ਨਮਸਕਾਰ = ਮੱਥਾ ਟੇਕਣਾ ਕਰੀ = ਕਰਦਾ ਹਾਂ ॥੭॥

**ਕਲਿ ਕਲੇਸ; ਭੈ ਭ੍ਰਮ ਦੁਖ ਲਾਥਾ ॥ ਕਹੁ ਨਾਨਕ; ਮੇਰਾ ਗੁਰੁ ਸਮਰਾਥਾ ॥੮॥੯॥**

ਜਿਸ ਗੁਰਾਂ ਦੀ ਕਿਰਪਾ ਕਰ ਕੇ ਕਲਿ = ਕਲਪਣਾ, ਕਲੇਸ = ਝਗੜੇ, ਸੱਤ ਪ੍ਰਕਾਰ ਦੇ ਭੈ = ਡਰ, ਪੰਜ ਪ੍ਰਕਾਰ ਦਾ ਭਰਮ ਅਤੇ ਜੰਮਣ ਮਰਣ ਦਾ ਦੁਖ ਆਦਿ ਸਾਰੇ ਹੀ ਲਥਾ = ਲੱਥ ਗਏ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੇਰਾ ਗੁਰੁ = ਸਤਿਗੁਰੂ ਸਮਰਾਥਾ = ਸਰਬ ਕਲਾ ਸਮਰੱਥ ਹੈ ॥੮॥੯॥

## ਗਉੜੀ, ਮਹਲਾ ੫ ॥

## ਮਿਲੁ ਮੇਰੇ ਗੋਬਿੰਦ; ਅਪਨਾ ਨਾਮੁ ਦੇਹੁ ॥

ਹੇ ਮੇਰੇ (ਗੋ+ਬਿੰਦ) ਗੋ = ਪ੍ਰਿਥਵੀ ਦੀ ਬਿੰਦ = ਰੱਖਿਆ ਕਰਨ ਵਾਲੇ ਪਰਮੇਸ਼ਰ ਮੈਨੂੰ ਆਪਣਾ ਨਾਮ ਦੇਹੁ = ਦੇਣਾ ਕਰੋ, ਜਿਸ ਕਰਕੇ ਮੈਂ ਆਪ ਜੀ ਦੇ ਨਾਲ ਮਿਲ ਸਕਾਂ।

## ਨਾਮ ਬਿਨਾ; ਧ੍ਰਿਗੁ ਧ੍ਰਿਗੁ ਅਸਨੇਹੁ ॥੧॥ਰਹਾਉ॥

ਤੇਰੇ ਨਾਮ ਸਿਮਰਨ ਤੋਂ ਬਿਨਾਂ ਪਦਾਰਥਾਂ ਦੇ ਨਾਲ ਅਸਨੇਹੁ = ਪ੍ਰੇਮ ਕਰਨ ਨੂੰ ਧ੍ਰਿਗੁ ਧ੍ਰਿਗੁ = ਧ੍ਰਿਗਾਕਾਰ ਯੋਗ ਹੈ, **ਵਾ:** ਸੰਬੰਧੀਆਂ ਨਾਲ ਪ੍ਰੇਮ ਕਰਨਾ ਧ੍ਰਿਕਾਰਯੋਗ ਹੈ ॥੧॥ਰਹਾਉ॥

**ਨਾਮ ਬਿਨਾ; ਜੋ ਪਹਿਰੈ ਖਾਇ ॥ ਜਿਉ ਕੂਕਰੁ; ਜੂਠਨ ਮਹਿ ਪਾਇ ॥੧॥**

ਵਾਹਿਗੁਰੂ ਦੇ ਅੰਮ੍ਰਿਤ ਨਾਮ ਤੋਂ ਬਿਨਾ = ਬਗ਼ੈਰ ਜੋ = ਜਿਹੜਾ ਸੋਹਣੇ ਕੱਪੜਿਆਂ ਦਾ ਪਹਿਰੈ = ਪਹਿਨਣਾ ਅਤੇ ਚੰਗੇ ਪਦਾਰਥਾਂ ਦਾ ਖਾਇ = ਖਾਣਾ ਹੈ। ਉਹ ਇਹੋ ਜਿਹਾ ਹੈ ਜਿਉ = ਜਿਵੇਂ ਕੂਕਰੁ = ਕੁੱਤੇ ਦੇ ਜੂਠਨ = ਜੂਠੇ ਬਰਤਨ ਮਹਿ = ਵਿਚ ਕੋਈ ਚੀਜ਼ ਪਾਇ = ਪਾ ਦੇਈਏ ਤਾਂ ਉਹ ਪੁਰਸ਼ਾਂ ਦੇ ਖਾਣ ਯੋਗ ਨਹੀਂ ਰਹਿੰਦੀ। ਇਸ ਪ੍ਰਕਾਰ ਜੋ ਨਾਮ ਜਪਣ ਤੋਂ ਬਿਨਾਂ ਮਨੁੱਖ ਹੈ, ਉਸ ਦੇ ਮੂੰਹ ਵਿਚ ਭੋਜਨ ਪਾਉਣਾ ਕੁੱਤੇ ਦੇ ਠੂਠੇ ਦੀ ਨਿਆਈਂ ਹੈ। ਉਹ ਖਾਧੇ ਹੋਏ ਪਦਾਰਥ ਨਿਸਫਲ ਹਨ, ਸੋਹਣੇ ਬਸਤਰ ਪਹਿਣੇ ਡਰਨਿਆਂ ਦੀ ਨਿਆਈਂ ਸਮਝਣੇ ਚਾਹੀਦੇ ਹਨ ॥੧॥

**ਨਾਮ ਬਿਨਾ; ਜੇਤਾ ਬਿਉਹਾਰੁ ॥ ਜਿਉ ਮਿਰਤਕ; ਮਿਥਿਆ ਸੀਗਾਰੁ ॥੨॥**

ਵਾਹਿਗੁਰੂ ਦੇ ਨਾਮ ਤੋਂ ਬਿਨਾ ਜੇਤਾ = ਜਿਤਨਾ ਇਹ ਜੀਵ ਬਿਉਹਾਰੁ = ਕਾਰੋ-ਵਿਹਾਰ ਕਰਦਾ ਹੈ, ਉਹ ਇਸ ਤਰ੍ਹਾਂ ਨਿਸਫਲੇ ਹਨ। ਜਿਉ = ਜਿਵੇਂ ਮਿਰਤਕ = ਮਰੇ ਹੋਏ ਪੁਰਸ਼ ਦਾ ਸੀਗਾਰੁ = ਸ਼ਿੰਗਾਰ ਕਰਨਾ ਮਿਥਿਆ = ਝੂਠਾ ਹੀ ਹੁੰਦਾ ਹੈ, ਉਹ ਲਾਭਦਾਇਕ ਨਹੀਂ ਹੈ ॥੨॥

**ਨਾਮੁ ਬਿਸਾਰਿ; ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ; ਤਨ ਮਹਿ ਰੋਗ ॥੩॥**

ਜੋ ਪੁਰਸ਼ ਸੱਚੇ ਪਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਬਿਸਾਰਿ = ਭੁਲਾ ਕੇ ਸੰਸਾਰ ਦੇ ਭੋਗ ਪਦਾਰਥਾਂ ਦੇ ਰਸਾਂ ਨੂੰ ਭੋਗਣਾ ਕਰੇ = ਕਰਦਾ ਹੈ। ਉਸ ਪੁਰਸ਼ ਨੂੰ ਸੁਪਨੇ ਮਾਤਰ ਵੀ ਸੁਖ ਨਹੀਂ ਹੋ ਸਕਦਾ, ਬਲਕਿ ਤਨ = ਸਰੀਰ ਮਹਿ = ਵਿਚ ਰੋਗ ਪੈਦਾ ਹੋ ਜਾਂਦੇ ਹਨ ॥੩॥

**ਨਾਮੁ ਤਿਆਗਿ; ਕਰੇ ਅਨ ਕਾਜ ॥ ਬਿਨਸਿ ਜਾਇ; ਝੂਠੇ ਸਭਿ ਪਾਜ ॥੪॥**

ਜੋ ਜੀਵ ਸੱਚੇ ਪਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਤਿਆਗਿ = ਛੱਡ ਕੇ ਅਨ = ਹੋਰ ਦ੍ਵੈਤ ਵਾਲੇ ਕਾਜ = ਕਾਰਜਾਂ ਨੂੰ ਕਰੇ = ਕਰਦਾ ਹੈ। ਉਹ ਸਭਿ = ਸਾਰੇ ਕਾਰਜ ਝੂਠੇ ਅਤੇ ਪਾਜ = ਪਾਖੰਡ ਰੂਪ ਹੀ ਹਨ, ਜੋ ਬਿਨਸਿ = ਨਾਸ ਹੋ ਜਾਣਗੇ ॥੪॥

## ਨਾਮ ਸੰਗਿ; ਮਨਿ ਪ੍ਰੀਤਿ ਨ ਲਾਵੈ ॥ ਕੋਟਿ ਕਰਮ ਕਰਤੋ; ਨਰਕਿ ਜਾਵੈ ॥੫॥

ਜਿੰਨਾ ਚਿਰ ਇਹ ਜੀਵ ਸੱਚੇ ਪਾਤਿਸ਼ਾਹ ਦੇ ਅੰਮ੍ਰਿਤ ਨਾਮ ਦੇ ਸੰਗਿ = ਨਾਲ ਮਨ ਦੀ ਪ੍ਰੀਤੀ ਨਹੀਂ ਲਾਵੈ = ਲਾਉਂਦਾ। ਉਤਨਾ ਚਿਰ ਉਹ ਪੁਰਸ਼ ਕੋਟਿ = ਕਰੋੜਾਂ ਕਰਮ ਕਰਤੋ = ਕਰਦਾ ਹੋਇਆ ਵੀ ਮੁਕਤ ਨਹੀਂ ਹੋ ਸਕੇਗਾ **ਵਾ:** ਕੋਟਿ = ਕਰੋੜਾਂ ਕਰਮਾਂ ਦੀ ਹੰਗਤਾ ਕਰਤੋ = ਕਰਦਾ ਹੋਇਆ ਨਰਕਾਂ ਵਿਚ ਹੀ ਜਾਵੇਗਾ ॥੫॥

## ਹਰਿ ਕਾ ਨਾਮੁ; ਜਿਨਿ ਮਨਿ ਨ ਆਰਾਧਾ ॥
## ਚੋਰ ਕੀ ਨਿਆਈ; ਜਮ ਪੁਰਿ ਬਾਧਾ ॥੬॥

ਜਿਨ੍ਹਾਂ ਨੇ ਹਰਿ = ਹਰੀ ਅਕਾਲ ਪੁਰਖ ਦੇ ਅੰਮ੍ਰਿਤ ਨਾਮ ਨੂੰ ਮਨ ਦੀ ਭਾਵਨਾ ਨਾਲ ਆਰਾਧਾ = ਯਾਦ ਭਾਵ ਆਰਾਧਨਾ ਨਹੀਂ ਕੀਤਾ। ਉਹ ਚੋਰਾਂ ਕੀ = ਦੀ ਨਿਆਈ = ਤਰ੍ਹਾਂ ਜਮਾਂ ਦੀ ਪੁਰੀ ਵਿਚ ਬਾਧਾ = ਬੰਨ੍ਹਿਆ ਜਾਵੇਗਾ ॥੬॥

## ਲਾਖ ਅਡੰਬਰ; ਬਹੁਤੁ ਬਿਸਥਾਰਾ ॥ ਨਾਮ ਬਿਨਾ; ਝੂਠੇ ਪਾਸਾਰਾ ॥੭॥

ਭਾਵੇਂ ਲਾਖ = ਲੱਖਾਂ ਅਡੰਬਰ = ਬਣਾਵਟਾਂ ਨੂੰ ਬਹੁਤ ਬਿਸਥਾਰਾ = ਵਿਸਥਾਰ ਪੂਰਵਕ ਫੈਲਾਇਆ ਹੋਵੇ। ਇਹ ਸਾਰਾ ਸੱਚੇ ਨਾਮ ਤੋਂ ਬਿਨਾਂ ਹੋਣ ਕਰ ਕੇ ਝੂਠਾ ਪਸਾਰਾ ਹੀ ਹੈ ॥੭॥

## ਹਰਿ ਕਾ ਨਾਮੁ; ਸੋਈ ਜਨੁ ਲੇਇ ॥
## ਕਰਿ ਕਿਰਪਾ; ਨਾਨਕ ਜਿਸੁ ਦੇਇ ॥੮॥੧੦॥

ਹੇ ਭਾਈ ! ਹਰਿ = ਹਰੀ ਅਕਾਲ ਪੁਰਖ ਕਾ = ਦਾ ਅੰਮ੍ਰਿਤ ਨਾਮ ਸੋਈ = ਓਹੀ ਜਨੁ = ਪੁਰਖ ਲੇਇ = ਲੈ ਸਕਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਨੂੰ ਸਤਿਗੁਰੂ ਜੀ ਕਿਰਪਾ = ਮੇਹਰ ਕਰਿ = ਕਰਕੇ ਇਹ ਨਾਮ ਅੰਮ੍ਰਿਤ ਦੀ ਦਾਤ ਦੇਇ = ਦੇਣਾ ਕਰਨ ॥੮॥੧੦॥

## ਗਉੜੀ, ਮਹਲਾ ੫ ॥
## ਆਦਿ ਮਧਿ; ਜੋ ਅੰਤਿ ਨਿਬਾਹੈ ॥

ਜਿਸ ਨੇ ਆਦਿ = ਮੁੱਢ ਭਾਵ ਮਾਤਾ ਦੇ ਗਰਭ ਵਿਚ ਮਧਿ = ਵਿਚਕਾਰਲੇ ਭਾਵ ਵਰਤਮਾਨ ਸਮੇਂ ਵਿਚ ਰੱਖਿਆ ਕੀਤੀ ਹੈ, ਫਿਰ ਜੋ ਅੰਤਿ = ਅਖ਼ੀਰ ਭਾਵ ਪ੍ਰਲੋਕ ਵਿਚ ਜਾ ਕੇ ਵੀ ਸਾਥ ਨਿਬਾਹੈ = ਨਿਭਾਉਂਦਾ ਹੈ **ਅਥਵਾ** ਸਰੀਰ ਦੇ ਆਦਿ = ਜਨਮ ਕਾਲ, ਮਧਿ = ਬਾਲਕ, ਜਵਾਨੀ ਅਵਸਥਾ ਵਿਚ ਅਤੇ ਸਰੀਰ ਦੇ ਅੰਤਿ = ਪ੍ਰਾਣ ਨਿਕਲਣ ਦੇ ਸਮੇਂ ਤੱਕ ਜੋ ਕੀਤਾ ਹੋਇਆ ਨਾਮ ਸਿਮਰਨ ਸਿਰ ਤੋੜ ਨਿਬਾਹੈ = ਨਿਭਾਉਂਦਾ ਹੈ।

## ਸੋ ਸਾਜਨੁ; ਮੇਰਾ ਮਨੁ ਚਾਹੈ ॥੧॥

ਸੋ = ਉਹ ਸਾਜਨੁ = ਸੱਜਣ ਰੂਪ ਪਰਮੇਸ਼ਰ ਨੂੰ ਮੇਰਾ ਮਨ ਹਰ ਵਕਤ ਚਾਹੈ = ਚਾਹੁੰਦਾ ਰਹਿੰਦਾ ਹੈ ॥੧॥

## ਹਰਿ ਕੀ ਪ੍ਰੀਤਿ; ਸਦਾ ਸੰਗਿ ਚਾਲੈ ॥

ਹਰਿ = ਹਰੀ ਅਕਾਲ ਪੁਰਖ ਕੀ = ਦੀ ਪ੍ਰੀਤੀ ਸਦਾ = ਹਮੇਸ਼ਾ ਲੋਕ ਪਰਲੋਕ ਵਿਚ ਸੰਗਿ = ਨਾਲ ਚਾਲੈ = ਚੱਲਦੀ ਹੈ।

## ਦਇਆਲ ਪੁਰਖ ਪੂਰਨ; ਪ੍ਰਤਿਪਾਲੈ ॥੧॥ਰਹਾਉ॥

ਉਹ ਦਿਆਲੂ ਪੁਰਖ = ਅਕਾਲ ਪੁਰਖ ਸਾਰਿਆਂ ਥਾਵਾਂ ਵਿਚ ਪੂਰਨ = ਵਿਆਪਕ ਹੈ ਅਤੇ ਸਭ ਦੀ ਪ੍ਰਤਿਪਾਲੈ = ਪ੍ਰਤੀਪਾਲਣਾ ਕਰਦਾ ਹੈ ॥੧॥ਰਹਾਉ॥

## ਬਿਨਸਤ ਨਾਹੀ; ਛੋਡਿ ਨ ਜਾਇ ॥ ਜਹ ਪੇਖਾ; ਤਹ ਰਹਿਆ ਸਮਾਇ ॥੨॥

ਵਾਹਿਗੁਰੂ ਦਾ ਸਰੂਪ ਬਿਨਸਤ = ਨਾਸ ਨਹੀਂ ਹੁੰਦਾ ਅਤੇ ਨਾ ਹੀ ਛੋਡਿ = ਛੱਡ ਕੇ ਜਾਇ = ਜਾਂਦਾ ਹੈ। ਭਾਵ ਹਰ ਵਕਤ ਅੰਗ ਸੰਗ ਰਹਿੰਦਾ ਹੈ, ਇਹ ਉਸ ਦੀ ਸਿਫ਼ਤ ਹੈ। ਜਹ = ਜਿਥੇ ਵੀ ਪੇਖਾ = ਦੇਖੀਏ, ਤਹ = ਉਥੇ ਹੀ ਪ੍ਰਭੂ ਪਰਮੇਸ਼ਰ ਸਮਾਇ = ਸਮਾ ਰਿਹਾ ਹੈ ॥੨॥

## ਸੁੰਦਰੁ ਸੁਘੜੁ; ਚਤੁਰੁ ਜੀਅ ਦਾਤਾ ॥

ਉਹ ਵਾਹਿਗੁਰੂ ਦਾ ਸੁੰਦਰੁ = ਸੋਹਣਾ ਸਰੂਪ, ਸੁਘੜੁ = ਸ੍ਰੇਸ਼ਟ ਘਾੜਤਾ ਨੂੰ ਘੜਨ ਵਾਲਾ ਸਾਰਿਆਂ ਦੇ ਵਿਹਾਰਾਂ ਨੂੰ ਚਲਾਉਣ ਵਾਲਾ ਚਤੁਰੁ = ਸਿਆਣਾ ਹੈ ਅਤੇ ਸਭ ਜੀਅ = ਜੀਵਾਂ ਦਾ ਦਾਤਾ ਹੈ।

## ਭਾਈ ਪੂਤੁ; ਪਿਤਾ ਪ੍ਰਭੁ ਮਾਤਾ ॥੩॥

ਉਹ ਪ੍ਰਭੁ = ਵਾਹਿਗੁਰੂ ਹੀ ਸਾਡਾ ਭਾਈ = ਭਰਾ, ਪੂਤੁ = ਪੁੱਤਰ ਅਤੇ ਪਿਤਾ = ਪਿਓ, ਮਾਤਾ = ਮਾਂ ਹੈ **ਵਾ:** ਭਰਾਵਾਂ ਦੀ ਨਿਆਈਂ ਬਿਪਤਾ 'ਚ ਮਦਦ ਕਰਨ ਵਾਲਾ ਹੈ ਪੂਤੁ = ਪੁੱਤਰ ਦੀ ਨਿਆਈਂ ਸਭ ਤੋਂ ਪਿਆਰਾ ਲੱਗਦਾ ਹੈ, ਪਿਤਾ ਦੀ ਨਿਆਈਂ ਰੱਖਿਆ ਕਰਨ ਵਾਲਾ ਹੈ, ਮਾਤਾ ਦੀ ਨਿਆਈਂ ਪਾਲਣਾ ਕਰਨ ਵਾਲਾ ਹੈ ॥੩॥

## ਜੀਵਨ ਪ੍ਰਾਨ ਅਧਾਰ; ਮੇਰੀ ਰਾਸਿ ॥

ਮੇਰੀ ਜੀਵਨ = ਜ਼ਿੰਦਗੀ ਤੇ ਪ੍ਰਾਨ = ਪ੍ਰਾਣਾਂ ਦਾ ਅਧਾਰ = ਆਸਰਾ ਰੂਪ ਤੇ ਮੇਰੀ ਸ਼ਰਧਾ ਰੂਪੀ ਰਾਸਿ = ਪੂੰਜੀ ਵੀ ਉਹ ਪਰਮੇਸ਼ਰ ਹੀ ਹੈ।

## ਪ੍ਰੀਤਿ ਲਾਈ; ਕਰਿ ਰਿਦੈ ਨਿਵਾਸਿ ॥੪॥

ਮੈਂ ਉਸੇ ਸੱਚੇ ਪਾਤਿਸ਼ਾਹ ਪਰਮੇਸ਼ਰ ਦੇ ਨਾਲ ਚਿੱਤ ਦੀ ਪ੍ਰੀਤੀ ਲਾਉਣਾ ਕੀਤੀ ਹੈ, ਜੋ ਮੇਰੇ ਰਿਦੈ = ਹਿਰਦੇ ਵਿਚ ਨਿਵਾਸ ਕਰਿ = ਕਰਦਾ ਹੈ ॥੪॥

## ਮਾਇਆ ਸਿਲਕ ਕਾਟੀ; ਗੋਪਾਲਿ ॥
## ਕਰਿ ਅਪੁਨਾ ਲੀਨੋ; ਨਦਰਿ ਨਿਹਾਲਿ ॥੫॥

ਗੋਪਾਲਿ (ਗੋ+ਪਾਲਿ) ਗੋ = ਪ੍ਰਿਥਵੀ ਦੇ ਪਾਲਿ = ਪਾਲਕ ਅਕਾਲ ਪੁਰਖ ਨੇ ਮੇਰੇ ਗਲੋਂ ਮਾਇਆ ਦੀ ਸਿਲਕ = ਫਾਹੀ ਕਾਟੀ = ਕੱਟ ਦਿੱਤੀ ਹੈ। ਸੱਚੇ ਪਾਤਿਸ਼ਾਹ ਨੇ ਆਪਣੀ ਕਿਰਪਾ ਨਦਰਿ = ਦ੍ਰਿਸ਼ਟੀ ਨਾਲ ਨਿਹਾਲਿ = ਵੇਖ ਕੇ ਮੈਨੂੰ ਆਪਣਾ ਸੇਵਕ ਕਰ ਲੀਨੋ = ਲਿਆ ਹੈ **ਵਾ:** ਆਪਣਾ ਸੇਵਕ ਬਣਾ ਕੇ ਨਿਹਾਲਿ = ਅਨੰਦ ਪ੍ਰਸੰਨ ਕਰ ਦਿੱਤਾ ਹੈ **ਵਾ:** ਨਿਹਾਲਿ = ਦੁੱਖਾਂ ਤੋਂ ਰਹਿਤ ਕਰ ਦਿੱਤਾ ਹੈ ॥੫॥

## ਸਿਮਰਿ ਸਿਮਰਿ; ਕਾਟੇ ਸਭਿ ਰੋਗ ॥ ਚਰਣ ਧਿਆਨ; ਸਰਬ ਸੁਖ ਭੋਗ ॥੬॥

ਸੱਚੇ ਪਾਤਿਸ਼ਾਹ ਦੇ ਸਿਮਰਿ = ਸਿਮਰਨ ਨੂੰ ਸਿਮਰਿ = ਯਾਦ ਕਰਨੇ ਕਰ ਕੇ ਸਭਿ = ਸਾਰੇ ਕਾਮ, ਕ੍ਰੋਧ, ਲੋਭ, ਮੋਹ ਆਦਿਕ ਰੋਗ ਕਾਟੇ = ਕੱਟੇ ਗਏ ਹਨ।

ਪਰਮੇਸ਼ਰ ਦੇ ਚਰਨਾਂ ਕਮਲਾਂ ਵਿਚ ਧਿਆਨ ਧਰ ਕੇ ਸਰਬ = ਸਾਰੇ ਸੁੱਖ ਭੋਗ = ਭੋਗਣਾ ਕੀਤੇ ਹਨ **ਵਾ:** ਪਰਮੇਸ਼ਰ ਦੇ ਚਰਨਾਂ ਨਾਲ ਧਿਆਨ = ਸੁਰਤ ਜੋੜਨ ਵਿਚ ਹੀ ਸਾਰੇ ਸੁੱਖ ਅਤੇ ਭੋਗ ਪਦਾਰਥ ਹਨ ॥੬॥

## ਪੂਰਨ ਪੁਰਖੁ; ਨਵਤਨੁ ਨਿਤ, ਬਾਲਾ ॥
## ਹਰਿ ਅੰਤਰਿ ਬਾਹਰਿ; ਸੰਗਿ ਰਖਵਾਲਾ ॥੭॥

ਉਹ ਪਰਮੇਸ਼ਰ ਪੁਰਖੁ = ਪੁਰਸ਼ਾਰਥ ਦੇਣ ਵਾਲਾ **ਵਾ:** (ਪੁ+ਰਖੁ) ਪੁ = ਨਰਕਾਂ ਤੋਂ ਰਖ = ਰੱਖਿਆ ਕਰਨ ਵਾਲਾ, ਅਕਾਸ਼ ਦੀ ਨਿਆਈਂ ਪੂਰਨ = ਵਿਆਪਕ ਨਵਤਨੁ = ਨਵੀਨ ਸਰੂਪ ਤੇ ਨਿਤ = ਨਿਤਾਪ੍ਰਤੀ ਬਾਲਾ = ਵੱਡਾ ਹੈ। ਉਹ ਹਰਿ = ਹਰੀ ਅਕਾਲ ਪੁਰਖ ਵਾਹਿਗੁਰੂ ਅੰਤਰਿ ਬਾਹਰਿ = ਅੰਦਰ ਬਾਹਰ, ਭਾਵ ਲੋਕ ਪਰਲੋਕ ਸਾਰੇ ਅੰਗ ਸੰਗ ਰਖਵਾਲਾ = ਰੱਖਿਆ ਕਰਨ ਵਾਲਾ ਹੈ **ਵਾ:** ਹਰੀ ਹਿਰਦੇ ਦੇ ਅੰਦਰ ਵੀ ਅਤੇ ਬਾਹਰ ਸੰਸਾਰ ਵਿਚ ਵੀ ਅੰਗ ਸੰਗ ਰਹਿ ਕੇ ਰਖਵਾਲਾ = ਰੱਖਿਆ ਕਰਨ ਵਾਲਾ ਹੈ ॥੭॥

## ਕਹੁ ਨਾਨਕ; ਹਰਿ ਹਰਿ ਪਦੁ ਚੀਨ ॥
## ਸਰਬਸੁ ਨਾਮੁ; ਭਗਤ ਕਉ ਦੀਨ ॥੮॥੧੧॥

(**ਸਰਬਸੁ** ਦਾ ਉਚਾਰਣ ਅੱਧਕ ਰਹਿਤ ਪੋਲਾ ਹੈ)

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਨੇ ਹਰਿ = ਹਰੀ ਪਰਮੇਸ਼ਰ ਜੋ ਸਾਰੇ ਹਰਿ = ਰਮਿਆ ਹੋਇਆ ਹੈ, ਉਸ ਦੇ ਨਾਮ ਨੂੰ ਜਪ ਕੇ ਕੈਵਲ ਮੋਖ ਦੀ ਪਦੁ = ਪਦਵੀ ਨੂੰ ਚੀਨ = ਜਾਣਿਆ ਹੈ। ਜਿਸ ਭਗਤ ਕਉ = ਨੂੰ ਸੱਚੇ ਪਾਤਿਸ਼ਾਹ ਨੇ ਨਾਮ ਦੀਨ = ਦੇਣਾ ਕੀਤਾ, ਉਸ ਨੂੰ ਸਰਬੰਸ ਹੀ ਦੇ ਦਿੱਤਾ ਹੈ। ਕੁਝ ਵੀ ਲੁਕੋ ਕੇ ਨਹੀਂ ਰੱਖਿਆ **ਵਾ:** ਜਿਸ ਭਗਤ ਨੇ ਸਰਬਸੁ = ਤਨ, ਮਨ ਧਨ ਰੂਪੀ ਸਰਬੰਸ ਵਾਰਿਆ ਹੈ, ਉਸ ਨੂੰ ਸੱਚੇ ਪਾਤਿਸ਼ਾਹ ਨੇ ਨਾਮ ਦੀਨ = ਦਿੱਤਾ ਹੈ ॥੮॥੧੧॥ ਜੈਸਾ ਕਿ :

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥** *(ਰਾਮਕਲੀ ਮ: ੩ ਅਨੰਦੁ, ਅੰਗ ੯੧੮)*

## ਰਾਗੁ ਗਉੜੀ, ਮਾਝ; ਮਹਲਾ ੫

ਰਾਗ ਗਉੜੀ ਦੀ ਮਾਝ ਜਾਤੀ ਵਿਚ ਪੰਜਵੇਂ ਪਾਤਸ਼ਾਹ ਜੀ ਉਪਦੇਸ਼ ਕਥਨ ਕਰਦੇ ਹਨ।

## ੴ ਸਤਿਗੁਰ ਪ੍ਰਸਾਦਿ ॥

੧ = ਇੱਕ ਅਦ੍ਵੈਤ ਰੂਪ ਪਰਮੇਸ਼ਰ ਓਂ = ਸਾਰਿਆਂ ਦਾ ਪ੍ਰਕਾਸ਼ਕ, ਸਤਿ = ਨਾਸ਼ ਤੋਂ ਰਹਿਤ ਗੁਰ = ਚੇਤਨ ਸਰੂਪ, ਪ੍ਰਸਾਦਿ = ਅਨੰਦ ਸਰੂਪ **ਵਾ:** ਸਤਿਗੁਰਾਂ ਦੀ ਕਿਰਪਾ ਕਰ ਕੇ ਪ੍ਰਾਪਤ ਹੁੰਦਾ ਹੈ।

## ਖੋਜਤ ਫਿਰੇ ਅਸੰਖ; ਅੰਤੁ ਨ ਪਾਰੀਆ ॥

ਅਸੰਖ = ਅਣਗਿਣਤ ਪੁਰਸ਼ ਪਰਮੇਸ਼ਰ ਨੂੰ ਖੋਜਤ = ਖੋਜਦੇ ਫਿਰੇ = ਫਿਰਦੇ ਹਨ, ਪਰ ਉਸ ਦਾ ਅੰਤ ਕਿਸੇ ਨੇ ਨਹੀਂ ਪਾਰੀਆ = ਪਾਇਆ।

## ਸੇਈ ਹੋਏ ਭਗਤ; ਜਿਨਾ ਕਿਰਪਾਰੀਆ ॥੧॥

ਸੇਈ = ਓਹੀ ਪਰਮੇਸ਼ਰ ਦੇ ਭਗਤ ਹੋਏ ਹਨ, ਜਿਨ੍ਹਾਂ ਦੇ ਉੱਤੇ ਕਿਰਪਾਰੀਆ = ਕ੍ਰਿਪਾਲੂ ਜੀ ਨੇ ਕਿਰਪਾਲਤਾ ਕੀਤੀ ਹੈ ॥੧॥

## ਹਉ ਵਾਰੀਆ; ਹਰਿ ਵਾਰੀਆ ॥੧॥ਰਹਾਉ॥

ਹਉ = ਮੈਂ ਵਾਰੀਆ = ਬਲਿਹਾਰ ਜਾਂਦਾ ਹਾਂ ਹੇ ਹਰਿ = ਪਰਮੇਸ਼ਰ ਤੋਂ ਸਦਾ ਵਾਰੀਆ = ਕੁਰਬਾਨ ਜਾਂਦਾ ਹਾਂ ॥੧॥ਰਹਾਉ॥

## ਸੁਣਿ ਸੁਣਿ ਪੰਥੁ ਡਰਾਉ; ਬਹੁਤੁ ਭੈਹਾਰੀਆ ॥

ਇਥੇ ਗੁਰੂ ਜੀ ਜਗਿਆਸੂ ਦੀ ਅਵਸਥਾ ਦੱਸਦੇ ਹਨ ਕਿ ਸੁਣਿ = ਸੁਣ ਕੇ ਸੱਤ ਸ਼ਾਸਤਰਾਂ ਦੁਆਰਾ, ਸ਼ਰਧਾ ਵਿਸ਼ਵਾਸ ਰੂਪੀ ਕੰਨਾਂ ਦੁਆਰਾ ਸੁਣ ਕੇ ਪਰਲੋਕ ਦਾ ਡਰਾਉ = ਡਰ ਆਉਂਦਾ ਹੈ ਕਿ ਜਮਾਂ ਦਾ ਪੰਥੁ = ਮਾਰਗ ਬਹੁਤ ਭੈਹਾਰੀਆ = ਭੈਦਾਇਕ ਹੈ।

## ਮੈ ਤਕੀ ਓਟ ਸੰਤਾਹ; ਲੇਹੁ ਉਬਾਰੀਆ ॥੨॥

(**ਤੱਕੀ** ਦਾ ਉਚਾਰਣ ਅੱਧਕ ਸਹਿਤ ਹੈ)

ਹੇ ਮਹਾਰਾਜ ! ਮੈਂ ਤੇਰੇ ਸੰਤਾਹ = ਸੰਤਾਂ ਦੀ ਓਟ ਤਕੀ = ਤੱਕਣਾ ਕੀਤੀ ਹੈ, ਕਿਰਪਾ ਕਰਕੇ ਮੈਨੂੰ ਉਸ ਭੈਦਾਇਕ ਰਸਤੇ ਤੋਂ ਉਬਾਰੀਆ = ਬਚਾ ਲੇਹੁ = ਲੈਣਾ ਕਰੋ ॥੨॥

**[ਅੰਗ ੨੪੧]**

## ਮੋਹਨ ਲਾਲ ਅਨੂਪ; ਸਰਬ ਸਾਧਾਰੀਆ ॥

ਹਰੀ ਅਕਾਲ ਪੁਰਖ ਸਾਰਿਆਂ ਦੇ ਚਿੱਤ ਨੂੰ ਮੋਹਨ = ਮੋਹਿਤ ਕਰਨ ਵਾਲਾ ਲਾਲ = ਪਿਆਰਾ ਅਨੂਪ = ਉਪਮਾ ਤੋਂ ਰਹਿਤ ਸਰਬ = ਸਾਰਿਆਂ ਨੂੰ ਸਾਧਾਰੀਆ = ਆਸਰੇ ਦੇ ਸਹਿਤ ਰੱਖਣ ਵਾਲਾ ਹੈ।

## ਗੁਰ ਨਿਵਿ ਨਿਵਿ ਲਾਗਉ ਪਾਇ; ਦੇਹੁ ਦਿਖਾਰੀਆ ॥੩॥

ਮੈਂ ਸਤਿਗੁਰੂ ਦੇ ਅੱਗੇ ਨਿਵਿ ਨਿਵਿ = ਝੁਕ ਝੁਕ ਕੇ ਵਾ: ਤਨ ਦੇ ਤਾਣ ਵੱਲੋਂ ਝੁੱਕ ਕੇ ਤੇ ਮਨ ਦੇ ਮਾਣ ਵੱਲੋਂ ਝੁੱਕ ਕੇ ਪਾਇ = ਚਰਨੀਂ ਲਾਗਉ = ਲੱਗਦਾ ਹਾਂ ਕਿ ਸਤਿਗੁਰੂ ਕਿਰਪਾ ਕਰਕੇ ਮੈਨੂੰ ਵਾਹਿਗੁਰੂ ਦਾ ਸਰੂਪ ਪ੍ਰਗਟ ਕਰਕੇ ਦਿਖਾਰੀਆ = ਦਿਖਾ ਦੇਹੁ = ਦੇਣਾ ਕਰੋ ॥੩॥

## ਮੈ ਕੀਏ ਮਿਤ੍ਰ ਅਨੇਕ; ਇਕਸੁ ਬਲਿਹਾਰੀਆ ॥

ਸਤਿਗੁਰੂ ਜੀ ਜਗਿਆਸਾ ਭਾਵ ਵਿਚ ਕਥਨ ਕਰਦੇ ਹਨ ਕਿ ਮੈਂ ਦੇਵੀ ਦੇਵਤੇ ਅਨੇਕ = ਬਹੁਤ ਮਿੱਤਰ ਬਣਾਉਣਾ ਕੀਏ = ਕੀਤੇ, ਪਰ ਕਿਸੇ ਨੇ ਪਰਮੇਸ਼ਰ ਦੀ ਪ੍ਰਾਪਤੀ ਨਾ ਕਰਾਈ, ਇਕਸੁ = ਇਕ ਸਤਿਗੁਰੂ ਸਾਹਿਬ ਤੋਂ ਹੀ ਬਲਿਹਾਰੀਆ = ਬਲਿਹਾਰ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਦੀ ਕਿਰਪਾ ਕਰਕੇ ਹਰੀ ਪ੍ਰਾਪਤ ਹੋਇਆ ਹੈ।

## ਸਭ ਗੁਣ ਕਿਸ ਹੀ ਨਾਹਿ; ਹਰਿ ਪੂਰ ਭੰਡਾਰੀਆ ॥੪॥

ਸਭ = ਸਾਰੇ ਗੁਣ ਕਿਸਹੀ = ਕਿਸੇ ਵਿਚ ਵੀ ਨਾਹਿ = ਨਹੀਂ ਹਨ, ਇਕ ਹਰਿ = ਹਰੀ ਅਕਾਲ ਪੁਰਖ ਹੀ ਗੁਣਾਂ ਦੇ ਪੂਰ = ਪੂਰਨ ਭੰਡਾਰੀਆ = ਖ਼ਜ਼ਾਨੇ ਹਨ ॥੪॥

## ਚਹੁ ਦਿਸਿ ਜਪੀਐ ਨਾਉ; ਸੂਖਿ ਸਵਾਰੀਆ ॥

ਜਿਸ ਪਰਮੇਸ਼ਰ ਦਾ ਚਹੁ ਦਿਸਿ = ਚਾਰ ਦਿਸ਼ਾਵਾਂ ਵਿਚ ਨਾਉ = ਨਾਮ ਜਪੀਐ = ਜਪਿਆ ਜਾਂਦਾ ਹੈ, ਉਸ ਨਾਮ ਨੇ ਮੇਰੀ ਚਿੱਤ ਦੀ ਬਿਰਤੀ ਵੀ ਸੁਖ ਸਰੂਪ ਵਿਚ ਸਵਾਰੀਆ = ਸਵਾਰ ਦਿੱਤੀ ਹੈ।

## ਮੈ ਆਹੀ ਓੜਿ ਤੁਹਾਰਿ; ਨਾਨਕ ਬਲਿਹਾਰੀਆ ॥੫॥

ਹੇ ਪਰਮੇਸ਼ਰ! ਮੈਂ ਤੁਹਾਰਿ = ਤੁਹਾਡੀ ਓੜਿ = ਓਟ ਆਹੀ = ਚਾਹੀ ਹੈ, ਮੈਂ ਆਪ ਜੀ ਦੇ ਉਪਰੋਂ ਬਲਿਹਾਰੀਆ = ਬਲਿਹਾਰ ਕੁਰਬਾਨ ਜਾਂਦਾ ਹਾਂ ॥੫॥

## ਗੁਰਿ ਕਾਢਿਓ ਭੁਜਾ ਪਸਾਰਿ; ਮੋਹ ਕੂਪਾਰੀਆ ॥

ਗੁਰੂ ਸਾਹਿਬ ਜੀ ਨੇ ਮੈਨੂੰ ਕਿਰਪਾ ਰੂਪੀ ਭੁਜਾ = ਬਾਂਹ ਪਸਾਰ ਕੇ ਮੋਹ ਰੂਪੀ ਕੂਪਾਰੀਆ = ਖੂਹ ਵਿੱਚੋਂ ਕਾਢਿਓ = ਕੱਢਣਾ ਕੀਤਾ ਹੈ।

## ਮੈ ਜੀਤਿਓ ਜਨਮੁ ਅਪਾਰੁ; ਬਹੁਰਿ ਨ ਹਾਰੀਆ ॥੬॥

ਇਸ ਪ੍ਰਕਾਰ ਜੋ ਅਪਾਰੁ = ਪਾਰਾਵਾਰ ਤੋਂ ਰਹਿਤ ਮਨੁੱਖਾ ਜਨਮ ਸੀ, ਮੈਂ ਉਸ ਨੂੰ ਜੀਤਿਓ = ਜਿੱਤ ਲਿਆ ਹੈ ਅਤੇ ਸੰਸਾਰ ਵਿਚ ਬਹੁਰਿ = ਮੁੜ ਕੇ ਕਦੇ ਵੀ ਹਾਰੀਆ = ਹਾਰ ਨ = ਨਹੀਂ ਹੋਵੇਗੀ ॥੬॥

## ਮੈ ਪਾਇਓ ਸਰਬ ਨਿਧਾਨੁ; ਅਕਥੁ ਕਥਾਰੀਆ ॥

ਮੈਂ ਸਰਬ = ਸਾਰਿਆਂ ਨਿਧਾਨੁ = ਖ਼ਜ਼ਾਨਿਆਂ ਦੇ ਮਾਲਕ ਪਰਮੇਸ਼ਰ ਨੂੰ ਪਾਇਓ = ਪਾ ਲਿਆ ਹੈ, ਜਿਸ ਪਰਮੇਸ਼ਰ ਦੀ ਅਕਥੁ = ਕਥਨ ਤੋਂ ਰਹਿਤ ਕਥਾਰੀਆ = ਕਥਾ ਹੈ।

## ਹਰਿ ਦਰਗਹ ਸੋਭਾਵੰਤ; ਬਾਹ ਲੁਡਾਰੀਆ ॥੭॥

ਉਹ ਗੁਰਮੁਖ ਜਨ ਹਰਿ = ਹਰੀ ਅਕਾਲ ਪੁਰਖ ਦੀ ਦਰਗਹ ਵਿਚ ਸੋਭਾਵੰਤ = ਵਡਿਆਈ ਵਾਲੇ ਹਨ, ਜੋ ਪਰਮੇਸ਼ਰ ਵੱਲ ਨੂੰ ਬੁੱਧੀ ਰੂਪ ਭੁਜਾ ਨੂੰ ਫੈਲਾ ਕੇ ਲੁਡਾਰੀਆ = ਬੇਫ਼ਿਕਰੀ ਨਾਲ ਚੱਲਦੇ ਹਨ ॥੭॥

## ਜਨ ਨਾਨਕ ਲਧਾ ਰਤਨੁ; ਅਮੋਲੁ ਅਪਾਰੀਆ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਜਨ = ਦਾਸ ਨੇ ਰਤਨ = ਮਾਣਕ ਦੀ ਨਿਆਈਂ ਅਮੋਲਕ ਬ੍ਰਹਮ ਨੂੰ ਗੁਰਾਂ ਦੁਆਰਾ ਲਧਾ = ਲੱਭ ਲਿਆ ਹੈ, ਜੋ ਅਪਾਰੀਆ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਅਮੋਲੁ = ਕਿਤੋਂ ਵੀ ਮੁੱਲ ਨਹੀਂ ਮਿਲਦਾ ਹੈ।

## ਗੁਰ ਸੇਵਾ ਭਉਜਲੁ ਤਰੀਐ; ਕਹਉ ਪੁਕਾਰੀਆ ॥੮॥੧੨॥

ਅਸੀਂ ਇਹ ਪੁਕਾਰੀਆ = ਪੁਕਾਰ ਕੇ, ਬੁਲੰਦ ਅਵਾਜ਼ ਦੇ ਨਾਲ ਕਹਿੰਦੇ ਹਾਂ ਕਿ ਸਤਿਗੁਰਾਂ ਦੀ ਸੇਵਾ = ਟਹਿਲ ਕਰ ਕੇ ਭਉਜਲੁ = ਸੰਸਾਰ-ਸਮੁੰਦਰ ਤੋਂ ਤਰੀਐ = ਤਰਨਾ ਹੁੰਦਾ ਹੈ ॥੮॥੧੨॥

## ਗਉੜੀ, ਮਹਲਾ ੫

## ੧ੴ ਸਤਿਗੁਰ ਪ੍ਰਸਾਦਿ ॥

੧ = ਇਕ ਅਦ੍ਵੈਤ ਰੂਪ ਪਰਮੇਸ਼ਰ ੴ = ਸਾਰਿਆਂ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਕਰ ਕੇ ਪ੍ਰਾਪਤ ਹੁੰਦਾ ਹੈ।

## ਨਾਰਾਇਣ; ਹਰਿ ਰੰਗ ਰੰਗੋ ॥ ਜਪਿ ਜਿਹਵਾ; ਹਰਿ ਏਕ ਮੰਗੋ ॥੧॥ਰਹਾਉ॥

ਹੇ ਭਾਈ! ਜਿਸ ਵਿਚ ਅਵਿੱਦਿਆ ਰੂਪੀ (ਨਾ+ਰਾਇਣ) ਰਾਇਣ = ਰਾਤ ਨਾ = ਨਹੀਂ ਹੈ ਉਸ

ਹਰਿ = ਪਰਮੇਸ਼ਰ ਦੇ ਰੰਗ = ਪ੍ਰੇਮ ਵਿਚ ਆਪਣੇ ਆਪ ਨੂੰ ਰੰਗੋ = ਰੰਗਣਾ ਕਰੋ **ਵਾ:** (ਨਾਰ+ਆਇਣ) ਨਾਰ = ਨਰਾਂ ਨਰਾਂ ਵਿਚ ਜਿਸ ਦਾ ਆਇਣ = ਘਰ ਹੈ। ਐਸੇ ਹਰੀ ਦੇ ਰੰਗ = ਪ੍ਰੇਮ ਵਿਚ ਆਪਣੇ ਹਿਰਦੇ ਨੂੰ ਰੰਗਣਾ ਕਰੋ। ਜਿਹਵਾ = ਜ਼ੁਬਾਨ ਕਰ ਕੇ ਪਰਮੇਸ਼ਰ ਦੇ ਨਾਮ ਨੂੰ ਜਪਿ = ਜਪੋ ਅਤੇ ਗੁਰਾਂ ਦੇ ਪਾਸੋਂ ਏਕ = ਇਕ ਹਰਿ = ਹਰੀ ਅਕਾਲ ਪੁਰਖ ਦੇ ਨਾਮ ਨੂੰ ਹੀ ਮੰਗੋ = ਮੰਗਣਾ ਕਰੋ ॥੧॥ਰਹਾਉ॥

## ਤਜਿ ਹਉਮੈ; ਗੁਰ ਗਿਆਨ ਭਜੋ ॥

ਗੁਰਾਂ ਦੇ ਗਿਆਨ ਦੁਆਰਾ ਦੇਹ ਦੀ ਹਉਮੈ = ਹੰਗਤਾ ਮਮਤਾ ਤਜਿ = ਛੱਡ ਕੇ ਭਜੋ = ਭਜਨ ਕਰੋ।

## ਮਿਲਿ ਸੰਗਤਿ; ਧੁਰਿ ਕਰਮ ਲਿਖਿਓ ॥੧॥

ਗੁਰਾਂ ਦੀ ਸੰਗਤ ਤਾਂ ਮਿਲਿ = ਮਿਲਦੀ ਹੈ, ਜੇ ਧੁਰਿ = ਮੁੱਢ ਤੋਂ ਭਾਵ ਧੁਰੋਂ ਸ੍ਰੇਸ਼ਟ ਕਰਮ ਲਿਖਿਓ = ਲਿਖੇ ਹੋਣ। ਇਹ ਪੂਰਬਲੇ ਸ੍ਰੇਸ਼ਟ ਕਰਮਾਂ ਦੀ ਨਿਸ਼ਾਨੀ ਜੋ ਸਤਿਸੰਗਤ ਦੀ ਪ੍ਰਾਪਤੀ ਹੋਣੀ ਹੈ ॥੧॥

## ਜੋ ਦੀਸੈ; ਸੋ ਸੰਗਿ ਨ ਗਇਓ ॥

ਜੋ = ਜਿਹੜੇ ਸੰਸਾਰ ਦੇ ਪਦਾਰਥ ਦੀਸੈ = ਦਿਸ ਰਹੇ ਹਨ, ਸੋ = ਉਹ ਕਿਸੇ ਦੇ ਸੰਗਿ = ਨਾਲ ਨਹੀਂ ਗਇਓ = ਗਏ। ਜੈਸਾ ਕਿ :

**ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥** *(ਮਾਰੂ ਸੋਲਹੇ ਮ: ੫, ਅੰਗ ੧੦੮੩)*

## ਸਾਕਤੁ ਮੂੜ ਲਗੇ; ਪਚਿ ਮੁਇਓ ॥੨॥

ਸਾਕਤ ਪੁਰਖ ਮੂੜੁ = ਮੂਰਖ ਸੁਭਾਅ ਵਾਲੇ ਦਿਸਣ ਵਾਲੀਆਂ ਚੀਜ਼ਾਂ ਵਿਚ ਲੱਗ ਕੇ ਸੰਸਾਰ ਵਿਚ ਪਚਿ = ਸੜ ਕੇ ਭਾਵ ਦੁਖੀ ਹੋ ਕੇ ਮੁਇਓ = ਮਰਦੇ ਹਨ ॥੨॥

## ਮੋਹਨ ਨਾਮੁ; ਸਦਾ ਰਵਿ ਰਹਿਓ ॥ ਕੋਟਿ ਮਧੇ; ਕਿਨੈ ਗੁਰਮੁਖਿ ਲਹਿਓ ॥੩॥

ਆਪਣੇ ਸਰੂਪ ਵਿਚ ਮੋਹਨ = ਮੋਹਿਤ ਕਰਨ ਵਾਲੇ ਪਰਮੇਸ਼ਰ ਦੇ ਨਾਮ ਨੂੰ ਸਦਾ = ਹਮੇਸ਼ਾ ਰਵਿ = ਉਚਾਰਦੇ ਰਹਿਓ = ਰਿਹਾ ਕਰੋ। ਪਰ ਕੋਟਿ ਮਧੇ = ਕ੍ਰੋੜਾਂ ਵਿੱਚੋਂ ਕਿਨੈ = ਕਿਸੇ ਵਿਰਲੇ ਗੁਰਮੁਖ ਨੇ ਹੀ ਵਾਹਿਗੁਰੂ ਦੇ ਨਾਮ ਨੂੰ ਲਹਿਓ = ਲਖਿਆ ਹੈ ॥੩॥

## ਹਰਿ ਸੰਤਨ; ਕਰਿ ਨਮੋ ਨਮੋ ॥ ਨਉ ਨਿਧਿ ਪਾਵਹਿ; ਅਤੁਲੁ ਸੁਖੋ ॥੪॥

ਹੇ ਭਾਈ! ਹਰਿ ਸੰਤਨ = ਹਰੀ ਅਕਾਲ ਪੁਰਖ ਦੇ ਸੰਤਾਂ ਨੂੰ ਜੋ ਸਾਸ ਗ੍ਰਾਸ ਨਾਮ ਜਪਣ ਵਾਲੇ ਹਨ, ਉਨ੍ਹਾਂ ਨੂੰ ਨਿਮਰਤਾ ਨਾਲ ਮਨ ਕਰਕੇ ਵੀ ਨਮੋ = ਨਮਸਕਾਰ ਕਰੋ ਤੇ ਤਨ ਕਰਕੇ ਵੀ ਨਮੋ = ਨਮਸਕਾਰ ਕਰੋ **ਵਾ:** ਨਿਮਰਤਾ ਦੇ ਸਹਿਤ ਨਮੋ = ਪੈਰੀਂ ਪੈ ਕੇ ਨਮੋ = ਨਮਸਕਾਰ ਕਰਨਾ ਕਰੋ।

ਨਉਨਿਧਿ = ਨੌਂ ਨਿਧੀਆਂ ਦਾ ਜੋ ਨੌਂ ਗੋਲਕਾਂ ਦਾ ਚੇਤਨ ਅਤੁਲ = ਤੋਲਣ ਤੋਂ ਰਹਿਤ ਅਨੰਦ ਹੈ, ਫੇਰ ਉਸ ਦੇ ਸੁਖ ਨੂੰ ਪਾਵਹਿ = ਪਾ ਲਵੋਗੇ ॥੪॥

## ਨੈਨ ਅਲੋਵਉ; ਸਾਧ ਜਨੋ ॥ ਹਿਰਦੈ ਗਾਵਹੁ; ਨਾਮ ਨਿਧੋ ॥੫॥

ਸਾਧ ਜਨੋ = ਸਾਧੂ ਜਨਾਂ ਦੇ ਨੈਨ = ਨੇਤਰਾਂ ਕਰ ਕੇ ਦਰਸ਼ਨ ਅਲੋਵਉ = ਦੇਖਣਾ ਕਰੋ **ਵਾ:** ਸਿਮਰਨ ਵਾਲੇ ਸਾਧ ਜਨਾਂ ਦੇ ਦਰਸ਼ਨ ਅੱਖਾਂ ਨਾਲ ਦੇਖਣਾ ਕਰੋ। ਹਿਰਦੇ ਵਿਚ ਨੌਂ ਨਿਧੋ = ਨਿਧੀਆਂ ਦੇ ਦੇਣ ਵਾਲੇ ਵਾਹਿਗੁਰੂ ਦੇ ਨਾਮ ਨੂੰ ਗਾਵਹੁ = ਗਾਉਣਾ ਕਰੋ ॥੫॥

## ਕਾਮ ਕ੍ਰੋਧ; ਲੋਭੁ ਮੋਹੁ ਤਜੋ ॥ ਜਨਮ ਮਰਨ; ਦੁਹੁ ਤੇ ਰਹਿਓ ॥੬॥

ਕਾਮ, ਕ੍ਰੋਧ, ਲੋਭੁ, ਮੋਹ ਨੂੰ ਤਜੋ = ਤਿਆਗਣਾ ਕਰੋ। ਇਹ ਵਿਕਾਰ ਜਿਨ੍ਹਾਂ ਨੇ ਗੁਰੂ ਸਾਹਿਬ ਜੀ ਦਾ ਹੁਕਮ ਮੰਨ ਕੇ ਛੱਡ ਦਿੱਤੇ, ਉਹ ਜੰਮਣ ਮਰਣ ਦੁਹੁ = ਦੋਹਾਂ ਤੇ = ਤੋਂ ਰਹਿਓ = ਰਹਿਤ ਹੋ ਗਏ ਹਨ ॥੬॥

## ਦੂਖੁ ਅੰਧੇਰਾ; ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ; ਦੀਪ ਬਲਿਓ ॥੭॥

ਉਨ੍ਹਾਂ ਦੇ ਜੰਮਣ ਮਰਣ ਦਾ ਦੁਖ ਅਗਿਆਨ ਦਾ ਅੰਧੇਰਾ ਹਿਰਦੇ ਰੂਪੀ ਘਰ ਵਿੱਚੋਂ ਮਿਟਿਓ = ਮਿਟ ਗਿਆ ਹੈ **ਵਾ:** ਦੁਖਦਾਈ ਅਗਿਆਨ ਰੂਪੀ ਅੰਧੇਰਾ = ਹਨੇਰਾ ਹਿਰਦੇ ਰੂਪੀ ਘਰ 'ਚੋਂ ਮਿਟ ਗਿਆ ਹੈ। ਸਤਿਗੁਰੂ ਜੀ ਨੇ ਜਿਨ੍ਹਾਂ ਨੂੰ ਉਪਦੇਸ਼ ਦੇ ਕੇ ਗਿਆਨ ਦ੍ਰਿੜਾਇਓ = ਦ੍ਰਿੜ੍ਹ ਕਰਵਾ ਦਿੱਤਾ ਹੈ, ਉਨ੍ਹਾਂ ਦੇ ਹਿਰਦੇ ਵਿਚ ਅਪ੍ਰੋਖ ਗਿਆਨ ਰੂਪੀ ਦੀਪ = ਦੀਵਾ ਬਲਿਓ = ਪ੍ਰਕਾਸ਼ ਆਇਆ ਹੈ ॥੭॥

## ਜਿਨਿ ਸੇਵਿਆ; ਸੋ ਪਾਰਿ ਪਰਿਓ ॥
## ਜਨ ਨਾਨਕ; ਗੁਰਮੁਖਿ ਜਗਤੁ ਤਰਿਓ ॥੮॥੧॥੧੩॥

ਜਿਨਿ = ਜਿਨ੍ਹਾਂ ਨੇ ਸਤਿਗੁਰੂ ਸਾਹਿਬ ਦੇ ਉਪਦੇਸ਼ ਨੂੰ ਸੇਵਿਆ = ਸੇਵਨ ਕੀਤਾ ਹੈ, ਸੋ = ਉਹ ਸੰਸਾਰ-ਸਮੁੰਦਰ ਤੋਂ ਪਾਰ ਪਰਿਓ = ਪੈ ਗਏ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਾਂ ਦੁਆਰਾ ਗੁਰਮੁਖ ਜਨ ਸੰਗਤ ਕਰ ਕੇ ਜਗਤੁ = ਸੰਸਾਰ ਤੋਂ ਤਰਿਓ = ਤਰ ਗਏ ॥੮॥੧॥੧੩॥

## ਮਹਲਾ ੫ ਗਉੜੀ ॥
## ਹਰਿ ਹਰਿ ਗੁਰੁ ਗੁਰੁ ਕਰਤ; ਭਰਮ ਗਏ ॥

***ਪਹਿਲਾ ਅਰਥ :*** ਗੁਰੁ = ਪੂਰੇ ਗੁਰਾਂ ਦੁਆਰਾ ਗੁਰੁ = ਚੇਤਨ ਹਰਿ = ਹਰੀ ਹਰਿ = ਪਰਮੇਸ਼ਰ ਦੇ ਨਾਮ ਨੂੰ ਜਪਣ ਕਰ ਕੇ ਪੰਜ ਪ੍ਰਕਾਰ ਦੇ ਭਰਮ ਹਿਰਦੇ 'ਚੋਂ ਚੱਲੇ ਗਏ ਹਨ।

***ਦੂਜਾ ਅਰਥ :*** ਗੁਰੁ = ਚੇਤਨ ਸਰੂਪ ਹਰਿ = ਪਰਮੇਸ਼ਰ ਦਾ ਜੋ ਨਾਮ ਹਰਿ = ਪਾਪਾਂ ਨੂੰ ਨਾਸ਼ ਕਰਨ ਵਾਲਾ ਹੈ, ਐਸੇ ਨਾਮ ਨੂੰ ਗੁਰੁ = ਪੂਰੇ ਗੁਰੂ ਦੁਆਰਾ ਜਪਣਾ ਕਰੀਏ ਤਾਂ ਸਾਰੇ ਭਰਮ ਚਲੇ ਜਾਂਦੇ ਹਨ।

***ਤੀਜਾ ਅਰਥ :*** ਹਰਿ = ਹਰੀ ਜੋ ਤਤਪਦ ਦਾ ਲਖ ਅਰਥ ਹੈ, ਹਰਿ = ਹਰੀ ਜੋ ਤੂੰ ਪਦ ਲਖ ਅਰਥ ਹੈ, ਗੁਰੁ = ਜੋ ਅਗਿਆਨ ਦਾ ਨਾਸ਼ ਕਰ ਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਹੈ ਗੁਰੁ = ਜੋ ਚੇਤਨ ਬ੍ਰਹਮ ਹੈ, ਉਸ ਦਾ ਜਾਪ ਕਰਤ = ਕਰਨੇ ਕਰ ਕੇ ਸਾਰੇ ਭਰਮ ਚਲੇ ਗਏ ਹਨ।

## ਮੇਰੈ ਮਨਿ; ਸਭਿ ਸੁਖ ਪਾਇਓ ॥੧॥ਰਹਾਉ॥

ਇਉਂ ਮੇਰੇ ਮਨ ਨੇ ਸਭਿ = ਸਾਰੇ ਸੁੱਖਾਂ ਨੂੰ ਪਾਇਓ = ਪਾਉਣਾ ਕੀਤਾ ਹੈ ॥੧॥ਰਹਾਉ॥

## ਬਲਤੋ ਜਲਤੌ ਤਉਕਿਆ; ਗੁਰ ਚੰਦਨੁ ਸੀਤਲਾਇਓ ॥੧॥

ਮੈਂ ਕਾਮ, ਕ੍ਰੋਧ, ਲੋਭ, ਮੋਹ ਅਤੇ ਤ੍ਰਿਸ਼ਨਾ ਰੂਪੀ ਅੱਗ ਵਿਚ ਬਲਤੋ ਜਲਤੋ = ਸੜਦਾ ਬਲਦਾ ਸੀ, ਜਿਸ ਵੇਲੇ ਗੁਰੂ ਸਾਹਿਬ ਜੀ ਨੇ ਨਾਮ ਰੂਪੀ ਚੰਦਨ ਤਉਕਿਆ = ਤਰੌਂਕਿਆ ਭਾਵ ਛਿੜਕ ਦਿੱਤਾ ਤਾਂ ਮਨ ਸੀਤਲਾਇਓ = ਠੰਢਾ ਹੋ ਗਿਆ। ਜੇਕਰ ਕੜਾਹਾ ਪਾਣੀ ਦਾ ਉਬਲਦਾ ਹੋਵੇ, ਉਸ ਵਿਚ ਇਕ ਤੋਲਾ ਚੰਦਨ ਪਾ ਦੇਈਏ ਤਾਂ ਉਹ ਬਰਫ਼ ਵਰਗਾ ਠੰਢਾ ਹੋ ਜਾਂਦਾ ਹੈ ਪਰੰਤੂ ਅਸਲੀ ਚੰਦਨ ਹੋਵੇ **ਵਾ:** ਜਿਵੇਂ ਪਾਣੀ ਧਰਤੀ ਦੇ ਤਉਕਿਆ = ਛਿੜਕੀਦਾ ਹੈ, ਇਸੇ ਪ੍ਰਕਾਰ ਹਿਰਦੇ ਰੂਪੀ ਧਰਤੀ ਤੇ ਸਤਿਗੁਰਾਂ ਦੁਆਰਾ ਨਾਮ ਰੂਪੀ ਪਾਣੀ ਨੂੰ ਛਿੜਕਨਾ ਕਰੀਏ ॥੧॥

## ਅਗਿਆਨ ਅੰਧੇਰਾ ਮਿਟਿ ਗਇਆ; ਗੁਰ ਗਿਆਨੁ ਦੀਪਾਇਓ ॥੨॥

ਜਦੋਂ ਗੁਰੂ ਸਾਹਿਬ ਜੀ ਨੇ ਉਪਦੇਸ਼ ਦੇ ਕੇ ਹਿਰਦੇ ਵਿਚ ਗਿਆਨ ਰੂਪੀ ਦੀਪਾਇਓ = ਦੀਵਾ ਜਗਾਉਣਾ ਕੀਤਾ ਤਦੋਂ ਅਗਿਆਨ ਦਾ ਅੰਧੇਰਾ = ਹਨੇਰਾ ਮਿਟ ਗਿਆ ॥੨॥

## ਪਾਵਕੁ ਸਾਗਰੁ ਗਹਰੋ; ਚਰਿ ਸੰਤਨ ਨਾਵ ਤਰਾਇਓ ॥੩॥

(**ਚਰਿ** ਦਾ ਉਚਾਰਣ ਭਾਰਾ ਹੈ)

ਮਾਇਆ ਰੂਪੀ ਪਾਵਕੁ = ਅਗਨੀ ਦਾ ਸਾਗਰੁ = ਸਮੁੰਦਰ ਬਹੁਤ ਗਹਰੋ = ਡੂੰਘਾ ਹੈ, ਉਸ ਤੋਂ ਸੰਤਾਂ ਨੇ ਭਗਤੀ ਰੂਪ ਨਾਵ = ਬੇੜੀ ਤੇ ਚਰਿ = ਚਾੜ੍ਹ ਕੇ ਮੈਨੂੰ ਤਰਾਇਓ = ਤਾਰਨਾ ਕੀਤਾ ਹੈ ॥੩॥

## ਨਾ ਹਮ ਕਰਮ ਨ ਧਰਮ ਸੁਚ; ਪ੍ਰਭਿ ਗਹਿ ਭੁਜਾ ਆਪਾਇਓ ॥੪॥

ਨਾ ਹਮ = ਮੈਂ ਕੋਈ ਨਿਸ਼ਕਾਮ ਕਰਮ ਕੀਤਾ, ਨਾ ਹੀ ਸੱਚਾ ਧਰਮ ਦ੍ਰਿੜ੍ਹ ਕੀਤਾ ਅਤੇ ਨਾ ਹੀ ਮੇਰੇ ਅੰਦਰ ਵਿਸ਼ਿਆਂ ਤੋਂ ਰਹਿਤ ਹੋਣ ਦੀ ਸੁਚ = ਸੁੱਚਮਤਾਈ ਸੀ। ਪਰ ਫੇਰ ਵੀ ਪ੍ਰਭਿ = ਹਰੀ ਪ੍ਰਭੂ ਨੇ ਬਿਰਤੀ ਰੂਪ ਭੁਜਾ = ਬਾਂਹ ਪਕੜ ਕੇ ਆਪਾਇਓ = ਆਪਣਾ ਬਣਾ ਲਿਆ ਹੈ ॥੪॥

## ਭਉ ਖੰਡਨੁ ਦੁਖ ਭੰਜਨੋ; ਭਗਤਿ ਵਛਲ ਹਰਿ ਨਾਇਓ ॥੫॥

ਹਰੀ ਪ੍ਰਭੂ ਭਉ = ਭੈ ਦੇ ਖੰਡਨ ਵਾਲਾ ਅਤੇ ਦੁੱਖਾਂ ਨੂੰ ਭੰਜਨੋ = ਭੰਨਣ ਵਾਲਾ ਹੈ, ਅਤੇ ਹਰਿ = ਹਰੀ ਵਾਹਿਗੁਰੂ ਦਾ ਨਾਮ ਭਗਤਾਂ ਦਾ ਵਛਲ = ਪਿਆਰਾ ਹੈ ॥੫॥

## ਅਨਾਥਹ ਨਾਥ, ਕ੍ਰਿਪਾਲ ਦੀਨ; ਸੰਮ੍ਰਿਥ ਸੰਤ ਓਟਾਇਓ ॥੬॥

ਹੇ ਅਨਾਥਹ = ਯਤੀਮਾਂ ਦੇ ਨਾਥ = ਸੁਆਮੀ, ਦੀਨ = ਗ਼ਰੀਬਾਂ ਉੱਤੇ ਕਿਰਪਾਲਤਾ ਕਰਨ ਵਾਲੇ, ਸੰਮ੍ਰਿਥ = ਸਰਬ ਕਲਾ ਸਮਰੱਥ, ਲੋਕ ਪ੍ਰਲੋਕ ਵਿਚ ਸੰਤਾਂ ਦਾ ਓਟਾਇਓ = ਆਸਰਾ ਰੂਪ ਪਰਮੇਸ਼ਰ ॥੬॥

## ਨਿਰਗੁਨੀਆਰੇ ਕੀ ਬੇਨਤੀ; ਦੇਹੁ ਦਰਸੁ ਹਰਿ ਰਾਇਓ ॥੭॥

ਮੇਰੀ ਨਿਰਗੁਨੀਆਰੇ = ਗੁਣਾਂ ਤੋਂ ਰਹਿਤ, (ਨਿਰਗੁਣ ਹਾਰੇ) ਕੀ = ਦੀ ਇਹੋ ਬੇਨਤੀ ਹੈ ਕਿ ਹੇ ਹਰਿ = ਹਰੀ ਅਕਾਲ ਪੁਰਖ ਵਾਹਿਗੁਰੂ ਮੈਨੂੰ ਆਪਣਾ ਦਰਸੁ = ਦਰਸ਼ਨ ਦਿਖਾ ਦੇਹੁ = ਦੇਣਾ ਕਰੋ ॥੭॥

## ਨਾਨਕ ਸਰਨਿ ਤੁਹਾਰੀ ਠਾਕੁਰ; ਸੇਵਕੁ ਦੁਆਰੈ ਆਇਓ ॥੮॥੨॥੧੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਠਾਕੁਰ = ਸੁਆਮੀ ਮੈਂ ਤੁਹਾਰੀ = ਤੁਹਾਡੀ ਸਰਨਿ = ਓਟ ਵਿਚ ਸੇਵਕ ਬਣ ਕੇ ਤੁਹਾਡੇ ਸਾਧ ਸੰਗਤ ਰੂਪੀ ਦੁਆਰੈ = ਬੂਹੇ ਅੱਗੇ ਆਇਓ = ਆਇਆ ਹਾਂ, **ਵਾ:** ਆਪ ਜੀ ਦੇ ਗਿਆਨ ਰੂਪੀ ਦਰਵਾਜ਼ੇ 'ਤੇ ਇਸਥਿਤ ਹੋਇਆ ਹਾਂ ॥੮॥੨॥੧੪॥

**[ਅੰਗ ੨੪੨]**

## ਗਉੜੀ, ਮਹਲਾ ੫ ॥

## ਰੰਗ ਸੰਗਿ ਬਿਖਿਆ ਕੇ ਭੋਗਾ; ਇਨ ਸੰਗਿ ਅੰਧ ਨ ਜਾਨੀ ॥੧॥

ਹਰ ਵਕਤ ਇਹ ਜੀਵ ਬਿਖਿਆ = ਵਿਸ਼ਿਆਂ ਕੇ = ਦੇ ਭੋਗਾਂ ਨੂੰ ਭੋਗਣਿ ਸੰਗਿ = ਨਾਲ ਰੰਗ = ਪ੍ਰੇਮ ਲਾਈ ਰੱਖਦਾ ਹੈ, ਇਨ = ਇਸ ਅੰਧ = ਅਗਿਆਨੀ ਜੀਵ ਨੇ ਪਰਮੇਸ਼ਰ ਨਾਲ ਪ੍ਰੀਤੀ ਕਰਨੀ ਨਹੀਂ ਜਾਣੀ ॥੧॥

## ਹਉ ਸੰਚਉ ਹਉ ਖਾਟਤਾ; ਸਗਲੀ ਅਵਧ ਬਿਹਾਨੀ ॥ਰਹਾਉ॥

ਹਉ = ਮੈਂ ਧਨ ਸੰਚਉ = ਇਕੱਠਾ ਕਰਦਾ ਹਾਂ, ਹਉ = ਮੈਂ ਹਰ ਰੋਜ਼ ਹੀ ਖੱਟੀ ਖਾਟਤਾ = ਖੱਟਦਾ ਹਾਂ, ਇਹੋ ਕੁਝ ਕਰਦਿਆਂ ਇਸ ਦੀ ਸਗਲੀ = ਸਾਰੀ ਅਵਧ = ਉਮਰ ਬਿਹਾਨੀ = ਗੁਜ਼ਰ ਭਾਵ ਬਤੀਤ ਹੋ ਰਹੀ ਹੈ ॥ਰਹਾਉ॥

## ਹਉ ਸੂਰਾ ਪਰਧਾਨੁ ਹਉ; ਕੋ ਨਾਹੀ ਮੁਝਹਿ ਸਮਾਨੀ ॥੨॥

ਫੇਰ ਹੰਕਾਰ ਕਰਦਾ ਹੈ ਕਿ ਹਉ = ਮੈਂ ਬੜਾ ਸੂਰਾ = ਸੂਰਮਾ ਹਾਂ, ਹਉ = ਮੈਂ ਹੀ ਸਾਰਿਆਂ ਦੇ ਵਿਚ ਪਰਧਾਨੁ = ਮੁਖੀ ਹਾਂ, ਮੁਝਹਿ = ਮੇਰੇ ਸਮਾਨੀ = ਤੁਲ ਹੋਰ ਕੋ = ਕੋਈ ਜਗ ਵਿਚ ਨਹੀਂ ਹੈ, ਭਾਵ ਮੇਰੇ ਵਰਗਾ ਹੋਰ ਕੋਈ ਭੀ ਨਹੀਂ ਹੈ ॥੨॥

## ਜੋਬਨਵੰਤ ਅਚਾਰ ਕੁਲੀਨਾ; ਮਨ ਮਹਿ ਹੋਇ ਗੁਮਾਨੀ ॥੩॥

ਏਨਾ ਹੰਕਾਰ ਹੈ ਕਿ ਮੈਂ ਜੋਬਨਵੰਤ = ਜਵਾਨੀ ਵਾਲਾ ਹਾਂ, ਮੈਂ ਅਚਾਰ = ਸ੍ਰੇਸ਼ਟ ਕਰਤੱਬ ਕਰਨ ਵਾਲਾ ਹਾਂ, ਮੈਂ ਕੁਲੀਨਾ = ਉੱਚੀ ਕੁਲ ਵਾਲਾ ਹਾਂ, ਇਸ ਸੁਭਾਅ ਕਰ ਕੇ ਜੀਵ ਮਨ ਮਹਿ = ਵਿਚ ਗੁਮਾਨੀ = ਹੰਕਾਰੀ ਹੋਇ = ਹੋ ਰਿਹਾ ਹੈ ॥੩॥

## ਜਿਉ ਉਲਝਾਇਓ ਬਾਧ ਬੁਧਿ; ਕਾਮ ਰਤਿਆ ਨਹੀ ਬਿਸਰਾਨੀ ॥੪॥

ਜਨਮ ਤੋਂ ਲੈ ਕੇ ਬਾਧ = ਨਾਸ਼ ਬੁਧਿ = ਬੁੱਧੀ ਵਾਲਾ ਭਾਵ ਅਗਿਆਨੀ ਜੀਵ ਜਿਉ = ਜਿਵੇਂ ਮਾਇਆ ਵਿਚ ਉਲਝਾਇਓ = ਫਸਿਆ ਹੋਇਆ ਹੈ **ਵਾ:** ਪੀੜਾ ਦਾਇਕ ਬੁੱਧੀ ਵਿਚ ਜਿਉਂ ਫੱਸਿਆ ਹੋਇਆ ਹੈ, ਇਸ ਕਰਕੇ ਇਹ ਜੀਵ ਕਾਮ = ਕਾਮਨਾ ਵਿਚ ਇਤਨਾ ਰਤਿਆ = ਰੰਗਿਆ ਹੋਇਆ ਹੈ ਕਿ ਇਸ ਨੇ ਵਿਸ਼ਿਆਂ ਦੀ ਇੱਛਾ ਕਦੇ ਵੀ ਬਿਸਰਾਨੀ = ਭੁਲਾਉਣਾ ਨਹੀਂ ਕੀਤੀ **ਵਾ:** ਰਾਤ ਦਿਨ ਕਾਮਨਾ ਵਿਚ ਰੱਤਿਆ ਔਗੁਣਾਂ ਨੂੰ ਵਿਸਾਰਦਾ ਨਹੀਂ ॥੪॥

***ਨੋਟ :*** ਭਾਈ ਬੰਨੋ ਜੀ ਵਾਲੀ ਬੀੜ ਵਿਚ ਪਾਠ ਇਉਂ ਹੈ :

**ਜਿਉ ਉਲਝਾਇਓ ਬਾਲ[੧] ਬੁਧਿ; ਕਾ ਮਰਤਿਆ ਨਹੀ ਬਿਸਰਾਨੀ ॥੪॥**

ਜਿਉ = ਜਿਵੇਂ ਬਾਲ = ਬਾਲਕ ਬੁਧਿ = ਬੁੱਧੀ ਵਾਲਾ ਜੀਵ ਬਾਲਕਪੁਣੇ ਦੀ ਰੀਤੀ (ਅਗਿਆਨ) ਵਿਚ ਫੱਸਿਆ ਹੋਇਆ ਸੀ ਉਸੇ ਅਨੁਸਾਰ ਜਵਾਨੀ ਵਿਸ਼ਿਆ ਵਿਚ ਬੁਢੇਪਾ ਝੋਰਿਆਂ ਵਿਚ ਗਵਾ ਲਿਆ, ਇਉਂ ਉਸ ਅਗਿਆਨ ਵਾਲੀ ਰੀਤੀ ਕਾ = ਦਾ ਸਦਕਾ ਉਸ ਨੇ ਅਗਿਆਤ ਬੁੱਧੀ ਬਿਸਰਾਨੀ = ਭੁਲਾਉਣਾ ਨਹੀਂ ਕੀਤੀ **ਵਾ:** ਮਰਦਿਆਂ ਤੱਕ ਵਿਸ਼ਿਆ ਦੀ ਵਾਸਨਾ ਵਿਸਾਰਨਾ ਨਹੀਂ ਕੀਤੀ ॥੪॥

---

੧. ***ਨੋਟ :*** ਕਰਤਾਰਪੁਰ ਸਾਹਿਬ ਵਾਲੀ ਬੀੜ ਵਿਚ ਵੀ 'ਬਾਧ ਬੁਧਿ' ਪਾਠ ਹੈ। ਦਮਦਮਾ ਸਾਹਿਬ ਵਾਲੀ ਬੀੜ ਵਿਚ ਵੀ 'ਬਾਧ ਬੁਧਿ' ਪਾਠ ਹੀ ਹੈ। ਇਉਂ ਇਹ ਪਾਠ ਦਾ ਅੰਤਰਾ ਹੈ।

## ਭਾਈ ਮੀਤ ਬੰਧਪ ਸਖੇ; ਪਾਛੇ ਤਿਨਹੂ ਕਉ ਸੰਪਾਨੀ ॥੫॥

ਭਾਈ = ਭਰਾ, ਮੀਤ = ਮਿੱਤਰ, ਬੰਧਪ = ਸੰਬੰਧੀ, ਸਖੇ = ਪਿਆਰੇ ਆਦਿ ਨੂੰ, ਮਰਨ ਤੋਂ ਪਾਛੇ = ਪਿੱਛੋਂ ਇਹ ਜੀਵ ਤਿਨਹੂ = ਉਨ੍ਹਾਂ ਨੂੰ ਇਕੱਠੀ ਕੀਤੀ ਮਾਇਆ ਸੰਪਾਨੀ = ਸੌਂਪ ਜਾਂਦਾ ਹੈ ॥੫॥

## ਜਿਤੁ ਲਾਗੋ ਮਨੁ ਬਾਸਨਾ; ਅੰਤਿ ਸਾਈ ਪ੍ਰਗਟਾਨੀ ॥੬॥

ਜਿਤੁ = ਜਿਸ ਵਾਸ਼ਨਾ ਪਿੱਛੇ ਮਨ ਲਾਗੋ = ਲੱਗਾ ਹੋਇਆ ਹੈ, ਅੰਤ ਦੇ ਵੇਲੇ ਸਾਈ = ਉਹੋ ਹੀ ਪ੍ਰਗਟਾਨੀ = ਪ੍ਰਗਟ ਹੋਣੀ ਹੈ, ਭਾਵ ਉਸੇ ਤਰ੍ਹਾਂ ਦੀ ਦੇਹ ਵਿਚ ਪ੍ਰਗਟ ਹੋ ਕੇ ਆਉਂਦਾ ਹੈ ॥੬॥ ਜੈਸਾ ਕਿ :

**ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥** *(ਅੰਗ ੫੨੬)*

## ਅਹੰਬੁਧਿ ਸੁਚਿ ਕਰਮ ਕਰਿ; ਇਹ ਬੰਧਨ ਬੰਧਾਨੀ ॥੭॥

ਜੀਵ ਅਹੰਬੁਧਿ = ਹੰਕਾਰ ਵਾਲੀ ਬੁੱਧੀ ਕਰ ਕੇ ਦਿਖਾਵੇ ਸਹਿਤ ਸੁਚਿ = ਪਵਿੱਤਰਤਾ ਦੇ ਕਰਮ ਤਾਂ ਕਰਿ = ਕਰਦਾ ਹੈ ਇਸ ਕਰਕੇ ਆਪਣੇ ਆਪ ਨੂੰ ਬੰਧਨ = ਜੰਜਾਲਾਂ ਵਿਚ ਬੰਧਾਨੀ = ਬੰਨ੍ਹਾ ਲੈਂਦਾ ਹੈ **ਅਥਵਾ** ਇਸ ਨੇ ਸਾਰੀ ਜ਼ਿੰਦਗੀ ਕਾਮ, ਕ੍ਰੋਧ, ਲੋਭ, ਮੋਹ ਆਦਿ ਵਿਸ਼ੇ-ਵਿਕਾਰਾਂ ਵਿਚ ਬੰਧਾ ਲਈ ਹੈ ॥੭॥

## ਦਇਆਲ ਪੁਰਖ ਕਿਰਪਾ ਕਰਹੁ; ਨਾਨਕ ਦਾਸ ਦਸਾਨੀ ॥੮॥੩॥੧੫॥੪੪॥ਜੁਮਲਾ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਆਪਾਂ ਅਕਾਲ ਪੁਰਖ ਵਾਹਿਗੁਰੂ ਦੇ ਅੱਗੇ ਅਰਦਾਸ ਕਰੀਏ ਕਿ ਹੇ ਦਇਆਲ = ਦਇਆ ਦੇ ਘਰ ਪੂਰਨ ਪਰਮੇਸ਼ਰ ਸਾਡੇ 'ਤੇ ਕਿਰਪਾ ਦ੍ਰਿਸ਼ਟੀ ਕਰਹੁ = ਕਰੋ ਕਿ ਅਸੀਂ ਇਨ੍ਹਾਂ ਔਗੁਣਾਂ ਤੋਂ ਬਚ ਜਾਈਏ ਅਤੇ ਜੋ ਮਨ, ਬਾਣੀ, ਸਰੀਰ ਕਰ ਕੇ ਆਪ ਜੀ ਦੇ ਦਾਸ = ਸੇਵਕ ਹਨ, ਸਾਡੀ ਬਿਰਤੀ ਉਨ੍ਹਾਂ ਦੀ ਦਸਾਨੀ = ਦਾਸੀ ਹੋ ਜਾਵੇ, ਭਾਵ ਆਪ ਦੇ ਦਾਸਾਂ ਦੇ ਦਾਸ ਦਸਾਉਣਾ ਕਰੀਏ ॥੮॥੩॥੧੫॥੪੪॥ਜੁਮਲਾ॥

ਜੁਮਲਾ = ਫ਼ਾਰਸੀ ਵਿਚ ਜੁਮਲਾ ਜੋੜ ਨੂੰ ਕਹਿੰਦੇ ਹਨ।

**ਅੰਕਾਂ ਦਾ ਵੇਰਵਾ** :

੧੬ ਅਸਟਪਦੀਆ ਗਉੜੀ ਗੁਆਰੇਰੀ ਦੀਆਂ ਹਨ।
੨ ਅਸਟਪਦੀਆ ਗਉੜੀ ਬੈਰਾਗਣਿ ਦੀਆ ਹਨ।
੯ ਅਸਟਪਦੀਆ ਤੀਜੇ ਪਾਤਿਸ਼ਾਹ ਜੀ ਦੀਆਂ ਹਨ।
੨ ਕਰਹਲੇ ਚੌਥੇ ਪਾਤਿਸ਼ਾਹ ਜੀ ਦੇ ਹਨ।
੧੫ ਅਸਪਟਦੀਆ ਪੰਜਵੇਂ ਪਾਤਿਸ਼ਾਹ ਜੀ ਦੀਆਂ ਹਨ।

ਇਸ ਤਰ੍ਹਾਂ ਨਾਲ ੪੪ ਅੰਕ ਲਗਾ ਕੇ ਸਾਰੀਆਂ ਅਸਟਪਦੀਆਂ ਦਾ ਜੁਮਲਾ = ਜੋੜ ਕੀਤਾ ਹੈ।

## ੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥
## ਰਾਗੁ ਗਉੜੀ ਪੂਰਬੀ ਛੰਤ ਮਹਲਾ ੧ ॥

**ਉਥਾਨਕਾ** : ਸ੍ਰੀ ਗੁਰੂ ਨਾਨਕ ਦੇਵ ਜੀ ਦੱਖਣ ਦੇ ਇਲਾਕੇ ਵਿਚ ਨਰਬਦਾ ਨਦੀ ਦੇ ਕਿਨਾਰੇ ਜਿਥੇ

ਓਅੰਕਾਰ ਨਾਮ ਦਾ ਇਕ ਬਹੁਤ ਪ੍ਰਸਿੱਧ ਹਿੰਦੂ ਮੰਦਰ ਹੈ, ਉਸ ਥਾਂ 'ਤੇ ਸਤਿਗੁਰੂ ਜੀ ਨੇ ਦਖਣੀ ਓਅੰਕਾਰ ਨਾਮ ਦੀ ਬਾਣੀ ਉਚਾਰਨ ਕੀਤੀ, ਇਹ ਭਾਰਤ ਦੇ ਮੱਧ ਭਾਗ ਵਿਚ ਜ਼ਿਲ੍ਹਾ ਨੀਮਾੜ ਮਾਧਾਂਤਾ ਟਾਪੂ ਵਿਚ ਸਥਿਤ ਹੈ। ਇਸ ਪਾਸੇ ਵੈਰਾਗੀਆਂ ਦੀ ਜਮਾਤ ਦਾ ਮੁਖੀ ਰਾਮ ਥੰਮਣ ਸੀ, ਜੋ ਗੁਰੂ ਸਾਹਿਬ ਜੀ ਦੀ ਬੇਦੀ ਵੰਸ਼ ਵਿੱਚੋਂ ਮਾਸੀ ਦਾ ਪੁੱਤਰ ਲੱਗਦਾ ਸੀ। ਇਲਾਕੇ ਵਿਚ ਉਨ੍ਹਾਂ ਦਾ ਬੜਾ ਸਤਿਕਾਰ ਸੀ, ਵੈਰਾਗੀਆਂ ਦੀ ਜਮਾਤ ਦਾ ਇਹ ਪੂਜਨੀਕ ਸਾਧੂ ਸੀ। ਇਸ ਦੀ ਸੰਗਤ ਕਰ ਕੇ ਬਹੁਤ ਲੋਕ ਵੈਰਾਗ ਮੱਤ ਨੂੰ ਧਾਰਨ ਕਰ ਕੇ ਸੇਵਕ ਬਣ ਜਾਂਦੇ ਸਨ। ਇਥੇ ਦੱਖਣ ਦੇ ਵਿਚ ਰਾਮ ਥੰਮਣ ਗੁਰੂ ਜੀ ਨੂੰ ਮਿਲਿਆ ਅਤੇ ਬੇਨਤੀ ਕੀਤੀ ਕਿ ਹੇ ਗ਼ਰੀਬ ਨਿਵਾਜ਼! ਮੈਨੂੰ ਲੋਕ ਕਹਿੰਦੇ ਹਨ ਕਿ ਰਾਮ ਥੰਮਣ ਪਹੁੰਚਿਆ ਹੋਇਆ ਹੈ, ਪਰਮੇਸ਼ਰ ਦੀ ਪ੍ਰਾਪਤੀ ਵਾਲਾ ਹੈ, ਪਰ ਹੇ ਸਤਿਗੁਰੋ ਮੈਨੂੰ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੋਈ। ਆਪ ਮੇਰੇ 'ਤੇ ਕਿਰਪਾ ਦ੍ਰਿਸ਼ਟੀ ਕਰੋ ਕਿ ਮੈਨੂੰ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਵੇ, ਇਹ ਸੁਣ ਕੇ ਗੁਰੂ ਨੇ ਰਾਮ ਥੰਮਣ ਦੇ ਪ੍ਰਥਾਇ ਗਉੜੀ ਦੀ ਪੂਰਬੀ ਜਾਤੀ ਵਿਚ ਛੰਤ ਉਚਾਰਨ ਕੀਤੇ ਹਨ। ਇਸ ਦਾ ਜਨਮ ਮਾਤਾ ਲਖੋ ਦੀ ਕੁੱਖ ਤੋਂ ਸੀ, ਜੋ ਮਾਤਾ ਤ੍ਰਿਪਤਾ ਦੀ ਭੈਣ ਸੀ, *ਤਵਾਰੀਖ਼ ਗੁਰੂ ਖ਼ਾਲਸਾ* 'ਚ ਇਹ ਹੀ ਨਾਮ ਦਿੱਤਾ ਹੈ ਅਤੇ *ਮਹਾਨ ਕੋਸ਼* ਵਿਚ ਵੀ।

ਇਸ ਵਿਚ ਗੁਰੂ ਜੀ ਨੇ ਇਸ ਨੂੰ ਪ੍ਰੇਮੀ ਜਾਣ ਕੇ, ਉੱਤਮ, ਮੱਧਮ, ਕਨਿਸ਼ਟ ਸਖੀ ਦੇ ਸੰਬਾਦ ਦੁਆਰਾ ਉਪਦੇਸ਼ ਦੇਣਾ ਕੀਤਾ ਹੈ।

ਕਨਿਸ਼ਟ ਸਖੀ = ਜਦੋਂ ਆਪਣਾ ਕਨਿਸ਼ਟਪੁਣਾ ਛੱਡ ਕਰ ਕੇ ਉੱਤਮ ਸਖੀਆਂ ਦੀ ਨਿਆਈਂ ਹੋ ਜਾਵੇ, ਜਿੰਨਾ ਚਿਰ ਦੁਨੀਆਂ ਅੰਦਰ ਤਮੋਗੁਣ ਭਾਵ ਰਹਿੰਦਾ ਹੈ, ਉਤਨਾ ਚਿਰ ਕਨਿਸ਼ਟ ਸਖੀ ਬਣਿਆ ਰਹਿੰਦਾ ਹੈ।

ਮਧਮ ਸਖੀ = ਜਿੰਨਾ ਚਿਰ ਦੁਨੀਆਂ ਵਿਚ ਰਜੋਗੁਣ ਨਾਲ ਪਸਾਰਾ ਰਹਿੰਦਾ ਹੈ, ਉਤਨਾ ਚਿਰ ਮੱਧਮ ਸਖੀ ਦੀ ਨਿਆਈਂ ਬਣਿਆ ਰਹਿੰਦਾ ਹੈ।

ਉੱਤਮ ਸਖੀ = ਜਦੋਂ ਸਤੋਗੁਣ ਦੀ ਪ੍ਰਧਾਨਤਾ ਹੁੰਦੀ ਹੈ, ਉਦੋਂ ਉੱਤਮ ਸਖੀ ਦੀ ਨਿਆਈਂ ਬਣ ਜਾਂਦਾ ਹੈ।

ਇਸੇ ਤਰ੍ਹਾਂ ਗੁਰੂ ਜੀ ਨੇ ਉੱਤਮ ਮੱਧਮ ਕਨਿਸ਼ਟ ਸਾਰਿਆਂ ਨੂੰ ਤਾਰਨ ਵਾਸਤੇ ਉਪਦੇਸ਼ ਉਚਾਰਨ ਕੀਤਾ ਹੈ ਅਤੇ ਰਾਮ ਥੰਮਣ ਨੂੰ ਇਹ ਜਾਪ ਕਰਨ ਲਈ ਉਪਦੇਸ਼ ਦਿੱਤਾ। ਇਸ ਤੋਂ ਪਹਿਲਾਂ ਸਨਾਤਨ ਮੱਤ ਅਨੁਸਾਰ ਉਹ ਇਹ ਜਾਪ ਜਪਦਾ ਸੀ :

**ਹਰੇ ਰਾਮ ਹਰੇ ਰਾਮ ਰਾਮ ਰਾਮ ਹਰੇ ਹਰੇ।**
**ਹਰੇ ਕ੍ਰਿਸ਼ਨ ਹਰੇ ਕ੍ਰਿਸ਼ਨ ਕ੍ਰਿਸ਼ਨ ਕ੍ਰਿਸ਼ਨ ਹਰੇ ਹਰੇ।**

ਗੁਰੂ ਜੀ ਨੇ ਇਹ ਖੋੜਸਾ ਮੰਤਰ ਉਸ ਵਕਤ ਉਚਾਰਨ ਕੀਤਾ, ਜੋ ਗਉੜੀ ਦੇ ਛੰਤਾਂ ਦੇ ਆਦਿ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰੱਖਿਆ ਹੈ।

੧ = ਅਦ੍ਵੈਤ ਰੂਪ ਪਰਮੇਸ਼ਰ ਓੇ = ਸਾਰਿਆਂ ਦਾ ਪ੍ਰਕਾਸ਼ਕ, ਸਤਿਨਾਮੁ = ਉਸ ਦਾ ਨਾਮ ਸਤਿ ਸਰੂਪ ਹੈ, ਕਰਤਾ = ਸਾਰੀ ਸ੍ਰਿਸ਼ਟੀ ਨੂੰ ਰਚਣ ਵਾਲਾ ਹੈ, ਪੁਰਖੁ = ਸਾਰਿਆਂ ਥਾਵਾਂ ਵਿਚ ਪੂਰਨ, ਵਿਆਪਕ ਹੈ, ਜੋ ਗੁਰ ਪ੍ਰਸਾਦਿ = ਗੁਰਾਂ ਦੀ ਕ੍ਰਿਪਾ ਕਰ ਕੇ ਪ੍ਰਾਪਤ ਹੁੰਦਾ ਹੈ।

ਰਾਗ ਗਉੜੀ ਦੀ ਪੂਰਬੀ ਜਾਤੀ ਵਿਚ ਛੰਤ = ਜੱਸ ਰੂਪ ਬਾਣੀ ਮਹਲਾ ੧ = ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਉਚਾਰਨ ਕਰਦੇ ਹਨ।

ਇਸ ਸ਼ਬਦ ਵਿਚ ਸਤਿਗੁਰੂ ਸਾਹਿਬ ਜੀ ਪ੍ਰੱਤਖ ਪਤੀ ਤੋਂ ਵਿੱਛੜੀ ਹੋਈ ਇਸਤ੍ਰੀ ਦਾ ਬਾਹਰੀ ਦ੍ਰਿਸ਼ਟਾਂਤ ਦੇ ਕੇ ਅੰਤ੍ਰੀਵ ਭਾਵ ਵਿਚ ਜਗਿਆਸੂ ਰੂਪ ਇਸਤ੍ਰੀ ਦਾ ਪਤੀ ਪਰਮੇਸ਼ਰ ਤੋਂ ਪਇਆ ਵਿਛੋੜਾ, ਦੂਸਰੇ ਪਦ ਵਿਚ ਮਿਲਾਪ ਦਾ ਉਪਾਉ, ਤੀਸਰੇ ਪਦ ਵਿਚ ਉਪਾਉ ਦੇ ਵਰਤਣ ਤੇ ਪ੍ਰਾਪਤੀ ਦਾ ਵਰਨਣ ਹੈ ਅਤੇ ਚੌਥੇ ਪਦ ਵਿਚ ਪ੍ਰਾਪਤ ਹੋ ਗਈ ਮੇਲ ਅਵਸਥਾ ਦਾ ਕਥਨ ਹੈ। ਇਸ ਵਿਚ ਉੱਤਮ, ਮੱਧਮ ਤੇ ਕਨਿਸ਼ਟ ਸਖੀ

ਦੇ ਸੰਬਾਦ ਦੁਆਰਾ ਉਪਦੇਸ਼ ਕਥਨ ਹੈ। ਮੱਧਮ ਸਖੀ, ਉੱਤਮ ਸਖੀ ਦੇ ਪਾਸ ਕਨਿਸ਼ਟ ਸਖੀ[1] ਦੀ ਹਾਲਤ ਦੱਸਦੀ ਹੋਈ ਕਹਿੰਦੀ ਹੈ ਕਿ

## ਮੁੰਧ ਰੈਣਿ ਦੁਹੇਲੜੀਆ ਜੀਉ; ਨੀਦ ਨ ਆਵੈ ॥

ਹੇ ਮਹਾਤਮਾ ਜੀਉ = ਜੀ! ਪਤੀ ਤੋਂ ਵਿਛੜੀ ਹੋਈ ਇਸਤ੍ਰੀ ਵਾਂਗ ਉਸ ਸਾਸ਼ਤ੍ਰ ਗਿਆਨ ਤੋਂ ਹੀਣੀ, ਬਿਬੇਕ, ਵੈਰਾਗ, ਖਟ ਸੰਪਤੀ, ਮੋਖ, ਇੱਛਾ ਤੋਂ ਰਹਿਤ, ਪਰਮੇਸ਼ਰ ਪਤੀ ਦੀ ਗਿਆਤ ਤੋਂ ਹੀਣੀ ਮੁੰਧ[2] = ਮੁਗਧ, ਬੇਸਮਝ ਇਸਤ੍ਰੀ ਦੀ ਅਵਸਥਾ, ਉਮਰ ਰੂਪੀ ਰੈਣਿ = ਰਾਤ ਬਹੁਤ ਦੁਹੇਲੜੀਆ = ਦੁੱਖ ਵਿਚ ਬਤੀਤ ਹੁੰਦੀ ਹੈ, ਪਤੀ ਪਰਮੇਸ਼ਰ ਦੇ ਦਰਸ਼ਨ, ਮਿਲਾਪ ਤੋਂ ਬਿਨਾਂ ਉਸ ਨੂੰ ਪ੍ਰਤੱਖ, ਸ਼ਾਂਤੀ ਰੂਪੀ ਨੀਂਦ ਨ = ਨਹੀਂ ਆਵੈ = ਆਉਂਦੀ **ਵਾ:** ਜੋ ਚਿੱਤ ਦਾ ਇਕਾਗਰ ਹੋ ਕੇ ਪਤੀ ਪਰਮੇਸ਼ਰ ਦੇ ਧਿਆਨ ਵਿਚ ਸੁਰਤ ਨੇ ਜੁੜ ਜਾਣਾ ਹੈ, ਐਸੀ ਸਮਾਧੀ ਰੂਪੀ ਨੀਂਦ ਵੀ ਨਹੀਂ ਆਉਂਦੀ।

## ਸਾ ਧਨ ਦੁਬਲੀਆ ਜੀਉ; ਪਿਰ ਕੈ ਹਾਵੈ ॥

ਹੇ ਮਹਾਤਮਾ ਜੀਉ = ਜੀ! ਜਿਵੇਂ ਸਾ = ਉਹ ਪਤੀ ਤੋਂ ਵਿਛੜੀ ਹੋਈ ਧਨ = ਇਸਤ੍ਰੀ ਪਿਰ = ਪਤੀ ਕੈ = ਦੇ ਹਾਵੈ = ਵਿਯੋਗ ਕਰਕੇ ਦਿਨੋ-ਦਿਨ ਦੁਬਲੀਆ = ਕਮਜ਼ੋਰ ਹੋ ਜਾਂਦੀ ਹੈ, ਉਸੇ ਪ੍ਰਕਾਰ ਉਹ (ਕਨਿਸ਼ਟ) ਜਗਿਆਸੂ ਰੂਪ ਇਸਤ੍ਰੀ ਪਤੀ ਪਰਮੇਸ਼ਰ ਦੇ ਮਿਲਾਪ ਤੋਂ ਬਿਨਾਂ ਹਾਵੈ = ਹਾਹੁਕੇ ਲੈ-ਲੈ ਕਰਕੇ ਕਮਜ਼ੋਰ ਹੋ ਰਹੀ ਹੈ **ਵਾ:** ਉਹ ਆਭਾਸ ਬਿਰਤੀ ਰੂਪੀ ਇਸਤ੍ਰੀ ਨਿਰਬਲ ਹੋ ਰਹੀ ਹੈ, ਕਿਉਂਕਿ ਸਾਖੀ ਚੇਤਨ ਰੂਪੀ ਪਤੀ ਦੀ ਸਾਖਿਆਤਤਾ ਨਹੀਂ ਹੋਈ, ਜਿਸ ਕਰਕੇ ਹਾਵੈ = ਝੋਰਿਆਂ ਵਿਚ ਪਈ ਹੋਈ ਹਾਹੁਕੇ ਲੈਂਦੀ ਰਹਿੰਦੀ ਹੈ।

## ਧਨ ਥੀਈ ਦੁਬਲਿ ਕੰਤ ਹਾਵੈ; ਕੇਵ ਨੈਣੀ ਦੇਖਏ ॥[3]

ਕੰਤ = ਪਤੀ ਪਰਮੇਸ਼ਰ ਦੀ ਯਾਦ ਦੇ ਹਾਵੈ = ਝੋਰਿਆਂ, ਹਾਹੁਕਿਆਂ ਕਰਕੇ ਉਹ ਜਗਿਆਸੂ ਰੂਪ ਧਨ = ਇਸਤ੍ਰੀ, ਬਿਬੇਕ ਰੂਪੀ ਬਲ ਤੋਂ ਹੀਣੀ ਦੁਬਲਿ = ਕਮਜ਼ੋਰ ਥੀਈ = ਹੋ ਰਹੀ ਹੈ। ਹੇ ਉੱਤਮ ਸਖੀ! ਦੱਸ, ਉਹ ਕੇਵ = ਕਿਸ ਪ੍ਰਕਾਰ ਨੈਣੀ = ਨੇਤ੍ਰਾਂ ਨਾਲ ਪਤੀ ਪਰਮੇਸ਼ਰ ਨੂੰ ਦੇਖਏ = ਦੇਖਣਾ ਕਰੇ ?

## ਸੀਗਾਰ ਮਿਠ ਰਸ ਭੋਗ ਭੋਜਨ; ਸਭੁ ਝੂਠੁ ਕਿਤੈ ਨ ਲੇਖਏ ॥

ਹੇ ਮਹਾਤਮਾ ਰੂਪੀ ਉੱਤਮ ਸਖੀ! ਪਤੀ ਪਰਮੇਸ਼ਰ ਦੀ ਪ੍ਰਾਪਤੀ ਤੋਂ ਬਿਨਾਂ ਉਸਦੇ ਹੋਰ ਜਪ, ਤਪ,

---

੧. **ਉੱਤਮ ਸਖੀ** = ਸਤੋਗੁਣ ਦੀ ਪ੍ਰਧਾਨਤਾ ਦੇ ਸਹਿਤ ਉਹ ਮਹਾਤਮਾ ਰੂਪੀ ਸਖੀ ਜਿਸ ਨੂੰ ਪਤੀ ਪਰਮਾਤਮਾ ਪ੍ਰਾਪਤ ਹੋ ਚੁੱਕਾ ਹੈ।

**ਮੱਧਮ ਸਖੀ** = ਰਜੋਗੁਣ ਦੀ ਪ੍ਰਧਾਨਤਾ ਦੇ ਸਹਿਤ ਉਹ ਅਧਿਕਾਰੀ ਰੂਪੀ ਸਖੀ ਜੋ ਸਭ ਸਾਧਨਾਂ ਦੇ ਸੰਪੰਨ ਹੋ ਗਈ ਹੋਵੇ, ਪਰ ਬ੍ਰਹਮ ਦੀ ਸਾਖਿਆਤਤਾ ਵਿਚ ਕੁਝ ਦੇਰ ਹੋਵੇ।

**ਕਨਿਸ਼ਟ ਸਖੀ** = ਤਮੋਗੁਣ ਦੀ ਪ੍ਰਧਾਨਤਾ ਦੇ ਸਹਿਤ ਉਹ ਜਗਿਆਸੂ ਰੂਪ ਇਸਤ੍ਰੀ, ਜਿਸਨੇ ਅਜੇ ਕੋਈ ਸਾਧਨ ਨਹੀਂ ਕੀਤਾ, ਪਰ ਅੰਦਰ ਪਤੀ ਪਰਮੇਸ਼ਰ ਦੇ ਦਰਸ਼ਨਾਂ ਦੀ ਚਾਹਨਾ ਲੱਗ ਰਹੀ ਹੈ।

੨. ਮੰਧੁ ਉਸ ਚੜ੍ਹੀ ਜੁਆਨੀ ਦੀ ਮੁਟਿਆਰ ਨੂੰ ਕਹਿੰਦੇ ਹਨ, ਜਿਸ ਨੂੰ ਆਪਣੇ ਜੋਬਨ ਦਾ ਗਿਆਨ ਨਾ ਹੋਵੇ, ਪਰ ਚਾਉ ਤੇ ਉਤਸਾਹ ਹੋਵੇ **ਵਾ:** ਜਿਸ ਨੂੰ ਆਪਣੇ ਪਤੀ ਦੀ ਸੇਵਾ ਕਰਨ ਦੀ ਜਾਚ ਨਾ ਹੋਵੇ, ਉਸ ਬੇਸਮਝ ਇਸਤ੍ਰੀ ਨੂੰ ਮੰਧੁ (ਮੁਗਧ) ਕਹਿੰਦੇ ਹਨ, ਸਿੰਧੀ ਵਿਚ ਵੀ 'ਮੁੰਧ' ਪਦ ਮੁਟਿਆਰ ਅਰਥਾਂ ਵਿਚ ਹੈ।

੩. ਛੰਦ ਦੀ ਚਾਲ ਨੂੰ ਦੁਬਾਰਾ ਉਸੇ ਤਰ੍ਹਾਂ ਪਕੜਨਾ ਇਸ ਨੂੰ ਛੰਦ ਦਾ ਉਲਾਲਾ ਕਹਿੰਦੇ ਹਨ, ਇਸ ਦਾ ਨਾਮ 'ਸਿੰਘਾ ਬਿਲੋਕਣੀ ਛੰਦ' ਵੀ ਹੈ, ਭਾਵ ਜਿਵੇਂ ਸ਼ੇਰ ਅੱਗੇ ਨੂੰ ਚੱਲਦਾ ਹੋਇਆ ਪਿਛੇ ਵੱਲ ਨੂੰ ਵੇਖਦਾ ਜਾਂਦਾ ਹੈ, ਇਸੇ ਪ੍ਰਕਾਰ ਤੁੱਕਾਂ ਅੱਗੇ ਚੱਲ ਰਹੀਆਂ ਹਨ, ਪਰ ਪਿਚਲੇ ਪ੍ਰਕਰਣ ਨੂੰ ਵੀ ਵੇਖ ਰਹੀਆਂ ਹਨ।

ਪ੍ਰਾਣਾਯਾਮ ਰੂਪੀ ਕੀਤੇ ਸੀਗਾਰ = ਸ਼ਿੰਗਾਰ, ਮਿਠ = ਮਿੱਠੇ ਪਦਾਰਥਾਂ ਦਾ ਰਸ, ਠਾਕੁਰਾਂ ਨੂੰ ਭੋਗ ਆਦਿ ਲਗਾਉਣਾ ਤੇ ਭੋਜਨ ਆਦਿ ਅਰਪਣਾ **ਵਾ:** ਮਿੱਠੇ ਭੋਗ ਪਦਾਰਥ ਤੇ ਰਸਦਾਇਕ ਭੋਜਣ ਛੱਕਣੇ ਸਭੁ = ਸਾਰੇ ਝੂਠੁ = ਝੂਠੇ ਹੀ ਹਨ, ਪਤੀ ਪਰਮੇਸ਼ਰ ਦੀ ਪ੍ਰਾਪਤੀ ਤੋਂ ਬਿਨਾਂ ਉਹ ਕਿਤੈ = ਕਿਸੇ ਵੀ ਲੇਖਏ = ਲੇਖੇ ਵਿਚ ਨਹੀਂ ਹੈ, ਭਾਵ ਵਾਹਿਗੁਰੂ ਦੇ ਦਰ ਵਿਚ ਪ੍ਰਵਾਨਗੀ ਵਿਚ ਨਹੀਂ ਪੈਂਦੇ।

## ਮੈ ਮਤ ਜੋਬਨਿ ਗਰਬਿ ਗਾਲੀ; ਦੁਧਾ ਥਣੀ ਨ ਆਵਏ ॥

ਹੇ ਉੱਤਮ ਸਖੀ ! ਇੰਝ ਲੱਗਦਾ ਹੈ ਕਿ ਇਹ ਜੋਬਨਿ = ਜਵਾਨੀ ਦੇ ਗਰਬਿ = ਹੰਕਾਰ ਰੂਪੀ ਮੈ = ਸ਼ਰਾਬ ਦੀ ਮਤ = ਮਸਤੀ ਨੇ ਗਾਲੀ = ਗਾਲ਼ ਦਿੱਤੀ ਹੈ **ਵਾ:** ਮਮਤਾ ਰੂਪੀ ਸ਼ਰਾਬ ਪੀ ਕੇ ਮਸਤ ਹੋ ਰਹੀ ਹੈ ਤੇ ਜੋਬਨ ਅਵਸਥਾ ਦੇ ਹੰਕਾਰ ਵਿਚ ਗਲੀ ਫਿਰਦੀ ਹੈ (ਕਿ ਮੈਨੂੰ ਪਤੀ ਪਰਮੇਸ਼ਰ ਦੇ ਮਿਲਣ ਦਾ ਬਹੁਤ ਸ਼ੌਂਕ ਹੈ) ਪਰ ਹੰਕਾਰ ਕਰਕੇ ਵਾਹਿਗੁਰੂ ਦਾ ਪ੍ਰੇਮ ਗੁਆਈ ਬੈਠੀ ਹੈ, ਜਿਵੇਂ ਅਸਥਨਾਂ ਵਿੱਚੋਂ ਦੁਧਾ = ਚੋਇਆ ਹੋਇਆ ਦੁੱਧ ਮੁੜ ਥਣੀ = ਅਸਥਨਾਂ ਦੇ ਛਿਦ੍ਰਾਂ ਰਾਹੀ ਅੰਦਰ ਨਹੀਂ ਆਵਏ = ਆਉਂਦਾ, ਇਸੇ ਤਰ੍ਹਾਂ ਸਰੀਰ ਵਿੱਚੋਂ ਨਿਕਲੇ ਹੋਏ ਸੁਆਸ ਮੁੜ ਸਰੀਰ ਵਿਚ ਪ੍ਰਵੇਸ਼ ਨਹੀਂ ਹੋਣੇ **ਵਾ:** ਇਸੇ ਪ੍ਰਕਾਰ ਸਾਖੀ ਚੇਤਨ ਰੂਪੀ ਪਤੀ ਦੀ ਪ੍ਰਾਪਤੀ ਤੋਂ ਬਿਨਾਂ ਗਿਆਨ ਰੂਪੀ ਪੁੱਤਰ ਪੈਦਾ ਨਹੀਂ ਹੋ ਸਕਦਾ, ਗਿਆਨ ਰੂਪੀ ਪੁੱਤਰ ਵਾਸਤੇ ਸਾਧਨਾਂ ਰੂਪੀ ਅਸਥਨਾਂ ਵਿੱਚੋਂ ਨਿਸ਼ਕਾਮਤਾ ਰੂਪੀ ਦੁੱਧ ਨਹੀਂ ਆਵੇਗਾ।

## ਨਾਨਕ ਸਾ ਧਨ ਮਿਲੈ ਮਿਲਾਈ; ਬਿਨੁ ਪਿਰ ਨੀਦ ਨ ਆਵਏ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੱਧਮ ਸਖੀ, ਉੱਤਮ ਸਖੀ ਨੂੰ ਕਹਿੰਦੀ ਹੈ ਕਿ ਸਾ = ਉਹ ਕਨਿਸਟ ਜਗਿਆਸੂ ਰੂਪੀ ਧਨ = ਇਸਤ੍ਰੀ ਗੁਰੂ ਦੀ ਮਿਲਾਈ ਹੋਈ ਹੀ ਪਤੀ ਪਰਮੇਸ਼ਰ ਨਾਲ ਮਿਲੈ = ਮਿਲ ਸਕਦੀ ਹੈ, ਜਿਸ ਨੂੰ ਪਤੀ ਪਰਮੇਸ਼ਰ ਤੋਂ ਬਿਨੁ = ਬਗ਼ੈਰ ਪ੍ਰਤੱਖ, ਸ਼ਾਂਤੀ, ਸਮਾਧੀ ਰੂਪੀ ਨੀਂਦ ਨਹੀਂ ਆਵਏ = ਆਉਂਦੀ ॥੧॥

ਅੱਗੇ ਉੱਤਮ ਸਖੀ ਮੱਧਮ ਸਖੀ ਨੂੰ ਕਨਿਸ਼ਟ ਸਖੀ ਦੇ ਮਿਲਾਪ ਬਾਰੇ ਕਹਿੰਦੀ ਹੈ ਕਿ :

## ਮੁੰਧ ਨਿਮਾਨੜੀਆ ਜੀਉ; ਬਿਨੁ ਧਨੀ ਪਿਆਰੇ ॥

ਹੇ ਸਖੀ ਜੀਉ ! ਇਹ ਠੀਕ ਹੈ ਕਿ ਉਹ ਸਾਸਤ੍ਰ ਗਿਆਤ ਤੋਂ ਰਹਿਤ, ਜਗਿਆਸੂ ਰੂਪ ਬੇ-ਸਮਝ ਮੰਧੁ = ਇਸਤ੍ਰੀ, ਪਿਆਰੇ ਧਨੀ = ਮਾਲਕ ਪਤੀ ਪਰਮੇਸ਼ਰ ਦੀ ਪ੍ਰਾਪਤੀ ਤੋਂ ਬਿਨਾਂ ਨਿਮਾਨੜੀਆ = ਨਿਮਾਣੀ ਹੋ ਰਹੀ ਹੈ।

## ਕਿਉ ਸੁਖੁ ਪਾਵੈਗੀ; ਬਿਨੁ ਉਰ ਧਾਰੇ ॥

ਹੇ ਸਖੀ ! ਪਰ ਵੀਚਾਰ ਕਰਕੇ ਦੇਖ ਕਿ ਉਹ ਪਤੀ ਪਰਮੇਸ਼ਰ ਦੇ ਨਾਮ ਨੂੰ ਆਪਣੇ ਉਰ = ਹਿਰਦੇ ਵਿਚ ਧਾਰੇ = ਧਾਰਨ ਕੀਤੇ ਤੋਂ ਬਿਨੁ = ਬਗ਼ੈਰ ਕਿਉ = ਕਿਵੇਂ ਪਤੀ ਦੇ ਸੁਖੁ = ਅਨੰਦ ਨੂੰ ਪਾਵੈਗੀ = ਪਾਉਣਾ ਕਰੇਗੀ **ਵਾ:** ਗੁਰੂ ਸਾਹਿਬ ਦਾ ਉਪਦੇਸ਼ ਹਿਰਦੇ ਵਿਚ ਧਾਰੇ ਤੋਂ ਬਗ਼ੈਰ ਬ੍ਰਹਮਾਨੰਦ ਰੂਪੀ ਸੁੱਖ ਕਿਵੇਂ ਪਾਉਣਾ ਕਰੇਗੀ, ਭਾਵ ਨਹੀਂ ਪਾ ਸਕਦੀ।

## ਨਾਹ ਬਿਨੁ, ਘਰ ਵਾਸੁ ਨਾਹੀ; ਪੁਛਹੁ ਸਖੀ ਸਹੇਲੀਆ ॥

ਹੇ ਸਖੀ ! ਭਾਵੇਂ ਤੂੰ ਪਤੀ ਪ੍ਰਾਪਤੀ ਵਾਲੀਆਂ ਹੋਰਨਾਂ ਸਖੀ ਸਹੇਲੀਆ = ਪਿਆਰੀਆਂ ਸਖੀਆਂ ਤੋਂ ਪੁਛਹੁ = ਪੁੱਛ ਲੈਣਾ ਕਰ ਨਾਹ = ਪਤੀ ਤੋਂ ਬਿਨੁ = ਬਗ਼ੈਰ ਘਰ ਵਿਚ ਇਸਤ੍ਰੀ ਦਾ ਵਾਸੁ = ਵਸੇਬਾ ਨਹੀਂ ਹੈ **ਅਥਵਾ** ਭਾਵੇਂ ਭਗਤੀ ਵਾਲੀਆਂ ਸਖੀਆਂ ਤੇ ਸ਼ਰਧਾ ਵਾਲੀਆਂ ਸਹੇਲੀਆਂ ਤੋਂ ਪੁਛਹੁ = ਪੁੱਛ ਲੈਣਾ ਕਰ

ਪਤੀ ਅਕਾਲ ਪੁਰਖ ਦੀ ਪ੍ਰਾਪਤੀ ਤੋਂ ਬਿਨਾਂ ਸਰੂਪ, ਤੁਰੀਆ ਪਦ ਰੂਪੀ ਘਰ ਵਿਚ ਵਾਸਾ ਨਹੀਂ ਹੁੰਦਾ **ਵਾ:** ਸਾਧਸੰਗਤ ਰੂਪੀ ਘਰ ਵਿਚ ਵਸੇ ਤੋਂ ਬਗ਼ੈਰ ਪਤੀ ਅਕਾਲ ਪੁਰਖ ਦੀ ਪ੍ਰਾਪਤੀ ਨਹੀਂ ਹੁੰਦੀ **ਵਾ:** ਸਤਿਸੰਗਤ ਰੂਪੀ ਘਰ ਵਿਚ ਵਸੇ ਤੋਂ ਬਗ਼ੈਰ ਅੰਤਹਕਰਨ ਰੂਪੀ ਘਰ ਵਿਚ ਵਸਿਆ ਨਹੀਂ ਜਾਂਦਾ, ਅੰਤਹਕਰਨ ਰੂਪੀ ਘਰ ਵਿਚ ਵਸੇ ਤੋਂ ਬਗ਼ੈਰ ਅੰਤਰਮੁਖ ਬਿਰਤੀ ਰੂਪੀ ਘਰ ਵਿਚ ਵਸਿਆ ਨਹੀਂ ਜਾਂਦਾ, ਅੰਤਰਮੁਖ ਬਿਰਤੀ ਰੂਪੀ ਘਰ ਵਿਚ ਵਸੇ ਤੋਂ ਬਗ਼ੈਰ ਤੁਰੀਆ ਪਦ ਰੂਪੀ ਘਰ ਵਿਚ ਵਸਿਆ ਨਹੀਂ ਜਾਂਦਾ ਤੁਰੀਆ ਪਦ ਰੂਪੀ ਘਰ ਵਿਚ ਵਸੇ ਤੋਂ ਬਗ਼ੈਰ ਪਤੀ ਪਰਮੇਸ਼ਰ ਦਾ ਰਿਦੇ ਵਿਚ ਵਾਸਾ ਨਹੀਂ ਹੁੰਦਾ।

## ਬਿਨੁ ਨਾਮ, ਪ੍ਰੀਤਿ ਪਿਆਰੁ ਨਾਹੀ; ਵਸਹਿ ਸਾਚਿ ਸੁਹੇਲੀਆ ॥

ਹੇ ਸਖੀ! ਪਤੀ ਪਰਮੇਸ਼ਰ ਦੇ ਨਾਮ ਨੂੰ ਹਿਰਦੇ ਵਿਚ ਧਾਰੇ ਤੋਂ ਬਿਨੁ = ਬਗ਼ੈਰ ਪਤੀ ਪਰਮੇਸ਼ਰ ਨਾਲ ਪ੍ਰੀਤਿ = ਪ੍ਰੀਤੀ ਤੇ ਪਿਆਰ ਨਹੀਂ ਲੱਗਦਾ **ਵਾ:** ਉਸਦੇ ਨਾਮ ਦੇ ਪਿਆਰ ਤੋਂ ਬਗ਼ੈਰ ਉਸ ਵਿਚ ਪ੍ਰੀਤੀ ਨਹੀਂ ਲੱਗਦੀ, ਪਰ ਜੋ ਸਾਚਿ = ਸੱਚੇ ਨਾਮ ਵਿਚ ਵਸਹਿ = ਵਸਦੀਆਂ ਹਨ, ਉਹੋ ਹੀ ਸੁਹੇਲੀਆ = ਸਖੀ ਹੁੰਦੀਆਂ ਹਨ।

## ਸਚੁ ਮਨਿ ਸਜਨ ਸੰਤੋਖਿ ਮੇਲਾ; ਗੁਰਮਤੀ ਸਹੁ ਜਾਣਿਆ ॥

ਹੇ ਸਖੀ! ਜਿਨ੍ਹਾਂ ਦੇ ਮਨਿ = ਹਿਰਦੇ ਵਿਚ ਸਜਨ = ਪਿਆਰੇ ਪਤੀ ਪਰਮੇਸ਼ਰ ਦਾ ਸੱਚਾ ਨਾਮ ਵੱਸ ਗਿਆ ਹੈ **ਵਾ:** ਜਿਨ੍ਹਾਂ ਦੇ ਹਿਰਦੇ ਵਿਚ ਸਚੁ = ਸਤ, ਸੰਤੋਖ ਆਦਿ ਸ਼ੁਭ ਗੁਣ ਵਸੇ ਹਨ, ਉਨ੍ਹਾਂ ਦਾ ਸੱਜਣ ਰੂਪੀ ਹਰੀ ਨਾਲ ਮੇਲਾ = ਮਿਲਾਪ ਹੋਇਆ ਹੈ ਅਤੇ ਉਨ੍ਹਾਂ ਨੇ ਹੀ ਗੁਰਮਤੀ = ਗੁਰਾਂ ਦੀ ਸਿੱਖਿਆ ਦੁਆਰਾ ਸਹੁ = ਪਤੀ ਅਕਾਲ ਪੁਰਖ ਨੂੰ ਜਾਣਿਆ = ਜਾਨਣਾ ਕੀਤਾ ਹੈ।

## ਨਾਨਕ ਨਾਮੁ ਨ ਛੋਡੈ ਸਾ ਧਨ; ਨਾਮਿ ਸਹਜਿ ਸਮਾਣੀਆ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਪਤੀ ਪਰਮੇਸ਼ਰ ਦੇ ਨਾਮ ਸਿਮਰਨ ਨੂੰ ਕਦਾਚਿਤ ਵੀ ਛੋਡੈ = ਛੱਡਦੀ ਨਹੀਂ ਹੈ ਭਾਵ ਅੱਠੇ ਪਹਿਰ ਯਾਦ ਕਰਦੀ ਹੈ ਸਾ = ਉਹ ਜਗਿਆਸੂ ਰੂਪ ਧਨ = ਇਸਤ੍ਰੀ ਪਰਮੇਸ਼ਰ ਪਤੀ ਦੀ ਪ੍ਰਾਪਤੀ ਵਾਲੀ ਹੈ, ਕਿਉਂਕਿ ਜੋ ਵੀ ਪਤੀ ਪਰਮੇਸ਼ਰ ਨਾਲ ਮਿਲੀ ਹੈ ਉਹ ਨਾਮ ਕਰਕੇ ਹੀ ਸਹਜਿ = ਸੁਤੇ ਸਿਧ ਉਸਦੇ ਸਰੂਪ ਵਿਚ ਸਮਾਣੀਆ = ਅਭੇਦ ਹੋਈ ਹੈ ॥੨॥

## ਮਿਲੁ ਸਖੀ ਸਹੇਲੜੀਹੋ; ਹਮ ਪਿਰੁ ਰਾਵੇਹਾ ॥

ਮੱਧਮ ਸਖੀ, ਕਨਿਸ਼ਟ ਸਖੀ ਨੂੰ ਕਹਿੰਦੀ ਹੈ ਕਿ ਹੇ ਸਖੀ! ਤੂੰ ਸਖੀ ਸਹੇਲੜੀਹੋ = ਪਿਆਰੀਆਂ ਮਹਾਤਮਾ ਰੂਪੀ ਉੱਤਮ ਸਖੀਆਂ ਨਾਲ ਮਿਲੁ = ਮਿਲਣਾ ਕਰ, ਹਮ = ਮੈਂ ਵੀ ਮਿਲਦੀ ਹਾਂ ਫੇਰ ਆਪਾਂ ਦੋਵੇਂ ਪਿਰੁ = ਪਤੀ ਅਕਾਲ ਪੁਰਖ ਦੇ ਅਨੰਦ ਨੂੰ ਰਾਵੇਹਾ = ਮਾਨਣਾ ਕਰਾਂਗੀਆਂ।

## ਗੁਰ ਪੁਛਿ ਲਿਖਉਗੀ ਜੀਉ; ਸਬਦਿ ਸਨੇਹਾ ॥

ਮੈਂ ਪਹਿਲਾਂ ਗੁਰੂ ਨੂੰ ਪੁੱਛ ਕੇ ਉਸਦੇ ਸਬਦਿ = ਉਪਦੇਸ਼ ਦੁਆਰਾ ਪਤੀ ਦੀ ਪ੍ਰਾਪਤੀ ਦਾ ਸਨੇਹਾ = ਸੰਦੇਸਾ ਲਿਖਉਗੀ = ਲਿਖ ਲਵਾਂਗੀ ਜੀਉ = ਜੀ।

## ਸਬਦੁ ਸਾਚਾ ਗੁਰਿ ਦਿਖਾਇਆ; ਮਨਮੁਖੀ ਪਛੁਤਾਣੀਆ ॥

ਗੁਰਿ = ਗੁਰਾਂ ਨੇ ਮੈਨੂੰ ਪਤੀ ਦੇ ਸੁਨੇਹੇ ਵਾਲਾ ਸਾਚਾ ਸਬਦੁ = ਉਪਦੇਸ਼ ਦਿਖਾਇਆ = ਦਿਖਾਉਣਾ ਕੀਤਾ ਹੈ **ਵਾ:** ਗੁਰਾਂ ਨੇ ਸ਼ਬਦ ਦੁਆਰਾ ਸੱਚਾ ਪਰਮੇਸ਼ਰ ਦਿਖਾ ਦਿੱਤਾ ਹੈ, ਪਰ ਮਨਮੁਖ ਰੂਪੀ ਜੀਵ ਇਸਤ੍ਰੀਆਂ

ਸਤਿਗੁਰਾਂ ਦੀ ਸ਼ਰਨ ਵਿਚ ਆਉਣ ਤੋਂ ਬਿਨਾਂ ਹੋਣ ਕਰਕੇ ਪਛੁਤਾਣੀਆ = ਪਸ਼ਚਾਤਾਪ ਹੀ ਕਰਦੀਆਂ ਰਹਿੰਦੀਆਂ ਹਨ।

## ਨਿਕਸਿ ਜਾਤਉ ਰਹੈ ਅਸਥਿਰੁ; ਜਾਮਿ ਸਚੁ ਪਛਾਣਿਆ॥

ਜਾਮਿ = ਜਦੋਂ ਮੈਂ ਗੁਰਾਂ ਦੇ ਸ਼ਬਦ ਦੁਆਰਾ ਸਚੁ = ਸੱਚੇ ਪਤੀ ਪਰਮੇਸ਼ਰ ਨੂੰ ਪਛਾਣਿਆ = ਪਹਿਚਾਣ ਲਿਆ ਤਾਂ ਜੋ ਮੇਰਾ ਮਨ ਪਹਿਲਾਂ ਸੰਕਲਪਾਂ-ਵਿਕਲਪਾਂ ਵਿਚ ਨਿਕਸਿ = ਨਿਕਲ ਜਾਤਉ = ਜਾਂਦਾ ਸੀ, ਉਹ ਹੁਣ ਅਸਥਿਰੁ = ਇਸਥਿਤ ਰਹੈ = ਰਹਿੰਦਾ ਹੈ।

## ਸਾਚ ਕੀ ਮਤਿ ਸਦਾ ਨਉਤਨ; ਸਬਦਿ ਨੇਹੁ ਨਵੇਲਓ॥

ਇਹ ਤੂੰ ਨਿਸ਼ਚੇ ਕਰਕੇ ਜਾਣ ਲੈ ਕਿ ਗੁਰੂ ਦੁਆਰਾ ਸਾਚ = ਸੱਚੇ ਕੀ = ਦੀ ਪ੍ਰਾਪਤੀ ਵਾਲੀ ਦਿੱਤੀ ਹੋਈ ਮਤਿ = ਸਿੱਖਿਆ ਸਦਾ = ਹਮੇਸ਼ਾ ਨਉਤਨ = ਨਵੀਨ ਹੈ ਅਤੇ ਜੋ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਪਤੀ ਪਰਮੇਸ਼ਰ ਦਾ ਨੇਹੁ = ਪ੍ਰੇਮ ਪੈਦਾ ਹੋਣਾ ਹੈ, ਇਹ ਵੀ ਸਦਾ ਨਵੇਲਓ = ਨਵੀਨ ਰਹਿਣ ਵਾਲਾ ਹੈ **ਵਾ:** ਫੇਰ ਦੁਬਾਰਾ ਇਹ ਮਨੁੱਖਾ ਜਨਮ ਰੂਪੀ (ਨ+ਵੇਲਓ) ਵੇਲਓ = ਸਮਾਂ ਨਹੀਂ ਮਿਲਣਾ, ਹੁਣ ਹੀ ਪਤੀ ਪਰਮੇਸ਼ਰ ਦੀ ਪ੍ਰਾਪਤੀ ਹੋ ਸਕਦੀ ਹੈ।

## ਨਾਨਕ ਨਦਰੀ ਸਹਜਿ ਸਾਚਾ; ਮਿਲਹੁ ਸਖੀ ਸਹੇਲੀਹੋ॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਹੇ ਸਖੀ ਸਹੇਲੀਹੋ = ਪਿਆਰੀ ਸਖੀਓ! ਤੁਸੀਂ ਵੀ ਗੁਰਾਂ ਦੇ ਸ਼ਬਦ ਦੁਆਰਾ ਉਸ ਪਤੀ ਪਰਮੇਸ਼ਰ ਨੂੰ ਮਿਲਹੁ = ਮਿਲਣਾ ਕਰੋ, ਜੋ ਸਾਚਾ = ਸੱਤਯ ਸਰੂਪ ਤੇ ਸਹਜਿ = ਸੁਤੇ ਸਿਧ ਸੁਭਾਵਿਕ ਹੀ ਨਦਰੀ = ਕਿਰਪਾ ਦ੍ਰਿਸ਼ਟੀ ਕਰਨ ਵਾਲਾ ਹੈ॥੩॥ ਹੁਣ ਅੱਗੇ ਉੱਤਮ ਸਖੀ ਨੂੰ ਜੋ ਪਤੀ ਪਰਮੇਸ਼ਰ ਦੀ ਪ੍ਰਾਪਤੀ ਕਰਕੇ ਅਨੰਦ ਪ੍ਰਾਪਤ ਹੋਇਆ, ਉਸਦਾ ਵਰਨਣ ਹੈ।

## ਮੇਰੀ ਇਛ ਪੁਨੀ ਜੀਉ; ਹਮ ਘਰਿ ਸਾਜਨੁ ਆਇਆ॥

ਹੇ ਸਖੀਓ! ਮੇਰੀ ਪਤੀ ਪਰਮੇਸ਼ਰ ਦੀ ਪ੍ਰਾਪਤੀ ਦੀ ਇਛ = ਆਸਾ ਪੁਨੀ = ਪੂਰੀ ਹੋ ਗਈ ਹੈ ਜੀ, ਕਿਉਂਕਿ ਹਮ = ਮੇਰੇ ਹਿਰਦੇ ਰੂਪੀ ਘਰ ਵਿਚ ਸਾਜਨੁ = ਪਿਆਰਾ ਪਤੀ ਪਰਮੇਸ਼ਰ ਆਇਆ = ਆ ਕੇ ਸਾਖਿਆਤ ਹੋ ਗਿਆ ਹੈ।

## ਮਿਲਿ ਵਰੁ ਨਾਰੀ; ਮੰਗਲੁ ਗਾਇਆ॥

ਵਰੁ = ਪਤੀ ਪਰਮੇਸ਼ਰ ਨੂੰ ਮਿਲਿ = ਮਿਲਣੇ ਕਰਕੇ ਸਭ ਜਗਿਆਸੂ ਰੂਪ ਨਾਰੀ = ਇਸਤ੍ਰੀਆਂ ਨੇ ਮੰਗਲੁ = ਖ਼ੁਸ਼ੀ ਦੇ ਗੀਤਾਂ ਨੂੰ ਗਾਇਆ = ਗਾਉਣਾ ਕੀਤਾ ਹੈ **ਵਾ:** ਇੰਦ੍ਰੀਆਂ ਰੂਪੀ ਸਖੀਆਂ ਨੇ ਮਿਲ ਕੇ ਜਸ ਗਾਉਣਾ ਕੀਤਾ ਹੈ **ਵਾ:** ਬਿਰਤੀਆਂ ਰੂਪੀ ਸਖੀਆਂ ਨੇ ਉਲਟ ਭਾਵ ਸ਼ੁੱਧ ਚਿੱਤ ਹੋ ਕੇ ਮੰਗਲਾਚਾਰ ਗਾਉਣਾ ਕੀਤਾ ਹੈ **ਵਾ:** ਜੋ ਜਗਿਆਸੂ ਰੂਪ ਇਸਤ੍ਰੀਆਂ ਪਤੀ ਪਰਮੇਸ਼ਰ ਨਾਲ ਮਿਲੀਆਂ ਹਨ ਉਨ੍ਹਾਂ ਨੇ ਜਸ ਗਾਉਣਾ ਕੀਤਾ ਹੈ।

## ਗੁਣ ਗਾਇ ਮੰਗਲੁ ਪ੍ਰੇਮਿ ਰਹਸੀ; ਮੁੰਧ ਮਨਿ ਓਮਾਹਓ॥

ਪਤੀ ਪਰਮੇਸ਼ਰ ਦੇ ਮੰਗਲੁ = ਜਸ ਤੇ ਗੁਣ ਨੂੰ ਗਾਇ = ਗਾ ਕੇ ਮੈਂ ਪ੍ਰੇਮ ਵਿਚ ਰਹਸੀ = ਅਨੰਦਿਤ, ਇਸਥਿਤ ਹੋਈ ਹਾਂ, ਇਸ ਤੇ ਮੈਂ ਮੰਧੁ = ਇਸਤ੍ਰੀ ਦੇ ਮਨਿ = ਹਿਰਦੇ ਵਿਚ ਓਮਾਹਓ = ਉਤਸ਼ਾਹ ਹੋ ਗਿਆ ਹੈ।

## ਸਾਜਨ ਰਹੰਸੇ ਦੂਸਟ ਵਿਆਪੇ; ਸਾਚੁ ਜਪਿ ਸਚੁ ਲਾਹਓ ॥

ਦੈਵੀ ਗੁਣ ਰੂਪੀ ਸਾਜਨ = ਸੱਜਣ ਰਹੰਸੇ = ਪ੍ਰਸੰਨ ਹੋ ਗਏ ਅਤੇ ਆਸੁਰੀ ਸੰਪਦਾ ਰੂਪੀ ਦੂਸਟ ਵਿਆਪੇ = ਬਿਪਤਾ ਨੂੰ ਫੜੇ ਗਏ ਭਾਵ ਨਸ਼ਟ ਹੋ ਗਏ ਹਨ ਇਹ ਸਾਚੁ = ਸੱਚੇ ਨਾਮ ਨੂੰ ਜਪਿ = ਜਪਣ ਕਰਕੇ ਸੱਚੇ ਪਤੀ ਪਰਮੇਸ਼ਰ ਦੀ ਪ੍ਰਾਪਤੀ ਰੂਪੀ ਸੱਚਾ ਲਾਹਓ = ਲਾਭ ਪ੍ਰਾਪਤ ਹੋਇਆ ਹੈ।

## ਕਰ ਜੋੜਿ ਸਾ ਧਨ ਕਰੈ ਬਿਨਤੀ; ਰੈਣਿ ਦਿਨੁ ਰਸਿ ਭਿੰਨੀਆ ॥

ਜਿਸ ਪ੍ਰਕਾਰ ਸਾ = ਉਹ ਪਰਮੇਸ਼ਰ ਪਤੀ ਦੀ ਪ੍ਰਾਪਤੀ ਲਈ ਜਗਿਆਸੂ ਰੂਪੀ ਧਨ = ਇਸਤ੍ਰੀ ਬਿਨਤੀ = ਬੇਨਤੀ ਕਰੈ = ਕਰਦੀ ਹੈ, ਉਵੇਂ ਹੀ ਮੈਂ ਵੀ ਆਪਣੇ ਪ੍ਰਤੱਖ ਦੋਵੇਂ ਕਰ = ਹੱਥ ਜੋੜ ਕੇ **ਵਾ:** ਮਨ ਬੁੱਧ ਰੂਪੀ ਹੱਥ ਜੋੜ ਕੇ ਬੇਨਤੀ ਕਰਦੀ ਸੀ, ਹੁਣ ਜਦੋਂ ਪ੍ਰਾਪਤੀ ਹੋ ਗਈ ਹੈ ਤਾਂ ਮੇਰੀ ਬਿਰਤੀ ਰੈਣਿ = ਰਾਤ, ਦਿਨ ਆਤਮ ਰਸ ਵਿਚ ਭਿੰਨੀਆ = ਭਿੱਜੀ ਰਹਿੰਦੀ ਹੈ।

## ਨਾਨਕ ਪਿਰੁ ਧਨ ਕਰਹਿ ਰਲੀਆ; ਇਛ ਮੇਰੀ ਪੁੰਨੀਆ ॥੪॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉੱਤਮ ਸਖੀ ਇਉਂ ਕਹਿੰਦੀ ਹੈ ਕਿ ਮੈਂ ਧਨ = ਇਸਤ੍ਰੀ ਤੇ ਪਿਰੁ = ਪਤੀ ਅਕਾਲ ਪੁਰਖ ਹੁਣ ਮਿਲਾਪ ਦੀਆਂ ਰਲੀਆ = ਖ਼ੁਸ਼ੀਆਂ ਮਾਨਣਾ ਕਰਹਿ = ਕਰ ਰਹੇ ਹਾਂ, ਮੇਰੀ ਪਤੀ ਪ੍ਰਾਪਤੀ ਦੀ ਸਭ ਇਛ = ਆਸਾ ਪੁੰਨੀਆ = ਪੂਰੀ ਹੋ ਗਈ ਹੈ ॥੪॥੧॥

ਸੋ ਭਾਵ ਕਿ ਹੇ ਮੱਧਮ ਤੇ ਕਨਿਸ਼ਟ ਸਖੀਓ ! ਤੁਸੀਂ ਵੀ ਜਪ, ਤਪ, ਸਾਧਨਾਂ ਆਦਿ ਦੀ ਹਉਮੈ ਤਿਆਗ ਕੇ ਤੇ ਨਿੰਮ੍ਰਤਾ ਦੇ ਸਹਿਤ ਹੋ ਕੇ ਪਤੀ ਅਕਾਲ ਪੁਰਖ ਪਾਸ ਬੇਨਤੀਆਂ ਕਰੋ, ਉਹ ਆਪ ਹੀ ਪ੍ਰਸੰਨ ਹੋ ਕੇ ਤੁਹਾਨੂੰ ਮਿਲ ਪਵੇਗਾ ਤੇ ਫੇਰ ਵਿਛੋੜੇ ਆਦਿ ਦੀ ਸਭ ਤਪਸ਼ ਮਿਟ ਜਾਵੇਗੀ।

**[ਅੰਗ ੨੪੩]**

## ਗਉੜੀ ਛੰਤ ਮਹਲਾ ੧ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਰਾਮ ਥੰਮਣ ਜੀ ਨੂੰ ਨਿਹਾਲ ਕੀਤਾ, ਤਾਂ ਇਸ ਦੇ ਨਾਲ ਹੋਰ ਸੇਵਕ ਸਮਦਰਸ਼ੀ ਸੀ। ਉਸ ਨੇ ਗੁਰੂ ਸਾਹਿਬ ਜੀ ਦੇ ਚਰਨ ਪਕੜ ਲਏ ਤੇ ਕਹਿਣ ਲੱਗਾ ਕਿ ਹੇ ਮਹਾਰਾਜ ਮੇਰੇ 'ਤੇ ਵੀ ਕ੍ਰਿਪਾ ਕਰੋ ? ਉਸ ਨੇ ਜੋ ਕਿਹਾ ਸਤਿਗੁਰੂ ਜੀ ਉਸ ਨੂੰ ਤਿੰਨ ਸਖੀਆਂ ਦੇ ਸੰਬਾਦ ਦੁਆਰਾ ਆਪਣੇ ਮੁਖ ਨਾਲ ਕਥਨ ਕਰਦੇ ਹੋਏ ਉਪਦੇਸ਼ ਦਿੰਦੇ ਹਨ

## ਸੁਣਿ ਨਾਹ ਪ੍ਰਭੂ ਜੀਉ; ਏਕਲੜੀ ਬਨ ਮਾਹੇ ॥

(**ਏਕਲ-ੜੀ** ਦਾ ਉਚਾਰਨ ਡੈਸ਼ ਲੱਗਾ ਕੇ ਹੈ)

ਹੇ ਨਾਹ = ਪਤੀ ਪ੍ਰਭੂ = ਪਰਮੇਸ਼ਰ ਜੀਉ = ਜੀ ! ਮੇਰੀ ਬੇਨਤੀ ਨੂੰ ਸੁਣਿ = ਸੁਨਣਾ ਕਰੋ ਮੈਂ ਸੰਸਾਰ ਰੂਪੀ ਬਨ = ਜੰਗਲ ਮਾਹੇ = ਵਿਚ ਏਕਲੜੀ = ਇਕੱਲੀ ਹਾਂ, ਸੰਸਾਰ ਵਿਚ ਸਭ ਮਤਲਬੀ ਲੋਕ ਹਨ **ਵਾ:** ਸੰਸਾਰ ਦੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪੀ ਭਾਰੀ ਬਨ = ਜੰਗਲ ਮਾਹੇ = ਵਿਚ ਇਕੱਲੀ ਦੁਖੀ ਹੋ ਰਹੀ ਹਾਂ।

## ਕਿਉ ਧੀਰੈਗੀ ਨਾਹ ਬਿਨਾ; ਪ੍ਰਭ ਵੇਪਰਵਾਹੇ ॥

ਹੇ ਨਾਹ = ਪਤੀ ਪ੍ਰਭ = ਪਰਮੇਸ਼ਰ ਜੀ ! ਆਪ ਜੀ ਦੀ ਪ੍ਰਾਪਤੀ ਤੋਂ ਬਿਨਾ = ਬਗ਼ੈਰ ਕਿਉ = ਕਿਵੇਂ ਮੇਰੀ ਸੁਰਤ ਧੀਰੈਗੀ = ਧੀਰਜ ਦੇ ਸਹਿਤ ਹੋਵੇਗੀ, ਕਿਉਂਕਿ ਆਪ ਜੀ ਤਾਂ ਵੇਪਰਵਾਹੇ = ਬੇਮੁਥਾਜ ਹੋ।

## ਧਨ ਨਾਹ ਬਾਝਹੁ ਰਹਿ ਨ ਸਾਕੈ; ਬਿਖਮ ਰੈਣਿ ਘਣੇਰੀਆ ॥

ਜਿਵੇਂ ਧਨ = ਇਸਤਰੀ ਨਾਹ = ਪਤੀ ਤੋਂ ਬਾਝਹੁ = ਬਿਨਾਂ ਰਹਿ ਨ = ਨਹੀਂ ਸਾਕੈ = ਸਕਦੀ, ਉਸ ਦੀ ਰੈਣਿ = ਰਾਤ ਘਣੇਰੀਆ = ਬੜੀ ਬਿਖਮ = ਕਠਨ ਬਤੀਤ ਹੁੰਦੀ ਹੈ **ਵਾ:** ਇਸੇ ਪ੍ਰਕਾਰ ਹੇ ਪਤੀ ਪਰਮੇਸਰ! ਮੇਰੀ ਜੀਵ ਰੂਪ ਇਸਤ੍ਰੀ ਦੀ ਸੁਰਤ ਤੇਰੀ ਪ੍ਰਾਪਤੀ ਤੋਂ ਬਗ਼ੈਰ ਰਹਿ ਨਹੀਂ ਸਕਦੀ ਇਸੇ ਲਈ ਮੇਰੀ ਅਵਸਥਾ, ਉਮਰ ਰੂਪੀ ਰਾਤ ਬੜੀ ਕਠਨ ਬਤੀਤ ਹੋ ਰਹੀ ਹੈ।

## ਨਹ ਨੀਦ ਆਵੈ ਪ੍ਰੇਮੁ ਭਾਵੈ; ਸੁਣਿ ਬੇਨੰਤੀ ਮੇਰੀਆ ॥

ਹੇ ਮਹਾਰਾਜ! ਮੈਨੂੰ ਸ਼ਾਂਤੀ ਰੂਪ ਨੀਦ ਨਹ = ਨਹੀਂ ਆਵੈ = ਆਉਂਦੀ, ਕਿਉਂਕਿ ਮੈਨੂੰ ਆਪ ਜੀ ਦਾ ਪ੍ਰੇਮ ਭਾਵੈ = ਚੰਗਾ ਲੱਗਦਾ ਹੈ **ਵਾ:** ਇਸੇ ਪ੍ਰਕਾਰ ਮੇਰੇ ਮਨ ਬੁੱਧੀ ਰੂਪ ਨੇਤਰਾਂ ਵਿਚ ਅਵਿੱਦਿਆ ਆਲਸ ਰੂਪੀ ਨੀਂਦ ਨਹੀਂ ਆਉਂਦੀ। ਕਿਉਂਕਿ ਤੁਹਾਡਾ ਪ੍ਰੇਮ ਸਾਨੂੰ ਭਾਵੈ = ਚੰਗਾ ਲੱਗਦਾ ਹੈ। ਭਾਵ ਅਸੀਂ ਪ੍ਰੇਮ ਦੀ ਭਾਵਨਾ ਵਿਚ ਜੁੜੇ ਹੋਏ ਹਾਂ ਕਿ ਕਦੋਂ ਆ ਕੇ ਪ੍ਰਾਪਤ ਹੋਵੇ।

ਹੇ ਸੱਚੇ ਪਾਤਿਸ਼ਾਹ ਮੇਰੀ ਇਸ ਬੇਨੰਤੀ = ਬੇਨਤੀ ਨੂੰ ਸੁਣਿ = ਸੁਣਨਾ ਕਰੋ।

## ਬਾਝਹੁ ਪਿਆਰੇ ਕੋਇ ਨ ਸਾਰੇ; ਏਕਲੜੀ ਕੁਰਲਾਏ ॥

ਹੇ ਮੇਰੇ ਪਿਆਰੇ ਅਕਾਲ ਪੁਰਖ ਆਪ ਜੀ ਤੋਂ ਬਾਝਹੁ = ਬਿਨਾਂ ਮੇਰੀ ਹੋਰ ਕੋਇ = ਕੋਈ ਸਾਰੇ = ਸੰਭਾਲ ਵੀ ਨਹੀਂ ਕਰ ਸਕਦਾ **ਵਾ:** ਆਪ ਜੀ ਤੋਂ ਬਿਨਾਂ ਮੈਨੂੰ ਕੌਣ ਸੰਭਾਲੇਗਾ? ਜਿਵੇਂ ਡਾਰ ਤੋਂ ਵਿਛੜ ਕੇ ਕੂੰਜ ਕੁਰਲਾਉਂਦੀ ਹੈ, ਇਸੇ ਪ੍ਰਕਾਰ ਇਹ ਮੇਰੀ ਜਿੰਦ ਏਕਲੜੀ = ਇਕੱਲੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਵਸ ਪਈ ਦੁਖੀ ਹੋਈ ਕੁਰਲਾਏ = ਕੁਰਲਾਉਂਦੀ ਹੈ **ਵਾ:** ਵਿਰਲਾਪ ਕਰਦੀ ਹੈ ਆਪ ਮੇਰੀ ਸਹਾਇਤਾ ਕਰੋ।

## ਨਾਨਕ ਸਾ ਧਨ ਮਿਲੈ ਮਿਲਾਈ; ਬਿਨੁ ਪ੍ਰੀਤਮ ਦੁਖੁ ਪਾਏ ॥੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾ = ਉਹ ਜੀਵ ਰੂਪੀ ਧਨ = ਇਸਤਰੀ ਗੁਰਾਂ ਦੀ ਮਿਲਾਈ ਹੋਈ ਹੀ ਪਤੀ ਪਰਮੇਸ਼ਰ ਨਾਲ ਮਿਲੈ = ਮਿਲ ਸਕਦੀ ਹੈ ਪਰ ਬਿਨਾਂ ਪ੍ਰੀਤਮ = ਪਿਆਰੇ ਅਕਾਲ ਪੁਰਖ ਤੋਂ ਜੀਵ ਰੂਪ ਇਸਤਰੀ ਜੰਮਣ ਮਰਣ ਦਾ ਦੁਖ ਹੀ ਪਾਏ = ਪਾਉਣਾ ਕਰੇਗੀ ॥੧॥

## ਪਿਰਿ ਛੋਡਿਅੜੀ ਜੀਉ; ਕਵਣੁ ਮਿਲਾਵੈ ॥

ਹੇ ਮਹਾਤਮਾ ਰੂਪ ਸਖੀ ਜੀ! ਜਿਸ ਇਸਤਰੀ ਵਿਚ ਔਗੁਣ ਜਾਣ ਕੇ ਉਸ ਦੇ ਪਿਰਿ = ਪਤੀ ਨੇ ਛੋਡਿਅੜੀ = ਛੱਡ ਦਿੱਤੀ ਹੋਵੇ, ਉਸ ਨੂੰ ਪਤੀ ਦੇ ਨਾਲ ਕਵਣੁ = ਕੌਣ ਮਿਲਾਵੈ = ਮਿਲਾਉਣਾ ਕਰ ਸਕਦਾ ਹੈ **ਵਾ:** ਹੇ ਅਕਾਲ ਪੁਰਖ ਪਤੀ! ਤੂੰ ਸਾਨੂੰ ਔਗੁਣਾਂ ਵਾਲੇ ਜਾਣ ਕੇ ਛੋਡਿਅੜੀ = ਛੱਡ ਦਿੱਤਾ ਹੈ, ਹੁਣ ਸਾਨੂੰ ਤੁਹਾਡੇ ਨਾਲ ਕਵਣੁ = ਕੌਣ ਮਿਲਾਵੈ = ਮਿਲਾਵੇਗਾ।

## ਰਸਿ ਪ੍ਰੇਮਿ ਮਿਲੀ ਜੀਉ; ਸਬਦਿ ਸੁਹਾਵੈ ॥

ਹੇ ਜਗਿਆਸੂ ਰੂਪ ਸਖੀ! ਪਰਮੇਸ਼ਰ ਨਾਲ ਮਿਲਣ ਦਾ ਇਹ ਉਪਾਅ ਹੈ? ਜਿਸ ਦੀ ਪਰਮੇਸ਼ਰ ਦੇ ਨਾਮ ਰਸ ਵਿਚ ਜੀਉ = ਜਿੰਦ ਪ੍ਰੇਮ ਨਾਲ ਮਿਲੀ ਹੋਈ ਹੈ, ਉਹ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਵਾਹਿਗੁਰੂ ਦੀ ਪ੍ਰਾਪਤੀ ਵਾਸਤੇ ਸੁਹਾਵੈ = ਸ਼ੋਭਨੀਕ ਹੁੰਦੀ ਹੈ **ਵਾ:** ਇਸੇ ਪ੍ਰਕਾਰ ਦੁਨੀਆਂ ਦੇ ਯੋਗ ਰਸ, ਭੋਗ ਰਸ, ਰਸ ਕਸ, ਛੱਤੀ ਪ੍ਰਕਾਰ ਦੇ ਭੋਜਨਾਂ ਦੇ ਰਸ ਨੂੰ ਛੱਡ ਕੇ ਜਿਸ ਨੂੰ ਪ੍ਰੇਮ ਦਾ ਰਸ ਪ੍ਰਾਪਤ ਹੋਇਆ ਹੈ ਅਤੇ ਜਿਸ

ਦੀ ਬਿਰਤੀ ਪ੍ਰੇਮ ਰਸ ਵਿਚ ਮਿਲੀ ਹੈ, ਉਹ ਗੁਰਾਂ ਦੇ ਸ਼ਬਦ ਦੁਆਰਾ ਵਾਹਿਗੁਰੂ ਦੀ ਪ੍ਰਾਪਤੀ ਵਾਸਤੇ ਸੁਹਾਵੈ = ਸ਼ੋਭਨੀਕ ਹੁੰਦੀ ਹੈ।

## ਸਬਦੇ ਸੁਹਾਵੈ ਤਾ ਪਤਿ ਪਾਵੈ; ਦੀਪਕ ਦੇਹ ਉਜਾਰੈ ॥

ਜਦ ਗੁਰਾਂ ਦੇ ਸਬਦੇ = ਨਾਮ ਉਪਦੇਸ਼ ਦੀ ਕਮਾਈ ਕਰ ਕੇ ਸੁਹਾਵੈ = ਸ਼ੋਭਨੀਕ ਹੋ ਜਾਵੇ ਤਾਂ ਪਤਿ = ਪਤੀ ਅਕਾਲ ਪੁਰਖ ਨੂੰ ਪਾਵੈ = ਪਾ ਸਕਦੀ ਹੈ। ਅਤੇ ਇਸ ਦੇ ਦੇਹ ਰੂਪੀ ਮੰਦਰ ਵਿਚ ਸ਼ਬਦ ਦਾ ਦੀਪਕ = ਦੀਵਾ ਉਜਾਰੈ = ਪ੍ਰਕਾਸ਼ ਹੋ ਜਾਂਦਾ ਹੈ **ਵਾ:** ਇਸ ਦੇਹ = ਅੰਤਹਕਰਣ ਦੇ ਅੰਦਰ ਗਿਆਨ ਰੂਪੀ ਦੀਪਕ = ਦੀਵੇ ਦਾ ਉਜਾਰੈ = ਪ੍ਰਕਾਸ਼ ਹੋ ਜਾਂਦਾ ਹੈ।

## ਸੁਣਿ ਸਖੀ ਸਹੇਲੀ ਸਾਚਿ ਸੁਹੇਲੀ; ਸਾਚੇ ਕੇ ਗੁਣ ਸਾਰੈ ॥

ਹੇ ਸਖੀਓ ਪਿਆਰੀਓ ਸਹੇਲੀਓ! ਸੁਣੋ, ਸੱਚੇ ਨਾਮ ਕਰਕੇ ਸੰਸਾਰ ਵਿਚ ਸੁਹੇਲੀ = ਸੁਖੀ ਹੋਈਦਾ ਹੈ, ਇਸ ਲਈ ਤੁਸੀਂ ਭੀ ਸਾਚੇ = ਸੱਚੇ ਕੇ = ਦੇ ਗੁਣਾਂ ਨੂੰ ਸਾਰੈ = ਸੰਭਾਲਣਾ ਕਰੋ ਤਾਂ ਸੰਸਾਰ ਤੋਂ ਸੁਖੀ ਹੋ ਜਾਵੋਗੀਆਂ।

## ਸਤਿਗੁਰਿ ਮੇਲੀ ਤਾ ਪਿਰਿ ਰਾਵੀ; ਬਿਗਸੀ ਅੰਮ੍ਰਿਤ ਬਾਣੀ ॥

ਜਦੋਂ ਸਤਿਗੁਰੂ ਜੀ ਨੇ ਸ਼ਬਦ ਦੁਆਰਾ ਪਰਮੇਸ਼ਰ ਨਾਲ ਮੇਲੀ = ਮੇਲਣਾ ਕੀਤੀ ਤਾ = ਤਦੋਂ ਪਿਰਿ = ਪਤੀ ਪਰਮੇਸ਼ਰ ਨੇ ਰਾਵੀ = ਮਾਣੀ ਭਾਵ ਅਭੇਦ ਕਰ ਲਈ ਅਤੇ ਗੁਰ ਉਪਦੇਸ਼ ਰੂਪੀ ਅੰਮ੍ਰਿਤ ਬਾਣੀ ਕਰਕੇ ਸ਼ੁਭ ਗੁਣਾਂ ਦੀ ਫੁਲਵਾੜੀ ਸਹਿਤ ਚਿੱਤ ਦੀ ਬਿਰਤੀ ਬਿਗਸੀ = ਖਿੜ ਗਈ ਹੈ **ਅਥਵਾ** ਜਦੋਂ ਸਤਿਗੁਰਾਂ ਨੇ ਅੰਮ੍ਰਿਤ ਰੂਪ ਬਾਣੀ ਨਾਲ ਮੇਰੇ ਤਾਈਂ ਮੇਲੀ = ਮਿਲਾਉਣਾ ਕੀਤਾ ਤਦੋਂ ਮੇਰੇ ਚਿੱਤ ਦੀ ਬਿਰਤੀ ਬਿਗਸੀ = ਖਿੜ ਗਈ ਜਦੋਂ ਚਿੱਤ ਦੀ ਬਿਰਤੀ ਨਾਮ ਕਰਕੇ ਖਿੜਾ ਵਿਚ ਆ ਗਈ ਉਸ ਵੇਲੇ ਪਤੀ ਪਰਮੇਸ਼ਰ ਨੇ ਆਪਣੇ ਵਿਚ ਅਭੇਦ ਕਰ ਲਈ।

## ਨਾਨਕ ਸਾ ਧਨ ਤਾ ਪਿਰੁ ਰਾਵੈ; ਜਾ ਤਿਸ ਕੈ ਮਨਿ ਭਾਣੀ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾ = ਉਹ ਜਗਿਆਸੂ ਰੂਪ ਧਨ = ਇਸਤਰੀ **ਵਾ:** ਅਭਾਸ ਬਿਰਤੀ ਰੂਪ ਇਸਤ੍ਰੀ ਤਾ = ਤਦੋਂ ਹੀ ਪਿਰੁ = ਪਤੀ ਅਕਾਲ ਪੁਰਖ ਦੇ ਅਨੰਦ ਨੂੰ ਰਾਵੇ = ਮਾਣ ਸਕਦੀ ਹੈ। ਜਾ = ਜਦੋਂ ਤਿਸਕੈ = ਉਸ ਪਤੀ ਅਕਾਲ ਪੁਰਖ ਦੇ ਮਨ ਵਿਚ ਭਾਣੀ = ਚੰਗੀ ਲੱਗਦੀ ਹੈ **ਵਾ:** ਤਿਸ ਕੈ = ਉਸ ਦੇ ਭਾਣੀ = ਭਾਣੇ ਨੂੰ ਮਨ ਵਿਚ ਮੰਨਣਾ ਕਰ ਕੇ ਰਜ਼ਾ ਵਿਚ ਚੱਲੇ ਅਤੇ ਆਪਣੀ ਮਨਮੱਤ ਨੂੰ ਛੱਡ ਦੇਵੇ। ਉਹ ਪਤੀ ਪਰਮੇਸ਼ਰ ਦੇ ਅਨੰਦ ਨੂੰ ਮਾਣ ਸਕਦੀ ਹੈ॥੨॥

## ਮਾਇਆ ਮੋਹਣੀ ਨੀਘਰੀਆ ਜੀਉ; ਕੂੜਿ ਮੁਠੀ ਕੂੜਿਆਰੇ ॥

(**ਨੀ-ਘਰੀਆ** ਦਾ ਉਚਾਰਨ ਡੈਸ਼ ਲੱਗਾ ਕੇ ਹੈ)

ਇਹ ਜੀਉ = ਜੀਵ ਰੂਪ ਇਸਤਰੀ ਮੋਹਣੀ = ਮਨ ਨੂੰ ਮੋਹਤ ਕਰਨ ਵਾਲੀ ਮਾਇਆ ਦੇ ਵਿਚ ਫਸੀ ਹੋਈ ਨੀਘਰੀਆ = ਬੇਘਰ ਹੋਈ ਫਿਰਦੀ ਹੈ ਭਾਵ ਸਰੂਪ ਰੂਪੀ ਘਰ ਤੋਂ ਉੱਜੜੀ ਫਿਰਦੀ ਹੈ, ਭਾਵ ਨਿਘਰੀ ਫਿਰਦੀ ਹੈ ਅਤੇ ਕੂੜਿਆਰੇ = ਝੂਠੇ ਪਦਾਰਥਾਂ ਵਿਚ ਤੇ ਕੂੜਿ = ਝੂਠ ਬੋਲਣ ਕਰਕੇ ਮੁਠੀ = ਲੁੱਟੀ ਗਈ ਹੈ।

## ਕਿਉ ਖੂਲੈ ਗਲ ਜੇਵੜੀਆ ਜੀਉ; ਬਿਨੁ ਗੁਰ ਅਤਿ ਪਿਆਰੇ ॥

ਗੁਰੂ ਸਾਹਿਬ ਜੀ ਜੋ ਅਤਿ = ਅਤਿਅੰਤ ਪਿਆਰੇ ਹਨ, ਉਨ੍ਹਾਂ ਵਿਚ ਪ੍ਰੇਮ ਧਾਰੇ ਤੋਂ ਬਿਨੁ = ਬਗੈਰ ਇਹ

ਜੀਉ = ਜੀਵ ਰੂਪ ਇਸਤ੍ਰੀ ਦੇ ਗਲ ਵਿੱਚੋਂ ਮੋਹ ਰੂਪੀ ਜੇਵੜੀਆ = ਰੱਸੀ ਕਿਉ = ਕਿਵੇਂ ਖੂਲੈ = ਖੁੱਲ੍ਹੇਗੀ, ਭਾਵ ਵਾਸਨਾ ਰੂਪੀ ਰੱਸੀ ਕਿਵੇਂ ਖੁੱਲ੍ਹੇਗੀ ?

## ਹਰਿ ਪ੍ਰੀਤਿ ਪਿਆਰੇ, ਸਬਦਿ ਵੀਚਾਰੇ; ਤਿਸ ਹੀ ਕਾ ਸੋ ਹੋਵੈ ॥

ਗੁਰੂ ਸਾਹਿਬ ਜੀ ਜੋ ਹਰਿ = ਹਰੀ ਅਕਾਲ ਪੁਰਖ ਦੀ ਪ੍ਰੀਤੀ ਦੇ ਪਿਆਰੇ ਹਨ, ਉਨ੍ਹਾਂ ਦੇ ਸਬਦਿ = ਉਪਦੇਸ਼ ਦੀ ਹਿਰਦੇ ਦੇ ਅੰਦਰ ਵੀਚਾਰ ਕਰੇ ਤਾਂ ਫੇਰ ਸੋ = ਉਹ ਵਾਹਿਗੁਰੂ ਤਿਸਹੀ = ਉਸ ਕਾ = ਦਾ ਹੀ ਹੋਵੈ = ਹੋ ਜਾਂਦਾ ਹੈ, ਭਾਵ ਨਾਮ ਜਪਣ ਵਾਲੀ ਜੀਵ ਰੂਪ ਇਸਤ੍ਰੀ ਦੇ ਵੱਸ ਹੋ ਜਾਂਦਾ ਹੈ। ਜੈਸਾ ਕਿ :

**ਕੀਤਾ ਲੋੜਨਿ ਸੋਈ ਕਰਾਇਨਿ ਦਰਿ ਫੇਰੁ ਨ ਕੋਈ ਪਾਇਦਾ ॥੧੦॥** *(ਅੰਗ ੧੦੭੬)*

## ਪੁੰਨ ਦਾਨ ਅਨੇਕ ਨਾਵਣ; ਕਿਉ ਅੰਤਰ ਮਲੁ ਧੋਵੈ ॥

ਜੇ ਕੋਈ ਪੁਰਬ ਦੇ ਸਮੇਂ ਨੂੰ ਜਾਣ ਕਰ ਕੇ ਪੁੰਨ ਕਰੇ, ਸੁਤੇ ਦਾਨ ਦੇਈ ਜਾਣਾ ਅਤੇ ਅਨੇਕਾਂ ਤੀਰਥਾਂ 'ਤੇ ਨਾਵਣ = ਇਸ਼ਨਾਨ ਕਰੇ, ਇਸ ਨਾਲ ਅੰਤਰੁ = ਅੰਦਰਲੀ ਮਲੁ = ਮੈਲ ਦ੍ਵੈਤ ਆਦਿ ਦੀ ਕਿਉ = ਕਿਵੇਂ ਧੋਵੈ = ਧੋਤੀ ਜਾਵੇਗੀ। ਭਾਵ ਨਹੀਂ ਧੋਤੀ ਜਾਵੇਗੀ।

## ਨਾਮ ਬਿਨਾ, ਗਤਿ ਕੋਇ ਨ ਪਾਵੈ; ਹਠਿ ਨਿਗ੍ਰਹਿ ਬੇਬਾਣੈ ॥

(**ਨਿੱਗ੍ਰਹਿ** ਦਾ ਉਚਾਰਣ ਅੱਧਕ ਸਹਿਤ ਹੈ)

ਪਰਮੇਸ਼ਰ ਦੇ ਨਾਮ ਤੋਂ ਬਿਨਾ = ਬਗ਼ੈਰ ਕੋਇ = ਕੋਈ ਵੀ ਗਤਿ = ਮੁਕਤੀ ਨ = ਨਹੀਂ ਪਾਵੈ = ਪਾ ਸਕਦਾ, ਭਾਵੇਂ ਕੋਈ ਹਠਿ = ਜ਼ਿੱਦ ਕਰ ਕੇ ਨਿਗ੍ਰਹਿ = ਇੰਦ੍ਰੀਆਂ ਨੂੰ ਰੋਕ ਕੇ ਬੇਬਾਣੈ = ਉਜਾੜਾਂ ਵਿਚ ਰਹਿਣ ਲੱਗ ਜਾਵੇ, ਇਉਂ ਸਰੂਪ ਰੂਪੀ ਘਰ ਦੀ ਪ੍ਰਾਪਤੀ ਨਹੀਂ ਹੁੰਦੀ, ਸੰਸਾਰ ਰੂਪੀ ਉਜਾੜ ਵਿਚ ਹੀ ਤੁਰਿਆ ਫਿਰਦਾ ਹੈ।

## ਨਾਨਕ ਸਚ ਘਰੁ ਸਬਦਿ ਸਿਞਾਪੈ;
## ਦੁਬਿਧਾ, ਮਹਲੁ ਕਿ ਜਾਣੈ ॥੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਸੱਚੇ ਸਰੂਪ ਰੂਪੀ ਘਰ ਵਾਲੇ ਪਰਮੇਸ਼ਰ ਨੂੰ ਸਿਞਾਪੈ = ਸਿਆਣਿਆਂ ਭਾਵ ਪਛਾਣਿਆ ਜਾਂਦਾ ਹੈ। ਜਿਸ ਦੇ ਅੰਦਰ ਦੁਬਿਧਾ ਹੈ, ਉਹ ਜੀਵ ਰੂਪ ਇਸਤ੍ਰੀ ਆਪਣੇ ਮਹਲੁ = ਸਰੂਪ ਨੂੰ ਕਿ = ਕਿਵੇਂ ਜਾਣੈ = ਜਾਣ ਸਕਦੀ ਹੈ, ਭਾਵ ਉਹ ਪਰਮੇਸ਼ਰ ਦੇ ਸਰੂਪ ਨੂੰ ਸਮਝ ਨਹੀਂ ਸਕਦੀ ॥੩॥

ਅੱਗੇ ਸਤਿਗੁਰੂ ਜੀ ਪਤੀ ਪਰਮੇਸ਼ਰ ਦੇ ਨਾਲ ਮਿਲਾਪ ਦਾ ਯਤਨ ਤਾਕੀਦ (ਵਾਰ ਵਾਰ ਦ੍ਰਿੜ੍ਹ ਕਰਾਉਣ ਦੇ ਭਾਵ) ਨਾਲ ਉਪਦੇਸ਼ ਕਥਨ ਕਰਦੇ ਹਨ।

## ਤੇਰਾ ਨਾਮੁ ਸਚਾ ਜੀਉ; ਸਬਦੁ ਸਚਾ ਵੀਚਾਰੋ ॥

ਹੇ ਅਕਾਲ ਪੁਰਖ ਜੀ ! ਤੇਰਾ = ਤੁਹਾਡਾ ਨਾਮ ਵੀ ਸੱਚਾ ਹੈ ਅਤੇ ਗੁਰਾਂ ਦੇ ਸਬਦੁ = ਉਪਦੇਸ਼ ਦਾ ਵਿਚਾਰ ਵੀ ਸੱਚਾ ਹੈ **ਵਾ:** ਹੇ ਸਬਦੁ = ਬ੍ਰਹਮ ਤੁਹਾਡਾ ਵੀਚਾਰੋ = ਨਿਰਨਾ, ਗਿਆਨ ਵੀ ਸੱਚਾ ਹੈ।

## ਤੇਰਾ ਮਹਲੁ ਸਚਾ ਜੀਉ; ਨਾਮੁ ਸਚਾ ਵਾਪਾਰੋ ॥

ਹੇ ਪਰਮੇਸ਼ਰ ਜੀ ! ਤੇਰਾ = ਤੁਹਾਡਾ ਸਾਧ ਸੰਗਤ ਰੂਪੀ ਤੁਰੀਆ ਪਦ ਰੂਪੀ, ਸਰੂਪ ਰੂਪੀ ਮਹਲ ਵੀ ਸੱਚਾ ਹੈ ਅਤੇ ਨਾਮ ਦਾ ਵਾਪਾਰੋ = ਵਾਪਾਰ ਵੀ ਸੱਚਾ ਹੈ।

## ਨਾਮ ਕਾ ਵਾਪਾਰੁ ਮੀਠਾ; ਭਗਤਿ ਲਾਹਾ ਅਨਦਿਨੋ ॥

ਹੇ ਪਰਮੇਸ਼ਰ ! ਤੇਰੇ ਨਾਮ ਕਾ = ਦਾ ਜੋ ਤਨ, ਮਨ, ਧਨ ਦੇ ਕੇ ਵਾਪਾਰ ਕਰਨਾ ਹੈ, ਇਹ ਮੀਠਾ = ਪਿਆਰਾ ਹੈ ਅਤੇ ਭਗਤਿ = ਭਗਤੀ ਕਰਕੇ ਅਨਦਿਨੋ = ਰਾਤ ਦਿਨ ਹੀ ਲਾਹਾ = ਲਾਭ ਪ੍ਰਾਪਤ ਹੁੰਦਾ ਹੈ **ਵਾ:** ਅਵਿੱਦਿਆ ਰੂਪੀ ਰਾਤ ਮਿਟ ਕੇ ਗਿਆਨ ਰੂਪੀ ਦਿਨ ਚੜ੍ਹ ਜਾਂਦਾ ਹੈ।

## ਤਿਸੁ ਬਾਝੁ, ਵਖਰੁ ਕੋਇ ਨ ਸੂਝੈ; ਨਾਮੁ ਲੇਵਹੁ ਖਿਨੁ ਖਿਨੋ ॥

ਹੇ ਪਰਮੇਸ਼ਰ ! ਤੇਰੇ ਤਿਸੁ = ਉਸ ਨਾਮ ਦੇ ਵਪਾਰ ਤੋਂ ਬਾਝੁ = ਬਿਨਾਂ ਹੋਰ ਕੋਇ = ਕੋਈ ਵਖਰੁ = ਸੌਦਾ ਲਾਭਦਾਇਕ ਨ = ਨਹੀਂ ਸੂਝੈ = ਸੁੱਝਦਾ, ਭਾਵ ਦਿਸਦਾ ਨਹੀਂ ਹੈ, ਇਸੇ ਕਰ ਕੇ ਖਿਨ ਖਿਨ (ਖਿਨੁ = ਅੱਖਾਂ ਦੇ ਪਲਕਾਰੇ ਜਿੰਨਾ ਸਮਾਂ) ਕਾਲ ਵਿਚ ਤੇਰਾ ਨਾਮ ਲੇਵਹੁ = ਲੈਣਾ ਕਰਦੇ ਹਾਂ। ਘੱਟ ਸ਼ਬਦ ਕਹਿਆਂ ਦੋ ਖਿਨ ਗੁਜਰ ਜਾਂਦੇ ਹਨ।

## ਪਰਖਿ ਲੇਖਾ ਨਦਰਿ ਸਾਚੀ; ਕਰਮਿ ਪੂਰੈ ਪਾਇਆ ॥

ਜਿਨ੍ਹਾਂ ਉੱਤੇ ਗੁਰੂ ਸਾਹਿਬ ਜੀ ਦੀ ਸਾਚੀ = ਸੱਚੀ ਕ੍ਰਿਪਾ ਨਦਰਿ = ਦ੍ਰਿਸ਼ਟੀ ਹੋਈ ਹੈ, ਉਨ੍ਹਾਂ ਨੇ ਲੇਖਾ = ਹਿਸਾਬ ਕਿਤਾਬ ਦਾ ਪਰਖਿ = ਨਿਰਣਾ ਕਰਕੇ ਪੂਰੈ = ਪੂਰਨ ਨਿਸਕਾਮ ਕਰਮਾਂ ਦਾ ਸਦਕਾ ਨਾਮ ਨੂੰ ਪਾਇਆ = ਪਾਉਣਾ ਭਾਵ ਪ੍ਰਾਪਤ ਕੀਤਾ ਹੈ।

**ਵਾ:** ਉਹ ਪੂਰੈ = ਵੱਡੇ ਕਰਮਾਂ ਵਾਲੇ ਹਨ, ਜਿਨ੍ਹਾਂ ਨੇ ਗੁਰਾਂ ਤੋਂ ਸੱਚੇ ਨਾਮ ਨੂੰ ਪਾਇਆ = ਪ੍ਰਾਪਤ ਕੀਤਾ ਹੈ ਕਿਉਂਕਿ ਉਨ੍ਹਾਂ ਨੇ ਸੱਚੇ ਅਕਾਲ ਪੁਰਖ ਦੀ ਨਦਰਿ = ਕ੍ਰਿਪਾ ਦ੍ਰਿਸ਼ਟੀ ਹੋਣ ਤੋਂ ਸਾਰਾ ਲੇਖਾ = ਹਿਸਾਬ ਕਿਤਾਬ ਪਰਖਿ = ਪਛਾਣ ਲਿਆ ਹੈ।

## ਨਾਨਕ ਨਾਮੁ ਮਹਾ ਰਸੁ ਮੀਠਾ; ਗੁਰਿ ਪੂਰੈ ਸਚੁ ਪਾਇਆ ॥੪॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਤੇਰਾ ਨਾਮ ਮਹਾ = ਵੱਡਾ ਰਸ ਭਾਵ ਬ੍ਰਹਮਾਨੰਦ ਦੇਣ ਵਾਲਾ ਮੀਠਾ = ਪਿਆਰਾ ਹੈ। ਜੋ ਸਚੁ = ਨਿਸ਼ਚੇ ਕਰਕੇ ਪੂਰੈ = ਪੂਰਿਆਂ ਗੁਰਾਂ ਦੁਆਰਾ ਪਾਇਆ = ਪ੍ਰਾਪਤ ਕੀਤਾ ਜਾਂਦਾ ਹੈ॥੪॥੨॥

## ਰਾਗੁ, ਗਉੜੀ ਪੂਰਬੀ, ਛੰਤ, ਮਹਲਾ ੩

ਸ੍ਰੀ ਗੁਰੂ ਅਮਰਦਾਸ ਜੀ ਦੇ ਪਾਸ ਗੋਇੰਦਵਾਲ ਸਾਹਿਬ ਵਿਖੇ ਸਿੱਖਾਂ ਨੇ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹ ਸਾਡੇ ਅੰਦਰ ਏਨਾ ਪਿਆਰ ਹੈ, ਅਸੀਂ ਮਹਾਰਾਜ ਦੇ ਵਿਯੋਗ ਵਿਚ ਥੋੜਾ ਚਿਰ ਵੀ ਨਹੀਂ ਰਹਿ ਸਕਦੇ, ਉਨ੍ਹਾਂ ਦੇ ਪ੍ਰਥਾਇ ਗੁਰੂ ਜੀ ਰਾਗ ਗਉੜੀ ਦੀ ਪੂਰਬੀ ਜਾਤੀ ਦੇ ਅੰਦਰ ਜਸ ਰੂਪ ਛੰਤ ਉਚਾਰਨ ਕਰਦੇ ਹਨ।

## ੧ਓ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

੧ = ਅਦ੍ਵੈਤ ਰੂਪ ਪਰਮੇਸ਼ਰ ਓ = ਸਾਰਿਆਂ ਦਾ ਪ੍ਰਕਾਸ਼ਕ ਸਤਿਨਾਮੁ = ਉਸ ਦਾ ਨਾਮ ਸੱਚਾ ਹੈ, ਕਰਤਾ = ਸਾਰੇ ਜਗਤ ਨੂੰ ਰਚਣ ਵਾਲਾ ਪੁਰਖੁ = ਸਾਰਿਆਂ ਥਾਵਾਂ 'ਤੇ ਪੂਰਨ ਹੈ, ਗੁਰ = ਚੇਤਨ ਸਰੂਪ ਪ੍ਰਸਾਦਿ = ਅਨੰਦ ਸਰੂਪ ਹੈ **ਵਾ:** ਜੋ ਗੁਰ ਪ੍ਰਸਾਦਿ = ਗੁਰਾਂ ਦੀ ਕਿਰਪਾ ਕਰ ਕੇ ਪ੍ਰਾਪਤ ਹੁੰਦਾ ਹੈ।

## ਸਾ ਧਨ ਬਿਨਉ ਕਰੇ ਜੀਉ; ਹਰਿ ਕੇ ਗੁਣ ਸਾਰੇ ॥

ਸਾ = ਉਹ ਜਗਿਆਸੂ ਰੂਪ ਧਨ = ਇਸਤਰੀ ਉੱਤਮ ਮਹਾਤਮਾ ਰੂਪ ਸਖੀ ਦੇ ਪਾਸ ਬਿਨਉ = ਬੇਨਤੀ

ਕਰੇ = ਕਰਦੀ ਹੈ ਕਿ ਸਖੀ ਮੈਨੂੰ ਹਰਿ = ਹਰੀ ਅਕਾਲ ਪੁਰਖ ਕੇ = ਦੇ ਗੁਣਾਂ ਨੂੰ ਸਾਰੇ = ਸੰਭਾਲਣ ਦੀ ਵਿਧੀ ਦੱਸੋ **ਵਾ:** ਐਸੀ ਕਿਰਪਾ ਕਰੋ, ਤਾਂ ਜੋ ਮੈਂ ਸਾਰ ਰੂਪ ਹਰੀ ਦੇ ਗੁਣਾਂ ਨੂੰ ਕਥਨ ਕਰ ਸਕਾਂ ਜੀ।

## ਖਿਨੁ ਪਲੁ ਰਹਿ ਨ ਸਕੈ ਜੀਉ; ਬਿਨੁ ਹਰਿ ਪਿਆਰੇ ॥

ਪਿਆਰੇ ਹਰਿ = ਹਰੀ ਅਕਾਲ ਪੁਰਖ ਦੀ ਪ੍ਰਾਪਤੀ ਤੋਂ ਬਿਨੁ = ਬਗ਼ੈਰ ਮੇਰਾ ਚਿੱਤ ਪਲ (ਪਲ ਇਕ ਘੜੀ ਦਾ ਸੱਠਵਾਂ ਹਿੱਸਾ ਹੁੰਦਾ ਹੈ) ਵਿੱਚੋਂ ਖਿਨੁ = ਬਹੁਤ ਥੋੜਾ ਸਮਾਂ ਵੀ ਰਹਿ ਨਹੀਂ ਸਕੈ = ਸਕਦਾ।

## ਬਿਨੁ ਹਰਿ ਪਿਆਰੇ, ਰਹਿ ਨ ਸਾਕੈ; ਗੁਰ ਬਿਨੁ ਮਹਲੁ ਨ ਪਾਈਐ ॥

ਹਰਿ = ਹਰੀ ਅਕਾਲ ਪੁਰਖ ਪਿਆਰੇ ਤੋਂ ਬਿਨੁ = ਬਗ਼ੈਰ ਮੇਰਾ ਚਿਤ ਖਿਨ ਪਲ ਵੀ ਰਹਿ ਨਹੀਂ ਸਾਕੈ = ਸਕਦਾ ਤਾਂ ਮਹਾਤਮਾ ਰੂਪ ਸਖੀ ਕਹਿਣ ਲੱਗੀ ਕਿ ਸਤਿਗੁਰੂ ਜੀ ਤੋਂ ਬਿਨੁ = ਬਗ਼ੈਰ ਮਹਲੁ = ਸਰੂਪ ਰੂਪੀ **ਵਾ:** ਤੁਰੀਆ ਪਦ ਰੂਪੀ ਸਰੂਪ ਨੂੰ ਨਹੀਂ ਪਾਈਐ = ਪਾਇਆ ਜਾਂਦਾ। ਇਸੇ ਲਈ ਪੂਰੇ ਗੁਰਾਂ ਨੂੰ ਧਾਰਨ ਕਰ।

## ਜੋ ਗੁਰੁ ਕਹੈ, ਸੋਈ ਪਰੁ ਕੀਜੈ; ਤਿਸਨਾ ਅਗਨਿ ਬੁਝਾਈਐ ॥

ਜੋ = ਜਿਹੜਾ ਕੁਝ ਗੁਰੂ ਸਾਹਿਬ ਜੀ ਕਹੈ = ਕਹਿਣ, ਸੋਈ = ਉਸ ਨੂੰ ਪਰੁ = ਵਿਸ਼ੇਸ਼ ਕਰ ਕੇ ਕੀਜੈ = ਕਰ ਅਤੇ ਤਿਸਨਾ = ਪਦਾਰਥਾਂ ਦੀ ਤੀਬਰ ਇੱਛਾ ਰੂਪੀ ਅਗਨਿ = ਅੱਗ ਨੂੰ ਬੁਝਾਈਐ = ਬੁਝਾਉਣਾ ਕਰ **ਵਾ:** ਹੇ ਗੁਰਸਿੱਖੋ! ਸਤਿਗੁਰੂ ਸਾਹਿਬ ਜੀ ਜੋ ਹੁਕਮ ਕਹੈ = ਕਹਿਣਾ ਕਰਦੇ ਹਨ, ਸੋਈ = ਉਸ ਨੂੰ ਪਰੁ = ਵਿਸ਼ੇਸ਼ ਕਰ ਕੇ ਕੀਜੈ = ਕਰਨਾ ਚਾਹੀਦਾ ਹੈ। ਤ੍ਰਿਸ਼ਨਾ ਬ੍ਰਹਮ ਲੋਕ ਦੀ ਪ੍ਰਾਪਤੀ ਕਰ ਕੇ ਵੀ ਤ੍ਰਿਪਤ ਨਹੀਂ ਹੁੰਦੀ, ਕ੍ਰੋੜਾਂ ਬ੍ਰਹਮੰਡਾਂ ਨੂੰ ਤ੍ਰਿਸ਼ਨਾ ਰੂਪੀ ਅਗਨੀ ਸਾੜੀ ਜਾ ਰਹੀ ਹੈ, ਇਸ ਨੂੰ ਗੁਰੂ ਸਾਹਿਬ ਜੀ ਦੇ ਉਪਦੇਸ਼ ਦੁਆਰਾ ਅੰਮ੍ਰਿਤ ਨਾਮ ਦੇ ਜਲ ਨਾਲ ਬੁਝਾਈਐ = ਬੁਝਾਉਣਾ ਕਰ।

## ਹਰਿ ਸਾਚਾ ਸੋਈ, ਤਿਸੁ ਬਿਨੁ ਅਵਰੁ ਨ ਕੋਈ; ਬਿਨੁ ਸੇਵਿਐ ਸੁਖੁ ਨ ਪਾਏ ॥

ਸੋਈ = ਉਹ ਹਰਿ = ਹਰੀ ਅਕਾਲ ਪੁਰਖ ਵਾਹਿਗੁਰੂ ਹੀ ਸਾਚਾ = ਸੱਚਾ ਹੈ, ਤਿਸੁ = ਉਸ ਵਾਹਿਗੁਰੂ ਤੋਂ ਬਿਨੁ = ਬਗ਼ੈਰ ਅਵਰੁ = ਹੋਰ ਕੋਈ ਅਚੱਲ ਨ = ਨਹੀਂ ਰਹਿ ਸਕਦਾ। ਵਾਹਿਗੁਰੂ ਦੇ ਸੇਵਿਐ = ਸਿਮਰਨ ਭਾਵ ਸੇਵਨ ਕਰਨ ਤੋਂ ਬਿਨੁ = ਬਗ਼ੈਰ ਕੋਈ ਵੀ ਜੀਵ ਸੁਖ ਨੂੰ ਨਹੀਂ ਪਾਏ = ਪ੍ਰਾਪਤ ਕਰ ਸਕਦਾ।

## ਨਾਨਕ ਸਾ ਧਨ ਮਿਲੈ ਮਿਲਾਈ; ਜਿਸ ਨੋ ਆਪਿ ਮਿਲਾਏ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾ = ਉਹ ਜਗਿਆਸੂ ਰੂਪ ਧਨ = ਇਸਤਰੀ ਵਾਹਿਗੁਰੂ ਦੀ ਮਿਲਾਈ ਹੋਈ ਮਿਲੈ = ਮਿਲਦੀ ਹੈ। ਜਿਸ ਨੂੰ ਪਰਮੇਸ਼ਰ ਆਪ ਆਪਣੇ ਸਰੂਪ ਦੇ ਗਿਆਨ ਵਿਚ ਮਿਲਾਏ = ਮਿਲਾ ਲੈਂਦਾ ਹੈ ॥੧॥

## ਧਨ ਰੈਣਿ ਸੁਹੇਲੜੀਏ ਜੀਉ; ਹਰਿ ਸਿਉ ਚਿਤੁ ਲਾਏ ॥

ਉਸ ਜਗਿਆਸੂ ਰੂਪ ਧਨ = ਇਸਤਰੀ ਦੀ ਅਵਸਥਾ ਰੂਪੀ ਰੈਣਿ = ਰਾਤ ਸੁਹੇਲੜੀਏ = ਸ਼ੋਭਨੀਕ ਹੈ ਜੀ, ਜੋ ਹਰਿ = ਹਰੀ ਅਕਾਲ ਪੁਰਖ ਵਾਹਿਗੁਰੂ ਦੇ ਸਿਉ = ਨਾਲ ਆਪਣੇ ਚਿੱਤ ਦੀ ਬਿਰਤੀ ਨੂੰ ਲਾਏ = ਲਾਉਂਦੀ ਹੈ।

***ਪ੍ਰਸ਼ਨ :*** *ਹੇ ਮਹਾਤਮਾ ਰੂਪ ਸਖੀ! ਹਰੀ ਨਾਲ ਚਿੱਤ ਦਾ ਪ੍ਰੇਮ ਕਿਵੇਂ ਲੱਗਦਾ ਹੈ?*

***ਗੁਰ ਉੱਤਰ :***

## ਸਤਿਗੁਰੁ ਸੇਵੇ ਭਾਉ ਕਰੇ ਜੀਉ; ਵਿਚਹੁ ਆਪੁ ਗਵਾਏ ॥

ਹੇ ਜਗਿਆਸੂ ਰੂਪ ਸਖੀ ਸਤਿਗੁਰਾਂ ਦੀ ਸੇਵੇ = ਟਹਿਲ ਭਾਉ = ਪ੍ਰੇਮ ਨਾਲ ਕਰੇ ਅਤੇ ਵਿਚਹੁ = ਅੰਦਰੋਂ ਆਪੁ = ਆਪਾ-ਭਾਵ ਗਵਾਏ = ਗਵਾ ਦੇਵੇ।

## ਵਿਚਹੁ ਆਪੁ ਗਵਾਏ, ਹਰਿ ਗੁਣ ਗਾਏ; ਅਨਦਿਨੁ ਲਾਗਾ ਭਾਓ ॥

ਹਿਰਦੇ ਵਿਚਹੁ = ਅੰਦਰੋਂ ਆਪੁ = ਆਪਾ ਭਾਵ (ਹੰਕਾਰ) ਗਵਾਏ = ਗਵਾ ਕੇ ਹਰਿ = ਪਰਮੇਸ਼ਰ ਦੇ ਗੁਣ ਗਾਏ = ਗਾਉਣਾ ਕਰੇ ਤਾਂ ਅਨਦਨਿ = ਰਾਤ ਦਿਨੇ ਪਰਮੇਸ਼ਰ ਨਾਲ ਭਾਓ = ਪ੍ਰੇਮ ਲਾਗਾ = ਲੱਗਦਾ ਹੈ ॥੧॥

[ਅੰਗ ੨੪੪]

## ਸੁਣਿ ਸਖੀ ਸਹੇਲੀ ਜੀਅ ਕੀ ਮੇਲੀ; ਗੁਰ ਕੈ ਸਬਦਿ ਸਮਾਓ ॥

ਹੇ ਮਨ, ਬਾਣੀ ਸਰੀਰ ਦੀ ਪਿਆਰੀ ਸਖੀਏ, ਤੇ ਭਗਤੀ ਕਰਨ ਵਾਲੀ ਸਹੇਲੀਏ! ਤੂੰ ਪਰਮੇਸ਼ਰ ਦੀ ਜੀਅ = ਰਿਦੇ ਕਰ ਕੇ ਮੇਲੀ = ਮਿਲਾਪਣ ਹੋਣਾ ਕਰ ਗੁਰੂ ਸਾਹਿਬ ਕੈ = ਦੇ ਸਬਦਿ = ਉਪਦੇਸ਼ ਦੁਆਰਾ ਪਰਮੇਸ਼ਰ ਵਿਚ ਸਮਾਓ = ਸਮਾਉਣਾ ਭਾਵ ਮਿਲਣਾ ਕਰ।

## ਹਰਿ ਗੁਣ ਸਾਰੀ, ਤਾ ਕੰਤ ਪਿਆਰੀ; ਨਾਮੇ ਧਰੀ ਪਿਆਰੋ ॥

ਹੇ ਸਖੀ! ਜੇ ਹਰਿ = ਹਰੀ ਵਾਹਿਗੁਰੂ ਦੇ ਗੁਣਾਂ ਨੂੰ ਸਾਰੀ = ਸੰਭਾਲੇਗੀ ਤਾਂ ਤੂੰ ਕੰਤ = ਪਤੀ ਪਰਮੇਸ਼ਰ ਨੂੰ ਪਿਆਰੀ = ਚੰਗੀ ਲੱਗੇਂਗੀ, ਇਸੇ ਕਰਕੇ ਵਾਹਿਗੁਰੂ ਦੇ ਨਾਮ ਵਿਚ ਪਿਆਰ ਧਰੀ = ਧਾਰਨਾ ਕਰ।

## ਨਾਨਕ, ਕਾਮਣਿ ਨਾਹ ਪਿਆਰੀ; ਰਾਮ ਨਾਮੁ ਗਲਿ ਹਾਰੋ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਜਗਿਆਸੂ ਰੂਪ ਕਾਮਨਿ = ਇਸਤਰੀ ਨਾਹ = ਪਤੀ ਪਰਮੇਸ਼ਰ ਨੂੰ ਪਿਆਰੀ = ਚੰਗੀ ਲੱਗਦੀ ਹੈ, ਜੋ ਰਾਮ = ਪਰਮੇਸ਼ਰ ਦੇ ਨਾਮ ਦਾ ਹਾਰੋ = ਹਾਰ ਰਿਦੇ ਰੂਪੀ ਗਲਿ = ਕੰਠ ਵਿਚ ਪਾ ਕੇ ਰੱਖਦੀ ਹੈ, ਭਾਵ ਪਰਮੇਸ਼ਰ ਦਾ ਨਾਮੁ = ਸੁਆਸਾਂ ਰੂਪੀ ਧਾਗੇ ਵਿਚ ਪ੍ਰੋ ਕੇ ਰੱਖਦੀ ਹੈ ॥੨॥

## ਧਨ ਏਕਲੜੀ ਜੀਉ; ਬਿਨੁ ਨਾਹ ਪਿਆਰੇ ॥

ਹੇ ਮਹਾਤਮਾ ਰੂਪ ਸਖੀਏ! ਪਿਆਰੇ ਨਾਹ = ਪਤੀ ਪਰਮਾਤਮਾ ਤੋਂ ਬਿਨੁ = ਬਗ਼ੈਰ ਮੈਂ ਜੀਉ = ਜੀਵ ਰੂਪ ਧਨ = ਇਸਤਰੀ ਏਕਲੜੀ = ਇਕੱਲੀ ਦੁਖੀ ਹੋ ਰਹੀ ਹਾਂ, ਕਿਉਂਕਿ ਮੈਨੂੰ ਸਰੂਪ ਦੀ ਸਾਖਿਆਤਤਾ ਨਹੀਂ ਹੈ।

## ਦੂਜੈ ਭਾਇ ਮੁਠੀ ਜੀਉ; ਬਿਨੁ ਗੁਰ ਸਬਦ ਕਰਾਰੇ ॥

ਗੁਰੂ ਸਾਹਿਬ ਜੀ ਦੇ ਸਬਦ = ਉਪਦੇਸ਼ ਦੀ ਕਰਾਰੇ = ਕਰੜੇ ਭਾਵ ਤਕੜੇ ਹੋ ਕੇ ਕਮਾਈ ਕਰੇ ਤੋਂ ਬਿਨੁ = ਬਗ਼ੈਰ ਦੂਜੈ ਭਾਇ = ਦ੍ਵੈਤ-ਭਾਵ ਕਰ ਕੇ ਮੇਰੀ ਬਿਰਤੀ ਵਾਹਿਗੁਰੂ ਦੇ ਨਾਮ ਵੱਲੋਂ ਹਟ ਕੇ ਵਿਕਾਰਾਂ ਵਿਚ ਲੱਗ ਕੇ ਮੁਠੀ = ਲੁੱਟੀ ਗਈ ਹੈ।

## ਬਿਨੁ ਸਬਦ ਪਿਆਰੇ, ਕਉਣੁ ਦੁਤਰੁ ਤਾਰੇ; ਮਾਇਆ ਮੋਹਿ ਖੁਆਈ ॥

ਗੁਰੂ ਦੇ ਪਿਆਰੇ ਸਬਦ = ਉਪਦੇਸ਼ ਤੋਂ ਬਿਨੁ = ਬਗ਼ੈਰ ਕਉਣੁ = ਕੌਣ ਇਸ ਦੁਤਰੁ = ਕਠਨ ਸੰਸਾਰ ਤੋਂ ਤਾਰੇਗਾ ਭਾਵ ਕੋਈ ਨਹੀਂ ਤਾਰੇਗਾ ਕੋਈ ਸਾਰੀ ਸ੍ਰਿਸ਼ਟੀ ਮਾਇਆ ਦੇ ਮੋਹਿ = ਮੋਹ ਨੇ ਖੁਆਈ = ਭੁਲਾ ਦਿੱਤੀ ਹੈ, ਭਾਵ ਖੁਆਈ = ਖ਼ਰਾਬ ਕਰ ਦਿੱਤੀ ਹੈ।

## ਕੂੜਿ ਵਿਗੁਤੀ, ਤਾ ਪਿਰਿ ਮੁਤੀ; ਸਾ ਧਨ ਮਹਲੁ ਨ ਪਾਈ ॥

ਜਿਸ ਜਗਿਆਸੂ ਰੂਪ ਇਸਤ੍ਰੀ ਦੀ ਬਿਰਤੀ ਕੂੜਿ = ਝੂਠ ਨੇ ਵਿਗੁਤੀ = ਖ਼ਰਾਬ ਕੀਤੀ ਹੈ, ਤਾ = ਉਹ ਹੀ ਪਿਰਿ = ਪਤੀ ਅਕਾਲ ਪੁਰਖ ਨੇ ਮੁਤੀ = ਛੱਡ ਦਿੱਤੀ ਹੈ, ਜਿਸ ਕਰਕੇ ਉਹ ਝੂਠੇ ਪਦਾਰਥਾਂ ਅਤੇ ਜੂਨਾਂ ਵਿਚ ਭਰਮਦੀ ਫਿਰਦੀ ਰਹਿੰਦੀ ਹੈ। ਸਾ = ਉਹ ਜਗਿਆਸੂ ਰੂਪੀ ਧਨ = ਇਸਤਰੀ ਪਰਮੇਸ਼ਰ ਦੇ ਸਰੂਪ ਰੂਪੀ ਮਹਲ ਨੂੰ ਨ = ਨਹੀਂ ਪਾਈ = ਪਾ ਸਕਦੀ।

## ਗੁਰ ਸਬਦੇ ਰਾਤੀ, ਸਹਜੇ ਮਾਤੀ; ਅਨਦਿਨੁ ਰਹੈ ਸਮਾਏ ॥

ਜੋ ਗੁਰੂ ਸਾਹਿਬ ਜੀ ਦੇ ਸਬਦੇ = ਉਪਦੇਸ਼ ਵਿਚ ਰਾਤੀ = ਰੰਗੀ ਹੋਈ ਹੈ ਉਹ ਸਹਜੇ = ਸੁੱਤੇ ਸਿਧ ਹੀ ਨਾਮ ਦੀ ਮਾਤੀ = ਮਸਤੀ ਵਿਚ ਮਸਤ ਰਹਿੰਦੀ ਹੈ ਅਤੇ ਅਨਦਿਨੁ = ਰਾਤ ਦਿਨ ਹੀ ਪਰਮੇਸ਼ਰ ਵਿਚ ਸਮਾਏ = ਸਮਾਈ ਰਹੈ = ਰਹਿੰਦੀ ਹੈ।

## ਨਾਨਕ ਕਾਮਣਿ ਸਦਾ ਰੰਗਿ ਰਾਤੀ; ਹਰਿ ਜੀਉ ਆਪਿ ਮਿਲਾਏ ॥੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਗਿਆਸੂ ਰੂਪ ਕਾਮਣਿ = ਇਸਤਰੀ ਸਦਾ = ਹਮੇਸ਼ਾ ਹੀ ਪਰਮੇਸ਼ਰ ਦੇ ਰੰਗਿ = ਪ੍ਰੇਮ ਵਿਚ ਰਾਤੀ = ਰੰਗੀ ਰਹਿੰਦੀ ਹੈ, ਉਸ ਨੂੰ ਹਰਿ ਜੀਉ = ਹਰੀ ਅਕਾਲ ਪੁਰਖ ਜੀ ਕਿਰਪਾ ਕਰ ਕੇ ਆਪ ਆਪਣੇ ਨਾਲ ਮਿਲਾਏ = ਮੇਲ ਲੈਂਦਾ ਹੈ ॥੩॥

## ਤਾ ਮਿਲੀਐ ਹਰਿ ਮੇਲੇ ਜੀਉ; ਹਰਿ ਬਿਨੁ ਕਵਣੁ ਮਿਲਾਏ ॥

ਤਾ = ਤਦ ਹੀ ਪਤੀ ਪਰਮੇਸ਼ਰ ਨਾਲ ਮਿਲੀਐ = ਮਿਲੀਦਾ ਹੈ ਜੇਕਰ ਹਰਿ = ਪਰਮੇਸ਼ਰ ਆਪ ਗੁਰਾਂ ਦੁਆਰਾ ਮੇਲੇ = ਮੇਲਣਾ ਕਰੇ ਜੀ ਪਰ ਹਰਿ = ਹਰੀ ਅਕਾਲ ਪੁਰਖ ਤੋਂ ਬਿਨੁ = ਬਗ਼ੈਰ ਕਵਣੁ = ਕੌਣ ਮਿਲਾਏ = ਮਿਲਾ ਸਕਦਾ ਹੈ, ਭਾਵ ਕੋਈ ਨਹੀਂ ਮਿਲਾ ਸਕਦਾ।

## ਬਿਨੁ ਗੁਰ ਪ੍ਰੀਤਮ ਆਪਣੇ ਜੀਉ; ਕਉਣੁ ਭਰਮੁ ਚੁਕਾਏ ॥

ਆਪਣੇ ਪ੍ਰੀਤਮ = ਪਿਆਰੇ ਗੁਰਾਂ ਤੋਂ ਬਿਨੁ = ਬਗ਼ੈਰ ਭਰਮ ਨੂੰ ਕਉਣੁ = ਕੌਣ ਚੁਕਾਏ = ਚੁਕਾ ਸਕਦਾ ਹੈ, ਭਾਵ ਦੂਰ ਕਰ ਸਕਦਾ ਹੈ ?

## ਗੁਰੁ ਭਰਮੁ ਚੁਕਾਏ, ਇਉ ਮਿਲੀਐ ਮਾਏ; ਤਾ ਸਾ ਧਨ ਸੁਖੁ ਪਾਏ ॥

ਜੋ ਭਰਮ ਕਰਕੇ ਸੰਸਾਰ ਵਿਚ ਪਦਾਰਥ ਸਤਿ ਪ੍ਰਤੀਤ ਹੋ ਰਹੇ ਹਨ, ਇਸ ਭਰਮ ਭੁਲੇਖੇ ਨੂੰ ਗੁਰੂ ਸਾਹਿਬ ਜੀ ਚੁਕਾਏ = ਦੂਰ ਕਰ ਦਿੰਦੇ ਹਨ ਇਉ = ਇਸ ਪ੍ਰਕਾਰ ਮਾਏ = ਹੇ ਸਖੀ ਉਸ ਪਰਮੇਸ਼ਰ ਨਾਲ ਮਿਲੀਐ = ਮਿਲਿਆ ਜਾਂਦਾ ਹੈ। ਤਾ ਸਾ = ਉਹ ਜਗਿਆਸੂ ਰੂਪ ਧਨ = ਇਸਤਰੀ ਆਤਮ ਆਨੰਦ ਰੂਪੀ ਸੁਖ ਨੂੰ ਪਾਏ = ਪ੍ਰਾਪਤ ਕਰ ਸਕਦੀ ਹੈ।

## ਗੁਰ ਸੇਵਾ ਬਿਨੁ, ਘੋਰ ਅੰਧਾਰੁ; ਬਿਨੁ ਗੁਰ ਮਗੁ ਨ ਪਾਏ ॥

ਸਤਿਗੁਰੂ ਸੱਚੇ ਪਾਤਿਸ਼ਾਹ ਦੀ ਸੇਵਾ = ਟਹਿਲ ਤੋਂ ਬਿਨੁ = ਬਗ਼ੈਰ ਘੋਰ = ਭਿਆਨਕ ਅਗਿਆਨ ਰੂਪੀ ਅੰਧਾਰੁ = ਹਨੇਰਾ ਬਣਿਆ ਰਹਿੰਦਾ ਹੈ। (ਜਿਵੇਂ ਖੂਹ ਵਿਚ ਡੱਡੂ ਨੂੰ ਦੇਸ ਪ੍ਰਦੇਸ ਦਾ ਪਤਾ ਨਹੀਂ ਹੁੰਦਾ, ਇਉਂ ਇਸ ਨੂੰ ਅਗਿਆਨ ਦੇ ਅੰਧਾਰੁ = ਹਨੇਰੇ ਵਿਚ ਕੁਝ ਨਹੀਂ ਪਤਾ ਕਿ ਕਿਧਰੋਂ ਆਏ ਹਾਂ, ਕਿਧਰ ਨੂੰ ਜਾਣਾ ਹੈ), ਗੁਰੂ ਸਾਹਿਬ ਤੋਂ ਬਿਨਾਂ ਪਰਮੇਸ਼ਰ ਦੀ ਪ੍ਰਾਪਤੀ ਦਾ ਭਗਤੀ ਸਹਿਤ ਗਿਆਨ ਰੂਪ ਮਗੁ = ਮਾਰਗ ਪਾਏ = ਪਾਇਆ ਨ = ਨਹੀਂ ਜਾ ਸਕਦਾ।

## ਕਾਮਣਿ ਰੰਗਿ ਰਾਤੀ, ਸਹਜੇ ਮਾਤੀ; ਗੁਰ ਕੈ ਸਬਦਿ ਵੀਚਾਰੇ ॥

ਜੋ ਜਗਿਆਸੂ ਰੂਪ ਇਸਤ੍ਰੀ ਗੁਰੂ ਸਾਹਿਬ ਜੀ ਕੈ = ਦੇ ਸਬਦਿ = ਉਪਦੇਸ਼ ਦੀ ਵੀਚਾਰੇ = ਵੀਚਾਰ ਕਰਦੀ ਹੈ ਉਹ ਜਗਿਆਸੂ ਰੂਪ ਕਾਮਣਿ = ਇਸਤ੍ਰੀ ਪਤੀ ਪਰਮੇਸ਼ਰ ਦੇ ਰੰਗਿ = ਪ੍ਰੇਮ ਵਿਚ ਰਾਤੀ = ਰੱਤੀ ਜਾਂਦੀ ਹੈ ਤੇ ਸਹਜੇ = ਸੁਤੇ ਸਿਧ ਗਿਆਨ ਵਿਚ ਮਾਤੀ = ਮਸਤ ਹੋ ਜਾਂਦੀ ਹੈ।

## ਨਾਨਕ, ਕਾਮਣਿ ਹਰਿ ਵਰੁ ਪਾਇਆ; ਗੁਰ ਕੈ ਭਾਇ ਪਿਆਰੇ ॥੪॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਜਗਿਆਸੂ ਰੂਪ ਕਾਮਣਿ = ਇਸਤਰੀ ਨੇ ਪਿਆਰੇ ਗੁਰਾਂ ਕੈ = ਦੇ ਭਾਇ = ਪ੍ਰੇਮ ਦੁਆਰਾ ਹਰਿ = ਹਰੀ ਅਕਾਲ ਪੁਰਖ ਵਰੁ = ਪਤੀ ਨੂੰ ਪਾਇਆ = ਪ੍ਰਾਪਤ ਕੀਤਾ ਹੈ, ਭਾਵ ਪ੍ਰਭੂ ਪਤੀ ਨੂੰ ਪਾ ਲਿਆ ਹੈ॥੪॥੧॥

## ਗਉੜੀ, ਮਹਲਾ ੩ ॥

## ਪਿਰ ਬਿਨੁ, ਖਰੀ ਨਿਮਾਣੀ ਜੀਉ; ਬਿਨੁ ਪਿਰ ਕਿਉ ਜੀਵਾ ਮੇਰੀ ਮਾਈ ॥

ਮੇਰੀ ਜਗਿਆਸੂ ਰੂਪ ਇਸਤਰੀ ਦੀ ਜੀਉ = ਜਿੰਦ ਪਿਰ = ਪਤੀ ਪਰਮਾਤਮਾ ਤੋਂ ਬਿਨੁ = ਬਗ਼ੈਰ ਖਰੀ = ਅਤਿਅੰਤ ਨਿਮਾਣੀ = ਮਾਣ ਤੋਂ ਰਹਿਤ ਹੋ ਰਹੀ ਹੈ। ਹੇ ਮੇਰੀ ਮਾਈ = ਮਾਂ ਦੀ ਨਿਆਈਂ ਮਹਾਤਮਾ ਰੂਪ ਸਖੀਏ! ਪਿਰ = ਪਤੀ ਅਕਾਲ ਪੁਰਖ ਦੀ ਪ੍ਰਾਪਤੀ ਤੋਂ ਬਿਨੁ = ਬਗ਼ੈਰ ਮੈਂ ਕਿਉ = ਕਿਵੇਂ ਜੀਵਾ = ਜਿਊਣਾ ਕਰਾਂ ?

## ਪਿਰ ਬਿਨੁ, ਨੀਦ ਨ ਆਵੈ ਜੀਉ; ਕਾਪੜੁ ਤਨਿ ਨ ਸੁਹਾਈ ॥

ਪਿਰ = ਪਤੀ ਪਰਮਾਤਮਾ ਤੋਂ ਬਿਨੁ = ਬਗ਼ੈਰ ਜੀਉ = ਜਿੰਦ ਨੂੰ ਇਕਾਗਰਤਾ ਰੂਪੀ, ਸ਼ਾਂਤੀ ਰੂਪ ਨੀਂਦ ਨ = ਨਹੀਂ ਆਵੈ = ਆਉਂਦੀ ਅਤੇ ਤਨਿ = ਸਰੀਰ ਉੱਤੇ ਕਾਪੜੁ = ਕੱਪੜੇ ਪਾਏ ਵੀ ਸੁਹਾਈ = ਚੰਗੇ ਨਹੀਂ ਲੱਗਦੇ **ਵਾ:** ਸਰੀਰ ਰੂਪੀ ਕੱਪੜਾ ਵੀ ਸੁਹਾਈ = ਚੰਗਾ ਨਹੀਂ ਲੱਗਦਾ।

## ਕਾਪਰੁ ਤਨਿ ਸੁਹਾਵੈ, ਜਾ ਪਿਰ ਭਾਵੈ; ਗੁਰਮਤੀ ਚਿਤੁ ਲਾਈਐ ॥

ਇਹ ਤਨਿ = ਸਰੀਰ ਦੇ ਉੱਤੇ ਕਾਪਰੁ = ਕੱਪੜੇ ਪਾਏ ਤਾਂ ਹੀ ਸੁਹਾਵੈ = ਸ਼ੋਭਨੀਕ ਹੁੰਦੇ ਹਨ **ਵਾ:** ਇਹ ਗੁਣਾਂ ਰੂਪੀ ਕੱਪੜੇ ਤਾਂ ਸੋਹਣੇ ਹਨ, ਜਾ = ਜੇਕਰ ਪਿਰ = ਪਤੀ ਅਕਾਲ ਪੁਰਖ ਨੂੰ ਭਾਵੈ = ਭਾਅ ਜਾਵਾਂ **ਵਾ:** ਤਨਿ = ਸਰੀਰ ਰੂਪੀ ਕਾਪਰੁ = ਕੱਪੜਾ ਵੀ ਤਾਂ ਹੀ ਸੁਹਾਵੈ = ਸੋਂਹਦਾ ਹੈ ਜਾ = ਜੇਕਰ ਹਿਰਦੇ ਵਿਚ ਪਿਰ = ਪਤੀ ਅਕਾਲ ਪੁਰਖ ਦੀ ਭਾਵੈ = ਭਾਵਨਾ ਹੋਵੇ।

***ਪ੍ਰਸ਼ਨ :*** *ਹੇ ਮਹਾਤਮਾ ਰੂਪ ਸਖੀ! ਮੇਰਾ ਕਿਸ ਪ੍ਰਕਾਰ ਦੇਹ ਰੂਪੀ ਕੱਪੜਾ ਸਫਲਾ ਹੋਵੇ ?*

***ਗੁਰ ਉੱਤਰ :*** (ਗੁਰਮਤੀ ਚਿਤੁ ਲਾਈਐ) ਗੁਰਮਤੀ = ਗੁਰ ਸਿੱਖਿਆ ਦੁਆਰਾ ਵਾਹਿਗੁਰੂ ਦੇ ਨਾਮ ਵਿਚ ਚਿਤ ਨੂੰ ਲਾਈਐ = ਲਾਉਣਾ ਕਰ ਤਾਂ ਤੇਰਾ ਇਹ ਦੇਹ ਰੂਪੀ ਕੱਪੜਾ ਸਫਲਾ ਹੋਵੇਗਾ।

## ਸਦਾ ਸੁਹਾਗਣਿ, ਜਾ ਸਤਿਗੁਰੁ ਸੇਵੇ; ਗੁਰ ਕੈ ਅੰਕਿ ਸਮਾਈਐ ॥

ਜਾ = ਜੇਕਰ ਸਤਿਗੁਰੂ ਸਾਹਿਬ ਜੀ ਦੀ ਸੇਵੇ = ਟਹਿਲ ਕਰੇ ਤਾਂ ਤੂੰ ਸਦਾ = ਹਮੇਸ਼ਾ ਸੁਹਾਗਣਿ = ਸੁਹਾਗ ਦੇ ਸਹਿਤ ਹੋ ਜਾਵੇਂਗੀ ਅਤੇ ਗੁਰ ਕੈ = ਦੇ ਅੰਕਿ = ਪ੍ਰੇਮ ਵਿਚ ਸਮਾਈਐ = ਸਮਾ ਜਾਵੇਂਗੀ **ਵਾ:** ਗੁਰਾਂ ਦੇ ਦੁਆਰਾ ਅੰਕਿ = ਸਰੂਪ ਵਿਚ ਸਮਾਈਐ = ਸਮਾ ਜਾਵੇਂਗੀ।

## ਗੁਰ ਸਬਦੈ ਮੇਲਾ, ਤਾ ਪਿਰੁ ਰਾਵੀ; ਲਾਹਾ ਨਾਮੁ ਸੰਸਾਰੇ ॥

ਜਦ ਗੁਰੂ ਸਾਹਿਬ ਜੀ ਦੇ ਸਬਦੈ = ਉਪਦੇਸ਼ ਨਾਲ ਤੇਰੇ ਚਿੱਤ ਦਾ ਮੇਲਾ = ਮਿਲਾਪ ਹੋ ਗਿਆ ਤਾ = ਤਦ ਪਿਰੁ = ਪਤੀ ਪਰਮੇਸ਼ਰ ਦੇ ਆਨੰਦ ਨੂੰ ਰਾਵੀ = ਮਾਨਣਾ ਕਰੇਂਗੀ ਇਸ ਆਨੰਦ ਦਾ ਲਾਹਾ = ਲਾਭ ਸੰਸਾਰ ਵਿਚ ਪਰਮੇਸ਼ਰ ਦਾ ਨਾਮ ਜਪ ਕੇ ਹੀ ਪ੍ਰਾਪਤ ਹੁੰਦਾ ਹੈ।

## ਨਾਨਕ ਕਾਮਣਿ ਨਾਹ ਪਿਆਰੀ; ਜਾ ਹਰਿ ਕੇ ਗੁਣ ਸਾਰੇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਕਾਮਣਿ = ਇਸਤਰੀ ਨਾਹ = ਪਤੀ ਅਕਾਲ ਪੁਰਖ ਨੂੰ ਪਿਆਰੀ = ਚੰਗੀ ਲੱਗਦੀ ਹੈ, ਜਾ = ਜੋ ਹਰਿ = ਹਰੀ ਅਕਾਲ ਪੁਰਖ ਕੇ = ਦੇ ਗੁਣਾਂ ਨੂੰ ਸਾਰੇ = ਸੰਭਾਲਦੀ ਹੈ **ਵਾ:** ਹਰ ਵਕਤ ਪਰਮੇਸ਼ਰ ਦੇ ਗੁਣਾਂ ਨੂੰ ਉਚਾਰਦੀ ਰਹਿੰਦੀ ਹੈ ॥੧॥

## ਸਾ ਧਨ ਰੰਗੁ ਮਾਣੇ ਜੀਉ; ਆਪਣੇ ਨਾਲਿ ਪਿਆਰੇ ॥

ਸਾ = ਉਹ ਜੀਵ ਰੂਪ ਧਨ = ਇਸਤ੍ਰੀ ਆਪਣੇ ਪਿਆਰੇ = ਪ੍ਰੀਤਮ ਪਰਮੇਸ਼ਰ ਨਾਲਿ = ਸਾਥ ਰੰਗੁ = ਅਨੰਦ ਮਾਣੇ = ਮਾਣਦੀ ਹੈ।

## ਅਹਿਨਿਸਿ ਰੰਗਿ ਰਾਤੀ ਜੀਉ, ਗੁਰ ਸਬਦੁ ਵੀਚਾਰੇ ॥

ਜੋ ਗੁਰਾਂ ਦੇ ਸਬਦੁ = ਉਪਦੇਸ਼ ਦੀ ਵੀਚਾਰ ਦੁਆਰਾ ਅਹਿਨਿਸਿ = ਰਾਤ ਦਿਨੇ ਪਤੀ ਪ੍ਰਭੂ ਦੇ ਰੰਗਿ = ਪ੍ਰੇਮ ਵਿਚ ਰਾਤੀ = ਰੱਤੀ ਰਹਿੰਦੀ ਹੈ।

## ਗੁਰ ਸਬਦੁ ਵੀਚਾਰੇ, ਹਉਮੈ ਮਾਰੇ; ਇਨ ਬਿਧਿ ਮਿਲਹੁ ਪਿਆਰੇ ॥

ਗੁਰੂ ਸਾਹਿਬ ਜੀ ਦੇ ਸਬਦੁ = ਉਪਦੇਸ਼ ਦੀ ਵਿਚਾਰ ਕਰ ਕੇ, ਕਾਰਨ, ਸੂਖਮ, ਸਥੂਲ ਦੇਹ ਦੀ ਹਉਮੈ = ਹੰਗਤਾ ਮਮਤਾ ਮਾਰ ਲਵੇ, ਇਨ = ਇਸ ਬਿਧਿ = ਤਰੀਕੇ ਕਰ ਕੇ ਅਕਾਲ ਪੁਰਖ ਪਿਆਰੇ ਨਾਲ ਮਿਲਹੁ = ਮਿਲਾਪ ਹੋਵੇਗਾ।

## ਸਾ ਧਨ ਸੋਹਾਗਣਿ, ਸਦਾ ਰੰਗਿ ਰਾਤੀ; ਸਾਚੈ ਨਾਮਿ ਪਿਆਰੇ ॥

ਸਾ = ਉਹ ਜਗਿਆਸੂ ਰੂਪ ਸੁਹਾਗਣ ਧਨ = ਇਸਤਰੀ ਸਦਾ = ਹਮੇਸ਼ਾ ਵਾਹਿਗੁਰੂ ਦੇ ਰੰਗਿ = ਪ੍ਰੇਮ ਵਿਚ ਰਾਤੀ = ਰੱਤੀ ਹੋਈ ਹੈ, ਜਿਸ ਨੂੰ ਗੁਰੂ ਸਾਹਿਬ ਜੀ ਪਿਆਰੇ ਪਤੀ ਪਰਮੇਸ਼ਰ ਦਾ ਸਾਚੈ = ਸੱਚਾ ਨਾਮ ਦੇ ਦਿੰਦੇ ਹਨ **ਵਾ:** ਸਾਚੈ = ਸੱਚਾ ਨਾਮ ਅੰਮ੍ਰਿਤ ਪਿਆਰੇ = ਪਿਲਾ ਦਿੰਦੇ ਹਨ।

## ਅਪੁਨੇ ਗੁਰ ਮਿਲਿ ਰਹੀਐ, ਅੰਮ੍ਰਿਤੁ ਗਹੀਐ; ਦੁਬਿਧਾ ਮਾਰਿ ਨਿਵਾਰੇ ॥

ਆਪਣੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਲਿਵ ਲਗਾ ਕੇ ਮਿਲਿ = ਮਿਲੇ ਰਹੀਐ = ਰਹੀਏ ਤੇ ਅੰਮ੍ਰਿਤ ਨਾਮ ਨੂੰ ਗਹੀਐ = ਗ੍ਰਹਿਣ ਕਰੀਏ ਅਤੇ ਦੁਬਿਧਾ = ਦ੍ਵੈਤ-ਭਾਵ ਨੂੰ ਮਾਰ ਕੇ ਨਿਵਾਰੇ = ਨਵਿਰਤ ਕਰ ਦੇਈਏ।

## ਨਾਨਕ, ਕਾਮਣਿ ਹਰਿ ਵਰੁ ਪਾਇਆ; ਸਗਲੇ ਦੂਖ ਵਿਸਾਰੇ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਜਗਿਆਸੂ ਰੂਪ ਕਾਮਣਿ = ਇਸਤਰੀ ਨੇ ਹਰਿ = ਹਰੀ ਅਕਾਲ ਪੁਰਖ ਵਰੁ = ਪਤੀ ਨੂੰ ਪਾਇਆ = ਪਾ ਲਿਆ ਹੈ ਅਤੇ ਉਸ ਦੇ ਸਗਲੇ = ਸਾਰੇ ਦੁਖ ਪਰਮੇਸ਼ਰ ਨੇ ਵਿਸਾਰੇ = ਵਿਦਾ ਕਰ ਦਿੱਤੇ ਹਨ, ਭਾਵ ਭੁਲਾ ਦਿੱਤੇ ਹਨ ॥੨॥

## ਕਾਮਣਿ ਪਿਰਹੁ ਭੁਲੀ ਜੀਉ; ਮਾਇਆ ਮੋਹਿ ਪਿਆਰੇ ॥

ਜੋ ਕਾਮਣਿ = ਇਸਤਰੀ ਮਾਇਆ ਦੇ ਵਿਚ ਮੋਹ ਕਰਦੀ ਹੈ, ਉਹ ਪਿਆਰੇ ਪਿਰਹੁ = ਪਤੀ ਅਕਾਲ ਪੁਰਖ ਤੋਂ ਭੁਲੀ = ਭੁੱਲ ਚੁੱਕੀ ਹੈ ਜੀ।

## ਝੂਠੀ ਝੂਠਿ ਲਗੀ ਜੀਉ; ਕੂੜਿ ਮੁਠੀ ਕੂੜਿਆਰੇ ॥

ਉਹ ਝੂਠੀ ਜੀਵ ਰੂਪ ਇਸਤਰੀ ਝੂਠੇ ਪਦਾਰਥਾਂ 'ਚ ਲੱਗੀ ਹੈ ਜੀ ਅਤੇ ਕੂੜਿ = ਝੂਠੇ ਪਤੀ ਬਣਾਈ ਬੈਠੀ ਹੈ, ਉਹ ਹੰਕਾਰ ਵਿਚ ਲੱਗ ਕੇ ਮੁਠੀ = ਲੁੱਟੀ ਗਈ ਹੈ ਅਤੇ ਅੰਤ ਨੂੰ ਕੂੜਿਆਰੇ = ਝੂਠ ਦੀ ਹੀ ਪ੍ਰਾਪਤੀ ਹੋਣੀ ਹੈ **ਵਾ:** ਜੋ ਝੂਠੀ ਇਸਤਰੀ ਝੂਠੇ ਪਦਾਰਥਾਂ ਵਿਚ ਲੱਗੀ ਹੋਈ ਹੈ ਜੀ, ਉਸ ਕੂੜਿਆਰੇ = ਝੂਠੀ ਇਸਤਰੀ ਨੂੰ ਕੂੜਿ = ਝੂਠ ਨੇ ਮੁੱਠੀ = ਠੱਗ ਲਿਆ ਹੈ।

## ਕੂੜੁ ਨਿਵਾਰੇ, ਗੁਰਮਤਿ ਸਾਰੇ; ਜੂਐ ਜਨਮੁ ਨ ਹਾਰੇ ॥

ਜੇ ਕੂੜੁ = ਝੂਠ ਨੂੰ ਨਿਵਾਰੇ = ਨਵਿਰਤ ਕਰ ਕੇ ਗੁਰਮਤਿ = ਗੁਰ ਸਿੱਖਿਆ ਨੂੰ ਸਾਰੇ = ਸੰਭਾਲੇ ਤਾਂ ਇਹ ਵਿਸ਼ਿਆਂ ਰੂਪੀ ਜੂਐ = ਜੂਏ ਵਿਚ ਆਪਣਾ ਮਨੁੱਖਾ ਜਨਮ ਨਹੀਂ ਹਾਰੇ = ਹਾਰੇਗੀ।

## ਗੁਰ ਸਬਦੁ ਸੇਵੇ, ਸਚਿ ਸਮਾਵੈ; ਵਿਚਹੁ ਹਉਮੈ ਮਾਰੇ ॥

ਜੇ ਗੁਰੂ ਸਾਹਿਬ ਜੀ ਦੇ ਸਬਦੁ = ਉਪਦੇਸ਼ ਦੁਆਰਾ ਸੇਵੇ = ਚਿੰਤਨ ਕਰੇ ਅਤੇ ਵਿਚਹੁ = ਅੰਦਰੋਂ ਹਉਮੈ = ਹੰਗਤਾ ਮਮਤਾ ਮਾਰ ਕੇ ਸੱਚੇ ਪਰਮੇਸ਼ਰ ਦੇ ਵਿਚ ਸਮਾਵੈ = ਸਮਾਉਣਾ ਕਰੇ।

## ਹਰਿ ਕਾ ਨਾਮੁ, ਰਿਦੈ ਵਸਾਏ; ਐਸਾ ਕਰੇ ਸੀਗਾਰੋ ॥

ਹਰਿ = ਹਰੀ ਅਕਾਲ ਪੁਰਖ ਕਾ = ਦਾ ਨਾਮ ਰਿਦੈ = ਅੰਤਸ਼ਕਰਣ ਵਿਚ ਵਸਾਏ = ਵਸਾਉਣਾ ਕਰੇ, ਐਸਾ = ਅਜਿਹਾ ਪਰਮੇਸ਼ਰ ਦੀ ਪ੍ਰਾਪਤੀ ਵਾਸਤੇ ਤਨ 'ਤੇ ਸ਼ਿੰਗਾਰ ਕਰੇ।

## ਨਾਨਕ ਕਾਮਣਿ ਸਹਜਿ ਸਮਾਣੀ; ਜਿਸੁ ਸਾਚਾ ਨਾਮੁ ਅਧਾਰੋ ॥੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਚਾਹਵਾਨ ਕਾਮਣਿ = ਇਸਤਰੀ ਸਹਜਿ = ਸੁਤੇ-ਸਿਧ ਸ਼ਾਂਤ ਰੂਪ ਵਿਚ **ਵਾ:** ਗਿਆਨ ਕਰ ਕੇ ਸਹਜ ਸਰੂਪ ਵਿਚ ਸਮਾਣੀ = ਸਮਾ ਗਈ ਹੈ। ਜਿਸ ਦੇ ਹਿਰਦੇ ਵਿਚ ਸਾਚਾ = ਸੱਚੇ ਅਕਾਲ ਪੁਰਖ ਦੇ ਨਾਮ ਦਾ ਅਧਾਰੋ = ਆਸਰਾ ਹੈ ॥੩॥

ਅੱਗੇ ਸਤਿਗੁਰੂ ਸਾਹਿਬ ਜੀ ਬੇਨਤੀ ਕਰਨ ਦਾ ਢੰਗ ਦੱਸਦੇ ਹੋਏ ਫ਼ੁਰਮਾਉਂਦੇ ਹਨ

## ਮਿਲੁ ਮੇਰੇ ਪ੍ਰੀਤਮਾ ਜੀਉ; ਤੁਧੁ ਬਿਨੁ ਖਰੀ ਨਿਮਾਣੀ ॥

ਹੇ ਮੇਰੇ ਪਰਮ ਪ੍ਰੀਤਮਾ = ਪਰਮਾਤਮਾ ਜੀਉ = ਜੀ ! ਆਪ ਮੈਨੂੰ ਮਿਲਣਾ ਕਰੋ, ਤੁਧੁ = ਤੁਹਾਡੀ ਪ੍ਰਾਪਤੀ ਤੋਂ ਬਿਨੁ = ਬਗ਼ੈਰ ਮੈਂ ਖਰੀ = ਅਤਿਅੰਤ ਹੀ ਨਿਮਾਣੀ = ਮਾਣ ਤੋਂ ਰਹਿਤ ਹੋ ਰਹੀ ਹਾਂ। ਦੁਨੀਆਂ ਵਿਚ ਭਾਵੇਂ ਕਿਤਨਾ ਮਾਣ ਹੋਵੇ, ਪਰ ਤੇਰੀ ਪ੍ਰਾਪਤੀ ਤੋਂ ਬਿਨਾਂ ਮੈਂ ਨਿਮਾਣੀ ਹਾਂ।

## ਮੈ, ਨੈਣੀ ਨੀਦ ਨ ਆਵੈ ਜੀਉ; ਭਾਵੈ ਅੰਨੁ ਨ ਪਾਣੀ ॥

ਮੈ = ਮੈਨੂੰ ਨੈਣੀ = ਨੇਤ੍ਰਾਂ ਵਿਚ ਪ੍ਰਤੱਖ ਨੀਦ ਨ = ਨਹੀਂ ਆਵੈ = ਆਉਂਦੀ ਜੀ ਅਤੇ ਨਾ ਹੀ ਅੰਨੁ = ਅਨਾਜ ਖਾਣਾ ਤੇ ਨਾ ਹੀ ਪਾਣੀ = ਜਲ ਪੀਣਾ ਭਾਵੈ = ਭਾਉਂਦਾ ਭਾਵ ਚੰਗਾ ਲੱਗਦਾ ਹੈ **ਵਾ:**

ਮੈ = ਮੇਰੇ ਮਨ ਬੁੱਧ ਰੂਪ ਨੈਣੀ = ਨੇਤਰਾਂ ਵਿਚ ਸ਼ਾਂਤੀ ਰੂਪ, ਸਮਾਧੀ ਰੂਪ ਨੀਦ ਨ = ਨਹੀਂ ਆਵੈ = ਆਉਂਦੀ ਜੀਉ = ਜੀ ਅਤੇ ਨਾ ਹੀ ਮੈਨੂੰ ਅੰਨ ਭਾਵ ਦ੍ਵੈਤ ਭਾਵੈ = ਭਾਉਂਦੀ ਹੈ ਅਤੇ ਨਾ ਹੀ ਪਦਾਰਥਾਂ ਰੂਪ ਪਾਣੀ ਚੰਗਾ ਲੱਗਦਾ ਹੈ।

## ਪਾਣੀ ਅੰਨੁ ਨ ਭਾਵੈ, ਮਰੀਐ ਹਾਵੈ; ਬਿਨੁ ਪਿਰ, ਕਿਉ ਸੁਖੁ ਪਾਈਐ ॥

ਮੈਨੂੰ ਅੰਨ ਪਾਣੀ ਛਕਣਾ ਭਾਵੈ = ਭਾਉਂਦਾ ਨ = ਨਹੀਂ, ਭਾਵ ਚੰਗਾ ਨਹੀਂ ਲੱਗਦਾ, ਤੇਰੇ ਹਾਵੈ = ਹਉਕਿਆਂ ਭਾਵ ਝੋਰਿਆਂ ਵਿਚ ਹੀ ਮਰੀਐ = ਮਰੀਦਾ ਹੈ **ਵਾ:** ਮੈਨੂੰ ਅੰਨ ਦੀ ਨਿਆਈਂ ਦ੍ਵੈਤ ਤੇ ਪਾਣੀ ਦੀ ਨਿਆਈਂ ਪਦਾਰਥ ਚੰਗੇ ਨਹੀਂ ਲੱਗਦੇ, ਤੇਰੇ ਵਿਛੋੜੇ ਦੇ ਹਾਵੈ = ਝੋਰਿਆਂ ਵਿਚ ਮਰੀਐ = ਮਰੀ ਦਾ ਹੈ, ਹੇ ਪਿਰ = ਪਤੀ ਅਕਾਲ ਪੁਰਖ ! ਤੇਰੀ ਪ੍ਰਾਪਤੀ ਤੋਂ ਬਿਨੁ = ਬਗ਼ੈਰ ਮੈਂ ਕਿਉ = ਕਿਵੇਂ ਸੁਖ ਪਾਈਐ = ਪਾਉਣਾ ਕਰਾਂ।

[ਅੰਗ ੨੪੫]

## ਗੁਰ ਆਗੈ ਕਰਉ ਬਿਨੰਤੀ, ਜੇ ਗੁਰ ਭਾਵੈ; ਜਿਉ ਮਿਲੈ ਤਿਵੈ ਮਿਲਾਈਐ ॥

ਮੈਂ ਸਤਿਗੁਰਾਂ ਦੇ ਆਗੈ = ਅੱਗੇ ਬਿਨੰਤੀ = ਜੋਦੜੀ ਕਰਉ = ਕਰਦੀ ਹਾਂ ਹੇ ਗੁਰੂ ! ਜੇ = ਜੇਕਰ ਤੈਨੂੰ ਭਾਵੈ = ਭਾਅ ਜਾਵੇ, ਚੰਗਾ ਲੱਗੇ। ਤਾਂ ਜਿਉ = ਜਿਵੇਂ ਵਾਹਿਗੁਰੂ ਪਰਮੇਸ਼ਰ ਮਿਲੇ, ਤਿਵੈ = ਉਸੇ ਤਰ੍ਹਾਂ ਆਪ ਕਿਰਪਾ ਕਰ ਕੇ ਮੈਨੂੰ ਮਿਲਾਈਐ = ਮਿਲਾਉਣਾ ਕਰ।

## ਆਪੇ ਮੇਲਿ ਲਏ ਸੁਖਦਾਤਾ; ਆਪਿ ਮਿਲਿਆ ਘਰਿ ਆਏ ॥

ਇਸ ਪ੍ਰਕਾਰ ਉਹ ਸੁੱਖਾਂ ਦਾ ਦਾਤਾ ਪਰਮੇਸ਼ਰ ਆਪ ਹੀ ਆਪਣੇ ਨਾਲ ਮੇਲਿ ਲਏ = ਲੈਂਦਾ ਹੈ ਅਤੇ ਆਪਣੇ ਪਿਆਰਿਆਂ ਦੇ ਪ੍ਰਤੱਖ ਘਰ **ਵਾ:** ਹਿਰਦੇ ਰੂਪੀ ਘਰ ਵਿਚ ਆਪ ਆਏ = ਆ ਕੇ ਮਿਲਿਆ = ਮਿਲਦਾ ਹੈ।

## ਨਾਨਕ, ਕਾਮਣਿ ਸਦਾ ਸੁਹਾਗਣਿ; ਨਾ ਪਿਰੁ ਮਰੈ ਨ ਜਾਏ ॥੪॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਮਹਾਂਪੁਰਖ ਰੂਪੀ ਕਾਮਣਿ = ਇਸਤਰੀ ਸਦਾ = ਹਮੇਸ਼ਾਂ ਹੀ ਸੁਹਾਗਣਿ = ਵਿਆਹੀ ਹੋਈ ਭਾਵ ਸੁਹਾਗਣ ਹੈ, ਕਿਉਂਕਿ ਪਿਰੁ = ਪਤੀ ਪਰਮੇਸ਼ਰ ਨਾ ਹੀ ਮਰੈ = ਮਰਦਾ ਅਤੇ ਨਾ ਹੀ ਕਿਤੇ ਜਾਂਦਾ ਹੈ, ਭਾਵ ਉਹ ਹਰ ਵਕਤ ਅਨੰਦ ਦੇ ਸਹਿਤ ਰਹਿੰਦੀ ਹੈ ॥੪॥੨॥

## ਗਉੜੀ, ਮਹਲਾ ੩ ॥

## ਕਾਮਣਿ, ਹਰਿ ਰਸਿ ਬੇਧੀ ਜੀਉ; ਹਰਿ ਕੈ ਸਹਜਿ ਸੁਭਾਏ ॥

ਉਹ ਰੂਪ ਕਾਮਣਿ = ਇਸਤਰੀ ਹਰਿ ਰਸਿ = ਹਰੀ ਦੇ ਪ੍ਰੇਮ ਰਸਿ = ਅਨੰਦ ਵਿਚ ਬੇਧੀ = ਵਿੰਨ੍ਹੀ ਭਾਵ ਮਿਲੀ ਹੋਈ ਹੈ ਜਿਸ ਦੀ ਹਰਿ = ਹਰੀ ਵਾਹਿਗੁਰੂ ਕੈ = ਦੇ ਵਿਚ ਸਹਜਿ = ਸੁਤੇ-ਸਿਧ ਸੁਭਾਏ = ਸੁਭਾਵਿਕ ਭਾਵਨਾ ਲਗਾਈ ਹੋਈ ਹੈ।

## ਮਨੁ, ਮੋਹਨਿ ਮੋਹਿ ਲੀਆ ਜੀਉ; ਦੁਬਿਧਾ ਸਹਜਿ ਸਮਾਏ ॥

ਸੰਸਾਰ ਨੂੰ ਮੋਹਿਤ ਕਰਨ ਵਾਲੇ ਮੋਹਨਿ = ਪਰਮੇਸ਼ਰ ਨੇ ਉਸ ਦਾ ਮਨ, ਮੋਹ ਲੀਆ = ਲਿਆ ਹੈ, ਦੁਬਿਧਾ = ਦ੍ਵੈਤ ਹਿਰਦੇ ਵਿੱਚੋਂ ਸਹਜਿ = ਸੁਤੇ-ਸਿਧ ਹੀ ਸਮਾਏ = ਸਮਾਪਤ ਹੋ ਗਈ ਹੈ।

## ਦੁਬਿਧਾ ਸਹਜਿ ਸਮਾਏ, ਕਾਮਣਿ ਵਰੁ ਪਾਏ; ਗੁਰਮਤੀ ਰੰਗੁ ਲਾਏ ॥

ਜਦ ਦੁਬਿਧਾ = ਦ੍ਵੈਤ-ਭਾਵ ਸਹਜਿ = ਸੁਭਾਵਿਕ ਹੀ ਸਮਾਏ = ਸਮਾ ਭਾਵ ਮਿਟ ਗਈ, ਤਦ ਉਸ ਚਾਹਵਾਨ ਕਾਮਣਿ = ਇਸਤਰੀ ਨੇ ਵਰੁ = ਪਤੀ ਪਰਮਾਤਮਾ ਦੇ ਤਾਈਂ ਪਾਏ = ਪਾ ਲਿਆ ਹੈ, ਕਿਉਂਕਿ ਉਹ ਗੁਰਮਤੀ = ਗੁਰ ਸਿੱਖਿਆ ਦੁਆਰਾ ਪਰਮੇਸ਼ਰ ਦੇ ਨਾਲ ਰੰਗੁ = ਪ੍ਰੇਮ ਲਾਏ = ਲਾਉਂਦੀ ਹੈ।

## ਇਹੁ ਸਰੀਰੁ, ਕੂੜਿ ਕੁਸਤਿ ਭਰਿਆ; ਗਲਤਾਈ ਪਾਪ ਕਮਾਏ ॥

(**ਕੁਸੱਤਿ** ਦਾ ਉਚਾਰਣ ਅੱਧਕ ਸਹਿਤ ਹੈ, **ਗਲਤਾ-ਈ** ਦਾ ਉਚਾਰਣ ਡੈਸ਼ ਲੱਗਾ ਕੇ ਹੈ,
ਦੂਸਰਾ ਪਾਠ **ਗਲ ਤਾਈ** ਹੈ)

ਇਹ ਸਰੀਰੁ = ਤਨ ਕੂੜਿ = ਝੂਠੇ ਪਦਾਰਥਾਂ ਦੇ ਰਸਾਂ ਕਸਾਂ ਵਿਚ ਕੁਸਤਿ = ਖੋਟੇ ਕਰਮਾਂ ਕਰਕੇ ਭਰਿਆ ਹੋਇਆ ਹੈ ਪਰ ਫੇਰ ਵਿਸ਼ਿਆ ਵਿਚ ਗਲਤਾਈ = ਗਲਤਾਨ ਹੋ ਕੇ ਪਾਪ = ਮੰਦ ਕਰਮ ਕਮਾਏ = ਕਮਾਉਂਦਾ ਹੈ **ਵਾ:** ਪਾਪ = ਮੰਦ ਕਰਮ ਕਮਾਏ = ਕਮਾਉਣੇ ਕਰਕੇ (ਗਲ+ਤਾਈ) ਗਲ = ਕੰਠ ਤਾਈ = ਤੱਕ ਭਰਿਆ ਪਿਆ ਹੈ।

## ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ; ਬਿਨੁ ਭਗਤੀ ਮੈਲੁ ਨ ਜਾਏ ॥

ਗੁਰਮੁਖਿ = ਮੁਖੀ ਗੁਰਾਂ ਦੁਆਰਾ ਭਗਤਿ = ਭਗਤੀ ਕਰੇ, ਜਿਤੁ = ਜਿਸ ਕਰ ਕੇ ਸਹਜ = ਸ਼ਾਂਤੀ ਵਾਲੀ ਧੁਨਿ = ਬਾਣੀ ਉਪਜੈ = ਉਤਪੰਨ ਹੁੰਦੀ ਹੈ ਭਗਤੀ ਤੋਂ ਬਿਨੁ = ਬਗ਼ੈਰ ਪਾਪਾਂ ਦੀ ਮੈਲ ਅੰਦਰੋਂ ਨ = ਨਹੀਂ ਜਾਏ = ਜਾਂਦੀ।

## ਨਾਨਕ, ਕਾਮਣਿ ਪਿਰਹਿ ਪਿਆਰੀ; ਵਿਚਹੁ ਆਪੁ ਗਵਾਏ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਚਾਹਵਾਨ ਕਾਮਣਿ = ਇਸਤਰੀ ਪਿਰਹਿ = ਪਤੀ ਅਕਾਲ ਪੁਰਖ ਨੂੰ ਪਿਆਰੀ = ਚੰਗੀ ਲੱਗਦੀ ਹੈ, ਜਿਸ ਨੇ ਵਿਚਹੁ = ਅੰਦਰੋਂ ਆਪੁ = ਆਪਾ-ਭਾਵ ਗਵਾਏ = ਮਿਟਾ ਦਿੱਤਾ ਹੈ **ਵਾ:** ਜਿਸ ਨੇ ਆਪਾ-ਭਾਵ ਗਵਾਉਣਾ ਕੀਤਾ ਹੈ ॥੧॥

## ਕਾਮਣਿ, ਪਿਰੁ ਪਾਇਆ ਜੀਉ; ਗੁਰ ਕੈ ਭਾਇ ਪਿਆਰੇ ॥

ਹੇ ਪਿਆਰੇ ਜੀ! ਉਸ ਚਾਹਵਾਨ ਕਾਮਣਿ = ਇਸਤਰੀ ਨੇ ਪਿਰੁ = ਪਤੀ ਅਕਾਲ ਪੁਰਖ ਨੂੰ ਪਾਇਆ = ਪਾ ਲਿਆ ਹੈ ਜੀ। ਜਿਸ ਨੇ ਪਿਆਰੇ ਗੁਰੂ ਸਾਹਿਬ ਕੈ = ਦੇ ਨਾਲ ਭਾਇ = ਪ੍ਰੇਮ ਕੀਤਾ ਹੈ **ਵਾ:** ਜੋ ਗੁਰੂ ਸਾਹਿਬ ਜੀ ਦੇ ਭਾਇ = ਅਨੁਸਾਰ ਹੋ ਕੇ ਪਿਆਰੇ ਦੇ ਪ੍ਰੇਮ ਵਿਚ ਚੱਲਦੀ ਹੈ।

## ਰੈਣਿ ਸੁਖਿ ਸੁਤੀ ਜੀਉ; ਅੰਤਰਿ ਉਰਿ ਧਾਰੇ ॥

ਹੇ ਪਿਆਰੇ ਜੀ! ਉਹ ਜੀਵ ਰੂਪ ਇਸਤਰੀ ਅਵਸਥਾ ਰੂਪੀ ਰੈਣਿ = ਰਾਤ ਵਿਚ ਸੁਖ ਸਰੂਪ ਦੇ ਅਨੰਦ ਸਹਿਤ ਨਿਰਵਿਕਲਪ ਸਮਾਧੀ ਵਿਚ ਸੁਤੀ = ਸੌਂ ਰਹੀ ਹੈ, ਜਿਸ ਨੇ ਗੁਰ ਉਪਦੇਸ਼ ਦੁਆਰਾ ਉਰਿ = ਹਿਰਦੇ ਅੰਤਰਿ = ਅੰਦਰ ਵਾਹਿਗੁਰੂ ਪਰਮੇਸ਼ਰ ਦੇ ਨਾਮ ਨੂੰ ਧਾਰੇ = ਧਾਰਿਆ ਹੈ।

## ਅੰਤਰਿ ਉਰਿ ਧਾਰੇ, ਮਿਲੀਐ ਪਿਆਰੇ; ਅਨਦਿਨੁ ਦੁਖੁ ਨਿਵਾਰੇ ॥

ਜਿਸ ਨੇ ਗੁਰੂ ਸਾਹਿਬ ਜੀ ਦੇ ਉਪਦੇਸ਼ ਦੁਆਰਾ ਪਰਮੇਸ਼ਰ ਦੇ ਨਾਮ ਨੂੰ ਉਰਿ = ਹਿਰਦੇ ਦੇ ਅੰਤਰਿ = ਅੰਦਰ ਧਾਰੇ = ਧਾਰਨ ਕੀਤਾ ਹੈ ਉਸ ਨੂੰ ਪਿਆਰੇ = ਪ੍ਰੀਤਮ ਅਕਾਲ ਪੁਰਖ ਮਿਲਿਐ = ਮਿਲਦਾ ਹੈ ਉਸ ਨੇ ਅਨਦਿਨੁ = ਰਾਤ ਦਿਨ ਦੇ ਦੁਖ ਨਿਵਾਰੇ = ਨਵਿਰਤ ਕਰ ਲਏ ਹਨ **ਵਾ:** ਅਵਿੱਦਿਆ ਰੂਪੀ ਰਾਤ ਤੋਂ ਬ੍ਰਹਮ

ਗਿਆਨ ਰੂਪੀ ਦਿਨ ਹੁੰਦਾ ਹੈ, ਸੰਸਾਰਕ ਅਤੇ ਜੰਮਣ ਮਰਣ ਦੇ ਸਾਰੇ ਦੁੱਖਾਂ ਦੀ ਨਿਵਾਰੇ = ਨਵਿਰਤੀ ਤੇ ਪਰਮਾਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ।

## ਅੰਤਰਿ ਮਹਲੁ, ਪਿਰੁ ਰਾਵੇ ਕਾਮਣਿ; ਗੁਰਮਤੀ ਵੀਚਾਰੇ ॥

ਇਹ ਦੇਹ ਦੇ ਅੰਤਰਿ = ਅੰਦਰ ਜੋ ਮਨ ਹੈ, ਉਹ ਉਸ ਪਰਮੇਸ਼ਰ ਦਾ ਹੀ ਮਹਲੁ = ਸਰੂਪ ਹੈ, ਉਹ ਚਾਹਵਾਨ ਕਾਮਣਿ = ਇਸਤਰੀ ਪਿਰੁ = ਪਤੀ ਅਕਾਲ ਪੁਰਖ ਦੇ ਆਨੰਦ ਨੂੰ ਰਾਵੇ = ਮਾਣਦੀ ਹੈ, ਜੋ ਗੁਰਮਤੀ = ਗੁਰਾਂ ਦੀ ਸਿੱਖਿਆ ਦੁਆਰਾ ਪਰਮੇਸ਼ਰ ਦੇ ਨਾਮ ਨੂੰ ਵੀਚਾਰੇ = ਵਿਚਾਰਦੀ ਹੈ।

## ਅੰਮ੍ਰਿਤੁ ਨਾਮੁ ਪੀਆ, ਦਿਨ ਰਾਤੀ; ਦੁਬਿਧਾ ਮਾਰਿ ਨਿਵਾਰੇ ॥

ਜਿਸ ਨੇ ਅੰਮ੍ਰਿਤ ਨਾਮ ਨੂੰ ਦਿਨ ਰਾਤੀ = ਰਾਤ ਦਿਨ ਜਪਣ ਰੂਪ ਪੀਆ = ਪੀਤਾ ਹੈ, ਉਸ ਨੇ ਮਾਰਿ = ਮਾਰਨੇ ਯੋਗ ਦੁਬਿਧਾ = ਦ੍ਵੈਤ ਨੂੰ ਅੰਦਰੋਂ ਨਿਵਾਰੇ = ਨਵਿਰਤ ਭਾਵ ਮੇਟ ਲਿਆ ਹੈ।

## ਨਾਨਕ ਸਚਿ ਮਿਲੀ ਸੋਹਾਗਣਿ; ਗੁਰ ਕੈ ਹੇਤਿ ਅਪਾਰੇ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਨੇ ਗੁਰੂ ਸਾਹਿਬ ਕੈ = ਦੇ ਨਾਲ ਅਪਾਰੇ = ਬੇਅੰਤ ਹੀ ਹੇਤਿ = ਪ੍ਰੇਮ ਕੀਤਾ ਹੈ, ਉਹ ਮਹਾਤਮਾ ਰੂਪੀ ਸੁਹਾਗਣ ਸੱਚੇ ਪਤੀ ਪਰਮੇਸ਼ਰ ਨਾਲ ਮਿਲਦੀ ਹੈ॥੨॥

ਅੱਗੇ ਇਸ ਪ੍ਰਕਾਰ ਬੇਨਤੀ ਕਰੇ

## ਆਵਹੁ ਦਇਆ ਕਰੇ ਜੀਉ; ਪ੍ਰੀਤਮ ਅਤਿ ਪਿਆਰੇ ॥

ਅਤਿ = ਅਤਿਅੰਤ ਪਿਆਰੇ ਪ੍ਰੀਤਮ = ਪਰਮਾਤਮਾ ਜੀ ! ਦਇਆ = ਮੇਹਰ ਕਰੇ = ਕਰ ਕੇ ਮੇਰੇ ਹਿਰਦੇ ਰੂਪੀ ਘਰ ਵਿਚ ਆਵਹੁ = ਆਉਣਾ ਕਰੋ।

## ਕਾਮਣਿ ਬਿਨਉ ਕਰੇ ਜੀਉ; ਸਚਿ ਸਬਦਿ ਸੀਗਾਰੇ ॥

ਜਗਿਆਸੂ ਰੂਪ ਕਾਮਣਿ = ਇਸਤਰੀ ਬਿਨਉ = ਬੇਨਤੀ ਕਰੇ = ਕਰਦੀ ਹੈ ਕਿ ਮੈਂ ਤੇਰੀ ਪ੍ਰਾਪਤੀ ਲਈ ਗੁਰਾਂ ਦੇ ਸੱਚੇ ਸਬਦਿ = ਉਪਦੇਸ਼ ਨੂੰ ਧਾਰਨ ਕਰਨ ਰੂਪ ਸੀਗਾਰੇ = ਸ਼ਿੰਗਾਰ ਕੀਤਾ ਹੈ।

## ਸਚਿ ਸਬਦਿ ਸੀਗਾਰੇ ਹਉਮੈ ਮਾਰੇ; ਗੁਰਮੁਖਿ ਕਾਰਜ ਸਵਾਰੇ ॥

ਜਿਸ ਨੇ ਗੁਰਾਂ ਦੇ ਸੱਚੇ ਸਬਦਿ = ਉਪਦੇਸ਼ ਰੂਪੀ ਸ਼ਿੰਗਾਰ ਨੂੰ ਧਾਰਨ ਕਰਕੇ ਹਉਮੈ = ਹੰਗਤਾ ਮਮਤਾ ਨੂੰ ਮਾਰੇ = ਮਾਰ ਲਿਆ ਹੈ ਉਸ ਨੇ ਗੁਰਮੁਖਿ = ਮੁਖੀ ਗੁਰਾਂ ਦੁਆਰਾ ਮੁਕਤੀ ਰੂਪ ਕਾਰਜ = ਕੰਮ ਨੂੰ ਸਵਾਰੇ = ਸਵਾਰ ਲਿਆ ਹੈ।

## ਜੁਗਿ ਜੁਗਿ, ਏਕੋ ਸਚਾ ਸੋਈ; ਬੂਝੈ ਗੁਰ ਬੀਚਾਰੇ ॥

ਜੁਗਿ ਜੁਗਿ = ਜੁਗਾਂ ਜੁਗਾਂ ਵਿਚ ਸੋਈ = ਉਹ ਏਕੋ = ਇੱਕੋ ਹੀ ਅਦ੍ਵੈਤ ਰੂਪ ਪਰਮੇਸ਼ਰ ਹੀ ਸੱਚਾ ਹੈ, ਉਸ ਨੂੰ ਗੁਰੂ ਸਾਹਿਬ ਜੀ ਦੇ ਸ਼ਬਦ ਦੀ ਵੀਚਾਰ ਦੁਆਰਾ ਬੂਝੈ = ਸਮਝਣਾ ਕਰੀਏ।

## ਮਨਮੁਖਿ ਕਾਮਿ ਵਿਆਪੀ, ਮੋਹਿ ਸੰਤਾਪੀ; ਕਿਸੁ ਆਗੈ ਜਾਇ ਪੁਕਾਰੇ ॥

ਮਨਮੁਖ ਇਸਤਰੀ ਦੀ ਬਿਰਤੀ ਕਾਮਿ = ਕਾਮਦੇਵ ਆਦਿਕਾਂ ਵਿਸ਼ਿਆਂ ਦੇ ਭੋਗਣ ਵਿਚ ਵਿਆਪੀ = ਲੱਗੀ ਹੋਈ ਹੈ। ਵਿਸ਼ਿਆਂ ਦੇ ਮੋਹ ਵਿਚ ਪੈ ਕਰ ਕੇ ਆਧੀ, ਬਿਆਧੀ, ਉਪਾਧੀ ਵਿਚ

ਸੰਤਾਪੀ = ਤਪਦੀ ਭਾਵ ਦੁਖੀ ਹੁੰਦੀ ਰਹਿੰਦੀ ਹੈ। ਉਹ ਕਿਸੁ = ਕਿਸ ਦੇ ਆਗੈ = ਅੱਗੇ ਜਾਇ = ਜਾ ਕੇ ਪੁਕਾਰੇ = ਫ਼ਰਿਆਦ ਕਰੇ।

## ਨਾਨਕ, ਮਨਮੁਖਿ ਥਾਉ ਨ ਪਾਏ; ਬਿਨੁ ਗੁਰ ਅਤਿ ਪਿਆਰੇ ॥੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਾਂ ਵਿਚ ਅਤਿ = ਅਤਿਅੰਤ ਪਿਆਰੇ = ਪ੍ਰੇਮ ਕਰੇ ਤੋਂ ਬਿਨੁ = ਬਗ਼ੈਰ, ਮਨਮੁਖ ਜੀਵ ਰੂਪ ਇਸਤਰੀ ਵਾਹਿਗੁਰੂ ਦੇ ਸਰੂਪ ਰੂਪੀ ਥਾਉ = ਥਾਂ, ਭਾਵ ਤੁਰੀਆ ਪਦ ਥਾਂ ਨੂੰ ਨ = ਨਹੀਂ ਪਾਏ = ਪ੍ਰਾਪਤ ਕਰ ਸਕਦੀ ॥੩॥

## ਮੁੰਧ ਇਆਣੀ ਭੋਲੀ, ਨਿਗੁਣੀਆ ਜੀਉ; ਪਿਰੁ ਅਗਮ ਅਪਾਰਾ ॥

ਇਹ ਜਗਿਆਸੂ ਰੂਪ ਮੁੰਧ = ਇਸਤਰੀ ਇਆਣੀ = ਸੰਸਾਰਕ ਤੇ ਪ੍ਰਮਾਰਥਕ ਅਕਲ ਤੋਂ ਰਹਿਤ ਭੋਲੀ = ਅੰਞਾਣ ਹੈ **ਵਾ:** ਜਿਹੜੀ ਮੁੰਧ = ਇਸਤਰੀ ਇਆਣੀ = ਜਵਾਨ ਹੋਵੇ, ਪਰ ਪਤੀ ਦੀ ਸੇਵਾ ਦੀ ਗਿਆਤ ਨਾ ਹੋਵੇ, ਉਹ ਭੋਲੀ = ਅੰਞਾਣ ਅਤੇ ਨਿਗੁਣੀਆ = ਗੁਣਾਂ ਤੋਂ ਰਹਿਤ ਹੁੰਦੀ ਹੈ, ਜੀ **ਅਥਵਾ** ਹੇ ਪਿਆਰੇ ਜੀ! ਇਹ ਮੁੰਧ = ਜੀਵ ਰੂਪ ਇਸਤਰੀ ਸਤ ਸ਼ਾਸਤਰ ਦੀ ਗਿਆਤ ਤੋਂ ਮੁਗਧ ਹੈ, ਇਆਣੀ = ਗੁਰਮਤਿ ਦੇ ਸੰਸਕਾਰਾਂ ਤੋਂ ਰਹਿਤ ਭੋਲੀ = ਸੂਧੀ ਹੈ, ਇਹ ਪਰਮਾਰਥ ਦੀ ਸਮਝ ਤੋਂ ਰਹਿਤ ਹੈ। **ਵਾ:** ਸਾਧਨਾ ਦੇ ਸੰਸਕਾਰਾਂ ਤੋਂ ਰਹਿਤ ਹੈ, ਨਿਗੁਣੀਆ = ਸਤ ਸੰਤੋਖ ਦੇ ਗੁਣਾਂ ਤੋਂ ਰਹਿਤ ਹੈ। ਪਰ ਪਿਰੁ = ਪਤੀ ਅਕਾਲ ਪੁਰਖ ਪਤੀ ਅਗਮ = ਮਨ ਦੀ ਗਮਤਾ ਤੋਂ ਰਹਿਤ ਤੇ ਅਪਾਰਾ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੈ। ਉਸ ਨਾਲ ਇਸ ਦਾ ਕਿਵੇਂ ਮਿਲਾਪ ਹੋ ਸਕੇ।

## ਆਪੇ ਮੇਲਿ ਮਿਲੀਐ ਜੀਉ; ਆਪੇ ਬਖਸਣਹਾਰਾ ॥

ਹੇ ਪਿਆਰੇ ਜੀ! ਜਿਸ ਨੂੰ ਆਪ ਸੱਚੇ ਪਾਤਿਸ਼ਾਹ ਗੁਰਾਂ ਦੇ ਮੇਲਿ = ਮਿਲਾਪ ਵਿਚ ਮਿਲੀਐ = ਮਿਲਾਉਂਦਾ ਹੈ **ਵਾ:** ਜਿਸ ਨੂੰ ਗੁਰਾਂ ਦੁਆਰਾ ਆਪਣੇ ਨਾਮ ਨਾਲ ਮੇਲਿ = ਮਿਲਾ ਕਰ ਕੇ ਮਿਲੀਐ = ਮਿਲਾਉਂਦਾ ਹੈ, ਉਸ ਦੇ ਆਪੇ ਸਾਰੇ ਔਗੁਣ ਬਖ਼ਸ਼ਣਹਾਰਾ ਹੈ।

## ਅਵਗਣ ਬਖਸਣਹਾਰਾ, ਕਾਮਣਿ ਕੰਤੁ ਪਿਆਰਾ;<br>ਘਟਿ ਘਟਿ ਰਹਿਆ ਸਮਾਈ ॥

ਮਹਾਤਮਾ ਰੂਪ ਕਾਮਣਿ = ਇਸਤ੍ਰੀ ਦਾ ਪਿਆਰਾ ਕੰਤੁ = ਪਤੀ ਪਰਮੇਸ਼ਰ ਅਵਗਣ = ਗੁਨਾਹਾਂ ਨੂੰ ਬਖਸਣਹਾਰਾ = ਬਖ਼ਸ਼ਣ ਵਾਲਾ ਹੈ, ਜੋ ਘਟਿ ਘਟਿ = ਘਟਾਂ ਘਟਾਂ ਵਿਚ ਸਮਾਈ = ਵਿਆਪਕ ਹੋ ਰਿਹਾ ਹੈ।

## ਪ੍ਰੇਮ ਪ੍ਰੀਤਿ, ਭਾਇ ਭਗਤੀ ਪਾਈਐ; ਸਤਿਗੁਰਿ ਬੂਝ ਬੁਝਾਈ ॥

ਜਿਸ ਦੀ ਪਰਮੇਸ਼ਰ ਨਾਲ ਪ੍ਰੇਮ ਕਰ ਕੇ ਪ੍ਰੀਤੀ ਹੈ, ਉਹ ਵਾਹਿਗੁਰੂ ਪਰਮੇਸ਼ਰ ਭਾਇ = ਪ੍ਰੇਮਾ-ਭਗਤੀ ਕਰ ਕੇ ਪਾਈਐ = ਪ੍ਰਾਪਤ ਹੁੰਦਾ ਹੈ **ਵਾ:** ਜਿਸ ਵਾਹਿਗੁਰੂ ਨਾਲ ਪ੍ਰੀਤੀ ਕਰਨ ਵਾਲਿਆਂ ਦਾ ਪ੍ਰੇਮ ਹੈ, ਉਸ ਨੇ ਭਾਇ ਭਗਤੀ = ਪ੍ਰੇਮਾ-ਭਗਤੀ ਦੁਆਰਾ ਪਰਮੇਸ਼ਰ ਨੂੰ ਪਾਈਐ = ਪਾਉਣਾ ਕੀਤਾ ਹੈ। ਇਹ ਸਤਿਗੁਰੂ ਸਾਹਿਬ ਜੀ ਨੇ ਬੂਝ = ਸਿੱਖਿਆ ਬੁਝਾਈ = ਸਮਝਾਉਣਾ ਕੀਤੀ ਹੈ।

## ਸਦਾ ਅਨੰਦਿ ਰਹੈ ਦਿਨ ਰਾਤੀ; ਅਨਦਿਨੁ ਰਹੈ ਲਿਵ ਲਾਈ ॥

ਉਹ ਜਗਿਆਸੂ ਰੂਪ ਇਸਤਰੀ ਸਦਾ = ਹਮੇਸ਼ਾਂ ਦਿਨ ਰਾਤੀ = ਰਾਤ ਦਿਨ ਅਨੰਦ = ਉਤਸ਼ਾਹ ਦੇ ਨਾਲ

ਰਹੈ = ਰਹਿੰਦੀ ਹੈ, ਜੋ ਅਨਦਿਨੁ = ਰਾਤ ਦਿਨ ਪਰਮੇਸ਼ਰ ਵਿਚ ਲਿਵ = ਬਿਰਤੀ ਲਾਈ = ਲਗਾ ਕੇ ਰਹੈ = ਰਹਿੰਦੀ ਭਾਵ ਜੋੜੀ ਰੱਖਦੀ ਹੈ **ਵਾ:** ਉਸ ਨੂੰ ਅਵਿੱਦਿਆ ਰੂਪੀ ਰਾਤ ਤੋਂ ਬ੍ਰਹਮ ਗਿਆਨ ਰੂਪੀ ਦਿਨ ਹੋ ਜਾਂਦਾ ਹੈ।

## ਨਾਨਕ ਸਹਜੇ ਹਰਿ ਵਰੁ ਪਾਇਆ; ਸਾ ਧਨ ਨਉ ਨਿਧਿ ਪਾਈ ॥੪॥੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਨੇ ਸਹਜੇ = ਸੁਤੇ-ਸਿਧ ਹਰਿ = ਹਰੀ ਅਕਾਲ ਪੁਰਖ ਰੂਪ ਵਰੁ = ਪਤੀ ਨੂੰ ਪਾਇਆ = ਪਾ ਲਿਆ ਹੈ, ਸਾ = ਉਸ ਜਗਿਆਸੂ ਰੂਪ ਧਨ = ਇਸਤਰੀ ਨੇ ਮਾਨੋ ਨਉਨਿਧਿ = ਨੌਂ ਨਿਧੀਆਂ ਹੀ ਪਾਈ = ਪਾ ਲਈਆਂ ਹਨ **ਵਾ:** ਨਉ = ਨੌਂ ਗੋਲਕਾਂ ਦਾ ਨਿਧਿ = ਅਧਾਰ (ਆਸਰਾ) ਰੂਪ ਪਰਮੇਸ਼ਰ ਪਾਈ = ਪਾ ਲਿਆ ਹੈ ॥੪॥੩॥

## ਗਉੜੀ, ਮਹਲਾ ੩ ॥
## ਮਾਇਆ ਸਰੁ, ਸਬਲੁ ਵਰਤੈ ਜੀਉ;
## ਕਿਉ ਕਰਿ ਦੁਤਰੁ ਤਰਿਆ ਜਾਇ ॥

ਹੇ ਮੇਰੇ ਪਿਆਰੇ ਜੀ! ਸੰਸਾਰ ਸਰੁ = ਸਮੁੰਦਰ ਵਿਚ ਮਾਇਆ (ਸ+ਬਲੁ) ਸ = ਸਹਿਤ ਬਲ ਦੇ ਵਰਤੈ = ਵਰਤ ਭਾਵ ਵਿਚਰ ਰਹੀ ਹੈ, ਇਸ ਲਈ ਕਠਨਤਾਈਂ ਨਾਲ ਪਾਰ ਹੋਣ ਵਾਲੇ ਸੰਸਾਰ ਸਮੁੰਦਰ ਤੋਂ ਕਿਉ = ਕਿਵੇਂ ਕਰਿ = ਕਰਕੇ ਤਰਿਆ ਜਾਇ = ਜਾਵੇ ?

## ਰਾਮ ਨਾਮੁ ਕਰਿ ਬੋਹਿਥਾ, ਜੀਉ; ਸਬਦੁ ਖੇਵਟੁ ਵਿਚਿ ਪਾਇ ॥

ਹੇ ਪਿਆਰੇ ਜੀ! ਰਾਮ = ਪਰਮੇਸ਼ਰ ਦੇ ਨਾਮ ਨੂੰ ਬੋਹਿਥਾ = ਜਹਾਜ਼ ਬਣਾਉਣਾ ਕਰ ਅਤੇ ਸਬਦੁ = ਉਪਦੇਸ਼ ਦੇਣ ਵਾਲੇ ਗੁਰਾਂ ਨੂੰ ਵਿਚ ਖੇਵਟੁ = ਮਲਾਹ ਪਾਇ = ਪਾਉਣਾ ਕਰ, ਜੋ ਸ਼ਬਦ ਰੂਪੀ ਠੰਢੀ ਪੌਣ ਦੇ ਕੇ ਪਾਰ ਕਰਦੇ ਹਨ, ਨਾਮ ਉਪਦੇਸ਼ ਰੂਪੀ ਅਨਕੂਲੀ ਪੌਣ ਦੇ ਕੇ ਪਾਰ ਕਰਦੇ ਹਨ।

## ਸਬਦੁ ਖੇਵਟੁ ਵਿਚਿ ਪਾਏ, ਹਰਿ ਆਪਿ ਲਘਾਏ;
## ਇਨ ਬਿਧਿ ਦੁਤਰੁ ਤਰੀਐ ॥

ਗੁਰੂ ਸਾਹਿਬ ਜੀ ਦਾ ਸਬਦੁ = ਉਪਦੇਸ਼ ਖੇਵਟੁ = ਮਲਾਹ ਦੀ ਨਿਆਈਂ ਹੈ, ਇਸ ਨੂੰ ਵਿਚ ਪਾਏ = ਪਾਉਣੇ ਕਰ ਕੇ ਹਰਿ = ਹਰੀ ਅਕਾਲ ਪੁਰਖ ਆਪ ਹੀ ਸੰਸਾਰ-ਸਮੁੰਦਰ ਤੋਂ ਪਾਰ ਲਘਾਏ = ਲੰਘਾ ਦਿੰਦੇ ਹਨ, ਇਨ ਬਿਧਿ = ਇਸ ਤਰੀਕੇ ਨਾਲ ਦੁਤਰੁ = ਕਠਨ ਸੰਸਾਰ ਸਮੁੰਦਰ ਤੋਂ ਤਰੀਐ = ਤਰ ਜਾਈਦਾ ਹੈ।

## ਗੁਰਮੁਖਿ ਭਗਤਿ ਪਰਾਪਤਿ ਹੋਵੈ; ਜੀਵਤਿਆ ਇਉ ਮਰੀਐ ॥

ਗੁਰਮੁਖਾਂ ਦੀ ਸੰਗਤ ਕਰ ਕੇ ਵਾਹਿਗੁਰੂ ਦੀ ਭਗਤਿ = ਭਗਤੀ ਪ੍ਰਾਪਤ ਹੋਵੈ = ਹੁੰਦੀ ਹੈ, ਇਉ = ਇਸ ਤਰ੍ਹਾਂ ਜੀਵਤਿਆ = ਜੀਵਤ-ਭਾਵ ਤੋਂ ਮਰੀਐ = ਮਰੀਦਾ ਹੈ।

## ਖਿਨ ਮਹਿ ਰਾਮ ਨਾਮਿ ਕਿਲਵਿਖ ਕਾਟੇ; ਭਏ ਪਵਿਤੁ ਸਰੀਰਾ ॥

ਰਾਮ = ਪਰਮੇਸ਼ਰ ਦਾ ਨਾਮ ਖਿਨ = ਬਹੁਤ ਥੋੜ੍ਹੇ ਸਮੇਂ ਮਾਹਿ = ਵਿਚ ਹੀ ਕਿਲਵਿਖ = ਪਾਪਾਂ ਨੂੰ ਕਾਟੇ = ਕੱਟ ਦਿੰਦਾ ਹੈ ਅਤੇ ਸਰੀਰਾ = ਤਨ ਵੀ ਪਵਿਤੁ = ਪਵਿੱਤਰ ਭਏ = ਹੋ ਜਾਂਦਾ ਹੈ।

## ਨਾਨਕ ਰਾਮ ਨਾਮਿ ਨਿਸਤਾਰਾ; ਕੰਚਨ ਭਏ ਮਨੂਰਾ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਰਾਮ = ਪਰਮੇਸ਼ਰ ਦਾ ਨਾਮ ਜਪਣੇ ਕਰ ਕੇ ਸੰਸਾਰ ਸਮੁੰਦਰ ਤੋਂ ਨਿਸਤਾਰਾ = ਤਰਨਾ ਹੁੰਦਾ ਹੈ। ਮਨੂਰਾ[੧] = ਜੋ ਲੋਹੇ ਦੀ ਮੈਲ ਵਾਂਗੂੰ ਅਣ ਅਧਿਕਾਰੀ ਪੁਰਖ ਸੀ, ਉਹ ਵੀ ਕੰਚਨ = ਸੋਇਨੇ ਦੀ ਨਿਆਈਂ ਸ਼ੁਧ ਭਏ = ਹੋ ਜਾਂਦੇ ਹਨ **ਵਾ:** ਜੋ ਮਨੂਰ ਵਾਂਗ ਪਾਪੀ ਬੰਦੇ ਸੀ, ਉਹ ਸੋਨੇ ਦੀ ਨਿਆਈਂ ਸ਼ੁੱਧ ਸਰੂਪ ਹੋ ਗਏ, ਇਉਂ ਤਰਨਾ ਹੁੰਦਾ ਹੈ॥੧॥

[ਅੰਗ ੨੪੬]

## ਇਸਤਰੀ ਪੁਰਖ ਕਾਮਿ ਵਿਆਪੇ ਜੀਉ; ਰਾਮ ਨਾਮ ਕੀ, ਬਿਧਿ ਨਹੀ ਜਾਣੀ ॥

ਹੇ ਪਿਆਰੇ ਜੀ ! ਸਾਰੇ ਇਸਤਰੀ ਪੁਰਖ ਕਾਮ ਚੇਸ਼ਟਾ **ਵਾ:** ਕਾਮਿ = ਕਾਮਨਾ ਵਿਚ ਹੀ ਵਿਆਪੇ = ਲੱਗੇ ਹੋਏ ਹਨ। ਜਿਨ੍ਹਾਂ ਨੇ ਪਰਮੇਸ਼ਰ ਦੇ ਨਾਮ ਨਾਲ ਮਿਲਣ ਕੀ = ਦੀ ਬਿਧਿ = ਵਿਧੀ ਉੱਕਾ ਹੀ ਨਹੀਂ ਜਾਣੀ।

## ਮਾਤ ਪਿਤਾ ਸੁਤ ਭਾਈ, ਖਰੇ ਪਿਆਰੇ ਜੀਉ; ਡੂਬਿ ਮੁਏ ਬਿਨੁ ਪਾਣੀ ॥

ਹੇ ਪਿਆਰੇ ਜੀ ! ਕਿਸੇ ਨੂੰ ਮਾਤ = ਮਾਂ, ਪਿਤਾ, ਸੁਤ = ਪੁੱਤਰ, ਭਾਈ ਖਰੇ = ਅਤਿਅੰਤ ਪਿਆਰੇ ਲੱਗਦੇ ਹਨ, ਜੋ ਪਦਾਰਥਾਂ ਦੇ ਮੋਹ ਨੂੰ ਸਤਿ ਮੰਨ ਕੇ ਪਾਣੀ = ਜਲ ਤੋਂ ਬਿਨੁ = ਬਗ਼ੈਰ ਡੂਬਿ ਮੂਏ = ਡੁੱਬ ਕੇ ਮਰ ਗਏ ਹਨ **ਵਾ:** ਪਰਮੇਸ਼ਰ ਦੇ ਨਾਮ ਰੂਪੀ ਜਲ ਤੋਂ ਬਿਨਾਂ ਸੰਸਾਰ-ਸਮੁੰਦਰ ਵਿਚ ਡੁੱਬ ਕੇ ਮਰ ਗਏ ਹਨ।

## ਡੂਬਿ ਮੁਏ ਬਿਨੁ ਪਾਣੀ, ਗਤਿ ਨਹੀ ਜਾਣੀ; ਹਉਮੈ ਧਾਤੁ ਸੰਸਾਰੇ ॥

ਪਰਮੇਸ਼ਰ ਦੇ ਨਾਮ ਰੂਪੀ ਪਾਣੀ = ਜਲ ਤੋਂ ਬਿਨੁ = ਬਗ਼ੈਰ ਸੰਸਾਰ-ਸਮੁੰਦਰ ਵਿਚ ਡੂਬਿ = ਡੁੱਬ ਕੇ ਮੁਏ = ਮਰ ਗਏ ਹਨ ਕਿਉਂਕਿ ਉਨ੍ਹਾਂ ਨੇ ਪਰਮਾਤਮਾ ਦੀ ਗਤਿ = ਮੁਕਤੀ ਭਾਵ ਪ੍ਰਾਪਤੀ ਨਹੀਂ ਜਾਣੀ ਹੈ ਹਰ ਵਕਤ ਹਉਮੈ = ਹੰਗਤਾ ਮਮਤਾ ਕਰ ਕੇ ਸੰਸਾਰੇ = ਸੰਸਾਰਕ ਕੰਮਾਂ ਵਿਚ ਹੀ ਧਾਤੁ = ਦੌੜਦੇ ਫਿਰਦੇ ਹਨ।

## ਜੋ ਆਇਆ, ਸੋ ਸਭੁ ਕੋ ਜਾਸੀ; ਉਬਰੇ ਗੁਰ ਵੀਚਾਰੇ ॥

ਜੋ ਇਸ ਸੰਸਾਰ ਵਿਚ ਜਨਮ ਧਾਰ ਕੇ ਆਇਆ ਹੈ, ਸੋ = ਓਨਾ ਸਭ = ਸਭਨਾਂ ਕੋ = ਨੂੰ ਮਰ ਕੇ ਜਾਸੀ = ਜਾਣਾ ਪਵੇਗਾ, ਜਿਹੜੇ ਗੁਰ-ਉਪਦੇਸ਼ ਨੂੰ ਵਿਚਾਰਦੇ ਹਨ ਕੇਵਲ ਉਹੋ ਹੀ ਉਬਰੇ = ਬਚੇ ਹਨ।

## ਗੁਰਮੁਖਿ ਹੋਵੈ, ਰਾਮ ਨਾਮੁ ਵਖਾਣੈ; ਆਪਿ ਤਰੈ ਕੁਲ ਤਾਰੇ ॥

ਉਹ ਗੁਰਮੁਖ ਹੋਵੈ = ਹੋ ਕੇ ਰਾਮ = ਪਰਮੇਸ਼ਰ ਦੇ ਨਾਮ ਨੂੰ ਵਖਾਣੈ = ਕਥਨ ਕਰਦੇ ਹਨ, ਉਹ ਆਪ ਤਾਂ ਤਰੈ = ਤਰਦੇ ਹਨ ਤੇ ਆਪਣੀਆਂ ਕੁਲਾਂ ਨੂੰ ਵੀ ਤਾਰੇ = ਤਾਰ ਲੈਂਦੇ ਹਨ।

## ਨਾਨਕ ਨਾਮੁ ਵਸੈ ਘਟ ਅੰਤਰਿ; ਗੁਰਮਤਿ ਮਿਲੇ ਪਿਆਰੇ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਦੇ ਘਟ = ਹਿਰਦੇ ਅੰਤਰਿ = ਵਿਚ ਵਾਹਿਗੁਰੂ ਦਾ ਨਾਮ ਵਸੈ = ਵੱਸ ਜਾਂਦਾ ਹੈ, ਉਹ ਗੁਰਮਤਿ = ਗੁਰਮਤੀਏ ਪੁਰਖ ਪਿਆਰੇ ਅਕਾਲ ਪੁਰਖ ਨਾਲ ਮਿਲੇ = ਮਿਲ ਜਾਂਦੇ ਹਨ ॥੨॥

---

੧. ਮਨੂਰਾ = ਮੋਇਆ ਲੋਹਾ, ਖੰਘਰ, ਜੋ ਪਾਣੀ ਤੇ ਹਵਾ ਨਾਲ ਮਿਲ ਕੇ ਮੁੜ ਮਿੱਟੀ ਰੂਪ ਹੋ ਜਾਂਦਾ ਹੈ।

## ਰਾਮ ਨਾਮ ਬਿਨੁ, ਕੋ ਥਿਰੁ ਨਾਹੀ ਜੀਉ; ਬਾਜੀ ਹੈ ਸੰਸਾਰਾ ॥

ਹੇ ਪਿਆਰੇ ਜੀ! ਰਾਮ = ਪਰਮੇਸ਼ਰ ਦੇ ਨਾਮ ਤੋਂ ਬਿਨੁ = ਬਗ਼ੈਰ ਕੋ = ਕੋਈ ਵੀ ਥਿਰੁ = ਅਚੱਲ ਨਾਹੀ = ਨਹੀਂ ਹੈ, ਇਹ ਸੰਸਾਰਾ = ਜਗਤ ਤਾਂ ਇਕ ਬਾਜੀ = ਤਮਾਸ਼ਾ ਹੀ ਹੈ **ਵਾ:** ਇਕ ਬਾਜ਼ੀਗਰ ਦੀ ਬਾਜ਼ੀ ਵਾਂਗ ਹੀ ਹੈ।

## ਦ੍ਰਿੜੁ ਭਗਤਿ ਸਚੀ ਜੀਉ; ਰਾਮੁ ਨਾਮੁ ਵਾਪਾਰਾ ॥

ਹੇ ਪਿਆਰੇ ਜੀ! ਪਰਮੇਸ਼ਰ ਦੀ ਸੱਚੀ ਭਗਤੀ ਨੂੰ ਦ੍ਰਿੜੁ = ਪ੍ਰਪੱਕ ਹੋ ਕੇ ਕਰਨਾ ਕਰ ਅਤੇ ਰਾਮ = ਪਰਮੇਸ਼ਰ ਦੇ ਨਾਮ ਦਾ ਵਾਪਾਰਾ = ਵਣਜ ਕਰ।

## ਰਾਮ ਨਾਮੁ ਵਾਪਾਰਾ, ਅਗਮ ਅਪਾਰਾ; ਗੁਰਮਤੀ ਧਨੁ ਪਾਈਐ ॥

ਰਾਮ = ਪਰਮੇਸ਼ਰ ਦੇ ਨਾਮ ਦਾ ਵਾਪਾਰਾ = ਵਣਜ ਅਗਮ = ਅਪਹੁੰਚ ਤੇ ਅਪਾਰਾ = ਬੇਅੰਤ ਹੈ ਜੋ ਨਾਮ ਰੂਪ ਧਨ ਗੁਰਮਤੀ = ਗੁਰੂ ਦੀ ਸਿੱਖਿਆ ਦੁਆਰਾ ਹੀ ਪਾਈਐ = ਪਾਈਦਾ ਹੈ।

## ਸੇਵਾ ਸੁਰਤਿ, ਭਗਤਿ ਇਹ ਸਾਚੀ; ਵਿਚਹੁ ਆਪੁ ਗਵਾਈਐ ॥

ਇਹੋ ਹੀ ਸਾਚੀ = ਸੱਚੀ ਭਗਤਿ = ਭਗਤੀ ਹੈ ਜੋ ਸੁਰਤਿ = ਸੁਰਤੀ ਗੁਰਾਂ ਦੀ ਸੇਵਾ = ਟਹਿਲ ਵਿਚ ਜੁੜੀ ਹੋਈ ਤੇ ਹਿਰਦੇ ਵਿਚਹੁ = ਅੰਦਰੋਂ ਆਪੁ = ਆਪਾ ਭਾਵ ਗਵਾਈਐ = ਗਵਾਉਣਾ ਕਰੀਏ **ਅਥਵਾ** ਸਰੀਰ ਕਰਕੇ ਸੇਵਾ = ਟਹਿਲ ਕੀਤੀ ਹੋਈ, ਸੁਰਤਿ = ਚਿੱਤ ਦੀ ਬਿਰਤੀ ਦੁਆਰਾ ਨਾਮ ਧਿਆਇਆ ਤੇ ਬਾਣੀ ਕਰਕੇ ਭਗਤੀ ਕੀਤੀ ਹੋਈ ਤਾਂ ਹੀ ਇਹ ਸਾਚੀ = ਸੱਚੀ ਹੈ, ਜੇਕਰ ਹਿਰਦੇ ਵਿਚਹੁ = ਅੰਦਰੋਂ ਆਪੁ = ਆਪਾ-ਭਾਵ ਗਵਾਈਐ = ਗਵਾਉਣਾ ਕਰੀਏ।

## ਹਮ ਮਤਿ ਹੀਣ, ਮੂਰਖ ਮੁਗਧ ਅੰਧੇ; ਸਤਿਗੁਰਿ ਮਾਰਗਿ ਪਾਏ ॥

ਇਉਂ ਬੇਨਤੀ ਕਰੋ ਕਿ ਹਮ = ਅਸੀਂ ਤਾਂ ਆਤਮ ਪ੍ਰਮਾਰਥ ਵਾਲੀ ਮਤਿ = ਬੁੱਧ ਤੋਂ ਹੀਣ = ਰਹਿਤ, ਸ਼ਾਸਤਰ ਗਿਆਨ ਵੱਲੋਂ ਮੂਰਖ = ਮੂੜ, ਵਿਹਾਰਾਂ ਵੱਲੋਂ ਮੁਗਧ = ਅਤਿਅੰਤ ਮੂਰਖ, ਅੰਧੇ = ਅੰਨ੍ਹੇ ਅਗਿਆਨੀ ਸੀ। ਪਰ ਸਤਿਗੁਰਾਂ ਨੇ ਕਿਰਪਾ ਕਰ ਕੇ ਸਾਨੂੰ ਭਾਉ-ਭਗਤੀ ਦੇ ਮਾਰਗਿ = ਰਸਤੇ ਤੇ ਪਾਏ = ਪਾ ਦਿੱਤਾ ਹੈ।

## ਨਾਨਕ ਗੁਰਮੁਖਿ ਸਬਦਿ ਸੁਹਾਵੇ;<br>ਅਨਦਿਨੁ ਹਰਿ ਗੁਣ ਗਾਏ ॥੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਗੁਰਮੁਖਿ = ਗੁਰਾਂ ਦੇ ਸਬਦਿ = ਉਪਦੇਸ਼ ਕਰ ਕੇ ਸੁਹਾਵੇ = ਸ਼ੋਭਨੀਕ ਹੋਏ ਹਾਂ ਕਿਉਂਕਿ ਅਸੀਂ ਅਨਦਿਨੁ = ਰਾਤ ਦਿਨ ਹਰਿ = ਹਰੀ ਅਕਾਲ ਪੁਰਖ ਦੇ ਗੁਣਾਂ ਨੂੰ ਗਾਏ = ਗਾਉਣਾ ਕੀਤਾ ਹੈ ॥੩॥

## ਆਪਿ ਕਰਾਏ, ਕਰੇ ਆਪਿ ਜੀਉ; ਆਪੇ ਸਬਦਿ ਸਵਾਰੇ ॥

ਹੇ ਪਿਆਰੇ ਜੀ! ਪਰਮੇਸ਼ਰ ਨੇ ਆਪ ਹੀ ਬ੍ਰਹਮਾ ਆਦਿਕਾਂ ਤੋਂ ਜਗਤ ਨੂੰ ਪੈਦਾ ਕਰਾਏ = ਕਰਾਇਆ ਹੈ ਅਤੇ ਆਪ ਹੀ ਪਾਲਣਾ ਕਰੇ = ਕਰਦਾ ਹੈ, ਫਿਰ ਆਪ ਹੀ ਗੁਰ ਸਬਦਿ = ਉਪਦੇਸ਼ ਦੇ ਕੇ ਗੁਰਮੁਖਾਂ ਦੇ ਹਿਰਦੇ ਸਵਾਰੇ = ਸਵਾਰਦਾ ਹੈ **ਵਾ:** ਆਪ ਹੀ ਸ਼ਬਦ ਰੂਪ ਹੋ ਕੇ ਸੰਸਾਰ ਨੂੰ ਸਵਾਰੇ = ਸਵਾਰਨਾ ਕਰਦਾ ਹੈ।

## ਆਪੇ ਸਤਿਗੁਰੁ, ਆਪਿ ਸਬਦੁ ਜੀਉ; ਜੁਗੁ ਜੁਗੁ ਭਗਤ ਪਿਆਰੇ ॥

ਹੇ ਪਿਆਰੇ ਜੀਉ ! ਪਰਮੇਸ਼ਰ ਆਪ ਹੀ ਸਤਿਗੁਰੂ ਰੂਪ ਹੈ, ਆਪ ਹੀ ਸਬਦੁ = ਉਪਦੇਸ਼ ਰੂਪ ਹੈ, ਜੁਗੁ ਜੁਗੁ = ਜੁਗਾਂ ਜੁਗਾਂ ਵਿਚ ਉਸ ਨੂੰ ਆਪਣੇ ਭਗਤ ਪਿਆਰੇ = ਚੰਗੇ ਹਨ।

## ਜੁਗੁ ਜੁਗੁ ਭਗਤ ਪਿਆਰੇ, ਹਰਿ ਆਪਿ ਸਵਾਰੇ; ਆਪੇ ਭਗਤੀ ਲਾਏ ॥

ਜਿਨ੍ਹਾਂ ਜਿਨ੍ਹਾਂ ਨੂੰ ਹਰਿ = ਹਰੀ ਅਕਾਲ ਪੁਰਖ ਨੇ ਆਪ ਸਵਾਰੇ = ਸਵਾਰਿਆ ਹੈ, ਉਹ ਭਗਤ ਜੁਗੁ ਜੁਗੁ = ਜੁਗਾਂ ਜੁਗਾਂ ਵਿਚ ਪਿਆਰੇ = ਚੰਗੇ ਲੱਗੇ ਹਨ ਕਿਉਂਕਿ ਉਨ੍ਹਾਂ ਨੂੰ ਆਪ ਹੀ ਆਪਣੀ ਪ੍ਰੇਮਾ-ਭਗਤੀ ਵਿਚ ਲਾਏ = ਲਾਇਆ ਹੈ।

## ਆਪੇ ਦਾਨਾ, ਆਪੇ ਬੀਨਾ; ਆਪੇ ਸੇਵ ਕਰਾਏ ॥

ਆਪ ਹੀ ਦਾਨਾ = ਗਿਆਤਾ ਹੈ **ਵਾ:** ਆਪ ਹੀ ਸਾਰਿਆਂ ਦੇ ਦਿਲਾਂ ਦੀ ਦਾਨਾ = ਜਾਨਣ ਵਾਲਾ ਹੈ, (ਦਾਨਾ ਫ਼ਾਰਸੀ ਵਿਚ ਗਿਆਤਾ ਅਤੇ ਜਾਨਣ ਨੂੰ ਕਹਿੰਦੇ ਹਨ) ਆਪ ਹੀ ਸਾਰਿਆਂ ਦੇ ਗੁਪਤ ਕੰਮਾਂ ਨੂੰ ਬੀਨਾ = ਦੇਖਣ ਵਾਲਾ ਹੈ ਅਤੇ ਆਪ ਹੀ ਸੱਚੇ ਪਾਤਿਸ਼ਾਹ ਜੀ ਸੇਵ = ਟਹਿਲ ਕਰਾਏ = ਕਰਾਉਣ ਵਾਲਾ ਹੈ।

## ਆਪੇ ਗੁਣਦਾਤਾ, ਅਵਗੁਣ ਕਾਟੇ; ਹਿਰਦੈ ਨਾਮੁ ਵਸਾਏ ॥

ਪਰਮੇਸ਼ਰ ਆਪ ਹੀ ਸਾਰਿਆਂ ਨੂੰ ਗਿਆਨ ਆਦਿ ਗੁਣਾਂ ਦੀ ਦਾਤ ਦੇਣ ਵਾਲਾ ਹੈ ਅਤੇ ਆਪ ਹੀ ਅਵਗੁਣ = ਔਗੁਣਾਂ ਨੂੰ ਕਾਟੇ = ਕੱਟ ਕੇ ਹਿਰਦੈ = ਅੰਤਸ਼ਕਰਨ ਵਿਚ ਨਾਮ ਵਸਾਏ = ਵਸਾਉਣ ਵਾਲਾ ਹੈ।

## ਨਾਨਕ, ਸਦ ਬਲਿਹਾਰੀ ਸਚੇ ਵਿਟਹੁ; ਆਪੇ ਕਰੇ ਕਰਾਏ ॥੪॥੪॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਸਦ = ਹਮੇਸ਼ਾ ਸੱਚੇ ਅਕਾਲ ਪੁਰਖ ਦੇ ਵਿਟਹੁ = ਉਪਰੋਂ ਬਲਿਹਾਰ = ਕੁਰਬਾਨ ਜਾਂਦੇ ਹਾਂ, ਜੋ ਆਪ ਹੀ ਜਗਤ ਨੂੰ ਬ੍ਰਹਮਾਂ ਆਦਿਕਾਂ ਤੋਂ ਪੈਦਾ ਕਰਾਏ = ਕਰਾਉਂਦਾ ਹੈ ਤੇ ਆਪ ਹੀ ਪਾਲਣਾ ਕਰੇ = ਕਰਦਾ ਹੈ **ਵਾ:** ਸਭ ਕੁਝ ਆਪ ਹੀ ਕਰਦਾ ਤੇ ਕਰਾਏ = ਕਰਾਉਂਦਾ ਹੈ **ਵਾ:** ਆਪ ਹੀ ਗੁਰੂ ਰੂਪ ਹੋ ਕੇ ਉਪਦੇਸ਼ ਕਰੇ = ਕਰਦਾ ਹੈ। ਆਪ ਹੀ ਸਿੱਖ ਦੇ ਪਾਸੋਂ ਨਾਮ ਦਾ ਅਭਿਆਸ ਕਰਾਏ = ਕਰਾਉਂਦਾ ਹੈ ॥੪॥੪॥

## ਗਉੜੀ, ਮਹਲਾ ੩ ॥

ਇਸ ਸ਼ਬਦ ਵਿਚ ਬੁੱਧੀ ਅਤੇ ਜੀਵ ਦਾ ਸੰਬਾਦ ਹੈ, ਸ਼ੁਧ ਬੁੱਧੀ ਜੀਵ ਨੂੰ ਪਤੀ ਕਰ ਕੇ ਸਮਝਾਉਂਦੀ ਹੈ।

## ਗੁਰ ਕੀ ਸੇਵਾ ਕਰਿ, ਪਿਰਾ ਜੀਉ; ਹਰਿ ਨਾਮੁ ਧਿਆਏ ॥

ਆਤਮ ਵਿਸ਼ੈਣੀ ਬੁੱਧੀ ਕਹਿੰਦੀ ਹੈ, ਹੇ ਪਿਰਾ = ਪਤੀ ਜੀਉ = ਜੀ! ਤੂੰ ਸਤਿਗੁਰਾਂ ਕੀ = ਦੀ ਸੇਵਾ = ਟਹਿਲ ਕਰਿ = ਕਰਿਆ ਕਰ, ਫੇਰ ਤੈਨੂੰ ਗੁਰੂ ਜੀ ਹਰਿ = ਹਰੀ ਅਕਾਲ ਪੁਰਖ ਦਾ ਨਾਮ ਧਿਆਏ = ਧਿਆਉਣ ਵਾਸਤੇ ਦੇਣਗੇ **ਵਾ:** ਤਦੋਂ ਹਰੀ ਦੇ ਨਾਮ ਨੂੰ ਧਿਆਏ = ਧਿਆਵੇਂਗਾ, ਜਦੋਂ ਗੁਰਾਂ ਦੀ ਸੇਵਾ = ਟਹਿਲ ਕਰੇਂਗਾ।

## ਮੰਞਹੁ ਦੂਰਿ ਨ ਜਾਹਿ, ਪਿਰਾ ਜੀਉ; ਘਰਿ ਬੈਠਿਆ ਹਰਿ ਪਾਏ ॥

ਆਤਮ ਵਿਸ਼ੇਣੀ ਬੁੱਧ ਕਹਿੰਦੀ ਹੈ ਕਿ ਹੇ ਪਿਰਾ = ਪਤੀ ਜੀ! ਤੂੰ ਕਬੁੱਧੀ ਵਿਚ ਨਾ ਫਸਿਆ ਕਰ, ਮੰਞਹੁ = ਮੇਰੇ ਤੋਂ ਦੂਰ ਨਾ ਜਾਹਿ = ਜਾਇਆ ਕਰ, ਸਾਧਸੰਗਤਿ ਰੂਪੀ ਘਰ ਵਿਚ ਬੈਠਿਆ = ਬੈਠੇਂਗਾ ਤਾਂ

ਹਰਿ = ਹਰੀ ਅਕਾਲ ਪੁਰਖ ਦੀ ਪਾਏ = ਪ੍ਰਾਪਤੀ ਕਰ ਲਵੇਂਗਾ **ਵਾ:** ਤੁਰੀਆ ਪਦ ਰੂਪੀ ਘਰ ਵਿਚ ਬੈਠਿਆਂ ਹਰਿ = ਹਰੀ ਵਾਹਿਗੁਰੂ ਦੀ ਪਾਏ = ਪ੍ਰਾਪਤੀ ਕਰ ਲਵੇਂਗਾ।

## ਘਰਿ ਬੈਠਿਆ ਹਰਿ ਪਾਏ, ਸਦਾ ਚਿਤੁ ਲਾਏ; ਸਹਜੇ ਸਤਿ ਸੁਭਾਏ ॥

ਜਦੋਂ ਰਿਦੇ ਰੂਪੀ ਘਰ ਵਿਚ ਬੈਠਿਆ = ਬੈਠੇਂਗਾ ਤਾਂ ਸਦਾ = ਹਮੇਸ਼ਾਂ ਚਿੱਤ ਵਿਚ ਹਰਿ = ਹਰੀ ਅਕਾਲ ਪੁਰਖ ਨੂੰ ਪਾਏ = ਪਾ ਲਵੇਂਗਾ, ਸਹਜੇ = ਸੁਤੇ-ਸਿਧ ਸੁਭਾਏ ਸੁਭਾਵਿਕ ਹੀ **ਵਾ:** (ਸੁ+ਭਾਏ) ਸੁ = ਸ੍ਰੇਸ਼ਟ ਭਾਏ = ਪ੍ਰੇਮ ਦੇ ਕਰ ਕੇ ਸਤਿ ਸਰੂਪ ਨੂੰ ਪ੍ਰਾਪਤ ਕਰ ਲਵੇਂਗਾ।

## ਗੁਰ ਕੀ ਸੇਵਾ, ਖਰੀ ਸੁਖਾਲੀ; ਜਿਸ ਨੋ ਆਪਿ ਕਰਾਏ ॥

ਜੀਵ ਤਾਈਂ ਬੁੱਧ ਕਹਿੰਦੀ ਹੈ, ਗੁਰਾਂ ਕੀ = ਦੀ ਸੇਵਾ = ਟਹਿਲ ਖਰੀ = ਅਤਿਅੰਤ ਹੀ ਸੁਖਾਲੀ = ਸੁਖਾਂ ਵਾਲੀ ਹੈ **ਵਾ:** (ਸੁਖ+ਆਲੀ) ਸੁਖਾਂ ਦੀ ਆਲੀ = ਘਰ ਹੈ। ਪਰ ਜਿਸ ਨੋ = ਜਿਸ ਤੋਂ ਪਰਮੇਸ਼ਰ ਆਪ ਕਰਾਏ = ਕਰਾਉਂਦਾ ਹੈ, ਉਹੀ ਮਨੁੱਖ ਕਰਦਾ ਹੈ।

## ਨਾਮੋ ਬੀਜੇ ਨਾਮੋ ਜੰਮੈ, ਨਾਮੋ ਮੰਨਿ ਵਸਾਏ ॥

ਨਾਮੋ = ਨਾਮ ਰੂਪ ਬੀਜ ਨੂੰ ਬੀਜੇਂਗਾ ਤਾਂ ਨਾਮ ਹੀ ਜੰਮੈ = ਜੰਮੇਂਗਾ, ਭਾਵ ਪ੍ਰਫੁੱਲਤ ਹੋਵੇਗਾ। ਇਸ ਲਈ ਨਾਮ ਨੂੰ ਮੰਨਿ = ਹਿਰਦੇ ਵਿਚ ਵਸਾਏ = ਵਸਾਉਣਾ ਕਰ **ਵਾ:** ਨਾਮੋ = ਨਾਮ ਨੂੰ ਸ੍ਰਵਨ ਕਰਨ ਰੂਪ ਬੀਜੇਂਗਾ ਤਾਂ ਨਾਮ ਮੰਨਣ ਰੂਪ ਹੋ ਕੇ ਜੰਮੈ = ਜੰਮੇਂਗਾ ਤੇ ਨਾਮ ਨੂੰ ਨਿਧਿਆਸਣ ਕਰਨ ਰੂਪ ਮੰਨਿ = ਹਿਰਦੇ ਵਿਚ ਵਸਾਏ = ਵਸਾਉਣਾ ਕਰ।

## ਨਾਨਕ ਸਚਿ ਨਾਮਿ ਵਡਿਆਈ; ਪੂਰਬਿ ਲਿਖਿਆ ਪਾਏ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੱਚੇ ਨਾਮ ਕਰ ਕੇ ਹੀ ਵਡਿਆਈ = ਸ਼ੋਭਾ ਮਿਲਦੀ ਹੈ, ਪਰ ਨਾਮ ਪੂਰਬਿ = ਪੂਰਬਲੇ ਕਰਮਾਂ ਦੀ ਲਿਖਿਆ = ਲਿਖਤ ਅਨੁਸਾਰ ਹੀ ਪਾਏ = ਪਾਇਆ ਜਾਂਦਾ ਹੈ ॥੧॥

## ਹਰਿ ਕਾ ਨਾਮੁ ਮੀਠਾ, ਪਿਰਾ ਜੀਉ; ਜਾ ਚਾਖਹਿ ਚਿਤੁ ਲਾਏ ॥

ਹੇ ਪਿਰਾ = ਪਤੀ ਜੀ ! ਹਰਿ = ਹਰੀ ਅਕਾਲ ਪੁਰਖ ਕਾ = ਦਾ ਨਾਮ ਮੀਠਾ = ਪਿਆਰਾ ਭਾਵ ਅਤਿਅੰਤ ਰਸਦਾਇਕ ਹੈ। ਜਾ = ਜੇਕਰ ਚਿਤੁ = ਮਨ ਦੀ ਬਿਰਤੀ ਲਾਏ = ਲਗਾ ਕੇ ਚਾਖਹਿ = ਚੱਖੇਂਗਾ ਤਾਂ ਤੈਨੂੰ ਆਤਮ ਰਸ ਪ੍ਰਾਪਤ ਹੋਵੇਗਾ ਭਾਵ ਰਸਨਾ ਦੇ ਨਾਲ ਕਿਸੇ ਪਦਾਰਥ ਦਾ ਸੁਆਦ ਦੇਖਣਾ, ਇਸ ਨੂੰ ਪਦਾਰਥ ਦਾ ਚੱਖਣਾ ਕਹਿੰਦੇ ਹਨ, ਤੂੰ ਪ੍ਰੀਤੀ ਰੂਪ ਜੀਭ ਨਾਲ ਨਾਮ ਰੂਪ ਪਦਾਰਥ ਨੂੰ ਚੱਖਣਾ ਕਰ।

## ਰਸਨਾ ਹਰਿ ਰਸੁ ਚਾਖੁ, ਮੁਯੇ ਜੀਉ; ਅਨ ਰਸ ਸਾਦ ਗਵਾਏ ॥

(**ਮੁਯੇ** ਦਾ ਉਚਾਰਨ **ਮੁਈਏ** ਹੈ)

ਹੇ ਮੇਰੇ ਮੁਯੇ = ਪਿਆਰੇ ਪਤੀ ਜੀਉ = ਜੀ ! ਰਸਨਾ = ਜੀਭਾ ਦੇ ਨਾਲ ਹਰਿ = ਪਰਮੇਸ਼ਰ ਦੇ ਨਾਮ ਰਸ ਨੂੰ ਚਾਖੁ = ਚੱਖਣਾ ਭਾਵ ਧਾਰਨ ਕਰ, ਅਨ = ਹੋਰ ਰਸਾਂ ਦੇ ਸਾਦ = ਸੁਆਦ ਨੂੰ ਗਵਾਏ = ਗਵਾਉਣਾ ਕਰ। (ਪਹਾੜੀ ਬੋਲੀ ਵਿਚ 'ਮੁਯੇ' ਦਾ ਅਰਥ ਪਿਆਰਾ ਹੈ)।

## ਸਦਾ ਹਰਿ ਰਸੁ ਪਾਏ, ਜਾ ਹਰਿ ਭਾਏ; ਰਸਨਾ ਸਬਦਿ ਸੁਹਾਏ ॥

ਜਾ = ਜਦ ਹਰਿ = ਹਰੀ ਪਰਮੇਸ਼ਰ ਨੂੰ ਭਾਅ ਜਾਵੇਂਗਾ **ਵਾ:** ਜਾ = ਜਦ ਹਰਿ = ਹਰੀ ਅਕਾਲ ਪੁਰਖ

ਨੂੰ ਭਾਏ = ਪ੍ਰੇਮ ਕਰੇਂਗਾ ਤਦ ਸਦਾ = ਹਮੇਸ਼ਾਂ ਹਰਿ = ਵਾਹਿਗੁਰੂ ਦੇ ਨਾਮ ਰਸ ਨੂੰ ਪਾਏ = ਪਾ ਲਵੇਂਗਾ ਤੇਰੀ ਰਸਨਾ = ਜੀਭਾ ਵੀ ਸਬਦਿ = ਗੁਰ ਉਪਦੇਸ਼ ਕਰ ਕੇ ਸੁਹਾਏ = ਸ਼ੋਭਨੀਕ ਹੋ ਜਾਵੇਗੀ।

## ਨਾਮੁ ਧਿਆਏ, ਸਦਾ ਸੁਖੁ ਪਾਏ; ਨਾਮਿ ਰਹੈ ਲਿਵ ਲਾਏ ॥

ਜਦ ਪਰਮੇਸ਼ਰ ਦੇ ਨਾਮ ਨੂੰ ਧਿਆਏ = ਧਿਆਵੇਂਗਾ ਤਦ ਸਦਾ = ਹਮੇਸ਼ਾਂ ਰਹਿਣ ਵਾਲਾ ਆਤਮਿਕ ਸੁਖ ਪਾਏ = ਪਾ ਲਵੇਂਗਾ, ਇਸ ਕਰ ਕੇ ਹਰ ਵਕਤ ਨਾਮ ਵਿਚ ਲਿਵ = ਬਿਰਤੀ ਨੂੰ ਲਾਇ = ਲਾਉਣਾ ਕਰ।

## ਨਾਮੇ ਉਪਜੈ, ਨਾਮੇ ਬਿਨਸੈ; ਨਾਮੇ ਸਚਿ ਸਮਾਏ ॥

ਸਾਰਾ ਸੰਸਾਰ ਨਾਮ ਕਰ ਕੇ ਉਪਜੈ = ਪੈਦਾ ਹੋਇਆ ਹੈ ਅਤੇ ਨਾਮੇ = ਨਾਮੀ ਦੇ ਸੰਕਲਪ ਕਰ ਕੇ ਹੀ ਜਗਤ ਬਿਨਸੈ = ਨਾਸ ਹੋ ਜਾਵੇਗਾ **ਵਾ:** ਨਾਮ ਕਰ ਕੇ ਬ੍ਰਹਮ ਗਿਆਨ ਪੈਦਾ ਹੁੰਦਾ ਹੈ ਤੇ ਨਾਮ ਨੂੰ ਵਿਸਾਰ ਕਰ ਕੇ ਗਿਆਨ ਨਾਸ਼ ਹੁੰਦਾ ਹੈ **ਵਾ:** ਨਾਮ ਕਰ ਕੇ ਹੀ ਸ਼ੁਭ ਗੁਣ ਉਪਜੈ = ਉਤਪੰਨ ਹੁੰਦੇ ਹਨ ਅਤੇ ਨਾਮ ਕਰ ਕੇ ਹੀ ਅਸ਼ੁਭ ਗੁਣ ਬਿਨਸੈ = ਨਾਸ਼ ਹੁੰਦੇ ਹਨ **ਵਾ:** ਨਾਮ ਕਰਕੇ ਹੀ ਭਗਤੀ ਉਤਪੰਨ ਹੁੰਦੀ ਹੈ ਤੇ ਨਾਮ ਕਰਕੇ ਹੀ ਹਉਮੈ ਨਾਸ ਹੁੰਦੀ ਹੈ, ਨਾਮ ਕਰ ਕੇ ਹੀ ਸੱਚ ਸਰੂਪ ਪਰਮਾਤਮਾ ਇਕ ਸਮਾਏ = ਸਮਾਈਦਾ ਹੈ, ਭਾਵ ਸਤਿ ਵਿਚ ਅਭੇਦ ਹੋ ਜਾਈਦਾ ਹੈ।

## ਨਾਨਕ ਨਾਮੁ ਗੁਰਮਤੀ ਪਾਈਐ; ਆਪੇ ਲਏ ਲਵਾਏ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਮਤੀ = ਗੁਰ ਸਿੱਖਿਆ ਦੁਆਰਾ ਨਾਮ ਨੂੰ ਪਾਈਐ = ਪਾਈਦਾ ਹੈ, ਆਪ ਹੀ ਪਰਮੇਸ਼ਰ ਆਪਣੇ ਨਾਮ ਵਿਚ ਬਿਰਤੀ ਲਵਾਏ = ਲਵਾ ਲਏ = ਲੈਂਦਾ ਹੈ ॥੨॥

## ਏਹ ਵਿਡਾਣੀ ਚਾਕਰੀ, ਪਿਰਾ ਜੀਉ; ਧਨ ਛੋਡਿ ਪਰਦੇਸਿ ਸਿਧਾਏ ॥

ਹੇ ਪਿਰਾ = ਪਤੀ ਜੀ ! ਗੁਰਾਂ ਦੀ ਚਾਕਰੀ = ਨੌਕਰੀ ਛੱਡ ਕੇ ਏਹ = ਇਹ ਜਿਹੜੀ ਵਿਡਾਣੀ = ਪਰਾਈ ਦੇਵੀ ਦੇਵਤਿਆਂ ਆਦਿ ਦੀ ਉਪਾਸ਼ਨਾ ਕਰਨੀ ਹੈ। ਇਹ ਇਉਂ ਹੈ ਜਿਵੇਂ ਪਤੀ ਦਾ ਧਨ = ਇਸਤਰੀ ਨੂੰ ਛੋਡਿ = ਛੱਡ ਕੇ ਪਰਦੇਸਿ = ਪਰਾਏ ਦੇਸ ਸਿਧਾਏ = ਜਾਣਾ ਹੁੰਦਾ ਭਾਵ ਇਸੇ ਪ੍ਰਕਾਰ ਤੈਨੂੰ ਸ਼ੁੱਧ ਬੁੱਧੀ ਨੂੰ ਛੱਡ ਕੇ ਅਨਾਤਮਾਕਾਰ ਪਦਾਰਥਾਂ ਵੱਲ ਦੌੜਦੇ ਰਹਿਣਾ ਭਾਵ ਪ੍ਰਦੇਸ ਜਾਣਾ ਯੋਗ ਨਹੀਂ ਹੈ।

## ਦੂਜੈ ਕਿਨੈ ਸੁਖੁ ਨ ਪਾਇਓ, ਪਿਰਾ ਜੀਉ; ਬਿਖਿਆ ਲੋਭਿ ਲੁਭਾਏ ॥

ਹੇ ਮੇਰੇ ਪਿਰਾ = ਪਤੀ ਜੀ ! ਗੁਰਾਂ ਦੀ ਚਾਕਰੀ ਛੱਡ ਕੇ ਕਿਨੈ = ਕਿਸੇ ਨੇ ਦੂਜੈ = ਦ੍ਵੈਤ-ਭਾਵ ਵਿਚ ਲੱਗ ਕੇ ਸੁਖ ਨਹੀਂ ਪਾਇਓ = ਪਾਇਆ **ਵਾ:** ਦੂਜੈ = ਦ੍ਵੈਤ-ਭਾਵ ਵਿਚ ਲਗ ਕੇ ਕਿਨੈ = ਕਿਸੇ ਨੇ ਸੁਖ ਨਹੀਂ ਪਾਇਓ = ਪਾਇਆ, ਸਾਰੇ ਬਿਖਿਆ = ਵਿਸ਼ਿਆਂ ਦੇ ਲੋਭਿ = ਲਾਲਚ ਵਿਚ ਲੁਭਾਏ = ਖਚਤ ਭਾਵ ਲੁਭਾਇਮਾਨ ਹੋ ਰਹੇ ਹਨ।

## ਬਿਖਿਆ ਲੋਭਿ ਲੁਭਾਏ, ਭਰਮਿ ਭੁਲਾਏ; ਓਹੁ ਕਿਉ ਕਰਿ ਸੁਖੁ ਪਾਏ ॥

ਜਿਹੜੇ ਮਾਇਆ ਤੇ ਬਿਖਿਆ = ਵਿਸ਼ਿਆਂ ਦੇ ਲੋਭਿ = ਲਾਲਚ ਵਿਚ ਲੁਭਾਏ = ਖਚਤ ਹੋਏ ਭਰਮ ਨੇ ਭੁਲਾਏ = ਭੁਲਾ ਲਏ ਹਨ। ਉਹ ਕਿਉ = ਕਿਸ ਪ੍ਰਕਾਰ ਕਰ ਕੇ ਸੁਖ ਪਾਏ = ਪਾਉਣਗੇ। ਭਾਵ ਕਿਤੋਂ ਸੁੱਖ ਪ੍ਰਾਪਤ ਨਹੀਂ ਹੋਵੇਗਾ।

## ਚਾਕਰੀ ਵਿਡਾਣੀ ਖਰੀ ਦੁਖਾਲੀ; ਆਪੁ ਵੇਚਿ ਧਰਮੁ ਗਵਾਏ ॥

ਹਰੀ ਪਰਮੇਸ਼ਰ ਦਾ ਨਾਮ ਛੱਡ ਕੇ ਹੋਰ ਦੇਵੀ ਦੇਵਤਿਆਂ ਆਦਿਕ ਦੀ ਉਪਾਸ਼ਨਾ ਰੂਪ ਵਿਡਾਣੀ = ਪਰਾਈ

ਚਾਕਰੀ ਕਰਨੀ ਖਰੀ = ਅਤੀ ਦੁਖਾਲੀ = ਦੁਖਦਾਇਕ ਹੈ, ਇਹ ਆਪਣੇ ਆਪ ਨੂੰ ਵੇਚ ਕੇ ਧਰਮ ਗਵਾਏ = ਗਵਾਉਣਾ ਹੈ। ਭਾਵ ਆਪਣੇ ਅੰਤਹਕਰਣ ਨੂੰ ਵੇਚ ਕੇ ਜੋ ਸੱਚਾ ਧਰਮ ਗੁਰੂ ਨੇ ਦਿੱਤਾ ਹੈ, ਉਸ ਨੂੰ ਗਵਾ ਕਰ ਕੇ ਦੇਵੀ, ਦੇਵਤੇ, ਭੂਤਾਂ, ਪ੍ਰੇਤਾਂ ਆਦਿ ਦੇ ਅਧੀਨ ਹੋਣਾ ਪੈਂਦਾ ਹੈ।

[ਅੰਗ ੨੪੭]

## ਮਾਇਆ ਬੰਧਨ ਟਿਕੈ ਨਾਹੀ; ਖਿਨੁ ਖਿਨੁ ਦੁਖੁ ਸੰਤਾਏ ॥

ਤੂੰ ਮਾਇਆ ਦੇ ਪਦਾਰਥਾਂ ਵਿਚ ਬੰਧਨ = ਬੱਝਾ ਹੋਣੇ ਕਰ ਕੇ ਆਪਣਾ ਧਰਮ ਗਵਾ ਬੈਠਾ ਹੈਂ, ਇਹ ਮਾਇਕੀ ਪਦਾਰਥ ਟਿਕੈ = ਟਿਕਾਅ ਵਾਲੇ ਭਾਵ ਇਸਥਿਤ ਨਹੀਂ ਹਨ, ਖਿਨੁ ਖਿਨੁ = ਨਿਮਖ ਨਿਮਖ ਕਾਲ ਵਿਚ ਦੁਖ ਦਿੰਦੇ ਸੰ = ਭਲੀ ਪ੍ਰਕਾਰ ਕਰ ਕੇ ਤਾਏ = ਤਪਾਉਂਦੇ ਹਨ।

## ਨਾਨਕ, ਮਾਇਆ ਕਾ ਦੂਖੁ ਤਦੇ ਚੂਕੈ;
## ਜਾ ਗੁਰ ਸਬਦੀ ਚਿਤੁ ਲਾਏ ॥੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮਾਇਆ ਕਾ = ਦਾ ਦੁਖ ਤਦੇ = ਤਾਂ ਹੀ ਚੂਕੈ = ਚੁੱਕਿਆ ਜਾ ਸਕਦਾ ਹੈ, ਜਾ = ਜਦ ਗੁਰਾਂ ਦੇ ਸਬਦੀ = ਉਪਦੇਸ਼ ਦੁਆਰਾ ਚਿਤੁ = ਹਿਰਦੇ ਨੂੰ ਨਾਮ ਨਾਲ ਲਾਏ = ਲਾਉਣਾ ਭਾਵ ਜੋੜਨਾ ਕਰੇਂਗਾ ॥੩॥

## ਮਨਮੁਖ ਮੁਗਧ ਗਾਵਾਰੁ, ਪਿਰਾ ਜੀਉ;
## ਸਬਦੁ ਮਨਿ ਨ ਵਸਾਏ ॥

ਹੇ ਪਿਰਾ = ਪਤੀ ਜੀ! ਮਨਮੁਖ ਲੋਕ ਸ਼ਾਸਤਰ ਗਿਆਤ ਵੱਲੋਂ ਮੁਗਧ = ਮੂੜ੍ਹ ਅਤੇ ਪਰਮਾਰਥ ਵੱਲੋਂ ਗਾਵਾਰੁ = ਮੂਰਖ ਹਨ, ਜੋ ਗੁਰੂ ਸਾਹਿਬ ਜੀ ਦੇ ਸਬਦੁ = ਉਪਦੇਸ਼ ਨੂੰ ਉੱਕਾ ਹੀ ਮਨ ਵਿਚ ਨ = ਨਹੀਂ ਵਸਾਏ = ਵਸਾਉਂਦੇ।

## ਮਾਇਆ ਕਾ ਭ੍ਰਮੁ ਅੰਧੁ, ਪਿਰਾ ਜੀਉ; ਹਰਿ ਮਾਰਗੁ ਕਿਉ ਪਾਏ ॥

ਹੇ ਪਿਰਾ = ਪਤੀ ਜੀ! ਮਾਇਆ ਕਾ = ਦਾ ਭਰਮ ਮਨਮੁਖਾਂ ਨੂੰ ਅੰਧੁ = ਅੰਨ੍ਹਾ ਕਰਨ ਵਾਲਾ ਹੈ, ਇਸ ਲਈ ਉਹ ਹਰਿ = ਹਰੀ ਅਕਾਲ ਪੁਰਖ ਦੀ ਪ੍ਰਾਪਤੀ ਵਾਲੇ ਗਿਆਨ, ਵੈਰਾਗ ਰੂਪੀ ਮਾਰਗੁ = ਰਸਤੇ ਨੂੰ ਕਿਉ = ਕਿਸ ਪ੍ਰਕਾਰ ਪਾਏ = ਪਾਉਣਾ ਕਰਨਗੇ।

## ਕਿਉ ਮਾਰਗੁ ਪਾਏ, ਬਿਨੁ ਸਤਿਗੁਰ ਭਾਏ; ਮਨਮੁਖਿ ਆਪੁ ਗਣਾਏ ॥

ਸਤਿਗੁਰਾਂ ਵਿਚ ਭਾਏ = ਪ੍ਰੇਮ ਤੋਂ ਬਿਨੁ = ਬਗ਼ੈਰ ਗਿਆਨ ਵੈਰਾਗ ਰੂਪੀ ਮਾਰਗੁ = ਰਸਤੇ ਨੂੰ ਕਿਉ = ਕਿਵੇਂ ਪਾਏ = ਪਾਉਣਾ ਕਰਨਗੇ, ਕਿਉਂਕਿ ਮਨਮੁਖ ਲੋਕ ਆਪਾ-ਭਾਵ ਹੀ ਸੰਸਾਰ ਵਿਚ ਗਣਾਏ = ਜਤਾਉਂਦੇ ਭਾਵ ਗਣਾਉਂਦੇ ਰਹਿੰਦੇ ਹਨ।

## ਹਰਿ ਕੇ ਚਾਕਰ, ਸਦਾ ਸੁਹੇਲੇ; ਗੁਰ ਚਰਣੀ ਚਿਤੁ ਲਾਏ ॥

ਹਰਿ = ਹਰੀ ਵਾਹਿਗੁਰੂ ਕੇ = ਦੇ ਚਾਕਰ = ਸੇਵਕ ਸਦਾ = ਹਮੇਸ਼ਾਂ ਹੀ ਸੁਹੇਲੇ = ਸੁਖੀ ਹਨ, ਕਿਉਂਕਿ ਉਹ ਸਤਿਗੁਰਾਂ ਦੇ ਚਰਣੀ = ਚਰਨਾਂ ਨਾਲ ਹਰ ਵਕਤ ਚਿਤੁ = ਹਿਰਦੇ ਦੀ ਬਿਰਤੀ ਨੂੰ ਲਾਏ = ਲਾ ਕੇ ਰੱਖਦੇ ਹਨ।

## ਜਿਸ ਨੋ, ਹਰਿ ਜੀਉ ਕਰੇ ਕਿਰਪਾ; ਸਦਾ ਹਰਿ ਕੇ ਗੁਣ ਗਾਏ ॥

ਜਿਸ ਨੋ = ਜਿਨ੍ਹਾਂ 'ਤੇ ਹਰਿ = ਹਰੀ ਅਕਾਲ ਪੁਰਖ ਜੀਉ = ਜੀ ਕਿਰਪਾ = ਦਇਆ ਦ੍ਰਿਸ਼ਟੀ ਕਰੇ = ਕਰਦਾ ਹੈ ਉਹ ਸਦਾ = ਹਮੇਸ਼ਾਂ ਹਰਿ = ਵਾਹਿਗੁਰੂ ਕੇ = ਦੇ ਗੁਣ = ਜਸ ਨੂੰ ਗਾਏ = ਗਾਉਂਦੇ ਹਨ।

## ਨਾਨਕ ਨਾਮੁ ਰਤਨੁ ਜਗਿ ਲਾਹਾ;
## ਗੁਰਮੁਖਿ ਆਪਿ ਬੁਝਾਏ ॥੪॥੫॥੭॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਨਾਮ ਰੂਪੀ ਰਤਨ ਕਰ ਕੇ ਜਗਿ = ਸੰਸਾਰ ਵਿਚ ਆਤਮਾ ਦੀ ਪ੍ਰਾਪਤੀ ਦਾ ਲਾਹਾ = ਲਾਭ ਪ੍ਰਾਪਤ ਹੁੰਦਾ ਹੈ, ਇਹ ਗਿਆਤ ਪਰਮੇਸ਼ਰ ਆਪ ਹੀ ਗੁਰਮੁਖਾਂ ਨੂੰ ਮੁਖੀ ਗੁਰਾਂ ਦੁਆਰਾ ਬੁਝਾਏ = ਸਮਝਾਉਣਾ ਕਰਦਾ ਹੈ ॥੪॥੫॥੭॥

## ਰਾਗੁ ਗਉੜੀ ਛੰਤ ਮਹਲਾ ੫

ਸ੍ਰੀ ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਤੁਸੀਂ ਗੁਰੂ ਅਰਜਨ ਦੇਵ ਜੀ ਦੀ ਪਰਖ ਕਰੋ ਕਿ ਗੁਰਗੱਦੀ ਦੇ ਲਾਇਕ ਹਨ ਕਿ ਨਹੀਂ। ਬਾਬਾ ਬੁੱਢਾ ਜੀ ਕਹਿਣ ਲੱਗੇ ਕਿ ਮਹਾਰਾਜ ਪਰਖਿਆਂ ਦਾ ਹੋਰ ਕੀ ਪਰਖਣਾ, ਇਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਵਰ ਦੇ ਗਏ ਸਨ ਕਿ ਇਹ ਬਾਣੀ ਦਾ ਜਹਾਜ਼ ਕਾਇਮ ਕਰਨਗੇ :

**ਦੋਹਿਤਾ ਬਾਣੀ ਕਾ ਬੋਹਿਥਾ ॥**

ਗੁਰੂ ਰਾਮਦਾਸ ਜੀ ਨੇ ਕਿਹਾ ਕਿ ਫੇਰ ਵੀ ਇਨ੍ਹਾਂ ਨੂੰ ਪਰਖਣਾ ਕਰੋ, ਬਾਬਾ ਬੁੱਢਾ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਕਾਂਤ ਵਿਚ ਬੈਠਿਆਂ ਦੇਖ ਕੇ ਉਨ੍ਹਾਂ ਪਾਸ ਗਏ ਅਤੇ ਕਹਿਣ ਲੱਗੇ ਕਿ ਤੁਹਾਡਾ ਸਤਿਗੁਰਾਂ ਅਤੇ ਨਾਮ ਨਾਲ ਕਿੰਨਾ ਕੁ ਪਿਆਰ ਹੈ। ਜੋ ਬਾਬਾ ਬੁੱਢਾ ਜੀ ਨਾਲ ਗੁਰਤਾ ਗੱਦੀ ਤੇ ਬੈਠਣ ਤੋਂ ਪਹਿਲਾਂ ਵਾਰਤਕ ਵੀਚਾਰ ਹੋਈ ਸੀ ਉਸ ਨੂੰ ਗੁਰਤਾਗੱਦੀ 'ਤੇ ਬੈਠ ਕੇ ਗਉੜੀ ਰਾਗਣੀ ਵਿਚ ਛੰਤ = ਜਸ ਰੂਪ ਬਾਣੀ ਮਹਲਾ ੫ = ਪੰਜਵੇਂ ਸਰੂਪ ਉਚਾਰਨ ਕਰਦੇ ਹਨ।

***ਨੋਟ :*** ਗਉੜੀ ਦੇ ਥੱਲੇ ਜੋ (੧) ਆਇਆ ਹੈ, ਇਸ ਦੀ ਵੀਚਾਰ ਅੰਗ ੨੦੪ 'ਤੇ ਸ਼ਬਦ 'ਕਿਨ ਬਿਧਿ ਮਿਲੈ ਗੁਸਾਂਈ' 'ਤੇ ਵਿਸਤਾਰ ਨਾਲ ਆ ਚੁੱਕੀ ਹੈ।

## ੴ ਸਤਿਗੁਰ ਪ੍ਰਸਾਦਿ ॥

੧ = ਅਦ੍ਵੈਤ ਰੂਪ ਪਰਮੇਸ਼ਰ ੴ = ਸਾਰਿਆਂ ਦਾ ਪ੍ਰਕਾਸ਼ਕ ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਕਰ ਕੇ ਪ੍ਰਾਪਤ ਹੁੰਦਾ ਹੈ।

## ਮੇਰੈ ਮਨਿ ਬੈਰਾਗੁ ਭਇਆ ਜੀਉ; ਕਿਉ ਦੇਖਾ ਪ੍ਰਭ ਦਾਤੇ ॥

ਹੇ ਪਿਆਰੇ ਜੀ ! ਮੇਰੇ ਮਨ ਵਿਚ ਸਤਿਗੁਰਾਂ ਦੇ ਮਿਲਣ ਦਾ ਬਹੁਤ ਬੈਰਾਗੁ = ਪ੍ਰੇਮ ਭਇਆ = ਹੋਇਆ ਹੈ। ਮੇਰੇ ਅੰਦਰ ਇਤਨਾ ਚਾਅ ਸੀ ਕਿ ਕਿਉ = ਕਿਵੇਂ ਪ੍ਰਭ = ਹਰੀ ਪਰਮੇਸ਼ਰ ਦਾਤੇ ਦੇ ਦਰਸ਼ਨ ਕਰਾਂ **ਵਾ:** ਅੰਮ੍ਰਿਤ ਨਾਮ ਦੇ, ਬ੍ਰਹਮ ਗਿਆਨ ਅਤੇ ਮੁਕਤੀ ਦੇ ਦਾਤੇ ਪ੍ਰਭੂ ਅਕਾਲ ਪੁਰਖ ਦੇ ਕਿਉ = ਕਿਸ ਪ੍ਰਕਾਰ ਦਰਸ਼ਨ ਦੇਖਾ = ਦੇਖਣਾ ਕਰਾਂ। ਜੈਸਾ ਕਿ :

**ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ॥** *(ਅੰਗ ੨੪੪)*

## ਮੇਰੇ ਮੀਤ ਸਖਾ ਹਰਿ ਜੀਉ; ਗੁਰ ਪੁਰਖ ਬਿਧਾਤੇ ॥

ਹੇ ਹਰਿ = ਹਰੀ ਅਕਾਲ ਪੁਰਖ ਜੀ ਆਪ ਹੀ ਇਸ ਲੋਕ ਵਿਚ ਤੇ ਮਾਤਾ ਦੇ ਗਰਭ ਵਿਚ ਮੇਰੇ ਮੀਤ = ਮਿੱਤਰ ਹੋ ਅਤੇ ਪ੍ਰਲੋਕ ਦੇ ਸਖਾ = ਸਾਥੀ ਹੋ, ਤੁਸੀਂ ਹੀ ਮੇਰੇ ਗੁਰ = ਗੁਰੂ ਹੋ, ਸਾਰਿਆਂ ਥਾਵਾਂ ਵਿਚ ਪੁਰਖ = ਪੂਰਨ ਤੇ ਬਿਧਾਤੇ = ਫਲ ਪ੍ਰਦਾਤੇ ਹੋ।

**ਵਾ:** (ਪੁ+ਰਖ) ਪੁ = ਨਰਕ ਆਦਿ ਤੋਂ ਰਖ = ਰੱਖਿਆ ਕਰਨ ਵਾਲੇ ਤੇ ਅਕਾਸ਼ ਦੀ ਨਿਆਈਂ ਵਿਆਪਕ ਹੋ।

## ਪੁਰਖੋ ਬਿਧਾਤਾ ਏਕੁ ਸ੍ਰੀਧਰੁ; ਕਿਉ ਮਿਲਹ ਤੁਝੈ ਉਡੀਣੀਆ ॥

ਹੇ ਸਾਰਿਆਂ ਥਾਵਾਂ ਵਿਚ ਪੁਰਖੋ = ਪੂਰਨ ਬਿਧਾਤਾ = ਕਰਮ ਫਲ ਪ੍ਰਦਾਤਾ, ਏਕੁ = ਇੱਕੋ ਆਪਣੇ ਧਰੁ = ਆਸਰੇ ਸ੍ਰੀ = ਮਾਇਆ ਨੂੰ ਧਾਰਨ ਕਰਨ ਵਾਲੇ ਪਰਮੇਸ਼ਰ ਅਸੀਂ ਕਿਉ = ਕਿਸ ਪ੍ਰਕਾਰ ਤੁਝੈ = ਤੁਹਾਡੇ ਤਾਈਂ ਮਿਲਹ = ਮਿਲੀਏ, ਕਿਉਂਕਿ ਸਾਡੇ ਚਿਤ ਦੀਆਂ ਬਿਰਤੀਆਂ ਤੇਰੀ ਪ੍ਰਾਪਤੀ ਤੋਂ ਬਗ਼ੈਰ ਉਡੀਣੀਆ = ਉਦਾਸ ਹੋ ਰਹੀਆਂ ਹਨ।

## ਕਰ ਕਰਹਿ ਸੇਵਾ, ਸੀਸੁ ਚਰਣੀ; ਮਨਿ ਆਸ ਦਰਸ ਨਿਮਾਣੀਆ ॥

ਮੇਰੇ ਕਰ = ਹੱਥ ਆਪ ਜੀ ਦੀ ਸੇਵਾ = ਟਹਿਲ ਕਰਹਿ = ਕਰਦੇ ਰਹਿਣ ਤੇ ਸੀਸੁ = ਸਿਰ ਚਰਣੀ = ਚਰਨਾਂ ਕਮਲਾਂ 'ਤੇ ਟਿਕਿਆ ਰਹੇ, ਮੇਰੇ ਨਿਮਾਣੀਆ = ਮਾਣ ਤੋਂ ਰਹਿਤ ਦੇ ਮਨ ਵਿਚ ਆਪ ਜੀ ਦੇ ਦਰਸ = ਦਰਸ਼ਨਾਂ ਦੀ ਆਸਾ ਲੱਗੀ ਹੋਈ ਹੈ।

## ਸਾਸਿ ਸਾਸਿ ਨ ਘੜੀ ਵਿਸਰੈ; ਪਲੁ ਮੂਰਤੁ ਦਿਨੁ ਰਾਤੇ ॥

ਹੇ ਪਰਮੇਸ਼ਰ ਜੀ ਕਿਰਪਾ ਕਰੋ ! ਇਕ ਘੜੀ (ਸੱਠ ਪਲ ਦੀ ਇਕ ਘੜੀ ਹੁੰਦੀ ਹੈ) ਮੂਰਤੁ = ਦੋ ਘੜੀਆ, ਪਲੁ = ਇਕ ਘੜੀ ਦੇ ਸੱਠਵੇਂ ਹਿੱਸੇ ਜਿੰਨਾ ਸਮਾਂ ਤੇ ਰਾਤ ਦਿਨ ਭਾਵ ਅੱਠੇ ਪਹਿਰ ਤੇਰੇ ਨਾਮ ਨੂੰ ਸਾਸਿ ਸਾਸਿ = ਸ੍ਵਾਸ-ਸ੍ਵਾਸ ਜਪਦੇ ਰਹੀਏ, ਕਦੇ ਵਿਸਰੈ = ਭੁੱਲੀਏ ਨਾ।

## ਨਾਨਕ ਸਾਰਿੰਗ ਜਿਉ ਪਿਆਸੇ; ਕਿਉ ਮਿਲੀਐ ਪ੍ਰਭ ਦਾਤੇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਗ਼ਰੀਬ ਨਿਵਾਜੁ ਅੰਤਰਜਾਮੀ ! ਜਿਉ = ਜਿਵੇਂ ਸਾਰਿੰਗ = ਬੰਬੀਹੇ ਸ੍ਵਾਂਤੀ ਬੂੰਦ ਦਾ ਪਿਆਸੇ = ਤਿਹਾਏ ਹੁੰਦੇ ਹਨ, ਇਉਂ ਮੇਰਾ ਚਿੱਤ ਬੰਬੀਹੇ ਦੀ ਨਿਆਈਂ ਆਪ ਜੀ ਦੇ ਦਰਸ਼ਨਾਂ ਰੂਪੀ ਸਵਾਂਤੀ ਬੂੰਦ ਦਾ ਪਿਆਸਾ ਹੋ ਰਿਹਾ ਹੈ। ਇਸ ਲਈ ਹੇ ਪ੍ਰਭ = ਪਰਮੇਸ਼ਰ ਦਾਤੇ = ਦਾਤਾ ਜੀ ! ਮੈਂ ਕਿਉ = ਕਿਸ ਪ੍ਰਕਾਰ ਆਪ ਜੀ ਨੂੰ ਮਿਲੀਐ = ਮਿਲਣਾ ਕਰਾਂ ॥੧॥

## ਇਕ ਬਿਨਉ ਕਰਉ ਜੀਉ; ਸੁਣਿ ਕੰਤ ਪਿਆਰੇ ॥

ਹੇ ਪਰਮੇਸ਼ਰ ਜੀ ! ਅਸੀਂ ਤੁਹਾਡੇ ਅੱਗੇ ਇਕ ਬਿਨਉ = ਬੇਨਤੀ ਕਰਉ = ਕਰਦੇ ਹਾਂ ਇਸ ਲਈ ਹੇ ਪਿਆਰੇ ਕੰਤ = ਪਤੀ ਪਰਮੇਸ਼ਰ ਆਪ ਮੇਰੀ ਬੇਨਤੀ ਸੁਣਨਾ ਕਰੋ।

## ਮੇਰਾ ਮਨੁ ਤਨੁ ਮੋਹਿ ਲੀਆ ਜੀਉ; ਦੇਖਿ ਚਲਤ ਤੁਮਾਰੇ ॥

ਹੇ ਸੱਚੇ ਪਾਤਿਸ਼ਾਹ ਜੀ ! ਜਦ ਮੈਂ ਤੁਮਾਰੇ = ਤੁਹਾਡੇ ਚਲਤ = ਕੌਤਕਾਂ ਨੂੰ ਦੇਖਿ = ਵੇਖਿਆ ਤਦ ਤੁਸੀਂ ਮੇਰਾ ਮਨੁ = ਅੰਤਸ਼ਕਰਨ ਤਨੁ = ਸਰੀਰ ਮੋਹਿ = ਮੋਹਤ ਕਰ ਲੀਆ = ਲਿਆ।

## ਚਲਤਾ ਤੁਮਾਰੇ ਦੇਖਿ ਮੋਹੀ; ਉਦਾਸ ਧਨ ਕਿਉ ਧੀਰਏ ॥

ਤੁਮਾਰੇ = ਤੁਹਾਡੇ ਚਲਤਾ = ਕੌਤਕ ਦੇਖ ਕੇ ਮੇਰੀ ਬੁੱਧੀ ਮੋਹੀ = ਮੋਹਿਤ ਹੋ ਗਈ ਹੈ, ਮੇਰੇ ਚਿੱਤ ਦੀ ਬਿਰਤੀ ਰੂਪ ਧਨ = ਇਸਤਰੀ ਉਦਾਸ = ਗ਼ਮਗੀਨ ਹੋ ਰਹੀ ਹੈ, ਇਸ ਨੂੰ ਕਿਉ = ਕਿਵੇਂ ਧੀਰਏ = ਧੀਰਜ ਆਵੇ।

## ਗੁਣਵੰਤ ਨਾਹ ਦਇਆਲੁ ਬਾਲਾ; ਸਰਬ ਗੁਣ ਭਰਪੂਰਏ ॥

ਹੇ ਗੁਣਵੰਤ = ਗੁਣਾਂ ਵਾਲੇ ਨਾਹ = ਪਤੀ ਪਰਮੇਸ਼ਰ! ਆਪ ਬਾਲਾ = ਵੱਡੇ ਦਇਆਲੁ = ਦਇਆ ਦੇ ਘਰ ਅਤੇ ਸਰਬ = ਸਾਰਿਆਂ ਗੁਣਾਂ ਵਿਚ ਭਰਪੂਰਏ = ਲਬਾ ਲਬ ਭਰਪੂਰ ਹੋ।

## ਪਿਰ ਦੋਸੁ ਨਾਹੀ ਸੁਖਹ ਦਾਤੇ; ਹਉ ਵਿਛੁੜੀ ਬੁਰਿਆਰੇ ॥

ਹੇ ਸਰਬ ਸੁਖਹ = ਸੁੱਖਾਂ ਦੇ ਦਾਤੇ = ਦਾਨੀ ਪਿਰ = ਪਤੀ ਅਕਾਲ ਪੁਰਖ ਜੀ! ਆਪ ਵਿਚ ਤਾਂ ਕੋਈ ਦੋਸ਼ ਨਹੀਂ ਹੈ, ਹਉ = ਮੈਂ ਹੀ ਬੁਰਿਆਰੇ = ਬੁਰਿਆਂ ਕਰਮਾਂ, ਕਾਮ, ਕ੍ਰੋਧ, ਲੋਭ, ਮੋਹ, ਹੰਗਤਾ ਮਮਤਾ ਕਰ ਕੇ ਆਪ ਨਾਲੋਂ ਵਿਛੁੜ ਚੁੱਕੀ ਹਾਂ।

## ਬਿਨਵੰਤਿ ਨਾਨਕ ਦਇਆ ਧਾਰਹੁ; ਘਰਿ ਆਵਹੁ ਨਾਹ ਪਿਆਰੇ ॥੨॥

ਸਤਿਗੁਰੂ ਜੀ ਬਿਨਵੰਤਿ = ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਹੇ ਪਿਆਰੇ ਨਾਹ = ਪਤੀ ਅਕਾਲ ਪੁਰਖ ਆਪ ਜੀ ਦਇਆ = ਮੇਹਰ ਧਾਰਹੁ = ਧਾਰ ਕੇ ਮੇਰੇ ਅੰਤਹਕਰਣ ਰੂਪੀ ਘਰ ਵਿਚ ਆਵਹੁ = ਆ ਕੇ ਦਰਸ਼ਨ ਦੇਣਾ ਕਰੋ॥੨॥

***ਪ੍ਰਸ਼ਨ :*** *ਬਾਬਾ ਬੁੱਢਾ ਜੀ ਕਹਿਣ ਲੱਗੇ ਕਿ ਤੁਸੀਂ ਪਰਮੇਸ਼ਰ ਨਾਲ ਮਿਲਾਉਣ ਵਾਲੇ ਗੁਰੂ ਸਾਹਿਬ ਜੀ ਨੂੰ ਭੇਟਾ ਰੂਪ ਵਿਚ ਕੀ ਦਿਉਗੇ?*

***ਗੁਰ ਉੱਤਰ :***

## ਹਉ ਮਨੁ ਅਰਪੀ ਸਭੁ ਤਨੁ ਅਰਪੀ; ਅਰਪੀ ਸਭਿ ਦੇਸਾ ॥

ਹਉ = ਮੈਂ ਹਉਮੈ ਛੱਡ ਕੇ ਮਨੁ = ਅੰਤਹਕਰਣ ਅਰਪੀ = ਭੇਟਾ ਕਰ ਦੇਵਾਂਗਾ ਸਭ = ਸਾਰਾ ਤਨੁ = ਸਰੀਰ ਵੀ ਗੁਰਾਂ ਦੀ ਸੇਵਾ ਵਿਚ ਅਰਪੀ = ਅਰਪ ਕਰ ਦੇਵਾਂਗਾ ਅਤੇ ਸਭਿ = ਸਾਰੇ ਇੰਦਰੇ, ਪ੍ਰਾਣ ਰੂਪ ਦੇਸਾ = ਦੇਸ਼ ਵੀ ਅਰਪੀ = ਅਰਪਣ ਕਰ ਦੇਵਾਂਗਾ।

## ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ; ਜੋ ਪ੍ਰਭ ਦੇਇ ਸਦੇਸਾ ॥

ਹੇ ਪਿਆਰੇ ਜੀ! ਹਉ = ਮੈਂ ਤਿਸੁ = ਉਸ ਪਿਆਰੇ ਮੀਤ = ਮਿੱਤਰ ਨੂੰ ਹੰਕਾਰ ਛੱਡ ਕੇ ਮਨ, ਬਾਣੀ, ਸਰੀਰ ਕਰ ਕੇ ਆਪਣਾ ਸਿਰੁ = ਸੀਸ ਅਰਪੀ = ਭੇਟਾ ਕਰ ਦੇਵਾਂਗਾ, ਜੋ = ਜਿਹੜਾ ਮੈਨੂੰ ਪ੍ਰਭ = ਵਾਹਿਗੁਰੂ ਦੇ ਮਿਲਣ ਦਾ ਸਦੇਸਾ = ਸੁਨੇਹਾ ਦੇਇ = ਦੇਣਾ ਕਰੇ। ਬਾਬਾ ਬੁੱਢਾ ਜੀ ਕਹਿਣ ਲੱਗੇ ਕਿ ਮਹਾਰਾਜ! ਸਿਰ ਤਾਂ ਤੁਸੀਂ ਅਰਪਿਆ ਹੋਇਆ ਹੀ ਹੈ।

## ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ; ਸੰਗਿ ਪ੍ਰਭੂ ਦਿਖਾਇਆ ॥

ਹੇ ਪਿਆਰੇ ਜੀ! ਜਦੋਂ ਸੁਥਾਨਿ = ਸ੍ਰੇਸ਼ਟ ਅਸਥਾਨ ਸਾਧਸੰਗਤ ਵਿਚ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਪਹਿ = ਪਾਸ ਆਪਣਾ ਸੀਸੁ = ਸਿਰ ਅਰਪਿਆ = ਭੇਟਾ ਕਰ ਦਿੱਤਾ ਹੈ ਤਦ ਸਤਿਗੁਰੂ ਜੀ ਨੇ ਐਸੀ ਕਿਰਪਾ ਕੀਤੀ ਕਿ ਸਾਧ ਸੰਗਤ ਵਿਚ ਬਿਠਾ ਕੇ ਪ੍ਰਭੂ = ਹਰੀ ਅਕਾਲ ਪੁਰਖ ਨੂੰ ਸੰਗਿ = ਨਾਲ ਹੀ ਦਿਖਾਇਆ = ਦਿਖਾ ਦਿੱਤਾ ਹੈ।

## ਖਿਨ ਮਾਹਿ ਸਗਲਾ ਦੂਖੁ ਮਿਟਿਆ; ਮਨਹੁ ਚਿੰਦਿਆ ਪਾਇਆ ॥

ਜਦੋਂ ਪਰਮੇਸ਼ਰ ਦੀ ਪ੍ਰਾਪਤੀ ਹੋਈ ਤਾਂ ਇਕ ਖਿਨ ਦੇ ਵਿਚ ਸਗਲਾ = ਸਾਰਾ ਦੂਖੁ ਮਿਟਿਆ = ਮਿਟ ਗਿਆ ਅਤੇ ਮਨਹੁ ਚਿੰਦਿਆ = ਮਨ ਇੱਛਤ ਫਲ ਪਾਇਆ = ਪਾ ਲਏ **ਵਾ:** ਸੰਸਾਰ ਦੇ ਦੁੱਖਾਂ ਦੀ ਨਵਿਰਤੀ, ਧਰਮ, ਅਰਥ, ਕਾਮ, ਮੋਖ, ਆਦਿਕ ਅਤੇ ਜੋ ਮਨ ਵਿਚ ਪਰਮਾਨੰਦ ਦੀ ਪ੍ਰਾਪਤੀ ਦੀ ਚਿਤਵਣੀ ਸੀ, ਉਸ ਨੂੰ ਪ੍ਰਾਪਤ ਕਰ ਲਿਆ।

## ਦਿਨੁ ਰੈਣਿ ਰਲੀਆ ਕਰੈ ਕਾਮਣਿ; ਮਿਟੇ ਸਗਲ ਅੰਦੇਸਾ ॥

ਹੁਣ ਮੈਂ ਜਗਿਆਸੂ ਰੂਪ ਕਾਮਣਿ = ਇਸਤਰੀ ਦਿਨੁ ਰੈਣਿ = ਰਾਤ ਦਿਨ ਰਲੀਆ = ਖ਼ੁਸ਼ੀਆਂ ਕਰੈ = ਕਰਦੀ ਹਾਂ ਅਤੇ ਪ੍ਰਮਾਣ ਪ੍ਰਮੇਯ, ਵਿਪਰਜੇ ਆਦਿ ਸਗਲ = ਸਾਰੇ ਅੰਦੇਸਾ = ਸੰਸੇ ਵੀ ਮਿਟੇ = ਨਾਸ ਹੋ ਚੁੱਕੇ ਹਨ।

## ਬਿਨਵੰਤਿ ਨਾਨਕੁ ਕੰਤੁ ਮਿਲਿਆ; ਲੋੜਤੇ ਹਮ ਜੈਸਾ ॥੩॥

ਸਤਿਗੁਰੂ ਜੀ ਬਿਨਵੰਤਿ = ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਹੇ ਪਿਆਰੇ ! ਜੈਸਾ = ਜਿਸ ਪ੍ਰਕਾਰ ਦਾ ਹਮ = ਅਸੀਂ ਲੋੜਤੇ = ਚਾਹੁੰਦੇ ਸੀ, ਉਸ ਤਰ੍ਹਾਂ ਕੰਤੁ = ਪਤੀ ਪਰਮੇਸ਼ਰ ਆ ਕੇ ਸਾਨੂੰ ਮਿਲਿਆ = ਮਿਲ ਗਿਆ ਹੈ ॥੩॥

***ਪ੍ਰਸ਼ਨ :*** *ਬਾਬਾ ਬੁੱਢਾ ਜੀ ਪੁੱਛਣ ਲੱਗੇ ਕਿ ਮਹਾਰਾਜ ! ਜਦੋਂ ਤੁਹਾਨੂੰ ਪਰਮੇਸ਼ਰ ਦੀ ਪ੍ਰਾਪਤੀ ਹੋ ਗਈ ਸੀ ਤਦ ਤੁਹਾਨੂੰ ਕਿਹੋ ਜਿਹਾ ਅਨੰਦ ਮਹਿਸੂਸ ਹੋਇਆ ?*

***ਗੁਰ ਉੱਤਰ :***

## ਮੇਰੈ ਮਨਿ ਅਨਦੁ ਭਇਆ ਜੀਉ; ਵਜੀ ਵਾਧਾਈ ॥

ਹੇ ਪਿਆਰੇ ਜੀ ! ਉਸ ਵਕਤ ਮੇਰੇ ਮਨਿ = ਅੰਤਸ਼ਕਰਣ ਵਿਚ ਅਨਦੁ = ਸਾਖਿਆਤਤਾ ਦਾ ਅਨੰਦ ਭਇਆ = ਹੋਇਆ **ਵਾ:** ਚਿੱਤ ਦ੍ਵੈਤ ਤੋਂ ਰਹਿਤ ਅਦ੍ਵੈਤ ਅਨੰਦ ਦੇ ਸਹਿਤ ਹੋ ਗਿਆ ਇਉਂ ਮਨ ਵਿਚ ਵਾਧਾਈ = ਖ਼ੁਸ਼ੀ ਵਜੀ = ਪ੍ਰਗਟ ਹੋਈ ਹੈ **ਵਾ:** ਵਧਾਈਆਂ ਵੱਜਣ ਲੱਗ ਗਈਆਂ।

## ਘਰਿ ਲਾਲੁ ਆਇਆ ਪਿਆਰਾ; ਸਭ ਤਿਖਾ ਬੁਝਾਈ ॥

ਜਦ ਪਿਆਰਾ ਲਾਲੁ = ਪ੍ਰੀਤਮ ਪਰਮੇਸ਼ਰ ਘਰਿ = ਹਿਰਦੇ ਵਿਚ ਸਾਖਿਆਤ ਹੋ ਆਇਆ ਤਦ ਸਭ = ਸਾਰੀ ਰਸਾਂ ਕਸਾਂ ਅਤੇ ਵਿਛੋੜੇ ਦੀ ਤਿਖਾ = ਤ੍ਰੇਹ ਬੁਝਾਈ = ਬੁਝ ਭਾਵ ਦੂਰ ਹੋ ਗਈ।

## ਮਿਲਿਆ ਤ ਲਾਲੁ ਗੁਪਾਲੁ ਠਾਕੁਰੁ; ਸਖੀ ਮੰਗਲੁ ਗਾਇਆ ॥

ਹੇ ਪਿਆਰੇ ਜੀ ! ਜਦੋਂ ਤ = ਤੋਂ ਗੁਪਾਲੁ = (ਗੁ+ਪਾਲੁ) ਗੁ = ਪ੍ਰਿਥਵੀ ਦਾ ਪਾਲੁ = ਪਾਲਕ ਲਾਲੁ = ਪਿਆਰਾ ਠਾਕੁਰੁ = ਸੁਆਮੀ ਪਰਮੇਸ਼ਰ ਮਿਲਿਆ = ਮਿਲ ਪਿਆ ਹੈ ਤਦ ਤੋਂ ਮਹਾਤਮਾ ਰੂਪ ਸਖੀਆਂ ਨੇ **ਵਾ:** ਇੰਦਰੀਆਂ ਰੂਪ ਸਖੀਆਂ ਨੇ **ਵਾ:** ਬਿਰਤੀ ਰੂਪੀ ਸਖੀਆਂ ਨੇ ਪਰਮੇਸ਼ਰ ਦੇ ਮੰਗਲੁ = ਜਸ ਨੂੰ ਗਾਇਆ = ਗਾਇਣ ਕਰਨਾ ਕੀਤਾ ਹੈ।

## ਸਭ ਮੀਤ ਬੰਧਪ ਹਰਖੁ ਉਪਜਿਆ; ਦੂਤ ਥਾਉ ਗਵਾਇਆ ॥

ਉਸ ਵੇਲੇ ਸਭ = ਸਾਰੇ ਮੀਤ = ਮਿੱਤਰਾਂ ਬੰਧਪ = ਸੰਬੰਧੀਆਂ ਦੇ ਮਨ ਵਿਚ ਹਰਖੁ = ਖ਼ੁਸ਼ੀ ਉਪਜਿਆ = ਉਤਪੰਨ ਹੋਈ **ਵਾ:** ਸਭ = ਸਾਰੇ ਵੈਰਾਗ, ਬਿਬੇਕ ਰੂਪੀ ਮੀਤੁ = ਮਿਤਰਾਂ ਤੇ ਸ਼੍ਰਵਣ, ਮੰਨਣ, ਨਿਧਿਆਸਣ ਰੂਪੀ ਬੰਧਪ = ਸੰਬੰਧੀਆਂ ਨੂੰ ਬਹੁਤ ਹਰਖੁ = ਖ਼ੁਸ਼ੀ ਉਪਜਿਆ = ਪੈਦਾ ਹੋਈ ਅਤੇ ਅੰਤਸ਼ਕਰਣ ਵਿੱਚੋਂ ਕਾਮ, ਕ੍ਰੋਧ ਰੂਪੀ ਦੂਤਾਂ ਦੇ ਥਾਉ = ਥਾਂ ਭਾਵ ਅਗਿਆਨ ਨੂੰ ਗਵਾਇਆ = ਗੁਆ ਭਾਵ ਮੇਟ ਦਿੱਤਾ ਹੈ।

## ਅਨਹਤ ਵਾਜੇ ਵਜਹਿ ਘਰ ਮਹਿ; ਪਿਰ ਸੰਗਿ ਸੇਜ ਵਿਛਾਈ ॥

ਮੇਰੇ ਹਿਰਦੇ ਰੂਪੀ ਘਰ ਵਿਚ ਅਨਹਤ = ਨਾਸ਼ ਤੋਂ ਰਹਿਤ, ਇਕ ਰਸ ਸਿਮਰਨ ਰੂਪੀ ਵਾਜੇ ਵਜਹਿ = ਵਜ ਰਹੇ ਹਨ **ਵਾ:** ਅਨਹਤ = ਨਾਸ ਤੋਂ ਰਹਿਤ ਪਰਮੇਸ਼ਰ ਨੂੰ ਇਕ-ਰਸ ਉਚਾਰਨੇ ਕਰਕੇ ਘਰਿ = ਅੰਤਸ਼ਰਕਣ ਮਹਿ = ਵਿਚ ਹਰੀ ਵਜਹਿ = ਪ੍ਰਗਟ ਹੋ ਗਿਆ ਹੈ। ਜਿਸ ਕਰਕੇ ਪਿਰ = ਪਤੀ ਅਕਾਲ ਪੁਰਖ ਵਾਹਿਗੁਰੂ ਨੂੰ ਅੰਗ ਸੰਗ ਜਾਣ ਕੇ ਸ਼ਰਧਾ ਅਤੇ ਅੰਤਹਕਰਣ ਰੂਪੀ ਸੇਜ = ਸੇਜਾ ਵਿਛਾਈ = ਵਿਛਾਉਣਾ ਕੀਤੀ ਹੈ।

## ਬਿਨਵੰਤਿ ਨਾਨਕੁ ਸਹਜਿ ਰਹੈ; ਹਰਿ ਮਿਲਿਆ ਕੰਤੁ ਸੁਖਦਾਈ ॥੪॥੧॥

ਸਤਿਗੁਰੂ ਜੀ ਬਿਨਵੰਤਿ = ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਹੁਣ ਮੇਰੀ ਬਿਰਤੀ ਸਹਜਿ = ਸ਼ਾਂਤ ਸਰੂਪ, ਸਹਜ ਸਰੂਪ ਵਿਚ ਜੁੜੀ ਰਹੈ = ਰਹਿੰਦੀ ਹੈ, ਜਿਸ ਕਰਕੇ ਹਰਿ = ਹਰੀ ਅਕਾਲ ਪੁਰਖ ਸੁਖਦਾਈ = ਸੁਖਦਾਤਾ ਕੰਤੁ = ਪਤੀ ਪਰਮੇਸ਼ਰ ਮੈਨੂੰ ਮਿਲਿਆ = ਮਿਲ ਗਿਆ ਹੈ ॥੪॥੧॥

[ਅੰਗ ੨੪੮]

## ਗਉੜੀ, ਮਹਲਾ ੫ ॥

**ਉਥਾਨਕਾ :** ਜਦੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਤਿਆਰੀ ਹੋ ਗਈ, ਗੁਰੂ ਅਰਜਨ ਦੇਵ ਜੀ ਨੇ ਗੁਰਸਿੱਖਾਂ ਦੇ ਕਹਿਣ ਤੋਂ ਸੋਚਿਆ ਕਿ ਲੋਕ ਆਪਣੀਆਂ ਕਵਿਤਾਵਾਂ ਬਣਾ ਕੇ ਨਾਨਕ ਨਾਮ ਲਿਖਣ ਲੱਗ ਪਏ ਹਨ। ਇਹ ਯੋਗ ਨਹੀਂ, ਗੁਰੂ ਜੀ ਨੇ ਸੰਗਤ ਵਿਚ ਆਪਣਾ ਸੰਕਲਪ ਪ੍ਰਗਟ ਕੀਤਾ ਕਿ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਨਿਰੋਲ ਹੀ ਰਹਿਣੀ ਚਾਹੀਦੀ ਹੈ ਅਤੇ ਹਰਿਮੰਦਰ ਸਾਹਿਬ ਵਿਚ ਗੁਰਬਾਣੀ ਦਾ ਪੂਜਨ ਹੋਣਾ ਚਾਹੀਦਾ ਹੈ ਸਾਰੇ ਸਿੱਖਾਂ ਨੂੰ ਹੁਕਮਨਾਮੇ ਭੇਜ ਕੇ ਬਾਣੀ ਮੰਗਵਾ ਲਈ। ਪਰ ਜਿਸ ਵੇਲੇ ਪਤਾ ਲੱਗਾ ਕਿ ਸਮੱਗਰ ਬਾਣੀ ਬਾਬਾ ਮੋਹਨ ਜੀ ਪਾਸ ਗੋਇੰਦਵਾਲ ਵਿਖੇ ਚੌਹਾਂ ਗੁਰਾਂ ਦੀ ਬਾਣੀ ਲਿਖ ਕੇ ਰੱਖੀ ਹੈ। ਗੁਰਾਂ ਨੇ ਦੀਵਾਨ ਵਿਚ ਬਚਨ ਕੀਤਾ ਕਿ ਹੇ ਭਾਈ! ਬਾਬਾ ਮੋਹਨ ਜੀ ਦੇ ਪਾਸ ਜੋ ਬਾਣੀ ਹੈ, ਉਹ ਕਿਵੇਂ ਆ ਸਕਦੀ ਹੈ। ਭਾਈ ਗੁਰਦਾਸ ਜੀ ਨੇ ਕਿਹਾ ਕਿ ਮੈਨੂੰ ਆਗਿਆ ਬਖ਼ਸ਼ੋ, ਮੈਂ ਜਾ ਕੇ ਲਿਆਉਂਦਾ ਹਾਂ। ਗੁਰੂ ਜੀ ਦਾ ਬਚਨ ਸੁਣ ਕੇ ਭਾਈ ਗੁਰਦਾਸ ਜੀ ਨੇ ਚਾਲੇ ਪਾ ਦਿੱਤੇ, ਗੋਇੰਦਵਾਲ ਪਹੁੰਚ ਕੇ ਬਾਬਾ ਮੋਹਨ ਜੀ ਦੇ ਚੁਬਾਰੇ ਪਰ ਆ ਕੇ ਬਹੁਤ ਬੇਨਤੀਆਂ ਕੀਤੀਆਂ, ਪਰ ਉਹ ਸਮਾਧੀ ਵਿਚ ਮਸਤ ਸਨ, ਉਨ੍ਹਾਂ ਨੇ ਬੂਹੇ ਨਾ ਖੋਲ੍ਹੇ, ਆਖ਼ਰ ਹਾਰ ਕੇ ਭਾਈ ਸਾਹਿਬ ਜੀ ਵਾਪਸ ਆ ਗਏ ਤੇ ਗੁਰੂ ਜੀ ਨੂੰ ਕਹਿਣ ਲੱਗੇ ਕਿ ਮੈਂ ਤਾਂ ਸਾਰੀ ਰਾਤ ਖਲੋ ਕੇ ਬੇਨਤੀਆਂ ਕਰਦਾ ਰਿਹਾ ਹਾਂ, ਪਰ ਉਨ੍ਹਾਂ ਨੇ ਬੂਹਾ ਨਹੀਂ ਖੋਲ੍ਹਿਆ, ਫੇਰ ਬਾਬਾ ਬੁੱਢਾ ਜੀ ਕਹਿਣ ਲੱਗੇ ਕਿ ਮਹਾਰਾਜ ਮੈਨੂੰ ਆਗਿਆ ਬਖ਼ਸ਼ੋ, ਮੈਂ ਜਾ ਕੇ ਲਿਆਉਂਦਾ ਹਾਂ। ਗੁਰੂ ਜੀ ਨੇ ਕਿਹਾ ਕਿ ਤੁਸੀਂ ਚਲੇ ਜਾਉ। ਇਹ ਬਚਨ ਸੁਣ ਕੇ ਬਾਬਾ ਬੁੱਢਾ ਜੀ ਚੱਲ ਪਏ, ਗੋਇੰਦਵਾਲ ਪਹੁੰਚ ਕੇ ਬਾਉਲੀ ਸਾਹਿਬ ਵਿਚ ਇਸ਼ਨਾਨ ਕਰ ਕੇ ਫੇਰ ਚੁਬਾਰੇ ਪਾਸ ਆਏ, ਬੂਹੇ ਬੰਦ ਵੇਖ ਕੇ ਬੇਨਤੀ ਕੀਤੀ ਕਿ ਬਾਬਾ ਜੀ! ਮੇਰਾ ਨਾਂ ਬੁੱਢਾ ਹੈ, ਮੈਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭੇਜਿਆ ਹੈ, ਬੂਹੇ ਖੋਲ੍ਹ ਕੇ ਮੇਰੀ ਬੇਨਤੀ ਸੁਣਨਾ ਕਰੋ। ਬਥੇਰਾ ਉੱਚੀ ਉੱਚੀ ਬੋਲ ਕੇ ਬੂਹੇ ਖੜਕਾਏ, ਪਰ ਬਾਬਾ ਮੋਹਨ ਜੀ ਨਾ ਬੋਲੇ, ਜਦ ਦਰਵਾਜ਼ਾ ਨਾ ਖੋਲ੍ਹਿਆ ਤਾਂ ਬਾਬਾ ਬੁੱਢਾ ਜੀ ਨੇ ਦਰਵਾਜ਼ੇ ਦੀ ਚੂਲ ਪੁੱਟ ਕੇ ਦਰਵਾਜ਼ਾ ਖੋਲ੍ਹ ਲਿਆ ਤਾਂ ਕੀ ਦੇਖਿਆ ਕਿ ਬਾਬਾ ਮੋਹਨ ਜੀ ਤਾਂ ਪਦਮਾਸਨ ਧਾਰ ਕੇ ਇਕ-ਰਸ ਅਡੋਲ ਸਮਾਧੀ ਵਿਚ ਲੀਨ ਹਨ, ਸਰੀਰ ਨੂੰ ਬਥੇਰਾ ਹਿਲਾਇਆ, ਪਰ ਸਮਾਧੀ ਫੇਰ ਵੀ ਨਾ ਖੁੱਲ੍ਹੀ। ਇਤਨੇ ਨੂੰ ਭਾਈ ਮੋਹਰੀ ਜੀ ਨੂੰ ਪਤਾ ਲੱਗਾ, ਉਹ ਆ ਗਏ ਅਤੇ ਬਾਬਾ ਬੁੱਢਾ ਜੀ ਨੂੰ ਕਹਿਣ ਲੱਗੇ ਕਿ ਤੁਸੀਂ ਗੁਰਮੁਖ ਹੋ, ਇਹ ਮਸਤ ਸੁਭਾਅ ਵਾਲੇ ਹਨ, ਜੇਕਰ ਇਨ੍ਹਾਂ ਦੀ ਸਮਾਧੀ ਖੁੱਲ੍ਹ ਗਈ ਤਾਂ ਤੁਹਾਨੂੰ ਕੋਈ ਕਠੋਰ ਬਚਨ ਬੋਲ ਕੇ ਸਰਾਪ ਦੇ ਦੇਣਗੇ ਅਤੇ ਤੁਹਾਡਾ

ਬਚਨ ਭੀ ਪੂਰਾ ਹੋ ਜਾਂਦਾ ਹੈ ਇਸ ਲਈ ਗੁਰੂ ਘਰ ਵਿਚ ਕੋਈ ਅਨਰਥ ਹੋ ਜਾਵੇਗਾ ਚੰਗੀ ਗੱਲ ਹੈ ਜੇਕਰ ਤੁਸੀਂ ਵਾਪਸ ਚਲੇ ਜਾਵੋ। ਇਸ ਕਰ ਕੇ ਬਾਬਾ ਬੁੱਢਾ ਜੀ ਵੀ ਨਿਰਾਸ਼ ਹੀ ਵਾਪਸ ਆ ਗਏ। ਫੇਰ ਗੁਰੂ ਅਰਜਨ ਜੀ ਨੇ ਇਹ ਸੋਚ ਕਰਕੇ ਕਿ

**ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ॥** *(ਅੰਗ ੧੨੪੯)*

ਬਾਣੀ ਨੂੰ ਪ੍ਰਗਟ ਕਰਨ ਵਾਸਤੇ, ਆਪ ਗੁਰੂ ਸਾਹਿਬ ਜੀ ਨੰਗੇ ਪੈਰੀਂ ਚੱਲਕੇ ਸੰਮਤ ੧੬੪੯ ਵਿਚ ਗੋਇੰਦਵਾਲ ਸਾਹਿਬ ਆ ਪਹੁੰਚੇ। ਪਹਿਲੇ ਬਾਉਲੀ ਸਾਹਿਬ ਇਸ਼ਨਾਨ ਕਰ ਕੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਧਿਆਨ ਧਰ ਕੇ ਜਪੁ ਜੀ ਸਾਹਿਬ ਜੀ ਦਾ ਪਾਠ ਕੀਤਾ, ਉਸ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਨੇ ਸੂਖ਼ਮ ਰੂਪ ਵਿਚ ਸਿਰ 'ਤੇ ਹੱਥ ਰੱਖ ਕੇ ਕਿਹਾ, "ਪੁਤ੍ਰ ਮੋਹਨ ਜੀ ਦੀ ਕੀਰਤੀ ਕਰ ਕੇ ਪੋਥੀਆਂ ਲੈ ਕੇ ਜਾਣਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਣਾ ਕੇ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕਰਨਾ। ਮੋਹਨ ਜੀ ਭਾਵੇਂ ਕਿਤਨੇ ਭੀ ਕਠੋਰ ਬਚਨ ਆਖਣ, ਪਰ ਤੁਸੀਂ ਨਿਮਰਤਾ ਰੱਖਣੀ ਕੀਰਤਨ ਕਰੀ ਜਾਣਾ, ਫੇਰ ਉਹ ਆਪ ਹੀ ਨਿਮਰੀ ਭੂਤ ਹੋ ਕੇ ਪੋਥੀਆਂ ਦੇ ਦੇਣਗੇ।" ਇਹ ਬਚਨ ਕਹਿ ਕੇ ਗੁਰੂ ਅਮਰਦਾਸ ਜੀ ਅੰਤਰ ਧਿਆਨ ਹੋ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਬਾਣੀ ਨੂੰ ਪ੍ਰਾਪਤ ਕਰਨ ਲਈ ਚੁਬਾਰੇ ਦੇ ਅੱਗੇ ਗਲੀ ਵਿਚ ਬੈਠ ਕੇ ਤੰਬੂਰਾ[1] ਲੈ ਕੇ ਨਿਮਰਤਾ ਨਾਲ ਕੀਰਤਨ ਕਰਨ ਲੱਗੇ। ਜਦੋਂ ਪਹਿਲਾ ਸ਼ਬਦ ਗਉੜੀ ਰਾਗ ਦਾ ਇਹ ਗਾਉਣ ਲੱਗ ਪਏ (ਇਹ ਸਾਰੀ ਉਥਾਨਕਾ *ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਰਾਸ ੩ ਅੰਸ਼ੂ ੩੪ 'ਤੇ ਹੈ, ਉਥੇ ਵਿਸਥਾਰ ਨਾਲ ਪੜ੍ਹੀ ਜਾ ਸਕਦੀ ਹੈ) ਸਿੱਖ ਦਰੀਆਂ ਗਲੀਚੇ ਲਿਆਏ ਪਰ ਗੁਰੂ ਅਰਜਨ ਦੇਵ ਜੀ ਨੇ ਮਨ੍ਹਾ ਕਰ ਦਿੱਤਾ। ਅੱਜ ਅਸੀਂ ਕੁਝ ਲੈਣ ਆਏ ਹਾਂ, ਲੈਣ ਵਸ ਲੋੜਵੰਦ ਗਲੀਚਿਆਂ 'ਤੇ ਨਹੀਂ, ਦੁਆਰੇ 'ਤੇ ਖੜ੍ਹਦਾ ਹੈ, ਇਸ ਲਈ ਸਤਿਗੁਰਾਂ ਨੇ ਚੁਬਾਰੇ ਦੇ ਸਾਹਮਣੇ ਗਲੀ ਵਿੱਚੋਂ ਨੀਚੇ ਬੈਠ ਕੇ ਕੀਰਤਨ ਕੀਤਾ।

***ਨੋਟ :*** ਇਸ ਸ਼ਨਦ ਵਿਚ ਉਥਾਨਕਾ ਅਨੁਸਾਰ ਭਾਵੇਂ ਸ਼ਬਦ ਬਾਬਾ ਮੋਹਨ ਜੀ ਦੇ ਪ੍ਰਥਾਏ ਹੈ ਜਿਸ ਕਰਕੇ ਬਾਬਾ ਮੋਹਨ ਜੀ ਦਾ ਨਾਮ ਵਾਰ ਵਾਰ ਆਇਆ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੇ ਪ੍ਰਥਾਏ ਏਮਨਾਬਾਦ ਵਿਚ "ਜੈਸੀ ਮੈ ਆਵੈ ਖਸਮ ਕੀ ਬਾਣੀ" ਅੰਗ ੭੨੩ ਸ਼ਬਦ ਉਚਾਰਨ ਕੀਤਾ ਸੀ, ਜਿਸ ਵਿਚ ਵਾਰ ਵਾਰ ਭਾਈ ਲਾਲੋ ਦਾ ਨਾਮ ਆਇਆ ਹੈ। ਉਸੇ ਤਰ੍ਹਾਂ ਹੀ ਇਥੇ ਜਾਨਣਾ, ਸ਼ਬਦ ਭਾਵੇਂ ਭਾਈ ਲਾਲੋ ਦੇ ਪ੍ਰਥਾਏ ਜਾਂ ਗੁਰੂ ਅਰਜਨ ਦੇਵ ਜੀ ਦਾ ਮੋਹਨ ਜੀ ਦੇ ਪ੍ਰਥਾਏ ਵਾਲਾ ਹੈ। ਇਸੇ ਤਰ੍ਹਾਂ ਹੋਰ ਭੀ ਅਨੇਕਾਂ ਸ਼ਬਦ ਹਨ, ਵਿਆਖਿਆਕਾਰ ਨੂੰ ਬੇਲੋੜਾ ਖੰਡਨ ਕਰਨ ਦੀ ਲੋੜ ਨਹੀਂ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ "ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ"॥ ਅੰਗ ੬੪੭ ਇਥੇ ਸਤਿਗੁਰਾਂ ਨੇ ਸਮਝਾਉਣ ਦਾ ਢੰਗ ਤਰੀਕਾ ਇਹ ਵਰਤਿਆ ਹੈ ਕਿ ਅੰਤਰੀਵ ਭਾਵ ਦਾ ਗੂੜ੍ਹ ਸਿਧਾਂਤ ਸਮਝਣ ਲਈ ਬਾਹਜ ਅਰਥ ਕਰਕੇ ਸਮਝਣ ਵਾਲੇ ਨੂੰ ਸੁਖੈਨ ਤਰੀਕੇ ਨਾਲ ਸਮਝਾਇਆ ਹੈ। ਬਾਹਜ ਅਰਥ ਅੰਤਰੀਵ ਅਰਥ ਦੇ ਸਮਝਣ ਲਈ ਪ੍ਰਮਾਣ ਰੂਪ ਹੈ।

## ਮੋਹਨ, ਤੇਰੇ ਊਚੇ ਮੰਦਰ; ਮਹਲ ਅਪਾਰਾ॥

ਹੇ ਬਾਬਾ ਮੋਹਨ ਜੀ! ਤੇਰੇ ਬੜੇ ਸੋਹਣੇ ਊਚੇ ਮੰਦਰ = ਚੁਬਾਰਾ ਸਾਹਿਬ ਜੀ ਬਣੇ ਹੋਏ ਹਨ, ਅਪਾਰਾ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੀ ਨਾਮ ਰੂਪ ਬਾਣੀ ਦੀਆਂ ਪੋਥੀਆਂ ਹੋਣ ਕਰਕੇ ਸੁੰਦਰ ਮਹਲ = ਮਕਾਨ ਬਣੇ ਹੋਏ ਹਨ।

---

੧. ਤੰਬੂਰਾ = ਤਾਨਪੁਰਾ, ਤੰਬੁਰੁ ਗੰਧਰਬ ਦੀ ਰੱਚੀ ਹੋਈ ਬੀਨਾ ਜਿਸ ਦੇ ਚਾਰ ਤਾਰ ਹੁੰਦੇ ਹਨ ਤੂੰਬੇ ਨੂੰ ਡੰਡੀ ਲੱਗਾ ਕੇ ਇਹ ਸਾਜ਼ ਬਣਦਾ ਹੈ, ਇਸ ਦੇ ਸੁਰ ਆਧਾਰ ਗਵੱਈਏ ਗਾਇਨ ਕਰਦੇ ਹਨ।

## ਮੋਹਨ ਤੇਰੇ ਸੋਹਨਿ ਦੁਆਰ ਜੀਉ; ਸੰਤ ਧਰਮਸਾਲਾ ॥

ਹੇ ਬਾਬਾ ਮੋਹਨ ਜੀ ! ਤੇਰੇ = ਤੁਹਾਡੇ ਦੁਆਰ = ਦਰਵਾਜ਼ੇ 'ਤੇ ਸੰਤਾਂ ਮਹਾਤਮਾਂ ਦੇ ਨਿਵਾਸ ਕਰਨ ਵਾਲੀ ਧਰਮਸ਼ਾਲਾ (ਧਰਮ ਦੀ ਥਾਂ) ਸੋਹਨਿ = ਸੋਂਹਦੀ ਭਾਵ ਸੋਭ ਰਹੀ ਹੈ। ਇਥੇ ਇਕ ਧਰਮਸ਼ਾਲਾ ਸੀ, ਜਿਸ ਵਿਚ ਸੰਤ ਭਗਤ ਸਤਿਸੰਗਤ ਲਈ ਇਕੱਤਰ ਹੁੰਦੇ ਸਨ।

## ਧਰਮਸਾਲ ਅਪਾਰ, ਦੈਆਰ ਠਾਕੁਰ; ਸਦਾ ਕੀਰਤਨੁ ਗਾਵਹੇ ॥

ਅਪਾਰ = ਪਾਰਾਵਾਰ ਤੋਂ ਰਹਿਤ ਦੈਆਰ = ਦਿਆਲੂ ਠਾਕੁਰ = ਸੁਆਮੀ ਦੀ ਧਰਮਸਾਲਾ ਵਿਚ ਸਦਾ = ਹਮੇਸ਼ਾ ਹੀ ਸੰਗਤਾਂ ਪਰਮੇਸ਼ਰ ਦੇ ਕੀਰਤਨ = ਜਸ ਨੂੰ ਗਾਵਹੇ = ਗਾਉਂਦੀਆਂ ਹਨ।

## ਜਹ ਸਾਧ ਸੰਤ ਇਕਤ੍ਰ ਹੋਵਹਿ; ਤਹਾ ਤੁਝਹਿ ਧਿਆਵਹੇ ॥

ਹੇ ਬਾਬਾ ਮੋਹਨ ਜੀ ! ਜਹ = ਜਿਥੇ ਸਾਧ ਸੰਤ = ਸਾਧੂ ਮਹਾਤਮਾ, ਸਾਧ ਸੰਤ = ਸਾਧਨ ਕਰਨ ਵਾਲੇ ਸ਼ਾਂਤ ਚਿੱਤ ਵਾਲੇ ਗੁਰਸਿਖ ਇਕਤ੍ਰ = ਇਕੱਠੇ ਹੋਵਹਿ = ਹੁੰਦੇ ਹਨ, ਤਹਾ = ਉਥੇ ਤੁਝਹਿ = ਤੁਹਾਨੂੰ ਗੁਰੂ ਸਪੁੱਤਰ ਜਾਣ ਕੇ ਧਿਆਵਹੇ = ਯਾਦ ਕਰਦੇ ਹਨ ਕਿ ਕਿਤਨੇ ਬਚਨਾਂ ਦੇ ਬਲੀ ਹਨ।

## ਕਰਿ ਦਇਆ ਮਇਆ ਦਇਆਲ ਸੁਆਮੀ; ਹੋਹੁ ਦੀਨ ਕ੍ਰਿਪਾਰਾ ॥

ਹੇ ਦਇਆ = ਦਇਆਲੂ ਮਇਆ ਸਰੂਪ ਸੁਆਮੀ = ਮਾਲਕ ਪਰਮੇਸ਼ਰ ਭਗਤਾਂ 'ਤੇ ਪਿੱਛੇ ਵੀ ਦਇਆ ਕਰਿ = ਕਰਦਾ ਆਇਆ ਹੈਂ, ਹੁਣ ਵੀ ਦਿਆਲੂ ਸਰੂਪ ਮਿਹਰਵਾਨੀ ਕਰੋ, ਮੇਰੇ ਦੀਨ = ਗ਼ਰੀਬ ਉੱਤੇ ਕ੍ਰਿਪਾਰਾ = ਕ੍ਰਿਪਾਲੂ ਹੋਹੁ = ਹੋਵੋ ਤਾਂ ਕਿ ਜਿਸ ਕਾਰਜ ਲਈ ਮੈਂ ਆਇਆਂ ਹਾਂ, ਉਹ ਬਾਣੀ ਦੀ ਇੱਕਤਰਤਾ ਵਾਲਾ ਕਾਰਜ ਸੰਪੂਰਨ ਹੋਵੇ।

## ਬਿਨਵੰਤਿ ਨਾਨਕ ਦਰਸ ਪਿਆਸੇ; ਮਿਲਿ ਦਰਸਨ ਸੁਖੁ ਸਾਰਾ ॥੧॥

ਗੁਰੂ ਜੀ ਬਿਨਵੰਤਿ = ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਹੇ ਬਾਬਾ ਮੋਹਨ ਜੀ ! ਅਸੀਂ ਤੁਹਾਡੇ ਦਰਸ = ਦਰਸ਼ਨਾਂ ਦੇ ਪਿਆਸੇ = ਤਿਹਾਏ ਭਾਵ ਲੋੜਵੰਦ ਹਾਂ, ਆਪ ਜੀ ਦੇ ਦਰਸ਼ਨਾਂ ਤੋਂ ਸਾਨੂੰ ਸਾਰਾ = ਸ੍ਰੇਸ਼ਟ ਸੁਖ ਮਿਲਿ = ਮਿਲਦਾ, ਭਾਵ ਪ੍ਰਾਪਤ ਹੁੰਦਾ ਹੈ **ਵਾ:** ਦਰਸ਼ਨ ਦੇ ਮਿਲਣ ਵਿਚ ਹੀ ਸਾਰਾ ਸੁਖ ਹੈ **ਵਾ:** ਅਸੀਂ ਵੱਡੇ ਗੁਰੂ ਸਾਹਿਬਾਨਾਂ ਦੀ ਨਾਮ ਰੂਪ ਬਾਣੀ ਦੀਆਂ ਪੋਥੀਆਂ ਦੇ ਦਰਸੁ = ਦੀਦਾਰਾਂ ਦੇ ਪਿਆਸੇ = ਤਿਹਾਏ ਹਾਂ ਜਿਨ੍ਹਾਂ ਦੇ ਦਰਸਨ = ਦੀਦਾਰ ਕਰਕੇ ਸਾਨੂੰ ਸਾਰਾ = ਸ੍ਰੇਸਟ ਸੁਖੁ = ਅਨੰਦ ਮਿਲਿ = ਪ੍ਰਾਪਤ ਹੋਵੇਗਾ ॥੧॥

ਜਿਸ ਵੇਲੇ ਛੰਤ ਦੀ ਇਕ ਪਉੜੀ ਉਚਾਰੀ ਤਾਂ ਬਾਬਾ ਮੋਹਨ ਜੀ ਦੀ ਸਮਾਧੀ ਖੁੱਲ੍ਹ ਗਈ, ਉੱਠ ਕੇ ਬਾਰੀ (ਤਾਕੀ) ਖੋਲ੍ਹ ਕੇ ਕੀ ਵੇਖਿਆ ਕਿ ਗੁਰੂ ਅਰਜਨ ਦੇਵ ਜੀ ਸੰਗਤ ਦੇ ਸਹਿਤ ਗਲੀ ਵਿਚ ਬੈਠੇ ਹੋਏ ਹੱਥ ਵਿਚ ਤੰਬੂਰਾ ਫੜ ਕੇ ਸ਼ਬਦ ਗਾਇਣ ਕਰ ਰਹੇ ਹਨ, ਪਰਖਣ ਵਾਸਤੇ ਕਹਿਣ ਲੱਗੇ ਕਿ ਪਹਿਲਾਂ ਸਾਡੇ ਘਰ ਵਿੱਚੋਂ ਤੁਸੀਂ ਸੋਢੀ ਗੁਰਿਆਈ ਲੈ ਗਏ ਤੇ ਹੁਣ ਬਾਣੀ ਲੈਣ ਵਾਸਤੇ ਆ ਗਏ। ਆਪਣੇ ਭਾਈਆਂ ਨੂੰ ਘਰੋਂ ਕੱਢ ਦਿੱਤਾ ਤੇ ਪਿਤਾ ਨੂੰ ਮਾਰ ਦਿੱਤਾ ਹੈ। ਆਪ ਗੁਰਗੱਦੀ ਸਾਂਭ ਲਈ ਹੈ, ਜਦੋਂ ਇਸ ਤਰ੍ਹਾਂ ਦੀਆਂ ਤਰਕਾਂ ਮਾਰਨ ਲੱਗੇ ਤਾਂ ਉਸ ਵੇਲੇ ਗੁਰੂ ਜੀ ਪਿਆਰ ਦੇ ਨਾਲ ਦੂਜੀ ਪਉੜੀ ਉਚਾਰਨ ਕਰਦੇ ਹਨ:

## ਮੋਹਨ ਤੇਰੇ ਬਚਨ ਅਨੂਪ; ਚਾਲ ਨਿਰਾਲੀ ॥

ਹੇ ਬਾਬਾ ਮੋਹਨ ਜੀ ! ਤੇਰੇ = ਤੁਹਾਡੇ ਬਚਨ = ਬੋਲ ਅਨੂਪ = ਉਪਮਾ ਤੋਂ ਰਹਿਤ ਹਨ ਅਤੇ ਦੁਨੀਆਂ ਵਿਚ ਦਸਮ ਦੁਆਰ ਵਿਚ ਸਮਾਧੀ ਲਾਉਣ ਵਾਲੀ ਤੇਰੀ ਚਾਲ = ਰੀਤ (ਤੋਰ) ਨਿਰਾਲੀ = ਵੱਖਰੀ ਹੈ, ਭਾਵ

ਦੂਖਨ ਰੂਪ ਬਚਨਾਂ ਨੂੰ ਭੂਖਣ ਬਣਾ ਕੇ ਕਹਿੰਦੇ ਹਨ, ਮੋਹਨ ਜੀ ਤੂੰ ਸੱਚ ਹੀ ਕਿਹਾ ਹੈ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਇਹ ਸਰੀਰ ਦੇ ਨਾਲ ਹੀ ਜੰਮਦੇ ਹਨ ਤਾਂ ਇਹ ਭਾਈ ਹਨ ਮੈਂ ਹਿਰਦੇ ਦੇ ਘਰ ਵਿੱਚੋਂ ਇਨ੍ਹਾਂ ਭਰਾਵਾਂ ਨੂੰ ਕੱਢ ਦਿੱਤਾ ਹੈ ਤੇ ਅਗਿਆਨ ਰੂਪ ਪਿਤਾ ਨੂੰ ਮਾਰ ਦਿੱਤਾ ਹੈ, ਕਿਉਂਕਿ ਅਗਿਆਨ ਹੀ ਸਾਰੇ ਸੰਸਾਰ ਨੂੰ ਰਚਣ ਵਾਲਾ ਹੈ, ਇਸ ਕਰਕੇ ਪਿਤਾ ਹੈ। ਤੂੰ ਸੱਚ ਹੀ ਸੁੰਦਰ ਬਚਨ ਕਹੇ ਹਨ।

## ਮੋਹਨ ਤੂੰ ਮਾਨਹਿ ਏਕੁ ਜੀ; ਅਵਰ ਸਭ ਰਾਲੀ ॥

ਹੇ ਬਾਬਾ ਮੋਹਨ ਜੀ! ਤੁਸੀਂ ਹਿਰਦੇ ਵਿਚ ਏਕ = ਇਕ ਗੁਰੂ ਅਮਰਦਾਸ ਜੀ ਨੂੰ ਹੀ ਮਾਨਹਿ = ਮੰਨਦੇ ਹੋ, ਅਵਰੁ = ਹੋਰਨਾਂ ਸਭ = ਸਭਨਾਂ ਨੂੰ ਰਾਲੀ = ਧੂੜ ਦੀ ਨਿਆਈਂ **ਵਾ:** ਖਾਕ ਦੀ ਨਿਆਈਂ ਮਿਥਿਆ ਨਿਸਚੇ ਕਰਦੇ ਹੋ।

## ਮਾਨਹਿ ਤ ਏਕੁ ਅਲੇਖੁ ਠਾਕੁਰੁ; ਜਿਨਹਿ ਸਭ ਕਲ ਧਾਰੀਆ ॥

ਤੁਸੀਂ ਤਾਂ ਏਕੁ = ਇਕ ਅਲੇਖੁ = ਅਲੱਖ ਸਰੂਪ ਠਾਕੁਰੁ = ਸੁਆਮੀ ਪਰਮੇਸ਼ਰ ਨੂੰ ਮੰਨਦੇ ਹੋ, ਜਿਨਹਿ = ਜਿਸ ਵਾਹਿਗੁਰੂ ਨੇ ਸਭ = ਸਾਰੀਆਂ ਕਲ = ਸ਼ਕਤੀਆਂ ਧਾਰੀਆਂ ਹੋਈਆਂ ਹਨ।

## ਤੁਧੁ ਬਚਨਿ ਗੁਰ ਕੈ ਵਸਿ ਕੀਆ; ਆਦਿ ਪੁਰਖੁ ਬਨਵਾਰੀਆ ॥

ਸੰਸਾਰ ਦਾ ਆਦਿ = ਮੁੱਢ ਰੂਪ, ਪੁਰਖੁ = ਪੂਰਨ ਬਨਵਾਰੀਆ = ਸੰਸਾਰ ਬਨ ਦੇ ਮਾਲਕ ਪਰਮੇਸ਼ਰ ਦੀ ਜੋ ਨਾਮ ਰੂਪ ਗੁਰਾਂ ਦੀ ਬਾਨੀ ਹੈ ਉਹ ਤੁਧੁ = ਤੁਸੀਂ ਗੁਰਾਂ ਕੈ = ਦੇ ਬਚਨਿ = ਉਪਦੇਸ਼ ਦੀਆਂ ਨਾਮ ਰੂਪ ਬਾਨੀ ਵਾਲੀਆਂ ਪੋਥੀਆਂ ਆਪਣੇ ਵਸਿ = ਅਧੀਨ ਭਾਵ ਕੋਲ ਰੱਖੀਆਂ ਹੋਈਆਂ ਹਨ।

## ਤੂੰ ਆਪਿ ਚਲਿਆ ਆਪਿ ਰਹਿਆ; ਆਪਿ ਸਭ ਕਲ ਧਾਰੀਆ ॥

ਹੇ ਬਾਬਾ ਮੋਹਨ ਜੀ! ਤੂੰ = ਤੁਸੀਂ ਆਪ ਹੀ ਗੁਰੂ ਅਮਰਦਾਸ ਰੂਪ ਹੋ ਕੇ ਸੰਸਾਰ ਤੋਂ ਚਲਿਆ ਭਾਵ ਜੋਤੀ ਜੋਤਿ ਸਮਾਉਣਾ ਕੀਤਾ ਹੈ, ਭਾਵ ਸਚਖੰਡ ਨੂੰ ਜਾਣਾ ਕੀਤਾ ਹੈ ਅਤੇ ਆਪ ਹੀ ਮੋਹਨ ਰੂਪ ਹੋ ਕੇ ਇਥੇ ਚੁਬਾਰੇ ਵਿਚ ਇਸਥਿਤ ਹੋ ਰਿਹਾ ਹੈਂ। ਭਾਵ ਪਿਤਾ ਅਤੇ ਪੁੱਤਰ ਇੱਕੋ ਰੂਪ ਹੀ ਹੁੰਦੇ ਹਨ।

ਆਪ ਹੀ ਸਭ = ਸਾਰੀਆਂ ਸਿੱਧੀਆਂ ਰੂਪ ਕਲ = ਸ਼ਕਤੀਆਂ ਨੂੰ ਧਾਰੀਆ = ਧਾਰਨ ਕੀਤਾ ਹੋਇਆ ਹੈ।

## ਬਿਨਵੰਤਿ ਨਾਨਕ ਪੈਜ ਰਾਖਹੁ; ਸਭ ਸੇਵਕ ਸਰਨਿ ਤੁਮਾਰੀਆ ॥੨॥

ਸਤਿਗੁਰੂ ਸਾਹਿਬ ਜੀ ਬਿਨਵੰਤਿ = ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਅਸੀਂ ਪ੍ਰਤੱਗਿਆ ਕਰ ਕੇ ਆਏ ਸੀ ਕਿ ਬਾਨੀ ਲੈ ਕੇ ਆਵਾਂਗੇ, ਇਸ ਪੈਜ = ਇੱਜ਼ਤ ਨੂੰ ਰਾਖਹੁ = ਰੱਖਣਾ ਕਰੋ। ਸਭ = ਸਾਰੇ ਸੇਵਕ = ਸੇਵਾ ਕਰਨ ਵਾਲੇ ਗੁਰਸਿੱਖਾਂ ਸਮੇਤ ਤੁਮਾਰੀਆ = ਤੁਹਾਡੀ ਸਰਨਿ = ਓਟ ਵਿਚ ਆਏ ਹਾਂ ॥੨॥

ਜਿਸ ਵਕਤ ਛੰਤ ਦੀ ਦੂਜੀ ਪਉੜੀ ਦਾ ਭੋਗ ਪਾਇਆ ਤਾਂ ਬਾਬਾ ਮੋਹਨ ਜੀ ਨੇ ਇਹ ਨਿਮਰਤਾ ਪੂਰਵਕ ਸ਼ਬਦ ਸੁਣੇ, ਉਸੇ ਵੇਲੇ ਰਹਿ ਨਾ ਹੋਇਆ, ਚੁਬਾਰੇ ਵਿੱਚੋਂ ਪੋਥੀਆਂ ਸਿਰ 'ਤੇ ਚੁੱਕ ਕੇ ਪੌੜੀਆਂ ਉਤਰਨ ਲੱਗੇ ਤਾਂ ਉਸ ਵੇਲੇ ਗੁਰੂ ਜੀ ਨੇ ਤੀਜੀ ਪਉੜੀ ਉਚਾਰੀ:

## ਮੋਹਨ ਤੁਧੁ ਸਤਸੰਗਤਿ ਧਿਆਵੈ; ਦਰਸ ਧਿਆਨਾ ॥

ਹੇ ਬਾਬਾ ਮੋਹਨ ਜੀ! ਤੁਧੁ = ਤੁਹਾਨੂੰ ਸਤਿਸੰਗਤ ਧਿਆਵੈ = ਧਿਆ ਰਹੀ ਹੈ, ਸਾਰੇ ਗੁਰੂ ਸਾਹਿਬਾਨਾਂ ਦੀ ਬਾਣੀ ਦੇ ਦਰਸ = ਦਰਸ਼ਨਾਂ ਦੇ ਧਿਆਨਾ = ਧਿਆਨ ਵਿਚ ਜੁੜੇ ਹਨ।

## ਮੋਹਨ ਜਮੁ ਨੇੜਿ ਨ ਆਵੈ; ਤੁਧੁ ਜਪਹਿ ਨਿਦਾਨਾ ॥

ਹੇ ਬਾਬਾ ਮੋਹਨ ਜੀ! ਜੋ ਤੁਧੁ = ਤੁਹਾਡੀ ਤਰ੍ਹਾਂ ਦ੍ਰਿੜ੍ਹਤਾ ਨਾਲ ਗੁਰ ਉਪਦੇਸ਼ ਦੁਆਰਾ ਪਰਮੇਸ਼ਰ ਦੇ ਨਾਮ ਨੂੰ ਜਪਣਾ ਕਰਨਗੇ ਉਨ੍ਹਾਂ ਦੇ ਨਿਦਾਨਾ = ਅੰਤ ਸਮੇਂ ਜਮੁ = ਜਮਦੂਤ ਨੇੜਿ = ਨਜ਼ਦੀਕ ਨ = ਨਹੀਂ ਆਵੈ = ਆਵੇਗਾ।

## ਜਮਕਾਲੁ ਤਿਨ ਕਉ ਲਗੈ ਨਾਹੀ;
## ਜੋ ਇਕ ਮਨਿ ਧਿਆਵਹੇ ॥

ਤਿਨ = ਉਨ੍ਹਾਂ ਪੁਰਖਾਂ ਕਉ = ਨੂੰ ਜਮਕਾਲ ਨਾਹੀ = ਨਹੀਂ ਲਗੈ = ਲੱਗਦਾ, ਜੋ = ਜਿਹੜੇ ਇਕ ਮਨ ਹੋ ਕੇ ਪਰਮੇਸ਼ਰ ਦੇ ਨਾਮ ਨੂੰ ਧਿਆਵਹੇ = ਧਿਆਉਂਦੇ ਹਨ।

## ਮਨਿ ਬਚਨਿ ਕਰਮਿ, ਜਿ ਤੁਧੁ ਅਰਾਧਹਿ; ਸੇ ਸਭੇ ਫਲ ਪਾਵਹੇ ॥

ਜਿ = ਜਿਹੜੇ ਤੁਧੁ = ਤੁਹਾਡੀ ਤਰ੍ਹਾਂ ਪਰਮੇਸ਼ਰ ਨੂੰ ਮਨਿ = ਅੰਤਸ਼ਕਰਣ, ਬਚਨਿ = ਬਾਣੀ, ਕਰਮਿ = ਕਰਮਾਂ ਭਾਵ ਸਰੀਰ ਕਰ ਕੇ ਅਰਾਧਹਿ = ਅਰਾਧਣਗੇ, ਸੇ = ਉਹ ਸਭੇ = ਸਾਰਿਆਂ ਫਲਾਂ ਨੂੰ ਪਾਵਹੇ = ਪਾ ਲੈਣਗੇ। ਜਿਵੇਂ ਜਹਾਜ਼ ਦੀ ਸੂਈ ਕੰਪਾਸ ਧ੍ਰੂਵ ਵੱਲ ਹੀ ਰਹਿੰਦੀ ਹੈ ਭਾਵੇਂ ਜਹਾਜ਼ ਕਿਤੇ ਭੀ ਘੁੰਮੀ ਜਾਏ, ਇਸੀ ਤਰ੍ਹਾਂ ਗੁਰੂ ਜੀ ਦੀ ਬ੍ਰਹਮਾਕਾਰ ਰੂਪ ਵਿਰਤੀ ਬ੍ਰਹਮ ਵੱਲ ਹੀ ਹੈ, ਕਹਿ ਕੇ ਮੋਹਨ ਜੀ ਨੂੰ ਸੁਣਾ ਰਹੇ ਹਨ ਪਰ ਗੱਲ ਅੰਦਰੋਂ ਰੱਬ ਦੀ ਕਰਦੇ ਹਨ।

## ਮਲ ਮੂਤ ਮੂੜ, ਜਿ ਮੁਗਧ ਹੋਤੇ;
## ਸਿ ਦੇਖਿ ਦਰਸੁ ਸੁਗਿਆਨਾ ॥

ਜਿ = ਜਿਹੜੇ ਮਲ ਮੂਤ = ਮੈਲ ਮੂਤਰ ਵਤ ਮਲੀਨ ਮਨ ਵਾਲੇ ਮੁਗਧ = ਮੂਰਖਾਂ ਤੋਂ ਵੀ ਮੂਰਖ ਹੋਤੇ = ਹੁੰਦੇ ਹਨ, ਸਿ = ਉਹ ਵੀ ਤੁਹਾਡੇ ਦਰਸੁ = ਦਰਸ਼ਨ ਦੇਖ ਕੇ ਸੁਗਿਆਨਾ = ਸ੍ਰੇਸ਼ਟ ਗਿਆਨ ਵਾਲੇ ਹੋ ਗਏ।

## ਬਿਨਵੰਤਿ ਨਾਨਕ ਰਾਜੁ ਨਿਹਚਲੁ;
## ਪੂਰਨ ਪੁਰਖ ਭਗਵਾਨਾ ॥੩॥

ਗੁਰੂ ਸਾਹਿਬ ਜੀ ਬਿਨਵੰਤਿ = ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਤੁਹਾਡਾ ਰਾਜੁ = ਪ੍ਰਕਾਸ਼ਕ ਨਿਹਚਲੁ = ਬੜਾ ਅਚੱਲ ਭਾਵ ਨਾ ਚੱਲਣ ਵਾਲਾ ਹੈ। ਆਪ ਜੀ ਪੂਰਨ ਪੁਰਖ ਭਗਵਾਨਾ = ਪਰਮਾਤਮਾ ਦਾ ਸਰੂਪ ਹੋ ਕਿਉਂਕਿ ਨਾਮ ਜਪਣ ਵਾਲਾ ਪਰਮੇਸ਼ਰ ਦਾ ਸਰੂਪ ਹੀ ਹੁੰਦਾ ਹੈ ॥੩॥

ਜਦ ਗੁਰੂ ਜੀ ਨੇ ਤੀਜੀ ਪਉੜੀ ਸੰਪੂਰਨ ਕੀਤੀ ਤਾਂ ਬਾਬਾ ਮੋਹਨ ਜੀ ਪੋਥੀਆਂ ਲੈ ਕੇ ਸੰਗਤ ਦੇ ਵਿਚ ਆ ਗਏ ਅਤੇ ਕਿਹਾ ਕਿ ਇਹ ਪੋਥੀਆਂ ਆਪ ਜੀ ਦੀਆਂ ਹਨ, ਮੈਂ ਆਪ ਜੀ ਵਾਸਤੇ ਇਕੱਤਰ ਕਰਵਾ ਕੇ ਰੱਖੀਆਂ ਹਨ, ਪਰ ਦੇਵਾਂਗਾ ਤਦ ਜੇ ਮੈਨੂੰ ਆਪਣੇ ਚਰਨਾਂ 'ਤੇ ਨਮਸਕਾਰ ਕਰਨ ਦੇਵੋਗੇ ਗੁਰੂ ਜੀ ਨੇ ਕਿਹਾ ਕਿ ਆਪ ਤਾਂ ਵੱਡੇ ਸਤਿਗੁਰਾਂ ਦੇ ਵੱਡੇ ਸਪੁੱਤਰ ਹੋ। ਅਸੀਂ ਆਪ ਜੀ ਦੇ ਬੱਚਿਆਂ ਦੇ ਸਮਾਨ ਹਾਂ। ਸਗੋਂ ਸਾਨੂੰ ਆਪ ਜੀ ਦੇ ਚਰਨੀਂ ਪੈਣਾ ਚਾਹੀਦਾ ਹੈ, ਉਸ ਵੇਲੇ ਬਾਬਾ ਮੋਹਨ ਜੀ ਨੇ ਕਿਹਾ ਕਿ ਸਾਨੂੰ ਵੱਡੇ ਸਤਿਗੁਰਾਂ ਦਾ ਬਚਨ ਹੋਇਆ ਹੈ। ਜਿਸ ਵਕਤ ਪਿਤਾ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਿਆਈ ਗੱਦੀ ਤੁਹਾਡੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਸੌਂਪੀ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਚਰਨੀਂ ਪੈ ਜਾ, ਉਸ ਵੇਲੇ

ਮੈਂ ਆਪਣਾ ਰਿਸ਼ਤੇਦਾਰ ਸਮਝ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਪੈਰੀਂ ਨਾ ਪਿਆ ਤੇ ਮੇਰਾ ਛੋਟਾ ਭਰਾ ਭਾਈ ਮੋਹਰੀ ਚਰਨਾਂ 'ਤੇ ਡਿੱਗ ਪਿਆ। ਜੈਸਾ ਕਿ :

**ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ ॥**
**ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥** *(ਰਾਮਕਲੀ ਸਦੁ, ਅੰਗ ੯੨੪)*

ਉਸ ਉੱਤੇ ਗੁਰੂ ਸਾਹਿਬ ਜੀ ਬਹੁਤ ਪ੍ਰਸੰਨ ਹੋਏ ਤੇ ਕਿਹਾ ਕਿ ਹੇ ਪੁੱਤਰ! ਤੂੰ ਰੱਖ ਵਿਖਾਈ ਹੈ ਤੇ ਮੈਨੂੰ ਬਚਨ ਕੀਤੇ ਕਿ ਤੇਰਾ ਹਿਰਦਾ ਤਪਦਾ ਰਹੇਗਾ, ਉਸ ਦਿਨ ਤੋਂ ਮੇਰਾ ਹਿਰਦਾ ਤਪਦਾ ਹੀ ਰਹਿੰਦਾ ਹੈ। ਫੇਰ ਜਿਸ ਵੇਲੇ ਪਿਤਾ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾਉਣ ਲੱਗੇ ਤਾਂ ਮੈਂ ਜਾ ਕੇ ਬੇਨਤੀ ਕੀਤੀ, ਮੇਰਾ ਹਿਰਦਾ ਤਪ ਰਿਹਾ ਹੈ, ਮੈਂ ਹੁਣ ਗੁਰੂ ਰਾਮਦਾਸ ਜੀ ਦੇ ਪੈਰੀਂ ਪੈਣਾ ਹੈ, ਤਾਂ ਸਤਿਗੁਰਾਂ ਨੇ ਕਿਹਾ ਉਹ ਸਮਾਂ ਲੰਘ ਗਿਆ, ਹੁਣ ਇਨ੍ਹਾਂ ਦੇ ਪੁੱਤਰ ਅਰਜਨ ਦੇਵ ਜੀ ਦੇ ਪੈਰ ਫੜ ਕੇ ਸ਼ਾਂਤੀ ਆਵੇਗੀ। ਮੇਰੀ ਤਾਂ ਕਈ ਕਈ ਮਹੀਨੇ ਸਮਾਧੀ ਹੀ ਲੱਗੀ ਰਹਿੰਦੀ ਹੈ, ਮੇਰਾ ਉਨ੍ਹਾਂ ਦਾ ਮੇਲ ਕਿਵੇਂ ਹੋਵੇਗਾ ਤਾਂ ਗੁਰੂ ਜੀ ਨੇ ਕਿਹਾ ਕਿ ਤੂੰ ਆਪਣੇ ਪੁੱਤਰ 'ਸੰਸਰਾਮ' ਪਾਸੋਂ ਵੱਡਿਆਂ ਸਤਿਗੁਰਾਂ ਦੀ ਸਾਰੀ ਬਾਣੀ ਇਕੱਤਰ ਕਰ ਕੇ ਰੱਖ ਛੱਡਣਾ। ਕੋਈ ਵੀ ਲੈਣ ਆਵੇ, ਕਿਸੇ ਨੂੰ ਨਹੀਂ ਦੇਣੀ। ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਤੇਰੇ ਪਾਸ ਆਉਣਗੇ ਤਾਂ ਪਹਿਲੇ ਉਨ੍ਹਾਂ ਦੇ ਚਰਨੀਂ ਪੈ ਕੇ ਨਿਮਰਤਾ ਭਾਵ ਨਾਲ ਮੱਥਾ ਟੇਕ ਕੇ ਬਾਣੀ ਦੇਣੀ ਤਾਂ ਹਿਰਦੇ ਅੰਦਰ ਸ਼ਾਂਤੀ ਹੋਵੇਗੀ। ਉਹ ਵੇਲਾ ਹੁਣ ਆ ਗਿਆ ਹੈ। ਇਸ ਕਰ ਕੇ ਆਪ ਜੀ ਦੇ ਚਰਨੀਂ ਲੱਗਣ ਦਿਓ, ਇਹ ਗੱਲ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਾਂਤੀ ਸਰੂਪ ਵਿਚ ਬੈਠੇ ਰਹੇ ਤੇ ਬਾਬਾ ਮੋਹਨ ਜੀ ਨੇ ਚਰਨ ਫੜ ਕੇ ਬੜੇ ਪ੍ਰੇਮ ਨਾਲ ਸਿਰ ਰੱਖ ਕੇ ਮੱਥਾ ਟੇਕ ਕੇ ਪੋਥੀਆਂ ਦੇ ਦਿੱਤੀਆਂ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਵੇਲੇ ਚੌਥੀ ਪਉੜੀ ਉਚਾਰਨ ਕੀਤੀ :

## ਮੋਹਨ, ਤੂੰ ਸੁਫਲੁ ਫਲਿਆ; ਸਣੁ ਪਰਵਾਰੇ ॥

ਹੇ ਬਾਬਾ ਮੋਹਨ ਜੀ! ਤੂੰ ਪਰਵਾਰੇ = ਸੰਸਰਾਮ ਆਦਿਕ ਪਰਿਵਾਰ ਦੇ ਸਣੁ = ਸਮੇਤ ਸੁਫਲੁ = ਸ੍ਰੇਸ਼ਟ ਫਲਾਂ ਕਰ ਕੇ ਫਲਿਆ = ਫਲ ਵਾਲਾ ਹੋਇਆ ਹੈਂ।

## ਮੋਹਨ, ਪੁਤ੍ਰ ਮੀਤ ਭਾਈ; ਕੁਟੰਬ ਸਭਿ ਤਾਰੇ ॥

ਹੇ ਬਾਬਾ ਮੋਹਨ ਜੀ! ਆਪ ਜੀ ਨੇ ਪੁਤ੍ਰ ਸੰਸਰਾਮ, ਮੀਤ = ਮਿੱਤਰ (ਜੋਗੀ ਪੁਰਖ) ਤੇ ਭਾਈ = ਭਰਾ ਭਾਈ ਮੋਹਰੀ ਜੀ ਕੁਟੰਬ = ਇਸਤਰੀ ਤੋਂ ਬਣਿਆ ਪਰਿਵਾਰ ਆਦਿਕ ਸਭਿ = ਸਾਰੇ ਤਾਰੇ = ਤਾਰਨਾ ਕੀਤੇ ਹਨ ਕਿਉਂਕਿ ਤੁਸੀਂ ਆਪਣੇ ਪੁੱਤਰ ਦੁਆਰਾ ਚੋਹਾਂ ਰੂਪਾਂ ਦੀ ਬਾਣੀ ਦੇ ਖ਼ਜ਼ਾਨੇ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ।

## ਤਾਰਿਆ ਜਹਾਨੁ, ਲਹਿਆ ਅਭਿਮਾਨੁ; ਜਿਨੀ ਦਰਸਨੁ ਪਾਇਆ ॥

ਹੇ ਬਾਬਾ ਮੋਹਨ ਜੀ! ਤੁਸੀਂ ਨਾਮ ਰੂਪੀ ਬਾਣੀ ਦੀਆਂ ਪੋਥੀਆਂ ਦੇ ਕੇ ਮਾਨੋ ਜਹਾਨੁ = ਸੰਸਾਰ ਨੂੰ ਤਾਰਿਆ = ਤਾਰ ਦਿੱਤਾ ਹੈ ਕਿਉਂਕਿ ਇਹ ਬਾਣੀ ਦੁਆਰਾ ਜੀਵਾਂ ਦੀ ਕਲਿਆਣ ਹੋਵੇਗੀ, ਭਾਈ ਗੁਰਦਾਸ ਜੀ ਨੂੰ ਮਾਨ ਸੀ ਕਿ ਮੈਂ ਵੀ ਭੱਲਿਆਂ ਵਿੱਚੋਂ ਹਾਂ, ਪੋਥੀਆਂ ਲੈਣ ਵਾਸਤੇ ਆਏ ਸੀ, ਉਨ੍ਹਾਂ ਦਾ ਵੀ ਅਭਿਮਾਨੁ = ਹੰਕਾਰ ਲਹਿਆ = ਲਹਿ ਗਿਆ। ਬਾਬਾ ਬੁੱਢਾ ਜੀ ਨੂੰ ਮਾਣ ਸੀ ਕਿ ਮੈਂ ਲੈ ਆਵਾਂਗਾ, ਪਹਿਲੇ ਪਾਤਿਸ਼ਾਹ ਦਾ ਸਿੱਖ ਹਾਂ, ਇਹ ਬਾਣੀ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੋਈ, ਜਿਨ੍ਹਾਂ ਨੇ ਤੇਰਾ ਦਰਸ਼ਨ ਪਾਇਆ,

ਉਹ ਅਭਿਮਾਨ ਤੋਂ ਰਹਿਤ ਹੋ ਗਏ **ਅਥਵਾ** ਜਿਨੀ = ਜਿਨ੍ਹਾਂ ਨੇ ਤੇਰਾ ਦਰਸਨੁ = ਦੀਦਾਰ ਪਾਇਆ = ਪਾਉਣਾ ਕੀਤਾ ਹੈ, ਉਨ੍ਹਾਂ ਦਾ ਅਭਿਮਾਨੁ = ਹੰਕਾਰ ਲਹਿਆ = ਲਹਿ ਭਾਵ ਦੂਰ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਇਸ ਜਹਾਨੁ = ਸੰਸਾਰ ਤੋਂ ਤਾਰਿਆ ਹੈ।

## ਜਿਨੀ ਤੁਧਨੋ ਧੰਨੁ ਕਹਿਆ; ਤਿਨ ਜਮੁ ਨੇੜਿ ਨ ਆਇਆ ॥

ਜਿਨ੍ਹਾਂ ਨੇ ਤੁਧਨੋ = ਤੁਹਾਨੂੰ ਧੰਨੁ = ਧੰਨਤਾ ਯੋਗ ਕਹਿਆ ਹੈ, ਤਿਨ = ਉਨ੍ਹਾਂ ਦੇ ਜਮ ਵੀ ਨੇੜਿ = ਨਜ਼ਦੀਕ ਨ = ਨਹੀਂ ਆਇਆ = ਆਉਂਦਾ। ਜੈਸਾ ਕਿ :

**ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ ॥੪॥੩॥** *(ਅੰਗ ੧੩੨੮)*

## ਬੇਅੰਤ ਗੁਣ ਤੇਰੇ, ਕਥੇ ਨ ਜਾਹੀ; ਸਤਿਗੁਰ ਪੁਰਖ ਮੁਰਾਰੇ ॥

ਹੇ ਸਤਿਗੁਰੂ ਮੁਰਾਰੀ ਪੁਰਖ ਦੇ ਪੁੱਤਰ ਜੀ ! ਤੇਰੇ = ਤੁਹਾਡੇ ਵਿਚ ਬੇਅੰਤ = ਗਿਣਤੀ ਤੋਂ ਰਹਿਤ ਗੁਣ ਹਨ, ਜੋ ਕਥੇ = ਕਥਨ ਨਹੀਂ ਕੀਤੇ ਜਾਹੀ = ਜਾਂਦੇ।

## ਬਿਨਵੰਤਿ ਨਾਨਕ, ਟੇਕ ਰਾਖੀ; ਜਿਤੁ ਲਗਿ ਤਰਿਆ ਸੰਸਾਰੇ ॥੪॥੨॥

ਸਤਿਗੁਰੂ ਜੀ ਬਿਨਵੰਤਿ = ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਪੋਥੀਆਂ ਦੇ ਕੇ ਸਾਡੀ ਟੇਕ = ਓਟ ਰਾਖੀ = ਰੱਖ ਲਈ ਹੈ। ਜਿਤੁ = ਜਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨੀਂ ਲੱਗ ਕੇ ਸਾਰਾ ਸੰਸਾਰੇ = ਜਗਤ ਤਰਿਆ ਕਰੇਗਾ, ਜੋ ਤੁਸਾਂ ਬਾਣੀ ਬਖ਼ਸ਼ੀ ਹੈ ॥੪॥੨॥

### ਦੂਸਰਾ ਅਰਥ :

ਸਤਿਗੁਰੂ ਜੀ ਜਗਿਆਸੂ ਮੁਖ ਦੁਆਰਾ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ :

**ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥**

ਹੇ ਮੋਹਨ = ਮਾਇਆ ਦੇ ਮੋਹ ਨੂੰ ਹਰਨ ਵਾਲੇ ਪਰਮੇਸ਼ਰ ! ਤੇਰੇ ਅਧਿਸ਼ਠਾਨ, ਪ੍ਰੋਖ ਅਪ੍ਰੋਖ ਗਿਆਨ ਰੂਪੀ **ਵਾ:** ਇੰਦ੍ਰਪੁਰੀ, ਕੁਬੇਰਪੁਰੀ, ਸ਼ਿਵਪੁਰੀ ਆਦਿ ਸਭ ਤੋਂ ਊਚੇ = ਉੱਚੇ ਮੰਦਰ ਹਨ ਸਾਧਸੰਗਤ, ਤੁਰੀਆ ਪਦ ਰੂਪੀ ਅਪਾਰਾ = ਪਾਰਾਵਾਰ ਤੋਂ ਰਹਿਤ ਸੁੰਦਰ ਮਹਲ ਹਨ।

**ਮੋਹਨ ਤੇਰੇ ਸੋਹਨਿ ਦੁਆਰ ਜੀਉ; ਸੰਤ ਧਰਮਸਾਲਾ ॥**

ਹੇ ਪਿਆਰੇ ਮੋਹਨ = ਪਰਮੇਸ਼ਰ ਜੀ ! ਤੇਰੇ ਸਾਧ ਸੰਗਤ ਰੂਪੀ ਦੁਆਰ = ਦਰਵਾਜ਼ੇ ਸੋਹਨਿ = ਸ਼ੋਭਨੀਕ ਹੋ ਰਹੇ ਹਨ **ਵਾ:** ਸੰਤ ਮਹਾਤਮਾ ਧਰਮਸਾਲਾ = ਧਰਮ ਦਾ ਅਸਥਾਨ ਬਣੇ ਹੋਏ ਹਨ, ਉਹ ਤੇਰੇ ਗਿਆਨ ਰੂਪੀ ਦੁਆਰ = ਦਰਵਾਜ਼ੇ ਵਿਚ ਇਸਥਿਤ ਹੋ ਕੇ ਸੋਹਨਿ = ਸ਼ੋਭਦੇ ਹਨ।

**ਧਰਮਸਾਲ ਅਪਾਰ ਦੈਆਰ ਠਾਕੁਰ; ਸਦਾ ਕੀਰਤਨੁ ਗਾਵਹੇ ॥**

ਹੇ ਦੈਆਰ = ਦਿਆਲੂ ਅਪਾਰ = ਪਾਰਾਵਾਰ ਤੋਂ ਰਹਿਤ ਠਾਕੁਰ = ਸੁਆਮੀ ਪਰਮੇਸ਼ਰ ! ਆਪ ਜੀ ਦੇ ਸੰਤ ਧਰਮ ਦਾ ਅਸਥਾਨ ਹਨ, ਕਿਉਂਕਿ ਉਹ ਸਦਾ = ਹਮੇਸ਼ਾ ਤੇਰੇ ਕੀਰਤਨੁ = ਜਸ ਨੂੰ ਗਾਵਹੇ = ਗਾਉਂਦੇ ਹਨ।

**ਜਹ ਸਾਧ ਸੰਤ ਇਕਤ੍ਰ ਹੋਵਹਿ; ਤਹਾ ਤੁਝਹਿ ਧਿਆਵਹੇ ॥**

ਜਹ = ਜਿਥੇ ਸਾਧ = ਸਾਧਨਾ ਕਰਨ ਵਾਲੇ ਸੰਤ = ਮਹਾਤਮਾ ਸ਼ਾਂਤ ਚਿੱਤ ਇਕਤ੍ਰ = ਇਕੱਠੇ ਹੋਵਹਿ = ਹੁੰਦੇ ਹਨ, ਤਹਾ = ਉਥੇ ਸਾਰੇ ਤੁਝਹਿ = ਤੁਹਾਨੂੰ ਧਿਆਵਹੇ = ਧਿਆਉਂਦੇ ਹਨ।

**ਕਰਿ ਦਇਆ ਮਇਆ ਦਇਆਲ ਸੁਆਮੀ; ਹੋਹੁ ਦੀਨ ਕ੍ਰਿਪਾਰਾ ॥**

ਹੇ ਦਇਆ = ਮਿਹਰ ਕਰਨ ਵਾਲੇ, ਮਇਆ = ਕ੍ਰਿਪਾਲੂ ਸਰੂਪ ਦਇਆਲ = ਕ੍ਰਿਪਾ ਕਰਨ ਵਾਲੇ ਸੁਆਮੀ = ਮਾਲਕ ! ਸਾਡੇ ਦੀਨ = ਗ਼ਰੀਬਾਂ 'ਤੇ ਕ੍ਰਿਪਾਰਾ = ਕ੍ਰਿਪਾਲੂ ਹੋਹੁ = ਹੋਵੋ।

**ਬਿਨਵੰਤਿ ਨਾਨਕ ਦਰਸ ਪਿਆਸੇ; ਮਿਲਿ ਦਰਸਨ ਸੁਖੁ ਸਾਰਾ ॥੧॥**

ਸਤਿਗੁਰੂ ਜੀ ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਅਸੀਂ ਆਪ ਜੀ ਦੇ ਦਰਸ = ਦਰਸ਼ਨਾਂ ਦੇ ਪਿਆਸੇ = ਤਿਹਾਏ ਹਾਂ, ਆਪ ਜੀ ਦਾ ਜੇ ਦਰਸ਼ਨ ਮਿਲਿ = ਮਿਲੇ ਤਾਂ ਸਾਰਾ = ਸ੍ਰੇਸ਼ਟ ਸੁਖ ਪ੍ਰਾਪਤ ਹੁੰਦਾ ਹੈ।੧।

**ਮੋਹਨ ਤੇਰੇ ਬਚਨ ਅਨੂਪ; ਚਾਲ ਨਿਰਾਲੀ ॥**

ਹੇ ਮੋਹਨ = ਪਰਮੇਸ਼ਰ ! ਤੇਰੇ ਸਤਿਨਾਮ ਰੂਪ, ਸੁਰਤੀ ਸਿਮਰਤੀ ਆਗਿਆ ਰੂਪ ਬਚਨ = ਬੋਲ ਅਨੂਪ = ਉਪਮਾ ਤੋਂ ਰਹਿਤ ਹਨ। ਇਸ ਪ੍ਰਕਾਰ ਦੁਨੀਆਂ ਦੇ ਲੋਕਾਂ ਤੋਂ ਤੇਰੀ ਚਾਲ = ਮਰਯਾਦਾ ਨਿਰਾਲੀ = ਅਦਭੁੱਤ ਭਾਵ ਵੱਖਰੀ ਹੈ।

**ਮੋਹਨ ਤੂੰ ਮਾਨਹਿ ਏਕੁ ਜੀ; ਅਵਰ ਸਭ ਰਾਲੀ ॥**

ਹੇ ਮੋਹਨ = ਪਰਮੇਸ਼ਰ ਜੀ ! ਤੂੰ ਏਕੁ = ਅਦੁੱਤੀ ਸਰੂਪ ਹੈਂ, ਅਸੀਂ ਤੇਰੇ ਇਕ ਸਰੂਪ ਨੂੰ ਸਤ ਮਾਨਹਿ = ਮੰਨਦੇ ਹਾਂ, ਅਵਰ = ਹੋਰ ਸਭ = ਸਾਰੇ ਜੀਆਂ ਨੂੰ ਰਾਲੀ = ਧੂੜ ਦਾ ਕਿਣਕਾ ਭਾਵ ਮਿਥਿਆ ਮੰਨਦੇ ਹਾਂ। ਸੋ ਤੂੰ ਐਸਾ ਹੈਂ **ਵਾ:** ਹੇ ਮੋਹਨ = ਪਰਮੇਸ਼ਰ ਜੀ ! ਜਿਨ੍ਹਾਂ ਦੇ ਹਿਰਦਿਆਂ ਵਿਚ ਭਗਤੀ ਹੈ, ਉਨ੍ਹਾਂ ਨੂੰ ਤੂੰ ਏਕੁ = ਇਕ ਮਾਨਹਿ = ਮੰਨਦਾ ਹੈਂ, ਅਵਰ = ਹੋਰ ਸਭ = ਸਾਰਿਆਂ ਨੂੰ ਰਾਲੀ = ਧੂੜ ਦੇ ਕਿਣਕੇ ਦੀ ਨਿਆਈਂ ਤੁੱਛ ਕਰ ਦਿੰਦਾ ਹੈਂ।

**ਮਾਨਹਿ ਤ ਏਕੁ ਅਲੇਖੁ ਠਾਕੁਰੁ; ਜਿਨਹਿ ਸਭ ਕਲ ਧਾਰੀਆ ॥**

ਹੇ ਅਲੇਖੁ = ਲੇਖੇ ਤੋਂ ਰਹਿਤ ਠਾਕੁਰੁ = ਸੁਆਮੀ ਪਰਮੇਸ਼ਰ ! ਏਕੁ = ਇਕ ਭਾਉ-ਭਗਤੀ ਵਾਲਿਆਂ ਦੀ ਬੇਨਤੀ ਨੂੰ ਤ = ਤੂੰ ਮਾਨਹਿ = ਮੰਨਦਾ ਹੈਂ, ਜਿਨਹਿ = ਜਿਸ ਆਪ ਨੇ ਸਭ = ਸਾਰਿਆਂ ਵਿਚ ਕਲ = ਸ਼ਕਤੀ ਧਾਰੀਆ = ਧਾਰਨ ਕੀਤੀ ਹੋਈ ਹੈ **ਵਾ:** ਏਕੁ = ਇਕ ਅਲੇਖੁ = ਲੱਖਣ ਤੋਂ ਰਹਿਤ ਠਾਕੁਰੁ = ਸੁਆਮੀ ! ਜਿਨਹਿ = ਜਿਸ ਆਪ ਜੀ ਨੇ ਸਭ = ਸਰਬ ਸਥਾਨਾਂ ਵਿਚ ਆਪਣੀ ਕਲ = ਚੇਤਨ ਸਤਾ ਰੂਪ ਸ਼ਕਤੀ ਧਾਰੀਆ = ਧਾਰੀ ਹੋਈ ਹੈ।

**ਤੁਧੁ ਬਚਨਿ ਗੁਰ ਕੈ ਵਸਿ ਕੀਆ; ਆਦਿ ਪੁਰਖੁ ਬਨਵਾਰੀਆ ॥**

ਹੇ ਸਾਰੇ ਜਗਤ ਦੇ ਆਦਿ ਪੁਰਖੁ = ਪੂਰਨ ਬਨਵਾਰੀਆ = ਸੰਸਾਰ ਬਾਗ਼ ਦੇ ਮਾਲੀ ਪਰਮੇਸ਼ਰ ! ਤੁਧੁ = ਤੁਹਾਨੂੰ ਗੁਰੂ ਸਾਹਿਬ ਜੀ ਕੈ = ਦੇ ਬਚਨਾਂ ਦੁਆਰਾ ਭਗਤਾਂ ਨੇ ਵਸ ਕੀਆ = ਕੀਤਾ ਹੈ।

**ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ ॥**

ਤੂੰ = ਤੁਸੀਂ ਆਪ ਹੀ ਜੀਵ ਰੂਪ ਹੋ ਕੇ ਜੂਨਾਂ 'ਚ ਚਲਿਆ = ਤੁਰਿਆ ਫਿਰਦਾ ਹੈਂ, ਤੇ ਆਪ ਹੀ ਈਸਰ ਰੂਪ ਹੋ ਕੇ ਇਸਥਿਤ ਰਹਿਆ = ਹੋ ਰਿਹਾ ਹੈਂ **ਵਾ:** ਤੂੰ = ਤੁਸੀਂ ਆਪ ਜੰਗਮ ਅਸਿਥਾਵਰ **ਵਾ:** ਜੀਵ ਕੂਟਸਥ ਹੋ ਕੇ ਚੱਲ ਰਿਹਾ ਹੈਂ ਅਤੇ ਅਸਥਿਰ ਹੋ ਰਿਹਾ ਹੈਂ, ਤੁਸੀਂ ਆਪ ਹੀ ਸਭ = ਸਾਰਿਆਂ ਵਿਚ ਆਪਣੀ ਚੇਤਨ ਸੱਤਾ ਰੂਪ ਕਲ = ਸ਼ਕਤੀ ਧਾਰੀਆ = ਧਾਰਨ ਕੀਤੀ ਹੋਈ ਹੈ।

**ਬਿਨਵੰਤਿ ਨਾਨਕ ਪੈਜ ਰਾਖਹੁ; ਸਭ ਸੇਵਕ ਸਰਨਿ ਤੁਮਾਰੀਆ ॥੨॥**

ਸਤਿਗੁਰੂ ਸਾਹਿਬ ਜੀ ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਸਾਡੀ ਪੈਜ = ਪ੍ਰਤਿਗਯਾ (ਇੱਜ਼ਤ) ਆਪ ਹੀ ਰਾਖਹੁ = ਰੱਖਣਾ ਕਰੋ। ਅਸੀਂ ਸਭ = ਸਾਰੇ ਸੇਵਕ = ਸੇਵਾ ਕਰਨ ਵਾਲੇ ਤੁਮਾਰੀਆ = ਤੁਹਾਡੀ ਸਰਨਿ = ਓਟ ਵਿਚ ਆਏ ਹਾਂ।੨।

**ਮੋਹਨ ਤੁਧੁ ਸਤਸੰਗਤਿ ਧਿਆਵੈ; ਦਰਸ ਧਿਆਨਾ ॥**

ਹੇ ਮੋਹਨ = ਸਾਰਿਆਂ ਭਗਤਾਂ ਦੇ ਮੋਹ ਮੇਟਣ ਵਾਲੇ ਤੇ ਆਪਣੇ ਵਿਚ ਮੋਹਤ ਕਰਨ ਵਾਲੇ ਪਰਮੇਸ਼ਰ ! ਤੈਨੂੰ ਸਤਿਸੰਗਤ ਧਿਆਵੈ = ਧਿਆ ਰਹੀ ਹੈ **ਵਾ:** ਕੋਈ ਨਿਰਗੁਣ ਰੂਪ ਅਤੇ ਕੋਈ ਸਰਗੁਣ ਰੂਪ ਦਾ ਧਿਆਨ ਕਰਦੇ ਹਨ, ਰਾਤ ਦਿਨ ਹੀ ਤੇਰੇ ਦਰਸ = ਦਰਸ਼ਨਾਂ ਦੀ ਪ੍ਰਾਪਤੀ ਵਾਸਤੇ ਧਿਆਨਾ = ਧਿਆਤਾਕਾਰ ਬਿਰਤੀ ਕਰਕੇ ਜੁੜੇ ਹੋਏ ਹਨ।

**ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ ॥**

ਹੇ ਮੋਹਨ = ਪਰਮੇਸ਼ਰ ! ਉਨ੍ਹਾਂ ਦੇ ਜਮ ਨੇੜਿ = ਨਜ਼ਦੀਕ ਨ = ਨਹੀਂ ਆਵੈ = ਆਉਂਦਾ, ਜੋ ਤੁਧੁ = ਤੁਹਾਨੂੰ ਨਿਦਾਨਾ = ਅੰਤ ਦੇ ਵੇਲੇ ਜਪਹਿ = ਜਪ ਲੈਣਗੇ। ਜੈਸਾ ਕਿ :

**ਜੋ ਕਲਿ ਕੌ ਇਕ ਬਾਰ ਧਿਐਹੈ ॥**
**ਤਾ ਕੇ ਕਾਲ ਨਿਕਟਿ ਨਹਿ ਐਹੈ ॥** *(ਸ੍ਰੀ ਦਸਮ ਗ੍ਰੰਥ, ਪੰਨਾ ੧੩੮੮)*

**ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ ॥**

ਤਿਨ = ਉਨ੍ਹਾਂ ਕਉ = ਨੂੰ ਜਮਕਾਲੁ = ਜੰਮਣ ਮਰਣ ਦਾ ਸਮਾਂ ਨੇੜਿ = ਨਜ਼ਦੀਕ ਨਹੀਂ ਲਗੈ = ਲੱਗ ਸਕੇਗਾ, ਜੋ = ਜਿਹੜੇ ਇਕ ਮਨ ਇਕਾਗਰ ਹੋ ਕੇ ਤੇਰੇ ਨਾਮ ਨੂੰ ਧਿਆਵਹੇ = ਧਿਆਉਣਗੇ।

**ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ ॥**

ਜਿ = ਜਿਹੜੇ ਤੁਧੁ = ਤੁਹਾਨੂੰ ਮਨਿ = ਅੰਤਸ਼ਕਰਣ ਕਰਕੇ ਬਚਨਿ = ਬਾਣੀ ਕਰ ਕੇ ਕਰਮਿ = ਕਰਮਾਂ ਭਾਵ ਸਰੀਰ ਦੇ ਕਰਕੇ ਭਾਵਨਾ ਨਾਲ ਅਰਾਧਹਿ = ਅਰਾਧਨਗੇ ਭਾਵ ਯਾਦ ਕਰਨਗੇ, ਸੇ = ਉਹ ਸਭੇ = ਸਾਰਿਆਂ ਧਰਮ, ਅਰਥ, ਕਾਮ ਮੋਖ ਆਦਿਕਾਂ ਦੇ ਫਲਾਂ ਨੂੰ ਪਾਵਹੇ = ਪਾ ਲੈਣਗੇ।

**ਮਲ ਮੂਤ ਮੂੜ ਜਿ ਮੁਗਧ ਹੋਤੇ; ਸਿ ਦੇਖਿ ਦਰਸੁ ਸੁਗਿਆਨਾ ॥**

ਜੋ ਮਲ = ਮੈਲ ਭਖਣ ਵਾਲੇ ਘੋਰੀ, ਮੂਤ = ਆਪਣਾ ਪਿਸ਼ਾਬ ਪੀ ਕੇ ਚਾਲ੍ਹੀ ਚਾਲ੍ਹੀ ਦਿਨ ਇਕ ਆਸਣ 'ਤੇ ਪਏ ਰਹਿਣਾ ਮੂੜ = ਬੇਸਮਝ ਪਰਮਾਰਥ ਤੋਂ ਹੀਣੇ ਅਤੇ ਸ਼ਾਸਤਰ ਗਿਆਨ ਤੋਂ ਮੁਗਧ = ਰਹਿਤ ਭਾਵ ਮੂਰਖ ਹਨ **ਵਾ:** ਜਿ = ਜਿਹੜੇ ਮਲ ਮੂਤ = ਅਪਵਿੱਤਰ, ਮੂੜ = ਮੂਰਖ, ਮੁਗਧ = ਜੜ੍ਹ ਸਨ, ਸਿ = ਉਹ ਆਪ ਜੀ ਦੇ ਦਰਸ = ਦਰਸ਼ਨਾਂ ਨੂੰ ਦੇਖ ਕੇ ਸੁਗਿਆਨਾ = ਸ੍ਰੇਸ਼ਟ ਗਿਆਨਵਾਨ ਬਣ ਗਏ।

**ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ ॥੩॥**

ਸਤਿਗੁਰੂ ਜੀ ਬਿਨਵੰਤਿ = ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਹੇ ਪੂਰਨ = ਸਾਰਿਆਂ ਥਾਵਾਂ ਵਿਚ ਅਕਾਸ਼ ਦੀ ਨਿਆਈਂ ਪੁਰਖ = ਪੁਰਸ਼ਾਰਥ ਦੇਣ ਵਾਲੇ ਭਗਵਾਨਾ = ਪਰਮੇਸ਼ਰ ! ਉਨ੍ਹਾਂ ਨੂੰ ਆਪ ਜੀ ਦਾ ਰਾਜ = ਪ੍ਰਕਾਸ਼ ਨਿਹਚਲੁ = ਅਚੱਲ ਪ੍ਰਾਪਤ ਹੋਇਆ ਹੈ ॥੩॥

**ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥**

ਹੇ ਮੋਹਨ = ਪਰਮੇਸ਼ਰ ! ਸੰਤ ਭਗਤ ਤੇਰੇ ਪੁੱਤਰ ਧੀਆਂ ਦੀ ਨਿਆਈਂ **ਵਾ:** ਸਤਿ, ਸੰਤੋਖ, ਦਇਆ ਧਰਮ ਆਦਿ ਜੋ ਤੇਰਾ ਪਰਿਵਾਰ ਹੈ, ਉਨ੍ਹਾਂ ਦੇ ਸਣੁ = ਸਮੇਤ ਸੁਫਲੁ = ਸ੍ਰੇਸ਼ਟ ਫਲਾਂ ਕਰ ਕੇ ਹੀ ਤੂੰ ਫਲਿਆ = ਫਲਾਂ ਵਾਲਾ ਹੋਇਆ ਹੈਂ।

**ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥**

ਹੇ ਮੋਹਨ = ਪਰਮੇਸ਼ਰ ! ਜਿਨ੍ਹਾਂ ਨੇ ਆਪ ਜੀ ਉੱਤੇ ਪੁੱਤਰ ਭਾਵਨਾ ਕੀਤੀ, ਜਿਵੇਂ ਦਸ਼ਰਥ ਨੇ ਰਾਮ ਚੰਦਰ ਜੀ ਤੇ ਮਹਿਤਾ ਕਲਿਆਣ ਜੀ ਨੇ ਸ੍ਰੀ ਗੁਰੂ ਨਾਨਕ ਦੇਵ 'ਤੇ ਪੁੱਤਰ ਭਾਵਨਾ ਕੀਤੀ ਸੀ, ਮੀਤ = ਜਿਵੇਂ ਅਰਜਨ

ਕ੍ਰਿਸ਼ਨ ਜੀ ਦਾ ਮੀਤ = ਮਿੱਤਰ ਬਣ ਕੇ ਰਿਹਾ ਸੀ, ਭਾਈ = ਭਰਾ ਮਹਾਂਦੇਵ ਵਰਗੇ, ਜਿਵੇਂ ਬਲਭੱਦਰ ਕ੍ਰਿਸ਼ਨ ਦਾ ਭਰਾ ਬਣ ਕੇ ਰਿਹਾ ਸੀ, ਕੁਟੰਬ = ਇਸਤਰੀ ਜਿਸ ਪ੍ਰਕਾਰ ਮਾਤਾ ਸੁਲੱਖਣੀ ਜੀ, ਸੀਤਾ ਰਾਮ ਚੰਦਰ ਵਿਚ ਪਤੀਪੁਣੇ ਦੀ ਭਾਵਨਾ ਕਰਨ ਵਾਲੀ ਇਉਂ ਜਿੰਨੇ ਸੰਬੰਧੀ ਆਦਿ ਸੀ ਉਹ ਸਭਿ = ਸਾਰੇ ਤਾਰੇ = ਤਾਰ ਦਿੱਤੇ ਹਨ **ਵਾ:** ਹੇ ਮੋਹਨ = ਪਰਮੇਸ਼ਰ ! ਪੁੱਤਰ ਦੀ ਨਿਆਈਂ ਬ੍ਰਹਮਾ ਆਦਿ ਮੀਤ = ਮਿੱਤਰ ਅਰਜਨ ਆਦਿ ਭਾਈ = ਭਰਾ ਲਖਮਨ ਅਤੇ ਕੁਟੰਬ = ਸਾਰੇ ਪਰਿਵਾਰ ਲਉ ਕੁਸੂ ਆਦਿ ਸਭ = ਸਾਰੇ ਤਾਰੇ = ਤਾਰਨਾ ਕੀਤੇ ਹਨ **ਵਾ:** ਹੇ ਮੋਹਨ ! ਪੁੱਤਰ ਦੀ ਨਿਆਈਂ ਗਿਆਨਵਾਨ ਭਾਈ ਦੀ ਨਿਆਈਂ ਸਰਵਣ ਮੰਨਣ ਵਾਲੇ, ਮੀਤ ਦੀ ਨਿਆਈਂ ਸਤਿ ਸੰਤੋਖ ਵਾਲੇ ਕੁਟੰਬ ਦੀ ਨਿਆਈਂ ਭਗਤੀ ਵਾਲੇ ਐਸੀ ਕ੍ਰਿਪਾ ਦ੍ਰਿਸ਼ਟੀ ਕੀਤੀ ਕਿ ਸਾਰੇ ਹੀ ਤਾਰ ਦਿੱਤੇ ਹਨ।

**ਤਾਰਿਆ ਜਹਾਨੁ ਲਹਿਆ ਅਭਿਮਾਨੁ; ਜਿਨੀ ਦਰਸਨੁ ਪਾਇਆ ॥**

ਜਿਨ੍ਹਾਂ ਦੇ ਅੰਦਰੋਂ ਅਭਿਮਾਨੁ = ਹੰਕਾਰ ਲਹਿਆ = ਲਹਿ ਭਾਵ ਮਿਟ ਗਿਆ ਅਤੇ ਜਿਨ੍ਹਾਂ ਨੇ ਤੇਰਾ ਦਰਸਨ ਪਾਇਆ = ਪਾਉਣਾ ਕੀਤਾ ਹੈ, ਉਹ ਜਹਾਨੁ = ਸੰਸਾਰ ਤੋਂ ਆਪ ਜੀ ਨੇ ਤਾਰਿਆ = ਤਾਰ ਲਏ ਹਨ।

**ਜਿਨੀ ਤੁਧਨੋ ਧੰਨੁ ਕਹਿਆ; ਤਿਨ ਜਮੁ ਨੇੜਿ ਨ ਆਇਆ ॥**

ਜਿਨ੍ਹਾਂ ਨੇ ਸੱਚੇ ਪਾਤਿਸ਼ਾਹ ਵਾਹਿਗੁਰੂ ਤੁਧਨੋ = ਤੁਹਾਨੂੰ ਧੰਨੁ = ਧੰਨਤਾ ਯੋਗ ਕਹਿਆ ਹੈ, ਤਿਨ = ਉਨ੍ਹਾਂ ਦੇ ਜਮ ਵੀ ਨੇੜਿ = ਨਜ਼ਦੀਕ ਨ = ਨਹੀਂ ਆਇਆ = ਆਉਂਦਾ।

**ਬੇਅੰਤ ਗੁਣ ਤੇਰੇ ਕਥੇ ਨ ਜਾਹੀ; ਸਤਿਗੁਰ ਪੁਰਖ ਮੁਰਾਰੇ ॥**

ਹੇ ਅਕਾਲ ਪੁਰਖ ਦਾ ਰੂਪ ਸਤਿਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਸਾਰਿਆਂ ਥਾਵਾਂ ਵਿਚ ਪੁਰਖ = ਪੂਰਨ, ਮੁਰਾਰੇ (ਮੁਰ+ਆਰੇ) ਮੁਰ = ਦੈਂਤ ਆਦਿਕ ਦੇ ਆਰੇ = ਨਾਸ ਕਰਨ ਵਾਲੇ ਪਰਮੇਸ਼ਰ ! ਤੇਰੇ ਵਿਚ ਬੇਅੰਤ = ਗਿਣਤੀ ਤੋਂ ਰਹਿਤ ਗੁਣ ਹਨ, ਜੋ ਜ਼ੁਬਾਨ ਨਾਲ ਕਥੇ = ਕਥਨ ਨ = ਨਹੀਂ ਕੀਤੇ ਜਾਹੀ = ਜਾ ਸਕਦੇ।

**ਬਿਨਵੰਤਿ ਨਾਨਕ ਟੇਕ ਰਾਖੀ; ਜਿਤੁ ਲਗਿ ਤਰਿਆ ਸੰਸਾਰੇ ॥੪॥੨॥**

ਸਤਿਗੁਰੂ ਜੀ ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਹੇ ਸੱਚੇ ਪਾਤਿਸ਼ਾਹ ਤੂੰ = ਤੁਸੀਂ ਟੇਕ = ਓਟ ਰਾਖੀ = ਰੱਖ ਕੇ ਵਿਖਾ ਦਿੱਤੀ, ਉਹ ਬਾਣੀ ਸਾਨੂੰ ਬਖ਼ਸ਼ੀ ਹੈ, ਜਿਤੁ = ਜਿਸ ਵਿਚ ਲੱਗ ਕੇ ਸਾਰਾ ਸੰਸਾਰੇ = ਜਗਤ ਤਰਿਆ = ਤਰ ਜਾਵੇਗਾ। ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਦਾ ਇਹੋ ਜਿਹਾ ਉੱਦਮ ਬਖ਼ਸ਼ਿਆ ਹੈ ॥੪॥੨॥

# ਗਉੜੀ ਮਹਲਾ ੫ ॥ ਸਲੋਕੁ ॥

ਸ੍ਰੀ ਗੁਰੂ ਅਰਜਨ ਦੇਵ ਜੀ ਇਹ ਸ਼ਬਦ ਅਕਾਲ ਪੁਰਖ ਦਾ ਸਤੋਤਰ ਰੂਪ ਕਰ ਕੇ ਪਹਿਲਾ ਸਲੋਕ ਵਿਚ ਮੂਲ ਰੂਪ ਕਰ ਕੇ ਕਥਨ ਕਰਦੇ ਹਨ ਅਤੇ ਛੰਤ ਇਸ ਦਾ ਟੀਕਾ ਰੂਪ ਹੈ।

## ਪਤਿਤ ਅਸੰਖ ਪੁਨੀਤ ਕਰਿ; ਪੁਨਹ ਪੁਨਹ ਬਲਿਹਾਰ ॥

ਹੇ ਮਨ ! ਅਸੰਖ = ਅਣਗਿਣਤ ਪਤਿਤ = ਪਾਪੀਆਂ ਨੂੰ ਪੁਨੀਤ = ਪਵਿੱਤਰ ਕਰਿ = ਕਰਨੇ ਵਾਲਾ ਪਰਮੇਸ਼ਰ ਦਾ ਨਾਮ ਹੈ, ਇਸ ਤੋਂ ਪੁਨਹ ਪੁਨਹ = ਬਾਰੰਬਾਰ ਬਲਿਹਾਰ = ਕੁਰਬਾਨ ਜਾਣਾ ਕਰ।

## ਨਾਨਕ ਰਾਮ ਨਾਮੁ ਜਪਿ, ਪਾਵਕੋ; ਤਿਨ ਕਿਲਬਿਖ ਦਾਹਨਹਾਰ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸ ਲਈ ਰਾਮ = ਪਰਮੇਸ਼ਰ ਦਾ ਨਾਮ ਜਪਿ = ਜਪਣਾ ਕਰ, ਜੋ ਪਾਵਕੋ = ਅਗਨੀ ਦੀ ਨਿਆਈਂ ਕਿਲਬਿਖ = ਪਾਪਾਂ ਰੂਪੀ ਤਿਨ = ਤ੍ਰਿਣ, ਕਖਾਂ ਨੂੰ ਦਾਹਨਹਾਰ = ਸਾੜਨ ਵਾਲਾ ਹੈ ॥੧॥

## ਛੰਤ ॥ ਜਪਿ ਮਨਾ ਤੂੰ ਰਾਮ ਨਰਾਇਣੁ; ਗੋਵਿੰਦਾ ਹਰਿ ਮਾਧੋ ॥

ਹੇ ਮਨਾਂ ! ਤੂੰ ਰਾਮ = ਜੋ ਰਮੰਤੀ ਪਰਮੇਸ਼ਰ ਵਿਆਪਕ ਹੈ, ਨਰਾਇਣੁ = ਜਿਸ ਵਿਚ ਅਵਿੱਦਿਆ ਰੂਪੀ ਰਾਤ ਨਹੀਂ **ਵਾ:** ਨਰਾਇਣੁ ( ਨ+ਅਰ+ਆਇਣ) ਜਿਸ ਵਿਚ ਅਰ = ਕਾਮ ਕ੍ਰੋਧ ਆਦਿਕ ਦੁਸ਼ਮਣ ਦਾ ਆਇਣ = ਘਰ ਨ = ਨਹੀਂ ਹੈ, ਗੋਵਿੰਦਾ (ਗੋ+ਵਿੰਦਾ) ਗੋ = ਪ੍ਰਿਥਵੀ ਦੀ ਵਿੰਦਾ = ਰੱਖਿਆ ਕਰਨ ਵਾਲਾ **ਵਾ:** ਗੋ = ਵੇਦਾਂ ਆਦਿਕਾਂ ਕਰ ਕੇ ਜੋ ਵਿੰਦਾ = ਜਾਨਣੇ ਯੋਗ ਹੈ, ਐਸੇ ਮਾਧੋ = ਅਕਾਲ ਪੁਰਖ ਹਰਿ = ਵਾਹਿਗੁਰੂ ਦਾ ਤੂੰ ਨਾਮ ਜਪਣਾ ਕਰ **ਵਾ:** ਹੇ ਮਨ ਤੂੰ ਰਾਮ, ਨਰਾਇਣ, ਗੋਬਿੰਦ ਮਾਧੋ ਆਦਿ ਹਰੀ ਦੇ ਨਾਮਾਂ ਨੂੰ ਜਪਣਾ ਕਰ।

## ਧਿਆਇ ਮਨਾ, ਮੁਰਾਰਿ ਮੁਕੰਦੇ; ਕਟੀਐ ਕਾਲ ਦੁਖ ਫਾਧੇ ॥

ਹੇ ਪਿਆਰੇ ਮਨਾਂ ! ਮੁਰਾਰਿ = ਮੁਰ ਦੈਂਤ ਦੀ ਨਿਆਈਂ ਹੰਕਾਰ ਨੂੰ ਅਰ = ਨਾਸ਼ ਕਰਨ ਵਾਲੇ ਮੁਕੰਦੇ = ਮੁਕਤੀ ਦੇ ਦਾਤੇ ਸੱਚੇ ਪਰਮੇਸ਼ਰ ਦੇ ਨਾਮ ਨੂੰ ਧਿਆਇ = ਧਿਆਉਣਾ ਕਰ, ਜਿਸ ਕਰ ਕੇ ਦੁਖਦਾਈ ਕਾਲ ਦੀ ਫਾਧੇ = ਫਾਂਸੀ ਕਟੀਐ = ਕੱਟੀ ਜਾਵੇਗੀ। ਜੈਸਾ ਕਿ :

**ਸੋਈ ਮੁਕੰਦੁ ਮੁਕਤਿ ਕਾ ਦਾਤਾ ॥** *(ਅੰਗ ੮੭੫)*

## ਦੁਖਹਰਣ ਦੀਨ ਸਰਣ ਸ੍ਰੀਧਰ; ਚਰਨ ਕਮਲ ਅਰਾਧੀਐ ॥

ਹੇ ਮਨਾਂ ! ਜੋ ਜੰਮਣ ਮਰਣ ਦੇ ਦੁਖਹਰਣ = ਦੁੱਖਾਂ ਨੂੰ ਨਾਸ਼ ਕਰਨ ਵਾਲਾ, ਦੀਨ = ਗ਼ਰੀਬਾਂ ਨੂੰ ਆਪਣੀ ਸਰਣ = ਓਟ ਵਿਚ ਰੱਖਣ ਵਾਲਾ ਸ੍ਰੀ = ਮਾਇਆ ਦਾ ਧਰ = ਆਸਰਾ **ਵਾ:** ਸ੍ਰੀਧਰ = ਸ਼ਕਤੀਆਂ ਨੂੰ ਧਾਰਨ ਕਰਨ ਵਾਲਾ ਪਰਮੇਸ਼ਰ ਹੈ ਉਸਦੇ ਚਰਨਾਂ ਕਮਲਾਂ ਨੂੰ ਅਰਾਧੀਐ = ਧਿਆਉਣਾ ਕਰ।

## ਜਮ ਪੰਥੁ ਬਿਖੜਾ, ਅਗਨਿ ਸਾਗਰੁ; ਨਿਮਖ ਸਿਮਰਤ ਸਾਧੀਐ ॥

ਜੋ ਜਮ ਦਾ ਪੰਥੁ = ਰਸਤਾ ਬਿਖੜਾ = ਬੜਾ ਕਠਨ ਹੈ, ਜਿਸ ਵਿਚ ਅਗਨਿ = ਅੱਗ ਦਾ ਸਾਗਰੁ = ਸਮੁੰਦਰ ਆਉਂਦਾ ਹੈ, ਉਸਨੂੰ ਨਿਮਖ = ਇਕ ਖਿਨ ਮਾਤਰ ਵਿਚ ਪਰਮੇਸ਼ਰ ਦਾ ਸਿਮਰਤ = ਸਿਮਰਨ ਕਰਨ ਨਾਲ ਸਾਧੀਐ = ਸਾਧ ਲਈਦਾ ਹੈ, ਭਾਵ ਜਿੱਤ ਲਈਦਾ ਹੈ **ਅਥਵਾ** ਅਗਨੀ ਸਾਗਰ ਅਤੇ ਜਮਾਂ ਦੇ ਰਸਤੇ ਨੂੰ ਪਾਰ ਕਰ ਜਾਈਦਾ ਹੈ।

## ਕਲਿਮਲਹ ਦਹਤਾ, ਸੁਧੁ ਕਰਤਾ; ਦਿਨਸੁ ਰੈਣਿ ਅਰਾਧੋ ॥

(ਦੂਸਰਾ **ਕਲਿ ਮਲਹ** ਹੈ)

ਜੋ ਕਲਿਮਲਹ = ਪਾਪ ਚਿੱਤ ਵਿਚ ਕਲਮਾਹਟ ਪਾਉਣ ਵਾਲੇ ਹਨ **ਵਾ:** ਜੋ ਪੰਜ ਪ੍ਰਕਾਰ ਦੇ ਕਲਿ = ਕਲੇਸ਼ ਤੇ ਪਾਪਾਂ ਦੀ ਮਲਹ = ਮੈਲ ਚਿੱਤ ਨੂੰ ਲੱਗੀ ਹੋਈ ਹੈ ਉਸ ਨੂੰ ਪਰਮੇਸ਼ਰ ਦਾ ਨਾਮ ਦਹਤਾ = ਸਾੜਨ ਵਾਲਾ ਹੈ ਅਤੇ ਤੇਰੇ ਤਾਈਂ ਵਿਕਾਰ ਮੇਟ ਕੇ ਸੁਧੁ = ਪਵਿੱਤਰ ਕਰਤਾ = ਕਰਨ ਵਾਲਾ ਹੈ, ਉਸ ਪਰਮੇਸ਼ਰ ਦੇ ਨਾਮ ਨੂੰ ਦਿਨਸੁ ਰੈਣਿ = ਦਿਨ ਰਾਤ ਅਰਾਧੋ = ਅਰਾਧਨਾ ਕਰ।

## ਬਿਨਵੰਤਿ ਨਾਨਕ, ਕਰਹੁ ਕਿਰਪਾ ਗੋਪਾਲ ਗੋਬਿੰਦ ਮਾਧੋ ॥੧॥

ਸਤਿਗੁਰੂ ਜੀ ਬਿਨਵੰਤਿ = ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਹੇ ਗੋ = ਪ੍ਰਿਥਵੀ ਦੀ ਪਾਲ = ਪਾਲਣਾ ਕਰਨ ਵਾਲੇ, ਗੋਬਿੰਦ = ਸ੍ਰਿਸ਼ਟੀ ਦੀ ਰੱਖਿਆ ਕਰਨ ਵਾਲੇ, ਮਾਧੋ = ਮਾਇਆ ਦੇ ਪਤੀ ਪਰਮੇਸ਼ਰ ਸਾਡੇ 'ਤੇ ਕਿਰਪਾ ਦ੍ਰਿਸ਼ਟੀ ਕਰੋ ॥੧॥

## ਸਿਮਰਿ ਮਨਾ ਦਾਮੋਦਰੁ ਦੁਖ ਹਰੁ; ਭੈ ਭੰਜਨੁ ਹਰਿ ਰਾਇਆ ॥

ਹੇ ਮਨਾਂ ! ਜੋ ਦਮੋਦਰੁ[੧] = ਵਾਹਿਗੁਰੂ ਦੁਖਹਰੁ = ਦੁੱਖਾਂ ਦੇ ਨਾਸ਼ ਕਰਨ ਵਾਲਾ ਹੈ ਤੇ ਜਮਾਂ ਦਾ ਭੈ = ਡਰ ਵੀ ਭੰਜਨੁ = ਭੰਨਣ ਵਾਲਾ ਹੈ, ਤੂੰ ਉਸ ਹਰੀ ਰਾਇਆ = ਰਾਜੇ ਨੂੰ ਸਿਮਰਿ = ਸਿਮਰਨਾ ਭਾਵ ਯਾਦ ਕਰਨਾ ਕਰ।

## ਸ੍ਰੀਰੰਗੋ ਦਇਆਲ ਮਨੋਹਰੁ; ਭਗਤਿ ਵਛਲੁ ਬਿਰਦਾਇਆ ॥

ਸ੍ਰੀਰੰਗੋ (ਸ੍ਰੀ+ਰੰਗੋ) ਸ੍ਰੀ = ਸ਼ਿਰੋਮਣੀ ਰੰਗੋ = ਪ੍ਰੇਮ ਪੈਦਾ ਕਰਨ ਵਾਲਾ **ਵਾ:** ਰੰਗੋ = ਅਨੰਦ ਦੇਣ ਵਾਲਾ, ਦਇਆਲ = ਦਇਆ ਦਾ ਘਰ, ਮਨੋਹਰੁ = ਮਨ ਨੂੰ ਮੋਹਣ ਵਾਲਾ, ਸੁੰਦਰ ਸਰੂਪ, ਭਗਤਾਂ ਨੂੰ ਵਛਲੁ = ਪਿਆਰ ਕਰਨਾ ਜਿਸਦਾ ਬਿਰਦਾਇਆ = ਧਰਮ ਹੈ।

[ਅੰਗ ੨੪੯]

## ਭਗਤਿ ਵਛਲ ਪੁਰਖ ਪੂਰਨ; ਮਨਹਿ ਚਿੰਦਿਆ ਪਾਈਐ ॥

ਭਗਤਾਂ ਦਾ ਵਛਲ = ਪਿਆਰਾ ਜੋ ਪੂਰਨ = ਵਿਆਪਕ ਪੁਰਖ = ਬ੍ਰਹਮ ਹੈ, ਉਸ ਦਾ ਸਿਮਰਨ ਕਰ ਕੇ ਮਨਹਿ ਚਿੰਦਿਆ = ਮਨ ਇੱਛਤ ਫਲ ਪਾਈਐ = ਪਾਉਣਾ ਕਰ।

## ਤਮ ਅੰਧ ਕੂਪ ਤੇ, ਉਧਾਰੈ; ਨਾਮੁ ਮੰਨਿ ਵਸਾਈਐ ॥

ਜਿਹੜਾ ਅਗਿਆਨ ਦਾ ਤਮ = ਹਨੇਰਾ ਹੈ **ਵਾ:** ਸੰਸਾਰ ਅਗਿਆਨ ਦਾ ਅੰਧ ਕੂਪ = ਅੰਨ੍ਹਾ ਖੂਹ ਹੈ, ਇਸ ਸੰਸਾਰ ਦੇ ਅੰਧੇ ਖੂਹ ਦੇ ਮੋਹ ਤੇ = ਤੋਂ ਪਰਮੇਸ਼ਰ ਦਾ ਨਾਮ ਉਧਾਰੇ = ਉਧਾਰਦਾ ਹੈ, ਇਸ ਕਰ ਕੇ ਅੰਮ੍ਰਿਤ ਨਾਮ ਨੂੰ ਮੰਨਿ = ਅੰਤਸ਼ਕਰਣ ਵਿਚ ਵਸਾਈਐ = ਵਸਾਉਣਾ ਕਰ।

## ਸੁਰ ਸਿਧ ਗਣ ਗੰਧਰਬ ਮੁਨਿ ਜਨ;
## ਗੁਣ ਅਨਿਕ ਭਗਤੀ ਗਾਇਆ ॥

ਸੁਰ = ਦੇਵਤਿਆਂ, ਸਿਧ = ਸਿਧਾਂ, ਗਣ, ਗੰਧਰਬਾਂ, ਮੁਨਿ ਜਨ = ਮੁਨੀ ਜਨਾਂ ਅਤੇ ਅਨੇਕਾਂ ਹੀ ਭਗਤਾਂ ਨੇ ਜਿਸ ਦੇ ਗੁਣਾਂ ਨੂੰ ਗਾਇਆ = ਗਾਉਣਾ ਕੀਤਾ ਹੈ **ਵਾ:** ਸਤੋਗੁਣ ਵਾਲੇ ਪੁਰਖ ਸੁਰ = ਦੇਵਤੇ ਹਨ, ਸਿਧ = ਜੋ ਰਿਧੀਆਂ ਸਿਧੀਆਂ ਵਾਲੇ ਹਨ, ਗਣ = ਸ਼ਿਵਜੀ ਦੇ ਨੰਦੀ ਭ੍ਰੰਗੀ, ਟੋਨਾ ਆਦਿਕ ਸਾਰੇ ਗੰਧਰਬ = ਹਾਹਾ ਹੂ ਹੂ ਆਦਿਕ। ਜੋ ਹਾਹਾ ਸ਼ਬਦ ਸੱਤੇ ਸੁਰਾਂ ਦੇ ਵਿਚ ਉਚਾਰਨ ਕਰਦਾ ਸੀ। ਇਸ ਕਰਕੇ ਉਸ ਗੰਧਰਬ ਦਾ ਨਾਂ ਹਾਹਾ ਪੈ ਗਿਆ ਅਤੇ ਹੂ ਹੂ ਨਾਲ ਦੂਸਰਾ ਗੰਧਰਬ ਸੱਤਾਂ ਸੁਰਾਂ ਵਿਚ ਹੀ ਅਵਾਜ਼ ਲਿਆਉਂਦਾ ਸੀ, ਹਾਹਾ ਉੱਚੀ ਚੜ੍ਹਦੀ ਅਵਾਜ਼ ਨਾਲ ਉਚਾਰਦਾ ਸੀ, ਹੂ ਹੂ ਮੱਧਮ ਉਸ ਨਾਲ ਮਿਲਵੀਂ ਅਵਾਜ਼ ਵਿਚ, ਇਸ ਕਰਕੇ ਗੰਧਰਬ ਨਾਮ ਪਿਆ। ਮੁਨਿ = ਮੰਨਣ ਸ਼ੀਲ ਪੁਰਖ ਨਾਰਦ ਵਿਸ਼ਿਸ਼ਟ ਆਦਿਕ ਸਪਤ ਮੁਨੀ ਮੰਨੇ ਹਨ, ਜਿਤਨੇ ਜਨ = ਭਗਤ ਜਨ ਆਦਿ ਸਾਰੇ ਭਗਤਾਂ ਨੇ ਭਾਉ-ਭਗਤੀ ਵਿਚ ਮਿਲ ਕਰ ਕੇ ਅਨਿਕ = ਅਨੇਕਾਂ ਗੁਣਾਂ ਨੂੰ ਗਾਇਆ = ਗਾਉਣਾ ਕੀਤਾ ਹੈ।

## ਬਿਨਵੰਤਿ ਨਾਨਕ ਕਰਹੁ ਕਿਰਪਾ; ਪਾਰਬ੍ਰਹਮ ਹਰਿ ਰਾਇਆ ॥੨॥

ਸਤਿਗੁਰੂ ਜੀ ਬਿਨਵੰਤਿ = ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਹੇ ਮਨਾਂ ! ਇਉਂ ਬੇਨਤੀ ਕਰ ਕਿ

---

੧. ਦਾਮੋਦਰੁ (ਦਾਮ + ਉਦਰ) ਜਿਸ ਦੇ ਉਦਰ = ਪੇਟ ਵਿਚ ਸਾਰਾ ਦਾਮ = ਵਿਸ਼ਵ ਹੈ **ਵਾ:** ਜਿਸ ਦੇ ਸਰੂਪ ਉਦਰ = ਪੇਟ ਵਿਚ ਮਾਇਆ ਰੂਪੀ ਦਾਮ = ਰੱਸੀ ਹੈ। ਐਸਾ ਪਰਮੇਸ਼ਰ ਦਾ ਦਾਮੋਦਰ ਨਾਮ ਹੈ।

ਹੇ ਰਾਇਆ = ਰਾਜਾ ਸਰੂਪ ਹਰਿ = ਹਰੇ ਭਰੇ ਕਰਨ ਵਾਲੇ ਪਾਰਬ੍ਰਹਮ = ਪਰਮੇਸ਼ਰ ! ਮੇਰੇ ਤੇ ਕਿਰਪਾ = ਦਇਆ ਦ੍ਰਿਸ਼ਟੀ ਕਰਹੁ = ਕਰੋ ਕਿ ਮੈਂ ਤੇਰਾ ਨਾਮ ਜਪਣਾ ਕਰਾਂ ॥੨॥

## ਚੇਤਿ ਮਨਾ ਪਾਰਬ੍ਰਹਮੁ ਪਰਮੇਸਰੁ; ਸਰਬ ਕਲਾ ਜਿਨਿ ਧਾਰੀ ॥

ਹੇ ਮੇਰੇ ਮਨਾਂ! ਉਸ ਸਾਰਿਆਂ ਥਾਵਾਂ ਵਿਚ, (ਪਾਰ+ਬ੍ਰਹਮ) ਪਾਰ = ਪਾਪਾਂ ਪੁੰਨਾਂ ਤੋਂ ਪਰੇ ਬ੍ਰਹਮ = ਵਿਆਪਕ, ਪਰਮੇਸ਼ਰ ਨੂੰ ਚੇਤਿ = ਸਿਮਰਨਾ ਕਰ। ਜਿਨਿ = ਜਿਸ ਵਾਹਿਗੁਰੂ ਨੇ ਆਪਣੀ ਕਲਾ = ਸ਼ਕਤੀ ਕਰ ਕੇ ਸਰਬ = ਸਾਰੀ ਸ੍ਰਿਸ਼ਟੀ ਆਪਣੇ ਆਸਰੇ ਧਾਰੀ = ਧਾਰਨ ਕੀਤੀ ਹੋਈ ਹੈ।

## ਕਰੁਣਾਮੈ ਸਮਰਥੁ ਸੁਆਮੀ; ਘਟ ਘਟ ਪ੍ਰਾਣ ਅਧਾਰੀ ॥

ਉਹ ਕਰੁਣਾਮੈ = ਕ੍ਰਿਪਾਲੂ ਸਰੂਪ ਸਰਬ ਕਲਾ ਸਮਰਥ ਸੁਆਮੀ = ਮਾਲਕ ਪਰਮੇਸ਼ਰ ਘਟਾਂ ਘਟਾਂ ਵਿਚ ਪ੍ਰਾਣ = ਸੁਆਸਾਂ ਦਾ ਅਧਾਰੀ = ਆਸਰਾ ਰੂਪ ਹੈ **ਵਾ:** ਚਾਰੇ ਖਾਣੀਆਂ ਦੇ ਪ੍ਰਾਣਾਂ ਦਾ ਆਸਰਾ ਰੂਪ ਹੈ।

## ਪ੍ਰਾਣ ਮਨ ਤਨ ਜੀਅ ਦਾਤਾ; ਬੇਅੰਤ ਅਗਮ ਅਪਾਰੋ ॥

ਉਹ ਬੇਅੰਤ = ਅੰਤ ਤੋਂ ਰਹਿਤ, ਅਗਮ = ਅਪਹੁੰਚ, ਅਪਾਰੋ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਵਾਹਿਗੁਰੂ ਹਰ ਇਕ ਜੀਅ = ਜੀਵ ਨੂੰ ਪ੍ਰਾਣ = ਸੁਆਸ, ਮਨ = ਅੰਤਸ਼ਕਰਣ, ਤਨ = ਸਰੀਰ ਆਦਿ ਦਾਤਾ = ਦੇਣ ਵਾਲਾ ਹੈ **ਵਾ:** ਜੋ ਤੱਤਾਂ ਦੀ ਸਤੋ ਅੰਸ਼ ਹੈ, ਇਸ ਵਿੱਚੋਂ ਮਨ ਅਤੇ ਬੁੱਧ ਬਣੀ ਹੈ, ਪੱਚੀ ਪ੍ਰਕਿਰਤੀ ਦੀ ਦੇਹ ਦੇਣਾ ਕੀਤੀ ਹੈ ਅਤੇ ਫੇਰ ਪਰਮੇਸ਼ਰ ਨੇ ਸਾਰਿਆਂ ਵਿਚ ਚੇਤਨ ਸੱਤਾ ਪਾਈ ਹੈ। ਇਹ ਸਾਰੀਆਂ ਵਾਹਿਗੁਰੂ ਨੇ ਦਾਤਾਂ ਦਿੱਤੀਆਂ ਹੋਈਆਂ ਹਨ।

## ਸਰਣਿ ਜੋਗੁ ਸਮਰਥੁ ਮੋਹਨੁ; ਸਰਬ ਦੋਖ ਬਿਦਾਰੋ ॥

ਉਹ ਸ਼ਰਣ ਆਇਆਂ ਦੀ ਰੱਖਿਆ ਕਰਨੇ ਜੋਗੁ = ਲਾਇਕ, ਸਰਬ ਕਲਾ ਸਮਰਥ, ਮੋਹਨੁ = ਮੋਹਿਤ ਕਰਨ ਵਾਲਾ ਹੈ ਤੇ ਸਰਬ = ਸਾਰਿਆਂ ਦੋਖ = ਦੁੱਖਾਂ ਨੂੰ ਬਿਦਾਰੋ = ਨਾਸ ਕਰਨ ਵਾਲਾ ਭਾਵ ਬਿਦਾਰਨ ਵਾਲਾ ਹੈ।

## ਰੋਗ ਸੋਗ ਸਭਿ ਦੋਖ ਬਿਨਸਹਿ; ਜਪਤ ਨਾਮੁ ਮੁਰਾਰੀ ॥

ਉਸ ਮੁਰਾਰੀ = ਪਰਮੇਸ਼ਰ ਦਾ ਨਾਮ ਜਪਤ = ਜਪਣ ਕਰ ਕੇ ਸਭਿ = ਸਾਰੇ ਸਰੀਰਕ ਰੋਗ ਮਾਨਸਿਕ ਰੋਗ ਤੇ ਸੋਗ = ਗ਼ਮ ਅਤੇ ਪੰਜੇ ਵਿਸ਼ਿਆਂ ਦੇ ਦੋਖ = ਦੋਸ਼ ਬਿਨਸਹਿ = ਨਾਸ਼ ਹੋ ਜਾਂਦੇ ਹਨ।

## ਬਿਨਵੰਤਿ ਨਾਨਕ ਕਰਹੁ ਕਿਰਪਾ; ਸਮਰਥ ਸਭ ਕਲ ਧਾਰੀ ॥੩॥

ਸਤਿਗੁਰੂ ਜੀ ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਉਸ ਦੇ ਅੱਗੇ ਇਸ ਤਰ੍ਹਾਂ ਬੇਨਤੀ ਕਰ ਕਿ ਹੇ ਸਰਬ ਕਲਾ ਸਮਰੱਥ ਸਭ = ਸਾਰੀਆਂ ਕਲ = ਸ਼ਕਤੀਆਂ ਨੂੰ ਧਾਰੀ = ਧਾਰਨ ਵਾਲੇ ਪ੍ਰਭੂ ! ਆਪ ਮੇਰੇ ਉੱਤੇ ਕਿਰਪਾ = ਦਇਆ ਦ੍ਰਿਸ਼ਟੀ ਕਰੋ ॥੩॥

## ਗੁਣ ਗਾਉ ਮਨਾ ਅਚੁਤ ਅਬਿਨਾਸੀ; ਸਭ ਤੇ ਊਚ ਦਇਆਲਾ ॥

ਹੇ ਮੇਰੇ ਮਨਾਂ! ਉਸ ਅਬਿਨਾਸੀ = ਨਾਸ਼ ਤੋਂ ਰਹਿਤ ਅਚੁਤ = ਅੱਟਲ ਪਰਮੇਸ਼ਰ ਦੇ ਗੁਣਾਂ ਨੂੰ ਗਾਉ = ਗਾਉਣਾ ਕਰ, ਜੋ ਪਰਮੇਸ਼ਰ ਸਭ = ਸਾਰਿਆਂ ਤੇ = ਤੋਂ ਊਚਾ = ਉੱਚਾ ਅਤੇ ਦਇਆਲਾ = ਦਇਆ ਦਾ ਘਰ ਹੈ।

## ਬਿਸੰਭਰੁ ਦੇਵਨ ਕਉ ਏਕੈ; ਸਰਬ ਕਰੈ ਪ੍ਰਤਿਪਾਲਾ ॥

(**ਬਿਸੰ-ਭਰ** ਦਾ ਉਚਾਰਣ ਡੈਸ਼ ਲੱਗਾ ਕੇ ਹੈ)

ਬਿਸੰਭਰੁ = ਸੰਸਾਰ ਦੀ ਪੂਰਤੀ ਕਰਨ ਵਾਲਾ ਭਾਵ ਸਾਰੀ ਸ੍ਰਿਸ਼ਟੀ ਕਉ = ਨੂੰ ਰੋਜ਼ੀ ਦੇਵਨ = ਦੇਣ ਵਾਲਾ ਇਕ ਵਾਹਿਗੁਰੂ ਹੀ ਸਮਰੱਥ ਹੈ ਅਤੇ ਜੋ ਸਾਰਿਆਂ ਦੇ (ਪ੍ਰਤਿਪਾਲਾ) ਪ੍ਰਤਿ = ਤਾਈਂ ਪਾਲਾ = ਪਾਲਣਾ ਕਰੈ = ਕਰਦਾ ਹੈ।

## ਪ੍ਰਤਿਪਾਲ ਮਹਾ ਦਇਆਲ ਦਾਨਾ; ਦਇਆ ਧਾਰੇ ਸਭ ਕਿਸੈ ॥

ਪਰਮੇਸ਼ਰ ਸਾਰਿਆਂ ਦੇ ਪ੍ਰਤਿ = ਤਾਈਂ ਪਾਲ = ਪਾਲਣਾ ਕਰਨੇ ਵਾਲਾ ਮਹਾ = ਵੱਡਾ ਦਇਆਲ = ਦਿਆਲੂ ਤੇ ਦਾਨਾ = ਗਿਆਤਾ ਭਾਵ ਦਨਾਈ ਵਾਲਾ ਹੈ ਅਤੇ ਸਭ ਕਿਸੇ 'ਤੇ ਦਇਆ = ਕਿਰਪਾ ਧਾਰੇ = ਧਾਰਨ ਕਰਨ ਵਾਲਾ ਹੈ।

## ਕਾਲੁ ਕੰਟਕੁ ਲੋਭੁ ਮੋਹੁ ਨਾਸੈ; ਜੀਅ ਜਾ ਕੈ ਪ੍ਰਭੁ ਬਸੈ ॥

ਜਾ ਕੈ = ਜਿਸ ਜੀਅ = ਜੀਵ ਦੇ ਹਿਰਦੇ ਵਿਚ ਪ੍ਰਭੁ = ਹਰੀ ਅਕਾਲ ਪੁਰਖ ਵਾਹਿਗੁਰੂ ਬਸੈ = ਨਿਵਾਸ ਕਰਦਾ ਹੈ, ਉਸ ਦਾ ਕੰਟਕੁ = ਦੁਖਦਾਈ ਕਾਲ = ਸਮਾਂ ਲੋਭੁ = ਲਾਲਚ ਅਤੇ ਮੋਹ ਆਦਿ ਸਭ ਨਾਸੈ = ਨਾਸ਼, ਨੱਸ ਜਾਂਦਾ ਹੈ।

## ਸੁਪ੍ਰਸੰਨ ਦੇਵਾ ਸਫਲ ਸੇਵਾ; ਭਈ ਪੂਰਨ ਘਾਲਾ ॥

ਹੇ ਮਨਾਂ ! ਜਿਸ ਤੇ ਦੇਵਾ = ਪਰਮੇਸ਼ਰ ਸੁਪ੍ਰਸੰਨ (ਸੁ+ਪ੍ਰਸੰਨ) ਸੁ = ਭਲੀ ਪ੍ਰਕਾਰ ਪ੍ਰਸੰਨ ਹੋਇਆ ਹੈ, ਉਸ ਦੀ ਭਗਤੀ ਰੂਪੀ ਸੇਵਾ = ਟਹਿਲ ਸਫਲੀ ਹੋ ਗਈ ਹੈ ਅਤੇ ਸਰੀਰ ਕਰਕੇ ਜੋ ਘਾਲਾ = ਕਮਾਈ ਕੀਤੀ ਸੀ, ਉਹ ਵੀ ਪੂਰਨ = ਪੂਰੀ ਭਈ = ਹੋਈ ਹੈ।

## ਬਿਨਵੰਤ ਨਾਨਕ ਇਛ ਪੁਨੀ; ਜਪਤ ਦੀਨ ਦੈਆਲਾ ॥੪॥੩॥

ਸਤਿਗੁਰੂ ਜੀ ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਹੇ ਮਨਾਂ! ਦੀਨ = ਗ਼ਰੀਬਾਂ ਤੇ ਦੈਆਲਾ = ਦਇਆਲਤਾ ਕਰਨ ਵਾਲੇ ਪਰਮੇਸ਼ਰ ਦਾ ਨਾਮ ਜਪਤ = ਜਪਦਿਆਂ ਤੇਰੀ ਸਾਰੀ ਇਛ = ਇੱਛਾ ਪੁਨੀ = ਪੂਰੀ ਹੋ ਜਾਵੇਗੀ ॥੪॥੩॥

## ਗਉੜੀ, ਮਹਲਾ ੫ ॥

ਇਸ ਛੰਤ ਵਿਚ ਤਿੰਨ ਸਖੀਆਂ ਦਾ ਸੰਬਾਦ ਰੂਪ ਕਰ ਕੇ ਜਿਹੋ ਜਿਹਾ ਕੋਈ ਪ੍ਰਸ਼ਨ ਕਰਨ ਵਾਲਾ ਆਉਂਦਾ, ਉਸ ਪ੍ਰਕਾਰ ਦਾ ਗੁਰੂ ਜੀ ਉੱਤਰ ਬਖ਼ਸ਼ਦੇ ਹਨ :

## ਸੁਣਿ ਸਖੀਏ ਮਿਲਿ ਉਦਮੁ ਕਰੇਹਾ; ਮਨਾਇ ਲੈਹਿ ਹਰਿ ਕੰਤੈ ॥

ਹੇ ਮਹਾਤਮਾ ਰੂਪ ਸਖੀਏ ! ਅਸੀਂ ਆਪਸ ਵਿਚ ਮਿਲ ਕੇ ਉਦਮੁ = ਯਤਨ ਕਰੇਹਾ = ਕਰੀਏ ਅਤੇ ਆਪਾ-ਭਾਵ ਛੱਡ ਕੇ ਨਿਮਰਤਾ ਨਾਲ ਉਸ ਕੰਤੈ = ਪਤੀ ਹਰਿ = ਹਰੀ ਅਕਾਲ ਪੁਰਖ ਨੂੰ ਭਗਤੀ ਕਰ ਕੇ ਮਨਾਇ = ਮਨਾ ਲੈਹਿ = ਲਈਏ, ਭਾਵ ਪ੍ਰਸੰਨ ਕਰ ਲਈਏ।

***ਪ੍ਰਸ਼ਨ :*** *ਹੇ ਮਹਾਰਾਜ ! ਪਰਮੇਸ਼ਰ ਨੂੰ ਕਿਵੇਂ ਮਨਾਈਏ ?*

***ਗੁਰ ਉੱਤਰ :***

## ਮਾਨੁ ਤਿਆਗਿ ਕਰਿ ਭਗਤਿ ਠਗਉਰੀ; ਮੋਹਹ ਸਾਧੂ ਮੰਤੈ ॥

ਆਪਣੇ ਆਪ ਦਾ ਮਾਨੁ = ਹੰਕਾਰ ਤਿਆਗਿ = ਛੱਡ ਕਰਿ = ਕਰਕੇ ਭਗਤਿ = ਭਗਤੀ ਰੂਪੀ ਠਗਉਰੀ = ਠੱਗ ਬੂਟੀ ਪਾ ਕੇ ਅਤੇ ਸਾਧੂ = ਸ੍ਰੇਸ਼ਟ ਮਹਾਤਮਾ, ਗੁਰੂ ਸਾਹਿਬ ਜੀ ਦੇ ਮੰਤੈ = ਉਪਦੇਸ਼ ਦੁਆਰਾ ਉਸ ਪ੍ਰਭੂ ਨੂੰ ਮੋਹਹ = ਮੋਹਤ ਕਰਕੇ ਪ੍ਰਸੰਨ ਕਰ ਲਈਦਾ ਹੈ।

## ਸਖੀ ਵਸਿ ਆਇਆ, ਫਿਰਿ ਛੋਡਿ ਨ ਜਾਈ; ਇਹ ਰੀਤਿ ਭਲੀ ਭਗਵੰਤੈ ॥

ਹੇ ਸਖੀਏ ! ਜਿਸ ਭਗਤ ਦੇ ਪ੍ਰੇਮ ਕਰਕੇ ਵਾਹਿਗੁਰੂ ਇਕ ਵਾਰ ਵਸਿ = ਅਧੀਨਗੀ ਵਿਚ ਆਇਆ = ਆ ਗਿਆ ਤਾਂ ਫਿਰਿ = ਦੁਬਾਰਾ ਛੋਡਿ = ਛੱਡ ਕੇ ਕਿਤੇ ਨ = ਨਹੀਂ ਜਾਈ = ਜਾਂਦਾ, ਇਹ ਉਸ ਭਗਵੰਤੈ = ਪਰਮੇਸ਼ਰ ਦੀ ਭਲੀ = ਚੰਗੀ ਰੀਤਿ = ਮਰਯਾਦਾ ਹੈ।

***ਪ੍ਰਸ਼ਨ :*** *ਹੇ ਮਹਾਰਾਜ ! ਪ੍ਰੇਮ ਕਰਨ ਵਾਲਿਆਂ ਨੂੰ ਸੁਖ ਕੀ ਹੁੰਦਾ ਹੈ ?*
***ਗੁਰ ਉੱਤਰ :***

## ਨਾਨਕ ਜਰਾ ਮਰਣ ਭੈ ਨਰਕ ਨਿਵਾਰੈ; ਪੁਨੀਤ ਕਰੈ ਤਿਸੁ ਜੰਤੈ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਦੇ ਪਰਮੇਸ਼ਰ ਵਸ ਆਇਆ ਹੈ, ਤਿਸੁ = ਉਸ ਜੰਤੈ = ਜੀਵ ਨੂੰ ਪੁਨੀਤ = ਪਵਿੱਤਰ ਕਰੈ = ਕਰ ਦਿੰਦਾ ਹੈ ਅਤੇ ਉਸ ਦਾ ਜਰਾ = ਬੁਢੇਪਾ, ਜਨਮ ਮਰਣ ਅਤੇ ਨਰਕਾਂ ਦਾ ਭੈ = ਡਰ ਨਿਵਾਰੈ = ਨਵਿਰਤ ਕਰ ਦਿੱਤਾ ਹੈ **ਵਾ:** ਉਸ ਜੀਵ ਨੂੰ ਐਸਾ ਪਵਿੱਤਰ ਕਰ ਦਿੰਦਾ ਹੈ ਕਿ ਉਹ ਉਲਟ ਕੇ ਬ੍ਰਹਮ ਦਾ ਰੂਪ ਹੀ ਹੋ ਜਾਂਦਾ ਹੈ॥੧॥

## ਸੁਣਿ ਸਖੀਏ ਇਹ ਭਲੀ ਬਿਨੰਤੀ; ਏਹੁ ਮਤਾਂਤੁ ਪਕਾਈਐ ॥

ਹੇ ਸਖੀਏ ! ਮੇਰੀ ਇਹ ਭਲੀ = ਚੰਗੀ ਬਿਨੰਤੀ = ਬੇਨਤੀ ਸੁਣਿ = ਸੁਣਨਾ ਕਰ। ਏਹੁ = ਇਹ ਵੇਦਾਂ ਸ਼ਾਸਤਰਾਂ ਦਾ ਅਸਲੀ ਮਤਾਂਤੁ = ਸਿਧਾਂਤ ਹੈ **ਵਾ:** ਇਹ ਸਾਰਿਆਂ ਮਤਾਂਤੁ = ਮੱਤਾਂ ਦਾ ਅੰਤ ਹੈ, ਇਸ ਨੂੰ ਚਿੱਤ ਵਿਚ ਪਕਾਈਐ = ਪਕਾਉਣਾ ਭਾਵ ਦ੍ਰਿੜ੍ਹ ਕਰਨਾ ਕਰ।

## ਸਹਜਿ ਸੁਭਾਇ, ਉਪਾਧਿ ਰਹਤ ਹੋਇ; ਗੀਤ ਗੋਵਿੰਦਹਿ ਗਾਈਐ ॥

ਸਹਜਿ = ਸੁਤੇ-ਸਿਧ ਹੀ ਸੁਭਾਇ = ਪ੍ਰੇਮ ਕਰ ਕੇ ਸੰਸਾਰਕ ਉਪਾਧਿ = ਉਪਾਧੀ (ਆਧੀ ਬਿਆਧੀ, ਉਪਾਧੀ) ਤੋਂ ਰਹਿਤ ਹੋਇ = ਹੋ ਕੇ ਗੋਬਿੰਦਹਿ = ਪਰਮੇਸ਼ਰ ਦੇ ਗੀਤ = ਉਪਮਾ ਦੇ ਪਦ (ਜਸ) ਗਾਈਐ = ਗਾਉਣਾ ਕਰ।

## ਕਲਿ ਕਲੇਸ ਮਿਟਹਿ, ਭ੍ਰਮ ਨਾਸਹਿ; ਮਨਿ ਚਿੰਦਿਆ ਫਲੁ ਪਾਈਐ ॥

ਪਰਮੇਸ਼ਰ ਦੇ ਗੁਣ ਗਾਉਣੇ ਕਰਕੇ ਕਲਿ = ਝਗੜੇ **ਵਾ:** ਕਲਿ = ਕਲਪਣਾਂ ਤੇ ਪੰਜ ਪ੍ਰਕਾਰ ਦੇ ਕਲੇਸ ਮਿਟਹਿ = ਮਿਟ ਜਾਂਦੇ ਹਨ, ਪੰਜ ਪ੍ਰਕਾਰ ਦਾ ਭਰਮ ਨਾਸਹਿ = ਨਾਸ਼ ਹੋ ਜਾਂਦਾ ਹੈ ਅਤੇ ਮਨਿ ਚਿੰਦਿਆ = ਮਨ ਇੱਛਤ ਫਲ ਪਾਈਐ = ਪਾ ਲਈਦਾ ਹੈ।

## ਪਾਰਬ੍ਰਹਮ ਪੂਰਨ ਪਰਮੇਸਰ; ਨਾਨਕ ਨਾਮੁ ਧਿਆਈਐ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਪਾਰਬ੍ਰਹਮ = ਪਾਪਾਂ ਪੁੰਨਾਂ ਤੋਂ ਪਰੇ ਬ੍ਰਹਮ = ਵਿਆਪਕ ਹੈ, ਸਾਰਿਆਂ ਦੇ ਤਾਈਂ ਪੂਰਨ ਵਾਲਾ, ਪਰਮੇਸਰ (ਪਰਮ+ਈਸਰ) ਪਰਮ = ਵੱਡਾ ਈਸ਼ਰ ਬਿਭੂਤੀ ਵਾਲਾ ਹੈ, ਉਸ ਦੇ ਨਾਮ ਨੂੰ ਧਿਆਈਐ = ਧਿਆਉਣਾ ਕਰੀਏ ॥੨॥

## ਸਖੀ ਇਛ ਕਰੀ, ਨਿਤ ਸੁਖ ਮਨਾਈ; ਪ੍ਰਭ ਮੇਰੀ ਆਸ ਪੁਜਾਏ ॥

ਹੇ ਸਖੀਏ ! ਇਸ ਤਰ੍ਹਾਂ ਦੀ ਨਿਤ = ਹਮੇਸ਼ਾਂ ਇਛ = ਇੱਛਾ ਕਰੀ = ਕਰੀਦੀ ਅਤੇ ਸੁੱਖ ਮਨਾਈਦਾ ਹੈ ਕਿ ਮੇਰੀ ਪ੍ਰਭ = ਵਾਹਿਗੁਰੂ ਆਸ = ਆਸਾ ਪੁਜਾਏ = ਪੂਰੀ ਕਰ ਦੇਵੇ ਅਤੇ ਮੈਨੂੰ ਹਰੀ ਵਾਹਿਗੁਰੂ ਦੀ ਪ੍ਰਾਪਤੀ ਹੋ ਜਾਵੇ **ਵਾ:** ਹੇ ਸਖੀ ! ਮੈਂ ਨਿਤ = ਨਿਤਾਪ੍ਰਤੀ ਇੱਛਾ ਕਰੀ = ਕਰਦੀ ਹਾਂ ਅਤੇ ਸੁਖ ਮਨਾਈ = ਮਨਾਉਂਦੀ ਹਾਂ ਕਿ ਪ੍ਰਭ = ਵਾਹਿਗੁਰੂ ਮੇਰੀ ਭੀ ਆਸਾ ਪੁਜਾਏ = ਪੂਰਨ ਕਰ ਦੇਵੇ।

## ਚਰਨ ਪਿਆਸੀ ਦਰਸ ਬੈਰਾਗਨਿ; ਪੇਖਉ ਥਾਨ ਸਬਾਏ ॥

ਉਸਦੇ ਚਰਨਾਂ ਦੀ ਪਿਆਸੀ = ਤਿਹਾਈ ਅਤੇ ਦਰਸ = ਦਰਸ਼ਨਾਂ ਵੱਲੋਂ ਵੈਰਾਗ ਦੇ ਸਹਿਤ ਬੈਰਾਗਨਿ = ਵੈਰਾਗਵਾਨ ਹੋ ਕੇ ਸਬਾਏ = ਸਭ ਥਾਨ = ਅਸਥਾਨਾਂ ਨੂੰ ਪੇਖਉ = ਦੇਖਦੀ ਫਿਰਦੀ ਹਾਂ, ਪਰ ਕਿਤੋਂ ਦਰਸ਼ਨਾਂ ਦੀ ਪ੍ਰਾਪਤੀ ਨਹੀਂ ਹੋਈ।

## ਖੋਜਿ ਲਹਉ, ਹਰਿ ਸੰਤ ਜਨਾ ਸੰਗੁ; ਸੰਮ੍ਰਿਥ ਪੁਰਖ, ਮਿਲਾਏ ॥

ਹੇ ਸਖੀ ! ਸੰਤ ਜਨਾਂ ਨਾਲ ਮਿਲ ਕੇ ਹਰਿ = ਹਰੀ ਅਕਾਲ ਪੁਰਖ ਨੂੰ ਖੋਜਿ = ਲੱਭ ਲਹਉ = ਲੈਣਾ ਕਰ ਕਿਉਂਕਿ ਪੁਰਖ = ਅਕਾਲ ਪੁਰਖ ਦੇ ਸੰਗ = ਨਾਲ ਮਿਲਾਏ = ਮਿਲਾਉਣ ਨੂੰ ਸੰਤ ਸਮਰੱਥ ਹਨ **ਵਾ:** ਹਰਿ = ਹਰੀ ਅਕਾਲ ਦੇ ਸੰਤ ਜਨਾ = ਮਹਾਤਮਾ ਜਨਾਂ ਦੀ ਸੰਗੁ = ਸੰਗਤ ਕਰ ਕੇ ਉਸ ਦੀ ਖੋਜਿ = ਪੜਤਾਲ ਲਹਉ = ਲੱਖਣਾ ਕਰ, ਉਸ ਸਰਬ ਕਲਾ ਸਮਰੱਥ ਅਕਾਲ ਪੁਰਖ ਦੇ ਨਾਲ ਸੰਤ ਮਿਲਾਏ = ਮੇਲ ਦੇਣਗੇ।

## ਨਾਨਕ ਤਿਨ ਮਿਲਿਆ ਸੁਰਿਜਨੁ ਸੁਖਦਾਤਾ; ਸੇ ਵਡਭਾਗੀ ਮਾਏ ॥੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਨ = ਉਸ ਨੂੰ ਸੁਰਿ = ਸ੍ਰੇਸ਼ਟਤਾਈ ਨੂੰ ਜਨੁ = ਪੈਦਾ ਕਰਨ ਵਾਲਾ **ਵਾ:** ਪ੍ਰਕਾਸ਼ ਰੂਪ ਪਰਮੇਸ਼ਰ ਨੂੰ ਪੈਦਾ ਕਰਨ ਵਾਲਾ ਪਰਮੇਸ਼ਰ ਸੁੱਖਾਂ ਦਾ ਦਾਤਾ ਮਿਲਿਆ ਹੈ ਭਾਵ ਪ੍ਰਾਪਤ ਹੋਇਆ ਹੈ। ਹੇ ਮਾਏ = ਮਾਤਾ ਦੀ ਨਿਆਈਂ ਸਖੀ ! ਸੇ = ਉਹ ਵਡਭਾਗੀ = ਵੱਡਿਆਂ ਭਾਗਾਂ ਵਾਲਾ ਹੈ ॥੩॥

## ਸਖੀ ਨਾਲਿ ਵਸਾ, ਅਪੁਨੇ ਨਾਹ ਪਿਆਰੇ; ਮੇਰਾ ਮਨੁ ਤਨੁ, ਹਰਿ ਸੰਗਿ ਹਿਲਿਆ ॥

ਹੇ ਸਖੀਏ ! ਮੈਂ ਤਾਂ ਆਪਣੇ ਪਿਆਰੇ = ਪ੍ਰੀਤਮ ਨਾਹ = ਪਤੀ ਦੇ ਹਰ ਵਕਤ ਨਾਲ ਵਸਾ = ਵਸਦੀ ਹਾਂ, ਮੇਰਾ ਮਨੁ = ਅੰਤਸ਼ਕਰਣ ਤਨੁ = ਸਰੀਰ ਉਸ ਹਰਿ = ਹਰੀ ਅਕਾਲ ਪੁਰਖ ਦੇ ਸੰਗਿ = ਨਾਲ ਹਿਲਿਆ = ਗਿੱਝ ਗਿਆ ਹੈ। ਜੈਸਾ ਕਿ :

**ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥** *(ਅੰਗ ੮੭੦)*

## ਸੁਣਿ ਸਖੀਏ, ਮੇਰੀ ਨੀਦ ਭਲੀ; ਮੈ ਆਪਨੜਾ ਪਿਰੁ ਮਿਲਿਆ ॥

ਹੇ ਸਖੀਏ ! ਸੁਣਿ = ਸੁਣਨਾ ਕਰ ਮੇਰੀ ਸਮਾਧੀ ਰੂਪ, ਸ਼ਾਂਤੀ ਰੂਪ ਨੀਦ ਭਲੀ = ਚੰਗੀ ਹੈ, ਇਸ ਵਿਚ ਮੈ = ਮੈਨੂੰ ਆਪਨੜਾ = ਆਪਣਾ ਪਿਰੁ = ਪਤੀ ਪਰਮੇਸ਼ਰ ਮਿਲਿਆ ਹੈ।

## ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ; ਪਰਗਾਸੁ ਭਇਆ ਕਉਲੁ ਖਿਲਿਆ ॥

ਸਹਜਿ = ਸੁਭਾਵਿਕ ਹੀ ਸੁਆਮੀ = ਮਾਲਕ ਪਰਮੇਸ਼ਰ ਦੀ ਪ੍ਰਾਪਤੀ ਹੋਣ ਕਰਕੇ ਜੋ ਜੰਮਣ ਮਰਣ ਭਾਵ ਜੀਵ ਈਸ ਦੇ ਭੇਦ ਦਾ ਭਰਮ ਸੀ, ਉਹ ਖੋਇਓ = ਨਾਸ ਹੋ ਗਿਆ ਤੇ ਆਤਮਿਕ ਸਾਂਤਿ = ਸ਼ਾਂਤੀ ਪ੍ਰਾਪਤ ਹੋ ਗਈ ਅਤੇ ਜਦੋਂ ਹਿਰਦੇ ਵਿਚ ਗਿਆਨ ਦਾ ਪਰਗਾਸੁ = ਚਾਨਣ ਭਇਆ = ਹੋਇਆ, ਤਦੋਂ ਦਾ ਹਿਰਦਾ

ਕਉਲੁ = ਕਮਲ ਵਾਂਗ ਖਿਲਿਆ = ਖਿੜ ਪਿਆ ਹੈ **ਵਾ:** ਹੇ ਸਖੀਏ! ਸਾਡੇ ਅੰਦਰ ਕ੍ਰੋੜਾਂ ਸੂਰਜਾਂ ਦੇ ਪਰਗਾਸੁ = ਪ੍ਰਕਾਸ਼ ਜਿੰਨਾ ਅਪ੍ਰੋਖ ਗਿਆਨ ਭਇਆ = ਹੋਇਆ ਹੈ। ਜੋ ਪਹਿਲਾਂ ਅਵਿੱਦਿਆ ਰੂਪੀ ਰਾਤ ਦੇ ਪ੍ਰਤਾਪ ਕਰ ਕੇ ਮਿਟਿਆ ਹੋਇਆ ਸੀ, ਹੁਣ ਗਿਆਨ ਰੂਪੀ ਦਿਨ ਚੜ੍ਹਨ ਕਰ ਕੇ ਕਉਲੁ = ਕਮਲ ਦੀ ਨਿਆਈਂ ਰਿਦਾ ਖਿਲਿਆ = ਖਿੜ ਗਿਆ ਹੈ। ਇਸ ਵਿਚ ਕਰੁਣਾ, ਮੈਤ੍ਰੀ ਰੂਪ ਪੰਖੜੀਆਂ ਖਿੜ ਆਈਆਂ ਹਨ, ਜਿਸ ਵਿੱਚੋਂ ਸ਼ਾਂਤੀ, ਧੀਰਜ, ਖਿਮਾ ਰੂਪੀ ਮਹਿਕ ਨਿਕਲ ਆਈ ਹੈ ਅਤੇ ਜਗਿਆਸੂ ਰੂਪ ਭੌਰੇ ਪ੍ਰਸੰਨ ਹੁੰਦੇ ਹਨ।

## ਵਰੁ ਪਾਇਆ ਪ੍ਰਭੁ ਅੰਤਰਜਾਮੀ; ਨਾਨਕ ਸੋਹਾਗੁ ਨ ਟਲਿਆ ॥੪॥੪॥੨॥੫॥੧੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਦ ਤੋਂ ਅੰਤਰਜਾਮੀ = ਅੰਦਰ ਦਾ ਜਾਮੀ = ਜਾਨਣ ਵਾਲਾ ਵਰੁ = ਪਤੀ ਪ੍ਰਭੁ = ਪਰਮੇਸ਼ਰ ਪਾਇਆ = ਪਾ ਲਿਆ ਹੈ, ਤਦ ਤੋਂ ਮੇਰਾ ਸੋਹਾਗ = ਅਨੰਦ ਟਲਿਆ = ਹਟਿਆ ਨ = ਨਹੀਂ ॥੪॥੪॥੨॥੫॥੧੧॥ ਜੈਸਾ ਕਿ :

**ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ ॥** *(ਅੰਗ ੭੭੩)*

**[ਅੰਗ ੨੫੦]**

## ੧ੴ ਸਤਿਗੁਰ ਪ੍ਰਸਾਦਿ ॥ ਗਉੜੀ ਬਾਵਨ ਅਖਰੀ, ਮਹਲਾ ੫, ਸਲੋਕੁ ॥

**ਉਥਾਨਕਾ :** ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਕਾਂਸ਼ੀ ਤੋਂ ਇਕ ਪੰਡਤ ਗੁਰੂ ਸਾਹਿਬ ਜੀ ਪਾਸ ਆਇਆ। ਉਸ ਨੇ ਬਾਵਨ ਅੱਖਰਾਂ ਦੁਆਰਾ ਉਪਦੇਸ਼ ਸਰਵਣ ਕਰਨ ਵਾਸਤੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਸੰਸਕ੍ਰਿਤ ਦੇ ਜੋ ਬਵੰਜਾ ਅੱਖਰ ਹਨ, ਉਨ੍ਹਾਂ ਦਾ ਸਿਧਾਂਤ ਕੀ ਹੈ ?

ਦੂਸਰਾ ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ੧੬੪੭ ਸੰਮਤ ਵਿਚ ਸ੍ਰੀ ਤਰਨ ਤਾਰਨ ਸਰੋਵਰ ਰਚ ਕੇ ਵਰ ਦਿੱਤਾ ਸੀ ਕਿ ਜੋ ਸ਼ਰਧਾ ਭਾਵਨਾ ਨਾਲ ਇਥੇ ਆ ਕੇ ਇਸ਼ਨਾਨ ਕਰੇਗਾ, ਉਸ ਦੀਆਂ ਮਨੋਕਾਮਨਾਵਾਂ ਪੂਰਨ ਹੋਣਗੀਆਂ, ਕੋੜ੍ਹੀਆ ਦੇ ਕੋੜ੍ਹ ਭੀ ਦੂਰ ਹੋ ਜਾਣਗੇ। ਇਹ ਗੱਲ ਸੁਣ ਕੇ ਸੰਗਤਾਂ ਬਹੁਤ ਹੀ ਹੁੰਮ- ਹੁਮਾ ਕੇ ਜਾਣ ਲੱਗ ਪਈਆਂ।

ਮਾਤਾ ਗੰਗਾ ਜੀ ਨੇ ਵੀ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਵੀ ਆਗਿਆ ਦੇਵੋ ਮੈਂ ਵੀ ਸ੍ਰੀ ਤਰਨਤਾਰਨ ਸਾਹਿਬ ਸਰੋਵਰ ਵਿਚ ਜਾ ਕੇ ਇਸ਼ਨਾਨ ਕਰ ਆਵਾਂ, ਗੁਰੂ ਜੀ ਨੇ ਆਗਿਆ ਦੇ ਦਿੱਤੀ। ਉਸ ਦਿਨ ਮੱਸਿਆ ਦਾ ਦਿਹਾੜਾ ਹੋਣ ਕਰ ਕੇ ਮਾਤਾ ਜੀ ਦੇ ਨਾਲ ਹੋਰ ਵੀ ਧਨਾਢ ਇਸਤਰੀਆਂ ਤਿਆਰ ਹੋ ਕੇ ਗਈਆਂ, ਜਿਨ੍ਹਾਂ ਨੇ ਗਲਾਂ ਵਿਚ ਬਹੁਤ ਕਿਸਮਾਂ ਦੇ ਹਾਰ ਸੋਨੇ ਦੇ ਗਹਿਣੇ ਆਦਿ ਪਹਿਰੇ ਹੋਏ ਸਨ। ਰਸਤੇ ਵਿਚ ਜਾਂਦਿਆਂ ਉਨ੍ਹਾਂ ਇਸਤਰੀਆਂ ਨੇ ਕਿਹਾ ਕਿ ਮਾਤਾ ਜੀ ਸਾਰੇ ਜਗਤ ਦੇ ਪੂਜਨੀਕ ਹੋ ਕੇ ਵੀ ਆਪ ਸਾਦਾ ਲਿਬਾਸ ਕਿਉਂ ਰੱਖਦੇ ਹੋ ? ਘਰ ਵਿਚ ਸਾਰੇ ਪਦਾਰਥ ਹਨ। ਪਰ ਮਾਤਾ ਜੀ ਸਦਾ ਸਾਦਾ ਲਿਬਾਸ ਰੱਖਦੇ ਸਨ, ਕੇਸਾਂ ਦਾ ਜੂੜਾ ਕਰ ਕੇ ਰੱਖਦੇ ਸਨ। ਉਸ ਵੇਲੇ ਤਾਂ ਮਾਤਾ ਜੀ ਚੁੱਪ ਰਹੇ, ਜਦੋਂ ਤਰਨ ਤਾਰਨ ਸਰੋਵਰ ਵਿਚ ਇਸ਼ਨਾਨ ਕਰ ਕੇ ਵਾਪਸ ਆਏ। (ਸੰਮਤ ੧੬੪੭, ੧੭ ਵੈਸਾਖ ਨੂੰ ਤਾਲ ਖੁਦਾਇਆ ਅਤੇ ਸੰਮਤ ੧੬੫੩ ਵਿਚ ਤਰਨ ਤਾਰਨ ਨਗਰ ਅਬਾਦ ਕੀਤਾ) ਤਾਂ ਮਾਤਾ ਜੀ ਨੇ ਸਤਿਗੁਰਾਂ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸੁਆਮੀ ਜੀ ਜਿਸ ਵੇਲੇ ਮੈਂ ਤਰਨ ਤਾਰਨ ਗਈ ਤਾਂ ਰਸਤੇ ਵਿਚ ਧਨਾਢ ਔਰਤਾਂ ਨੇ ਮੈਨੂੰ ਤਰਕ ਮਾਰੀ ਕਿ ਸਾਰੇ ਜਗਤ ਦੇ ਪੂਜਨੀਕ ਹੋ ਕੇ ਤੁਸੀਂ ਕੋਈ ਗਹਿਣਾ ਆਦਿਕ ਨਹੀਂ ਪਾਇਆ। ਗੁਰੂ ਜੀ ਕਹਿਣ ਲੱਗੇ ਕਿ ਕੈਸਾ ਗਹਿਣਾ ਚਾਹੁੰਦੇ ਹੋ ? ਜੋ ਚੋਰ ਲੁੱਟ ਲੈਣ ਜਾਂ ਐਸਾ ਗਹਿਣਾ ਜੋ ਲੋਕ ਪਰਲੋਕ 'ਚ ਪਤ ਰੱਖੇ। ਮਾਤਾ ਜੀ ਕਹਿਣ ਲੱਗੇ ਕਿ ਐਸਾ ਗਹਿਣਾ ਜੋ ਲੋਕ ਪਰਲੋਕ ਵਿਚ ਪਤ ਰੱਖੇ,

ਤਾਂ ਗੁਰੂ ਜੀ ਨੇ ਬਾਵਨ ਅੱਖਰੀ ਬਾਣੀ ਉਚਾਰੀ ਸੀ, ਗੁਰੂ ਜੀ ਕਹਿਣ ਲੱਗੇ, ਇਹ ਕੰਠ ਕਰ ਲਓ ਕਿ ਲੋਕ ਪਰਲੋਕ ਦਾ ਭੂਖਣ ਹੈ, ਜਿਵੇਂ ਗਹਿਣੇ ਵਿਚ ਧਾਗਾ ਹੁੰਦਾ ਹੈ, ਇਸੇ ਤਰ੍ਹਾਂ ਇਸ ਵਿਚ ਪਉੜੀਆਂ ਤੇ ਸਲੋਕ ਹਨ। ਇਸ ਵਿਚ ਵੈਰਾਗ ਵਾਲੇ ਬਚਨ ਰਤਨ ਦੀ ਨਿਆਈਂ ਹਨ, ਪ੍ਰੇਮ ਵਾਲੇ ਬਚਨ ਲਾਲ ਹਨ। ਗਿਆਨ ਵਾਲੇ ਬਚਨ ਜਵਾਹਰਰਾਤ ਹਨ, ਕਰੁਣਾ, ਮੁਦਤਾ, ਅਪੇਖਿਆ ਆਦਿਕ ਮਣੀਆਂ ਦਿੱਤੀਆਂ ਹਨ। ਭਗਤੀ ਰੂਪ ਚੂੜਾਮਣੀ ਗਹਿਣਾ ਬਖ਼ਸ਼ਿਆ ਹੈ, ਨਾਮ ਸੰਬੰਧੀ ਬਚਨ ਹੀਰੇ ਹਨ, ਸ਼ੁੱਧਤਾ ਸੰਬੰਧੀ ਬਚਨ ਮੋਤੀ ਹਨ, ਬਾਣੀ ਰੂਪ ਧਾਗਾ ਹੈ, ਬਾਣੀ ਰੂਪੀ ਧਾਗੇ ਵਿਚ ਇਹ ਸਭ ਮੋਤੀ ਗਹਿਣੇ ਆਦਿਕ ਪਰੋਤੇ ਹੋਏ ਹਨ, ਇਹ ਪਹਿਨ ਕੇ ਲੋਕ ਪਰਲੋਕ 'ਚ ਸੁਖ ਹੋਵੇਗਾ।

ਚਰਚਾ ਪੰਡਤ ਨਾਲ ਹੋਈ, ਬਾਣੀ ਮਾਤਾ ਗੰਗਾ ਜੀ ਨੂੰ ਅਰਪੀ।

ਮਾਤਾ ਜੀ ਨੇ ਪੁੱਛਿਆ ਕਿ ਮਹਾਰਾਜ ਜਿਸ ਵਿਚ ਗਹਿਣੇ ਰੱਖੇ ਜਾਂਦੇ ਹਨ, ਉਸ ਡੱਬੇ ਦੇ ਉੱਤੇ ਦੋ ਢੱਕਣ ਹੁੰਦੇ ਹਨ, ਹੇਠਲਾ ਤੇ ਉਪਰਲਾ, ਇਸ ਬਾਣੀ ਵਿਚ ਕਿਹੜੇ ਢੱਕਣ ਹਨ। ਗੁਰੂ ਜੀ ਕਹਿਣ ਲੱਗੇ ਕਿ ਆਦਿ ਅੰਤ ਜੋ ਸਲੋਕ ਪੜ੍ਹਨਾ ਹੈ, ਇਹ ਇਸ ਦੇ ਢੱਕਣ ਹਨ। ਇਹਦੇ ਵਿਚ ਗਿਆਨ ਰੂਪ ਗਹਿਣਾ ਰੱਖਿਆ ਹੋਇਆ ਹੈ। ਇਸ ਸਲੋਕ ਨੂੰ ਵਾਧੂ ਸਮਝ ਕੇ ਛੱਡਣਾ ਨਹੀਂ, ਹੁਕਮ ਕੀਤਾ ਕਿ ਇਹ ਸਲੋਕ ਆਦਿ ਅੰਤ ਪੜ੍ਹਨਾ ਹੈ।

ਗ਼ਰੀਬ ਨਿਵਾਜ ਸਤਿਗੁਰੂ ਜੀ ਦੀ ਬਾਵਨ ਅੱਖਰੀ ਨਾਮ ਦੀ ਬਾਣੀ ਦੇ ਸੰਬੰਧ ਵਿਚ ਡਾ. ਭਾਈ ਵੀਰ ਸਿੰਘ ਜੀ ਦੇ ਬਹੁਤ ਸੁੰਦਰ ਵੀਚਾਰ ਇਸ ਪ੍ਰਕਾਰ ਹਨ:

## ਇਸ ਬਾਣੀ ਦੀ ਅੱਖਰ ਵਿਵੇਚਨਾ

'ਬਾਵਨ ਅੱਖਰ' ਦਾ ਅਰਥ ਹੈ 'ਬਵੰਜਾ ਅੱਖਰ'! ਸੰਸਕ੍ਰਿਤ ਵਾਲੇ ਆਪਣੀ ਵਰਣਮਾਲਾ ਦੇ ੫੨ ਅੱਖਰ ਗਿਣਦੇ ਹਨ, ਇਸ ਕਰਕੇ 'ਬਾਵਨ ਅੱਖਰੀ' ਦਾ ਅਰਥ ਬਵੰਜਾ ਅੱਖਰਾਂ ਵਾਲੀ ਮੁਰਾਦ ਹੈ ਵਰਣਮਾਲਾ ਤੋਂ। ਜਿਵੇਂ ਫਾਰਸੀ ਦੇ ਤੀਹ ਅੱਖਰ ਹੋਣ ਕਰਕੇ ਉਸਦੀ ਵਰਣਮਾਲਾ ਨੂੰ 'ਸੀਹਰਫ਼ੀ' (੩੦ ਅੱਖਰਾਂ ਵਾਲੀ) ਆਖਦੇ ਹਨ। ਗੁਰਮੁਖੀ ਵਰਣਮਾਲਾ ਦੇ ੩੫ ਅੱਖਰ ਹੋਣ ਕਰਕੇ ਗੁਰਮੁਖੀ ਵਰਣਮਾਲਾ ਨੂੰ 'ਪੈਂਤੀ' ਆਖ ਲੈਂਦੇ ਹਨ। ਬਾਵਨ ਅੱਖਰੀ ਨਾਮ, ਵਰਣਮਾਲਾ ਦਾ ਹੈ, ਜਿਸ ਵਿਚ ਬਵੰਜਾ ਅੱਖਰ ਜ਼ਰੂਰੀ ਨਹੀਂ। ਗਉੜੀ ਰਾਗ ਦੀ ਭਗਤ ਬਾਣੀ ਵਿਚ ਕਬੀਰ ਜੀ ਦੀ ਬਾਵਨ ਅੱਖਰੀ ਅੰਦਰ ਸਾਰੇ ੩੪ ਅੱਖਰ ਹਨ, ਓਅੰ ਪਾ ਕੇ '੩੫' ਸਾਲ ਸਮਝ ਲਉ। ਪਰ ਨਾਮ ਬਾਵਨ ਅੱਖਰੀ ਹੈ, ਹੁਣ ਜੋ ਬਵੰਜਾ ਅੱਖਰਾਂ ਦੀ ਵਿਵੇਚਨਾ ਇਸ ਬਾਵਨ ਅੱਖਰੀ ਵਿਚ ਪੜਤਾਲਣੀ ਹੋਵੇ ਤਾਂ ਉਸਦੀ ਵੀਚਾਰ ਇਸ ਪ੍ਰਕਾਰ ਹੈ:

ਸੰਸਕ੍ਰਿਤ ਵਾਲੇ ਵਰਣਮਾਲਾ ਵਿਚ, ਜਿਸ ਨੂੰ ਦੇਵਨਾਗਰੀ ਵੀ ਆਖ ਲੈਂਦੇ ਹਨ, ਉਹ ਇਸ ਪ੍ਰਕਾਰ ਬਵੰਜਾ ਅੱਖਰ ਬਣਾਉਂਦੇ ਹਨ।

| | |
|---|---|
| अ, अ, इ, ई, उ, ऊ, ऋ, ॠ, ऌ, ॡ, ए, ऐ, ओ, औ, अं, अः | = ੧੬ |
| क, ख, ग, घ, ङ = ੫, च, छ, ज, झ, ञ = ੫ | = ੧੦ |
| ट, ठ, ड, ढ, ण = ੫, त, थ, द, ध, न = ੫ | = ੧੦ |
| प, फ, ब, भ, म = ੫, य, र, ल, व = ੪ | = ੦੯ |
| श, ष, स, ह, क्ष, त्र, ज्ञ | = ੦੭ |
| ਜੋੜ | = ੫੨ |

ਇਸ ਵਰਣਮਾਲਾ ਵਿਚ 'ਅ, ਏ, ੳ' ਕੇਵਲ ਤ੍ਰੈ ਅੱਖਰਾਂ ਦੇ ੧੬ ਬਣੇ ਹਨ ਸੋ ੧੬-੩=੧੩

ਕ੍ਸ਼, ਤ੍ਰ, ਗ੍ਯ ਇਹ ਤ੍ਰੈ ਦੁਤ ਅੱਖਰ ਹਨ ੧੩+੩=੧੬

ਇਹ ਸੋਲਾਂ ਘਟਾਂ ਦਿਓ ਤਾਂ ਬਵੰਜਾਂ ਅੱਖਰਾਂ ਵਿੱਚੋਂ ਮੂਲ ਅੱਖਰ ਬਾਕੀ ੩੬ ਰਹਿ ਜਾਂਦੇ ਹਨ।

ਗੁਰਮੁਖੀ ਵਰਣਮਾਲਾ ਦੇ ਕੁੱਲ ੩੫ ਅੱਖਰ ਹਨ। ਸ਼, ਸ਼੍ਰ, ਗੁਰਮੁਖੀ ਵਿਚ ਨਹੀਂ ਹਨ, ਜੇ ਇਹ ਦੋਵੇਂ ਪਾ ਲਈਏ ਤਾਂ ਗਿਣਤੀ ੩੫+੨=੩੭ ਹਜੋ ਜਾਂਦੀ ਹੈ। 'ੜ' ਅੱਖਰ ਸੰਸਕ੍ਰਿਤ ਵਿਚ ਨਹੀਂ ਹੈ, ਗੁਰਮੁਖੀ ਵਿਚ ਇਹ ਵਾਧਾ ਹੈ।

ਇਹ ਬਾਵਨ ਅੱਖਰੀ ਕਿੰਝ ਪੂਰੇ ਹੁੰਦੇ ਹਨ, ਉੱਪਰ-ਉੱਪਰ ਨਜ਼ਰ ਮਾਰਨ ਨਾਲ ਤਾਂ ਪਤਾ ਨਹੀਂ ਲੱਗਦਾ, ਤੇ ਸੰਭਾਵਨਾ ਹੁੰਦੀ ਹੈ ਕਿ 'ਕ ਤੋਂ ਵ' ਤੱਕ ਤਾਂ ਠੀਕ ਹਨ ਤੇ ਪਹਿਲੋਂ ਅਤੇ ਪਿਛੇ ਕਿਸੇ ਗੱਲਬਾਤ ਦਾ ਕੋਈ ਪਤਾ ਨਹੀਂ ਲੱਗਦਾ, ਪਰ ਡੂੰਘੀ ਵੀਚਾਰ ਇਉਂ ਰਾਹ ਦੇਂਦੀ ਹੈ।

'ਓਅੰ ਸਿਧੰਙਾਯ[1] ਇਹ ਅੱਖਰ ਪਾਂਧੇ ਪੱਟੀ ਦੇ ਪਹਿਲੇ 'ਮੰਗਲ ਰੂਪ' ਲਿਖਦੇ ਹੁੰਦੇ ਸਨ ਤੇ ਅੱਗੋਂ ਅੱਖਰ ਪਾਉਂਦੇ ਸਨ, ਸੋ ਗੁਰੂ ਜੀ ਨੇ ਬਾਵਨ ਅੱਖਰੀ ਦੇ ਉਚਾਰਨ ਵਿਚ ਪਹਿਲੋਂ ਇਹੋ ਅੱਖਰ ਲਾਏ ਹਨ। ਜੈਸਾ ਕਿ :

ਉਅੰ ਉਅੰ ਸਾਧ ਸਤਿਗੁਰ ਨਮਸਕਾਰੰ॥ ਉਅੰ ਗੁਰਮੁਖਿ॥ (ਅੰਕ ੧-੨)
ਸਿ 'ਧੋਈ ਸਾਹ...॥' ਸਸਾ ਸਤਿ ਸਤਿ॥ (ਅੰਕ ੩, ਸਲੋਕ ਤੇ ਪਉੜੀ)
ਧ ਧਨੁ ਧਨੁ ਕਹਾ ਪੁਕਾਰਤੇ॥ ਧਧਾ ਧੂਰਿ ਪੁਨੀਤ॥ (ਅੰਕ ੪, ਸਲੋਕ ਤੇ ਪਉੜੀ)
ਙਾ ਅਨਿਕ ਭੇਖ ਅਰੁ ਙਿਆਨ॥ ਙੰਙਾ ਙਿਆਨੁ ਨਹੀ ਸੁਖ॥ (ਅੰਕ ੫, ਸਲੋਕ ਪਉੜੀ)
ਯ 'ਯਾ ਜੁਗ ਮਹਿ॥ (ਅੰਕ ੬, ਪਉੜੀ)
ਹੁਣ ਸੂਰ ਅੱਖਰ ਟੁਰੇ :
ਆ ਆਵਤ ਹੁਕਮ ਬਿਨਾਸ ਹੁਕਮਿ॥ (ਅੰਕ ੭, ਸਲੋਕ)
ਏ ਏਊ ਜੀਅ ਬਹੁਤ॥ (ਅੰਕ ੭, ਪਉੜੀ)
ਏਕਹਿ ਆਪ ਕਰਾਵਨਹਾਰਾ॥ (ਅੰਕ ੮, ਪਉੜੀ)
ਰਿ (ਰ ਦੇ ਰੂਪ ਵਿਚ[2]) 'ਰਾਚਿ ਰਹੇ ਬਨਿਤਾ...॥' 'ਰੇ ਮਨ ਬਿਨੁ...'॥
(ਅੰਕ ੯, ਸਲੋਕ ਤੇ ਪਉੜੀ)
ਰੀ (ਰ ਦੇ ਰੂਪ ਵਿਚ) 'ਜੋ ਰਾਤੇ ਰੰਗ ਏਕ ਕੇ॥ ਰਾਰਾ ਰੰਗਹੁ ਇਆ ਮਨ...॥
(ਅੰਕ ੧੦, ਸਲੋਕ ਤੇ ਪਉੜੀ)
ਲ੍ਰਿ (ਲ ਦੇ ਰੂਪ ਵਿਚ) ਲਾਲਚ ਝੂਠ...॥ ਲਲਾ ਲਪਟਿ ਬਿਖੈ...॥
(ਅੰਕ ੧੧, ਸਲੋਕ ਤੇ ਪਉੜੀ)
ਲ੍ਰੀ (ਲ ਦੇ ਰੂਪ ਵਿਚ) 'ਲਾਲ ਗੁਪਾਲ ਗੋਬਿੰਦ...'॥ ਲਲਾ ਤਾਕੈ ਲਵੈ...'॥
(ਅੰਕ ੧੨, ਸਲੋਕ ਤੇ ਪਉੜੀ)

ਹੁਣ ਬਾਕੀ ਦੇ ਸੂਰ ਇਕ ਇਕ ਕਰਕੇ ਨਹੀਂ ਲਏ। ਪ੍ਰੰਤੂ ਜਿਵੇਂ ਪਾਂਦੇ ਉਚਾਰਣ ਕਰਾਉਂਦੇ ਹਨ, ਓਅੰ ਸਿੰਧ ਰੀ ਰੀ ਲੀ ਲੀ ਅਯੋ ਅੰਙੈ, ਉਵੇਂ ਹੀ ਇਕ ਸੰਧੀ ਸੰਧੀ ਰੂਪ ਵਿਚ ਐਉਂ ਲਏ ਹਨ :

---

੧. ਕਈ ਪਾਂਧੇ 'ਓਨਮ: ਸਿਧਾਂ' ਇਤਨਾਂ ਹੀ ਲਿਖਦੇ ਸਨ, ਪਰ ਉਨ੍ਹਾਂ ਨੂੰ ਇਸਦਾ ਅਰਥ ਭਾਵ ਤੇ ਸ਼ੁੱਧਤਾ ਦੀ ਘੱਟ ਪਰਵਾਹ ਹੁੰਦੀ ਸੀ, ਇਸ ਨੂੰ ਮੰਗਲ ਰੂਪ ਸਮਝ ਕੇ ਤੇ ਸ਼ੁਭ ਸਗਨ ਸਮਝ ਕੇ ਲਿਖਦੇ ਹੁੰਦੇ ਸਨ।

੨. ਰਿ, ਰੀ, ਲ੍ਰਿ, ਲ੍ਰੀ ਨੂੰ 'ਰ' ਤੇ 'ਲ' ਦੇ ਰੂਪ ਵਿਚ ਲਿਆ ਹੈ ਕਿਉਂਕਿ ਪੰਜਾਬੀ ਵਿਚ ਇਨ੍ਹਾਂ ਦਾ ਸੂਰ ਰੂਪ ਉਚਾਰਣ ਨਹੀਂ ਹੈ, ਸੋ 'ਰ' ਤੇ 'ਲ' ਵਿਚ ਹੀ ਪ੍ਰਗਟ ਕੀਤਾ ਹੈ।
ਕਿਉਂਕਿ ਪੰਜਾਬੀ ਵਿਚ 'ਸ਼', 'ਸ਼੍ਰ' ਦਾ ਉਚਾਰਨ ਨਹੀਂ ਸੀ, ਸੋ 'ਸ' ਤੇ 'ਖ' ਦੇ ਰੂਪ ਵਿਚ ਲੈ ਲਿਆ ਹੈ।

ਅ, ਐ, ਇ, ਈ, ਓ, ਔ = ਅਯੋ। ਤੇ 'ਅਯੋ ਅੰਙੈ' ਵਿਚ ਆ ਗਏ ਅ, ਐ, ਇ, ਈ, ਓ, ਔ, ਅੰ, ਆਂ। ਬਾਵਨ ਅੱਖਰੀ ਵਿਚ ਇਹ ਰੂਪ ਗੁਰੂ ਜੀ ਨੇ ਐਉਂ ਲਏ ਹਨ: ਅ, ਯ, ਅ, ਙ।

ਅ 'ਆਤਮ ਰਸ'...॥ ਆਇਆ ਸਫਲ...॥ (ਅੰਕ ੧੩, ਸਲੋਕ ਤੇ ਪਉੜੀ)
ਯ 'ਯਾਸੁ ਜਪਤ ਮਨਿ...'॥ ਯਯਾ ਜਾਰਉ ਦੁਰਮਤਿ...॥ (ਅੰਕ ੧੪, ਸਲੋਕ ਤੇ ਪਉੜੀ)
ਅੰ 'ਅੰਤਰਿ ਮਨ ਤਨ...'॥ ਅਨਦਿਨੁ ਸਿਮਰਹੁ...'॥ (ਅੰਕ ੧੫, ਸਲੋਕ ਤੇ ਪਉੜੀ)
ਙ 'ਮੁਖਿ ਙਿਆਨੀ...'॥ ਙੰਙਾ ਖਟੁ ਸਾਸਤ੍ਰ...॥ (ਅੰਕ ੧੬, ਸਲੋਕ ਤੇ ਪਉੜੀ)

ਹੁਣ ਸੂਰ ਸਮਾਪਤ ਕਰਕੇ ਅੱਗੋਂ ਕ੍ਰਮਵਾਰ ਵਯੰਜਨ ਸ਼ੁਰੂ ਹੁੰਦੇ ਹਨ, ਜੋ ਅੰਕ ੧੭ ਤੋਂ 'ਕ' ਤੋਂ ਲੈ ਕੇ ਅੰਕ ੪੬ ਦੇ 'ਵ' ਤੱਕ ਮੁੱਕਦੇ ਹਨ। ਅੰਕ ੪੭ ਵਿਚ 'ੜ' ਅੱਖਰ ਆਇਆ ਹੈ, ਜੋ ਗੁਰਮੁਖੀ ਪੈਂਤੀ ਵਿਚ ਨਵਾਂ ਪਾਇਆ ਸੀ, ਇਹ ਅੱਖਰ ਸੰਸਕ੍ਰਿਤ ਵਰਣਮਾਲਾ ਵਿਚ ਨਹੀਂ ਸੀ। ਅੱਗੋਂ ਹੁਣ ਸੰਸਕ੍ਰਿਤ ਦੇ ਸ਼, ਖ਼, ਸ, ਹ, ਚਾਰ ਅੱਖਰ ਲਏ ਹਨ:

ਅੰਕ ੪੮ ਵਿਚ ਸ਼ (-श) 'ਸ' ਦੇ ਰੂਪ ਵਿਚ
ਅੰਕ ੪੯ ਵਿਚ ਖ਼ (-ष) 'ਖ' ਦੇ ਰੂਪ ਵਿਚ
ਅੰਕ ੫੦ ਵਿਚ ਸ (-स) ਅੰਕ ੫੧ ਵਿਚ ਹ (-ह)

ਅੰਕ ੫੩-੫੪ ਵਿਚ ਸੰਸਕ੍ਰਿਤ ਦਾ ਦੁਤ ਅੱਖਰ 'ਕਸ਼' (क्ष) 'ਖ' ਦੇ ਰੂਪ ਵਿਚ[੧], ਇਸ ਤਰ੍ਹਾਂ ੫੧ ਅੱਖਰ ਹੋ ਗਏ।

ਅੰਕ ੩੨ ਵਿਚ ਤਤੇ ਦੇ ਅੰਤਰਗਤਿ ਦੁਤ ਅੱਖਰ 'ਤ੍ਰੈ' ਲੈ ਲਿਆ ਹੈ, ਜੈਸਾ ਕਿ:

ਤ੍ਰਾਸ ਮਿਟੈ ਜਮ ਪੰਥ ਕੀ॥

ਐਉਂ ਬਵੰਜਾ ਅੱਖਰ ਪੂਰੇ ਹੋ ਗਏ। ਅੱਖਰ ਸਮਾਪਤ ਕਰਕੇ ਅੰਕ ੫੫, ਸਲੋਕ ਤੇ ਪਉੜੀ ਵਿਚ ਵਾਹਿਗੁਰੂ ਜੀ ਦਾ ਗੁਣ ਕਥਨ ਤੇ ਅਰਦਾਸ ਹੈ, ਜੋ ਸਮਾਪਤੀ ਦਾ ਮੰਗਲ ਹੈ, ਇਸ ਤੋਂ ਮਗਰੋਂ ਆਦਿ ਮੰਗਲ ਨੂੰ ਦੁਹਰਾਇਆ ਹੈ ਤੇ ਆਗਿਆ ਕੀਤੀ ਹੈ ਕਿ ਇਸ ਸਲੋਕ ਨੂੰ ਆਦਿ ਅੰਤ ਦੁਇ ਵੇਲੇ ਪੜ੍ਹਨਾ ਹੈ।

## ਇਸ ਬਾਣੀ ਦੇ ਗਾਇਨ ਦਾ ਵੀਚਾਰ

ਇਸ ਬਾਣੀ ਦੇ ਸੰਗਤਾਂ ਵਿਚ ਗਾਇਨ ਦਾ ਰਿਵਾਜ਼ ਨਹੀਂ, ਪਰ ਇਸਦੇ ਗਾਉਣ ਦੀ ਮਨਾਹੀ ਵੀ ਨਹੀਂ ਹੈ, ਸਗੋਂ ਗੁਰੂ ਜੀ ਦੀ ਸਪਸ਼ਟ ਇਜਾਜ਼ਤ ਹੈ ਕਿਉਂਕਿ ਇਸ ਦੇ ਉੱਪਰ ਸਤਿਗੁਰੂ ਜੀ ਨੇ ਗਉੜੀ ਰਾਗ ਲਿਖਿਆ ਹੈ ਤੇ ਇਸਦੇ ਅੰਕ ੧ ਦੇ ਅਖ਼ੀਰ ਤੇ ਅੰਕ ੨ ਦੇ ਅਰੰਭ ਵਿਚਕਾਰ 'ਰਹਾਉ' ਦਿੱਤਾ ਹੈ। ਜੈਸਾ ਕਿ:

**ਕਰ ਕਿਰਪਾ ਪ੍ਰਭ ਦੀਨ ਦਇਆਲਾ॥ ਤੇਰੇ ਸੰਤਨ ਕੀ ਮਨੁ ਹੋਇ ਰਵਾਲਾ॥ਰਹਾਉ॥**

ਸਾਰੀ ਬਾਣੀ ਵਿਚ ਇਕ ਇਹੋ ਰਹਾਉ ਹੈ, ਜਿਵੇਂ ਸੁਖਮਨੀ ਵਿਚ ਵੀ ਇਕ ਰਹਾਉ ਹੈ, ਜਿਸ ਦਾ ਭਾਵ ਇਹ ਹੈ ਕਿ ਇਸਦੀ ਹਰ ਪਉੜੀ ਦੇ ਮਗਰੋਂ, ਗਾਇਨ ਵਿਚ ਇਹਹੋ ਰਹਾਉ ਗਾਵਿਆ ਜਾਵੇ। ਬਾਕੀ ਇਕ ਇਕ ਸਲੋਕ ਤੇ ਇਕ ਇਕ ਪਉੜੀ ਦਾ ਜੁੱਟ ਆਪ ਹੀ ਰਚ ਕੇ ਰੱਖਿਆ ਹੈ ਤੇ ਮਾਨੋ ਸੂਚਤ ਹੈ ਕਿ ਹਰੇਕ ਜੁੱਟ ਦੇ ਮਗਰੋਂ ਰਹਾਉ ਇੱਕੋ ਵਰਤਿਆ ਜਾਵੇ।

---

੧. ਕਿਉਂਕਿ 'ਕਸ਼' ਦਾ ਉਚਾਰਨ ਪੰਜਾਬੀ ਵਿਚ ਨਹੀਂ ਸੀ, ਤਾਂਤੇ 'ਖ' ਦੇ ਰੂਪ ਵਿਚ ਹੀ ਲਿਆ, ਜੈਸੇ ਕਸ਼ੀਰ ਨੂੰ ਖੀਰ ਤੇ ਰਾਕਸ਼ ਨੂੰ ਰਾਖ਼ਸ਼ ਆਖਦੇ ਹਨ।

## ਇਸ ਬਾਣੀ ਦਾ ਸਮੁੱਚਾ ਭਾਵ

ਇਸ ਬਾਣੀ ਦੀ ਰਹਾਉ ਵਾਲੀ ਤੁੱਕ ਅਰਦਾਸ ਦੇ ਰੂਪ ਵਿਚ ਹੈ, ਉਸ ਵਿਚ ਪੰਜ ਮੁੱਖ ਗੱਲਾਂ ਹਨ। (੧) ਪ੍ਰਭੂ, (੨) ਪ੍ਰਭੂ ਦੀ ਅਨੁਗ੍ਰਹੁ, (੩) ਸੰਤ, (੪) ਸੰਤ ਦੀ ਸ਼ਰਣ, (੫) ਜਗਿਆਸੂ ਮਨ, ਜਿਸ ਵਿਚ ਇੱਛਾ ਹੈ, ਜਿਸ ਦੀ ਇੱਛਾ ਹੈ ਉਹ ਪ੍ਰਭੂ ਹੈ। ਪ੍ਰਭੂ ਤੋਂ ਉਸ ਦੀ ਅਨੁਗ੍ਰਹੁ (ਕ੍ਰਿਪਾਲਤਾ) ਦੀ ਲੋੜ ਹੈ, ਉਸ ਅਨੁਗ੍ਰਹੁ ਨੇ ਸੰਤ ਮਿਲਾਉਣਾ ਹੈ, ਸੰਤ ਦੀ ਸ਼ਰਣ ਮਨ ਨੇ ਲੈਣੀ ਹੈ। ਸੰਤ ਨੇ ਪ੍ਰਭੂ ਮਿਲਾਉਣਾ ਹੈ। ਸਾਰੀ ਬਾਣੀ ਵਿਚ ਪ੍ਰਭੂ ਦਾ ਸਰੂਪ ਦੱਸਿਆ ਹੈ। ਉਹ ਕਰਤਾ ਕਰਣਹਾਰ ਹੈ। ਜੀਵ ਉਸ ਦੀ ਰਚਨਾ ਹਨ। ਜੀਵਾਂ ਨੂੰ ਮਾਯਾ ਗ੍ਰਸ ਕੇ ਆਪਣੇ ਵਿਚ ਰੱਖ ਲੈਂਦੀ ਹੈ ਤੇ ਜੀਵ ਭਟਕਣਾ ਦੇ ਦੁੱਖ ਵਿਚ ਪਏ ਰਹਿੰਦੇ ਹਨ। ਦੁੱਖਾਂ ਤੇ ਭਟਕਣਾ ਦੀ ਨਵਿਰਤੀ ਰਹਾਉ ਵਿਚ ਸੰਖੇਪ ਮਾਤ੍ਰ ਦੱਸ ਦਿੱਤੀ ਹੈ ਤੇ ਅੱਗੇ ਬਾਣੀ ਵਿਚ ਖੋਲ੍ਹ-ਖੋਲ੍ਹ ਦੱਸੀ ਹੈ ਕਿ ਹੇ ਜੀਵੋ! ਮਾਇਆ ਦੇ ਮੋਹ ਦੀ ਥਾ ਕਰਤਾ ਪੁਰਖ ਦਾ ਪ੍ਰੇਮ ਅੰਦਰ ਵਸਾਉ, ਇਸ ਬੰਧਨ ਵਿਚ ਪਾਉਣ ਵਾਲੀ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਕੇ ਪਰਮੇਸ਼ਰ ਦੇ ਪ੍ਰੇਮ ਵਿਚ ਲੱਗੋ, ਜਿਸ ਨੇ ਤੁਸਾਂ ਨੂੰ ਰੱਚਿਆ ਹੈ ਤੇ ਜੋ ਹੁਣ ਵੀ ਤੁਹਾਡੇ ਜੀਵਨ ਦਾ ਅਧਾਰ ਤੇ ਆਸਾਰ ਰੂਪ ਹੈ, ਉਸ ਨਾਲ ਪ੍ਰੇਮ ਕਰਨਾ ਤੁਹਾਨੂੰ ਮਾਇਆ ਦੇ ਬੰਧਨਾਂ ਰੂਪ ਮੋਹਾਂ ਤੋਂ ਛੁਟਕਾਰਾ ਦੇਵੇਗਾ ਤੇ ਉਸ ਸਦਾ ਸੁੱਖ ਰੂਪ ਨਾਲ ਮੇਲ ਦੇਵੇਗਾ। ਫੇਰ ਤੁਸੀਂ ਨਿਰਬੰਧ, ਸੁਤੰਤ੍ਰ ਤੇ ਕਰਤਾ ਪੁਰਖ ਨਾਲ ਇਕ ਮਿੱਕ ਹੋਏ ਵਰਤੋਗੇ, ਫੇਰ ਤੁਸਾਨੂੰ ਕੋਈ ਮੋਹ ਤੇ ਮੋਹ ਤੋਂ ਉਪਜੇ ਕਰਮ ਬੰਧਾਇਮਾਨ ਨਹੀਂ ਕਰਨਗੇ, ਤੁਹਾਡੇ ਅਮਲ ਕਰਤਾ ਪੁਰਖ ਦੀ ਅਗੁਵਾਨੀ ਵਿਚ ਪਕੜਾਂ ਤੋਂ ਰਹਿਤ, ਵਾਸਨਾ, ਤ੍ਰਿਸ਼ਨਾ ਤੋਂ ਸਾਫ਼ ਨਿਰਮਲ ਕਰਮ ਹੋ ਜਾਣਗੇ, ਜੋ ਕਿਸੇ ਭਟਕਣਾ ਵਿਚ ਜਾਂ ਬੰਧਨਾਂ ਵਿਚ ਨਹੀਂ ਪਾ ਸਕਣਗੇ। ਹਉਮੈ ਨੂੰ ਬੁੱਝ ਲਵੋਗੇ, ਪਰਮੇਸ਼ਰ ਦਾ ਦਰ ਸੁੱਝ ਪਵੇਗਾ, ਤਦ ਤੁਸੀਂ ਕਰਤਾ ਪੁਰਖ ਨੂੰ ਸਭ ਕੁਝ ਦਾ ਕਰਨਹਾਰ ਵੇਖੋਗੇ, ਤੁਹਾਡੀ ਦ੍ਰਿਸ਼ਟੀ ਬ੍ਰਹਮ ਦ੍ਰਿਸ਼ਟੀ ਹੋ ਜਾਵੇਗੀ, ਪ੍ਰਿਯ ਸਰੂਪ ਪਰਮੇਸ਼ਰ ਨਾਲ ਤੁਸੀਂ ਅਨਿੰਨ ਪ੍ਰੇਮ ਨਾਲ ਤਦ ਰੂਪ ਹੋ ਜਾਓਗੇ ਭਾਵ ਉਸੇ ਵਾਂਗੂੰ ਅਲੋਪ ਹੋ ਜਾਵੋਗੇ।

ਕਈ ਵਾਰ ਬਾਣੀ ਨੂੰ ਸਮਝੇ ਤੋਂ ਬਗ਼ੈਰ ਅਗਿਆਨਤਾ ਕਰਕੇ ਬਾਣੀ ਵਿੱਚੋਂ ਸ਼ੰਕਾ ਉਪਜ ਪੈਂਦੀਆਂ ਹਨ ਕਿ ਜੇਕਰ ਸਭ ਕੁਝ ਉਹੋ ਹੀ ਕਰਦਾ ਹੈ, ਤਾਂ ਫੇਰ ਸਾਡੀ ਕੀ ਜ਼ਿਮੇਵਾਰੀ ਹੋਈ? ਗੁਰੂ ਜੀ ਏਥੇ ਬ੍ਰਹਮ ਨਾਲ ਯੁਕਤ ਪੁਰਖ ਤੇ ਮਾਇਆ ਨਾਲ ਯੁਕਤ ਪੁਰਖ ਦੀ ਦ੍ਰਿਸ਼ਟੀ ਦਾ ਫ਼ਰਕ ਦਿਖਾ ਰਹੇ ਹਨ। ਪਾਪ ਪੁੰਨ ਦੀ ਜ਼ਿਮੇਵਾਰੀ ਵੰਡ ਕੇ ਜੀਵ ਨੂੰ ਨਿਰਦੋਖ ਤੇ ਪਰਮਾਤਮਾ ਨੂੰ ਦੋਖੀ ਨਹੀਂ ਦੱਸ ਰਹੇ, ਪਰਮਾਤਮਾ ਦੇਵ ਨੂੰ ਉਹ ਨਿਰਲੇਪ ਤੇ ਬੇਪਰਵਾਹ ਦੱਸ ਰਹੇ ਹਨ ਜਿਵੇਂ ਕੋਈ ਕਿਸੇ ਦਾ ਖ਼ੂਨ ਕਰਦਾ ਹੈ ਤਾਂ ਉਹ ਚਾਨਣ ਦੇ ਆਸਰੇ ਕਰਦਾ ਹੈ ਜੇ ਹਨ੍ਹੇਰਾ ਹੋਵੇ ਤਾਂ ਉਸਨੂੰ ਆਪਣਾ ਸ਼ਿਕਾਰ ਦਿਸੇ ਹੀ ਨਾ। ਪਰ ਇਸ ਵਿਚ ਚਾਨਣਾ ਤਾਂ ਖ਼ੂਨ ਦਾ ਜ਼ਿਮੇਵਾਰੀ ਨਹੀਂ ਹੈ।

ਫੇਰ ਜੀਵ ਅਕਾਸ਼ ਸਦਾ ਅਸੰਗ ਹੈ, ਤਿਵੇਂ ਕਰਤਾਰ ਸਦਾ ਅਸੰਗ ਤੇ ਨਿਰਲੇਪ ਹੈ, ਜੀਵ ਜ਼ਿਮੇਵਾਰ ਹੈ। ਇਹ ਗੱਲ ਇਸ ਬਾਣੀ ਵਿਚ ਕਈ ਵਾਰ ਦੱਸੀ ਹੈ ਕਿ ਜੀਵ ਮਾਇਆ ਦੇ ਪ੍ਰੇਮ ਵਿਚ ਪਾਪ ਕਰਕੇ ਬੰਧਨ ਵਿਚ ਪਿਆ ਹੈ ਤੇ ਉਸ ਪਾਪ ਕਰਮਾਂ ਕਰਕੇ ਉਸਦਾ ਫਲ ਦੁੱਖ ਪਾ ਰਿਹਾ ਹੈ, ਜਿਵੇਂ ਅੰਕ ੩੯ ਵਿਚ ਸਾਫ਼ ਦੱਸਿਆ ਹੈ ਕਿ:

**ਬਾਧਿਓ ਆਪਨ ਹਉ ਹਉ ਬੰਧਾ॥ ਦੋਸ ਦੇਤ ਆਗਹ ਕਉ ਅੰਧਾ॥**

ਇਸ ਤੁਕ ਵਿਚ ਦੱਸਿਆ ਹੈ ਕਿ ਜੀਵ ਬੱਝਾ ਆਪ ਪਿਆ ਹੈ ਤੇ ਦੋਸ਼ ਦੂਜਿਆਂ ਨੂੰ ਦੇ ਰਿਹਾ ਹੈ। ਅੰਕ ੧੭ ਵਿਚ ਦੱਸਿਆ ਹੈ ਕਿ ਕੀਤੇ ਕਰਮਾਂ ਦੀਆਂ ਰੇਖਾਂ ਅਨੁਸਾਰ ਜੀਵ ਭਟਕਦੇ ਹਨ, ਸੁੱਖ, ਦੁੱਖ, ਜੂਨਾਂ ਤੇ ਮੁਕਤੀ ਦੇ ਲੇਖ ਇਸੇ ਅਨੁਸਾਰ ਪੈਂਦੇ ਹਨ।

ਜੇਕਰ ਹਉਮੈ ਤੇ ਮਾਇਆ ਵਿਚ ਫਸੇ ਜੀਵ ਆਪਣੇ ਕਰਮਾਂ ਦੇ ਜ਼ਿਮੇਵਾਰ ਨਹੀਂ ਤੇ ਛੁਟਕਾਰੇ ਲਈ ਕੋਈ ਲੋੜ ਨਹੀਂ ਤਾਂ ਫੇਰ ਬਾਣੀ ਵਿਚ ਸਤਿਸੰਗ, ਨਾਮ, ਪ੍ਰੇਮ, ਤੇ ਪਵਿੱਤਰਤਾ ਦਾ ਉਪਦੇਸ਼ ਕਿਉਂ ਹੈ? ਤੇ ਮਾੜੇ

ਕਰਮਾਂ, ਹਉ ਵਿਚ ਕੀਤੇ ਅਮਲਾਂ ਨਾਲ ਬੰਧਨ ਪੈਂਦੇ ਕਿਉਂ ਦੱਸੇ ਹਨ ਤੇ ਉਨ੍ਹਾਂ ਤੋਂ ਬਚਣ ਦਾ ਉਪਦੇਸ਼ ਕਿਉਂ ਦਿੱਤਾ ਹੈ ? ਦੇਖੋ ਇਸ ਬਾਣੀ ਵਿਚ ਸਾਫ਼, ਮੰਦ ਕਰਮਾਂ ਤੇ ਬਦੀਆਂ ਤੋਂ ਮਨ੍ਹਾ ਕੀਤਾ ਹੈ ? ਜੈਸਾ ਕਿ :

**ਬੀਰਾ ਆਪਨ ਬੁਰਾ ਮਿਟਾਵੈ ॥** *(ਅੰਗ ੩੯)*

## ਆਦਿ ਅਤੇ ਅੰਤ ਵਿਚ ਆਏ ਸਲੋਕ ਦੀ ਵੀਚਾਰ :

ਬਾਵਨ ਅੱਖਰੀ ਦੇ ਅਖ਼ੀਰ ਦੇ ਸਲੋਕ ਦੇ ਅੰਤ ਹਿਦਾਯਤ ਹੈ ਕਿ ਇਹ ਸਲੋਕ ਆਦਿ ਅੰਤਿ ਪੜਨਾ। ਇਹ ਮੰਗਲ ਦਾ ਸਲੋਕ ਹੈ। ਆਦਿ ਅੰਤ ਦੇ ਮੰਗਲ ਕਰੀਦੇ ਹਨ, ਸਤਿਗੁਰੂ ਸਾਹਿਬ ਜੀ ਨੇ ਇੱਕੋ ਮੰਗਲ ਆਦਿ ਅੰਤ ਦੋਹਾਂ ਥਾਈਂ ਪੜ੍ਹਨ ਲਈ ਰੱਖਿਆ ਹੈ। ਪ੍ਰਯੋਜਨ ਇਹ ਸੀ ਕਿ 'ਗੁਰਦੇਵ' ਨਾਲ ਪ੍ਰੇਮ ਦੀ ਗੱਲ ਵਧੇਰੇ ਸਿਮਰਣ ਰਹੇ, ਕਿਉਂਕਿ ਵਾਹਿਗੁਰੂ ਜੀ ਦੀ ਹੋਂਦ, ਪ੍ਰੇਮ, ਮਿਲਾਪ ਤੇ ਹਜ਼ੂਰੀ ਵਾਸ, ਏਹ ਸੰਦੇਸੇ ਗੁਰਦੇਵ ਦੇਂਦਾ ਹੈ। ਮਨੁੱਖ ਆਪਣੇ ਹੱਦ ਬੰਦੀ ਵਾਲੇ ਗਿਆਨ ਨਾਲ ਸ੍ਵਯੰ ਅਗੰਮ ਪਰਮਾਤਮ ਦੇਵ ਦੀ ਸੋਝੀ ਨਹੀਂ ਪਾਉਂਦਾ। ਇਸ ਲਈ ਸਮਝ ਰਹੇ ਕਿ ਇਸ ਬਾਣੀ ਵਿਚ ਆਈ ਪ੍ਰਾਪਤੀ ਲਈ ਗੁਰਦੇਵ ਦਾ ਹਿੱਸਾ ਵਧੀਕ ਹੈ। ਪਰ ਕਈ ਥਾਈਂ ਇਹ ਖ਼ਿਆਲ ਵੀ ਹੋ ਗਿਆ ਹੈ 'ਆਦਿ ਅੰਤਿ' ਤੋਂ ਮੁਰਾਦ ਹੈ ਜੀਵ ਦੇ ਆਦਿ ਅੰਤਿ ਦੀ। ਅਕਸਰ ਖ਼ਾਨਦਾਨਾਂ ਵਿਚ ਬੱਚੇ ਦੇ ਜੰਮਣ ਵੇਲੇ ਤੇ ਪ੍ਰਾਣੀ ਮਰਣ ਵੇਲੇ ਇਹ ਸਲੋਕ ਜ਼ਰੂਰ ਪੜ੍ਹੇ ਜਾਣ ਦਾ ਪ੍ਰਬੰਧ ਰੱਖਦੇ ਹਨ।

ਪ੍ਰਾਣੀ ਦੇ ਅੰਤ ਸਮੇਂ ਦੇ ਪ੍ਰਾਣ ਛੇਤੀ ਅੰਤ ਨਾ ਹੋਣ ਤਾਂ ਸਾਰੀ ਬਾਵਨ ਅੱਖਰੀ ਦਾ ਪਾਠ ਪਾਸ ਬੈਠ ਕੇ ਕਰਦੇ ਹਨ ਕਿ ਪ੍ਰਾਣੀ ਦੇ ਅੰਦਰਲੇ ਮਨ ਉੱਪਰ ਪ੍ਰਭਾਵ ਪਵੇ ਤੇ ਉੱਚੇ ਪਾਸੇ ਵੱਲ ਬਿਰਤੀ ਦਾ ਰੁਖ ਹੋ ਜਾਵੇ ਜੋ ਸੁਆਸ ਸੁਖਾਲੇ ਆਉਣ ਤੇ ਪਰਮੇਸ਼ਰ ਵੱਲ ਰੁੱਖ ਹੋ ਕੇ ਸੁਖਾਲੇ ਸੁਆਮੀ ਨਾਮ ਜਪਦਾ ਪਰਲੋਕ ਨੂੰ ਜਾਵੇ।

੧. ਇਸ ਬਾਵਨ ਅੱਖਰੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੱਖਰਾਂ ਦਾ ਕ੍ਰਮ ਸੰਸਕ੍ਰਿਤ ਦੀ ਲਿਪੀ ਅਨੁਸਾਰ ਨਹੀਂ ਰੱਖਿਆ, ਉਸ ਵੇਲੇ ਜਿਸ ਤਰ੍ਹਾਂ ਪਾਂਧੇ ਲੋਕ ਅੱਖਰਾਂ ਦਾ ਕ੍ਰਮ ਪੜ੍ਹਾਇਆ ਕਰਦੇ ਸਨ ਤੇ ਜਿਸ ਤਰ੍ਹਾਂ ਲੋਕਾਂ ਦੇ ਮੂੰਹ 'ਤੇ ਅਖਰ ਚੜ੍ਹੇ ਹੋਏ ਸਨ, ਉਸ ਰੀਤੀ ਅਨੁਸਾਰ ਹੀ ਇਹ 'ਬਾਵਨ ਅਖਰੀ' ਨਾਮੇ ਬਾਣੀ ਉਚਾਰਨ ਕੀਤੀ ਹੈ।

੨. ਦੂਜਾ ਭਾਵ ਇਹ ਵੀ ਸਮਝ ਲੈਣਾ ਕਿ ਜਿਸ ਤਰ੍ਹਾਂ ਬੱਚਿਆਂ ਨੂੰ ਭੁਲਾਵੇਂ ਅੱਖਰ ਲਿਖ ਕੇ ਪੜ੍ਹਾਏ ਜਾਂਦੇ ਹਨ, ਉਸੇ ਅਨੁਸਾਰ ਗੁਰੂ ਮਹਾਰਾਜ ਜੀ ਨੇ ਇਸ ਬਾਣੀ ਵਿਚ ਬਵੰਜਾ ਅੱਖਰਾਂ ਦਾ ਸਿਧਾਂਤ ਕਥਨ ਕੀਤਾ ਹੈ।

ਕਈ ਸੱਜਣ ਬਾਵਨ ਦਾ ਅਰਥ ਬਨਵੇ (੯੨) ਕਰਦੇ ਹਨ, ਪਰ ਉਹ ਠੀਕ ਨਹੀਂ, ਬਾਵਨ ਦਾ ਅਰਥ ਬਵੰਜਾ (੫੨) ਹੀ ਹੈ। ਜੈਸਾ ਕਿ :

**ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥** *(ਅੰਗ ੩੪੦)*

**ਬਾਵਨ ਅਖਰ ਜੋਰੇ ਆਨਿ ॥ ਸਕਿਆ ਨ ਅਖਰੁ ਏਕੁ ਪਛਾਨਿ ॥** *(ਅੰਗ ੩੪੩)*

ਇਸ ਬਾਣੀ ਵਿਚ ਜੋ ਸਲੋਕ ਆਉਣਗੇ, ਉਹ ਤਾਂ ਮੂਲ ਪਾਠ ਸਮਝਣਾ ਅਤੇ ਪਉੜੀਆਂ ਸਲੋਕਾਂ ਦਾ ਟੀਕਾ ਹੈ **ਵਾ:** ਸਲੋਕ ਮੋਤੀ ਹਨ, ਪਉੜੀਆਂ ਮਣੀਆਂ ਹਨ, ਰਹਾਉ ਦੀ ਤੁਕ ਮੂੰਗਾ ਹੈ ਅਤੇ ਪਰਮੇਸ਼ਰ ਦਾ ਨਾਮ ਧਾਗਾ ਪਰੋਇਆ ਹੈ।

੧ = ਅਦਵੈਤ ਰੂਪ ਪਰਮੇਸ਼ਰ ੴ = ਸਰਬ ਦਾ ਪ੍ਰਕਾਸ਼ਕ, ਸਤਿ = ਤ੍ਰੈਕਾਲ ਅਬਾਧ ਰੂਪ ਗੁਰ = ਚੇਤਨ ਸਰੂਪ ਪ੍ਰਸਾਦਿ = ਅਨੰਦ ਸਰੂਪ। ਆਦਿ ਵਿਚ ਬੀਜ ਮੰਤ੍ਰ ਰੂਪ ਮੰਗਲ ਕੀਤਾ ਹੈ, ਗਉੜੀ ਰਾਗਣੀ ਹੈ, ਬਾਵਨ ਅਖਰੀ = (੫੨) ਬਵੰਜਾ ਅੱਖਰਾਂ ਵਾਲੀ ਬਾਣੀ, ਮਹਲਾ ੫ = ਪੰਜਵੇਂ ਸਰੂਪ ਉਚਾਰਨ ਕਰਦੇ ਹਨ।

## ਸਲੋਕ ॥

ਸਲੋਕ (ਸ+ਲੋਕੁ) ਸ = ਸ੍ਵੈ ਸਰੂਪ ਰੂਪੀ ਲੋਕ **ਵਾ:** ਪ੍ਰਕਾਸ਼ ਦੀ ਪ੍ਰਾਪਤੀ ਕਰਨ ਵਾਲੇ ਲੋਕ ਸ਼ੁਭ ਇੱਛਾ, ਸੁ ਵਿਚਾਰਨਾ, ਤਨੂ ਮਨਸਾ, ਸਤ੍ਵਾਪਦ, ਪਦਾਰਥ ਅਭਾਵਨੀ, ਤੁਰੀਆ ਪਦ ਦੇ ਸਰੂਪ ਦੇ ਪ੍ਰਕਾਸ਼ ਵਾਸਤੇ

ਸਲੋਕ ਰਚੇ ਹਨ, ਸਲੋਕ, ਸਰੂਪ, ਸਮੀਪ, ਸਾਯੁਜ, ਕੈਵਲ ਮੁਕਤੀ, ਬਿਦੇਹ ਮੁਕਤੀ, ਜੀਵਨ ਮੁਕਤੀ ਇਹ ਮੁਕਤੀ ਦੀਆਂ ਪਉੜੀਆਂ ਤੇ ਸਲੋਕ ਰਚੇ ਹਨ। (ਪਉੜੀ ਭੂਮਿਕਾ ਰੂਪ ਹੈ)

## ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ ॥

ਗੁਰ ਅਤੇ ਦੇਵ ਦੇ ਵਿਚਾਲੇ ਨਾਨਕ ਪਦ ਸਮਝਣਾ ਗੁਰੂ ਨਾਨਕ ਦੇਵ ਜੀ ਸਾਡੇ ਮਾਤਾ ਅਤੇ ਗੁਰੂ ਨਾਨਕ ਦੇਵ ਜੀ ਹੀ ਸਾਡੇ ਪਿਤਾ ਹਨ।

**ਵਾ:** ਗੁ = ਅਗਿਆਨ ਰੂ = ਪ੍ਰਕਾਸ਼, ਜੋ ਅਗਿਆਨ ਦਾ ਹਨੇਰਾ ਨਾਸ ਕਰ ਕੇ ਗਿਆਨ ਦਾ ਪ੍ਰਕਾਸ਼ ਕਰੇ, ਉਹ ਗੁਰੂ ਹੈ। ਦੇਵ = ਪੂਜਨੀਕ **ਵਾ:** ਦੇਵ = ਸੂਰਜ ਦੀ ਨਿਆਈਂ ਹਨ, ਰਾਜਾ ਰੂਪ ਹਨ, ਦੇਵ = ਵੱਡੇ ਹਨ, ਜਿਵੇਂ ਬੱਚੇ ਦੀ ਮਾਤਾ ਦੁੱਧ ਚੁੰਘਾ ਕੇ ਬੱਚੇ ਦੀ ਪਾਲਣਾ ਕਰਦੀ ਹੈ ਅਤੇ ਆਪਣੇ ਸੀਨੇ ਨਾਲ ਲੱਗਾ ਕੇ ਰੱਖਦੀ ਹੈ, ਇਸੇ ਤਰ੍ਹਾਂ ਗੁਰੂ ਸਾਹਿਬ ਜੀ ਗੁਰ ਉਪਦੇਸ਼ ਰੂਪ ਦੁੱਧ ਚੁੰਘਾ ਕੇ ਸਿੱਖ ਰੂਪ ਬੱਚੇ ਦੀ ਪਾਲਣਾ ਕਰਦੇ ਹਨ ਗੁਰੂ ਜੀ ਕਿਰਪਾ ਰੂਪੀ ਛਾਤੀ ਨਾਲ ਲਾ ਕੇ ਰੱਖਦੇ ਹਨ, ਇਸ ਕਰ ਕੇ ਮਾਤਾ ਦੀ ਨਿਆਈਂ ਹਨ, ਜਿਵੇਂ ਪਿਤਾ ਆਪਣੇ ਬੱਚਿਆਂ ਨੂੰ ਚੰਗੀਆਂ ਚੰਗੀਆਂ ਚੀਜ਼ਾਂ ਲਿਆ ਕੇ ਖੁਆਉਂਦਾ ਹੈ, ਇਸੇ ਤਰ੍ਹਾਂ ਗੁਰੂ ਸਾਹਿਬ ਜੀ ਸਾਰਿਆਂ ਵੇਦਾਂ ਸ਼ਾਸਤਰਾਂ ਨੂੰ ਮਥ ਕੇ ਗੁਰਬਾਣੀ ਰੂਪੀ ਅਮੋਲਕ ਵਸਤੂ ਲਿਆ ਕੇ ਸਿੱਖਾਂ ਨੂੰ ਦਿੱਤੀ ਹੈ।

**ਵਾ:** ਗੁਰੂ ਜੋ ਦੇਵ = ਪ੍ਰਕਾਸ਼ ਰੂਪ ਅਰਥਾਤ ਤਤਵੇਤੇ ਹਨ ਉਹੀ ਮਾਤਾ ਪਿਤਾ ਰੂਪ ਹਨ। ਗੁਰਦੇਵ ਸੁਆਮੀ ਪਰਮੇਸੁਰਾ ॥ ਗੁਰੂ ਨਾਨਕ ਦੇਵ ਜੀ ਸੁਆਮੀ = ਮਾਲਕ ਹਨ ਅਤੇ ਆਪ ਹੀ ਪਰਮੇਸੁਰਾ = ਪਰਮ ਸ਼ਕਤੀ ਵਾਲੇ ਗੁਰੂ ਜੀ ਹਨ **ਵਾ:** ਗੁਰਦੇਵ ਜੀ ਸੁਆਮੀ = ਰਾਜਾ ਅਤੇ ਪਰਮੇਸ਼ਰ ਦਾ ਰੂਪ ਹਨ, ਜਿਸ ਦੇ ਆਸਰੇ ਉਪਜੀਵਕਾ ਹੈ ਅਤੇ ਸਾਰੇ ਉਸ ਨੂੰ ਸੁਆਮੀ ਪਰਮੇਸ਼ਰ ਕਹਿੰਦੇ ਹਨ।

## ਗੁਰਦੇਵ ਸਖਾ ਅਗਿਆਨ ਭੰਜਨੁ; ਗੁਰਦੇਵ ਬੰਧਿਪ ਸਹੋਦਰਾ ॥

ਗੁਰਦੇਵ (ਸ੍ਰੀ ਗੁਰੂ ਨਾਨਕ ਦੇਵ ਜੀ) ਹੀ ਅਗਿਆਨ ਰੂਪੀ ਸ਼ਤਰੂ ਨੂੰ ਭੰਜਨੁ = ਭੰਨਣ ਵਾਲੇ ਸਖਾ = ਮਿੱਤਰ ਦੀ ਨਿਆਈਂ ਹਨ। **ਵਾ:** ਅਵਰਨ ਦਾ ਪੜਦਾ ਵਿਖੇਪ ਸ਼ਕਤੀ ਆਦਿ ਸਭ ਨੂੰ ਭੰਜਨੁ = ਨਾਸ ਕਰਨ ਵਾਲੇ ਹਨ। ਫਿਰ ਗੁਰਦੇਵ (ਸ੍ਰੀ ਗੁਰੂ ਨਾਨਕ ਦੇਵ) ਜੀ ਬੰਧਿਪ = ਸੰਬੰਧੀਆਂ ਦੀ ਨਿਆਈਂ ਹਨ, ਜਿਵੇਂ ਸਹੋਦਰਾ = ਸਕਾ ਭਰਾ ਹੋਵੇ, ਭਾਵ ਇੱਕੋ ਹੀ ਪੇਟ ਤੋਂ ਜਨਮ ਲੈਣ ਵਾਲੇ ਭਰਾਵਾਂ ਵਤ ਹਨ।

## ਗੁਰਦੇਵ ਦਾਤਾ, ਹਰਿ ਨਾਮੁ ਉਪਦੇਸੈ; ਗੁਰਦੇਵ ਮੰਤੁ, ਨਿਰੋਧਰਾ ॥

ਗੁਰਦੇਵ = ਗੁਰੂ ਨਾਨਕ ਦੇਵ ਜੀ ਹਰਿ = ਹਰੀ ਅਕਾਲ ਪੁਰਖ ਦੇ ਅੰਮ੍ਰਿਤ ਨਾਮ ਦੇ ਉਪਦੇਸ਼ ਦਾਤੇ ਹਨ, ਜਿਸ ਦਾਤ ਨੂੰ ਕੋਈ ਨਹੀਂ ਦੇ ਸਕਦਾ। ਗੁਰੂ ਨਾਨਕ ਦੇਵ ਜੀ ਦਾ ਇਕੱਲਾ ਵਾਹਿਗੁਰੂ ਮੰਤੁ = ਮੰਤਰ ਹੀ ਨਿਰੋਧਰਾ = ਨਿਰ ਆਸਰੇ ਉਧਾਰ ਕਰਨ ਵਾਲਾ ਹੈ, ਭਾਵ ਹੋਰ ਕਿਸੇ ਮੰਤਰ ਦੀ ਲੋੜ ਨਹੀਂ ਹੈ **ਵਾ:** ਵਾਹਿਗੁਰੂ ਗੁਰਮੰਤਰ ਵਿਸ਼ੇਸ਼ ਕਰ ਕੇ ਇੰਦਰੀਆਂ ਮਨ ਨੂੰ ਨਿਰੋਧਰਾ = ਨਿਰੋਧ ਕਰਨ ਵਾਲਾ ਭਾਵ ਰੋਕਣ ਵਾਲਾ ਹੈ।

## ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ; ਗੁਰਦੇਵ ਪਾਰਸ ਪਰਸ ਪਰਾ ॥

ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਸਾਂਤਿ = ਸੰਤੋਖ ਵਿਚ ਅੰਦਰੋਂ ਠੰਢੇ, ਤੇ ਤ੍ਰਿਪਤ ਸਤਿ = ਤ੍ਰੈਕਾਲ ਅਬਾਧ ਅਤੇ ਬੁਧਿ = ਗਿਆਨ ਮੂਰਤਿ = ਸਰੂਪ ਹਨ।

ਗੁਰੂ ਨਾਨਕ ਦੇਵ ਜੀ ਪਾਰਸ (ਇਕ ਅਮੋਲਕ ਪੱਥਰ ਜਿਸ ਨਾਲ ਲੋਹਾ ਸੋਨਾ ਬਣ ਜਾਂਦਾ ਹੈ) ਦੇ

ਪਰਸ = ਛੋਹਣ ਤੋਂ ਵੀ ਪਰਾ = ਦੂਰ ਹਨ। ਭਾਵ ਪਾਰਸ ਅੱਠਾਂ ਧਾਤਾਂ ਨੂੰ ਸੋਨਾ ਬਣਾਉਂਦਾ ਹੈ, ਪਰ ਪਾਰਸ ਨਹੀਂ ਬਣਾਉਂਦਾ, ਪਰ ਗੁਰਦੇਵ ਜੀ ਗੁਰਸਿੱਖਾਂ ਨੂੰ ਬ੍ਰਹਮ ਦਾ ਰੂਪ ਬਣਾ ਦਿੰਦੇ ਹਨ। ਜੈਸਾ ਕਿ :

**ਪਾਰਸ ਮਹਿ ਅਰ ਸੰਤ ਮਹਿ ਬਡੋ ਅੰਤਰੋ ਜਾਨ॥**
**ਵਹ ਲੋਹ ਕੰਚਨ ਕਰੇ ਯਹ ਕਰੇ ਆਪ ਸਮਾਨ॥੧੯॥** *(ਵਿਚਾਰ ਮਾਲਾ, ਅਧਿ: ੨)*

## ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ; ਗੁਰ ਗਿਆਨ ਮਜਨੁ ਅਪਰੰਪਰਾ॥

ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਹੀ ਸੱਚੇ ਤੀਰਥ ਤੇ ਨਾਮ ਅੰਮ੍ਰਿਤ ਦੇ ਸਰੋਵਰੁ = ਤਲਾਅ ਹਨ, ਜੋ ਇਸ ਵਿਚ ਨਿਸ਼ਕਾਮ ਹੋ ਕੇ ਸ਼ਰਧਾ ਨਾਲ ਮਜਨੁ = ਟੁੱਭੀ ਮਾਰ ਕੇ ਇਸ਼ਨਾਨ ਕਰਦਾ ਹੈ, ਉਸ ਨੂੰ ਅਪਰੰਪਰਾ = ਪਰਮੇਸ਼ਰ ਦੀ ਪ੍ਰਾਪਤੀ ਕਰਾਉਣ ਵਾਲੇ ਗੁਰ = ਵੱਡੇ ਭਾਵ ਅਪ੍ਰੋਖ ਦੀ ਪ੍ਰਾਪਤੀ ਹੁੰਦੀ ਹੈ **ਵਾ:** ਗੁਰੂ ਦੇ ਗਿਆਨ ਦਾ ਮਜਨੁ = ਗਿਆਨ ਅਪਰੰਪਰਾ = ਸ੍ਰੇਸ਼ਟ ਤੋਂ ਸ੍ਰੇਸ਼ਟ ਹੈ **ਵਾ:** ਗੁਰੂ ਰੂਪ ਤਲਾਅ ਵਿਚ ਜੋ ਗਿਆਨ ਰੂਪ ਅੰਮ੍ਰਿਤ ਹੈ, ਉਸ ਵਿਚ ਜਿਸ ਮਨੁੱਖ ਨੇ ਸ਼ਰਧਾ ਭਾਵਨਾ ਨਾਲ ਮਜਨੁ = ਇਸ਼ਨਾਨ ਕੀਤਾ ਹੈ, ਉਹ ਅਪਰੰ = ਬ੍ਰਹਮਾਦਿਕਾਂ ਦੇ ਪਰੇ = ਪਰਾ ਰੂਪ ਪਰਮੇਸ਼ਰ ਨੂੰ ਪਾ ਲੈਂਦਾ ਹੈ।

## ਗੁਰਦੇਵ ਕਰਤਾ, ਸਭਿ ਪਾਪ ਹਰਤਾ; ਗੁਰਦੇਵ, ਪਤਿਤ ਪਵਿਤ ਕਰਾ॥

ਗੁਰੂ ਨਾਨਕ ਦੇਵ ਜੀ ਹੀ ਜੀਵ ਨੂੰ ਕਰਤਾ = ਉਤਪੰਨ ਕਰਨ ਵਾਲੇ ਹਨ **ਵਾ:** ਕਰਤਾ = ਰਚਨਹਾਰ ਪਰਮੇਸ਼ਰ ਦਾ ਰੂਪ ਹਨ ਜੋ ਸਭਿ = ਸਾਰਿਆਂ ਦੇ ਪਾਪ = ਗੁਨਾਹਾਂ ਨੂੰ ਹਰਤਾ = ਨਾਸ਼ ਕਰਨ ਵਾਲੇ ਹਨ। ਅਤੇ

ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਪਦੇਸ਼ ਦੇ ਕੇ ਪਤਿਤ = ਪਾਪੀਆਂ ਨੂੰ ਪਵਿਤ = ਨਿਰਮਲ ਕਰਾ = ਕੀਤਾ ਹੈ।

## ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ;<br>ਗੁਰਦੇਵ ਮੰਤੁਹਰਿ ਜਪਿ, ਉਧਰਾ॥

ਪਰਮੇਸ਼ਰ ਦਾ ਰੂਪ ਹੋਣ ਕਰਕੇ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਜੁਗਾਦਿ = ਸਦਾ ਸਦਾ ਪਹਿਲਾਂ ਵੀ ਸੀ, ਤੇ ਹੁਣ ਜੁਗੁ ਜੁਗੁ = ਜੁਗਾਂ ਜੁਗਾਂ ਵਿਚ ਵੀ ਹਨ ਤੇ ਅੱਗੇ ਨੂੰ ਹੋਣਗੇ **ਵਾ:** ਜੁਗੁ = ਦੋ, ਜੀਵ ਤੇ ਈਸਰ ਨੂੰ ਸੰਜੁਗਤ ਕਰਕੇ ਆਪਣੀ ਚੇਤਨ ਸੱਤਾ ਦੁਆਰਾ ਏਕਤਾ ਕਰਨ ਵਾਲੇ ਹਨ, ਜੁਗੁ = ਚਾਰ, ਜੋ ਚਾਰ ਸਾਧਨਾਂ ਵੈਰਾਗ, ਵਿਵੇਕ, ਖਟ ਸੰਮਤੀ ਮੋਖ ਇੱਛਾ ਦੇ ਸਹਿਤ ਹੋ ਜਾਂਦਾ ਹੈ, ਉਸ ਨੂੰ ਸ੍ਰਵਣ, ਮੰਨਣ, ਨਿਧਿਆਸਣ, ਤੱਤ ਤ੍ਵੰ ਦੇ ਸੰਸ਼ੋਧਨ ਦਾ ਗਿਆਨ ਕਰਾ ਦਿੰਦੇ ਹਨ ਅਤੇ ਜਿਨ੍ਹਾਂ ਨੇ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੰਤੁ = ਉਪਦੇਸ਼ ਦੁਆਰਾ ਹਰਿ = ਪਰਮੇਸ਼ਰ ਦਾ ਨਾਮ ਜਪਿ = ਜਪਿਆ ਹੈ, ਉਨ੍ਹਾਂ ਦਾ ਸੰਸਾਰ ਸਮੁੰਦਰ ਤੋਂ ਉਧਰਾ = ਉਧਾਰ ਹੋ ਜਾਂਦਾ ਹੈ।

## ਗੁਰਦੇਵ ਸੰਗਤਿ ਪ੍ਰਭ ਮੇਲਿ, ਕਰਿ ਕਿਰਪਾ;<br>ਹਮ ਮੂੜ ਪਾਪੀ, ਜਿਤੁ ਲਗਿ ਤਰਾ॥

ਹੇ ਪਰਮੇਸ਼ਰ ਜੀ ! ਕਿਰਪਾ = ਮੇਹਰ ਕਰਿ = ਕਰਕੇ ਐਸੇ ਗੁਰਦੇਵ ਦੀ ਸੰਗਤ ਨਾਲ ਸਾਨੂੰ ਮੇਲਿ = ਮੇਲਣਾ ਕਰ **ਵਾ:** ਹੇ ਗੁਰਦੇਵ = ਗੁਰੂ ਨਾਨਕ ਦੇਵ ਜੀ ! ਕਿਰਪਾ ਕਰ ਕੇ ਸਾਨੂੰ ਪ੍ਰਭ = ਹਰੀ ਵਾਹਿਗੁਰੂ ਦੀ ਸੰਗਤ ਨਾਲ ਮੇਲਿ = ਮੇਲਣਾ ਕਰੋ, ਜਿਤੁ = ਜਿਸ ਸੰਗਤ ਕਰਕੇ ਹਮ = ਤਮਾਮ ਮੂੜ = ਮੂਰਖ ਤੇ ਪਾਪੀ = ਗੁਨਾਹਗਾਰ ਜੀਵ ਵੀ ਤਰਾ = ਤਰ ਜਾਂਦੇ ਹਨ।

## ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ; ਗੁਰਦੇਵ ਨਾਨਕ ਹਰਿ, ਨਮਸਕਰਾ ॥੧॥

ਗੁਰਦੇਵ = ਗੁਰੂ ਨਾਨਕ ਦੇਵ ਜੀ ਹੀ ਸਤਿਗੁਰੂ ਪਾਰਬ੍ਰਹਮ ਪਰਮੇਸ਼ਰ ਰੂਪ ਹਨ **ਵਾ:** ਗੁਰ = ਪੂਜਯ ਦੇਵ = ਪ੍ਰਕਾਸ਼ ਰੂਪ ਸਤਿਗੁਰੂ ਪਾਰਬ੍ਰਹਮ ਪਰਮੇਸ਼ਰ ਦਾ ਹੀ ਸਰੂਪ ਹਨ[੧]।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਹਰਿ = ਹਰੀ ਅਕਾਲ ਪੁਰਖ ਵਾਹਿਗੁਰੂ ਦਾ ਰੂਪ ਗੁਰਦੇਵ = ਗੁਰੂ ਨਾਨਕ ਦੇਵ ਜੀ ਹਨ, ਉਨ੍ਹਾਂ ਨੂੰ ਅਸੀਂ ਨਮਸਕਰਾ = ਮੱਥਾ ਟੇਕਦੇ ਹਾਂ ॥੧॥

ਇਸ ਪਾਵਨ ਸ਼ਬਦ ਵਿਚ ਜੋ ਗੁਰੂ ਨੂੰ ਮਾਤਾ ਅਤੇ ਪਿਤਾ ਦੀ ਨਿਆਈਂ ਦੱਸਿਆ ਹੈ, ਉਥੇ ਮਾਤਾ ਪਿਤਾ ਵਾਲੇ ਗੁਣ ਗੁਰੂ ਵਿਚ ਹਨ, ਪਰ ਅੰਤਰੀਵ ਭਾਵ ਵਿੱਚੋਂ ਜੋ ਵਿਆਖਿਆਕਾਰ ਪਹਿਲਾ ਗੁਰੂ ਮਾਤਾ ਨੂੰ ਕਹਿੰਦੇ ਹਨ, ਫਿਰ ਦੂਸਰਾ ਗੁਰੂ ਪਿਤਾ ਹੋਇਆ, ਪਰਮਾਤਮਾ ਨੂੰ ਤੀਸਰੇ ਥਾਂ ਗੁਰੂ ਕਹਿੰਦੇ ਹਨ, ਉਨ੍ਹਾਂ ਦੀ ਗੱਲ ਤਾਂ ਆਪ ਹੀ ਕੱਟੀ ਜਾਂਦੀ ਹੈ। ਅੱਗੇ ਪਾਰਸ ਤੇ ਤੀਰਥ ਨੂੰ ਵੀ ਗੁਰੂ ਕਿਹਾ ਹੈ, ਇਹ ਸਭ ਗੁਣ ਗੁਰੂ ਵਿਚ ਮੌਜੂਦ ਹਨ। ਜੈਸਾ ਕਿ :

**ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥** *(ਅੰਗ ੯੯੦)*

ਤੀਰਥ ਦੀ ਨਿਆਈਂ ਗੁਰ ਪਾਪਾਂ ਦੀ ਮੈਲ ਲਾਹ ਕੇ ਪਵਿੱਤਰ ਕਰਨ ਵਾਲੇ ਹਨ :

**ਪਤਿਤ ਉਧਾਰਣੁ ਸਤਿਗੁਰੁ ਮੇਰਾ ਮੋਹਿ ਤਿਸ ਕਾ ਭਰਵਾਸਾ ॥** *(ਪੰਨਾ ੬੨੦)*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਓਹੀ ਸਿਧਾਂਤ ਜੋ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ 'ਚ ਰੱਖਿਆ ਹੈ, ਉਥੇ ਵੀ ਈਸ਼ਰ, ਗੋਰਖ, ਬ੍ਰਹਮਾ, ਪਾਰਬਤੀ ਮਾਈ, ਇਨ੍ਹਾਂ ਚਾਰਾਂ ਨੂੰ ਗੁਰੂ ਨਹੀਂ ਕਿਹਾ, ਬਲਕਿ ਚਾਰਾ 'ਚੋਂ ਚਾਰ ਗੁਣ ਲੈ ਕੇ ਗੁਰੂ ਦੀ ਮਹਾਨਤਾ ਦੱਸੀ ਹੈ :

**ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥** *(ਜਪੁ ਜੀ, ਪੰਨਾ ੨)*

ਫਿਰ ਜਪੁ ਜੀ ਸਾਹਿਬ ਦੇ ਅਖ਼ੀਰ ਵਿਚ ਪਵਣ ਨੂੰ ਗੁਰੂ ਕਿਹਾ ਹੈ, ਪਾਣੀ ਨੂੰ ਪਿਤਾ, ਧਰਤੀ ਨੂੰ ਵੱਡੀ ਮਾਤਾ :

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥** *(ਜਪੁ ਜੀ, ਪੰਨਾ ੮)*

ਇਥੇ ਵੀ ਪਵਣ = ਹਵਾ ਤੋਂ ਸਮਤਾ ਦਾ ਗੁਣ, ਪਾਣੀ ਤੋਂ ਸੀਤਲਤਾ ਤੇ ਨਿਰਮਲਤਾ ਦਾ ਗੁਣ, ਧਰਤੀ 'ਚੋਂ ਧੀਰਜਤਾ ਦਾ ਗੁਣ, ਇਸੇ ਤਰ੍ਹਾਂ ਅੰਤਰੀਵ ਭਾਵ ਵਿਚ ਮਾਤਾ ਪਿਤਾ ਵਾਲੇ ਗੁਣ ਗੁਰੂ ਵਿਚ ਦੱਸੇ ਹਨ। ਜੇਕਰ ਮਾਤਾ ਹੀ ਗੁਰੂ ਹੈ ਤਾਂ ਨਿਗੁਰਾ ਤਾਂ ਕੋਈ ਵੀ ਨਹੀਂ ਹੋਵੇਗਾ, ਕਿਉਂਕਿ ਮਾਤਾ ਤਾਂ ਸਭ ਨੂੰ ਹੀ ਮਿਲੀ ਹੋਈ ਹੈ, ਪਹਿਲੀ ਸਿੱਖਿਆ ਦੇਣ ਦੀ ਮਾਤਾ ਉਸਤਾਦ ਹੈ, ਫਿਰ ਸਕੂਲ ਵਿਚ ਅਧਿਆਪਕ ਉਸਤਾਦ ਹਨ, ਫੇਰ ਦੁਨਿਆਵੀ ਉਸਤਾਦ ਹਨ, ਮੁਕਤੀਦਾਤਾ ਗੁਰੂ ਕੇਵਲ ਇਕ ਵਾਹਿਗੁਰੂ ਪਰਮੇਸ਼ਰ ਹੀ ਹੈ। ਜੈਸਾ ਕਿ :

**ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥** *(ਅੰਗ ੪੩੫)*

## ਸਲੋਕੁ ॥ ਆਪਹਿ ਕੀਆ ਕਰਾਇਆ; ਆਪਹਿ ਕਰਨੈ ਜੋਗੁ ॥

ਆਪ ਹੀ ਹਰੀ ਪਰਮੇਸ਼ਰ ਨੇ ਸਾਰੇ ਬ੍ਰਹਮਾ, ਸ਼ਿਵਜੀ, ਵਿਸ਼ਨੂੰ ਆਦਿਕ ਨੂੰ ਪੈਦਾ ਕੀਆ = ਕੀਤਾ, ਆਪ ਹੀ ਉਨ੍ਹਾਂ ਪਾਸੋਂ ਸੰਸਾਰ ਤਾਂਈਂ ਪੈਦਾ ਕਰਾਇਆ = ਕਰਾਉਣਾ ਕੀਤਾ ਹੈ, ਆਪ ਹੀ ਸਾਰਿਆਂ ਦੀ ਪਾਲਣਾ

---

੧. **ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ ॥੧੦॥** *(ਅੰਗ ੧੦੪੩)*

ਕਰਨ ਜੋਗੁ = ਲਾਇਕ ਹੈ, ਆਪ ਹੀ ਪੰਜ ਤੱਤਾਂ ਨੂੰ, ਸੂਖਮ ਤੱਤਾਂ ਨੂੰ, ਸਥੂਲ ਤੱਤਾਂ ਨੂੰ ਪੈਦਾ ਕੀਤਾ ਹੈ, ਆਪ ਹੀ ਸੂਖਮ ਤੱਤਾਂ ਨੂੰ ਸੂਖਮ ਰਚਨਾ ਕਰ ਕੇ ਕਰਾਇਆ ਹੈ, ਆਪ ਹੀ ਸਥੂਲ ਤੱਤਾਂ ਦੁਆਰਾ ਸਥੂਲ ਰਚਨਾ ਨੂੰ ਕਰਾਇਆ ਹੈ।

## ਨਾਨਕ ਏਕੋ ਰਵਿ ਰਹਿਆ; ਦੂਸਰ ਹੋਆ ਨ ਹੋਗੁ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਏਕੋ = ਇੱਕੋ ਆਪ ਹੀ ਹਰੀ ਸਾਰੇ ਰਵਿ = ਵਿਆਪਕ ਹੋ ਰਿਹਾ ਹੈ, ਉਸ ਵਰਗਾ ਦੂਸਰ = ਦੂਜਾ ਨਾ ਕੋਈ ਹੋਆ = ਹੋਇਆ ਹੈ ਅਤੇ ਨਾ ਹੀ ਹੋਗੁ = ਹੋਵੇਗਾ ॥੧॥

ਇਹ ਸਲੋਕ ਤੇ ਅਗਲੀ ਪਉੜੀ ਮੰਗਲ ਰੂਪ ਵਿਚ ਕਥਨ ਕਰਦੇ ਹਨ ਕਿਉਂਕਿ ਨਵੇਂ ਕੰਮ ਦੇ ਮੁੱਢ ਵਿਚ ਹਮੇਸ਼ਾਂ ਮੰਗਲ ਕਰਨਾ ਪੈਂਦਾ ਹੈ, ਜਿਵੇਂ ਸੁਖਮਨੀ ਸਾਹਿਬ ਆਰੰਭ ਕਰਨ ਵੇਲੇ ਭੀ ਪਹਿਲੇ ਮੰਗਲ ਕੀਤਾ ਹੈ। ਜੈਸਾ ਕਿ :

**ਆਦਿ ਗੁਰ ਏ ਨਮਹ ॥ ਜੁਗਾਦਿ ਗੁਰ ਏ ਨਮਹ ॥** *(ਪੰਨਾ ੨੬੨)*

ਤਥਾ : ਦਸਮੇਸ਼ ਜੀ ਨੇ ਚੰਡੀ ਦੀ ਵਾਰ ਰਚਨ ਲਗਿਆਂ ਪਹਿਲੇ ਮੰਗਲ ਕੀਤਾ ਹੈ :

**ਪ੍ਰਿਥਮ ਭਗਉਤੀ ਸਿਮਰਕੈ ਗੁਰ ਨਾਨਕ ਲਈਂ ਧਿਆਇ ॥** *(ਸ੍ਰੀ ਦਸਮ ਗ੍ਰੰਥ, ਪੰਨਾ ੧੧੯)*

ਪਹਿਲਾਂ ਓਅੰ ਸਿਧੰ ਅੱਖਰ ਆਇਆ ਹੈ, ਜਿਸ ਵਕਤ ਨਾਗਰੀ ਅੱਖਰ ਲਿਖਦੇ ਹਨ, ਭਾਵ ਟਾਕਰੇ ਲਿਖਦੇ ਹਨ, ਉਸ ਵੇਲੇ ਉਨ੍ਹਾਂ ਨੂੰ ਸਬਕ ਪੜ੍ਹਾਉਣ ਵੇਲੇ ਓਅੰ ਸਿਧੰ ਵਾਕਾਂ ਨੂੰ ਪੜ੍ਹਾਇਆ ਜਾਂਦਾ ਹੈ, ਇਥੇ ਪਹਿਲਾਂ ਓਅੰ ਸ਼ਬਦ ਉਚਾਰਨ ਕਰਦੇ ਹਨ, ਅੱਗੇ ਸਿਧੰ ਦੇ ਥਾਂ ਸੱਸਾ ਪਹਿਲਾਂ ਉਚਾਰਨ ਕਰਨਗੇ, ਫੇਰ ਧੱਧਾ, ਨੰਨਾ, ਈੜੀ, ਐੜਾ ਉਚਾਰਨ ਕਰਨਗੇ।

## ਪਉੜੀ ॥ ਓਅੰ ਸਾਧ ਸਤਿਗੁਰ; ਨਮਸਕਾਰੰ ॥

ਪਰਮੇਸ਼ਰ ਦੇ ਸਾਧ = ਸੰਤਾਂ ਅਤੇ ਸਤਿਗੁਰਾਂ ਨੂੰ ਸਾਡੀ ਨਮਸਕਾਰੰ = ਪ੍ਰਨਾਮ ਹੈ **ਵਾ:** ਓਅੰਕਾਰ ਨਾਮ ਨੂੰ ਵੀ ਸਾਡੀ ਨਮਸਕਾਰ ਹੈ। ਜੋ ਸਤਿਗੁਰ ਸਾਧ = ਸ੍ਰੇਸ਼ਟ ਜਨਾਂ ਨੂੰ ਓਅੰ ਦਾ ਉਪਦੇਸ਼ ਦੇਣ ਵਾਲੇ ਹਨ, ਉਨ੍ਹਾਂ ਸਤਿਗੁਰਾਂ ਨੂੰ ਸਾਡੀ ਨਮਸਕਾਰ ਹੈ **ਵਾ:** ਜਿਹੜੇ ਸਤਿਗੁਰਾਂ ਦੇ ਦੁਆਰਾ ਹਰੀ ਨੂੰ ਨਮਸਕਾਰ ਕਰਨ ਵਾਲੇ ਅਤੇ ਓਅੰ = ਉਅੰਕਾਰ ਦਾ ਸਿਮਰਨ ਕਰਨ ਵਾਲੇ ਹਨ, ਉਨ੍ਹਾਂ ਸਾਧ = ਸੰਤਾਂ ਨੂੰ ਨਮਸਕਾਰ ਹੈ। ਜੋ ਹਰੀ ਓਅੰ = ਸ਼ੁਧ ਸਰੂਪ **ਵਾ:** ਓਅੰ = ਉਚਾਰਨ ਮਾਤ੍ਰ ਮੇਂ ਰਖਿਆ ਕਰਨ ਵਾਲਾ ਹੈ, ਉਸ ਦਾ ਸਰੂਪ ਸ੍ਰੇਸ਼ਟ ਸਤਿਗੁਰੂ ਨੂੰ ਸਾਡੀ ਨਮਸਕਾਰ ਹੈ **ਅਥਵਾ** ਜੋ ਓਅੰ = ਮੰਗਲ ਸਰੂਪ, ਸਾਧ = ਸ੍ਰੇਸ਼ਟ, ਸਤਿ = ਤ੍ਰੈਕਾਲ ਅਬਾਧ ਗੁਰ = ਚੇਤਨ ਪਰਮਾਤਮਾ ਹੈ, ਉਸ ਨੂੰ ਸਾਡੀ ਨਮਸਕਾਰ ਹੈ **ਵਾ:** ਓਅੰ = ਓਅੰਕਾਰ ਸਰੂਪ ਸਾਧ = ਸ੍ਰੇਸ਼ਟ ਸਤਿ = ਤ੍ਰਿਕਾਲ ਅਬਾਧ ਗੁਰ = ਪੂਜਯ ਤਿਨ੍ਹਾਂ ਨੂੰ ਮੇਰੀ ਨਮਸਕਾਰ ਹੈ।

## ਆਦਿ ਮਧਿ ਅੰਤਿ; ਨਿਰੰਕਾਰੰ ॥

ਜੋ ਆਦਿ = ਮੁੱਢ, ਮਧਿ = ਵਿਚਕਾਰ, ਅੰਤਿ = ਅਖ਼ੀਰ (ਵਰਤਮਾਨ, ਭੂਤ, ਭਵਿੱਖ ਕਾਲ) ਵਿਚ ਨਿਰੰਕਾਰੰ = ਮਾਇਕੀ ਆਕਾਰ ਤੋਂ ਰਹਿਤ ਸਰੂਪ ਹੈ, ਭਾਵ ਨਿਰਾਕਾਰ ਸਰੂਪ ਹੈ।

## ਆਪਹਿ ਸੁੰਨ; ਆਪਹਿ ਸੁਖ ਆਸਨ ॥

ਆਪ ਹੀ ਸੁੰਨ = ਅਫੁਰ ਰੂਪ ਭਾਵ ਨਿਰਗੁਣ ਸਰੂਪ ਨਿਰੰਕਾਰ ਹੈ, ਆਪਹਿ = ਆਪ ਹੀ ਸੁਖ ਆਸਨ = ਸੁਖ ਰੂਪ 'ਚ ਆਸਣ ਤੇ ਬਹਿਣ ਵਾਲਾ, ਭਾਵ ਬੈਕੁੰਠ ਵਿਚ ਰਹਿਣ ਵਾਲਾ ਸਰਗੁਣ ਸਰੂਪ ਹੈ,

ਵੈਰਾਟ ਸਰੂਪ ਹੈ **ਵਾ:** ਉਹ ਪਰਮੇਸ਼ਰ ਆਪਹਿ = ਆਪ ਹੀ ਸੁੰਨ ਭਾਵ ਨਿਰਗੁਣ ਰੂਪ ਅਤੇ ਆਪਹਿ = ਆਪ ਹੀ ਸੁਖ ਆਸਨ ਭਾਵ ਸਰਗੁਣ ਸਰੂਪ ਹੋ ਰਿਹਾ ਹੈ **ਵਾ:** ਆਪ ਹੀ ਸੁੰਨ ਭਾਵ ਦਸਵਾਂ ਦੁਆਰਾ ਰੂਪ ਹੈ, ਆਪ ਹੀ ਦਸਵੇਂ ਦੁਆਰ 'ਚ ਜੋਗੀ ਬਣ ਕੇ ਸਿੰਘਾਸਣ ਲਾ ਕੇ ਸੁਖ ਦੇ ਆਸਣ 'ਤੇ ਇਸਥਿਤ ਹੋਣ ਵਾਲਾ ਹੈ।

## ਆਪਹਿ ਸੁਨਤ; ਆਪ ਹੀ ਜਾਸਨ ॥

ਆਪਹਿ = ਆਪ ਹੀ ਸੁਨਤ = ਸੁਣਨ ਵਾਲਾ ਹੈ, ਆਪ ਹੀ ਜਾਸਨ = ਜਸ ਨੂੰ ਉਚਾਰਨ ਵਾਲਾ ਹੈ **ਵਾ:** ਆਪਣੇ ਆਪ ਹੀ ਜਗਿਆਸੂ ਰੂਪ ਹੋ ਕੇ ਸਰੋਤਾ ਹੈ ਅਤੇ ਆਪ ਹੀ ਜਾਸਨ = ਜੱਸ ਨੂੰ ਉਚਾਰਨ ਵਾਲਾ ਗੁਰੂ ਰੂਪ ਹੈ **ਵਾ:** ਆਪ ਹੀ ਗੁਰੂ ਰੂਪ ਹੋ ਕੇ ਸਿੱਖ ਦੀ ਬੇਨਤੀ ਸੁਣਨ ਵਾਲਾ ਤੇ ਆਪ ਹੀ ਆਪਣੇ ਜਸ ਨੂੰ ਗੁਰੂ ਸਰੂਪ ਹੋ ਕੇ ਕਥਨ ਕਰਨ ਵਾਲਾ ਹੈ **ਵਾ:** ਆਪ ਹੀ ਭਗਤਾਂ ਦੀ ਬੇਨਤੀ ਸੁਨਤ = ਸੁਣਨ ਵਾਲਾ ਤੇ ਆਪ ਹੀ ਜਾਸਨ = ਕੀਰਤਨ ਰੂਪ ਹੈ।

## ਆਪਨਿ ਆਪੁ; ਆਪਹਿ ਉਪਾਇਓ ॥

ਆਪਣੇ ਆਪ ਤੋਂ ਆਪਹਿ = ਆਪ ਹੀ ਪਰਮੇਸ਼ਰ ਨੇ ਸਾਰਾ ਸੰਸਾਰ ਉਪਾਇਓ = ਪੈਦਾ ਕੀਤਾ ਹੈ **ਵਾ:** ਆਪਣਾ ਆਪ ਰੂਪ ਚਿਦਾਕਾਸ਼ ਬ੍ਰਹਮ ਹੈ, ਆਪਣਾ ਆਪ ਹੀ ਸਾਖੀ ਰੂਪ ਚੇਤਨ ਹੈ, ਆਪ ਹੀ ਜੀਵਾਂ ਤਾਈਂ ਉਪਾਇਓ = ਉਤਪੰਨ ਕਰਨ ਵਾਲਾ ਹੈ।

## ਆਪਹਿ ਬਾਪ; ਆਪ ਹੀ ਮਾਇਓ ॥

ਆਪਹਿ = ਆਪ ਹੀ ਬਾਪ = ਪਿਤਾ ਰੂਪ ਤੇ ਆਪ ਹੀ ਮਾਇਓ = ਮਾਤਾ ਰੂਪ ਹੈ।

ਪੁੱਤਰ ਦਾ ਬਾਪੂ ਨਮਿਤ ਕਾਰਨ ਹੁੰਦਾ ਹੈ, ਮਾਤਾ ਉਪਾਦਾਨ ਕਾਰਨ ਹੁੰਦੀ ਹੈ ਜਿਵੇਂ ਮਿੱਟੀ ਉਪਾਦਾਨ ਕਾਰਨ ਤੇ ਘੁਮਿਆਰ ਨਮਿੱਤ ਕਾਰਨ ਹੈ। ਇਉਂ ਆਪ ਹੀ ਅਸੰਗ ਰੂਪ ਹੋ ਕੇ ਬਾਪ ਰੂਪ ਹੈ, ਜਿਸ ਦੀ ਸੱਤਾ ਤੋਂ ਬਿਨਾਂ ਕੁਝ ਵੀ ਨਹੀਂ ਹੋ ਸਕਦਾ, ਮਾਇਆ ਜਗਤ ਦਾ ਉਪਾਦਾਨ ਕਾਰਨ ਹੈ। ਜਿਵੇਂ ਮੱਕੜੀ ਦਾ ਸੂਖਮ ਸਰੀਰ ਜਾਲੇ ਦਾ ਨਮਿੱਤ ਕਾਰਨ ਹੈ, ਮੱਕੜੀ ਦਾ ਸਥੂਲ ਸਰੀਰ ਜਾਲੇ ਦਾ ਉਪਾਦਾਨ ਕਾਰਨ ਹੈ:

**ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ॥** *(ਅੰਗ ੯੨੧)*

## ਆਪਹਿ ਸੂਖਮ; ਆਪਹਿ ਅਸਥੂਲਾ ॥

ਆਪ ਹੀ ਸੂਖਮ ਤੱਤ ਰੂਪ ਅਤੇ ਆਪ ਹੀ ਅਸਥੂਲਾ = ਦ੍ਰਿਸ਼ਟਮਾਨ ਰੂਪ ਹੈ **ਵਾ:** ਆਪ ਹੀ ਸੂਖਮ ਹਿਰਨ ਗਰਭ ਰੂਪ ਹੈ, ਆਪ ਹੀ ਅਸਥੂਲ ਵੈਰਾਟ ਰੂਪ ਹੈ, ਆਪ ਹੀ ਸੂਖਮ ਭਾਵ ਨਿਰਗੁਣ ਸਰੂਪ ਹੈ, ਆਪ ਹੀ ਸਥੂਲ ਭਾਵ ਸਰਗੁਣ ਸਰੂਪ ਹੈ।

ਸੂਖਮਾਂ ਤੋਂ ਸੂਖਮ ਰਾਗ ਆਦਿਕ ਮੰਨੇ ਹਨ, ਫੁੱਲਾਂ ਦੀ ਖ਼ੁਸ਼ਬੂ ਸੂਖਮ ਮੰਨੀ ਹੈ, ਵਾਲ ਨਾਲੋਂ ਸੌਂਵਾਂ (੧੦੦) ਹਿੱਸਾ ਬਰੀਕ ਅਤਿਅੰਤ ਸੂਖਮ ਪ੍ਰਮਾਣੂ ਮੰਨੇ ਹਨ, ਪਰ ਜੋਗੀ ਧਿਆਨ ਨਾਲ ਪ੍ਰਮਾਣੂ ਵੇਖ ਲੈਂਦੇ ਹਨ, ਪਰ ਉਹ ਪਰਮੇਸ਼ਰ ਧਿਆਨ ਦਾ ਵਿਸ਼ਾ ਨਾ ਹੋਣ ਕਰ ਕੇ ਵੇਖਿਆ ਨਹੀਂ ਜਾਂਦਾ, ਇਉਂ ਉਹ ਸੂਖਮ ਰੂਪ ਅਦ੍ਰਿਸ਼ਟਾ ਰੂਪ ਬ੍ਰਹਮ ਆਪ ਹੀ ਹੈ, ਆਪ ਹੀ ਵੈਰਾਟ ਰੂਪ ਹੋ ਕੇ ਸਾਰਾ ਸੰਸਾਰ, ਬ੍ਰਹਿਮੰਡ ਕਰੋੜ ਰੋਮ ਰੋਮ ਵਿਚ ਰੱਖੇ ਹਨ, ਉਹ ਆਪ ਹੀ ਵਿਆਪਕ ਰੂਪ ਤੇ ਆਪ ਹੀ ਅਸਥੂਲ ਰੂਪ ਹੈ।

## ਲਖੀ ਨ ਜਾਈ; ਨਾਨਕ ਲੀਲ੍ਹਾ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਰੀ ਪਰਮੇਸ਼ਰ ਦੀ ਲੀਲ੍ਹਾ = ਖੇਡ ਕਿਸੇ ਪਾਸੋਂ ਲਖੀ = ਜਾਣੀ ਨ = ਨਹੀਂ ਜਾਈ = ਜਾਂਦੀ, ਭਾਵ ਉਸ ਦੀ ਰਚਨਾ ਬੇਅੰਤ ਹੈ॥੧॥

## ਕਰਿ ਕਿਰਪਾ; ਪ੍ਰਭ ਦੀਨ ਦਇਆਲਾ ॥
## ਤੇਰੇ ਸੰਤਨ ਕੀ; ਮਨੁ ਹੋਇ ਰਵਾਲਾ ॥ਰਹਾਉ॥

ਹੇ ਪ੍ਰਭ = ਹਰੀ ਵਾਹਿਗੁਰੂ ਦੀਨ = ਗ਼ਰੀਬਾਂ 'ਤੇ ਦਇਆਲਾ = ਦਇਆ ਕਰਨ ਵਾਲੇ ਸਾਡੇ 'ਤੇ ਆਪ ਜੀ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰੋ।

ਜੋ ਤੇਰੇ ਸੰਤਨ = ਮਹਾਤਮਾ ਜਨਾਂ ਕੀ = ਦੀ ਮੇਰਾ ਮਨ ਰਵਾਲਾ = ਧੂੜੀ ਦੇ ਕਿਣਕੇ ਦੀ ਨਿਆਈਂ ਹੋਇ = ਹੋ ਜਾਵੇ, ਭਾਵ ਨਿਮਰਤਾ ਧਾਰਨ ਕਰ ਲਈਏ ॥ਰਹਾਉ॥

## ਸਲੋਕੁ ॥ ਨਿਰੰਕਾਰ ਆਕਾਰ ਆਪਿ; ਨਿਰਗੁਨ ਸਰਗੁਨ ਏਕ ॥

ਨਿਰੰਕਾਰ = ਨਿਰਾਕਾਰ ਜੋ ਇਕ ਨਿਰਗੁਣ ਬ੍ਰਹਮ ਹੈ, ਉਹ ਆਪ ਹੀ ਅਕਾਰ ਧਾਰ ਕੇ ਸਰਗੁਣ ਰੂਪ ਹੋ ਰਿਹਾ ਹੈ **ਵਾ:** ਜਦੋਂ ਅਕਾਰਾਂ ਤੋਂ ਰਹਿਤ ਨਿਰਗੁਣ ਸਰੂਪ ਹੈ, ਜਦੋਂ ਅਕਾਰ ਧਾਰਦਾ ਹੈ, ਉਦੋਂ ਸਰਗੁਣ ਸਰੂਪ ਹੈ, ਪਰਮੇਸ਼ਰ ਇੱਕੋ ਆਪ ਹੀ ਹੈ।

ਜਿਸ ਪ੍ਰਕਾਰ ਕੋਈ ਪਾਤਿਸ਼ਾਹ ਸਭਾ ਲਾ ਕੇ ਬੈਠ ਜਾਵੇ, ਉਸ ਵੇਲੇ ਸਿਪਾਹੀ, ਵਜ਼ੀਰ ਅਹਿਲਕਾਰ, ਸਾਰਿਆਂ ਸਮੇਤ ਸਭਾ ਭਰਪੂਰ ਹੁੰਦੀ ਹੈ, ਜਦੋਂ ਜਗਤ ਨੂੰ ਆਪਣੇ ਆਪ ਰਚਦਾ ਹੈ ਕਿ ਮੈਂ ਇਕ ਤੋਂ ਅਨੇਕ ਹੋਵਾਂ, ਉਦੋਂ ਸਰਗੁਣ ਸਰੂਪ ਹੈ, ਜਦੋਂ ਸਾਰੇ ਪਸਾਰੇ ਨੂੰ ਸਮੇਟ ਕੇ ਨਿਰਲੇਪ ਹੁੰਦਾ ਹੈ, ਉਦੋਂ ਨਿਰੰਕਾਰ ਨਿਰਗੁਣ ਸਰੂਪ ਹੈ।

## ਏਕਹਿ ਏਕ ਬਖਾਨਨੋ; ਨਾਨਕ ਏਕ ਅਨੇਕ ॥੧॥

ਉਸ ਨੂੰ ਏਕਹਿ = ਏਕੋ ਬੇਦ ਤੇ ਏਕ = ਏਕੋ ਸ਼ਾਸਤਰ **ਵਾ:** ਇੱਕੋ ਤੱਤ ਬੇਤਿਆਂ ਤੇ ਬ੍ਰਹਮ ਵੇਤਿਆਂ ਨੇ ਬਖਾਨਨੋ = ਕਥਨ ਕੀਤਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਪਰਮੇਸ਼ਰ ਹੀ ਇੱਕ ਤੋਂ ਅਨੇਕ ਰੂਪ ਹੋ ਰਿਹਾ ਹੈ।

ਜਿਵੇਂ ਸੀਸ ਮਹਿਲ ਵਿਚ ਕੋਈ ਵਸਤੂ ਰੱਖ ਦੇਈਏ, ਸਾਰਿਆਂ ਸ਼ੀਸ਼ਿਆਂ 'ਚ ਪ੍ਰਤਿਬਿੰਬ ਪਏਗਾ। ਜਿਵੇਂ ਉਥੇ ਸੀਸ ਮਹਿਲ ਵਿਚ ਕੋਈ ਪੁਰਖ ਚਲਿਆ ਜਾਵੇ, ਸਾਰੇ ਸ਼ੀਸ਼ਿਆਂ ਵਿਚ ਉਸ ਦਾ ਪ੍ਰਤੀਬਿੰਬ (ਪਰਛਾਵਾਂ) ਹੋਵੇਗਾ, ਪੁਰਖ ਇੱਕੋ ਹੀ ਹੈ। ਸਾਰੇ ਅੰਤਸ਼ਕਰਣ ਸ਼ੀਸ਼ੇ ਰੂਪ ਸੀਸ ਮਹਿਲ ਹੈ, ਉਹਦੇ ਵਿਚ ਇਕ ਹਰੀ ਦਾ ਪ੍ਰਤੀਬਿੰਬ ਹੈ, ਆਪ ਉਹ ਜੋਤੀ ਸਰੂਪ ਹੈ, ਪਰ ਉਹਦੀ ਸ੍ਵਯੰ ਪ੍ਰਕਾਸ਼ ਜੋਤ ਸਾਰਿਆਂ ਦੇ ਅੰਤਸ਼ਕਰਣ ਵਿਚ ਪ੍ਰਕਾਸ਼ ਹੋ ਰਹੀ ਹੈ, ਉਹ ਜੋਤ ਜੋ ਭਿੰਨ ਭਿੰਨ ਜੀਵਾਂ ਵਿਚ ਪ੍ਰਕਾਸ਼ ਰਹੀ ਹੈ, ਉਸ ਨੂੰ ਪ੍ਰਤਕ ਜੋਤ ਕਹੀਦਾ ਹੈ, ਜੋ ਸਾਰਿਆਂ 'ਚ ਵਿਆਪਕ ਹੈ, ਉਸ ਨੂੰ ਅਦ੍ਵੈਤ ਅਨੰਦ ਰੂਪ ਜੋਤੀ ਕਹੀਦਾ ਹੈ ॥੧॥

## ਪਉੜੀ ॥ ਓਅੰ; ਗੁਰਮੁਖਿ ਕੀਓ ਅਕਾਰਾ ॥

ਓਅੰ = ਮੰਗਲ ਰੂਪ ਹਰੀ ਨੇ ਆਪ ਹੀ ਸੰਸਾਰ ਦਾ ਅਕਾਰ ਕੀਓ = ਕੀਤਾ ਹੈ, ਗੁਰਮੁਖਾਂ ਨੇ ਇਹ ਨਿਸਚੇ ਕੀਤਾ ਹੈ **ਵਾ:** ਗੁਰਮੁਖਾਂ ਨੇ ਜਾਣਿਆ ਕਿ ਓਅੰ = ਓਅੰਕਾਰ ਸ਼ਬਦ ਤੋਂ ਸਾਰੇ ਸੰਸਾਰ ਦੀਆਂ ਅਕਾਰਾ = ਸੂਰਤਾਂ ਬਣਾਈਆ ਹਨ **ਵਾ:** ਓਅੰ ਰੂਪ ਪਰਮਾਤਮਾ ਨੇ ਜਗਤ ਦਾ ਅਕਾਰ ਕੀਉ = ਕੀਤਾ ਹੈ। ਜੈਸਾ ਕਿ :

**ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥** *(ਅੰਗ ੧੦੦੩)*

## ਏਕਹਿ; ਸੂਤਿ ਪਰੋਵਨਹਾਰਾ ॥

ਏਕਹਿ = ਇੱਕੋ ਚੇਤਨ ਸੱਤਾ ਰੂਪੀ, ਹੁਕਮ ਰੂਪੀ ਸੂਤਿ = ਸੂਤਰ ਵਿਚ ਅਨੇਕਾਂ ਸੂਖਮ, ਸਥੂਲ ਆਦਿ

ਸਰੀਰਾਂ ਰੂਪ ਮਣਕਿਆਂ ਨੂੰ ਪਰੋਵਨਹਾਰਾ = ਪ੍ਰੋਣ ਵਾਲਾ ਹੈ **ਵਾ:** ਪ੍ਰਾਣਾਂ ਰੂਪੀ ਸੂਤਿ = ਧਾਗੇ ਵਿਚ ਪਰੋਵਨਹਾਰਾ = ਪਰੋਣਾ ਕੀਤਾ ਹੈ।

## ਭਿੰਨ ਭਿੰਨ; ਤ੍ਰੈ ਗੁਣ ਬਿਸਥਾਰੰ ॥ ਨਿਰਗੁਨ ਤੇ; ਸਰਗੁਨ ਦ੍ਰਿਸਟਾਰੰ ॥

ਉਸ ਨੇ ਆਪ ਹੀ ਭਿੰਨ ਭਿੰਨ = ਵੱਖੋ ਵੱਖ ਤ੍ਰੈਗੁਣ = ਤਿੰਨ ਗੁਣ ਰਾਜਸੀ, ਤਾਮਸੀ, ਸਾਤਕੀ ਦਾ ਬਿਸਥਾਰੰ = ਫੈਲਾਅ ਕੀਤਾ ਹੋਇਆ ਭਾਵ ਰਜੋਗੁਣੀ ਧਰਤੀ 'ਤੇ ਮਨੁੱਖ, ਤਮੋਗੁਣੀ ਪਾਤਾਲ ਵਿਚ ਨਾਗ ਆਦਿ ਅਤੇ ਸਤੋਗੁਣੀ ਸਵਰਗ ਵਿਚ ਦੇਵਤੇ ਹਨ। ਨਿਰਗੁਣ ਸਰੂਪ ਤੇ = ਤੋਂ ਪਰਮੇਸ਼ਰ ਸਰਗੁਣ ਭਾਵ ਵੈਰਾਟ ਰੂਪ ਵਿਚ ਦ੍ਰਿਸਟਾਰੰ = ਨਦਰੀ ਆਉਂਦਾ ਹੈ।

## ਸਗਲ ਭਾਤਿ ਕਰਿ; ਕਰਹਿ ਉਪਾਇਓ ॥
## ਜਨਮ ਮਰਨ; ਮਨ ਮੋਹੁ ਬਢਾਇਓ ॥

ਸਗਲ = ਸਭ ਭਾਤਿ = ਤਰ੍ਹਾਂ ਕਰਿ = ਕਰਕੇ ਉਸ ਨੇ ਸੰਸਾਰ ਨੂੰ ਉਪਾਇਓ = ਪੈਦਾ ਕਰਹਿ = ਕਰਨਾ ਕੀਤਾ ਹੈ ਅਤੇ ਆਪ ਹੀ ਸਾਰਿਆਂ ਦੀ ਕਿਰਿਆ ਕਰਾ ਰਿਹਾ ਹੈ **ਵਾ:** ਸਾਰਿਆਂ ਦੀ ਪਰਲੋ ਰੂਪ ਵੀ ਆਪ ਕਰਾਉਣ ਵਾਲਾ ਹੈ **ਵਾ:** ਸਾਰਿਆਂ ਨੂੰ ਅਸਤੀ ਭਾਂਤੀ, ਪੇਤਾ ਰੂਪ ਹੋਣ ਕਰ ਕੇ ਭਾਤਿ = ਪ੍ਰਕਾਸ਼ ਰਿਹਾ ਹੈ।

ਆਪ ਹੀ ਜੀਵਾਂ ਦੇ ਮਨ ਅੰਦਰ ਮੋਹੁ ਬਢਾਇਓ = ਵਧਾ ਕੇ ਜਨਮ ਮਰਨ = ਜੰਮਣਾ ਮਰਣਾ ਰਚ ਦਿੱਤਾ **ਵਾ:** ਸ੍ਰਿਸ਼ਟੀ ਦੀ ਰਚਨਾ ਵਿਚ ਮਨ ਵਾਲੇ ਜੀਵ ਪੈਦਾ ਕਰਕੇ ਉਨ੍ਹਾਂ ਦੇ ਮਨ ਅੰਦਰ ਮੋਹ ਦਾ ਪਸਾਰਾ ਵਧਾ ਦਿੱਤਾ ਜਿਸ ਮੋਹ ਦੀ ਫਾਹੀ ਕਰਕੇ ਜੰਮਣਾ ਮਰਣਾ ਹੋ ਗਿਆ ਭਾਵ ਮੋਹ ਕਰਕੇ ਵਾਸ਼ਨਾ ਪੈਦਾ ਹੁੰਦੀ ਹੈ ਤੇ ਵਾਸ਼ਨਾ ਕਰਕੇ ਜੀਵ ਆਉਂਦਾ ਜਾਂਦਾ ਰਹਿੰਦਾ ਹੈ। ਜੈਸਾ ਕਿ :

**ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ ॥**

*(ਭਾਈ ਗੁਰਦਾਸ ਜੀ, ਵਾਰ ੧, ਪਉੜੀ ੧੫)*

## ਦੁਹੂ ਭਾਤਿ ਤੇ; ਆਪਿ ਨਿਰਾਰਾ ॥ ਨਾਨਕ; ਅੰਤੁ ਨ ਪਾਰਾਵਾਰਾ ॥੨॥

ਦੁਹੂ = ਦੋਹਾਂ ਜੰਮਣ ਤੇ ਮਰਣ ਆਦਿ ਦੇ ਭਾਤਿ = ਤਰੀਕਿਆਂ ਤੇ = ਤੋਂ ਆਪ ਪਰਮੇਸ਼ਰ ਨਿਰਾਰਾ = ਅਸੰਗ ਹੈ, ਪਰ ਫੇਰ ਵੀ ਦੋਹਾਂ ਨੂੰ ਪ੍ਰਕਾਸ਼ੀ ਜਾਂਦਾ ਹੈ ਕਿ ਇਹ ਜੰਮਣ ਵਾਲੀ ਤੇ ਉਹ ਮਰਨ ਵਾਲੀ ਚੀਜ਼ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਵੇਂ ਸਮੁੰਦਰ ਦਾ ਅੰਤ ਨਹੀਂ ਪੈਂਦਾ, ਇਸੇ ਤਰ੍ਹਾਂ ਉਸ ਵਾਹਿਗੁਰੂ ਦਾ ਲੋਕ-ਪਰਲੋਕ ਕਰ ਕੇ ਪਾਰਾਵਾਰਾ = ਪਾਰ ਉਰਵਾਰ ਦਾ ਅੰਤੁ ਨ = ਨਹੀਂ ਪਾਇਆ ਜਾ ਸਕਦਾ ॥੨॥

## ਸਲੋਕੁ ॥ ਸੇਈ ਸਾਹ ਭਗਵੰਤ ਸੇ; ਸਚੁ ਸੰਪੈ ਹਰਿ ਰਾਸਿ ॥

ਸੇਈ = ਓਹੀ ਸਾਹ = ਸ਼ਾਹੂਕਾਰ ਭਗਵੰਤ = ਭਾਗਾਂ ਵਾਲੇ **ਵਾ:** ਸੇ = ਉਹ ਭਗਵੰਤ = ਪਰਮੇਸ਼ਰ ਦਾ ਸ੍ਵਰੂਪ ਹਨ ਜਿਨ੍ਹਾਂ ਦੇ ਪਾਸ ਸੱਚੇ ਨਾਮ ਦੀ ਸੰਪੈ = ਬਿਭੂਤੀ ਹੈ ਤੇ ਹਰਿ = ਹਰੀ ਅਕਾਲ ਪੁਰਖ ਦੀ ਰਾਸਿ = ਪੂੰਜੀ ਹੈ **ਵਾ:** ਹਰੀ ਦੀ ਸ਼ਰਧਾ ਰੂਪੀ ਪੂੰਜੀ ਹੈ।

## ਨਾਨਕ ਸਚੁ ਸੁਚਿ ਪਾਈਐ; ਤਿਹ ਸੰਤਨ ਕੈ ਪਾਸਿ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਹ = ਉਨ੍ਹਾਂ ਸੰਤਨ = ਮਹਾਤਮਾ ਜਨਾਂ ਕੈ = ਦੇ ਪਾਸਿ = ਕੋਲੋਂ ਸੱਚ ਰੂਪ ਪਰਮੇਸ਼ਰ ਦੀ ਪ੍ਰਾਪਤੀ ਅਤੇ ਸੁਚਿ = ਪਵਿੱਤਰਤਾ ਪਾਈਐ = ਪਾਈਦੀ ਹੈ **ਵਾ:** ਜਦੋਂ ਅੰਤਹਕਰਣ

ਅੰਦਰੋਂ ਸੁਚਿ = ਪਵਿੱਤਰ ਹੋਵੇ ਤਾਂ ਸੱਚੇ ਪਰਮੇਸ਼ਰ ਨੂੰ ਪਾਈਐ = ਪਾਈਦਾ ਹੈ **ਵਾ:** ਮਨ ਦਾ ਵਿਕਾਰਾਂ ਤੋਂ ਰਹਿਤ ਹੋਣਾ ਇਹ ਸੁਚਿ = ਸੁੱਚਮ ਹੈ। ਤਿਹ = ਉਨ੍ਹਾਂ ਸੰਤਨ = ਸਾਧੂ ਜਨਾਂ ਕੈ = ਦੇ ਪਾਸਿ = ਪਾਸੋਂ ਰਿਦੇ ਦੀ ਪਵਿੱਤਰਤਾ ਨਿਰਵਿਕਾਰਤਾ ਪਾਈਦੀ ਹੈ॥੧॥

## ਪਵੜੀ ॥ ਸਸਾ; ਸਤਿ ਸਤਿ, ਸਤਿ ਸੋਊ ॥

ਸੱਸੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਸੰਤਾਂ ਨੇ ਨਿਸਚੇ ਕੀਤਾ ਹੈ ਕਿ ਸੋਊ = ਉਹ ਵਾਹਿਗੁਰੂ ਸਤਿ ਸਰੂਪ ਪਿੱਛੇ ਵੀ ਸੀ, ਸਤਿ ਸਰੂਪ ਹੁਣ ਵੀ ਹੈ, ਅੱਗੇ ਨੂੰ ਵੀ ਸਤਿ ਸਰੂਪ ਹੋਵੇਗਾ **ਵਾ:** ਸਤਿ ਜੋ ਪਰਮੇਸ਼ਰ ਰੂਪ ਸਤਿਗੁਰੂ ਹੈ, ਇਨ੍ਹਾਂ ਦੇ ਸਤਿ = ਸਤਿਨਾਮ ਮੰਤਰ ਦੁਆਰਾ ਜਿਨ੍ਹਾਂ ਨੇ ਸਤਿ ਨਿਸਚੇ ਕੀਤਾ ਹੈ, ਸੋਊ = ਉਹ ਪਰਮੇਸ਼ਰ ਨੂੰ ਤਤ ਪਦ ਦਾ ਲਖ ਅਰਥ ਰੂਪ ਕਰ ਕੇ ਜਾਣਦੇ ਹਨ।

## ਸਤਿ ਪੁਰਖ ਤੇ; ਭਿੰਨ ਨ ਕੋਊ ॥

ਉਨ੍ਹਾਂ ਦੀ ਐਸੀ ਦਿਬ ਦ੍ਰਿਸ਼ਟੀ ਜਾਗ ਪੈਂਦੀ ਹੈ ਉਨ੍ਹਾਂ ਨੂੰ ਸਤਿ ਪੁਰਖ = ਪਰਮਾਤਮਾ ਅਕਾਲ ਪੁਰਖ ਤੇ = ਤੋਂ ਕੋਊ = ਕੋਈ ਵੀ ਭਿੰਨ = ਵੱਖਰਾ ਪ੍ਰਤੀਤ ਨ = ਨਹੀਂ ਹੁੰਦਾ ਹੈ।

## ਸੋਊ ਸਰਨਿ ਪਰੈ; ਜਿਹ ਪਾਯੰ ॥ ਸਿਮਰਿ ਸਿਮਰਿ; ਗੁਨ ਗਾਇ ਸੁਨਾਯੰ ॥

(**ਪਾਇਅੰ** ਤੇ **ਸੁਨਾਇਅੰ** ਬੋਲੋ)

ਸੋਊ = ਉਹੀ ਵਾਹਿਗੁਰੂ ਪਰਮੇਸ਼ਰ ਦੀ ਸਰਨਿ = ਓਟ ਪਰੈ = ਪੈਂਦੇ ਹਨ, ਜਿਹ = ਜਿਨ੍ਹਾਂ ਨੂੰ ਹਰੀ ਆਪ ਪਾਯੰ = ਪਾਉਂਦਾ ਹੈ। ਉਹੋ ਹੀ ਸਿਮਰਿ = ਸਿਮਰਨੇ ਯੋਗ ਵਾਹਿਗੁਰੂ ਦੇ ਨਾਮ ਨੂੰ ਸਿਮਰਿ = ਸਿਮਰਦੇ ਹਨ ਅਤੇ ਮਨ, ਬਾਣੀ, ਸਰੀਰ ਕਰ ਕੇ, ਰਸਨਾ ਨਾਲ ਹੋਰਨਾਂ ਅਧਿਕਾਰੀਆ ਨੂੰ ਹਰੀ ਦੇ ਗੁਣ ਗਾਇ = ਗਾ ਗਾ ਕੇ ਸੁਨਾਯੰ = ਸੁਣਾਉਂਦੇ ਹਨ।

## ਸੰਸੈ ਭਰਮੁ; ਨਹੀ ਕਛੁ ਬਿਆਪਤ ॥ ਪ੍ਰਗਟ ਪ੍ਰਤਾਪੁ; ਤਾਹੂ ਕੋ ਜਾਪਤ ॥

ਉਨ੍ਹਾਂ ਨੂੰ ਕਿਸੇ ਪ੍ਰਕਾਰ ਪ੍ਰਮਾਣਗਤ ਸੰਸਾ, ਪ੍ਰਮੇਯਗਤ ਸੰਸਾ, ਵਿਪਰਜੇ ਸੰਸਾ ਆਦਿ ਸੰਸੇ ਅਤੇ ਨਾ ਹੀ ਪੰਜ ਪ੍ਰਕਾਰ ਦਾ ਭਰਮ = ਵਹਿਮ ਆਦਿ ਕਛੁ = ਕੁਝ ਵੀ ਨਹੀਂ ਬਿਆਪਤ = ਵਿਆਪਦਾ। ਜਿਸ ਵਾਹਿਗੁਰੂ ਦਾ ਪ੍ਰਗਟ = ਪ੍ਰਤੱਖ ਪ੍ਰਤਾਪੁ = ਤੇਜ ਹੈ, ਤਾਹੂ = ਉਸ ਕੋ = ਨੂੰ ਹੀ ਮਹਾਤਮਾ ਜਨ ਜਾਪਤ = ਜਪਦੇ ਹਨ **ਵਾ:** ਤਾਹੂ = ਉਨ੍ਹਾਂ ਦੇ ਪ੍ਰਗਟ = ਪ੍ਰਤੱਖ ਪ੍ਰਤਾਪ = ਤੇਜ ਕੋ = ਨੂੰ ਸਾਰੇ ਸੰਸਾਰ ਨੇ ਜਾਪਤ = ਜਾਣਿਆ ਹੈ।

## ਸੋ ਸਾਧੂ; ਇਹ ਪਹੁਚਨਹਾਰਾ ॥ ਨਾਨਕ ਤਾ ਕੈ; ਸਦ ਬਲਿਹਾਰਾ ॥੩॥

ਸੋ = ਉਹੀ ਪੁਰਸ਼ ਸਾਧੂ = ਸ੍ਰੇਸ਼ਟ ਹੈ ਜੋ ਇਹ = ਇਸ ਸਤਿ ਸਰੂਪ 'ਚ ਪਹੁੰਚਦਾ ਹੈ, ਬਾਕੀ ਕੋਈ ਸਾਧ ਨਹੀਂ, ਅਸਲੀ ਸਾਧ ਉਹ ਹੈ ਜੋ ਵਾਹਿਗੁਰੂ ਦੇ ਸਰੂਪ ਦੀ ਪ੍ਰਾਪਤੀ ਵਾਲਾ ਹੋ ਜਾਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਾ ਕੈ = ਉਸ ਦੇ ਉੱਪਰੋਂ ਅਸੀਂ ਸਦ = ਸਦਾ ਸਦਾ (ਸੈਂਕੜੇ ਵਾਰੀ) ਬਲਿਹਾਰਾ = ਕੁਰਬਾਨ ਜਾਂਦੇ ਹਾਂ ॥੩॥

## ਸਲੋਕੁ ॥ ਧਨੁ ਧਨੁ ਕਹਾ ਪੁਕਾਰਤੇ; ਮਾਇਆ ਮੋਹ ਸਭ ਕੂਰ ॥

ਹੇ ਜੀਵ ! ਧਨੁ = ਮਾਇਆ ਨੂੰ ਧੰਨਤਾ ਯੋਗ ਕਰ ਕੇ ਕਹਾ = ਕਿਸ ਤਰ੍ਹਾਂ ਪੁਕਾਰਤੇ = ਪੁਕਾਰਦੇ ਹੋ ? ਇਹ ਧਨੁ = ਮਾਇਆ ਦਾ ਮੋਹ ਸਭ = ਸਾਰਾ ਕੂਰ = ਝੂਠਾ ਹੈ **ਵਾ:** ਮਹਾਂਪੁਰਖ ਦਾ ਸੁਭਾਅ ਐਸਾ ਹੈ ਕਿ ਉਹ ਧਨ ਦੇ ਤਾਈਂ ਧੰਨ ਧੰਨ ਕਹਾ = ਕਾਹਨੂੰ ਕਹਿੰਦੇ ਹਨ, ਉਹ ਸਮਝਦੇ ਹਨ ਕਿ ਮਾਇਆ ਦਾ ਮੋਹ ਸਭ = ਸਾਰਾ ਕੂਰ = ਝੂਠਾ ਹੀ ਹੈ, ਉਹ ਇਸ ਵਿਚ ਚਿੱਤ ਨਹੀਂ ਜੋੜਦੇ।

[ਅੰਗ ੨੫੧]

## ਨਾਮ ਬਿਹੂਨੇ ਨਾਨਕਾ; ਹੋਤ ਜਾਤ ਸਭੁ ਧੂਰ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਪੁਰਸ਼ ਨਾਮ ਤੋਂ ਬਿਹੂਨੇ = ਬਗ਼ੈਰ ਹਨ ਉਹ ਸਭੁ = ਸਾਰੇ ਧੂਰ = ਧੂੜ ਰੂਪ ਹੋਤ = ਹੋ ਜਾਤ = ਜਾਂਦੇ ਹਨ, ਭਾਵ ਮਿੱਟੀ ਹੋ ਜਾਂਦੇ ਹਨ ॥੧॥

## ਪਵੜੀ ॥ ਧਧਾ; ਧੂਰਿ ਪੁਨੀਤ ਤੇਰੇ ਜਨੂਆ ॥
## ਧਨਿ ਤੇਊ; ਜਿਹ ਰੁਚ ਇਆ ਮਨੂਆ ॥

ਧੱਧੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਹੇ ਮਹਾਰਾਜ! ਤੇਰੇ = ਤੁਹਾਡੇ ਜਨੂਆ = ਸੰਤ ਜਨਾਂ ਦੀ ਚਰਨ ਧੂਰਿ = ਧੂੜੀ ਬੜੀ ਪੁਨੀਤ = ਪਵਿੱਤਰ ਹੈ।

ਤੇਊ = ਉਹ ਮਹਾਂਪੁਰਖ ਧੰਨ ਹਨ, ਜਿਹ = ਜਿਨ੍ਹਾਂ ਦੇ ਮਨੂਆ = ਮਨ ਵਿਚ ਇਆ = ਇਸ ਸਾਧਸੰਗਤ ਰੂਪ ਧੂੜੀ ਦੀ ਰੁਚ = ਰੁਚੀ ਹੈ **ਵਾ:** ਤੇਊ = ਉਹ ਪੁਰਖ ਧਨਿ = ਧੰਨਤਾ ਯੋਗ ਹਨ, ਜਿਹ = ਜਿਨ੍ਹਾਂ ਦੇ ਮਨੂਆ = ਮਨ ਵਿਚ ਇਆ = ਇਸ ਸੰਤਾਂ ਦੇ ਚਰਨਾਂ ਦੀ ਧੂੜੀ ਦੀ ਰੁਚ = ਰੁਚੀ ਹੈ।

## ਧਨੁ ਨਹੀ ਬਾਛਹਿ; ਸੁਰਗ ਨ ਆਛਹਿ ॥ ਅਤਿ ਪ੍ਰਿਅ ਪ੍ਰੀਤਿ; ਸਾਧ ਰਜ ਰਾਚਹਿ ॥

(**ਰਜ** ਦਾ ਉਚਾਰਣ ਪੋਲਾ ਹੈ)

ਉਹ ਧਨੁ = ਮਾਇਆ ਨੂੰ ਨਹੀਂ ਬਾਛਹਿ = ਚਾਹੁੰਦੇ, ਐਸੇ ਤਿਆਗੀ ਹਨ ਕਿ ਸੁਰਗ = ਸਵਰਗ ਆਦਿ ਦੀ ਆਛਹਿ = ਇੱਛਾ ਵੀ ਨਹੀਂ ਰੱਖਦੇ। ਅਤਿ = ਅਤਿਅੰਤ ਪ੍ਰਿਅ = ਪਤੀ ਪਰਮੇਸ਼ਰ ਦੀ ਪ੍ਰੀਤਿ = ਲਗਨ ਵਾਲੇ ਸਾਧ = ਮਹਾਤਮਾ ਜਨਾਂ ਦੀ ਚਰਨ ਰਜ = ਧੂੜ ਵਿਚ ਰਾਚਹਿ = ਰਚ ਜਾਂਦੇ ਹਨ **ਵਾ:** ਜਿਨ੍ਹਾਂ ਮਹਾਤਮਾ ਜਨਾਂ ਨੇ ਨਾਮ ਧਨ ਇਕੱਠਾ ਕੀਤਾ ਹੈ, ਉਹ ਸਾਧ ਸੰਗਤ ਦੀ ਧੂੜੀ ਨੂੰ ਅਤਿ = ਅਤਿਅੰਤ ਪ੍ਰਿਅ = ਪਿਆਰੀ ਜਾਣ ਕੇ ਰਜ = ਤ੍ਰਿਪਤ ਹੋ ਕੇ ਰਾਚਹਿ = ਰਚ ਗਏ ਹਨ।

## ਧੰਧੇ ਕਹਾ ਬਿਆਪਹਿ; ਤਾਹੂ ॥

ਉਨ੍ਹਾਂ ਤਾਂਈਂ ਧੰਧੇ = ਦੁਨੀਆਂ ਦੇ ਕੰਮ ਕਾਜ ਕਹਾ = ਕਿਥੇ ਬਿਆਪਹਿ = ਵਿਆਪਦੇ ਹਨ **ਵਾ:** ਤਾਹੂ = ਉਨ੍ਹਾਂ ਦੇ ਚਿੱਤ ਨੂੰ ਧੰਧੇ ਕਹਾ = ਕਿਥੇ ਬਿਆਪਹਿ = ਬਿਆਪ ਸਕਦੇ ਹਨ, ਭਾਵ ਉਹ ਸਦਾ ਨਿਰਲੇਪ ਰਹਿੰਦੇ ਹਨ। ਜੈਸਾ ਕਿ :

**ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥** *(ਅੰਗ ੨੭੩)*

## ਜੋ ਏਕ ਛਾਡਿ; ਅਨ ਕਤਹਿ ਨ ਜਾਹੂ ॥

ਜੋ = ਜਿਹੜੇ ਏਕ = ਇਕ ਨੂੰ ਛਾਡਿ = ਛੱਡ ਕੇ ਅਨ = ਹੋਰ ਕਤਹਿ = ਕਿਤੇ ਨ = ਨਹੀਂ ਜਾਹੂ = ਜਾਂਦੇ **ਵਾ:** ਅਨ = ਹੋਰ ਦੂਸਰੇ ਕਿਸੇ ਪਾਸੇ ਨਹੀਂ ਜਾਂਦੇ।

## ਜਾ ਕੈ ਹੀਐ; ਦੀਓ ਪ੍ਰਭ ਨਾਮ ॥ ਨਾਨਕ; ਸਾਧਪੂਰਨ ਭਗਵਾਨ ॥੪॥

ਜਾ = ਜਿਨ੍ਹਾਂ ਕੈ = ਦੇ ਹੀਐ = ਹਿਰਦੇ ਵਿਚ ਪ੍ਰਭ = ਹਰੀ ਵਾਹਿਗੁਰੂ ਨੇ ਆਪਣਾ ਨਾਮ ਦੀਓ = ਦਿੱਤਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਸਾਧ = ਸ੍ਰੇਸ਼ਟ ਪੁਰਖ ਪੂਰਨ = ਪੂਰੇ ਤੇ ਭਗਵਾਨ = ਪਰਮੇਸ਼ਰ ਦਾ ਸਰੂਪ ਹਨ **ਵਾ:** ਉਹ ਸੰਤ ਜਨ ਪੂਰਨ ਪਰਮੇਸ਼ਰ ਦਾ ਰੂਪ ਹਨ ॥੪॥

## ਸਲੋਕ ॥ ਅਨਿਕ ਭੇਖ ਅਰੁ ਙਿਆਨ ਧਿਆਨ; ਮਨਹਠਿ ਮਿਲਿਅਉ ਨ ਕੋਇ ॥

(**ਙਿਆਨ** ਦਾ ਉਚਾਰਨ **ਧਿਆਨ** ਨਾਲ ਕਰਨਾ, **ਗਿਆਨ** ਉਚਾਰਨ ਨਾ ਹੋ ਜਾਵੇ, **ਙੰਙਾ** ਪੂਰਾ ਬੋਲਣਾ ਹੈ)

ਅਨਿਕ = ਅਨੇਕਾਂ ਭੇਖ = ਲਿਬਾਸ ਧਾਰਨ ਅਰੁ = ਅਤੇ ਵੇਦਾਂ ਦਾ, ਸਾਂਖ ਸ਼ਾਸਤ੍ਰ ਦਾ ਙਿਆਨ = ਗਿਆਨ ਸਿੱਖ ਲਵੇ ਅਤੇ ਪਤੰਜਲੀਆ ਆਦਿ ਦਾ ਧਿਆਨ ਲਾਉਣਾ ਸਿੱਖ ਲਵੇ, ਮਨ ਦੇ ਹਠ ਕਰਕੇ ਇਨ੍ਹਾਂ ਸਾਧਨਾਂ ਕਰ ਕੇ ਕੋਇ = ਕੋਈ ਵੀ ਪਰਮੇਸ਼ਰ ਨੂੰ ਨ = ਨਹੀਂ ਮਿਲਿਅਉ = ਮਿਲਿਆ।

## ਕਹੁ ਨਾਨਕ ਕਿਰਪਾ ਭਈ; ਭਗਤੁ ਙਿਆਨੀ ਸੋਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ 'ਤੇ ਮੇਰੇ ਹਰੀ ਅਕਾਲ ਪੁਰਖ ਦੀ ਕਿਰਪਾ ਭਈ = ਹੋਈ ਹੈ, ਸੋਇ = ਉਹ ਙਿਆਨੀ = ਗਿਆਨਵਾਨ ਭਗਤੁ = ਭਗਤੀ ਕਰਨ ਵਾਲਾ ਸੇਵਕ ਹੈ ॥੧॥

ਗੀਤਾ ਵਿਚ ਚਾਰ ਪ੍ਰਕਾਰ ਦੇ ਭਗਤ ਲਿਖੇ ਹਨ : ੧. ਅਰਥਾ ਅਰਥੀ; ੨. ਆਰਤ (ਆਰਤ); ੩. ਅਨਿਨ ਭਗਤ; ੪. ਗਿਆਨਵਾਨ (ਗਿਆਨੀ)।

੧. ਅਰਥਾ ਅਰਥੀ ਭਗਤ : ਜੋ ਕਿਸੇ ਕਾਮਨਾਂ ਨੂੰ ਲੈ ਕੇ ਭਗਤੀ ਕਰਦੇ ਹਨ।

ਜਿਵੇਂ ਸੁਦਾਮੇ ਨੇ ਭਗਵਾਨ ਕ੍ਰਿਸ਼ਨ ਦੇ ਪਾਸੋਂ ਸੋਇਨੇ ਦੇ ਮੰਦਰ ਬਣਾਉਣ ਵਾਸਤੇ ਜਾਚਨਾ ਕੀਤੀ, ਇਉਂ ਕ੍ਰਿਸ਼ਨ ਭਗਵਾਨ ਜੀ ਨੇ ਸੁਦਾਮੇ ਦੇ ਸੋਨੇ ਦੇ ਮੰਦਰ ਬਣਾ ਦਿੱਤੇ, ਇਹ ਅਰਥਾ ਅਰਥੀ ਭਗਤ ਹਨ :

**ਚਾਰਿ ਪਦਾਰਥ ਸਕੁਚਿ ਪਠਾਏ ॥** *(ਵਾਰ ੧੦, ਪਉੜੀ ੯)*

੨. ਆਰਤ ਭਗਤ : ਆਰਤ = ਦੁੱਖੀ ਹੋ ਕੇ ਪਰਮੇਸ਼ਰ ਨੂੰ ਚੇਤੇ ਕਰਨਾ, ਜਿਵੇਂ ਧ੍ਰੂ ਨੂੰ ਮਤਰੇਈ ਮਾਂ ਨੇ ਚੰਡਿਆ ਸੀ, ਉਸੇ ਵੇਲੇ ਧ੍ਰੂ ਭਗਤੀ ਕਰਨ ਲਈ ਚੱਲ ਪਿਆ।

**ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭ ਹੋਵਨਿ ਮੀਤਾ।** *(ਵਾਰ ੧੦, ਪਉੜੀ ੧)*

੩. ਅਨਿੰਨ ਭਗਤ : ਜੋ ਕਿਸੇ ਹੋਰ ਨੂੰ ਨਹੀਂ ਮੰਨਦੇ, ਜਿਵੇਂ ਨਾਮਦੇਵ ਜੀ, ਕਬੀਰ ਜੀ ਹੋਏ ਹਨ, ਭਾਵ ਜੋ ਇਕ ਪਰਮੇਸ਼ਰ ਦੇ ਨਾਮ ਤੋਂ ਬਿਨਾ ਕਿਸੇ ਚੀਜ਼ ਦੀ ਇੱਛਾ ਨਹੀਂ ਰੱਖਦੇ :

**ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥** *(ਸ੍ਰੀ ਦਸਮ ਗ੍ਰੰਥ, ਪੰਨਾ ੨੫੪)*

**ਹਉ ਤਉ ਏਕੁ ਰਮਈਆ ਲੈਹਉ ॥**
**ਆਨ ਦੇਵ ਬਦਲਾਵ ਨਿ ਦੈਹਉ ॥੧॥ਰਹਾਉ॥** *(ਅੰਗ ੮੭੪)*

ਜਿਵੇਂ ਪਤੀਬਰਤਾ ਇਸਤਰੀ ਆਪਣੇ ਪਤੀ ਤੋਂ ਬਿਨਾਂ ਵੱਡਿਆਂ ਨੂੰ ਪਿਤਾ ਸਮਝਦੀ ਹੈ, ਛੋਟਿਆਂ ਨੂੰ ਪੁੱਤਰ ਤੇ ਬਰਾਬਰ ਦਿਆਂ ਨੂੰ ਭਰਾ ਸਮਝਦੀ ਹੈ ਅਤੇ ਇਕ ਆਪਣੇ ਪਤੀ ਨੂੰ ਪਰਮੇਸ਼ਰ ਰੂਪ ਕਰ ਕੇ ਸਮਝਣਾ, ਇਸੇ ਤਰ੍ਹਾਂ ਜਿਹੜੇ ਪਰਮੇਸ਼ਰ ਦੇ ਭਗਤ ਹਨ, ਉਹ ਹੋਰ ਕਿਸੇ ਦੇਵੀ ਦੇਵਤਿਆਂ ਆਦਿਕ ਤੋਂ ਕੋਈ ਇੱਛਾ ਨਹੀਂ ਰੱਖਦੇ। ਜੈਸਾ ਕਿ :

**ਦਾਸ ਅਨਿੰਨ ਮੇਰੋ ਨਿਜ ਰੂਪ ॥**
**ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ਰਹਾਉ॥** *(ਅੰਗ ੧੨੫੨)*

ਅਨਿੰਨ ਭਗਤ ਪਰਮੇਸ਼ਰ ਦਾ ਰੂਪ ਹੀ ਹੈ।

੪. ਗਿਆਨੀ ਭਗਤ : ਜੋ ਗਿਆਨਵਾਨ ਹੋ ਕੇ ਭਗਤੀ ਕਰਦੇ ਹਨ।

ਜਿਸ ਵਕਤ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਬ੍ਰਹਮ ਗਿਆਨ ਦੇ ਦਿੱਤਾ, ਉਸ ਵੇਲੇ ਗੁਰੂ ਜੀ ਨੇ

ਕਿਹਾ ਕਿ ਭਾਈ ਸਾਹਿਬ ਜੀ ਪਿਛਲੀ ਰਾਤ ਉੱਠ ਕੇ ਇਸ਼ਨਾਨ ਕਰਿਆ ਕਰੋ, ਸੰਗਤ ਵਿਚ ਬੈਠ ਕੇ ਜੀਵਨ ਬਤੀਤ ਕਰੋ, ਭਾਈ ਬੁੱਢਾ ਜੀ ਕਹਿਣ ਲੱਗੇ ਕਿ ਅਜੇ ਮਹਾਰਾਜ ਭਜਨ ਕਰਨ ਦੀ ਲੋੜ ਹੈ, ਹੁਣ ਤਾਂ ਤੁਸੀਂ ਬ੍ਰਹਮ ਗਿਆਨ ਬਖ਼ਸ਼ ਕੇ ਮੇਰੀ ਬਿਰਤੀ ਇਤਨੀ ਉੱਚੀ ਪਹੁੰਚਾ ਦਿੱਤੀ ਕਿ ਸਿਮਰਨ ਦੀ ਲੋੜ ਹੀ ਨਹੀਂ। ਸਤਿਗੁਰੂ ਜੀ ਕਹਿਣ ਲੱਗੇ ਕਿ ਇਹ ਠੀਕ ਹੈ ਭਾਈ ਸਾਹਿਬ ਜੀ ਕਿ ਤੁਹਾਨੂੰ ਕੋਈ ਲੋੜ ਨਹੀਂ ਮਿਹਨਤ ਕਰਨ ਦੀ, ਤੁਸੀਂ ਨਦਰ ਨਾਲ ਹੀ ਇਤਨੇ ਉੱਚੇ ਹੋ ਚੁੱਕੇ ਹੋ। ਪਰ ਇਹ ਦੱਸੋ ਜਿਸ ਦੀ ਕਿਰਪਾ ਦ੍ਰਿਸ਼ਟੀ ਕਰ ਕੇ ਇਤਨਾ ਉੱਚੇ ਹੋਏ ਹੋ, ਕੀ ਉਨ੍ਹਾਂ ਦੀ ਆਗਿਆ ਨਹੀਂ ਮੰਨਣੀ, ਭਾਈ ਬੁੱਢਾ ਜੀ ਕਹਿਣ ਲੱਗੇ ਕਿ ਸਤ ਬਚਨ, ਮਹਾਰਾਜ। ਮਹਾਰਾਜ ਕਹਿਣ ਲੱਗੇ ਕਿ ਜੇ ਤੁਸੀਂ ਪਿਛਲੀ ਰਾਤ ਨੂੰ ਉਠੋਗੇ ਤਾਂ ਹੋਰ ਜਗਿਆਸੂਆਂ ਨੂੰ ਵੀ ਚਾਅ ਹੋਵੇਗਾ, ਚਾਅ ਪੈਦਾ ਹੋਣ ਤੋਂ ਹੋਰ ਵੀ ਭਜਨ ਕਰਨਗੇ, ਇਸ ਕਰ ਕੇ ਤੁਹਾਨੂੰ ਵੇਖ ਕੇ ਬਾਕੀ ਲੋਕ ਆਲਸੀ ਨਹੀਂ ਹੋਣਗੇ, ਸਾਰੇ ਤੁਹਾਡੀ ਰੀਸ ਕਰ ਕੇ ਗੁਰਮੁਖ ਬਣ ਜਾਣਗੇ। ਤੁਸੀਂ ਭਾਵੇਂ ਨਿਰਲੇਪ ਹੋ ਕੁਝ ਵੀ ਨਾ ਕਰੋ, ਪਰ ਤੁਹਾਡੀ ਸੰਗਤ ਕਰ ਕੇ ਜਿਹੜਾ ਲੋਕਾਂ ਨੂੰ ਘਾਟਾ ਪੈਣਾ ਹੈ, ਉਹ ਘਾਟਾ ਨਹੀਂ ਪਵੇਗਾ, ਤੁਹਾਡੀ ਸੰਗਤ ਕਰ ਕੇ ਦੁਨੀਆਂ ਦੇ ਲੋਕਾਂ ਨੂੰ ਲਾਭ ਹੋਵੇਗਾ। ਇਸ ਕਰ ਕੇ ਗਿਆਨਵਾਨ ਹੋ ਕੇ ਭਗਤੀ ਕਰਨੀ ਯੋਗ ਹੈ। ਇਸ ਪ੍ਰਕਾਰ ਸਤਿਗੁਰੂ ਜੀ ਨੇ ਭਾਈ ਬੁੱਢਾ ਸਾਹਿਬ ਜੀ ਨੂੰ ਉਪਦੇਸ਼ ਦਿੱਤਾ।

ਇਸੇ ਪ੍ਰਕਾਰ ਜਦੋਂ ਭਾਈ ਦਾਨ ਸਿੰਘ ਨੂੰ ਦਾਨ ਸਿੰਘ ਵਾਲੇ ਗੁਰੂ ਸਰ ਵਿਚ ਕਲਗੀਧਰ ਨੇ ਅੰਮ੍ਰਿਤ ਛਕਾਇਆ, ਇਸ ਦੀ ਬਿਰਤੀ ਅਜਿਹੀ ਜੋੜ ਦਿੱਤੀ ਕਿ ਇਸ ਨੂੰ ਸੰਸਾਰ ਦਾ ਚੇਤਾ ਹੀ ਭੁੱਲ ਗਿਆ, ਮਹਾਰਾਜ ਕਹਿਣ ਲੱਗੇ ਕਿ ਭਾਈ ਦਾਨ ਸਿੰਘ ਅੰਮ੍ਰਿਤ ਦੀ ਰਹਿਤ ਰੱਖਣੀ। ਕਹਿਣ ਲੱਗਾ ਕਿ ਹੁਣ ਅੰਮਿਤ ਦੀ ਰਹਿਤ ਰੱਖਣ ਦੀ ਕੀ ਲੋੜ ਹੈ। 'ਏਕ ਬੂੰਦ ਗੁਰ ਅੰਮ੍ਰਿਤ ਦੀਨੋ" ਮਹਾਰਾਜ ਮੇਰਾ ਮਨ ਤਾਂ ਹੁਣ ਠੰਢਾ ਹੋ ਗਿਆ ਹੈ, ਮੈਨੂੰ ਹੋਰ ਕੋਈ ਲੋੜ ਨਹੀਂ ਰਹੀ। ਮਹਾਰਾਜ ਕਹਿਣ ਲੱਗੇ ਕਿ ਇਹ ਭਾਈ ਅਕਾਲ ਪੁਰਖ ਦੀ ਆਗਿਆ ਹੈ, ਵੇਖ ਸਾਡੇ ਪੰਜਾਂ ਕਕਾਰਾਂ ਦੀ ਰਹਿਤ ਹੈ। ਸਾਰੇ ਤਾਕਤ ਦਾ ਸਮੁੰਦਰ ਬੰਨ੍ਹੀ ਬੈਠੇ ਹਾਂ। ਅਸੀਂ ਬ੍ਰਹਮ ਗਿਆਨ ਦਾ ਪੰਥ ਬਣਾਇਆ ਹੈ। ਇਹ ਤੈਨੂੰ ਰਹਿਤ ਰੱਖਣੀ ਪਵੇਗੀ। ਸੁਣ ਕੇ ਦਾਨ ਸਿੰਘ ਦਾ ਸੀਸ ਝੁਕ ਗਿਆ। ਅਤੇ ਗੁਰੂ ਜੀ ਉਸ ਨੂੰ ਅੰਮ੍ਰਿਤ ਛਕਾ ਕੇ ਪੂਰਨ ਗੁਰਸਿੱਖ ਬਣਾ ਦਿੱਤਾ। ਇਸ ਪ੍ਰਕਾਰ ਇਹ ਭਗਤ ਗਿਆਨੀ ਦੀ ਅਵਸਥਾ ਹੈ। ਜੋ ਗਿਆਨਵਾਨ ਹੋ ਕੇ ਭਗਤੀ ਕਰਦੇ ਹਨ।

## ਪਉੜੀ ॥ ਙੰਙਾ; ਙਿਆਨੁ ਨਹੀ ਮੁਖ ਬਾਤਉ ॥
## ਅਨਿਕ ਜੁਗਤਿ; ਸਾਸਤ੍ਰ ਕਰਿ ਭਾਤਉ ॥

ਙੰਙੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਮੁਖ = ਮੂੰਹ ਦੀ ਬਾਤਉ = ਗੱਲਾਂ ਕਰਨ ਨਾਲ ਙਿਆਨੁ = ਬ੍ਰਹਮ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਅਨਿਕ = ਅਨੇਕ ਭਾਤਉ = ਪ੍ਰਕਾਰ ਸ਼ਾਸਤਰਾਂ ਦੀਆਂ ਜੁਗਤਿ = ਜੁਗਤੀਆਂ ਕਰਿ = ਕਰ ਕੇ ਵੀ ਗਿਆਨ ਪ੍ਰਾਪਤ ਨਹੀਂ ਹੁੰਦਾ।

***ਨੋਟ :*** ਇਸ ਸਾਰੀ ਪਉੜੀ ਵਿਚ 'ਙੰਙਾ' ਅੱਖਰ ਆਇਆ ਹੈ, ਇਸ ਦੀ ਸ਼ੁਧ ਅਵਾਜ਼ ਤਾਲੂਸੰਕਾਰ ਹੈ, ਗੁਣਗਣੀ ਹੋ ਕੇ ਸਹੀ ਉਚਾਰਨ ਹੋਵੇਗਾ, ਇਸ ਦੇ ਥਾਂ 'ਗੱਗਾ' ਬੋਲਣਾ ਗ਼ਲਤੀ ਹੈ।

## ਙਿਆਨੀ ਸੋਇ; ਜਾ ਕੈ ਦ੍ਰਿੜ ਸੋਊ ॥ ਕਹਤ ਸੁਨਤ; ਕਛੁ ਜੋਗੁ ਨ ਹੋਊ ॥

ਸੋਇ = ਓਹੀ ਙਿਆਨੀ = ਗਿਆਨੀ ਹੈ, ਜਾ ਕੈ = ਜਿਸ ਦੇ ਹਿਰਦੇ ਵਿਚ ਸੋਊ = ਉਹ ਹਰੀ ਵਾਹਿਗੁਰੂ ਦ੍ਰਿੜ = ਪੱਕਾ ਵਸ ਗਿਆ ਹੈ, ਜੋ ਪਰਮੇਸ਼ਰ ਪਰੋਖ ਹੋ ਕੇ ਪਾਲਣਾ ਕਰਦਾ ਹੈ ਅਤੇ ਸ਼ਾਸਤਰਾਂ ਕਰ ਕੇ ਪ੍ਰਤੀਪਾਦਨ ਰੂਪ ਹੈ। ਕਹਤ = ਕਹਿਣ ਅਤੇ ਸੁਨਤ = ਸ੍ਰਵਨ ਕਰਨੇ ਕਰ ਕੇ ਪਰਮੇਸ਼ਰ ਨਾਲ ਕਛੁ = ਕੁਝ ਜੋਗੁ = ਜੁੜਨਾ ਨ = ਨਹੀਂ ਹੋਊ = ਹੁੰਦਾ।

## ਗਿਆਨੀ; ਰਹਤ ਆਗਿਆਦ੍ਰਿੜੁ ਜਾ ਕੈ ॥ ਉਸਨ ਸੀਤ; ਸਮਸਰਿ ਸਭ ਤਾ ਕੈ ॥

ਜਾ ਕੈ = ਜਿਸ ਦੇ ਹਿਰਦੇ ਵਿਚ ਪਰਮੇਸ਼ਰ ਦੀ ਆਗਿਆ ਹਰ ਵਕਤ ਦ੍ਰਿੜੁ = ਪੱਕੀ ਰਹਤ = ਰਹਿੰਦੀ ਹੈ **ਵਾ:** ਜੋ ਪੂਰਨ ਰਹਤ = ਰਹਿਣੀ ਰੱਖਦਾ ਹੈ, ਉਹ ਗਿਆਨੀ = ਗਿਆਨੀ ਹੈ **ਵਾ:** ਗਿਆਨੀ ਦੀ ਰਹਤ = ਰਹਿਣੀ ਇਹੋ ਹੈ, ਜਾ ਕੈ = ਜਿਹੜੀ ਪਰਮੇਸ਼ਰ ਦੀ ਆਗਿਆ ਦ੍ਰਿੜੁ = ਪੱਕੀ ਹੋਣੀ ਹੈ।

ਤਾ ਕੈ = ਉਨ੍ਹਾਂ ਦੇ ਵਾਸਤੇ ਉਸਨ = ਗਰਮੀ ਸੀਤ = ਠੰਢ ਭਾਵ ਦੁਖ ਸੁਖ ਸਭ = ਸਾਰੇ ਇਕ ਸਮਸਰਿ = ਬਰਾਬਰ ਹੋ ਜਾਂਦੇ ਹਨ **ਵਾ:** ਉਸਨ = ਤਪਤ ਸੀਤ = ਠੰਢ ਭਾਵ ਇਸਟ ਅਨਿਸਟ ਸਭ = ਸਾਰੇ ਤਾ ਕੈ = ਉਸ ਗਿਆਨੀ ਦੇ ਸਮਸਰਿ = ਤੁਲ ਹੋ ਜਾਂਦੇ ਹਨ।

## ਗਿਆਨੀ; ਤਤੁ ਗੁਰਮੁਖਿ ਬੀਚਾਰੀ ॥ ਨਾਨਕ; ਜਾ ਕਉ ਕਿਰਪਾ ਧਾਰੀ ॥੫॥

ਗਿਆਨੀ = ਗਿਆਨੀ ਉਹੀ ਹੈ ਜੋ ਗੁਰਮੁਖਿ = ਮੁਖੀ ਗੁਰਾਂ ਦੁਆਰਾ ਤਤੁ = ਸਿਧਾਂਤ ਨੂੰ ਬੀਚਾਰੀ = ਵਿਚਾਰਦਾ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਾ ਕਉ = ਜਿਨ੍ਹਾਂ 'ਤੇ ਮੇਰੇ ਵਾਹਿਗੁਰੂ ਨੇ ਕਿਰਪਾ = ਦਇਆ ਦ੍ਰਿਸ਼ਟੀ ਧਾਰੀ = ਧਾਰਨ ਕੀਤੀ ਹੈ, ਉਹੋ ਹੀ ਐਸੇ ਬਣੇ ਹਨ॥੫॥

## ਸਲੋਕੁ ॥ ਆਵਨ ਆਏ ਸ੍ਰਿਸਟਿ ਮਹਿ; ਬਿਨੁ ਬੂਝੇ ਪਸੁ ਢੋਰ ॥

ਮਨੁੱਖ ਸ੍ਰਿਸਟਿ = ਸੰਸਾਰ ਮਹਿ = ਵਿਚ ਆਵਨ ਮਾਤਰ ਹੀ ਆਏ ਹਨ **ਵਾ:** (ਆਵ+ਨ) ਨਾ ਮਾਤਰ ਆਏ ਵਰਗੇ ਹਨ ਭਾਵ ਜੇਹੇ ਆਏ ਜੇਹੇ ਨਾ ਆਏ ਕਿਉਂਕਿ ਹਰੀ ਦੇ ਸਰੂਪ ਬੂਝੇ = ਸਮਝੇ ਤੋਂ ਬਿਨੁ = ਬਗ਼ੈਰ ਉਹ ਪਸੁ ਢੋਰ = ਮੁਰਦੇ ਪਸ਼ੂ ਦੀ ਨਿਆਈਂ ਹਨ **ਵਾ:** ਪਸੁ ਢੋਰ = ਜੋਤਣ ਲਾਇਕ ਪਸ਼ੂਆਂ ਦੀ ਨਿਆਈਂ ਹਨ ਜੋ ਖੱਚਰਾਂ ਆਦਿਕ ਚਾਰਾ ਢੋਣ ਵਾਲੇ ਪਸ਼ੂ ਹੋਣ, ਉਸ ਨੂੰ ਢੋਰ ਪਸ਼ੂ ਕਹਿੰਦੇ ਹਨ, ਕੋਤਲ ਪਸ਼ੂ ਸ਼ਿੰਗਾਰੇ ਹੋਏ ਘੋੜੇ ਆਦਿਕ ਹੁੰਦੇ ਹਨ।

## ਨਾਨਕ, ਗੁਰਮੁਖਿ ਸੋ ਬੁਝੈ; ਜਾ ਕੈ ਭਾਗ ਮਥੋਰ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋ = ਉਹ ਗੁਰਮੁਖ ਹਰੀ ਪਰਮੇਸ਼ਰ ਨੂੰ ਬੁਝੈ = ਸਮਝਦਾ ਹੈ, ਜਾ ਕੈ = ਜਿਸ ਦੇ ਰਿਦੇ ਰੂਪੀ ਮਥੋਰ = ਮੱਥੇ ਦੇ ਚੰਗੇ ਭਾਗ ਲਿਖੇ ਹੋਏ ਹਨ॥੧॥

## ਪਉੜੀ ॥ ਯਾ ਜੁਗ ਮਹਿ; ਏਕਹਿ ਕਉ ਆਇਆ ॥ ਜਨਮਤ; ਮੋਹਿਓ ਮੋਹਨੀ ਮਾਇਆ ॥

ਯਾ = ਇਸ ਜੁਗ = ਕਲਜੁਗ (ਜੁਗਾਂ ਆਦਿ) ਮਹਿ = ਵਿਚ ਜੀਵ ਏਕਹਿ = ਇਕ ਅਕਾਲ ਪੁਰਖ ਦੇ ਨਾਮ ਕਉ = ਨੂੰ ਜਪਣ ਵਾਸਤੇ ਆਇਆ ਸੀ, ਭਾਵ ਪ੍ਰਾਪਤੀ ਵਾਸਤੇ ਆਇਆ ਸੀ, ਪਰ ਜਨਮਤ = ਜਨਮਦਿਆਂ ਹੀ ਮੋਹਨੀ = ਮੋਹ ਲੈਣ ਵਾਲੀ ਮਾਇਆ ਨੇ ਮੋਹਿਓ = ਮੋਹਿਤ ਕਰ ਲਿਆ ਹੈ।

## ਗਰਭ ਕੁੰਟ ਮਹਿ; ਉਰਧ ਤਪ ਕਰਤੇ ॥ ਸਾਸਿ ਸਾਸਿ; ਸਿਮਰਤ ਪ੍ਰਭੁ ਰਹਤੇ ॥

ਸਾਰੇ ਜੀਵ ਮਾਤਾ ਦੇ ਗਰਭ = ਪੇਟ ਰੂਪ ਕੁੰਟ = ਕੁੰਡ ਮਹਿ = ਵਿਚ ਉਰਧ = ਉਲਟਾ ਲਮਕ ਕੇ ਤਪ = ਤਪੱਸਿਆ ਕਰਤੇ = ਕਰਦੇ ਸਨ। ਅਤੇ ਸਾਸਿ ਸਾਸਿ = ਸ੍ਵਾਸ ਸ੍ਵਾਸ ਪ੍ਰਭੁ = ਹਰੀ ਵਾਹਿਗੁਰੂ ਨੂੰ

ਸਿਮਰਤ = ਸਿਮਰਦੇ ਰਹਤੇ = ਰਹਿੰਦੇ ਸਨ ਭਾਵ ਮਾਤਾ ਦੇ ਪੇਟ ਵਿਚ ਆਉਂਦੇ ਜਾਂਦੇ ਸਾਹ ਨਾਲ ਰੱਬ ਚੇਤੇ ਆਉਂਦਾ ਹੈ ਕਿਉਂਕਿ ਉਥੇ ਪਿਛਲੇ ੧੦੦ ਜਨਮ ਦਾ ਗਿਆਨ ਹੁੰਦਾ ਹੈ, ਚੰਗੇ ਅਤੇ ਮਾੜੇ ਕਰਮਾਂ ਦਾ ਹਿਸਾਬ ਕਿਤਾਬ ਪਤਾ ਹੁੰਦਾ ਹੈ।

## ਉਰਝਿ ਪਰੇ; ਜੋ ਛੋਡਿ ਛਡਾਨਾ ॥ ਦੇਵਨਹਾਰੁ; ਮਨਹਿ ਬਿਸਰਾਨਾ ॥

ਪਰ ਜਨਮ ਲੈ ਕੇ ਉਨ੍ਹਾਂ ਪਦਾਰਥਾਂ ਵਿਚ ਉਰਝਿ = ਉਲਝੇ ਪਰੇ = ਪਏ ਭਾਵ ਫਸ ਗਏ ਹਨ ਜੋ = ਜਿਹੜੇ ਪਦਾਰਥਾਂ ਤੇ ਸੰਬੰਧੀਆਂ ਨੂੰ ਛੋਡਿ ਛਡਾਨਾ = ਛੱਡ ਛਡਾ ਜਾਣਾ ਹੈ **ਵਾ:** ਜੋ ਪਦਾਰਥ ਪਿਛਲੇ ਜਨਮਾਂ ਵਿਚ ਛੋਡਿ = ਛੱਡ ਆਏ ਸਨ ਅਤੇ ਅੱਗੇ ਨੂੰ ਛਡਾਨਾ = ਛੱਡ ਜਾਣਾ ਹੈ **ਵਾ:** ਜਿਨ੍ਹਾਂ ਛੱਡ ਜਾਣ ਵਾਲੇ ਮਾਇਕੀ ਪਦਾਰਥਾਂ ਤੇ ਸੰਬੰਧੀਆਂ ਨੇ ਛਡਾਨਾ = ਛੱਡ ਜਾਣਾ ਹੈ ਉਨ੍ਹਾਂ ਵਿਚ ਹੀ ਉਰਝਿ = ਉਲਝ ਪਰੇ = ਪਏ ਭਾਵ ਫਸ ਗਏ ਹਨ। ਸਰਬ ਪਦਾਰਥਾਂ ਦੇ ਦੇਵਨਹਾਰੁ = ਦੇਣ ਵਾਲੇ ਦਾਤੇ ਪਰਮੇਸ਼ਰ ਨੂੰ ਮਨਹਿ = ਅੰਤਸ਼ਕਰਣ ਵਿੱਚੋਂ ਬਿਸਰਾਨਾ = ਭੁਲਾ ਦਿੱਤਾ ਹੈ।

## ਧਾਰਹੁ ਕਿਰਪਾ; ਜਿਸਹਿ ਗੁਸਾਈ ॥
## ਇਤ ਉਤ ਨਾਨਕ; ਤਿਸੁ ਬਿਸਰਹੁ ਨਾਹੀ ॥੬॥

ਹੇ ਗੁਸਾਈ = ਵਾਹਿਗੁਰੂ ਪਰਮੇਸ਼ਰ! ਜਿਸਹਿ = ਜਿਸ ਉੱਤੇ ਆਪ ਜੀ ਕਿਰਪਾ = ਦਇਆ ਦ੍ਰਿਸ਼ਟੀ ਧਾਰਹੁ = ਧਾਰਦੇ ਹੋ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਤ ਉਤ = ਈਹਾਂ ਊਹਾਂ ਭਾਵ ਲੋਕ ਪਰਲੋਕ ਵਿਚ ਵੀ ਤਿਸੁ = ਉਸ ਨੂੰ ਆਪ ਬਿਸਰਹੁ = ਭੁੱਲਦੇ ਨਾਹੀ = ਨਹੀਂ ਹੋ ॥੬॥

## ਸਲੋਕੁ ॥ ਆਵਤ ਹੁਕਮਿ ਬਿਨਾਸ ਹੁਕਮਿ; ਆਗਿਆ ਭਿੰਨ ਨ ਕੋਇ ॥

ਸਾਰੇ ਜੀਵ ਪਰਮੇਸ਼ਰ ਦੀ ਹੁਕਮਿ = ਆਗਿਆ ਨਾਲ ਸਰੀਰ ਧਾਰ ਕੇ ਸੰਸਾਰ ਵਿਚ ਆਵਤ = ਆਉਂਦੇ ਹਨ ਅਤੇ ਹੁਕਮਿ = ਆਗਿਆ ਵਿਚ ਹੀ ਬਿਨਾਸ = ਨਾਸ ਭਾਵ ਮਰ ਕੇ ਜਾਂਦੇ ਹਨ ਇਉਂ ਵਾਹਿਗੁਰੂ ਦੀ ਆਗਿਆ = ਰਜ਼ਾ ਤੋਂ ਕੋਇ = ਕੋਈ ਵੀ ਭਿੰਨ = ਵੱਖਰਾ ਨ = ਨਹੀਂ ਹੈ।

## ਆਵਨ ਜਾਨਾ ਤਿਹ ਮਿਟੈ; ਨਾਨਕ ਜਿਹ ਮਨਿ ਸੋਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਹ = ਉਨ੍ਹਾਂ ਦਾ ਜਨਮ ਧਾਰ ਕੇ ਆਵਨ = ਆਉਣਾ ਅਤੇ ਮਰ ਕੇ ਜਾਨਾ = ਜਾਣਾ ਮਿਟੈ = ਮਿਟ ਜਾਂਦਾ ਹੈ। ਜਿਹ = ਜਿਹੜੇ ਸੋਇ = ਉਸ ਹਰੀ ਪੁਰਖ ਨੂੰ ਮਨਿ = ਅੰਤਸ਼ਕਰਣ ਵਿਚ ਵਸਾ ਲੈਂਦੇ ਹਨ ॥੧॥

## ਪਉੜੀ ॥ ਏਊ ਜੀਅ; ਬਹੁਤੁ ਗ੍ਰਭ ਵਾਸੇ ॥ ਮੋਹ ਮਗਨ; ਮੀਠ ਜੋਨਿ ਫਾਸੇ ॥

ਏਊ = ਇਹ ਜੀਅ = ਜੀਵ ਬਹੁਤੁ = ਅਨੇਕਾਂ ਗ੍ਰਭ = ਪੇਟਾਂ ਵਿਚ ਵਾਸੇ = ਵੱਸਦੇ ਆਏ ਹਨ।

ਜਿਸ ਜੂਨ ਵਿਚ ਪਏ ਉਸ ਦੇ ਮੋਹ ਵਿਚ ਮਗਨ = ਮਸਤ ਹੋ ਕੇ ਅਤੇ ਉਸ ਨੂੰ ਮੀਠ = ਪਿਆਰੀ ਜਾਣ ਕੇ ਉਸ ਜੋਨਿ = ਜੂਨ ਵਿਚ ਫਾਸੇ = ਫਸਦੇ ਰਹੇ।

ਜਿਵੇਂ ਇਕ ਸ਼ਾਹੂਕਾਰ ਸੀ, ਉਸ ਨੂੰ ਮਰਨ ਲੱਗਿਆਂ ਪਤਾ ਲੱਗਾ ਕਿ ਮੈਂ ਸੂਰੀ ਦੇ ਪੇਟੋਂ ਜਨਮ ਲੈਣਾ ਹੈ, ਪੁੱਤਰਾਂ ਨੂੰ ਕਹਿਣ ਲੱਗਾ ਕਿ ਪੁੰਨਾਂ ਨੇ ਹਾਰ ਦੇ ਦਿੱਤੀ ਹੈ, ਮੈਂ ਸੂਰੀ ਦਾ ਬੱਚਾ ਹੋ ਕੇ ਜੰਮਣਾ ਹੈ, ਮੇਰੀ ਖੱਬੀ ਵੱਖੀ ਵਿਚ ਡੱਬ ਹੋਵੇਗਾ, ਇਹ ਮੇਰੀ ਨਿਸ਼ਾਨੀ ਹੋਵੇਗੀ। ਔਰ ਅਸੀਂ ਅੱਠ ਭੈਣ ਭਰਾ ਹੋਵਾਂਗੇ, ਡਬ ਕੇਵਲ ਮੇਰੀ ਹੀ ਵੱਖੀ 'ਤੇ ਹੋਵੇਗਾ, ਇਹ ਮੇਰੀ ਨਿਸ਼ਾਨੀ ਹੋਵੇਗੀ ਮੈਨੂੰ ਤੁਸੀਂ ਮਾਰ ਦੇਣਾ, ਜੂਨ ਛੁੱਟਣ ਤੋਂ

ਬਾਅਦ ਮੈਨੂੰ ਸਵਰਗ ਦੀ ਪ੍ਰਾਪਤੀ ਹੋਵੇਗੀ, ਜਦੋਂ ਇਹ ਸੂਰੀ ਦੇ ਪੇਟੋਂ ਜੰਮਿਆ, ਪੁੱਤਰ ਜਦੋਂ ਮਾਰਨ ਲੱਗੇ ਤਾਂ ਬੋਲ ਪਿਆ, ਕਹਿੰਦਾ ਮੈਨੂੰ ਨਾ ਮਾਰੋ, ਮੈਨੂੰ ਹੁਣ ਸੂਰ ਦੀ ਜੂਨੀ ਪਿਆਰੀ ਲੱਗਦੀ ਹੈ। ਜੈਸਾ ਕਿ :

**ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ.....॥** *(ਪੰਨਾ ੬੮੬)*

ਇਹ ਭੀ ਇਸ ਦਾ ਅਗਿਆਨ ਸੀ, ਮਰਨ ਤੋਂ ਸਵਰਗ ਮਿਲਦਾ ਤਾਂ ਪਹਿਲਾਂ ਮਰ ਕੇ ਮਿਲ ਜਾਂਦਾ :

**ਮਾਣਸ ਜਨਮੁ ਸੰਜੋਗਿ ਪਾਇਆ॥** *(ਧਨਾਸਰੀ ਮ: ੫, ਘਰੁ ੬ ਅਸਟਪਦੀ, ਪੰਨਾ ੬੮੬)*

## ਇਨਿ ਮਾਇਆ; ਤ੍ਰੈ ਗੁਣ ਬਸਿ ਕੀਨੇ ॥ ਆਪਨ ਮੋਹ; ਘਟੇ ਘਟਿ ਦੀਨੇ ॥

ਇਨਿ = ਇਸ ਮਾਇਆ ਨੇ ਤ੍ਰੈਗੁਣ = ਤਿੰਨਾਂ ਗੁਣਾਂ ਵਿਚ ਫਸਾ ਕੇ ਜੀਵ ਬਸਿ = ਅਧੀਨ ਕੀਨੇ = ਕੀਤੇ ਹੋਏ ਹਨ। ਇਸ ਮਾਇਆ ਨੇ ਆਪਨ = ਆਪਣਾ ਮੋਹ = ਪਿਆਰ ਉਤਭੁਜ, ਸੇਤਜ, ਅੰਡਜ ਜੇਰਜ ਆਦਿ ਸਾਰੀਆਂ ਖਾਣੀਆਂ ਰੂਪੀ ਘਟਾਂ ਘਟਾਂ ਵਿਚ ਪਾ ਦੀਨੇ = ਦਿੱਤਾ ਹੈ।

ਜੀਵ ਦੇ ਅਗਿਆਨ ਦੀ ਦਸ਼ਾਂ ਤੇ ਉਸ ਕਾਰਨ ਮਾਇਆ ਸੁਣ ਕੇ ਮੁਕਤੀ ਦੀ ਪ੍ਰਾਪਤੀ ਵਾਲਾ ਇੱਛਾਵਾਨ ਜਗਿਆਸੂ ਬੇਨਤੀ ਕਰਦਾ ਹੈ।

## ਏ ਸਾਜਨ; ਕਛੁ ਕਹਹੁ ਉਪਾਇਆ॥
## ਜਾ ਤੇ; ਤਰਉ ਬਿਖਮ ਇਹ ਮਾਇਆ॥

ਏ = ਹੇ ਸਾਜਨ = ਸੱਜਣ ਮਹਾਪੁਰਸ਼ੋ ਕਛੁ = ਕੁਝ ਐਸਾ ਉਪਾਇਆ = ਯਤਨ ਕਹਹੁ = ਦੱਸੋ! ਜਾਤੇ = ਜਿਸ ਕਰ ਕੇ ਮੈਂ ਇਹ = ਇਸ ਬਿਖਮ = ਕਠਨ ਮਾਇਆ ਤੋਂ ਤਰਉ = ਤਰ ਜਾਵਾਂ ?

ਅੱਗੇ ਸਤਿਗੁਰੂ ਜੀ ਜਗਿਆਸੂ ਵੱਲੋਂ ਕੀਤੀ ਬੇਨਤੀ ਦਾ ਉੱਤਰ ਦਿੰਦੇ ਹਨ

## ਕਰਿ ਕਿਰਪਾ; ਸਤਸੰਗਿ ਮਿਲਾਏ ॥ ਨਾਨਕ ਤਾ ਕੈ; ਨਿਕਟਿ ਨ ਮਾਏ ॥੭॥

ਹੇ ਭਾਈ! ਜਿਨ੍ਹਾਂ ਨੂੰ ਪਰਮੇਸ਼ਰ ਕਿਰਪਾ ਕਰ ਕੇ ਸਤਿਸੰਗਤ ਵਿਚ ਮਿਲਾਏ = ਮਿਲਾ ਦਿੰਦੇ ਹਨ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਾ ਕੈ = ਉਨ੍ਹਾਂ ਦੇ ਮਾਏ = ਮਾਇਆ ਨਿਕਟਿ = ਨੇੜੇ ਨ = ਨਹੀਂ ਆ ਸਕਦੀ **ਵਾ:** ਉਹ ਸਤਸੰਗਤ ਦੁਆਰਾ ਮਾਇਆ ਤੋਂ ਛੁਟਕਾਰਾ ਪਾ ਲੈਂਦੇ ਹਨ॥੭॥

## ਸਲੋਕੁ ॥ ਕਿਰਤ ਕਮਾਵਨ ਸੁਭ ਅਸੁਭ; ਕੀਨੇ ਤਿਨਿ ਪ੍ਰਭਿ ਆਪਿ ॥

ਸੁਭ ਅਸੁਭ = ਚੰਗੇ ਮਾੜੇ ਸਾਰੇ ਕਿਰਤ = ਕਰਮ ਕਮਾਈ ਅਨੁਸਾਰ ਹਨ, ਉਹ ਪ੍ਰਭਿ = ਹਰੀ ਵਾਹਿਗੁਰੂ ਨੇ ਆਪ ਤਿਨਿ = ਤਿਨ੍ਹਾਂ ਜੀਵਾਂ ਨੂੰ ਕਰਮਾਂ ਅਨੁਸਾਰ ਫਲ ਦੇਣਾ ਕੀਨੇ = ਕੀਤੇ ਹਨ।

## ਪਸੁ ਆਪਨ ਹਉ ਹਉ ਕਰੈ; ਨਾਨਕ ਬਿਨੁ ਹਰਿ ਕਹਾ ਕਮਾਤਿ ॥੧॥

ਇਹ ਪਸ਼ੂ ਜੀਵ ਚੰਗੇ ਕਰਮਾਂ ਦਾ ਕਰਤਾ ਆਪਨ = ਆਪਣੇ ਆਪ ਨੂੰ ਮੰਨ ਕੇ ਹਉ ਹਉ = ਮੈਂ ਮੈਂ ਕਰੈ = ਕਰਦਾ ਹੈ। ਭੈੜੇ ਕਰਮ ਰੱਬ ਦੇ ਨਾਮ ਲਾਉਂਦਾ ਹੈ ਇਸ ਕਰਕੇ ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਰਿ = ਹਰੀ ਅਕਾਲ ਪੁਰਖ ਤੋਂ ਬਿਨੁ = ਬਗ਼ੈਰ ਕਹਾ = ਕਿਵੇਂ ਮੁਕਤੀ ਦੇ ਸਾਧਨ ਕਮਾਤਿ = ਕਮਾ ਸਕਦਾ ਹੈਂ॥੧॥

## ਪਉੜੀ ॥ ਏਕਹਿ ਆਪਿ; ਕਰਾਵਨਹਾਰਾ ॥ ਆਪਹਿ; ਪਾਪ ਪੁੰਨ ਬਿਸਥਾਰਾ ॥

ਏਕਹਿ = ਇਕ ਆਪ ਹੀ ਪਰਮੇਸ਼ਰ ਸਾਰੇ ਜਗਤ ਦੀ ਕਿਰਿਆ ਕਰਵਾਨਹਾਰਾ = ਕਰਾਉਣ ਵਾਲਾ ਹੈ,

ਭਾਵ ਵਾਹਿਗੁਰੂ ਸੁਤੰਤਰ ਹੈ ਬਾਕੀ ਜੀਵ ਪਤੰਤਰ ਹਨ। ਆਪਹਿ = ਆਪ ਹੀ ਤਮੋਗੁਣ ਦੀ ਪ੍ਰਧਾਨਤਾ ਕਰ ਕੇ ਉਨ੍ਹਾਂ ਦੇ ਪਾਪਾਂ ਨੂੰ ਬਿਸਥਾਰਾ = ਫੈਲਾਉਂਦਾ ਹੈ ਅਤੇ ਆਪ ਹੀ ਸਤੋ ਗੁਣ ਦੀ ਪ੍ਰਧਾਨਤਾ ਕਰ ਕੇ ਉਨ੍ਹਾਂ ਦੇ ਪੁੰਨਾਂ ਨੂੰ ਫੈਲਾਉਂਦਾ ਹੈ।

## ਇਆ ਜੁਗ; ਜਿਤੁ ਜਿਤੁ ਆਪਹਿ ਲਾਇਓ ॥
## ਸੋ ਸੋ ਪਾਇਓ; ਜੁ ਆਪਿ ਦਿਵਾਇਓ ॥

ਪਰਮੇਸ਼ਰ ਨੇ ਇਆ ਜੁਗ = ਇਸ ਕਲਿਯੁਗ ਦੇ ਜੀਵਾਂ ਨੂੰ ਜਿਤੁ ਜਿਤੁ = ਜਿਸ ਜਿਸ ਤਰਫ਼ ਉਨ੍ਹਾਂ ਦੀ ਵਾਸ਼ਨਾ ਹੈ, ਉਸ ਪਾਸੇ ਆਪਹਿ = ਆਪ ਹੀ ਪ੍ਰੇਰ ਕੇ ਲਾਇਓ = ਲਾਉਣਾ ਕੀਤਾ ਹੈ।

ਸੋ = ਉਨ੍ਹਾਂ ਜੀਵਾਂ ਨੂੰ ਸੋ = ਉਹੋ ਫਲ ਹੀ ਪਾਇਓ = ਪਾਉਣਾ ਕੀਤਾ ਹੈ, ਜੁ = ਜਿਹੜਾ ਆਪ ਪਰਮੇਸ਼ਰ ਨੇ ਫਲ ਬਰਦਾਤਾ ਹੋ ਕੇ ਦਿਵਾਇਓ = ਦਿਵਾਉਣਾ ਕੀਤਾ ਹੈ।

## ਉਆ ਕਾ ਅੰਤੁ; ਨ ਜਾਨੈ ਕੋਊ ॥ ਜੋ ਜੋ ਕਰੈ; ਸੋਊ ਫੁਨਿ ਹੋਊ ॥

ਉਆ = ਉਸ ਪਰਮੇਸ਼ਰ ਕਾ = ਦਾ ਅੰਤ ਕੋਊ = ਕੋਈ ਨ = ਨਹੀਂ ਜਾਨੈ = ਜਾਣਦਾ, ਭਾਵ ਦੁਖ ਸੁਖ ਪੂਰਬ ਜਨਮਾਂ ਦੇ ਕੀਤੇ ਨੂੰ ਓਹੀ ਜਾਣਦਾ ਹੈ। ਪਰਮੇਸ਼ਰ ਜੋ ਜੋ ਪਿੱਛੇ ਕਰੈ = ਕਰਦਾ ਸੀ, ਉਹੀ ਹੁੰਦਾ ਸੀ, ਜੋ ਅੱਗੇ ਕਰੇਗਾ, ਫੁਨਿ = ਫੇਰ ਵੀ ਉਹੋ ਹੀ ਹੋਊ = ਹੋਵੇਗਾ।

## ਏਕਹਿ ਤੇ; ਸਗਲਾ ਬਿਸਥਾਰਾ ॥
## ਨਾਨਕ; ਆਪਿ ਸਵਾਰਨਹਾਰਾ ॥੮॥

ਏਕਹਿ = ਇਕ ਵਾਹਿਗੁਰੂ ਤੇ = ਤੋਂ ਹੀ ਸਗਲਾ = ਸਾਰਾ ਸੰਸਾਰ ਦਾ ਬਿਸਥਾਰਾ = ਪਸਾਰਾ ਹੋਇਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਪਰਮੇਸ਼ਰ ਆਪ ਹੀ ਜੀਵਾਂ ਨੂੰ ਸਤਿਸੰਗਤ ਬਖ਼ਸ਼ ਕੇ ਉਨ੍ਹਾਂ ਦੇ ਜੀਵਨ ਨੂੰ ਸਵਾਰਨਹਾਰਾ = ਸੰਵਾਰਣ ਵਾਲਾ ਹੈ ॥੮॥

## ਸਲੋਕੁ ॥ ਰਾਚਿ ਰਹੇ ਬਨਿਤਾ ਬਿਨੋਦ; ਕੁਸਮ ਰੰਗ; ਬਿਖ ਸੋਰ ॥

ਇਹ ਜੀਵ ਬਨਿਤਾ = ਇਸਤਰੀ ਆਦਿ ਦੇ ਬਿਨੋਦ = ਕੌਤਕਾਂ 'ਚ, ਚੰਗੇ ਮਾੜੇ ਦਾ ਪਤਾ ਹੋਣ ਦੇ ਬਾਵਜੂਦ ਵੀ ਰਾਚਿ = ਤਦਾਕਾਰ ਹੋ ਰਹੇ ਹਨ। ਜਿਵੇਂ ਕੁਸਮ = ਕਸੁੰਭੇ ਰੰਗ ਦੇ ਫੁੱਲ ਦੀ ਖਿੜਾਵਲ ਥੋੜ੍ਹੇ ਦਿਨ ਦੀ ਹੁੰਦੀ ਹੈ ਅਤੇ ਕਸੁੰਭੇ ਦਾ ਰੰਗ ਕੱਚਾ ਹੁੰਦਾ ਹੈ, ਇਉਂ ਪ੍ਰਕਾਰ ਬਿਖ = ਵਿਸ਼ਿਆਂ ਦਾ ਅਨੰਦ ਸੋਰ = ਰੌਲਾ, ਸ਼ੋਰੇ ਦੇ ਸਮਾਨ ਜ਼ਲਦੀ ਨਸ਼ਟ ਹੋ ਜਾਣ ਵਾਲਾ ਹੀ ਹੈ **ਵਾ:** ਇਸਤਰੀਆਂ ਦੇ ਭੋਗ ਬਿਲਾਸਾਂ ਵਿਚ ਰਚੇ ਰਹਿਣਾ ਹੈ, ਉਸ ਦਾ ਰੰਗ ਕੁਸਮ = ਕਸੁੰਭੇ ਫੁੱਲ ਦੇ ਸਮ = ਥੋੜ੍ਹੇ ਦਿਨ ਦਾ ਰਹਿਣ ਵਾਲਾ ਹੈ ਅਤੇ ਬਿਖੁ = ਜ਼ਹਿਰ ਦੇ ਤੁਲ ਮਾਰਨੇ ਵਾਲਾ ਹੈ **ਵਾ:** ਸੋਰ = ਸੋਰੇ ਦੇ ਸਮਾਨ ਜਲਦੀ ਨਸ਼ਟ ਹੋ ਜਾਣ ਵਾਲਾ ਹੈ।

[ਅੰਗ ੨੫੨]

## ਨਾਨਕ ਤਿਹ ਸਰਨੀ ਪਰਉ; ਬਿਨਸਿ ਜਾਇ ਮੈ ਮੋਰ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਹ = ਉਸ ਹਰੀ ਦੀ ਸਰਨੀ = ਓਟ ਪਰਉ = ਪੈਣਾ ਕਰੋ, ਕਿਉਂਕਿ ਉਸ ਦੀ ਸਰਨ ਪੈਣ ਕਰ ਕੇ ਮੈ = ਹੰਗਤਾ ਤੇ ਪਦਾਰਥਾਂ ਦੀ ਮੋਰ = ਮੇਰ ਤੇਰ ਆਦਿ ਸਭ ਬਿਨਸਿ = ਨਾਸ ਹੋ ਜਾਇ = ਜਾਵੇਗੀ ॥੧॥

## ਪਉੜੀ ॥ ਰੇ ਮਨ ਬਿਨੁ ਹਰਿ ਜਹ ਰਚਹੁ; ਤਹ ਤਹ ਬੰਧਨ ਪਾਹਿ ॥

ਹੇ ਮੇਰੇ ਪਿਆਰੇ ਮਨਾਂ ! ਹਰਿ = ਹਰੀ ਅਕਾਲ ਪੁਰਖ ਤੋਂ ਬਿਨੁ = ਬਗ਼ੈਰ ਜਹ = ਜਿਹੜੇ ਪਦਾਰਥਾਂ ਨੂੰ ਰਚਹੁ = ਰਚਨਾ ਕਰਦਾ ਹੈ, ਤਹ ਤਹ = ਉਥੇ ਉਥੇ ਤੈਨੂੰ ਬੰਧਨ = ਬੰਨ੍ਹਣ ਪਾਹਿ = ਪੈਂਦੇ ਹਨ।

## ਜਿਹ ਬਿਧਿ ਕਤਹੂ ਨ ਛੂਟੀਐ; ਸਾਕਤ ਤੇਊ ਕਮਾਹਿ ॥

ਜਿਹ = ਜਿਸ ਬਿਧਿ = ਤਰੀਕੇ ਨੂੰ ਤੂੰ ਗ੍ਰਹਿਣ ਕਰਦਾ ਹੈ, ਉਸ ਨਾਲ ਕਤਹੂ = ਕਦੇ ਵੀ ਤੇਰਾ ਛੂਟੀਐ = ਛੁਟਕਾਰਾ ਨ = ਨਹੀਂ ਹੋਣਾ ਤੇ ਸਾਕਤ = ਸ਼ਕਤੀ ਦੇ ਉਪਾਸ਼ਕ, ਕਠੋਰ ਚਿੱਤ ਵਾਲੇ ਮਨਮੁਖ ਲੋਕ ਵੀ ਤੇਊ = ਉਨ੍ਹਾਂ ਕਰਮਾਂ ਨੂੰ ਹੀ ਕਮਾਹਿ = ਕਮਾਉਂਦੇ ਹਨ। ਜੈਸਾ ਕਿ :

**ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ ॥** *(ਅੰਗ ੩੩੧)*

## ਹਉ ਹਉ ਕਰਤੇ ਕਰਮ ਰਤ; ਤਾ ਕੋ ਭਾਰੁ ਅਫਾਰ ॥
## ਪ੍ਰੀਤਿ ਨਹੀ ਜਉ ਨਾਮ ਸਿਉ; ਤਉ ਏਊ ਕਰਮ ਬਿਕਾਰ ॥

ਹਉ ਹਉ = ਮੈਂ ਮੈਂ ਕਰਤੇ = ਕਰਦਾ ਹੋਇਆ ਸਕਾਮ ਕਰਮਾਂ ਨਾਲ ਰਤ = ਪ੍ਰੀਤੀ ਕਰਦਾ ਹੈ, ਤਾ ਕੋ = ਉਨ੍ਹਾਂ ਦੇ ਕਰਮਾਂ ਦਾ ਜੋ ਭਾਰ ਹੈ, ਉਹ ਅਫਾਰ = ਮੋੜਿਆ ਨਹੀਂ ਜਾ ਸਕਦਾ। **ਵਾ:** ਕਰਮਾਂ ਦੇ ਪ੍ਰੇਮੀ ਹਉ ਹਉ ਦੇ ਵਿਚ ਹੀ ਕਰਮ ਕਰਤੇ = ਕਰਦੇ ਹਨ, ਜਿਸ ਕਰਕੇ ਉਨ੍ਹਾਂ ਦੇ ਸਿਰ ਹਉਮੈ ਦਾ ਅਫਾਰ = ਬਹੁਤ ਭਾਰ ਚੜ੍ਹ ਜਾਂਦਾ ਹੈ। ਜਉ = ਜਿਨ੍ਹਾਂ ਦੀ ਅੰਮ੍ਰਿਤ ਨਾਮ ਸਿਉ = ਨਾਲ ਪ੍ਰੀਤਿ = ਲਗਨ ਨਹੀਂ ਲੱਗੀ, ਤਉ = ਤਾ ਉਨ੍ਹਾਂ ਦੇ ਤੇਊ = ਉਹ ਕਰਮ ਬਿਕਾਰ = ਵਿਸ਼ਿਆਂ ਦੇ ਦੇਣ ਵਾਲੇ ਹਨ।

## ਬਾਧੇ ਜਮ ਕੀ ਜੇਵਰੀ; ਮੀਠੀ ਮਾਇਆ ਰੰਗ ॥

ਉਹ ਜੀਵ ਜਮਾਂ ਕੀ = ਦੀ ਜੇਵਰੀ = ਰੱਸੀ ਨਾਲ ਅੰਤ ਨੂੰ ਬੱਝ ਜਾਂਦੇ ਹਨ, ਜੋ ਮਾਇਆ ਨੂੰ ਮੀਠੀ = ਪਿਆਰੀ ਜਾਣ ਕੇ ਉਸ ਦੇ ਰੰਗ = ਅਨੰਦ ਨੂੰ ਮਾਣਦੇ ਹਨ **ਵਾ:** ਮਾਇਆ ਨਾਲ ਰੰਗ = ਪ੍ਰੇਮ ਕਰਦੇ ਹਨ।

## ਭ੍ਰਮ ਕੇ ਮੋਹੇ ਨਹ ਬੁਝਹਿ; ਸੋ ਪ੍ਰਭੁ ਸਦਹੂ ਸੰਗ ॥

ਇਹ ਜੀਵ ਭ੍ਰਮ ਕੇ = ਦੇ ਮੋਹੇ = ਮੋਹਿਤ ਕੀਤੇ ਹੋਏ ਬੁਝਹਿ = ਸਮਝਦੇ ਨਹ = ਨਹੀਂ ਕਿ ਸੋ = ਉਹ ਪ੍ਰਭੁ = ਅਕਾਲ ਪੁਰਖ ਵਾਹਿਗੁਰੂ ਸਦਹੂ = ਸਦਾ ਹੀ ਸਾਡੇ ਸੰਗ = ਨਾਲ ਹੈ।

## ਲੇਖੈ ਗਣਤ ਨ ਛੂਟੀਐ; ਕਾਚੀ ਭੀਤਿ ਨ ਸੁਧਿ ॥

ਜੇ ਲੇਖੈ = ਹਿਸਾਬ ਕਿਤਾਬ ਕਰਦੇ ਰਹੀਏ ਕਿ ਮੈਂ ਆਹ ਕਰਮ ਕੀਤੇ ਹਨ, ਇਨ੍ਹਾਂ ਦਾ ਫਲ ਨਹੀਂ ਕੁਝ ਦਿੱਤਾ, ਹਰੀ ਨੂੰ ਜਤਾਉਂਦੇ ਰਹੀਏ, ਇਉਂ ਛੂਟੀਐ = ਛੁਟਕਾਰਾ ਨ = ਨਹੀਂ ਹੋਣਾ, ਜਿਵੇਂ ਕਾਚੀ = ਕੱਚੀ ਭੀਤਿ = ਕੰਧ ਧੋਤਿਆਂ ਕਦੇ ਵੀ ਸੁਧਿ = ਪਵਿੱਤਰ ਨਹੀਂ ਹੁੰਦੀ, ਸਗੋਂ ਉਸ ਵਿੱਚੋਂ ਮਿੱਟੀ ਮੈਲ ਰੂਪ ਹੋ ਕੇ ਨਿਕਲਦੀ ਰਹਿੰਦੀ ਹੈ। ਇਸੇ ਪ੍ਰਕਾਰ ਕੱਚੀ ਕੰਧ ਦੀ ਨਿਆਈਂ ਦੇਹ ਹੈ, ਇਸ ਵਿੱਚੋਂ ਵਿਕਾਰਾਂ ਰੂਪੀ ਮਿੱਟੀ ਨਿਕਲਦੀ ਰਹਿੰਦੀ ਹੈ, ਕਦੇ ਪਵਿੱਤਰ ਨਹੀਂ ਹੁੰਦੀ।

## ਜਿਸਹਿ ਬੁਝਾਏ ਨਾਨਕਾ; ਤਿਹ ਗੁਰਮੁਖਿ ਨਿਰਮਲ ਬੁਧਿ ॥੯॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਨੂੰ ਆਪ ਪਰਮੇਸ਼ਰ ਗੁਰਾਂ ਦੁਆਰਾ ਬੁਝਾਏ = ਸਮਝਾਉਂਦਾ ਹੈ, ਤਿਹ = ਉਸ ਗੁਰਮੁਖ ਨੂੰ ਨਿਰਮਲ = ਉੱਜਲ ਬੁਧਿ = ਬੁੱਧੀ ਭਾਵ ਆਤਮ ਵਿਸ਼ੈਣੀ ਬੁੱਧ ਪ੍ਰਾਪਤ ਹੁੰਦੀ ਹੈ ॥੯॥

## ਸਲੋਕੁ ॥ ਟੂਟੇ ਬੰਧਨ ਜਾਸੁ ਕੇ; ਹੋਆ ਸਾਧੂ ਸੰਗੁ ॥

ਜਾਸੁ = ਜਿਸ ਪੁਰਸ਼ ਕੇ = ਦੇ ਤਾਈਂ ਸਾਧੂ = ਸ੍ਰੇਸ਼ਟ ਜਨਾਂ ਦੀ ਸੰਗੁ = ਸੰਗਤ ਪ੍ਰਾਪਤੀ ਹੋਆ = ਹੋਈ ਹੈ, ਉਸ ਪੁਰਖ ਦੇ ਮਾਇਆ ਆਦਿਕ ਦੇ ਬੰਧਨ = ਬੰਨ੍ਹਣ ਟੂਟੇ = ਟੁੱਟ ਗਏ ਹਨ।

## ਜੋ ਰਾਤੇ ਰੰਗ ਏਕ ਕੈ; ਨਾਨਕ ਗੂੜਾ ਰੰਗੁ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ = ਜਿਹੜੇ ਗੁਰਮੁਖ ਜਨ ਏਕ = ਇਕ ਅਦ੍ਵੈਤ ਰੂਪ ਪਰਮੇਸ਼ਰ ਕੈ = ਦੇ ਰੰਗ = ਪ੍ਰੇਮ ਵਿਚ ਰਾਤੇ = ਰੰਗੇ ਹੋਏ ਹਨ, ਉਨ੍ਹਾਂ ਨੂੰ ਗੂੜਾ = ਡਾਢਾ ਸੰਘਣਾ ਭਗਤੀ ਦਾ ਰੰਗ ਚੜ੍ਹ ਗਿਆ ਹੈ **ਵਾ**: ਉਨ੍ਹਾਂ ਨੂੰ ਗੂੜਾ ਰੰਗੁ = ਸੰਘਨਾ ਆਤਮਾਨੰਦ ਪ੍ਰਾਪਤ ਹੋਇਆ ਹੈ ॥੧॥

## ਪਉੜੀ ॥ ਰਾਰਾ; ਰੰਗਹੁ ਇਆ ਮਨੁ ਅਪਨਾ ॥
## ਹਰਿ ਹਰਿ ਨਾਮੁ; ਜਪਹੁ ਜਪੁ ਰਸਨਾ ॥

ਰਾਰੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਇਆ = ਇਸ ਆਪਣੇ ਮਨੁ = ਅੰਤਸ਼ਕਰਣ ਨੂੰ ਪ੍ਰੇਮ ਵਿਚ ਰੰਗਹੁ = ਰੰਗਣਾ ਕਰੋ **ਵਾ**: ਸਤਿਗੁਰੂ ਰੰਗਰੇਜ ਦੁਆਰਾ ਨਾਮ ਰੂਪੀ ਜਲ ਭਗਤੀ ਰੂਪ ਮੱਟੀ ਵਿਚ ਪਾ ਕੇ ਆਪਣੇ ਮਨ ਨੂੰ ਪ੍ਰੇਮ ਰੰਗ 'ਚ ਰੰਗਣਾ ਕਰੋ। ਰੰਗ ਕਿਵੇਂ ਚੜ੍ਹਦਾ ਹੈ ?

ਜੋ ਹਰਿ = ਹਰੀ ਸਾਰਿਆਂ ਪਾਪਾਂ ਨੂੰ ਹਰਨ ਵਾਲਾ ਹਰਿ = ਹਰੀ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਹੈ, ਇਸ ਦੇ ਜਪੁ = ਜਾਪ ਨੂੰ ਰਸਨਾ = ਜੀਭਾ ਨਾਲ ਜਪਹੁ = ਜਪਣਾ ਕਰੋ।

## ਰੇ ਰੇ ਦਰਗਹ; ਕਹੈ ਨ ਕੋਊ ॥ ਆਉ ਬੈਠੁ; ਆਦਰੁ ਸੁਭ ਦੇਊ ॥

ਫੇਰ ਤੁਹਾਨੂੰ ਦਰਗਹ = ਅਕਾਲ ਪੁਰਖ ਦੀ ਹਜ਼ੂਰੀ ਵਿਚ ਰੇ ਰੇ = ਓਇ ਓਇ ਕੋਊ = ਕੋਈ ਨ = ਨਹੀਂ ਕਹੈ = ਕਹੇਗਾ। ਆਉ ਜੀ ਬੈਠੁ = ਬੈਠੋ ਜੀ ਆਦਿ ਸੁਭ = ਸ੍ਰੇਸ਼ਟ ਆਦਰੁ = ਸਤਿਕਾਰ ਦੇਉ = ਦੇਣਗੇ।

## ਉਆ ਮਹਲੀ; ਪਾਵਹਿ ਤੂ ਬਾਸਾ ॥ ਜਨਮ ਮਰਨ; ਨਹ ਹੋਇ ਬਿਨਾਸਾ ॥

ਉਆ = ਉਨ੍ਹਾਂ ਸਰੂਪ, ਸਮੀਪ, ਸਾਯੁਜ, ਸਲੋਕ, ਕੈਵਲ ਮੁਕਤੀ, ਤੁਰੀਆ ਪਦ ਆਦਿ ਮਹਲੀ = ਮਹਿਲਾਂ ਵਿਚ ਤੂੰ ਬਾਸਾ = ਵਾਸਾ ਪਾਵਹਿ = ਪਾਉਣਾ ਕਰੇਂਗਾ। ਜਿਥੇ ਜਨਮ ਮਰਣ ਅਤੇ ਦੇਹ ਦੇ ਖਟ ਵਿਕਾਰਾਂ 'ਚ ਬਿਨਾਸਾ = ਨਾਸ ਨਹੀਂ ਹੋਇ = ਹੋਈਦਾ।

## ਮਸਤਕਿ ਕਰਮੁ ਲਿਖਿਓ; ਧੁਰਿ ਜਾ ਕੈ ॥
## ਹਰਿ ਸੰਪੈ; ਨਾਨਕ ਘਰਿ ਤਾ ਕੈ ॥੧੦॥

ਜਾ ਕੈ = ਜਿਨ੍ਹਾਂ ਦੇ ਅੰਤਰਜਾਮੀ ਨੇ ਕੀਤੇ ਨਿਸ਼ਕਾਮ ਕਰਮਾਂ ਦੁਆਰਾ ਧੁਰਿ = ਮੁੱਢ ਤੋਂ ਮਸਤਕਿ = ਮੱਥੇ ਦੇ ਚੰਗੇ ਕਰਮ ਲਿਖਿਓ = ਲਿਖਣਾ ਕੀਤੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਾ ਕੈ = ਉਨ੍ਹਾਂ ਦੇ ਹਿਰਦੇ ਰੂਪੀ ਘਰ ਵਿਚ ਹੀ ਹਰਿ = ਹਰੀ ਅਕਾਲ ਪੁਰਖ ਦੇ ਨਾਮ ਦੀ ਸੰਪੈ = ਵਿਭੂਤੀ ਹੈ ॥੧੦॥

## ਸਲੋਕੁ ॥ ਲਾਲਚ ਝੂਠ ਬਿਕਾਰ ਮੋਹ; ਬਿਆਪਤ ਮੂੜੇ ਅੰਧ ॥

ਝੂਠੇ ਪਦਾਰਥਾਂ ਦੇ ਲਾਲਚ, ਝੂਠ ਬੋਲਣ ਵਿਚ ਬਿਕਾਰ = ਵਿਸ਼ੇ-ਵਿਕਾਰਾਂ ਅਤੇ ਸਰੀਰਾਂ ਦੇ ਮੋਹ ਕਰ ਕੇ ਮੂੜੇ = ਮੂਰਖ ਅੰਧ = ਅਗਿਆਨੀ ਪੁਰਸ਼ ਇਨ੍ਹਾਂ 'ਚ ਬਿਆਪਤ = ਫਸ ਰਹੇ ਹਨ, ਭਾਵ ਉਨ੍ਹਾਂ ਦੀ ਪਰਮਾਰਥ ਰੂਪ ਨਿਗ੍ਹਾ ਨਹੀਂ ਹੈ।

## ਲਾਗਿ ਪਰੇ ਦੁਰਗੰਧ ਸਿਉ; ਨਾਨਕ ਮਾਇਆ ਬੰਧ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੀਵ ਮਾਇਆ ਦੇ ਬੰਧ = ਬੰਧਨਾਂ ਵਿਚ ਪੈਣ ਕਰਕੇ ਰਾਤ ਦਿਨ ਦੁਰਗੰਧ = ਖੋਟੀ ਵਾਸ਼ਨਾ ਦੇ ਸਿਉ = ਨਾਲ ਲਾਗਿ = ਲੱਗ ਕੇ ਪਰੇ = ਪਰਚ ਰਹੇ ਹਨ ॥੧॥

## ਪਉੜੀ ॥ ਲਲਾ; ਲਪਟਿ ਬਿਖੈ ਰਸ ਰਾਤੇ ॥ ਅਹੰਬੁਧਿ; ਮਾਇਆ ਮਦ ਮਾਤੇ ॥

(**ਮਾਤੇ** ਦਾ ਉਚਾਰਣ ਕੱਸ ਕੇ ਹੈ)

ਲੱਲੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਇਹ ਜੀਵ ਲਪਟਿ = ਲੰਪਟ ਹੋ ਕੇ ਬਿਖੈ = ਵਿਸ਼ਿਆਂ ਦੇ ਰਸ = ਸੁਆਦ ਵਿਚ ਰਾਤੇ = ਰੰਗੇ ਹੋਏ ਹਨ। ਅਹੰਬੁਧਿ = ਹੰਗਤਾ ਵਾਲੀ ਬੁੱਧੀ ਕਰ ਕੇ ਮਾਇਆ ਦੇ ਮਦ = ਨਸ਼ੇ ਵਿਚ ਮਾਤੇ = ਮਸਤ ਹੋਏ ਰਹਿੰਦੇ ਹਨ।

## ਇਆ ਮਾਇਆ ਮਹਿ; ਜਨਮਹਿ ਮਰਨਾ ॥
## ਜਿਉ ਜਿਉ ਹੁਕਮੁ; ਤਿਵੈ ਤਿਉ ਕਰਨਾ ॥

ਇਆ = ਇਸ ਮਾਇਆ ਮਹਿ = ਵਿਚ ਲੱਗਣ ਕਰ ਕੇ ਜੀਵ ਨੂੰ ਜਨਮਹਿ = ਜੰਮਣ ਮਰਨ ਹੁੰਦਾ ਹੈ। ਜਿਉ ਜਿਉ = ਜਿਵੇਂ ਜਿਵੇਂ ਪਰਮੇਸ਼ਰ ਦਾ ਹੁਕਮ ਹੁੰਦਾ ਹੈ, ਤਿਵੈ ਤਿਉ = ਤਿਵੇਂ ਤਿਵੇਂ ਜੀਵਾਂ ਨੂੰ ਕਰਨਾ ਪੈਂਦਾ ਹੈ।

## ਕੋਊ ਊਨ; ਨ ਕੋਊ ਪੂਰਾ ॥ ਕੋਊ ਸੁਘਰੁ; ਨ ਕੋਊ ਮੂਰਾ ॥

ਆਪਣੇ ਆਪ ਨਾ ਹੀ ਕੋਊ = ਕੋਈ ਊਨ = ਘੱਟ ਹੈ, ਨਾ ਹੀ ਕੋਊ = ਕੋਈ ਪੂਰਾ = ਪੂਰਨ ਹੈ। ਨਾ ਹੀ ਕੋਊ = ਕੋਈ ਸੁਘਰੁ = ਚਤੁਰ ਹੈ, ਨਾ ਹੀ ਕੋਊ = ਕੋਈ ਮੂਰਾ = ਮੂਰਖ ਹੈ।

## ਜਿਤੁ ਜਿਤੁ ਲਾਵਹੁ; ਤਿਤੁ ਤਿਤੁ ਲਗਨਾ ॥
## ਨਾਨਕ; ਠਾਕੁਰ ਸਦਾ ਅਲਿਪਨਾ ॥੧੧॥

ਜਿਤੁ ਜਿਤੁ = ਜਿਸ ਜਿਸ ਕਰਮ ਵੱਲ ਉਹ ਪਰਮੇਸ਼ਰ ਲਾਵਹੁ = ਲਾਉਂਦਾ ਹੈ, ਤਿਤੁ ਤਿਤੁ = ਉਸ ਉਸ ਪਾਸੇ ਇਹ ਜੀਵ ਲਗਨਾ = ਲੱਗਦਾ ਹੈ। ***ਨੋਟ :*** ਇਹ ਬ੍ਰਹਮ ਗਿਆਨ ਤਤ ਬੇਤਿਆਂ ਦੀ ਦ੍ਰਿਸ਼ਟੀ ਦਾ ਕਥਨ ਹੈ, ਉਨ੍ਹਾਂ ਦੀ ਦ੍ਰਿਸ਼ਟੀ 'ਚ ਐਸਾ ਹੈ **ਵਾ**: ਜਿਵੇਂ ਸ਼ੇਰ ਤੇ ਕੋਈ ਸ਼ਸਤਰ ਚਲਾਏ, ਉਹ ਸ਼ਸਤਰ ਵੱਲ ਨਹੀਂ ਵੇਖਦਾ, ਚਲਾਉਣ ਵਾਲੇ ਵੱਲ ਵੇਖਦਾ ਹੈ, ਇਸੇ ਪ੍ਰਕਾਰ ਬ੍ਰਹਮਗਿਆਨੀਆਂ ਦੀ ਨਦਰ ਵਾਹਿਗੁਰੂ 'ਤੇ ਹੀ ਹੈ ਕਿ ਸਭ ਕੁਝ ਵਾਹਿਗੁਰੂ ਹੀ ਕਰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਠਾਕੁਰ = ਪਰਮੇਸ਼ਰ ਸਦਾ = ਹਮੇਸ਼ਾਂ ਪਾਪ ਪੁੰਨ ਤੋਂ ਅਲਿਪਨਾ = ਨਿਰਲੇਪ ਹੈ ॥੧੧॥

## ਸਲੋਕੁ ॥ ਲਾਲ ਗੁਪਾਲ ਗੋਬਿੰਦ ਪ੍ਰਭ; ਗਹਿਰ ਗੰਭੀਰ ਅਥਾਹ ॥

(ਗੁ+ਪਾਲ) ਗੁ = ਪ੍ਰਿਥਵੀ ਦੀ ਪਾਲ = ਪਾਲਣਾ ਕਰਨ ਵਾਲਾ ਗੋ+ਬਿੰਦ = ਇੰਦ੍ਰੀਆਂ ਦੀ ਬਿੰਦ = ਰੱਖਿਆ ਕਰਨ ਵਾਲਾ (ਗੋ = ਗੁਰਾਂ ਦੀ ਬਾਣੀ ਕਰ ਕੇ ਬਿੰਦ = ਪ੍ਰਾਪਤ ਹੋਣ ਯੋਗ) ਪ੍ਰਭ = ਹਰੀ ਵਾਹਿਗੁਰੂ ਲਾਲ = ਪਿਆਰਾ, ਗਹਿਰ = ਡੂੰਘਾ, ਗੰਭੀਰ = ਨਿਰਹਲ ਤੇ ਅਥਾਹ = ਬੇਅੰਤ ਹੈ।

## ਦੂਸਰ ਨਾਹੀ ਅਵਰ ਕੋ; ਨਾਨਕ ਬੇਪਰਵਾਹ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਬੇਪਰਵਾਹ = ਹਰੀ ਵਾਹਿਗੁਰੂ ਲਾਲ = ਪਿਆਰਾ, ਇੱਛਾ

ਤੋਂ ਰਹਿਤ, ਬੇਮੁਥਾਜ ਪਰਮੇਸ਼ਰ ਤੋਂ ਬਿਨਾਂ ਉਸ ਵਰਗਾ ਦੂਸਰ = ਦੂਜਾ ਅਵਰ = ਹੋਰ ਕੋ = ਕੋਈ ਵੀ ਨਾਹੀ = ਨਹੀਂ ਹੈ ॥੧॥

## ਪਉੜੀ ॥ ਲਲਾ; ਤਾ ਕੈ ਲਵੈ ਨ ਕੋਊ ॥ ਏਕਹਿ ਆਪਿ; ਅਵਰ ਨਹ ਹੋਊ ॥

ਲੱਲੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਤਾ ਕੈ = ਉਸ ਪਰਮੇਸ਼ਰ ਦੇ ਲਵੈ = ਸਦਰਸ਼ (ਬਰਾਬਰ) ਹੋਰ ਕੋਊ = ਕੋਈ ਵੀ ਨ = ਨਹੀਂ ਹੈ। ਏਕਹਿ = ਇਕ ਅਦ੍ਵੈਤ ਰੂਪ ਪਰਮੇਸ਼ਰ ਆਪ ਹੀ ਹੈ, ਉਸ ਵਰਗਾ ਅਵਰ = ਹੋਰ ਕੋਈ ਵੀ ਨਹ = ਨਹੀਂ ਹੋਊ = ਹੋ ਸਕਦਾ, ਨਾ ਹੁਣ ਹੈ ਅਤੇ ਨਾ ਹੀ ਅੱਗੇ ਨੂੰ ਹੋਵੇਗਾ।

## ਹੋਵਨਹਾਰੁ; ਹੋਤ ਸਦ ਆਇਆ ॥ ਉਆ ਕਾ ਅੰਤੁ; ਨ ਕਾਹੂ ਪਾਇਆ ॥

ਹੋਵਨਹਾਰੁ = ਹੋਂਦ ਵਾਲਾ ਪਰਮੇਸ਼ਰ ਆਪ ਹੀ ਸਦ = ਹਮੇਸ਼ਾਂ ਹੋਤ = ਹੁੰਦਾ ਆਇਆ ਹੈ, ਭਾਵ ਭੂਤ ਭਵਿੱਖਤ ਵਰਤਮਾਨ ਵਿਚ ਪਰੀਪੂਰਨ ਹੈ।

ਉਆ = ਉਸ ਕਾ = ਦਾ ਅੰਤ ਕਾਹੂ = ਕਿਸੇ ਪਾਸੋਂ ਵੀ ਨ = ਨਹੀਂ ਪਾਇਆ ਜਾ ਸਕਦਾ।

## ਕੀਟ ਹਸਤਿ ਮਹਿ; ਪੂਰ ਸਮਾਨੇ ॥ ਪ੍ਰਗਟ ਪੁਰਖ; ਸਭ ਠਾਊ ਜਾਨੇ ॥

ਉਹ ਪਰਮੇਸ਼ਰ ਕੀਟ = ਕੀੜੀ ਤੋਂ ਲੈ ਕੇ ਹਸਤਿ = ਹਾਥੀ ਤਕ ਸਾਰਿਆਂ ਮਹਿ = ਵਿਚ ਪੂਰ = ਪੂਰਨ ਹੋ ਕੇ ਸਮਾਨੇ = ਸਮਾ ਰਿਹਾ ਹੈ, ਭਾਵ ਇਕ-ਸਮਾਨ ਪੂਰਨ ਹੈ।

ਗੁਰਮੁਖਾਂ ਨੇ ਉਸ ਅਕਾਲ ਪੁਰਖ ਨੂੰ ਸਭ = ਸਾਰਿਆਂ ਠਾਊ = ਥਾਂਈ ਪ੍ਰਗਟ = ਪ੍ਰਤੱਖ ਹੋ ਕੇ ਜਾਨੇ = ਜਾਨਿਆ ਹੈ।

ਜਿਵੇਂ ਕਈ ਕਰਮਕਾਂਡੀ ਸ਼ੰਕਾ ਕਰਦੇ ਹਨ ਕਿ ਹਰੀ ਦੀ ਜੋਤ ਕੀੜੀ ਅੰਦਰ ਹੈ, ਜੇ ਹਾਥੀ ਵਿਚ ਪਾ ਦੇਈਏ ਤਾਂ ਇਕ ਕੋਨੇ ਵਿਚ ਟਿਕੀ ਰਹੇਗੀ, ਕੀ ਪਤਾ ਲੱਗੇਗਾ ਕਿ ਕੀੜੀ ਦੀ ਜੋਤ ਹੈ, ਕੀੜੀ ਛੋਟੀ ਹਾਥੀ ਇਤਨਾ ਵੱਡਾ, ਇਹ ਸਵਾਲ ਕਰਦੇ ਹਨ ? ਨਿਆਇਕ ਕਹਿੰਦੇ ਹਨ ਕਿ ਮੰਦਰ ਵਿਚ ਦੀਵਾ ਜਗਾਈਏ ਜਿਤਨਾ ਵੱਡਾ ਮੰਦਰ ਹੋਵੇਗਾ, ਉਤਨਾ ਕੁ ਉਸ ਦੇ ਪ੍ਰਕਾਸ਼ ਦਾ ਫੈਲਾਅ ਹੋ ਜਾਂਦਾ ਹੈ। ਦੋਨਾਂ 'ਚ ਇਹ ਮੱਤ ਭੇਦ ਹਨ।

ਜਿਵੇਂ ਛੋਟੇ ਘੜੇ ਵਿਚ ਥੋੜਾ ਅਨਾਜ ਪਵੇਗਾ, ਜਿਤਨਾ ਕੋਈ ਘਰ ਹੋਵੇ, ਉਸ 'ਚ ਉਤਨੀ ਬੈਠਣ ਦੀ ਥਾਂ ਹੁੰਦੀ ਹੈ। ਇਕ ਘਟਾ ਅਕਾਸ਼ ਦੂਜਾ ਮਟਾ ਅਕਾਸ਼ ਹੈ। ਜਿਵੇਂ ਚਿਦਾਕਾਸ਼ ਬ੍ਰਹਮ ਸੁਧ ਹੈ, ਉਹਦੇ ਵਿਚ ਮੈਂ ਇਕ ਤੋਂ ਬਹੁਤੇ ਹੋਵਾਂ, ਮਾਇਆ ਸਬਲਪੁਣਾ ਘਟਾ ਕਾਸ਼ ਦੀ ਨਿਆਈਂ ਈਸ਼ਰ ਬਣਿਆ ਹੈ। ਸਾਰੇ ਜੀਵ ਘਟਾ ਕਾਸ਼ ਦੀ ਨਿਆਈਂ ਹਨ :

**ਸਹਸ ਘਟਾ ਮਹਿ ਏਕੁ ਆਕਾਸੁ ॥**
**ਘਟ ਫੂਟੇ ਤੇ ਓਹੀ ਪ੍ਰਗਾਸੁ ॥** *(ਸੂਹੀ ਮ: ੫, ਅੰਗ ੭੩੬)*

ਇਸੇ ਪ੍ਰਕਾਰ ਮਾਇਆ ਦੀ ਉਪਾਧੀ ਕਰਕੇ ਈਸ਼ਰ ਨਾਮ ਹੈ, ਅਵਿੱਦਿਆ ਦੀ ਉਪਾਧੀ ਕਰ ਕੇ ਜੀਵ ਨਾਮ ਪਿਆ ਹੈ, ਇਹ ਉਪਾਧੀਆਂ ਘਟਾ ਕਾਸ਼ ਤੇ ਮਟਾ ਅਕਾਸ਼ ਆਦਿ ਕਰਕੇ ਬਣੀਆਂ ਹੋਈਆਂ ਹਨ। ਉਪਾਧੀਆਂ ਕੱਢ ਦੇਈਏ ਤਾਂ ਮਹਾਂ ਅਕਾਸ਼ ਹੀ ਹੈ। ਇਸੇ ਤਰ੍ਹਾਂ ਉਪਾਧੀ ਭੇਦ ਕਰ ਕੇ ਜੋ ਕੀੜੀ ਅੰਦਰ ਜੋਤ ਪ੍ਰਤੀਤ ਹੁੰਦੀ ਹੈ, ਓਹੀ ਸੱਤਾ ਹਾਥੀ ਅੰਦਰ ਪੈ ਕੇ ਕੋਨੇ 'ਤੇ ਨਹੀਂ ਰਹਿੰਦੀ, ਉਹ ਸਾਰੇ ਵਿਆਪਕ ਹੈ, ਮੰਦਰ ਜਿਤਨਾ ਮਰਜ਼ੀ ਵੱਡਾ ਬਣਾਈਏ, ਉਤਨਾ ਅੰਦਰ ਅਕਾਸ਼ ਆ ਜਾਂਦਾ ਹੈ, ਘੜਾ ਬਣਾਈਏ ਘੜੇ ਜਿੰਨਾ ਅੰਦਰ ਅਕਾਸ਼ ਆ ਜਾਂਦਾ ਹੈ। ਇਉਂ ਕੀੜੀ 'ਚ ਕੀੜੀ ਜਿੰਨਾ ਹੀ ਚੇਤਨ ਹੈ, ਹਾਥੀ ਵਿਚ ਹਾਥੀ ਜਿਤਨਾ ਚੇਤਨ ਹੈ, ਚੇਤਨ 'ਚ ਫ਼ਰਕ ਨਹੀਂ।

## ਜਾ ਕਉ ਦੀਨੋ; ਹਰਿ ਰਸੁ ਅਪਨਾ ॥ ਨਾਨਕ; ਗੁਰਮੁਖਿ ਹਰਿ ਹਰਿ ਤਿਹ ਜਪਨਾ ॥੧੨॥

ਇਹ ਦਾਤ ਉਨ੍ਹਾਂ ਨੂੰ ਪ੍ਰਾਪਤ ਹੋਈ ਹੈ, ਜਾ ਕਉ = ਜਿਨ੍ਹਾਂ ਨੂੰ ਹਰਿ = ਹਰੀ ਅਕਾਲ ਪੁਰਖ ਵਾਹਿਗੁਰੂ ਨੇ ਆਪਣਾ ਆਤਮ ਨੰਦ ਦਾ ਰਸ ਦੀਨੋ = ਦੇਣਾ ਕੀਤਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਹ = ਤਿਨ੍ਹਾਂ ਗੁਰਮੁਖ ਜਨਾਂ ਨੇ ਹਰਿ = ਹਰੀ ਹਰਿ = ਵਾਹਿਗੁਰੂ ਦਾ ਨਾਮ ਜਪਣਾ ਕੀਤਾ ਹੈ ॥੧੨॥

## ਸਲੋਕੁ ॥ ਆਤਮ ਰਸੁ ਜਿਹ ਜਾਨਿਆ; ਹਰਿ ਰੰਗ ਸਹਜੇ ਮਾਣੁ ॥

ਜਿਹ = ਜਿਨ੍ਹਾਂ ਨੇ ਬ੍ਰਹਮ ਦੀ ਪ੍ਰਾਪਤੀ ਵਾਲੇ ਆਤਮ ਰਸ ਨੂੰ ਜਾਣਿਆ ਹੈ, ਉਹ ਹਰਿ = ਹਰੀ ਵਾਹਿਗੁਰੂ ਦੇ ਰੰਗ = ਪ੍ਰੇਮ ਨੂੰ ਸਹਜੇ = ਸੁਤੇ-ਸਿਧ ਮਾਣੁ = ਮਾਣਦੇ ਭਾਵ ਭੋਗਦੇ ਹਨ।

## ਨਾਨਕ ਧਨਿ ਧਨਿ ਧੰਨਿ ਜਨ; ਆਏ ਤੇ ਪਰਵਾਣੁ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਜਨ = ਪੁਰਖ ਪਿੱਛੇ ਵੀ ਧੰਨ ਸੀ, ਹੁਣ ਵੀ ਧੰਨ ਹਨ, ਅੱਗੇ ਨੂੰ ਵੀ ਧੰਨ ਹੋਣਗੇ **ਵਾ:** ਉਨ੍ਹਾਂ ਦੀ ਮਾਂ ਵੀ ਧੰਨ ਹੈ, ਪਿਤਾ ਵੀ ਧੰਨ ਹੈ, ਕਿਉਂਕਿ ਉਨ੍ਹਾਂ ਦੇ ਗੁਰੂ ਵੀ ਧੰਨ ਹਨ, ਉਹ ਸੰਸਾਰ 'ਤੇ ਆਏ ਹੋਏ ਪਰਵਾਣੁ = ਪ੍ਰਮਾਣਨੀਕ, ਭਾਵ ਸਫਲੇ ਹਨ ॥੧॥

## ਪਉੜੀ ॥ ਆਇਆ ਸਫਲ; ਤਾਹੂ ਕੋ ਗਨੀਐ ॥ ਜਾਸੁ ਰਸਨ; ਹਰਿ ਹਰਿ ਜਸੁ ਭਨੀਐ ॥

ਸੰਸਾਰ ਵਿਚ ਆਇਆ ਸਫਲਾ ਤਾਹੂ = ਉਸ ਪੁਰਸ਼ ਕੋ = ਦਾ ਗਨੀਐ = ਗਿਣੀਦਾ ਹੈ। ਜਾਸੁ = ਜਿਸ ਦੀ ਰਸਨ = ਜੀਭ ਹਰਿ = ਸਾਰਿਆਂ ਨੂੰ ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਜਸੁ = ਕੀਰਤਨ ਭਨੀਐ = ਕਥਨ ਕਰਦੀ ਹੈ।

## ਆਇ ਬਸਹਿ; ਸਾਧੂ ਕੈ ਸੰਗੇ ॥ ਅਨਦਿਨੁ; ਨਾਮੁ ਧਿਆਵਹਿ ਰੰਗੇ ॥

ਜੋ ਜਨਮ ਧਾਰ ਕੇ ਆਏ ਹਨ, ਉਹ ਸੁਰਤ ਸੰਭਾਲ ਕੇ ਸਾਧੂ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗੇ = ਸੰਗਤ ਵਿਚ ਬਸਹਿ = ਵੱਸਦੇ ਹਨ। ਜੋ ਅਨਦਿਨੁ = ਰਾਤ ਦਿਨੇ ਅੰਮ੍ਰਿਤ ਨਾਮ ਨੂੰ ਰੰਗੇ = ਪ੍ਰੇਮ ਨਾਲ ਧਿਆਵਹਿ = ਧਿਆਉਂਦੇ ਹਨ।

## ਆਵਤ ਸੋ ਜਨੁ; ਨਾਮਹਿ ਰਾਤਾ ॥ ਜਾ ਕਉ; ਦਇਆ ਮਇਆ, ਬਿਧਾਤਾ ॥

ਸੋ = ਉਹ ਜਨੁ = ਪੁਰਖ ਦਾ ਜਨਮ ਧਾਰ ਕੇ ਆਵਤ = ਆਇਆ ਹੋਇਆ ਸਫਲਾ ਹੈ, ਜੋ ਨਾਮਹਿ = ਨਾਮ ਰਾਤਾ = ਰੰਗਿਆ ਗਿਆ ਹੈ। ਜਾਕਉ = ਜਿਸ ਦੇ ਉੱਪਰ ਦਇਆ = ਦਇਆਲੂ ਮਇਆ = ਸਰੂਪ ਬਿਧਾਤਾ = ਕਰਮ ਫਲ ਪ੍ਰਦਾਤੇ ਪਰਮੇਸ਼ਰ ਦੀ ਕਿਰਪਾ ਦ੍ਰਿਸ਼ਟੀ ਹੋਈ ਹੈ।

## ਏਕਹਿ ਆਵਨ; ਫਿਰਿ ਜੋਨਿ ਨ ਆਇਆ ॥ ਨਾਨਕ; ਹਰਿ ਕੈ ਦਰਸਿ ਸਮਾਇਆ ॥੧੩॥

ਉਹ ਇਸ ਦੇਹ ਵਿਚ ਏਕਹਿ = ਇੱਕੋ ਵਾਰੀ ਆਵਨ = ਆਇਆ ਹੈ, ਫਿਰਿ = ਮੁੜ ਕੇ ਜੋਨਿ = ਜੂਨੀ ਵਿਚ ਨ = ਨਹੀਂ ਆਇਆ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਹਰਿ = ਹਰੀ ਪਰਮੇਸ਼ਰ ਕੈ = ਦੇ ਦਰਸਿ = ਦਰਸ਼ਨ ਕਰ ਕੇ ਵਾਹਿਗੁਰੂ ਵਿਚ ਸਮਾਇਆ = ਸਮਾ ਜਾਂਦਾ ਹੈ ॥੧੩॥

## ਸਲੋਕੁ ॥ ਯਾਸੁ ਜਪਤ ਮਨਿ ਹੋਇ ਅਨੰਦੁ; ਬਿਨਸੈ ਦੂਜਾ ਭਾਉ ॥

ਯਾਸੁ = ਜਿਸ ਦਾ ਜਪਤ = ਜਾਪ ਕਰਨੇ ਕਰਕੇ ਮਨਿ = ਅੰਤਸ਼ਕਰਣ ਵਿਚ ਅਨੰਦ = ਉਤਸ਼ਾਹ ਹੋਇ = ਹੁੰਦਾ ਹੈ ਅਤੇ ਦੂਜਾ = ਦ੍ਵੈਤ ਭਾਉ = ਭਾਵ ਬਿਨਸੈ = ਨਾਸ ਹੋ ਜਾਂਦਾ ਹੈ।

[ਅੰਗ ੨੫੩]

## ਦੂਖ ਦਰਦ ਤ੍ਰਿਸਨਾ ਬੁਝੈ; ਨਾਨਕ ਨਾਮਿ ਸਮਾਉ ॥੧॥

ਜਨਮ ਮਰਨ ਦਾ ਦੂਖ = ਦੁਖ, ਅਵਿੱਦਿਆ ਅਤੇ ਤਨ ਦੀ ਦਰਦ = ਤਕਲੀਫ਼, ਰਸਾਂ ਕਸਾਂ ਦੀ ਤ੍ਰਿਸ਼ਨਾ ਰੂਪੀ ਅੱਗ ਵੀ ਬੁਝੈ = ਨਾਸ ਭਾਵ ਬੁਝ ਜਾਂਦੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸ ਕਰਕੇ ਉਸ ਨਾਮੀ ਪਰਮਾਤਮਾ ਦੇ ਨਾਮ ਵਿਚ ਸਮਾਉ = ਸਮਾਉਣਾ ਕਰ, ਭਾਵ ਨਾਮ ਦੀ ਮਸਤੀ ਚਾੜ੍ਹਨਾ ਕਰ **ਵਾ:** ਨਾਮ ਵਿਚ ਬਿਰਤੀ ਨੂੰ ਸਮਾਉ = ਅਭੇਦ ਕਰ ॥੧॥

## ਪਉੜੀ ॥ ਯਯਾ; ਜਾਰਉ ਦੁਰਮਤਿ ਦੋਊ ॥ ਤਿਸਹਿ ਤਿਆਗਿ; ਸੁਖ ਸਹਜੇ ਸੋਊ ॥

ਯੱਯੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਦੋਊ = ਦਵੈਤ ਵਾਲੀ ਦੁਰਮਤਿ = ਖੋਟੀ ਬੁੱਧੀ ਨੂੰ ਜਾਰਉ = ਸਾੜਨਾ ਕਰ **ਵਾ:** ਜੋ ਖੋਟੀ ਮੱਤ ਨੇ ਦੋਉ = ਦੋ ਭਾਵ ਜੀਵ ਤੇ ਈਸ ਦਾ ਭੇਦ ਪਾਇਆ ਹੋਇਆ ਹੈ। ਉਸ ਨੂੰ ਸਾੜਨਾ ਕਰ ਜੋ ਪੁਰਸ਼ ਤਿਸਹਿ = ਤਿਸ ਦ੍ਵੈਤ ਨੂੰ ਤਿਆਗਿ = ਛੱਡ ਦਿੰਦਾ ਹੈ, ਸੋਊ = ਉਹ ਸਹਜੇ = ਸੁਤੇ-ਸਿਧ ਸੁਖ ਪ੍ਰਾਪਤ ਕਰਦਾ ਹੈ।

## ਯਯਾ; ਜਾਇ ਪਰਹੁ ਸੰਤ ਸਰਨਾ ॥ ਜਿਹ ਆਸਰ; ਇਆ ਭਵਜਲੁ ਤਰਨਾ ॥

ਯੱਯੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਉਸ ਸੰਤ = ਸ਼ਾਂਤ ਆਤਮਾ ਵਾਲੇ ਗੁਰੂ **ਵਾ:** ਮਹਾਤਮਾ ਜਨ ਦੀ ਸ਼ਰਨੀ ਜਾ ਪਰਹੁ = ਪਵੋ, ਜਿਹ = ਜਿਸ ਦੇ ਆਸਰ = ਆਸਰੇ ਇਆ = ਇਸ ਭਵਜਲੁ = ਸੰਸਾਰ-ਸਮੁੰਦਰ ਤੋਂ ਤਰਨਾ ਹੋ ਜਾਵੇ।

## ਯਯਾ; ਜਨਮਿ ਨ ਆਵੈ ਸੋਊ ॥ ਏਕ ਨਾਮ ਲੇ; ਮਨਹਿ ਪਰੋਊ ॥

ਯੱਯੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਸੋਊ = ਉਹ ਪੁਰਖ ਜਨਮ ਧਾਰ ਕੇ ਨ = ਨਹੀਂ ਆਵੈ = ਆਉਂਦਾ। ਜੋ ਗੁਰੂ ਸਿੱਖਿਆ ਦੁਆਰਾ ਏਕ = ਇਕ ਅੰਮ੍ਰਿਤ ਨਾਮ ਲੇ = ਲੈ ਕੇ ਮਨਹਿ = ਅੰਤਸ਼ਕਰਣ ਰੂਪੀ ਧਾਗੇ ਵਿਚ ਪਰੋਊ = ਪਰੋ ਲੈਂਦਾ ਹੈ **ਵਾ:** ਇਕ ਵਾਹਿਗੁਰੂ ਗੁਰਮੰਤਰ ਨਾਮ ਨੂੰ ਮਨਹਿ = ਅੰਤਸ਼ਕਰਣ ਰੂਪੀ ਧਾਗੇ ਵਿਚ ਪਰੋਊ = ਪਰੋਣਾ ਕਰਦਾ ਹੈ।

## ਯਯਾ ਜਨਮੁ ਨ ਹਾਰੀਐ; ਗੁਰ ਪੂਰੇ ਕੀ ਟੇਕ ॥

ਯੱਯੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਜਿਸ ਨੇ ਪੂਰੇ = ਪੂਰਨ ਸਤਿਗੁਰਾਂ ਕੀ = ਦੀ ਟੇਕ = ਓਟ ਹਿਰਦੇ 'ਚ ਲੈ ਲਈ ਹੈ, ਉਹ ਮਨੁੱਖਾ ਜਨਮ ਨੂੰ ਸੰਸਾਰ ਰੂਪ ਜੂਏ ਵਿਚ ਹਾਰੀਐ = ਹਾਰਦਾ ਨ = ਨਹੀਂ ਹੈ।

## ਨਾਨਕ ਤਿਹ ਸੁਖੁ ਪਾਇਆ; ਜਾ ਕੈ ਹੀਅਰੈ ਏਕ ॥੧੪॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਹ = ਉਸ ਪੁਰਖ ਨੇ ਸੁਖ ਸਰੂਪ ਪਰਮੇਸ਼ਰ ਨੂੰ ਪਾਇਆ = ਪਾਉਣਾ ਕੀਤਾ ਹੈ, ਜਾ ਕੈ = ਜਿਸ ਦੇ ਹੀਅਰੈ = ਹਿਰਦੇ ਅੰਦਰ ਏਕ = ਇਕ ਅਦ੍ਵੈਤ ਰੂਪ ਪਰਮੇਸ਼ਰ ਦਾ ਨਾਮ ਵਸਿਆ ਹੋਇਆ ਹੈ ॥੧੪॥

## ਸਲੋਕੁ ॥ ਅੰਤਰਿ ਮਨ ਤਨ ਬਸਿ ਰਹੇ; ਈਤ ਊਤ ਕੇ ਮੀਤ ॥

ਜਿਨ੍ਹਾਂ ਦੇ ਮਨ = ਅੰਤਸ਼ਕਰਣ ਤਨ = ਸਰੀਰ ਅੰਤਰਿ = ਵਿਚ (ਅੰਦਰ) ਅੰਤਰਜਾਮੀ ਦਾ ਨਾਮ ਬਸਿ = ਵਸ ਰਹੇ = ਰਿਹਾ ਹੈ, ਉਨ੍ਹਾਂ ਦਾ ਪਰਮੇਸ਼ਰ ਈਤ = ਇਸ ਲੋਕ ਤੇ ਊਤ = ਪਰਲੋਕ ਕੇ = ਦੇ ਵਿਚ ਮੀਤ = ਮਿੱਤਰ ਹੈ।

## ਗੁਰਿ ਪੂਰੈ ਉਪਦੇਸਿਆ; ਨਾਨਕ ਜਪੀਐ ਨੀਤ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਪੂਰੈ = ਪੂਰਨ ਗੁਰਿ = ਸਤਿਗੁਰਾਂ ਨੇ ਉਪਦੇਸਿਆ = ਸਭ ਸਿੱਖਿਆ ਬਖ਼ਸ਼ੀ ਹੈ, ਉਸ ਦੁਆਰਾ ਵਾਹਿਗੁਰੂ ਦੇ ਨਾਮ ਨੂੰ ਨੀਤ = ਨਿੱਤ ਜਪੀਐ = ਜਪਣਾ ਕਰੀਏ ॥੧॥

## ਪਉੜੀ ॥ ਅਨਦਿਨੁ ਸਿਮਰਹੁ ਤਾਸੁ ਕਉ; ਜੋ ਅੰਤਿ ਸਹਾਈ ਹੋਇ ॥

ਤਾਸੁ = ਉਸ ਵਾਹਿਗੁਰੂ ਕਉ = ਨੂੰ ਅਨਦਿਨੁ = ਰਾਤ ਦਿਨ ਹੀ ਸਿਮਰਹੁ = ਸਿਮਰਨਾ ਕਰ, ਜੋ = ਜਿਹੜਾ ਅੰਤਿ = ਮੌਤ ਵੇਲੇ ਸਹਾਈ = ਸਹਾਇਕ ਹੋਇ = ਹੋਵੇਗਾ।

## ਇਹ ਬਿਖਿਆ ਦਿਨ ਚਾਰਿ ਛਿਅ; ਛਾਡਿ ਚਲਿਓ ਸਭੁ ਕੋਇ ॥

ਇਹ ਬਿਖਿਆ = ਮਾਇਆ ਦਾ ਅਨੰਦ ਛਿਅ = ਛੇ ਤੇ ਚਾਰਿ = ਚਾਰ, ੬+੪ = ਦਸ ਕੁ ਦਿਨ ਦਾ ਹੈ (**ਵਾ:** ਜੋ ਇਹ ਮਾਇਆ ਰੰਗ ਖਿੰਡਾ ਰਹੀ ਹੈ, ਇਹ ਚਾਰ ਦਿਨਾਂ 'ਚ ਨਾਸ ਹੋ ਜਾਣੀ ਹੈ, ਇਹ ਜਾਂ ੪+੬ ਦਸ ਕੁ ਦਿਨ ਦੀ ਹੈ, ਹਫ਼ਤੇ ਦੇ ਅੰਦਰ ੪ ਦਿਨ ਹਨ, ਇਕ ਅੱਜ ਦਾ ਛੱਡ ਦਿਉ, ਇਕ ਮਰਨ ਦਾ ਛੱਡ ਦਿਉ, ਇਕ ਜੰਮਣ ਦਾ ਛੱਡ ਦਿਉ, ਬਾਕੀ ੪ ਦਿਨ ਰਹਿ ਗਏ) ਇਸ ਨੂੰ ਸਭੁ = ਸਾਰੇ ਕੋਇ = ਕੋਈ ਛਾਡਿ = ਤਿਆਗ ਕੇ ਚਲਿਓ = ਚੱਲ ਰਹੇ ਹਨ।

## ਕਾ ਕੋ; ਮਾਤ ਪਿਤਾ ਸੁਤ ਧੀਆ ॥ ਗ੍ਰਿਹ ਬਨਿਤਾ; ਕਛੁ ਸੰਗਿ ਨ ਲੀਆ ॥

ਫੇਰ ਕੌਣ ਕਾ ਕੋ = ਕਿਸੇ ਦਾ ਮਾਤਾ, ਪਿਤਾ ਸੁਤ = ਪੁੱਤਰ, ਧੀਆਂ ਹਨ। ਕਿਸੇ ਨੇ ਗ੍ਰਿਹ = ਘਰ ਬਨਿਤਾ = ਇਸਤਰੀ ਆਦਿ ਕਛੁ = ਕੁਝ ਪਦਾਰਥ ਸੰਗਿ = ਨਾਲ ਨ = ਨਹੀਂ ਲੀਆ = ਲਿਆ।

## ਐਸੀ ਸੰਚਿ; ਜੁ ਬਿਨਸਤ ਨਾਹੀ ॥ ਪਤਿ ਸੇਤੀ; ਅਪੁਨੈ ਘਰਿ ਜਾਹੀ ॥

ਐਸੀ = ਅਜਿਹੀ ਨਾਮ ਦੀ ਪੂੰਜੀ ਸੰਚਿ = ਇਕੱਠੀ ਕਰ, ਜੁ = ਜਿਹੜੀ ਬਿਨਸਤ = ਨਾਸ ਨਾਹੀ = ਨਹੀਂ ਹੁੰਦੀ। ਜਿਸ ਕਰ ਕੇ ਤੂੰ ਪਤਿ = ਇੱਜ਼ਤ ਸੇਤੀ = ਨਾਲ ਅਪਣੇ ਸਰੂਪ ਰੂਪੀ ਘਰ ਵਿਚ ਜਾਹੀ = ਜਾਵੇਂਗਾ।

## ਸਾਧਸੰਗਿ; ਕਲਿ ਕੀਰਤਨੁ ਗਾਇਆ ॥ ਨਾਨਕ ਤੇ ਤੇ; ਬਹੁਰਿ ਨ ਆਇਆ ॥੧੫॥

ਜਿਸ ਨੇ ਸਾਧ ਸੰਗਿ = ਸਾਧ ਸੰਗਤ 'ਚ ਮਿਲ ਕੇ ਕਲਿ = ਸੁੰਦਰ ਕੀਰਤਨੁ = ਜਸ ਨੂੰ ਗਾਇਆ = ਗਾਉਣਾ ਕੀਤਾ, ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤੇ ਤੇ = ਉਹ ਉਹ ਪੁਰਖ ਬਹੁਰਿ = ਮੁੜ ਕੇ ਜੂਨਾਂ 'ਚ ਨ = ਨਹੀਂ ਆਇਆ ਆਉਂਦਾ ॥੧੫॥

## ਸਲੋਕੁ ॥ ਅਤਿ ਸੁੰਦਰ ਕੁਲੀਨ ਚਤੁਰ; ਮੁਖਿ ਙਿਆਨੀ, ਧਨਵੰਤ ॥

ਅਤਿ = ਅਤਿਅੰਤ (ਬੜਾ) ਸੁੰਦਰ = ਸੋਹਣਾ ਹੋਵੇ, ਕੁਲੀਨ = ਚੰਗੀ ਕੁਲ ਵਿਚ ਜਨਮ ਹੋਵੇ, ਚਤੁਰ = ਸਿਆਣਾ, ਮੁਖਿ ਙਿਆਨੀ = ਮੂੰਹ ਤੋਂ ਗਿਆਨ ਦੀਆਂ ਗੱਲਾਂ ਕਰਨ ਵਾਲਾ ਤੇ ਧਨਵੰਤ = ਧਨੀ ਹੋਵੇ।

੧. ਬਹੁਤ ਸੋਹਣਾ ਹੋਣਾ; ੨. ਚੰਗੀ ਕੁਲ ਹੋਣੀ; ੩. ਵਿਹਾਰਾਂ 'ਚ ਚਤੁਰ; ੪. ਮੁਖੋਂ ਗਿਆਨ ਦੀਆਂ ਗੱਲਾਂ ਕਰਨੀਆਂ; ੫. ਧਨੀ ਹੋਣਾ ਇਹ ਪੰਜ ਗੁਣ ਹਨ :

ਜਿਸ ਨੇ ਮੋਤੀ ਦਾਨ ਕੀਤੇ ਹਨ—ਉਨ੍ਹਾਂ ਨੂੰ ਵਿੱਦਿਆ ਮਿਲਦੀ ਹੈ।
ਚੰਦਨ ਦੇ ਬਾਗ਼ ਦਾਨ ਕੀਤੇ ਹੋਣ—ਚੰਗੀ ਕੁਲ ਵਿਚ ਜਨਮ ਮਿਲਦਾ ਹੈ।
ਸੁੰਦਰ ਗੁਣਾਂ ਦਾ ਦਾਨ ਕੀਤਾ ਹੋਵੇ—ਸੁੰਦਰਤਾ ਮਿਲਦੀ ਹੈ।
ਵਿੱਦਿਆ ਖੋਲ੍ਹ ਕੇ ਦਾਨ ਕੀਤੀ ਹੋਵੇ—ਸ੍ਰੇਸ਼ਟ ਗਿਆਨ ਮਿਲਦਾ ਹੈ।
ਜਿੰਨੇ ਪਿੱਛੇ ਪੁੰਨ ਕੀਤੇ ਹੁੰਦੇ ਹਨ—ਉਤਨਾ ਧਨ ਮਿਲਦਾ ਹੈ।

## ਮਿਰਤਕ ਕਹੀਅਹਿ ਨਾਨਕਾ; ਜਿਹ ਪ੍ਰੀਤਿ ਨਹੀ ਭਗਵੰਤ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਪੁਰਖ ਮਿਰਤਕ = ਮੁਰਦੇ ਦੀ ਨਿਆਈਂ ਕਹੀਦੇ ਹਨ, ਜਿਹ = ਜਿਨ੍ਹਾਂ ਦੀ ਭਗਵੰਤ = ਹਰੀ ਪਰਮੇਸ਼ਰ ਨਾਲ ਪ੍ਰੀਤਿ = ਪ੍ਰੀਤੀ ਨਹੀਂ ਹੈ **ਅਥਵਾ** ਪੈਰਿਸ ਵਾਲੇ ਆਪਣੇ ਆਪ ਨੂੰ ਸੁੰਦਰ ਕਹਾਉਂਦੇ ਹਨ, ਜਾਪਾਨੀ ਆਪਣੇ ਆਪ ਨੂੰ ਚੰਗੀ ਕੁਲ ਵਾਲੇ, ਇੰਗਲੈਂਡ ਵਾਲੇ ਅੰਗ੍ਰੇਜ਼ ਆਪਣੇ ਆਪ ਨੂੰ ਚਤੁਰ ਕਹਾਉਂਦੇ ਹਨ ਰੂਸ ਵਾਲੇ ਗਿਆਨੀ, ਅਮਰੀਕਾ ਵਾਲੇ ਧਨੀ।

ਜੇਕਰ ਪਰਮੇਸ਼ਰ ਦੀ ਪ੍ਰੀਤੀ ਨਹੀਂ ਹੈ, ਤਾਂ ਉਹ ਮੁਰਦੇ ਦੇ ਤੁਲ ਕਥਨ ਕੀਤੇ ਜਾਂਦੇ ਹਨ ॥੧॥

## ਪਉੜੀ ॥ ਙੰਙਾ; ਖਟੁ ਸਾਸਤ੍ਰ ਹੋਇ ਙਿਆਤਾ ॥ ਪੂਰਕੁ ਕੁੰਭਕ ਰੇਚਕ; ਕਰਮਾਤਾ ॥

ਙੰਙੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਭਾਵੇਂ ਖਟੁ = ਛੇ ਸ਼ਾਸਤਰਾਂ ਦਾ ਙਿਆਤਾ = ਗਿਆਤਾ ਭਾਵ ਜਾਨਣ ਵਾਲਾ ਹੋਇ = ਹੋਵੇ **ਵਾ:** ਛੇ ਸ਼ਾਸਤਰਾਂ[੧] ਦਾ ਅਤਿਅੰਤ ਗਿਆਤਾ ਹੋਵੇ।

ਭਾਵੇਂ ਦਸਮ ਦੁਆਰ ਵਿਚ ਸੁਆਸਾਂ ਨੂੰ ਪੂਰਕੁ = ਚੜ੍ਹਾਉਣ, ਕੁੰਭਕ = ਠਹਿਰਾਉਣ, ਤ੍ਰਿਕੁਟੀ ਵਿਚ, ਰੇਚਕ = ਉਤਾਰਨ ਅਤੇ ਕਰਮਾਤਾ = ਅਤਿਅੰਤ ਕਰਮਾਂ ਨੂੰ ਕਰਨ ਜਾਣਦਾ ਹੋਵੇ **ਵਾ:** ਕਰਮਾਂ ਨੂੰ (ਕਰ+ਮਾਤਾ) ਕਰ = ਕਰਨ ਵਿਚ ਮਾਤਾ = ਮਸਤ ਹੋਵੇ।

## ਙਿਆਨ ਧਿਆਨ; ਤੀਰਥ ਇਸਨਾਨੀ ॥ ਸੋਮਪਾਕ; ਅਪਰਸ ਉਦਿਆਨੀ ॥

(**ਸੋਮ-ਪਾਕ** ਦਾ ਉਚਾਰਣ ਡੈਸ਼ ਲਗਾ ਕੇ ਹੈ ਤੇ **ਅਪੱਰਸ** ਦਾ ਉਚਾਰਣ ਅੱਧਕ ਸਹਿਤ ਹੈ)

ਵੇਦਾਂਤੀਆਂ ਦਾ ਙਿਆਨ = ਗਿਆਨ ਜਾਣਦਾ ਹੋਵੇ, ਧਿਆਨ ਪਤੰਜਲੀਆਂ ਦਾ ਜਾਣਦਾ ਹੋਵੇ, ੬੮ ਤੀਰਥਾਂ ਦਾ ਇਸ਼ਨਾਨੀ ਹੋਵੇ।

ਭਾਵੇਂ ਸੋਮਪਾਕ (ਸੋਮ+ਪਾਕ) ਸੋਮ = ਚੰਦਰਮਾ ਦੇ ਕਰਕੇ ਪਾਕ = ਪੱਕੇ ਫਲ ਖਾਣ ਵਾਲਾ ਹੋਵੇ ਜਾਂ ਚੰਦ੍ਰਮਾਂ ਨੂੰ ਰੋਟੀ ਖਾਂਣ ਵਾਲਾ ਹੋਵੇ **ਵਾ:** ਸੋਮ = ਸ੍ਵੈਯਮ (ਹੱਥਾਂ ਨਾਲ) ਆਪ ਪਾਕ = ਰਸੋਈ ਬਣਾ ਕੇ ਖਾਵੇ, ਕਿਸੇ ਨਾਲ ਅਪਰਸ ਨਾ ਛੂੰਹਦਾ ਹੋਵੇ, ਕਿਸੇ ਦਾ ਪਰਛਾਵਾਂ ਵੀ ਨਾ ਲੈਂਦਾ ਹੋਵੇ, ਭਾਵੇਂ ਉਦਿਆਨੀ = ਉਜਾੜਾਂ ਵਿਚ ਰਹਿਣ ਵਾਲਾ ਹੋਵੇ, ਭਾਵ ਬਨਾਂ 'ਚ ਰਹਿੰਦਾ ਹੋਵੇ।

## ਰਾਮ ਨਾਮ ਸੰਗਿ; ਮਨਿ ਨਹੀ ਹੇਤਾ ॥ ਜੋ ਕਛੁ ਕੀਨੋ; ਸੋਊ ਅਨੇਤਾ ॥

ਜੇਕਰ ਰਾਮ = ਪਰਮੇਸ਼ਰ ਦੇ ਨਾਮ ਸੰਗਿ = ਨਾਲ ਮਨਿ = ਅੰਤਸ਼ਕਰਣ ਦਾ ਹੇਤਾ = ਪ੍ਰੇਮ ਨਹੀਂ ਹੈ। ਉਸ ਨੇ ਜੋ = ਜਿਹੜਾ ਕਛੁ = ਕੁਝ ਵੀ ਉਪਰੋਕਤ ਕਰਮ ਕੀਨੋ = ਕੀਤਾ ਹੈ, ਸੋਊ = ਉਹ ਸਭ ਅਨੇਤਾ = ਬੇਅਰਥ ਹੀ ਹੈ।

---

੧. ਛੇ ਸ਼ਾਸਤਰਾਂ ਦੀ ਵੀਚਾਰ ਇਸੇ ਸਟੀਕ ਦੀ ਪਹਿਲੀ ਪੋਥੀ ਵਿਚ "ਛਿਅ ਘਰ ਛਿਅ ਗੁਰ ਛਿਅ ਉਪਦੇਸ਼ ॥" ਵਾਲੀ ਪੰਗਤੀ ਤੇ ਹੈ।

## ਉਆ ਤੇ; ਊਤਮੁ ਗਨਉ ਚੰਡਾਲਾ ॥

ਉਆ = ਉਸ ਤੇ = ਤੋਂ ਚੰਡਾਲਾ = ਨੀਚ ਜਾਤ ਵਾਲਾ ਊਤਮ = ਚੰਗਾ ਗਨਉ = ਗਿਣਨਾ ਕਰੋ।

## ਨਾਨਕ; ਜਿਹ ਮਨਿ ਬਸਹਿ ਗੁਪਾਲਾ ॥੧੬॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹ = ਜਿਸ ਦੇ ਮਨਿ = ਅੰਤਸ਼ਕਰਣ ਵਿਚ ਗੁਪਾਲਾ (ਗੁ+ਪਾਲਾ) ਗੁ = ਪ੍ਰਿਥਵੀ ਦਾ ਪਾਲਾ = ਪਾਲਕ ਪਰਮੇਸ਼ਰ ਬਸਹਿ = ਵਸਦਾ ਹੈ ॥੧੬॥

## ਸਲੋਕੁ ॥ ਕੁੰਟ ਚਾਰਿ ਦਹ ਦਿਸਿ ਭ੍ਰਮੇ; ਕਰਮ ਕਿਰਤਿ ਕੀ ਰੇਖ ॥

ਜੀਵ ਚਾਰ ਕੁੰਟ (ਪੂਰਬ, ਪੱਛਮ, ਉੱਤਰ, ਦੱਖਣ) ਅਤੇ ਦਹਦਿਸਿ = ਦਸ਼ਾਂ ਦਿਸ਼ਾਵਾਂ ਵਿਚ ਭ੍ਰਮੇ = ਭਰਮਦੇ ਭਾਵ ਭਾਉਂਦੇ ਰਹਿੰਦੇ ਹਨ, ਕਿਉਂਕਿ ਉਨ੍ਹਾਂ ਦੇ ਮੱਥੇ ਤੇ ਕਿਰਤਿ = ਕੀਤੇ ਹੋਏ ਕਰਮਾਂ ਦੀ ਰੇਖ = ਲਕੀਰ ਹੀ ਐਸੀ ਹੈ **ਵਾ:** ਪੂਰਬ ਕਿਰਤਿ = ਕੀਤੇ ਹੋਏ ਕਰਮਾਂ ਕੀ = ਦੀ ਰੇਖਾ ਅਨੁਸਾਰ ਚਾਰੋਂ ਕੁੰਟ ਅਤੇ ਦਹਦਿਸਿ = ਦਸੋਂ ਦਿਸ = ਨੈਰਤ, ਵਾਇਬ, ਈਸਾਨ, ਅਗਨਿ, ਅਕਾਸ਼, ਪਾਤਾਲ ਅਤੇ ਪੂਰਬੋਕਤ ਚਾਰੇ ਕੁੰਟਾਂ ਨੂੰ ਮਿਲਾ ਕੇ ਇਨ੍ਹਾਂ ਦਸੇ ਦਿਸ਼ਾ ਵਿਚ ਜੀਵ ਭਰਮਦੇ ਰਹਿੰਦੇ ਹਨ।

## ਸੂਖ ਦੂਖ ਮੁਕਤਿ ਜੋਨਿ; ਨਾਨਕ ਲਿਖਿਓ ਲੇਖ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਲੇਖ = ਲਿਖਤ ਦੇ ਲਿਖਿਓ = ਲਿਖੇ ਅਨੁਸਾਰ ਕਦੇ ਦੂਖ = ਕਸ਼ਟ, ਕਦੇ ਸੂਖ = ਸੁੱਖ, ਕਦੇ ਮੁਕਤਿ = ਮੁਕਤੀ, ਕਦੇ ਜੋਨਿ = ਜੂਨੀਆਂ ਦੀ ਪ੍ਰਾਪਤੀ ਹੁੰਦੀ ਹੈ ॥੧॥

## ਪਵੜੀ ॥ ਕਕਾ; ਕਾਰਨ ਕਰਤਾ ਸੋਊ ॥ ਲਿਖਿਓ ਲੇਖੁ; ਨ ਮੇਟਤ ਕੋਊ ॥

ਕੱਕੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਸਾਰੇ ਕਾਰਨ = ਕਾਰਜਾਂ ਦੇ ਕਰਤਾ = ਕਰਨ ਵਾਲਾ ਸੋਊ = ਉਹ ਹਰੀ ਆਪ ਹੀ ਹੈ। ਉਸ ਦੇ ਲਿਖਿਓ = ਲਿਖੇ ਹੋਏ ਲੇਖ ਨੂੰ ਪੂਰੇ ਗੁਰੂ ਸਾਹਿਬ ਜੀ ਤੋਂ ਬਗ਼ੈਰ ਹੋਰ ਕੋਊ = ਕੋਈ ਨ = ਨਹੀਂ ਮੇਟਤ = ਮੇਟ ਸਕਦਾ ਭਾਵ ਸਭ ਨੂੰ ਭੋਗਣੇ ਪੈਂਦੇ ਹਨ।

## ਨਹੀ ਹੋਤ; ਕਛੁ ਦੋਊ ਬਾਰਾ ॥ ਕਰਨੈਹਾਰੁ; ਨ ਭੂਲਨਹਾਰਾ ॥

ਉਸ ਦੇ ਕੀਤੇ ਦਾ ਦੋਊ = ਦੂਸਰੀ ਬਾਰਾ = ਵਾਰ ਕਛੁ = ਕੁਝ ਵੀ ਨਹੀਂ ਹੋਤ = ਹੋ ਸਕਦਾ ਕਿਉਂਕਿ ਉਹ ਕਰਨੈਹਾਰੁ = ਕਰਨ ਵਾਲਾ ਅੰਤਰਜਾਮੀ ਪਰਮੇਸ਼ਰ ਕਦੇ ਭੂਲਨਹਾਰਾ = ਭੁੱਲਣ ਵਾਲਾ ਨਹੀਂ ਹੈ। ਜੈਸਾ ਕਿ :

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥** *(ਸਿਰੀਰਾਗੁ ਮਹਲਾ ੧, ਅੰਗ ੬੧)*

## ਕਾਹੂ; ਪੰਥੁ ਦਿਖਾਰੈ, ਆਪੈ ॥ ਕਾਹੂ; ਉਦਿਆਨ ਭ੍ਰਮਤ ਪਛੁਤਾਪੈ ॥

ਉਹ ਕਾਹੂ = ਕਿਸੇ ਨੂੰ ਆਪੈ = ਆਪ ਹੀ ਬ੍ਰਹਮ ਗਿਆਨ ਦਾ ਪੰਥੁ = ਰਸਤਾ ਦਿਖਾਰੈ = ਦਿਖਾ ਦਿੰਦਾ ਹੈ। ਕਾਹੂ = ਕਿਸੇ ਨੂੰ ਕੁਸੰਗਤ, ਕਾਮ, ਕ੍ਰੋਧ ਆਦਿ ਐਸੇ ਉਦਿਆਨ = ਉਜਾੜਾਂ ਵਿਚ ਭ੍ਰਮਤ = ਭਰਮਾਉਂਦਾ ਹੈ ਤੇ ਉਹ ਪਛਤਾਪੈ = ਪਸ਼ਚਾਤਾਪ ਹੀ ਕਰਦੇ ਰਹਿੰਦੇ ਹਨ।

## ਆਪਨ ਖੇਲੁ; ਆਪ ਹੀ ਕੀਨੋ ॥ ਜੋ ਜੋ ਦੀਨੋ; ਸੁ ਨਾਨਕ ਲੀਨੋ ॥੧੭॥

ਅਪਨਾ ਸੰਸਾਰ ਦਾ ਖੇਲੁ = ਤਮਾਸ਼ਾ ਪਰਮੇਸ਼ਰ ਨੇ ਆਪ ਹੀ ਕੀਨੋ = ਕੀਤਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਜੋ = ਜਿਸ ਜਿਸ ਨੂੰ ਉਸ ਵਾਹਿਗੁਰੂ ਨੇ ਪ੍ਰਾਲਬਧ ਅਨੁਸਾਰ ਪਦਾਰਥ ਦੀਨੋ = ਦਿੱਤਾ ਹੈ, ਸੁ = ਉਹ ਜੀਵਾਂ ਨੇ ਲੀਨੋ = ਲੈਣਾ ਕੀਤਾ ਹੈ ॥੧੭॥

## ਸਲੋਕੁ ॥ ਖਾਤ ਖਰਚਤ ਬਿਲਛਤ ਰਹੇ; ਟੂਟਿ ਨ ਜਾਹਿ ਭੰਡਾਰ ॥

ਭਗਤ ਜਨ ਨਾਮ ਰੂਪੀ ਭੰਡਾਰੇ ਨੂੰ ਆਪ ਜਪਣ ਰੂਪ ਖਾਤ = ਖਾਂਦੇ ਹਨ ਤੇ ਹੋਰਨਾਂ ਅਧਿਕਾਰੀਆਂ ਨੂੰ ਜਪਾਉਣ ਰੂਪ ਨੂੰ ਖਰਚਤ = ਖ਼ਰਚਦੇ ਹਨ, ਆਮ ਖ਼ਾਸ ਲੋਕਾਂ ਤਾਈਂ ਬਿਲਛਤ = ਵੰਡਦੇ ਰਹੇ = ਰਹਿੰਦੇ ਹਨ **ਵਾ:** ਨਾਮ ਜਪਣੇ ਤੇ ਜਪਾਉਣ ਵਿਚ ਬਿਲਛਤ = ਬਿਲਾਸ ਕਰਦੇ ਹਨ। ਇਉਂ ਉਨ੍ਹਾਂ ਦਾ ਨਾਮ ਰੂਪ ਭੰਡਾਰ = ਖ਼ਜ਼ਾਨਾ ਟੂਟਿ = ਮੁੱਕ ਨ = ਨਹੀਂ ਜਾਹਿ = ਜਾਂਦਾ, ਭਾਵ ਖ਼ਜ਼ਾਨੇ ਵਿਚ ਤੋਟ ਨਹੀਂ ਆਉਂਦੀ।

## ਹਰਿ ਹਰਿ ਜਪਤ ਅਨੇਕ ਜਨ; ਨਾਨਕ ਨਾਹਿ ਸੁਮਾਰ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਅਨੇਕ = ਬੇਅੰਤ ਜਨ = ਪੁਰਸ਼ (ਪਿਆਰੇ) ਹਰਿ = ਸਭ ਨੂੰ ਹਰੇ ਭਰੇ ਕਰਨ ਵਾਲੇ ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਜਪਤ = ਜਪਦੇ ਹਨ, ਉਨ੍ਹਾਂ ਦੀ ਕੋਈ ਸੁਮਾਰ = ਗਿਣਤੀ ਨਾਹਿ = ਨਹੀਂ ਹੋ ਸਕਦੀ ॥੧॥

## ਪਉੜੀ ॥ ਖਖਾ, ਖੂਨਾ ਕਛੁ ਨਹੀ; ਤਿਸੁ ਸੰਮ੍ਰਥ ਕੈ ਪਾਹਿ ॥

ਖੱਖੇ ਅੱਖਰ ਦੁਆਰਾ ਫ਼ੁਰਮਾਨ ਕਰਦੇ ਹਨ ਕਿ ਗੁਰਮੁਖਾਂ ਨੂੰ ਤਿਸੁ = ਉਸ ਸਰਬ ਕਲਾ ਸਮਰੱਥ ਕੈ = ਦੇ ਪਾਹਿ = ਪਾਸੋਂ ਬ੍ਰਹਮ ਗਿਆਨ ਦੀਆਂ ਦਾਤਾਂ ਪ੍ਰਾਪਤ ਹੋਣੀਆਂ ਹਨ, ਕਛੁ = ਕੁਝ ਵੀ ਪਦਾਰਥ ਦੀ ਖੂਨਾ = ਖੀਨਤਾਈ (ਊਣਤਾਈ) ਨਹੀਂ ਹੈ, ਭਾਵ ਕਮਜ਼ੋਰੀ ਨਹੀਂ ਹੈ।

## ਜੋ ਦੇਨਾ ਸੋ ਦੇ ਰਹਿਓ; ਭਾਵੈ ਤਹ ਤਹ ਜਾਹਿ ॥

ਸੋ = ਉਸ ਹਰੀ ਵਾਹਿਗੁਰੂ ਨੇ ਜੋ ਕਿਸੇ ਨੂੰ ਪ੍ਰੇਮਾ-ਭਗਤੀ, ਅਨੰਦ ਆਦਿ ਪਦਾਰਥ ਦੇਨਾ = ਦੇਣਾ ਹੈ, ਸੋ = ਉਹ ਦੇ ਰਹਿਓ = ਰਿਹਾ ਹੈ। ਭਾਵੈ = ਚਾਹੇ ਤਹ = ਉਹ ਦੇਸ਼ਾ ਵਿਚ ਚਾਹੇ ਤਹ = ਉਹ ਪ੍ਰਦੇਸ਼ਾਂ ਵਿਚ ਚਲਿਆ ਜਾਹਿ = ਜਾਵੇ। ਜੋ ਜੋ ਬਖ਼ਸ਼ਿਸ਼ਾਂ ਦੇਣੀਆਂ ਹਨ, ਉਹ ਦੇ ਰਿਹਾ ਹੈ।

## ਖਰਚੁ ਖਜਾਨਾ ਨਾਮ ਧਨੁ; ਇਆ ਭਗਤਨ ਕੀ ਰਾਸਿ ॥

ਭਗਤ ਜਨ ਨਾਮ ਧਨ ਰੂਪੀ ਖਜਾਨਾ = ਭੰਡਾਰੇ ਨੂੰ ਜਪਣ ਜਪਾਉਣ ਰੂਪ ਖਰਚੁ = ਖ਼ਰਚਦੇ ਹਨ, ਕਿਉਂਕਿ ਇਆ = ਇਹੀ ਭਗਤਨ = ਭਗਤਾਂ ਕੀ = ਦੀ ਰਾਸਿ = ਪੂੰਜੀ ਹੈ।

## ਖਿਮਾ ਗਰੀਬੀ ਅਨਦ ਸਹਜ; ਜਪਤ ਰਹਹਿ ਗੁਣਤਾਸ ॥

ਖਿਮਾ ਤੇ ਗਰੀਬੀ ਭਾਵ ਨਿਮਰਤਾ ਨੂੰ ਧਾਰ ਕੇ ਸਹਜ = ਸੁਭਾਵਿਕ ਹੀ ਅਨਦ = ਸੁਖ, ਸਹਜ = ਗਿਆਨ ਸਰੂਪ ਤੇ (ਗੁਣ+ਤਾਸ) ਗੁਣਾਂ ਦੇ ਤਾਸ = ਖ਼ਜ਼ਾਨੇ ਪਰਮੇਸ਼ਰ ਦੇ ਨਾਮ ਨੂੰ ਜਪਤ = ਜਪਦੇ ਰਹਹਿ = ਰਹਿੰਦੇ ਹਨ।

## ਖੇਲਹਿ ਬਿਗਸਹਿ ਅਨਦ ਸਿਉ; ਜਾ ਕਉ ਹੋਤ ਕ੍ਰਿਪਾਲ ॥

ਉਨ੍ਹਾਂ ਦੇ ਚਿੱਤ ਅਨਦ = ਸੁਖ ਸਰੂਪ ਦੇ ਸਿਉ = ਨਾਲ ਪ੍ਰੇਮ ਦੀ ਖੇਲਹਿ = ਖੇਡ ਵਿਚ ਬਿਗਸਹਿ = ਖਿੜਦੇ ਹਨ ਜਾ ਕਉ = ਜਿਨ੍ਹਾਂ 'ਤੇ ਵਾਹਿਗੁਰੂ ਕ੍ਰਿਪਾਲੂ ਹੋਤ = ਹੁੰਦੇ ਹਨ **ਵਾ:** ਜਾਕਉ = ਜਿਨ੍ਹਾਂ 'ਤੇ ਮੇਰਾ ਵਾਹਿਗੁਰੂ ਕ੍ਰਿਪਾਲ = ਦਇਆ ਵਾਲਾ ਹੋਤ = ਹੁੰਦਾ ਹੈ, ਉਹ ਮਹਾਤਮਾ ਜਨ ਆਤਮ ਅਨੰਦ ਸਿਉ = ਸਹਿਤ ਹੋਏ ਪਰਮੇਸ਼ਰ ਦੇ ਜਸ ਵਿਚ ਖੇਲਹਿ = ਖੇਡਦੇ ਹਨ ਅਤੇ ਸ਼ੁਭ ਗੁਣਾਂ ਦੇ ਬਿਗਸਹਿ = ਪ੍ਰਫੁੱਲਤ ਹੁੰਦੇ ਹਨ।

## ਸਦੀਵ ਗਨੀਵ ਸੁਹਾਵਨੇ; ਰਾਮ ਨਾਮ ਗ੍ਰਿਹਿ ਮਾਲ ॥

ਉਹ ਪੁਰਖ ਸਦੀਵ = ਸਦਾ ਹੀ ਗਨੀਵ = ਧਨੀ ਸੁਹਾਵਨੇ = ਸ਼ੋਭਨੀਕ ਹਨ ਜਿਨ੍ਹਾਂ ਦੇ ਮਨ ਰੂਪੀ

ਗ੍ਰਿਹਿ = ਘਰ ਵਿਚ ਰਾਮ = ਪਰਮੇਸ਼ਰ ਦਾ ਨਾਮ ਰੂਪੀ ਮਾਲ = ਧਨ ਹੈ **ਵਾ:** ਜਿਨ੍ਹਾਂ ਦੇ ਹਿਰਦੇ ਰੂਪੀ ਘਰ ਵਿਚ ਪਰਮੇਸ਼ਰ ਦਾ ਨਾਮ ਰੂਪੀ ਮਾਲ ਹੈ ਭਾਵ ਉਨ੍ਹਾਂ ਕੋਲ ਸ੍ਰਵਣ, ਮੰਨਣ ਰੂਪ ਘੋੜੇ, ਨਿਧਿਆਸਣ ਰੂਪ ਹਾਥੀ ਤੇ ਲਿਵ ਲਾਉਣ ਰੂਪ ਸੁਖਦਾਇਕ ਪਾਲਕੀਆਂ ਹਨ। ਜੈਸਾ ਕਿ :

**ਪ੍ਰੀਤਿ ਲਗੀ ਹਰਿ ਨਾਮ ਸਿਉ ਏ ਹਸਤੀ ਘੋੜੇ ॥** *(ਅੰਗ ੩੨੩)*

## ਖੇਦੁ ਨ ਦੂਖੁ, ਨ ਡਾਨੁ ਤਿਹ; ਜਾ ਕਉ ਨਦਰਿ ਕਰੀ ॥

ਜਾ ਕਉ = ਜਿਨ੍ਹਾਂ ਦੇ ਉੱਤੇ ਵਾਹਿਗੁਰੂ ਨੇ ਕ੍ਰਿਪਾ ਦੀ ਨਦਰਿ = ਦ੍ਰਿਸ਼ਟੀ ਕਰੀ = ਕਰਨਾ ਕੀਤੀ ਹੈ, ਉਨ੍ਹਾਂ ਨੂੰ ਨਾ ਕੋਈ ਸਰੀਰਕ ਦੂਖ = ਦੁਖ, ਨਾ ਪਰਲੋਕ ਦਾ ਖੇਦੁ = ਕਸ਼ਟ ਅਤੇ ਨਾ ਹੀ ਜਮਾਂ ਦਾ ਡਾਨੁ = ਡੰਡ ਲੱਗਦਾ ਹੈ।

## ਨਾਨਕ ਜੋ ਪ੍ਰਭ ਭਾਣਿਆ; ਪੂਰੀ ਤਿਨਾ ਪਰੀ ॥੧੯॥

ਸਤਿਗੁਰੂ ਜੀ ਕਥਨ ਕਰਦੇ ਹਨ, ਜੋ = ਜਿਹੜੇ ਪ੍ਰਭ = ਹਰੀ ਵਾਹਿਗੁਰੂ ਜੀ ਨੂੰ ਭਾਣਿਆ = ਭਾਅ ਗਏ, ਤਿਨਾ = ਉਨ੍ਹਾਂ ਦੀ ਭਗਤੀ ਪੂਰੀ = ਪੂਰਨ ਹੋ ਗਈ ਹੈ **ਵਾ:** ਉਹ ਪੂਰਨ ਹਰੀ ਪਰਮੇਸ਼ਰ ਵਿਚ ਅਭੇਦ ਹੋ ਗਏ ਹਨ ॥੧੯॥

**[ਅੰਗ ੨੫੪]**

## ਸਲੋਕੁ ॥ ਗਨਿ ਮਿਨਿ ਦੇਖਹੁ ਮਨੈ ਮਾਹਿ; ਸਰਪਰ ਚਲਨੋ ਲੋਗ ॥

ਹੇ ਭਾਈ! ਆਪਣੇ ਮਨੈ = ਮਨ ਮਾਹਿ = ਵਿਚ ਗਨਿ = ਗਿਣਤੀ ਮਿਨਿ = ਮਿਣਤੀ ਕਰ ਕੇ ਦੇਖਹੁ = ਦੇਖ ਲਵੋ, ਇਸ ਲੋਗ = ਲੋਕ ਭਾਵ ਸੰਸਾਰ ਨੇ ਸਰਪਰ = ਜ਼ਰੂਰ ਹੀ ਚਲਨੋ = ਨਾਸ਼ ਹੋ ਜਾਣਾ ਹੈ **ਵਾ:** ਸਾਹਾਂ ਨੂੰ ਅੰਗਾਂ ਨਾਲ ਗਿਣ ਕੇ, ਸ਼ਾਸਤਰ ਗਿਆਨ ਰੂਪ ਗੱਲਾਂ ਨਾਲ ਉਮਰ ਤਾਈਂ ਮਿਣ ਕੇ ਭਾਵ ਮਨ ਵਿਚ ਵੇਦ ਸ਼ਾਸਤਰ ਦੇ ਉਪਦੇਸ਼ ਰੂਪ ਅੱਖਰਾਂ ਨਾਲ ਗਿਣ ਕਰ ਕੇ (ਵਿਚਾਰ ਕੇ ਦੇਖੋ ਇਸ ਲੋਗ = ਲੋਕ ਭਾਵ ਸੰਸਾਰ ਨੇ ਸਰਪਰ = ਜ਼ਰੂਰ ਹੀ ਚਲਨੋ = ਚਲੇ ਭਾਵ ਨਾਸ਼ ਹੋ ਜਾਣਾ ਹੈ।

## ਆਸ ਅਨਿਤ ਗੁਰਮੁਖਿ ਮਿਟੈ; ਨਾਨਕ ਨਾਮ ਅਰੋਗ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਗੁਰਮੁਖਾਂ ਦੀ ਅਨਿਤ = ਮਿਥਿਆ ਭਾਵ ਨਾ ਰਹਿਣ ਵਾਲੇ ਪਦਾਰਥਾਂ ਦੀ ਆਸਾ ਮਿਟੈ = ਮਿਟ ਗਈ ਹੈ ਉਹ ਗੁਰਾਂ ਦੁਆਰਾ ਨਾਮ ਨੂੰ ਜਪ ਕੇ ਅਗਿਆਨ ਰੂਪੀ ਅਰੋਗ = ਰੋਗ ਤੋਂ ਰਹਿਤ ਹੋ ਗਏ ਹਨ **ਵਾ:** ਜਿਹੜਾ ਅਨਿਤ = ਨਾ ਰਹਿਣ ਵਾਲੇ ਪਦਾਰਥਾਂ ਦੀ ਆਸਾ ਨਹੀਂ ਕਰਦਾ, ਉਸ ਦੀ ਨਾਮ ਦੇ ਜਪਣੇ ਕਰ ਕੇ ਆਸਾ ਮਿਟੈ = ਮਿਟ ਜਾਂਦੀ ਹੈ ਤੇ ਅਰੋਗੀ ਹੋ ਜਾਂਦਾ ਹੈ ॥੧॥

## ਪਉੜੀ ॥

## ਗਗਾ, ਗੋਬਿਦ ਗੁਣ ਰਵਹੁ; ਸਾਸਿ ਸਾਸਿ ਜਪਿ ਨੀਤ ॥

ਗੱਗੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਗੋਬਿਦ (ਗੋ+ਬਿਦ) ਗੋ = ਪ੍ਰਿਥਵੀ ਦੀ ਬਿਦ = ਰੱਖਿਆ ਕਰਨ ਵਾਲੇ ਪਰਮੇਸ਼ਰ ਦੇ ਗੁਣਾਂ ਨੂੰ ਰਵਹੁ = ਉਚਾਰਨਾ ਕਰੋ, ਅਤੇ ਸਾਸਿ ਸਾਸਿ = ਸੁਆਸ ਸੁਆਸ ਨਿਤ = ਨਿਤਾਪ੍ਰਤੀ ਉਸ ਦੇ ਨਾਮ ਨੂੰ ਜਪਿ = ਜਪਣਾ ਕਰੋ।

## ਕਹਾ ਬਿਸਾਸਾ ਦੇਹ ਕਾ; ਬਿਲਮ ਨ ਕਰਿਹੋ ਮੀਤ ॥

ਇਸ ਦੇਹ = ਸਰੀਰ ਕਾ = ਦਾ ਕਹਾ = ਕੀ ਬਿਸਾਸਾ = ਭਰੋਸਾ ਹੈ, ਇਸ ਕਰ ਕੇ ਹੇ ਮੀਤ = ਮਿੱਤਰੋ ! ਨਾਮ ਜਪਣ ਵਿਚ ਬਿਲਮ = ਦੇਰੀ ਨ = ਨਾ ਕਰਿ = ਕਰਨਾ ਕਰੋ। ਜੈਸਾ ਕਿ :

**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥**

*(ਅੰਗ ੫੪੦)*

## ਨਹ ਬਾਰਿਕ ਨਹ ਜੋਬਨੈ; ਨਹ ਬਿਰਧੀ ਕਛੁ ਬੰਧੁ ॥

ਨਹ = ਨਾ ਹੀ ਬਾਰਿਕ = ਬਚਪਨ, ਨਹ = ਨਾ ਹੀ ਜੋਬਨੈ = ਜਵਾਨੀ ਨਹ = ਨਾ ਹੀ ਬਿਰਧੀ = ਬੁਢੇਪੇ ਆਦਿ ਦਾ ਕਛੁ = ਕੁਝ ਬੰਧੁ = ਨਿਯਮ ਹੈ ਕਿ ਕਦੋਂ ਮਰਾਂਗੇ।

## ਓਹ ਬੇਰਾ ਨਹ ਬੂਝੀਐ; ਜਉ ਆਇ ਪਰੈ ਜਮ ਫੰਧੁ ॥

ਓਹ = ਉਸ ਬੇਰਾ = ਵੇਲੇ ਨੂੰ ਕੋਈ ਬੂਝੀਐ = ਸਮਝ ਨਹ = ਨਹੀਂ ਸਕਦਾ, ਜਉ = ਜਿਸ ਵੇਲੇ ਜਮ = ਜਮਕਾਲ ਦੇ ਫੰਧੁ = ਫਾਹੇ ਨੇ ਆਇ = ਆ ਕੇ ਪਰੈ = ਪੈਣਾ ਹੈ। ਜੇ ਕੋਈ ਕਹੇ ਕਿ ਗਿਆਨੀ ਧਿਆਨੀ ਬਚਦਾ ਹੋਵੇਗਾ ?

## ਗਿਆਨੀ ਧਿਆਨੀ ਚਤੁਰ ਪੇਖਿ; ਰਹਨੁ ਨਹੀ ਇਹ ਠਾਇ ॥

ਜੋ ਕੋਈ ਦੁਨਿਆਵੀ ਗਿਆਨੀ = ਗਿਆਨਵਾਨ **ਵਾ:** ਜੋਗ ਸ਼ਾਸਤਰ ਅਨੁਸਾਰ ਸਰੀਰ ਦਾ ਗਿਆਨ ਰੱਖਣ ਵਾਲਾ, ਦਸਮ ਦੁਆਰ ਵਿਚ ਸੁਆਸ ਚੜ੍ਹਾ ਕੇ ਧਿਆਨ ਟਿਕਾਉਣ ਵਾਲਾ ਤੇ ਚਤੁਰ = ਸਿਆਣਾ ਪੇਖਿ = ਦੇਖੀਦਾ ਹੈ। ਇਹ ਸੰਸਾਰ ਰੂਪੀ ਠਾਇ = ਥਾਂ ਵਿਚ ਕਿਸੇ ਨੇ ਨਹੀਂ ਰਹਨੁ = ਰਹਿਣਾ, ਇਹ ਮੁਸਾਫ਼ਰਖ਼ਾਨਾ ਹੈ।

## ਛਾਡਿ ਛਾਡਿ ਸਗਲੀ ਗਈ; ਮੂੜ ਤਹਾ ਲਪਟਾਹਿ ॥

ਸਗਲੀ = ਸਾਰੀ ਸ੍ਰਿਸ਼ਟੀ ਪਦਾਰਥਾਂ ਨੂੰ ਛਾਡਿ ਛਾਡਿ = ਛੱਡ ਛੱਡ ਕੇ ਚਲੀ ਗਈ ਹੈ, ਪਰ ਇਹ ਮੂੜ = ਮੂਰਖ ਜੀਵ ਫੇਰ ਵੀ ਤਹਾ = ਉਨ੍ਹਾਂ ਵਿਚ ਲਪਟਾਹਿ = ਲੰਪਟ ਭਾਵ ਫਸ ਰਿਹਾ ਹੈ।

## ਗੁਰ ਪ੍ਰਸਾਦਿ ਸਿਮਰਤ ਰਹੈ; ਜਾਹੂ ਮਸਤਕਿ ਭਾਗ ॥

ਉਹ ਜੀਵ ਗੁਰ ਪ੍ਰਸਾਦਿ = ਗੁਰਾਂ ਦੀ ਕਿਰਪਾ ਨਾਲ ਸਿਮਰਤ = ਸਿਮਰਨ ਕਰਦਾ ਰਹੈ = ਰਹਿੰਦਾ ਹੈ, ਜਾਹੂ = ਜਿਸ ਦੇ ਮਸਤਕਿ = ਮੱਥੇ ਦੇ ਚੰਗੇ ਭਾਗ = ਕਰਮ ਹਨ।

## ਨਾਨਕ ਆਏ ਸਫਲ ਤੇ; ਜਾ ਕਉ ਪ੍ਰਿਅਹਿ ਸੁਹਾਗ ॥੧੯॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਮਨੁੱਖਾ ਜਨਮ ਵਿਚ ਆਏ ਸਫਲ = ਸਹਿਤ ਗਿਆਨ ਫਲ ਦੇ ਹਨ, ਜਾ ਕਉ = ਜਿਨ੍ਹਾਂ ਨੂੰ ਪ੍ਰਿਅਹਿ = ਪਿਆਰੇ ਪਰਮੇਸ਼ਰ ਦਾ ਸੁਹਾਗ = ਅਨੰਦ ਪ੍ਰਾਪਤ ਹੋਇਆ ਹੈ ॥੧੯॥

## ਸਲੋਕੁ ॥ ਘੋਖੇ ਸਾਸਤ੍ਰ ਬੇਦ ਸਭ; ਆਨ ਨ ਕਥਤਉ ਕੋਇ ॥

ਛੇ ਸ਼ਾਸਤਰ ਚਾਰ ਵੇਦ ਸਭ = ਸਾਰੇ ਘੋਖੇ = ਖੋਜੇ ਭਾਵ ਵਿਚਾਰੇ ਹਨ, ਇਕ ਪਰਮਾਤਮਾ ਤੋਂ ਬਿਨਾਂ ਆਨ = ਹੋਰ ਕਿਸੇ ਨੂੰ ਕਥਤਉ = ਕਥਨ ਨਹੀਂ ਕਰਦੇ।

## ਆਦਿ ਜੁਗਾਦੀ ਹੁਨਿ ਹੋਵਤ; ਨਾਨਕ ਏਕੈ ਸੋਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ, ਸੋਇ = ਉਹ ਏਕੈ = ਇਕ ਪਰਮਾਤਮਾ ਹੀ ਹੈ, ਜਦੋਂ ਜਗਤ ਦੀ ਮਰਿਆਦਾ ਕਾਇਮ ਨਹੀਂ ਸੀ ਕੀਤੀ, ਉਦੋਂ ਵੀ ਸੀ, ਜਦੋਂ ਯੁੱਗ ਬਣਾਏ ਉਦੋਂ ਵੀ ਸੀ, ਹੁਣ ਵੀ ਹੈ, ਅੱਗੇ ਨੂੰ ਵੀ ਉਹੀ ਹੋਵਤ = ਹੋਵੇਗਾ ॥੧॥

## ਪਉੜੀ ॥ ਘਘਾ, ਘਾਲਹੁ ਮਨਹਿ ਏਹ; ਬਿਨੁ ਹਰਿ ਦੂਸਰ ਨਾਹਿ ॥

ਘੱਘੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਏਹ = ਇਸ ਗੱਲ ਨੂੰ ਮਨਹਿ = ਮਨ ਵਿਚ ਵਾਹਿਗੁਰੂ ਦੇ ਨਾਮ ਦੀ ਘਾਲਹੁ = ਘਾਲਣਾ ਕਰ ਕੇ ਜਾਣੋ ਕਿ ਹਰਿ = ਹਰੀ ਵਾਹਿਗੁਰੂ ਤੋਂ ਬਿਨੁ = ਬਗ਼ੈਰ ਹੋਰ ਦੂਸਰ = ਦੂਜਾ ਕੋਈ ਨਾਹਿ = ਨਹੀਂ ਹੈ।

## ਨਹ ਹੋਆ ਨਹ ਹੋਵਨਾ; ਜਤ ਕਤ ਓਹੀ ਸਮਾਹਿ ॥

ਨਹ = ਨਾ ਕੋਈ ਪਿੱਛੇ ਹੋਆ = ਹੋਇਆ ਹੈ, ਨਹ = ਨਾ ਹੀ ਹੋਵਨਾ = ਹੋਵੇਗਾ, ਜਤ = ਜਿਥੇ ਕਤ = ਕਿਥੇ ਦੇਖੀਏ, ਓਹੀ = ਉਹ ਇਕ ਪਰਮਾਤਮਾ ਹੀ ਸਮਾਹਿ = ਸਮਾ ਰਿਹਾ ਹੈ।

## ਘੂਲਹਿ ਤਉ ਮਨ; ਜਉ ਆਵਹਿ ਸਰਨਾ ॥

ਹੇ ਮਨ = ਅੰਤਸ਼ਕਰਣ ਜਉ = ਜੇਕਰ ਹਰੀ ਪਰਮੇਸ਼ਰ ਦੀ ਸਰਨਾ = ਓਟ ਵਿਚ ਆਵਹਿ = ਆਵੇਂਗਾ, ਤਉ = ਤਦ ਹੀ ਵਿਸ਼ੇ-ਵਿਕਾਰਾਂ ਵੱਲੋਂ ਘੂਲਹਿ = ਸ਼ਾਂਤ ਹੋਵੇਂਗਾ, ਭਾਵ ਦੁੱਖਾਂ ਤੋਂ ਛੁਟਕਾਰਾ ਪਾਵੇਂਗਾ।

## ਨਾਮ ਤਤੁ, ਕਲਿ ਮਹਿ; ਪੁਨਹਚਰਨਾ ॥

ਕਲਿ = ਕਲਿਜੁਗ ਮਹਿ = ਵਿਚ ਨਾਮ ਹੀ ਤਤੁ = ਸਾਰ ਰੂਪ ਅਤੇ ਪੁਨਹਚਰਨ = ਪਾਪਾਂ ਦੀ ਨਵਿਰਤੀ ਵਾਸਤੇ ਪ੍ਰਾਸਚਿਤ ਹੈ **ਵਾ:** ਹਰੀ ਪਰਮੇਸ਼ਰ ਦਾ ਨਾਮ ਕਲਿ = ਕਲਿਜੁਗ ਮਹਿ = ਵਿਚ ਤਤੁ = ਸਿਧਾਂਤ ਰੂਪ ਹੈ ਅਤੇ ਪੁਨਹਚਰਨਾ = ਪਾਪਾਂ ਦੀ ਨਵਿਰਤੀ ਕਰਨ ਰੂਪ ਵੀ ਅਤੇ ਪੁੰਨਾਂ ਵਿਚ ਪ੍ਰਵਿਰਤ ਰੂਪ ਵੀ ਨਾਮ ਹੀ ਹੈ, ਭਾਵ ਪਾਪਾਂ ਦੀ ਨਵਿਰਤੀ ਕਰਨ ਵਾਲੇ ਕਰਮ ਨੂੰ ਤਰਾਟਿਕ ਕਹਿੰਦੇ ਹਨ, ਪੁੰਨਾਂ 'ਚ ਪ੍ਰਵਿਰਤ ਹੋਣ ਵਾਸਤੇ ਪੁਨਹਚਰਨ ਕਹੀਦਾ ਹੈ, ਇਥੇ ਪੁਨਹਚਰਨ ਕਿਹਾ ਹੈ।

## ਘਾਲਿ ਘਾਲਿ; ਅਨਿਕ ਪਛੁਤਾਵਹਿ ॥
## ਬਿਨੁ ਹਰਿ ਭਗਤਿ; ਕਹਾ ਥਿਤਿ ਪਾਵਹਿ ॥

ਹੋਰਨਾਂ ਜਲਧਾਰੇ ਆਦਿ ਦੀ ਘਾਲਿ = ਘਾਲਣਾ ਘਾਲ ਕੇ ਅਨਿਕ = ਬੇਅੰਤ ਪੁਰਖ ਪਛੁਤਾਵਹਿ = ਪਸ਼ਚਾਤਾਪ ਕਰਦੇ ਹਨ। ਹਰਿ = ਹਰੀ ਪਰਮੇਸ਼ਰ ਦੀ ਭਗਤਿ = ਭਗਤੀ ਤੋਂ ਬਿਨੁ = ਬਗ਼ੈਰ ਕਹਾ = ਕਿਥੇ ਥਿਤਿ = ਇਸਥਿਤ ਪਾਵਹਿ = ਪਾਉਣਗੇ, ਭਾਵ ਵਾਰ ਵਾਰ ਜੂਨਾਂ ਵਿਚ ਹੀ ਆਉਣਗੇ।

## ਘੋਲਿ ਮਹਾ ਰਸੁ; ਅੰਮ੍ਰਿਤੁ ਤਿਹ ਪੀਆ ॥
## ਨਾਨਕ; ਹਰਿ ਗੁਰਿ, ਜਾ ਕਉ ਦੀਆ ॥੨੦॥

ਗੁਰੂ ਦੇ ਸ਼ਬਦ ਨਾਲ ਘੋਲਿ = ਮਿਲ ਕੇ ਮਹਾ = ਵੱਡੇ ਨਾਮ ਰੂਪੀ ਰਸ ਨੂੰ ਤਿਹ = ਉਨ੍ਹਾਂ ਪੁਰਖਾਂ ਨੇ ਪੀਆ = ਪੀਣਾ ਕੀਤਾ ਹੈ **ਵਾ:** ਆਪਣੇ ਮਨ ਨੂੰ ਪ੍ਰੇਮ ਨਾਲ ਘੁਮਾ ਕੇ ਭਾਵ ਘੋਲਿ = ਵਿਚਾਰ ਕੇ ਅੰਮ੍ਰਿਤ ਰੂਪ ਮਹਾ ਰਸੁ = ਬ੍ਰਹਮਾਨੰਦ ਦੇ ਅਨੰਦ ਨੂੰ ਪੀਆ = ਪੀਣਾ ਕੀਤਾ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਾ = ਜਿਨ੍ਹਾਂ ਕਉ = ਦੇ ਤਾਈਂ ਪੂਰੇ ਗੁਰਿ = ਗੁਰਾਂ ਨੇ ਹਰਿ = ਪਰਮੇਸ਼ਰ ਦਾ ਨਾਮ ਦੀਆ = ਦਿੱਤਾ ਹੈ॥੨੦॥

## ਸਲੋਕੁ ॥ ਙਨਿ ਘਾਲੇ ਸਭ ਦਿਵਸ ਸਾਸ; ਨਹ ਬਢਨ ਘਟਨ, ਤਿਲੁਸਾਰ ॥

(**ਤਿਲੁ-ਸਾਰ** ਦਾ ਉਚਾਰਣ ਡੈਸ਼ ਲੱਗਾ ਕੇ ਹੈ)

ਸਭ = ਸਾਰੇ ਸਰੀਰਾਂ ਵਿਚ ਦਿਵਸ = ਦਿਨ ਅਤੇ ਸਾਸ = ਸੁਆਸ ਙਨਿ = ਗਿਣ ਕੇ ਘਾਲੇ = ਘੱਲੇ, ਪਾਏ ਹੋਏ ਹਨ, ਇਹ ਤਿਲੁਸਾਰ = ਰੰਚਕ ਮਾਤਰ ਵੀ ਬਢਨ = ਵੱਧ, ਘਟਨ = ਘਟ ਨਹੀਂ ਸਕਦੇ, ਭਾਵ ਵਧਦੇ ਘਟਦੇ ਨਹੀਂ।

## ਜੀਵਨ ਲੋਰਹਿ ਭਰਮ ਮੋਹ; ਨਾਨਕ ਤੇਊ ਗਵਾਰ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਪੁਰਸ਼ ਭਰਮ ਅਤੇ ਮੋਹ ਦੇ ਵਸ ਹੋ ਕੇ ਬਹੁਤਾ ਜੀਵਨਾ ਲੋਰਹਿ = ਲੋੜਦੇ ਹਨ, ਤੇਊ = ਉਹ ਗਵਾਰ = ਮੂਰਖ ਹਨ **ਵਾ:** ਭਰਮ ਦੇ ਮੋਹੇ ਲੋਕ ਆਪਣਾ ਜੀਵਨ = ਜਿਊਣਾ ਹੋਰ ਲੋਰਹਿ = ਲੋੜਦੇ ਹਨ, ਤੇਊ = ਉਹ ਇੰਦਰੀਆਂ ਰੂਪ ਗਵਾਰ = ਗਵਾਲਿਆਂ ਨੂੰ ਵਿਸ਼ੇ ਰੂਪ ਘਾਹ ਚੁਰਾਉਣ ਵਾਲੇ ਹਨ॥੧॥

## ਪਉੜੀ ॥ ਙੰਙਾ, ਙ੍ਰਾਸੈ ਕਾਲੁ ਤਿਹ; ਜੋ ਸਾਕਤ ਪ੍ਰਭਿ ਕੀਨ ॥

ਙੰਙੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਤਿਹ = ਉਸ ਪੁਰਖ ਨੂੰ ਕਾਲੁ = ਸਮਾਂ (ਮੌਤ) ਙ੍ਰਾਸੈ = ਗ੍ਰਸਦਾ ਹੈ, ਜੋ ਪ੍ਰਭ = ਵਾਹਿਗੁਰੂ ਨੇ ਸਾਕਤ = ਕਠੋਰ ਚਿਤ, ਪਤਿਤ ਕੀਨ = ਕੀਤੇ ਹਨ, ਭਾਵ ਬੇਮੁਖ ਕਰਨਾ ਕੀਨ = ਕੀਤੇ ਹਨ **ਵਾ:** ਜੋ = ਜਿਹੜੇ ਪ੍ਰਭੁ = ਹਰੀ ਵਾਹਿਗੁਰੂ ਨੇ ਸਾਕਤ = ਮਨਮੁਖ ਕੀਨ = ਕੀਤੇ ਹਨ, ਤਿਹ = ਉਨ੍ਹਾਂ ਨੂੰ ਕਾਲ ਙ੍ਰਾਸੈ = ਪਕੜ ਕੇ ਲੈ ਜਾਂਦਾ ਹੈ।

## ਅਨਿਕ ਜੋਨਿ ਜਨਮਹਿ ਮਰਹਿ; ਆਤਮ ਰਾਮੁ ਨ ਚੀਨ ॥

ਉਹ ਅਨਿਕ = ਅਨੇਕ ਜੋਨਿ = ਜੂਨਾਂ ਵਿਚ ਪੈ ਕੇ ਜਨਮਹਿ ਮਰਹਿ = ਜੰਮਦੇ ਮਰਦੇ ਰਹਿੰਦੇ ਹਨ, ਜਿਨ੍ਹਾਂ ਨੇ ਆਤਮ = ਜੀਵਾਤਮਾ (ਮਨ) ਨੂੰ ਰਾਮੁ = ਪਰਮੇਸ਼ਰ ਦਾ ਰੂਪ ਨ = ਨਹੀਂ ਚੀਨ = ਜਾਣਿਆ ਭਾਵ ਜਾਨਣਾ ਨਹੀਂ ਕੀਤਾ।

## ਙਿਆਨ ਧਿਆਨ; ਤਾਹੂ ਕਉ ਆਏ ॥ ਕਰਿ ਕਿਰਪਾ; ਜਿਹ ਆਪਿ ਦਿਵਾਏ ॥

ਤਾਹੂ = ਉਨ੍ਹਾਂ ਪੁਰਖਾਂ ਕਉ = ਨੂੰ ਹਰੀ ਦੇ ਨਿਰਗੁਣ ਸਰੂਪ ਦਾ ਙਿਆਨ = ਗਿਆਨ, ਤੇ ਸਰਗੁਣ ਸਰੂਪ ਦਾ ਧਿਆਨ ਆਏ = ਆਇਆ ਹੈ। ਜਿਹ = ਜਿਨ੍ਹਾਂ ਨੂੰ ਵਾਹਿਗੁਰੂ ਨੇ ਆਪ ਕਿਰਪਾ ਕਰ ਕੇ ਦਿਵਾਏ = ਦਿਵਾ ਦਿੱਤਾ ਹੈ।

## ਙਣਤੀ ਙਣੀ; ਨਹੀ ਕੋਊ ਛੂਟੈ ॥ ਕਾਚੀ ਗਾਗਰਿ; ਸਰਪਰ ਫੂਟੈ ॥

ਜੇ ਕੋਊ = ਕੋਈ ਵੇਦ ਸ਼ਾਸਤਰਾਂ ਦੀ ਙਣਤੀ = ਗਿਣਤੀ ਙਣੀ = ਗਿਣੇ ਕਿ ਮੈਂ ਵੇਦਾਂਤ ਪੜ੍ਹਿਆ ਹਾਂ, ਇਸ ਤਰ੍ਹਾਂ ਛੂਟੈ = ਛੁਟਕਾਰਾ ਭਾਵ ਮੁਕਤ ਨਹੀਂ ਹੋ ਸਕਦਾ। ਜਿਵੇਂ ਕਾਚੀ = ਕੱਚੀ ਗਾਗਰ ਪਾਣੀ ਪੈਣ ਤੋਂ ਸਰਪਰ = ਜ਼ਰੂਰ ਹੀ ਫੂਟੈ = ਫੁੱਟ ਜਾਂਦੀ ਹੈ, ਇਸੇ ਪ੍ਰਕਾਰ ਦੇਹ ਰੂਪ ਕਾਚੀ = ਕੱਚੀ ਗਾਗਰ ਕਾਲ ਰੂਪੀ ਪਾਣੀ ਪੈਣ ਤੋਂ ਜੋ ਸਰਪਰ = ਜ਼ਰੂਰ ਹੀ ਫੂਟੈ = ਟੁੱਟ ਜਾਵੇਗੀ, ਭਾਵ ਕੱਚੀ ਗਾਗਰ ਦੀ ਨਿਆਈਂ ਇਹ ਦੇਹ ਸਦਾ ਕਾਇਮ ਨਹੀਂ ਰਹਿਣੀ, ਸੰਸਾਰ ਤੋਂ ਸਰਪਰ = ਜ਼ਰੂਰ ਹੀ ਜਾਣਾ ਪਵੇਗਾ।

## ਸੋ ਜੀਵਤ; ਜਿਹ ਜੀਵਤ ਜਪਿਆ ॥
## ਪ੍ਰਗਟ ਭਏ; ਨਾਨਕ ਨਹ ਛਪਿਆ ॥੨੧॥

ਸੋ = ਓਹੀ ਸੰਸਾਰ ਵਿਚ ਜੀਵਤ = ਜਿਊਂਦਿਆਂ ਦੀ ਗਿਣਤੀ ਵਿਚ ਹਨ, ਜਿਹ = ਜਿਨ੍ਹਾਂ ਨੇ ਜੀਵਤ = ਜਿਊਂਦੇ ਜਿਉਂਦੇ ਪਰਮੇਸ਼ਰ ਦਾ ਨਾਮ ਜਪਿਆ ਹੈ **ਵਾ**: ਸੋ = ਉਹ ਹਰੀ ਜੀਵਤ ਰੂਪ ਹੈ, ਜਿਹ = ਜਿਨ੍ਹਾਂ ਨੇ ਉਸ ਦਾ ਨਾਮ ਜਪਿਆ ਹੈ ਉਹ ਆਤਮਿਕ ਜੀਵਨ ਕਰਕੇ ਜੀਵਤ ਹੋ ਗਏ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਸੰਸਾਰ ਵਿਚ ਪ੍ਰਗਟ = ਪ੍ਰਤੱਖ ਭਏ = ਹੋਏ ਹਨ, ਉਹ ਛਪਿਆ = ਛੁਪੇ ਨਹ = ਨਹੀਂ ਰਹਿੰਦੇ ॥੨੧॥

## ਸਲੋਕੁ ॥ ਚਿਤਿ ਚਿਤਵਉ ਚਰਣਾਰਬਿੰਦ; ਊਧ ਕਵਲ ਬਿਗਸਾਂਤ ॥

ਜਿਨ੍ਹਾਂ ਨੇ ਪਰਮੇਸ਼ਰ ਦੇ ਚਰਣਾਰਬਿੰਦ = ਚਰਨਾਂ ਕਮਲਾਂ ਨੂੰ ਚਿਤਿ = ਹਿਰਦੇ ਵਿਚ ਚਿਤਵਉ = ਚਿੰਤਨ ਕਰਿਆ ਹੈ, ਉਨ੍ਹਾਂ ਦਾ ਪਰਮੇਸ਼ਰ ਦੀ ਤਰਫ਼ੋ ਊਧ = ਉੱਲਟ ਹੋਇਆ ਰਿਦੇ ਕਵਲ = ਕਮਲ ਸੁਭ ਗੁਣਾਂ ਦੇ ਸਹਿਤ ਬਿਗਸਾਂਤ = ਪ੍ਰਫੁੱਲਤ ਹੋ ਗਿਆ ਹੈ **ਵਾ**: ਪਰਮੇਸ਼ਰ ਦੇ ਨਾਮ ਨੂੰ ਚਿਤਿ = ਹਿਰਦੇ ਵਿਚ ਚਿਤਵਉ = ਚਿਤਵਨਾ ਕਰੋ, ਜੋ ਬੇਮੁਖ ਹੋਣਾ ਹੈ, ਉਹ ਊਧ = ਮੂਧਾ ਹੋਣਾ ਹੈ, ਭਾਵ, ਹਿਰਦਾ ਅਵਿੱਦਿਆ ਰੂਪੀ ਰਾਤ ਕਰ ਕੇ ਊਧ = ਉਲਟਾ ਹੋਇਆ ਹੈ, ਬ੍ਰਹਮ ਗਿਆਨ ਦਾ ਦਿਨ ਚੜ੍ਹਨੇ ਕਰ ਕੇ ਰਿਦੇ ਰੂਪੀ ਕਵਲ = ਕਮਲ ਸਿੱਧਾ ਹੋ ਜਾਵੇਗਾ ਅਤੇ ਸਨਮੁਖ ਹੋ ਕੇ ਖਿੜ ਆਵੇਗਾ।

## ਪ੍ਰਗਟ ਭਏ ਆਪਹਿ ਗੋੁਬਿੰਦ; ਨਾਨਕ ਸੰਤ ਮਤਾਂਤ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਗੋੁਬਿੰਦ = ਪਰਮੇਸ਼ਰ ਆਪਹਿ = ਆਪ ਹੀ ਅੰਦਰ ਪ੍ਰਗਟ = ਪ੍ਰਤੱਖ ਭਏ = ਹੋ ਜਾਂਦਾ ਹੈ, ਇਹ ਸਾਰੇ ਸੰਤ = ਸਾਧੂਆਂ ਦਾ ਮਤਾਂਤ = ਸਿਧਾਂਤ ਹੈ ॥੧॥

## ਪਉੜੀ ॥ ਚਚਾ; ਚਰਨ ਕਮਲ ਗੁਰ ਲਾਗਾ ॥
## ਧਨਿ ਧਨਿ ਉਆ ਦਿਨ; ਸੰਜੋਗ ਸਭਾਗਾ ॥

ਚੱਚੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਜਿਸ ਦਾ ਗੁਰੂ ਦੇ ਚਰਨਾਂ ਕਮਲਾਂ ਵਿਚ ਮਨ ਲਾਗਾ = ਲੱਗ ਗਿਆ ਹੈ। ਉਆ = ਉਹ ਦਿਨ ਧੰਨ ਹੈ ਅਤੇ ਸਿੱਖ ਵੀ ਧੰਨ ਹੈ, ਕਿਉਂਕਿ ਉਹ ਸਿੱਖ ਗੁਰਾਂ ਦੇ ਸੰਜੋਗੁ = ਮਿਲਾਪ ਕਰ ਕੇ (ਸ+ਭਾਗਾ) ਸ = ਸ੍ਰੇਸ਼ਟ ਭਾਗਾਂ ਵਾਲਾ ਹੋਇਆ ਹੈ।

## ਚਾਰਿ ਕੁੰਟ; ਦਹ ਦਿਸਿ ਭ੍ਰਮਿ ਆਇਓ ॥
## ਭਈ ਕ੍ਰਿਪਾ; ਤਬ ਦਰਸਨੁ ਪਾਇਓ ॥

ਜੀਵ ਚਾਰਿ ਕੁੰਟ = ਚਾਰ ਖਾਣੀਆਂ ਦਹਦਿਸਿ = ਦਸੇ ਦਿਸ਼ਾਵਾਂ ਵਿਚ ਭ੍ਰਮਦਾ ਆਇਓ = ਆਇਆ। ਜਦੋਂ ਜੀਵ ਤੇ ਗੁਰੂ ਸਾਹਿਬ ਜੀ ਦੀ ਕਿਰਪਾ ਦ੍ਰਿਸ਼ਟੀ ਭਈ = ਹੋਈ, ਤਬ = ਤਦੋਂ ਉਸ ਨੇ ਹਰੀ ਵਾਹਿਗੁਰੂ ਦੇ ਦਰਸ਼ਨਾਂ ਨੂੰ ਪਾਇਓ = ਪਾਉਣਾ ਕੀਤਾ।

## ਚਾਰ ਬਿਚਾਰ; ਬਿਨਸਿਓ ਸਭ ਦੂਆ ॥ ਸਾਧਸੰਗਿ; ਮਨੁ ਨਿਰਮਲ ਹੂਆ ॥

ਜਦ ਚਾਰ = ਸੁੰਦਰ ਆਤਮ ਵਿਚਾਰ ਪ੍ਰਾਪਤ ਹੋਇਆ **ਵਾ**: ਜਦ ਵਾਹਿਗੁਰੂ ਗੁਰਮੰਤਰ ਦੇ ਚਾਰ ਅੱਖਰਾਂ ਨੂੰ ਵੀਚਾਰ ਲਿਆ **ਵਾ**: ਚਾਰ = ਚਾਰੇ ਵੇਦਾਂ **ਵਾ**: ਚਾਰ = ਸੁੰਦਰ ਸਿਮਰਤੀਆਂ, ਵਿਆਕਰਣਾ, ਪੁਰਾਣਾਂ,

ਸ਼ਾਸਤਰਾਂ ਨੂੰ ਵਿਚਾਰ ਲਿਆ **ਵਾ:** ਚਾਰ = ਚੌਥੀ ਭੂਮਿਕਾ ਤੁਰੀਆ ਪਦ ਨੂੰ ਵਿਚਾਰ ਲਿਆ ਤਦ ਸਭ = ਸਾਰੀ ਦੂਆ = ਦ੍ਵੈਤ-ਭਾਵ ਬਿਨਸਿਓ = ਨਾਸ ਭਾਵ ਮਿਟ ਗਈ ਹੈ ਅਤੇ ਸਾਧਸੰਗਿ = ਸਾਧਸੰਗਤ ਕਰ ਕੇ ਮਨੁ = ਅੰਤਸ਼ਕਰਣ ਵੀ ਨਿਰਮਲ = ਸ਼ੁੱਧ ਹੂਆ = ਹੋ ਗਿਆ।

## ਚਿੰਤ ਬਿਸਾਰੀ; ਏਕ ਦ੍ਰਿਸਟੇਤਾ ॥
## ਨਾਨਕ, ਗਿਆਨ ਅੰਜਨੁ; ਜਿਹ ਨੇਤ੍ਰਾ ॥੨੨॥

ਉਨ੍ਹਾਂ ਦੀ ਚਿੰਤ = ਸੋਚ ਬਿਸਾਰੀ = ਭੁਲਾ ਦਿੱਤੀ ਹੈ ਅਤੇ ਉਨ੍ਹਾਂ ਨੇ ਏਕ = ਇਕ ਵਾਹਿਗੁਰੂ ਹੀ ਦ੍ਰਿਸਟੇਤਾ = ਦਿਸਣ ਵਿਚ ਆਉਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹ = ਜਿਨ੍ਹਾਂ ਦੇ ਗੁਰਾਂ ਨੇ ਮਨ ਬੁੱਧ ਰੂਪ ਨੇਤ੍ਰਾ = ਅੱਖਾਂ ਵਿਚ ਜੁਗਤ ਰੂਪ ਸਲਾਈਆਂ ਨਾਲ ਗਿਆਨ ਰੂਪ ਅੰਜਨੁ = ਸੁਰਮਾ ਪਾ ਦਿੱਤਾ ਹੈ ॥੨੨॥

## ਸਲੋਕੁ ॥ ਛਾਤੀ ਸੀਤਲ ਮਨੁ ਸੁਖੀ; ਛੰਤ ਗੋਬਿਦ ਗੁਨ ਗਾਇ ॥

(ਗੋ+ਬਿਦ) ਗੋ = ਪ੍ਰਿਥਵੀ ਦੀ ਬਿਦ = ਰੱਖਿਆ ਕਰਨ ਵਾਲੇ ਪਰਮੇਸ਼ਰ ਦੇ ਛੰਤ = ਜਸ ਰੂਪ ਗੁਣਾਂ ਨੂੰ ਗਾਇ = ਗਾ ਕੇ ਮਨੁ = ਅੰਤਸ਼ਕਣ ਸੁਖੀ ਅਤੇ ਛਾਤੀ = ਸੀਨਾ ਸੀਤਲ = ਠੰਢਾ ਹੋ ਜਾਂਦਾ ਹੈ **ਵਾ:** ਹੇ ਗੋਬਿਦ = ਪਰਮੇਸ਼ਰ ਤੇਰੇ ਗੁਣਾਂ ਅਤੇ ਛੰਤ = ਜਸ ਨੂੰ ਗਾਇ = ਗਾ ਕੇ ਬੁੱਧੀ ਰੂਪ ਛਾਤੀ ਸੀਤਲ = ਠੰਢੀ ਭਾਵ ਸ਼ਾਂਤ ਹੋ ਜਾਂਦੀ ਹੈ ਅਤੇ ਮਨ ਸੁੱਖਾਂ ਦੇ ਸਹਿਤ ਹੋ ਜਾਂਦਾ ਹੈ।

## ਐਸੀ ਕਿਰਪਾ ਕਰਹੁ ਪ੍ਰਭ; ਨਾਨਕ ਦਾਸ ਦਸਾਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਅਕਾਲ ਪੁਰਖ ਵਾਹਿਗੁਰੂ ਮੇਰੇ 'ਤੇ ਐਸੀ = ਅਜਿਹੀ ਕਿਰਪਾ ਕਰਹੁ = ਕਰਨੀ ਕਰੋ ਕਿ ਅਸੀਂ ਆਪ ਦੇ ਦਾਸ ਦਸਾਇ = ਦਾਸਾਂ ਦੇ ਦਾਸ ਹੋਣਾ ਕਰੀਏ ॥੧॥

## ਪਉੜੀ ॥ ਛਛਾ; ਛੋਹਰੇ ਦਾਸ ਤੁਮਾਰੇ ॥ ਦਾਸ ਦਾਸਨ ਕੇ; ਪਾਨੀਹਾਰੇ ॥

ਛੱਛੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਅਸੀਂ ਤੁਮਾਰੇ = ਤੁਹਾਡੇ ਛੋਹਰੇ = ਛੋਟੇ ਦਾਸ = ਸੇਵਕ ਹਾਂ ਭਾਵ ਛੋਟੇ ਬੱਚੇ ਹਾਂ। ਆਪ ਜੀ ਦੇ ਦਾਸ = ਸੇਵਕਾਂ ਕੇ = ਦੇ ਦਾਸਨ = ਸੇਵਕਾਂ ਦਾ ਪਾਨੀ = ਜਲ ਭਰਨ ਵਾਲੇ ਹਾਂ।

[ਅੰਗ ੨੫੫]

## ਛਛਾ; ਛਾਰੁ ਹੋਤ ਤੇਰੇ ਸੰਤਾ ॥ ਅਪਨੀ ਕ੍ਰਿਪਾ ਕਰਹੁ; ਭਗਵੰਤਾ ॥

ਛੱਛੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ! ਅਸੀਂ ਤੇਰੇ ਸੰਤਾ = ਮਹਾਤਮਾ ਜਨਾਂ ਦੀ ਚਰਨ ਛਾਰੁ = ਧੂੜੀ ਹੋਤ = ਹੋ ਜਾਈਏ। ਇਸ ਲਈ ਹੇ ਭਗਵੰਤਾ = ਪਰਮੇਸ਼ਰ! ਆਪ ਆਪਣੀ ਕਿਰਪਾ ਦ੍ਰਿਸ਼ਟੀ ਕਰਹੁ = ਕਰੋ।

## ਛਾਡਿ ਸਿਆਨਪ; ਬਹੁ ਚਤੁਰਾਈ ॥
## ਸੰਤਨ ਕੀ; ਮਨ ਟੇਕ ਟਿਕਾਈ ॥

ਹੇ ਮਹਾਰਾਜ ਅਸੀਂ ਬੁੱਧੀ ਦੀਆਂ ਸਿਆਣਪਾਂ ਅਤੇ ਵਾਕਾਂ ਦੀਆਂ ਬਹੁ = ਬਹੁਤੀਆਂ ਚਤੁਰਾਈ = ਚਲਾਕੀਆਂ ਛਾਡਿ = ਤਿਆਗ ਦਿੱਤੀਆਂ ਹਨ। ਅਤੇ ਸੰਤਨ = ਮਹਾਤਮਾ ਜਨਾਂ ਕੀ = ਦੀ ਟੇਕ = ਓਟ ਟਿਕਾਈ = ਗ੍ਰਹਿਣ ਕੀਤੀ ਹੈ।

## ਛਾਰੁ ਕੀ ਪੁਤਰੀ; ਪਰਮ ਗਤਿ ਪਾਈ ॥
## ਨਾਨਕ; ਜਾ ਕਉ ਸੰਤ ਸਹਾਈ ॥੨੩॥

ਉਨ੍ਹਾਂ ਨੇ ਛਾਰੁ = ਮਿੱਟੀ ਕੀ = ਦੀ ਪੁਤਰੀ = ਪੁਤਲੀ ਜੋ ਦੇਹ ਹੈ, ਇਸ ਵਿਚ ਰਹਿੰਦਿਆਂ ਹੀ ਪਰਮ ਗਤਿ = ਕੈਵਲ ਮੁਕਤੀ ਪਾਈ ਹੈ **ਵਾ:** ਉਨ੍ਹਾਂ ਨੇ ਪੁਤਰੀ = ਪੁਤਲੀ ਭਾਵ ਦੇਹ ਨੂੰ ਛਾਰੁ = ਮਿੱਟੀ (ਮਿਥਿਆ) ਰੂਪ ਨਿਸਚੇ ਕੀਤਾ ਤਾਂ ਪਰਮ ਗਤਿ = ਕੈਵਲ ਮੁਕਤੀ ਪਾਈ ਹੈ **ਵਾ:** ਉਨ੍ਹਾਂ ਸੰਤ ਜਨਾਂ ਦੀ ਦੇਹੀ (ਪੁ+ਤਰੀ) ਪੁ = ਨਰਕਾਂ ਆਦਿ ਤੋਂ ਤਰੀ = ਤਰ ਗਈ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਾਕਉ = ਜਿਨ੍ਹਾਂ ਦੇ ਸੰਤ = ਮਹਾਤਮਾ ਜਨ ਸਹਾਈ = ਸਹਾਇਕ ਹੋਏ ਹਨ ॥੨੩॥

## ਸਲੋਕੁ ॥ ਜੋਰ ਜੁਲਮ ਫੂਲਹਿ ਘਨੋ; ਕਾਚੀ ਦੇਹ ਬਿਕਾਰ ॥

ਇਹ ਜੀਵ ਕਿਸੇ ਨਾਲ ਜੋਰ = ਬਲ ਤੇ ਜੁਲਮ = ਧੱਕਾ ਕਰ ਕੇ ਘਨੋ = ਬਹੁਤਾ ਫੂਲਹਿ = ਪ੍ਰਫੁੱਲਤ ਹੁੰਦਾ ਹੈ, ਭਾਵ ਹੰਕਾਰ ਸਹਿਤ ਹੁੰਦਾ ਹੈ, ਪਰ ਸਮਝਦਾ ਨਹੀਂ ਕਿ ਕਾਚੀ = ਕੱਚੀ ਦੇਹ ਬਿਕਾਰ = ਵਿਸ਼ੇ-ਵਿਕਾਰਾਂ ਦੀ ਉਤਪਤੀ ਕਰਨ ਵਾਲੀ ਹੈ। ਜੈਸਾ ਕਿ :

**ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥**
**ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥੨੦੦॥** *(ਸਲੋਕ ਕਬੀਰ ਜੀ, ਅੰਗ ੧੩੭੫)*

## ਅਹੰਬੁਧਿ ਬੰਧਨ ਪਰੇ; ਨਾਨਕ ਨਾਮ ਛੁਟਾਰ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੀਵ ਨੂੰ ਅਹੰਬੁਧਿ = ਹੰਗਤਾ ਵਾਲੀ ਬੁੱਧੀ ਕਰ ਕੇ ਬੰਧਨ = ਬੰਨ੍ਹਣ ਪਰੇ = ਪਏ ਹਨ, ਇਸ ਦਾ ਕੇਵਲ ਹਰੀ ਦਾ ਅੰਮ੍ਰਿਤ ਨਾਮ ਜਪ ਕੇ ਛੁਟਾਰ = ਛੁਟਕਾਰਾ ਹੋ ਸਕਦਾ ਹੈ ॥੧॥

## ਪਉੜੀ ॥ ਜਜਾ; ਜਾਨੈ ਹਉ ਕਛੁ ਹੂਆ ॥ ਬਾਧਿਓ; ਜਿਉ ਨਲਿਨੀ ਭ੍ਰਮਿ ਸੂਆ ॥

ਜੱਜੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਜਦੋਂ ਇਹ ਜੀਵ ਜਾਨੈ = ਜਾਣਦਾ ਹੈ ਕਿ ਹਉ = ਮੈਂ ਕਛੁ = ਕੁਝ ਹੂਆ = ਹੋ ਗਿਆ ਹਾਂ, ਭਾਵ ਗਿਆਨੀ ਜਾਂ ਵਿਦਵਾਨ ਹੋ ਗਿਆ ਹਾਂ ਆਦਿਕ ਹੰਕਾਰ ਕਰਦਾ ਹੈ। ਜਿਸ ਪ੍ਰਕਾਰ ਸੂਆ = ਤੋਤਾ ਭਰਮ ਕਰਮ ਕਰ ਕੇ ਨਲਿਨੀ = ਕੜਿੱਕੀ ਵਿਚ ਬਾਧਿਓ = ਬੱਝ ਜਾਂਦਾ ਹੈ।[੧]

## ਜਉ ਜਾਨੈ; ਹਉ ਭਗਤੁ ਗਿਆਨੀ ॥ ਆਗੈ ਠਾਕੁਰਿ; ਤਿਲੁ ਨਹੀ ਮਾਨੀ ॥

ਜਉ = ਜਦੋਂ ਇਹ ਜਾਨੈ = ਜਾਣਦਾ ਹੈ ਕਿ ਹਉ = ਮੈਂ ਭਗਤ ਤੇ ਗਿਆਨੀ = ਗਿਆਨਵਾਨ ਹੋ ਗਿਆ ਹਾਂ। ਆਗੈ = ਦਰਗਹ (ਪ੍ਰਲੋਕ) ਵਿਚ ਠਾਕੁਰਿ = ਪਰਮੇਸ਼ਰ ਨੇ ਤਿਲੁ = ਰੰਚਕ ਮਾਤਰ ਵੀ ਹੰਗਤਾ ਸਹਿਤ ਕੀਤੀ ਭਗਤੀ ਨਹੀਂ ਮਾਨੀ = ਮੰਨਣੀ।

## ਜਉ ਜਾਨੈ; ਮੈ ਕਥਨੀ ਕਰਤਾ ॥ ਬਿਆਪਾਰੀ; ਬਸੁਧਾ ਜਿਉ ਫਿਰਤਾ ॥

ਜਉ = ਜਦ ਇਹ ਜਾਨੈ = ਜਾਣਦਾ ਹੈ ਕਿ ਮੈਂ ਚੰਗੀ ਕਥਨੀ = ਕਥਾ ਕਰਤਾ = ਕਰਨ ਵਾਲਾ ਕਥਾਕਾਰ ਹਾਂ, ਤਾਂ ਉਹ ਇਉਂ ਹੈ ਜਿਉ = ਜਿਵੇਂ ਬਿਆਪਾਰੀ = ਵਾਪਾਰੀ ਲਾਭ ਵਾਸਤੇ ਬਸੁਧਾ = ਪ੍ਰਿਥਵੀ 'ਤੇ ਫਿਰਤਾ = ਫਿਰਦਾ ਹੈ, ਇਸੇ ਤਰ੍ਹਾਂ ਕਥਾ ਕਰਨ ਵਾਲੇ ਨੇ ਕਥਾ ਹੀ ਵਾਪਾਰ ਬਣਾਇਆ ਹੋਇਆ ਹੈ। ਜਿਸ ਨਾਲ ਹਉਮੈ ਜਾਂ ਪਦਾਰਥ 'ਕੱਠਾ ਕਰਦਾ ਹੈ, ਭਾਵ ਜਿਵੇਂ ਵਪਾਰੀ ਸੌਦਾ ਵੇਚਣ ਲਈ ਹੋਕਾ ਦਿੰਦਾ ਫਿਰਦਾ

---

੧. ਇਸ ਤੁੱਕ 'ਤੇ 'ਦ੍ਰਿਸ਼ਟਾਂਤ' ਤੇ 'ਦਾ ਦ੍ਰਿਸ਼ਟਾਂਤ' ਪੜ੍ਹਨ ਲਈ ਅੱਗੇ **"ਜਿਉ ਨਲਨੀ ਸੂਅਟਾ ਗਹਿਓ"** (ਅੰਗ ੩੩੬) 'ਤੇ ਵਿਸਤਾਰ ਸਹਿਤ ਹੈ।

ਹੁੰਦਾ ਹੈ, ਪਰ ਉਹ ਆਪ ਉਸ ਸੌਦੇ ਦਾ ਅਨੰਦ ਨਹੀਂ ਮਾਣਦਾ, ਇਸੇ ਤਰ੍ਹਾਂ ਕਥਾ ਵਖਿਆਨ ਕਰਨ ਵਾਲਾ ਹੰਕਾਰੀ ਪੁਰਖ ਦੂਜਿਆਂ ਨੂੰ ਤਾਂ ਉਪਦੇਸ਼ ਦੇਈ ਜਾਂਦਾ ਹੈ ਪਰ ਆਪ ਧਾਰਨ ਨਹੀਂ ਕਰਦਾ। ਇਸ ਲਈ ਉਸਦਾ ਕੂਕਣਾ ਬੇਅਰਥ ਹੀ ਹੈ।

## ਸਾਧਸੰਗਿ; ਜਿਹ ਹਉਮੈ ਮਾਰੀ ॥ ਨਾਨਕ; ਤਾ ਕਉ ਮਿਲੇ ਮੁਰਾਰੀ ॥੨੪॥

ਜਿਹ = ਜਿਸ ਨੇ ਸਾਧਸੰਗਿ = ਸਾਧਸੰਗਤ ਵਿਚ ਭਗਤਪੁਣੇ ਤੇ ਗਿਆਨਪੁਣੇ ਦੀ ਹਉਮੈ = ਹੰਗਤਾ ਮਾਰੀ = ਮਾਰ ਲਈ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਾ ਕਉ = ਉਸ ਨੂੰ ਮੁਰਾਰੀ (ਮੁਰ+ਆਰੀ) ਮੁਰ ਦੈਂਤ ਦੇ ਮਾਰਨ ਵਾਲੇ ਹਰੀ ਪ੍ਰਭੂ ਮਿਲੇ ਹਨ॥੨੪॥

## ਸਲੋਕੁ ॥ ਝਾਲਾਘੇ ਉਠਿ ਨਾਮੁ ਜਪਿ; ਨਿਸਿ ਬਾਸੁਰ ਆਰਾਧਿ ॥

ਹੇ ਭਾਈ ! ਝਾਲਾਘੇ = ਅੰਮ੍ਰਿਤ ਵੇਲੇ ਉੱਠ ਕੇ ਨਾਮ ਨੂੰ ਜਪਿ = ਜਪਿਆ ਕਰ ਅਤੇ ਨਿਸਿ ਬਾਸੁਰ = ਰਾਤ ਦਿਨ ਆਰਾਧਿ = ਆਰਾਧਿਆ ਕਰ **ਵਾ:** ਝਾਲਾਘੇ = ਵੱਡੇ ਅੰਮ੍ਰਿਤ ਵੇਲੇ ਉੱਠ ਕੇ ਨਾਮ ਜਪਿ = ਜਪਣਾ ਕਰੋ। ਨਿਸਿ ਬਾਸੁਰ = ਰਾਤ ਦਿਨ ਹੀ ਆਰਾਧਿ = ਅਰਾਧਨਾ ਕਰ, ਅਰਥਾਤ ੮੪ ਲੱਖ ਜੂਨ ਰਾਤ ਹੈ, ਮਨੁੱਖਾ ਜਨਮ ਅੰਮ੍ਰਿਤ ਵੇਲਾ ਹੈ, ਸਾਧਸੰਗਤ ਦੀ ਪ੍ਰਾਪਤੀ ਵੀ ਅੰਮ੍ਰਿਤ ਵੇਲਾ ਹੈ, ਚਾਰ ਜੁਗਾਂ 'ਚੋਂ ਕਲਿਜੁਗ ਦਾ ਸਮਾ ਵੀ ਅੰਮ੍ਰਿਤ ਵੇਲਾ ਹੈ, ਫੇਰ ਅਵਿੱਦਿਆ ਰੂਪੀ ਰਾਤ ਤੋਂ ਗਿਆਨ ਰੂਪ ਦਿਨ ਹੋ ਜਾਵੇਗਾ।

## ਕਾਰ੍ਹਾ ਤੁਝੈ ਨ ਬਿਆਪਈ; ਨਾਨਕ ਮਿਟੈ ਉਪਾਧਿ ॥੧॥

ਗੁਰੂ ਜੀ ਕਥਨ ਕਰਦੇ ਹਨ ਕਿ ਫੇਰ ਤੁਝੈ = ਤੈਨੂੰ ਕਾਰ੍ਹਾ = ਝੋਰਾ ਨ = ਨਹੀਂ ਬਿਆਪਈ = ਬਿਆਪੇਗਾ, ਜੰਮਣ ਮਰਣ ਰੂਪ ਉਪਾਧਿ = ਉਪਦ੍ਰ (ਦੁੱਖ) ਮਿਟੈ = ਮਿਟ ਜਾਣਗੇ॥੧॥

## ਪਉੜੀ ॥ ਝਝਾ; ਝੂਰਨੁ ਮਿਟੈ ਤੁਮਾਰੋ ॥ ਰਾਮ ਨਾਮ ਸਿਉ; ਕਰਿ ਬਿਉਹਾਰੋ ॥

ਝੱਝੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਤੁਮਾਰੋ = ਤੁਹਾਡਾ ਝੂਰਨੁ = ਝੋਰਾ ਮਿਟੈ = ਮਿਟ ਜਾਵੇਗਾ। ਤੁਸੀਂ ਰਾਮ = ਪਰਮੇਸ਼ਰ ਦੇ ਨਾਮ ਸਿਉ = ਨਾਲ ਬਿਉਹਾਰੋ = ਵਾਪਾਰ ਕਰਿ = ਕਰਨਾ ਕਰੋ।

## ਝੂਰਤ ਝੂਰਤ; ਸਾਕਤ ਮੂਆ ॥ ਜਾ ਕੈ ਰਿਦੈ; ਹੋਤ ਭਾਉ ਬੀਆ ॥

ਉਹ ਸਾਕਤ = ਕਠੋਰ ਚਿੱਤ ਵਾਲਾ ਪੁਰਸ਼ ਝੂਰਤ = ਸੋਗ ਕਰਦਾ ਝੂਰਤ = ਪਛਤਾਉਂਦਾ ਹੀ ਮੂਆ = ਮਰ ਜਾਂਦਾ ਹੈ। ਜਾ ਕੈ = ਜਿਸ ਦੇ ਰਿਦੈ = ਹਿਰਦੇ ਵਿਚ ਬੀਆ = ਦੂਜਾ ਭਾਉ = ਦ੍ਵੈਤ-ਭਾਵ ਹੋਤ = ਹੁੰਦਾ ਹੈ।

## ਝਰਹਿ ਕਸੰਮਲ ਪਾਪ; ਤੇਰੇ ਮਨੂਆ ॥ ਅੰਮ੍ਰਿਤ ਕਥਾ; ਸੰਤਸੰਗਿ ਸੁਨੂਆ ॥

ਹੇ ਜੀਵ ! ਤਦ ਤੇਰੇ ਮਨੂਆ = ਮਨ ਵਿੱਚੋਂ ਕਸੰਮਲ = ਭੈੜੇ ਪਾਪ (ਕਸ਼ਟ ਦੇਣ ਵਾਲੇ) ਝਰਹਿ = ਝੜ ਜਾਣਗੇ, ਜਦ ਤੂੰ ਅੰਮ੍ਰਿਤ = ਅਮਰ ਕਰਨ ਵਾਲੀ ਕਥਾ ਸੰਤ = ਮਹਾਤਮਾ ਜਨਾਂ ਦੀ ਸੰਗਿ = ਸੰਗਤ 'ਚ ਜਾ ਕੇ ਸੁਨੂਆ = ਸੁਣਨਾ ਕਰੇਂਗਾ।

## ਝਰਹਿ; ਕਾਮ ਕ੍ਰੋਧ ਦ੍ਰੁਸਟਾਈ ॥ ਨਾਨਕ; ਜਾ ਕਉ, ਕ੍ਰਿਪਾ ਗੁਸਾਈ ॥੨੫॥

ਉਸ ਦੇ ਹਿਰਦੇ ਵਿੱਚੋਂ ਹੀ ਕਾਮ, ਕ੍ਰੋਧ ਦ੍ਰੁਸਟਾਈ = ਦੁਸ਼ਟਤਾਈ ਝਰਹਿ = ਝੜਦੀ ਭਾਵ ਮਿਟਦੀ ਹੈ ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਾ ਕਉ = ਜਿਸ ਦੇ ਉੱਪਰ ਗੁਸਾਈ = ਮਾਲਕ ਪਰਮੇਸ਼ਰ ਕਿਰਪਾ ਦ੍ਰਿਸ਼ਟੀ ਕਰਦਾ ਹੈ॥੨੫॥

## ਸਲੋਕੁ ॥ ਝਤਨ ਕਰਹੁ ਤੁਮ ਅਨਿਕ ਬਿਧਿ; ਰਹਨੁ ਨ ਪਾਵਹੁ ਮੀਤ ॥

(**ਝਵੇ** ਦੀ ਅਵਾਜ਼ **ਜੱਜੇ** ਦੀ ਨਾ ਨਿਕਲੇ, ਧਿਆਨ ਨਾਲ ਸਹੀ ਉਚਾਰਨਾ ਹੈ)

ਦੁਨੀਆਂ ਵਿਚ ਰਹਿਣ ਵਾਸਤੇ ਅਨਿਕ = ਅਨੇਕ ਬਿਧਿ = ਤਰ੍ਹਾਂ ਦੇ ਝਤਨ = ਉਪਾਅ ਤੁਮ = ਤੁਸੀਂ ਕਰਹੁ = ਕਰਦੇ ਹੋ, ਪਰ ਹੇ ਮੀਤ = ਸੱਜਣੋਂ ਸੰਸਾਰ ! ਵਿਚ ਰਹਨੁ ਨ = ਨਹੀਂ ਪਾਵਹੁ = ਪਾਵੋਗੇ। ਜੈਸਾ ਕਿ :

**ਅੰਤ ਮਰੈ ਪਛੁਤਾਇ ਪ੍ਰਿਥੀ ਪਰ ਜੇ ਜਗ ਮੈ ਅਵਤਾਰ ਕਹਾਏ ॥** *(ਸ੍ਰੀ ਦਸਮ ਗ੍ਰੰਥ, ਪੰਨਾ ੭੧੫)*

## ਜੀਵਤ ਰਹਹੁ ਹਰਿ ਹਰਿ ਭਜਹੁ; ਨਾਨਕ ਨਾਮ ਪਰੀਤਿ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਤਨਾ ਚਿਰ ਜੀਵਤ = ਜਿਊਂਦੇ ਹੋ, ਉਤਨਾ ਚਿਰ ਹਰਿ = ਸਭ ਨੂੰ ਹਰੇ ਭਰੇ ਕਰਨ ਹਰਿ = ਪਰਮੇਸ਼ਰ ਦੇ ਨਾਮ ਨੂੰ ਭਜਹੁ = ਸਿਮਰਨਾ ਕਰੋ, ਪਰ ਨਾਮ ਪਰੀਤਿ = ਪ੍ਰੀਤੀ ਕਰਕੇ ਜਪਿਆ ਜਾਂਦਾ ਹੈ **ਵਾ:** ਨਾਮ ਵਿਚ ਪ੍ਰੀਤੀ ਕਰ ਕੇ ਹਰਿ = ਹਰੀ ਵਾਹਿਗੁਰੂ ਹਰਿ = ਹਰੇ ਭਰੇ ਕਰਨ ਵਾਲੇ ਪਰਮੇਸ਼ਰ ਨੂੰ ਭਜਹੁ = ਸਿਮਰਨਾ ਕਰੋ ਤਾਂ ਆਤਮਿਕ ਜੀਵਨ ਵਿਚ ਜੀਵਤ = ਜਿਊਂਦੇ ਰਹਹੁ = ਰਹੋਂਗੇ ॥੧॥ ਜੈਸਾ ਕਿ :

**ਜੀਵਤ ਪੇਖੇ ਜਿਨ੍ੀ ਹਰਿ ਹਰਿ ਧਿਆਇਆ ॥**
**ਸਾਧਸੰਗਿ ਤਿਨ੍ੀ ਦਰਸਨੁ ਪਾਇਆ ॥੧॥ਰਹਾਉ॥** *(ਸੂਹੀ ਮਹਲਾ ੫, ਪੰਨਾ ੭੪੦)*

## ਪਵੜੀ ॥ ਢੰਢਾ, ਢਾਣਹੁ ਦ੍ਰਿੜੁ ਸਹੀ; ਬਿਨਸਿ ਜਾਤ ਏਹ ਹੇਤ ॥

ਢੰਢੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਇਹ ਗੱਲ ਸਹੀ = ਨਿਸਚੇ ਕਰ ਕੇ ਦ੍ਰਿੜੁ = ਪੱਕੀ ਢਾਣਹੁ = ਜਾਣ ਲਵੋ ਕਿ ਏਹ = ਇਹ ਦੁਨਿਆਵੀ ਪਦਾਰਥਾਂ ਦਾ ਹੇਤ = ਪਿਆਰ ਬਿਨਸਿ = ਨਾਸ ਹੋ ਜਾਤ = ਜਾਣ ਵਾਲਾ ਹੈ।

## ਗਣਤੀ ਗਣਉ, ਨ ਗਣਿ ਸਕਉ; ਊਠਿ ਸਿਧਾਰੇ ਕੇਤ ॥

ਜੇ ਤੁਸੀਂ ਗਣਤੀ = ਗਿਣਤੀ ਗਣਉ = ਗਿਣੋ ਤਾਂ ਗਣਿ = ਗਿਣ ਨ = ਨਹੀਂ ਸਕਉ = ਸਕਦੇ ਕਿ ਕੇਤ = ਕਿਤਨੇ ਕੁ ਇਥੋਂ ਊਠਿ = ਉੱਠ ਕੇ ਪ੍ਰਲੋਕ ਨੂੰ ਸਿਧਾਰੇ = ਚਲੇ ਗਏ ਹਨ। ਜੈਸਾ ਕਿ :

**ਰਾਵਣ ਸੇ ਮਹਰਾਵਣ ਸੇ ਘਟਕਾਨਹੁ ਸੇ ਪਲ ਬੀਚ ਪਛਾਰੇ ॥**
**ਬਾਰਦ ਨਾਦ ਅਕੰਪਨ ਸੇ ਜਗ ਜੰਗ ਜੁਰੇ ਜਿਨ ਸਿਉ ਜਮ ਹਾਰੇ ॥**
**ਕੁੰਭ ਅਕੁੰਭ ਸੇ ਜੀਤ ਸਭੈ ਜਗ ਸਾਤਹੂੰ ਸਿੰਧ ਹਥਿਆਰ ਪਖਾਰੇ ॥**
**ਜੇ ਜੇ ਹੁਤੇ ਅਕਟੇ ਬਿਕਟੇ ਸੁ ਕਟੇ ਕਰਿ ਕਾਲ ਕ੍ਰਿਪਾਨ ਕੇ ਮਾਰੇ ॥੯੫॥**

*(ਸ੍ਰੀ ਦਸਮ ਗ੍ਰੰਥ ਪੰਨਾ ੪੫-੪੬)*

## ਢੋ ਪੇਖਉ, ਸੋ ਬਿਨਸਤਉ; ਕਾ ਸਿਉ ਕਰੀਐ ਸੰਗੁ ॥

ਢੋ = ਜੋ ਪਸਾਰਾ ਪੇਖਉ = ਵੇਖੀਦਾ ਹੈ ਸੋ = ਉਹ ਬਿਨਸਤਉ = ਨਾਸ ਹੋ ਜਾਣ ਵਾਲਾ ਹੈ, ਇਸ ਲਈ ਕਾ = ਕਿਸ ਦੇ ਸਿਉ = ਨਾਲ ਸੰਗੁ = ਮਿਲਾਪ ਕਰੀਐ = ਕਰੀਏ।

## ਢਾਣਹੁ ਇਆ ਬਿਧਿ, ਸਹੀ ਚਿਤ; ਝੂਠਉ, ਮਾਇਆ ਰੰਗੁ ॥

ਇਆ = ਇਸ ਬਿਧਿ = ਪ੍ਰਕਾਰ ਚਿਤ = ਹਿਰਦੇ ਵਿਚ ਸਹੀ = ਨਿਸਚੇ ਕਰ ਕੇ ਢਾਣਹੁ = ਜਾਨਣਾ ਕਰੋ ਕਿ ਮਾਇਆ ਦਾ ਰੰਗ ਝੂਠਉ = ਝੂਠਾ ਭਾਵ ਨਾਸ਼ ਹੋ ਜਾਣ ਵਾਲਾ ਹੈ।

## ਞਾਣਤ ਸੋਈ, ਸੰਤੁ ਸੁਇ; ਭ੍ਰਮ ਤੇ ਕੀ ਚਿਤ ਭਿੰਨ ॥

(ਦੂਸਰਾ ਪਾਠ **ਕੀਚਿਤ** ਹੈ)

ਇਸ ਗੱਲ ਨੂੰ ਸੋਈ = ਓਹੀ ਞਾਣਤ = ਜਾਣਦਾ ਹੈ ਅਤੇ ਸੁਇ = ਓਹੀ ਸੰਤ ਹੈ, ਜਿਸ ਨੇ ਆਪਣਾ ਚਿਤ ਭ੍ਰਮ ਤੇ = ਤੋਂ ਭਿੰਨ = ਵੱਖਰਾ ਕੀ = ਕੀਤਾ ਹੈ **ਵਾ**: ਅੰਤਹਕਰਣ ਦੀ ਚਿੰਤਾ ਰੂਪ ਬਿਰਤੀ ਨੂੰ ਭਰਮ ਤੋਂ ਵੱਖਰਾ ਕੀਤਾ ਹੈ।

**ਵਾ**: ਜਿਸ ਨੇ ਆਪਣੇ ਚਿਤ ਨੂੰ ਭਰਮ ਰੂਪੀ ਕੀਚਿਤ = ਚਿੱਕੜ ਤੋਂ ਭਿੰਨ = ਵੱਖਰਾ ਕਰ ਲਿਆ ਹੈ।

## ਅੰਧ ਕੂਪ ਤੇ ਤਿਹ ਕਢਹੁ; ਜਿਹ ਹੋਵਹੁ ਸੁਪ੍ਰਸੰਨ ॥

ਜਿਹ = ਜਿਸ ਤੇ ਪਰਮੇਸ਼ਰ ਆਪ ਸੁਪ੍ਰਸੰਨ = ਪ੍ਰਸੰਨਤਾ ਦੇ ਸਹਿਤ ਹੋਵਹੁ = ਹੁੰਦਾ ਹੈ, ਤਿਹ = ਉਸ ਨੂੰ ਸੰਸਾਰ ਰੂਪੀ ਅੰਧ = ਅੰਨ੍ਹੇ ਕੂਪ = ਖੂਹ ਤੇ = ਤੋਂ ਕਿਰਪਾ ਦ੍ਰਿਸ਼ਟੀ ਕਰ ਕੇ ਕਢਹੁ = ਕੱਢ ਲੈਂਦਾ ਹੈ।

## ਞਾ ਕੈ ਹਾਥਿ ਸਮਰਥ ਤੇ; ਕਾਰਨ ਕਰਨੈ ਜੋਗ ॥

(**ਤੇ** ਪਦ ਦੇਹਲੀ ਦੀਪਕ ਹੈ, ਪਾਠ ਦੀ ਚਾਲ ਨਾਲ ਵਿਸਰਾਮ **ਤੇ** ਉੱਪਰ ਹੈ ਅਰਥ ਨਾਲ **ਸਮਰਥ** ਉੱਪਰ ਹੈ)

ਞਾ ਕੈ = ਜਿਸ ਸਮਰੱਥ ਪਰਮੇਸ਼ਰ ਦੇ ਹਾਥਿ = ਹੱਥ ਸਭ ਕੁਝ ਹੈ ਤੇ ਜੋ ਸਭ ਕਾਰਨਾਂ ਦੇ ਕਰਨੇ ਜੋਗ = ਲਾਇਕ ਹੈ।

## ਨਾਨਕ ਤਿਹ ਉਸਤਤਿ ਕਰਉ; ਞਾਹੂ ਕੀਓ ਸੰਜੋਗ ॥੨੬॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਹ = ਉਸ ਵਾਹਿਗੁਰੂ ਦੀ ਉਸਤਤਿ = ਵਡਿਆਈ ਕਰਉ = ਕਰੋ, ਞਾਹੂ = ਜਿਸ ਨੇ ਮਨੁੱਖਾ ਸਰੀਰ ਦਾ ਸੰਜੋਗ = ਮਿਲਾਪ ਕੀਓ = ਕੀਤਾ ਹੈ ॥੨੬॥

## ਸਲੋਕੁ ॥ ਟੂਟੇ ਬੰਧਨ ਜਨਮ ਮਰਨ; ਸਾਧ ਸੇਵ ਸੁਖੁ ਪਾਇ ॥

ਜਿਸਨੇ ਸਾਧ = ਸ੍ਰੇਸ਼ਟ ਗੁਰਾਂ, ਮਹਾਤਮਾ ਜਨਾਂ ਦੀ ਸੇਵ = ਟਹਿਲ ਕਰਕੇ ਆਤਮਿਕ ਸੁਖੁ = ਅਨੰਦ ਨੂੰ ਪਾਇ = ਪਾਉਣਾ ਕੀਤਾ ਹੈ ਉਸ ਦੇ ਜਨਮ ਮਰਣ ਦੇ ਬੰਧਨ ਜੰਜਾਲ ਟੂਟੇ = ਟੁੱਟ ਗਏ ਹਨ।

## ਨਾਨਕ ਮਨਹੁ ਨ ਬੀਸਰੈ; ਗੁਣ ਨਿਧਿ ਗੋਬਿਦ ਰਾਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸ ਲਈ ਗੁਣ = ਗੁਣਾਂ ਦੇ ਨਿਧਿ = ਖ਼ਜ਼ਾਨਾ ਰੂਪ ਗੋਬਿਦ ਰਾਇ = ਪ੍ਰਿਥਵੀ ਦੇ ਰਾਜਾ ਪਾਲਕ ਪਰਮੇਸ਼ਰ ਉਸ ਦੇ ਮਨਹੁ = ਅੰਤਸ਼ਕਰਣ ਵਿੱਚੋਂ ਕਦੇ ਬੀਸਰੈ = ਭੁੱਲਦਾ ਨ = ਨਹੀਂ ਹੈ ॥੧॥

## ਪਉੜੀ ॥ ਟਹਲ ਕਰਹੁ ਤਉ ਏਕ ਕੀ; ਜਾ ਤੇ ਬ੍ਰਿਥਾ ਨ ਕੋਇ ॥

ਹੇ ਭਾਈ! ਟੈਂਕੇ ਅੱਖਰ ਦੁਆਰਾ ਉਪਦੇਸ਼ ਹੈ ਜੇ ਟਹਲ = ਸੇਵਾ ਕਰਨੀ ਹੈ, ਤਉ = ਤਾਂ ਏਕ = ਇਕ ਹਰੀ ਵਾਹਿਗੁਰੂ ਕੀ = ਦੀ ਕਰਉ = ਕਰੋ, ਜਾ ਤੇ = ਜਿਸ ਵਾਹਿਗੁਰੂ ਦੀ ਸੇਵਾ ਕਰਨ ਤੇ = ਤੋਂ ਬਾਅਦ ਕੋਇ = ਕੋਈ ਵੀ ਬ੍ਰਿਥਾ = (ਬੇਅਰਥ) ਭਾਵ ਖ਼ਾਲੀ ਨ = ਨਹੀਂ ਗਿਆ।

## ਮਨਿ ਤਨਿ ਮੁਖਿ ਹੀਐ ਬਸੈ; ਜੋ ਚਾਹਹੁ ਸੋ ਹੋਇ ॥

ਜੇਕਰ ਉਹ ਵਾਹਿਗੁਰੂ ਮਨਿ = ਅੰਤਸ਼ਕਰਣ 'ਚ ਤਨਿ = ਸਰੀਰ 'ਚ, ਮੁਖਿ = ਮੂੰਹ ਵਿਚ ਤੇ ਹੀਐ = ਹਿਰਦੇ ਵਿਚ ਬਸੈ = ਵੱਸ ਜਾਵੇ ਤਾਂ ਜੋ ਚਾਹਹੁ = ਚਾਹੋਗੇ, ਸੋ = ਓਹੀ ਫਲ ਪ੍ਰਾਪਤ ਹੋਇ = ਹੋ ਜਾਵੇਗਾ।

## ਟਹਲ ਮਹਲ ਤਾ ਕਉ ਮਿਲੈ; ਜਾ ਕਉ ਸਾਧ ਕ੍ਰਿਪਾਲ ॥

ਇਹ ਟਹਲ = ਸੇਵਾ ਦਾ ਮਹਲ = ਅਧਿਕਾਰ, ਰੁਤਬਾ ਤਾ = ਉਸ ਕਉ = ਦੇ ਤਾਈਂ ਮਿਲੈ = ਮਿਲਦਾ ਹੈ **ਵਾ:** ਸਤਸੰਗਤ ਰੂਪੀ ਮਹਲ ਦੀ **ਵਾ:** ਸੱਚੇ ਸਰੂਪ ਰੂਪੀ ਮਹਲ ਦੀ ਟਹਲ = ਸੇਵਾ ਤਾ ਕਉ = ਉਸ ਨੂੰ ਮਿਲੈ = ਮਿਲਦੀ ਹੈ, ਜਾ ਕਉ = ਜਿਸ ਤੇ ਸਾਧ = ਸ੍ਰੇਸ਼ਟ ਗੁਰਾਂ, ਮਹਾਤਮਾ ਜਨਾਂ ਦੀ ਕ੍ਰਿਪਾਲ = ਦਇਆਲਤਾ ਹੁੰਦੀ ਹੈ।

## ਸਾਧੂ ਸੰਗਤਿ ਤਉ ਬਸੈ; ਜਉ ਆਪਨ ਹੋਹਿ ਦਇਆਲ ॥

ਸਾਧੂ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਤਉ = ਤਾਂ ਹੀ ਕੋਈ ਬਸੈ = ਵਸਦਾ ਹੈ, ਜਉ = ਜੇ ਆਪਨ = ਆਪ ਪਰਮੇਸ਼ਰ ਦਇਆਲ = ਦਇਆਲੂ ਹੋਹਿ = ਹੋਵੇ।

## ਟੋਹੇ ਟਾਹੇ ਬਹੁ ਭਵਨ; ਬਿਨੁ ਨਾਵੈ ਸੁਖੁ ਨਾਹਿ ॥

ਬਹੁ = ਬਹੁਤ ਭਵਨ = ਲੋਕ ਟੋਹੇ ਟਾਹੇ = ਦੇਖੇ ਭਾਲੇ, ਟੋਅ ਟਾਅ ਕੇ **ਵਾ:** ਖੋਜ ਖੋਜ ਕੇ ਵੇਖੇ ਹਨ **ਵਾ:** ਬੁਲੰਦ ਅਵਾਜ਼ ਬੋਲ ਬੋਲ ਕੇ ਬਹੁ = ਬਹੁਤ ਭਵਨਾਂ ਨੂੰ ਵੇਖਿਆ ਹੈ, ਪਰ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਕਿਤੇ ਵੀ ਸੁਖ ਨਾਹਿ = ਨਹੀਂ ਹੈ।

## ਟਲਹਿ ਜਾਮ ਕੇ ਦੂਤ ਤਿਹ; ਜੁ ਸਾਧੂ ਸੰਗਿ ਸਮਾਹਿ ॥

ਤਿਹ = ਉਨ੍ਹਾਂ ਨੂੰ ਜਾਮ = ਜਮ ਕੇ = ਦੇ ਦੂਤ ਟਲਹਿ = ਛੱਡ ਜਾਂਦੇ ਹਨ, ਜੁ = ਜਿਹੜੇ ਸਾਧੂ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਵਿਚ ਪ੍ਰੇਮ ਕਰ ਕੇ ਸਮਾਹਿ = ਸਮਾ ਜਾਂਦੇ ਹਨ।

## ਬਾਰਿ ਬਾਰਿ ਜਾਉ; ਸੰਤ ਸਦਕੇ ॥ ਨਾਨਕ; ਪਾਪ ਬਿਨਾਸੇ ਕਦਿ ਕੇ ॥੨੭॥

ਇਸ ਲਈ ਮੈਂ ਸੰਤ = ਮਹਾਤਮਾ ਜਨਾਂ ਦੇ ਉਪਰੋਂ ਬਾਰਿ ਬਾਰਿ = ਬਾਰੰਬਾਰ ਭਾਵ ਮੁੜ ਮੁੜ ਕੇ ਸਦਕੇ = ਬਲਿਹਾਰ ਕੁਰਬਾਨ ਜਾਉ = ਜਾਂਦਾ ਹਾਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਤਿਗੁਰਾਂ ਦੇ ਮਿਲਣੇ ਕਰ ਕੇ ਉਨ੍ਹਾਂ ਦੇ ਕਦਿ ਕੇ = ਕਦੋਂ ਦੇ ਭਾਵ ਚਿਰੰਕਾਲ ਦੇ ਪਾਪ = ਗੁਨਾਹ ਬਿਨਾਸੇ = ਨਾਸ ਹੋ ਗਏ ॥੨੭॥

## ਸਲੋਕੁ ॥ ਠਾਕ ਨ ਹੋਤੀ ਤਿਨਹੁ ਦਰਿ; ਜਿਹ ਹੋਵਹੁ ਸੁਪ੍ਰਸੰਨ ॥

ਤਿਨਹੁ = ਤਿਨ੍ਹਾਂ ਨੂੰ ਹਰੀ ਦੀ ਦਰਿ = ਦਰਗਹ ਵਿਚ ਕੋਈ ਠਾਕਿ = ਰੋਕ ਨ = ਨਹੀਂ ਹੋਤੀ = ਹੁੰਦੀ, ਜਿਨ੍ਹਾਂ ਉੱਤੇ ਸੁ = ਉਹ ਪਰਮੇਸ਼ਰ ਪ੍ਰਸੰਨ = ਖ਼ੁਸ਼ ਹੋਵਹੁ = ਹੁੰਦਾ ਹੈ **ਵਾ:** ਤਿਨਹੁ = ਤਿਨ੍ਹਾਂ ਨੂੰ ਪਰਮੇਸ਼ਰ ਦੇ ਗਿਆਨ ਰੂਪ ਦਰ 'ਤੇ ਇਸਥਿਤ ਹੋਣ ਵਾਸਤੇ ਸਾਧਸੰਗਤ ਰੂਪ ਦਰ ਵਿਚ ਕੋਈ ਠਾਕਿ = ਰੋਕ ਨ = ਨਹੀਂ ਹੋਤੀ = ਹੁੰਦੀ।

**[ਅੰਗ ੨੫੬]**

## ਜੋ ਜਨ ਪ੍ਰਭਿ ਅਪੁਨੇ ਕਰੇ; ਨਾਨਕ ਤੇ ਧਨਿ ਧੰਨਿ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ = ਜਿਹੜੇ ਜਨ = ਜੀਵ ਪ੍ਰਭ = ਹਰੀ ਵਾਹਿਗੁਰੂ ਨੇ ਅਪੁਨੇ = ਆਪਣੇ ਕਰੇ = ਬਣਾ ਲਏ ਹਨ, ਉਹ ਮਨ, ਬਾਣੀ, ਸਰੀਰ ਕਰਕੇ ਧਨਿ = ਧੰਨਤਾ ਯੋਗ ਹਨ ਤੇ = ਅਤੇ ਉਨ੍ਹਾਂ ਦੇ ਮਾਤਾ ਪਿਤਾ ਵੀ ਧੰਨਿ = ਧੰਨਤਾ ਦੇ ਯੋਗ ਹਨ ॥੧॥

## ਪਉੜੀ ॥ ਠਠਾ; ਮਨੂਆ ਠਾਹਹਿ ਨਾਹੀ ॥ ਜੋ ਸਗਲ ਤਿਆਗਿ; ਏਕਹਿ ਲਪਟਾਹੀ ॥

ਠੱਠੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਉਹ ਪੁਰਖ ਕਿਸੇ ਦੇ ਮਨੂਆ = ਮਨ ਨੂੰ ਠਾਹਹਿ = ਢਾਹੁੰਦੇ ਨਾਹੀ = ਨਹੀਂ ਭਾਵ ਕਿਸੇ ਨੂੰ ਦੁੱਖ ਨਹੀਂ ਦਿੰਦੇ ਜੋ = ਜਿਹੜੇ ਪੁਰਸ਼ ਸਗਲ = ਸਭ ਧਿਆਨਾਂ ਨੂੰ ਤਿਆਗਿ = ਛੱਡ ਕੇ ਏਕਹਿ = ਇਕ ਵਾਹਿਗੁਰੂ ਵਿਚ ਲਪਟਾਹੀ = ਲੰਪਟ ਭਾਵ ਮਿਲਦੇ ਹਨ।

## ਠਹਕਿ ਠਹਕਿ; ਮਾਇਆ ਸੰਗਿ ਮੂਏ ॥ ਉਆ ਕੈ ਕੁਸਲ; ਨ ਕਤਹੂ ਹੂਏ ॥

ਜੋ ਜੀਵ ਮਾਇਆ ਦੇ ਸੰਗਿ = ਨਾਲ ਠਹਕਿ ਠਹਕਿ = ਲੱਗ ਲੱਗ ਕੇ ਭਾਵ ਠੋਕਰਾਂ ਖਾ ਖਾ ਕੇ ਮੂਏ = ਮਰੇ ਹਨ। ਉਆ = ਉਨ੍ਹਾਂ ਪੁਰਖਾਂ ਕੈ = ਦੇ ਤਾਈਂ ਕਤਹੂ = ਕਦੇ ਕੁਸਲ = ਸੁਖ ਪ੍ਰਾਪਤ ਨ = ਨਹੀਂ ਹੂਏ = ਹੁੰਦਾ।

## ਠਾਂਢਿ ਪਰੀ; ਸੰਤਹ ਸੰਗਿ ਬਸਿਆ ॥ ਅੰਮ੍ਰਿਤ ਨਾਮੁ; ਤਹਾ ਜੀਅ ਰਸਿਆ ॥

ਉਨ੍ਹਾਂ ਦੇ ਮਨ ਵਿਚ ਠਾਂਢਿ = ਸ਼ਾਂਤੀ ਪਰੀ = ਪਈ ਹੈ, ਜੋ ਸੰਤਹ = ਸੰਤ ਜਨਾਂ ਦੀ ਸੰਗਤ ਨਾਲ ਬਸਿਆ = ਵਸੇ, ਇਸਥਿਤ ਹੋਏ ਹਨ, ਭਾਵ ਜਿਨ੍ਹਾਂ ਦਾ ਮਨ ਸਤਿਸੰਗਤ ਵਿਚ ਵਸਿਆ ਹੈ। ਉਨ੍ਹਾਂ ਦਾ ਤਹਾ = ਉਸ ਸਤਿਸੰਗਤ ਵਿਚ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਨਾਮ ਜਪਣੇ ਕਰਕੇ ਜੀਅ = ਚਿਤ ਰਸਿਆ = ਰਸੀਆ ਹੋ ਗਿਆ ਹੈ, ਭਾਵ ਉਨ੍ਹਾਂ ਦਾ ਹਿਰਦਾ ਨਾਮ ਵਿਚ ਤਦਾਕਾਰ ਹੋਇਆ ਹੈ।

## ਠਾਕੁਰ ਅਪੁਨੇ; ਜੋ ਜਨੁ ਭਾਇਆ ॥ ਨਾਨਕ; ਉਆ ਕਾ ਮਨੁ ਸੀਤਲਾਇਆ ॥੨੮॥

ਜੋ = ਜਿਹੜੇ ਜਨੁ = ਪੁਰਸ਼ ਆਪਣੇ ਠਾਕੁਰ = ਸੁਆਮੀ ਮਾਲਕ ਪਰਮੇਸ਼ਰ ਨੂੰ ਭਾਇਆ = ਭਾਅ ਗਏ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਆ = ਉਨ੍ਹਾਂ ਕਾ = ਦਾ ਮਨੁ = ਅੰਤਸ਼ਕਰਣ ਵਿਕਾਰਾਂ ਦੀ ਤਪਸ਼ ਵੱਲੋਂ ਸੀਤਲਾਇਆ = ਸੀਤਲ ਭਾਵ ਠੰਢਾ ਹੋ ਗਿਆ ਹੈ॥੨੮॥

## ਸਲੋਕੁ[੧] ॥ ਡੰਡਉਤਿ ਬੰਦਨ, ਅਨਿਕ ਬਾਰ; ਸਰਬ ਕਲਾ ਸਮਰਥ ॥

ਹੇ ਸਰਬ = ਸਾਰੀਆਂ ਕਲਾ = ਸ਼ਕਤੀਆਂ ਕਰ ਕੇ ਸਮਰੱਥ ਪਰਮੇਸ਼ਰ! ਆਪ ਜੀ ਨੂੰ ਅਨਿਕ = ਅਨੇਕ ਬਾਰ ਡੰਡਉਤਿ = ਡੰਡੇਵਤ ਪੈ ਕੇ ਬੰਦਨਾ = ਨਮਸ਼ਕਾਰ ਹੈ, ਅਰਥਾਤ ਡੰਡੇ ਦੀ ਨਿਆਈਂ ਜ਼ਮੀਨ 'ਤੇ ਸਿੱਧਾ ਲਿਟ ਕੇ ਆਪ ਜੀ ਨੂੰ ਮੱਥਾ ਟੇਕਦਾ ਹਾਂ।

## ਡੋਲਨ ਤੇ, ਰਾਖਹੁ ਪ੍ਰਭੂ; ਨਾਨਕ ਦੇ ਕਰਿ ਹਥ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ = ਵਾਹਿਗੁਰੂ ਕਿਰਪਾ ਰੂਪੀ ਹੱਥ ਦੇ ਕੇ ਸਾਡੇ ਮਨ ਨੂੰ ਡੋਲਨ = ਭਟਕਣ ਤੇ = ਤੋਂ ਰਾਖਹੁ = ਰੱਖਣਾ ਕਰਿ = ਕਰੋ ॥੧॥

ਚਾਰ ਪ੍ਰਕਾਰ ਦੇ ਮੰਗਲ ਹੁੰਦੇ ਹਨ, ੧. ਅਸ਼ੀਰਵਾਦ ਮੰਗਲ; ੨. ਨਮਸਕਾਰ ਮੰਗਲ; ੩. ਵਸਤੂ ਨਿਰਦੇਸ਼ ਮੰਗਲ; ੪. ਆਤਮ ਚਿੰਤਨ ਮੰਗਲ।

ਇਸ ਸਲੋਕ ਵਿਚ ਗੁਰੂ ਜੀ ਨੇ ਚਾਰ ਪ੍ਰਕਾਰ ਦਾ ਮੰਗਲ ਕਥਨ ਕੀਤਾ ਹੈ।

**ਡੰਡਉਤਿ ਬੰਦਨ ਅਨਿਕ ਬਾਰ ॥** ਇਹ ਨਮਸਕਾਰ ਆਤਮਿਕ ਮੰਗਲ ਹੈ, ਨਮਸਤਕ ਰੂਪ ਮੰਗਲ ਹੈ।

**ਸਰਬ ਕਲਾ ਸਮਰਥ ॥** ਇਹ ਵਸਤੂ ਨਿਰਦੇਸ਼ ਮੰਗਲ ਹੈ। ਨਿਰਗੁਣ ਤੇ ਸਰਗੁਣ ਸਰੂਪ ਦੋ ਵਸਤੂਆਂ ਮੰਨ ਕੇ ਉਸਤਤਿ ਨਿਰਣਾ ਰੂਪ ਮੰਗਲ ਹੈ।

---

੧. *ਨੋਟ:* ਇਹ ਬਾਵਨ ਅੱਖਰੀ ਦੇ ਮੱਧ ਦਾ ਮੰਗਲ ਕਰਦੇ ਹਨ, ਡੱਡੇ ਅੱਖਰ ਤੇ ਮੱਧ ਲਾਉਂਦੇ ਹਨ।

**ਡੋਲਨ ਤੇ ਰਾਖਹੁ ਪ੍ਰਭੂ ਨਾਨਕ ॥** ਇਹ ਅਸ਼ੀਰਵਾਦ ਆਤਮਕ ਮੰਗਲ ਹੈ, ਅਸ਼ੀਰਵਾਦ ਰੂਪ ਮੰਗਲ ਹੈ।

**ਦੇ ਕਰ ਹਥ ॥** ਆਤਮ ਚਿੰਤਨ ਰੂਪ ਮੰਗਲ ਹੈ, ਜਿਵੇਂ ਹੱਥ 'ਤੇ ਹੱਥ ਰੱਖਿਆਂ ਅਤਿਅੰਤ ਨੇੜੇ ਹੁੰਦਾ ਹੈ, ਜਿਵੇਂ ਦੋਵੇਂ ਹੱਥ ਅਲੱਗ-ਅਲੱਗ ਦੂਰ ਹਨ, ਜਦੋਂ ਹੱਥ ਦੇ ਉੱਪਰ ਹੱਥ ਰੱਖ ਲਈਏ ਤਾਂ ਦੋਵੇਂ ਹੱਥ ਇਕ ਦੂਜੇ ਦੇ ਬਹੁਤ ਨੇੜੇ ਹੋ ਜਾਂਦੇ ਹਨ, ਏਸੇ ਤਰ੍ਹਾਂ ਆਤਮਾ ਨੂੰ ਗਿਆਨ ਦੁਆਰਾ ਬ੍ਰਹਮ ਰੂਪ ਕਰਕੇ ਚਿੰਤਨ ਕਰਨਾ ਹੀ ਆਤਮ ਚਿੰਤਨ ਹੈ। ਇਉਂ ਆਤਮਾ ਨੂੰ ਨੇੜੇ ਤੋਂ ਨੇੜੇ ਆਪਣਾ ਸਰੂਪ ਜਾਣ ਕੇ ਉਸ ਦਾ ਚਿੰਤਨ ਕਰਨਾ, ਇਹ ਆਤਮ ਚਿੰਤਨ ਮੰਗਲ ਹੈ।

## ਪਉੜੀ ॥ ਡਡਾ, ਡੇਰਾ ਇਹੁ ਨਹੀ; ਜਹ ਡੇਰਾ ਤਹ ਜਾਨੁ ॥

ਡੱਡੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਇਹੁ = ਇਹ ਸੰਸਾਰ ਰੂਪੀ ਘਰ ਡੇਰਾ = ਰਹਿਣ ਦਾ ਥਾਂ ਨਹੀਂ, ਜਿਸ ਨੂੰ ਤੂੰ ਆਪਣਾ ਬਣਾ ਰਿਹਾ ਹੈਂ, ਜਹ = ਜਿਥੇ ਤੇਰਾ ਡੇਰਾ ਹੈ ਤਹ = ਤਿਸ ਪ੍ਰਲੋਕ ਨੂੰ ਜਾਨੁ = ਜਾਨਣਾ ਕਰ **ਵਾ:** ਇਹੁ = ਇਹ ਸਰੀਰ ਰੂਪੀ ਡੇਰਾ ਤੇਰਾ ਨਹੀਂ ਹੈ, ਜਹ = ਜੋ ਡੇਰਾ ਪਰਮਾਤਮਾ ਦਾ ਸਰੂਪ ਹੈ, ਤਹ = ਤਿਸ ਨੂੰ ਜਾਨੁ = ਜਾਨਣਾ ਕਰ, ਭਾਵ ਸਚਖੰਡ ਰੂਪ ਡੇਰੇ ਨੂੰ ਜਾਨੁ = ਜਾਨਣਾ ਕਰ।

## ਉਆ ਡੇਰਾ ਕਾ ਸੰਜਮੋ; ਗੁਰ ਕੈ ਸਬਦਿ ਪਛਾਨੁ ॥

ਉਆ = ਉਸ ਸਰੂਪ ਰੂਪੀ ਡੇਰੇ ਨੂੰ ਮਿਲਣ ਕਾ = ਦਾ ਇਹ ਸੰਜਮੋ = ਸਾਧਨ, ਉਪਾਅ ਹੈ ਕਿ ਗੁਰਾਂ ਕੈ = ਦੇ ਸਬਦਿ = ਉਪਦੇਸ਼ ਨੂੰ ਪਛਾਨੁ = ਪਛਾਨਣਾ ਕਰ।

## ਇਆ ਡੇਰਾ ਕਉ; ਸ੍ਰਮੁ ਕਰਿ ਘਾਲੈ ॥
## ਜਾ ਕਾ; ਤਸੂ ਨਹੀ ਸੰਗਿ ਚਾਲੈ ॥

ਇਆ = ਇਸ ਡੇਰੇ ਵਾਸਤੇ ਬੜੀਆਂ ਸ੍ਰਮੁ = ਤਕਲੀਫ਼ਾਂ ਕਰਿ = ਕਰ ਕੇ ਘਾਲੈ = ਕਮਾਉਂਦਾ ਹੈਂ **ਵਾ:** ਇਆ = ਇਸ ਸਰੀਰ ਰੂਪੀ ਡੇਰੇ ਕਉ = ਨੂੰ ਕਈ ਤਰ੍ਹਾਂ ਦੇ ਸ੍ਰਮੁ = ਕਸ਼ਟ ਕਰਿ = ਕਰ ਕੇ ਘਾਲੈ = ਪਾਉਂਦਾ ਹੈਂ। ਜਾ ਕਾ = ਜਿਸ ਤੇਰੇ (ਮਕਾਨਾਂ) ਦਾ ਤਸੂ[੧] = ਰੰਚਕ ਮਾਤਰ ਵੀ ਪਦਾਰਥ ਸੰਗਿ = ਨਾਲ ਨਹੀਂ ਚਾਲੈ = ਚੱਲਦਾ।

## ਉਆ ਡੇਰਾ ਕੀ; ਸੋ ਮਿਤਿ ਜਾਨੈ ॥ ਜਾ ਕਉ ਦ੍ਰਿਸਟਿ; ਪੂਰਨ ਭਗਵਾਨੈ ॥

ਉਆ = ਉਸ ਸਰੂਪ ਰੂਪੀ ਡੇਰੇ ਕੀ = ਦੀ ਮਿਤਿ = ਮਰਯਾਦਾ ਸੋ = ਉਹ ਪੁਰਖ ਜਾਨੈ = ਜਾਣਦਾ ਹੈ, ਜਾ ਕਉ = ਜਿਸ ਦੇ ਉੱਪਰ ਪੂਰਨ = ਵਿਆਪਕ ਭਗਵਾਨੈ = ਪਰਮੇਸ਼ਰ ਦੀ ਕਿਰਪਾ ਰੂਪੀ ਹੋਈ ਦ੍ਰਿਸਟਿ = ਨਦਰ ਹੋਈ ਹੈ।

## ਡੇਰਾ ਨਿਹਚਲੁ ਸਚੁ; ਸਾਧ ਸੰਗ ਪਾਇਆ ॥
## ਨਾਨਕ; ਤੇ ਜਨ, ਨਹ ਡੋਲਾਇਆ ॥੨੯॥

ਜਿਸ ਨੇ ਸਾਧਸੰਗ = ਸਤਿਸੰਗਤ ਦੁਆਰਾ ਸਚੁ = ਸੱਚਾ ਨਿਹਚਲੁ = ਅਚੱਲ ਸਰੂਪ ਰੂਪੀ ਡੇਰਾ ਪਾਇਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤੇ = ਉਨ੍ਹਾਂ ਜਨ = ਪੁਰਖਾਂ ਨੇ ਪਦਾਰਥਾਂ ਵਿਚ ਮਨ ਡੋਲਾਇਆ = ਡੋਲਣ ਨਹ = ਨਹੀਂ ਦਿੱਤਾ ॥੨੯॥

**ਡੋਲਨ ਤੇ ਚੂਕਾ ਠਹਰਾਇਆ ॥**
**ਸਤਿ ਮਾਹਿ ਲੇ ਸਤਿ ਸਮਾਇਆ ॥੧॥** *(ਰਾਮਕਲੀ ਮ: ੫, ਅੰਗ ੮੯੦)*

---

੧. ਚੌਵੀਂ ਤਸੂਆ ਦਾ ਇਮਾਰਤੀ ਗਜ ਹੁੰਦਾ ਹੈ ਜੋ ੩੨ ਇੰਚ ਦੇ ਬਰਾਬਰ ਹੁੰਦਾ ਹੈ।

## ਸਲੋਕੁ ॥ ਢਾਹਨ ਲਾਗੇ ਧਰਮਰਾਇ; ਕਿਨਹਿ ਨ ਘਾਲਿਓ ਬੰਧ ॥

(ਦੂਸਰਾ ਪਾਠ **ਢਾਹ ਨ ਲਾਗੇ**)

ਜਦੋਂ ਧਰਮਰਾਇ = ਜਮਰਾਜੇ ਦੇ ਦੂਤ ਆ ਕੇ ਸਰੀਰ ਰੂਪੀ ਮੰਦਰ ਨੂੰ ਢਾਹਨ = ਢਾਉਣ ਲਾਗੇ = ਲੱਗੇ, ਤਾਂ ਕਿਨਹਿ = ਕਿਸੇ ਸੰਬੰਧੀ ਨੇ ਵੀ ਬੰਧ = ਰੁਕਾਵਟ ਨ = ਨਹੀਂ ਘਾਲਿਓ = ਪਾਉਣਾ ਕੀਤੀ ਉਨ੍ਹਾਂ ਨੂੰ ਕਿਸੇ ਪ੍ਰਕਾਰ ਧਰਮਰਾਜ ਦੀ ਢਾਅ ਨਹੀਂ ਲੱਗਦੀ, ਭਾਵ ਨਾਸ਼ ਨਹੀਂ ਹੁੰਦਾ ਅਤੇ ਉਨ੍ਹਾਂ ਨੂੰ ਪ੍ਰਮਾਰਥ ਵੱਲ ਚੱਲਦਿਆਂ ਨੂੰ ਕਾਮ ਕ੍ਰੋਧ ਬੰਧ = ਰੋਕ ਨਹੀਂ ਪਾ ਸਕਦੇ।

## ਨਾਨਕ, ਉਬਰੇ ਜਪਿ ਹਰੀ; ਸਾਧਸੰਗਿ ਸਨਬੰਧ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਦਾ ਹਰੀ ਦੀ ਸਤਿਸੰਗਤ ਨਾਲ ਸਨਬੰਧ = ਮਿਲਾਪ ਹੋਇਆ ਹੈ, ਉਹ ਗੁਰਮੁਖ ਜਨ ਨਾਮ ਜਪ ਕੇ ਉਬਰੇ = ਬਚ ਗਏ ਹਨ ॥੧॥

## ਪਉੜੀ ॥ ਢਢਾ, ਢੂਢਤ ਕਹ ਫਿਰਹੁ; ਢੂਢਨੁ ਇਆ ਮਨ ਮਾਹਿ ॥

ਢੱਢੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਕਹ = ਕਿਥੇ ਪਰਮੇਸ਼ਰ ਨੂੰ ਢੂਢਤ = ਢੂੰਡਦੇ ਫਿਰਹੁ = ਫਿਰਦੇ ਹੋ ? ਇਆ = ਇਸ ਮਨੁ = ਅੰਤਸ਼ਕਰਣ ਮਾਹਿ = ਵਿਚ ਹੀ ਢੂਢਨ = ਖੋਜਣਾ ਕਰੋ, ਲੱਭਣਾ ਕਰੋ।

## ਸੰਗਿ ਤੁਹਾਰੈ ਪ੍ਰਭੁ ਬਸੈ; ਬਨੁ ਬਨੁ ਕਹਾ ਫਿਰਾਹਿ ॥

ਪ੍ਰਭੁ = ਹਰੀ ਅਕਾਲ ਪੁਰਖ ਵਾਹਿਗੁਰੂ ਤੁਹਾਰੈ = ਤੁਹਾਡੇ ਸੰਗਿ = ਨਾਲ ਬਸੈ = ਵਸਦਾ ਹੈ, ਇਸ ਕਰ ਕੇ ਬਨੁ ਬਨੁ = ਜੰਗਲ ਜੰਗਲ ਵਿਚ **ਵਾ:** ਬਨੁ ਬਨੁ = ਪਾਣੀ ਪਾਣੀਆਂ ਦੇ ਕਿਨਾਰੇ ਤੇ **ਵਾ:** ਬਨੁ ਬਨੁ = ਬਾਣੇ ਬਣ ਬਣਾ ਕੇ ਕਹਾ = ਕਿਥੇ ਭਟਕਦੇ ਫਿਰਾਹਿ = ਫਿਰਦੇ ਹੋ। ਜੈਸਾ ਕਿ :

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥**
**ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥** *(ਸਲੋਕ ਫਰੀਦ ਜੀ, ਪੰਨਾ ੧੩੭੮)*

## ਢੇਰੀ ਢਾਹਹੁ ਸਾਧਸੰਗਿ; ਅਹੰਬੁਧਿ ਬਿਕਰਾਲ ॥

ਸਾਧਸੰਗਿ = ਸ੍ਰੇਸ਼ਟ ਜਨਾਂ ਦੀ ਸੰਗਤ ਦੁਆਰਾ ਨਿਮਰਤਾ ਨੂੰ ਧਾਰਨ ਕਰਕੇ ਹੰਗਤਾ ਦੀ ਢੇਰੀ = ਕੰਧ (ਥੇਹ) ਨੂੰ ਢਾਹਹੁ = ਢਾਉਣਾ ਕਰੋ, ਕਿਉਂਕਿ ਅਹੰਬੁਧਿ = ਹੰਗਤਾ ਵਾਲੀ ਬੁੱਧੀ ਇਸ ਜੀਵ ਨੂੰ ਬਿਕਰਾਲ = ਭਿਆਨਕ ਕਰਨ ਵਾਲੀ ਹੈ।

## ਸੁਖੁ ਪਾਵਹੁ ਸਹਜੇ ਬਸਹੁ; ਦਰਸਨੁ ਦੇਖਿ ਨਿਹਾਲ ॥

ਸਹਜੇ = ਸ਼ਾਂਤੀ ਅਵਸਥਾ ਵਿਚ ਬਸਹੁ = ਵੱਸ ਕੇ ਆਤਮ ਸੁਖ ਪਾਵਹੁ = ਪਾਵੋਂਗੇ, ਭਾਵ ਸੁਭਾਵਿਕ ਹੀ ਪਰਮੇਸ਼ਰ ਵਿਚ ਵੱਸੋਗੇ ਅਤੇ ਦਰਸਨੁ = ਦੀਦਾਰ ਦੇਖਿ = ਵੇਖ ਕੇ ਨਿਹਾਲ = ਅਨੰਦਤ ਹੋਵੋਂਗੇ।

## ਢੇਰੀ, ਜਾ ਮੈ ਜਮਿ ਮਰੈ; ਗਰਭ ਜੋਨਿ ਦੁਖ ਪਾਇ ॥

(ਦੂਸਰਾ ਪਾਠ **ਜਾਮੈ**)

ਜਾ = ਜਿਸ ਜੀਵ ਦੇ ਹਿਰਦੇ ਮੈ = ਵਿਚ ਹੰਗਤਾ ਰੂਪੀ ਢੇਰੀ = ਥੇਹ ਜਮਿ = ਜੰਮੀ ਹੋਈ ਹੈ, ਉਹ ਜੰਮਦਾ ਮਰਦਾ ਹੈ ਅਤੇ ਮਾਤਾ ਦੇ ਗਰਭ = ਪੇਟ ਵਿਚ ਪੈ ਕੇ ਜੋਨਿ = ਜੂਨਾਂ 'ਚ ਆ ਕੇ ਦੁਖ = ਕਸ਼ਟ ਪਾਇ = ਪਾਉਂਦਾ ਹੈ।

## ਮੋਹ ਮਗਨ ਲਪਟਤ ਰਹੈ; ਹਉ ਹਉ ਆਵੈ ਜਾਇ ॥

ਜਦ ਤਕ ਮੋਹ = ਮੂਰਛਾ ਵਿਚ ਮਗਨ = ਮਸਤ ਹੋ ਕੇ ਵਿਸ਼ਿਆਂ ਵਿਚ ਲਪਟਤ = ਫਸਿਆ ਰਹੈ = ਰਹਿੰਦਾ ਹੈ ਅਤੇ ਤਦ ਤੱਕ ਇਹ ਜੀਵ ਹਉ ਹਉ = ਮੈਂ ਮੈਂ ਕਰਦਾ ਹੈ। ਜਨਮ ਧਾਰ ਕੇ ਆਵੈ = ਆਉਂਦਾ ਤੇ ਮਰ ਕੇ ਜਾਇ = ਜਾਂਦਾ ਰਹਿੰਦਾ ਹੈ।

## ਢਹਤ ਢਹਤ ਅਬ ਢਹਿ ਪਰੇ; ਸਾਧ ਜਨਾ ਸਰਨਾਇ ॥

ਇਸੇ ਡਰ ਕਰ ਕੇ ਦੁਖੀ ਹੋ ਕੇ ਢਹਤ ਢਹਤ = ਡਿੱਗਦੇ ਡਿੱਗਦੇ ਅਬ = ਹੁਣ ਸਾਧ = ਸ੍ਰੇਸ਼ਟ ਜਨਾਂ ਦੀ ਸਰਨਾਇ = ਓਟ ਵਿਚ ਢਹਿ = ਡਿਗ ਪਰੇ = ਪਏ ਹਨ **ਵਾ:** ਜਿਸ ਵੇਲੇ ਸਾਧ ਜਨਾਂ ਦੀ ਸਰਨਾਇ = ਓਟ ਵਿਚ ਢਹਿ = ਡਿੱਗ ਪਰੇ = ਪਏ ਤਾਂ ਢਹਤ = ਢਾਉਣ ਵਾਲੇ ਕਾਮ ਕ੍ਰੋਧਾਦਿਕ ਉਹ ਵੀ ਢਹਤ = ਢਹਿ ਗਏ।

## ਦੁਖ ਕੇ ਫਾਹੇ ਕਾਟਿਆ; ਨਾਨਕ ਲੀਏ ਸਮਾਇ ॥੩੦॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਦੇ ਗਲ ਵਿੱਚੋਂ ਜੰਮਣ ਮਰਨ ਰੂਪ ਦੁੱਖਾਂ ਕੇ = ਦੇ ਫਾਹੇ = ਫੰਦੇ ਕਾਟਿਆ = ਕੱਟ ਦਿੰਦੇ ਹਨ ਅਤੇ ਉਹ ਹਰੀ ਵਾਹਿਗੁਰੂ ਨੇ ਆਪਣੇ ਵਿਚ ਸਮਾਇ = ਅਭੇਦ ਕਰ ਲੀਏ = ਲਏ ਹਨ, ਭਾਵ ਮੇਲ ਲਏ ਹਨ ॥੩੦॥

## ਸਲੋਕੁ ॥ ਜਹ ਸਾਧੂ ਗੋਬਿਦ ਭਜਨੁ; ਕੀਰਤਨੁ ਨਾਨਕ ਨੀਤ ॥
## ਣਾ ਹਉ, ਣਾ ਤੂੰ, ਣਹ ਛੁਟਹਿ; ਨਿਕਟਿ ਨ ਜਾਈਅਹੁ ਦੂਤ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਧਰਮਰਾਜ ਦੂਤਾਂ ਨੂੰ ਕਹਿੰਦਾ ਹੈ ਜਹ = ਜਿਥੇ ਸਾਧੂ = ਸੰਤ ਜਨ ਗੋਬਿਦ = ਪਰਮਾਤਮਾ ਦਾ ਭਜਨੁ = ਸਿਮਰਨ ਕਰਦੇ ਹਨ ਅਤੇ ਨੀਤ = ਨਿਤਾਪ੍ਰਤੀ ਹਰੀ ਵਾਹਿਗੁਰੂ ਦਾ ਕੀਰਤਨੁ = ਜਸ ਕਰਦੇ ਹਨ। ਹੇ ਦੂਤੋ ਉਨ੍ਹਾਂ ਦੇ ਨਿਕਟਿ = ਨੇੜੇ ਨ = ਨਹੀਂ ਜਾਈਅਹੁ = ਜਾਣਾ, ਜੇ ਜਾਵੋਗੇ ਣਾ = ਨਾ ਤਾਂ ਹਉ = ਮੈਂ ਬਚਾਂਗਾ ਤੇ ਣਾ = ਨਾ ਹੀ ਤੂੰ = ਤੁਸੀਂ ਬਚੋਗੇ ਅਤੇ ਣਹ = ਨਾ ਹੀ ਆਪਣੀ ਜਮਪੁਰੀ ਛੁਟਹਿ = ਛੁਟੇਗੀ **ਵਾ:** ਣਹ = ਨਾ ਹੀ ਏਹ ਸੰਯਮਨੀ[1] ਪੁਰੀ ਛੁਟੇਗੀ। ਇਸ ਕਰ ਕੇ ਸੰਗਤ ਦੇ ਨੇੜੇ ਨਾ ਜਾਇਓ ॥੧॥

ਸਤਿਸੰਗਤ ਦੇ ਵਿਚ ਕੀਰਤਨ ਕਥਾ ਕਰਨ ਦਾ ਐਸਾ ਪ੍ਰਤਾਪ ਹੈ, ਇਸ ਪ੍ਰਥਾਇ ਇਕ ਸਾਖੀ ਹੈ।

**ਸਾਖੀ—ਭਾਈ ਪਰਾਣਾ ਜੀ :** ਗੁਰੂ ਨਾਨਕ ਸਾਹਿਬ ਜੀ ਦੇ ਅਨੰਤ ਸਿੱਖਾਂ ਵਿੱਚੋਂ ਇਕ ਭਾਈ ਪਰਾਣਾ ਨਾਮ ਦਾ ਸਿੱਖ ਹੋਇਆ ਹੈ, ਇਕ ਇਹੋ ਹੀ ਨਾਮ ਦਾ ਸਿੱਖ ਗੁਰੂ ਅਰਜਨ ਦੇਵ ਜੀ ਦੇ ਸਮੇਂ ਭੀ ਹੋਇਆ ਹੈ। ਇਥੇ ਸਾਖੀ ਗੁਰੂ ਨਾਨਕ ਦੇ ਸਿੱਖ ਭਾਈ ਪਰਾਣੇ ਦੀ ਹੈ। ਇਹ ਸਿੱਖ ਗੁਰੂ ਨਾਨਕ ਦੇਵ ਜੀ ਦੇ ਮਿਲਾਪ ਤੋਂ ਪਹਿਲਾਂ ਇਕ ਰੱਜਿਆ ਪੁੱਜਿਆ ਸ਼ਾਹੂਕਾਰ ਸੀ, ਹਰ ਵੇਲੇ ਮਾਇਆ ਦੀ ਦੌੜ ਵਿਚ ਲੱਗਿਆ ਰਹਿੰਦਾ ਸੀ, ਅਚਾਨਕ ਕਰਮ ਜਾਗੇ, ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰ ਕੇ ਮਾਇਆ ਦਾ ਪੜਦਾ ਦੂਰ ਹੋਇਆ ਅਤੇ ਬਚਨ ਸੁਣ ਕੇ ਪਰਲੋਕ ਦਾ ਭੈਅ ਪ੍ਰਤੀਤ ਹੋਣ ਲੱਗਾ। ਗੁਰੂ ਜੀ ਦੇ ਚਰਨ ਪਕੜ ਕੇ ਬੇਨਤੀ ਕੀਤੀ ਕਿ ਮੈਨੂੰ ਪਰਲੋਕ ਤੋਂ ਬਹੁਤ ਡਰ ਲੱਗਦਾ ਹੈ, ਮੇਰਾ ਭਲਾ ਕਿਵੇਂ ਹੋਵੇ ਤਾਂ ਸਤਿਗੁਰੂ ਜੀ ਨੇ ਕਿਹਾ ਜਿਹੜੀ ਮਾਇਆ ਪਾਪਾਂ ਨਾਲ ਇਕੱਠੀ ਕੀਤੀ ਹੈ, ਸਭ ਗ਼ਰੀਬਾਂ ਨੂੰ ਲੁਟਾ ਦੇ, ਤੇਰੀ ਧਰਮ ਕਿਰਤ ਮਾਇਆ ਦੇ ਅਸੀਂ ਜਾਮਨ ਹੋਵਾਂਗੇ। ਗੁਰੂ ਜੀ ਦਾ ਬਚਨ ਮੰਨ ਕੇ ਸਾਰੀ ਦੌਲਤ ਗ਼ਰੀਬਾਂ ਨੂੰ ਦੇ ਦਿੱਤੀ, ਪਰਿਵਾਰ ਨਰਾਜ਼ ਹੋ ਕੇ ਇਸ ਦਾ ਸਾਥ ਛੱਡ ਗਿਆ। ਗੁਰੂ ਜੀ ਇਸ ਨੂੰ ਪਰਮ ਪਦਵੀ ਦੇ ਕੇ ਅੱਗੇ ਚਲੇ ਗਏ, ਗੁਰੂ ਜੀ ਦੇ ਹੁਕਮ

---

੧. ਸਿੰਮ੍ਰਤੀਆਂ ਵਿਚ ਧਰਮਰਾਜੇ ਦੀ ਨਗਰੀ ਦਾ ਨਾਂ ਸੰਯਮਨੀ ਪੁਰੀ ਲਿਖਿਆ ਹੋਇਆ ਹੈ।

ਅਨੁਸਾਰ ਧਰਮ ਕਿਰਤ ਕਰਨੀ, ਵੰਡ ਛਕਣਾ ਤੇ ਹਰ ਸਮੇਂ ਜਾਪ ਕਰਦੇ ਰਹਿਣਾ, ਥੋੜੇ ਸਮੇਂ ਵਿਚ ਆਤਮ ਅਨੰਦ ਆਉਣ ਲੱਗਾ, ਇਸ ਨੇ ਇਕ ਨਿਯਮ ਬਣਾਇਆ ਕਿ ਕਿਰਤ ਦੇ ਨਾਲ ਨਾਲ ਪਰਮੇਸ਼ਰ ਦੀ ਸਿਫ਼ਤ ਸੁਣਨੀ ਜਾਂ ਕਰਨੀ ਵੀ ਜ਼ਰੂਰੀ ਹੈ। ਇਸ ਲਈ ਇਹ ਜਿਥੇ ਵੀ ਕਿਰਤ ਕਰਨ ਲਈ ਜਾਂਦਾ ਉਥੇ ਜਾਂ ਤਾਂ ਸਿਫ਼ਤ ਕਰਦਾ ਜਾਂ ਸੁਣਦਾ। ਇਕ ਸਰਕਾਰੀ ਮਾਮਲਾ ਉਗਰਾਹੁਣ ਵਾਲਾ ਕਰਮਚਾਰੀ ਮਾਮਲਾ ਉਗਰਾਹ ਰਿਹਾ ਸੀ। ਪਿੱਛੋਂ ਪਰਿਵਾਰ ਦੀ ਚਿੱਠੀ ਆਈ ਕਿ ਜਲਦੀ ਘਰੇ ਆ ਜਾਉ। ਚਿੱਠੀ ਮਿਲੀ ਤਾਂ ਰਾਤ ਦਾ ਸਮਾਂ ਸੀ, ਇਸ ਨੇ ਚੌਧਰੀ ਨੂੰ ਬੁਲਾਇਆ ਅਤੇ ਇਕ ਮਜ਼ਦੂਰ ਦੀ ਮੰਗ ਕੀਤੀ ਤਾਂ ਚੌਧਰੀ ਨੇ ਕਿਹਾ ਇਸ ਸਮੇਂ ਕਿਸੇ ਮਜ਼ਦੂਰ ਨੇ ਜਾਣ ਲਈ ਸਹਿਮਤ ਨਹੀਂ ਹੋਣਾ ਕਿਉਂਕਿ ੧੪(ਚੌਦਾਂ) ਕੋਹਾਂ 'ਤੇ ਨਗਰ ਹੈ ਅਤੇ ਵਿਚਕਾਰ ਦਰਿਆ ਹੈ, ਪਰ ਇਕ ਗੁਰੂ ਨਾਨਕ ਦੇਵ ਜੀ ਦਾ ਸਿੱਖ ਹੈ, ਉਸ ਨੂੰ ਪੁੱਛ ਲੈਂਦੇ ਹਾਂ। ਚੌਧਰੀ, ਭਾਈ ਪਰਾਣੇ ਕੋਲ ਆਇਆ ਅਤੇ ਸਰਕਾਰੀ ਕਰਮਚਾਰੀ ਦੀ ਮੁਸ਼ਕਲ ਦੱਸੀ, ਭਾਈ ਪਰਾਣੇ ਨੇ ਕਿਹਾ ਕਿ ਮੈਨੂੰ ਰਾਤ ਨੂੰ ਮਜ਼ਦੂਰੀ ਕਰਨ ਦੀ ਕੋਈ ਲੋੜ ਤਾਂ ਨਹੀਂ, ਪਰ ਇਸ ਜੀਵ ਦੇ ਭਲੇ ਲਈ ਮੈਂ ਜਾਣ ਲਈ ਤਿਆਰ ਹਾਂ, ਕਰਮਚਾਰੀ ਦਾ ਭਾਰ ਚੁੱਕਿਆ, ਜਦੋਂ ਦੋ ਕੋਹਾਂ 'ਤੇ ਪਹੁੰਚਿਆ ਤਾਂ ਸਿੱਖ ਨੂੰ ਆਪਣਾ ਨਿਯਮ ਯਾਦ ਆਇਆ ਤੇ ਪਸ਼ਚਾਤਾਪ ਕਰਨ ਲੱਗਾ ਕਿ ਧਿਰਕਾਰ ਐਸੀ ਕਿਰਤ ਨੂੰ ਜਿਸ ਨੇ ਪਰਮਾਤਮਾ ਭੁਲਾ ਦਿੱਤਾ ਹੈ। ਉਸ ਦਾ ਸਾਮਾਨ ਧਰਤੀ 'ਤੇ ਰੱਖ ਕੇ ਕਹਿਣ ਲੱਗਾ ਕਿ ਮੈਨੂੰ ਐਸੀ ਕਿਰਤ ਦੀ ਲੋੜ ਨਹੀਂ। ਮੁਨਸ਼ੀ ਨੇ ਕਿਹਾ ਕਿ ਮਜਦੂਰੀ ਵੱਧ ਦੇ ਦੇਵਾਂਗਾ, ਪਰ ਤੂੰ ਮੇਰਾ ਸਾਮਾਨ ਚੁੱਕ, ਭਾਈ ਸਾਹਿਬ ਕਹਿਣ ਲੱਗੇ ਕਿ ਮਜ਼ਦੂਰੀ ਦੀ ਬਾਤ ਨਹੀਂ, ਮੇਰਾ ਮਜ਼ਦੂਰੀ ਕਰਨ ਵੇਲੇ ਨਿਯਮ ਹੈ ਕਿ ਰੱਬ ਦੀ ਕੀਰਤੀ ਆਪ ਸੁਣਨੀ ਜਾਂ ਕਿਸੇ ਨੂੰ ਸੁਣਾਉਣੀ। ਉਸ ਮੁਨਸ਼ੀ ਨੇ ਕਿਹਾ ਕਿ ਮੈਂ ਸਿਫ਼ਤ ਕਰਨੀ ਜਾਣਦਾ ਤਾਂ ਨਹੀਂ ਪਰ ਸੁਣ ਜ਼ਰੂਰ ਲਵਾਂਗਾ। ਇਉਂ ਪਰਮਾਤਮਾ ਦੀ ਸਿਫ਼ਤ ਕਰਦੇ ਘਰ ਪਹੁੰਚੇ, ਅਰਾਮ ਲਈ ਆਸਣ ਦਿੱਤਾ, ਸਿੱਖ ਅੰਮ੍ਰਿਤ ਵੇਲੇ ਉੱਠ ਕੇ ਪਰਮਾਤਮਾ ਦੀ ਬੰਦਗੀ ਵਿਚ ਲੱਗਾ, ਵਾਪਸ ਮੁੜਨ ਵੇਲੇ ਉਸ ਮੁਨਸ਼ੀ ਨੇ ਚਾਰ ਪੈਸੇ ਮਜ਼ਦੂਰੀ ਦੇ ਕੇ ਵਿਦਾ ਕੀਤਾ ਤਾਂ ਭਾਈ ਪਰਾਣਾ ਉਥੋਂ ਚੱਲ ਕੇ ਥੋੜੀ ਦੂਰ ਪਰਤਿਆ ਸੀ, ਚੇਤਾ ਆਇਆ ਇਸ ਦਾ ਭਲਾ ਕਰ ਚੱਲੀਏ। ਵਾਪਸ ਆ ਕੇ ਉਸ ਨੂੰ ਪੁੱਛਿਆ ਕਿ ਤੇਰੀ ਉਮਰ ਕਿਤਨੀ ਹੈ ? ਉਸ ਨੇ ਹੈਰਾਨ ਹੋ ਕੇ ਦੱਸਿਆ, ਉਮਰ ਤਾਂ ੬੦ ਵਰ੍ਹਿਆਂ ਦੀ ਹੈ, ਪਰ ਮੇਰੀ ਉਮਰ ਪੁੱਛਣ ਦੀ ਤੈਨੂੰ ਕੀ ਲੋੜ ਪੈ ਗਈ, ਤਾਂ ਭਾਈ ਪਰਾਣਾ ਜੀ ਨੇ ਕਿਹਾ ਕਿ ਮੈਂ ਤੇਰੇ ਘਰ ਦਾ ਅੰਨ ਪਾਣੀ ਖਾਧਾ ਹੈ, ਪਰਲੋਕ ਵਿਚ ਤੇਰੀ ਹੁਣ ਤੱਕ ਭੋਗੀ ਉਮਰ ਗ਼ੈਰ-ਹਾਜ਼ਰੀ ਵਿਚ ਲੰਘੀ ਹੈ, ਲੇਖੇ ਵਿਚ ਨਹੀਂ। ਪਰ ਅੱਜ ਰਾਤ ਦਾ ਕੀਤਾ ਸਤਿਸੰਗ ਲੇਖੇ ਵਿਚ ਪੈ ਗਿਆ ਹੈ, ਅੱਜ ਦੀ ਚਾਰ ਘੜੀ ਸਤਿਸੰਗ ਨੇ ਤੇਰਾ ਭਲਾ ਕਰਨਾ ਹੈ। ਅੱਜ ਤੋਂ ਅੱਠਵੇਂ ਦਿਨ ਤੇਰੀ ਮੌਤ ਹੋ ਜਾਵੇਗੀ। ਧਰਮਰਾਜੇ ਦੇ ਪੇਸ਼ੀ ਪਵੇਗੀ, ਜਮਦੂਤ ਲੈ ਕੇ ਜਾਣਗੇ, ਜਦੋਂ ਚਿੱਤਰਗੁਪਤ ਦੇ ਲਿਖੇ ਲੇਖੇ ਅਨੁਸਾਰ ਤੈਨੂੰ ਧਰਮਰਾਜ ਹੁਕਮ ਕਰੇਗਾ, ਉਹ ਪੁੱਛੇਗਾ ਕਿ ਬਾਕੀ ਉਮਰ ਦੇ ਕੀਤੇ ਕਰਮਾਂ ਅਨੁਸਾਰ ਤੂੰ ਨਰਕਾਂ ਦਾ ਅਧਿਕਾਰੀ ਹੈਂ, ਪਰ ਇਕ ਰਾਤ ਦਾ ਸਤਿਸੰਗ ਕੀਤਾ ਹੈ, ਸਤਿਸੰਗ ਦਾ ਮਹਾਤਮ ਪਹਿਲਾਂ ਲੈਣਾ ਹੈ ਜਾਂ ਨਰਕਾਂ ਦੀ ਸਜ਼ਾ ਪਹਿਲਾ ਲੈਣੀ ਹੈ ? ਤਾਂ ਤੂੰ ਕਹੀਂ ਕਿ ਪਹਿਲਾਂ ਸਤਿਸੰਗ ਦਾ ਮਹਾਤਮ ਬੈਕੁੰਠ ਪ੍ਰਾਪਤੀ ਚਾਹੀਦੀ ਹੈ। ਇਹ ਸ਼ਖ਼ਸ ਬਹੁਤ ਡਰਿਆ, ਕਹਿਣ ਲੱਗਾ ਫੇਰ ਕੀ ਹੋਵੇਗਾ ? ਭਾਈ ਪਰਾਣਾ ਨੇ ਕਿਹਾ ਕਿ ਮੈਂ ਕੱਲ ਤੋਂ ਅਗਲੇ ਦਿਨ ਯਾਨਿ ਪਰਸੋਂ ਨੂੰ ਬੈਕੁੰਠ ਗਵਨ ਕਰ ਜਾਣਾ ਹੈ। ਤੈਨੂੰ ਉਥੇ ਸੰਭਾਲਾਂਗਾ। ਮੁਨਸ਼ੀ ਦੀ ਅੱਠਵੇਂ ਦਿਨ ਮੌਤ ਹੋਈ, ਧਰਮਰਾਜੇ ਦੀ ਕਚਹਿਰੀ ਵਿਚ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵੱਲੋਂ ਗ਼ੈਰ-ਹਾਜ਼ਰੀ ਮਿਲੀ, ਤੇਰੇ ਕਰਮਾਂ ਦੇ ਬਦਲੇ ਤੈਨੂੰ ਲੰਮੇ ਸਮੇਂ ਲਈ ਨਰਕਾਂ ਦੀ ਸਜ਼ਾ ਮਿਲੇਗੀ, ਪਰ ਇਕ ਸਤਿ ਕਰਮ ਨਿਕਲਿਆ ਹੈ। ਤੂੰ ਦੱਸ ਕਿ ਪਾਪ ਕਰਮ ਦਾ ਫਲ ਪਹਿਲਾਂ ਲੈਣਾ ਹੈ ਕਿ ਸਤਿਸੰਗ ਦਾ। ਮੁਨਸ਼ੀ ਨੇ ਭਾਈ ਪਰਾਣੇ ਦੀ ਗੱਲ ਚੇਤੇ ਕਰਦਿਆਂ ਕਿਹਾ ਕਿ ਸਤਿਸੰਗ ਦਾ ਮਹਾਤਮ ਪਹਿਲਾਂ ਲੈਣਾ ਹੈ। ਦੂਤ ਬੈਕੁੰਠ ਧਾਮ ਤੋਂ ਕਾਫ਼ੀ ਦੂਰ ਰੁਕੇ ਤੇ ਕਿਹਾ ਜਲਦੀ ਆ ਜਾਵੀਂ, ਨਹੀਂ ਸਜ਼ਾ ਹੋਰ ਵੀ ਭਿਆਨਕ ਮਿਲੇਗੀ। ਅੱਗੇ ਗਿਆ ਤਾਂ ਭਾਈ ਪਰਾਣਾ ਜੀ ਬੈਕੁੰਠ ਧਾਮ ਦਾ ਅਨੰਦ ਮਾਣ ਰਹੇ ਸਨ। ਭਾਈ ਪਰਾਣੇ ਨੇ

ਕੋਲ ਬਿਠਾਇਆ, ਨਿਸਚਤ ਸਮਾਂ ਪੂਰਾ ਹੋਣ 'ਤੇ ਵਾਰ ਵਾਰ ਮੁਨਸ਼ੀ ਪਿੱਛੇ ਨੂੰ ਦੇਖ ਰਿਹਾ ਸੀ, ਜਦੋਂ ਉੱਠ ਕੇ ਜਾਣ ਲੱਗਾ ਤਾਂ ਭਾਈ ਪਰਾਣੇ ਨੇ ਕਿਹਾ ਕਿ ਹੁਣ ਕਿਥੇ ਚਲਿਆ ਹੈਂ ? ਉਸ ਨੇ ਕਿਹਾ ਕਿ ਜਮਦੂਤਾਂ ਦੇ ਕਹੇ ਅਨੁਸਾਰ ਹੁਣ ਮੈਨੂੰ ਇਥੋਂ ਜਾਣਾ ਪਵੇਗਾ, ਨਹੀਂ ਤਾਂ ਉਹ ਆਪ ਇਥੋਂ ਲੈ ਜਾਣਗੇ ਤਾਂ ਭਾਈ ਪਰਾਣੇ ਨੇ ਕਿਹਾ ਕਿ ਜਮਦੂਤ ਤਾਂ ਕੀ ਉਨ੍ਹਾਂ ਦਾ ਮਾਲਕ ਧਰਮਰਾਜ ਵੀ ਤੈਨੂੰ ਇਥੋਂ ਲਿਜਾ ਨਹੀਂ ਸਕਦਾ। ਧਰਮਰਾਜ ਨੂੰ ਸ਼ਿਕਾਇਤ ਕੀਤੀ ਕਿ ਮੁਨਸ਼ੀ ਧੋਖਾ ਦੇ ਕੇ ਨਿਕਲ ਗਿਆ ਹੈ, ਜੇ ਹੁਕਮ ਹੋਵੇ ਤਾਂ ਉਥੋਂ ਪਕੜ ਕੇ ਲੈ ਆਈਏ ? ਤਾਂ ਧਰਮਰਾਜੇ ਨੇ ਕਿਹਾ ਕਿ ਜੇਕਰ ਐਸੀ ਗ਼ਲਤੀ ਕੀਤੀ ਤਾਂ ਸਾਰੇ ਬੱਧੀ ਦੇ ਮਰਜਾਂਗੇ, ਨਾ ਮੇਰਾ ਅਤੇ ਨਾ ਹੀ ਤੁਹਾਡਾ ਛੁਟਕਾਰਾ ਹੋਵੇਗਾ, ਕਿਉਂਕਿ ਪਰਮੇਸ਼ਰ ਜੀ ਦਾ ਇਹ ਹੁਕਮ ਹੈ ਕਿ ਜਿਥੇ ਕੋਈ ਸੰਤ, ਭਗਤ ਗੋਬਿੰਦ ਦਾ ਕੀਰਤਨ ਅਤੇ ਭਜਨ ਕਰਦਾ ਹੈ, ਉਸ ਦੇ ਨੇੜੇ ਨਹੀਂ ਜਾਣਾ। ਇਸ ਪ੍ਰਸੰਗ ਨੂੰ ਧਿਆਨ ਵਿਚ ਰੱਖ ਕੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਇਹ ਸਲੋਕ ਉਚਾਰਨ ਕੀਤਾ ਹੈ, ਜੋ ਉੱਪਰ ਆ ਚੁੱਕਾ ਹੈ।

## ਪਉੜੀ ॥ ਣਾਣਾ, ਰਣ ਤੇ ਸੀਝੀਐ; ਆਤਮ ਜੀਤੈ ਕੋਇ ॥

ਣਾਣੇ ਦੁਆਰਾ ਕਥਨ ਕਰਦੇ ਹਨ ਕਿ ਜਿਹੜਾ ਕੋਇ = ਕੋਈ ਕਾਮ ਆਦਿਕ ਸ਼ਤਰੂਆਂ ਤੇ = ਤੋਂ ਰਣ = ਯੁੱਧ ਕਰ ਕੇ ਆਤਮ = ਮਨ ਨੂੰ ਜੀਤੈ = ਜਿੱਤਦਾ ਹੈ, ਉਹੀ ਪੁਰਸ਼ ਸੀਝੀਐ = ਕਲਿਆਣ ਨੂੰ ਪ੍ਰਾਪਤ ਹੁੰਦਾ ਹੈ।

## ਹਉਮੈ ਅਨ ਸਿਉ ਲਰਿ ਮਰੈ; ਸੋ ਸੋਭਾ ਦੂ ਹੋਇ ॥

(ਦੂਸਰਾ ਪਾਠ **ਸੋ ਸੋ ਭਾਦੂ ਹੋਇ**)

ਹਉਮੈ = ਹੰਗਤਾ ਤੇ ਅਨ = ਦ੍ਵੈਤ ਸਿਉ = ਨਾਲ ਲਰਿ = ਲੜ ਕਰ ਕੇ ਜੀਵਤ-ਭਾਵ ਤੋਂ ਮਰੈ = ਮਰ ਜਾਵੇ, ਸੋ = ਉਹ ਪੁਰਖ ਦੂ = ਦੋਹਾਂ ਲੋਕਾਂ ਵਿਚ **ਵਾ:** ਦੂ = ਦੂਣੀ ਚੌਣੀ ਸੋਭਾ = ਵਡਿਆਈ ਵਾਲਾ ਹੋਇ = ਹੁੰਦਾ ਹੈ **ਵਾ:** ਸੋ ਸੋ = ਉਹ ਉਹ ਪੁਰਖ ਭਾਦੂ = ਭਗੜ ਭਾਵ ਕਲਿਆਣ ਨੂੰ ਪ੍ਰਾਪਤ ਹੋਇ = ਹੁੰਦਾ ਹੈ।

## ਮਣੀ ਮਿਟਾਇ ਜੀਵਤ ਮਰੈ; ਗੁਰ ਪੂਰੇ ਉਪਦੇਸ ॥

ਜੋ ਪੂਰੇ = ਪੂਰਨ ਗੁਰ = ਸਤਿਗੁਰਾਂ ਦੇ ਉਪਦੇਸ = ਸ਼ੁਭ ਮੱਤ ਦੁਆਰਾ ਮਣੀ = ਮਨੌਤ (ਹੰਕਾਰ) ਨੂੰ ਮਿਟਾਇ = ਮਿਟਾ ਕੇ ਜੀਵਤ-ਭਾਵ ਤੋਂ ਮਰੈ = ਮਰਨਾ ਕਰੇ।

## ਮਨੂਆ ਜੀਤੈ ਹਰਿ ਮਿਲੈ; ਤਿਹ ਸੂਰਤਣ ਵੇਸ ॥

(**ਸੂਰੱਤਣ** ਦਾ ਉਚਾਰਣ ਅੱਧਕ ਸਹਿਤ ਹੈ)

ਉਨ੍ਹਾਂ ਨੂੰ ਹਰਿ = ਹਰੀ ਪਰਮੇਸ਼ਰ ਮਿਲੈ = ਮਿਲਿਆ ਹੈ, ਜਿਨ੍ਹਾਂ ਨੇ ਮਨੂਆ = ਮਨ ਜੀਤੈ = ਜੀਤਿਆ ਹੈ, ਤਿਹ = ਉਨ੍ਹਾਂ ਦਾ ਸੂਰਤਣ = ਸੂਰਮਿਆਂ ਵਾਲਾ ਵੇਸ = ਲਿਬਾਸ ਸਮਝੋ। ਉਹ ਬਹਾਦਰ ਹੈ, ਬਾਕੀ ਕਾਇਰ ਹਨ।

## ਣਾ ਕੋ ਜਾਣੈ ਆਪਣੋ; ਏਕਹਿ ਟੇਕ ਅਧਾਰ ॥

ਸੰਸਾਰ ਅੰਦਰ ਣਾ = ਨਾ ਕੋ = ਕੋਈ ਆਪਣੋ = ਆਪਣਾ ਜਾਣੈ = ਜਾਣੇ ਭਾਵ ਸਮਝੇ, ਏਕਹਿ = ਇਕ ਹਰੀ ਪਰਮੇਸ਼ਰ ਤੇ ਸਰੀਰ ਕਰ ਕੇ ਟੇਕ = ਓਟ ਰੱਖੇ ਅਤੇ ਮਨ ਕਰ ਕੇ ਵੀ ਇਕ ਵਾਹਿਗੁਰੂ ਦਾ ਆਧਾਰ = ਆਸਰਾ ਰੱਖੇ।

## ਰੈਣਿ ਦਿਨਸੁ ਸਿਮਰਤ ਰਹੈ; ਸੋ ਪ੍ਰਭੁ ਪੁਰਖੁ ਅਪਾਰ ॥

ਜੋ ਰੈਣਿ = ਰਾਤ ਦਿਨਸੁ = ਦਿਨ ਪਰਮੇਸ਼ਰ ਦੇ ਨਾਮ ਨੂੰ ਸਿਮਰਤ = ਸਿਮਰਦਾ ਰਹੈ = ਰਹਿੰਦਾ ਹੈ, ਉਹ ਸੋ = ਉਸ ਅਪਾਰ = ਪਾਰਾਵਾਰ ਤੋਂ ਰਹਿਤ ਪੁਰਖੁ = ਪੂਰਨ ਪ੍ਰਭੁ = ਪਰਮੇਸ਼ਰ ਦਾ ਰੂਪ ਹੀ ਹੋ ਜਾਂਦਾ ਹੈ।

## ਰੇਣ ਸਗਲ ਇਆ ਮਨੁ ਕਰੈ; ਏਊ ਕਰਮ ਕਮਾਇ ॥

ਇਆ = ਇਸ ਮਨੁ = ਅੰਤਸ਼ਕਰਣ ਨੂੰ ਸਗਲ = ਸਭ ਦੇ ਚਰਨਾਂ ਦੀ ਰੇਣ = ਧੂੜ ਬਣਾਉਣਾ ਕਰੈ = ਕਰੇ, ਏਊ = ਇਹੋ ਹੀ ਸ੍ਰੇਸ਼ਟ ਕਰਮਾਂ ਦਾ ਕਮਾਇ = ਕਮਾਉਣਾ ਹੈ।

## ਹੁਕਮੈ ਬੂਝੈ, ਸਦਾ ਸੁਖੁ; ਨਾਨਕ ਲਿਖਿਆ ਪਾਇ ॥੩੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਵਾਹਿਗੁਰੂ ਦੇ ਹੁਕਮੈ = ਆਦੇਸ਼ ਨੂੰ ਗੁਰਾਂ ਦੁਆਰਾ ਬੂਝੈ = ਬੁਝਣ ਨਾਲ ਸਦਾ = ਹਮੇਸ਼ਾ ਸੁਖ ਦੀ ਪ੍ਰਾਪਤੀ ਹੁੰਦੀ ਹੈ, ਪਰ ਹੁਕਮ ਦਾ ਬੁਝਣਾ ਪੂਰਬਲੇ ਸ੍ਰੇਸਟ ਕਰਮਾਂ ਦੇ ਲਿਖੇ ਅਨੁਸਾਰ ਹੀ ਪਾਇ = ਪਾਈਦਾ ਹੈ **ਵਾ:** ਵੇਦਾਂ ਸ਼ਾਸਤਰਾਂ ਨੇ ਲਿਖਿਆ = ਉਚਾਰਿਆ ਹੈ ਕਿ ਮਨੁੱਖਾ ਜਨਮ ਹੀ ਹਰੀ ਵਾਹਿਗੁਰੂ ਦੀ ਪਾਇ = ਪ੍ਰਾਪਤੀ ਦਾ ਸਾਧਨ ਹੈ। ਇਸ ਲਈ ਵਾਹਿਗੁਰੂ ਦੇ ਹੁਕਮ ਨੂੰ ਗੁਰ ਉਪਦੇਸ਼ ਦੁਆਰਾ ਬੂਝੈ = ਬੁੱਝ ਕੇ ਸਦਾ ਉਸ ਸੁਖੁ = ਅਨੰਦ ਸਰੂਪ ਨੂੰ ਪਾਉਣਾ ਕਰੋ ॥੩੧॥

## ਸਲੋਕੁ ॥ ਤਨੁ ਮਨੁ ਧਨੁ, ਅਰਪਉ ਤਿਸੈ; ਪ੍ਰਭੂ ਮਿਲਾਵੈ ਮੋਹਿ ॥

ਮੈ ਤਿਸੈ = ਉਸ ਸਤਿਗੁਰਾਂ ਨੂੰ ਆਪਣਾ ਤਨੁ = ਸਰੀਰ ਮਨੁ = ਅੰਤਸ਼ਕਰਣ ਧਨੁ = ਦੌਲਤ ਅਰਪਉ = ਅਪਰਣਾ ਕਰਾਂ, ਜੋ ਮੋਹਿ = ਮੇਰੇ ਤਾਈਂ ਪ੍ਰਭੂ = ਪਰਮੇਸ਼ਰ ਨੂੰ ਮਿਲਾਵੈ = ਮਿਲਾ ਦੇਵੇ।

## ਨਾਨਕ ਭ੍ਰਮ ਭਉ ਕਾਟੀਐ; ਚੂਕੈ ਜਮ ਕੀ ਜੋਹ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਕਰਕੇ ਪੰਜ ਪ੍ਰਕਾਰ ਭਰਮ ਤੇ ਸੱਤ ਪ੍ਰਕਾਰ ਦਾ ਭਉ = ਡਰ ਕਾਟੀਐ = ਕੱਟਿਆ ਜਾਵੇਗਾ ਅਤੇ ਜਮਾਂ ਕੀ = ਦੀ ਜੋਹ = ਤੱਕਣੀ ਵੀ ਚੂਕੈ = ਚੁੱਕੀ ਜਾਵੇਗੀ, ਭਾਵ ਜਮਾਂ ਦੀ ਤਾੜਨਾ ਦੂਰ ਹੋ ਜਾਵੇਗੀ ॥੧॥

## ਪਉੜੀ ॥

## ਤਤਾ, ਤਾ ਸਿਉ ਪ੍ਰੀਤਿ ਕਰਿ; ਗੁਣ ਨਿਧਿ ਗੋਬਿਦ ਰਾਇ ॥

ਤੱਤੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਜੋ ਗੋਬਿਦ (ਗੋ+ਬਿਦ) ਗੋ = ਪ੍ਰਿਥਵੀ ਦੀ ਬਿਦ = ਰੱਖਿਆ ਕਰਨ ਵਾਲਾ ਰਾਇ = ਰਾਜਾ ਪ੍ਰਕਾਸ਼ ਰੂਪ, ਗੁਣਾਂ ਦਾ ਨਿਧਿ = ਖ਼ਜ਼ਾਨਾ ਪਰਮੇਸ਼ਰ ਹੈ, ਤਾ = ਉਸ ਸਿਉ = ਨਾਲ ਪ੍ਰੀਤਿ = ਪ੍ਰੀਤੀ ਲਾਉਣਾ ਕਰਿ = ਕਰ।

## ਫਲ ਪਾਵਹਿ ਮਨ ਬਾਛਤੇ; ਤਪਤਿ ਤੁਹਾਰੀ ਜਾਇ ॥

ਜੋ ਫਲ ਮਨ = ਅੰਤਸ਼ਕਰਣ ਬਾਛਤੇ = ਚਾਹੇਗਾ, ਉਹ ਫਲ ਪਾਵਹਿ = ਪ੍ਰਾਪਤ ਹੋਣਗੇ **ਵਾ:** ਮਨ ਦੀ ਬਾਛਤੇ = ਚਾਹਤ ਅਨੁਸਾਰ ਸੰਸਾਰ ਦੇ ਬੰਧਨਾਂ ਤੋਂ ਛੁੱਟਣ ਲਈ ਮੁਕਤੀ ਰੂਪ ਫਲ ਪਾ ਲਵੋਗੇ, ਅਤੇ ਤੁਹਾਰੀ = ਤੁਹਾਡੀ ਵਿਛੋੜੇ ਅਤੇ ਤ੍ਰਿਸ਼ਨਾ ਦੀ ਤਪਤਿ = ਤਪਸ਼ ਚਲੀ ਜਾਇ = ਜਾਵੇਗੀ।

[ਅੰਗ ੨੫੭]

## ਤ੍ਰਾਸ ਮਿਟੈ ਜਮ ਪੰਥ ਕੀ; ਜਾਸੁ ਬਸੈ ਮਨਿ ਨਾਉ ॥

ਜਾਸੁ = ਜਿਸ ਦੇ ਮਨਿ = ਅੰਤਸ਼ਕਰਣ ਵਿਚ ਹਰੀ ਵਾਹਿਗੁਰੂ ਦਾ ਨਾਉ = ਨਾਮ ਵਸੈ = ਵੱਸ ਜਾਂਦਾ ਹੈ, ਉਸ ਕੀ = ਦੀ ਜਮਾਂ ਦੇ ਪੰਥ = ਰਸਤੇ ਦੀ ਤ੍ਰਾਸ = ਖ਼ੌਫ਼ਤਾਈ (ਡਰ) ਮਿਟੈ = ਮਿਟ ਜਾਂਦੀ ਹੈ। ਅਤੇ

## ਗਤਿ ਪਾਵਹਿ ਮਤਿ ਹੋਇ ਪ੍ਰਗਾਸ; ਮਹਲੀ ਪਾਵਹਿ ਠਾਉ ॥

ਉਸ ਦੀ ਮਤਿ = ਬੁੱਧੀ ਵਿਚ ਆਤਮ ਸਰੂਪ ਦਾ ਪ੍ਰਗਾਸ = ਪ੍ਰਕਾਸ਼ ਹੋਇ = ਹੋ ਜਾਂਦਾ ਹੈ ਜਿਸ ਕਰ ਕੇ ਉਹ ਗਤਿ = ਮੁਕਤੀ ਨੂੰ ਪਾਵਹਿ = ਪਾ ਲੈਂਦਾ ਹੈ ਅਤੇ ਤੁਰੀਆ ਪਦ ਰੂਪੀ ਮਹਲੀ = ਸਰੂਪ ਵਿਚ ਵੀ ਠਾਉ = ਟਿਕਾਣਾ (ਥਾਂ) ਪਾਵਹਿ = ਪਾ ਲੈਂਦਾ ਹੈ।

## ਤਾਹੂ ਸੰਗਿ ਨ ਧਨੁ ਚਲੈ; ਗ੍ਰਿਹ ਜੋਬਨ ਨਹ ਰਾਜ ॥

ਤਾਹੂ = ਤਿਸ ਪਰਲੋਕ ਰੂਪ ਮਹਿਲ ਵਿਚ ਧਨ = ਦੌਲਤ ਸੰਗਿ = ਸਾਥ ਨ = ਨਹੀਂ ਚਲੈ = ਚੱਲੇਗੀ ਅਤੇ ਨਾ ਹੀ ਗ੍ਰਿਹ = ਘਰ, ਨਾਹੀ ਜੋਬਨ = ਜਵਾਨੀ ਤੇ ਨਹ = ਨਾ ਹੀ ਰਾਜ ਭਾਗ ਨਾਲ ਜਾਵੇਗਾ।

## ਸੰਤਸੰਗਿ ਸਿਮਰਤ ਰਹਹੁ; ਇਹੈ ਤੁਹਾਰੈ ਕਾਜ ॥

ਹੇ ਭਾਈ! ਇਸ ਲਈ ਸੰਤਸੰਗਿ = ਸਤਿਸੰਗਤ ਵਿਚ ਮਿਲ ਕੇ ਹਰੀ ਦੇ ਨਾਮ ਨੂੰ ਸਿਮਰਤ = ਸਿਮਰਦੇ ਰਹਹੁ = ਰਹੋ, ਇਹੈ = ਇਹ ਹੀ ਤੁਹਾਰੈ = ਤੁਹਾਡੇ ਪ੍ਰਲੋਕ ਵਿਚ ਕਾਜ = ਕੰਮ ਆਵੇਗਾ।

## ਤਾਤਾ ਕਛੂ ਨ ਹੋਈ ਹੈ; ਜਉ ਤਾਪ ਨਿਵਾਰੈ ਆਪ ॥

(**ਤੱਤਾ** ਦਾ ਉਚਾਰਣ ਅੱਧਕ ਸਹਿਤ ਹੈ)

ਤਦੋਂ ਤੁਹਾਡੇ ਅੰਦਰ ਕਛੂ = ਕੁਝ ਵੀ ਤਾਤਾ = ਈਰਖਾ ਨ = ਨਹੀਂ ਹੋਵੇਗੀ। ਜਉ = ਜਦੋਂ ਆਪ ਪਰਮੇਸ਼ਰ ਨੇ ਕਿਰਪਾ ਕਰ ਕੇ ਸਾਰੇ ਤਾਪ = ਸੰਤਾਪ ਨਿਵਾਰੈ = ਨਵਿਰਤ ਕਰ ਦਿੱਤੇ।

## ਪ੍ਰਤਿਪਾਲੈ ਨਾਨਕ ਹਮਹਿ; ਆਪਹਿ ਮਾਈ ਬਾਪ ॥੩੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਪਰਮੇਸ਼ਰ ਆਪਹਿ = ਆਪ ਹੀ ਮਾਈ = ਮਾਤਾ ਬਾਪੁ = ਪਿਤਾ ਦੀ ਨਿਆਈਂ ਹਮਹਿ = ਤਮਾਮ ਭਾਵ ਸਾਰਿਆਂ ਪ੍ਰਤਿਪਾਲੈ = ਪ੍ਰਤੀ ਪਾਲਣਾ ਕਰਨ ਵਾਲਾ ਹੈ **ਵਾ:** ਆਪ ਹੀ ਮਾਈ = ਮਾਤਾ ਦੀ ਨਿਆਈਂ ਉਪਾਦਾਨ ਕਾਰਨ ਹੈ, ਆਪ ਹੀ ਬਾਪੁ = ਪਿਤਾ ਦੀ ਨਿਆਈਂ ਨਮਿੱਤ ਕਾਰਨ ਹੈ ॥੩੨॥

## ਸਲੋਕੁ ॥ ਥਾਕੇ ਬਹੁ ਬਿਧਿ ਘਾਲਤੇ; ਤ੍ਰਿਪਤਿ ਨ ਤ੍ਰਿਸਨਾ ਲਾਥ ॥

ਮਨਮੁਖ ਲੋਕ ਮਾਇਆ ਦੀ ਪ੍ਰਾਪਤੀ ਵਾਸਤੇ ਬਹੁ = ਬਹੁਤ ਬਿਧਿ = ਤਰੀਕਿਆਂ ਦੀ ਘਾਲਤੇ = ਕਮਾਈ ਕਰਕੇ ਥਾਕੇ = ਥੱਕ ਗਏ ਹਨ, ਉਨ੍ਹਾਂ ਨੂੰ ਫੇਰ ਵੀ ਤ੍ਰਿਪਤਿ = ਰੱਜ ਨ = ਨਹੀਂ ਆਉਂਦਾ ਅਤੇ ਨਾ ਹੀ ਤ੍ਰਿਸਨਾ = ਲਾਲਚ ਦੀ ਭੁੱਖ ਲਾਥ = ਲੱਥਦੀ ਹੈ **ਵਾ:** ਤ੍ਰਿਸ਼ਨਾਲੂ ਦੀ ਤ੍ਰਿਸ਼ਨਾ ਨਹੀਂ ਲਾਥ = ਲੱਥਦੀ।

## ਸੰਚਿ ਸੰਚਿ ਸਾਕਤ ਮੂਏ; ਨਾਨਕ ਮਾਇਆ ਨ ਸਾਥ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਕਤ = ਮਨਮੁਖ ਪੁਰਸ਼ ਮਾਇਆ ਨੂੰ ਸੰਚਿ ਸੰਚਿ = ਇਕੱਠੀ ਹੀ ਇਕੱਠੀ ਕਰਦੇ ਮੂਏ = ਮਰ ਗਏ ਹਨ, ਪਰ ਮਾਇਆ ਕਿਸੇ ਦੇ ਸਾਥ = ਨਾਲ ਨਹੀਂ ਜਾਂਦੀ ॥੧॥

## ਪਉੜੀ ॥ ਥਥਾ, ਥਿਰੁ ਕੋਊ ਨਹੀ; ਕਾਇ ਪਸਾਰਹੁ ਪਾਵ ॥

ਥੱਥੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਕੋਊ = ਕੋਈ ਵੀ ਸਰੀਰ ਵਿਚ ਥਿਰ = ਟਿਕਣ ਵਾਲਾ ਨਹੀਂ ਹੈ, ਇਸ ਕਰਕੇ ਕਾਇ = ਕਿਸ ਵਾਸਤੇ ਵਾਸ਼ਨਾ ਰੂਪ ਪਾਵ = ਪੈਰ ਪਸਾਰਹੁ = ਪਸਾਰਦੇ ਹੋ **ਵਾ:** ਪਦਾਰਥਾਂ ਰੂਪ ਪੈਰ ਪਸਾਰਦੇ ਹੋ।

## ਅਨਿਕ ਬੰਚ, ਬਲ ਛਲ ਕਰਹੁ; ਮਾਇਆ ਏਕ ਉਪਾਵ ॥

ਏਕ = ਇਕ ਮਾਇਆ ਦੇ ਇੱਕਠੀ ਕਰਨ ਦੇ ਉਪਾਵ = ਯਤਨ ਵਿਚ ਅਨਿਕ = ਬੇਅੰਤ ਬੰਚ = ਠੱਗੀਆਂ ਤੇ ਬਲ ਛੱਲ ਕਰਹੁ = ਕਰਦੇ ਹੋ।

## ਥੈਲੀ ਸੰਚਹੁ, ਸ੍ਰਮੁ ਕਰਹੁ; ਥਾਕਿ ਪਰਹੁ ਗਾਵਾਰ ॥

ਕਈ ਤਰ੍ਹਾਂ ਦੇ ਸ੍ਰਮੁ = ਕਸ਼ਟ ਕਰ ਕੇ ਮਾਇਆ ਦੀ ਥੈਲੀ = ਗੁਥਲੀ ਸੰਚਹੁ = ਇਕੱਠੀ ਕਰਹੁ = ਕਰਦੇ ਹੋ, ਪਰ ਹੇ ਗਾਵਾਰ = ਮੂਰਖ ਜੀਵੋ ! ਅੰਤ ਨੂੰ ਥਾਕਿ = ਥੱਕ ਪਰਹੁ = ਪਵੋਗੇ।

## ਮਨ ਕੈ ਕਾਮਿ ਨ ਆਵਈ; ਅੰਤੇ ਅਉਸਰ ਬਾਰ ॥

ਜਦੋਂ ਮਨੁੱਖਾ ਸਰੀਰ ਦੇ ਅੰਤੇ = ਅਖ਼ੀਰਲੇ ਅਉਸਰ = ਸਮੇਂ ਦੀ ਬਾਰ = ਵਾਰੀਆ ਗਈ ਤਦੋਂ ਪਰਲੋਕ ਵਿਚ ਮਾਇਆ ਮਨ = ਆਤਮਾ ਕੈ = ਦੇ ਕਿਸੇ ਕਾਮਿ = ਕੰਮ ਨ = ਨਹੀਂ ਆਵਈ = ਆਵੇਗੀ।

## ਥਿਤਿ ਪਾਵਹੁ, ਗੋਬਿਦ ਭਜਹੁ; ਸੰਤਹ ਕੀ ਸਿਖ ਲੇਹੁ ॥

ਜੇ ਥਿਤਿ = ਇਸਥਿਤੀ ਪਾਵਹੁ = ਪਾਉਣਾ ਚਾਹੁੰਦੇ ਹੋ ਤਾਂ ਗੋਬਿਦ (ਗੋ+ਬਿਦ) ਗੋ = ਪ੍ਰਿਥਵੀ ਦੀ ਬਿਦ = ਰੱਖਿਆ ਕਰਨ ਵਾਲੇ ਹਰੀ ਵਾਹਿਗੁਰੂ ਨੂੰ ਭਜਹੁ = ਸਿਮਰਨ ਕਰਨਾ ਕਰੋ ਅਤੇ ਜਿਨ੍ਹਾਂ ਨੂੰ ਸਾਸ ਗਿਰਾਸ ਪਰਮੇਸ਼ਰ ਵਿਸਰਦਾ ਨਹੀਂ, ਉਨ੍ਹਾਂ ਸੰਤਹ = ਸਾਧੂਆਂ ਕੀ = ਦੀ ਸਿਖ = ਸਿੱਖਿਆ ਲੇਹੁ = ਲੈਣਾ ਕਰੋ।

## ਪ੍ਰੀਤਿ ਕਰਹੁ ਸਦ ਏਕ ਸਿਉ; ਇਆ ਸਾਚਾ ਅਸਨੇਹੁ ॥

ਸਦ = ਹਮੇਸ਼ਾਂ ਏਕੁ = ਇਕ ਹਰੀ ਵਾਹਿਗੁਰੂ ਸਿਉ = ਨਾਲ ਪ੍ਰੀਤਿ = ਪ੍ਰੀਤੀ ਕਰਹੁ = ਕਰੋ, ਇਆ = ਇਹੋ ਹੀ ਲੋਕ ਪਰਲੋਕ ਵਿਚ ਸਾਚਾ = ਸੱਚਾ ਅਸਨੇਹੁ = ਪ੍ਰੇਮ ਨਿਭੇਗਾ।

## ਕਾਰਨ ਕਰਨ ਕਰਾਵਨੋ; ਸਭ ਬਿਧਿ ਏਕੈ ਹਾਥ ॥

ਹਰੀ ਵਾਹਿਗੁਰੂ ਸਾਰਿਆਂ ਕਾਰਨਾਂ ਦੇ ਕਰਨ ਕਰਾਵਨੋ = ਕਰਾਉਣ ਵਾਲਾ ਹੈ, ਭਾਵ, ਕਾਰਨ, ਪ੍ਰਮਾਣੂ ਪੰਜ ਤੱਤ, ਸੂਖਮ ਤੱਤ ਕਾਲ ਆਦਿ ਕਰਮਾਂ ਦੇ ਕਰਾਉਣ ਵਾਲਾ ਹੈ। ਸਭ = ਸਾਰੀ ਬਿਧਿ = ਵਿਧੀ ਏਕੈ = ਇਕ ਉਸ ਦੇ ਹੁਕਮ ਰੂਪੀ ਹਾਥਿ = ਹੱਥ ਵਿਚ ਹੀ ਹੈ।

## ਜਿਤੁ ਜਿਤੁ ਲਾਵਹੁ, ਤਿਤੁ ਤਿਤੁ ਲਗਹਿ; ਨਾਨਕ ਜੰਤ ਅਨਾਥ ॥੩੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਅੰਤਰਜਾਮੀ ਵਾਹਿਗੁਰੂ ! ਅਸੀਂ ਜੰਤ = ਜੀਵ ਅਨਾਥ = ਯਤੀਮ ਹਾਂ, ਜਿਤੁ ਜਿਤੁ ਜਿਸ ਜਿਸ ਪਾਸੇ ਤੁਸੀਂ ਲਾਵਹੁ = ਲਾਉਂਦੇ ਹੋ, ਤਿਤੁ ਤਿਤੁ = ਉਸ ਉਸ ਪਾਸੇ ਅਸੀਂ ਲਗਹਿ = ਲੱਗਦੇ ਹਾਂ, ਅਵਿੱਦਿਆ ਨਾਲ ਸਾਨੂੰ ਅਲਪੱਗ ਬਣਾ ਛੱਡਿਆ ਹੈ, ਆਪ ਤੋਂ ਬਿਨਾਂ ਸਾਡਾ ਕੋਈ ਸੁਆਮੀ ਨਹੀਂ ਹੈ ॥੩੩॥

## ਸਲੋਕੁ ॥ ਦਾਸਹ ਏਕੁ ਨਿਹਾਰਿਆ; ਸਭੁ ਕਛੁ ਦੇਵਨਹਾਰ ॥

ਹਰੀ ਦੇ ਦਾਸਹ = ਦਾਸਾਂ ਨੇ ਏਕੁ = ਇਕ ਹਰੀ ਵਾਹਿਗੁਰੂ ਨੂੰ ਹੀ ਨਿਹਾਰਿਆ = ਵੇਖਣਾ ਕੀਤਾ ਹੈ, ਉਹ ਜਾਣਦੇ ਹਨ ਕਿ ਸਰੀਰ, ਧਨ ਪਦਾਰਥ ਆਦਿ ਸਭੁ = ਸਾਰਾ ਕਛੁ = ਕੁਝ ਉਹੀ ਦੇਵਨਹਾਰਾ = ਦੇਣ ਵਾਲਾ ਹੈ।

## ਸਾਸਿ ਸਾਸਿ ਸਿਮਰਤ ਰਹਹਿ; ਨਾਨਕ ਦਰਸ ਅਧਾਰ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਦਾਸ ਸਾਸਿ = ਸੁਆਸ ਰੂਪ ਬ੍ਰਹਮ ਨੂੰ ਆਉਂਦੇ ਜਾਂਦੇ ਸਾਸਿ = ਸੁਆਸਾਂ ਨਾਲ ਸਿਮਰਤ = ਸਿਮਰਦੇ ਰਹਹਿ = ਰਹਿੰਦੇ ਹਨ, ਕਿਉਂਕਿ ਉਨ੍ਹਾਂ ਨੂੰ ਦਰਸ = ਦਰਸ਼ਨਾਂ ਦਾ ਹੀ ਅਧਾਰ = ਆਸਰਾ ਹੈ ॥੧॥

## ਪਉੜੀ ॥ ਦਦਾ, ਦਾਤਾ ਏਕੁ ਹੈ; ਸਭ ਕਉ ਦੇਵਨਹਾਰ ॥

ਦੱਦੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਸਭ = ਸਾਰਿਆਂ ਨੂੰ ਦਾਤਾਂ ਦੇਵਨਹਾਰ = ਦੇਣ ਵਾਲਾ ਏਕ = ਇਕ ਹਰੀ ਵਾਹਿਗੁਰੂ ਹੀ ਹੈ।

## ਦੇਂਦੇ ਤੋਟਿ ਨ ਆਵਈ; ਅਗਨਤ ਭਰੇ ਭੰਡਾਰ ॥

ਉਸ ਨੂੰ ਦਾਤ ਦੇਂਦੇ = ਦਿੰਦਿਆਂ ਕੋਈ ਤੋਟਿ = ਘਾਟ ਨ = ਨਹੀਂ ਆਵਈ = ਆਉਂਦੀ, ਉਸ ਦੇ ਅਗਨਤ = ਅਣਗਿਣਤ ਭੰਡਾਰ = ਖ਼ਜ਼ਾਨੇ ਭਰੇ = ਲੱਦੇ ਪਏ ਹਨ **ਵਾ:** ਗੁਰਮੁਖਾਂ ਦੇ ਹਿਰਦੇ ਰੂਪੀ ਭੰਡਾਰੇ ਬੇਅੰਤ ਗੁਣਾਂ ਰੂਪੀ ਪਦਾਰਥਾਂ ਨਾਲ ਭਰੇ = ਲੱਦੇ ਹੋਏ ਹਨ, ਉਨ੍ਹਾਂ ਨੂੰ ਦੇਂਦੇ = ਵੰਡਦਿਆਂ ਕਦੇ ਤੋਟਿ = ਘਾਟਾ ਨ = ਨਹੀਂ ਆਵਈ = ਆਉਂਦਾ।

## ਦੈਨਹਾਰੁ; ਸਦ ਜੀਵਨਹਾਰਾ ॥ ਮਨ ਮੂਰਖ; ਕਿਉ ਤਾਹਿ ਬਿਸਾਰਾ ॥

ਉਹ ਦਾਤਾਂ ਦੈਨਹਾਰੁ = ਦੇਣ ਵਾਲਾ ਸਦ = ਹਮੇਸ਼ਾਂ ਜੀਵਨਹਾਰਾ = ਜਿਊਣ ਵਾਲਾ ਹੈ **ਵਾ:** ਉਹ ਦਾਤਾਂ ਦੇ ਦੇਣ ਤਾਈਂ ਸਦਾ ਚੇਤਨ ਸਰੂਪ ਹੈ, ਕਦੇ ਮਰਨ ਵਾਲਾ ਨਹੀਂ।

ਹੇ ਮੂਰਖ ਮਨਾਂ! ਤਾਹਿ = ਉਸ ਹਰੀ ਪਰਮੇਸ਼ਰ ਨੂੰ ਤੂੰ ਕਿਉ = ਕਿਸ ਵਾਸਤੇ ਬਿਸਾਰਾ = ਭੁਲਾਅ ਛੱਡਿਆ ਹੈ।

## ਦੋਸੁ ਨਹੀ; ਕਾਹੂ ਕਉ ਮੀਤਾ ॥ ਮਾਇਆ ਮੋਹ; ਬੰਧੁ ਪ੍ਰਭਿ ਕੀਤਾ ॥

ਹੇ ਮੀਤਾ = ਮਿੱਤਰ! ਕਾਹੂ = ਕਿਸੇ ਕਉ = ਨੂੰ ਦੋਸੁ = ਕਸੂਰ ਦੇਣਾ ਯੋਗ ਨਹੀਂ ਹੈ। ਕਿਉਂਕਿ ਮਾਇਆ ਦੇ ਬੰਧੁ = ਬੰਨ੍ਹਣਾ ਦਾ ਮੋਹ ਸਭ ਪ੍ਰਭਿ = ਹਰੀ ਪਰਮੇਸ਼ਰ ਨੇ ਹੀ ਕੀਤਾ ਹੋਇਆ ਹੈ।

## ਦਰਦ ਨਿਵਾਰਹਿ ਜਾ ਕੇ; ਆਪੇ ॥ ਨਾਨਕ ਤੇ ਤੇ; ਗੁਰਮੁਖਿ ਧ੍ਰਾਪੇ ॥੩੪॥

ਪਰਮੇਸ਼ਰ ਆਪੇ = ਆਪ ਜਾ = ਜਿਨ੍ਹਾਂ ਜਿਨ੍ਹਾਂ ਕੇ = ਦੇ ਹਿਰਦੇ ਵਿੱਚੋਂ ਅਵਿੱਦਿਆ ਦੀ ਦਰਦ = ਪੀੜਾ ਨਿਵਾਰਹਿ = ਨਵਿਰਤ ਕਰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤੇ ਤੇ = ਉਹ ਉਹ ਗੁਰਮੁਖਿ ਜਨ ਧ੍ਰਾਪੇ = ਤ੍ਰਿਪਤ ਹੋਏ ਹਨ ॥੩੪॥

## ਸਲੋਕੁ ॥ ਧਰ ਜੀਅਰੇ ਇਕ ਟੇਕ ਤੂ; ਲਾਹਿ ਬਿਡਾਨੀ ਆਸ ॥

ਹੇ ਜੀਵ! ਤੂੰ ਇਕ ਹਰੀ ਵਾਹਿਗੁਰੂ ਦੀ ਟੇਕ = ਓਟ ਜੀਅਰੇ = ਹਿਰਦੇ ਵਿਚ ਧਰ = ਧਾਰਨ ਕਰ, ਹੋਰ ਬਿਡਾਨੀ = ਬਿਗਾਨੀਆਂ ਆਸ = ਉਮੀਦਾਂ ਲਾਹਿ = ਲਾਉਣੀਆਂ ਕਰ, ਭਾਵ ਛੱਡਣੀਆਂ ਕਰ।

## ਨਾਨਕ ਨਾਮੁ ਧਿਆਈਐ; ਕਾਰਜੁ ਆਵੈ ਰਾਸਿ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਕ ਹਰੀ ਦੇ ਨਾਮ ਨੂੰ ਧਿਆਈਐ = ਧਿਆਉਣਾ ਕਰ ਤਾਂ ਤੇਰੇ

ਸਾਰੇ ਕਾਰਜੁ = ਕੰਮ ਰਾਸਿ = ਸੱਚਾਈ 'ਚ ਆਵੈ = ਆਉਣਗੇ ਭਾਵ ਆ ਜਾਣਗੇ। ਭਾਵੇਂ ਕੋਈ ਵਿਘਨ ਨਹੀਂ ਪਵੇਗਾ **ਵਾ:** ਮੁਕਤੀ ਰੂਪ ਕਾਰਜ = ਕੰਮ ਰਾਸਿ = ਸਫਲਾ ਹੋਵੇਗਾ ॥੧॥

## ਪਉੜੀ ॥ ਧਧਾ, ਧਾਵਤ ਤਉ ਮਿਟੈ; ਸੰਤਸੰਗਿ ਹੋਇ ਬਾਸੁ ॥

ਧੱਧੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਮਨ ਵਿਸ਼ਿਆਂ ਵਿਕਾਰਾਂ ਵੱਲ ਧਾਵਤ = ਦੌੜਦਾ ਤਉ = ਤਾਂ ਮਿਟੈ = ਮਿਟਦਾ ਭਾਵ ਰੁਕਦਾ ਹੈ, ਜੇ ਸੰਤ = ਸੰਤਾਂ ਦੀ ਸੰਗਤ ਦੇ ਸੰਗਿ = ਨਾਲ ਬਾਸ = ਵਾਸਾ ਹੋਇ = ਹੋ ਜਾਵੇ।

ਕਹਿੰਦੇ ਮਨ ਦੀ ਦੌੜ ਇਤਨੀ ਤੇਜ਼ ਮੰਨੀ ਹੈ, ਗੋਲੀ ਤਾਂ ਚੱਲੇ ਤੋਂ ਨਿਸ਼ਾਨੇ 'ਤੇ ਲਗਦੀ ਹੈ, ਇਸ ਦੀ ਬਿਰਤੀ ਮਿੰਟਾਂ ਸਕਿੰਟਾਂ ਵਿਚ ਨਿਸ਼ਾਨੇ 'ਤੇ ਪਹੁੰਚਣ ਵਾਲੀ ਹੈ, ਫੇਰ ਕਹਿੰਦੇ ਸੂਰਜ ਦੀ ਕਿਰਨ ਇਕ ਸਕਿੰਟ ਅੰਦਰ ੫੦੦੦ (ਪੰਜ ਹਜ਼ਾਰ) ਮੀਲ ਤੇ ਧਰਤੀ 'ਤੇ ਚਾਨਣ ਕਰਦੀ ਹੈ, ਮਨ ਇਸ ਤੋਂ ਵੀ ਜ਼ਿਆਦਾ ਤੇਜ਼ ਦੌੜਦਾ ਹੈ, ਇਸ ਦੀ ਦੌੜ ਤਾਂ ਮਿਟਦੀ ਹੈ, ਜੇ ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਵਿਚ ਇਸ ਦਾ ਵਾਸਾ ਹੋ ਜਾਵੇ।

## ਧੁਰ ਤੇ, ਕਿਰਪਾ ਕਰਹੁ ਆਪਿ; ਤਉ ਹੋਇ ਮਨਹਿ ਪਰਗਾਸੁ ॥

ਹੇ ਮਹਾਰਾਜ ! ਜਿਸ 'ਤੇ ਆਪ ਧੁਰ = ਮੁੱਢ ਤੇ = ਤੋਂ ਕਿਰਪਾ ਕਰਹੁ = ਕਰਦੇ ਹੋ, ਉਸ ਦੇ ਮਨਹਿ = ਮਨ ਵਿਚ ਪਰਗਾਸੁ = ਪ੍ਰਕਾਸ਼ ਹੋਇ = ਹੁੰਦਾ ਹੈ। ਭਾਵ ਗਿਆਨ ਦਾ ਚਾਨਣ ਹੁੰਦਾ ਹੈ।

## ਧਨੁ ਸਾਚਾ; ਤੇਊ ਸਚ ਸਾਹਾ ॥ ਹਰਿ ਹਰਿ ਪੂੰਜੀ; ਨਾਮ ਬਿਸਾਹਾ ॥

ਜਿਸ ਕੋਲ ਨਾਮ ਰੂਪੀ ਸਾਚਾ = ਸੱਚਾ ਧਨ ਹੈ, ਤੇਊ = ਉਹ ਹੀ ਸਚ = ਸੱਚਾ ਸਾਹਾ = ਸ਼ਾਹੂਕਾਰ ਹੈ। ਉਸ ਨੇ ਸ਼ਰਧਾ ਰੂਪੀ ਪੂੰਜੀ = ਮੂੜੀ ਦੁਆਰਾ ਤੇਰੇ ਹਰਿ ਹਰਿ ਨਾਮ ਨੂੰ ਬਿਸਾਹਾ = ਖ਼ਰੀਦਿਆ ਹੈ **ਵਾ:** ਤਨ, ਮਨ, ਧਨ, ਰੂਪੀ, ਪੂੰਜੀ ਦੇ ਕੇ ਤੇਰੇ ਹਰਿ ਹਰਿ ਨਾਮ ਨੂੰ ਖ਼ਰੀਦਣਾ ਕੀਤਾ ਹੈ।

## ਧੀਰਜੁ ਜਸੁ ਸੋਭਾ; ਤਿਹ ਬਨਿਆ ॥ ਹਰਿ ਹਰਿ ਨਾਮੁ; ਸ੍ਰਵਨ ਜਿਹ ਸੁਨਿਆ ॥

ਤਿਹ = ਉਸ ਜੀਵ ਦਾ ਚਿੱਤ ਧੀਰਜੁ = ਟਿਕਾਓ ਵਿਚ ਸੋਭਾ = ਵਡਿਆਈ, ਜਸੁ = ਕੀਰਤੀ ਸੰਸਾਰ ਵਿਚ ਬਨਿਆ = ਬਣਿਆ ਹੋਇਆ ਹੈ ਭਾਵ ਪ੍ਰਾਪਤ ਹੈ, ਜਿਹ = ਜਿਸ ਨੇ ਤੇਰੇ ਹਰਿ ਹਰਿ ਨਾਮ ਨੂੰ ਸ਼ਰਧਾ ਤੇ ਵਿਸ਼ਵਾਸ ਰੂਪੀ ਸ੍ਰਵਨ = ਕੰਨਾਂ ਨਾਲ ਸੁਨਿਆ = ਸ੍ਰਵਨ ਕੀਤਾ ਹੈ।

## ਗੁਰਮੁਖਿ; ਜਿਹ ਘਟਿ ਰਹੇ ਸਮਾਈ ॥
## ਨਾਨਕ; ਤਿਹ ਜਨ ਮਿਲੀ ਵਡਾਈ ॥੩੫॥

ਜਿਹ = ਜਿਸ ਦੇ ਗੁਰਮੁਖ ਦੇ ਘਟਿ = ਹਿਰਦੇ ਵਿਚ ਹਰ ਵਕਤ ਤੇਰਾ ਨਾਮ ਸਮਾਈ = ਸਮਾਇਆ ਰਹੇ = ਰਹਿੰਦਾ ਹੈ, ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਹ = ਉਸ ਜਨ = ਪੁਰਖ ਨੂੰ ਵਡਾਈ = ਸ਼ੋਭਾ ਮਿਲੀ = ਮਿਲਦੀ ਹੈ ॥੩੫॥

## ਸਲੋਕੁ ॥ ਨਾਨਕ, ਨਾਮੁ ਨਾਮੁ ਜਪੁ ਜਪਿਆ; ਅੰਤਰਿ ਬਾਹਰਿ ਰੰਗਿ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਪੁਰਖਾਂ ਨੇ ਰੰਗਿ = ਪ੍ਰੇਮ ਕਰ ਕੇ ਹਿਰਦੇ ਅੰਤਰਿ = ਅੰਦਰ ਪਰਮੇਸ਼ਰ ਦੇ ਨਾਮ ਦਾ ਜਪੁ = ਜਾਪ ਜਪਿਆ ਹੈ ਅਤੇ ਬਾਹਰਿ ਬਾਣੀ ਦੁਆਰਾ, ਸਰੀਰ ਕਰ ਕੇ ਵੀ ਨਾਮ ਜਪਿਆ ਹੈ।

## ਗੁਰਿ ਪੂਰੈ ਉਪਦੇਸਿਆ; ਨਰਕੁ ਨਾਹਿ ਸਾਧਸੰਗਿ ॥੧॥

ਉਨ੍ਹਾਂ ਨੂੰ ਪੂਰੈ = ਪੂਰਨ ਗੁਰਿ = ਸਤਿਗੁਰਾਂ ਨੇ ਉਪਦੇਸਿਆ = ਉਪਦੇਸ਼ ਦਿੱਤਾ ਹੈ ਕਿ ਸਾਧਸੰਗਿ = ਸਾਧਸੰਗਤ ਦੁਆਰਾ ਨਰਕਾਂ ਵਿਚ ਨਾਹਿ = ਨਹੀਂ ਪੈਣਾ ਕਰੀਦਾ ॥੧॥

## ਪਉੜੀ ॥ ਨੰਨਾ; ਨਰਕਿ ਪਰਹਿ ਤੇ ਨਾਹੀ ॥
## ਜਾ ਕੈ; ਮਨਿ ਤਨਿ ਨਾਮੁ ਬਸਾਹੀ ॥

ਨੱਨੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਤੇ = ਉਹ ਪੁਰਖ ਕਦੇ ਵੀ ਨਰਕਾਂ ਵਿਚ ਨਾਹੀ = ਨਹੀਂ ਪਰਹਿ = ਪੈਣਗੇ। ਜਾ ਕੈ = ਜਿਨ੍ਹਾਂ ਦੇ ਮਨਿ = ਅੰਤਸ਼ਕਰਣ ਤਨਿ = ਸਰੀਰ ਵਿਚ ਵਾਹਿਗੁਰੂ ਦਾ ਨਾਮ ਬਸਾਹੀ = ਵਸਦਾ ਹੈ।

## ਨਾਮੁ ਨਿਧਾਨੁ; ਗੁਰਮੁਖਿ ਜੋ ਜਪਤੇ ॥ ਬਿਖੁ ਮਾਇਆ ਮਹਿ; ਨਾ ਓਇ ਖਪਤੇ ॥

ਜੋ = ਜਿਹੜੇ ਗੁਰਮੁਖਿ = ਮੁਖੀ ਗੁਰਾਂ ਦੁਆਰਾ ਪਰਮੇਸ਼ਰ ਦੇ ਨਾਮ ਰੂਪੀ ਨਿਧਾਨੁ = ਖ਼ਜ਼ਾਨੇ ਨੂੰ ਜਪਤੇ = ਜਪਦੇ ਹਨ। ਓਇ = ਉਹ ਬਿਖੁ = ਜ਼ਹਿਰ ਰੂਪ ਮਾਇਆ ਮਹਿ = ਵਿਚ ਨਾ = ਨਹੀਂ ਖਪਤੇ = ਖਪਦੇ ਭਾਵ ਖਚਤ ਨਹੀਂ ਹੁੰਦੇ।

## ਨੰਨਾਕਾਰੁ; ਨ ਹੋਤਾ ਤਾ ਕਹੁ ॥ ਨਾਮੁ ਮੰਤ੍ਰੁ; ਗੁਰਿ ਦੀਨੋ ਜਾ ਕਹੁ ॥

ਤਾ = ਉਨ੍ਹਾਂ ਪੁਰਖਾਂ ਕਹੁ = ਨੂੰ ਦਰਗਾਹ ਵਿਚ ਕੋਈ ਨੰਨਾਕਾਰੁ = ਨਿਰਾਦਰ ਨ = ਨਹੀਂ ਹੋਤਾ = ਹੁੰਦਾ ਜਾਕਹੁ = ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਨੇ ਵਾਹਿਗੁਰੂ ਨਾਮ ਮੰਤਰ ਦੀਨੋ = ਦਿੱਤਾ ਹੈ।

[ਅੰਗ ੨੫੮]

## ਨਿਧਿ ਨਿਧਾਨ; ਹਰਿ ਅੰਮ੍ਰਿਤ ਪੂਰੇ ॥
## ਤਹ ਬਾਜੇ ਨਾਨਕ; ਅਨਹਦ ਤੂਰੇ ॥੩੬॥

ਉਹ ਨਿਧਿ = ਨੌਂ ਨਿਧੀਆਂ ਦੇ ਨਿਧਾਨੁ = ਖ਼ਜ਼ਾਨੇ ਬਣ ਗਏ ਹਨ ਅਤੇ ਹਰਿ = ਹਰੀ ਵਾਹਿਗੁਰੂ ਦੇ ਅੰਮ੍ਰਿਤ ਨਾਮ ਦੇ ਅਨੰਦ ਕਰ ਕੇ ਲਬਾ ਲਬ ਪੂਰੇ = ਪੂਰਨ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਹ = ਉਨ੍ਹਾਂ ਦੇ ਅਨਹਦ = ਇਕ-ਰਸ (ਹੱਦ ਤੋਂ ਰਹਿਤ) ਸਤਿਨਾਮ ਰੂਪ ਤੂਰੇ = ਬਾਜੇ ਸੀਘਰ ਹੀ ਵੱਜ ਆਉਂਦੇ ਹਨ, ਭਾਵ ਉਨ੍ਹਾਂ ਦਾ ਹੱਦ ਤੋਂ ਰਹਿਤ ਜਾਪ ਹੁੰਦਾ ਹੈ ॥੩੬॥

## ਸਲੋਕੁ ॥ ਪਤਿ ਰਾਖੀ ਗੁਰਿ ਪਾਰਬ੍ਰਹਮ; ਤਜਿ ਪਰਪੰਚ ਮੋਹ ਬਿਕਾਰ ॥

ਜਿਨ੍ਹਾਂ ਦੀ ਗੁਰਿ = ਸਤਿਗੁਰਾਂ ਤੇ ਪਾਰਬ੍ਰਹਮ = ਹਰੀ ਪਰਮੇਸ਼ਰ ਨੇ ਪਤਿ = ਇੱਜ਼ਤ ਰਾਖੀ ਰੱਖਣਾ ਕੀਤੀ ਹੈ **ਵਾ:** ਪਰਮੇਸ਼ਰ ਸਰੂਪ ਗੁਰਾਂ ਨੇ ਲੋਕ ਪ੍ਰਲੋਕ ਵਿਚ ਇੱਜ਼ਤ ਰੱਖਣਾ ਕੀਤੀ ਹੈ। ਉਨ੍ਹਾਂ ਨੇ ਪਰਪੰਚ = ਸੰਸਾਰ ਵਿਚ ਛਲ ਕਰਨਾ, ਮੋਹ ਕਰਨਾ, ਬਿਕਾਰ = ਵਿਸ਼ੇ-ਵਿਕਾਰ ਭੋਗਣੇ ਤਜਿ = ਛੱਡ ਦਿੱਤੇ ਹਨ।

## ਨਾਨਕ ਸੋਊ ਆਰਾਧੀਐ; ਅੰਤੁ ਨ ਪਾਰਾਵਾਰੁ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋਊ = ਉਸ ਹਰੀ ਵਾਹਿਗੁਰੂ ਨੂੰ ਆਰਾਧੀਐ = ਧਿਆਉਣਾ ਕਰੀਏ, ਜਿਸ ਦੇ ਪਾਰਾਵਾਰੁ = ਪਾਰ ਉਰਵਾਰ ਦਾ ਅੰਤ ਨ = ਨਹੀਂ ਪਾਇਆ ਜਾਂਦਾ ॥੧॥

## ਪਉੜੀ ॥ ਪਪਾ; ਪਰਮਿਤਿ ਪਾਰੁ ਨ ਪਾਇਆ ॥ ਪਤਿਤ ਪਾਵਨ; ਅਗਮ ਹਰਿ ਰਾਇਆ ॥

ਪੱਪੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਹਰੀ ਪਰਮੇਸ਼ਰ ਦੁਨੀਆਂ ਦੀ ਪਰਮਿਤਿ = ਮਰਯਾਦਾ ਛੇ ਸ਼ਾਸਤਰ, ਚਾਰ ਵੇਦਾਂ ੨੭ ਸਿੰਮ੍ਰਿਤੀਆਂ ੧੮ ਪੁਰਾਣਾਂ ਤੋਂ ਪਰੇ ਹੈ, ਉਸ ਦੇ ਪਾਰ ਉਰਾਰ ਦਾ ਕਿਸੇ ਪਾਸੋਂ ਅੰਤ ਨ = ਨਹੀਂ ਪਾਇਆ ਜਾ ਸਕਦਾ। ਉਹ ਅਗਮ = ਮਨ ਦੀ ਗੰਮਤਾ ਤੋਂ ਰਹਿਤ ਰਾਇਆ = ਰਾਜਾ ਸਰੂਪ ਹਰਿ = ਪਰਮੇਸ਼ਰ ਪਤਿਤ = ਪਾਪੀਆਂ ਨੂੰ ਪਾਵਨ = ਪਵਿੱਤਰ ਕਰਨ ਵਾਲਾ ਹੈ।

## ਹੋਤ ਪੁਨੀਤ; ਕੋਟ ਅਪਰਾਧੂ ॥ ਅੰਮ੍ਰਿਤ ਨਾਮੁ ਜਪਹਿ; ਮਿਲਿ ਸਾਧੂ ॥

ਉਹ ਕੋਟ = ਕਰੋੜਾਂ ਹੀ ਅਪਰਾਧੂ = ਪਾਪ ਕਰਨ ਵਾਲੇ ਪਾਪੀ ਪੁਨੀਤ = ਪਵਿੱਤਰ ਹੋਤ = ਹੁੰਦੇ ਹਨ, ਜੋ ਸਾਧੂ = ਸ੍ਰੇਸ਼ਟ ਜਨਾਂ ਨਾਲ ਮਿਲ ਕੇ ਅੰਮ੍ਰਿਤ = ਅਮਰ ਕਰਨ ਵਾਲੇ ਨਾਮ ਨੂੰ ਜਪਹਿ = ਜਪਦੇ ਹਨ।

## ਪਰਪਚ, ਧ੍ਰੋਹ ਮੋਹ; ਮਿਟ ਨਾਈ ॥ ਜਾ ਕਉ ਰਾਖਹੁ; ਆਪਿ ਗੁਸਾਈ ॥

ਉਸ ਦੇ ਪਰਪਚ = ਛਲ ਧ੍ਰੋਹ = ਵੈਰ ਭਾਵ, ਮੋਹ ਆਦਿਕ ਨਾਈ = ਨਾਮ ਦੇ ਜਪਣ ਕਰਕੇ ਮਿਟ ਜਾਂਦੇ ਹਨ। ਹੇ ਗੁਸਾਈਂ (ਗੁ+ਸਾਈ) ਗੁ = ਪ੍ਰਿਥਵੀ ਦੇ ਸਾਈ = ਮਾਲਕ ਜੀ ! ਜਾ ਕਉ = ਜਿਸ ਦੇ ਤਾਈਂ ਆਪ ਰਾਖਹੁ = ਰੱਖਣਾ ਕਰਦੇ ਹੋ।

## ਪਾਤਿਸਾਹੁ; ਛਤ੍ਰ ਸਿਰ ਸੋਊ ॥ ਨਾਨਕ; ਦੂਸਰ ਅਵਰੁ ਨ ਕੋਊ ॥੩੭॥

ਪਾਤਿ ਨਾਮ ਫ਼ਾਰਸੀ ਵਿਚ ਤਖ਼ਤ ਦਾ ਹੈ, ਸਾਹ = ਮਾਲਕ ਦਾ ਹੈ। ਭਾਵ ਸੋਊ = ਉਹ ਤਖ਼ਤ ਦਾ ਮਾਲਕ ਹੈ, ਉਸੇ ਦੇ ਸਿਰ = ਮਸਤਕ 'ਤੇ ਜਸ ਦਾ ਛਤਰ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਦੀ ਨਿਗ੍ਹਾ ਵਿਚ ਵਾਹਿਗੁਰੂ ਤੋਂ ਬਿਨਾਂ ਅਵਰੁ = ਹੋਰ ਦੂਸਰ = ਦੂਜਾ ਕੋਊ = ਕੋਈ ਨ = ਨਹੀਂ ਹੈ **ਵਾ:** ਸਿਰ = ਮਸਤਕ ਉੱਤੇ ਛਤਰ ਧਾਰਨ ਵਾਲਾ ਸੋਊ = ਉਹ ਪਰਮੇਸ਼ਰ ਪਾਤਸ਼ਾਹ ਆਪ ਹੀ ਹੈ, ਗੁਰੂ ਜੀ ਕਥਨ ਕਰਦੇ ਹਨ ਕਿ ਉਸ ਤੋਂ ਬਿਨਾਂ ਦੂਸਰ = ਦੂਜਾ ਅਵਰੁ = ਹੋਰ ਕੋਊ = ਕੋਈ ਨ = ਨਹੀਂ ਹੈ ॥੩੭॥ ਜੈਸਾ ਕਿ :

**ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥** *(ਅੰਗ ੫)*

## ਸਲੋਕੁ ॥ ਫਾਹੇ ਕਾਟੇ ਮਿਟੇ ਗਵਨ; ਫਤਿਹ ਭਈ ਮਨਿ ਜੀਤ ॥

ਉਨ੍ਹਾਂ ਦੇ ਸਤਿਸੰਗਤ ਦੀ ਪ੍ਰਾਪਤੀ ਕਰ ਕੇ ਜਮਾਂ ਦੇ ਫਾਹੇ = ਫੰਦੇ ਕਾਟੇ = ਕੱਟੇ ਗਏ, ਮਾਇਆ ਦੇ, ਮੋਹ ਦੇ, ਵਾਸ਼ਨਾ ਦੇ ਅਤੇ ੮੪ (ਚੌਰਾਸੀ) ਲੱਖ ਜੂਨਾਂ ਦੇ ਗਵਨ = ਚੱਕਰ ਵੀ ਮਿਟੇ = ਮਿਟ ਗਏ ਅਤੇ ਉਨ੍ਹਾਂ ਦੀ ਮਨਿ = ਅੰਤਸ਼ਕਰਣ ਨੂੰ ਜੀਤ = ਜਿੱਤ ਕੇ ਫਤਿਹ = ਵਿਜਯ ਭਈ = ਹੋਈ ਹੈ, ਭਾਵ ਜਿੱਤ ਪ੍ਰਾਪਤ ਹੋ ਗਈ ਹੈ। ਜਿਵੇਂ ਪਾਰਸਨਾਥ ਨੇ ਵੀਹ ਹਜ਼ਾਰ ਬੰਦੇ ਕੈਦ ਕੀਤੇ ਸਨ, ਕਹਿਣ ਲੱਗਾ ਕੋਈ ਹੈ, ਜਿਸ ਨੂੰ ਮੈਂ ਨਾ ਜਿੱਤਿਆ ਹੋਵੇ। ਮਛੰਦਰ ਨੇ ਕਿਹਾ ਕਿ ਆਪਣੇ ਮਨ ਨੂੰ ਜਿੱਤਣਾ ਕਰ, ਸੜ ਕੇ ਮਰ ਗਿਆ, ਮਨ ਨਾ ਜਿੱਤ ਸਕਿਆ। ਜਿਵੇਂ ਭਰਥਰੀ ਜੀ ਨੇ ਕਿਹਾ ਹੈ :

**ਮਨ ਰਿਪੁ ਜੀਤਾ ਸਭੁ ਰਿਪੁ ਜੀਤੇ।**
**ਮਨ ਰਿਪੁ ਜੀਤਾ ਸਭ ਰਿਪੁ ਜੀਤੇ।**
**ਇਤਰ ਤਨੋ ਮੈਂ ਹੋਇ ਨ ਨਿਗ੍ਰਹਿ।**
**ਮਾਨਸ ਕੋ ਬਿਨ ਮਾਨਸ ਵਿਗ੍ਰਹਿ ॥੫੫॥** *(ਵੈਰਾਗ ਸੱਤਕ, ਅਧਿ: ੭, ਪੰਨਾ ੧੩੧)*

## ਨਾਨਕ ਗੁਰ ਤੇ ਥਿਤ ਪਾਈ; ਫਿਰ ਨ ਮਿਟੇ, ਨਿਤ ਨੀਤ ॥੧॥

(ਦੂਸਰਾ ਪਾਠ **ਫਿਰਨ** ਇੱਕਠਾ ਹੈ)

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰੂ ਸਾਹਿਬ ਜੀ ਦੀ ਕਿਰਪਾ ਤੋਂ ਉਨ੍ਹਾਂ ਨੇ ਵਾਹਿਗੁਰੂ ਦੇ ਸਰੂਪ ਵਿਚ ਥਿਤ = ਇਸਥਿਤੀ ਪਾਈ = ਪਾਉਣਾ ਕੀਤੀ ਹੈ, ਉਹ ਫੇਰ ਨ = ਨਹੀਂ ਮਿਟੇ = ਮਿਟਣਗੇ, ਨਿਤ = ਨੀਤ ਸਰੂਪ ਨੂੰ ਪਾ ਕੇ ਨੀਤ = ਨਿੱਤ ਸਰੂਪ ਹੋ ਜਾਣਗੇ **ਵਾ:** ਉਨ੍ਹਾਂ ਦੇ ਨਿੱਤ ਦੇ, ਭਾਵ ੮੪ ਦੇ ਫਿਰਨ = ਫੇਰੇ ਮਿਟ ਗਏ ਹਨ ॥੧॥

## ਪਉੜੀ ॥ ਫਫਾ; ਫਿਰਤ ਫਿਰਤ ਤੂ ਆਇਆ ॥ ਦ੍ਰੁਲਭ ਦੇਹ; ਕਲਿਜੁਗ ਮਹਿ ਪਾਇਆ ॥

ਫੱਫੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਹੇ ਜੀਵ! ਤੂੰ ਚੌਰਾਸੀ ਲੱਖ ਜੂਨੀਆਂ ਵਿਚ ਫਿਰਤ ਫਿਰਤ = ਫਿਰਦਾ ਫਿਰਦਾ ਮਨੁੱਖਾ ਜਨਮ ਵਿਚ ਆਇਆ ਹੈਂ। ਕਲਿਜੁਗ ਦੇ ਮਹਿ = ਵਿਚ ਇਹ ਦ੍ਰੁਲਭ = ਕਠਨਤਾਈਂ ਨਾਲ ਮਿਲਣ ਵਾਲੇ ਅਮੋਲਕ ਦੇਹ = ਸਰੀਰ ਨੂੰ ਪਾਇਆ = ਪ੍ਰਾਪਤ ਕੀਤਾ ਹੈ **ਵਾ:** ਜਿਹੜੀ ਦ੍ਰੁਲਭ = ਕਠਿਨਤਾ ਨਾਲ ਲੱਭਣ ਵਾਲੀ ਮਨੁੱਖ ਦੇਹੀ ਸੀ, ਇਹ ਕਲਿਜੁਗ ਮਹਿ = ਵਿਚ ਥੋੜੀ ਬੰਦਗੀ ਕਰ ਕੇ ਮੁਕਤ ਹੋਣ ਵਾਸਤੇ ਪਾਇਆ = ਪ੍ਰਾਪਤ ਹੋਈ ਹੈ।

## ਫਿਰਿ ਇਆ ਅਉਸਰੁ; ਚਰੈ ਨ ਹਾਥਾ ॥ ਨਾਮੁ ਜਪਹੁ; ਤਉ ਕਟੀਅਹਿ ਫਾਸਾ ॥

(**ਚਰੈ** ਦਾ ਉਚਾਰਣ ਭਾਰਾ ਹੈ)

ਫਿਰਿ = ਫੇਰ ਇਆ = ਇਹ ਅਉਸਰੁ = ਸਮਾਂ (ਵੇਲਾ) ਤੇਰੇ ਹਾਥਾ = ਹੱਥ ਨ = ਨਹੀਂ ਚਰੈ = ਚੜ੍ਹਨਾ ਭਾਵ ਪ੍ਰਾਪਤ ਨਹੀਂ ਹੋਣਾ। ਜੈਸਾ ਕਿ :

> **ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥**
> **ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥੨॥੨॥** *(ਸੋਰਠਿ ਮਹਲਾ ੯, ਅੰਗ ੬੩੧)*

ਜੇ ਹੁਣ ਤੂੰ ਨਾਮ ਜਪਹੁ = ਜਪੇਂਗਾ, ਤਉ = ਤਾਂ ਤੇਰੀ ਜਮਾਂ ਦੀ ਫਾਸਾ = ਫਾਹੀ ਕਟੀਅਹਿ = ਕੱਟੀ ਜਾਵੇਗੀ।

## ਫਿਰਿ ਫਿਰਿ; ਆਵਨ ਜਾਨੁ ਨ ਹੋਈ ॥ ਏਕਹਿ ਏਕ; ਜਪਹੁ ਜਪੁ ਸੋਈ ॥

ਫਿਰ ਤੁਹਾਡਾ ਸੰਸਾਰ ਵਿਚ ਫਿਰਿ ਫਿਰਿ = ਮੁੜ ਮੁੜ ਕੇ ਆਵਨ = ਆਉਣਾ ਜਾਨੁ = ਜਾਣਾ ਨ = ਨਹੀਂ ਹੋਈ = ਹੋਵੇਗਾ। ਜੇਕਰ ਸੋਈ = ਉਸ ਏਕਹਿ ਏਕ = ਇੱਕੋ ਇਕ ਅਦੁੱਤੀ ਪਰਮੇਸ਼ਰ ਦੇ ਨਾਮ ਦੇ ਜਪੁ = ਜਾਪ ਨੂੰ ਜਪਹੁ = ਜਪਣਾ ਕਰੋਗੇ।

## ਕਰਹੁ ਕ੍ਰਿਪਾ; ਪ੍ਰਭ ਕਰਨੈਹਾਰੇ ॥ ਮੇਲਿ ਲੇਹੁ; ਨਾਨਕ ਬੇਚਾਰੇ ॥੩੮॥

ਹੇ ਸਾਰੇ ਜਗਤ ਨੂੰ ਕਰਨੈਹਾਰੇ = ਰਚਣ ਵਾਲੇ ਪ੍ਰਭ = ਹਰੀ ਵਾਹਿਗੁਰੂ ਜੀ! ਸਾਡੇ 'ਤੇ ਕਿਰਪਾ ਦ੍ਰਿਸ਼ਟੀ ਕਰਹੁ = ਕਰੋ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਜੀਵ ਬੇਚਾਰੇ = ਗ਼ਰੀਬ (ਤੁੱਛ) ਹਾਂ ਕਿਰਪਾ ਕਰ ਕੇ ਸਾਨੂੰ ਆਪਣੇ ਨਾਲ ਮੇਲ ਲੇਹੁ = ਲਵੋ ॥੩੮॥

## ਸਲੋਕੁ ॥ ਬਿਨਉ ਸੁਨਹੁ ਤੁਮ ਪਾਰਬ੍ਰਹਮ; ਦੀਨ ਦਇਆਲ ਗੁਪਾਲ ॥

ਹੇ ਦੀਨ = ਗ਼ਰੀਬਾਂ 'ਤੇ ਦਇਆਲ = ਦਿਆਲਤਾ ਕਰਨ ਵਾਲੇ ਗੁਪਾਲ = ਗੁ = ਪ੍ਰਿਥਵੀ ਦੇ ਪਾਲ = ਪਾਲਕ ਪਾਰਬ੍ਰਹਮ = ਪਰਮੇਸ਼ਰ! ਤੁਮ = ਤੁਸੀਂ ਸਾਡੀ ਬਿਨਉ = ਬੇਨਤੀ ਸੁਨਹੁ = ਸੁਣਨਾ ਕਰੋ।

## ਸੁਖ ਸੰਪੈ ਬਹੁ ਭੋਗ ਰਸ; ਨਾਨਕ ਸਾਧ ਰਵਾਲ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਸਾਧ = ਸਾਧੂਆਂ ਦੀ ਚਰਨ ਰਵਾਲ = ਧੂੜੀ ਵਿਚ ਸੁਖ ਸੰਪੈ = ਸੰਪਦਾ ਤੇ ਬਹੁ = ਬਹੁਤ ਭੋਗ ਪਦਾਰਥਾਂ ਤੇ ਬ੍ਰਹਮਾਨੰਦ ਦਾ ਰਸ ਹੈ। ਉਨ੍ਹਾਂ ਦੀ ਚਰਨ ਧੂੜੀ ਉਹ ਸਾਨੂੰ ਬਖ਼ਸ਼ਣਾ ਕਰੋ **ਵਾ:** ਜਿਨ੍ਹਾਂ ਸਾਧ = ਸ੍ਰੇਸ਼ਟ ਜਨਾਂ ਨੇ ਦੁਨਿਆਵੀ ਸੁਖ ਸੰਪੈ = ਸੰਪਦਾ ਤੇ ਬਹੁ = ਬਹੁਤੇ ਭੋਗ ਪਦਾਰਥਾਂ ਦੇ ਰਸ ਰਵਾਲ = ਧੂੜ ਰੂਪ ਸਮਝੇ ਹਨ, ਉਨ੍ਹਾਂ ਦੀ ਸੰਗਤ ਬਖ਼ਸ਼ੋ ॥੧॥

## ਪਉੜੀ ॥ ਬਬਾ; ਬ੍ਰਹਮੁ ਜਾਨਤ ਤੇ ਬ੍ਰਹਮਾ ॥
## ਬੈਸਨੋ ਤੇ; ਗੁਰਮੁਖਿ ਸੁਚ ਧਰਮਾ ॥

ਬੱਬੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਜੋ ਬ੍ਰਹਮੁ = ਪਰਮੇਸ਼ਰ ਨੂੰ ਜਾਨਤ = ਜਾਣ ਲੈਂਦੇ ਹਨ, ਤੇ = ਉਹੋ ਹੀ ਅਸਲ ਬ੍ਰਹਮਾ = ਬ੍ਰਾਹਮਣ ਹਨ **ਵਾ:** ਜੋ ਬ੍ਰਹਮ ਵਿਚ ਲਿਵ ਲਾ ਕੇ ਏਕਤਾ ਪਾ ਲੈਂਦੇ ਹਨ, ਉਹ ਬ੍ਰਹਮ ਦਾ ਰੂਪ ਬ੍ਰਾਹਮਣ ਹਨ।

ਤੇ = ਉਹ ਬੈਸਨੋ = ਵੈਸ਼ਨਵ ਹਨ ਜੋ ਗੁਰਮੁਖਿ = ਮੁਖੀ ਗੁਰਾਂ ਦੁਆਰਾ ਸੁਚ = ਪਵਿੱਤਰਤਾ ਦੇ ਧਰਮਾ = ਧਰਮ ਵਾਲੇ ਹਨ **ਵਾ:** ਜੋ ਗੁਰਮੁਖਿ = ਮੁਖੀ ਗੁਰਾਂ ਦੁਆਰੇ ਸੁਚ = ਪਵਿੱਤਰਤਾ ਤੇ ਧਰਮਾ = ਧਰਮ ਆਦਿਕਾਂ ਨੂੰ ਗ੍ਰਹਿਣ ਕਰਦਾ ਹੈ, ਉਹ ਬੈਸਨੋ = ਵੈਸ਼ਨਵ ਹੈ **ਵਾ:** ਜੋ ਸ਼ਰਾਬ ਮਾਸ ਆਦਿਕ ਨਾ ਵਰਤੇ, ਉਹ ਬੈਸਨੋ = ਵੈਸ਼ਨੂੰ ਹੈ, ਭਾਵ ਬੈਸਨੋ = ਸੰਸਾਰ ਦੀ ਜੋ ਚੇਸ਼ਟਾ ਕਰਾਉਣ ਵਾਲਾ ਹਰੀ ਹੈ, ਉਹ ਉਸ ਦਾ ਰੂਪ ਹੋ ਜਾਂਦੇ ਹਨ। ਜੈਸਾ ਕਿ :

**ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ ॥ ਬਿਸਨ ਕੀ ਮਾਇਆ ਤੇ ਹੋਇ ਭਿੰਨ ॥** *(ਅੰਗ ੨੭੪)*

**ਵਾ:** ਤੋਲ ਦਾ ਵੀ ਪੂਰਾ, ਬੋਲ ਦਾ ਵੀ ਸੱਚਾ ਤੇ ਐਸਾ ਸੱਚਾ ਧਰਮ ਧਾਰਨ ਵਾਲਾ ਵੈਸ਼ਨੋ ਹੈ।

## ਬੀਰਾ; ਆਪਨ ਬੁਰਾ ਮਿਟਾਵੈ ॥ ਤਾਹੂ; ਬੁਰਾ ਨਿਕਟਿ ਨਹੀ ਆਵੈ ॥

ਜੋ ਆਪਣੇ ਮਨ ਦਾ ਬੁਰਾ = ਭੈੜਾ ਸੁਭਾਅ ਮਿਟਾਵੈ = ਮਿਟਾ ਦਿੰਦੇ ਹਨ ਉਹ ਬੀਰਾ = ਬਹਾਦਰ ਭਾਵ ਛੱਤ੍ਰੀ ਹਨ, ਤਾਹੂ = ਉਨ੍ਹਾਂ ਦੇ ਨਿਕਟਿ = ਨੇੜੇ ਬੁਰਾ = ਭੈੜਾ ਸੰਕਲਪ ਨਹੀਂ ਆਵੈ = ਆਉਂਦਾ।

**ਸਾਖੀ—ਰੈਬਾਂ ਦੀ :** ਇਸ ਤੁਕ ਦੇ ਸਿਧਾਂਤ ਪਰ ਇਕ ਸਾਖੀ ਪੁਰਾਤਨ ਸਮੇਂ ਦੀ ਹੈ। ਇਕ ਬਾਦਸ਼ਾਹ ਜਿਸ ਦੇ ਘਰ ਇਕ ਲੜਕੀ ਦਾ ਜਨਮ ਹੋਇਆ, ਜਿਸ ਦਾ ਨਾਂ ਰੂਬੀਆ (ਰੈਬਾਂ) ਰੱਖਿਆ ਗਿਆ। ਉਸ ਬਾਦਸ਼ਾਹ 'ਤੇ ਕੋਈ ਦੁਸ਼ਮਣ ਚੜ੍ਹ ਕੇ ਆਇਆ। ਬਾਦਸ਼ਾਹ ਦੇ ਤਖ਼ਤ ਉੱਤੇ ਆਪਣਾ ਅਧਿਕਾਰ ਜਮਾ ਲਿਆ, ਬਾਦਸ਼ਾਹ ਅਤੇ ਵਜ਼ੀਰਾਂ ਦਾ ਕਤਲ ਕਰ ਦਿੱਤਾ, ਇਕ ਵਫ਼ਾਦਾਰ ਦਾਸੀ ਬਾਦਸ਼ਾਹ ਦੀ ਸੰਤਾਨ ਬੇਟੀ ਰੈਬਾਂ ਨੂੰ ਗੁਪਤ ਦਰਵਾਜ਼ੇ ਰਾਹੀਂ ਲੈ ਕੇ ਦੌੜਨ ਵਿਚ ਸਫਲ ਹੋ ਗਈ। ਛੋਟੀ ਬੱਚੀ ਨੂੰ ਲੈ ਕੇ ਇਕ ਮਹਾਂਪੁਰਖ ਦੀ ਸ਼ਰਨ ਮੰਗੀ, ਜਿਥੇ ਪੇਟ ਭਰਨ ਲਈ ਰੋਜ਼ੀ ਦਾ ਸਾਧਨ ਬਣਿਆ, ਉਥੇ ਸਤਿਸੰਗਤ ਕਰ ਕੇ ਇਸ ਨਿੱਕੀ ਬੱਚੀ ਦਾ ਮਨ ਪ੍ਰਭੂ ਭਗਤੀ ਵਿਚ ਲੱਗ ਗਿਆ। ਹੌਲੀ-ਹੌਲੀ ਲੜਕੀ ਜੁਵਾ ਅਵਸਥਾ ਵਿਚ ਪਹੁੰਚ ਗਈ। ਮਹਾਤਮਾ ਨੇ ਉਸ ਦਾਸੀ ਨੂੰ ਆਪਣੇ ਆਸ਼ਰਮ ਤੋਂ ਚਲੇ ਜਾਣ ਦਾ ਆਦੇਸ਼ ਦੇ ਦਿੱਤਾ। ਇਸ ਦਾਸੀ ਨੇ ਕਿਸੇ ਜਗ੍ਹਾ ਜਾ ਕੇ ਨਿਵਾਸ ਕੀਤਾ, ਇਕ ਵੇਸ਼ਵਾ ਦੀ ਇਸ ਨੌਜਵਾਨ ਸੁੰਦਰ ਲੜਕੀ 'ਤੇ ਨਜ਼ਰ ਪਈ, ਜਿਸਮਾਨੀ ਵਪਾਰ ਕਰਨ ਲਈ ਵੇਸ਼ਵਾ ਨੇ ਉਸ ਦਾਸੀ ਨੂੰ ਜਿਸ ਨੇ ਬੱਚੀ ਪਾਲ ਕੇ ਜਵਾਨ ਕੀਤੀ ਸੀ, ਪੰਜ ਹਜ਼ਾਰ ਰੁਪਏ ਦੇ ਕੇ ਮੁੱਲ ਖ਼ਰੀਦ ਲਈ। ਇਕ ਦਿਨ ਇਕ ਨੌਜਵਾਨ ਉਮਰ ਦਾ ਸ਼ਾਹੂਕਾਰ ਗੰਦੀ ਵਾਸ਼ਨਾ ਦੀ ਤ੍ਰਿਪਤੀ ਲਈ ਵੇਸ਼ਵਾ ਦੇ ਕੋਲ ਪਹੁੰਚਿਆ ਤਾਂ ਵੇਸ਼ਵਾ ਨੇ ਇਸ ਲੜਕੀ ਨੂੰ ਚੰਗੀ ਤਰ੍ਹਾਂ ਸਮਝਾ ਬੁਝਾ

ਕੇ ਕਿਹਾ ਕਿ ਆਪਣਾ ਇਹ ਧੰਦਾ ਹੈ। ਤੂੰ ਕਿਸੇ ਕਿਸਮ ਦਾ ਇਤਰਾਜ਼ ਨਹੀਂ ਕਰਨਾ। ਰੈਬਾਂ ਪਰਮਾਤਮਾ ਦੇ ਧਿਆਨ ਵਿਚ ਜੁੜੀ ਹੋਈ ਸੀ, ਜਿਸ ਦੀ ਅਵਸਥਾ ਚੌਥੇ ਪਦ ਵਾਲੀ ਬਣੀ ਹੋਈ ਸੀ, ਸ਼ਾਹੂਕਾਰ ਜਦੋਂ ਕਮਰੇ ਅੰਦਰ ਪ੍ਰਵੇਸ਼ ਹੋਇਆ ਤਾਂ ਅੱਖਾਂ ਤੋਂ ਅੰਨ੍ਹਾ ਹੋ ਗਿਆ, ਜਦੋਂ ਬਾਹਰ ਜਾਵੇ ਤਾਂ ਸੁਜਾਖਾ ਹੋ ਜਾਵੇ, ਜਦੋਂ ਅੰਦਰ ਜਾਵੇ ਤਾਂ ਫੇਰ ਅੰਨ੍ਹਾ ਹੋ ਜਾਵੇ, ਇਸੇ ਤਰ੍ਹਾਂ ਤਿੰਨ ਵਾਰੀ ਹੋਇਆ ਤਾਂ ਉਸ ਨੇ ਖੜ੍ਹ ਕੇ ਸੱਚੇ ਮਨੋਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਇਸ ਦੇਵੀ ਦੇ ਦਰਸ਼ਨ ਕਰਨ ਲਈ ਹੇ ਪਰਮੇਸ਼ਰ ਮੈਨੂੰ ਅੱਖਾਂ ਬਖ਼ਸ਼, ਮੈਂ ਇਸ ਨੂੰ ਆਪਣੀ ਮਾਂ ਸਮਝਾਂਗਾ। ਜਦੋਂ ਸ਼ੁੱਧ ਹਿਰਦੇ ਨਾਲ ਗਿਆ ਤਾਂ ਰੈਬਾਂ ਦੇ ਦਰਸ਼ਨ ਕਰਦਿਆਂ ਮੰਦੀਆਂ ਵਾਸ਼ਨਾਵਾਂ ਸਾਰੀਆਂ ਨਾਸ ਹੋ ਗਈਆਂ, ਮਨ ਪਵਿੱਤਰ ਹੋਇਆ। ਰੈਬਾਂ ਉਸੇ ਤਰ੍ਹਾਂ ਪ੍ਰਭੂ ਧਿਆਨ ਵਿਚ ਨਿਮਗਨ ਸੀ, ਚਰਨੀਂ ਡਿੱਗ ਕੇ ਕਿਹਾ ਕਿ ਮੈਂ ਅੱਜ ਤੋਂ ਆਪਣੀ ਮਾਤਾ ਸਮਝ ਕੇ ਸੇਵਾ ਕਰਨੀ ਚਾਹਾਂਗਾ। ਰੈਬਾਂ ਨੇ ਕਿਹਾ ਕਿ ਜੇ ਤੂੰ ਧਰਮ ਦਾ ਪੁੱਤਰ ਬਣਿਆ ਹੈਂ ਤਾਂ ਮੈਨੂੰ ਇਥੋਂ ਗੰਦੀ ਜਗ੍ਹਾ ਤੋਂ ਛੁਡਾਉਣਾ ਹੋਵੇਗਾ। ਉਸ ਨੇ ਵੇਸ਼ਵਾ ਨੂੰ ਦਸ ਹਜ਼ਾਰ ਰੁਪਏ ਦੇ ਕੇ ਛੁਡਾਇਆ ਤੇ ਆਪਣੇ ਘਰ ਲਿਜਾ ਕੇ ਸਕੀ ਮਾਂ ਨਾਲੋਂ ਵੱਧ ਸਤਿਕਾਰ ਕਰਦਾ ਰਿਹਾ। ਸਤਪੁਰਸ਼ਾਂ ਦੀ ਸੇਵਾ ਦਾ ਮਹਾਨ ਫਲ ਹੋਇਆ ਕਰਦਾ ਹੈ, ਜੋ ਸ਼ਾਹੂਕਾਰ ਨੂੰ ਵੀ ਮਿਲਿਆ। ਉਸ ਦਾ ਮਨ ਵੀ ਭਗਤੀ ਵਿਚ ਰੰਗਿਆ ਗਿਆ, ਇਕ ਦਿਨ ਬੜੀ ਦੇਰ ਤੋਂ ਬਾਅਦ ਰੈਬਾਂ ਨੂੰ ਪੁੱਛਿਆ ਕਿ ਮਾਤਾ ਮੇਰੀ ਸੇਵਾ ਵਿਚ ਕਮੀ ਤਾਂ ਨਹੀਂ ? ਕੋਈ ਹੋਰ ਇੱਛਾ ਹੋਵੇ ਤਾਂ ਮਾਤਾ ਹੁਕਮ ਕਰੋ ਤਾਂ ਰੈਬਾਂ ਨੇ ਕਿਹਾ ਕਿ ਹੋਰ ਸਾਰੇ ਸੁਖ ਹਨ, ਕੋਈ ਇੱਛਾ ਨਹੀਂ ਪਰ ਮੱਕੇ ਦੀ ਜ਼ਿਆਰਤ ਦੀ ਇੱਛਾ ਜ਼ਰੂਰ ਬਣੀ ਹੈ। ਕੁਝ ਗ੍ਰੰਥਾਂ ਵਿਚ ਇਹ ਲਿਖਿਆ ਹੈ ਕਿ ਸੇਵਾ ਕਰਨ ਵਾਲਾ ਸ਼ਾਹੂਕਾਰ ਜੀਵਨ ਮੁਕਤ ਨੂੰ ਪ੍ਰਾਪਤ ਹੋਇਆ ਅਤੇ ਉਸ ਨੇ ਆਪਣੀ ਧਰਮ ਦੀ ਮਾਤਾ ਜਾਣ ਕੇ ਰੈਬਾਂ ਦਾ ਮੱਕੇ ਦੀ ਜ਼ਿਆਰਤ ਨੂੰ ਜਾਣ ਦਾ ਪ੍ਰਬੰਧ ਕੀਤਾ। ਜਦੋਂ ਮੱਕਾ ੬੦ (ਸੱਠ) ਕੋਹ ਰਹਿ ਗਿਆ, ਉਥੇ ਬੈਠ ਕੇ ਰੱਬੀ ਰੰਗ ਵਿਚ ਖ਼ੁਦਾ ਦੀ ਇਬਾਦਤ ਕਰਨ ਲੱਗੀ। ਇਕ ਸੂਈ ਹੋਈ ਕੁੱਤੀ ਜਿਸ ਦੇ ਨਿੱਕੇ ਨਿੱਕੇ ਦੋ ਕਤੂਰੇ ਸਨ, ਪਿਆਸੀ ਕੁੱਤੀ ਨੇ ਰੈਬਾਂ ਦਾ ਦੁਪੱਟਾ ਫੜ ਕੇ ਖੂਹ ਵੱਲ ਖਿੱਚਿਆ, ਪਾਣੀ ਵੱਲ ਵੇਖ ਕੇ ਕੁੱਤੀ ਨੇ ਆਪਣੀ ਬੋਲੀ ਵਿਚ ਭੌਂਕਣਾ ਕੀਤਾ, ਜਿਸ ’ਤੇ ਰੈਬਾਂ ਸਮਝ ਗਈ ਕਿ ਕੁੱਤੀ ਪਾਣੀ ਦੀ ਪਿਆਸੀ ਹੈ, ਜੀਵਾਂ ਦੇ ਦਇਆ ਕਰਨ ਵਾਲੇ ਧਰਮ ਨੂੰ ਮੁਖ ਰੱਖਦਿਆਂ ਯਤਨ ਕੀਤਾ, ਡੋਲ ਜਾਂ ਰੱਸੀ ਨਾ ਹੋਣ ਕਰ ਕੇ ਸਿਰ ਦੇ ਵਾਲ ਪੁੱਟ ਕੇ ਰੱਸੀ ਵੱਟੀ ਤੇ ਆਪਣਾ ਦੁਪੱਟਾ ਬੰਨ੍ਹ ਕੇ ਪਾਣੀ ਤੱਕ ਪਹੁੰਚਾਇਆ, ਜਦੋਂ ਪਾਣੀ ਵਿਚ ਦੁਪੱਟਾ ਭਿੱਜ ਗਿਆ, ਇਕ ਹੱਥ ਨਾਲ ਨਿਚੋੜਿਆ ਦੂਜੇ ਹੱਥ ਨਾਲ ਕੁੱਤੀ ਦੇ ਮੂੰਹ ਕੋਲ ਕਰ ਕੇ ਪਾਣੀ ਪਿਆਇਆ। ਜਿਸ ’ਤੇ ਖ਼ੁਦਾ ਨੇ ਪ੍ਰਸੰਨ ਹੋ ਕੇ ਅਵਾਜ਼ ਦਿੱਤੀ ਕਿ ਤੈਨੂੰ ਹੁਣ ਮੱਕੇ ਕੋਲ ਜਾਣ ਦੀ ਲੋੜ ਨਹੀਂ, ਮੱਕਾ ਚੱਲ ਕੇ ਤੇਰੇ ਕੋਲ ਆ ਰਿਹਾ ਹੈ :

**ਦੋਹਰਾ॥ ਸਿਰ ਕੀ ਸੋਭ ਉਤਾਰ ਕੇ ਚੀਨਿਓ ਆਤਮ ਰਾਮ।**
**ਸਾਠ ਕੋਸ ਮੱਕਾ ਮਿਲਿਆ ਦੇਖ ਦਇਆ ਕੇ ਕਾਮ।**
ਤਥਾ : **ਦਇਆ ਧਰਮ ਕਾ ਮੂਲ ਹੈ, ਪਾਪ ਮੂਲ ਅਭਿਮਾਨ।**
**ਤੁਲਸੀ ਦਯਾ ਨਾ ਛੋਡੀਐ, ਜਬ ਲਗ ਘਟ ਮੇਂ ਪ੍ਰਾਨ।** *(ਤੁਲਸੀ ਜੀ)*

## ਬਾਧਿਓ; ਆਪਨ ਹਉ ਹਉ ਬੰਧਾ॥
## ਦੋਸੁ ਦੇਤ; ਆਗਹ ਕਉ ਅੰਧਾ॥

ਜੀਵ ਤਾਂ ਆਪਨ = ਆਪਣੇ ਆਪ ਹੀ ਹਉ = ਮੈ ਤੇ ਹਉ = ਹੰਗਤਾ ਮਮਤਾ ਦੇ ਬੰਧਾ = ਬੰਧਨਾਂ ਵਿਚ ਬਾਧਿਓ = ਬੱਝ ਗਿਆ ਹੈ। ਇਹ ਅੰਧਾ = ਅੰਨ੍ਹਾ ਅਗਿਆਨੀ ਜੀਵ ਆਗਹ = ਅਗਲਿਆਂ ਲੋਕਾਂ ਨੂੰ ਦੋਸ਼ ਦੇਤ = ਦਿੰਦਾ ਹੈ। ਆਪਣੇ ਭੈੜੇ ਸੁਭਾਅ ਦੀ ਪ੍ਰਵਾਹ ਨਹੀਂ ਕਰਦਾ ਕਿ ਆਪਣਾ ਕਸੂਰ ਹੈ।

## ਬਾਤ ਚੀਤ; ਸਭ ਰਹੀ ਸਿਆਨਪ ॥
## ਜਿਸਹਿ ਜਨਾਵਹੁ; ਸੋ ਜਾਨੈ ਨਾਨਕ ॥੩੯॥

ਬਾਤ = ਗੱਲਾਂ ਕਰਨੀਆਂ, ਚੀਤ = ਚਿੱਤ ਵਿਚ ਚਿਤਵਣੀਆਂ ਕਰਨੀਆਂ, ਇਹ ਸਭ = ਸਾਰੀਆਂ ਬੁੱਧੀ ਦੀਆਂ ਸਿਆਣਪਾਂ ਰਹੀ = ਰਹਿ ਚੁੱਕੀਆਂ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ਜਿਸਹਿ = ਜਿਸ ਨੂੰ ਤੁਸੀਂ ਜਨਾਵਹੁ = ਜਨਾਉਣਾ ਚਾਹੋ, ਸੋ = ਉਹ ਆਪ ਦੇ ਸਰੂਪ ਨੂੰ ਜਾਨੈ = ਜਾਣਦਾ ਹੈ ॥੩੯॥

## ਸਲੋਕੁ ॥ ਭੈ ਭੰਜਨ ਅਘ ਦੂਖ ਨਾਸ; ਮਨਹਿ ਅਰਾਧਿ ਹਰੇ ॥

ਹੇ ਜੀਵ ! ਹਰੀ ਦਾ ਨਾਮ ਜਨਮ ਮਰਨ ਦੇ ਭੈ = ਡਰ ਨੂੰ ਭੰਜਨ = ਭੰਨਣ ਵਾਲਾ, ਅਘ = ਪਾਪਾਂ ਨੂੰ, ਸ਼ਬਦ ਸਪਰਸ਼ ਆਦਿ ਦੂਖ = ਦੋਸ਼ਾਂ ਨੂੰ ਵੀ ਨਾਸ = ਦੂਰ ਭਾਵ ਨਵਿਰਤ ਕਰਨ ਵਾਲਾ ਹੈ, ਇਸ ਕਰ ਕੇ ਮਨਹਿ = ਅੰਤਸ਼ਕਰਣ ਨਾਲ ਹਰੇ = ਹਰੀ ਵਾਹਿਗੁਰੂ ਨੂੰ ਅਰਾਧਿ = ਅਰਾਧਨਾ ਕਰ।

## ਸੰਤਸੰਗ ਜਿਹ ਰਿਦ ਬਸਿਓ; ਨਾਨਕ ਤੇ ਨ ਭ੍ਰਮੇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹ = ਜਿਨ੍ਹਾਂ ਦੇ ਰਿਦ = ਹਿਰਦੇ ਵਿਚ ਸੰਤਸੰਗ = ਸੰਤਾਂ ਦੀ ਸੰਗਤ ਕਰ ਕੇ ਵਾਹਿਗੁਰੂ ਦਾ ਨਾਮ ਵਸ ਗਿਆ ਹੈ, ਤੇ = ਉਹ ਜੂਨਾਂ ਵਿਚ ਭ੍ਰਮੇ = ਭਟਕਦੇ ਨ = ਨਹੀਂ ਹਨ **ਵਾ:** ਭਾਵੇਂ ਭਰਮ ਨਵਿਰਤ ਦੀਆਂ ਜੁਗਤੀਆਂ ਸਿੱਖ ਲੈਣ, ਜਿੰਨਾ ਚਿਰ ਹਿਰਦੇ ਵਿਚ ਵਾਹਿਗੁਰੂ ਨ = ਨਹੀਂ ਬਸਿਓ = ਵਸਦਾ, ਭਰਮ ਨਹੀਂ ਜਾਣਾ ॥੧॥

## ਪਉੜੀ ॥ ਭਭਾ; ਭਰਮੁ ਮਿਟਾਵਹੁ ਅਪਨਾ ॥
## ਇਆ ਸੰਸਾਰੁ; ਸਗਲ ਹੈ ਸੁਪਨਾ ॥

ਭੱਭੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਹੇ ਭਾਈ ! ਆਪਣੇ ਸਰੂਪ ਦੇ ਭਰਮ ਨੂੰ ਮਿਟਾਵਹੁ = ਨਵਿਰਤ ਕਰੋ। ਇਆ = ਇਹ ਸਗਲ = ਸਾਰਾ ਸੰਸਾਰੁ = ਜਗਤ ਸੁਪਨੇ ਦੀ ਨਿਆਈਂ, ਮਿਥਿਆ ਹੈ।

## ਭਰਮੇ; ਸੁਰਿ ਨਰ ਦੇਵੀ ਦੇਵਾ ॥ ਭਰਮੇ; ਸਿਧ ਸਾਧਿਕ ਬ੍ਰਹਮੇਵਾ ॥

ਸੰਸਾਰ ਨੂੰ ਸਤਿ ਮੰਨ ਕੇ ਸੁਰਿ = ਦੇਵਤੇ ਸਵਰਗੀ ਲੋਕ, ਨਰ = ਮਨੁੱਖ ਦੇਵੀ, ਦੇਵਾ = ਦੇਵਤੇ ਭ੍ਰਮੇ = ਭਰਮ ਵਿਚ ਪਏ ਹੋਏ ਹਨ। ਸਿਧ = ਚੌਰਾਸੀ ਸਿਧ ਸਾਧਿਕ = ਸਾਧਨਾ ਕਰਨ ਵਾਲੇ ਅਤੇ ਬ੍ਰਹਮੇਵਾ = ਬ੍ਰਹਮਾ ਵਰਗੇ ਵੀ ਦੇਵ ਨਿਸਚੇ ਕਰ ਕੇ ਭਰਮ ਵਿਚ ਪੈ ਗਏ ਹਨ। ਜੈਸਾ ਕਿ :

**ਕਾਲ ਹੀ ਪਾਇ ਭਇਓ ਬ੍ਰਹਮਾ ਗਹਿ ਦੰਡ ਕਮੰਡਲ ਭੂਮ ਭ੍ਰਮਾਨਯੋ ॥** *(ਸ੍ਰੀ ਦਸਮ ਗ੍ਰੰਥ, ਪੰਨਾ ੭੧੫)*

## ਭਰਮਿ ਭਰਮਿ; ਮਾਨੁਖ ਡਹਕਾਏ ॥ ਦੁਤਰ ਮਹਾਬਿਖਮ; ਇਹ ਮਾਏ ॥

ਭਰਮ ਦੇ ਭਰਮਿ = ਭਰਮਾਏ ਮਾਨੁਖ = ਜੀਵ ਜੂਨਾਂ ਵਿਚ ਡਹਕਾਏ = ਭਟਕਦੇ ਫਿਰਦੇ ਹਨ। ਇਹ ਮਾਏ = ਮਾਇਆ ਮਹਾ = ਬੜੀ ਬਿਖਮ = ਕਠਨ ਤੋਂ ਦੁਤਰ = ਕਠਨ ਹੈ, ਕਿਸੇ ਪਾਸੋਂ ਤਰੀ ਨਹੀਂ ਜਾਂਦੀ।

## ਗੁਰਮੁਖਿ; ਭ੍ਰਮ ਭੈ ਮੋਹ ਮਿਟਾਇਆ ॥
## ਨਾਨਕ; ਤੇਹ ਪਰਮ ਸੁਖ ਪਾਇਆ ॥੪੦॥

ਗੁਰਾਂ ਦੁਆਰਾ ਜਿਨ੍ਹਾਂ ਗੁਰਮੁਖਾਂ ਨੇ ਅੰਦਰੋਂ ਪੰਜ ਪ੍ਰਕਾਰ ਦਾ ਭਰਮ, ਸੱਤ ਪ੍ਰਕਾਰ ਦਾ ਭੈ = ਡਰ ਅਤੇ ਮੋਹ **ਵਾ:** ਮੋਹ = ਅਗਿਆਨ ਮਿਟਾਇਆ = ਮੇਟ ਦਿੱਤਾ ਹੈ।

ਸਤਿਗੁਰੂ ਕਥਨ ਕਰਦੇ ਹਨ, ਤੇਹ = ਤਿਨ੍ਹਾਂ ਪੁਰਖਾਂ ਨੇ ਪਰਮ = ਵੱਡੇ ਸੁਖ ਆਤਮਾਨੰਦ ਨੂੰ ਪਾਇਆ = ਪਾਉਣਾ ਕੀਤਾ ਹੈ ॥੪੦॥

## ਸਲੋਕੁ ॥ ਮਾਇਆ ਡੋਲੈ ਬਹੁ ਬਿਧੀ; ਮਨੁ ਲਪਟਿਓ ਤਿਹ ਸੰਗ ॥

ਹੇ ਪਰਮੇਸ਼ਰ! ਤੇਰੀ ਮਾਇਆ[੧] ਬਹੁ = ਬਹੁਤ ਬਿਧੀ = ਤਰੀਕੀਆਂ ਕਰਕੇ ਡੋਲੈ = ਡੋਲਦੀ ਭਾਵ ਵਿਚਰਦੀ ਫਿਰਦੀ ਹੈ **ਵਾ:** ਇਸ ਮਾਇਆ ਦੀ ਪ੍ਰਾਪਤੀ ਵਾਸਤੇ ਜੀਵ ਬਹੁਤ ਤਰੀਕਿਆਂ ਕਰਕੇ ਡੋਲੈ = ਡੋਲ ਰਿਹਾ ਹੈ ਤੇ ਮਨ ਤਿਹ = ਉਸ ਮਾਇਆ ਦੇ ਸੰਗ = ਨਾਲ ਲਪਟਿਓ = ਲਪਟ ਰਿਹਾ ਹੈ।

## ਮਾਗਨ ਤੇ ਜਿਹ ਤੁਮ ਰਖਹੁ; ਸੁ ਨਾਨਕ ਨਾਮਹਿ ਰੰਗ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ! ਜਿਹ = ਜਿਨ੍ਹਾਂ ਨੂੰ ਤੁਮ = ਤੁਸੀਂ ਮਾਇਆ ਦੇ ਮਾਗਨ = ਮੰਗਣ ਤੇ = ਤੋਂ ਰਖਹੁ = ਰੱਖਦੇ ਹੋ, ਉਨ੍ਹਾਂ ਦੇ ਅੰਦਰੋਂ ਮਾਇਆ ਦੀ ਮੰਗ ਮਿਟ ਜਾਂਦੀ ਹੈ, ਸੁ = ਉਹ ਪੁਰਖ ਨਾਮਹਿ = ਨਾਮ ਦੇ ਰੰਗ = ਪ੍ਰੇਮ ਵਾਲੇ ਹੁੰਦੇ ਹਨ **ਵਾ:** ਜਿਹ = ਜਿਨ੍ਹਾਂ ਨੂੰ ਤੁਮ = ਤੁਸੀਂ (ਮ+ਆਂਗਨ) ਮਾ = ਮਾਇਆ ਰੂਪ ਇਸਤਰੀ ਤੇ = ਤੋਂ ਰਖਹੁ = ਰੱਖ ਲਵੋਂ, ਸੁ = ਉਹੋ ਹੀ ਤੁਹਾਡੇ ਨਾਮਹਿ = ਨਾਮ ਵਿਚ ਰੰਗ = ਰੱਤੇ ਜਾਂਦੇ ਹਨ **ਵਾ:** ਜਿਹ = ਜਿਨ੍ਹਾਂ ਨੂੰ ਤੁਮ = ਤੁਸੀਂ (ਮ+ਅਗਨ) ਮ = ਮਾਇਆ ਰੂਪ ਅਗਨ = ਅਗਨੀ ਤੋਂ ਰੱਖ ਲਵੋ, ਉਹ ਨਾਮ ਵਿਚ ਰੰਗੇ ਜਾਂਦੇ ਹਨ ॥੧॥

## ਪਉੜੀ ॥ ਮਮਾ; ਮਾਗਨਹਾਰ ਇਆਨਾ ॥ ਦੇਨਹਾਰ; ਦੇ ਰਹਿਓ ਸੁਜਾਨਾ ॥

ਮੱਮੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਮਾਗਨਹਾਰ = ਮੰਗਣ ਵਾਲਾ ਜੀਵ ਇਆਨਾ = ਅਗਿਆਤ ਭਾਵ ਅਲਪੱਗ, ਤੁੱਛ ਹੈ। ਦੇਨਹਾਰ = ਦੇਣ ਵਾਲਾ ਸੁਜਾਨਾ = ਅੰਤਰਜਾਮੀ ਪਰਮੇਸ਼ਰ ਸਭ ਨੂੰ ਹੀ ਕਰਮਾਂ ਅਨੁਸਾਰ ਦੇ ਰਹਿਓ = ਰਿਹਾ ਹੈ।

## ਜੋ ਦੀਨੋ; ਸੋ ਏਕਹਿ ਬਾਰ ॥ ਮਨ ਮੂਰਖ; ਕਹ ਕਰਹਿ ਪੁਕਾਰ ॥

ਜੋ = ਜਿਹੜਾ ਹਰੀ ਪਰਮੇਸ਼ਰ ਨੇ ਦੀਨੋ = ਦੇਣਾ ਹੈ, ਸੋ = ਉਹ ਪ੍ਰਾਲਬਧ ਬਣਾ ਕਰ ਕੇ ਏਕਹਿ = ਇਕ ਬਾਰ = ਵਾਰੀ ਦੇ ਦਿੱਤਾ ਕਿ ਇਤਨਾ ਸੁਖ ਤੇ ਇਤਨਾ ਜਸ ਮਿਲੇਗਾ। ਹੇ ਮੂਰਖ ਮਨਾਂ! ਫੇਰ ਤੂੰ ਕਹ = ਕਿਸ ਦੇ ਅੱਗੇ ਪੁਕਾਰ = ਫ਼ਰਿਆਦ ਕਰਹਿ = ਕਰਦਾ ਹੈਂ।

## ਜਉ ਮਾਗਹਿ; ਤਉ ਮਾਗਹਿ ਬੀਆ ॥ ਜਾ ਤੇ; ਕੁਸਲ ਨ ਕਾਹੂ ਥੀਆ ॥

ਜਉ = ਜਦੋਂ ਤੂੰ ਕੁਝ ਮਾਗਹਿ = ਮੰਗਦਾ ਹੈਂ, ਤਉ = ਤਦ ਬੀਆ = ਦੂਸਰੀਆਂ ਭਾਵ ਦ੍ਵੈਤ ਵਾਲੀਆਂ ਚੀਜ਼ਾਂ ਹੀ ਮਾਗਹਿ = ਮੰਗਦਾ ਹੈਂ। ਜਾ = ਜਿਨ੍ਹਾਂ ਤੇ = ਤੋਂ ਤੈਨੂੰ ਕਾਹੂ = ਕਦੇ ਕੁਸਲ = ਸੁਖ ਨ = ਨਹੀਂ ਥੀਆ = ਹੋਇਆ। ਜੈਸਾ ਕਿ :

**ਕਰਿ ਕਰਿ ਥਾਕੇ ਵਡੇ ਵਡੇਰੇ ॥ ਕਿਨ ਹੀ ਨ ਕੀਏ ਕਾਜ ਮਾਇਆ ਪੂਰੇ ॥** *(ਅੰਗ ੮੮੯)*

## ਮਾਗਨਿ ਮਾਗਤ; ਏਕਹਿ ਮਾਗ ॥ ਨਾਨਕ; ਜਾ ਤੇ ਪਰਹਿ ਪਰਾਗ ॥੪੧॥

ਜੇਕਰ ਤੂੰ ਕੋਈ ਮਾਗਤ = ਮੰਗ ਮਾਗਨਿ = ਮੰਗਣੀ ਵੀ ਹੈ, ਤਾਂ ਗੁਰਾਂ ਪਾਸੋਂ ਏਕਹਿ = ਇਕ ਹਰੀ ਵਾਹਿਗੁਰੂ ਦੇ ਨਾਮ ਦੀ ਮਾਗ = ਮੰਗ ਮੰਗਣੀ ਕਰ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਾ ਤੇ = ਜਿਸ

---

੧. ***ਨੋਟ:*** ਮਾਇਆ ਪਦ ਦੀ ਵੀਚਾਰ ਇਸੇ ਸਟੀਕ ਦੀ ਦੂਸਰੀ ਪੋਥੀ ਵਿਚ **"ਮਾਇਆ ਕਿਸਨੋ ਆਖੀਐ"** (ਅੰਗ ੬੭) ਵਾਲੀ ਤੁਕ 'ਤੇ ਹੈ।

ਮੰਗ ਮੰਗਣ ਤੇ = ਤੋਂ ਤੈਨੂੰ ਪਰਾਗ = ਪਰਮ ਗਤੀ ਪਰਹਿ = ਪ੍ਰਾਪਤ ਹੋ ਜਾਵੇਗੀ, ਭਾਵ ਸੰਸਾਰ-ਸਮੁੰਦਰ ਤੋਂ ਪਾਰ ਹੋ ਜਾਵੇਂਗਾ ॥੪੧॥

[ਅੰਗ ੨੫੯]

## ਸਲੋਕ ॥ ਮਤਿ ਪੂਰੀ ਪਰਧਾਨ ਤੇ; ਗੁਰ ਪੂਰੇ ਮਨ ਮੰਤ ॥

ਜਿਨ੍ਹਾਂ ਨੇ ਪੂਰੇ = ਪੂਰਨ ਗੁਰ = ਸਤਿਗੁਰੂ ਨਾਨਕ ਦੇਵ ਜੀ ਦਾ ਮੰਤ = ਮੰਤਰ (ਵਾਹਿਗੁਰੂ ਗੁਰ ਮੰਤਰ) ਮਨ = ਹਿਰਦੇ ਵਿਚ ਧਾਰਿਆ ਹੈ, ਉਹ ਪੂਰੀ = ਪੂਰਨ ਮਤਿ = ਬੁੱਧੀ ਵਾਲੇ ਸਾਰਿਆਂ ਤੇ = ਤੋਂ ਪਰਧਾਨ = ਮੁਖੀ ਹਨ **ਵਾ:** ਜਿਨ੍ਹਾਂ ਦੇ ਮਨ = ਅੰਤਸ਼ਕਰਣ ਵਿਚ ਪੂਰੇ = ਪੂਰਨ ਭਾਵ ਸ਼ਿਰੋਮਣੀ ਵਾਹਿਗੁਰੂ ਮੰਤ = ਮੰਤਰ ਵਸਿਆ ਹੈ, ਤੇ = ਉਹ ਪੂਰੀ = ਪੂਰਨ ਮਤਿ = ਬੁੱਧੀ ਭਾਵ ਆਤਮ ਵਿਸ਼ੈਣੀ ਬੁੱਧ ਵਾਲੇ ਪਰਧਾਨ = ਮੁਖੀ ਹਨ।

## ਜਿਹ ਜਾਨਿਓ ਪ੍ਰਭੁ ਆਪੁਨਾ; ਨਾਨਕ ਤੇ ਭਗਵੰਤ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹ = ਜਿਨ੍ਹਾਂ ਨੇ ਪ੍ਰਭੁ = ਹਰੀ ਵਾਹਿਗੁਰੂ ਨੂੰ ਆਪਣਾ ਜਾਨਿਓ = ਜਾਣਿਆ ਹੈ, ਤੇ = ਉਹ ਪੁਰਖ ਭਗਵੰਤ = ਭਾਗਾਂ ਵਾਲੇ ਹਨ **ਵਾ:** ਉਹ ਤਾਂ ਭਗਵੰਤ = ਹਰੀ ਦਾ ਸਰੂਪ ਹੀ ਹਨ ॥੧॥

## ਪਉੜੀ ॥ ਮਮਾ; ਜਾਹੂ ਮਰਮੁ ਪਛਾਨਾ ॥ ਭੇਟਤ ਸਾਧਸੰਗ; ਪਤੀਆਨਾ ॥

ਮੱਮੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਜਾਹੂ = ਜਿਨ੍ਹਾਂ ਨੇ ਗੁਰਾਂ ਦੁਆਰਾ ਹਰੀ ਵਾਹਿਗੁਰੂ ਦਾ ਮਰਮੁ = ਭੇਦ ਪਛਾਨਾ = ਪਛਾਣਿਆ ਹੈ। ਉਨ੍ਹਾਂ ਦਾ ਮਨ ਸਾਧਸੰਗ = ਸਤਿਸੰਗਤ ਨਾਲ ਭੇਟਤ = ਮਿਲਣ ਕਰ ਕੇ ਪਤੀਆਨਾ = ਭਰੋਸੇ ਵਾਲਾ ਹੋਇਆ ਹੈ **ਵਾ:** ਉਨ੍ਹਾਂ ਦਾ ਚਿਤ ਬ੍ਰਹਮ ਵਿਚ ਪਤੀਆਨਾ = ਪਤੀਜ ਗਿਆ ਹੈ। ਜੈਸਾ ਕਿ :

**ਕਹਿ ਕਬੀਰ ਮਨੁ ਮਾਨਿਆ ॥ ਮਨੁ ਮਾਨਿਆ ਤਉ ਹਰਿ ਜਾਨਿਆ ॥੪॥੧੧॥** *(ਅੰਗ ੬੫੬)*

## ਦੁਖ ਸੁਖ ਉਆ ਕੈ; ਸਮਤ ਬੀਚਾਰਾ ॥ ਨਰਕ ਸੁਰਗ; ਰਹਤ ਅਉਤਾਰਾ ॥

ਉਆ = ਉਨ੍ਹਾਂ ਕੈ = ਦੇ ਹਿਰਦੇ ਵਿਚ ਦੁਖ ਸੁਖ ਸਮਤ = ਬਰਾਬਰ ਭਾਵ ਸਮਤਾ ਨਾਲ ਬੀਚਾਰਾ = ਬੀਚਾਰਿਆ ਗਿਆ ਹੈ ਭਾਵ ਉਹ ਦੁੱਖ ਸੁੱਖ ਨੂੰ ਇਕ ਬਰਾਬਰ ਜਾਣਦੇ ਹਨ। ਇਸ ਕਰ ਕੇ ਉਹ ਨਰਕ ਸੁਰਗ = ਸਵਰਗ ਵਿਚ ਅਉਤਾਰਾ = ਜਨਮ ਤੋਂ ਰਹਤ ਹਨ **ਵਾ:** ਇਸ ਕਰ ਕੇ ਮਹਾਂਪੁਰਖ ਨਰਕ ਸੁਰਗ = ਸਵਰਗ ਅਤੇ ਜਨਮ ਧਾਰਨ ਤੋਂ ਰਹਿਤ ਭਾਵ ਮੁਕਤ ਹਨ। ਸਕਾਮ ਕਰਮ ਨਹੀਂ ਕਰਦੇ, ਕਾਮਨਾ ਤੋਂ ਰਹਿਤ ਹੋ ਕੇ ਬੰਦਗੀ ਕਰਦੇ ਹਨ।

ਜਿਵੇਂ ਕਿਸੇ ਕੈਦੀ ਦੇ ਸੋਨੇ ਦੀ ਬੇੜੀ ਪਾ ਦੇਈਏ, ਹੈ ਤਾਂ ਕੈਦੀ ਹੀ, ਨਰਕ ਦੇ ਦੁਖ ਲੋਹੇ ਦੀ ਬੇੜੀ ਨਿਆਈਂ ਹਨ ਤੇ ਸਵਰਗ ਦੇ ਸੁਖ ਸੋਇਨੇ ਦੀ ਬੇੜੀ ਦੇ ਬਰਾਬਰ ਹਨ, ਮਹਾਂਪੁਰਖ ਇਸ ਕਰ ਕੇ ਨਰਕ ਸੁਰਗ ਤੋਂ ਰਹਿਤ ਹਨ। ਜੀਵ ਆਤਮਾ ਕੈਦੀ ਦੀ ਨਿਆਈਂ ਹੈ।

## ਤਾਹੂ ਸੰਗ; ਤਾਹੂ ਨਿਰਲੇਪਾ ॥ ਪੂਰਨ ਘਟ ਘਟ; ਪੁਰਖ ਬਿਸੇਖਾ ॥

ਉਹ ਸਰੀਰ ਕਰ ਕੇ ਤਾਹੂ = ਤਿਸ ਮਾਇਆ ਦੇ ਸੰਗ = ਨਾਲ ਪ੍ਰਤੀਤ ਹੁੰਦੇ ਹਨ ਅਤੇ ਮਨ ਕਰ ਕੇ ਤਾਹੂ = ਤਿਸ ਮਾਇਆ ਤੋਂ ਨਿਰਲੇਪਾ = ਅਸੰਗ ਰਹਿੰਦੇ ਹਨ **ਵਾ:** ਤਾਹੂ = ਉਹ ਮਹਾਤਮਾ ਜਨ ਸੂਖਮ ਸਥੂਲ ਦੇਹਾਂ ਦੇ ਸੰਗ = ਨਾਲ ਰਹਿੰਦੇ ਵੀ ਹਨ, ਉਹ ਅਭਿਮਾਨ ਨਹੀਂ ਕਰਦੇ, ਉਨ੍ਹਾਂ ਤੋਂ ਸਦਾ ਨਿਰਲੇਪ ਰਹਿੰਦੇ ਹਨ।

ਜਿਵੇਂ ਰਾਜੇ ਜਨਕ ਨੂੰ ਰਾਜ ਗੱਦੀ ਪ੍ਰਾਪਤ ਸੀ, ਉਹ ਰਾਜ ਗੱਦੀ ਸਹਿਤ ਹੋ ਕੇ ਪਦਾਰਥਾਂ ਦਾ ਮਾਨ ਨਹੀਂ ਸੀ ਕਰਦਾ, ਸਦਾ ਨਿਰਲੇਪ ਰਹਿੰਦਾ ਹੈ। ਜਿਵੇਂ ਕੰਵਲ ਪਾਣੀ ਵਿਚ ਰਹਿੰਦਾ, ਸੂਰਜ ਦੇ ਧਿਆਨ ਕਰ ਕੇ ਪਾਣੀ ਤੋਂ ਨਿਰਲੇਪ ਰਹਿੰਦਾ ਹੈ।

ਉਨ੍ਹਾਂ ਨੇ ਬਿਸੇਖਾ = ਵਿਸ਼ੇਸ਼ ਕਰ ਕੇ ਪੂਰਨ ਪੁਰਖ ਪਰਮੇਸ਼ਰ ਨੂੰ ਘਟ ਘਟ = ਘਟਾਂ ਘਟਾਂ ਵਿਚ ਜਾਨਿਆ ਹੈ **ਵਾ:** ਉਨ੍ਹਾਂ ਨੇ ਉਸ ਪੂਰਨ ਅਕਾਲ ਪੁਰਖ ਹਰੀ ਵਾਹਿਗੁਰੂ ਨੂੰ ਘਟ ਘਟ = ਘਟਾਂ ਘਟਾਂ ਭਾਵ ਚਾਰ ਖਾਣੀਆਂ ਦੇ ਅੰਤਹਕਰਣ ਅੰਦਰ, ਅਕਾਸ਼ ਦੀ ਨਿਆਈਂ ਵਿਸ਼ੇਸ਼ ਕਰ ਕੇ ਵਿਆਪਕ ਜਾਨਿਆ ਹੈ।

## ਉਆ ਰਸ ਮਹਿ; ਉਆਹੂ ਸੁਖੁ ਪਾਇਆ ॥
## ਨਾਨਕ; ਲਿਪਤ ਨਹੀ ਤਿਹ ਮਾਇਆ ॥੪੨॥

ਉਨ੍ਹਾਂ ਨੇ ਉਆ = ਉਸ ਆਤਮ ਰਸ ਦੇ ਮਹਿ = ਵਿੱਚੋਂ ਉਆਹੂ = ਉਹ ਜੀਵਨ ਮੁਕਤੀ ਦੇ ਸੁਖ ਨੂੰ ਪਾਇਆ = ਪਾਉਣਾ ਕੀਤਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਹ = ਉਨ੍ਹਾਂ ਨੂੰ ਮਾਇਆ ਲਿਪਤ = ਲੁਪਾਏਮਾਨ ਨਹੀਂ ਕਰ ਸਕਦੀ **ਵਾ:** ਸਪਰਸ਼ ਨਹੀਂ ਕਰਦੀ ॥੪੨॥ ਜੈਸਾ ਕਿ :

**ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ ॥੫॥** *(ਭਾਈ ਗੁਰਦਾਸ ਜੀ, ਵਾਰ ੧੦)*

## ਸਲੋਕੁ ॥ ਯਾਰ ਮੀਤ, ਸੁਨਿ ਸਾਜਨਹੁ; ਬਿਨੁ ਹਰਿ ਛੂਟਨੁ ਨਾਹਿ ॥

ਹੇ ਮਨ, ਬਾਣੀ ਸਰੀਰ ਕਰ ਕੇ ਪਿਆਰ ਕਰਨ ਵਾਲਿਓ ਯਾਰ = ਦੋਸਤੋ, ਮੀਤ = ਮਿੱਤਰੋ, ਸਾਜਨਹੁ = ਸੱਜਣੋਂ ਸੁਨਿ = ਸੁਣਨਾ ਕਰੋ ! ਹਰਿ = ਹਰੀ ਵਾਹਿਗੁਰੂ ਦੀ ਸ਼ਰਨ ਤੋਂ ਬਿਨੁ = ਬਗ਼ੈਰ ਸੰਸਾਰਕ ਬੰਧਨਾਂ ਤੋਂ ਛੂਟਨੁ = ਛੁਟਕਾਰਾ ਨਾਹਿ = ਨਹੀਂ ਹੋਵੇਗਾ **ਅਥਵਾ** ਹੇ ਭਾਈ ! ਸੁਣ ਯਾਰ = ਇਸ ਲੋਕ ਦੇ ਯਾਰ = ਦੋਸਤ ਪਰਲੋਕ ਦੇ ਮਿੱਤਰ ਅਤੇ ਅੰਤ ਦੇ ਸਮੇਂ ਸਹਾਇਤਾ ਕਰਨ ਵਾਲੇ ਸਾਜਨਹੁ = ਸੱਜਣ ਹਰੀ ਵਾਹਿਗੁਰੂ ਦੀ ਸ਼ਰਨ ਤੋਂ ਬਿਨੁ = ਬਗ਼ੈਰ ਜੰਮਣ ਮਰਣ ਤੋਂ ਛੂਟਨੁ = ਛੁਟਕਾਰਾ ਨਾਹਿ = ਨਹੀਂ ਹੋਵੇਗਾ।

## ਨਾਨਕ ਤਿਹ ਬੰਧਨ ਕਟੇ; ਗੁਰ ਕੀ ਚਰਨੀ ਪਾਹਿ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਹ = ਉਨ੍ਹਾਂ ਦੇ ਬੰਧਨ = ਜੰਜਾਲ ਕਟੇ = ਕੱਟੇ ਗਏ ਹਨ, ਜੋ ਗੁਰ = ਸਤਿਗੁਰਾਂ ਕੀ = ਦੀ ਚਰਨੀ = ਪੈਰੀਂ ਪਾਹਿ = ਪਏ ਹਨ, ਭਾਵ ਆਪਣੇ ਆਪ ਨੂੰ ਗੁਰਾਂ ਦੇ ਚਰਨੀਂ ਪਾਹਿ = ਪਾਉਣਾ ਕੀਤਾ ਹੈ ॥੧॥

## ਪਵੜੀ ॥ ਯਯਾ; ਜਤਨ ਕਰਤ ਬਹੁ ਬਿਧੀਆ ॥
## ਏਕ ਨਾਮ ਬਿਨੁ; ਕਹ ਲਉ ਸਿਧੀਆ ॥

ਯੱਯੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਹੇ ਜੀਵ ! ਬਹੁ = ਬਹੁਤ ਬਿਧੀਆ = ਤਰੀਕਿਆਂ ਨਾਲ ਜਤਨ = ਉੱਦਮ ਕਰਤ = ਕਰਦਾ ਹੈ। ਪ੍ਰੰਤੂ ਏਕ = ਇਕ ਹਰੀ ਵਾਹਿਗੁਰੂ ਦੇ ਨਾਮ ਤੋਂ ਬਿਨੁ = ਬਗ਼ੈਰ ਕਹ = ਕਿਥੋਂ ਸਿਧੀਆ = ਮੁਕਤੀ ਲਉ = ਲਵੇਂਗਾ।

## ਯਾਹੂ ਜਤਨ ਕਰਿ; ਹੋਤ ਛੁਟਾਰਾ ॥ ਉਆਹੂ ਜਤਨ; ਸਾਧ ਸੰਗਾਰਾ ॥

ਯਾਹੂ = ਜਿਸ ਜਤਨ = ਉੱਦਮ ਕਰਿ = ਕਰ ਕੇ ਜਨਮ ਮਰਨ ਤੋਂ ਛੁਟਾਰਾ = ਛੁਟਕਾਰਾ ਹੋਤ = ਹੁੰਦਾ ਹੈ। ਉਆਹੂ = ਉਹ ਜਤਨ = ਉੱਦਮ ਸਾਧ = ਸ੍ਰੇਸ਼ਟ ਜਨਾਂ ਦੇ ਸੰਗਾਰਾ = ਸੰਗ ਵਿੱਚੋਂ ਪ੍ਰਾਪਤ ਹੁੰਦਾ ਹੈ।

## ਯਾ; ਉਬਰਨ ਧਾਰੈ ਸਭੁ ਕੋਊ ॥ ਉਆਹਿ ਜਪੇ ਬਿਨੁ; ਉਬਰ ਨ ਹੋਊ ॥

(**ਉਬ-ਰਨ** ਦਾ ਉਚਾਰਣ ਡੈਸ਼ ਲਗਾ ਕੇ ਅੱਧਕ ਤੋਂ ਰਹਿਤ ਹੈ)

ਯਾ = ਇਸ ਸੰਸਾਰ ਵਿਚ ਜੰਮਣ ਮਰਣ ਤੋਂ ਉਬਰਨ = ਬਚਣ ਲਈ ਭਾਵ ਮੁਕਤ ਹੋਣ ਦੀ ਇੱਛਾ ਤਾਂ ਸਭੁ = ਸਾਰੇ ਕੋਊ = ਕੋਈ ਧਾਰੈ = ਧਾਰਦੇ ਹਨ। ਪਰ ਉਆਹਿ = ਉਸ ਹਰੀ ਦੇ ਨਾਮ ਜਪੇ ਤੋਂ ਬਿਨੁ = ਬਗ਼ੈਰ ਕਿਸੇ ਦਾ ਉਬਰ = ਬਚਾਅ ਨ = ਨਹੀਂ ਹੋਊ = ਹੋਵੇਗਾ।

## ਯਾਹੂ ਤਰਨ ਤਾਰਨ; ਸਮਰਾਥਾ ॥ ਰਾਖਿ ਲੇਹੁ, ਨਿਰਗੁਨ; ਨਰ ਨਾਥਾ ॥

ਹੇ ਸਮਰਾਥਾ = ਸਰਬ ਸ਼ਕਤੀਵਾਨ ਪਰਮੇਸ਼ਰ! ਯਾਹੂ = ਇਸ ਸੰਸਾਰ ਤੋਂ ਤਰਨ ਵਾਸਤੇ ਤੂੰ ਤਰਨ = ਜਹਾਜ ਰੂਪ ਹੈਂ।

ਹੇ ਨਰ = ਨਰਾਂ ਦੇ ਨਾਥਾ = ਸੁਆਮੀ ਪਰਮੇਸ਼ਰ! ਸਾਨੂੰ ਨਿਰਗੁਣ = ਗੁਣਾਂ ਤੋਂ ਹੀਣੀਆਂ ਨੂੰ ਰਾਖਿ = ਰੱਖ ਲੇਹੁ = ਲੈਣਾ ਕਰੋ **ਵਾ:** ਰੱਖਣਾ ਕਰੋ।

## ਮਨ ਬਚ ਕ੍ਰਮ; ਜਿਹ ਆਪਿ ਜਨਾਈ ॥
## ਨਾਨਕ; ਤਿਹ ਮਤਿ ਪ੍ਰਗਟੀਆਈ ॥੪੩॥

ਜਿਹ = ਜਿਨ੍ਹਾਂ ਨੂੰ ਗੁਰੂ ਨੇ ਆਪ ਮਨ ਬਚ = ਬਾਣੀ, ਕ੍ਰਮ = ਕਰਮ, ਸਰੀਰ ਕਰ ਕੇ ਸਿੱਖਿਆ ਜਨਾਈ = ਜਣਾ ਦਿੱਤੀ ਹੈ, ਭਾਵ ਬ੍ਰਹਮ ਵਿਦਿਆ ਵਾਲੀ ਗੱਲ ਆਪ ਜੀ ਨੇ ਜਣਾਈ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਹ = ਉਨ੍ਹਾਂ ਨੂੰ ਆਤਮ ਵਿਸ਼ੈਣੀ ਮਤਿ = ਬੁੱਧੀ ਪ੍ਰਗਟੀ = ਪ੍ਰਗਟ ਹੋ ਆਈ ਹੈ ॥੪੩॥

## ਸਲੋਕੁ ॥ ਰੋਸੁ ਨ ਕਾਹੂ ਸੰਗ ਕਰਹੁ; ਆਪਨ ਆਪੁ ਬੀਚਾਰਿ ॥

ਹੇ ਭਾਈ! ਕਾਹੂ = ਕਿਸੇ ਸੰਗੁ = ਨਾਲ ਵੀ ਰੋਸ = ਗ਼ੁੱਸਾ ਨਾ ਕਰੋ, ਸਭ ਤਾਈਂ ਆਪਣਾ ਆਪ ਆਤਮਾ ਸਰੂਪ ਕਰ ਕੇ ਬੀਚਾਰਿ = ਬੀਚਾਰਿਆ ਕਰੋ।

## ਹੋਇ ਨਿਮਾਨਾ ਜਗਿ ਰਹਹੁ; ਨਾਨਕ ਨਦਰੀ ਪਾਰਿ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਗਿ = ਸੰਸਾਰ ਵਿਚ ਨਿਮਾਨਾ = ਮਾਣ ਤੋਂ ਰਹਿਤ ਹੋਇ = ਹੋ ਕੇ ਰਹਹੁ = ਰਹਿਣਾ ਕਰੋ, ਫੇਰ ਹਰੀ ਵਾਹਿਗੁਰੂ ਕਿਰਪਾ ਰੂਪ ਨਦਰੀ = ਦ੍ਰਿਸ਼ਟੀ ਨਾਲ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦੇਵੇਗਾ ॥੧॥ ਜੈਸਾ ਕਿ :

**ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ ॥**
**ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥੪॥** *(ਅੰਗ ੨੧੬)*

## ਪਉੜੀ ॥ ਰਾਰਾ; ਰੇਨ ਹੋਤ ਸਭ ਜਾ ਕੀ ॥
## ਤਜਿ ਅਭਿਮਾਨੁ; ਛੁਟੈ ਤੇਰੀ ਬਾਕੀ ॥

ਰਾਰੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਹੇ ਭਾਈ! ਜੇ ਤੂੰ ਸਭ = ਸਾਰੀ ਜਾ = ਜਗਾ ਕੀ = ਦੀ ਰੇਨ = ਧੂੜ ਹੋਤ = ਹੋ ਜਾਵੇਂ, ਭਾਵ ਸ੍ਰੇਸ਼ਟ ਜਨਾਂ ਦੇ ਚਰਨਾਂ ਦੀ ਧੂੜੀ ਬਣ ਜਾਵੇਂ। ਅਤੇ ਦਿਲ ਦਾ ਅਭਿਮਾਨੁ = ਹੰਕਾਰ ਤਜਿ = ਛੱਡ ਦੇਵੇਂ ਤਾਂ ਤੇਰੀ ਕਰਮਾਂ ਦੀ ਬਾਕੀ ਛੁਟੈ = ਛੁੱਟ ਜਾਵੇਗੀ ਭਾਵ ਤੇਰਾ ਜਮ੍ਹਾਂ ਲੋਕ ਦੰਡ, ਦੇਵ ਦੰਡ ਆਦਿਕ ਦਾ ਬਚਿਆ ਹੋਇਆ ਬਕਾਇਆ ਮਿਟ ਜਾਵੇਗਾ।

## ਰਣਿ ਦਰਗਹਿ; ਤਉ ਸੀਝਹਿ ਭਾਈ ॥ ਜਉ ਗੁਰਮੁਖਿ; ਰਾਮ ਨਾਮ ਲਿਵ ਲਾਈ ॥

ਹੇ ਭਾਈ ! ਸਾਧਸੰਗਤ ਰੂਪੀ ਦਰਗਹ ਦੀ ਰਣਿ = ਜੰਗ ਭੂਮੀ ਵਿਚ ਜਾ ਕੇ ਕਾਮ, ਕ੍ਰੋਧ ਆਦਿ ਨਾਲ ਯੁੱਧ ਕਰਕੇ ਤਉ = ਤਦੋਂ ਹੀ ਤੂੰ ਸੀਝਹਿ = ਜਿੱਤੇਂਗਾ **ਵਾ:** ਤਦੋਂ ਹੀ ਤੇਰੀ ਸੀਝਹਿ = ਕਲਿਆਣ ਹੋਵੇਗੀ। ਜਉ = ਜਦੋਂ ਗੁਰਮੁਖਾਂ ਦੀ ਸੰਗਤ ਕਰ ਕੇ ਰਾਮ = ਰਮੇ ਹੋਏ ਪਰਮੇਸ਼ਰ ਦੇ ਅੰਮ੍ਰਿਤ ਨਾਮ ਵਿਚ ਲਿਵ = ਬਿਰਤੀ ਲਾਈ = ਲਾਵੇਂਗਾ।

## ਰਹਤ ਰਹਤ; ਰਹਿ ਜਾਹਿ ਬਿਕਾਰਾ ॥ ਗੁਰ ਪੂਰੇ ਕੈ; ਸਬਦਿ ਅਪਾਰਾ ॥

ਜੇ ਗੁਰਮੁਖਾਂ ਵਾਲੀ ਰਹਤ = ਰਹਿਣੀ ਤੇਰੇ ਅੰਦਰ ਹੋਵੇਗੀ, ਉਸ ਰਹਤ = ਮਰਯਾਦਾ ਕਰ ਕੇ ਤੇਰੇ ਬਿਕਾਰਾ = ਵਿਸ਼ੇ-ਵਿਕਾਰ ਰਹਿ ਭਾਵ ਮਿਟ ਜਾਹਿ = ਜਾਣਗੇ।

***ਪ੍ਰਸ਼ਨ :*** *ਉਹ ਰਹਿਣੀ ਕਿਹੜੀ ਹੈ ?*

***ਉੱਤਰ :***

ਪੂਰੇ = ਪੂਰਨ ਸਤਿਗੁਰਾਂ ਦਾ ਜੋ ਅਪਾਰਾ = ਪਾਰਾਵਾਰ ਤੋਂ ਰਹਿਤ ਸਬਦਿ = ਉਪਦੇਸ਼ ਹੈ, ਉਸ ਸ਼ਬਦ ਦੀ ਕਮਾਈ ਹੀ ਪੂਰਣ ਰਹਿਣੀ ਹੈ।

## ਰਾਤੇ ਰੰਗ; ਨਾਮ ਰਸ ਮਾਤੇ ॥ ਨਾਨਕ; ਹਰਿ ਗੁਰ ਕੀਨੀ ਦਾਤੇ ॥੪੪॥

(**ਦਾਤੇ** ਦਾ ਉਚਾਰਣ ਕੱਸ ਕੇ ਹੈ)

ਜੋ ਰੰਗ = ਪ੍ਰੇਮ ਵਿਚ ਰਾਤੇ = ਰੰਗੇ ਹਨ, ਉਹ ਨਾਮ ਰਸ ਵਿਚ ਮਾਤੇ = ਮਸਤ ਹੋਏ ਹਨ **ਵਾ:** ਜੋ ਨਾਮ ਰੰਗ ਵਿਚ ਮਾਤੇ = ਮਸਤ ਹੋਏ ਹਨ, ਉਹ ਵਾਹਿਗੁਰੂ ਦੇ ਰੰਗ ਵਿਚ ਰਾਤੇ = ਰੰਗੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੂੰ ਹਰਿ = ਹਰੀ ਵਾਹਿਗੁਰੂ ਦਾ ਸਰੂਪ ਪੂਰੇ ਗੁਰਾਂ ਨੇ ਨਾਮ ਦੀ ਦਾਤੇ = ਦਾਤ ਦੇਣਾ ਕੀਨੀ = ਕੀਤੀ ਹੈ **ਵਾ:** ਉਹ ਨਾਮ ਦੇ ਦੇਣੇ ਕਰ ਕੇ ਹਰੀ ਵਾਹਿਗੁਰੂ ਦਾ ਰੂਪ ਹੋ ਗਏ ਹਨ ॥੪੪॥ ਜੈਸਾ ਕਿ :

**ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ ॥੧੦॥** *(ਅੰਗ ੧੦੪੩)*

**ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ ॥੭॥** *(ਅੰਗ ੧੩੮੯)*

## ਸਲੋਕੁ ॥ ਲਾਲਚ ਝੂਠ ਬਿਖੈ ਬਿਆਧਿ; ਇਆ ਦੇਹੀ ਮਹਿ ਬਾਸ ॥

ਖਾਣ ਤੇ ਜੋੜਨ ਦਾ ਲਾਲਚ = ਲੋਭ, ਝੂਠ ਬੋਲਣ ਦਾ ਸੁਭਾਅ, ਬਿਖੈ = ਵਿਸ਼ੇ-ਵਿਕਾਰਾਂ ਦੇ ਬਿਆਧਿ = ਦੁਖ **ਵਾ:** ਬਿਆਧਿ = ਰੋਗ ਲੱਗੇ ਰਹਿੰਦੇ ਹਨ, ਇਆ = ਇਸ ਦੇਹੀ = ਸਰੀਰ ਮਹਿ = ਵਿਚ ਔਗੁਣਾਂ ਤੇ ਰੋਗਾਂ ਦਾ ਬਾਸ = ਵਾਸਾ ਹੈ।

## ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ; ਨਾਨਕ ਸੂਖਿ ਨਿਵਾਸ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰਾ ਹਰਿ = ਸਭ ਨੂੰ ਹਰੇ ਭਰੇ ਕਰਨ ਵਾਲੇ ਹਰਿ = ਹਰੀ ਵਾਹਿਗੁਰੂ ਦਾ ਅੰਮ੍ਰਿਤੁ = ਅਮਰ ਕਰਨ ਵਾਲਾ ਨਾਮ ਰਸ ਪੀਆ = ਪੀਤਾ ਹੈ, ਉਨ੍ਹਾਂ ਦਾ ਸੂਖਿ = ਸੁੱਖ ਸਰੂਪ ਵਿਚ ਨਿਵਾਸ = ਵਾਸਾ ਹੁੰਦਾ ਹੈ ॥੧॥

## ਪਉੜੀ ॥ ਲਲਾ; ਲਾਵਉ ਅਉਖਧ ਜਾਹੂ ॥ ਦੂਖ ਦਰਦ; ਤਿਹ ਮਿਟਹਿ ਖਿਨਾਹੂ ॥

ਲੱਲੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਜਾਹੂ = ਜਿਨ੍ਹਾਂ ਦੇ ਗੁਰੂ ਵੈਦ ਨਾਮ ਰੂਪ ਅਉਖਧ = ਦਵਾਈ ਲਾਵਉ = ਲਾ ਦਿੰਦੇ ਹਨ। ਤਿਹ = ਉਨ੍ਹਾਂ ਜੀਵਾਂ ਦਾ ਜਨਮ ਮਰਨ ਦਾ ਦੂਖ = ਦੁਖ ਤੇ ਅਗਿਆਨ ਦੀਆਂ

ਦਰਦ = ਤਕਲੀਫ਼ਾਂ ਇਕ ਖਿਨਾਹੂ = ਛਿਨ ਵਿਚ ਮਿਟਹਿ = ਨਾਸ਼ ਹੋ ਜਾਂਦੀਆਂ ਹਨ **ਵਾ:** ਖਿਨਾਹੂ (ਖਿਨਾ+ਹੂ) ਹੂ = ਨਿਸਚੇ ਕਰ ਕੇ ਇਕ ਖਿਨ ਵਿਚ ਨਾਸ ਹੋ ਜਾਂਦੀਆਂ ਹਨ।

## ਨਾਮ ਅਉਖਧੁ; ਜਿਹ ਰਿਦੈ ਹਿਤਾਵੈ ॥ ਤਾਹਿ ਰੋਗੁ; ਸੁਪਨੈ ਨਹੀ ਆਵੈ ॥

ਜਿਹ = ਜਿਨ੍ਹਾਂ ਦੇ ਰਿਦੈ = ਹਿਰਦੇ ਨੂੰ ਨਾਮ ਰੂਪ ਅਉਖਧੁ = ਦਵਾਈ ਹਿਤਾਵੈ = ਪਿਆਰੀ ਭਾਵ ਚੰਗੀ ਲੱਗਦੀ ਹੈ। ਤਾਹਿ = ਉਨ੍ਹਾਂ ਦੇ ਅਗਿਆਨ ਤੇ ਹੰਕਾਰ ਰੂਪ ਰੋਗ ਸੁਪਨੇ ਵਿਚ ਵੀ ਨਹੀਂ ਆਵੈ = ਆਉਂਦਾ **ਵਾ:** ਤਾਹਿ = ਉਹ ਰੋਗ ਦੀ ਨਿਆਈਂ ਸੰਸਾਰ ਰੂਪ ਸੁਪਨੇ ਵਿਚ ਨਹੀਂ ਆਵੈ = ਆਉਂਦੇ।

## ਹਰਿ ਅਉਖਧੁ; ਸਭ ਘਟ ਹੈ ਭਾਈ ॥ ਗੁਰ ਪੂਰੇ ਬਿਨੁ; ਬਿਧਿ ਨ ਬਨਾਈ ॥

ਹੇ ਭਾਈ ! ਹਰਿ = ਹਰੀ ਵਾਹਿਗੁਰੂ ਦਾ ਨਾਮ ਰੂਪ ਅਉਖਧੁ = ਔਸ਼ਧੀ ਭਾਵ ਦਵਾਈ ਸਭ = ਸਾਰਿਆਂ ਦੇ ਘਟ = ਹਿਰਦੇ ਵਿਚ ਹੀ ਹੈ।[੧]

ਪ੍ਰੰਤੂ ਪੂਰੇ = ਪੂਰਨ ਗੁਰ = ਸਤਿਗੁਰਾਂ ਤੋਂ ਬਿਨੁ = ਬਗ਼ੈਰ ਉਸ ਨੂੰ ਪਾਉਣ ਦੀ ਕਿਸੇ ਨੇ ਵੀ ਬਿਧਿ = ਜੁਗਤੀ ਨ = ਨਹੀਂ ਬਨਾਈ = ਬਣਾਉਣਾ ਕੀਤੀ।

## ਗੁਰਿ ਪੂਰੈ; ਸੰਜਮੁ ਕਰਿ ਦੀਆ ॥ ਨਾਨਕ, ਤਉ ਫਿਰਿ; ਦੂਖ ਨ ਥੀਆ ॥੪੫॥

ਪੂਰੈ = ਪੂਰਨ ਸਤਿਗੁਰਾਂ ਨੇ ਜਗਿਆਸੂ ਰੂਪ ਜੀਵ ਨੂੰ ਇੰਦਰੀਆਂ ਦੇ ਦਮਨ ਕਰਨ ਰੂਪ ਸੰਜਮੁ = ਪ੍ਰਹੇਜ਼ ਕਰਿ = ਕਰਨਾ ਦੱਸ ਦੀਆ = ਦਿੱਤਾ ਹੈ **ਵਾ:** ਪਰਾਏ ਰੂਪ ਵੇਖਣ ਤੋਂ ਸੰਕੋਚ ਕਰਾ ਦਿੱਤਾ ਹੈ। ਜੈਸਾ ਕਿ :

**ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆ ਜਾਣੈ ॥** *(ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੧)*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਉ = ਤਦ ਉਨ੍ਹਾਂ ਨੂੰ ਫਿਰਿ = ਮੁੜ ਕੇ ਜੰਮਣ ਮਰਨ ਦਾ ਦੂਖ = ਦੁਖ ਨ = ਨਹੀਂ ਥੀਆ = ਹੁੰਦਾ ॥੪੫॥

## ਸਲੋਕੁ ॥ ਵਾਸੁਦੇਵ ਸਰਬਤ੍ਰ ਮੈ; ਊਨ ਨ ਕਤਹੂ ਠਾਇ ॥

ਜੋ ਪਰਮੇਸ਼ਰ ਵਾਸੁਦੇਵ = ਸਭ ਨੂੰ ਵਾਸਾ ਦੇਣ ਵਾਲਾ ਦੇਵ = ਪ੍ਰਕਾਸ਼ ਰੂਪ ਤੇ ਸਰਬਤ੍ਰ = ਸਾਰਿਆਂ ਅਸਥਾਨਾਂ ਮੈ = ਵਿਚ ਸਮਾਨ ਸੱਤਾ ਕਰ ਕੇ ਪੂਰਨ ਹੋ ਰਿਹਾ ਹੈ ਉਹ ਕਤਹੂ = ਕਿਸੇ ਵੀ ਠਾਇ = ਜਗ੍ਹਾ ਵਿਚ ਊਨ = ਖ਼ਾਲੀ ਨ = ਨਹੀਂ ਹੈ **ਵਾ:** ਉਸ ਤੋਂ ਬਗ਼ੈਰ ਹੋਰ ਕੋਈ ਜਗ੍ਹਾ ਖ਼ਾਲੀ ਨਹੀਂ ਹੈ।

## ਅੰਤਰਿ ਬਾਹਰਿ ਸੰਗਿ ਹੈ; ਨਾਨਕ ਕਾਇ ਦੁਰਾਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਪਰਮੇਸ਼ਰ ਦੇਹ ਦੇ ਅੰਤਰਿ = ਅੰਦਰ ਤੇ ਬਾਹਰ ਸੰਗਿ = ਨਾਲ ਹੀ ਰਹਿੰਦਾ ਹੈ, ਇਸ ਲਈ ਉਸ ਤੋਂ ਕਾਇ = ਕਿਵੇਂ ਕਿਸੇ ਗੱਲ ਦਾ ਦੁਰਾਇ = ਛੁਪਾ ਹੈ, ਭਾਵ ਉਹ ਸਭ ਕੁਝ ਜਾਣਦਾ ਹੈ ॥੧॥

## ਪਉੜੀ ॥ ਵਵਾ; ਵੈਰੁ ਨ ਕਰੀਐ ਕਾਹੂ ॥ ਘਟ ਘਟ ਅੰਤਰਿ; ਬ੍ਰਹਮ ਸਮਾਹੂ ॥

ਵਾਵੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਕਾਹੂ = ਕਿਸੇ ਨਾਲ ਵੀ ਵੈਰੁ = ਦੁਸ਼ਮਣੀ ਨ ਕਰੀਐ = ਕਰੀਏ। ਕਿਉਂਕਿ ਘਟ ਘਟ = ਘਟਾਂ ਘਟਾਂ ਅੰਦਰ ਉਹ ਬ੍ਰਹਮ = ਵਿਆਪਕ ਪਰਮੇਸ਼ਰ ਹੀ ਸਮਾਹੁ = ਸਮਾਇਆ ਹੋਇਆ ਹੈ।

---

੧. **ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥** *(ਅੰਗ ੨੯੩)*

## ਵਾਸੁਦੇਵ; ਜਲ ਥਲ ਮਹਿ ਰਵਿਆ ॥ ਗੁਰ ਪ੍ਰਸਾਦਿ; ਵਿਰਲੈ ਹੀ ਗਵਿਆ ॥

ਵਾਸੁਦੇਵ (ਵਾਸੁ+ਦੇਵ) ਸਾਰਿਆਂ ਨੂੰ ਵਾਸਾ ਦੇਣ ਵਾਲਾ ਦੇਵ = ਪ੍ਰਕਾਸ਼ ਰੂਪ ਪਰਮੇਸ਼ਰ ਜਲਾਂ ਥਲਾਂ ਮਹਿ = ਵਿਚ ਰਵਿਆ = ਰਮਿਆ ਹੋਇਆ ਭਾਵ ਮਿਲਿਆ ਹੋਇਆ ਹੈ। ਜਲ ਵਿਚ ਜਲਤਾ ਰੂਪ ਤੇ ਥਲਾਂ ਵਿਚ ਇਸਥਿਤ ਰੂਪ ਹੋ ਕੇ ਵਸਿਆ ਹੋਇਆ ਹੈ **ਵਾ:** ਜਲ ਦੀ ਨਿਆਈਂ ਉੱਤਮ ਅਧਿਕਾਰੀਆਂ ਦੇ ਅੰਦਰ ਪ੍ਰੇਮ ਰੂਪ ਹੋ ਕੇ, ਥਲ ਦੀ ਨਿਆਈਂ ਕਨਿਸ਼ਟ ਅਧਿਕਾਰੀਆਂ ਵਿਚ ਇਸਥਿਤ ਰੂਪ ਹੋ ਕੇ ਵਿਆਪਕ ਹੋ ਰਿਹਾ ਹੈ। ਉਸ ਪਰਮੇਸ਼ਰ ਨੂੰ ਗੁਰ ਪ੍ਰਸਾਦਿ = ਸਤਿਗੁਰਾਂ ਦੀ ਕਿਰਪਾ ਕਰ ਕੇ ਕਿਸੇ ਵਿਰਲੇ ਹੀ ਨੇ ਗਵਿਆ = ਜਾਨਿਆ ਹੈ **ਵਾ:** ਹਰੀ ਵਾਹਿਗੁਰੂ ਦੇ ਸਰੂਪ 'ਚ ਗਵਿਆ = ਗਮਨ ਕੀਤਾ ਹੈ।

## ਵੈਰ ਵਿਰੋਧ; ਮਿਟੇ ਤਿਹ ਮਨ ਤੇ ॥ ਹਰਿ ਕੀਰਤਨੁ; ਗੁਰਮੁਖਿ ਜੋ ਸੁਨਤੇ ॥

ਤਿਹ = ਉਨ੍ਹਾਂ ਦੇ ਮਨ ਤੇ = ਤੋਂ ਵੈਰ = ਦੁਸ਼ਮਣੀ ਅਤੇ ਵਿਰੋਧ = ਅਸੰਮਤਾ ਮਿਟੇ = ਮਿਟ ਜਾਂਦੀ ਹੈ, ਜੋ = ਜਿਹੜੇ ਗੁਰਮੁਖ ਗੁਰਾਂ ਦੁਆਰਾ ਹਰਿ = ਹਰੀ ਵਾਹਿਗੁਰੂ ਦੇ ਕੀਰਤਨੁ = ਜਸ ਨੂੰ ਸੁਨਤੇ = ਸੁਣਦੇ ਹਨ।

[ਅੰਗ ੨੬੦]

## ਵਰਨ ਚਿਹਨ; ਸਗਲਹ ਤੇ ਰਹਤਾ ॥
## ਨਾਨਕ ਹਰਿ ਹਰਿ; ਗੁਰਮੁਖਿ ਜੋ ਕਹਤਾ ॥੪੬॥

ਉਹ ਵਰਨ = ਚਾਰ ਵਰਨਾਂ (ਖੱਤਰੀ, ਬ੍ਰਾਹਮਣ, ਸ਼ੂਦਰ, ਵੈਸ਼) ਕੰਠੀ ਮਾਲਾ ਰੁਦਰਾਖੀ ਚਿਹਨ = ਚਿੰਨ੍ਹਾਂ ਆਦਿ ਸਗਲਹ = ਸਾਰਿਆਂ ਤੇ = ਤੋਂ ਰਹਤਾ = ਰਹਿਤ ਹਨ। ਜੈਸਾ ਕਿ :

**ਵਰਨਾ ਚਿਹਨਾ ਬਾਹਰਾ ਓਹੁ ਅਗਮੁ ਅਜਿਤਾ ॥** *(ਅੰਗ ੯੬੫)*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ = ਜਿਹੜੇ ਗੁਰਮੁਖ ਬਣ ਕੇ ਹਰਿ = ਸਭ ਨੂੰ ਹਰੇ ਭਰੇ ਕਰਨ ਵਾਲੇ ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਕਹਤਾ = ਉਚਾਰਦੇ ਹਨ ॥੪੬॥

## ਸਲੋਕੁ ॥ ਹਉ ਹਉ ਕਰਤ ਬਿਹਾਨੀਆ; ਸਾਕਤ ਮੁਗਧ ਅਜਾਨ ॥

ਸਾਕਤ = ਬੁਰੇ ਭਾਵ ਮਨਮੁਖ ਮੁਗਧ = ਮੂਰਖ ਅਜਾਨ = ਅਨਜਾਣ ਪੁਰਸ਼ ਦੀ ਉਮਰ ਹਉ ਹਉ = ਮੈਂ ਮੈਂ ਕਰਤ = ਕਰਦਿਆਂ ਦੀ ਬਿਹਾਨੀਆ = ਬਤੀਤ ਹੁੰਦੀ ਹੈ।

## ੜੜਕਿ ਮੁਏ ਜਿਉ ਤ੍ਰਿਖਾਵੰਤ; ਨਾਨਕ ਕਿਰਤਿ ਕਮਾਨ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਆਪਣੇ ਪੂਰਬਲੇ ਕਿਰਤਿ = ਕਰਮਾਂ ਦੇ ਕਮਾਨ = ਕਮਾਏ ਅਨੁਸਾਰ ੜੜਕਿ = ਤੜਫ਼ ਕੇ ਮੁਏ = ਮਰ ਗਏ ਹਨ **ਵਾ:** ਉਹ ੜੜਕਿ = ੜਾ ੜਾ ਕੇ ਮੁਏ = ਮਰ ਗਏ ਹਨ, ਜਿਉ = ਜਿਵੇਂ ਤ੍ਰਿਖਾਵੰਤ = ਪਿਆਸੇ ਪਸ਼ੂ ਕੱਟੇ ਆਦਿਕ ਅੜਿੰਗ ਭਾਵ ਦੁੱਖੀ ਹੋ ਕੇ ਮਰ ਜਾਂਦੇ ਹਨ ॥੧॥

## ਪਉੜੀ ॥ ੜਾੜਾ; ੜਾੜਿ ਮਿਟੈ ਸੰਗਿ ਸਾਧੂ ॥
## ਕਰਮ ਧਰਮ ਤਤੁ; ਨਾਮ ਅਰਾਧੂ ॥

ੜਾੜੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਸਾਧ ਸੰਗਤ ਕਰ ਕੇ ੜਾੜਿ = ਝਗੜੇ ਵਾਲਾ ਸੁਭਾਅ ਮਿਟੈ = ਮਿਟ ਜਾਂਦਾ ਹੈ **ਵਾ:** ਅਸੁਰੀ ਸੰਪਦਾ ਵੀ ਸਾਧੂ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਦੈਵੀ ਸੰਪਦਾ ਪ੍ਰਾਪਤ ਕਰਕੇ ਮਿਟ ਜਾਂਦੀ ਹੈ। ਕਿਉਂਕਿ ਸ੍ਰੇਸ਼ਟ ਜਨਾਂ ਦੀ ਸੰਗਤ ਕਰਕੇ ਸਾਰੇ ਨਿੱਤ, ਨਮਿੱਤ ਕਰਮਾਂ, ਯੱਗ ਆਦਿ ਧਰਮਾਂ ਦਾ

ਤਤੁ = ਸਿਧਾਂਤ ਰੂਪ ਪਰਮੇਸ਼ਰ ਦਾ ਨਾਮ ਅਰਾਧੁ = ਅਰਾਧਨ ਲਈ ਮਿਲਦਾ ਹੈ **ਵਾ:** ਨਾਮ ਦਾ ਅਰਾਧਨਾ ਹੀ ਸਾਰੇ ਕਰਮਾਂ ਧਰਮਾਂ ਦਾ ਤਤੁ = ਸਾਰਾਂਸ਼ ਹੈ ਭਾਵ ਨਾਮ ਜਪਣ ਵਿਚ ਸਾਰੇ ਕਰਮ ਧਰਮ ਆ ਜਾਂਦੇ ਹਨ।

## ਰੂੜੋ; ਜੇਹ ਬਸਿਓ ਰਿਦ ਮਾਹੀ ॥ ਉਆ ਕੀ ਝਾੜਿ; ਮਿਟਤ ਬਿਨਸਾਹੀ ॥

(ਦੂਸਰਾ ਪਾਠ **ਬਿਨ ਸਾਹੀ**)

ਰੂੜੋ = ਸੁੰਦਰ ਹਰੀ ਵਾਹਿਗੁਰੂ ਦਾ ਜੇਹ = ਜਿਸ ਦੇ ਰਿਦ = ਹਿਰਦੇ ਮਾਹੀ = ਵਿਚ ਬਸਿਓ = ਵਾਸਾ ਹੋ ਗਿਆ ਹੈ। ਉਆ = ਉਨ੍ਹਾਂ ਕੀ = ਦੀ ਬਿਨਸਾਹੀ = ਨਾਸ ਕਰਨ ਵਾਲੀ ਝਾੜਿ = ਲੜਾਈ ਮਿਟਤ = ਮਿਟ ਜਾਂਦੀ ਹੈ **ਵਾ:** (ਬਿਨ+ਸਾਹੀ) ਉਹ ਸਾਹੀ = ਪਾਪਾਂ ਦੇ ਕਲੰਕ ਤੋਂ ਬਿਨੁ = ਬਗ਼ੈਰ ਹੋ ਗਏ ਹਨ **ਵਾ:** ਸਿਆਹੀ ਪਾਪਾਂ ਰੂਪ ਸਾਹੀ = ਸਿਆਹੀ ਦੀ ਕਾਲਖ ਤੋਂ ਵੀ ਰਹਿਤ ਹੋ ਗਏ ਹਨ।

## ਝਾੜਿ ਕਰਤ; ਸਾਕਤ ਗਾਵਾਰਾ ॥ ਜੇਹ ਹੀਐ; ਅਹੰਬੁਧਿ ਬਿਕਾਰਾ ॥

ਉਹ ਸਾਕਤ = ਕਠੋਰ ਚਿੱਤ ਗਾਵਾਰਾ = ਮੂਰਖ ਪੁਰਸ਼ ਝਾੜਿ = ਝਗੜਾ ਕਰਤ = ਕਰਦੇ ਹਨ, ਜੇਹ = ਜਿਨ੍ਹਾਂ ਦੇ ਹੀਐ = ਹਿਰਦੇ ਵਿਚ ਬਿਕਾਰਾ = ਵਿਸ਼ੇ-ਵਿਕਾਰ ਪੈਦਾ ਕਰਨ ਵਾਲੀ ਤੇ ਅਹੰਬੁਧਿ = ਹੰਗਤਾ ਵਾਲੀ ਬੁੱਧੀ ਹੈ।

## ਝਾੜਾ; ਗੁਰਮੁਖਿ ਝਾੜਿ ਮਿਟਾਈ ॥ ਨਿਮਖ ਮਾਹਿ; ਨਾਨਕ ਸਮਝਾਈ ॥੪੭॥

ਝਾੜੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਸਤਿਗੁਰਾਂ ਦੀ ਕਿਰਪਾ ਕਰ ਕੇ ਗੁਰਮੁਖਾਂ ਦੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਝਾੜਿ = ਲੜਾਈ ਮਿਟਾਈ = ਮਿਟਦੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਮੁਖਾਂ ਨੂੰ ਗੁਰਾਂ ਨੇ ਇਕ ਨਿਮਖ = ਖਿਨ ਮਾਹਿ = ਵਿਚ ਤੱਤ ਸਰੂਪ ਦੀ ਪ੍ਰਾਪਤੀ ਵਾਲੀ ਸਿੱਖਿਆ ਸਮਝਾਈ = ਸਮਝਾ ਦਿੱਤੀ ਹੈ **ਵਾ:** ਉਨ੍ਹਾਂ ਨੂੰ ਸਮਝ ਆ ਗਈ ਹੈ ॥੪੭॥ ਜੈਸਾ ਕਿ :

**ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥** *(ਅੰਗ ੬੬੧)*

## ਸਲੋਕੁ ॥ ਸਾਧੂ ਕੀ ਮਨ ਓਟ ਗਹੁ; ਉਕਤਿ ਸਿਆਨਪ ਤਿਆਗੁ ॥

ਹੇ ਭਾਈ! ਸਾਧੂ = ਸ੍ਰੇਸ਼ਟ ਗੁਰਮੁਖਾਂ, ਗੁਰਾਂ ਕੀ = ਦੀ ਆਪਣੇ ਮਨ = ਹਿਰਦੇ ਵਿਚ ਓਟ = ਟੇਕ ਗਹੁ = ਗ੍ਰਹਿਣ ਕਰੋ ਅਤੇ ਉਕਤਿ = ਬਚਨਾਂ ਦੀ ਚਤੁਰਾਈ ਅਤੇ ਬੁੱਧੀ ਦੀ ਸਿਆਨਪ ਤਿਆਗੁ = ਛੱਡ ਦੇਣਾ ਕਰੋ।

## ਗੁਰ ਦੀਖਿਆ ਜਿਹ ਮਨਿ ਬਸੈ; ਨਾਨਕ ਮਸਤਕਿ ਭਾਗੁ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹ = ਜਿਨ੍ਹਾਂ ਦੇ ਮਨ = ਹਿਰਦੇ ਵਿਚ ਗੁਰ = ਸਤਿਗੁਰਾਂ ਦੀ ਦੀਖਿਆ = ਸਿੱਖਿਆ ਬਸੈ = ਵਸਦੀ ਹੈ, ਉਨ੍ਹਾਂ ਦੇ ਮਸਤਕਿ = ਮੱਥੇ ਦੇ ਉੱਤਮ ਭਾਗ ਹਨ ॥੧॥

## ਪਉੜੀ ॥ ਸਸਾ; ਸਰਨਿ ਪਰੇ ਅਬ ਹਾਰੇ ॥ ਸਾਸਤ੍ਰ ਸਿਮ੍ਰਿਤਿ; ਬੇਦ ਪੂਕਾਰੇ ॥

ਸੱਸੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ਅਬ = ਹੁਣ ਅਸੀਂ ਹਾਰੇ = ਹਾਰ ਕਰ ਕੇ ਤੁਹਾਡੀ ਸਰਨਿ = ਓਟ ਵਿਚ ਪਰੇ = ਪਏ ਹਾਂ।

੬ ਸ਼ਾਸਤਰ, ੨੭ ਸਿੰਮ੍ਰਿਤੀਆਂ, ੪ ਬੇਦ ਵੀ ਤੁਹਾਡੇ ਜਸ ਦਾ ਪੂਕਾਰੇ = ਢੰਡੋਰਾ ਦਿੰਦੇ ਹਨ।

## ਸੋਧਤ ਸੋਧਤ; ਸੋਧਿ ਬੀਚਾਰਾ ॥ ਬਿਨੁ ਹਰਿ ਭਜਨ; ਨਹੀ ਛੁਟਕਾਰਾ ॥

ਸ਼ਾਸਤਰਾਂ ਨੂੰ ਸੋਧਤ = ਵਿਚਾਰਿਆ, ਪੁਰਾਣਾਂ ਨੂੰ ਸੋਧਤ = ਵਿਚਾਰਿਆ, ਸਿੰਮ੍ਰਿਤੀਆਂ ਨੂੰ ਸੋਧਿ =

ਵਿਚਾਰਿਆ ਵੇਦਾਂ ਨੂੰ ਬੀਚਾਰਾ = ਵਿਚਾਰਿਆ ਹੈ **ਵਾ:** ਸਰੀਰ ਕਰ ਕੇ ਸੋਧਤ = ਵਿਚਾਰਿਆ, ਬਾਣੀ ਕਰ ਕੇ ਵਿਚਾਰਿਆ, ਮਨ ਕਰ ਕੇ ਸੋਧਿਆ ਅਤੇ ਸਤਿਸੰਗਤ ਦੁਆਰਾ ਬੀਚਾਰਾ = ਵੀਚਾਰ ਕਰ ਕੇ ਇਹੋ ਨਿਸਚੇ ਕੀਤਾ ਹੈ ਕਿ ਹੇ ਹਰਿ = ਪਰਮੇਸ਼ਰ ਤੁਹਾਡੇ ਭਜਨ = ਸਿਮਰਨ ਤੋਂ ਬਿਨੁ = ਬਗ਼ੈਰ ਜੰਮਣ ਮਰਣ ਤੋਂ ਛੁਟਕਾਰਾ = ਛੁੱਟਣਾ ਨਹੀਂ ਹੋ ਸਕਦਾ।

## ਸਾਸਿ ਸਾਸਿ; ਹਮ ਭੂਲਨਹਾਰੇ ॥ ਤੁਮ ਸਮਰਥ; ਅਗਨਤ ਅਪਾਰੇ ॥

ਹਮ = ਅਸੀਂ ਸਾਸਿ ਸਾਸਿ = ਸੁਆਸ ਸੁਆਸ ਭੂਲਨਹਾਰੇ = ਭੁੱਲਣ ਵਾਲੇ ਹਾਂ, ਤੁਮ = ਤੁਸੀਂ ਸਮਰਥ = ਸਰਬ ਕਲਾ ਸਮਰਥ, ਅਗਨਤ = ਗਿਣਤੀ ਤੋਂ ਰਹਿਤ, ਅਪਾਰੇ = ਪ੍ਰਕਿਰਤੀ ਪਾਰਾਵਾਰ ਤੋਂ ਰਹਿਤ ਹੋ।

## ਸਰਨਿ ਪਰੇ ਕੀ; ਰਾਖੁ ਦਇਆਲਾ ॥ ਨਾਨਕ; ਤੁਮਰੇ ਬਾਲ ਗੁਪਾਲਾ ॥੪੮॥

ਹੇ ਦਇਆਲਾ = ਦਇਆ ਦੇ ਘਰ ਪਰਮੇਸ਼ਰ ! ਅਸੀਂ ਆਪ ਜੀ ਕੀ = ਦੀ ਸਰਨਿ = ਓਟ ਪਰੇ = ਪਏ ਹਾਂ, ਕਿਰਪਾ ਕਰ ਕੇ ਸਾਡੀ ਰਾਖੁ = ਰੱਖਿਆ ਕਰੋ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਗੁਪਾਲਾ = ਪ੍ਰਿਥਵੀ ਦੇ ਮਾਲਕ ਪਰਮੇਸ਼ਰ ਅਸੀਂ ਤੁਮਰੇ = ਤੁਹਾਡੇ ਬਾਲ = ਬਾਲਕ ਹਾਂ ॥੪੮॥ ਜੈਸਾ ਕਿ :

**ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ ॥**
**ਮਾਤਾ ਪਿਤਾ ਕੰਠਿ ਲਾਇ ਰਾਖੈ ਅਨਦ ਸਹਜਿ ਤਬ ਖੇਲੈ ॥੨॥** *(ਅੰਗ ੧੨੬੬)*

## ਸਲੋਕੁ ॥ ਖੁਦੀ ਮਿਟੀ ਤਬ ਸੁਖ ਭਏ; ਮਨ ਤਨ ਭਏ ਅਰੋਗ ॥

ਜਿਸ ਵਕਤ ਖੁਦੀ = ਖ਼ੁਦ ਪਸੰਦੀ, ਭਾਵ ਹੰਗਤਾ ਮਿਟੀ = ਮਿਟ ਗਈ, ਤਬ = ਤਦੋਂ ਸਾਰੇ ਸੁੱਖ ਪ੍ਰਾਪਤ ਭਏ = ਹੋਏ ਹਨ, ਮਨ = ਹਿਰਦੇ ਦੇ ਫੁਰਨੇ ਅਤੇ ਤਨ = ਸਰੀਰ ਵਿਕਾਰਾਂ ਦੇ ਵੱਲੋਂ ਅਰੋਗ = ਰੋਗ ਤੋਂ ਰਹਿਤ ਭਏ = ਹੋਏ ਹਨ।

## ਨਾਨਕ ਦ੍ਰਿਸਟੀ ਆਇਆ; ਉਸਤਤਿ ਕਰਨੈ ਜੋਗੁ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸਤਤਿ = ਵਡਿਆਈ ਕਰਨੇ ਜੋਗੁ = ਲਾਇਕ ਪਰਮੇਸ਼ਰ ਹੁਣ ਸਾਡੀ ਦ੍ਰਿਸਟੀ = ਨਦਰਿ ਵਿਚ ਆਇਆ ਹੈ **ਵਾ:** ਹੁਣ ਉਹ ਪਰਮੇਸ਼ਰ ਦ੍ਰਿਸ਼ਟੀ 'ਚ ਆਇਆ = ਆ ਗਿਆ ਹੈ, ਜੋ ਸਭ ਬ੍ਰਹਮਾ, ਵਿਸ਼ਨੂੰ ਆਦਿ ਦੇ ਉਸਤਤਿ = ਜਸ ਕਰਨੇ ਜੋਗ ਹੈ, ਹੋਰ ਕਿਸੇ ਦੀ ਕੀ ਸਿਫ਼ਤ ਕਰਨੀ ਹੈ, ਇਸ ਲਈ ਇਕ ਵਾਹਿਗੁਰੂ ਦੀ ਹੀ ਸਿਫ਼ਤ ਕਰੀਏ ॥੧॥

## ਪਉੜੀ ॥ ਖਖਾ; ਖਰਾ ਸਰਾਹਉ ਤਾਹੂ ॥ ਜੋ ਖਿਨ ਮਹਿ; ਊਨੇ ਸੁਭਰ ਭਰਾਹੂ ॥

ਖੱਖੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਤਾਹੂ = ਉਸ ਹਰੀ ਵਾਹਿਗੁਰੂ ਨੂੰ ਖਰਾ = ਚੰਗੀ ਤਰ੍ਹਾਂ ਸਰਾਹਉ = ਸਲਾਹੁਣਾ ਕਰੋ। ਜੋ = ਜਿਹੜਾ ਪਰਮੇਸ਼ਰ ਇਕ ਖਿਨ = ਛਿਨ ਮਹਿ = ਵਿਚ ਊਨੇ = ਖ਼ਾਲੀ ਹਿਰਦਿਆਂ ਨੂੰ ਸ਼ੁਭ ਗੁਣਾਂ ਨਾਲ ਸੁਭਰ = ਲਬਾ ਲਬ ਭਰਾਹੂ = ਭਰ ਦਿੰਦਾ ਹੈ।

## ਖਰਾ ਨਿਮਾਨਾ; ਹੋਤ ਪਰਾਨੀ ॥ ਅਨਦਿਨੁ ਜਾਪੈ; ਪ੍ਰਭ ਨਿਰਬਾਨੀ ॥

ਹੇ ਪਰਾਨੀ = ਜੀਵ ! ਜੇਕਰ ਤੂੰ ਖਰਾ = ਅਤਿਅੰਤ ਨਿਮਾਨਾ = ਮਾਣ ਤੋਂ ਰਹਿਤ ਭਾਵ ਨਿਮਰਤਾ ਵਾਲਾ ਹੋਤ = ਹੋ ਜਾਵੇਂ। ਅਤੇ ਨਿਰਬਾਨੀ = ਬੰਧਨਾਂ ਤੋਂ ਰਹਿਤ ਪ੍ਰਭ = ਪਰਮੇਸ਼ਰ ਦੇ ਨਾਮ ਨੂੰ ਅਨਦਿਨੁ = ਦਿਨ ਰਾਤ ਜਾਪੈ = ਜਪਣਾ ਕਰੇਂ।

## ਭਾਵੈ ਖਸਮ; ਤ ਉਆ ਸੁਖੁ ਦੇਤਾ ॥ ਪਾਰਬ੍ਰਹਮੁ; ਐਸੋ ਆਗਨਤਾ ॥

ਜਦ ਤੂੰ ਖਸਮ = ਮਾਲਕ ਪਰਮੇਸ਼ਰ ਨੂੰ ਭਾਵੈ = ਭਾਅ ਗਿਆ ਤਾ = ਤਦ ਉਆ = ਉਹ ਤੈਨੂੰ ਬ੍ਰਹਮਾਨੰਦ ਰੂਪੀ ਸੁੱਖ ਦੇਤਾ = ਦੇਣਾ ਕਰੇਗਾ। ਉਹ ਪਾਰਬ੍ਰਹਮੁ = ਹਰੀ ਪਰਮੇਸ਼ਰ ਐਸੋ = ਅਜਿਹਾ ਆਗਨਤਾ = ਬੇਅੰਤ ਹੈ।

## ਅਸੰਖ ਖਤੇ; ਖਿਨ ਬਖਸਨਹਾਰਾ ॥
## ਨਾਨਕ; ਸਾਹਿਬ ਸਦਾ ਦਇਆਰਾ ॥੪੯॥

ਜੋ ਅਸੰਖ = ਅਣਗਿਣਤ ਖਤੇ = ਗੁਨਾਹਾਂ ਨੂੰ ਇਕ ਖਿਨ = ਛਿਨ ਵਿਚ ਬਖ਼ਸ਼ਣਹਾਰਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੇਰਾ ਸਾਹਿਬ = ਮਾਲਕ ਤਾਂ ਸਦਾ = ਹਮੇਸ਼ਾਂ ਹੀ ਦਇਆਰਾ = ਦਇਆਲਤਾ ਦਾ ਘਰ ਹੈ ॥੪੯॥

## ਸਲੋਕੁ ॥ ਸਤਿ ਕਹਉ ਸੁਨਿ ਮਨ ਮੇਰੇ; ਸਰਨਿ ਪਰਹੁ ਹਰਿ ਰਾਇ ॥

ਹੇ ਮੇਰੇ ਪਿਆਰੇ ਮਨਾਂ! ਸੁਨਿ = ਸ੍ਰਵਨ ਕਰ ਅਸੀਂ ਤੇਰੇ ਤਾਈਂ ਸਤਿ = ਸੱਚਾ ਉਪਦੇਸ਼ ਕਹਿੰਦੇ ਹਾਂ ਰਾਇ = ਰਾਜਾ, ਪ੍ਰਕਾਸ਼ ਰੂਪ ਹਰਿ = ਪਰਮੇਸ਼ਰ ਦੀ ਸਰਨਿ = ਓਟ ਵਿਚ ਪਰਹੁ = ਪੈਣਾ ਕਰ।

## ਉਕਤਿ ਸਿਆਨਪ ਸਗਲ ਤਿਆਗਿ; ਨਾਨਕ ਲਏ ਸਮਾਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਬਚਨਾਂ ਦੀਆਂ ਉਕਤਿ = ਦਲੀਲਾਂ ਬੁੱਧੀ ਦੀਆਂ ਸਿਆਨਪ = ਚਤੁਰਾਈਆਂ ਆਦਿ ਸਗਲ = ਸਭ ਤਿਆਗਿ = ਛੱਡ ਦੇਣਾ ਕਰ, ਫੇਰ ਤੈਨੂੰ ਹਰੀ ਵਾਹਿਗੁਰੂ ਆਪਣੇ ਵਿਚ ਸਮਾਇ = ਅਭੇਦ ਕਰ ਲਏ = ਲਵੇਗਾ, ਭਾਵ ਮੇਲ ਲਵੇਗਾ ॥੧॥

## ਪਉੜੀ ॥ ਸਸਾ; ਸਿਆਨਪ ਛਾਡੁ ਇਆਨਾ ॥
## ਹਿਕਮਤਿ ਹੁਕਮਿ; ਨ ਪ੍ਰਭੁ ਪਤੀਆਨਾ ॥

ਸਸਾ = ਸੱਸੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਹੇ ਇਆਨਾ = ਮੂਰਖ ਜੀਵ ਸਿਆਨਪ = ਚਤੁਰਾਈ ਨੂੰ ਛਾਡੁ = ਛੱਡ ਦੇਣਾ ਕਰ। ਹਿਕਮਤਿ = ਚਤੁਰਾਈ ਅਤੇ ਹੁਕਮਿ = ਆਦੇਸ਼ ਕਰਨੇ ਕਰ ਕੇ ਉਹ ਪ੍ਰਭੁ = ਹਰੀ ਵਾਹਿਗੁਰੂ ਜੀ ਪਤੀਆਨਾ = ਪਤੀਜਦਾ ਨਹੀਂ ਹੈ।

## ਸਹਸ ਭਾਤਿ; ਕਰਹਿ ਚਤੁਰਾਈ ॥ ਸੰਗਿ ਤੁਹਾਰੈ; ਏਕ ਨ ਜਾਈ ॥

ਜੋ ਸਹਸ = ਹਜਾਰ ਭਾਤਿ = ਪ੍ਰਕਾਰ ਦੀਆਂ ਪੁਸਤਕਾਂ ਪੜ੍ਹ ਕੇ ਚਤੁਰਾਈ = ਸਿਆਨਪ ਕਰਹਿ = ਕਰਦਾ ਹੈ, ਅੰਤ ਨੂੰ ਉਨ੍ਹਾਂ ਵਿੱਚੋਂ ਤੁਹਾਰੈ = ਤੇਰੇ ਸੰਗਿ = ਨਾਲ ਏਕ = ਇਕ ਨੇ ਵੀ ਨ = ਨਹੀਂ ਜਾਈ = ਜਾਣਾ।

## ਸੋਊ ਸੋਊ; ਜਪਿ ਦਿਨ ਰਾਤੀ ॥ ਰੇ ਜੀਅ; ਚਲੈ ਤੁਹਾਰੈ ਸਾਥੀ ॥

ਸੋਊ = ਉਸ ਪਰਮੇਸ਼ਰ ਨੂੰ ਮਨ ਕਰਕੇ ਤੇ ਸੋਊ = ਉਸ ਪਰਮੇਸ਼ਰ ਨੂੰ ਤਨ ਕਰਕੇ ਦਿਨ = ਦਿਵਸ, ਰਾਤਿ = ਰੈਣ ਜਪਣਾ ਕਰ **ਵਾ:** ਸੋਊ = ਉਹੋ ਅਕਾਲ ਪੁਰਖ ਜੋ ਮਾਤਾ ਦੇ ਗਰਭ ਵਿਚ ਪਾਲਣਾ ਕਰਨ ਵਾਲਾ ਅਤੇ ਹੁਣ ਜੋ ਪਰੋਖ ਹੋ ਕੇ ਪਾਲਣਾ ਕਰਦਾ ਹੈ, ਸੋਊ = ਉਸੇ ਵਾਹਿਗੁਰੂ ਦੇ ਜਪਿ = ਜਾਪ ਨੂੰ ਦਿਨ ਰਾਤੀ = ਰਾਤ ਦਿਨ ਜਪਣਾ ਕਰ ਭਾਵ ਫੇਰ ਅਵਿੱਦਿਆ ਰੂਪੀ ਰਾਤ ਤੋਂ ਗਿਆਨ ਰੂਪ ਦਿਨ ਚੜ੍ਹ ਜਾਵੇਗਾ। ਰੇ = ਹੇ ਜੀਅ = ਜੀਵ! ਪਰਲੋਕ ਵਿਚ ਕੀਤਾ ਸਿਮਰਨ ਤੁਹਾਰੈ = ਤੁਹਾਡੇ ਨਾਲ ਸਾਥੀ = ਸੰਗੀ ਹੋ ਕੇ ਚਲੈ = ਚੱਲੇਗਾ।

## ਸਾਧ ਸੇਵਾ; ਲਾਵੈ ਜਿਹ ਆਪੈ ॥ ਨਾਨਕ; ਤਾ ਕਉ ਦੂਖੁ ਨ ਬਿਆਪੈ ॥੫੦॥

ਜਿਹ = ਜਿਨ੍ਹਾਂ ਨੂੰ ਪਰਮੇਸ਼ਰ ਆਪੈ = ਆਪ ਕਿਰਪਾ ਕਰ ਕੇ ਸਾਧ = ਸ੍ਰੇਸ਼ਟ ਜਨਾਂ ਦੀ ਸੇਵਾ = ਟਹਿਲ ਵਿਚ ਲਾਵੈ = ਲਾਉਂਦਾ ਹੈ, ਗੁਰੂ ਜੀ ਕਥਨ ਕਰਦੇ ਹਨ ਕਿ ਤਾ ਕਉ = ਉਨ੍ਹਾਂ ਨੂੰ ਜੰਮਣ ਮਰਨ ਰੂਪ ਦੁਖ ਨਹੀਂ ਬਿਆਪੈ = ਲੱਗਦਾ ॥੫੦॥

## ਸਲੋਕੁ ॥ ਹਰਿ ਹਰਿ ਮੁਖ ਤੇ ਬੋਲਨਾ; ਮਨਿ ਵੂਠੈ ਸੁਖੁ ਹੋਇ ॥

ਹਰਿ = ਸਭ ਨੂੰ ਹਰੇ ਭਰੇ ਕਰਨ ਵਾਲੇ, ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਮੁਖ = ਮੂੰਹ ਤੇ = ਤੋਂ ਬੋਲਨਾ = ਉਚਾਰਨ ਕਰਨ ਅਤੇ ਮਨਿ = ਹਿਰਦੇ ਵਿਚ ਨਾਮ ਨੂੰ ਵੂਠੈ = ਵਸਾਉਣ ਕਰਕੇ ਆਤਮਾਨੰਦ ਦੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਜੈਸਾ ਕਿ :

**ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥**
**ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥੨॥** *(ਅੰਗ ੫੬੫)*

## ਨਾਨਕ ਸਭ ਮਹਿ ਰਵਿ ਰਹਿਆ; ਥਾਨ ਥਨੰਤਰਿ ਸੋਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਭ = ਸਾਰਿਆਂ ਮਹਿ = ਵਿਚ ਹਰੀ ਵਾਹਿਗੁਰੂ ਰਵਿ ਰਹਿਆ = ਵਿਆਪਕ ਹੋ ਰਿਹਾ ਹੈ ਅਤੇ ਸਾਰੇ ਥਾਨ = ਥਾਵਾਂ 'ਤੇ ਥਨੰਤਰਿ = ਥਾਵਾਂ ਦੇ ਅੰਦਰ ਸੋਇ = ਓਹੋ ਵਾਹਿਗੁਰੂ ਆਪ ਹੀ ਹੈ ॥੧॥

## ਪਉੜੀ ॥ ਹੇਰਉ ਘਟਿ ਘਟਿ ਸਗਲ ਕੈ; ਪੂਰਿ ਰਹੇ ਭਗਵਾਨ ॥

ਸਗਲ = ਸਾਰਿਆਂ ਕੈ = ਦੇ ਘਟਿ ਘਟਿ = ਘਟਾਂ ਘਟਾਂ ਵਿਚ ਵਿਚਾਰ ਰੂਪੀ ਦ੍ਰਿਸ਼ਟੀ ਨਾਲ ਹੇਰਉ = ਵੇਖਣਾ ਕਰੋ **ਵਾ:** ਵਿਚਾਰ ਦ੍ਰਿਸਟੀ ਕੈ = ਕਰ ਕੇ ਹੇਰਉ = ਵੇਖੋ, ਹਰੀ ਸਗਲ = ਸਾਰਿਆਂ ਘਟਾਂ ਘਟਾਂ ਵਿਚ ਵਿਆਪਕ ਹੈ, ਉਹ ਭਗਵਾਨ = ਪਰਮੇਸ਼ਰ ਪੂਰਿ = ਪੂਰਨ ਵਿਆਪਕ ਹੋ ਰਿਹਾ ਹੈ **ਵਾ:** ਮੈਂ ਪਰਮੇਸ਼ਰ ਜੀ ਨੂੰ ਸਾਰੇ ਘਟਾਂ ਘਟਾਂ ਦੇ ਵਿਚ ਪੂਰਨ ਹੋ ਰਹੇ ਵੇਖ ਰਿਹਾ ਹਾਂ।

## ਹੋਵਤ ਆਏ ਸਦ ਸਦੀਵ; ਦੁਖ ਭੰਜਨ ਗੁਰ ਗਿਆਨ ॥

ਜੋ ਪਰਮੇਸ਼ਰ ਅੱਗੇ ਨੂੰ ਸਦੀਵ = ਹਮੇਸ਼ਾਂ ਹੋਵਤ = ਹੋਣ ਵਾਲਾ ਹੈ, ਪਿੱਛੋਂ ਹੁੰਦਾ ਆਏ = ਆਇਆ ਹੈ ਤੇ ਵਰਤਮਾਨ ਵਿਚ ਵੀ ਸਦ = ਸਦਾ ਹੀ ਰਹੇਗਾ ਉਸ ਦੁਖ ਭੰਜਨ = ਦੁਖ ਦੇ ਭੰਨਣ ਵਾਲੇ ਪਰਮੇਸ਼ਰ ਦੇ ਸਰੂਪ ਦਾ ਗੁਰਾਂ ਦੁਆਰਾ ਗਿਆਨ ਹੁੰਦਾ ਹੈ **ਅਥਵਾ** ਜਦੋਂ ਪਰੋਖ ਗਿਆਨ ਹੁੰਦਾ ਹੈ, ਉਦੋਂ ਸਾਰੇ ਅਗਿਆਨ ਰੂੜ ਬਿਰਤੀ ਆਦਿਕ ਜਿੰਨੇ ਦੁਖ ਹਨ, ਉਹ ਚੇਤਨ ਸਾਖਿਆਤ ਹੋ ਕੇ ਭੰਨ ਦਿੰਦਾ ਹੈ।

## ਹਉ ਛੁਟਕੈ ਹੋਇ ਅਨੰਦੁ ਤਿਹ; ਹਉ ਨਾਹੀ ਤਹ ਆਪਿ ॥

ਜਿਸ ਪੁਰਸ਼ ਦੇ ਅੰਦਰੋਂ ਦੇਹ ਅਧਿਆਸ, ਕਾਰਨ, ਸੂਖਮ, ਸਥੂਲ ਦੀ ਹਉ = ਹੰਗਤਾ ਛੁਟਕੈ = ਮਿਟ ਜਾਵੇ, ਤਿਹ = ਉਸ ਨੂੰ ਅਨੰਦ ਸਰੂਪ ਦੀ ਸਾਖਿਆਤਤਾ ਹੋਇ = ਹੋ ਜਾਂਦੀ ਹੈ, ਜਿਥੇ ਹਉ = ਹੰਗਤਾ ਨਾਹੀ = ਨਹੀਂ ਹੈ ਤਹ = ਉਥੇ ਆਪ ਪਰਮੇਸ਼ਰ ਸਾਖਿਆਤ ਹੁੰਦਾ ਹੈ।

## ਹਤੇ ਦੂਖ ਜਨਮਹ ਮਰਨ; ਸੰਤਸੰਗ ਪਰਤਾਪ ॥

ਸੰਤਸੰਗ = ਸੰਤਾਂ ਦੀ ਸੰਗਤ ਦੇ ਪਰਤਾਪ = ਤੇਜ ਕਰਕੇ **ਵਾ:** (ਪਰ+ਤਾਪ) ਪਰ = ਵਿਸ਼ੇਸ਼ ਕਰਕੇ ਆਧੀ, ਬਿਆਧੀ, ਉਪਾਧੀ ਆਦਿ ਤਾਪ ਤੇ ਜੰਮਣ ਮਰਨ ਦੇ ਦੁਖ ਹਤੇ = ਨਾਸ ਹੋ ਜਾਂਦੇ ਹਨ।

## ਹਿਤ ਕਰਿ; ਨਾਮ ਦ੍ਰਿੜੈ ਦਇਆਲਾ ॥ ਸੰਤਹ ਸੰਗਿ; ਹੋਤ ਕਿਰਪਾਲਾ ॥

ਜੋ ਹਿਤ = ਪ੍ਰੇਮ ਕਰ ਕੇ ਦਇਆਲਾ = ਦਇਆ ਦੇ ਘਰ ਹਰੀ ਵਾਹਿਗੁਰੂ ਦੇ ਨਾਮ ਨੂੰ ਦ੍ਰਿੜੈ = ਪੱਕਾ ਕਰਿ = ਕਰਦੇ ਹਨ, ਉਨ੍ਹਾਂ ਸੰਤਹ ਸੰਗਿ = ਸੰਤ ਸੰਗਤ ਕਰਨ ਵਾਲਿਆਂ 'ਤੇ ਸਤਿਗੁਰੂ ਜੀ ਕਿਰਪਾਲਾ = ਕ੍ਰਿਪਾਲੂ ਹੋਤ = ਹੁੰਦੇ ਹਨ।

[ਅੰਗ ੨੯੧]

## ਓਰੈ; ਕਛੂ ਨ ਕਿਨਹੂ ਕੀਆ ॥ ਨਾਨਕ ਸਭੁ ਕਛੁ; ਪ੍ਰਭ ਤੇ ਹੂਆ ॥੫੧॥

ਪਰਮੇਸ਼ਰ ਤੋਂ ਬਿਨਾਂ ਓਰੈ = ਹੋਰ ਕਿਨਹੂ = ਕਿਸੇ ਨੇ ਕਛੂ = ਕੁਝ ਵੀ ਨ = ਨਹੀਂ ਕੀਆ = ਕੀਤਾ **ਵਾ:** ਉਰਿਓਂ ਆਪਣੇ ਵੱਲੋਂ ਅਲਪੱਗਤਾ ਵਾਲੇ ਜੀਵਾਂ ਨੇ ਕੁਝ ਨਹੀਂ ਕੀਤਾ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਭੁ = ਸਾਰਾ ਕਛੁ = ਕੁਝ ਪ੍ਰਭ = ਹਰੀ ਵਾਹਿਗੁਰੂ ਦੀ ਕਿਰਪਾ ਦ੍ਰਿਸ਼ਟੀ ਤੇ = ਤੋਂ ਹੀ ਹੂਆ = ਹੋਇਆ ਹੈ, ਭਾਵ ਉਪਾਸ਼ਕਾਂ ਦੀ ਦ੍ਰਿਸ਼ਟੀ ਹੈ ਕਿ ਸਭ ਕੁਝ ਵਾਹਿਗੁਰੂ ਵੱਲੋਂ ਹੀ ਹੋਇਆ ਹੈ, ਉਹ ਸ਼ੇਰ ਵਾਲੀ ਦ੍ਰਿਸ਼ਟੀ ਰੱਖਦੇ ਹਨ। ਇਹ ਦੋ ਤਰ੍ਹਾਂ ਦੀ ਹੈ, ਸ਼ੇਰ ਦ੍ਰਿਸ਼ਟੀ ਤੇ ਕੂਕਰ ਦ੍ਰਿਸ਼ਟੀ। ਸ਼ੇਰ ਦੇ ਸ਼ਸਤਰ ਦਾ ਪ੍ਰਹਾਰ ਕਰੀਏ, ਉਹ ਸ਼ਸਤਰ 'ਤੇ ਨਹੀਂ ਬਲਕਿ ਪ੍ਰਹਾਰ ਕਰਨ ਵਾਲੇ 'ਤੇ ਦ੍ਰਿਸ਼ਟੀ ਰੱਖਦਾ ਹੈ। ਦੂਜਾ ਕੁੱਤਾ ਦ੍ਰਿਸ਼ਟੀ ਕੁੱਤੇ ਦੇ ਸੋਟੀ ਮਾਰੀਏ ਤਾਂ ਉਹ ਸੋਟੇ ਨੂੰ ਮੂੰਹ 'ਚ ਪਕੜਦਾ ਹੈ, ਇਉਂ ਉਪਾਸ਼ਕ ਸ਼ੇਰ ਵਾਲੀ ਦ੍ਰਿਸ਼ਟੀ ਰੱਖਦੇ ਹਨ ਕਿ ਸਭ ਕੁਝ ਉਥੋਂ ਹੀ ਪ੍ਰਾਪਤ ਹੁੰਦਾ ਹੈ, ਦੂਸਰੇ ਲੋਕ ਪਦਾਰਥਾਂ 'ਤੇ ਹੀ ਨਿਗ੍ਹਾ ਰੱਖਦੇ ਹਨ ਇਸ ਲਈ ਉਨ੍ਹਾਂ ਦੀ ਕੂਕਰ ਦ੍ਰਿਸ਼ਟੀ ਹੈ॥੫੧॥

## ਸਲੋਕੁ ॥ ਲੇਖੈ ਕਤਹਿ ਨ ਛੂਟੀਐ; ਖਿਨੁ ਖਿਨੁ ਭੂਲਨਹਾਰ ॥

ਹੇ ਪਰਮੇਸ਼ਰ! ਕਰਮਾਂ ਦੇ ਲੇਖੈ = ਹਿਸਾਬ ਕਿਤਾਬ ਕਰਨ ਨਾਲ ਕਤਹਿ = ਕਦੇ ਵੀ ਛੂਟੀਐ = ਮੁਕਤ ਨਹੀਂ ਹੋਈਦਾ, ਅਸੀਂ ਖਿਨੁ ਖਿਨੁ = ਛਿਨ ਛਿਨ ਕਾਲ ਵਿਚ ਭੂਲਨਹਾਰ = ਭੁੱਲਣ ਵਾਲੇ ਹਾਂ। ਜੈਸਾ ਕਿ :

**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥**
**ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥** *(ਅੰਗ ੧੫੬)*

**ਕਾਗਦ ਲੇਖਾ ਜਉ ਕਰਹੁ ਕਹਾ ਪੁਜਾਵੋਂ ਨਾਥ ॥**
**ਔਗੁਣ ਮੇਰੇ ਬਖਸੀਐ ਮਾਥੇ ਧਰੀਐ ਹਾਥ ॥** *(ਸ਼ਾਸਤਰ ਪ੍ਰਮਾਣ)*

## ਬਖਸਨਹਾਰ ਬਖਸਿ ਲੈ; ਨਾਨਕ ਪਾਰਿ ਉਤਾਰ ॥੧॥

ਹੇ ਬਖ਼ਸ਼ਨਹਾਰੇ ਹਰੀ ਵਾਹਿਗੁਰੂ! ਤੁਸੀਂ ਹੀ ਸਾਨੂੰ ਕਿਰਪਾ ਕਰ ਕੇ ਬਖ਼ਸ਼ ਲੈ = ਲੈਣਾ ਕਰੋ ਅਤੇ ਸੰਸਾਰ-ਸਮੁੰਦਰ ਤੋਂ ਪਾਰ ਉਤਾਰ = ਉਤਾਰਨਾ ਕਰੋ ॥੧॥

***ਨੋਟ :*** ਕਰਤਾਰਪੁਰ ਸਾਹਿਬ ਤੇ ਦਮਦਮੀ ਬੀੜ ਵਿਚ ਪਾਠ 'ਬਖਸਨਹਾਰ' ਹੀ ਹੈ, ਪਰ ਬਾਬਾ ਗੁਲਾਬ ਸਿੰਘ ਜੀ ਦੀਆਂ ਪੁਰਾਣੀਆਂ ਲਾਹੌਰ ਦੀਆਂ ਛਪੀਆਂ ਬੀੜਾਂ ਵਿਚ ਕੰਨਾ ਛਪਿਆ ਹੁੰਦਾ ਸੀ, 'ਬਖਸਨਹਾਰਾ ਬਖਸਿ ਲੈ' ਪਾਠ ਸੀ, ਪਰ ਸ਼ੁੱਧ ਪਾਠ 'ਬਖਸਨਹਾਰ' ਹੀ ਹੈ।

## ਪਉੜੀ ॥ ਲੂਣਹਰਾਮੀ ਗੁਨਹਗਾਰ; ਬੇਗਾਨਾ ਅਲਪ ਮਤਿ ॥

ਇਹ ਜੀਵ ਲੂਣ ਹਰਾਮੀ = ਨਮਕ ਖਾ ਕੇ ਕੀਤੇ ਹੋਏ ਉਪਕਾਰ ਨੂੰ ਭੁਲਾਉਣ ਵਾਲੇ ਅਕਿਰਤਘਣ, ਗੁਨਹਗਾਰ = ਅਪਰਾਧੀ, ਬੇਗਾਨਾ = ਬੇਗਿਆਤ ਅਤੇ ਅਲਪ ਮਤਿ = ਤੁੱਛ ਬੁੱਧੀ ਵਾਲੇ ਹਨ **ਵਾ:** ਅਸੀਂ ਅਲਪ ਮਤਿ = ਤੁੱਛ ਬੁੱਧੀ ਵਾਲੇ ਜੀਵ (ਬੇ+ਗਾਨਾ) ਬੇ = ਦਵੈਤ ਦੇ ਗਾਨਾ = ਗਾਇਨ ਕਰਨ ਵਾਲੇ ਹਾਂ।

## ਜੀਉ ਪਿੰਡੁ ਜਿਨਿ ਸੁਖ ਦੀਏ; ਤਾਹਿ ਨ ਜਾਨਤ ਤਤ ॥

ਜਿਨਿ = ਜਿਸ ਵਾਹਿਗੁਰੂ ਨੇ ਇਸ ਜੀਉ = ਜੀਵਾਂ ਨੂੰ, ਸੂਖਮ, ਸਥੂਲ ਪਿੰਡੁ = ਸਰੀਰ ਅਤੇ ਸਾਰੇ ਸੁਖ ਦੀਏ = ਦਿੱਤੇ ਹਨ, ਪਰ ਤਾਹਿ = ਉਸ ਦੇ ਤਤ = ਸਾਰ ਰੂਪ ਨੂੰ ਜਾਨਤ = ਜਾਣਦੇ ਨ = ਨਹੀਂ ਹਨ।

## ਲਾਹਾ ਮਾਇਆ ਕਾਰਨੇ; ਦਹ ਦਿਸਿ ਢੂਢਨ ਜਾਇ ॥

ਜੀਵ ਮਾਇਆ ਦੇ ਲਾਹਾ = ਲਾਭ ਕਾਰਨੇ = ਵਾਸਤੇ ਦਹਦਿਸਿ = ਦਸੋਂ ਦਿਸ਼ਾ ਵਿਚ ਢੂਢਨ = ਭਾਲਣ ਜਾਇ = ਜਾਂਦੇ ਹਨ।

## ਦੇਵਨਹਾਰ ਦਾਤਾਰ ਪ੍ਰਭ; ਨਿਮਖ ਨ ਮਨਹਿ ਬਸਾਇ ॥

ਜੋ ਸੂਖਮ, ਸਥੂਲ, ਕਾਰਨ ਦੇਹਾਂ ਨੂੰ ਦੇਵਨਹਾਰ = ਦੇਣ ਵਾਲਾ ਦਾਤਾਰ = ਦਾਤਾ ਪ੍ਰਭ = ਹਰੀ ਵਾਹਿਗੁਰੂ ਹੈ, ਉਸ ਨੂੰ ਇਕ ਨਿਮਖ = ਛਿਨ (ਭਾਵ ਅੱਖਾਂ ਖੋਲ੍ਹਣ ਤੇ ਬੰਦ ਕਰਨ ਜਿੰਨਾ ਸਮਾਂ) ਵੀ ਮਨਹਿ = ਹਿਰਦੇ ਵਿਚ ਬਸਾਇ = ਵਸਾਉਣਾ ਨਹੀਂ ਕਰਦੇ।

## ਲਾਲਚ ਝੂਠ ਬਿਕਾਰ ਮੋਹ; ਇਆ ਸੰਪੈ ਮਨ ਮਾਹਿ ॥

ਪਦਾਰਥਾਂ ਦਾ ਲਾਲਚ = ਲੋਭ, ਝੂਠ ਬੋਲਣਾ, ਬਿਕਾਰ = ਵਿਸ਼ੇ-ਵਿਕਾਰ, ਸਰੀਰਾਂ ਦਾ ਮੋਹ = ਪਿਆਰ ਹੈ, ਇਆ = ਇਹੋ ਸੰਪੈ = ਵਿਭੂਤੀ (ਆਸੁਰੀ ਸੰਪਦਾ) ਮਨ = ਹਿਰਦੇ ਮਾਹਿ = ਵਿਚ ਇਕੱਠੀ ਕਰ ਰੱਖੀ ਹੈ।

## ਲੰਪਟ ਚੋਰ ਨਿੰਦਕ ਮਹਾ; ਤਿਨਹੂ ਸੰਗਿ ਬਿਹਾਇ ॥

ਜਿਹੜੇ ਪਰਾਏ ਘਰਾਂ ਵਿਚ ਲੰਪਟ = ਖਚਤ ਹੋਏ ਰਹਿੰਦੇ ਹਨ, ਚੋਰ = ਚੋਰੀ ਕਰਦੇ ਹਨ ਅਤੇ ਮਹਾ = ਵੱਡੇ ਨਿੰਦਕ ਹਨ, ਤਿਨਹੂ = ਉਨ੍ਹਾਂ ਦੇ ਸੰਗਿ = ਨਾਲ ਜੀਵ ਦੀ ਉਮਰ ਬਿਹਾਇ = ਬਤੀਤ ਹੋ ਰਹੀ ਹੈ।

## ਤੁਧੁ ਭਾਵੈ ਤਾ ਬਖਸਿ ਲੈਹਿ; ਖੋਟੇ, ਸੰਗਿ ਖਰੇ ॥

ਹੇ ਪਰਮੇਸ਼ਰ ! ਜੇਕਰ ਤੁਧੁ = ਤੁਹਾਨੂੰ ਭਾਵੈ = ਭਾਅ ਜਾਵੇ ਤਾਂ ਸਾਨੂੰ ਬਖਸਿ = ਬਖ਼ਸ਼ਣਾ ਕਰੋ, ਭਾਵੇਂ ਅਸੀਂ ਖੋਟੇ = ਖੋਟਤਾਈ ਵਾਲੇ ਹਾਂ, ਭਾਵੇਂ ਅਸੀਂ ਖਰੇ = ਚੰਗੇ ਹਾਂ ਪਰ ਤੇਰੀ ਸੰਗਿ = ਸੰਗਤ ਦੇ ਆਸਰੇ ਹਾਂ **ਵਾ:** ਕਿਰਪਾ ਕਰ ਕੇ ਸਾਨੂੰ ਖੋਟੇ = ਭੈੜੇ ਜੀਵਨ ਵਾਲਿਆਂ ਨੂੰ ਆਪਣੇ ਖਰੇ = ਚੰਗੇ ਮਹਾਤਮਾ ਜਨਾਂ ਦੇ ਸੰਗਿ = ਨਾਲ ਮੇਲ ਕੇ ਬਖ਼ਸ਼ ਲੈਹਿ = ਲੈਣਾ ਕਰੋ।

## ਨਾਨਕ ਭਾਵੈ ਪਾਰਬ੍ਰਹਮ; ਪਾਹਨ ਨੀਰਿ ਤਰੇ ॥੫੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਾਰਬ੍ਰਹਮ = ਵਾਹਿਗੁਰੂ ! ਜਦੋਂ ਆਪ ਜੀ ਨੂੰ ਭਾਵੈ = ਭਾਅ ਜਾਵੇ ਤਾਂ ਨੀਰਿ = ਪਾਣੀ ਤੇ ਪਾਹਨ = ਪੱਥਰ ਵੀ ਤਰੇ = ਤਰ ਜਾਂਦੇ ਹਨ। ਅਰਥਾਤ ਜਿਵੇਂ ਰਾਮ ਸਰੂਪ ਵਿਚ ਪੱਥਰਾਂ ਤੇ ਰਾਮ ਰਾਮ ਲਿਖ ਕੇ ਤਾਰ ਦਿੱਤੇ ਸਨ, ਇਸੇ ਤਰ੍ਹਾਂ ਪੱਥਰਾਂ ਦੇ ਵਰਗੇ ਸਾਡੇ ਭਾਰੀ ਪਾਪ ਕਰਮ ਹਨ, ਜੇ ਤੈਨੂੰ ਭਾ ਜਾਈਏ ਤਾਂ ਸੰਸਾਰ ਰੂਪ ਸਮੁੰਦਰ ਜੋ ਪਦਾਰਥਾਂ ਰੂਪੀ ਪਾਣੀ ਨਾਲ ਭਰਿਆ ਹੋਇਆ ਹੈ, ਉਸ ਤੋਂ ਤਰ ਜਾਈਏ ॥੫੨॥

## ਸਲੋਕੁ ॥ ਖਾਤ ਪੀਤ ਖੇਲਤ ਹਸਤ; ਭਰਮੇ ਜਨਮ ਅਨੇਕ ॥

ਹੇ ਪਰਮੇਸ਼ਰ ! ਖਾਤ = ਖਾਂਦਿਆਂ, ਪੀਤ = ਪੀਂਦਿਆਂ, ਖੇਲਤ = ਖੇਲਦਿਆਂ, ਹਸਤ = ਹੱਸਦਿਆਂ ਅਨੇਕਾਂ ਜਨਮਾਂ ਵਿਚ ਭਰਮੇ = ਭਰਮਦੇ ਆਏ ਹਾਂ, ਭਾਵ ਚੱਕਰ ਕੱਟਦੇ ਆਏ ਹਾਂ।

## ਭਵਜਲ ਤੇ ਕਾਢਹੁ ਪ੍ਰਭੂ; ਨਾਨਕ ਤੇਰੀ ਟੇਕ ॥੧॥

ਹੇ ਪ੍ਰਭੂ = ਵਾਹਿਗੁਰੂ ! ਭਵਜਲ = ਸੰਸਾਰ-ਸਮੁੰਦਰ ਦੇ ਜੰਮਣ ਮਰਣ ਰੂਪ ਜਲ ਤੇ = ਤੋਂ ਕਾਢਹੁ = ਕੱਢਣਾ ਕਰੋ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਤਾਂ ਕੇਵਲ ਤੇਰੀ = ਤੁਹਾਡੀ ਹੀ ਟੇਕ = ਓਟ ਗ੍ਰਹਿਣ ਕੀਤੀ ਹੈ ॥੧॥

## ਪਉੜੀ ॥ ਖੇਲਤ ਖੇਲਤ ਆਇਓ; ਅਨਿਕ ਜੋਨਿ ਦੁਖ ਪਾਇ ॥

ਇਹ ਜੀਵ ਜੂਨਾਂ ਵਿਚ ਖੇਲਤ ਖੇਲਤ = ਖੇਡਦੇ ਖੇਡਦੇ ਭਾਵ ਕਦੇ ਕਿਸੇ ਜੂਨ ਕਦੇ ਕਿਸੇ ਜੂਨ ਵਿਚ ਫਿਰਦੇ ਫਿਰਦੇ ਆਇਓ = ਆਏ ਹਨ ਅਤੇ ਅਨਿਕ = ਅਨੇਕਾਂ ਜੋਨਿ = ਜੂਨਾਂ ਵਿਚ ਭਟਕ ਕੇ ਜੰਮਣ ਮਰਣ ਰੂਪ ਦੁਖ ਹੀ ਪਾਇ = ਪਾਉਣਾ ਕਰਦੇ ਹਨ।

## ਖੇਦ ਮਿਟੇ ਸਾਧੂ ਮਿਲਤ; ਸਤਿਗੁਰ ਬਚਨ ਸਮਾਇ ॥

ਜਿਹੜੇ ਸਾਧੂ = ਸ੍ਰੇਸ਼ਟ ਜਨਾਂ ਨਾਲ ਮਿਲਤ = ਮਿਲੇ ਹਨ, ਉਨ੍ਹਾਂ ਦੇ ਜੰਮਣ ਮਰਣ ਰੂਪ ਖੇਦ = ਦੁਖ ਮਿਟ ਗਏ ਹਨ ਅਤੇ ਉਹ ਸਤਿਗੁਰਾਂ ਦੇ ਬਚਨ ਕਮਾ ਕੇ ਵਾਹਿਗੁਰੂ ਵਿਚ ਸਮਾਇ = ਅਭੇਦ ਹੋ ਗਏ ਹਨ।

## ਖਿਮਾ ਗਹੀ ਸਚੁ ਸੰਚਿਓ; ਖਾਇਓ ਅੰਮ੍ਰਿਤੁ ਨਾਮ ॥

ਜਿਨ੍ਹਾਂ ਨੇ ਖਿਮਾ = ਛਿਮਾ (ਬਰਦਾਸ਼ਤ ਵਾਲੀ ਬਿਰਤੀ) ਗਹੀ = ਗ੍ਰਹਿਣ ਕਰ ਕੇ ਸੱਚ ਨੂੰ ਸੰਚਿਓ = ਇਕੱਤਰ ਕਰ ਲਿਆ ਹੈ, ਉਨ੍ਹਾਂ ਨੇ ਅੰਮ੍ਰਿਤ ਨਾਮ ਰੂਪੀ ਭੋਜਨ ਤਾਈਂ ਖਾਇਓ = ਖਾਣਾ ਕੀਤਾ ਹੈ।

## ਖਰੀ ਕ੍ਰਿਪਾ ਠਾਕੁਰ ਭਈ; ਅਨਦ ਸੂਖ ਬਿਸ੍ਰਾਮ ॥

ਉਨ੍ਹਾਂ ਉੱਤੇ ਠਾਕੁਰ = ਹਰੀ ਵਾਹਿਗੁਰੂ ਦੀ ਖਰੀ = ਚੰਗੀ ਭਾਵ ਅਤਿਅੰਤ ਹੀ ਕਿਰਪਾ ਭਈ = ਹੋਈ ਹੈ ਅਤੇ ਉਨ੍ਹਾਂ ਨੇ ਮਨ, ਬਾਣੀ, ਸਰੀਰ ਕਰ ਕੇ ਅਨੰਦ ਸੁਖ ਸਰੂਪ ਵਿਚ ਬਿਸ੍ਰਾਮ = ਇਸਥਿਤੀ ਪਾਈ ਹੈ।

## ਖੇਪ ਨਿਬਾਹੀ ਬਹੁਤੁ ਲਾਭ; ਘਰਿ ਆਏ ਪਤਿਵੰਤ ॥

ਉਨ੍ਹਾਂ ਜਗਿਆਸੂ ਜਨਾਂ ਦੀ ਜੋ ਭਗਤੀ ਰੂਪ ਖੇਪ = ਰਾਸ ਸੀ, ਉਹ ਪਰਮੇਸ਼ਰ ਨੇ ਸਿਰੇ ਤਕ ਨਿਬਾਹੀ = ਨਿਭਾ ਦਿੱਤੀ ਤਾਂ ਬਹੁਤੁ = ਭਾਰੀ ਲਾਭ = ਲਾਹਾ ਪ੍ਰਾਪਤ ਹੋਇਆ, ਉਹ ਸਾਧ ਸੰਗਤ ਰੂਪੀ ਘਰ ਵਿਚ ਆਏ = ਆ ਕੇ ਪਤਿਵੰਤ = ਪਤਆਬਰੋ ਵਾਲੇ ਹੋਏ ਹਨ, ਭਾਵ ਸਰੂਪ ਰੂਪੀ ਘਰ **ਵਾ** ਤੁਰੀਆ ਪਦ ਵਿਚ ਪਤਿਵੰਤ = ਇੱਜ਼ਤ ਵਾਲੇ ਹੋਏ ਹਨ।

## ਖਰਾ ਦਿਲਾਸਾ ਗੁਰਿ ਦੀਆ; ਆਇ ਮਿਲੇ ਭਗਵੰਤ ॥

ਜਦ ਗੁਰਿ = ਸਤਿਗੁਰਾਂ ਨੇ ਖਰਾ = ਚੰਗਾ ਭਾਵ ਅਤੀਅੰਤ ਦਿਲਾਸਾ = ਧੀਰਜ ਦੀਆ = ਦਿੱਤਾ ਤਾਂ ਫੇਰ ਭਗਵੰਤ = ਅਕਾਲ ਪੁਰਖ ਆਇ = ਆ ਕੇ ਮਿਲੇ = ਪ੍ਰਾਪਤ ਹੋਏ, ਫੇਰ ਨਿਸਚਾ ਹੋ ਗਿਆ ਕਿ :

## ਆਪਨ ਕੀਆ ਕਰਹਿ ਆਪਿ; ਆਗੈ ਪਾਛੈ ਆਪਿ ॥

ਪਾਛੈ = ਪਿੱਛੇ ਵੀ ਹਰੀ ਵਾਹਿਗੁਰੂ ਸਭ ਕੁਝ ਆਪ ਹੀ ਸੀ, ਹੁਣ ਵੀ ਆਪ ਹੀ ਸਭ ਕੁਝ ਕਰ ਰਿਹਾ ਹੈ ਤੇ ਆਗੈ = ਅੱਗੇ ਨੂੰ ਵੀ ਸਭ ਕੁਝ ਆਪ ਹੀ ਕਰੇਗਾ **ਵਾ:** ਆਪ ਹੀ ਗੁਰੂ ਰੂਪ ਹੋ ਕੇ ਉਪਦੇਸ਼ ਕਰਦਾ ਹੈ ਤੇ ਆਪ ਹੀ ਸਿੱਖ ਹੋ ਕੇ ਕਮਾਉਂਦਾ ਹੈ, ਪਿੱਛੇ ਪਰੋਖ ਗਿਆਨੀਆਂ ਨੂੰ ਅਤੇ ਅੱਗੇ ਸਨਮੁਖ ਭਾਵ ਅਪ੍ਰੋਖ ਗਿਆਨੀਆਂ ਨੂੰ ਆਪਣਾ ਆਪ ਰੂਪ ਪ੍ਰਤੀਤ ਹੋ ਰਿਹਾ ਹੈ।

## ਨਾਨਕ ਸੋਊ ਸਰਾਹੀਐ; ਜਿ ਘਟਿ ਘਟਿ ਰਹਿਆ ਬਿਆਪਿ ॥੫੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋਊ = ਉਸ ਹਰੀ ਵਾਹਿਗੁਰੂ ਨੂੰ ਸਰਾਹੀਐ = ਸਲਾਹੁਣਾ ਕਰੀਏ, ਜਿ = ਜਿਹੜਾ ਘਟਿ ਘਟਿ = ਘਟਾਂ ਘਟਾਂ ਵਿਚ ਇਕ-ਰਸ ਬਿਆਪਿ = ਵਿਆਪਕ ਹੋ ਰਹਿਆ = ਰਿਹਾ ਹੈ ॥੫੩॥

## ਸਲੋਕੁ ॥ ਆਏ ਪ੍ਰਭ ਸਰਨਾਗਤੀ; ਕਿਰਪਾ ਨਿਧਿ ਦਇਆਲ ॥

ਹੇ ਕਿਰਪਾ ਦੇ ਨਿਧਿ = ਖ਼ਜ਼ਾਨੇ, ਦਇਆਲ = ਦਇਆ ਦੇ ਘਰ ਪ੍ਰਭ = ਹਰੀ ਵਾਹਿਗੁਰੂ ਅਸੀਂ ਆਪ ਜੀ ਦੀ ਸਰਨਾਗਤੀ = ਸ਼ਰਨ ਵਿਚ ਆਏ = ਆ ਕੇ ਪ੍ਰਾਪਤ ਹੋਏ ਹਾਂ।

## ਏਕ ਅਖਰੁ ਹਰਿ ਮਨਿ ਬਸਤ; ਨਾਨਕ ਹੋਤ ਨਿਹਾਲ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਹਰਿ = ਪਰਮੇਸ਼ਰ ! ਜਿਸ ਦੇ ਮਨਿ = ਹਿਰਦੇ ਵਿਚ ਤੇਰੇ ਨਾਮ ਦਾ **ਵਾ:** ਗੁਰਾਂ ਦੇ ਉਪਦੇਸ਼ ਦਾ ਇਕ ਅਖਰੁ = ਵਰਨ ਬਸਤ = ਵਸ ਜਾਂਦਾ ਹੈ ਉਹ ਨਿਹਾਲ = ਦੁੱਖਾਂ ਤੋਂ ਰਹਿਤ ਹੋਤ = ਹੋ ਜਾਂਦਾ ਹੈ **ਵਾ:** ਜੋ ਬਾਵਨ ਅੱਖਰੀ ਦੇ ਬਵੰਜਾਂ ਅੱਖਰਾਂ ਦਾ ਸਿਧਾਂਤ ਕਥਨ ਕੀਤਾ ਹੈ ਇਨ੍ਹਾਂ ਅੱਖਰਾਂ ਵਿੱਚੋਂ ਇਕ ਅੱਖਰ ਦੇ ਸਿਧਾਂਤ ਦੁਆਰਾ ਵੀ ਜਿਸ ਦੇ ਹਿਰਦੇ ਵਿਚ ਪਰਮੇਸ਼ਰ ਦਾ ਨਾਮ ਵਸ ਜਾਂਦਾ ਹੈ, ਉਹ ਨਿਹਾਲ = ਪ੍ਰਸੰਨ ਹੋਤ = ਹੋ ਜਾਂਦਾ ਹੈ **ਵਾ:** ਗੁਰੂ ਜੀ ਕਥਨ ਕਰਦੇ ਹਨ ਕਿ ਏਕ = ਇਕ ਜੋ ਅਖਰੁ = ਖਰਨ ਤੋਂ ਰਹਿਤ ਹਰਿ = ਹਰੀ ਵਾਹਿਗੁਰੂ ਹੈ ਜਿਨ੍ਹਾਂ ਦੇ ਮਨਿ = ਹਿਰਦੇ ਵਿਚ ਉਸ ਦਾ ਨਾਮ ਬਸਤ = ਵਸ ਜਾਂਦਾ ਹੈ, ਉਹ ਨਿਹਾਲ = ਦੁੱਖਾਂ ਤੋਂ ਰਹਿਤ **ਵਾ:** ਨਿਹਾਲ = ਪ੍ਰਸੰਨ ਹੋਤ = ਹੋ ਜਾਂਦੇ ਹਨ ॥੧॥

## ਪਉੜੀ ॥ ਅਖਰ ਮਹਿ; ਤ੍ਰਿਭਵਨ ਪ੍ਰਭਿ ਧਾਰੇ ॥ ਅਖਰ ਕਰਿ ਕਰਿ; ਬੇਦ ਬੀਚਾਰੇ ॥

ਅਖਰ = ਅੱਖਰਾਂ ਮਹਿ = ਵਿਚ ਹੀ ਪ੍ਰਭਿ = ਹਰੀ ਵਾਹਿਗੁਰੂ ਨੇ ਤ੍ਰਿਭਵਣ = ਤਿੰਨੇ ਭਵਣ ਆਪ ਦੇ ਆਸਰੇ ਧਾਰੇ = ਧਾਰਨ ਕੀਤੇ ਹੋਏ ਹਨ, (ਸ੍ਰਿਸ਼ਟੀ ਦੋ ਪ੍ਰਕਾਰ ਦੀ ਹੈ, ਇਕ ਵਾਚ ਤੇ ਇਕ ਵਾਚਕ ਸ੍ਰਿਸ਼ਟੀ ਹੈ, ਅੱਖਰ ਵਾਚਕ ਸ੍ਰਿਸ਼ਟੀ ਹੈ, ਅਕਾਰ ਵਾਚ ਸ੍ਰਿਸ਼ਟੀ ਹੈ, ਭਾਵ ਵਾਚਕ ਸ੍ਰਿਸ਼ਟੀ ਵਿਚ ਤਿੰਨੇ ਭਵਨਾਂ ਦੇ ਨਾਮ ਅਤੇ ਰੂਪ, ਸਾਰੇ ਅੱਖਰਾਂ ਵਿਚ ਹੀ ਧਾਰਨ ਕੀਤੇ ਹੋਏ ਹਨ। ਅੱਖਰ ਬਣਾ ਕਰਿ = ਕਰਕੇ ਬੇਦ ਲਿਖੇ ਗਏ ਅਤੇ ਅੱਖਰਾਂ ਕਰਿ = ਕਰਕੇ ਹੀ ਉਨ੍ਹਾਂ ਦਾ ਵੀਚਾਰ ਹੁੰਦਾ ਹੈ **ਵਾ:** ਅੱਖਰਾਂ ਕਰਿ = ਕਰ ਕੇ ਹੀ ਬੇਦ = ਵੇਦਾਂ ਦਾ, ਅੱਖਰਾਂ ਕਰਿ = ਕਰ ਕੇ ਹੀ ਸ਼ਾਸਤਰਾਂ ਦਾ ਬੀਚਾਰੇ = ਵੀਚਾਰ ਹੁੰਦਾ ਹੈ।

## ਅਖਰ; ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥ ਅਖਰ; ਨਾਦ ਕਥਨ ਵਖ੍ਯਾਨਾ ॥

(**ਵਖਿਆਨਾ** ਬੋਲੋ)

ਅੱਖਰਾਂ ਕਰ ਕੇ ਹੀ ਛੇ ਸ਼ਾਸਤਰ, ੨੭ (ਸਤਾਈ) ਸਿੰਮ੍ਰਿਤਿ = ਸਿੰਮ੍ਰਿਤੀਆਂ, ੧੮ (ਅਠਾਰਾਂ) ਪੁਰਾਣਾਂ ਦਾ ਨਿਰਣਾ ਹੁੰਦਾ ਹੈ। ਅੱਖਰਾਂ ਕਰਕੇ ਹੀ ਨਾਦ = ਸ਼ਬਦਾਂ ਦਾ ਕਥਨ ਕਰਨਾ, ਵਿਆਕਰਣ ਦਾ ਵਖਾਨਾ = ਵਖਿਆਨ ਕਰਨਾ ਹੁੰਦਾ ਹੈ।

## ਅਖਰ, ਮੁਕਤਿ ਜੁਗਤਿ; ਭੈ ਭਰਮਾ ॥ ਅਖਰ, ਕਰਮ ਕਿਰਤਿ; ਸੁਚ ਧਰਮਾ ॥

ਮੁਕਤਿ = ਮੁਕਤੀ, ਜੁਗਤਿ = ਜੁਗਤੀ, ਭੈ = ਡਰ, ਭਰਮਾ = ਪੰਜ ਪ੍ਰਕਾਰ ਦਾ ਭਰਮ ਇਨ੍ਹਾਂ ਸਭ ਦੇ ਰੂਪਾਂ ਦਾ ਨਿਰਣਾ ਅੱਖਰਾਂ ਵਿਚ ਹੀ ਹੈ।

ਕਰਮਾਂ ਦਾ ਨਿਰਣਾ, ਕਿਰਤਿ = ਕੀਰਤੀ ਦਾ ਨਿਰਨਾ, ਸੁਚ = ਪਵਿੱਤਰਤਾ ਤੇ ਧਰਮਾ = ਧਰਮ ਸਭ ਦਾ ਅੱਖਰਾਂ ਨਾਲ ਹੀ ਗਿਆਨ ਹੁੰਦਾ ਹੈ।

## ਦ੍ਰਿਸਟਿਮਾਨ; ਅਖਰ ਹੈ ਜੇਤਾ॥ ਨਾਨਕ; ਪਾਰਬ੍ਰਹਮ ਨਿਰਲੇਪਾ॥੫੪॥

ਜੇਤਾ = ਜਿਤਨਾ ਦ੍ਰਿਸਟਿਮਾਨ = ਦਿੱਸਣ ਵਾਲਾ ਪਦਾਰਥ ਹੈ, ਸਭ ਅੱਖਰਾਂ ਦੇ ਵਿਚ ਹੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਪਰੰਤੂ ਉਹ ਪਾਰਬ੍ਰਹਮ = ਹਰੀ ਪਰਮੇਸ਼ਰ ਹੀ ਅੱਖਰਾਂ ਦੇ ਨਾਲ ਕਥਨ ਕਰਨ ਤੋਂ ਨਿਰਲੇਪਾ = ਅਸੰਗ ਹੈ **ਵਾ:** ਉਹ ਅੱਖਰ ਕਰਕੇ ਨਿਰਲੇਪਾ = ਕਥਨ ਕਰਨ ਵਿਚ ਨਹੀਂ ਆਉਂਦਾ॥੫੪॥

### ਦੂਸਰਾ ਅਰਥ :

**ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ॥**

(ਅੱਖਰ ਮੱਥੇ ਦੇ ਕਰਮਾਂ, ਪ੍ਰਾਲਬਧ ਦਾ ਨਾਮ ਸਮਝਣਾ) ਉਹ ਪ੍ਰਭਿ = ਈਸਰ ਨੇ ਆਪ ਦੇ ਆਸਰੇ ਪ੍ਰਾਲਬਧ ਦੀ ਲਿਖਤ ਮਹਿ = ਵਿਚ ਹੀ ਤ੍ਰਿਭਵਣ = ਤਿੰਨ ਭਵਣ ਧਾਰੇ = ਧਾਰਨ ਕੀਤੇ ਹੋਏ ਹਨ। ਜੈਸਾ ਕਿ :

**ਕਰੀ ਲੋਹ ਕਲਮੰ ਲਿਖਯੋ ਲੇਖ ਮਾਥੰ॥** *(ਦਸਮ ਗ੍ਰੰਥ, ਬਚਿੱਤਰ ਨਾਟਕ ਆਧਿ: ੧/੨੫/੩)*

**ਅਖਰ ਕਰਿ ਕਰਿ ਬੇਦ ਬੀਚਾਰੇ॥**

ਜੋ ਅਖਰ = ਪ੍ਰਾਲਬਧ ਨਾਲ ਜੈਸੇ ਕਿਸੇ ਨੇ ਕਰਮ ਕਰਿ = ਕਰੇ ਭਾਵ ਕੀਤੇ ਹਨ, ਉਸੇ ਅਨੁਸਾਰ ਉਹ ਵੇਦਾਂ ਸ਼ਾਸਤਰਾਂ ਦਾ ਵੀਚਾਰ ਕਰਿ = ਕਰਦੇ ਹਨ।

**ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ॥**

ਅਖਰ = ਪ੍ਰਾਲਬਧ ਅਨੁਸਾਰ ਹੀ ਸ਼ਾਸਤਰਾਂ, ਸਿੰਮ੍ਰਿਤੀਆਂ, ਪੁਰਾਣਾਂ ਆਦਿਕ ਦੀ ਵਿੱਦਿਆ ਪੜ੍ਹ ਹੁੰਦੀ ਹੈ।

**ਅਖਰ ਨਾਦ ਕਥਨ ਵਖ੍ਯ੍ਯਾਨਾ॥**

ਨਾਦ = ਸ਼ਬਦਾਂ ਦਾ ਕਥਨ ਵਿਆਕਰਣ ਆਦਿ ਦਾ ਵਖ੍ਯ੍ਯਾਨਾ = ਵਖਿਆਨ ਕਰਨਾ, ਇਹ ਵੀ ਅਖਰ = ਪ੍ਰਾਲਬਧ ਦੀ ਲਿਖਤ ਅਨੁਸਾਰ ਹੀ ਹੈ।

**ਅਖਰ ਮੁਕਤਿ ਜੁਗਤਿ ਭੈ ਭਰਮਾ॥**

ਮੁਕਤੀ ਦੀ ਜੁਗਤਿ = ਵਿਧੀ ਪ੍ਰਾਪਤੀ ਹੋਣੀ ਭੈ = ਡਰ, ਭਰਮ ਆਦਿਕ ਇਹ ਵੀ ਅਖਰ = ਪ੍ਰਾਲਬਧ ਦੀ ਲਿਖਤ ਅਨੁਸਾਰ ਹੀ ਹੈ।

**ਅਖਰ ਕਰਮ ਕਿਰਤਿ ਸੁਚ ਧਰਮਾ॥**

ਕਰਮ ਚੰਗੇ ਕਰਨੇ, ਕਿਰਤ ਕਰਨੀ, ਸੁਚ = ਸੁਚਮਤਾ, ਧਰਮ ਆਦਿ ਇਹ ਵੀ ਅਖਰ = ਪ੍ਰਾਲਬਧ ਦੀ ਲਿਖਤ ਅਨੁਸਾਰ ਹੀ ਹੈ।

**ਦ੍ਰਿਸਟਿਮਾਨ ਅਖਰ ਹੈ ਜੇਤਾ॥**

ਜੇਤਾ = ਜਿੰਨਾ ਦ੍ਰਿਸ਼ਟਮਾਨ ਪ੍ਰਪੰਚ ਦ੍ਰਿਸ਼ਟੀ ਵਿਚ ਆ ਰਿਹਾ ਹੈ, ਇਹ ਵੀ ਅਖਰ = ਪ੍ਰਾਲਬਧ ਦੀ ਲਿਖਤ ਅਨੁਸਾਰ ਹੀ ਹੈ।

**ਨਾਨਕ ਪਾਰਬ੍ਰਹਮ ਨਿਰਲੇਪਾ॥੫੪॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਕ ਪਰਮੇਸ਼ਰ ਹੀ ਪ੍ਰਾਲਬਧ ਤੋਂ ਨਿਰਲੇਪਾ = ਨਿਰਲੇਪ ਹੈ, ਬਾਕੀ ਸਭ ਪ੍ਰਾਲਬਧ ਵਿਚ ਪਰੋਏ ਹੋਏ ਹਨ॥੫੪॥

**ਤੀਸਰਾ ਅਰਥ :**

**ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥**

ਅਖਰ = ਜੋ ਖਰਨ ਤੋਂ ਰਹਿਤ ਪ੍ਰਭਿ = ਹਰੀ ਵਾਹਿਗੁਰੂ ਹੈ, ਉਸ ਨੇ ਤ੍ਰਿਭਵਣ = ਤਿੰਨੇ ਭਵਣ ਆਪ ਦੇ ਆਸਰੇ ਧਾਰੇ = ਧਾਰਨ ਕੀਤੇ ਹੋਏ ਹਨ।

**ਅਖਰ ਕਰਿ ਕਰਿ ਬੇਦ ਬੀਚਾਰੇ ॥**

ਜੋ ਅਖਰ = ਖਰਨ ਤੋਂ ਰਹਿਤ ਪਰਮੇਸ਼ਰ ਦੇ ਨਾਮ ਦਾ ਸ੍ਰਵਨ ਕਰਿ = ਕਰਦੇ ਹਨ, ਮੰਨਣ ਕਰਿ = ਕਰਦੇ ਹਨ, ਉਹੋ ਹੀ ਬੇਦ = ਗਿਆਨ ਦੀ ਵੀਚਾਰ ਕਰਦੇ ਹਨ।

**ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥**

ਜੋ ਅਖਰ = ਖਰਨ ਤੋਂ ਰਹਿਤ ਹਰਿ ਦਾ ਸਿਮਰਨ ਕਰਦੇ ਹਨ ਅਤੇ ਸਤਿ ਸਰੂਪ ਹਰੀ ਦੀ ਆਗਿਆ ਮੰਨਣ ਰੂਪ ਸ਼ਾਸਤਰ ਪੜ੍ਹਦੇ ਹਨ, ਜੋ ਸਿੰਮ੍ਰਿਤੀਆਂ ਪੜ੍ਹਦੇ ਹਨ, ਪੁਰਾਤਨ ਸਰੂਪ **ਵਾ:** ਸਨਾਤਨ ਰੂਪ ਹੈ, ਉਸ ਨੂੰ ਜਾਨਣ ਰੂਪ ਪੁਰਾਣ ਪੜ੍ਹਦੇ ਹਨ।

**ਅਖਰ ਨਾਦ ਕਥਨ ਵਖ੍ਯ੍ਯਾਨਾ ॥**

ਜੋ ਅਖਰ = ਖਰਨ ਤੋਂ ਰਹਿਤ ਪਰਮੇਸ਼ਰ ਹੈ ਉਸ ਦੇ ਨਾਦ = ਸ਼ਬਦ ਦਾ ਜੋ ਕਥਨ = ਉਚਾਰਨ ਕਰਦੇ ਹਨ, ਉਹ ਸ਼ਕਤੀ ਬਿਰਤੀ ਦਾ ਤਿਆਗ ਕਰ ਕੇ, ਲੱਖਣਾ ਬਿਰਤੀ ਦੁਆਰਾ ਉਸ ਸਰੂਪ ਦੀ ਵੀਚਾਰ ਦਾ ਵਖ੍ਯ੍ਯਾਨਾ = ਵਖਿਆਨ ਭਾਵ ਵਿਆਖਿਆ ਕਰਦੇ ਹਨ।

**ਅਖਰ ਮੁਕਤਿ ਜੁਗਤਿ ਭੈ ਭਰਮਾ ॥**

ਮੁਕਤੀ ਦੀਆਂ ਜੋ ਜੁਗਤੀਆਂ ਹਨ, ਭੈ ਭਰਮ ਆਦਿਕ, ਉਹ ਅਖਰ = ਖਰਨ ਤੋਂ ਰਹਿਤ ਪਰਮੇਸ਼ਰ ਦੀ ਚੇਤਨ ਸੱਤਾ ਆਸਰੇ ਨਿਰਣੇ ਹੁੰਦੇ ਹਨ ਕਿ ਇਹ ਮੁਕਤ ਪੁਰਖ ਹੈ, ਕਿ ਇਹ ਜੁਗਤ ਦੇ ਸਹਿਤ ਹੈ, ਕਿ ਇਸ ਦੇ ਅੰਦਰ ਭੈ = ਡਰ, ਭਰਮ ਹੈ।

**ਅਖਰ ਕਰਮ ਕਿਰਤਿ ਸੁਚ ਧਰਮਾ ॥**

ਜਿਨ੍ਹਾਂ 'ਤੇ ਅਖਰ = ਖਰਨ ਤੋਂ ਰਹਿਤ ਪਰਮੇਸ਼ਰ ਦੀ ਕਿਰਪਾ ਦ੍ਰਿਸ਼ਟੀ ਕਰਦੇ ਹਨ, ਉਹ ਧਰਮ ਦੀ ਕਿਰਤਿ ਵਾਲੇ ਕਰਮ ਕਰਦੇ ਹਨ। ਉਨ੍ਹਾਂ ਨੂੰ ਇਹ ਸੁੱਚਾ ਧਰਮ ਪ੍ਰਾਪਤ ਹੋਇਆ ਹੈ।

**ਦ੍ਰਿਸਟਿਮਾਨ ਅਖਰ ਹੈ ਜੇਤਾ ॥**

ਜੇਤਾ = ਜਿਤਨੇ ਦ੍ਰਿਸਟਿਮਾਨ = ਦਿੱਸਣ ਵਾਲੇ ਪਦਾਰਥ ਹਨ, ਉਨ੍ਹਾਂ ਵਿਚ ਇਕ ਅਖਰ = ਖਰਨ ਤੋਂ ਰਹਿਤ ਬ੍ਰਹਮ ਹੀ ਹੈ, ਹੋਰ ਕੋਈ ਨਹੀਂ ਹੈ।

**ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਰੀ ਵਾਹਿਗੁਰੂ ਕਰਮਾਂ ਆਦਿ ਦੀ ਨਿਰਲੇਪਾ (ਨਿਰ+ਲੇਪਾ) ਲੇਪਾ = ਲਪਾਇਮਾਨ ਤੋਂ ਨਿਰ = ਰਹਿਤ ਹੈ ॥੫੪॥

## ਸਲੋਕ ॥ ਹਥਿ ਕਲੰਮ ਅਗੰਮ; ਮਸਤਕਿ ਲਿਖਾਵਤੀ ॥

ਹਰੀ ਜੋ ਅਗੰਮ = ਗਮਤਾ ਤੋਂ ਰਹਿਤ ਹੈ, ਉਸ ਦੇ ਹੱਥ ਵਿਚ ਹੁਕਮ ਰੂਪੀ ਕਲੰਮ = ਕਲਮ ਪਕੜੀ ਹੋਈ ਹੈ, ਜੋ ਸਾਰਿਆਂ ਦੇ ਮਸਤਕਿ = ਮੱਥੇ ਪਰ ਲੇਖ ਲਿਖਾਵਤੀ = ਲਿਖਦੀ ਆਉਂਦੀ ਹੈ। ਜੈਸਾ ਕਿ :

**ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ ਈਸੁ ਬੰਮ੍ਯ੍ਯੁ ਗ੍ਯ੍ਯਾਨੁ ਧ੍ਯ੍ਯਾਨੁ ਧਰਤ ਹੀਐ ਚਾਹਿ ਜੀਉ ॥**

*(ਸਵਈਏ ਮਹਲੇ ਚਉਥੇ ਕੇ, ਭਟ ਗਯੰਦ, ਅੰਗ ੧੪੦੨)*

## ਉਰਝਿ ਰਹਿਓ ਸਭ ਸੰਗਿ; ਅਨੂਪ ਰੂਪਾਵਤੀ ॥

ਹੇ ਅਨੂਪ = ਉਪਮਾ ਤੋਂ ਰਹਿਤ ਰੂਪਾਵਤੀ = ਸੁੰਦਰ ਰੂਪ ਵਾਲੇ ਹਰੀ ਵਾਹਿਗੁਰੂ ! ਤੂੰ ਸਭ = ਸਾਰਿਆਂ ਦਾ ਸੰਗੀ ਹੋ ਕੇ ਪ੍ਰੇਮ ਦੀ ਉਰਝਿ = ਉਲਝਣ ਵਿਚ ਫਸ ਰਹਿਓ = ਰਿਹਾ ਹੈਂ।

## ਉਸਤਤਿ ਕਹਨੁ ਨ ਜਾਇ; ਮੁਖਹੁ ਤੁਹਾਰੀਆ ॥

ਹੇ ਹਰੀ ! ਤੁਹਾਰੀਆ = ਤੁਹਾਡੀ ਮੁਖਹੁ = ਮੂੰਹ ਤੋਂ ਉਸਤਤਿ = ਮਹਿਮਾ ਕਹਨੁ = ਕਹੀ ਨ = ਨਹੀਂ ਜਾਇ = ਜਾ ਸਕਦੀ। ਜੈਸਾ ਕਿ :

**ਉਸਤਤਿ ਕਰਹਿ ਸੇਵਕ ਮੁਨਿ ਕੇਤੇ ਤੇਰਾ ਅੰਤੁ ਨ ਕਤਹੂ ਪਾਈਐ ॥** *(ਅੰਗ ੫੨੮)*

ਤਥਾ :

**ਸਹਸ ਫਨੀ ਜਪਿਓ ਸੇਖਨਾਗੈ ਹਰਿ ਜਪਤਿਆ ਅੰਤੁ ਨ ਪਾਵੈਗੋ ॥** *(ਕਾਨੜਾ ਮ: ੪, ਅੰਗ ੧੩੦੯)*

## ਮੋਹੀ ਦੇਖਿ ਦਰਸੁ; ਨਾਨਕ ਬਲਿਹਾਰੀਆ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ਤੁਹਾਡੇ ਦਰਸੁ = ਦਰਸ਼ਨ ਦੇਖ ਕੇ ਸਾਡੀ ਬਿਰਤੀ, ਬੁੱਧੀ ਤੇਰੇ ਸਰੂਪ ਤੇ ਮੋਹੀ = ਮੋਹਤ ਹੋ ਰਹੀ ਹੈ, ਇਸ ਲਈ ਤੁਹਾਡੇ ਉਪਰੋਂ ਮੇਰੀ ਬੁੱਧੀ, ਬਿਰਤੀ ਬਲਿਹਾਰੀਆ = ਕੁਰਬਾਨ ਜਾਂਦੀ ਹੈ।੧।

## ਪਉੜੀ ॥

## ਹੇ ਅਚੁਤ, ਹੇ ਪਾਰਬ੍ਰਹਮ; ਅਬਿਨਾਸੀ ਅਘ ਨਾਸ ॥

ਇਹ ਬਾਵਨ ਅੱਖਰੀ ਬਾਣੀ ਦੀ ਸਮਾਪਤੀ ਦਾ ਮੰਗਲ ਹੈ।

ਹੇ ਅਚੁਤ = ਅਚੱਲ ਭਾਵ ਆਪਣੀ ਪਦਵੀ ਦੇ ਉੱਪਰੋਂ ਗਿਰਨ ਤੋਂ ਰਹਿਤ ਭਾਵ ਇਕ-ਰਸ ਰਹਿਣ ਵਾਲੇ ਵਾਹਿਗੁਰੂ, ਹੇ ਪਾਰਬ੍ਰਹਮ = ਪਾਪਾਂ ਪੁੰਨਾਂ ਤੋਂ ਪਰੇ ਬ੍ਰਹਮ = ਵਿਆਪਕ ਹਰੀ, ਹੇ ਅਬਿਨਾਸੀ = ਨਾਸ ਤੋਂ ਰਹਿਤ, ਅਘ = ਪਾਪਾਂ ਦੇ ਨਾਸ ਕਰਨ ਵਾਲੇ ਪਰਮੇਸ਼ਰ।

## ਹੇ ਪੂਰਨ, ਹੇ ਸਰਬ ਮੈ; ਦੁਖ ਭੰਜਨ ਗੁਣਤਾਸ ॥

ਹੇ ਪੂਰਨ = ਵਿਆਪਕ ਹੇ ਸਰਬ = ਸਾਰਿਆਂ ਮੈ = ਵਿਚ ਵਿਆਪਕ, ਜੰਮਣ ਮਰਣ ਦੇ ਦੁੱਖਾਂ ਨੂੰ ਭੰਜਨ = ਭੰਨਣ ਵਾਲੇ ਸ਼ੁਭ ਗੁਣਾਂ ਦੇ ਤਾਸ = ਮਾਲਕ ਪਰਮੇਸ਼ਰ।

## ਹੇ ਸੰਗੀ, ਹੇ ਨਿਰੰਕਾਰ; ਹੇ ਨਿਰਗੁਣ ਸਭ ਟੇਕ ॥

ਹੇ ਸਭ ਦੇ ਸੰਗੀ = ਮੇਲੀ, ਹੇ ਨਿਰੰਕਾਰ = ਮਾਇਕੀ ਅਕਾਰਾਂ ਤੋਂ ਰਹਿਤ, ਤ੍ਰਿਗੁਣ ਅਤੀਤ, ਹੇ (ਨਿਰ+ਗੁਣ) ਤਿੰਨਾਂ ਗੁਣਾਂ, ਰਾਜਸੀ, ਤਾਮਸੀ, ਸਾਤਕੀ ਸੁਭਾਅ ਤੋਂ ਰਹਿਤ, ਸਭ = ਸਰਬ ਦੀ ਟੇਕ = ਓਟ ਰੂਪ ਵਾਹਿਗੁਰੂ।

## ਹੇ ਗੋਬਿਦ, ਹੇ ਗੁਣ ਨਿਧਾਨ; ਜਾ ਕੈ ਸਦਾ ਬਿਬੇਕ ॥

ਹੇ (ਗੋ+ਬਿਦ) ਗੋ = ਪ੍ਰਿਥਵੀ ਦੀ ਬਿਦ = ਰੱਖਿਆ ਕਰਨ ਵਾਲੇ, ਹੇ ਗੁਣਾਂ ਦੇ ਨਿਧਾਨ = ਖ਼ਜ਼ਾਨੇ ਅਕਾਲ ਪੁਰਖ ਵਾਹਿਗੁਰੂ। ਹੇ ਜਾ ਕੈ = ਜਿਸ ਦੇ ਵਿਚ ਸਦਾ = ਹਮੇਸ਼ਾਂ ਬਿਬੇਕ = ਗਿਆਨ ਹੈ **ਵਾ:** ਹੇ ਹਰੀ ਵਾਹਿਗੁਰੂ ਤੂੰ ਮੁਕਤ ਰੂਪ ਹੈਂ।

## ਹੇ ਅਪਰੰਪਰ, ਹਰਿ ਹਰੇ; ਹਹਿ ਭੀ ਹੋਵਨਹਾਰ ॥

ਹੇ ਅਪਰੰਪਰ = ਪ੍ਰਕਿਰਤੀ ਦੇ ਪਾਰਾਵਾਰ ਤੋਂ ਪਰ੍ਹੇ, ਸਭ ਜੀਆਂ ਨੂੰ ਆਪਣੀ ਚੇਤਨ ਸੱਤਾ ਨਾਲ ਹਰਿ = ਹਰੇ ਭਰੇ ਕਰਨ ਵਾਲੇ ਚੇਤਨ ਸਰੂਪ, ਤੂੰ ਹੁਣ ਵਰਤਮਾਨ ਸਮੇਂ ਵਿਚ ਵਿਆਪਕ ਹਹਿ = ਹੈਂ, ਪਿੱਛੇ ਭੂਤਕਾਲ ਵਿਚ ਭੀ = ਵੀ ਵਿਆਪਕ ਸੀ, ਅੱਗੇ ਨੂੰ ਵੀ ਤੂੰ ਹੀ ਵਿਆਪਕ ਹੋਵਨ ਵਾਲਾ ਹੈਂ।

## ਹੇ ਸੰਤਹ ਕੈ ਸਦਾ ਸੰਗਿ; ਨਿਧਾਰਾ ਆਧਾਰ ॥

ਹੇ ਸੰਤਹ = ਮਹਾਤਮਾ ਜਨਾਂ ਕੈ = ਦੇ ਸਦਾ = ਹਮੇਸ਼ਾਂ ਸੰਗਿ = ਸਾਥ ਰਹਿਣ ਵਾਲੇ ਹਰੀ ਵਾਹਿਗੁਰੂ ਤੂੰ ਹੀ ਨਿਧਾਰਾ = ਨਿਆਸਰਿਆਂ ਦਾ ਆਧਾਰ = ਆਸਰਾ ਰੂਪ ਹੈਂ।

## ਹੇ ਠਾਕੁਰ, ਹਉ ਦਾਸਰੋ; ਮੈ ਨਿਰਗੁਨ, ਗੁਨੁ ਨਹੀ ਕੋਇ ॥

ਹੇ ਠਾਕੁਰ = ਸੁਆਮੀ ! ਹਉ = ਮੈਂ ਆਪ ਜੀ ਦੇ ਦਾਸਰੋ = ਦਾਸਾਂ ਦਾ ਦਾਸ ਹਾਂ, ਮੈਂ ਨਿਰਗੁਨ = ਗੁਣਾਂ ਤੋਂ ਰਹਿਤ ਹਾਂ, ਮੇਰੇ ਵਿਚ ਕੋਇ = ਕੋਈ ਵੀ ਸ਼ੁਭ ਗੁਣ ਨਹੀਂ ਹੈ।

[ਅੰਗ ੨੬੨]

## ਨਾਨਕ ਦੀਜੈ ਨਾਮ ਦਾਨੁ; ਰਾਖਉ ਹੀਐ ਪਰੋਇ ॥੫੫॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੈਨੂੰ ਨਾਮ ਦਾਨ ਦੀਜੈ = ਦੇਣਾ ਕਰੋ, ਜੋ ਮੈਂ ਆਪਣੇ ਹੀਐ = ਹਿਰਦੇ ਰੂਪੀ ਕੰਠ ਵਿਚ ਤੁਹਾਡਾ ਨਾਮ ਪਰੋਇ = ਪ੍ਰੋ ਕੇ ਰਾਖਉ = ਰੱਖਣਾ ਕਰਾਂ ॥੫੫॥

ਮਹਾਰਾਜ ੫੫ ਸਲੋਕ ਤੇ ੫੫ ਪਉੜੀਆਂ ਰਚ ਕੇ ਹੁਣ ਜੋ ਸਲੋਕ ਬਾਵਨ ਅੱਖਰੀ ਦੇ ਆਦਿ ਵਿਚ ਰੱਖਿਆ ਸੀ, ਉਸੇ ਨੂੰ ਹੁਣ ਸੰਪੂਰਨਤਾ ਤੇ ਮੰਗਲ ਰੂਪ ਕਰਕੇ ਕਥਨ ਕਰਦੇ ਹਨ।

## ਸਲੋਕੁ ॥ ਗੁਰਦੇਵ ਮਾਤਾ, ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ ॥

ਹੇ ਭਾਈ ! ਸਤਿਗੁਰੂ ਨਾਨਕ ਦੇਵ ਮਹਾਰਾਜ ਸਾਹਿਬ ਜੀ ਮਾਤਾ ਦੀ ਨਿਆਈਂ ਹਨ, ਜਿਵੇਂ ਮਾਤਾ ਬੱਚੇ ਦੀ ਪਾਲਣਾ ਕਰਦੀ ਹੈ, ਇਸੇ ਤਰ੍ਹਾਂ ਗੁਰੂ ਸਾਹਿਬ ਜੀ ਸਿੱਖ ਦੀ ਪਾਲਣਾ ਕਰਦੇ ਹਨ, ਜਿਵੇਂ ਮਾਤਾ ਆਪਣੇ ਦੁੱਧ ਦੇ ਚਸ਼ਮਿਆਂ ਤੋਂ ਅੰਮ੍ਰਿਤ ਦਿੰਦੀ ਹੈ, ਇਉਂ ਮਹਾਰਾਜ ਹਿਰਦੇ 'ਚੋਂ ਨਾਮ ਰੂਪੀ ਦਾਨ ਦਿੰਦੇ ਹਨ, ਬ੍ਰਹਮਾਨੰਦ ਰੂਪ ਦੁੱਧ ਦੇਂਦੇ ਹਨ ਅਤੇ ਜਿਵੇਂ ਦੁਨਿਆਵੀ ਪਿਤਾ ਦੀ ਜਾਇਦਾਦ ਦਾ ਮਾਲਕ ਪੁੱਤਰ ਹੁੰਦਾ ਹੈ, ਇਸੇ ਪ੍ਰਕਾਰ ਗੁਰੂ ਨਾਨਕ ਦੇਵ ਜੀ ਪਿਤਾ ਦੀ ਨਿਆਈਂ ਹਨ।

ਜਿਸ ਪ੍ਰਕਾਰ ਬੱਚੇ ਦੀ ਪਾਲਣਾ ਮਾਤਾ ਕਰਦੀ ਹੈ, ਇਸੇ ਪ੍ਰਕਾਰ ਗੁਰੂ ਸਾਹਿਬ ਜੀ ਗੁਣਾਂ ਦੀ ਪਾਲਣਾ ਕਰਨ ਵਾਲੇ ਹਨ, (ਗੁਰਦੇਵ ਸੁਆਮੀ ਪਰਮੇਸੁਰਾ) ਗੁਰਦੇਵ = ਸਤਿਗੁਰੂ ਨਾਨਕ ਦੇਵ ਜੀ ਸੁਆਮੀ = ਮਾਲਕ ਪਾਰਬ੍ਰਹਮ ਪਰਮੇਸ਼ਰ ਦਾ ਰੂਪ ਹਨ। ਜਿਸ ਪ੍ਰਕਾਰ ਕਾਰਜ ਰੂਪ ਈਸ਼ਰ ਪੰਜ ਮੰਨੇ ਹਨ; ੧. ਸ਼ਕਤੀ; ੨. ਗਣੇਸ਼; ੩. ਸੂਰਜ; ੪. ਵਿਸ਼ਨੂੰ; ੫. ਸ਼ਿਵ, ਇਨ੍ਹਾਂ ਪੰਜਾਂ ਤੋਂ (ਪਰਮ+ਏਸੁਰਾ) ਪਰਮ = ਵੱਡੇ ਏਸੁਰਾ = ਪਰਮੇਸ਼ਰ ਹਨ। ਇਹ ਈਸ਼ਰ ਹਨ ਉਹ ਪਰਮੇਸੁਰਾ = ਪਰਮ+ਈਸ਼ਰ ਪਰਮ = ਵੱਡਾ ਈਸ਼ਰ ਇਨ੍ਹਾਂ ਈਸ਼ਰਾਂ ਦਾ ਭੀ ਮਾਲਕ ਹੈ।

## ਗੁਰਦੇਵ ਸਖਾ, ਅਗਿਆਨ ਭੰਜਨੁ; ਗੁਰਦੇਵ ਬੰਧਿਪ ਸਹੋਦਰਾ ॥

ਗੁਰਦੇਵ = ਸਤਿਗੁਰੂ ਨਾਨਕ ਦੇਵ ਜੀ ਸਖਾ = ਪਿਆਰੇ ਹਨ, ਭਾਵ ਸਤਿਗੁਰੂ ਸਾਹਿਬ ਜੀ ਐਸੇ ਸਖਾ = ਪਿਆਰੇ ਹਨ, ਜੋ ਅਗਿਆਨ ਤੇ ਦੁੱਖਾਂ ਨੂੰ ਭੰਜਨੁ = ਭੰਨਣ ਵਾਲੇ ਹਨ। ਗੁਰਦੇਵ = ਸਤਿਗੁਰੂ ਨਾਨਕ

ਦੇਵ ਜੀ ਬੰਧਿਪ = ਸੰਬੰਧੀਆਂ ਦੀ ਨਿਆਈਂ ਭਾਵ ਜਿਵੇਂ ਸਕੇ-ਸੰਬੰਧੀ ਹੁੰਦੇ ਹਨ, ਇਸੇ ਪ੍ਰਕਾਰ ਲੋਕ ਪ੍ਰਲੋਕ ਵਿਚ ਰੱਖਿਆ ਕਰਨ ਵਾਲੇ ਹਨ, ਸੰਬੰਧੀ ਕੈਸੇ ਹਨ ?

ਸਹੋਦਰਾ (ਸਹ+ਓਦਰਾ) ਸਕੇ ਭਰਾ (ਇੱਕੋ ਪੇਟ ਵਿੱਚੋਂ ਜਨਮੇ ਭਰਾ) ਦੀ ਨਿਆਈਂ ਹਨ। ਜਿਸ ਉਪਦੇਸ਼ ਨਾਲ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਆਪਣੇ ਅਨੰਦ ਨੂੰ ਪ੍ਰਾਪਤ ਕੀਤਾ, ਉਹੋ ਹੀ ਸ਼ਬਦ ਸਾਨੂੰ ਬਖ਼ਸ਼ਿਆ ਹੈ।

## ਗੁਰਦੇਵ ਦਾਤਾ, ਹਰਿ ਨਾਮੁ ਉਪਦੇਸੈ; ਗੁਰਦੇਵ ਮੰਤੁ, ਨਿਰੋਧਰਾ ॥

ਗੁਰਦੇਵ = ਗੁਰੂ ਨਾਨਕ ਦੇਵ ਜੀ ਸਾਰਿਆਂ ਪਦਾਰਥਾਂ ਨੂੰ ਦੇਣ ਵਾਲੇ ਦਾਤੇ ਹਨ ਅਤੇ ਪਰਮੇਸ਼ਰ ਦੇ ਨਾਮ ਦਾ ਉਪਦੇਸ਼ ਦੇਣ ਵਾਲੇ ਹਨ, ਜੋ ਗੁਰਾਂ ਤੋਂ ਬਗ਼ੈਰ ਕਿਸੇ ਤੋਂ ਵੀ ਪ੍ਰਾਪਤ ਨਹੀਂ ਹੋ ਸਕਦਾ।

ਗੁਰਦੇਵ = ਗੁਰੂ ਨਾਨਕ ਦੇਵ ਜੀ ਦਾ ਵਾਹਿਗੁਰੂ ਮੰਤੁ = ਮੰਤਰ ਸੰਸਾਰ ਤੋਂ (ਨਿਰ+ਓਧਰਾ) ਨਿਰ = ਵਿਸ਼ੇਸ਼ ਕਰ ਕੇ ਓਧਰਾ = ਉਧਾਰ ਕਰਨ ਵਾਲਾ ਹੈ **ਵਾ:** ਗੁਰੂ ਨਾਨਕ ਦੇਵ ਜੀ ਦਾ ਮੰਤਰ ਨਿਰੋਧਰਾ = ਇੰਦਰੀਆਂ ਨੂੰ ਦਮਨ ਕਰਨ ਵਾਲਾ ਹੈ। ਜੈਸਾ ਕਿ :

**ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ ॥** *(ਭਾਈ ਗੁਰਦਾਸ ਜੀ ਵਾਰ ੧੩, ਪਉੜੀ ੨)*

## ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ; ਗੁਰਦੇਵ ਪਾਰਸ ਪਰਸ ਪਰਾ ॥

ਗੁਰਦੇਵ = ਗੁਰੂ ਨਾਨਕ ਦੇਵ ਜੀ ਸਾਂਤਿ = ਸ਼ਾਂਤੀ ਸਰੂਪ ਹਨ, ਸਤਿ = ਤ੍ਰੈਕਾਲ ਅਬਾਧ ਭਾਵ ਸਤਿ ਸਰੂਪ ਹਨ, ਬੁਧਿ ਮੂਰਤਿ = ਬੋਧ ਸਰੂਪ ਭਾਵ ਗਿਆਨ ਸਰੂਪ ਹਨ। ਜੈਸਾ ਕਿ :

**ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥**
*(ਵਡਹੰਸ ਕੀ ਵਾਰ, ਮ: ੪, ਅੰਗ ੫੯੪)*

ਗੁਰਦੇਵ = ਗੁਰੂ ਨਾਨਕ ਦੇਵ ਜੀ ਪਾਰਸ ਦੇ ਪਰਸਨ ਤੋਂ ਵੀ ਪਰ੍ਹੇ ਹਨ। ਪਾਰਸ ਲੋਹੇ ਨੂੰ ਸੋਨਾ ਬਣਾਉਂਦਾ ਹੈ, ਗੁਰੂ ਸਾਹਿਬ ਜੀ ਜੀਵ ਨੂੰ ਪਾਰਬ੍ਰਹਮ ਪਰਮੇਸ਼ਰ ਦਾ ਰੂਪ ਹੀ ਬਣਾ ਦਿੰਦੇ ਹਨ। ਜਿਹੜੇ ਬੜੇ ਬੜੇ ਚੋਰ ਤੇ ਡਾਕੂ ਸਨ, ਜਿਵੇਂ ਭਾਈ ਬਿਧੀ ਚੰਦ ਜੀ ਨੂੰ ਚੋਰੀਆਂ ਛਡਾ ਕੇ ਉੱਚੇ ਸੁੱਚੇ, ਜੀਵਨ ਮੁਕਤ ਵਾਲੇ ਬਣਾ ਦਿੱਤਾ, ਜਿਵੇਂ ਦਿਓ ਨਗਰ ਵਿਚ ਇਕ ਸੁੰਦਰ ਸ਼ਾਹ ਫ਼ਕੀਰ ਸੀ, ਉਹ ਭਾਈ ਬਿਧੀ ਚੰਦ ਜੀ ਨੂੰ ਸ਼ੇਰ ਬਣਾ ਕੇ ਡਰਾਉਣ ਲੱਗਾ, ਭਾਈ ਬਿਧੀ ਚੰਦ ਨੇ ਜਦੋਂ ਸ਼ੇਰ ਵੱਲ ਨਦਰ ਕਰੀ ਤਾਂ ਸ਼ੇਰ ਬਿੱਲੀ ਵਾਂਗੂੰ ਸਹਿਮ ਕੇ ਜੜ੍ਹ ਹੋ ਗਿਆ, ਸੁੰਦਰ ਸ਼ਾਹ ਫ਼ਕੀਰ ਭਾਈ ਸਾਹਿਬ ਜੀ ਦੇ ਪੈਰੀਂ ਪੈ ਗਿਆ, ਉਸ ਵੇਲੇ ਸੁੰਦਰ ਸ਼ਾਹ ਦੀ ਵੀ ਕਲਿਆਣ ਕਰ ਦਿੱਤੀ। ਇਸ ਪ੍ਰਕਾਰ ਗੁਰੂ ਸਾਹਿਬ ਜੀ ਆਪਣੇ ਸਿੱਖਾਂ ਨੂੰ ਪਾਰਸ ਦੇ ਪਰਸਨ ਤੋਂ ਉੱਚਾ ਬਣਾ ਦਿੰਦੇ ਹਨ, ਪਰਾ ਰੂਪ ਦੀ ਪ੍ਰਾਪਤੀ ਵਾਲੇ ਬਣਾ ਦਿੰਦੇ ਹਨ।

## ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ; ਗੁਰ ਗਿਆਨ ਮਜਨੁ ਅਪਰੰਪਰਾ ॥

ਗੁਰਦੇਵ = ਗੁਰੂ ਨਾਨਕ ਦੇਵ ਜੀ ਤੀਰਥ ਹਨ, ਭਾਵ ਸਤਿਗੁਰੂ ਜੀ ਸਾਰਿਆਂ ਤੋਂ ਸ੍ਰੇਸ਼ਟ ਅੰਮ੍ਰਿਤ ਨਾਮ ਦੇ ਸਰੋਵਰੁ = ਤਲਾਅ ਲਬਾ ਲਬ ਭਰੇ ਹੋਏ ਹਨ **ਅਥਵਾ** ਅੰਮ੍ਰਿਤ ਰੂਪ, ਗਿਆਨ ਰੂਪੀ ਪਵਿੱਤਰ ਤੀਰਥ ਹਨ।

***ਪ੍ਰਸ਼ਨ :*** *ਜੇ ਕੋਈ ਕਹੇ ਕਿ ਗੁਰੂ ਜੇ ਤੀਰਥ ਹਨ, ਅੰਮ੍ਰਿਤ ਦੇ ਸਰੋਵਰ ਹਨ ਤਾਂ ਸਰੋਵਰਾਂ ਵਿਚ ਇਸ਼ਨਾਨ ਕਰੀਦਾ ਹੈ ? ਇਥੇ ਕਿਹੜਾ ਇਸਨਾਨ ਕਰਨਾ ਹੈ ?*

***ਗੁਰ ਉੱਤਰ :*** ਗੁਰੂ ਸਾਹਿਬ ਜੀ ਜੋ ਪਰਮਾਤਮਾ ਦੀ ਪ੍ਰਾਪਤੀ ਦਾ ਗਿਆਨ ਹੈ, ਇਹੋ ਹੀ ਸਰੋਵਰ ਦੇ ਜਲ ਦੀ ਨਿਆਈਂ ਹੈ, ਤੇ ਸੰਗਤ ਰੂਪ ਸਰੋਵਰ ਦੇ ਕਿਨਾਰੇ ਤੇ ਸ਼ਰਧਾ ਰੂਪ ਪਉੜੀਆਂ ਦੁਆਰਾ ਉੱਤਰ ਕੇ ਉਪਦੇਸ਼ ਵਿਚ ਮਨ ਦਾ ਖੁਭ ਜਾਣਾ ਹੀ ਮਜਨੁ = ਟੁੱਭੀ ਮਾਰ ਕੇ ਇਸ਼ਨਾਨ ਹੈ।

**ਵਾ:** ਜਿਹੜਾ ਗੁਰੂ ਸਾਹਿਬ ਜੀ ਦਾ ਅਪਰੋਖ ਗਿਆਨ ਪ੍ਰਾਪਤ ਹੋਣਾ ਹੈ, ਇਹ ਮਜਨੁ = ਪੁਰਬਾਂ ਦਾ ਇਸ ਨਾਲ ਲੱਗਾ ਹੋਇਆ ਹੈ।

ਸਾਰਿਆਂ ਪੁਰਖਾਂ ਨੂੰ ਅਪਰੰ = ਪ੍ਰਕਿਰਤੀ ਦੀ ਮੈਲ ਲੱਗੀ ਹੋਈ ਹੈ, ਪਰ ਜੋ ਜੀਵ ਇਸ ਪਰਾ = ਪਰ੍ਹੇ ਹੋ ਜਾਂਦੇ ਹਨ, ਉਹ ਇਸ ਪ੍ਰਕਿਰਤੀ ਦੀ ਮੈਲ ਤੋਂ ਛੁੱਟ ਜਾਂਦੇ ਹਨ।

## ਗੁਰਦੇਵ ਕਰਤਾ, ਸਭਿ ਪਾਪ ਹਰਤਾ; ਗੁਰਦੇਵ, ਪਤਿਤ ਪਵਿਤ ਕਰਾ ॥

ਬ੍ਰਹਮ ਰੂਪ ਕਰ ਕੇ ਗੁਰਦੇਵ = ਗੁਰੂ ਨਾਨਕ ਦੇਵ ਜੀ ਸਾਰੇ ਜਗਤ ਨੂੰ ਪੈਦਾ ਕਰਤਾ = ਕਰਨ ਵਾਲੇ ਹਨ ਅਤੇ ਨਾਮ ਉਪਦੇਸ਼ ਦੁਆਰਾ ਸਭਿ = ਸਾਰਿਆਂ ਦੇ ਪਾਪਾਂ ਨੂੰ ਹਰਤਾ = ਮੇਟਣ ਵਾਲੇ ਹਨ, ਭਾਵ ਮੁਕਤ ਕਰਨ ਵਾਲੇ ਹਨ ਅਤੇ ਗੁਰਦੇਵ = ਗੁਰੂ ਨਾਨਕ ਦੇਵ ਜੀ ਪਤਿਤ = ਪਾਪੀਆਂ ਨੂੰ ਪਵਿਤ = ਪਵਿੱਤਰ ਕਰਾ = ਕਰਨ ਵਾਲੇ ਹਨ। ਜੈਸਾ ਕਿ :

**ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ ॥੨॥**
**ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ ॥੩॥** *(ਅੰਗ ੪੦੬)*

## ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ; ਗੁਰਦੇਵ ਮੰਤੁ ਹਰਿ ਜਪਿ, ਉਧਰਾ ॥

ਪਰਮੇਸ਼ਰ ਦਾ ਰੂਪ ਹੋਣ ਕਰਕੇ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਜੁਗਾਦਿ = ਸਦਾ ਸਦਾ ਪਹਿਲਾ ਵੀ ਸੀ ਤੇ ਹੁਣ ਜੁਗੁ ਜੁਗੁ = ਜੁਗਾਂ ਜੁਗਾਂ ਵਿਚ ਵੀ ਹਨ ਤੇ ਅੱਗੇ ਨੂੰ ਵੀ ਹੋਣਗੇ **ਵਾ:** ਜੁਗੁ = ਦੋ ਜੀਵ ਤੇ ਈਸਰ ਨੂੰ ਸੰਜੁਗਤ ਕਰਕੇ ਆਪਣੀ ਚੇਤਨ ਸੱਤਾ ਦੁਆਰਾ ਏਕਤਾ ਕਰਨ ਵਾਲੇ ਹਨ ਜੁਗੁ = ਚਾਰ, ਜੋ ਚਾਰ ਸਾਧਨਾ ਵੈਰਾਗ, ਵਿਵੇਕ, ਖਟ, ਸੰਪਤੀ ਮੋਖ ਇੱਛਾ ਦੇ ਸਹਿਤ ਹੋ ਜਾਂਦਾ ਹੈ ਉਸ ਨੂੰ ਸ੍ਵਣ, ਮੰਨਣ, ਨਿਧਿਆਸਣ ਤੱਤ ਤ੍ਵੰ ਦੇ ਸੰਸ਼ੋਧਨ ਦਾ ਗਿਆਨ ਕਰਾ ਦਿੰਦੇ ਹਨ ਅਤੇ ਜਿਨ੍ਹਾਂ ਨੇ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਮੰਤੁ = ਉਪਦੇਸ਼ ਦੁਆਰਾ ਹਰਿ = ਪਰਮੇਸ਼ਰ ਦਾ ਨਾਮ ਜਪਿ = ਜਪਿਆ ਹੈ, ਉਨ੍ਹਾਂ ਦਾ ਸੰਸਾਰ ਸਮੁੰਦਰ ਤੋਂ ਉਧਰਾ = ਉਧਾਰ ਹੋ ਜਾਂਦਾ ਹੈ।

**ਵਾ:** ਗੁਰਦੇਵ = ਗੁਰੂ ਨਾਨਕ ਦੇਵ ਜੀ ਨੇ ਜਦੋਂ ਜਗਤ ਦੀ ਰਚਨਾ ਕੀਤੀ, ਉਦੋਂ ਆਦਿ = ਮੁੱਢ ਵਿਚ ਸਨ ਅਤੇ ਜੁਗਾਦਿ = ਜਦੋਂ ਈਸ਼ਰਾ ਅਤੇ ਜੀਵਾਂ ਦਾ ਭੇਦ ਹੋ ਗਿਆ, ਉਨ੍ਹਾਂ ਦੇ ਵੀ ਆਦਿ ਵਿਚ ਸੀ। ਜੁਗੁ ਜੁਗੁ = ਜੀਵ ਤੇ ਈਸ਼ਰ ਤੇ ਚਾਰ ਜੁਗ ਬਣ ਗਏ, ਚਾਰ ਖਾਣੀਆਂ, ਚਾਰ ਸਾਧਨਾਂ ਵਾਲੇ (ਖਟ = ਸੰਪਤੀ, ਮੋਖ ਇੱਛਾ ਆਦਿ ਬਣ ਗਏ, ਉੱਤਮ, ਮੱਧਮ, ਕਨਿਸ਼ਟ, ਅਧਮ ਬਣ ਗਏ, ਗ੍ਰਹਿਸਥ, ਬਾਣ ਪ੍ਰਸਤੀ, ਸੰਨਿਆਸੀ, ਬ੍ਰਹਮਚਾਰੀ ਬਣ ਗਏ, ਜੋ ਪਰਮੇਸ਼ਰ ਜੁਗਾਂ ਜੁਗਾਂ ਵਿਚ ਜੁੜਿਆ ਹੈ, ਉਸ ਵਿਚ ਗੁਰੂ ਨਾਨਕ ਦੇਵ ਜੋੜਨ ਵਾਲੇ ਹਨ।

ਗੁਰਦੇਵ = ਗੁਰੂ ਨਾਨਕ ਦੇਵ ਜੀ ਦਾ ਜੋ ਹਰਿ = ਵਾਹਿਗੁਰੂ ਗੁਰ ਮੰਤਰ ਹੈ, ਜਿਹੜੇ ਜਪਿ = ਜਪਦੇ ਹਨ, ਉਨ੍ਹਾਂ ਦਾ ਉਧਰਾ = ਉਧਾਰ ਕਰਦੇ ਹਨ ਭਾਵ ਗੁਰੂ ਸਾਹਿਬ ਜੀ ਨਾਮ ਰੂਪੀ ਅੰਮ੍ਰਿਤ ਦੇ ਕੇ ਉਧਾਰ ਕਰਦੇ ਹਨ।

## ਗੁਰਦੇਵ ਸੰਗਤਿ, ਪ੍ਰਭ ਮੇਲਿ, ਕਰਿ ਕਿਰਪਾ; ਹਮ ਮੂੜ ਪਾਪੀ, ਜਿਤੁ ਲਗਿ ਤਰਾ ॥

ਹੇ ਪ੍ਰਭ = ਹਰੀ ਵਾਹਿਗੁਰੂ ! ਕਿਰਪਾ ਕਰਿ = ਕਰ ਕੇ ਸਾਨੂੰ ਗੁਰਦੇਵ = ਗੁਰੂ ਨਾਨਕ ਦੇਵ ਜੀ ਦੀ ਸੰਗਤ ਨਾਲ ਮੇਲਿ = ਮੇਲਣਾ ਕਰੋ, ਹਮ = ਅਸੀਂ ਮੂੜ = ਮੂਰਖ ਪਾਪੀ ਜਿਤੁ = ਜਿਸ ਗੁਰੂ ਸਾਹਿਬ ਜੀ ਦੇ ਚਰਨੀਂ ਲਗਿ = ਲੱਗ ਕੇ ਤਰਾ = ਤਰ ਜਾਈਏ।

# ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ; ਗੁਰਦੇਵ ਨਾਨਕ ਹਰਿ, ਨਮਸਕਰਾ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਦੇਵ ਗੁਰੂ ਨਾਨਕ ਦੇਵ ਜੀ ਆਪ ਪਾਰਬ੍ਰਹਮ ਪਰਮੇਸ਼ਰ ਦੇ ਰੂਪ ਹਨ।

ਗੁਰਦੇਵ = ਗੁਰੂ ਨਾਨਕ ਦੇਵ ਜੀ ਹਰਿ = ਹਰੀ ਸਰੂਪ ਨੂੰ ਸਾਡੀ ਨਿਮਰਤਾ ਸਹਿਤ ਨਮਸਕਰਾ = ਬੰਦਨਾ ਹੈ ॥੧॥ ਜੈਸਾ ਕਿ :

**ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ ॥੧੦॥**

*(ਮਾਰੂ ਸੋਲਹੇ ਮ: ੧, ਅੰਗ ੧੦੪੩)*

# ਏਹੁ ਸਲੋਕੁ; ਆਦਿ ਅੰਤਿ ਪੜਣਾ ॥

ਗੁਰੂ ਸਾਹਿਬ ਜੀ ਦਾ ਹੁਕਮ ਹੈ ਕਿ 'ਗੁਰਦੇਵ ਮਾਤਾ ਗੁਰਦੇਵ ਪਿਤਾ' ਏਹੁ = ਇਹ ਸਲੋਕ ਆਦਿ = ਸ਼ੁਰੂ ਅਤੇ ਅੰਤਿ = ਸਮਾਪਤੀ ਵੇਲੇ ਪੜ੍ਹਨਾ ਹੈ। ਜੈਸਾ ਕਿ :

**ਆਦਿ ਅੰਤਿ ਜੋ ਕਹਾ ਸਲੋਕ। ਸ੍ਰੀ ਗੁਰ ਮਹਿਮਾ ਕਹਿ ਦੁਹੁ ਸਲੋਕ।**
**ਆਦਿ ਅੰਤਿ ਗੁਰ ਏਕ ਸਮਾਨਾ। ਜਿਹ ਆਸ੍ਰਿਤ ਜਗੁ ਸਿੰਧੁ ਤਰਨਾ ॥੩੭੩॥**

*(ਗੁਰ ਬਿਲਾਸ ਪਾ: ੬, ਅਧਿ: ੪)*

ਅਰਥਾਤ ਇਸ ਨੂੰ ਵਾਧੂ ਜਾਣ ਕੇ ਛੱਡਣਾ ਨਹੀਂ, ਕਈ ਸ਼ੰਕਾਵਾਦੀ ਕਹਿੰਦੇ ਹਨ ਕਿ ਇਹ ਸ਼ਬਦ ਗ਼ਲਤੀ ਨਾਲ ਵਾਧੂ ਲਿਖਿਆ ਹੋਇਆ ਹੈ, ਇਹ ਵਿਚਾਰ ਠੀਕ ਨਹੀਂ। ਜਿਵੇਂ ਗਹਿਣੇ ਰੱਖਣ ਲਈ ਡੱਬਾ ਹੁੰਦਾ ਹੈ, ਉਸ ਦੇ ਢੱਕਣ ਲਈ ਦੋ ਢੱਕਣ ਹੁੰਦੇ ਹਨ, ਇਸ ਬਾਵਨ ਅੱਖਰੀ ਬਾਣੀ ਵਿਚ ਆਦਿ ਅਤੇ ਅੰਤ ਵਾਲੇ ਦੋ ਢੱਕਣ ਹਨ, ਜਿਵੇਂ ਲੱਕੜ ਦੇ ਡੱਬੇ ਨੂੰ ਢੱਕਣ ਵੀ ਲੱਕੜ ਦੇ ਹੁੰਦੇ ਹਨ, ਇਸੇ ਕਰ ਕੇ ਬਾਣੀ ਦੇ ਆਰੰਭ ਅਤੇ ਅੰਤ ਵਿਚ ਇੱਕੋ ਤਰ੍ਹਾਂ ਦਾ ਸ਼ਬਦ ਕਥਨ ਕੀਤਾ ਹੈ, ਵਿਚਲੀ ਬਾਣੀ ਵਿਚ ਹੀਰੇ ਮੋਤੀ ਜਵਾਹਰ ਮਾਣਕ ਹਨ, ਭਾਵ ਇਸ ਬਾਣੀ ਵਿਚ ਭਗਤੀ ਰੂਪ ਮਣੀਆ, ਕਰੁਣਾ ਮੁਦਤਾ ਰੂਪ ਮੋਤੀ, ਪ੍ਰੇਮ ਰੂਪੀ ਲਾਲ, ਵੈਰਾਗ ਰੂਪੀ ਰਤਨ ਅਤੇ ਗਿਆਨ ਰੂਪੀ ਜਵਾਹਰਾਤ ਹਨ **ਵਾ:** ਬ੍ਰਹਮ ਵਿੱਦਿਆ ਰੂਪ ਗਹਿਣੇ ਰੱਖੇ ਹੋਏ ਹਨ, ਇਹ ਬ੍ਰਹਮ ਵਿੱਦਿਆ ਰੂਪੀ ਗਹਿਣਾ ਮਾਤਾ ਗੰਗਾ ਜੀ ਨੂੰ ਬਖ਼ਸ਼ ਕੇ ਸਾਰੀਆਂ ਸੰਗਤਾਂ ਨੂੰ ਵੀ ਇਨ੍ਹਾਂ ਅੰਤ੍ਰੀਵ ਗਹਿਣਿਆਂ ਦਾ ਉਪਦੇਸ਼ ਬਖ਼ਸ਼ਿਆ ਹੈ।

ਇਹ ਬਾਵਨ ਅੱਖਰੀ ਨਾਮ ਬਾਣੀ ਮਾਲਾ ਰੂਪ ਹੈ, ਜਿਵੇਂ ਮਾਲਾ ੧੦੮ ਮਣਕਿਆਂ ਦੀ ਹੁੰਦੀ ਹੈ, ਉਸੇ ਤਰ੍ਹਾਂ ਇਸ ਬਾਵਨ ਅੱਖਰੀ ਦੇ ੧੦੮ ਸਲੋਕ ਹਨ। ਜੇ ਕੋਈ ਸ਼ੰਕਾ ਕਰੇ ਕਿ ਅਖ਼ੀਰਲੇ ਸਲੋਕ ਦੇ ਅੰਤ ਵਿਚ ਤਾਂ ੫੫ ਅੰਕ ਆਉਂਦਾ ਹੈ। ਫਿਰ ੧੦੮ ਕਿਸ ਤਰ੍ਹਾਂ ਹੋਏ ? ਇਸ ਬਾਣੀ ਵਿਚ 'ਓਅੰ ਸਾਧ ਸਤਿਗੁਰ ਨਮਸਕਾਰੰ' ਵਾਲਾ ਸਲੋਕ ਮੰਗਲ ਰੂਪ ਹੈ, ਇਸ ਨੂੰ ਮੇਰੂ ਮਣਕਾ ਰੂਪ ਸਮਝਣਾ ਕਰੋ। ਇਸ ਸਲੋਕ ਨੂੰ ਜੇ ੫੫ ਸਲੋਕਾਂ ਵਿੱਚੋਂ ਘਟਾ ਦੇਈਏ ਤਾਂ ਬਾਕੀ ੫੪ ਪਉੜੀਆਂ ਮਿਲ ਕੇ ੧੦੮ ਮਣਕਿਆਂ ਦੀ ਮਾਲਾ ਬਣ ਜਾਂਦੀ ਹੈ। (ਮੇਰੂ ਮਣਕਾ ਮਾਲਾ ਦੇ ੧੦੮ ਮਣਕਿਆਂ ਨਾਲੋਂ ਅਲੱਗ ਹੁੰਦਾ ਹੈ।)

ਗੁਰੂ ਸਾਹਿਬ ਜੀ ਦੇ ਹਰ ਗੁਰਸਿੱਖ ਨੂੰ ਹੁਕਮ ਹੈ, ਇਸ ਮਾਲਾ ਨੂੰ ਭਾਵ ਰੋਜ਼ਾਨਾ ਇਕ ਪਾਠ ਬਾਵਨ ਅੱਖਰੀ ਦਾ ਕਰੇ, ਜੋ ਜੀਵ ਹਰ ਰੋਜ਼ ਇਕ ਪਾਠ ਕਰੇਗਾ, ਉਸ ਦਾ ਸੰਸਾਰ ਵਿਚ ਆਉਣਾ ਜਾਣਾ ਨਹੀਂ ਹੋਵੇਗਾ।

ਪੰਡਤ ਨੇ ਬਵੰਜਾ ਅੱਖਰਾਂ ਦਾ ਸਿਧਾਂਤ ਪੁੱਛਿਆ ਸੀ ਕਿ ਕੀ ਹੈ ? ਉਸ ਦਾ ਉੱਤਰ ਗੁਰੂ ਸਾਹਿਬ ਜੀ

ਨੇ ਉਪਦੇਸ਼ ਰੂਪ ਵਿਚ ਦਿੱਤਾ ਹੈ, ਸਾਰੀ ਬਾਵਨ ਅੱਖਰੀ ਦੇ ੫੫ (ਪਚਵੰਜਾ) ਸਲੋਕ ਹਨ, ਉਨ੍ਹਾਂ ਵਿੱਚੋਂ ਤਿੰਨ ਸਲੋਕ ਮੰਗਲ ਰੂਪ ਹਨ।

੧. ਓਅੰ ਸਾਧ ਸਤਿਗੁਰ ਨਮਸਕਾਰੰ॥ ਇਹ ਮੰਗਲ : ਨਾਸਤਕ ਭਰਾਂਤੀ ਦੀ ਨਵਿਰਤੀ ਵਾਸਤੇ ਹੈ।

੨. ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥ ਇਹ ਮੰਗਲ : ਗ੍ਰੰਥ ਦੀ ਨਿਰਵਿਘਨ ਸਮਾਪਤੀ ਵਾਸਤੇ ਹੈ।

੩. ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ॥ ਅਕ੍ਰਿਤਘਨ ਦੋਸ਼ ਦੀ ਨਵਿਰਤੀ ਵਾਸਤੇ ਹੈ।

ਪਚਵੰਜਾ ਸਲੋਕਾਂ ਵਿੱਚੋਂ ਜੇ ਇਹ ਤਿੰਨ ਸਲੋਕ ਘਟਾ ਦੇਈਏ ਤਾਂ ਬਾਕੀ ਬਵੰਜਾ ਰਹਿ ਜਾਂਦੇ ਹਨ, ਇਹ ਬਵੰਜਾ ਸਲੋਕ ਬਵੰਜਾ ਅੱਖਰਾਂ ਦਾ ਸਿਧਾਂਤ ਰੂਪ ਹਨ।

ਇਸ ਤਰ੍ਹਾਂ ਮਹਾਰਾਜ ਨੇ ਬਾਵਨ ਅੱਖਰੀ ਨਾਮੇ ਬਾਣੀ ਰਚ ਕੇ ਉਸ ਪੰਡਤ ਨਾਲ ਚਰਚਾ ਰੂਪ ਅਤੇ ਮਾਤਾ ਜੀ ਨੂੰ ਸੁੱਚੇ ਹੀਰੇ ਮੋਤੀਆਂ ਦੀ ਮਾਲਾ ਭਾਵ ਬ੍ਰਹਮ-ਵਿੱਦਿਆ ਰੂਪੀ ਬਾਣੀ ਅਰਪੀ ਹੈ, ਜਿਹੜੀ ਲੋਕ ਪਰਲੋਕ ਵਿਚ ਜੀਵਾਂ ਦੀ ਸਹਾਇਤਾ ਕਰਨ ਵਾਲੀ ਹੈ।

**ਬਾਵਨ ਅੱਖਰੀ ਬਾਣੀ ਪੜ੍ਹਨ ਦਾ ਮਹਾਤਮ :** ਇਸ ਪਾਵਨ ਬਾਣੀ ਦੇ ਮਹਾਤਮ ਵਿਚ ਸੰਪਰਦਾ ਦੇ ਮਹਾਂਪੁਰਖ ਗਿਆਨੀ ਇਕ ਸਾਖੀ ਸੁਣਾਇਆ ਕਰਦੇ ਸਨ, ਉਹ ਸਾਖੀ ਦਾ ਸਿਧਾਂਤ ਇਥੇ ਢੁੱਕਵਾਂ ਹੋਣ ਕਰ ਕੇ ਲਿਖਿਆ ਜਾਂਦਾ ਹੈ, ਉਂਜ ਤਾਂ ਗੁਰਬਾਣੀ ਦਾ ਸੰਪੂਰਨ ਮਹਾਤਮ ਗੁਰੂ ਸਾਹਿਬ ਜੀ ਹੀ ਜਾਣਦੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਦੇ ਪਾਠ ਅਤੇ ਵਿਆਖਿਆ ਦੇ ਅਨੰਤ ਕ੍ਰਿਸ਼ਮੇ ਜੱਗ ਪ੍ਰਸਿੱਧ ਹਨ। ਜਿਥੇ ਸੰਪੂਰਨ ਬਾਣੀ ਦੇ ਕ੍ਰਿਸ਼ਮਿਆਂ ਦੀ ਗੱਲ ਹੈ, ਉਥੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀਆਂ ਦੇ ਮਹਾਤਮ ਦੀਆਂ ਪ੍ਰਸਿੱਧ ਸਾਖੀਆਂ ਹਨ, ਉਨ੍ਹਾਂ ਵਿੱਚੋਂ ਹੀ ਬਾਵਨ ਅੱਖਰੀ ਬਾਣੀ ਦੀ ਇਕ ਸਾਖੀ ਹੈ ਜੋ ਸੰਤ ਗਿਆਨੀ ਗੁਰਬਚਨ ਸਿੰਘ ਮਹਾਂਪੁਰਖਾਂ ਨੇ ਆਪਣੀ ਜ਼ਿੰਦਗੀ ਦੀਆਂ ਅਖੀਰਲੀਆਂ ੨੭ਵੀਂ ਤੇ ੨੮ਵੀਂ ਕਥਾਵਾਂ ਵਿਚ ਟੂਕ ਮਾਤਰ ਕਥਨ ਕੀਤੀ ਹੈ ਕਿ ਉਦਾਸੀਨ ਭੇਖ ਦੇ ਇਕ ਜਪੀ ਤਪੀ ਮਹਾਂਪੁਰਖ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੇ ਅਥਾਹ ਸ਼ਰਧਾ ਰੱਖਦੇ ਸਨ, ਜਿਨ੍ਹਾਂ ਦਾ ਨਾਮ ਭਗਤ ਰਾਮ ਦੱਤਾ ਸੀ। ਉਨ੍ਹਾਂ ਦੇ ਪਾਸ ਇਕ ਕੋਹੜੀ ਆਇਆ ਜਿਸ ਦੇ ਜਿਸਮ 'ਤੇ ਸਾਰੇ ਕੋਹੜ ਫੁੱਟ ਚੁੱਕਾ ਸੀ ਅਤੇ ਕੋਹੜੀ ਜਾਣ ਕੇ ਕੋਈ ਨੇੜੇ ਨਹੀਂ ਸੀ ਬੈਠਣ ਦਿੰਦਾ। ਉਹ ਮਹਾਤਮਾ ਕੋਲ ਆ ਕੇ ਬਿਹਬਲ ਹੋ ਕੇ ਬੇਨਤੀ ਕਰਨ ਲੱਗਾ ਕਿ ਮਹਾਤਮਾ ਜੀ ਮੇਰੇ ਗ਼ਰੀਬ 'ਤੇ ਦਇਆ ਕਰੋ, ਮੈਂ ਸੁਣਿਆ ਹੈ ਕਿ ਮਹਾਂਪੁਰਖਾਂ ਕੋਲ ਕੋਹੜ ਹਟਾਉਣ ਤਕ ਦੀਆਂ ਦਵਾਈਆਂ ਹੁੰਦੀਆਂ ਹਨ, ਆਪ ਮੈਨੂੰ ਦੇਹ ਅਰੋਗਤਾ ਦਾ ਦਾਨ ਬਖ਼ਸ਼ੋ, ਮਹਾਂਪੁਰਖਾਂ ਨੇ ਆਪਣੇ ਦਿਆਲੂ ਸੁਭਾਅ ਅਨੁਸਾਰ ਉਸ ਨੂੰ ਧੀਰਜ ਦਿੰਦਿਆਂ ਕਿਹਾ ਕਿ ਭਾਈ ਕੋਹੜ ਹਟਾਉਣ ਦੀ ਸ਼ਕਤੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚ ਹੈ, ਮੈਂ ਤਾਂ ਗੁਰੂ ਸਾਹਿਬ ਜੀ ਦੀ ਬਾਣੀ ਦੀ ਵਿਆਖਿਆ ਕਰਨ ਵਾਲਾ ਹਾਂ, ਕੋਹੜ ਤਾਂ ਬਾਣੀ ਦੀ ਸ਼ਕਤੀ ਨੇ ਹਟਾਉਣਾ ਹੈ, ਪਰ ਜੇ ਗੁਰਬਾਣੀ 'ਤੇ ਨਿਸਚਾ ਕਰੇਂਗਾ ਤਾਂ ਕੋਹੜ ਜ਼ਰੂਰ ਹਟ ਜਾਵੇਗਾ। ਉਸ ਪ੍ਰੇਮੀ ਨੇ ਪੂਰਨ ਨਿਸਚਾ ਕੀਤਾ, ਮਹਾਂਪੁਰਖ ਨੇ ਅਰਦਾਸ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਸਨਾ ਤੋਂ ਉਚਾਰਨ ਕੀਤੀ ਬਾਵਨ ਅੱਖਰੀ ਨਾਮੇ ਬਾਣੀ ਦਾ ਇਕ ਪਾਠ ਹਰ ਰੋਜ਼ ਸੁਣਾਉਣਾ ਤੇ ਲੜੀਵਾਰ ਕਥਾ ਸੁਣਾਉਣੀ ਆਰੰਭ ਕਰ ਦਿੱਤੀ। ਉਹ ਪ੍ਰੇਮੀ ਵੀ ਸ਼ਰਧਾ ਸਹਿਤ ਸੁਣਦਾ ਰਿਹਾ, ੨੧ਵੇਂ ਦਿਨ ਜਦੋਂ ਕਥਾ ਦੀ ਸਮਾਪਤੀ ਕੀਤੀ ਤਾਂ ਉਸ ਦੀ ਦੇਹੀ ਕੰਚਨ ਵਰਗੀ ਹੋ ਕੇ ਕੋਹੜ ਦਾ ਨਾਮੋ-ਨਿਸ਼ਾਨ ਵੀ ਨਹੀਂ ਰਿਹਾ, ਇਸ ਕਰਕੇ ਇਸ ਬਾਣੀ ਦੇ ਮਹਾਤਮ ਦਾ ਕੋਈ ਅੰਦਾਜ਼ਾ ਵੀ ਨਹੀਂ ਲਾ ਸਕਦਾ ਕਿ ਇਸ ਦਾ ਕਿਤਨਾ ਕੁ ਮਹਾਤਮ ਤੇ ਕੀ ਕੀ ਫਲ ਬਾਣੀ ਦੇ ਸਕਦੀ ਹੈ।

[ਗਉੜੀ ਬਾਵਨ ਅੱਖਰੀ ਸਮਾਪਤੰ]

## ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਬਾਰੇ ਕੁਝ ਵਿਚਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤਾਂ ਸਾਰੀ ਹੀ ਕਲਿਆਣਕਾਰੀ ਹੈ, ਅੱਖਰ ਅੱਖਰ ਨਾਮ ਸਰੂਪ ਹੈ। ਪ੍ਰੇਮਾ-ਭਗਤੀ ਨਾਲ ਸਮਿਲਤ ਹੈ, ਪਰ ਫਿਰ ਵੀ ਕੁਝ ਬਾਣੀਆਂ ਵਿਸ਼ੇਸ਼ ਕਰ ਕੇ ਸਿੱਖ ਜਗਤ ਵਿਚ ਵੱਖਰੀ ਪਹਿਚਾਣ ਰੱਖਦੀਆਂ ਹਨ। ਜੈਸਾ ਜਪੁ ਜੀ ਸਾਹਿਬ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਥਮ ਬਾਣੀ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਵਾਸਤੇ ਇਸ ਦਾ ਮਹਾਤਮ ਅਤੇ ਮਹੱਤਤਾ ਇਕ ਆਪਣਾ ਅਸਥਾਨ ਰੱਖਦੀ ਹੈ। ਇਸੇ ਤਰ੍ਹਾਂ ਸ੍ਰੀ ਸੁਖਮਨੀ ਸਾਹਿਬ ਬਾਣੀ ਦੇ ਪ੍ਰੇਮੀਆਂ ਵਿਚ ਇਸ ਦਾ ਇਕ ਵਿਸ਼ੇਸ਼ ਅਸਥਾਨ ਹੈ, ਇਹੀ ਇਕ ਬਾਣੀ ਐਸੀ ਹੈ, ਜਿਸ ਦੇ ਨਾਂ 'ਤੇ ਸਿੱਖ ਜਗਤ ਦੀਆਂ ਬੇਅੰਤ ਸੁਸਾਇਟੀਆਂ, ਸ਼ਹਿਰਾਂ ਕਸਬਿਆਂ, ਪਿੰਡਾਂ ਅਤੇ ਦੇਸ਼ਾਂ ਪ੍ਰਦੇਸ਼ਾਂ ਵਿਚ ਬਣੀਆਂ ਹੋਈਆਂ ਹਨ। ਜਿਨ੍ਹਾਂ ਦਾ ਨਾਮ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਕਰ ਕੇ ਪ੍ਰਸਿੱਧ ਹੈ। ਗੁਰੂ ਕਾਲ ਤੋਂ ਲੈ ਕੇ ਪੁਰਾਤਨ ਅਤੇ ਵਰਤਮਾਨ ਸਮੇਂ ਵਿਚ ਸਿੱਖ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਵਿਸ਼ੇਸ਼ ਕਰ ਕੇ ਆਪਣੇ ਜੀਵਨ ਦਾ ਅੰਗ ਸਮਝਦੇ ਆਏ ਹਨ। ਇਹ ਇਕ ਪਹਿਲੀ ਬਾਣੀ ਹੋਵੇਗੀ, ਜਿਸ ਬਾਣੀ ਦਾ ਮਹਾਤਮ ਇਸੇ ਬਾਣੀ ਵਿਚ ਲਿਖਿਆ ਮਿਲਦਾ ਹੈ। ਜਦੋਂ ਕੋਈ ਧਿਆਨ ਨਾਲ ਚੌਵੀਵੀਂ ਅਸਟਪਦੀ ਪੜ੍ਹੇਗਾ ਤਾਂ ਉਹ ਸਾਰੀ ਅਸਟਪਦੀ ਵਿਚ ਬੇਅੰਤ ਹੀ ਮਹਾਤਮ ਲਿਖਿਆ ਹੋਇਆ ਹੈ, ਪਰ ਅਸਟਪਦੀ ਦੀ ਛੇਵੀਂ ਪਉੜੀ ਵਿਚ ੨੧ ਫਲ ਸੁਖਮਨੀ ਸਾਹਿਬ ਜੀ ਦੇ ਪੜ੍ਹਨ ਵਾਲੇ ਨੂੰ ਪ੍ਰਾਪਤ ਹੋਣੇ ਲਿਖੇ ਹਨ, ਜਿਸ ਦਾ ਸਾਰਾ ਵੇਰਵਾ ਚੌਵੀਵੀਂ ਅਸਟਪਦੀ ਤੋਂ ਬਾਅਦ ਵਿਚ ਦਿੱਤਾ ਜਾਵੇਗਾ।

# ਗਉੜੀ ਸੁਖਮਨੀ ਮਃ ੫ ਸਲੋਕੁ ॥ ੴ ਸਤਿਗੁਰ ਪ੍ਰਸਾਦਿ ॥

**ਉਥਾਨਕਾ :** ਇਕ ਦਿਨ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ (੧੬੬੦ ਬਿਕ੍ਰਮੀ ਸੰਮਤ) ਰਾਮਸਰ ਸਰੋਵਰ ਦੇ ਕਿਨਾਰੇ ਜੋ ਹਰਿਮੰਦਰ ਸਾਹਿਬ ਤੋਂ ਪੂਰਬ (ਪਹਾੜ) ਵਾਲੇ ਪਾਸੇ ਜਿਥੇ ਸੰਨ ਵਿਚ ਬੇਰ ਸਾਹਿਬ ਹੈ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕਰ ਰਹੇ ਸਨ, ਨਿਤ ਦੇ ਨਿਯਮ ਅਨੁਸਾਰ ਸਤਿਗੁਰੂ ਜੀ ਪਹਿਲਾਂ ਅੰਮ੍ਰਿਤ ਵੇਲੇ ਉੱਠ ਕੇ ਹਰ ਰੋਜ਼ ਦੀ ਤਰ੍ਹਾਂ ਇਸ਼ਨਾਨ ਕਰਦੇ ਸਨ, ਉਸ ਦਿਨ ਵੀ ਇਸ਼ਨਾਨ ਕੀਤਾ ਤੇ ਸਮਾਧੀ ਵਿਚ ਲੀਨ ਹੋ ਗਏ, ਬਾਬਾ ਬੁੱਢਾ ਸਾਹਿਬ ਜੀ, ਭਾਈ ਗੁਰਦਾਸ ਜੀ, ਆਦਿਕ ਜੀਵਨ ਮੁਕਤ ਗੁਰਸਿਖ ਸਤਿਗੁਰਾਂ ਦੇ ਦਰਸ਼ਨ ਕਰਨ ਦੀ ਇੱਛਾ ਨਾਲ ਆਏ, ਜਿਥੇ ਹੁਣ ਮੰਜੀ ਸਾਹਿਬ ਅਤੇ ਯਾਦਗਾਰੀ ਅਸਥਾਨ ਹੈ। ਉਥੇ ਬੇਰੀ ਦੇ ਹੇਠਾਂ ਬੈਠੇ ਸਨ ਤਾਂ ਇਨ੍ਹਾਂ ਗੁਰਸਿੱਖਾਂ ਨੇ ਜਿਨ੍ਹਾਂ ਦੇ ਵਿਚ ਮੁਖ ਬਾਬਾ ਬੁੱਢਾ ਸਾਹਿਬ ਜੀ, ਭਾਈ ਗੁਰਦਾਸ ਜੀ ਆਦਿ ਸਨ ਇਨ੍ਹਾਂ ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹ ਜੀ ਆਪ ਸੰਸਾਰ ਨੂੰ ਤਾਰਨ ਵਾਸਤੇ ਨਾਮ ਦਾ ਜਹਾਜ਼ ਤਿਆਰ ਕਰ ਰਹੇ ਹੋ, ਸੰਗਤਾਂ ਵੱਲੋਂ ਇਕ ਬੇਨਤੀ ਹੈ ਕਿ ਅੱਠ ਪਹਿਰ ਕੋਈ ਵਿਰਲਾ ਗੁਰਸਿੱਖ ਹੋਵੇਗਾ, ਜਿਸ ਦੀ ਨਾਮ ਧੁਨ ਚੱਲਦੀ ਹੋਵੇਗੀ ਅਤੇ ਸਾਰੇ ਗੁਰਸਿੱਖ ਚਾਹੁੰਦੇ ਹਨ ਕਿ ਅੱਠੇ ਪਹਿਰ ਦੇ ਸੁਆਸ ਨਾਮ ਜਪ ਕੇ ਸਫਲੇ ਕਰੀਏ ਪਰ ਕਲਿਜੁਗ ਦਾ ਸਮਾਂ ਹੈ। ਅਜਿਹੀ ਅਵਸਥਾ ਬਣਨੀ ਹਰ ਇਕ ਗੁਰਸਿੱਖ ਦੇ ਵੱਸ ਦੀ ਗੱਲ ਨਹੀਂ ਹੈ। ਜਿਸ 'ਤੇ ਆਪ ਜੀ ਦੀ ਵਿਸ਼ੇਸ਼ ਕਿਰਪਾ ਹੈ, ਉਸੇ ਦੀ ਬਣ ਸਕਦੀ ਹੈ। ਸੰਗਤ ਦੀ ਇਹ ਅਰਦਾਸ ਹੈ, ਜਿਵੇਂ ਕ੍ਰਿਸ਼ਨ ਜੀ ਨੇ ਗੀਤਾ ਉਚਾਰਨ ਕੀਤੀ ਹੈ, ਹਿੰਦੂ ਮਤ ਵਾਲੇ ਉਸ ਦੇ ਪੜ੍ਹਨ ਵਿਚ ਕਲਿਆਣ ਸਮਝਦੇ ਹਨ। ਬਿਆਸ ਜੀ ਨੇ ਵੀ ਬੇਅੰਤ ਰਚਨਾ ਕੀਤੀ ਹੈ। ਸਨਾਤਨ ਮਤ ਵਾਲੇ ਉਸ ਦੇ ਵਿਚ ਬਹੁਤ ਵਿਸ਼ਵਾਸ ਰੱਖਦੇ ਹਨ। ਆਪ ਕਿਰਪਾ ਕਰ ਕੇ ਕੋਈ ਐਸੀ ਬਾਣੀ ਵਿਸ਼ੇਸ਼ ਕਰਕੇ ਰਚਨਾ ਕਰ ਦਿਉ, ਜਿਸ ਦਾ ਇਕ ਪਾਠ ਕਰਨ ਨਾਲ ਅੱਠੇ ਪਹਿਰ ਦੇ ਸਾਰੇ ਸੁਆਸ ਸਫਲੇ ਹੋ ਜਾਣ ਤਾਂ ਸਤਿਗੁਰੂ ਜੀ ਨੇ ਸਿੱਖਾਂ ਦੀ ਬੇਨਤੀ ਮੰਨ ਕੇ ਸੰਪੂਰਨ ਸੁਖਮਨੀ ਸਾਹਿਬ ਜੀ ਦਾ ਪਾਠ ਉਚਾਰਨ ਕੀਤਾ ਅਤੇ ਬਚਨ ਕੀਤਾ ਕਿ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਪ੍ਰੇਮ ਨਾਲ ਜੋ ਇਸ ਬਾਣੀ ਦਾ ਪਾਠ ਕਰੇਗਾ। ਉਸ ਦੇ ਅੱਠੇ ਪਹਿਰ ਸੁਆਸ ਸਫਲੇ ਹੋਣਗੇ ਅਤੇ ਜਨਮਾਂ ਜਨਮਾਤਰਾਂ ਦੇ ਕੀਤੇ ਪਾਪ ਨਵਿਰਤ ਹੋਣਗੇ। ਇਸ ਦੇ ਚੌਵੀ ਸਲੋਕ ਅਤੇ ਚੌਵੀ ਅਸਟਪਦੀਆ ਉਚਾਰਨ ਕੀਤੀਆਂ ਹਨ। ਇਸ ਬਾਣੀ ਦਾ ਚਾਰ ਵਾਰੀ ਨਾਮ ਇਸੇ ਹੀ ਬਾਣੀ ਵਿਚ ਆਉਂਦਾ ਹੈ :

**ਗਉੜੀ ਸੁਖਮਨੀ ਮ: ੫ ॥** *(ਅੰਗ ੨੬੨)*
**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ਰਹਾਉ॥** *(ਅੰਗ ੨੬੨)*
**ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥** *(ਅੰਗ ੨੯੫)*
**ਸਭ ਤੇ ਊਚ ਤਾ ਕੀ ਸੋਭਾ ਬਨੀ ॥ ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥** *(ਅੰਗ ੨੯੬)*

ਗਉੜੀ ਰਾਗਣੀ ਤੇ ਸੁਖਮਨੀ ਬਾਣੀ ਦਾ ਨਾਮ ਹੈ, (ਸੁਖ+ਮਨੀ) ਸੁੱਖਾਂ ਦੀ ਮਣੀ (ਰਤਨ) ਭਾਵ ਮਨ ਨੂੰ ਸੁਖ ਦੇਣ ਵਾਲੀ, ਜਿਵੇਂ ਚੰਦਰਕਾਂਤਾ ਮਣੀ ਹੁੰਦੀ ਹੈ, ਸੱਪ ਉਸ ਨੂੰ ਪੂਰਨਮਾਸ਼ੀ ਦੀ ਰਾਤ ਨੂੰ ਚੰਦਰਮਾਂ ਦੇ ਸਾਹਮਣੇ ਰੱਖ ਲੈਂਦਾ ਹੈ ਚੰਦਰਮਾ ਦੀਆਂ ਕਿਰਣਾਂ ਦੁਆਰਾ ਉਸ ਵਿੱਚੋਂ ਅੰਮ੍ਰਿਤ ਸਿੰਮਣ ਲੱਗ ਜਾਂਦਾ ਹੈ। ਜਿਸ ਨੂੰ ਚੱਖ ਕੇ ਇਕ ਮਹੀਨੇ ਲਈ ਸੱਪ ਜ਼ਹਿਰ ਦੀ ਜਲਨ ਤੋਂ ਸ਼ਾਂਤੀ ਪਾ ਲੈਂਦਾ ਹੈ। ਇਸੇ ਤਰ੍ਹਾਂ ਸੁਖਮਨੀ ਸਾਹਿਬ ਦੀ ਬਾਣੀ ਚੰਦਰਕਾਂਤਾ ਮਣੀ ਦੀ ਨਿਆਈਂ ਹੈ, ਜਿਨ੍ਹਾਂ ਦੇ ਹਿਰਦੇ ਵਿਚ ਵੈਰਾਗ ਦਾ ਚੰਦਰਮਾ ਚੜ੍ਹਿਆ ਹੈ। ਜਦੋਂ ਹਿਰਦੇ ਵਿਚ ਅੰਮ੍ਰਿਤ ਬਾਣੀ ਵਸੇਗੀ, ਇਸ ਚੋਂ ਅਨੰਦ ਰੂਪ ਰਸ ਨਿਕਲੇਗਾ ਜੋ ਸਾਡੇ ਵਿਸ਼ਈ ਮਨਾਂ ਚੋਂ ਜ਼ਹਿਰ ਉਤਾਰ ਦੇਵੇਗਾ।

ਸੁਖਮਨੀ = ਮਣਾਂ ਮੂੰਹੀਂ ਸੁਖ ਦੇਣ ਵਾਲੀ ਹੈ, ਸੁਖਮਨੀ = ਸੁੱਖਾਂ ਦੀ ਮੰਨੀ ਹੈ, ਜਿਵੇਂ ਤੋਸਾ ਮੰਨੀ ਪਕਾਇਆ ਹੁੰਦਾ ਹੈ, ਇਸ ਬਾਣੀ ਵਿਚ ਭਗਤੀ ਰੂਪੀ ਖੰਡ, ਪ੍ਰੇਮ ਰੂਪ ਘਿਓ, ਗਿਆਨ ਰੂਪ ਮੈਦਾ ਪਾਇਆ ਹੈ। ਇਹ ਲੋਕ ਪ੍ਰਲੋਕ ਦਾ ਤੋਸਾ ਹੈ। ਮੰਨੀ ਨਾਮ ਪ੍ਰਛੱਤੀ ਦਾ ਵੀ ਹੈ। ਜਿਵੇਂ ਪ੍ਰਛੱਤੀ ਉੱਤੇ ਘਰ ਦੀਆਂ ਕੀਮਤੀ ਵਸਤੂਆਂ ਸੰਭਾਲ ਕੇ ਰੱਖੀਦੀਆਂ ਹਨ, ਇਸੇ ਪ੍ਰਕਾਰ ਜਿਨ੍ਹਾਂ ਦੇ ਹਿਰਦੇ ਵਿਚ ਇਹ ਸਾਰੇ ਸੁੱਖਾਂ ਨੂੰ ਅੰਦਰ ਸਾਂਭ ਕੇ ਰੱਖਣ ਵਾਲੀ ਬਾਣੀ ਵਸੀ ਹੈ। ਉਨ੍ਹਾਂ ਨੂੰ ਸਾਰੇ ਸੁੱਖ ਦੇਣ ਵਾਲੀ ਭਾਵ ਸ਼ਿਰੋਮਣੀ ਸੁੱਖ ਦੇਣ ਵਾਲੀ ਹੈ ਮ: ੫ = ਗੁਰੂ ਜੀ ਪੰਜਵੇਂ ਸਰੂਪ ਵਿਚ ਉਚਾਰਨ ਕਰਦੇ ਹਨ।

ਸਲੋਕੁ = ਸ੍ਵੈ ਲੋਕ ਗਿਆਨ ਦਾ ਪ੍ਰਕਾਸ਼ ਕਰਨ ਵਾਲਾ **ਵਾ:** ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਨਿਜ ਸਰੂਪ ਦੀ ਪ੍ਰਾਪਤੀ ਕਰਾਉਣ ਵਾਲੇ ਜੋ ਅੱਖਰ ਹਨ, ਉਸ ਨੂੰ ਸਲੋਕ ਕਹਿੰਦੇ ਹਨ।

੧ = ਅਦ੍ਵੈਤ ਰੂਪ ਪਰਮੇਸ਼ਰ ਓਂ = ਸਰਬ ਦਾ ਪ੍ਰਕਾਸ਼ਕ ਗੁਰ ਪ੍ਰਸਾਦਿ = ਗੁਰਾਂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਆਦਿ ਗੁਰ ਏ; ਨਮਹ ॥

ਆਦਿ = ਪਹਿਲੇ ਗੁਰੂ ਨਾਨਕ ਜੀ ਦੇ ਏ = ਤਾਈਂ ਮੇਰੀ ਨਮਹ = ਨਮਸ਼ਕਾਰ ਹੈ।

***ਨੋਟ :*** ਇਥੇ ਏ ਦਾ ਅਰਥ ਜੋ ਤਾਈਂ ਕੀਤਾ ਹੈ, ਇਹ ਵਿਆਕਰਣ ਦੀ ਰੀਤ ਅਨੁਸਾਰ ਹੈ ਜੋ ਵਿਆਕਰਣ ਵਿਚ ਸੱਤ ਵਿਭਕਤੀਆਂ ਮੰਨੀਆਂ ਹਨ, ਵਿਭਕਤੀ ਦਾ ਭਾਵ ਵਿਭਾਗ ਵੰਡਿਆ ਹੋਇਆ ਜੈਸਾ ਕਿ :

**ਰਾਮਾ, ਰਾਮੰ, ਰਾਮੇਣ, ਰਾਮੇਤ, ਰਾਮਾਇ, ਰਾਮਸਿਆ, ਰਾਮਾਸੁ ॥**
**ਰਾਮ ਹੈ, ਰਾਮ ਨੂੰ, ਰਾਮ ਕਹਕੇ, ਰਾਮਤਾਈ, ਰਾਮ ਸੇ, ਰਾਮ ਕੀ, ਰਾਮ ਵਿਖੇ।**

ਯਥਾ :

**ਹੈ ਪ੍ਰਿਥਮਾ, ਨੂੰ ਦੁਤੀਆ, ਕਰਕੇ, ਤ੍ਰਿਤੀਆ ਜਾਣ।**
**ਤਾਈ ਵਾਸਤੇ ਚਤੁਰਥੀ, ਤੇ ਸੇ ਪੰਚਮ ਮਾਨ।**
**ਕਾ ਕੀ ਕੋ ਖਸ਼ਟੀ ਅਹੈ, ਵਿਖੇ ਸਪਤਮੀ ਜਾਣ।**

ਇਥੇ ਚੌਥੀ ਵਿਭਗਤੀ ਦੇ ਅਨੁਸਾਰ 'ਏ' ਦਾ ਅਰਥ ਤਾਈਂ ਕੀਤਾ ਹੈ, ਵਿਆਕਰਣ ਵਿਚ ਸੱਤ ਕਾਰਕ ਮੰਨੇ ਹਨ :

ਕਾਰਕ—ਸੰ. ਵਿ. ਕਰਨ ਵਾਲਾ, ਕਰਤਾ, ਇਸ ਸ਼ਬਦ ਦਾ ਵਿਸ਼ੇਸ਼ ਕਰਕੇ ਪ੍ਰਯੋਗ ਦੂਜੇ ਸ਼ਬਦਾਂ ਨਾਲ ਮਿਲ ਕੇ ਹੋਇਆ ਕਰਦਾ ਹੈ, ਜੈਸਾ ਸੁਖ ਕਾਰਕ, ਦੁਖ ਕਾਰਕ ਆਦਿ—ਸੰਗਜਾ—ਵਿਆਕਰਣ ਅਨੁਸਾਰ ਸੰਗਜਾ

**ਅਥਵਾ** ਸਰਵ ਨਾਮ ਸ਼ਬਦ ਦੀ ਉਹ ਅਵਸਥਾ ਜਿਸ ਨਾਲ ਉਸ ਕ੍ਰਿਯਾ ਨਾਲ ਸੰਬੰਧ ਪ੍ਰਗਟ ਹੋਵੇ, ਕਾਰਕ ਛੇ ਹਨ: ਕਰਤਾ, ਕਰਮ, ਕਰਣ, ਸੰਪ੍ਰਦਾਨ ਅਪਾਦਾਨ ਅਤੇ ਅਧਿਕਰਣ, ਇਨ੍ਹਾਂ ਵਿਚ ਸਰਸ੍ਰੀ (ਛੇਵੀਂ) ਵਿਭਕਤੀ ਬਿਨਾ ਹੋਰ ਸਭੋ ਵਿਭਕਤੀਆਂ ਯਥਾ ਕ੍ਰਮ ਲਗਦੀਆਂ ਹਨ।

***ਨੋਟ :*** ਛੇਵੀਂ ਵਿਭਕਤੀ ਸੰਬੰਧ ਵਿਚ ਲੱਗਦੀ ਹੈ, ਇਹ ਕਾਰਕ ਨਹੀਂ, ਜਿਵੇਂ ਉਦਾਹਰਣ ਹੈ।

(ੳ) ਕਰਤਾ = ਗੁਰਮੁਖ ਸਿੰਘ ਪਾਠ ਕਰਦਾ ਹੈ, ਗੁਰੂ ਦੇ ਸਿੱਖ ਨੇ ਅਰਦਾਸ ਕੀਤੀ।

(ਅ) ਕਰਮ = ਸਿੱਖ ਨੂੰ ਪ੍ਰਸਾਦ ਛਕਾਇਆ।

(ੲ) ਕਰਣ = ਕਲਮ ਨਾਲ ਲਿਖੋ।

(ਸ) ਸੰਪ੍ਰਦਾਨ = ਮੇਰੇ ਲਈ ਘੋੜਾ ਲਿਆਉ।

(ਹ) ਅਪਾਦਾਨ = ਗ੍ਰੰਥੀ ਤੋਂ ਪੋਥੀ ਲੈ ਆਉ।

(ਕ) ਸੰਬੰਧ = ਬਾਬਾ ਮਹਿਤਾ ਕਲਿਆਣ ਚੰਦ ਜੀ ਦਾ ਸਪੁੱਤਰ ਜਗਤ ਦੇ ਉਧਾਰ ਹਿੱਤ ਆਇਆ।

(ਖ) ਅਧਿਕਰਣ = ਗੁਰਦੁਆਰੇ ਵਿਚ ਕੀਰਤਨ ਹੁੰਦਾ ਹੈ।

## ਜੁਗਾਦਿ ਗੁਰ ਏ; ਨਮਹ ॥

(ਜੁਗ+ਆਦਿ) ਜੁਗ = ਦੋ ਭਾਵ ਜੁਗ ਦਾ ਅਰਥ ਦੋ ਕਰਨਾ, ਗੁਰੂ ਰਾਮਦਾਸ ਸਾਹਿਬ ਤੇ ਗੁਰੂ ਅਮਰਦਾਸ ਸਾਹਿਬ ਜੀ ਦੇ ਆਦਿ = ਪਹਿਲੇ ਗੁਰੂ ਅੰਗਦ ਸਾਹਿਬ ਜੀ ਏ = ਤਾਈਂ ਮੇਰੀ ਨਮਹ = ਨਮਸ਼ਕਾਰ ਹੈ।

## ਸਤਿਗੁਰ ਏ; ਨਮਹ ॥

ਸਤ ਸਰੂਪ ਗੁਰੂ ਅਮਰਦਾਸ ਜੀ ਦੇ ਏ = ਤਾਈਂ ਮੇਰੀ ਨਮਹ = ਨਮਸ਼ਕਾਰ ਹੈ।

ਅਰਥਾਤ ਇਥੇ ਗੁਰਾਂ ਨੂੰ ਸਤਿ ਨਾਲ ਵਰਤਿਆ ਹੈ, ਸਤਿਗੁਰੂ ਸਤ ਪ੍ਰਤੱਗੀ ਸਨ। ਕਈ ਰੋਗੀਆਂ ਨੂੰ ਠੀਕ ਕੀਤਾ ਅਤੇ ਕਈ ਮਰੇ ਜਿਊਂਦੇ ਕੀਤੇ ਅਤੇ ਕਿਹਾ ਜਿਤਨਾ ਚਿਰ ਅਸੀਂ ਰਹਾਂਗੇ ਉਤਨੀ ਦੇਰ ਜਮ ਨਹੀਂ ਆਵੇਗਾ, ਉਤਨੀ ਦੇਰ ਕੋਈ ਵੀ ਨਾ ਮਰਿਆ, ੨੨ ਸਾਲ ਮਹਾਰਾਜ ਸਾਹਿਬ ਜੀ ਗੋਇੰਦਵਾਲ ਸਾਹਿਬ ਰਹੇ। ਜੈਸਾ ਕਿ :

**ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲੵਨ ਤੀਰਿ ਬਿਪਾਸ ਬਨਾਯਉ ॥** *(ਅੰਗ ੧੪੦੦)*

ਇਕ ਵਾਰੀ ਸਤਿਗੁਰੂ ਅੰਗਦ ਦੇਵ ਜੀ ਮਹਾਰਾਜ ਆਪ ਜੀ ਨੂੰ ਆਪਣੇ ਨਾਲ ਤੋਰਨਾ ਚਾਹੁੰਦੇ ਸਨ, ਆਪ ਜੀ ਬਰਾਬਰ ਨਹੀਂ ਚੱਲਦੇ ਸਨ, ਗੁਰਾਂ ਦਾ ਸਤਿਕਾਰ ਰੱਖਦੇ ਪੈਰ ਦੇਖ ਕੇ ਚਲਦੇ ਸੀ, ਸੱਜਾ ਹੱਥ ਗੁਰੂ ਅੰਗਦ ਦੇਵ ਜੀ ਨੇ ਫੜਿਆ ਹੋਇਆ ਸੀ, ਇਉਂ ਖੱਬੀ ਬਾਂਹ ਥੋੜੀ ਜਹੀ ਅੱਗੇ ਵਧ ਗਈ, ਸੋਚਿਆ ਕਿ ਬਾਂਹ ਨੇ ਨਿਰਾਦਰ ਕੀਤਾ ਹੈ, ਜੇ ਇਹ ਬਾਂਹ ਕੱਟ ਦਿੱਤੀ ਤਾਂ ਗੁਰੂ ਸਾਹਿਬ ਜੀ ਗ਼ੁੱਸੇ ਹੋਣਗੇ, ਇਸ ਨੂੰ ਦਿਲੋਂ ਹੀ ਭੁਲਾ ਦੇਈਏ, ਉਸੇ ਵੇਲੇ ਖੱਬੀ ਬਾਂਹ ਗਲ ਨਾਲ ਲਾ ਲਈ ਕਿ ਤੈਥੋਂ ਹੁਣ ਕੋਈ ਸੇਵਾ ਨਹੀਂ ਲੈਣੀ, ਤੂੰ ਸਤਿਗੁਰਾਂ ਦਾ ਅਦਬ ਨਹੀਂ ਰੱਖਿਆ, ਇਸੇ ਤਰ੍ਹਾਂ ਸਾਰੀ ਉਮਰ ਕੋਈ ਸੇਵਾ ਨਾ ਲਈ ਐਸੇ ਸੱਤ ਪ੍ਰਤੱਗੀ ਸਨ, ਇਹ ਵਾਰਤਾ ਇਤਿਹਾਸ ਵਿਚ ਅੰਕਤ ਹੈ।

## ਸ੍ਰੀ ਗੁਰਦੇਵ ਏ; ਨਮਹ ॥੧॥

ਸ੍ਰੀ = ਸੋਭਾ ਭਾਵ ਲਛਮੀ ਸਹਿਤ ਜੋ ਸ੍ਰੀ ਗੁਰੂ ਰਾਮਦਾਸ ਜੀ ਦੇਵ = ਪ੍ਰਕਾਸ਼ ਰੂਪ ਹਨ, ਉਨ੍ਹਾਂ ਦੇ ਏ = ਤਾਈਂ ਮੇਰੀ ਨਮਹ = ਨਮਸ਼ਕਾਰ ਹੈ ॥੧॥

ਅਰਥਾਤ ਸ੍ਰੀ ਪਦ ਹੋਰ ਕਿਸੇ ਗੁਰੂ ਸਾਹਿਬ ਜੀ ਦੇ ਨਾਲ ਨਹੀਂ ਦਿੱਤਾ, ਕੇਵਲ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਨਾਮ ਨਾਲ ਹੀ ਦਿੱਤਾ ਹੈ, ਇਸ ਦਾ ਕਾਰਨ ਹੈ। ਜਿਵੇਂ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਲਹਿਣੇ ਨੂੰ ਕਰਤਾਰਪੁਰ ਦਿਖਾਇਆ, ਜਦੋਂ ਮਾਇਆ ਨੇ ਇਸਤਰੀ ਰੂਪ ਧਾਰ ਕੇ ਸਨਮੁਖ

ਹੋ ਕੇ ਬੇਨਤੀ ਕੀਤੀ ਕਿ ਮੈਨੂੰ ਅੰਗੀਕਾਰ ਕਰੋ, ਤਾਂ ਗੁਰੂ ਜੀ ਨੇ ਕਿਹਾ ੧੨ ਕੋਹ ਦੂਰ ਰਹਿ, ਭਾਵ ਪਹਿਲੇ ਪਾਤਿਸ਼ਾਹ ਵੇਲੇ ਮਾਇਆ ੧੨ ਕੋਹ ਦੂਰ ਰਹੀ, ਦੂਸਰੇ ਪਾਤਿਸ਼ਾਹ ਵੇਲੇ ੬ ਕੋਹ ਦੂਰ ਰਹੀ। ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਵੇਲੇ ਦਰਵਾਜ਼ੇ ਤੋਂ ਬਾਹਰ ਖੜੀ ਰਹੀ, ਅੰਦਰ ਆਉਣ ਦਾ ਹੁਕਮ ਨਹੀਂ ਹੋਇਆ। ਜਿਸ ਵੇਲੇ ਮਾਇਆ ਨੇ ਬਹੁਤ ਬੇਨਤੀ ਕੀਤੀ ਤਾਂ ਗੁਰੂ ਅਮਰਦਾਸ ਜੀ ਨੇ ਮਾਇਆ ਨੂੰ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨੀਂ ਪਾ ਕੇ ਕਿਹਾ ਜੇ ਤੂੰ ਸਫਲ ਹੋਣਾ ਚਾਹੁੰਦੀ ਹੈਂ ਤਾਂ ਇਨ੍ਹਾਂ ਦੇ ਚਰਨੀਂ ਲੱਗ, ਇਨ੍ਹਾਂ ਨੂੰ ਨਾ ਛੱਡੀਂ। ਉਸ ਵਰ ਕਰ ਕੇ ਮਾਇਆ ਚਾਰੇ ਦਰਵਾਜ਼ਿਓਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਬਾਰ ਵਿਚ ਆ ਰਹੀ ਹੈ, ਇਸ ਕਰ ਕੇ ਗੁਰੂ ਰਾਮਦਾਸ ਜੀ ਦੇ ਨਾਲ (ਸ੍ਰੀ) ਪਦ ਰੱਖਿਆ ਹੈ, ਸ੍ਰੀ ਨਾਮ ਲੱਛਮੀ ਦਾ ਹੈ। ਭਾਵ ਜਿੰਨਾ ਦੇ ਚਰਨਾਂ ਵਿਚ ਲਛਮੀ ਨਿਵਾਸ ਕਰ ਰਹੀ ਹੈ, ਉਨ੍ਹਾਂ ਨੂੰ ਮੇਰੀ ਨਮਸਕਾਰ ਹੈ।

***ਦੂਸਰਾ ਅਰਥ :*** ਆਦਿ = ਆਦੀ ਜੋ ਚੇਤਨ ਸਰੂਪ ਗੁਰੂ ਜੀ ਹਨ ਉਨ੍ਹਾਂ ਨੂੰ ਮੇਰੀ ਨਮਸਕਾਰ ਹੈ। ਜੁਗਾਦਿ = ਜੁਗਾਂ ਜੁਗਾਂ ਦੇ ਆਦਿ ਵਿਚ ਵੀ ਚੇਤਨ ਬ੍ਰਹਮ ਦੇ ਰੂਪ ਗੁਰੂ ਜੀ ਤਾਈਂ ਮੇਰੀ ਨਮਸਕਾਰ ਹੈ। (ਸਤਿ+ਗੁਰ) ਸਤਿ = ਤ੍ਰੈਕਾਲ ਅਬਾਧ ਰੂਪ ਗੁਰੂ ਤਾਈਂ ਵੀ ਮੇਰੀ ਨਮਸਕਾਰ ਹੈ।

ਸ੍ਰੀ = ਸ਼ਿਰੋਮਣੀ (ਗੁਰ+ਦੇਵ) ਗੁਰ = ਪੂਜਨੀਕ ਦੇਵ = ਪ੍ਰਕਾਸ਼ ਰੂਪ ਗੁਰੂ ਜੀ ਤਾਈਂ ਮੇਰੀ ਨਮਸਕਾਰ ਹੈ।

## ਅਸਟਪਦੀ ॥

(ਅਸਟ+ਪਦੀ) ਅਸਟ = ਅੱਠ ਅੱਠ ਪਉੜੀਆਂ ਹੋਣ ਕਰਕੇ, ਇਸ ਦਾ ਨਾਂ ਅਸਟਪਦੀ ਹੈ ਤੇ ਹਰ ਇਕ ਪਉੜੀ ਦੀਆਂ ਦਸ ਤੁਕਾਂ ਹਨ, ਇਸ ਅਸਟਪਦੀ ਵਿਚ ਨਾਮ ਦਾ ਮਹਾਤਮ ਕਥਨ ਕਰਦੇ ਹਨ।

## ਸਿਮਰਉ; ਸਿਮਰਿ ਸਿਮਰਿ, ਸੁਖੁ ਪਾਵਉ ॥

ਹੇ ਭਾਈ ! ਪਰਮੇਸ਼ਰ ਦੇ ਨਾਮ ਨੂੰ ਹਿਰਦੇ ਕਰਕੇ ਸਿਮਰਉ = ਯਾਦ ਕਰੋ, ਬਾਣੀ ਕਰਕੇ ਸਿਮਰਿ = ਸਿਮਰੋ ਅਤੇ ਤਨ ਕਰਕੇ ਵੀ ਸਿਮਰਿ = ਸਿਮਰਨਾ ਕਰੋ **ਵਾ:** ਸਿਮਰਿ = ਸਿਮਰਨ ਜੋਗ ਪਰਮੇਸ਼ਰ ਦੇ ਸਿਮਰਨ ਨੂੰ ਸਿਮਰ ਕੇ ਆਤਮਿਕ ਸੁਖ ਨੂੰ ਪਾਵਉ = ਪਾਉਣਾ ਕਰੋ। ਜੈਸਾ ਕਿ :

**ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥**
**ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥** *(ਗਉੜੀ ਸੁਖਮਨੀ ਮ: ੫, ਅੰਗ ੨੯੦)*

## ਕਲਿ ਕਲੇਸ; ਤਨ ਮਾਹਿ ਮਿਟਾਵਉ ॥

ਉਸ ਸਿਮਰਨ ਕਰਕੇ ਕਲਿ = ਕਲਪਣਾ ਅਤੇ ਪੰਜ ਪ੍ਰਕਾਰ ਦੇ ਕਲੇਸ਼ (ਰਾਗ, ਦ੍ਵੈਸ਼, ਅਵਿੱਦਿਆ, ਅਸਮਤਾ, ਅਭੀਨਿਵੇਸ਼) ਤਨ = ਸਰੀਰ ਮਾਹਿ = ਵਿੱਚੋਂ ਮਿਟਾਵਉ = ਦੂਰ ਕਰੋ।

## ਸਿਮਰਉ ਜਾਸੁ; ਬਿਸੁੰਭਰ ਏਕੈ ॥ ਨਾਮੁ ਜਪਤ; ਅਗਨਤ ਅਨੇਕੈ ॥

(**ਬਿਸੁੰ-ਭਰ** ਡੈਸ਼ ਲੱਗਾ ਕੇ ਬੋਲੋ)

ਜੋ ਬਿਸੁੰਭਰ = ਵਿਸ਼ਵ ਭਾਵ ਸੰਸਾਰ ਦੇ ਭਰ = ਭਰਨ ਵਾਲਾ, ਭਾਵ ਸੰਸਾਰ ਦੀ ਪੂਰਤੀ ਕਰਨ ਵਾਲਾ ਏਕੈ = ਇਕ ਪਰਮੇਸ਼ਰ ਹੈ, ਉਸ ਦੇ ਜਾਸੁ = ਜੱਸ ਨੂੰ ਸਿਮਰਉ = ਸਿਮਰਨਾ ਕਰੋ। ਜਿਸ ਦੇ ਅਨੇਕੈ = ਅਨੇਕਾਂ ਹੀ ਨਾਮ ਹਨ ਅਤੇ ਅਗਨਤ = ਅਣਗਿਣਤ ਹੀ ਨਾਮ ਜਪਤ = ਜਪਦੇ ਹਨ।

## ਬੇਦ ਪੁਰਾਨ ਸਿੰਮ੍ਰਿਤਿ; ਸੁਧਾਖੵਰ ॥ ਕੀਨੇ ਰਾਮ ਨਾਮ; ਇਕ ਆਖੵਰ ॥

(**ਸੁਧਾਅਖਰ** ਅਤੇ **ਆਖਅਰ** ਉਚਾਰਣ ਹੈ, ਕਈ **ਸੁਧਾਖਿਅਰ** ਤੇ **ਆਖਿਅਰ** ਵੀ ਉਚਾਰਣ ਕਰ ਲੈਂਦੇ ਹਨ)

ਚਾਰ ਵੇਦ, ਅਠਾਰਾਂ ਪੁਰਾਣ, ੨੭ ਸਿੰਮ੍ਰਿਤੀਆਂ ਦੇ ਸੁਧਾਖੵਰ = ਸ਼ੁੱਧ ਪਵਿੱਤਰ ਅੱਖਰ ਅੱਖਰ ਨੂੰ ਸੋਧਿਆ ਹੈ **ਵਾ:** ਬੇਦ ਜੋ ਗਿਆਨ ਸਰੂਪ ਪੁਰਾਨ = ਪੁਰਾਤਨ ਸਰੂਪ, ਸਿੰਮ੍ਰਿਤਿ = ਸਿਮਰਨੇ ਯੋਗ, ਸੁਧਾਖੵਰ (ਸੁਧ+ਆਖੵਰ)

ਤੇ ਅ-ਖਰ ਰੂਪ ਪਰਮੇਸ਼ਰ ਹੈ। ਆਖ੍ਰ = ਅੰਤ ਨੂੰ ਇਕ ਰਾਮ = ਪਰਮੇਸ਼ਰ ਦਾ ਨਾਮ ਹੀ ਸੁੱਖਾਂ ਦਾ ਸਾਧਨ ਨਿਸਚੇ ਕੀਨੇ = ਕੀਤਾ ਹੈ **ਅਥਵਾ** ਜਦੋਂ ਬੇਦ ਪੁਰਾਨ ਸਿੰਮਰਤੀਆਂ ਦਾ ਸੁਧਾਖ੍ਰ = ਅੱਖਰ ਅੱਖਰ ਸੋਧਿਆਂ ਤਦੋਂ ਰਾਮ = ਪਰਮੇਸ਼ਰ ਦਾ ਨਾਮ ਇਕ (ਸਾਰ ਰੂਪ) ਅੱਖਰ ਹੀ ਨਿਸ਼ਚੇ ਕੀਤਾ ਭਾਵ ਨਾਮ ਦਾ ਸਿਮਰਨ ਹੀ ਸਭ ਦਾ ਸਿਧਾਂਤ ਲੱਭਿਆ। ਅਰਥਾਤ ਵੇਦ ਦੀਆਂ ਸੁਰਤੀਆਂ ਨੂੰ ਵੰਡਣ ਵਾਸਤੇ ਦੇਵਤਿਆਂ ਨੇ ਸ਼ਿਵਾ ਜੀ ਤਾਈਂ ਮੁਕਰਰ ਕੀਤਾ ਕਿ ਇਹ ਸਾਡੇ ਤਾਈਂ ਵਰਤਾ ਦਿਓ, ਉਸ ਵੇਲੇ ਸ਼ਿਵਾ ਨੇ ਇਹ ਵੰਡੀਆਂ, ਪਰ ਰਾਰਾ ਤੇ ਮੱਮਾ ਅੱਖਰ ਦੋਵੇਂ ਰੱਖ ਲਏ। ਦੇਵਤੇ ਕਹਿਣ ਲੱਗੇ ਕਿ ਇਹ ਕਿਉਂ ਰੱਖ ਲਏ, ਸ਼ਿਵ ਜੀ ਕਹਿਣ ਲੱਗੇ ਕਿ ਇਹ ਮੈਂ ਹਿੱਸਾ ਲੈਣਾ ਸੀ। ਇਉਂ ਵੇਦਾਂ, ਪੁਰਾਣਾਂ ਨੂੰ ਸੋਧ ਸੋਧ ਕੇ ਅਖ਼ੀਰ ਹਰੀ ਦੇ ਨਾਮ ਨੂੰ ਸ਼ੁੱਧ ਗ੍ਰਹਿਣ ਕੀਤਾ ਹੈ, ਸ਼ਿਵਜੀ ਨੇ ਨਾਮ ਨੂੰ ਕੰਠ ਵਿਚ ਧਾਰਨ ਕਰ ਲਿਆ, ਜਿਸ ਨਾਮ ਦੇ ਪ੍ਰਤਾਪ ਨਾਲ ਸ਼ਿਵਜੀ ਨੂੰ ਜ਼ਹਿਰ ਨਹੀਂ ਚੜ੍ਹਦਾ :

**ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜ੍ਹਿਆ ਮੁਕਤਿ ਨ ਹੋਈ ॥**
**ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥** *(ਅੰਗ ੭੪੭)*

## ਕਿਨਕਾ ਏਕ; ਜਿਸੁ ਜੀਅ ਬਸਾਵੈ ॥ ਤਾ ਕੀ ਮਹਿਮਾ; ਗਨੀ ਨ ਆਵੈ ॥

ਏਕ = ਇਕ ਕਿਨਕਾ = ਕਿੰਚਤ ਮਾਤਰ ਭਾਵ ਰਾਈ ਮਾਤਰ ਜਿੰਨਾ ਸਮਾਂ ਵੀ ਜਿਸ ਜੀਅ = ਜੀਵ ਦੇ ਹਿਰਦੇ ਵਿਚ ਵਾਹਿਗੁਰੂ ਆਪਣਾ ਨਾਮ ਬਸਾਵੈ = ਵਸਾਉਂਦਾ ਹੈ। ਤਾ ਕੀ = ਉਸ ਪੁਰਖ ਦੀ ਮਹਿਮਾ = ਵਡਿਆਈ ਗਨੀ = ਗਿਣਤੀ ਵਿਚ ਨ = ਨਹੀਂ ਆਵੈ = ਆਉਂਦੀ। ਜੈਸਾ ਕਿ :

**ਏਕ ਚਿੱਤ ਜਿਹ ਇਕ ਛਿਨ ਧਯਾਇਓ ॥**
**ਕਾਲ ਫਾਸ ਕੇ ਬੀਚ ਨ ਆਇਓ ॥** *(ਸ੍ਰੀ ਦਸਮ ਗ੍ਰੰਥ, ਪੰਨਾ ੧੧)*

## ਕਾਂਖੀ; ਏਕੈ ਦਰਸ ਤੁਹਾਰੋ ॥ ਨਾਨਕ; ਉਨ ਸੰਗਿ ਮੋਹਿ ਉਧਾਰੋ ॥੧॥

ਹੇ ਪਰਮੇਸ਼ਰ! ਜੋ ਏਕੈ = ਇਕ ਤੁਹਾਰੋ = ਤੁਹਾਡੇ ਦਰਸ = ਦਰਸ਼ਨਾਂ ਦੇ ਕਾਂਖੀ = ਚਾਹਵਾਨ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ = ਉਨ੍ਹਾਂ ਦੀ ਸੰਗਤ ਸੰਗਿ = ਨਾਲ ਮੇਲ ਕਰ ਕੇ ਮੋਹਿ = ਮੈਨੂੰ ਸੰਸਾਰ ਸਮੁੰਦਰ ਤੋਂ ਉਧਾਰੋ = ਉਧਾਰਨਾ ਕਰੋ ਭਾਵ ਮੇਰਾ ਕਲਿਆਣ ਕਰੋ ॥੧॥

## ਸੁਖਮਨੀ ਸੁਖ; ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ; ਮਨਿ ਬਿਸ੍ਰਾਮ ॥ਰਹਾਉ॥

ਮਨ ਨੂੰ ਸੁਖ ਦੇਣ ਵਾਲੀ ਜੋ ਸੁਖਮਨੀ ਬਾਣੀ ਹੈ, ਇਸ ਵਿਚ ਸੁਖ ਰੂਪ ਪ੍ਰਭ = ਵਾਹਿਗੁਰੂ ਦਾ ਅੰਮ੍ਰਿਤ ਨਾਮ ਹੈ **ਵਾ:** ਸੁੱਖੋਂ ਕੀ ਮਣੀ ਰੂਪ ਹੈ ਕਿਉਂਕਿ ਸੁਖ ਰੂਪ ਅਤੇ ਅਮਰ ਕਰਨ ਵਾਲਾ ਇਸ ਵਿਚ ਵਾਹਿਗੁਰੂ ਪਰਮੇਸ਼ਰ ਦਾ ਨਾਮ ਹੈ।

ਜਿਵੇਂ ਸੱਪ ਦੇ ਸਿਰ ਵਿਚ ਮਣੀ ਪ੍ਰਕਾਸ਼ਦੀ ਹੈ, ਇਸੇ ਤਰ੍ਹਾਂ ਇਹ ਸੁੱਖਾਂ ਦੇ ਪ੍ਰਕਾਸ਼ਣੇ ਵਾਲੀ ਸੁਖਮਨੀ ਹੈ। ਜਿਵੇਂ ਪ੍ਰਤੱਖ ਮਣੀ ਡੱਬੇ ਵਿਚ ਸੰਭਾਲ ਕੇ ਰੱਖੀਦੀ ਹੈ।

ਇਸੇ ਤਰ੍ਹਾਂ ਇਹ ਸੁਖਮਨੀ ਰੂਪ ਬਾਣੀ ਭਗਤ ਜਨਾਂ ਦੇ ਮਨ ਵਿਚ ਬਿਸ੍ਰਾਮ = ਵਾਸਾ ਕਰਦੀ ਹੈ **ਵਾ:** ਸੁਖ ਅੰਮ੍ਰਿਤ ਰੂਪ ਨਾਮ ਹੈ, ਭਗਤ ਜਨਾਂ ਦੇ ਮਨ ਵਿਚ ਵਸਦੀ ਹੈ ॥੧॥ਰਹਾਉ॥

**ਸਾਖੀ—ਭਾਈ ਗੜੀਆ ਜੀ ਦੀ :** ਇਕ ਸਿੱਖ ਭਾਈ ਗੜੀਆ ਜੀ ਨੂੰ ਛੇਵੇਂ ਪਾਤਿਸ਼ਾਹ ਨੇ ਕਸ਼ਮੀਰ ਵਿਚ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਅਵਤਾਰ ਦਿਹਾੜਾ ਮਨਾਉਣ ਵਾਸਤੇ ਭੇਜਿਆ। ਭਾਈ ਗੜੀਆ ਜੀ ਸਤਿਗੁਰਾਂ ਦਾ ਹੁਕਮ ਮੰਨ ਕੇ ਚੱਲ ਪਏ, ਜਾਂਦੇ ਜਾਂਦੇ ਗੁਜਰਾਤ[੧] ਵਿਚ ਮੀਆਂ ਦੌਲੇ ਪਾਸ ਪੁੱਜੇ, ਜੋ ਰਿਧੀਆਂ ਸਿਧੀਆਂ ਵਾਲਾ ਸੀ, ਜੋ ਗ਼ਰੀਬਾਂ 'ਤੇ ਦਇਆ ਕਰਨ ਵਾਲੇ ਸਨ, ਕਿਸੇ ਨੂੰ ਕਹਿ ਦਿੰਦੇ ਲੱਕੜਾਂ ਕੱਟ, ਇਉਂ

੧. ਇਹ ਲਹਿੰਦੇ ਪੰਜਾਬ ਦਾ ਇਕ ਨਗਰ ਹੈ, ਜੋ ਜ਼ਿਲੇ ਦਾ ਅਸਥਾਨ ਹੈ, ਇਹ ਵਜ਼ੀਰਾਬਾਦ ਅਤੇ ਲਾਲ ਮੂਸਾ ਦੇ ਮਦ ਵਿਚ ਹੈ।

ਰਿਧੀ ਨਾਲ ਮਾਇਆ ਦਿੰਦਾ ਸੀ। ਭਾਈ ਸਾਹਿਬ ਜੀ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਇਆ, ਜਦੋਂ ਭਾਈ ਸਾਹਿਬ ਜੀ ਨਾਲ ਚੱਲਣ ਲੱਗੇ ਤਾਂ ਨਾਲ ਹੀ ਤੁਰ ਪਿਆ ਤੇ ਕਹਿਣ ਲੱਗਾ ਕਿ ਸੁਖਮਨੀ ਸਾਹਿਬ ਦਾ ਪਾਠ ਸੁਣਾਉ। ਜਦੋਂ ਭਾਈ ਸਾਹਿਬ ਜੀ ਨੇ ਸਾਰਾ ਸੁਖਮਨੀ ਸਾਹਿਬ ਦਾ ਪਾਠ ਸੁਣਾਇਆ, ਬਹੁਤ ਪ੍ਰਸੰਨ ਹੋਇਆ। ਦੇਖਿਆ ਕਿ ਭਾਈ ਸਾਹਿਬ ਜੀ ਦੀ ਜੁੱਤੀ ਟੁੱਟੀ ਹੋਈ ਹੈ, ਧੂੜ ਉੱਡ ਉੱਡ ਕੇ ਪਿੰਜਣੀਆਂ ਤਕ ਪੈਂਦੀ ਹੈ, ਤਾਂ ਸੋਚਣ ਲੱਗਾ ਕਿ ਗੁਰੂ ਜੀ ਨੇ ਕੋਈ ਰਿਧੀ ਸਿਧੀ ਨਹੀਂ ਦਿੱਤੀ, ਮੈਂ ਆਪਣੀ ਸ਼ਕਤੀ ਨਾਲ ਕਾਰਜ ਪੂਰਾ ਕਰਦਾ ਹਾਂ। ਭਈ ਗੜੀਆ ਜੀ ਅੰਤਰਜਾਮੀ ਸਨ, ਕਹਿਣ ਲੱਗੇ ਕਿ ਮੀਆਂ ਦੌਲਾ ਜੀ ਕੀ ਸੋਚਦੇ ਹੋ ਕਿ ਗੁਰੂ ਜੀ ਨੇ ਸਿੱਖ ਨੂੰ ਕੁਝ ਵੀ ਨਹੀਂ ਦਿੱਤਾ, ਸਭ ਕੁਝ ਦਿੱਤਾ ਹੈ। ਮੀਆਂ ਦੌਲਾ ਕਹਿਣ ਲੱਗਾ ਕਿ ਫੇਰ ਜੁੱਤੀ ਕਿਉਂ ਟੁੱਟ ਗਈ। ਭਾਈ ਸਾਹਿਬ ਜੀ ਕਹਿਣ ਲੱਗੇ ਕਿ ਮੀਆਂ ਜੀ ਸ਼ਕਤੀ ਦਾ ਮਾਣ ਨਾ ਕਰੀਂ, ਕਹਿੰਦੇ ਨਿਗ੍ਹਾ ਮਾਰ, ਜਦੋਂ ਵੇਖਿਆ, ਸਾਰਾ ਥੇਹ ਸੋਨੇ ਦਾ ਬਣਾ ਦਿੱਤਾ, ਰੋੜ ਹੀਰੇ ਜਵਾਹਰਰਾਤ ਬਣਾ ਦਿੱਤੇ, ਫੇਰ ਚਰਨਾਂ 'ਤੇ ਡਿੱਗ ਪਿਆ, ਭਾਈ ਸਾਹਿਬ ਜੀ ਕਹਿਣ ਲੱਗੇ ਕਿ ਗੁਰੂ ਸਾਹਿਬ ਦਾ ਬਚਨ ਹੈ "ਰਖ ਗਰੀਬੀ ਵੇਸ" ਗ਼ਰੀਬੀ ਵੇਸ ਕਰਕੇ ਹੀ ਤਾਕਤ ਕੋਲੇ ਰਹਿੰਦੀ ਹੈ, ਜੇ ਦਿਖਾਉਣ ਲੱਗ ਜਾਏ ਤਾਂ ਚਲੀ ਜਾਂਦੀ ਹੈ।

ਅੱਗੇ ਸਿਮਰਨ ਦਾ ਫਲ ਦੱਸਦੇ ਹਨ :

## ਪ੍ਰਭ ਕੈ ਸਿਮਰਨਿ; ਗਰਭਿ ਨ ਬਸੈ ॥ ਪ੍ਰਭ ਕੈ ਸਿਮਰਨਿ; ਦੂਖੁ ਜਮੁ ਨਸੈ ॥

ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨ ਕੈ = ਕਰ ਕੇ ਹੀ ਜੀਵ ਦੁਬਾਰਾ ਮਾਤਾ ਦੇ ਗਰਭਿ = ਪੇਟ ਵਿਚ ਨ = ਨਹੀਂ ਬਸੈ = ਵਸਦਾ। (ਕੈ ਤੇ ਕੇ ਦਾ ਫ਼ਰਕ ਹੈ, ਜੇ ਕੇ ਹੋਵੇ ਤਾਂ ਅਰਥ ਹੁੰਦਾ ਹੈ ਕਿ ਹੋਰ ਕੋਈ ਸਾਧਨ ਹੋਵੇ, ਜਿਸ ਦੇ ਨਾਲ ਗਰਭ ਵਿਚ ਨਹੀਂ ਵਸੀਦਾ, ਕੈ = ਨਿਸਚੇ ਵਾਚਕ, ਭਾਵ ਨਿਸਚੇ ਕਰੋ ਕਿ ਸਿਮਰਨ ਕਰ ਕੇ ਹੀ ਬਚੀਦਾ ਹੈ) ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨ ਕੈ = ਕਰ ਕੇ ਜਮਾਂ ਦੇ ਦੂਖੁ = ਦੁਖ ਨਸੈ = ਨਾਸ਼ ਹੋ ਜਾਂਦੇ ਹਨ।

## ਪ੍ਰਭ ਕੈ ਸਿਮਰਨਿ; ਕਾਲੁ ਪਰਹਰੈ ॥ ਪ੍ਰਭ ਕੈ ਸਿਮਰਨਿ; ਦੁਸਮਨੁ ਟਰੈ ॥

ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਨ ਕੈ = ਕਰ ਕੇ ਕਾਲੁ = ਮੌਤ ਵੀ ਪਰਹਰੈ = ਨਾਸ ਹੋ ਜਾਂਦੀ ਹੈ, ਭਾਵ ਕਾਲ ਦੂਰ ਹੋ ਜਾਂਦਾ ਹੈ। ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਨਿ = ਭਜਨ ਕੈ = ਕਰਕੇ ਦੁਸਮਨੁ = ਵੈਰੀ ਟਰੈ = ਟਲ ਜਾਂਦੇ ਹਨ।

**ਸਾਖੀ—ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ :** ਸਿੱਖ ਜਗਤ ਦੇ ਪ੍ਰਸਿੱਧ ਮਹਾਪੁਰਖ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆ ਦੀ ਕਰਨੀ ਕਮਾਈ 'ਤੇ ਹਿੰਦੂ ਸਿੱਖਾਂ ਤੋਂ ਇਲਾਵਾ ਪਠਾਣ ਵੀ ਪ੍ਰਭਾਵਿਤ ਸਨ। ਇਕ ਪਠਾਣ ਇਨ੍ਹਾਂ ਦੀ ਚਰਨ ਸ਼ਰਨ ਵਿਚ ਆਇਆ ਤੇ ਮਹਾਂਪੁਰਖਾਂ ਦੇ ਚਰਨਾਂ ਵਿਚ ਕੁਝ ਪਦਾਰਥ ਅਰਪਨ ਕਰਕੇ ਬੇਨਤੀ ਕਰਨ ਲੱਗਾ ਕਿ ਮਹਾਰਾਜ ! ਮੇਰੀ ਇੱਛਾ ਪੂਰੀ ਹੋਵੇ, ਕਿਉਂਕਿ ਤੁਸੀਂ ਬਾਕੀ ਦੇ ਸ਼ਰਧਾਲੂਆਂ ਦੀ ਵੀ ਇੱਛਾ ਪੂਰੀ ਕਰਦੇ ਹੋ। ਮਹਾਂਪੁਰਖਾਂ ਨੇ ਪੁੱਛਿਆ ਤੇਰਾ ਕੀ ਮਨੋਰਥ ਹੈ ? ਪਠਾਣ ਨੇ ਦੱਸਿਆ ਕਿ ਇਕ ਬਹੁਤ ਖ਼ੂਬਸੂਰਤ ਹਿੰਦੂਆਂ ਦੀ ਲੜਕੀ ਹੈ। ਮੈਂ ਉਸ ਨਾਲ ਸ਼ਾਦੀ ਕਰਵਾਉਣਾ ਚਾਹੁੰਦਾ ਹਾਂ। ਮੇਰੀ ਇਹ ਇੱਛਾ ਪੂਰੀ ਕਰੋ। ਦੂਸਰਾ, ਮੁਸਲਮਾਨ ਮੇਰੇ ਨਾਲ ਵੈਰ ਕਰਦੇ ਹਨ, ਉਨ੍ਹਾਂ ਦਾ ਵੈਰ ਭਾਵ ਖ਼ਤਮ ਹੋਵੇ। ਮਹਾਂਪੁਰਸ਼ਾ ਨੇ ਕਿਹਾ ਕਿ ਤੇਰੀ ਸਮਝ ਦੀ ਗੱਲ ਹੈ, ਇੱਛਾ ਵੀ ਪੂਰੀ ਹੋ ਜਾਵੇਗੀ, ਵਿਕਾਰ ਵੀ ਮਿਟ ਜਾਣਗੇ, ਦੁਸ਼ਮਣੀ ਵੀ ਖ਼ਤਮ ਹੋ ਜਾਵੇਗੀ ਪਰ ਜੇ ਸਾਡਾ ਇਕ ਬਚਨ ਮੰਨੇ। ਪਠਾਣ ਨੇ ਕਿਹਾ ਕਿ ਹੁਕਮ ਕਰੋ। ਸੰਤਾ ਨੇ ਕਿਹਾ ਕਿ ਤੂੰ ਗੁਰੂ ਨਾਨਕ ਦੀ '੧ਓ' ਤੋਂ ਲੈ ਕੇ 'ਨਾਨਕ ਹੋਸੀ ਭੀ ਸਚ' ਤੱਕ ਕਲਾਮ ਪੜਿਆ ਕਰ, ਜੋ ਬਹੁਤ ਸ਼ਕਤੀ ਵਾਲੀ ਹੈ। ਅੱਠ ਘੰਟੇ ਮਸੀਤ ਵਿਚ ਬੈਠ ਕੇ ਜਪਣ ਦੀ ਆਗਿਆ ਕੀਤੀ ਤੇ ਕਿਹਾ ਕਿ ਇਸ ਨੂੰ ਗੁਪਤ ਰੂਪ ਵਿਚ ਜਪਣਾ ਅਤੇ ੪੦ ਦਿਨਾਂ ਵਿਚ ਨਾਗਾ ਨਹੀਂ ਪਾਉਣਾ। ਜਦੋਂ

੪-੫ ਦਿਨ ਹੀ ਹੋਏ ਸਨ ਤਾਂ ਮੁਸਲਮਾਨ ਜੋ ਵੈਰ ਕਰਦੇ ਸਨ, ਆਪ ਸਲਾਮਾਂ ਕਰਨ ਲੱਗ ਪਏ। ਕਹਿੰਦੇ ਤੂੰ ਬੰਦਗੀ ਕਰਨ ਲੱਗ ਗਿਆ ਹੈਂ। ਇਸ ਲਈ ਅਸੀਂ ਵੈਰ ਛੱਡਿਆ। ਤੈਨੂੰ ਅਸੀਂ ਮਾਰਨਾ ਸੀ। ਪਰ ਹੁਣ ਨਹੀਂ ਮਾਰਦੇ। ਸ਼ਸਤਰ ਛੱਡ ਦਿੱਤੇ। ਜਦੋਂ ੨੫ ਦਿਨ ਹੋ ਗਏ ਤਾਂ ਉਸ ਦੇ ਅੰਦਰ ਵੀ ਵੈਰ ਭਾਵਨਾ ਖ਼ਤਮ ਹੋ ਗਈ। ਜਦੋਂ ੩੫ ਦਿਨ ਹੋ ਗਏ ਤਾਂ ਜਿਹੜੀ ਮਨ ਵਿਚ ਵਾਸਨਾ ਸੀ, ਉਹ ਵੀ ਖ਼ਤਮ ਹੋ ਗਈ। ਫੇਰ ਉਸ ਲੜਕੀ ਨੂੰ ਲੈ ਕੇ ਉਸ ਨੂੰ ਆਪਣੀ ਧੀ ਬਣਾਇਆ ਅਤੇ ਉਸ ਦਾ ਵਿਆਹ ਕੀਤਾ ਤੇ ਉਸ ਦਾ ਸਾਰਾ ਖ਼ਰਚ ਆਪ ਕੀਤਾ। ਜਿਵੇਂ ਹਿੰਦੂ ਲੋਕ ਦਾਜ ਦਿੰਦੇ ਹਨ, ਉਹ ਵੀ ਦਿੱਤਾ। ਫੇਰ ਮਹਾਂਪੁਰਖਾਂ ਦੇ ਚਰਨਾਂ ਵਿਚ ਆ ਕੇ ਕਹਿਣ ਲੱਗਾ ਕਿ ਤੁਹਾਡੇ ਬਚਨਾਂ ਦੀ ਬਰਕਤ ਨਾਲ ਅਤੇ ਗੁਰੂ ਨਾਨਕ ਦੀ ਕਲਾਮ ਪੜ੍ਹਨ ਨਾਲ ਮੇਰਾ ਮਨ ਵਿਕਾਰਾਂ ਵੱਲੋਂ ਮੁੜ ਗਿਆ ਹੈ। ਜਿਹੜੀ ਤੁਸੀਂ ਕਲਾਮ ਦਿੱਤੀ ਸੀ, ਇਹ ਬਹੁਤ ਸ਼ਕਤੀ ਵਾਲੀ ਹੈ। ਇਸ ਪ੍ਰਕਾਰ ਦੁਸ਼ਮਣ ਦੁੱਖ ਦੇਣ ਵਾਲੇ ਵੀ ਮਿੱਤਰ ਹੋ ਗਏ, ਇੱਛਾ ਐਸੀ ਪੂਰੀ ਹੋਈ ਕਿ ਮੁੜ ਕੇ ਵਿਕਾਰ ਭਾਵਨਾ ਵੀ ਖ਼ਤਮ ਹੋ ਗਈ।

## ਪ੍ਰਭ ਸਿਮਰਤ; ਕਛੁ ਬਿਘਨੁ ਨ ਲਾਗੈ ॥ ਪ੍ਰਭ ਕੈ ਸਿਮਰਨਿ; ਅਨਦਿਨੁ ਜਾਗੈ ॥

ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਤ = ਸਿਮਰਨ ਕਰ ਕੇ ਕਛੁ = ਕੋਈ ਵੀ ਬਿਘਨ ਨ = ਨਹੀਂ ਲਾਗੈ = ਲੱਗਦਾ।

ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਨ ਕੈ = ਕਰ ਕੇ ਅਨਦਿਨੁ = ਰਾਤ ਦਿਨ ਮਨ ਗਿਆਨ ਅਵਸਥਾ ਵਿਚ ਜਾਗੈ = ਜਾਗਦਾ ਰਹਿੰਦਾ ਹੈ।

## ਪ੍ਰਭ ਕੈ ਸਿਮਰਨਿ; ਭਉ ਨ ਬਿਆਪੈ ॥ ਪ੍ਰਭ ਕੈ ਸਿਮਰਨਿ; ਦੁਖੁ ਨ ਸੰਤਾਪੈ ॥

ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਨ ਕੈ = ਕਰ ਕੇ ਸੱਤ ਪ੍ਰਕਾਰ ਦਾ ਭਉ = ਡਰ ਨ = ਨਹੀਂ ਬਿਆਪੈ = ਲੱਗਦਾ। ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਨ ਕੈ = ਕਰ ਕੇ ਜੀਵ ਨੂੰ ਜੰਮਣ ਮਰਣ ਆਦਿ ਦਾ ਦੁਖ ਨ = ਨਹੀਂ ਸੰਤਾਪੈ = ਸਤਾਉਂਦਾ।

## ਪ੍ਰਭ ਕਾ ਸਿਮਰਨੁ; ਸਾਧ ਕੈ ਸੰਗਿ ॥ ਸਰਬ ਨਿਧਾਨ; ਨਾਨਕ ਹਰਿ ਰੰਗਿ ॥੨॥

ਪ੍ਰਭ = ਹਰੀ ਵਾਹਿਗੁਰੂ ਕਾ = ਦਾ ਸਿਮਰਨ ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਕੈ = ਕਰ ਕੇ ਮਿਲਦਾ ਹੈ, ਭਾਵ ਸੰਤਾਂ ਦੇ ਸੰਗ ਨਾਲ ਮਿਲਦਾ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਜੇ ਹਰਿ = ਹਰੀ ਵਾਹਿਗੁਰੂ ਦਾ ਰੰਗਿ = ਪ੍ਰੇਮ ਚੜ੍ਹ ਜਾਵੇ ਤਾਂ ਸਰਬ = ਸਾਰੇ ਨਿਧਾਨ = ਖ਼ਜ਼ਾਨੇ ਮਿਲ ਜਾਂਦੇ ਹਨ, ਭਾਵ ਹਰੀ ਰੂਪ ਹੋ ਜਾਂਦਾ ਹੈ ॥੨॥

## ਪ੍ਰਭ ਕੈ ਸਿਮਰਨਿ; ਰਿਧਿ ਸਿਧਿ ਨਉ ਨਿਧਿ ॥
## ਪ੍ਰਭ ਕੈ ਸਿਮਰਨਿ; ਗਿਆਨੁ ਧਿਆਨੁ ਤਤੁ ਬੁਧਿ ॥

ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਨ ਕੈ = ਕਰ ਕੇ ਰਿਧੀਆਂ ਸਿਧੀਆਂ ਤੇ ਨਉ = ਨੌਂ ਨਿਧੀਆਂ ਮਿਲ ਜਾਂਦੀਆਂ ਹਨ। ਜੈਸਾ ਕਿ :

**ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥** *(ਗਉੜੀ ਮ: ੧, ਅੰਗ ੨੨੦)*

ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨ ਕੈ = ਕਰ ਕੇ ਨਿਰਗੁਣ ਦਾ ਗਿਆਨ, ਸਰਗੁਣ ਦਾ ਧਿਆਨ ਅਤੇ ਤਤ ਸਰੂਪ ਦਾ ਬੋਧ ਵੀ ਹੁੰਦਾ ਹੈ **ਅਥਵਾ** ਸਾਂਖ ਮੱਤ ਵਾਲੇ ਤੱਤਾਂ ਦੇ ੨੫ ਪ੍ਰਕਿਰਤੀਆਂ ਦਾ ਗਿਆਨ ਕਥਨ ਕਰਦੇ ਹਨ, ਪਤੰਜਲੀ ਬਿਰਤੀ ਦਾ ਅਨੁਰੋਧ ਕਰਨ ਰੂਪ ਧਿਆਨ ਲਾਉਂਦੇ ਹਨ ਅਤੇ ਵੇਦਾਂਤ ਮੱਤ ਵਾਲੇ ਤੱਤ ਦਾ ਬੋਧ ਭਾਵ ਜੀਵ ਈਸ ਦੀ ਏਕਤਾ ਕਥਨ ਕਰਦੇ ਹਨ। ਇਹ ਸਭ ਕੁਝ ਪਰਮੇਸ਼ਰ ਦਾ ਸਿਮਰਨ

ਕਰਕੇ ਹੀ ਪ੍ਰਾਪਤ ਹੋ ਜਾਂਦਾ ਹੈ **ਅਥਵਾ** ਹਰੀ ਵਾਹਿਗੁਰੂ ਦੇ ਸਿਮਰਨ ਕਰਨੇ ਕੈ = ਕਰ ਕੇ ਗਿਆਨ ਧਿਆਨ ਦੇ ਸਹਿਤ ਤਤੁ = ਸਿਧਾਂਤ ਦੇ ਜਾਣਨ ਵਾਲੀ ਬੁਧਿ = ਬੁੱਧੀ ਪ੍ਰਾਪਤ ਹੁੰਦੀ ਹੈ, ਭਾਵ ਤਤਬੇਤਿਆਂ ਵਾਲੀ ਬੁੱਧੀ ਪ੍ਰਾਪਤ ਹੁੰਦੀ ਹੈ।

## ਪ੍ਰਭ ਕੈ ਸਿਮਰਨਿ; ਜਪ ਤਪ ਪੂਜਾ ॥ ਪ੍ਰਭ ਕੈ ਸਿਮਰਨਿ; ਬਿਨਸੈ ਦੂਜਾ ॥

ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨ ਕੈ = ਕਰ ਕੇ ਜਪ ਤਪ ਪੂਜਾ ਆਦਿ ਦਾ ਫਲ ਪ੍ਰਾਪਤ ਹੁੰਦਾ ਹੈ **ਵਾ**: ਪਰਮੇਸ਼ਰ ਦਾ ਸਿਮਰਨ ਕਰ ਕੇ ਜਪ ਤਪ ਪੂਜਾ ਆਦਿ ਸਾਰੇ ਸਫਲੇ ਹੁੰਦੇ ਹਨ।

ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨੇ ਕੈ = ਕਰ ਕੇ ਦੂਜਾ = ਦਵੈਤ-ਭਾਵ ਬਿਨਸੈ = ਮਿਟ ਜਾਂਦੀ ਹੈ, ਭਾਵ ਨਾਸ ਹੋ ਜਾਂਦੀ ਹੈ। ਜੈਸਾ ਕਿ :

**ਤਨੁ ਮਨੁ ਅਰਪਉ ਪੂਜ ਚਰਾਵਉ ॥**
**ਗੁਰ ਪਰਸਾਦਿ ਨਿਰੰਜਨੁ ਪਾਵਉ ॥੪॥** *(ਅੰਗ ੫੨੫)*

## ਪ੍ਰਭ ਕੈ ਸਿਮਰਨਿ; ਤੀਰਥ ਇਸਨਾਨੀ ॥ ਪ੍ਰਭ ਕੈ ਸਿਮਰਨਿ; ਦਰਗਹ ਮਾਨੀ ॥

ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਨ ਕੈ = ਕਰ ਕੇ ਸਾਰੇ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ, ਭਾਵ ਘਰ ਬੈਠਿਆਂ ਹੀ ਸਾਰੇ ਤੀਰਥਾਂ ਦੇ ਇਸ਼ਨਾਨ ਦਾ ਫਲ ਮਿਲ ਜਾਂਦਾ ਹੈ। ਜੈਸਾ ਕਿ :

**ਸੁਣਿਆ ਮੰਨਿਆ ਮਨਿ ਕੀਤਾ ਭਾਉ ॥**
**ਅੰਤਰਗਤਿ ਤੀਰਥਿ ਮਲਿ ਨਾਉ ॥** *(ਜਪੁ ਜੀ, ਅੰਗ ੪)*

**ਜੈਸੇ ਅਠਸਠਿ ਤੀਰਥ ਪਰਸ ਕੀਓ, ਜੁਗ ਚਾਰਿ ਚੜਿਓ ਕੈਲਾਸ ਰਹਿਓ।**
**ਜੈਸੇ ਲਾਖ ਬਾਰ ਕੁਰਛੇਤਰ ਮੇਂ, ਅਸਮੇਧ ਜਗ ਅਭੰਗ ਠਇਓ।**
**ਜੈਸੇ ਕੋਟ ਬਰਸ ਤਪ ਉਰਧ ਮੁਖੀ, ਬੈਸੰਤਰ ਮੇਂ ਤਨ ਦਾਹ ਦਇਓ।**
**ਫੁਨਿ ਅੰਮ੍ਰਿਤ ਨਾਮ ਵਿਸ਼ੇਸ਼ ਇਤੀ, ਜਿਨ ਏਕ ਬਾਰ ਸ੍ਰੀ ਵਾਹਿਗੁਰੂ ਕਹਿਓ।**
*(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)*

ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨ ਕੈ = ਕਰ ਕੇ ਜੀਵ ਦੀ ਦਰਗਹ = ਪ੍ਰਲੋਕ ਵਿਚ ਮੰਨੀ ਜਾਂਦੀ ਹੈ, ਭਾਵ ਇੱਜ਼ਤ ਪਾਉਂਦਾ ਹੈ।

## ਪ੍ਰਭ ਕੈ ਸਿਮਰਨਿ; ਹੋਇ ਸੁ ਭਲਾ ॥ ਪ੍ਰਭ ਕੈ ਸਿਮਰਨਿ; ਸੁਫਲ ਫਲਾ ॥

ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨ ਕੈ = ਕਰ ਕੇ ਮਨੁੱਖ ਕੋਲ ਜੋ ਕੁਝ ਵੀ ਹੁੰਦਾ ਹੈ ਸੁ = ਉਹ ਭਲਾ = ਚੰਗਾ ਹੀ ਹੋਇ = ਹੁੰਦਾ ਹੈ **ਵਾ**: ਪਰਮੇਸ਼ਰ ਦੇ ਸਿਮਰਨ ਕਰਨੇ ਵਾਲਾ ਸਮਝਦਾ ਹੈ ਕਿ ਉਸ ਦੇ ਭਾਣੇ ਵਿਚ ਜੋ ਵੀ ਸੁੱਖ ਦੁੱਖ ਪ੍ਰਾਪਤ ਹੁੰਦਾ ਹੈ ਉਹ ਚੰਗਾ ਹੀ ਹੈ। ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨ ਕੈ = ਕਰ ਕੇ ਸੁਫਲ = ਸ੍ਰੇਸ਼ਟ ਗਿਆਨ ਫਲਾ ਕਰ ਕੇ ਹੀ ਜੀਵ ਸੁਫਲ = ਫਲੀਭੂਤ ਹੋ ਜਾਂਦਾ ਹੈ, ਭਾਵ ਗਿਆਨ ਰੂਪ ਸ੍ਰੇਸ਼ਟ ਫਲ ਕਰ ਕੇ ਫਲਦਾ ਹੈ।

**[ਅੰਗ ੨੬੩]**

## ਸੇ ਸਿਮਰਹਿ; ਜਿਨ ਆਪਿ ਸਿਮਰਾਏ ॥ ਨਾਨਕ ਤਾ ਕੈ; ਲਾਗਉ ਪਾਏ ॥੩॥

ਪਰ ਪਰਮੇਸ਼ਰ ਦੇ ਨਾਮ ਨੂੰ ਸੇ = ਉਹੋ ਹੀ ਸਿਮਰਹਿ = ਸਿਮਰਦੇ ਹਨ ਜਿਨ = ਜਿਨ੍ਹਾਂ ਤੋਂ ਆਪ ਪਰਮੇਸ਼ਰ

ਸਿਮਰਾਏ = ਸਿਮਰਨ ਕਰਵਾਉਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਾ ਕੈ = ਉਨ੍ਹਾਂ ਸਿਮਰਨ ਕਰਨ ਵਾਲਿਆਂ ਦੇ ਪਾਏ = ਚਰਨੀਂ ਲਾਗਉ = ਲੱਗਣਾ ਕਰੀਏ ॥੩॥

## ਪ੍ਰਭ ਕਾ ਸਿਮਰਨੁ; ਸਭ ਤੇ ਊਚਾ ॥ ਪ੍ਰਭ ਕੈ ਸਿਮਰਨਿ; ਉਧਰੇ ਮੂਚਾ ॥

ਪ੍ਰਭ = ਹਰੀ ਵਾਹਿਗੁਰੂ ਕਾ = ਦਾ ਸਿਮਰਨੁ = ਭਜਨ ਸਭ = ਸਾਰਿਆਂ ਕਰਮਾਂ ਧਰਮਾਂ ਤੇ = ਤੋਂ ਊਚਾ = ਉੱਤਮ ਹੈ। ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨ ਕੈ = ਕਰ ਕੇ ਮੂਚਾ = ਬਹੁਤੇ ਉਧਰੇ = ਤਰ ਗਏ ਭਾਵ ਗਿਣੇ ਨਹੀਂ ਜਾਂਦੇ ਕਿ ਕਿਤਨੇ ਉਧਰੇ ਹਨ।

## ਪ੍ਰਭ ਕੈ ਸਿਮਰਨਿ; ਤ੍ਰਿਸਨਾ ਬੁਝੈ ॥ ਪ੍ਰਭ ਕੈ ਸਿਮਰਨਿ; ਸਭੁ ਕਿਛੁ ਸੁਝੈ ॥

ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨਿ = ਭਜਨ ਕੈ = ਕਰ ਕੇ ਤ੍ਰਿਸ਼ਨਾ ਦੀ ਅੱਗ ਹਿਰਦੇ ਅੰਦਰੋਂ ਬੁਝੈ = ਬੁੱਝ ਜਾਂਦੀ ਹੈ, ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨ ਕੈ = ਕਰ ਕੇ ਜੋ ਪਿੱਛੇ ਹੋਇਆ, ਅੱਗੇ ਨੂੰ ਹੋਵੇਗਾ, ਹੁਣ ਜੋ ਹੋ ਰਿਹਾ ਹੈ, ਸਭੁ = ਸਾਰਾ ਕਿਛੁ = ਕੁਝ ਸੁਝੈ = ਸੁਝ ਜਾਂਦਾ ਹੈ, ਐਸੀ ਦਿਬ-ਦ੍ਰਿਸ਼ਟੀ ਜਾਗ ਪੈਂਦੀ ਹੈ।

## ਪ੍ਰਭ ਕੈ ਸਿਮਰਨਿ; ਨਾਹੀ ਜਮ ਤ੍ਰਾਸਾ ॥ ਪ੍ਰਭ ਕੈ ਸਿਮਰਨਿ; ਪੂਰਨ ਆਸਾ ॥

ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਨ ਕੈ = ਕਰਕੇ ਜਮਾਂ ਦਾ ਤ੍ਰਾਸਾ = ਡਰ ਨਾਹੀ = ਨਹੀਂ ਲੱਗਦਾ। ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਨ = ਭਜਨ ਕੈ = ਕਰਕੇ ਮਨ ਦੀਆਂ ਸਾਰੀਆਂ ਆਸਾਂ ਪੂਰਨ ਹੋ ਜਾਂਦੀਆਂ ਹਨ।

## ਪ੍ਰਭ ਕੈ ਸਿਮਰਨਿ; ਮਨ ਕੀ ਮਲੁ ਜਾਇ ॥
## ਅੰਮ੍ਰਿਤ ਨਾਮੁ; ਰਿਦ ਮਾਹਿ ਸਮਾਇ ॥

ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਨ ਕੈ = ਕਰ ਕੇ ਮਨ = ਅੰਤਸ਼ਕਰਣ ਕੀ = ਦੀ ਪਾਪਾਂ ਰੂਪ ਮਲੁ = ਮੈਲ ਚਲੀ ਜਾਇ = ਜਾਂਦੀ ਹੈ। ਨਾਮ ਅੰਮ੍ਰਿਤ ਰਿਦ = ਹਿਰਦੇ ਮਾਹਿ = ਵਿਚ ਸਮਾਇ = ਸਮਾ ਭਾਵ ਵਸ ਜਾਂਦਾ ਹੈ।

## ਪ੍ਰਭ ਜੀ ਬਸਹਿ; ਸਾਧ ਕੀ ਰਸਨਾ ॥ ਨਾਨਕ; ਜਨ ਕਾ ਦਾਸਨਿ ਦਸਨਾ ॥੪॥

ਸਿਮਰਨ ਕਰਨ ਵਾਲਿਆਂ ਸਾਧ = ਸ੍ਰੇਸ਼ਟ (ਸੰਤਾ) ਜਨਾਂ ਕੀ = ਦੀ ਰਸਨਾ = ਜੀਭਾ ਤੇ ਆਪ ਪ੍ਰਭ = ਪਰਮੇਸ਼ਰ ਜੀ ਬਸਹਿ = ਵੱਸਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸ ਲਈ ਮੈਂ ਸ੍ਰੇਸ਼ਟ ਜਨਾਂ ਦੇ ਦਾਸਨਿ = ਦਾਸਾਂ ਕਾ = ਦਾ ਦਸਨਾ = ਦਾਸ ਹਾਂ ॥੪॥

## ਪ੍ਰਭ ਕਉ ਸਿਮਰਹਿ; ਸੇ ਧਨਵੰਤੇ ॥ ਪ੍ਰਭ ਕਉ ਸਿਮਰਹਿ; ਸੇ ਪਤਿਵੰਤੇ ॥

ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਸੇ = ਉਹ ਅਸਲ ਨਾਮ ਰੂਪ ਧਨ ਵਾਲੇ ਧਨਵੰਤੇ = ਧਨਾਢ ਹਨ। ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ ਸੇ = ਉਹ ਪਤਿਵੰਤੇ = ਇੱਜ਼ਤ ਵਾਲੇ ਹਨ।

## ਪ੍ਰਭ ਕਉ ਸਿਮਰਹਿ; ਸੇ ਜਨ ਪਰਵਾਨ ॥ ਪ੍ਰਭ ਕਉ ਸਿਮਰਹਿ; ਸੇ ਪੁਰਖ ਪ੍ਰਧਾਨ ॥

ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਸੇ = ਉਹ ਜਨ = ਪੁਰਖ ਤਿੰਨਾਂ

ਲੋਕਾਂ ਵਿਚ ਪਰਵਾਨ = ਪ੍ਰਮਾਣਨੀਕ ਹਨ। ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਸੇ = ਉਹ ਪੁਰਖ ਪ੍ਰਧਾਨ = ਮੁਖੀ ਹਨ **ਵਾ:** ਜੋ ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਸੇ = ਉਹ ਜਨ = ਪੁਰਖ ਸਤ, ਸੰਤੋਖ ਗੁਣਾਂ ਦੇ ਸਹਿਤ ਹੋ ਕੇ ਪ੍ਰਮਾਣਨੀਕ ਹਨ ਅਤੇ ਪ੍ਰਭੂ ਨੂੰ ਸਿਮਰਨੇ ਕਰਕੇ ਕਾਮ ਕ੍ਰੋਧ ਨੂੰ ਜਿੱਤ ਕੇ ਸੇ = ਉਹ ਪੁਰਖ ਲੋਕ ਪ੍ਰਲੋਕ ਵਿਚ ਮੁਖੀ ਹਨ।

## ਪ੍ਰਭ ਕਉ ਸਿਮਰਹਿ; ਸਿ ਬੇਮੁਹਤਾਜੇ ॥
## ਪ੍ਰਭ ਕਉ ਸਿਮਰਹਿ; ਸਿ ਸਰਬ ਕੇ ਰਾਜੇ ॥

ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਸਿ = ਉਹ ਬੇਮੁਹਤਾਜੇ = ਬੇਪ੍ਰਵਾਹ ਰਹਿੰਦੇ ਹਨ, ਭਾਵ ਉਨ੍ਹਾਂ ਨੂੰ ਕਿਸੇ ਦੀ ਖ਼ੁਸ਼ਾਮਦ ਨਹੀਂ ਕਰਨੀ ਪੈਂਦੀ। ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਸਿ = ਉਹ ਸਰਬ = ਸਾਰਿਆਂ ਕੇ = ਦੇ ਰਾਜੇ ਹਨ, ਭਾਵ ਉਹ ਸਾਰੀ ਦੁਨੀਆਂ ਦੇ ਬਾਦਸ਼ਾਹ ਹਨ।

**ਸਾਖੀ—ਅਦਨ ਦੇਸ਼ ਦੇ ਰਾਜੇ ਦੀ :** ਜਿਵੇਂ ਕਿ ਇਕ ਅਦਨ ਦੇਸ਼ ਦਾ ਬਾਦਸ਼ਾਹ ਸੀ, ਉਹ ਆਪਣਾ ਸਾਰਾ ਰਾਜ ਭਾਗ ਆਪਣੇ ਪੁੱਤਰ ਨੂੰ ਦੇ ਕੇ ਆਪ ਜੰਗਲਾ ਵਿਚ ਤਪ ਕਰਨ ਲੱਗ ਪਿਆ। ਇਕ ਦਰਿਆ ਦੇ ਕਿਨਾਰੇ 'ਤੇ ਬੈਠ ਗਿਆ। ਕੁਝ ਸਮਾਂ ਲੰਘਿਆ ਤਾਂ ਉਸ ਦਾ ਪੁੱਤਰ ਆਪਣੀਆਂ ਫ਼ੌਜਾਂ ਨੂੰ ਲੈ ਕੇ ਪਿਤਾ ਨੂੰ ਮਿਲਣ ਲਈ ਆਇਆ ਤੇ ਕਹਿਣ ਲੱਗਾ ਕਿ ਤੁਹਾਡੇ ਸਾਧੂ ਬਣਨ ਕਰਕੇ ਲੋਕ ਮੈਨੂੰ ਨਾਲਾਇਕ ਕਹਿੰਦੇ ਹਨ, ਕਿ ਪਿਤਾ ਜੰਗਲਾਂ ਉਜਾੜਾਂ ਵਿਚ ਰੁਲਦਾ ਫਿਰਦਾ ਹੈ ਤੇ ਆਪ ਰਾਜ ਮਹਿਲਾਂ ਵਿਚ ਰਹਿੰਦਾ ਹੈ। ਤੁਸੀਂ ਮੇਰੇ ਨਾਲ ਘਰ ਚੱਲੋ। ਮੈਂ ਤੁਹਾਡੀ ਸੇਵਾ ਵਿਚ ਕੋਈ ਢਿਲ ਨਹੀਂ ਰੱਖਾਂਗਾ। ਰਾਜਾ ਕਹਿਣ ਲੱਗਾ ਕਿ ਪੁੱਤਰ, ਅੱਜ ਮੇਰਾ ਹੁਕਮ ਸਾਰੇ ਪਾਸੇ ਚੱਲਦਾ ਹੈ। ਮੈਂ ਹੁਣ ਰਾਜ ਤੋਂ ਕੀ ਲੈਣਾ ਹੈ ? ਉਸ ਦਾ ਪੁੱਤਰ ਕਹਿਣ ਲੱਗਾ ਕਿ ਹੁਣ ਤੁਹਾਡਾ ਹੁਕਮ ਕਿਸ 'ਤੇ ਅਤੇ ਕਿਵੇਂ ਚੱਲਦਾ ਹੈ ? ਨਾ ਤੁਹਾਡੇ ਕੋਲ ਰਾਜ ਹੈ, ਨਾ ਤਾਜ ਹੈ, ਨਾ ਹੁਣ ਤੁਸੀਂ ਰਾਜੇ ਹੋ। ਐਸਾ ਸੁਣ ਕੇ ਰਾਜੇ ਨੇ ਦਰਿਆ ਵਿਚ ਸੂਈ ਸੁੱਟ ਦਿੱਤੀ ਅਤੇ ਕਹਿਣ ਲੱਗਾ ਕਿ ਮੇਰੀ ਸੂਈ ਪਾਣੀ ਵਿੱਚੋਂ ਬਾਹਰ ਕੱਢਵਾ ਦੇ ? ਉਸ ਦਾ ਪੁੱਤਰ ਕਹਿਣ ਲੱਗਿਆ ਕਿ ਦੋ ਪੈਸੇ ਦੀ ਸੂਈ ਤੁਸੀਂ ਕੱਢ ਕੇ ਕੀ ਕਰਨੀ ਹੈ। ਉਹ ਕਹਿਣ ਲੱਗਾ ਕਿ ਮੈਂ ਇਸ ਨਾਲ ਗੋਦੜੀ (ਜੋ ਲੀਰਾਂ ਜੋੜ ਕੇ ਬਣਾਈ ਜਾਂਦੀ ਹੈ) ਸਿਉਂਦਾ ਸੀ। ਰਾਜੇ ਦਾ ਪੱਤੁਰ ਕਹਿਣ ਲੱਗਾ ਕਿ ਮੈਂ ਹੁਣੇ ਹੀ ਨਵੀਂ ਸੂਈ ਮੰਗਵਾ ਦਿੰਦਾ ਹਾਂ। ਤਾਂ ਰਾਜੇ ਨੇ ਕਿਹਾ ਕਿ ਨਹੀਂ। ਮੈਨੂੰ ਉਹੋ ਹੀ ਸੂਈ ਚਾਹੀਦੀ ਹੈ। ਉਸ ਨੇ ਆਪਣੀਆਂ ਸਾਰੀਆਂ ਫ਼ੌਜਾਂ ਨੂੰ ਦਰਿਆ ਵਿਚ ਸੂਈ ਲੱਭਣ ਲਈ ਭੇਜ ਦਿੱਤਾ। ਫ਼ੌਜਾਂ ਟੁੱਭੀਆਂ ਮਾਰਦੀਆਂ ਰਹੀਆਂ ਪਰੰਤੂ ਸੂਈ ਨਾ ਲੱਭੀ ਤੇ ਉਸਦੇ ਪਿਤਾ ਨੇ ਕਿਹਾ ਕਿ ਤੇਰੀਆਂ ਫ਼ੌਜਾਂ ਤੋਂ ਸੂਈ ਨਹੀਂ ਲੱਭੀ, ਹੁਣ ਮੈਂ ਆਪਣੀਆਂ ਫ਼ੌਜਾਂ ਤੋਂ ਕੱਢਵਾ ਕੇ ਦਿਖਾਂਦਾ ਹਾਂ। ਉਸ ਨੇ ਕਿਹਾ ਕਿ ਹੇ ਵਰਨ ਦੇਵਤਾ ! ਮੇਰੀ ਸੂਈ ਪਾਣੀ ਵਿੱਚੋਂ ਕੱਢ ਕੇ ਦੇਵੋ। ਉਸ ਵੇਲੇ ਵਰਨ ਦੇਵਤੇ ਨੇ ਮੱਛੀ ਦੇ ਰੂਪ ਵਿਚ ਸੂਈ ਪਾਣੀ ਤੋਂ ਬਾਹਰ ਕੱਢ ਕੇ ਵਿਖਾ ਦਿੱਤੀ। ਉਸ ਦਾ ਪਿਤਾ ਕਹਿਣ ਲੱਗਾ ਕਿ ਵੇਖ, ਵਰਨ ਦੇਵਤਾ ਮੇਰਾ ਹੁਕਮ ਮੰਨਦਾ ਹੈ। ਤੂੰ ਐਵੇਂ ਹੀ ਆਪਣੀਆਂ ਫ਼ੌਜ਼ਾਂ ਦਾ ਹੰਕਾਰ ਕਰਦਾ ਹੈ। ਸੋ ਪਰਮੇਸ਼ਰ ਦਾ ਐਸਾ ਨਾਮ ਹੈ ਕਿ ਜੋ ਵੀ ਉਸ ਪਰਮੇਸ਼ਰ ਦਾ ਨਾਮ ਜਪਦੇ ਹਨ, ਉਨ੍ਹਾਂ ਦਾ ਹੁਕਮ ਸਾਰਿਆਂ ਉੱਤੇ ਚੱਲਦਾ ਹੈ।

## ਪ੍ਰਭ ਕਉ ਸਿਮਰਹਿ; ਸੇ ਸੁਖਵਾਸੀ ॥ ਪ੍ਰਭ ਕਉ ਸਿਮਰਹਿ; ਸਦਾ ਅਬਿਨਾਸੀ ॥

ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਸੇ = ਉਹ ਪੂਰਨ ਸੁਖ ਵਿਚ ਵਾਸੀ = ਵਸਣ ਵਾਲੇ ਹਨ। ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਉਹ ਸਦਾ = ਹਮੇਸ਼ਾਂ ਅਬਿਨਾਸੀ = ਨਾਸ ਤੋਂ ਰਹਿਤ ਹੋ ਜਾਂਦੇ ਹਨ।

## ਸਿਮਰਨ, ਤੇ ਲਾਗੇ; ਜਿਨ ਆਪਿ ਦਇਆਲਾ ॥
## ਨਾਨਕ ਜਨ ਕੀ; ਮੰਗੈ ਰਵਾਲਾ ॥੫॥

ਜਿਨ੍ਹਾਂ ਉੱਤੇ ਆਪ ਦਇਆਲਾ = ਦਇਆ ਦੇ ਘਰ ਪਰਮੇਸ਼ਰ ਦਿਆਲੂ ਹੋਣ ਤੇ = ਉਹ ਪੁਰਖ ਹੀ ਸਿਮਰਨ ਵਿਚ ਲਾਗੇ = ਲੱਗਦੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਸਿਮਰਨ ਕਰਨ ਵਾਲੇ ਐਸੇ ਜਨ = ਪੁਰਖਾਂ ਕੀ = ਦੀ ਰਵਾਲਾ = ਚਰਨ ਧੂੜੀ ਮੰਗੈ = ਮੰਗਦੇ ਹਾਂ ॥੫॥

## ਪ੍ਰਭ ਕਉ ਸਿਮਰਹਿ; ਸੇ ਪਰਉਪਕਾਰੀ ॥
## ਪ੍ਰਭ ਕਉ ਸਿਮਰਹਿ; ਤਿਨ ਸਦ ਬਲਿਹਾਰੀ ॥

ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਸੇ = ਉਹ ਪਰਉਪਕਾਰੀ = ਦੂਸਰਿਆਂ ਦਾ ਭਲਾ ਕਰਨ ਵਾਲੇ ਹਨ, (ਦੁਸ਼ਮਣ ਦੀ ਵੀ ਸਹਾਇਤਾ ਕਰਨੀ ਪਰਉਪਕਾਰ ਹੈ) ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਤਿਨ = ਉਨ੍ਹਾਂ ਦੇ ਉੱਪਰੋਂ ਸਦ = ਹਮੇਸ਼ਾਂ ਬਲਿਹਾਰੀ = ਕੁਰਬਾਨ ਜਾਂਦਾ ਹਾਂ।

## ਪ੍ਰਭ ਕਉ ਸਿਮਰਹਿ; ਸੇ ਮੁਖ ਸੁਹਾਵੇ ॥
## ਪ੍ਰਭ ਕਉ ਸਿਮਰਹਿ; ਤਿਨ ਸੂਖਿ ਬਿਹਾਵੈ ॥

ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਸੇ = ਉਹ ਮੁਖ = ਮੂੰਹ ਸੁਹਾਵੇ = ਸ਼ੋਭਨੀਕ ਹਨ।

ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਤਿਨ = ਉਨ੍ਹਾਂ ਦੀ ਸੂਖਿ = ਸੁਖ ਵਿਚ ਹੀ ਅਵਸਥਾ ਬਿਹਾਵੈ = ਬਤੀਤ ਹੁੰਦੀ ਹੈ।

## ਪ੍ਰਭ ਕਉ ਸਿਮਰਹਿ; ਤਿਨ ਆਤਮੁ ਜੀਤਾ ॥
## ਪ੍ਰਭ ਕਉ ਸਿਮਰਹਿ; ਤਿਨ ਨਿਰਮਲ ਰੀਤਾ ॥

ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਤਿਨ = ਉਨ੍ਹਾਂ ਨੇ ਆਪਣੇ ਆਤਮੁ = ਮਨ ਨੂੰ ਜੀਤਾ = ਜਿੱਤਿਆ ਹੈ। ਜੈਸਾ ਕਿ :

**ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥** *(ਅੰਗ ੨੫੮)*

ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਤਿਨ = ਉਨ੍ਹਾਂ ਦੀ ਰੀਤਾ = ਮਰਯਾਦਾ ਨਿਰਮਲ = ਉੱਜਲ ਹੈ।

## ਪ੍ਰਭ ਕਉ ਸਿਮਰਹਿ; ਤਿਨ ਅਨਦ ਘਨੇਰੇ ॥
## ਪ੍ਰਭ ਕਉ ਸਿਮਰਹਿ; ਬਸਹਿ ਹਰਿ ਨੇਰੇ ॥

ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਤਿਨ = ਉਨ੍ਹਾਂ ਨੂੰ ਘਨੇਰੇ = ਬਹੁਤੇ ਅਨਦ = ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਜੋ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਉਨ੍ਹਾਂ ਦੇ ਹਰਿ = ਹਰੀ ਵਾਹਿਗੁਰੂ ਹਰ ਵਕਤ ਨੇਰੇ = ਨੇੜੇ ਬਸਹਿ = ਵਸਦਾ ਹੈ।

## ਸੰਤ ਕ੍ਰਿਪਾ ਤੇ; ਅਨਦਿਨੁ ਜਾਗਿ ॥ ਨਾਨਕ; ਸਿਮਰਨੁ ਪੂਰੈ ਭਾਗਿ ॥੬॥

ਹੇ ਭਾਈ! ਸੰਤ = ਸਾਧੂਆਂ ਦੀ ਕ੍ਰਿਪਾ = ਦਇਆ ਦ੍ਰਿਸ਼ਟੀ ਤੇ = ਤੋਂ ਹੀ ਵਾਹਿਗੁਰੂ ਦੇ ਸਿਮਰਨ ਵਿਚ ਅਨਦਿਨੁ = ਰਾਤ ਦਿਨ ਜਾਗਿ = ਜਾਗਣਾ ਹੁੰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪੂਰੈ = ਪੂਰਨ ਭਾਗਿ = ਕਰਮਾਂ ਕਰਕੇ ਹੀ ਸਿਮਰਨੁ = ਭਜਨ ਪ੍ਰਾਪਤ ਹੁੰਦਾ ਹੈ ॥੬॥

## ਪ੍ਰਭ ਕੈ ਸਿਮਰਨਿ; ਕਾਰਜ ਪੂਰੇ ॥ ਪ੍ਰਭ ਕੈ ਸਿਮਰਨਿ; ਕਬਹੁ ਨ ਝੂਰੇ ॥

ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨ ਕਰਨੇ ਕੈ = ਕਰ ਕੇ ਸਭ ਕਾਰਜ = ਕੰਮ ਪੂਰੇ = ਪੂਰਨ ਹੁੰਦੇ ਹਨ। ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨ ਕੈ = ਕਰ ਕੇ ਕਦੀ ਪੁਰਖ ਝੂਰੇ = ਝੂਰਦੇ ਨ = ਨਹੀਂ ਹਨ।

## ਪ੍ਰਭ ਕੈ ਸਿਮਰਨਿ; ਹਰਿ ਗੁਨ ਬਾਨੀ ॥
## ਪ੍ਰਭ ਕੈ ਸਿਮਰਨਿ; ਸਹਜਿ ਸਮਾਨੀ ॥

ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਨ ਕੈ = ਕਰ ਕੇ ਹਰਿ = ਹਰੀ ਵਾਹਿਗੁਰੂ ਦੇ ਗੁਣਾਂ ਵਾਲੀ ਬਾਨੀ = ਬਾਣੀ ਨਿਕਲਦੀ ਹੈ **ਵਾ:** ਮੁਖੋਂ ਗਿਆਨ ਵਾਲੀ ਬਾਣੀ ਨਿਕਲਦੀ ਹੈ। ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਨ ਕੈ = ਕਰ ਕੇ ਸਹਜਿ = ਸੁਤੇ-ਸਿਧ ਹੀ ਬਿਰਤੀ ਵਾਹਿਗੁਰੂ ਵਿਚ ਸਮਾਨੀ = ਸਮਾ ਜਾਂਦੀ ਹੈ।

## ਪ੍ਰਭ ਕੈ ਸਿਮਰਨਿ; ਨਿਹਚਲ ਆਸਨੁ ॥
## ਪ੍ਰਭ ਕੈ ਸਿਮਰਨਿ; ਕਮਲ ਬਿਗਾਸਨੁ ॥

ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਨ ਕੈ = ਕਰ ਕੇ ਨਿਹਚਲ = ਅਚੱਲ ਆਸਨ ਪ੍ਰਾਪਤ ਹੋ ਜਾਂਦਾ ਹੈ, ਭਾਵ ਚਿੱਤ ਇਸਥਿਤ ਹੋ ਜਾਂਦਾ ਹੈ। ਪ੍ਰਭ = ਹਰੀ ਵਾਹਿਗੁਰੂ ਦਾ ਸਿਮਰਨ ਕੈ = ਕਰ ਕੇ ਰਿਦੇ ਰੂਪੀ ਕੌਲ ਬਿਗਾਸਨੁ = ਖਿੜ ਜਾਂਦਾ ਹੈ, ਭਾਵ ਕਰੁਣਾ ਮੈਤਰੀ ਰੂਪ ਪੰਖੜੀਆਂ ਵਿੱਚੋਂ ਪ੍ਰੀਤ ਰੂਪ ਖ਼ੁਸ਼ਬੂ ਆਉਂਦੀ ਹੈ।

## ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ ॥
## ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ ॥

ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨ ਕੈ = ਕਰ ਕੇ ਅਨਹਦ = ਇਕ-ਰਸ ਝੁਨਕਾਰ = ਅਨੰਦ ਦੇ ਵਾਜੇ ਵੱਜਦੇ ਹਨ। ਪ੍ਰਭ = ਹਰੀ ਵਾਹਿਗੁਰੂ ਦੇ ਸਿਮਰਨ = ਭਜਨ ਕਾ = ਦਾ ਜੋ ਸੁਖ ਹੈ, ਉਸ ਦੇ ਅੰਤ ਦਾ ਪਾਰ = ਪਰਲਾ ਕਿਨਾਰਾ ਨਹੀਂ ਪਾਇਆ ਜਾ ਸਕਦਾ।

## ਸਿਮਰਹਿ ਸੇ ਜਨ; ਜਿਨ ਕਉ ਪ੍ਰਭ ਮਇਆ ॥

ਸੇ = ਉਹ ਜਨ = ਪੁਰਖ ਪਰਮੇਸ਼ਰ ਕਉ = ਨੂੰ ਸਿਮਰਹਿ = ਯਾਦ ਕਰਦੇ ਹਨ, ਜਿਨ = ਜਿਨ੍ਹਾਂ ਕਉ = ਦੇ ਉੱਪਰ ਪ੍ਰਭ = ਵਾਹਿਗੁਰੂ ਦੀ ਮਇਆ = ਕਿਰਪਾ ਦ੍ਰਿਸ਼ਟੀ ਹੁੰਦੀ ਹੈ।

## ਨਾਨਕ, ਤਿਨ ਜਨ; ਸਰਨੀ ਪਇਆ ॥੭॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੈਂ ਤਿਨ = ਉਨ੍ਹਾਂ ਜਨ = ਪੁਰਖਾਂ ਦੀ ਸਰਨੀ = ਓਟ ਵਿਚ ਪਇਆ = ਪੈਣਾ ਕਰਦਾ ਹਾਂ ॥੭॥

## ਹਰਿ ਸਿਮਰਨੁ ਕਰਿ; ਭਗਤ ਪ੍ਰਗਟਾਏ ॥ ਹਰਿ ਸਿਮਰਨਿ ਲਗਿ; ਬੇਦ ਉਪਾਏ ॥

ਹਰਿ = ਹਰੀ ਵਾਹਿਗੁਰੂ ਦਾ ਸਿਮਰਨ = ਭਜਨ ਕਰਿ = ਕਰ ਕੇ ਹੀ ਦੁਨੀਆਂ ਵਿਚ ਭਗਤ ਪ੍ਰਗਟਾਏ = ਪ੍ਰਸਿੱਧ ਹੋਏ ਹਨ **ਵਾ:** ਪਰਮੇਸ਼ਰ ਦਾ ਸਿਮਰਨ ਹੋਰ ਵੀ ਕਰਨ ਇਸ ਲਈ ਭਗਤ ਪ੍ਰਗਟ ਕੀਤੇ ਹਨ।

ਹਰਿ = ਹਰੀ ਵਾਹਿਗੁਰੂ ਦੇ ਸਿਮਰਨ ਵਿਚ ਲਗਿ = ਲੱਗ ਕੇ ਹੀ ਬ੍ਰਹਮਾ ਨੇ ਵੇਦਾਂ ਨੂੰ ਉਪਾਏ = ਪ੍ਰਗਟ ਕੀਤਾ ਹੈ ਭਾਵ ਬ੍ਰਹਮਾ ਜੀ ਦੇ ਅੰਦਰ ਕੋਈ ਸ਼ਕਤੀ ਨਹੀਂ ਸੀ, ਜਦੋਂ ਕੌਲ ਦੀ ਨਾਲੀ 'ਚੋਂ ਨਿਕਲ ਕੇ, ਵਾਸੁਦੇਵ ਦਾ ਜਾਪ ਕੀਤਾ, ਫੇਰ ਚਾਰੇ ਵੇਦ ਉਪਾਏ = ਉਤਪੰਨ ਕੀਤੇ **ਵਾ:** ਇਸ ਕਰਕੇ ਹੇ ਜੀਵ = ਉਹ ਹਰੀ ਵਾਹਿਗੁਰੂ ਦੇ ਸਿਮਰਨ ਵਿਚ ਲਗਿ = ਲੱਗੋ, ਜਿਸ ਨੇ ਬ੍ਰਹਮਾ ਨੂੰ ਵੇਦ ਉਪਾਏ = ਉਤਪੰਨ ਕਰਨ ਦੀ ਸ਼ਕਤੀ ਦਿੱਤੀ। ਜੈਸਾ ਕਿ :

**ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥** *(ਮਲਾਰ ਵਾਰ ਮ: ੧, ਅੰਗ ੧੨੭੯)*

## ਹਰਿ ਸਿਮਰਨਿ; ਭਏ ਸਿਧ ਜਤੀ ਦਾਤੇ ॥ ਹਰਿ ਸਿਮਰਨਿ; ਨੀਚ ਚਹੁ ਕੁੰਟ ਜਾਤੇ ॥

ਹਰਿ = ਹਰੀ ਵਾਹਿਗੁਰੂ ਦੇ ਸਿਮਰਨ ਕਰ ਕੇ ਹੀ ਸਿਧ = ਸਿਧੀ ਦੀ ਪ੍ਰਾਪਤੀ ਵਾਲੇ ਜੋਗੀ ਲੋਕ, ਜਤੀ = ਜਤ ਰੱਖਣ ਵਾਲੇ ਜਤੀ ਤੇ ਦਾਤੇ = ਦਾਨੇ ਆਦਿ ਭਏ = ਹੋਏ ਹਨ, ਭਾਵ ਸ਼ਕਤੀਆਂ ਦੇ ਮਾਲਕ ਹੋ ਗਏ, ਦਾਤਾਂ ਦੇਣ ਵਾਲੇ ਦਾਤੇ ਵੀ ਬਣ ਗਏ ਹਨ। ਹਰਿ = ਹਰੀ ਵਾਹਿਗੁਰੂ ਦੇ ਸਿਮਰਨ ਕਰਕੇ ਨੀਚ = ਨੀਵੇਂ ਭਾਵ ਨੀਚ ਜਾਤੀ ਵਾਲੇ ਵੀ ਚਹੁ ਕੁੰਟ = ਚਾਰੇ ਦਿਸ਼ਾਵਾਂ ਉੱਤਰ ਦੱਖਣ, ਪੂਰਬ ਪੱਛਮ ਵਿਚ ਜਾਤੇ = ਜਾਣੇ ਗਏ ਹਨ। ਜੈਸਾ ਕਿ :

**ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥**
**ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ ॥੧॥** *(ਸੂਹੀ ਮ: ੪, ਅੰਗ ੭੩੩)*

**ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ ॥**
**ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ ॥੨॥** *(ਅੰਗ ੭੩੩)*

## ਹਰਿ ਸਿਮਰਨਿ; ਧਾਰੀ ਸਭ ਧਰਨਾ ॥
## ਸਿਮਰਿ ਸਿਮਰਿ; ਹਰਿ ਕਾਰਨ ਕਰਨਾ ॥

ਹੇ ਭਾਈ ! ਹਰਿ = ਹਰੀ ਵਾਹਿਗੁਰੂ ਦਾ ਸਿਮਰਨ ਕਰੋ, ਜਿਸ ਨੇ ਸਭ = ਸਾਰੀ ਧਰਨਾ = ਧਰਤੀ ਆਪਣੇ ਆਸਰੇ ਧਾਰੀ = ਕਾਇਮ ਕੀਤੀ ਹੈ **ਵਾ:** ਪ੍ਰਭੂ ਨੇ ਸਿਮਰਨ ਦੀ ਸ਼ਕਤੀ ਕਰਕੇ ਹੀ ਸਭ = ਸਾਰੀ ਧਰਨਾ = ਧਰਤੀ ਆਪਣੇ ਧਰਮ ਰੂਪੀ ਸਿਰ ਉੱਤੇ ਫੁੱਲ ਵਾਂਗ ਧਾਰੀ = ਟਿਕਾਈ ਹੋਈ ਹੈ।

ਜੋ ਹਰਿ = ਹਰੀ ਵਾਹਿਗੁਰੂ ਸਭ ਕਾਰਨ = ਕਾਰਜਾਂ ਦੇ ਸਾਧਨ ਕਰਨਾ = ਕਰਨ ਵਾਲਾ ਹੈ, ਉਸ ਦੇ ਸਿਮਰਿ = ਸਿਮਰਨ ਨੂੰ ਸਿਮਰਿ = ਸਿਮਰਨਾ ਕਰੋ **ਵਾ:** ਜੋ ਕਾਰਜ ਕਰਨਾ ਹੈ, ਉਹ ਹਰੀ ਵਾਹਿਗੁਰੂ ਦੇ ਸਿਮਰਨ ਨੂੰ ਸਿਮਰ ਕੇ ਕਰੋ, ਫੇਰ ਕੋਈ ਵਿਘਨ ਨਹੀਂ ਪਵੇਗਾ।

## ਹਰਿ ਸਿਮਰਨਿ; ਕੀਓ ਸਗਲ ਅਕਾਰਾ ॥ ਹਰਿ ਸਿਮਰਨ ਮਹਿ; ਆਪਿ ਨਿਰੰਕਾਰਾ ॥

ਹਰਿ = ਹਰੀ ਵਾਹਿਗੁਰੂ ਦੇ ਸਿਮਰਨ ਕਰਨ ਵਾਸਤੇ ਇਹ ਸਗਲ = ਸਾਰਾ ਅਕਾਰ ਬਣਾਉਣਾ ਕੀਓ = ਕੀਤਾ ਹੈ **ਵਾ:** ਹਰੀ ਨੇ ਸਿਮਰਨ ਕਰਾਉਣ ਵਾਸਤੇ ਸਗਲ = ਸਾਰਿਆਂ ਅਕਾਰਾ = ਸਰੀਰਾਂ ਨੂੰ ਬਣਾਉਣਾ ਕੀਓ = ਕੀਤਾ ਹੈ। ਜੈਸਾ ਕਿ :

**ਜੇਤਾ ਕੀਤਾ ਤੇਤਾ ਨਾਉ ॥** *(ਜਪੁ ਜੀ, ਅੰਗ ੪)*

ਹਰਿ = ਹਰੀ ਦੇ ਨਾਮ ਸਿਮਰਨ ਮਹਿ = ਵਿਚ **ਵਾ:** ਨਾਮ ਸਿਮਰਨ ਕਰਨ ਵਾਲੇ ਦੇ ਵਿਚ ਨਿਰੰਕਾਰਾ = ਪਰਮੇਸ਼ਰ ਆਪ ਆ ਕੇ ਵੱਸਦਾ ਹੈ ਭਾਵ ਸਾਖਿਆਤ ਹੋ ਜਾਂਦਾ ਹੈ।

## ਕਰਿ ਕਿਰਪਾ; ਜਿਸੁ ਆਪਿ ਬੁਝਾਇਆ ॥

ਵਾਹਿਗੁਰੂ ਨੇ ਕਿਰਪਾ ਕਰਿ = ਕਰ ਕੇ ਜਿਸ ਨੂੰ ਆਪ ਬੁਝਾਇਆ = ਸਮਝਾਇਆ ਹੈ।

## ਨਾਨਕ, ਗੁਰਮੁਖਿ; ਹਰਿ ਸਿਮਰਨੁ ਤਿਨਿ ਪਾਇਆ ॥੮॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਨਿ = ਉਸ ਨੇ ਹੀ ਗੁਰਮੁਖਿ = ਮੁਖੀ ਗੁਰਾਂ ਦੁਆਰਾ ਹਰਿ = ਹਰੀ ਵਾਹਿਗੁਰੂ ਦੇ ਸਿਮਰਨ ਨੂੰ ਪਾਇਆ = ਪਾਉਣਾ ਕੀਤਾ ਹੈ ॥੮॥੧॥

(ਪਹਿਲੀ ਅਸਟਪਦੀ ਵਿਚ ਰਹਾਉ ਪਦ ਤੇ ਰਹਾਉ ਵਾਲੀਆਂ ਪੰਗਤੀਆਂ ਸਮੇਤ ਪੂਰੇ ਅੱਖਰ ੧੧੩੪, ਪੈਰਾਂ ਵਾਲੇ ਰਾਰੇ ੬੧, ਅੱਧੇ ਅੱਖਰ ੨ ਕੁੱਲ ਅੱਖਰ ੧੧੯੭ ਹਨ।)

***ਨੋਟ :*** ਸਾਰੀਆਂ ਅਸਟਪਦੀਆਂ ਦੇ ਸਲੋਕ ਤੇ ਅਸਟਪਦੀ ਪਦ ਸਮੇਤ ਅੱਖਰਾਂ ਦੀ ਗਿਣਤੀ ਹੈ।

## ਸਲੋਕੁ ॥ ਦੀਨ ਦਰਦ ਦੁਖ ਭੰਜਨਾ; ਘਟਿ ਘਟਿ ਨਾਥ ਅਨਾਥ ॥

ਹੇ ਦੀਨ = ਗ਼ਰੀਬਾਂ ਦੀ ਦਰਦ = ਪੀੜਾ ਅਤੇ ਜੰਮਣ ਮਰਣ ਦੇ ਦੁੱਖਾਂ ਨੂੰ ਭੰਜਨਾ = ਭੰਨਣ ਵਾਲੇ ਹਰੀ ਵਾਹਿਗੁਰੂ ! ਆਪ ਘਟਿ ਘਟਿ = ਘਟਾਂ ਘਟਾਂ ਵਿਚ ਵਿਆਪਕ ਅਤੇ ਅਨਾਥਾਂ ਦੇ ਨਾਥ = ਸੁਆਮੀ ਹੋ।

**[ਅੰਗ ੨੬੪]**

## ਸਰਣਿ ਤੁਮ੍ਾਰੀ ਆਇਓ; ਨਾਨਕ ਕੇ ਪ੍ਰਭ ਸਾਥ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਹਰੀ ਵਾਹਿਗੁਰੂ ਮੈਂ ਗੁਰਾਂ ਕੇ = ਦੇ ਸਾਥ = ਨਾਲ ਮਿਲ ਕੇ ਤੁਮ੍ਾਰੀ = ਤੁਹਾਡੀ ਸਰਣਿ = ਓਟ ਵਿਚ ਆਇਓ = ਆਇਆ ਹਾਂ ॥੧॥

## ਅਸਟਪਦੀ ॥ ਜਹ ਮਾਤ ਪਿਤਾ; ਸੁਤ ਮੀਤ ਨ ਭਾਈ ॥

ਜਹ = ਜਿਥੇ ਤੇਰੇ ਮਾਤ = ਮਾਂ, ਪਿਤਾ = ਪਿਓ, ਸੁਤ = ਪੁੱਤਰ, ਮੀਤ = ਮਿੱਤਰ ਅਤੇ ਨਾ ਹੀ ਭਾਈ = ਭਰਾ ਨੇ ਸਹਾਇਤਾ ਕਰਨੀ ਹੈ।

## ਮਨ ਊਹਾ; ਨਾਮੁ ਤੇਰੈ ਸੰਗਿ ਸਹਾਈ ॥

ਹੇ ਮਨਾਂ! ਊਹਾ = ਉਥੇ ਹਰੀ ਦੇ ਨਾਮ ਨੇ ਹੀ ਤੇਰੇ ਸੰਗਿ = ਨਾਲ ਸਹਾਈ = ਸਹਾਇਕ ਹੋਣਾ ਹੈ।

## ਜਹ ਮਹਾ ਭਇਆਨ; ਦੂਤਜਮ ਦਲੈ ॥ ਤਹ ਕੇਵਲ ਨਾਮੁ; ਸੰਗਿ ਤੇਰੈ ਚਲੈ ॥

(ਦੂਸਰਾ ਪਾਠ **ਦੂਤ ਜਮ**)

ਜਹ = ਜਿਥੇ ਪਰਲੋਕ ਦੇ ਰਸਤੇ ਵਿਚ ਮਹਾ = ਵੱਡਾ ਭਇਆਨ = ਭੈਦਾਇਕ ਦੂਤਜਮ = ਜਮਦੂਤਾਂ ਦਾ ਦਲੈ = ਦਲ ਹੋਵੇਗਾ **ਵਾ:** ਜਮ ਦੇ ਦੂਤ ਦਲੈ = ਨਾਸ਼ ਕਰਨਗੇ। ਜੈਸਾ ਕਿ :

**ਤਹ ਕਰ ਦਲ ਕਰਨਿ ਮਹਾ ਬਲੀ ਤਿਨ ਆਗਲੜੈਮੈ ਰਹਣੁ ਨ ਜਾਇ ॥੪॥**

*(ਸਿਰੀਰਾਗ ਤ੍ਰਿਲੋਚਨ ਜੀ, ਅੰਗ ੯੨)*

ਤਹ = ਉਥੇ ਕੇਵਲ = ਸਿਰਫ਼ ਹਰੀ ਵਾਹਿਗੁਰੂ ਦਾ ਨਾਮ ਹੀ ਤੇਰੇ ਸੰਗਿ = ਨਾਲ ਚਲੈ = ਚੱਲੇਗਾ, ਜੋ ਕੈਵਲ ਮੁਕਤੀ ਦੇ ਦੇਣ ਵਾਲਾ ਹੈ।

## ਜਹ ਮੁਸਕਲ ਹੋਵੈ; ਅਤਿ ਭਾਰੀ ॥
## ਹਰਿ ਕੋ ਨਾਮੁ; ਖਿਨ ਮਾਹਿ ਉਧਾਰੀ ॥

ਜਹ = ਜਿਥੇ ਅੰਤ ਵੇਲੇ ਅਤਿ = ਅਤਿਅੰਤ ਭਾਰੀ ਮੁਸਕਲ = ਤਕਲੀਫ਼ ਹੋਵੈ = ਹੋਵੇਗੀ, ਭਾਵ ਅੰਤ ਸਮੇਂ ਔਗੁਣ ਘੇਰਾ ਪਾਉਣਗੇ, ਅਤਿਅੰਤ ਔਕੜ ਦਾ ਸਮਾਂ ਹੋਵੇਗਾ। ਉਥੇ ਹਰਿ = ਹਰੀ ਵਾਹਿਗੁਰੂ ਕੋ = ਦਾ ਨਾਮ ਇਕ ਖਿਨ = ਛਿਨ ਮਾਹਿ = ਵਿਚ ਹੀ ਉਧਾਰੀ = ਉਧਾਰ ਕਰ ਦੇਵੇਗਾ, ਭਾਵ ਦੁੱਖਾਂ ਤੋਂ ਬਚਾ ਲਵੇਗਾ।

## ਅਨਿਕ ਪੁਨਹਚਰਨ ਕਰਤ; ਨਹੀ ਤਰੈ ॥
## ਹਰਿ ਕੋ ਨਾਮੁ; ਕੋਟਿ ਪਾਪ ਪਰਹਰੈ ॥

ਅਨਿਕ = ਅਨੇਕ ਤਰ੍ਹਾਂ ਦੇ ਪਾਪਾਂ ਦੀ ਨਵਿਰਤੀ ਵਾਸਤੇ ਪੁਨਹਚਰਨ = ਪ੍ਰਾਸਚਿਤ ਕਰਮ ਕਰਤ = ਕਰਦਿਆਂ ਵੀ ਤੂੰ ਤਰੈ = ਮੁਕਤ ਨਹੀਂ ਹੋ ਸਕੇਂਗਾ। ਹਰਿ = ਹਰੀ ਵਾਹਿਗੁਰੂ ਕੋ = ਦਾ ਨਾਮ ਕੋਟਿ = ਕਰੋੜਾਂ ਪਾਪਾਂ ਨੂੰ ਪਰਹਰੈ = ਨਾਸ ਕਰ ਦਿੰਦਾ ਹੈ। ਜੈਸਾ ਕਿ :

**ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ ॥** *(ਅੰਗ ੧੩੫੫)*

## ਗੁਰਮੁਖਿ ਨਾਮੁ ਜਪਹੁ; ਮਨ ਮੇਰੇ ॥ ਨਾਨਕ; ਪਾਵਹੁ ਸੂਖ ਘਨੇਰੇ ॥੧॥

ਹੇ ਮੇਰੇ ਮਨਾਂ! ਮੁਖੀ ਗੁਰਾਂ ਦੁਆਰਾ **ਵਾ:** ਗੁਰਮੁਖ ਬਣ ਕੇ ਨਾਮ ਜਪਹੁ = ਜਪਣਾ ਕਰ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸੇ ਪ੍ਰਕਾਰ ਨਾਮ ਜਪਣੇ ਕਰ ਕੇ ਘਨੇਰੇ = ਘਣੇ ਸੁੱਖਾਂ ਨੂੰ ਪਾਵਹੁ = ਪਾ ਲਵੇਂਗਾ ॥੧॥

## ਸਗਲ ਸ੍ਰਿਸਟਿ ਕੋ; ਰਾਜਾ ਦੁਖੀਆ ॥
## ਹਰਿ ਕਾ ਨਾਮੁ ਜਪਤ; ਹੋਇ ਸੁਖੀਆ ॥

ਸਗਲ = ਸਾਰੀ ਸ੍ਰਿਸਟਿ = ਦੁਨੀਆਂ ਕੋ = ਦਾ ਰਾਜਾ ਵੀ ਸਿਮਰਨ ਤੋਂ ਬਿਨਾਂ ਦੁਖੀਆ = ਦੁਖੀ ਹੈ, ਪਰ ਉਹ ਵੀ ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਜਪਤ = ਜਪ ਕੇ ਸੁਖੀਆ = ਸੁਖੀ ਹੋਇ = ਹੋ ਜਾਂਦਾ ਹੈ, ਜਿਵੇਂ ਗੁਪਾਲਪੁਰੇ ਦੇ ਕੋਹੜੀ ਰਾਜੇ ਦਾ ਕੋਹੜ ਨਾਮ ਸਿਮਰਨ ਕਰਕੇ ਠੀਕ ਹੋਇਆ ਸੀ। ਅਰਥਾਤ ਜਿੰਨਾ ਸਾਰੀ ਦੁਨੀਆਂ ਨੂੰ ਦੁਖ ਹੈ, ਉਤਨਾ ਰਾਜੇ ਨੂੰ ਰਾਜ ਸੰਭਾਲਣ ਦਾ ਦੁਖ ਹੈ, ਜਾਰਜ ਪੰਚਮ ਅੰਗਰੇਜ਼ਾਂ ਦਾ ਬਾਦਸ਼ਾਹ ਸੀ, ਜਦੋਂ ਪਹਿਲੀ ਵਾਰ ਜਰਮਨ ਦੀ ਲੜਾਈ ੧੯੧੩ ਵਿਚ ਲੱਗੀ ਸੀ, ਇਸ ਨੂੰ ਨੀਂਦ ਆਉਣ ਤੋਂ ਹਟ ਗਈ ਸੀ, ਬਿਜਲੀ ਨਾਲ ਸੁਲਾਇਆ ਕਰਦੇ ਸਨ। ਇਤਨਾ ਦੁਖ ਸੀ, ਜੇ ਨਾਮ ਜਪੇ ਤਾਂ ਦੁਖੀ ਵੀ ਸੁਖੀ ਹੋ ਸਕਦਾ ਹੈ।

## ਲਾਖ ਕਰੋਰੀ; ਬੰਧੁਨ ਪਰੈ ॥ ਹਰਿ ਕਾ ਨਾਮੁ ਜਪਤ; ਨਿਸਤਰੈ ॥

(ਦੂਸਰਾ ਪਾਠ **ਬੰਧੁ ਨ** ਹੈ)

ਭਾਵੇਂ ਲਾਖ = ਲੱਖਾਂ ਕਰੋਰੀ = ਕਰੋੜਾਂ ਬੰਧੁਨ = ਬੰਨਣ ਪਰੈ = ਪੈ ਜਾਣ।

ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਜਪਤ = ਜਪਣੇ ਕਰ ਕੇ ਸੰਸਾਰ-ਸਮੁੰਦਰ ਤੋਂ ਨਿਸਤਰੈ = ਤਰ ਜਾਈਦਾ ਹੈ।

***ਨੋਟ :*** ਸੰਪ੍ਰਦਾ ਵਿਚ ਪ੍ਰਕਰਣ ਅਨੁਸਾਰ 'ਬੰਧੁਨ' ਪਾਠ ਇਕੱਠਾ ਹੀ ਕੀਤਾ ਜਾਂਦਾ ਹੈ। ਵਿਆਕਰਣ ਅਨੁਸਾਰ ਕਈ ਵਿਖਿਆਕਾਰ 'ਬੰਧੁਨ' ਵਾਲੇ ਧੱਧੇ ਨੂੰ ਔਕੁੜ ਲੱਗਿਆ ਹੋਣ ਕਰਕੇ 'ਨ' ਅੱਖਰ ਅੱਲਗ ਕਰ ਦਿੰਦੇ ਹਨ, ਪਰ ਆਪ ਹੀ ਵਿਆਕਰਣ ਦੀ ਰੀਤ ਅਨੁਸਾਰ ਅਰਥ ਕਰਨ ਵਾਲੇ ਵਿਆਕਰਣ ਦੀ ਰੀਤ ਨੂੰ ਛੱਡ ਕੇ ਕਈ ਜਗ੍ਹਾ ਅਰਥ ਅਤੇ ਉਚਾਰਨ ਨੱਨੇ ਦੇ ਸਮੇਤ ਕਰਦੇ ਹਨ, ਉਦਾਹਰਣ ਵਜੋਂ ਜੈਸਾ ਕਿ :

**ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥** *(ਅੰਗ ੧੧੧੬)*

ਇਥੇ 'ਜਮੁਨ' ਮੱਮੇ ਨੂੰ ਔਕੁੜ ਹੈ ਜੋ ਵਿਆਕਰਣ ਅਨੁਸਾਰ 'ਨ' ਅੱਖਰ ਵੱਖਰਾ ਚਾਹੀਦਾ ਸੀ। ਪਰ 'ਨ' ਅੱਖਰ ਵੱਖਰਾ ਕਰਨ ਨਾਲ ਅਰਥ ਦਾ ਅਨਰਥ ਹੋ ਜਾਵੇਗਾ। ਇਸ ਲਈ ਸਾਰੇ ਵਿਆਖਿਆਕਾਰ, ਟੀਕਾਕਾਰ 'ਜਮੁਨ' ਪਾਠ ਇੱਕਠਾ ਹੀ ਕਰਕੇ ਹੀ ਅਰਥ ਕਰਦੇ ਹਨ।

ਗੁਰਬਾਣੀ ਦਾ ਆਪਣਾ ਸਰੂਪ ਸੁਤੰਤਰ ਹੈ, ਜਿਵੇਂ ਅਕਾਲ ਪੁਰਖ ਕਿਸੇ ਦੇ ਅਧੀਨ ਨਹੀਂ, ਇਸੇ ਤਰ੍ਹਾਂ ਉਸ ਦੀ 'ਅਕਾਲ ਗੋ' ਬਾਣੀ ਵੀ ਵਿਆਕਰਣ ਆਦਿ ਕਿਸੇ ਦੇ ਅਧੀਨ ਨਹੀਂ ਹੈ, ਕਿਉਂਕਿ ਵਿਆਕਰਣ ਜੀਵ ਕ੍ਰਿਤ ਹੈ ਬਾਣੀ ਧੁਰੋਂ ਆਈ ਅਵਾਜ਼ ਹੈ।

ਵਿਆਕਰਣ ਗੁਰੂ ਘਰ ਦੀ ਦਾਸੀ ਬਣ ਕੇ ਤਾਂ ਬਹੁਤ ਸਾਰੇ ਸ਼ਬਦਾਂ ਵਿਚ ਵਿਆਖਿਆ ਵੀ ਕਰ ਸਕਦੀ ਹੈ, ਪਰ ਸਾਰੇ ਥਾਵਾਂ 'ਤੇ ਵਿਆਕਰਣ ਲਾਗੂ ਨਹੀਂ, ਜਿਵੇਂ ਅੱਜਕਲ੍ਹ ਦੇ ਵਿਦਵਾਨ ਇਹ ਸੋਚਦੇ ਹਨ ਕਿ ਬਾਣੀ ਵਿਆਕਰਣ ਅਨੁਸਾਰ ਹੈ, ਇਸ ਦੇ ਨਾਲ ਬਾਣੀ ਦੀ ਸੁਤੰਤਰਤਾ ਹੀ ਖ਼ਤਮ ਹੋ ਜਾਂਦੀ ਹੈ। ਸੋ ਵਿਆਕਰਣ ਭਾਸ਼ਾ ਤੇ ਤਾਂ ਲਾਗੂ ਹੋ ਸਕਦੀ ਹੈ, ਪਰ ਬਾਣੀ ਉੱਪਰ ਨਹੀਂ। ਉਦਾਹਰਣ ਵਜੋਂ ਕੁਝ ਹੋਰ ਪ੍ਰਮਾਣ ਹਨ। ਜੈਸਾ ਕਿ :

**ਸਚੁ ਮਨ ਕਾਰਣਿ ਤਤੁ ਬਿਲੋਵੈ ॥ ਸੁਭਰ ਸਰਵਰਿ ਮੈਲੁਨ ਧੋਵੈ ॥** *(ਅੰਗ ੪੧੧)*

**ਰਸਨਾ ਏਕ ਜਸੁ ਗਾਇ ਨ ਸਾਕੈ ਬਹੁ ਕੀਜੈ ਬਹੁ ਰਸੁਨ ਥੇ ॥** *(ਅੰਗ ੧੩੨੦)*

## ਅਨਿਕ ਮਾਇਆ ਰੰਗ; ਤਿਖ ਨ ਬੁਝਾਵੈ ॥ ਹਰਿ ਕਾ ਨਾਮੁ ਜਪਤ; ਆਘਾਵੈ ॥

ਅਨਿਕ = ਅਨੇਕ ਪ੍ਰਕਾਰ ਦੀ ਮਾਇਆ ਦੇ ਰੰਗ = ਅਨੰਦ ਵੀ ਤ੍ਰਿਸ਼ਨਾ ਦੀ ਤਿਖ = ਤ੍ਰੇਹ ਨੂੰ ਬੁਝਾਵੈ = ਬੁਝਾ ਨ = ਨਹੀਂ ਸਕਦੇ। ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਜਪਤ = ਜਪਣ ਕਰਕੇ ਹੀ ਆਘਾਵੈ = ਰੱਜ ਆ ਸਕਦਾ ਹੈ।

## ਜਿਹ ਮਾਰਗਿ; ਇਹੁ ਜਾਤ ਇਕੇਲਾ ॥ ਤਹ ਹਰਿ ਨਾਮੁ ਸੰਗਿ; ਹੋਤ ਸੁਹੇਲਾ ॥

ਜਿਹ = ਜਿਥੇ ਜਮਾਂ ਦੇ ਮਾਰਗਿ = ਰਸਤੇ ਇਹ ਜੀਵ ਇਕੇਲਾ = ਇਕੱਲਾ ਜਾਤ = ਜਾਂਦਾ ਹੈ। ਤਹ = ਉਥੇ ਹਰਿ = ਹਰੀ ਵਾਹਿਗੁਰੂ ਦਾ ਨਾਮ ਇਸ ਜੀਵ ਦੇ ਸੰਗਿ = ਨਾਲ ਸੁਹੇਲਾ = ਸੁਖਦਾਈ ਹੋਤ = ਹੁੰਦਾ ਹੈ।

## ਐਸਾ ਨਾਮੁ; ਮਨ ਸਦਾ ਧਿਆਈਐ ॥
## ਨਾਨਕ ਗੁਰਮੁਖਿ; ਪਰਮ ਗਤਿ ਪਾਈਐ ॥੨॥

ਇਸ ਕਰਕੇ ਹੇ ਮੇਰੇ ਮਨ ! ਐਸਾ = ਅਜਿਹੇ ਨਾਮ ਨੂੰ ਸਦਾ = ਹਮੇਸ਼ਾਂ ਧਿਆਈਐ = ਧਿਆਉਣਾ ਕਰ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਉਂ ਮੁਖੀ ਗੁਰਾਂ ਦੁਆਰਾ ਨਾਮ ਨੂੰ ਜਪ ਕੇ **ਵਾ:** ਗੁਰਮੁਖਾਂ ਦੀ ਸੰਗਤ ਕਰ ਕੇ ਪਰਮਗਤਿ = ਕੈਵਲ ਮੁਕਤੀ ਤਾਈਂ ਪਾਈਐ = ਪਾ ਲਵੇਂਗਾ ॥੨॥

## ਛੂਟਤ ਨਹੀ; ਕੋਟਿ ਲਖ ਬਾਹੀ ॥ ਨਾਮੁ ਜਪਤ; ਤਹ ਪਾਰਿ ਪਰਾਹੀ ॥

ਜਿਥੇ ਪ੍ਰਤੱਖ ਲੱਖਾਂ, ਕੋਟਿ = ਕਰੋੜਾਂ ਬਾਹੀ = ਬਾਹਵਾਂ ਵਾਲਾ ਜੀਵ ਹੋ ਕੇ ਵੀ **ਵਾ:** ਲੱਖਾਂ ਕਰੋੜਾਂ

ਜੋਧਿਆਂ, ਭਾਵ ਭਰਾਵਾਂ ਰੂਪੀ ਬਾਹਾਂ ਵਾਲਾ ਹੋ ਕੇ ਕਾਲ ਤੋਂ ਛੂਟਤ = ਛੁੱਟ ਨਹੀਂ ਸਕਦਾ **ਵਾ:** ਜਿਥੇ ਕੋਟਿ = ਕਿਲ੍ਹਿਆਂ ਦੀ ਓਟ ਕਰਕੇ ਅਤੇ ਲੱਖਾਂ ਧਨ ਖ਼ਰਚ ਕੇ ਵੀ **ਵਾ:** ਲੱਖਾਂ ਕਰੋੜਾਂ ਫ਼ੌਜਾਂ, ਸੂਰਮਿਆਂ ਦੀਆਂ ਬਾਹਾਂ ਕਰ ਕੇ ਵੀ ਜਮ ਤੋਂ ਛੂਟਤ = ਛੁੱਟ ਨਹੀਂ ਸਕਦਾ। ਨਾਮ ਜਪਤ = ਜਪਣ ਵਾਲਾ ਜੀਵ ਤਹ = ਉਥੇ ਪਾਰ ਪਰਾਹੀ = ਪੈ ਜਾਂਦਾ ਹੈ, ਭਾਵ ਮੁਕਤ ਹੋ ਜਾਂਦਾ ਹੈ।

## ਅਨਿਕ ਬਿਘਨ; ਜਹ ਆਇ ਸੰਘਾਰੈ ॥ ਹਰਿ ਕਾ ਨਾਮੁ; ਤਤਕਾਲ ਉਧਾਰੈ ॥

ਅਨਿਕ = ਅਨੇਕਾਂ ਬਿਘਨ = ਰੁਕਾਵਟਾਂ ਜਹ = ਜਿਥੇ ਆਇ = ਆ ਕੇ ਇਸ ਜੀਵ ਨੂੰ ਸੰਘਾਰੈ = ਨਾਸ਼ ਕਰਦੀਆਂ ਹਨ। ਉਥੇ ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਆ ਕੇ ਤਤਕਾਲ = ਜਲਦੀ ਭਾਵ ਸ਼ੀਘਰ ਹੀ ਵਿਘਨਾਂ ਤੋਂ ਉਧਾਰੈ = ਬਚਾ ਲੈਂਦਾ ਹੈ।

## ਅਨਿਕ ਜੋਨਿ; ਜਨਮੈ ਮਰਿ ਜਾਮ ॥ ਨਾਮੁ ਜਪਤ; ਪਾਵੈ ਬਿਸ੍ਰਾਮ ॥

ਅਨਿਕ = ਅਨੇਕਾਂ ਜੋਨਿ = ਜੂਨਾਂ ਵਿਚ ਪੈ ਕੇ ਜੀਵ ਜਨਮੈ = ਜੰਮਦਾ ਤੇ ਮਰਿ = ਮਰਦਾ ਹੈ ਤੇ ਮਰ ਕੇ ਫੇਰ ਜਾਮ = ਜੰਮਦਾ ਰਹਿੰਦਾ ਹੈ **ਵਾ:** ਮਰ ਕੇ ਜਾਮ = ਜਮਾਂ ਦੇ ਵਸ ਪੈ ਜਾਂਦਾ ਹੈ। ਜੇ ਜੀਵ ਨਾਮ ਜਪਤ = ਜਪ ਲੈਣ ਤਾਂ ਮਨ ਬਿਸ੍ਰਾਮ = ਟਿਕਾਅ ਪਾਵੈ = ਪਾਉਂਦਾ ਹੈ, ਜਿਸ ਕਰਕੇ ਦੁਬਾਰਾ ਜੂਨਾਂ ਵਿਚ ਨਹੀਂ ਆਉਣਾ ਪੈਂਦਾ।।

## ਹਉ ਮੈਲਾ; ਮਲੁ ਕਬਹੁ ਨ ਧੋਵੈ ॥ ਹਰਿ ਕਾ ਨਾਮੁ; ਕੋਟਿ ਪਾਪ ਖੋਵੈ ॥

ਜੀਵ ਹਉ = ਹਉਮੈ ਕਰਕੇ ਮੈਲਾ ਹੈ, ਜੋ ਪਾਪਾਂ ਦੀ ਮਲੁ = ਮੈਲ ਕਬਹੁ = ਕਦੇ ਵੀ ਨ = ਨਹੀਂ ਧੋਵੈ = ਧੋਂਦਾ। ਪਰ ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਕੋਟਿ = ਕਰੋੜਾਂ ਪਾਪਾਂ ਦੀ ਮੈਲ ਖੋਵੈ = ਮੇਟ ਦਿੰਦਾ ਹੈ।

## ਐਸਾ ਨਾਮੁ; ਜਪਹੁ ਮਨ ਰੰਗਿ ॥ ਨਾਨਕ; ਪਾਈਐ ਸਾਧ ਕੈ ਸੰਗਿ ॥੩॥

ਇਸ ਕਰਕੇ ਹੇ ਮਨਾਂ ! ਐਸਾ = ਅਜਿਹੇ ਨਾਮ ਨੂੰ ਰੰਗਿ = ਪ੍ਰੇਮ ਕਰ ਕੇ ਜਪਹੁ = ਜਪਣਾ ਕਰ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਸੰਗਿ = ਨਾਲ ਮਿਲ ਕੈ = ਕਰ ਕੇ ਹੀ ਇਹ ਅੰਮ੍ਰਿਤ ਨਾਮ ਪਾਈਐ = ਪਾਈਦਾ ਹੈ॥੩॥

## ਜਿਹ ਮਾਰਗ ਕੇ; ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ; ਊਹਾ ਸੰਗਿ ਤੋਸਾ ॥

ਜਿਹ = ਜਿਥੇ ਜਮਾਂ ਦੇ ਮਾਰਗ = ਰਸਤੇ ਕੇ = ਦੇ ਕੋਸਾ = ਕੋਹ ਗਨੇ = ਗਿਣੇ ਨ = ਨਹੀਂ ਜਾ ਸਕਦੇ। ਅਰਥਾਤ ਗਰੁੜ ਪੁਰਾਣ ਵਿਚ ੮੬੦੦੦ (ਛਿਆਸੀ ਹਜ਼ਾਰ) ਜੋਜਨ ਮਾਤ ਲੋਕ ਤੋਂ ਜਮ ਮਾਰਗ ਦਾ ਰਸਤਾ ਦੱਸਿਆ ਹੈ। ਹਰ ਰੋਜ਼ ਜੀਵ ਦੇ ਤਾਈਂ ੨੦੦੦ ਮੀਲ ਤੋਂ ਉਪਰ ਲੈ ਕੇ ਜਾਂਦੇ ਹਨ, ਗ੍ਰੰਥਾਂ ਅਨੁਸਾਰ ਕਹਿੰਦੇ ਹਨ ਕਿ ਪਾਪੀ ਪੁੰਨੀ ਦੋਨਾਂ ਨੂੰ ਇਕ ਸਾਲ ਵਿਚ ਲੈ ਜਾਂਦੇ ਹਨ। ਜੈਸਾ ਕਿ :

**ਸਹਸ ਛਿਆਸੀ ਜੋਜਨ ਭੂਰੀ॥ ਮ੍ਰਿਤ ਲੋਕ ਤੇ ਜਮਪੁਰ ਦੂਰੀ॥**
**ਆਠ ਹੈਂ ਠੌਰ ਮਗ ਮੈ ਭਾਰੀ॥ ਘੋਰਿ ਕਸਟ ਪਾਵਹਿ ਨਰ ਨਾਰੀ॥** *(ਗਰੁੜ ਪੁਰਾਣ)*

ਪਰ ਗੁਰਬਾਣੀ ਵਿਚ ਲਿਖਿਆ ਹੈ ਕਿ ਜਮਾਂ ਦੇ ਮਾਰਗ ਦੀ ਕੋਈ ਗਿਣਤੀ ਨਹੀਂ ਹੈ।

ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਹੀ ਊਹਾ = ਉਥੇ ਤੇਰੇ ਸੰਗਿ = ਨਾਲ ਤੋਸਾ = ਖ਼ਰਚ, ਭੋਜਨ ਰੂਪ ਖ਼ਜ਼ਾਨਾ ਹੋਵੇਗਾ।

**ਸਾਖੀ—ਮੂਰਖ ਰਾਜੇ ਦੀ :** ਇਕ ਰਾਜਾ ਜੋ ਹਰੀ ਵਾਹਿਗੁਰੂ ਤੋਂ ਬੇਮੁਖ, ਵਿਸ਼ਈ ਸੀ, ਪਰ ਉਸ ਦੀ ਰਾਣੀ ਬੜੀ ਸੂਝਵਾਨ ਤੇ ਸਤਿਸੰਗਤ ਕਰਨ ਵਾਲੀ ਸੀ। ਹਰ ਰੋਜ਼ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਪਰਮੇਸ਼ਰ ਦੇ ਸਿਮਰਨ ਵਿਚ ਜੁੜ ਬਹਿੰਦੀ ਸੀ। ਉਸ ਦਾ ਨਿਯਮ ਸੀ ਕਿ ਸਿਮਰਨ ਕੀਤੇ ਤੋਂ ਬਿਨਾਂ ਕੁਝ ਖਾਣਾ ਪੀਣਾ ਨਹੀਂ, ਉਹ ਆਪਣੇ ਪਤੀ ਨੂੰ ਮਨੁੱਖਾ ਜਨਮ ਬਾਰੇ ਕਹਿੰਦੀ ਕਿ ਵਾਰ ਵਾਰ ਮਨੁੱਖਾ ਸਰੀਰ ਨਹੀਂ ਮਿਲਣਾ, ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਸਿਮਰਨ ਕਰ ਕੇ ਲਾਹਾ ਪ੍ਰਾਪਤ ਕਰਨਾ ਚਾਹੀਦਾ।

ਪਰ ਰਾਜਾ ਰਾਣੀ ਦੀ ਕਿਸੇ ਗੱਲ ਨੂੰ ਨਹੀਂ ਸੀ ਮੰਨਦਾ, ਸਵੇਰੇ ਉੱਠ ਕੇ ਆਪਣੇ ਕੰਮਾਂ ਵਿਚ ਲੱਗ ਜਾਂਦਾ, ਅਖ਼ੀਰ ਰਾਣੀ ਨੇ ਗ਼ੁੱਸੇ ਵਿਚ ਰਾਜੇ ਨੂੰ ਮੂਰਖ ਕਹਿ ਦਿੱਤਾ ਕਿ ਸਿਮਰਨ ਨਹੀਂ ਕਰਦੇ, ਉਸ ਵੇਲੇ ਰਾਜੇ ਨੇ ਵਿਚਾਰਿਆ ਕਿ ਮੈਨੂੰ ਰਾਣੀ ਨੇ ਮੂਰਖ ਕਿਹਾ ਹੈ, ਇਸ ਵਿਚ ਜ਼ਰੂਰ ਕੋਈ ਕਾਰਨ ਹੈ, ਸਮਝ ਨਹੀਂ ਆਈ ਕਿ ਮੇਰੇ ਵਿਚ ਕੀ ਮੂਰਖਤਾ ਹੈ। ਉਸ ਵੇਲੇ ਰਾਜੇ ਨੇ ਆਪਣੇ ਰਾਜ ਵਿਚ ਢੰਡੋਰਾ ਫਿਰਾ ਕੇ ਸਾਰੇ ਮੂਰਖਾਂ ਨੂੰ ਬੁਲਾਇਆ। ਉਨ੍ਹਾਂ ਵਿੱਚੋਂ ਜਿਹੜਾ ਸਭ ਤੋਂ ਵੱਧ ਮੂਰਖ ਸੀ, ਉਸ ਦੇ ਹੱਥ ਵਿਚ ਰਾਜੇ ਨੇ ਬਹੁਤ ਕੀਮਤੀ ਸੋਨੇ ਦੀ ਸੋਟੀ ਫੜਾ ਕੇ ਕਿਹਾ, ਜਿਹੜਾ ਤੇਰੇ ਨਾਲੋਂ ਵੀ ਕੋਈ ਵੱਡਾ ਮੂਰਖ ਹੋਵੇ, ਉਸ ਨੂੰ ਇਹ ਸੋਟੀ ਦੇ ਦੇਣੀ, ਇਸ ਤਰ੍ਹਾਂ ਕਹਿ ਕੇ ਸਭ ਨੂੰ ਤੋਰ ਦਿੱਤਾ।

ਥੋੜ੍ਹੇ ਸਮੇਂ ਬਾਅਦ ਰਾਜਾ ਬਹੁਤ ਬੀਮਾਰ ਹੋ ਗਿਆ ਤੇ ਵਜ਼ੀਰ ਨੂੰ ਕਹਿ ਕੇ ਉਸ ਮੂਰਖ ਨੂੰ ਪਾਸ ਬੁਲਾਇਆ, ਮੂਰਖ ਨੇ ਆਉਂਦਿਆਂ ਸਾਰ ਹੀ ਕਿਹਾ ਕਿ ਰਾਜਨ ਕੀ ਸਬੱਬ ਹੈ ? ਤਾਂ ਰਾਜਾ ਕਹਿਣ ਲੱਗਾ ਕਿ ਮੈਂ ਜਾ ਰਿਹਾ ਹਾਂ, ਤੈਨੂੰ ਕੋਈ ਵੱਡਾ ਮੂਰਖ ਲੱਭਾ ਹੈ ਜਾਂ ਨਹੀਂ ?

ਉਸ ਮੂਰਖ ਨੇ ਪੁੱਛਿਆ—ਰਾਜਨ ਆਪ ਕਿਥੇ ਜਾ ਰਹੇ ਹੋ ?

ਰਾਜੇ ਨੇ ਕਿਹਾ—ਮੈਂ ਪਰਲੋਕ ਦੀ ਯਾਤਰਾ ਕਰਨ ਜਾ ਰਿਹਾ ਹਾਂ।

ਮੂਰਖ ਨੇ ਫੇਰ ਪੁੱਛਿਆ—ਆਪ ਯਾਤਰਾ ਕਰਕੇ ਫੇਰ ਕਦੋਂ ਆਵੋਗੇ ?

ਰਾਜਨ ਨੇ ਕਿਹਾ—ਮੈਂ ਫੇਰ ਵਾਪਸ ਨਹੀਂ ਆਵਾਂਗਾ।

ਮੂਰਖ ਨੇ ਪੁੱਛਿਆ—ਹੇ ਰਾਜਨ ! ਆਪ ਜੀ ਨੇ ਕਿਤਨੇ ਕੋਹ ਦੂਰ ਜਾਣਾ ਹੈ ?

ਰਾਜਨ ਨੇ ਕਿਹਾ—ਉਸ ਜਮਾਂ ਦੇ ਰਸਤੇ ਦੇ ਕੋਹਾਂ ਦੀ ਕੋਈ ਗਿਣਤੀ ਨਹੀਂ ਹੈ।

ਮੂਰਖ ਨੇ ਹੈਰਾਨ ਹੋ ਕੇ ਪੁੱਛਿਆ—ਇਤਨੀ ਦੂਰ ਆਪ ਜੀ ਨੇ ਜਾਣਾ ਹੈ, ਆਪ ਦੇ ਨਾਲ ਰਾਣੀਆਂ, ਰਾਜ ਕੁਮਾਰ, ਫ਼ੌਜਾਂ, ਵਜ਼ੀਰ ਜਾਂ ਹੋਰ ਕੋਈ ਸੰਬੰਧੀ ਜਾਏਗਾ ?

ਰਾਜੇ ਨੇ ਕਿਹਾ—ਇਨ੍ਹਾਂ ਸਾਰਿਆਂ ਵਿੱਚੋਂ ਕੋਈ ਵੀ ਮੇਰੇ ਨਾਲ ਨਹੀਂ ਜਾਏਗਾ, ਮੈਂ ਇਕੱਲਾ ਹੀ ਜਾਵਾਂਗਾ। ਮੂਰਖ ਨੇ ਕਿਹਾ—ਖ਼ਜ਼ਾਨੇ ਵਿੱਚੋਂ ਕੁਝ ਨਗਦੀ ਵਗ਼ੈਰਾ ਤਾਂ ਲੈ ਜਾਉਗੇ ਜਾਂ ਰਸਤੇ ਵਿਚ ਖਾਣ-ਪੀਣ ਲਈ ਕੁਝ ਤੋਸਾ ਵਗ਼ੈਰਾ ਲੈ ਜਾਉਗੇ।

ਰਾਜਨ ਕਹਿਣ ਲੱਗਾ—ਮੈਂ ਕੁਝ ਵੀ ਨਾਲ ਨਹੀਂ ਲਿਜਾ ਸਕਦਾ, ਖ਼ਾਲੀ ਹੱਥ ਆਇਆ ਸੀ ਤੇ ਖ਼ਾਲੀ ਹੱਥੀਂ ਜਾਣਾ ਹੈ।

ਇਹ ਗੱਲ ਸੁਣ ਕੇ ਮੂਰਖ ਨੇ ਕਿਹਾ, ਹੇ ਰਾਜਨ ! ਜੇਕਰ ਇਤਨੇ ਖ਼ਜ਼ਾਨੇ ਨੂੰ ਪਾ ਕੇ ਆਪਣੇ ਨਾਲ ਰਸਤੇ ਲਈ ਕੁਝ ਵੀ ਨਹੀਂ ਲਿਜਾ ਸਕਦਾ ਅਤੇ ਸਹਾਇਤਾ ਲਈ ਕਿਸੇ ਸੰਬੰਧੀ ਜਾਂ ਸਿਪਾਹੀਆਂ ਨੂੰ ਨਹੀਂ ਲਿਜਾ ਸਕਦੇ, ਤਾਂ ਸਾਰਿਆਂ ਮੂਰਖਾਂ 'ਚੋਂ ਵੱਡੇ ਮੂਰਖ ਆਪ ਹੀ ਹੋ, ਜੋ ਇਤਨੀ ਸਮਝ ਰੱਖਦਿਆਂ ਹੋਇਆਂ ਵੀ ਨਾ ਪ੍ਰਭੂ ਦਾ ਸਿਮਰਨ, ਨਾ ਦਾਨ ਪੁੰਨ ਅਤੇ ਨਾ ਹੀ ਕੋਈ ਨੇਕ ਕਮਾਈ ਕਰ ਕੇ ਦੁਨੀਆਂ ਵਿਚ ਜਸ ਖੱਟਿਆ ਹੈ। ਇਸ ਲਈ ਤੁਸੀਂ ਆਪ ਹੀ ਇਹ ਆਪਣੀ ਸੋਟੀ ਸੰਭਾਲ ਲਉ। ਮੂਰਖ, ਰਾਜੇ ਨੂੰ ਸੋਟੀ ਸੰਭਾਲ ਕੇ ਚਲਾ ਗਿਆ। ਬਾਅਦ ਵਿਚ ਰਾਜਾ ਆਪਣੀ ਰਾਣੀ ਦੇ ਬਚਨਾਂ ਨੂੰ ਯਾਦ ਕਰਕੇ ਮਨ ਵਿਚ ਵਿਚਾਰਦਾ ਹੈ, ਜੇ ਮੈਂ ਰਾਣੀ ਦੇ ਆਖੇ ਲੱਗ ਕੇ ਦਾਨ ਪੁੰਨ ਭਜਨ ਸਿਮਰਨ ਕਰ ਲੈਂਦਾ ਤਾਂ ਉਸ ਨੇ ਮੇਰੇ ਨਾਲ ਜਾ ਕੇ ਮੇਰੀ ਸਹਾਇਤਾ ਕਰਨੀ ਸੀ, ਪਰ ਮੈਂ ਮੂਰਖ ਨੇ ਕੁਝ ਵੀ ਨਾ ਕੀਤਾ। ਇਸ ਲਈ ਪਰਲੋਕ ਦੇ ਲੰਮੇ ਰਸਤੇ ਵਿਚ ਮੇਰੀ ਕਿਸੇ ਨੇ ਸਹਾਇਤਾ ਨਹੀਂ ਕਰਨੀ।

## ਜਿਹ ਪੈਡੈ; ਮਹਾ ਅੰਧ ਗੁਬਾਰਾ ॥ ਹਰਿ ਕਾ ਨਾਮੁ; ਸੰਗਿ ਉਜੀਆਰਾ ॥

ਜਿਹ = ਜਿਸ ਪੈਡੈ = ਰਸਤੇ ਵਿਚ ਮਹਾ = ਬੜਾ ਅੰਧ ਗੁਬਾਰਾ = ਘੁੱਪ ਹਨੇਰਾ ਹੈ, ਜਿਵੇਂ ਕ੍ਰਿਸ਼ਨ ਭਗਵਾਨ ਜਦੋਂ ਆਪਣੇ ਗੁਰੂ ਸੰਦੀਪਨ ਦੇ ਪੁੱਤਰਾਂ ਨੂੰ ਲੈਣ ਵਾਸਤੇ ਗਏ, ਉਸ ਵਕਤ ਜਮ ਰਸਤੇ ਵਿਚ ਇਤਨਾ ਹਨੇਰਾ ਸੀ, ਰਥਵਾਹੀ ਕਹਿਣ ਲੱਗਾ ਕਿ ਭਗਵਾਨ ਜੀ ਅੱਗੇ ਬੜਾ ਹਨੇਰਾ ਹੈ, ਤਾਂ ਕ੍ਰਿਸ਼ਨ ਭਗਵਾਨ ਕਹਿਣ ਲੱਗੇ ਕਿ ਸੁਦਰਸ਼ਨ ਚੱਕਰ ਦੀ ਲੋਅ ਨਾਲ ਚੱਲਦੇ ਹਾਂ, ਇਤਨਾ ਹਨੇਰਾ ਹੈ ਜੇ ੧੨ ਸੂਰਜ ਵੀ ਚੜ੍ਹ ਜਾਣ ਤਾਂ ਕਾਲੇ ਤਵੇ ਵਰਗੇ ਹੋ ਜਾਣ। ਸੂਰਮੇ ਸੂਰਜ ਮੰਡਲ ਨੂੰ ਵੇਧ ਕੇ ਚਾਨਣ ਦੇ ਵਿੱਚੋਂ ਦੀ ਦੇਵ ਪੁਰੀ ਪਹੁੰਚਦੇ ਹਨ ਤੇ ਪਾਪੀ ਹਨੇਰੇ ਵਿਚ ਖਿੱਚੇ, ਧੂਏ ਜਾਂਦੇ ਹਨ।

ਉਸ ਰਸਤੇ ਵਿਚ ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਹੀ ਜੀਵ ਦੇ ਸੰਗਿ = ਨਾਲ ਉਜੀਆਰਾ = ਪ੍ਰਕਾਸ਼ ਕਰਨ ਵਾਲਾ ਹੈ। ਜੈਸਾ ਕਿ :

**ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥** *(ਅੰਗ ੭੦੦)*

## ਜਹਾ ਪੰਥਿ; ਤੇਰਾ ਕੋ ਨ ਸਿਞਾਨੂ ॥ ਹਰਿ ਕਾ ਨਾਮੁ; ਤਹ ਨਾਲਿ ਪਛਾਨੂ ॥

ਹੇ ਜੀਵ ਜਹਾ = ਜਿਥੇ ਜਮਾਂ ਦੇ ਪੰਥਿ = ਰਸਤੇ ਤੇ ਤੇਰਾ ਕੋ = ਕੋਈ ਸਿਞਾਨੂ = ਮਿਲਾਪੀ ਨ = ਨਹੀਂ ਹੈ। ਤਹ = ਉਥੇ ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਤੇਰੇ ਨਾਲਿ = ਸਾਥ ਪਛਾਨੂ = ਜਾਣੂ ਹੋਵੇਗਾ।

## ਜਹ ਮਹਾ ਭਇਆਨ; ਤਪਤਿ ਬਹੁ ਘਾਮ ॥
## ਤਹ ਹਰਿ ਕੇ ਨਾਮ ਕੀ; ਤੁਮ ਊਪਰਿ ਛਾਮ ॥

ਜਹ = ਜਿਥੇ ਮਹਾ = ਭਾਰੀ ਭਇਆਨ = ਭੈਦਾਇਕ ਘਾਮ = ਧੁੱਪ ਦੀ ਬਹੁ = ਬਹੁਤ ਤਪਤਿ = ਤਪਸ਼ ਪੈਂਦੀ ਹੈ। ਤਹ = ਉਥੇ ਤੁਮ = ਤੇਰੇ ਊਪਰਿ = ਉੱਤੇ ਹਰਿ = ਹਰੀ ਪਰਮੇਸ਼ਰ ਕੇ = ਦੇ ਨਾਮ ਕੀ = ਦੀ ਛਾਮ = ਛਾਂ ਹੋਵੇਗੀ।

## ਜਹਾ ਤ੍ਰਿਖਾ; ਮਨ ਤੁਝੁ ਆਕਰਖੈ ॥ ਤਹ ਨਾਨਕ; ਹਰਿ ਹਰਿ ਅੰਮ੍ਰਿਤੁ ਬਰਖੈ ॥੪॥

ਜਹਾ = ਜਿਥੇ ਰਸਤੇ ਵਿਚ ਬੜੀ ਤ੍ਰਿਖਾ = ਪਿਆਸ ਲੱਗੇਗੀ ਅਤੇ ਜਮ ਪੁੰਨਾਂ ਦੇ ਬਦਲੇ ਪਾਣੀ ਦੇਣਗੇ, ਇਉਂ ਤੁਝੁ = ਤੇਰਾ ਮਨ = ਹਿਰਦਾ ਆਕਰਖੈ = ਖਿੱਚਿਆ ਜਾਵੇਗਾ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੇ ਨਾਮ ਜਪਿਆ ਹੋਵੇਗਾ ਤਾਂ ਤਹ = ਉਥੇ ਹਰਿ = ਸਭ ਨੂੰ ਹਰੇ ਭਰੇ ਕਰਨ ਵਾਲੇ ਹਰਿ = ਹਰੀ ਪਰਮੇਸ਼ਰ ਦੇ ਨਾਮ ਅੰਮ੍ਰਿਤ ਦੀ ਬਰਖੈ = ਵਰਖਾ ਤੇਰੇ ਉੱਤੇ ਵਰ੍ਹੇਗੀ। ਜੋ ਤੈਨੂੰ ਅਮਰ ਕਰ ਦੇਵੇਗੀ ਅਤੇ ਸਾਰੀਆਂ ਤ੍ਰੇਹਾਂ ਮੇਟ ਦੇਵੇਗੀ। ਇਉਂ ਸਤਿਗੁਰੂ ਜੀ ਉਹ ਹਾਲਤ ਵਿਖਾ ਰਹੇ ਹਨ ਜੋ ਸਾਡੀਆਂ ਚੰਮ ਦੀਆਂ ਅੱਖਾਂ ਵੇਖ ਨਹੀਂ ਸਕਦੀਆਂ ॥੪॥

## ਭਗਤ ਜਨਾ ਕੀ; ਬਰਤਨਿ ਨਾਮੁ ॥ ਸੰਤ ਜਨਾ ਕੈ; ਮਨਿ ਬਿਸ੍ਰਾਮੁ ॥

ਭਗਤ ਜਨਾ ਕੀ = ਦੀ ਪਰਮੇਸ਼ਰ ਦਾ ਨਾਮ ਹੀ ਬਰਤਨਿ = ਵਰਤਣੇ ਯੋਗ ਸਮੱਗਰੀ ਹੈ। ਸੰਤ ਜਨਾ = ਮਹਾਤਮਾ ਜਨਾਂ ਕੈ = ਦੇ ਮਨਿ = ਅੰਤਸ਼ਕਰਨ ਵਿਚ ਨਾਮ ਦਾ ਹੀ ਬਿਸ੍ਰਾਮ = ਨਿਵਾਸ ਹੁੰਦਾ ਹੈ।

## ਹਰਿ ਕਾ ਨਾਮੁ; ਦਾਸ ਕੀ ਓਟ ॥ ਹਰਿ ਕੈ ਨਾਮਿ; ਉਧਰੇ ਜਨ ਕੋਟਿ ॥

ਹਰਿ = ਹਰੀ ਪਰਮੇਸ਼ਰ ਕਾ = ਦਾ ਨਾਮ ਹੀ ਲੋਕ ਪਰਲੋਕ ਵਿਚ ਦਾਸ = ਸੇਵਕਾਂ ਕੀ = ਦੀ ਓਟ = ਟੇਕ

ਭਾਵ ਆਸਰਾ ਰੂਪ ਹੈ। ਹਰਿ = ਹਰੀ ਵਾਹਿਗੁਰੂ ਕੈ = ਦੇ ਨਾਮ ਕਰ ਕੇ ਕੋਟਿ = ਕਰੋੜਾਂ ਜਨ = ਪੁਰਖ ਕਾਮ ਆਦਿਕਾਂ ਤੋਂ ਉਧਰੇ = ਬਚ ਗਏ ਹਨ।

## ਹਰਿ ਜਸੁ ਕਰਤ; ਸੰਤ ਦਿਨੁ ਰਾਤਿ ॥ ਹਰਿ ਹਰਿ ਅਉਖਧੁ; ਸਾਧ ਕਮਾਤਿ ॥

ਹਰਿ = ਹਰੀ ਵਾਹਿਗੁਰੂ ਦਾ ਜਸੁ = ਕੀਰਤਨ ਸੰਤ = ਸਾਧੂ ਦਿਨ ਰਾਤ ਕਰਤ = ਕਰਦੇ ਹਨ **ਵਾ:** ਉਹ ਸੰਤ ਹੈ ਜੋ ਰਾਤ ਦਿਨ ਵਾਹਿਗੁਰੂ ਦਾ ਜਸ ਕਰਦਾ ਹੈ, ਭਾਵ ਉਨ੍ਹਾਂ ਨੂੰ ਅਵਿੱਦਿਆ ਰੂਪੀ ਰਾਤ ਤੋਂ ਬ੍ਰਹਮ ਗਿਆਨ ਰੂਪ ਦਿਨ ਚੜ੍ਹ ਗਿਆ ਹੈ। ਹਰਿ = ਸਭ ਨੂੰ ਹਰੇ ਭਰੇ ਕਰਨੇ ਵਾਲੇ ਹਰਿ = ਪਰਮੇਸ਼ਰ ਦਾ ਨਾਮ ਹੀ ਸਭ ਰੋਗਾਂ ਨੂੰ ਮਿਟਾਉਣ ਵਾਸਤੇ ਅਉਖਧੁ = ਦਵਾਈ ਹੈ, ਜੋ ਸਾਧ = ਸ੍ਰੇਸ਼ਟ ਜਨ ਕਮਾਤਿ = ਕਮਾਉਂਦੇ ਹਨ।

## ਹਰਿ ਜਨ ਕੈ; ਹਰਿ ਨਾਮੁ ਨਿਧਾਨੁ ॥ ਪਾਰਬ੍ਰਹਮਿ; ਜਨ ਕੀਨੋ ਦਾਨ ॥

ਹਰਿ = ਹਰੀ ਵਾਹਿਗੁਰੂ ਕੈ = ਦੇ ਜਨ = ਪੁਰਖਾਂ ਭਾਵ ਸੰਤ ਜਨਾਂ ਨੇ ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਹੀ ਨਿਧਾਨੁ = ਖ਼ਜ਼ਾਨਾ ਸਮਝਿਆ ਹੈ।

ਪਾਰਬ੍ਰਹਮਿ = ਹਰੀ ਪਰਮੇਸ਼ਰ ਨੇ ਸੰਤ ਜਨਾਂ ਨੂੰ ਨਾਮ ਦਾ ਦਾਨ ਹੀ ਦੇਣਾ ਕੀਨੋ = ਕੀਤਾ ਹੈ।

## ਮਨ ਤਨ ਰੰਗਿ ਰਤੇ; ਰੰਗ ਏਕੈ ॥ ਨਾਨਕ; ਜਨ ਕੈ, ਬਿਰਤਿ ਬਿਬੇਕੈ ॥੫॥

ਜੋ ਸੰਤ ਜਨ ਮਨ = ਹਿਰਦੇ ਤੇ ਤਨ = ਸਰੀਰ ਦੇ ਰੰਗਿ = ਪ੍ਰੇਮ ਕਰ ਕੇ ਏਕੈ = ਇਕ ਹਰੀ ਵਾਹਿਗੁਰੂ ਦੇ ਰੰਗ = ਅਨੰਦ ਵਿਚ ਰਤੇ = ਤਦਾਕਾਰ ਹੋਏ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਜਨਾਂ ਕੈ = ਦੇ ਹਿਰਦੇ ਵਿਚ ਬਿਬੇਕੈ = ਬਿਬੇਕ ਵਾਲੀ ਬਿਰਤਿ = ਬਿਰਤੀ ਰਹਿੰਦੀ ਹੈ **ਵਾ:** ਬਿਬੇਕੈ (ਬਿਬ+ਏਕੈ) ਬਿਬ = ਦੋ ਭਾਵ ਜੀਵ ਈਸ਼ ਦੀ ਏਕੈ = ਏਕਤਾ ਹਰ ਵਕਤ ਕਾਇਮ ਰਹਿੰਦੀ ਹੈ, ਉਹ ਦੋ ਤੋਂ ਇਕ ਰੂਪ ਹੋ ਗਏ ਹਨ **ਵਾ:** ਉਨ੍ਹਾਂ ਸੰਤ ਜਨਾਂ ਦਾ ਬਿਬੇਕੈ = ਵੈਰਾਗ ਹੀ ਬਿਰਤਿ = ਉਪਜੀਵਕਾ ਹੈ **ਅਥਵਾ** ਮਹਾਤਮਾ ਜਨਾਂ ਦੀ ਬਿਰਤੀ ਬਿਬੇਕੈ = ਗਿਆਨ ਵਾਲੀ ਹੈ **ਅਥਵਾ** (ਬਿ+ਰਤਿ) ਰਤਿ = ਰਤੀ ਤੋਂ ਰਹਿਤ, ਭਾਵ ਉਹ ਦੁਨੀਆਂ ਦੀ ਪ੍ਰੀਤੀ ਤੋਂ ਰਹਿਤ ਹੋ ਗਏ ਹਨ॥੫॥

## ਹਰਿ ਕਾ ਨਾਮੁ; ਜਨ ਕਉ ਮੁਕਤਿ ਜੁਗਤਿ ॥
## ਹਰਿ ਕੈ ਨਾਮਿ; ਜਨ ਕਉ ਤ੍ਰਿਪਤਿ ਭੁਗਤਿ ॥

ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਹੀ ਜਨ = ਪੁਰਖਾਂ ਕਉ = ਨੂੰ ਮੁਕਤਿ = ਮੁਕਤੀ ਦੀ ਜੁਗਤਿ = ਜੁਗਤੀ ਦੇਣ ਵਾਲਾ ਹੈ। ਜੈਸਾ ਕਿ :

**ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ ॥** *(ਬਿਲਾਵਲੁ ਮ: ੯, ਅੰਗ ੮੩੧)*

ਹਰਿ = ਹਰੀ ਵਾਹਿਗੁਰੂ ਦੇ ਨਾਮ ਕੈ = ਕਰਕੇ ਹੀ ਜਨ = ਪੁਰਖਾਂ ਕਉ = ਨੂੰ ਆਤਮ ਤ੍ਰਿਪਤਿ = ਰੱਜ ਦੇਣ ਵਾਲਾ ਭੁਗਤਿ = ਭੋਜਨ ਗਿਆਨ ਰੂਪੀ ਪ੍ਰਾਪਤ ਹੁੰਦਾ ਹੈ **ਵਾ:** ਪੂਰਨ ਤ੍ਰਿਪਤ ਕਰਨ ਵਾਲਾ ਗਿਆਨ ਰੂਪ ਭੋਜਨ ਵੀ ਨਾਮ ਹੈ, ਸੰਤ ਜਨਾਂ ਨੇ ਇਹੋ ਭੋਜਨ ਖਾਧਾ ਹੈ ਤਾਂ ਹੀ ਤ੍ਰਿਪਤ ਰਹਿੰਦੇ ਹਨ।

## ਹਰਿ ਕਾ ਨਾਮੁ; ਜਨ ਕਾ ਰੂਪ ਰੰਗੁ ॥
## ਹਰਿ ਨਾਮੁ ਜਪਤ; ਕਬ ਪਰੈ ਨ ਭੰਗੁ ॥

ਹਰਿ = ਹਰੀ ਕਾ = ਦਾ ਨਾਮ ਹੀ ਜਨ = ਦਾਸਾਂ ਕਾ = ਦਾ ਸੁੰਦਰ ਰੂਪ ਤੇ ਰੰਗੁ = ਪ੍ਰੇਮ ਦਾ ਅਨੰਦ ਚਾੜ੍ਹਨ

ਵਾਲਾ ਹੈ। ਹਰਿ = ਹਰੀ ਵਾਹਿਗੁਰੂ ਦਾ ਨਾਮ ਜਪਣੇ ਕਰ ਕੇ ਕਬ = ਕਦੇ ਵੀ ਭੰਗੁ = ਵਿਘਨ ਨ = ਨਹੀਂ ਪਰੈ = ਪੈਂਦਾ। ਜੈਸਾ ਕਿ :

**ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥**
**ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥** *(ਅੰਗ ੬੨੨)*

[ਅੰਗ ੨੬੫]

## ਹਰਿ ਕਾ ਨਾਮੁ; ਜਨ ਕੀ ਵਡਿਆਈ ॥ ਹਰਿ ਕੈ ਨਾਮਿ; ਜਨ ਸੋਭਾ ਪਾਈ ॥

ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਹੀ ਜਨ = ਦਾਸਾਂ ਕੀ = ਦੀ ਵਡਿਆਈ = ਸ਼ੋਭਾ ਹੈ, ਜੋ ਦੁਨੀਆਂ ਵਿਚ ਸ਼ੋਭਾ ਹੁੰਦੀ ਹੈ, ਉਹ ਨਾਮ ਕਰਕੇ ਹੀ ਸਮਝਦੇ ਹਨ। ਹਰਿ = ਹਰੀ ਵਾਹਿਗੁਰੂ ਦੇ ਨਾਮ ਕੈ = ਕਰ ਕੇ ਹੀ ਜਨ = ਦਾਸਾਂ ਨੇ ਲੋਕ ਪ੍ਰਲੋਕ ਵਿਚ ਸੋਭਾ = ਵਡਿਆਈ ਪਾਈ = ਪਾਉਣਾ ਕੀਤੀ ਹੈ।

## ਹਰਿ ਕਾ ਨਾਮੁ; ਜਨ ਕਉ ਭੋਗ ਜੋਗ ॥ ਹਰਿ ਨਾਮੁ ਜਪਤ; ਕਛੁ ਨਾਹਿ ਬਿਓਗੁ ॥

ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਹੀ ਜਨ = ਸੇਵਕਾਂ ਕਉ = ਨੂੰ ਭੋਗ ਪਦਾਰਥ ਤੇ ਜੋਗ ਦੇ ਦੇਣਾ ਵਾਲਾ ਹੈ **ਵਾ:** ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਹੀ ਮਹਾਤਮਾ ਜਨਾਂ ਕਉ = ਨੂੰ ਭੋਗੁ = ਅੰਤਰ ਆਤਮੇ ਸੁਖ ਦੀ ਪ੍ਰਤੀਤੀ ਤੇ ਜੋਗ = ਚਿੱਤ ਦੀਆਂ ਬਿਰਤੀਆਂ ਦਾ ਨਿਰੋਧਾ ਕਰਨਾ ਆਦਿ ਦੇ ਦੇਣ ਵਾਲਾ ਹੈ। ਹਰਿ = ਹਰੀ ਵਾਹਿਗੁਰੂ ਦੇ ਨਾਮ ਜਪਤ = ਜਪਣੇ ਕਰ ਕੇ ਕਛੁ = ਕੁਝ ਸਮਾਂ ਵੀ ਬਿਓਗੁ = ਵਿਛੋੜਾ ਨਾਹਿ = ਨਹੀਂ ਪੈਂਦਾ।

## ਜਨੁ ਰਾਤਾ; ਹਰਿ ਨਾਮ ਕੀ ਸੇਵਾ ॥ ਨਾਨਕ; ਪੂਜੈ ਹਰਿ ਹਰਿ ਦੇਵਾ ॥੬॥

ਗੁਰਮੁਖ ਜਨ ਦਾ ਮਨ ਹਰ ਵਕਤ ਹਰਿ = ਹਰੀ ਵਾਹਿਗੁਰੂ ਦੇ ਨਾਮ ਕੀ = ਦੀ ਸੇਵਾ = ਟਹਿਲ ਵਿਚ ਰਾਤਾ = ਰੰਗਿਆ ਰਹਿੰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਹਰਿ ਹਰਿ ਦੇਵਾ = ਪਰਮੇਸ਼ਰ ਦਾ ਹੀ ਪੂਜੈ = ਪੂਜਨ ਕਰਦੇ ਹਨ **ਵਾ:** ਸਾਡੇ ਉਹ ਪੂਜਨੀਕ ਹਨ ਜੋ ਨਾਮ ਨੂੰ ਪੂਜਦੇ ਹਨ, ਉਹੀ ਸਾਰਿਆਂ ਦੇ ਦੇਵਾ = ਰਾਜਾ ਰੂਪ ਹਨ ॥੬॥

## ਹਰਿ ਹਰਿ ਜਨ ਕੈ; ਮਾਲੁ ਖਜੀਨਾ ॥
## ਹਰਿ ਧਨੁ ਜਨ ਕਉ; ਆਪਿ ਪ੍ਰਭਿ ਦੀਨਾ ॥

ਹਰਿ = ਹਰੀ ਵਾਹਿਗੁਰੂ ਦਾ ਨਾਮ ਹੀ ਜਨ = ਦਾਸਾਂ ਕੈ = ਦੇ ਕੋਲ ਹਾਥੀ, ਘੋੜੇ ਰੂਪ ਮਾਲ ਹੈ, ਹਰਿ = ਹਰੀ ਵਾਹਿਗੁਰੂ ਦਾ ਨਾਮ ਹੀ ਰੋਕੜੀ ਆਦਿ ਖਜੀਨਾ = ਖ਼ਜ਼ਾਨਾ ਹੈ।

ਹਰਿ = ਹਰੀ ਵਾਹਿਗੁਰੂ ਨੇ ਆਪ ਹੀ ਪ੍ਰਭਿ = ਪਰਮੇਸ਼ਰ ਦਾ ਨਾਮ ਧਨ ਭਗਤ ਜਨਾ ਕਉ = ਨੂੰ ਦੀਨਾ = ਦਿੱਤਾ ਹੈ।

## ਹਰਿ ਹਰਿ ਜਨ ਕੈ; ਓਟ ਸਤਾਣੀ ॥ ਹਰਿ ਪ੍ਰਤਾਪਿ; ਜਨ ਅਵਰ ਨ ਜਾਣੀ ॥

ਹਰਿ = ਸਭ ਨੂੰ ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਹੀ ਜਨ = ਦਾਸਾਂ ਕੈ = ਦੇ ਕੋਲ ਸਤਾਣੀ = ਬਲ ਵਾਲੀ ਓਟ = ਟੇਕ ਹੈ।

ਹਰਿ = ਹਰੀ ਵਾਹਿਗੁਰੂ ਦੇ ਪ੍ਰਤਾਪਿ = ਤੇਜ ਪ੍ਰਭਾਵ ਕਰ ਕੇ ਗੁਰਮੁਖ ਜਨਾਂ ਨੇ ਅਵਰ = ਹੋਰ ਕਿਸੇ ਨੂੰ ਨ = ਨਹੀਂ ਜਾਣੀ = ਜਾਣਿਆ।

## ਓਤਿ ਪੋਤਿ; ਜਨ ਹਰਿ ਰਸਿ ਰਾਤੇ ॥ ਸੁੰਨ ਸਮਾਧਿ; ਨਾਮ ਰਸ ਮਾਤੇ ॥

ਗੁਰਮੁਖ ਜਨ ਹਰਿ = ਹਰੀ ਵਾਹਿਗੁਰੂ ਦੇ ਪ੍ਰੇਮ ਰਸ ਵਿਚ ਓਤਿ ਪੋਤਿ = ਤਾਣੇ ਪੇਟੇ ਵਾਂਗ ਰਾਤੇ = ਰੰਗੇ ਭਾਵ ਤਦਾਕਾਰ ਰਹਿੰਦੇ ਹਨ **ਅਥਵਾ** ਹਰੀ ਵਾਹਿਗੁਰੂ ਭਗਤਾਂ ਵਿਚ ਪਰੋਤਾ ਹੋਇਆ ਹੈ ਤੇ ਭਗਤ ਹਰੀ ਵਾਹਿਗੁਰੂ ਵਿਚ ਤਾਣੇ ਪੇਟੇ ਵਤ ਪਰੋਤੇ ਹੋਏ ਹਨ, ਗੁਰਮੁਖ ਜਨਾਂ ਦੀ ਨਾਮ ਰਸ ਵਿਚ ਮਾਤੇ = ਮਸਤ ਰਹਿਣ ਰੂਪ ਸੁੰਨ = ਅਫੁਰ ਸਮਾਧਿ = ਸਮਾਧੀ ਲੱਗੀ ਰਹਿੰਦੀ ਹੈ ਭਾਵ ਨਾਮ ਰਸ ਵਿਚ ਮਸਤ ਹੋ ਕੇ ਸੁੰਨ ਸਮਾਧਿ = ਨਿਰਵਿਕਲਪ ਸਮਾਧੀ ਵਿਚ ਲੀਨ ਰਹਿੰਦੇ ਹਨ।

## ਆਠ ਪਹਰ; ਜਨੁ ਹਰਿ ਹਰਿ ਜਪੈ ॥ ਹਰਿ ਕਾ ਭਗਤੁ ਪ੍ਰਗਟ; ਨਹੀ ਛਪੈ ॥

ਭਗਤ ਜਨ ਆਠ = ਅੱਠੇ ਪਹਿਰ ਹਰਿ = ਹਰੀ ਵਾਹਿਗੁਰੂ ਹਰਿ = ਚੇਤਨ ਸਰੂਪ ਦੇ ਨਾਮ ਨੂੰ ਜਪੈ = ਜਪਦਾ ਹੈ। ਇਸ ਕਰਕੇ ਹਰਿ = ਹਰੀ ਵਾਹਿਗੁਰੂ ਕਾ = ਦਾ ਭਗਤ ਸੰਸਾਰ ਵਿਚ ਪ੍ਰਗਟ = ਜਾਹਰ ਹੋ ਜਾਂਦਾ ਹੈ ਜੋ ਲੁਕਿਆ ਛਪੈ = ਛਿਪਿਆ ਨਹੀਂ ਰਹਿੰਦਾ **ਵਾ:** ਭਗਤ ਜਨ ਪ੍ਰਗਟ = ਨਾ ਜਨਮ ਧਾਰਦਾ ਹੈ ਅਤੇ ਨਾ ਹੀ ਛਪੈ = ਮਰਦਾ ਹੈ।

## ਹਰਿ ਕੀ ਭਗਤਿ; ਮੁਕਤਿ ਬਹੁ ਕਰੇ ॥ ਨਾਨਕ ਜਨ ਸੰਗਿ; ਕੇਤੇ ਤਰੇ ॥੭॥

ਹਰਿ = ਹਰੀ ਵਾਹਿਗੁਰੂ ਕੀ = ਦੀ ਭਗਤਿ = ਭਗਤੀ ਨੇ ਬਹੁ = ਬਹੁਤੇ ਪੁਰਖ ਮੁਕਤਿ = ਸੁਤੰਤਰ ਕਰ ਦਿੱਤੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਭਗਤ ਜਨਾਂ ਦੀ ਸੰਗਤ ਸੰਗਿ = ਨਾਲ ਕੇਤੇ = ਕਿਤਨੇ ਹੀ ਜੀਵ ਸ੍ਰਿਸ਼ਟੀ ਤੋਂ ਤਰੇ = ਉਧਰ ਗਏ ਹਨ ॥੭॥

## ਪਾਰਜਾਤੁ; ਇਹੁ ਹਰਿ ਕੋ ਨਾਮ ॥ ਕਾਮਧੇਨ; ਹਰਿ ਹਰਿ ਗੁਣ ਗਾਮ ॥

ਇਹ ਹਰੀ ਵਾਹਿਗੁਰੂ ਕੋ = ਦਾ ਨਾਮ ਹੀ ਪਾਰਜਾਤੁ = ਕਲਪ ਬ੍ਰਿਛ ਦੀ ਨਿਆਈਂ ਹੈ, ਜੋ ਸਾਰਿਆਂ ਨੂੰ ਫਲ ਦੇ ਦੇਣ ਵਾਲਾ ਹੈ। ਜੈਸਾ ਕਿ :

**ਚਾਰਿ ਪਦਾਰਥ ਹਰਿ ਕੀ ਸੇਵਾ ॥ ਪਾਰਜਾਤੁ ਜਪਿ ਅਲਖ ਅਭੇਵਾ ॥** *(ਮਾਝ ਮ: ੫, ਅੰਗ ੧੦੮)*

ਪਾਰਜਾਤੁ = ਸਮੁੰਦਰ ਤੋਂ ਪੈਦਾ ਹੋਇਆ ਦੇਵਤਿਆਂ ਦਾ ਇਕ ਬ੍ਰਿਛ।

ਪੁਰਾਨਿਕ ਕਥਾ ਹੈ ਕਿ ਸਮੁੰਦਰ ਰਿੜਕਣ ਸਮੇਂ ਇਹ ਦਰੱਖ਼ਤ ਨਿਕਲਿਆ ਅਤੇ ਇੰਦ੍ਰ ਨੂੰ ਦਿੱਤਾ ਗਿਆ, ਇੰਦ੍ਰ ਦੀ ਇਸਤਰੀ 'ਸ਼ਚੀ' ਇਸ ਨੂੰ ਬੜਾ ਪਸੰਦ ਕਰਦੀ ਸੀ, ਜਦ ਕ੍ਰਿਸ਼ਨ ਜੀ ਇੰਦਰ ਨੂੰ ਮਿਲਣ ਲਈ ਸਵਰਗ ਲੋਕ ਗਏ ਤਾਂ ਉਨ੍ਹਾਂ ਦੀ ਰਾਣੀ ਸਤਜਭਾਮਾ ਨੇ ਪਤੀ ਨੂੰ ਪਾਰਜਾਤ ਦ੍ਵਾਰਿਕਾ ਲੈ ਜਾਣ ਲਈ ਪ੍ਰੇਰਿਆ, ਜਿਸ ਤੋਂ ਇੰਦ੍ਰ ਅਤੇ ਕ੍ਰਿਸ਼ਨ ਦਾ ਘੋਰ ਯੁੱਧ ਹੋਇਆ, ਅੰਤ ਨੂੰ ਇੰਦ੍ਰ ਹਾਰ ਗਿਆ ਅਤੇ ਕ੍ਰਿਸ਼ਨ ਜੀ ਨੇ ਪਾਰਜਾਤ ਸਤਜਭਾਮਾ ਦੇ ਵਿਹੜੇ ਵਿਚ ਲਿਆ ਕੇ ਲਾ ਦਿੱਤਾ। ਕ੍ਰਿਸ਼ਨ ਜੀ ਦੇ ਦੇਹਾਂਤ ਪਿੱਛੋਂ ਇਹ ਬ੍ਰਿਛ ਆਪ ਹੀ ਇੰਦ੍ਰ ਲੋਕ ਨੂੰ ਚਲਾ ਗਿਆ।

ਜੋ ਹਰਿ = ਹਰੀ ਵਾਹਿਗੁਰੂ ਦੇ ਗੁਣ ਗਾਮ = ਗਾਇਣ ਵਾਲਾ ਅਸਥਾਨ ਸਾਧਸੰਗਤ ਹੀ ਕਾਮਧੇਨ ਹੈ **ਵਾ:** ਜੋ ਦੇਹ ਨੂੰ ਗੁਣਾਂ ਦਾ ਗਾਮ = ਨਗਰ ਬਣਾਉਣਾ ਹੈ, ਇਹੋ ਹੀ ਕਾਮਧੇਨ ਹੈ। ਜੈਸਾ ਕਿ :

**ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥** *(ਅੰਗ ੬੬੯ - ੬੭੦)*

ਕਾਮਧੇਨ = ਪੁਰਾਣਾਂ ਅਨੁਸਾਰ ਸੁਰਗ ਦੀ ਇਕ ਗਊ ਜੋ ਸਮੁੰਦਰ ਰਿੜਕਣ ਸਮੇਂ ਨਿਕਲੀ ਸੀ, ਜੋ ਮਨ ਚਿਤਵੇ ਪਦਾਰਥ ਦੇਣ ਕਰਕੇ ਕਾਮਧੇਨ ਸਦਾਉਦੀ ਹੈ।

ਅਰਥਾਤ ਪਾਰਜਾਤ ਬ੍ਰਿਛ ਇੰਦਰ ਨੂੰ ਮਿਲਿਆ ਜੋ ਸੁਰਗ ਵਿਚ ਪਹੁੰਚਿਆ। ਕਾਮਧੇਨ ਗਊ ਤੋਂ ਜੋ

ਮੰਗੋ ਦੇਂਦੀ ਹੈ, ਭਾਵ ਇਹ ਹੈ ਕਿ ਜਿਵੇਂ ਇਨ੍ਹਾਂ ਨੂੰ ਮਨੋਕਾਮਨਾ ਪੂਰਕ ਸਮਝਿਆ ਜਾਂਦਾ ਹੈ, ਨਾਮ ਵਿਚ ਇਹ ਸਿਫ਼ਤਾਂ ਹਨ, ਪਰ ਨਾਮ ਦੀ ਕਥਾ ਇਨ੍ਹਾਂ ਦੀ ਕਥਾ ਤੇ ਹੋਰ ਕਥਾਵਾਂ ਤੋਂ ਵਿਸ਼ੇਸ਼ ਹੈ, ਕਿਉਂਕਿ ਇਹ ਮਨੋਕਾਮਨਾ ਤੇ ਮਨੋ ਵਾਸਨਾ ਦੂਰ ਕਰਕੇ ਮੁਕਤੀ ਤੇ ਪਹੁੰਚਾ ਦਿੰਦੀ ਹੈ।

## ਸਭ ਤੇ ਊਤਮ; ਹਰਿ ਕੀ ਕਥਾ ॥ ਨਾਮੁ ਸੁਨਤ; ਦਰਦ ਦੁਖ ਲਥਾ ॥

ਸਭ = ਸਾਰਿਆਂ ਤੇ = ਤੋਂ ਊਤਮ = ਸ੍ਰੇਸ਼ਟ ਹਰਿ = ਹਰੀ ਵਾਹਿਗੁਰੂ ਕੀ = ਦੀ ਕਥਾ = ਕਥਨੀ, ਵਿਆਖਿਆ ਹੈ। ਜੈਸਾ ਕਿ :

**ਨਿਰਗੁਣ ਕਥਾ ਕਥਾ ਹੈ ਹਰਿ ਕੀ ॥ ਭਜੁ ਮਿਲਿ ਸਾਧੂ ਸੰਗਤਿ ਜਨ ਕੀ ॥**
**ਤਰੁ ਭਉਜਲੁ ਅਕਥ ਕਥਾ ਸੁਨਿ ਹਰਿ ਕੀ ॥੧॥** *(ਗਉੜੀ ਮ: ੪, ਅੰਗ ੧੬੪)*

ਜਿਹੜੇ ਪਰਮੇਸ਼ਰ ਦਾ ਨਾਮ ਸੁਨਤ = ਸ੍ਰਵਣ ਕਰਦੇ ਹਨ, ਉਨ੍ਹਾਂ ਦੀ ਅਵਿੱਦਿਆ ਦੀ ਦਰਦ = ਪੀੜਾ ਤੇ ਜਨਮ ਮਰਨ ਦਾ ਸਾਰਾ ਦੁਖ ਲਥਾ = ਲਹਿ ਜਾਂਦਾ ਹੈ, ਭਾਵ ਹਰੀ ਪਰਮੇਸ਼ਰ ਦੀ ਕਥਾ ਸੁਣਨ ਨਾਲ ਸਾਰੇ ਪਾਪ ਉਤਰ ਜਾਂਦੇ ਹਨ। ਜੈਸਾ ਕਿ :

**ਸੁਣਿ ਹਰਿ ਕਥਾ ਉਤਾਰੀ ਮੈਲੁ ॥ ਮਹਾ ਪੁਨੀਤ ਭਏ ਸੁਖ ਸੈਲੁ ॥** *(ਗਉੜੀ ਮ: ੫, ਅੰਗ ੧੭੮)*

## ਨਾਮ ਕੀ ਮਹਿਮਾ; ਸੰਤ ਰਿਦ ਵਸੈ ॥ ਸੰਤ ਪ੍ਰਤਾਪਿ; ਦੁਰਤੁ ਸਭੁ ਨਸੈ ॥

ਹਰੀ ਵਾਹਿਗੁਰੂ ਦੇ ਨਾਮ ਕੀ = ਦੀ ਮਹਿਮਾ = ਵਡਿਆਈ ਸੰਤਾਂ ਦੇ ਰਿਦ = ਹਿਰਦੇ ਵਿਚ ਵਸੈ = ਵਸਦੀ ਹੈ। ਸੰਤਾਂ ਦੀ ਕਮਾਈ ਦੇ ਪ੍ਰਤਾਪਿ = ਤੇਜ ਪ੍ਰਭਾਵ ਕਰ ਕੇ ਸਭੁ = ਸਾਰੇ ਦੁਰਤੁ = ਪਾਪ ਨਸੈ = ਨੱਸ ਭਾਵ ਭੱਜ ਜਾਂਦੇ ਹਨ।

## ਸੰਤ ਕਾ ਸੰਗੁ; ਵਡਭਾਗੀ ਪਾਈਐ ॥ ਸੰਤ ਕੀ ਸੇਵਾ; ਨਾਮੁ ਧਿਆਈਐ ॥

ਸੰਤਾਂ ਕਾ = ਦਾ ਸੰਗੁ = ਸਾਥ ਵਡਭਾਗੀ = ਵੱਡਿਆਂ ਭਾਗਾਂ ਕਰ ਕੇ ਪਾਈਐ = ਪਾਈਦਾ ਹੈ। ਸੰਤਾਂ ਕੀ = ਦੀ ਸੇਵਾ = ਟਹਿਲ ਕਰ ਕੇ ਹਰੀ ਵਾਹਿਗੁਰੂ ਦੇ ਨਾਮ ਨੂੰ ਧਿਆਈਐ = ਧਿਆਉਣਾ ਕਰੀਦਾ ਹੈ ਅਰਥਾਤ "ਸੰਤ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ" ਦੀ ਸੇਵਾ ਕਰਨ ਲਈ ਸਿੰਘ ਬੇਨਤੀ ਕਰਿਆ ਕਰਨ, ਪਰ ਮਹਾਂਪੁਰਖ ਗੁਰਬਾਣੀ ਦੀ ਤੁਕ ਪੜ੍ਹਿਆ ਕਰਦੇ ਕਿ ਸਤਿਗੁਰਾਂ ਦਾ ਹੁਕਮ ਹੈ ਕਿ 'ਸੰਤ ਕੀ ਸੇਵਾ ਨਾਮੁ ਧਿਆਈਐ' ਭਾਵ ਸੰਤਾਂ ਕੀ = ਦੀ ਇਹੋ ਸੇਵਾ = ਟਹਿਲ ਹੈ ਜੋ ਨਾਮ ਧਿਆਉਣਾ ਹੈ।

## ਨਾਮ ਤੁਲਿ; ਕਛੁ ਅਵਰੁ ਨ ਹੋਇ ॥
## ਨਾਨਕ ਗੁਰਮੁਖਿ; ਨਾਮੁ ਪਾਵੈ ਜਨੁ ਕੋਇ ॥੮॥੨॥

ਹਰੀ ਵਾਹਿਗੁਰੂ ਦੇ ਨਾਮ ਤੁਲਿ = ਬਰਾਬਰ ਅਵਰੁ = ਹੋਰ ਕਛੁ = ਕੁਝ ਵੀ ਸਾਧਨ ਨਹੀਂ ਹੋਇ = ਹੋ ਸਕਦਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਮੁਖ ਬਣ ਕੇ ਗੁਰਾਂ ਦੁਆਰਾ ਕੋਇ = ਕੋਈ ਵਿਰਲਾ ਜਨੁ = ਪੁਰਖ ਹੀ ਨਾਮ ਪਾਵੈ = ਪਾ ਸਕਦਾ ਹੈ ॥੮॥੨॥

(ਦੂਸਰੀ ਅਸਟਪਦੀ ਵਿਚ ਪੂਰੇ ਅੱਖਰ ੧੦੨੮, ਪੈਰਾਂ ਵਾਲੇ ਰਾਰੇ ੧੨, ਕੁੱਲ ਅੱਖਰ ੧੦੪੦ ਹਨ।)

## ਸਲੋਕੁ ॥ ਬਹੁ ਸਾਸਤ੍ਰ ਬਹੁ ਸਿਮ੍ਰਿਤੀ; ਪੇਖੇ ਸਰਬ ਢਢੋਲਿ ॥

ਬਹੁ = ਬਹੁਤਿਆਂ ਸ਼ਾਸਤਰਾਂ ਤੇ ਬਹੁ = ਬਹੁਤੀਆਂ ਸਿੰਮ੍ਰਿਤੀਆਂ ਆਦਿਕ ਸਰਬ = ਸਾਰੇ ਗ੍ਰੰਥਾਂ ਨੂੰ ਢਢੋਲਿ = ਖੋਜ ਕੇ ਪੇਖੇ = ਦੇਖਿਆ ਹੈ।

## ਪੂਜਸਿ ਨਾਹੀ ਹਰਿ ਹਰੇ; ਨਾਨਕ ਨਾਮ ਅਮੋਲ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਭ ਨੂੰ ਹਰੇ ਭਰੇ ਕਰਨ ਵਾਲੇ ਹਰਿ = ਹਰੀ ਵਾਹਿਗੁਰੂ ਦੇ ਨਾਮ ਬਰਾਬਰ ਕੋਈ ਵੀ ਪੂਜਸਿ = ਪੁੱਜ ਨਾਹੀ = ਨਹੀਂ ਸਕਦਾ, ਉਸ ਦਾ ਨਾਮ ਅਮੋਲ = ਮੁੱਲ ਤੋਂ ਰਹਿਤ ਹੈ ॥੧॥

ਇਕ ਵਾਰ ਸੰਤ ਸੁੰਦਰ ਸਿੰਘ ਜੀ ਮਹਾਂਪੁਰਖ ਕੋਲ ਬੋਪਾਰਾਏ ਇਕ ਤਲਵੰਡੀ ਦਾ ਵੇਦਾਂਤੀ ਆ ਕੇ ਕਹਿਣ ਲੱਗਾ ਕਿ ਮਹਾਂਪੁਰਖੋ ਮੈਂ ਸੁਣਿਆ ਹੈ ਜੋ ਵੇਦਾਂਤ ਦੇ ਇਕ ਵਾਕ ਨੂੰ ਸੁਣਾਵੇ, ਉਸ ਨੂੰ ੮੦ ਸਿੰਮ੍ਰਿਤੀਆਂ ਦੇ ਪਾਠ ਜਿੰਨਾ ਫਲ ਮਿਲਦਾ ਹੈ ਅਤੇ ਜੇ ਕੋਈ ਗੁਰਬਾਨੀ ਨੂੰ ਕੀਰਤਨ ਕਰ ਕੇ ਸੁਣਾਵੇ, ਉਸ ਨੂੰ ਕਿਤਨਾ ਫਲ ਹੈ, ਸੰਤਾਂ ਨੇ ਹੱਸ ਕੇ ਕਿਹਾ ਕਿ ਸਤਿਗੁਰਾਂ ਦਾ ਬਚਨ ਹੈ :

**ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥**
**ਹਰਿ ਹਰਿ ਨਾਮੁ ਜਪਤ ਕੁਲ ਸਗਲੇ ਤਾਰੇ ਰਾਮ ॥** *(ਅੰਗ ੫੪੬)*

ਮਹਾਂਪੁਰਖ ਕਹਿਣ ਲੱਗੇ ਕਿ ਕੀ ਦੱਸੀਏ ? ਕਰੋੜਾਂ ਯੱਗਾਂ ਦੇ ਫਲ ਨਾਮ ਦੇ ਬਰਾਬਰ ਨਹੀਂ ਪੁੱਜ ਸਕਦੇ ਭਾਵ ਬਰਾਬਰ ਵਿਚਾਰ ਕੇ ਤੋਲੇ ਨਹੀਂ ਜਾ ਸਕਦੇ, ਅਵਤਾਰਾਂ ਦੀਆਂ ਦੇਹਾਂ ਵੀ ਨਾਮ ਬਰਾਬਰ ਹਲਕੀਆਂ ਪੈ ਜਾਂਦੀਆਂ ਹਨ, ਜਿਵੇਂ ਨਾਰਦ ਨੇ ਕ੍ਰਿਸ਼ਨ ਜੀ ਨੂੰ ਗਹਿਣੇ ਪਾ ਕੇ ਤੋਲਿਆ ਪਰ ਕ੍ਰਿਸ਼ਨ ਦਾ ਸਰੀਰ ਭਾਰਾ ਰਿਹਾ, ਜਦੋਂ ਪਰਮੇਸ਼ਰ ਦਾ ਨਾਮ ਪਾਇਆ ਤਾਂ ਸਰੀਰ ਹਲਕਾ ਤੇ ਨਾਮ ਭਾਰਾ ਹੋ ਗਿਆ, ਇਸ ਕਰਕੇ ਉਸ ਨਾਮ ਦੀ ਵਡਿਆਈ ਗਾ ਨਹੀਂ ਸਕਦੇ, ਇਤਨਾ ਅਮੋਲਕ ਹੈ।

## ਅਸਟਪਦੀ ॥

## ਜਾਪ ਤਾਪ; ਗਿਆਨ ਸਭਿ ਧਿਆਨ ॥

ਭਾਵੇਂ ਬਾਣੀ ਕਰ ਕੇ ਦੇਵਤਿਆਂ ਦੇ ਮੰਤਰ ਦਾ ਜਾਪ = ਜਪ ਕਰੇ, ਧੂਣੀਆਂ ਤਪਾਉਣੀਆਂ ਜਲਧਾਰੇ ਕਰਨੇ ਆਦਿ ਤਾਪ = ਤਪ ਕਰੇ, ਗਿਆਨ ਦੀਆਂ ਗੱਲਾਂ ਕਰੇ, ਭਾਵੇਂ ਸਭਿ = ਸਾਰੇ ਧਿਆਨ ਲਗਾ ਕੇ ਬੈਠ ਜਾਵੇ।

## ਖਟ ਸਾਸਤ੍ਰ; ਸਿਮ੍ਰਿਤਿ ਵਖਿਆਨ ॥

ਖਟ = ਛੇ ਸ਼ਾਸਤਰਾਂ[1] ਤੇ ੨੭ ਸਿੰਮ੍ਰਿਤੀਆਂ ਦਾ ਵਖਿਆਨ = ਕਥਨ ਕਰਦਾ ਹੋਵੇ।

## ਜੋਗ ਅਭਿਆਸ; ਕਰਮ ਧ੍ਰਮ ਕਿਰਿਆ ॥

ਭਾਵੇਂ ਜੋਗਾ ਅਭਿਆਸ, ਨਿੱਤ, ਨਮਿੱਤ, ਤ੍ਰਾਟਿਕ ਆਦਿ ਕਰਮ ਕਰੇ, ਧਰਮ ਯੱਗ ਆਦਿਕਾਂ ਦੀ ਕਿਰਿਆ ਕਰੇ।

## ਸਗਲ ਤਿਆਗਿ; ਬਨ ਮਧੇ ਫਿਰਿਆ ॥

ਭਾਵੇਂ ਸਗਲ = ਸਾਰੇ ਪੁੱਤਰ, ਇਸਤਰੀ ਸੰਬੰਧੀਆਂ ਨੂੰ ਤਿਆਗਿ = ਛੱਡ ਕੇ ਬਨ = ਜੰਗਲਾਂ ਮਧੇ = ਵਿਚ ਤੁਰਿਆ ਫਿਰਿਆ = ਫਿਰੇ।

## ਅਨਿਕ ਪ੍ਰਕਾਰ; ਕੀਏ ਬਹੁ ਜਤਨਾ ॥ ਪੁੰਨ ਦਾਨ; ਹੋਮੇ ਬਹੁ ਰਤਨਾ ॥

ਅਨਿਕ = ਅਨੇਕ ਪ੍ਰਕਾਰ = ਤਰੀਕਿਆਂ ਕਰ ਕੇ ਬਹੁ = ਬਹੁਤ ਸਾਧਨਾਂ ਦੇ ਜਤਨਾ = ਉੱਦਮ

---
੧. ਛੇ ਸ਼ਾਸਤਰਾਂ ਦੀ ਵੀਚਾਰ ਇਸੇ ਸਟੀਕ ਦੀ ਪਹਿਲੀ ਪੋਥੀ ਵਿਚ 'ਛਿਅ ਘਰ' ਵਾਲੀ ਤੁੱਕ 'ਤੇ ਹੈ।

ਕੀਏ = ਕਰੇ। ਮੱਸਿਆ, ਪੁੰਨਿਆ, ਸੰਗਰਾਂਦ ਆਦਿਕਾਂ ਸਮੇਂ ਪੁੰਨ ਦਾਨ ਕਰੇ ਅਤੇ ਬਹੁ = ਬਹੁਤ ਸਾਰਾ ਰਤਨਾ = ਘਿਓ ਪਾ ਕੇ ਹੋਮੇ = ਹਵਨ ਕਰੇ।

## ਸਰੀਰੁ ਕਟਾਇ; ਹੋਮੈ ਕਰਿ ਰਾਤੀ ॥ ਵਰਤ ਨੇਮ; ਕਰੈ ਬਹੁ ਭਾਤੀ ॥

ਰਾਤੀ = ਰੱਤੀ ਰੱਤੀ ਜਿੰਨਾ ਸਰੀਰੁ = ਤਨ ਕਟਾਇ = ਕਟਾ ਕਟਾ ਕੇ ਹੋਮੈ = ਹਵਨ ਕਰਨਾ ਕਰੇ, (ਜਿਵੇਂ ਕੁੰਭਲਾ ਦੇਵੀ ਦੇ ਪਾਸੋਂ ਵਰ ਲੈਣ ਲਈ ਮੇਘਨਾਥ ਲਛਮਣ ਨੂੰ ਜਿੱਤਣ ਲਈ ਰੱਤੀ ਰੱਤੀ ਕੱਟ ਕੇ ਭੇਟਾ ਕਰ ਰਿਹਾ ਸੀ, ਭਭੀਖਣ ਨੇ ਲਛਮਣ ਨੂੰ ਦੱਸ ਦਿੱਤਾ ਕਿ ਹੁਣ ਮੌਕਾ ਹੈ ਮੇਘਨਾਥ ਨੂੰ ਮਾਰਨ ਦਾ, ਲਛਮਣ ਨੇ ਤੀਰ ਮਾਰ ਕੇ ਮਾਰ ਦਿੱਤਾ ਸੀ।)

ਬਹੁ = ਬਹੁਤ ਭਾਤੀ = ਪ੍ਰਕਾਰ ਦੇ ਵਰਤ ਰੱਖ ਕੇ ਨਿਯਮਾਂ ਨੂੰ ਪੂਰੇ ਕਰੇ, ਭਾਵ ਯਮ ਨੇਮ ਆਦਿਕ ਸਾਧਨ ਭੀ ਕਰ ਲਵੇ।

## ਨਹੀ ਤੁਲਿ; ਰਾਮ ਨਾਮ ਬੀਚਾਰ ॥
## ਨਾਨਕ ਗੁਰਮੁਖਿ; ਨਾਮੁ ਜਪੀਐ ਇਕ ਬਾਰ ॥੧॥

ਰਾਮ = ਪਰਮੇਸ਼ਰ ਦੇ ਨਾਮ ਤੁਲਿ = ਬਰਾਬਰ ਉਪਰੋਕਤ ਕੋਈ ਵੀ ਸਾਧਨ ਨਹੀਂ ਹੈ, ਭਾਵੇਂ ਇਹ ਬੀਚਾਰ = ਵਿਚਾਰ ਕਰ ਕੇ ਵੇਖ ਲਵੋ **ਵਾ**: ਨਾਮ ਦੀ ਵੀਚਾਰ ਦੇ ਬਰਾਬਰ ਕੁਝ ਵੀ ਨਹੀਂ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਮੁਖਿ ਬਣ ਕੇ ਇਕ ਵਾਰ ਜੇ ਵਾਹਿਗੁਰੂ ਨਾਮ ਨੂੰ ਜਪੀਐ = ਜਪਣਾ ਕਰੀਏ ॥੧॥ ਜੈਸਾ ਕਿ :

**ਜੋ ਕਲਿ ਕੌ ਇਕ ਬਾਰ ਧਿਐ ਹੈ। ਤਾ ਕੇ ਕਾਲ ਨਿਕਟ ਨਹਿ ਐਹੈ ॥**

*(ਸ੍ਰੀ ਦਸਮ ਗ੍ਰੰਥ, ਪੰਨਾ ੧੩੮੮)*

ਪ੍ਰੇਮ ਸੁ ਮਾਰਗ ਵਿਚ ਪ੍ਰਸੰਗ ਆਉਂਦਾ ਹੈ, ਇਕ ਜੋਗੀ ਬੰਦਗੀ ਦਾ ਬਹੁਤ ਮਾਣ ਕਰਦਾ ਸੀ, ਤਾਂ ਕਲਗ਼ੀਧਰ ਜੀ ਨੇ ਭਾਈ ਧੰਨਾ ਸਿੰਘ ਨੂੰ ਕਿਹਾ ਕਿ ਇਕ ਵਾਰ ਵਾਹਿਗੁਰੂ ਦਾ ਜਾਪ ਕਰ, ਤਾਂ ਸਾਰੇ ਰੋਮਾਂ 'ਚੋਂ ਵਾਹਿਗੁਰੂ ਨਿਕਲਿਆ, ਤਾਂ ਕਲਗ਼ੀਧਰ ਜੀ ਜੋਗੀ ਨੂੰ ਕਹਿਣ ਲੱਗੇ ਕਿ ਜੋਗੀਆ ਭਾਈ ਧੰਨਾ ਸਿੰਘ ਦੇ ਇਕ ਵਾਰੀ ਵਾਹਿਗੁਰੂ ਕਹੇ ਜਿੰਨਾ ਤੇਰਾ ਜਾਪ ਨਹੀਂ ਹੈ। ਕਹਿਣ ਲੱਗਾ—ਕਿਵੇਂ ? ਗੁਰੂ ਜੀ ਕਹਿਣ ਲੱਗੇ ਕਿ ਕੰਨ ਲਾ ਕੇ ਵੇਖ। ਜਦੋਂ ਕੰਨ ਲਾ ਕੇ ਵੇਖਿਆ ਤਾਂ ਰੋਮ ਰੋਮ 'ਚੋਂ ਵਾਹਿਗੁਰੂ ਨਾਮ ਦੀਆਂ ਅਵਾਜ਼ਾਂ ਆ ਰਹੀਆਂ ਸਨ, ਹੈਰਾਨ ਰਹਿ ਗਿਆ। ਕਲਗ਼ੀਧਰ ਜੀ ਦੇ ਚਰਨ ਪਕੜ ਕੇ ਬੇਨਤੀ ਕੀਤੀ ਕਿ ਐਸੀ ਕਿਰਪਾ ਮੇਰੇ 'ਤੇ ਵੀ ਕਰੋ :

**ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥** *(ਅੰਗ ੯੪੧)*

## ਨਉ ਖੰਡ ਪ੍ਰਿਥਮੀ ਫਿਰੈ; ਚਿਰੁ ਜੀਵੈ ॥ ਮਹਾ ਉਦਾਸੁ; ਤਪੀਸਰੁ ਥੀਵੈ ॥

ਭਾਵੇਂ ਪ੍ਰਿਥਮੀ = ਧਰਤੀ ਦੇ ਨਉ ਖੰਡ = ਨੌਂ ਹਿੱਸਿਆ (ਭਾਰਤ, ਇਲਾਬ੍ਰਿਤ, ਕਿੰਪੁਰਖ, ਭੱਦ, ਕੇਤਮਾਲ, ਹਰਵਰਖ, ਠੰਮ ਕੇ, ਹਿਰਨਮਯ, ਕੁਲ) ਵਿਚ ਚਿਰੁ ਜੀਵੈ = ਚਿਰੰਜੀਵੀ ਹੋ ਕੇ ਫਿਰੈ = ਫਿਰਦਾ ਰਹੇ। ਮਹਾ = ਵੱਡਾ ਉਦਾਸੁ = ਉਦਾਸੀਨ ਹੋ ਕੇ ਤਪੀਸਰੁ = ਤਪ ਕਰਨ ਵਾਲਾ ਥੀਵੈ = ਹੋ ਜਾਵੇ।

## ਅਗਨਿ ਮਾਹਿ; ਹੋਮਤ ਪਰਾਨ ॥ ਕਨਿਕ ਅਸ੍ਵ ਹੈਵਰ; ਭੂਮਿ ਦਾਨ ॥

.ਭਾਵੇਂ ਅਗਨਿ = ਅੱਗ ਮਾਹਿ = ਵਿਚ ਬੈਠ ਕੇ ਪਰਾਨ = ਸੁਆਸਾਂ ਨੂੰ ਹੋਮਤ = ਹਵਨ ਕਰ ਦੇਵੇ। ਭਾਵੇਂ

ਕਨਿਕ = ਸੋਨੇ ਦੇ ਅਸ੍ਵ = ਘੋੜੇ ਬਣਾ ਕੇ ਭਾਵੇਂ ਦਰਿਆਈ ਹੈਵਰ = ਘੋੜੇ ਭਾਵ ਖੁਰਾਸਾਨੀ ਘੋੜੇ ਤੇ ਭੂਮਿ = ਧਰਤੀ ਦਾਨ ਕਰ ਦੇਵੇ। ਜੈਸਾ ਕਿ :

**ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥**
**ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥** *(ਸਿਰੀਰਾਗੁ ਮ: ੧, ਅੰਗ ੬੨)*

## ਨਿਉਲੀ ਕਰਮ ਕਰੈ; ਬਹੁ ਆਸਨ ॥ ਜੈਨ ਮਾਰਗ; ਸੰਜਮ ਅਤਿ ਸਾਧਨ ॥

ਨੇਤੀ ਧੋਤੀ ਆਦਿਕ ਕਰਮ ਕਰੈ = ਕਰੇ ਅਤੇ ਬਹੁ = ਬਹੁਤੇ ਆਸਨ ਲਾਉਣੇ ਸਿੱਖ ਲਵੇ। ਜੈਸਾ ਕਿ :

**ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ ॥੨॥**

*(ਮਾਝ ਮ: ੫, ਅੰਗ ੯੮)*

ਨਿਉਲੀ ਕਰਮ = ਇਕ ਯੋਗ ਕਿਰਿਆ, ਦੋਵੇਂ ਕੰਨ੍ਹੇ ਨੀਵੇਂ ਕਰ ਕੇ ਪਿੱਠ ਦਾ ਵਲ ਕੱਢ ਕੇ ਸਿੱਧਾ ਬੈਠਣਾ ਅਤੇ ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ, ਖੱਬੇ ਹੇਠ ਉਪਰ ਇਸ ਤਰ੍ਹਾਂ ਚਲਾਉਣਾ, ਜਿਵੇਂ ਮਟਕੇ ਵਿਚ ਮਧਾਣੀ ਨਾਲ ਦਹੀਂ ਫੇਰੀਦਾ, ਭਾਵੇਂ ਜੈਨੀਆਂ ਦੇ ਮਾਰਗ = ਰਸਤੇ ਵਾਲੇ ਅਤਿ = ਅਤਿਅੰਤ ਸੰਜਮ ਵਾਲੇ ਸਾਧਨ ਕਰਨੇ ਸਿੱਖ ਲਵੇ।

## ਨਿਮਖ ਨਿਮਖ ਕਰਿ; ਸਰੀਰੁ ਕਟਾਵੈ ॥
## ਤਉ ਭੀ; ਹਉਮੈ ਮੈਲੁ ਨ ਜਾਵੈ ॥

ਜੇ ਨਿਮਖ ਨਿਮਖ = ਰੱਤੀ ਰੱਤੀ ਕਰਿ = ਕਰ ਕੇ ਵੀ ਸਰੀਰੁ = ਤਨ ਕਟਾਵੈ = ਕਟਾ ਦੇਵੇ। ਤਉ = ਤਦ ਭੀ = ਵੀ ਹਉਮੈ = ਹੰਗਤਾ ਮਮਤਾ ਦੀ ਜੀਵ ਅੰਦਰੋਂ ਮੈਲ ਨ = ਨਹੀਂ ਜਾਵੈ = ਜਾਂਦੀ।

## ਹਰਿ ਕੇ ਨਾਮ ਸਮਸਰਿ; ਕਛੁ ਨਾਹਿ ॥
## ਨਾਨਕ ਗੁਰਮੁਖਿ; ਨਾਮੁ ਜਪਤ ਗਤਿ ਪਾਹਿ ॥੨॥

ਹਰਿ = ਹਰੀ ਪਰਮੇਸ਼ਰ ਕੇ = ਦੇ ਨਾਮ ਸਮਸਰਿ = ਬਰਾਬਰ ਕੋਈ ਕਛੁ = ਕੁਝ ਵੀ ਨਾਹਿ = ਨਹੀਂ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਗੁਰਮੁਖ ਬਣ ਕੇ ਨਾਮ ਜਪਤ = ਜਪਦੇ ਹਨ, ਉਹ ਗਤਿ = ਕਲਿਆਣ ਨੂੰ ਪਾਹਿ = ਪਾਉਂਦੇ ਹਨ ॥੨॥

## ਮਨ ਕਾਮਨਾ; ਤੀਰਥ ਦੇਹ ਛੁਟੈ ॥ ਗਰਬੁ ਗੁਮਾਨੁ; ਨ ਮਨ ਤੇ ਹੁਟੈ ॥

ਭਾਵੇਂ ਮਨ = ਹਿਰਦੇ ਵਿਚ ਕਾਮਨਾ = ਇੱਛਾ ਹੋਵੇ ਕਿ ਤੀਰਥ ਤੇ ਦੇਹ = ਸਰੀਰ ਛੁਟੈ = ਛੁਟ ਜਾਵੇ, ਪਰ ਇਹ ਸੰਭਵ ਨਹੀਂ ਹੈ। ਕਿਉਂਕਿ (**ਵਾ:** ਭਾਵੇਂ ਮਨ ਕਾਮਨਾ = ਮਨੀਕਰਣ ਤੀਰਥ ਉੱਤੇ ਦੇਹ = ਸਰੀਰ ਛੁਟ ਜਾਵੇ, ਜਿਥੇ ਪਾਰਬਤੀ ਦੀ ਮਣੀ ਗੁਆਚ ਗਈ ਸੀ, ਸ਼ਿਵਜੀ ਨੇ ਸ਼ੇਸ਼ਨਾਗ ਪਾਸੋਂ ਮੰਗਵਾਈ ਸੀ, ਇਉਂ ਉਸ ਜਗ੍ਹਾ ਨੂੰ ਮਨੀਕਰਨ ਤੀਰਥ ਮੰਨਿਆ ਹੈ।) ਜੋ ਪੁਰਸ਼ ਨੂੰ ਦੇਹ ਦਾ ਗਰਬੁ = ਹੰਕਾਰ ਤੇ ਸਾਧਨਾ ਦਾ ਗੁਮਾਨ = ਅਭਿਮਾਨ ਹੈ ਉਹ ਮਨ = ਅੰਤਸ਼ਕਰਣ ਤੇ = ਤੋਂ ਹੁਟੈ = ਹਟਦਾ ਨਹੀਂ ਹੈ।

## ਸੋਚ ਕਰੈ; ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ; ਨ ਤਨ ਤੇ ਜਾਤਿ ॥

ਭਾਵੇਂ ਦਿਨਸੁ = ਦਿਨ ਅਤੇ ਰਾਤ ਸਰੀਰ ਦੀ ਸੋਚ = ਪਵਿੱਤਰਤਾ ਕਰੈ = ਕਰਦਾ ਰਹੇ। ਪਰ ਮਨੁ = ਅੰਤਸ਼ਕਰਣ ਦੀ ਪਾਪਾਂ ਰੂਪ ਮੈਲ ਤਨ = ਸਰੀਰ ਦੇ ਧੋਤਿਆਂ ਤੇ = ਤੋਂ ਨ = ਨਹੀਂ ਜਾਤਿ = ਜਾਂਦੀ।

## ਇਸੁ ਦੇਹੀ ਕਉ; ਬਹੁ ਸਾਧਨਾ ਕਰੈ ॥ ਮਨ ਤੇ; ਕਬਹੂ ਨ ਬਿਖਿਆ ਟਰੈ ॥

ਭਾਵੇਂ ਕੋਈ ਇਸ ਦੇਹੀ = ਸਰੀਰ ਕਉ = ਨੂੰ ਕਸ਼ਟ ਦੇ ਕੇ ਬਹੁ = ਬਹੁਤ ਸਾਧਨਾ ਕਰੈ = ਕਰ ਲਵੇ। ਪਰ ਫੇਰ ਵੀ ਮਨ = ਹਿਰਦੇ ਤੇ = ਤੋਂ ਕਬਹੂ = ਕਦੇ ਬਿਖਿਆ = ਵਿਸ਼ਿਆਂ ਦੀ ਮੈਲ ਨ = ਨਹੀਂ ਟਰੈ = ਟਲਦੀ।

## ਜਲਿ ਧੋਵੈ; ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ; ਕਾਚੀ ਭੀਤਿ ॥

ਭਾਵੇਂ ਅਨੀਤਿ = ਅਨਿਤਯ, ਬਿਨਸਨਹਾਰ ਦੇਹ = ਸਰੀਰ ਨੂੰ ਬਹੁ = ਬਹੁਤੇ ਜਲ = ਪਾਣੀ ਨਾਲ ਧੋਵੈ = ਧੋਂਦਾ ਰਹੇ, ਜਿਵੇਂ ਕਾਚੀ = ਕੱਚੀ ਭੀਤਿ = ਕੰਧ ’ਤੇ ਪਾਣੀ ਪਾਈਏ ਤਾਂ ਮਿੱਟੀ ਹੀ ਨਿਕਲੇਗੀ, ਸੁਧ ਕਹਾ = ਕਿਥੇ ਹੋਇ = ਹੋਵੇਗੀ **ਵਾ:** ਇਸੇ ਪ੍ਰਕਾਰ ਜੋ ਦੇਹ ਅਧਿਆਸ ਵਾਲੀ ਕਾਚੀ = ਕੱਚੀ ਭੀਤਿ = ਕੰਧ ਹੈ, ਉਹ ਦੇਹ ਅਭਿਮਾਨ ਤੋਂ ਰਹਿਤ ਹੋ ਕੇ ਕਹਾ = ਕਿਥੇ ਸੁਧ = ਖਾਲਸ ਹੋਇ = ਹੋਵੇਗੀ।

## ਮਨ ਹਰਿ ਕੇ ਨਾਮ ਕੀ; ਮਹਿਮਾ ਊਚ ॥
## ਨਾਨਕ ਨਾਮਿ; ਉਧਰੇ ਪਤਿਤ ਬਹੁ ਮੂਚ ॥੩॥

ਹੇ ਮੇਰੇ ਪਿਆਰੇ ਮਨਾਂ! ਹਰਿ = ਹਰੀ ਵਾਹਿਗੁਰੂ ਕੇ = ਦੇ ਨਾਮ ਕੀ = ਦੀ ਮਹਿਮਾ = ਵਡਿਆਈ ਸਭ ਤੋਂ ਊਚ = ਉੱਚੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦਾ ਨਾਮ ਜਪ ਕੇ ਬਹੁ = ਬਹੁਤੇ ਮੂਚ = ਵਿਸਤਾਰ ਵਾਲੇ ਪਤਿਤ = ਪਾਪੀ ਵੀ ਉਧਰੇ = ਤਰ ਗਏ ਹਨ॥੩॥

[ਅੰਗ ੨੬੬]

## ਬਹੁਤੁ ਸਿਆਣਪ; ਜਮ ਕਾ ਭਉ ਬਿਆਪੈ ॥
## ਅਨਿਕ ਜਤਨ ਕਰਿ; ਤ੍ਰਿਸਨ ਨਾ ਧ੍ਰਾਪੈ ॥

ਬਹੁਤੀ ਸਿਆਣਪ = ਅਕਲ ਕਰਨ ਕਰਕੇ ਵੀ ਜਮ ਕਾ = ਦਾ ਭਉ = ਡਰ ਵਿਆਪੈ = ਵਿਆਪਦਾ ਭਾਵ ਲੱਗਦਾ ਰਹਿੰਦਾ ਹੈ। ਅਨਿਕ = ਅਨੇਕਾਂ ਜਤਨ = ਤਰੀਕਿਆਂ ਕਰਿ = ਕਰ ਕੇ ਤ੍ਰਿਸਨ = ਲਾਲਚ ਵੱਲੋਂ ਧ੍ਰਾਪੈ = ਤ੍ਰਿਪਤੀ ਨਾ = ਨਹੀਂ ਆਉਂਦੀ।

## ਭੇਖ ਅਨੇਕ; ਅਗਨਿ ਨਹੀ ਬੁਝੈ ॥ ਕੋਟਿ ਉਪਾਵ; ਦਰਗਹ ਨਹੀ ਸਿਝੈ ॥

(**ਬੁਝੈ** ਪੋਲਾ ਬੋਲੋ)

ਅਨੇਕਾਂ ਭੇਖ = ਲਿਬਾਸ ਧਾਰਨ ਕਰ ਕੇ ਤ੍ਰਿਸਨਾ ਦੀ ਅਗਨਿ = ਅੱਗ ਨਹੀਂ ਬੁਝੈ = ਬੁਝਦੀ। ਕੋਟਿ = ਕਰੋੜਾਂ ਉਪਾਵ = ਯਤਨ ਕੀਤਿਆਂ ਦਰਗਹ = ਪਰਲੋਕ ਵਿਚ ਸਿਝੈ = ਛੁਟਕਾਰਾ ਨਹੀਂ ਹੋਣਾ, ਭਾਵ ਮੁਕਤੀ ਨਹੀਂ ਮਿਲਣੀ।

## ਛੂਟਸਿ ਨਾਹੀ; ਊਭ ਪਇਆਲਿ ॥
## ਮੋਹਿ ਬਿਆਪਹਿ; ਮਾਇਆ ਜਾਲਿ ॥

ਊਭ = ਉਪਰ ਅਕਾਸ਼ ਵਿਚ ਤੇ ਨੀਵੇਂ ਪਇਆਲਿ = ਪਤਾਲ ਵਿਚ ਜਾਣ ਕਰ ਕੇ ਵੀ ਛੂਟਸਿ = ਛੁਟਕਾਰਾ ਨਾਹੀ = ਨਹੀਂ ਹੋਣਾ, ਇਸ ਮਾਇਆ ਕਰਕੇ ਮੋਹ ਰੂਪੀ ਜਾਲਿ = ਫਾਹੀ ਵਿਚ ਜੀਵ ਬਿਆਪਹਿ = ਫਸ ਰਹੇ ਹਨ।

## ਅਵਰ ਕਰਤੂਤਿ; ਸਗਲੀ ਜਮੁ ਡਾਨੈ ॥
## ਗੋਵਿੰਦ ਭਜਨ ਬਿਨੁ; ਤਿਲੁ ਨਹੀ ਮਾਨੈ ॥

ਜਿੰਨੀ ਮਰਜ਼ੀ ਅਵਰ = ਹੋਰ ਕਰਤੂਤਿ = ਕਰਨੀ ਕਰ ਲਵੇ, ਫੇਰ ਵੀ ਸਗਲੀ = ਸਾਰੀਆਂ ਵਿਚ ਜਮਾਂ ਦਾ ਡਾਨੈ = ਡੰਡ ਮਿਲੇਗਾ। ਪ੍ਰਲੋਕ ਵਿਚ ਗੋ = ਪ੍ਰਿਥਵੀ ਦੀ ਵਿੰਦ = ਰੱਖਿਆ ਕਰਨ ਵਾਲੇ ਪਰਮੇਸ਼ਰ ਦੇ ਭਜਨ = ਸਿਮਰਨ ਤੋਂ ਬਿਨੁ = ਬਗ਼ੈਰ ਹੋਰ ਕਰਮਾਂ ਧਰਮਾਂ ਨੂੰ ਤਿਲੁ = ਰੰਚਕ ਮਾਤਰ ਵੀ ਨਹੀਂ ਮਾਨੈ = ਮੰਨਿਆ ਜਾਣਾ।

## ਹਰਿ ਕਾ ਨਾਮੁ ਜਪਤ; ਦੁਖੁ ਜਾਇ ॥
## ਨਾਨਕ; ਬੋਲੈ ਸਹਜਿ ਸੁਭਾਇ ॥੪॥

ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਜਪਣੇ ਕਰ ਕੇ ਜਨਮਾਂ ਜਨਮਾਂਤਰਾਂ ਦੇ ਦੁਖ ਚਲੇ ਜਾਇ = ਜਾਂਦੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦਾ (ਸੁ+ਭਾਇ) ਸੁ = ਸ੍ਰੇਸ਼ਟ ਭਾਇ = ਪ੍ਰੇਮ ਨਾਲ ਨਾਮ ਦਾ ਬੋਲੈ = ਉਚਾਰਨ ਕਰ ਕੇ ਸਹਜਿ = ਸੁਤੇ ਸਿੱਧ ਹੀ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ **ਵਾ:** ਸਹਜਿ = ਸੁਤੇ-ਸਿਧ ਸੁਭਾਇ = ਸੁਭਾਵਿਕ ਨਾਮ ਦੇ ਬੋਲੈ = ਉਚਾਰਨ ਕਰ ਕੇ ਦੁਖ ਦੂਰ ਹੋ ਜਾਂਦੇ ਹਨ ॥੪॥

## ਚਾਰਿ ਪਦਾਰਥ; ਜੇ ਕੋ ਮਾਗੈ ॥ ਸਾਧ ਜਨਾ ਕੀ; ਸੇਵਾ ਲਾਗੈ ॥

ਜੇ = ਜਿਹੜਾ ਕੋ = ਕੋਈ ਜੀਵ ਚਾਰਿ ਪਦਾਰਥ (ਧਰਮ, ਅਰਥ, ਕਾਮ, ਮੋਖ) ਮਾਗੈ = ਮੰਗਦਾ ਹੈ। ਉਹ ਸਾਧ = ਸ੍ਰੇਸ਼ਟ ਜਨਾਂ ਕੀ = ਦੀ ਸੇਵਾ = ਟਹਿਲ ਵਿਚ ਲਾਗੈ = ਲੱਗਣਾ ਕਰੇ।

## ਜੇ ਕੋ; ਆਪੁਨਾ ਦੂਖੁ ਮਿਟਾਵੈ ॥ ਹਰਿ ਹਰਿ ਨਾਮੁ; ਰਿਦੈ ਸਦ ਗਾਵੈ ॥

ਜੇ = ਜਿਹੜਾ ਕੋ = ਕੋਈ ਆਪਣੇ ਮਨ ਬਾਣੀ ਸਰੀਰ ਦਾ ਦੂਖੁ = ਦਰਦ ਮਿਟਾਵੈ = ਮਿਟਾਉਣਾ ਚਾਹੁੰਦਾ ਹੈ। ਉਹ ਸਭ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਹਰੀ ਪਰਮੇਸ਼ਰ ਦੇ ਨਾਮ ਨੂੰ ਸਦ = ਹਮੇਸ਼ਾਂ ਰਿਦੈ = ਹਿਰਦੇ ਵਿਚ ਗਾਵੈ = ਗਾਉਣਾ ਕਰੇ।

## ਜੇ ਕੋ; ਅਪੁਨੀ ਸੋਭਾ ਲੋਰੈ ॥ ਸਾਧਸੰਗਿ; ਇਹ ਹਉਮੈ ਛੋਰੈ ॥

ਜੇ = ਜਿਹੜਾ ਕੋ = ਕੋਈ ਆਪਣੀ ਸੋਭਾ = ਵਡਿਆਈ ਦੀ ਇੱਛਾ ਲੋਰੈ = ਲੋਚਦਾ ਹੈ। ਉਹ ਸਾਧਸੰਗਿ = ਸਾਧਸੰਗਤ ਵਿਚ ਮਿਲ ਕੇ ਇਹ ਦੇਹ ਦੀ ਹਉਮੈ = ਹੰਗਤਾ ਛੋਰੈ = ਛੱਡ ਦੇਵੇ।

## ਜੇ ਕੋ; ਜਨਮ ਮਰਣ ਤੇ ਡਰੈ ॥ ਸਾਧ ਜਨਾ ਕੀ; ਸਰਨੀ ਪਰੈ ॥

ਜੇ = ਜਿਹੜਾ ਕੋ = ਕੋਈ ਜੰਮਣ ਮਰਨ ਤੇ = ਤੋਂ ਡਰੈ = ਭੈ ਕਰਦਾ ਹੈ। ਉਹ ਸਾਧ = ਸੰਤ ਜਨਾਂ ਕੀ = ਦੀ ਸਰਨੀ = ਓਟ ਪਰੈ = ਪੈਣਾ ਕਰੇ।

## ਜਿਸੁ ਜਨ ਕਉ; ਪ੍ਰਭ ਦਰਸ ਪਿਆਸਾ ॥
## ਨਾਨਕ; ਤਾ ਕੈ ਬਲਿ ਬਲਿ ਜਾਸਾ ॥੫॥

ਜਿਸ ਜਨ = ਪੁਰਖ ਕਉ = ਨੂੰ ਪ੍ਰਭ = ਹਰੀ ਵਾਹਿਗੁਰੂ ਦੇ ਦਰਸ = ਦਰਸ਼ਨਾਂ ਦੀ ਪਿਆਸਾ = ਤ੍ਰੇਹ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੈਂ ਤਾ = ਉਸ ਕੈ = ਦੇ ਉੱਪਰੋਂ ਬਲਿ = ਬਲਿਹਾਰ ਬਲਿ = ਕੁਰਬਾਨ ਜਾਸਾ = ਜਾਂਦਾ ਹਾਂ ॥੫॥

## ਸਗਲ ਪੁਰਖ ਮਹਿ; ਪੁਰਖੁ ਪ੍ਰਧਾਨੁ ॥
## ਸਾਧਸੰਗਿ; ਜਾ ਕਾ ਮਿਟੈ ਅਭਿਮਾਨੁ ॥

ਸਗਲ = ਸਾਰਿਆਂ ਪੁਰਖ = ਪੁਰਸ਼ਾਂ ਮਹਿ = ਵਿੱਚੋਂ ਉਹ ਪੁਰਖ ਪ੍ਰਧਾਨੁ = ਮੁਖੀ ਹੈ। ਜਾ ਕਾ = ਜਿਸ ਦਾ ਸਾਧਸੰਗਿ = ਸਾਧਸੰਗਤ ਵਿਚ ਮਿਲ ਕੇ ਅਭਿਮਾਨੁ = ਹੰਕਾਰ ਮਿਟੈ = ਮਿਟਿਆ ਹੈ।

## ਆਪਸ ਕਉ; ਜੋ ਜਾਣੈ ਨੀਚਾ ॥ ਸੋਊ ਗਨੀਐ; ਸਭ ਤੇ ਊਚਾ ॥

ਜੋ = ਜਿਹੜਾ ਆਪਸ = ਆਪਣੇ ਆਪ ਕਉ = ਨੂੰ ਸਾਰਿਆਂ ਤੋਂ ਨੀਚਾ = ਨੀਵਾਂ ਜਾਣੈ = ਜਾਣਦਾ ਹੈ, ਭਾਵ ਸਾਰਿਆਂ ਦੀ ਚਰਨ ਧੂੜੀ ਬਣਿਆ ਰਹਿੰਦਾ ਹੈ। ਸੋਊ = ਉਹੀ ਸਭ = ਸਾਰਿਆਂ ਤੇ = ਤੋਂ ਊਚਾ = ਸ੍ਰੇਸ਼ਟ ਗਨੀਐ = ਗਿਣਿਆ ਜਾਂਦਾ ਹੈ।

## ਜਾ ਕਾ ਮਨੁ; ਹੋਇ ਸਗਲ ਕੀ ਰੀਨਾ ॥
## ਹਰਿ ਹਰਿ ਨਾਮੁ; ਤਿਨਿ ਘਟਿ ਘਟਿ ਚੀਨਾ ॥

ਜਾ ਕਾ = ਜਿਸ ਦਾ ਮਨੁ = ਅੰਤਸ਼ਕਰਨ ਸਗਲ = ਸਾਰਿਆਂ ਕੀ = ਦੀ ਚਰਨ ਰੀਨਾ = ਧੂੜ ਹੋਇ = ਹੋ ਜਾਂਦਾ ਹੈ। ਸਭ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਜਪ ਕੇ ਹੀ ਤਿਨਿ = ਉਸਨੇ ਸਾਰਿਆਂ ਘਟਿ ਘਟਿ = ਘਟਾਂ ਘਟਾਂ ਵਿਚ ਪਰਮੇਸ਼ਰ ਨੂੰ ਵਿਆਪਕ ਚੀਨਾ = ਜਾਣਿਆ ਹੈ।

## ਮਨ ਅਪੁਨੇ ਤੇ; ਬੁਰਾ ਮਿਟਾਨਾ ॥ ਪੇਖੈ; ਸਗਲ ਸ੍ਰਿਸਟਿ ਸਾਜਨਾ ॥

ਜਿਸ ਨੇ ਆਪਣੇ ਮਨ = ਹਿਰਦੇ ਤੇ = ਤੋਂ ਬੁਰਾ = ਭੈੜਾ ਸੁਭਾਅ ਮਿਟਾਨਾ = ਮਿਟਾ ਲਿਆ ਹੈ। ਉਹ ਸਗਲ = ਸਾਰੀ ਸ੍ਰਿਸਟਿ = ਦੁਨੀਆਂ ਨੂੰ ਸਾਜਨਾ = ਸੱਜਣ ਕਰ ਕੇ ਪੇਖੈ = ਵੇਖਦਾ ਹੈ, ਭਾਵ ਸਾਰੀ ਸ੍ਰਿਸ਼ਟੀ ਉਸ ਨੂੰ ਸਾਜਨਾ = ਸੱਜਣ ਕਰ ਕੇ ਪੇਖੈ = ਵੇਖਦੀ ਹੈ।

## ਸੂਖ ਦੂਖ; ਜਨ ਸਮ ਦ੍ਰਿਸਟੇਤਾ ॥ ਨਾਨਕ; ਪਾਪ ਪੁੰਨ ਨਹੀ ਲੇਪਾ ॥੬॥

ਜਿਹੜਾ ਜਨ = ਪੁਰਖ ਸੂਖ ਦੂਖ = ਸੁਖ ਦੁਖ ਨੂੰ ਸਮ = ਇਕਸਾਰ ਭਾਵ ਇੱਕੋ ਜਿਹਾ ਦ੍ਰਿਸਟੇਤਾ = ਦੇਖਦਾ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਉਸ ਨੂੰ ਪਾਪ ਪੁੰਨ ਦਾ ਲੇਪਾ = ਲੇਪਣ ਨਹੀਂ ਲੱਗਦਾ ॥੬॥ ਜੈਸਾ ਕਿ :

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ॥**
*(ਅੰਗ ੬੩੩)*

## ਨਿਰਧਨ ਕਉ; ਧਨੁ, ਤੇਰੋ ਨਾਉ ॥ ਨਿਥਾਵੇ ਕਉ; ਨਾਉ ਤੇਰਾ ਥਾਉ ॥

ਹੇ ਪਰਮੇਸ਼ਰ ! ਨਿਰਧਨ = ਧਨ ਤੋਂ ਰਹਿਤ ਪੁਰਖ ਕਉ = ਨੂੰ ਤੇਰੋ = ਤੁਹਾਡਾ ਨਾਉ = ਨਾਮ ਹੀ ਧਨ ਹੈ। ਜੈਸਾ ਕਿ :

**ਕਹਿ ਕਬੀਰ ਨਿਰਧਨ ਹੈ ਸੋਈ ॥ ਜਾ ਕੇ ਹਿਰਦੈ ਨਾਮੁ ਨ ਹੋਈ ॥੪॥੮॥** *(ਅੰਗ ੧੧੫੯)*

ਨਿਥਾਵੇ = ਥਾਂ ਹੀਨ ਪੁਰਖ ਨੂੰ ਤੇਰਾ = ਤੁਹਾਡਾ ਨਾਮ ਹੀ ਥਾਉ = ਟਿਕਾਣਾ ਹੈ।

## ਨਿਮਾਨੇ ਕਉ; ਪ੍ਰਭ ਤੇਰੋ ਮਾਨੁ ॥ ਸਗਲ ਘਟਾ ਕਉ; ਦੇਵਹੁ ਦਾਨੁ ॥

ਹੇ ਪ੍ਰਭ = ਪਰਮੇਸ਼ਰ ਨਿਮਾਨੇ = ਮਾਣ ਤੋਂ ਰਹਿਤ ਪੁਰਖ ਕਉ = ਨੂੰ ਤੇਰੋ = ਤੁਹਾਡਾ ਨਾਮ ਹੀ ਮਾਣ ਰੂਪ

ਹੈ **ਵਾ:** ਨਿਮਾਨੇ = ਮਾਣ ਤੋਂ ਰਹਿਤ ਕਉ = ਨੂੰ ਹੇ ਪ੍ਰਭ = ਪਰਮੇਸ਼ਰ ਤੇਰੋ = ਤੁਹਾਡੇ ਵੱਲੋਂ ਮਾਨੁ = ਸਤਿਕਾਰ ਮਿਲਦਾ ਹੈ। ਜੈਸਾ ਕਿ :

**ਗੁਰਮੁਖਿ ਹੋਂਦੇ ਤਾਣ ਰਹੈ ਨਿਤਾਣਿਆ।** *(ਭਾਈ ਗੁਰਦਾਸ ਜੀ, ਵਾਰ ੧੯, ਪਉੜੀ ੧੩)*

ਸਗਲ = ਸਾਰੇ ਘਟਾ = ਸਰੀਰਾਂ ਕਉ = ਨੂੰ ਦਾਨ ਦੇਵਹੁ = ਦੇਵਣ ਵਾਲੇ ਹੋ **ਵਾ:** ਸਗਲ = ਸਾਰੇ ਘਟਾਂ = ਹਿਰਦਿਆਂ ਨੂੰ ਬ੍ਰਹਮ ਗਿਆਨ ਦਾ ਦਾਨ ਦੇਵਹੁ = ਦੇਣਾ ਕਰਦੇ ਹੋ।

## ਕਰਨ ਕਰਾਵਨਹਾਰ; ਸੁਆਮੀ ॥ ਸਗਲ ਘਟਾ ਕੇ; ਅੰਤਰਜਾਮੀ ॥

ਤੁਸੀਂ ਹੀ ਸਾਰੇ ਕਾਰਜਾਂ ਦੇ ਕਰਨ ਕਰਾਉਣ ਵਾਲੇ ਸੁਆਮੀ = ਮਾਲਕ ਹੋ, ਤੁਸੀਂ ਸਗਲ = ਸਾਰਿਆਂ ਕੇ = ਦੇ ਘਟਾ = ਹਿਰਦਿਆਂ ਦੀ ਅੰਤਰਜਾਮੀ = ਅੰਦਰ ਦੀ ਜਾਨਣ ਵਾਲੇ ਹੋ। ਜੈਸਾ ਕਿ :

**ਘਟ ਘਟ ਕੇ ਅੰਤਰ ਕੀ ਜਾਨਤ ॥** *(ਸ੍ਰੀ ਦਸਮ ਗ੍ਰੰਥ, ਪੰਨਾ ੧੩੮੭)*

## ਅਪਨੀ ਗਤਿ ਮਿਤਿ; ਜਾਨਹੁ ਆਪੇ ॥ ਆਪਨ ਸੰਗਿ; ਆਪਿ ਪ੍ਰਭ ਰਾਤੇ ॥

ਅਪਨੀ ਗਤਿ = ਗਤੀ ਦੀ ਮਿਤਿ = ਮਰਯਾਦਾ ਤੁਸੀਂ ਆਪੇ = ਆਪ ਹੀ ਜਾਨਹੁ = ਜਾਣਦੇ ਹੋ। ਹੇ ਪ੍ਰਭ = ਪਰਮੇਸ਼ਰ ! ਤੁਸੀਂ ਆਪਨ = ਆਪਣੇ ਆਪ ਦੇ ਸੰਗਿ = ਨਾਲ ਆਪ ਹੀ ਭਗਤ ਰੂਪ ਹੋ ਕੇ ਰਾਤੇ = ਰੰਗੇ ਹੋਏ ਹੋ।

## ਤੁਮ੍ਰੀ ਉਸਤਤਿ; ਤੁਮ ਤੇ ਹੋਇ ॥ ਨਾਨਕ; ਅਵਰੁ ਨ ਜਾਨਸਿ ਕੋਇ ॥੭॥

ਤੁਮ੍ਰੀ = ਤੁਹਾਡੀ ਉਸਤਤਿ = ਵਡਿਆਈ ਤੁਮ = ਤੁਹਾਡੇ ਤੇ = ਤੋਂ ਹੀ ਹੋਇ = ਹੋ ਸਕਦੀ ਹੈ **ਵਾ:** ਤੁਹਾਡੀ ਕਿਰਪਾ ਤੋਂ ਹੀ ਹੋਇ = ਹੁੰਦੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਵਰੁ = ਹੋਰ ਕੋਇ = ਕੋਈ ਤੁਹਾਡੀ ਵਡਿਆਈ ਨੂੰ ਜਾਨਸਿ = ਜਾਣ ਨਹੀਂ ਸਕਦਾ **ਵਾ:** ਅਵਰ ਅਸਥਾਨ ਵਿਚ ਹੰਕਾਰ ਸਹਿਤ ਹੋ ਕੇ ਕੋਈ ਵੀ ਜਾਨਸਿ = ਜਾਣ ਨਹੀਂ ਸਕਦਾ ॥੭॥

## ਸਰਬ ਧਰਮ ਮਹਿ; ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ; ਨਿਰਮਲ ਕਰਮੁ ॥

ਸਰਬ = ਸਾਰਿਆਂ ਧਰਮਾਂ ਮਹਿ = ਵਿੱਚੋਂ ਨਾਮ ਜਪਣਾ ਹੀ ਸ੍ਰੇਸ਼ਟ = ਉੱਤਮ ਧਰਮ ਹੈ। ਹਰਿ = ਪਰਮੇਸ਼ਰ ਕੋ = ਦਾ ਨਾਮ ਜਪਿ = ਜਪਣਾ ਹੀ ਸਾਰਿਆਂ ਕਰਮਾਂ ਵਿੱਚੋਂ ਨਿਰਮਲ = ਪਵਿੱਤਰ ਕਰਮ ਹੈ।

## ਸਗਲ ਕ੍ਰਿਆ ਮਹਿ; ਊਤਮ ਕਿਰਿਆ ॥
## ਸਾਧਸੰਗਿ; ਦੁਰਮਤਿ ਮਲੁ ਹਿਰਿਆ ॥

ਸਗਲ = ਸਾਰੇ ਕ੍ਰਿਆ = ਕੰਮਾਂ ਮਹਿ = ਵਿੱਚੋਂ ਇਹੋ ਊਤਮ = ਸ੍ਰੇਸ਼ਟ ਕਿਰਿਆ = ਕਾਰਜ ਹੈ। ਜੋ ਸਾਧਸੰਗਿ = ਸਤਿਸੰਗਤ ਵਿਚ ਮਿਲ ਕੇ ਦੁਰਮਤਿ = ਖੋਟੀ ਬੁੱਧੀ ਦੀ ਮਲੁ = ਮੈਲ ਨੂੰ ਹਿਰਿਆ = ਨਾਸ ਕਰਨਾ ਹੈ।

## ਸਗਲ ਉਦਮ ਮਹਿ; ਉਦਮੁ ਭਲਾ ॥ ਹਰਿ ਕਾ ਨਾਮੁ; ਜਪਹੁ ਜੀਅ ਸਦਾ ॥

ਸਗਲ = ਸਾਰੇ ਉਦਮੁ = ਜਤਨਾਂ ਮਹਿ = ਵਿੱਚੋਂ ਹਰੀ ਪਰਮੇਸ਼ਰ ਦਾ ਨਾਮ ਜਪਣਾ ਹੀ ਭਲਾ = ਚੰਗਾ ਉੱਦਮ ਹੈ। ਇਸ ਕਰਕੇ ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਜੀਅ = ਹਿਰਦੇ ਵਿਚ ਸਦਾ = ਹਮੇਸ਼ਾ ਜਪਹੁ = ਜਪਣਾ ਕਰੋ।

## ਸਗਲ ਬਾਨੀ ਮਹਿ; ਅੰਮ੍ਰਿਤ ਬਾਨੀ ॥ ਹਰਿ ਕੋ ਜਸੁ ਸੁਨਿ; ਰਸਨ ਬਖਾਨੀ ॥

ਸਗਲ = ਸਾਰੀਆਂ ਬਾਨੀਆਂ ਮਹਿ = ਵਿੱਚੋਂ ਇਹੋ ਅੰਮ੍ਰਿਤ ਰੂਪ ਬਾਣੀ ਹੈ। ਇਸ ਲਈ ਇਸ ਬਾਣੀ ਵਿੱਚੋਂ ਹਰਿ = ਹਰੀ ਵਾਹਿਗੁਰੂ ਕੋ = ਦਾ ਜਸੁ = ਕੀਰਤਨ ਕੰਨਾਂ ਨਾਲ ਸੁਨਿ = ਸ੍ਵਣ ਕਰੀਏ ਅਤੇ ਪ੍ਰੀਤ ਰੂਪ ਰਸਨ = ਜੀਭਾਂ ਨਾਲ ਬਖਾਨੀ = ਵਖਿਆਨ ਕਰੀਏ।

## ਸਗਲ ਥਾਨ ਤੇ; ਓਹੁ ਊਤਮ ਥਾਨੁ ॥
## ਨਾਨਕ; ਜਿਹ ਘਟਿ ਵਸੈ ਹਰਿ ਨਾਮੁ ॥੮॥੩॥

ਸਗਲ = ਸਾਰਿਆਂ ਥਾਨ = ਥਾਵਾਂ ਤੇ = ਤੋਂ ਓਹੋ ਊਤਮ = ਸ੍ਰੇਸ਼ਟ ਥਾਨੁ = ਅਸਥਾਨ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹ = ਜਿਸ ਘਟਿ = ਹਿਰਦੇ ਵਿਚ ਹਰਿ = ਹਰੀ ਵਾਹਿਗੁਰੂ ਦਾ ਨਾਮ ਵਸੈ = ਵਸਦਾ ਹੈ ॥੮॥੩॥

(ਤੀਸਰੀ ਅਸਟਪਦੀ ਵਿਚ ਪੂਰੇ ਅੱਖਰ ੧੦੧੨, ਪੈਰਾਂ ਵਾਲੇ ਰਾਰੇ ੧੮, ਅੱਧੇ ਅੱਖਰ ੧, ਕੁੱਲ ਅੱਖਰ ੧੦੩੧ ਹਨ।)

## ਸਲੋਕੁ ॥ ਨਿਰਗੁਨੀਆਰ ਇਆਨਿਆ; ਸੋ ਪ੍ਰਭੁ ਸਦਾ ਸਮਾਲਿ ॥

ਹੇ ਨਿਰਗੁਨੀਆਰ = ਗੁਣਾਂ ਤੋਂ ਰਹਿਤ ਇਆਨਿਆ = ਅਗਿਆਨ ਭਾਵ ਬੱਚੇ ਦੀ ਨਿਆਈਂ ਜੀਵ! ਸੋ = ਉਹ ਪ੍ਰਭੁ = ਹਰੀ ਵਾਹਿਗੁਰੂ ਨੂੰ ਸਦਾ = ਹਮੇਸ਼ਾਂ ਸਮਾਲਿ = ਸੰਭਾਲਣਾ ਕਰ।

## ਜਿਨਿ ਕੀਆ ਤਿਸੁ ਚੀਤਿ ਰਖੁ; ਨਾਨਕ ਨਿਬਹੀ ਨਾਲਿ ॥੧॥

ਜਿਨਿ = ਜਿਸ ਪਰਮੇਸ਼ਰ ਨੇ ਮਨੁੱਖਾ ਜਨਮ ਦੇ ਕੇ ਤੈਨੂੰ ਪੈਦਾ ਕੀਆ = ਕੀਤਾ ਹੈ, ਤਿਸੁ = ਉਸ ਨੂੰ ਚੀਤਿ = ਹਿਰਦੇ ਵਿਚ ਯਾਦ ਰਖੁ = ਰੱਖਣਾ ਕਰ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਤੇਰੇ ਨਾਲਿ = ਸਾਥ ਪਰਲੋਕ ਵਿਚ ਨਿਬਹੀ = ਨਿਭਾਵੇਗਾ ਭਾਵ ਸਹਾਈ ਹੋਵੇਗਾ ॥੧॥

## ਅਸਟਪਦੀ ॥
## ਰਮਈਆ ਕੇ ਗੁਨ; ਚੇਤਿ ਪਰਾਨੀ ॥ ਕਵਨ ਮੂਲ ਤੇ; ਕਵਨ ਦ੍ਰਿਸਟਾਨੀ ॥

ਹੇ ਪਰਾਨੀ = ਪ੍ਰਾਣਾਧਾਰੀ ਜੀਵ! ਤੂੰ ਰਮਈਆ = ਰਮੇ ਹੋਏ ਹਰੀ ਪਰਮੇਸ਼ਰ ਕੇ = ਦੇ ਗੁਨ = ਗੁਣਾਂ ਨੂੰ ਚੇਤਿ = ਚੇਤੇ ਕਰ। ਕਵਨ = ਕਿਸ ਮੂਲ = ਮੁੱਢ ਤੇ = ਤੋਂ ਤੈਨੂੰ ਕਵਨ = ਕੈਸਾ ਸੁੰਦਰ ਬਣਾ ਕੇ ਦ੍ਰਿਸਟਾਨੀ = ਵਿਖਾ ਦਿੱਤਾ ਹੈ ਭਾਵ ਮਾਤਾ ਦੀ ਰਕਤ ਤੇ ਪਿਤਾ ਦੀ ਵੀਰਜ ਤੋਂ ਤੇਰੀ ਕਿਤਨੀ ਸੁੰਦਰ ਦੇਹੀ ਬਣਾ ਕੇ ਦਿਖਾਉਣਾ ਕੀਤੀ ਹੈ। ਜੈਸਾ ਕਿ:

**ਕਵਨ ਮੂਲੁ ਪ੍ਰਾਨੀ ਕਾ ਕਹੀਐ ਕਵਨ ਰੂਪੁ ਦ੍ਰਿਸਟਾਨਿਓ ॥**
**ਜੋਤਿ ਪ੍ਰਗਾਸ ਭਈ ਮਾਟੀ ਸੰਗਿ ਦੁਲਭ ਦੇਹ ਬਖਾਨਿਓ ॥੧॥** *(ਸਾਰਗ ਮ: ੫, ਅੰਗ ੧੨੧੬)*

## ਜਿਨਿ ਤੂੰ; ਸਾਜਿ ਸਵਾਰਿ ਸੀਗਾਰਿਆ ॥
## ਗਰਭ ਅਗਨਿ ਮਹਿ; ਜਿਨਹਿ ਉਬਾਰਿਆ ॥

ਜਿਨਿ = ਜਿਸ ਪਰਮੇਸ਼ਰ ਨੇ ਪੰਜ ਤੱਤਾਂ ਤੋਂ ਤੂੰ = ਤੈਨੂੰ ਸਾਜਿ = ਉਤਪੰਨ ਕਰ ਕੇ ਸੂਖਮ, ਸਥੂਲ ਅੰਗਾਂ ਦੁਆਰਾ ਸਵਾਰ ਕੇ ਚੰਗੇ ਕੱਪੜਿਆਂ ਨਾਲ ਸ਼ਿੰਗਾਰਿਆ ਹੈ, ਭਾਵ ਜੇ ਅੱਖਾਂ 'ਤੇ ਪਲਕਾਂ ਨਾ ਹੁੰਦੀਆਂ ਤਾਂ ਮੱਖੀਆਂ ਨੇ ਖਾ ਜਾਣਾ ਸੀ, ਚਮੜੀ ਨਾ ਹੁੰਦੀ ਤਾਂ ਜਾਨਵਰਾਂ ਨੇ ਖਾ ਜਾਣਾ ਸੀ। ਕੇਸ ਮਾਸਗਵਨ ਦੇ ਬਚਾਅ

ਵਾਸਤੇ ਦਿੱਤੇ, ਕੰਨਾਂ ਦੀਆਂ ਛੱਜੀਆਂ ਨਾ ਹੁੰਦੀਆਂ ਕਿਤਨਾ ਭੈੜਾ ਲੱਗਣਾ ਸੀ, ਇਹ ਪਰਮੇਸ਼ਰ ਨੇ ਸ਼ਿੰਗਾਰ ਦਿੱਤੇ ਹਨ।

ਜਿਨਹਿ = ਜਿਸ ਪਰਮੇਸ਼ਰ ਨੇ ਤੈਨੂੰ ਮਾਤਾ ਦੇ ਗਰਭ = ਪੇਟ ਮਹਿ = ਵਿਚ ਜਠਰ ਅਗਨਿ = ਅਗਨੀ ਤੋਂ ਉਬਾਰਿਆ = ਬਚਾਇਆ ਹੈ। ਜੈਸਾ ਕਿ :

**ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥** *(ਅੰਗ ੬੧੩)*

## ਬਾਰ ਬਿਵਸਥਾ; ਤੁਝਹਿ ਪਿਆਰੈ ਦੂਧ ॥ ਭਰਿ ਜੋਬਨ; ਭੋਜਨ ਸੁਖ ਸੂਧ ॥

ਤੁਝਹਿ = ਤੈਨੂੰ ਜੰਮਦੇ ਨੂੰ ਬਾਰ = ਬਾਲਕ ਬਿਵਸਥਾ = ਅਵਸਥਾ ਵਿਚ ਮਾਤਾ ਦੇ ਅਸਥਣਾਂ ਵਿੱਚੋਂ ਦੂਧ = ਦੁੱਧ ਪਿਆਰੈ = ਪਿਲਾਉਣਾ ਕੀਤਾ। ਜਿਸ ਨੇ ਭਰ ਜੋਬਨ = ਜਵਾਨੀ ਵਿਚ ਚੰਗੇ ਭੋਜਨ ਖਾਣ ਤੇ ਸੁਖਾਂ ਦੀ ਸੂਧ = ਸੋਝੀ ਦਿੱਤੀ।

## ਬਿਰਧਿ ਭਇਆ; ਊਪਰਿ ਸਾਕ ਸੈਨ ॥ ਮੁਖਿ ਅਪਿਆਉ; ਬੈਠ ਕਉ ਦੈਨ ॥

ਜਦੋਂ ਬਿਰਧਿ = ਬੁੱਢਾ ਭਇਆ = ਹੋਇਆ ਤਾਂ ਤੇਰੀ ਸੇਵਾ ਵਾਸਤੇ ਊਪਰਿ = ਉੱਤੇ ਸਾਕ = ਸੰਬੰਧੀ ਅਤੇ ਸੈਨ = ਸਾਥੀ ਲਾ ਦਿੱਤੇ। ਜੋ ਮੁਖਿ = ਮੂੰਹ ਵਿਚ ਅੰਮ੍ਰਿਤ ਵਰਗੇ ਅਪਿਆਉ = ਭੋਜਨ ਬੈਠੇ ਕਉ = ਨੂੰ ਦੈਨ = ਦਿੰਦੇ ਹਨ, ਭਾਵ ਬੈਠੇ ਦੀ ਸੇਵਾ ਕਰਦੇ ਹਨ, ਪਰ ਕਿਸੇ ਕਿਸੇ ਦੇ ਲਾਇਕ ਹੁੰਦੇ ਹਨ, ਪਰਮੇਸ਼ਰ ਵੱਲੋਂ ਤਾਂ ਹਰੇਕ ਨੂੰ ਬਖ਼ਸ਼ਿਸ਼ ਹੈ।

### [ਅੰਗ ੨੬੭]

## ਇਹੁ ਨਿਰਗੁਨੁ; ਗੁਨੁ ਕਛੂ ਨ ਬੂਝੈ ॥
## ਬਖਸਿ ਲੇਹੁ; ਤਉ ਨਾਨਕ ਸੀਝੈ ॥੧॥

ਹੇ ਪਰਮੇਸ਼ਰ ! ਇਹੁ = ਇਹ ਜੀਵ ਇਤਨੇ ਗੁਣ ਦਿੱਤਿਆਂ ਤੋਂ ਵੀ ਨਿਰਗੁਨੁ = ਗੁਣਾਂ ਤੋਂ ਰਹਿਤ ਹੈ, ਕਿਉਂਕਿ ਤੇਰੀ ਪ੍ਰਾਪਤੀ ਵਾਲੇ ਗੁਣ ਕਛੂ = ਕੁਝ ਵੀ ਇਸ ਵਿਚ ਨਹੀਂ ਆਏ, ਤੇ ਤੁਹਾਡੇ ਪਰਉਪਕਾਰ ਨੂੰ ਕੁਝ ਵੀ ਨਹੀਂ ਬੂਝੈ = ਸਮਝਦਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੇ ਕਿਰਪਾ ਕਰਕੇ ਬਖ਼ਸ਼ ਲੇਹੁ = ਲਓਗੇ, ਤਉ = ਤਾਂ ਹੀ ਇਹ ਜੀਵ ਸੀਝੈ = ਮੁਕਤ ਰੂਪ ਹੋਵੇਗਾ ॥੧॥

## ਜਿਹ ਪ੍ਰਸਾਦਿ; ਧਰ ਊਪਰਿ ਸੁਖਿ ਬਸਹਿ ॥
## ਸੁਤ ਭ੍ਰਾਤ ਮੀਤ; ਬਨਿਤਾ ਸੰਗਿ ਹਸਹਿ ॥

ਹੇ ਜੀਵ ! ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰਕੇ ਤੂੰ ਧਰ = ਧਰਤੀ ਊਪਰਿ = ਉੱਤੇ ਸੁਖਿ = ਸੁਖੀ ਬਸਹਿ = ਵਸਦਾ ਹੈਂ। ਅਤੇ ਜਿਸ ਦੀ ਕਿਰਪਾ ਨਾਲ ਸੁਤ = ਪੁੱਤਰ, ਭ੍ਰਾਤ = ਭਰਾ, ਮੀਤ = ਮਿੱਤਰ ਤੇ ਬਨਿਤਾ = ਸੁਪਤਨੀ ਸੰਗਿ = ਨਾਲ ਮਿਲ ਕੇ ਹਸਹਿ = ਹੱਸਦਾ ਹੈਂ।

## ਜਿਹ ਪ੍ਰਸਾਦਿ; ਪੀਵਹਿ ਸੀਤਲ ਜਲਾ ॥ ਸੁਖਦਾਈ; ਪਵਨੁ ਪਾਵਕੁ ਅਮੁਲਾ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰਕੇ ਤੂੰ ਸੀਤਲ = ਠੰਢਾ ਜਲਾ = ਪਾਣੀ ਪੀਵਹਿ = ਪੀਂਦਾ ਹੈਂ। ਜੀਵਨ ਵਿਚ ਪਵਨੁ = ਹਵਾ ਤੇ ਪਾਵਕੁ = ਅੱਗ ਤੈਨੂੰ ਅਮੁਲਾ = ਮੁੱਲ ਤੋਂ ਰਹਿਤ ਅਨੇਕਾਂ ਸੁਖਦਾਈ = ਸੁਖ ਦੇਣ ਵਾਲੇ ਹਨ।

## ਜਿਹ ਪ੍ਰਸਾਦਿ; ਭੋਗਹਿ ਸਭਿ ਰਸਾ ॥
## ਸਗਲ ਸਮਗ੍ਰੀ; ਸੰਗਿ ਸਾਥਿ ਬਸਾ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰ ਕੇ ਸਭਿ = ਸਾਰੇ ਰਸਾਂ ਕਸਾਂ ਨੂੰ ਰਸਨਾ ਕਰ ਕੇ ਭੋਗਹਿ = ਭੋਗਦਾ ਹੈਂ। ਸਗਲ = ਸਾਰੇ ਪਦਾਰਥਾਂ ਦੀ ਸਮਗ੍ਰੀ = ਸਮੁਦਾਇ ਤੇਰੇ ਸੰਗਿ = ਨਾਲ ਸਾਥਿ = ਸਾਥੀ ਹੋ ਕੇ ਬਸਾ = ਵਸ ਰਹੇ ਹਨ।

## ਦੀਨੇ ਹਸਤ ਪਾਵ; ਕਰਨ ਨੇਤ੍ਰ ਰਸਨਾ ॥
## ਤਿਸਹਿ ਤਿਆਗਿ; ਅਵਰ ਸੰਗਿ ਰਚਨਾ ॥

ਜਿਸ ਵਾਹਿਗੁਰੂ ਨੇ ਹਸਤ = ਹੱਥ, ਪਾਵ = ਪੈਰ, ਕਰਨ = ਕੰਨ ਨੇਤ੍ਰ = ਅੱਖਾਂ ਤੇ ਰਸਨਾ = ਜੀਭਾ ਆਦਿਕ ਸਾਰੇ ਇੰਦ੍ਰੀਏ ਦਿੱਤੇ ਹਨ। ਤਿਸਹਿ = ਉਸ ਪਰਉਪਕਾਰੀ ਵਾਹਿਗੁਰੂ ਨੂੰ ਤਿਆਗਿ = ਛੱਡ ਕੇ ਅਵਰ = ਹੋਰਨਾਂ ਪਦਾਰਥਾਂ ਸੰਗਿ = ਨਾਲ ਰਚਨਾ = ਰਚ ਰਿਹਾ ਹੈਂ, ਭਾਵ ਮਿਲ ਰਿਹਾ ਹੈਂ।

## ਐਸੇ ਦੋਖ; ਮੂੜ ਅੰਧ ਬਿਆਪੇ ॥ ਨਾਨਕ ਕਾਢਿ ਲੇਹੁ; ਪ੍ਰਭ ਆਪੇ ॥੨॥

ਐਸੇ = ਅਜਿਹੇ ਪੂਰਬੋਕਤ ਦੋਖ = ਦੋਸ਼ ਮੂੜ = ਮੂਰਖ ਅੰਧ = ਅੰਨ੍ਹੇ ਅਗਿਆਨੀ ਪੁਰਸ਼ ਨੂੰ ਬਿਆਪੇ = ਬਿਆਪ, ਲੱਗ ਰਹੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਪਰਮੇਸ਼ਰ ਆਪੇ = ਆਪਣੇ ਜਾਣ ਕੇ ਆਪ ਹੀ ਇਨ੍ਹਾਂ ਗੁਨਾਹਾਂ ਵਿਚ ਕਾਢਿ = ਕੱਢ ਲੇਹੁ = ਲੈਣਾ ਕਰੋ ॥੨॥

## ਆਦਿ ਅੰਤਿ; ਜੋ ਰਾਖਨਹਾਰੁ ॥ ਤਿਸ ਸਿਉ; ਪ੍ਰੀਤਿ ਨ ਕਰੈ, ਗਵਾਰੁ ॥

ਜੋ = ਜਿਹੜਾ ਪਰਮੇਸ਼ਰ ਆਦਿ = ਮੁੱਢ ਭਾਵ ਮਾਤਾ ਦੇ ਗਰਭ ਵਿਚ ਤੇ ਅੰਤਿ = ਅਖ਼ੀਰ ਜਮਦੂਤਾਂ ਤੋਂ ਰਾਖਨਹਾਰੁ = ਰੱਖਿਆ ਕਰਨ ਵਾਲਾ ਹੈ। ਤਿਸ = ਉਸ ਪਰਮੇਸ਼ਰ ਸਿਉ = ਨਾਲ ਗਵਾਰੁ = ਮੂਰਖ ਪੁਰਖ ਪ੍ਰੀਤਿ = ਸਨੇਹ ਨ = ਨਹੀਂ ਕਰੈ = ਕਰਦਾ।

## ਜਾ ਕੀ ਸੇਵਾ; ਨਵ ਨਿਧਿ ਪਾਵੈ ॥ ਤਾ ਸਿਉ; ਮੂੜਾ ਮਨੁ ਨਹੀ ਲਾਵੈ ॥

ਜਾ ਕੀ = ਜਿਸ ਵਾਹਿਗੁਰੂ ਕੀ = ਦੀ ਸੇਵਾ = ਟਹਿਲ ਕਰ ਕੇ ਨਵ ਨਿਧਿ = ਨੌਂ ਨਿਧੀਆਂ, ਪਾਵੈ = ਪਾਉਂਦਾ ਹੈ। ਨੌਂ ਨਿਧੀਆਂ ਇਹ ਹਨ :

੧. **ਪਦਮ**—ਸੋਨਾ ਚਾਂਦੀ;

੨. **ਮਹਾਂ ਪਦਮ**—ਹੀਰੇ ਜਵਾਹਰਾਤ;

੩. **ਮਕਰ**—ਸ਼ਾਸਤਰ ਵਿੱਦਿਆ ਦੀ ਪ੍ਰਾਪਤੀ ਤੇ ਮਾਣ;

੪. **ਕੱਛਪ**—ਕੱਪੜੇ ਦਾਣੇ ਦੀ ਸੌਦਾਗਰੀ;

੫. **ਮੁਕੰਦ**—ਰਾਗ ਆਦਿ ਕੋਮਲ ਹੁਨਰਾਂ ਦੀ ਪ੍ਰਾਪਤੀ;

੬. **ਕੁੰਦ**—ਸੋਨੇ ਦੀ ਸੌਦਾਗਰੀ;

੭. **ਨੀਲ**—ਮੋਤੀ ਮੂੰਗੇ ਦੀ ਸੌਦਾਗਰੀ;

੮. **ਵਰਚ**—ਹਾਥੀ ਘੋੜੇ;

੯. **ਸੰਖ**—ਸੋਹਣੇ ਖਾਣੇ ਤੇ ਕੱਪੜੇ।

ਤਾ = ਉਸ ਹਰੀ ਸਿਉ = ਨਾਲ ਮੂੜਾ = ਮੂਰਖ ਪੁਰਖ ਮਨ = ਹਿਰਦੇ ਦੀ ਪ੍ਰੀਤੀ ਨਹੀਂ ਲਾਵੈ = ਲਾਉਂਦਾ।

## ਜੋ ਠਾਕੁਰੁ; ਸਦ ਸਦਾ ਹਜੂਰੇ ॥ ਤਾ ਕਉ; ਅੰਧਾ ਜਾਨਤ ਦੂਰੇ ॥

ਜੋ = ਜਿਹੜਾ ਠਾਕੁਰ = ਉਤਪਤੀ, ਪਾਲਣਾ ਤੇ ਲੈਅਤਾ ਕਰਨ ਵਾਲਾ ਸਦ ਸਦਾ = ਹਮੇਸ਼ਾਂ ਹਮੇਸ਼ਾ ਹੀ ਨੇੜੇ ਤੋਂ ਨੇੜੇ ਹਜੂਰੇ = ਸਾਹਮਣੇ ਭਾਵ ਸਨਮੁਖ ਹੈ। ਇਹ ਅੰਧਾ = ਅਗਿਆਨੀ ਪੁਰਖ ਤਾ = ਉਸ ਕਉ = ਨੂੰ ਦੂਰੇ = ਦੂਰ ਜਾਨਤ = ਜਾਣਦਾ ਹੈ।

## ਜਾ ਕੀ ਟਹਲ; ਪਾਵੈ ਦਰਗਹ ਮਾਨੁ ॥ ਤਿਸਹਿ ਬਿਸਾਰੈ; ਮੁਗਧੁ ਅਜਾਨੁ ॥

ਜਾ = ਜਿਸ ਕੀ = ਦੀ ਟਹਲ = ਸੇਵਾ ਕਰਕੇ ਜੀਵ ਦਰਗਹ = ਪਰਲੋਕ ਵਿਚ ਮਾਨੁ = ਇੱਜ਼ਤ ਪਾਵੈ = ਪਾ ਸਕਦਾ ਹੈਂ। ਤਿਸਹਿ = ਉਸ ਪਰਮੇਸ਼ਰ ਨੂੰ ਵਿਵਹਾਰਾਂ ਵੱਲੋਂ ਮੁਗਧੁ = ਮੂਰਖ ਤੇ ਪ੍ਰਮਾਰਥ ਵੱਲੋਂ ਅਜਾਨੁ = ਅਣਜਾਣ ਜੀਵ ਬਿਸਾਰੈ = ਭੁਲਾਈ ਬੈਠਾ ਹੈ।

## ਸਦਾ ਸਦਾ; ਇਹੁ ਭੂਲਨਹਾਰੁ ॥ ਨਾਨਕ; ਰਾਖਨਹਾਰੁ ਅਪਾਰੁ ॥੩॥

ਇਹੁ = ਇਹ ਜੀਵ ਸਦਾ ਸਦਾ = ਨਿਤਾਪ੍ਰਤੀ ਭੂਲਨਹਾਰੁ = ਭੁੱਲਣ ਵਾਲਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਅਪਾਰੁ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਇਕ ਤੂੰ ਹੀ ਸਾਰਿਆਂ ਦੀ ਰਾਖਨਹਾਰੁ = ਰੱਖਿਆ ਕਰਨ ਵਾਲਾ ਹੈਂ ॥੩॥

## ਰਤਨੁ ਤਿਆਗਿ; ਕਉਡੀ ਸੰਗਿ ਰਚੈ ॥ ਸਾਚੁ ਛੋਡਿ; ਝੂਠ ਸੰਗਿ ਮਚੈ ॥

ਹਰੀ ਵਾਹਿਗੁਰੂ ਦੇ ਨਾਮ ਰਤਨ ਨੂੰ ਤਿਆਗਿ = ਛੱਡ ਕੇ ਜੀਵ ਮਾਇਆ ਰੂਪ ਕਉਡੀ ਸੰਗਿ = ਨਾਲ ਰਚੈ = ਰੱਚ ਰਿਹਾ ਹੈ। ਸਾਚੁ = ਸੱਚੇ ਨਾਮ ਨੂੰ ਛੋਡਿ = ਛੱਡ ਕੇ ਝੂਠ = ਝੂਠਿਆਂ ਸੰਗਿ = ਨਾਲ ਮਚੈ = ਖੱਚਤ ਹੋ ਰਿਹਾ ਹੈ।

## ਜੋ ਛਡਨਾ; ਸੁ ਅਸਥਿਰੁ ਕਰਿ ਮਾਨੈ ॥ ਜੋ ਹੋਵਨੁ; ਸੋ ਦੂਰਿ ਪਰਾਨੈ ॥

ਜੋ = ਜਿਹੜੇ ਸਰੀਰ ਨੂੰ ਛਡਨਾ = ਛੱਡ ਜਾਣਾ ਹੈ, ਸੁ = ਉਸ ਨੂੰ ਅਸਥਿਰੁ = ਇਸਥਿਤ ਕਰਿ = ਕਰ ਕੇ ਮਾਨੈ = ਮੰਨਦਾ ਹੈ। ਜੋ = ਜਿਹੜਾ ਹੋਵਨ = ਹੋਣਾ ਹੈ, ਸੁ = ਉਸ ਨੂੰ ਦੂਰ ਪਰਾਨੈ = ਪਛਾਣਦਾ ਹੈ, ਭਾਵ ਮੌਤ ਨੂੰ ਦੂਰ ਜਾਣਦਾ ਹੈ।

## ਛੋਡਿ ਜਾਇ; ਤਿਸ ਕਾ ਸ੍ਰਮੁ ਕਰੈ ॥ ਸੰਗਿ ਸਹਾਈ; ਤਿਸੁ ਪਰਹਰੈ ॥

ਜਿਹੜੇ ਪਦਾਰਥਾਂ, ਸੰਬੰਧੀਆਂ ਨੂੰ ਛੋਡਿ = ਛੱਡਣਾ ਹੈ, ਤਿਸ = ਉਨ੍ਹਾਂ ਵਾਸਤੇ ਮਾਇਆ ਇਕੱਠੀ ਕਰਨ ਕਾ = ਦਾ ਸ੍ਰਮੁ = ਜਤਨ ਕਰੈ = ਕਰਦਾ ਰਹਿੰਦਾ ਹੈ। ਜੋ ਵਾਹਿਗੁਰੂ ਸੰਗਿ = ਸੰਗੀ ਹੋ ਕੇ ਸਹਾਈ = ਸਹਾਇਤਾ ਕਰਨ ਵਾਲਾ ਹੈ, ਤਿਸ = ਉਸ ਤੋਂ ਪਰਹਰੈ = ਪਰ੍ਹੇ ਹੋ ਜਾਂਦਾ ਹੈ, ਭਾਵ ਛੱਡ ਦਿੰਦਾ ਹੈ।

## ਚੰਦਨ ਲੇਪੁ; ਉਤਾਰੈ ਧੋਇ ॥ ਗਰਧਬ ਪ੍ਰੀਤਿ; ਭਸਮ ਸੰਗਿ ਹੋਇ ॥

***ਪਹਿਲਾ ਅਰਥ :*** ਐਸੀ ਹਾਲਤ ਹੈ, ਜਿਵੇਂ ਕਿਸੇ ਗਧੇ ਤਾਈਂ ਗੰਗਾ ਜਲ ਨਾਲ ਧੋ ਕੇ ਚੰਦਨ ਦਾ ਲੇਪ = ਲੇਪਨ ਕਰ ਦੇਵੇ ਤਾਂ ਗਧਾ ਮਿੱਟੀ 'ਤੇ ਲੇਟ ਕੇ ਧੋਇ = ਧੋ ਕੇ ਉਤਾਰੈ = ਉਤਾਰ ਦਿੰਦਾ ਹੈ। ਕਿਉਂਕਿ ਗਰਧਬ = ਗਧੇ ਦੀ ਪ੍ਰੀਤਿ = ਪ੍ਰੀਤੀ ਭਸਮ = ਸੁਆਹ ਸੰਗਿ = ਨਾਲ ਹੋਇ = ਹੁੰਦੀ ਹੈ।

***ਦੂਸਰਾ ਅਰਥ :*** ਜੋ ਗਧੇ ਦੀ ਨਿਆਈਂ ਕਾਮੀ ਜੀਵ ਹੈ, ਇਸ ਦੇ ਤਾਈਂ ਵੈਰਾਗ ਰੂਪ ਪਾਣੀ ਪਾ ਕੇ ਧੋਇ = ਧੋ ਕੇ ਭਗਤੀ ਦੇ ਬਚਨਾਂ ਰੂਪ ਚੰਦਨ ਦੀ ਮਹਿਕ ਪਾ ਦੇਈਏ ਭਾਵ ਲੇਪਣ ਕਰ ਦੇਈਏ ਤਾਂ ਵੀ ਵਿਸ਼ਿਆਂ ਰੂਪ ਮਿੱਟੀ 'ਤੇ ਲੇਟਣ ਕਰ ਕੇ ਉਤਾਰੈ = ਉਤਾਰ ਦਿੰਦਾ ਹੈ।

ਮਨ ਰੂਪ ਗਰਧਬ = ਗਧੇ ਦੀ ਵਿਸ਼ੇ ਰੂਪ ਭਸਮ = ਸੁਆਹ ਸੰਗਿ = ਨਾਲ ਪ੍ਰੀਤਿ = ਪ੍ਰੀਤੀ ਹੋਇ = ਹੋਣੇ ਕਰ ਕੇ, ਉਸ ਵਿਚ ਲਿਟ ਲਿਟ ਕੇ ਭਗਤੀ ਦੇ ਬਚਨ ਲਾ ਦਿੰਦਾ ਹੈ।

## ਅੰਧ ਕੂਪ ਮਹਿ; ਪਤਿਤ ਬਿਕਰਾਲ ॥
## ਨਾਨਕ ਕਾਢਿ ਲੇਹੁ; ਪ੍ਰਭ ਦਇਆਲ ॥੪॥

ਸੰਸਾਰ ਰੂਪੀ ਬਿਕਰਾਲ = ਬਹੁਤ ਭਿਆਨਕ ਅੰਧ ਕੂਪ = ਅੰਨ੍ਹੇ ਖੂਹ ਮਹਿ = ਵਿਚ ਪਤਿਤ = ਪਾਪੀ ਪੁਰਖ ਗਿਰ ਰਹੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਦਇਆਲ = ਦਇਆ ਦੇ ਘਰ ਪ੍ਰਭ = ਹਰੀ ਪਰਮੇਸ਼ਰ ! ਆਪ ਹੀ ਕਿਰਪਾ ਕਰਕੇ ਜੀਵਾਂ ਨੂੰ ਸੰਸਾਰ ਸਮੁੰਦਰ ਤੋਂ ਕਾਢਿ = ਕੱਢ ਲੇਹੁ = ਲੈਣਾ ਕਰੋ ॥੪॥ ਜੈਸਾ ਕਿ :

**ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮਗਤਿ ਮੋਰੀ ॥** *(ਸਾਰਗ ਮ: ੫, ਅੰਗ ੧੨੧੬)*

## ਕਰਤੂਤਿ ਪਸੂ ਕੀ; ਮਾਨਸ ਜਾਤਿ ॥ ਲੋਕ ਪਚਾਰਾ; ਕਰੈ ਦਿਨੁ ਰਾਤਿ ॥

ਇਸ ਜੀਵ ਦੀ ਕਰਤੂਤਿ = ਕਰਨੀ ਪਸੂ = ਡੰਗਰਾਂ ਵਾਲੀ ਹੈ ਅਤੇ ਜਾਤੀ ਮਨੁੱਖਾ ਦੇਹੀ ਵਾਲੀ ਹੈ। ਦਿਨ ਰਾਤੇ ਲੋਕ ਪਚਾਰਾ = ਦਿਖਾਵੇ ਦੀਆਂ ਗੱਲਾਂ ਕਰੈ = ਕਰਦਾ ਰਹਿੰਦਾ ਹੈ।

## ਬਾਹਰਿ ਭੇਖ; ਅੰਤਰਿ ਮਲੁ ਮਾਇਆ ॥ ਛਪਸਿ ਨਾਹਿ; ਕਛੁ ਕਰੈ ਛਪਾਇਆ ॥

ਬਾਹਰਿ = ਬਾਹਰੋਂ ਲੋਕ ਦਿਖਾਵੇ ਦਾ ਭੇਖ = ਲਿਬਾਸ ਬਣਾਇਆ ਹੋਇਆ ਹੈ ਤੇ ਅੰਤਰਿ = ਅੰਦਰ ਮਾਇਆ ਦੀ ਮਲੁ = ਮੈਲ ਲੱਗੀ ਹੋਈ ਹੈ। ਭਾਵੇਂ ਮਾੜੇ ਕਰਮ ਲੋਕਾਂ ਤੋਂ ਛੁਪਾਇਆ = ਛੁਪਾ ਕੇ ਕਰੈ = ਕਰਦਾ ਹੈ, ਪਰ ਹਰੀ ਪਰਮੇਸ਼ਰ ਤੋਂ ਕਛੁ = ਕੁਝ ਵੀ ਛਪਸਿ = ਛਪਣਾ ਨਾਹਿ = ਨਹੀਂ।

## ਬਾਹਰਿ; ਗਿਆਨ ਧਿਆਨ ਇਸਨਾਨ ॥ ਅੰਤਰਿ ਬਿਆਪੈ; ਲੋਭੁ ਸੁਆਨੁ ॥

ਬਾਹਰਿ = ਬਾਹਰੋਂ ਗਿਆਨ ਦੀਆਂ ਗੱਲਾਂ ਕਰਦਾ ਹੈ ਤੇ ਯੋਗਾ ਆਦਿਕ ਧਿਆਨ ਲਗਾਉਂਦਾ ਹੈ ਅਤੇ ਤੀਰਥਾਂ 'ਤੇ ਇਸ਼ਨਾਨ ਕਰ ਕੇ ਨਿਰਮਲਤਾ ਮੰਨਦਾ ਹੈ। ਪਰ ਹਿਰਦੇ ਅੰਤਰਿ = ਅੰਦਰ ਲੋਭੁ = ਲਾਲਚ ਰੂਪੀ ਸੁਆਨੁ = ਕੁੱਤਾ ਬਿਆਪੈ = ਵਿਆਪ ਭਾਵ ਚਿੰਬੜਿਆ ਹੋਇਆ ਹੈ।

## ਅੰਤਰਿ ਅਗਨਿ; ਬਾਹਰਿ ਤਨੁ ਸੁਆਹ ॥ ਗਲਿ ਪਾਥਰ; ਕੈਸੇ ਤਰੈ ਅਥਾਹ ॥

ਹਿਰਦੇ ਅੰਤਰਿ = ਅੰਦਰ ਤ੍ਰਿਸ਼ਨਾ ਰੂਪੀ ਅਗਨਿ = ਅੱਗ ਹੈ ਅਤੇ ਬਾਹਰਿ = ਬਾਹਰੋਂ ਤਨੁ = ਸਰੀਰ 'ਤੇ ਸੁਆਹ ਮਲ ਕੇ ਸਾਧ ਬਣਦਾ ਹੈ। ਗਲ ਵਿਚ ਪਾਪਾਂ ਰੂਪੀ ਪਾਥਰ = ਪੱਥਰ ਬੰਨ੍ਹੇ ਹੋਏ ਹਨ, ਸੰਸਾਰ ਰੂਪੀ ਅਥਾਹ = ਡੂੰਘੇ ਸਮੁੰਦਰ ਤੋਂ ਕੈਸੇ = ਕਿਸ ਤਰ੍ਹਾਂ ਤਰੈ = ਤਰੇਗਾ।

## ਜਾ ਕੈ ਅੰਤਰਿ; ਬਸੈ ਪ੍ਰਭੁ ਆਪਿ ॥ ਨਾਨਕ; ਤੇ ਜਨ ਸਹਜਿ ਸਮਾਤਿ ॥੫॥

ਜਾ = ਜਿਨ੍ਹਾਂ ਕੈ = ਦੇ ਹਿਰਦੇ ਅੰਤਰਿ = ਅੰਦਰ ਮੇਰਾ ਪ੍ਰਭੁ = ਹਰੀ ਵਾਹਿਗੁਰੂ ਆਪ ਬਸੈ = ਵਸਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤੇ = ਉਹ ਜਨ = ਪੁਰਖ ਤਾਂ ਸਹਜਿ = ਸੁਤੇਸਿਧ ਹਰੀ ਪਰਮੇਸ਼ਰ ਵਿਚ ਸਮਾਤਿ = ਸਮਾ ਭਾਵ ਅਭੇਦ ਹੋ ਜਾਂਦੇ ਹਨ ॥੫॥

## ਸੁਨਿ ਅੰਧਾ; ਕੈਸੇ ਮਾਰਗੁ ਪਾਵੈ ॥ ਕਰੁ ਗਹਿ ਲੇਹੁ; ਓੜਿ ਨਿਬਹਾਵੈ ॥

***ਪਹਿਲਾ ਅਰਥ :*** ਜਿਵੇਂ ਅੰਨ੍ਹੇ ਨੂੰ ਕਹੀਏ ਕਿ ਆਹ ਰਸਤਾ ਤੁਰਿਆ ਜਾ, ਇਤਨੀ ਗੱਲ ਸੁਣ ਕੇ ਅੰਧਾ = ਅੰਨ੍ਹਾ ਕੈਸੇ = ਕਿਵੇਂ ਮਾਰਗੁ = ਰਸਤਾ ਪਾਵੈ = ਪਾਵੇਗਾ ਕਿ ਕਿਧਰ ਨੂੰ ਜਾਣਾ ਹੈ। ਹਾਂ, ਜੇਕਰ ਕੋਈ

ਉਸ ਦਾ ਕਰੁ = ਹੱਥ ਗਹਿ = ਪਕੜ ਲੇਹੁ = ਲਵੇ ਅਤੇ ਓੜਿ = ਓੜਕ ਤਕ ਨਿਬਹਾਵੈ = ਪਹੁੰਚਾ ਦੇਵੇ ਤਾਂ ਆਪਣੀ ਮੰਜ਼ਲ ਤਕ ਪਹੁੰਚ ਸਕਦਾ ਹੈ।

***ਦੂਸਰਾ ਅਰਥ :*** ਇਸੇ ਪ੍ਰਕਾਰ ਮਨ ਬੁੱਧ ਰੂਪ ਨੇਤਰਾਂ ਵਿਚ ਵਿਚਾਰ ਰੂਪੀ ਨਿਗ੍ਹਾ ਨਹੀਂ ਹੈ। ਕੇਵਲ ਵੇਦ ਸ਼ਾਸਤਰਾਂ ਦੇ ਸੁਨਿ = ਸੁਣਨੇ ਕਰ ਕੇ ਅੰਧਾ = ਅਗਿਆਤ ਜੀਵ ਕੈਸੇ = ਕਿਸ ਪ੍ਰਕਾਰ ਭਗਤੀ ਸਹਿਤ ਗਿਆਨ ਰੂਪੀ ਮਾਰਗੁ = ਰਾਹ ਨੂੰ ਪਾਵੈ = ਪਾਵੇਗਾ। ਜੇ ਗੁਰੂ ਸਾਹਿਬ ਜੀ ਮਨ ਰੂਪੀ ਕਰੁ = ਹੱਥ ਨੂੰ ਗਹਿ = ਪਕੜ ਲੈਣ ਤਾਂ ਓੜਿ = ਓੜਕ ਤਕ ਨਿਬਹਾਵੈ = ਨਿਭ ਸਕਦੀ ਹੈ।

## ਕਹਾ ਬੁਝਾਰਤਿ; ਬੂਝੈ ਡੋਰਾ ॥ ਨਿਸਿ ਕਹੀਐ; ਤਉ ਸਮਝੈ ਭੋਰਾ ॥

***ਪਹਿਲਾ ਅਰਥ :*** ਜਿਵੇਂ ਕੰਨਾਂ ਤੋਂ ਡੋਰਾ = ਬੋਲ਼ਾ ਪੁਰਸ਼ ਬੁਝਾਰਤਿ = ਗੁਹਜ ਭਰੀ ਗੱਲ ਨੂੰ ਕਹਾ = ਕਿਵੇਂ ਬੂਝੈ = ਸਮਝੇਗਾ। ਜੇ ਉਸ ਨੂੰ ਨਿਸਿ = ਰਾਤ ਕਹੀਐ = ਕਹੀਏ, ਤਉ = ਤਾਂ ਭੋਰਾ = ਸਵੇਰਾ ਸਮਝੈ = ਸਮਝਦਾ ਹੈ, ਭਾਵ ਉਲਟ ਸਮਝਦਾ ਹੈ।

***ਦੂਸਰਾ ਅਰਥ :*** ਇਸੇ ਪ੍ਰਕਾਰ ਜੀਵ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਤੋਂ ਡੋਰਾ = ਬੋਲ਼ਾ ਹੈ, ਜੇ ਉਸ ਨੂੰ ਗਿਆਨ ਦੀਆਂ ਬੁਝਾਰਤਿ = ਗੁਹਜ ਭਰੀਆਂ ਗੱਲਾਂ ਨਾਲ ਜੀਵ ਈਸ਼ ਦੀ ਏਕਤਾ ਵਾਸਤੇ ਦੱਸੀਏ, ਤਾਂ ਉਹ ਕਿਵੇਂ ਬੂਝੈ = ਸਮਝੇਗਾ।

ਜੇ ਜੀਵ ਨੂੰ ਅਵਿੱਦਿਆ ਰੂਪੀ ਨਿਸਿ = ਰਾਤ ਕਹੀਐ = ਕਹੀਏ ਭਾਵ ਸੰਸਾਰ ਨੂੰ ਰਾਤ ਦੀ ਨਿਆਈਂ ਝੂਠਾ ਕਹੀਏ, ਤਉ = ਤਾਂ ਸੰਸਾਰ ਨੂੰ ਭੋਰਾ = ਸਵੇਰੇ ਭਾਵ ਦਿਨੇ ਚਾਨਣੇ ਦੀ ਤਰ੍ਹਾਂ ਨਿਤ ਰਹਿਣ ਵਾਲਾ ਸੱਚਾ ਸਮਝੈ = ਸਮਝਦਾ ਹੈ **ਵਾ:** ਇਸੇ ਪ੍ਰਕਾਰ ਜੇਕਰ ਆਤਮਾ ਨੂੰ ਦਿਨ ਦੀ ਨਿਆਈਂ ਪ੍ਰਕਾਸ਼ ਰੂਪ ਕਹੀਏ, ਤਉ = ਤਾਂ ਉਹ ਆਤਮਾ ਨੂੰ ਨਿਸਿ = ਰਾਤ ਦੀ ਨਿਆਈਂ ਝੂਠਾ ਸਮਝਦਾ ਹੈ।

## ਕਹਾ ਬਿਸਨਪਦ; ਗਾਵੈ ਗੁੰਗ ॥ ਜਤਨ ਕਰੈ; ਤਉ ਭੀ ਸੁਰ ਭੰਗ ॥

***ਪਹਿਲਾ ਅਰਥ :*** ਜੇ ਗੁੰਗ = ਜ਼ੁਬਾਨ ਤੋਂ ਹੀਣੇ ਨੂੰ ਕਹੀਏ ਕਿ ਬਿਸਨਪਦ = ਵਿਸ਼ਨੂੰ ਦੇ ਗੀਤ **ਵਾ:** ਬਿਸਨ = ਵਿਸ਼ਨੂੰ ਪਦ = ਪਦਵੀ ਦੇ ਜਸ ਗਾ, ਉਹ ਕਹਾ = ਕਿਥੇ ਗਾਵੈ = ਗਾਵੇਗਾ। ਜੇ ਜਤਨ = ਕੋਸ਼ਿਸ਼ ਕਰੇ, ਤਉ = ਤਾਂ ਭੀ = ਵੀ ਸੁਰ ਵਿਚ ਭੰਗ = ਵਿਘਨ ਪੈ ਜਾਂਦਾ ਹੈ।

***ਦੂਸਰਾ ਅਰਥ :*** ਜੋ ਪ੍ਰੀਤ ਰੂਪ ਗੁੰਗ = ਜ਼ੁਬਾਨ ਤੋਂ ਹੀਣਾ ਹੈ, ਉਹ ਮਹਾਂ ਬਿਸਨ ਪਦ = ਵਿਸ਼ਨੂੰ ਪਦਵੀ ਦੇ ਮਾਲਕ ਹਰੀ ਵਾਹਿਗੁਰੂ ਦੇ ਜਸ ਨੂੰ ਕਹਾ = ਕਿਵੇਂ ਗਾਵੈ = ਗਾਵੇਗਾ। ਜੇ ਜਤਨ ਕਰੈ = ਕਰੇ ਤਉ = ਤਾਂ ਭੀ = ਵੀ ਸੁਰ = ਸੁਰਤੀ ਪਦਾਰਥਕਾਰ ਹੋ ਕੇ ਭੰਗ = ਵਿਘਨ ਪਾਏਗੀ।

## ਕਹ ਪਿੰਗੁਲ; ਪਰਬਤ ਪਰ ਭਵਨ ॥ ਨਹੀ ਹੋਤ; ਊਹਾ ਉਸੁ ਗਵਨ ॥

***ਪਹਿਲਾ ਅਰਥ :*** ਜੇ ਪਿੰਗੁਲ = ਪੈਰਾਂ ਤੋਂ ਹੀਣੇ ਪੁਰਖ ਨੂੰ ਕਹੀਏ ਕਿ ਪਰਬਤ = ਪਹਾੜ ਪਰ = ਉੱਪਰ ਤੁਰ, ਭਵਨ = ਫਿਰ ਆ ਭਾਵ ਜੇ ਪਹਾੜ 'ਤੇ ਭਵਨ = ਘਰ ਹੋਵੇ, ਉਹ ਕਿਵੇਂ ਚੜ੍ਹੇਗਾ। ਊਹਾ = ਉਥੇ ਉਸ ਦਾ ਗਵਨ = ਜਾਣਾ ਨਹੀਂ ਹੋਤ = ਹੁੰਦਾ ਭਾਵ ਵਿਚਰਨਾ ਨਹੀਂ ਹੋ ਸਕਦਾ।

***ਦੂਸਰਾ ਅਰਥ :*** ਜੋ ਸਾਧਨਾਂ ਰੂਪੀ ਪਿੰਗੁਲ = ਪੈਰਾਂ ਤੋਂ ਹੀਣਾ ਪੁਰਖ ਹੈ, ਉਹ ਪਰਬਤ = ਪਹਾੜ ਦੀ ਨਿਆਈਂ ਅਚੱਲ ਪਰਮਾਤਮਾ ਭਾਵ ਬ੍ਰਹਮ ਰੂਪੀ ਭਵਨ = ਘਰ ਪਰ ਕਹਾ = ਕਿਵੇਂ ਟਿਕ ਸਕਦਾ ਹੈ **ਵਾ:** ਅਗਿਆਨ ਤੋਂ ਪਰ੍ਹੇ ਨਹੀਂ ਹੋ ਸਕਦਾ, ਸਰੂਪ ਰੂਪੀ ਪਰਬਤ ਤੇ ਭਵਨ = ਘਰ ਨਹੀਂ ਬਣਾ ਸਕਦਾ। ਉਸ ਦਾ ਊਹਾ = ਉਥੇ ਗਿਆਨ ਰੂਪੀ ਪਰਬਤ ਤੇ ਗਵਨ = ਜਾਣਾ ਨਹੀਂ ਹੋਤ = ਹੁੰਦਾ, ਭਾਵ ਉਸ ਦੀ ਬਿਰਤੀ ਬ੍ਰਹਮ ਦਾ ਆਸਰਾ ਧਾਰਨ ਨਹੀਂ ਕਰ ਸਕਦੀ ਤਾਂ ਕਿਵੇਂ ਇਸ ਬਿਰਤੀ ਨੂੰ ਪਾਵੇ।

## ਕਰਤਾਰ ਕਰੁਣਾਮੈ ਦੀਨੁ ਬੇਨਤੀ ਕਰੈ ॥ ਨਾਨਕ ਤੁਮਰੀ ਕਿਰਪਾ ਤਰੈ ॥੬॥

(**ਕਰੁਣਾ-ਮੈ** ਬੋਲੋ)

ਹੇ ਕਰਤਾਰ = ਕਰਤਾ ਪੁਰਖ ਕਰੁਣਾਮੈ = ਕਿਰਪਾਲੂ ਸਰੂਪ ਪਰਮੇਸ਼ਰ! ਤੇਰੇ ਹੱਥ ਵਿਚ ਸਾਰਿਆਂ ਦੀ ਤਾਰ ਹੈ, ਅਸੀਂ ਦੀਨੁ = ਗ਼ਰੀਬ ਹੋ ਕੇ ਬੇਨਤੀ = ਅਰਦਾਸ ਕਰੈ = ਕਰਦੇ ਹਾਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤੁਮਰੀ = ਤੁਹਾਡੀ ਕਿਰਪਾ = ਮਿਹਰ ਨਾਲ ਹੀ ਸੰਸਾਰ-ਸਮੁੰਦਰ ਤੋਂ ਤਰੈ = ਤਰ ਭਾਵ ਮੁਕਤ ਹੋ ਸਕੀਦਾ ਹੈ॥੬॥

## ਸੰਗਿ ਸਹਾਈ; ਸੁ ਆਵੈ ਨ ਚੀਤਿ ॥ ਜੋ ਬੈਰਾਈ; ਤਾ ਸਿਉ ਪ੍ਰੀਤਿ ॥

ਜੋ ਜੀਵ ਦੇ ਸੰਗਿ = ਨਾਲ ਰਹਿ ਕੇ ਸਹਾਈ = ਸਹਾਇਤਾ ਕਰਨ ਵਾਲਾ ਹੈ, ਸੁ = ਉਹ ਹਰੀ ਵਾਹਿਗੁਰੂ ਦਾ ਨਾਮ ਚੀਤਿ = ਚੇਤੇ ਨ = ਨਹੀਂ ਆਵੈ = ਆਉਂਦਾ। ਜੋ = ਜਿਹੜੇ ਕਾਮ, ਕ੍ਰੋਧ, ਲੋਭ, ਮੋਹ ਆਦਿ ਬੈਰਾਈ = ਵੈਰ ਕਰਨ ਵਾਲੇ ਹਨ, ਤਾ = ਉਨ੍ਹਾਂ ਨਾਲ ਪ੍ਰੀਤਿ = ਪ੍ਰੀਤੀ ਕਰਦਾ ਹੈ।

## ਬਲੂਆ ਕੇ; ਗ੍ਰਿਹ ਭੀਤਰਿ ਬਸੈ ॥ ਅਨਦ ਕੇਲ; ਮਾਇਆ ਰੰਗਿ ਰਸੈ ॥

ਜਿਵੇਂ ਬਲੂਆ = ਰੇਤੇ ਦਾ ਘਰ ਪੱਕਾ ਨਹੀਂ ਹੁੰਦਾ, ਅਖ਼ੀਰ ਢਹਿ ਜਾਂਦਾ ਹੈ, ਇਸੇ ਪ੍ਰਕਾਰ ਜੀਵ ਪੰਜਾਂ ਤੱਤਾਂ ਰੂਪੀ ਬਲੂਆ = ਰੇਤੇ ਕੇ = ਦੇ ਗ੍ਰਿਹ = ਘਰ (ਸਰੀਰ) ਭੀਤਰਿ = ਅੰਦਰ ਬਸੈ = ਵਸ ਰਿਹਾ ਹੈ। ਅਤੇ ਮਾਇਆ ਦੇ ਰੰਗਿ = ਪ੍ਰੇਮ ਵਿਚ ਰਸੈ = ਰਚ ਕੇ ਭਾਵ ਫਸ ਕੇ ਅਨਦ = ਖ਼ੁਸ਼ੀਆਂ ਦੀਆਂ ਕੇਲ = ਖੇਡਾਂ ਖੇਡਦਾ ਹੈ ਭਾਵ ਅਨੰਦਾਇਕ ਕ੍ਰੀੜਾ ਕਰਦਾ ਹੈ।

## ਦ੍ਰਿੜੁ ਕਰਿ ਮਾਨੈ; ਮਨਹਿ ਪ੍ਰਤੀਤਿ ॥ ਕਾਲੁ ਨ ਆਵੈ; ਮੂੜੇ ਚੀਤਿ ॥

ਇਉ ਮਨਹਿ = ਅੰਤਸ਼ਕਰਨ ਵਿਚ ਦ੍ਰਿੜੁ = ਪੱਕਾ ਪ੍ਰਤੀਤਿ = ਭਰੋਸਾ ਕਰਿ = ਕਰ ਕੇ ਮਾਇਆਵੀ ਪਦਾਰਥਾਂ ਨੂੰ ਸੱਚਾ ਮਾਨੈ = ਮੰਨਦਾ ਹੈ। ਪਰ ਮੂੜੇ = ਮੂਰਖ ਪੁਰਖ ਨੂੰ ਕਾਲੁ = ਮੌਤ ਚੀਤਿ = ਚੇਤੇ ਨ = ਨਹੀਂ ਆਵੈ = ਆਉਂਦੀ।

## ਬੈਰ ਬਿਰੋਧ; ਕਾਮ ਕ੍ਰੋਧ ਮੋਹ ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ ॥

ਬੈਰ = ਅਨਾਦ ਕਾਲ ਦੀ ਦੁਸ਼ਮਣੀ ਬਿਰੋਧ = ਵਰਤਮਾਨ ਕਾਲ ਵਿਚ ਕਿਸੇ ਗੱਲ ਤੋਂ ਅਸਹਿਮਤੀ ਤੇ ਕਾਮ ਕ੍ਰੋਧ ਮੋਹ ਵਿਚ ਨਾਸ਼ ਹੋ ਰਿਹਾ ਹੈ। ਕਦੇ ਝੂਠ ਬੋਲਣ ਦੀ ਪੰਡ ਚੁੱਕੀ ਹੈ, ਕਦੇ ਬਿਕਾਰ ਦੇ ਪੱਥਰ ਗਲ ਵਿਚ ਬੰਨ੍ਹੀ ਫਿਰਦਾ ਹੈ, ਅਤੇ ਪਦਾਰਥਾਂ ਦੇ ਜੋੜਨ ਦਾ ਮਹਾ = ਬੜਾ ਭਾਰੀ ਲੋਭ = ਲਾਲਚ ਹੈ ਅਤੇ ਧ੍ਰੋਹ = ਛਲ ਭਾਵ ਧੋਖੇਬਾਜ਼ੀਆਂ ਕਰਦਾ ਹੈ।

[ਅੰਗ ੨੬੮]

## ਇਆਹੂ ਜੁਗਤਿ; ਬਿਹਾਨੇ ਕਈ ਜਨਮ ॥
## ਨਾਨਕ; ਰਾਖਿ ਲੇਹੁ, ਆਪਨ ਕਰਿ ਕਰਮ ॥੭॥

ਇਆਹੂ = ਇਸ ਤਰ੍ਹਾਂ ਇਨ੍ਹਾਂ ਵਿਚ ਜੁਗਤਿ = ਜੁੜਨੇ ਕਰ ਕੇ ਕਈ = ਅਨੇਕਾਂ ਜਨਮ ਬਿਹਾਨੇ = ਬੀਤ ਗਏ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਵਾਹਿਗੁਰੂ! ਤੁਸੀਂ ਆਪ ਹੀ ਆਪਣੀ ਕਰਮ = ਬਖ਼ਸ਼ਿਸ਼ ਕਰਿ = ਕਰ ਕੇ ਰਾਖਿ = ਰੱਖ ਲੇਹੁ = ਲੈਣਾ ਕਰੋ॥੭॥

## ਤੂ ਠਾਕੁਰੁ; ਤੁਮ ਪਹਿ ਅਰਦਾਸਿ ॥ ਜੀਉ ਪਿੰਡੁ; ਸਭੁ ਤੇਰੀ ਰਾਸਿ ॥

ਹੇ ਪਰਮੇਸ਼ਰ ! ਤੂੰ = ਤੁਸੀਂ ਸਾਰਿਆਂ ਦੇ ਠਾਕੁਰੁ = ਸੁਆਮੀ ਹੋ, ਤੁਮ = ਤੁਹਾਡੇ ਪਹਿ = ਪਾਸ ਹੀ ਸਾਡੀ ਅਰਦਾਸਿ = ਬੇਨਤੀ ਹੈ। ਇਹ ਜੀਉ = ਜਿੰਦ (ਸੂਖਮ) ਤੇ ਪਿੰਡੁ = ਸਰੀਰ (ਸਥੂਲ) ਸਭੁ = ਸਾਰੀ ਤੇਰੀ = ਤੁਹਾਡੀ ਹੀ ਰਾਸਿ = ਪੂੰਜੀ ਹੈ।

## ਤੁਮ ਮਾਤ ਪਿਤਾ; ਹਮ ਬਾਰਿਕ ਤੇਰੇ ॥ ਤੁਮਰੀ ਕ੍ਰਿਪਾ ਮਹਿ; ਸੂਖ ਘਨੇਰੇ ॥

ਤੁਮ = ਤੁਸੀਂ ਮਾਤਾ ਪਿਤਾ ਰੂਪ ਹੋ ਅਤੇ ਹਮ = ਅਸੀਂ ਤੇਰੇ = ਤੁਹਾਡੇ ਬਾਰਿਕ = ਬਾਲਕ ਹਾਂ ਭਾਵ ਆਪ ਹੀ ਅਭਿੰਨ, ਨਮਿਤ, ਉਪਾਦਾਨ ਕਾਰਨ ਹੋ। ਜੈਸਾ ਕਿ :

**ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥** *(ਅੰਗ ੯੨੧)*

ਤੁਮਰੀ = ਤੁਹਾਡੀ ਕ੍ਰਿਪਾ = ਮੇਹਰ ਭਾਵ ਬਖ਼ਸ਼ਿਸ਼ ਮਹਿ = ਵਿਚ ਘਨੇਰੇ = ਬਹੁਤ ਸੁਖ ਮਿਲ ਰਹੇ ਹਨ।

## ਕੋਇ ਨ ਜਾਨੈ; ਤੁਮਰਾ ਅੰਤੁ ॥ ਊਚੇ ਤੇ; ਊਚਾ ਭਗਵੰਤ ॥

ਹੇ ਹਰੀ ਵਾਹਿਗੁਰੂ ! ਤੁਮਰਾ = ਤੁਹਾਡੇ ਪਾਰਾਵਾਰ ਦਾ ਕੋਇ = ਕੋਈ ਅੰਤੁ = ਅਖ਼ੀਰ ਨ = ਨਹੀਂ ਜਾਨੈ = ਜਾਣ ਸਕਦਾ। ਹੇ ਹਰੀ ਤੁਸੀਂ ਊਚੇ = ਊੱਚੀਆਂ ਪਦਵੀਆਂ ਵਾਲੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਆਦਿਕ ਤੇ = ਤੋਂ ਵੀ ਉਚਾ = ਉੱਤਮ ਪਦਵੀ ਵਾਲੇ ਹੋ **ਵਾ:** ਹੇ ਭਗਵੰਤ = ਪਰਮੇਸ਼ਰ ! ਤੁਸੀਂ ਸਾਰਿਆਂ ਊਚੇ = ਉੱਚਿਆਂ ਤੇ = ਤੋਂ ਊਚਾ = ਸ੍ਰੇਸ਼ਟ ਹੋ। ਜੈਸਾ ਕਿ :

**ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥**
**ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥੧॥** *(ਅੰਗ ੧੧੫੬)*

## ਸਗਲ ਸਮਗ੍ਰੀ; ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ; ਸੁ ਆਗਿਆਕਾਰੀ ॥

ਜਿੰਨੀ ਸਗਲ = ਸਾਰੀ ਦੁਨੀਆਂ ਦੀ ਸਮਗ੍ਰੀ = ਸਮੁਦਾਇ ਹੈ, ਇਹ ਤੁਮਰੈ = ਤੁਹਾਡੀ ਚੇਤਨ ਸੱਤਾ ਰੂਪ ਸੂਤ੍ਰਿ ਧਾਰੀ = ਸੂਤ (ਧਾਗੇ) ਵਿਚ ਧਾਰੀ ਹੋਈ ਹੈ। ਸਾਰੀ ਸ੍ਰਿਸ਼ਟੀ ਤੁਮ = ਤੁਹਾਡੇ ਤੇ = ਤੋਂ ਪੈਦਾ ਹੋਈ ਹੈ, ਸੁ = ਉਹ ਸਾਰੀ ਤੁਹਾਡੀ ਆਗਿਆਕਾਰੀ = ਤਾਬੇਦਾਰ ਭਾਵ ਹੁਕਮ ਵਿਚ ਚੱਲ ਰਹੀ ਹੈ **ਵਾ:** ਮਾਇਆ ਜੋ ਤੁਮ = ਤੁਹਾਡੀ ਅਗਿਆਕਾਰੀ = ਤਾਬੇਦਾਰ ਹੋ ਕੇ ਚੱਲਣ ਵਾਲੀ ਹੈ, ਸੁ = ਉਹ ਵੀ ਤੇਰੇ ਹੁਕਮ ਵਿਚ ਹੀ ਹੈ **ਵਾ:** ਜੋ ਅੰਤਰਜਾਮੀ ਤੁਮ = ਤੁਸੀਂ ਕਰ ਰਹੇ ਹੋ, ਸੁ = ਉਹ ਅਸੀਂ ਆਗਿਆਕਾਰ ਹੋ ਕੇ ਭਾਣਾ ਮੰਨਣ ਵਾਲੇ ਹਾਂ। ਜੈਸਾ ਕਿ :

**ਬਿਨਾ ਹੁਕਮ ਇਕ ਝੁਲੈ ਨ ਪਾਤਾ ॥ ਫੁਨ ਹੋਹੈ ਸੋਇ ਜੋ ਕਰੈ ਬਿਧਾਤਾ ॥**
*(ਭਾਈ ਗੁਰਦਾਸ ਸਿੰਘ, ਵਾਰ ੪੧, ਪਉੜੀ ੨੭)*

## ਤੁਮਰੀ ਗਤਿ ਮਿਤਿ; ਤੁਮ ਹੀ ਜਾਨੀ ॥
## ਨਾਨਕ ਦਾਸ; ਸਦਾ ਕੁਰਬਾਨੀ ॥੮॥੪॥

ਤੁਮਰੀ = ਤੁਹਾਡੀ ਗਤਿ = ਮੁਕਤੀ ਦੀ ਮਿਤਿ = ਮਰਯਾਦਾ ਤੁਮ = ਤੁਸੀਂ ਆਪ ਹੀ ਜਾਨੀ = ਜਾਣਨਾ ਕੀਤੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਦਾਸ = ਦਾਸਾ ਭਾਵ ਧਾਰ ਕੇ ਤੁਹਾਡੇ ਤੋਂ ਸਦਾ = ਹਮੇਸ਼ਾਂ ਕੁਰਬਾਨੀ = ਬਲਿਹਾਰ ਜਾਂਦੇ ਹਾਂ ॥੮॥੪॥

(ਚੌਥੀ ਅਸਟਪਦੀ ਵਿਚ ਪੂਰੇ ਅੱਖਰ ੯੯੯, ਪੈਰਾਂ ਵਾਲੇ ਰਾਰੇ ੨੩, ਕੁੱਲ ਅੱਖਰ ੧੦੨੨ ਹਨ)

## ਸਲੋਕੁ ॥

## ਦੇਨਹਾਰੁ ਪ੍ਰਭ ਛੋਡਿ ਕੈ; ਲਾਗਹਿ ਆਨ ਸੁਆਇ ॥

ਜੋ ਜੀਵ ਦੇਨਹਾਰੁ = ਦਾਤਾਂ ਦੇ ਦੇਣ ਵਾਲੇ ਹਰੀ ਪ੍ਰਭੂ ਨੂੰ ਛੋਡਿ = ਤਿਆਗ ਕੈ = ਕਰ ਕੇ ਆਨ = ਹੋਰ ਸੁਆਇ = ਸਵਾਦਾਂ ਦੇ ਪ੍ਰਯੋਜਨਾਂ ਵਿਚ ਲਾਗਹਿ = ਲੱਗਦਾ ਹੈ।

## ਨਾਨਕ ਕਹੂ ਨ ਸੀਝਈ; ਬਿਨੁ ਨਾਵੈ ਪਤਿ ਜਾਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਜੀਵ ਕਹੂ = ਕਿਸੇ ਪ੍ਰਕਾਰ ਵੀ ਸੀਝਈ = ਮੁਕਤ ਨ = ਨਹੀਂ ਹੋ ਸਕਦਾ ਅਤੇ ਉਸ ਦੀ ਹਰੀ ਦੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਲੋਕ ਪਰਲੋਕ ਵਿੱਚੋਂ ਪਤਿ = ਇੱਜ਼ਤ ਚਲੀ ਜਾਇ = ਜਾਂਦੀ ਹੈ॥੧॥

## ਅਸਟਪਦੀ ॥

## ਦਸ ਬਸਤੂ ਲੇ; ਪਾਛੈ ਪਾਵੈ ॥ ਏਕ ਬਸਤੁ ਕਾਰਨਿ; ਬਿਖੋਟਿ ਗਵਾਵੈ ॥

ਜਿਵੇਂ ਕਿਸੇ ਸ਼ਾਹੂਕਾਰ ਨੇ ਆਪਣੇ ਨੌਕਰ ਨੂੰ ਦਸ ਥੈਲੀਆਂ ਧਨ ਦੀਆਂ ਦਿੱਤੀਆਂ ਹੋਣ, ਉਹ ਥੈਲੀਆਂ ਲੈ ਕੇ ਪਾਛੈ = ਪਿੱਛੇ ਪਾਵੈ = ਪਾਉਂਦਾ ਹੈ, ਭਾਵ ਇਕੱਤਰ ਕਰਕੇ ਆਪਣਾ ਕਾਰੋਬਾਰ ਕਰਨ ਲੱਗ ਪਵੇ, ਇਕ ਥੈਲੀ ਸ਼ਾਹੂਕਾਰ ਨੇ ਉਸ ਨੌਕਰ ਨੂੰ ਸੰਭਾਲਣ ਲਈ ਦਿੱਤੀ ਕਿ ਇਹ ਮੇਰੀ ਅਮਾਨਤ ਸੰਭਾਲ ਕੇ ਰੱਖੀ।

ਪਰ ਉਹ ਨੌਕਰ ਲਾਲਚ ਵਸ ਹੋ ਕੇ ਸਾਹੂਕਾਰ ਦੀ ਦਿੱਤੀ ਹੋਈ ਇਕ ਬਸਤੂ = ਵਸਤੂ ਭਾਵ ਧਨ ਦੀ ਥੈਲੀ ਦੇ ਕਾਰਨਿ = ਵਾਸਤੇ ਬਿਖੋਟਿ = ਵਿਸ਼ੇਸ਼ ਕਰਕੇ ਖੁਟਿਆਈ ਕਰਦਾ ਹੋਇਆ ਆਪਣਾ ਵਿਸ਼ਵਾਸ ਗਵਾਵੈ = ਗਵਾ ਲੈਂਦਾ ਹੈ **ਅਥਵਾ** ਜਿਵੇਂ ਕਿਸੇ ਸ਼ਾਹੂਕਾਰ ਦੇ ਕੋਲ ਇਕ ਨੌਕਰ ਕੰਮ ਕਰਦਾ ਸੀ, ਕੰਮ-ਕਾਰ ਕਰਦਿਆਂ ਜਦ ਉਸ ਨੂੰ ਕਈ ਸਾਲ ਬੀਤ ਗਏ, ਤਾਂ ਉਸ ਦੇ ਪ੍ਰਤੀ ਸ਼ਾਹੂਕਾਰ ਦੇ ਮਨ ਵਿਚ ਦਇਆ ਆ ਗਈ ਕਿ ਇਸ ਨੂੰ ਕੋਈ ਵੱਖਰਾ ਕਾਰੋਬਾਰ ਕਰਵਾ ਦੇਈਏ ਤਾਂ ਕਿ ਆਪਣਾ ਗੁਜ਼ਾਰਾ ਚੰਗਾ ਚਲਾ ਸਕੇ। ਇਹ ਗੱਲ ਸੋਚ ਕੇ ਸ਼ਾਹੂਕਾਰ ਨੇ ੧੦ ਥੈਲੀਆਂ ਧਨ ਦੀਆਂ ਦੇ ਕੇ ਉਸ ਨੂੰ ਵੱਖਰੀ ਦੁਕਾਨ ਪਾ ਦਿੱਤੀ ਅਤੇ ਇਕ ਥੈਲੀ ਵੱਖਰੀ ਦੇ ਕੇ ਕਿਹਾ, ਇਹ ਮੇਰੀ ਅਮਾਨਤ ਰੱਖ ਛੱਡ, ਜਿਸ ਵੇਲੇ ਲੋੜ ਪਈ ਮੈਂ ਤੇਰੇ ਪਾਸੋਂ ਲੈ ਲਵਾਂਗਾ। ਉਸ ਨੇ ਚੰਗਾ ਕਹਿ ਕੇ ਉਹ ਧਨ ਦੀਆਂ ਥੈਲੀਆਂ ਰੱਖ ਲਈਆਂ ਅਤੇ ਆਪਣਾ ਚੰਗਾ ਕਾਰੋਬਾਰ ਚਲਾਇਆ, ਕੁਝ ਸਮੇਂ ਬਾਅਦ ਜਦ ਸ਼ਾਹੂਕਾਰ ਨੇ ਆ ਕੇ ਆਪਣੀ ਇਕ ਥੈਲੀ ਧਨ ਦੀ ਮੰਗੀ ਤਾਂ ਨੌਕਰ ਨੇ ਕਿਹਾ, ਥੋੜ੍ਹੇ ਦਿਨਾਂ ਤਕ ਦਿਆਂਗਾ। ਸ਼ਾਹੂਕਾਰ ਚਲਾ ਗਿਆ, ਥੋੜ੍ਹੇ ਸਮੇਂ ਪਿੱਛੋਂ ਜਦ ਫੇਰ ਆ ਕੇ ਮੰਗਿਆ ਤਾਂ ਜਵਾਬ ਦਿੱਤਾ ਅਜੇ ਤਿਆਰ ਨਹੀਂ ਹੋਇਆ, ਆਖ਼ਰ ਕੁਝ ਫੇਰੇ ਪੁਆ ਕੇ ਮੁਕਰ ਹੀ ਗਿਆ ਕਿ ਮੇਰੇ ਪਾਸੋਂ ਅਜੇ ਰੁਪਏ ਨਹੀਂ ਨਿਕਲ ਸਕਦੇ।

ਦਸ ਬਸਤੂ ਲੇ ਪਾਛੈ ਪਾਵੈ = ਦਸ (੧੦) ਥੈਲੀਆਂ ਧਨ ਦੀਆਂ ਲੈ ਕੇ ਨੌਕਰ ਨੇ ਪਾਛੈ = ਪਿੱਛੋਂ ਦੁਕਾਨ ਵਿਚ ਸੌਦਾ ਪਾਵੈ = ਪਾਉਣਾ ਕੀਤਾ ਭਾਵ ਸੌਦਾ ਲਿਆ ਕੇ ਦੁਕਾਨ ਭਰ ਲਈ।

ਏਕ ਬਸਤੁ ਕਾਰਨਿ ਬਿਖੋਟਿ ਗਵਾਵੈ = ਏਕ = ਇਕ ਧਨ ਦੀ ਥੈਲੀ ਜੋ ਸ਼ਾਹੂਕਾਰ ਨੇ ਆਪਣੀ ਅਮਾਨਤ ਰੱਖੀ ਸੀ, ਉਸ ਥੈਲੀ ਦੇ ਨਾ ਦੇਣ ਕਾਰਨ ਨੌਕਰ ਨੇ ਆਪਣਾ ਬਿਖੋਟਿ = ਵਿਸ਼ੇਸ਼ ਕਰਕੇ ਖੁਟਿਆਈ ਕਰਨ ਕਰਕੇ ਆਪਣਾ ਭਰੋਸਾ ਗਵਾਵੈ = ਗਵਾ ਲਿਆ।

## ਏਕ ਭੀ ਨ ਦੇਇ; ਦਸ ਭੀ ਹਿਰਿ ਲੇਇ ॥ ਤਉ ਮੂੜਾ; ਕਹੁ ਕਹਾ ਕਰੇਇ ॥

ਜੇਕਰ ਸ਼ਾਹੂਕਾਰ ਏਕ = ਇਕ ਭੀ = ਵੀ ਨ = ਨਾ ਦੇਇ = ਦੇਵੇ ਅਤੇ ਦਸ (੧੦) ਥੈਲੀਆਂ ਧਨ ਦੀਆਂ ਵੀ ਹਿਰਿ = ਖੋਹ ਲੇਇ = ਲਵੇ। ਤਉ = ਤਾਂ ਕਹੁ = ਦੱਸੋ ! ਉਹ ਮੂੜਾ = ਮੂਰਖ ਕਹਾ = ਕੀ ਕਰੇਇ = ਕਰ ਸਕਦਾ ਹੈ ?

## ਦੂਸਰਾ ਅਰਥ

ਇਸ ਪ੍ਰਕਾਰ ਪਰਮੇਸ਼ਰ ਸ਼ਾਹੂਕਾਰ ਹੈ, ਜੀਵ ਉਸ ਦੇ ਨੌਕਰ ਹਨ, ਉਸ ਹਰੀ ਪਰਮੇਸ਼ਰ ਨੇ ਸਾਰਿਆਂ ਨੂੰ ਦਸ ਇੰਦ੍ਰੀਏ ਨੱਕ ਕੰਨ ਆਦਿਕ ਅਤੇ ਇਕ ਮਨ ਦੇ ਕੇ ਜੀਵ ਨੂੰ ਕਿਹਾ 'ਦਸਾਂ ਇੰਦ੍ਰੀਆਂ' ਨਾਲ ਜੋ ਵੀ ਤੁਹਾਡਾ ਵਿਹਾਰ ਹੈ, ਉਹ ਤੁਸੀਂ ਕਰੀ ਜਾਵੋ, ਪਰ ਮਨ ਨੂੰ ਸੰਸਾਰ ਵੱਲ ਨਾ ਲਾਉਣਾ। ਇਹ ਭਾਵ ਇਕ ਵਸਤੂ ਰੂਪ ਮਨ ਮੇਰੀ ਥੈਲੀ ਰੂਪ ਭੇਟਾ ਦੇਵੀ, ਮੇਰੇ ਵਿਚ ਮਨ ਲਾ ਛੱਡੀ, ਫੇਰ ਸਾਰੇ ਇੰਦਰੇ ਕੰਮ ਕਰਦੇ ਵੀ ਮੇਰੇ ਨਾਲ ਜੁੜੇ ਰਹਿਣਗੇ। ਇਹ ਗੱਲਾਂ ਸੁਣ ਕੇ ਵੀ :

(**ਦਸ ਬਸਤੂ ਲੇ ਪਾਛੈ ਪਾਵੈ**) ਭਾਵ ਪਰਮੇਸ਼ਰ ਤੋਂ ਦਸ ਇੰਦ੍ਰੀਆਂ ਲੈ ਕੇ ਜੀਵ ਨੇ ਸੰਸਾਰ ਪਾਛੈ = ਪਾਛੇ ਪਾ ਦਿੱਤੀਆਂ ਹਨ, ਭਾਵ ਸੰਸਾਰ ਵਾਲੇ ਪਾਸੇ ਪਾ ਦਿੱਤੀਆਂ ਹਨ।

(**ਏਕ ਬਸਤੁ ਕਾਰਨਿ ਬਿਖੋਟਿ ਗਵਾਵੈ**) ਇਕ ਮਨ ਰੂਪੀ ਵਸਤੂ ਦੇ ਨਾ ਦੇਣ ਦੇ ਕਾਰਨ ਬਿਖੋਟਿ = ਵਿਸ਼ੇਸ਼ ਕਰਕੇ ਖੁਟਿਆਈ ਕਰਦਾ ਹੋਇਆ ਆਪਣਾ ਵਿਸਾਹ ਗਵਾਵੈ = ਗੁਆ ਲੈਂਦਾ ਹੈ।

(**ਏਕ ਭੀ ਨ ਦੇਇ ਦਸ ਭੀ ਹਿਰਿ ਲੇਇ**) ਇਕ ਮਨ ਰੂਪੀ ਵਸਤੂ ਦੇ ਨਾ ਦੇਇ = ਦੇਣ ਕਰ ਕੇ ਭੀ = ਪੁਨਾ ਜੇ ਉਹ ਦਸ ਇੰਦ੍ਰਿਆਂ ਰੂਪ ਵਸਤੂ ਵੀ ਹਿਰਿ = ਖੋਹ ਲਵੇ, ਭਾਵ ਕਾਣਾ, ਲੂਲਾ ਆਦਿ ਕਰ ਦੇਵੇ।

(**ਤਉ ਮੂੜਾ ਕਹੁ ਕਹਾ ਕਰੇਇ**) ਤਉ = ਤਾਂ ਕਹੁ = ਦੱਸੋ ਫੇਰ ਮੂੜਾ = ਮੂਰਖ ਜੀਵ ਕਹਾ = ਕੀ ਕਰੇਇ = ਕਰ ਸਕਦਾ।

## ਤੀਸਰਾ ਅਰਥ

**ਦਸ ਬਸਤੂ ਲੇ ਪਾਛੈ ਪਾਵੈ ॥ ਏਕ ਬਸਤੁ ਕਾਰਨਿ; ਬਿਖੋਟਿ ਗਵਾਵੈ ॥**

ਪਰਮੇਸ਼ਰ ਦਾ ਹੁਕਮ ਸੀ ਕਿ ਧਰਮ ਦੀ ਕਿਰਤ ਕਰਕੇ ਵੰਡ ਕੇ ਖਾਈਂ ੧੦ਵਾਂ ਹਿੱਸਾ ਮੇਰੇ ਨਾਮ ਦੇਵੀਂ, ਦਸ ਹਿੱਸੇ ਲੈ ਕੇ ਵੀ ਪਿੱਛੇ ਕਾਰੋਬਾਰ ਵਿਚ ਪਾ ਲੈਂਦਾ ਹੈ, ਏਕੁ = ਇਕ ਬਸਤੁ = ਵਸਤੂ ਭਾਵ ਦੱਸਵਾ ਹਿੱਸਾ ਜੋ ਪ੍ਰਭੂ ਨੂੰ ਅਰਪਨਾ ਸੀ, ਉਸ ਦੇ ਕਾਰਨਿ = ਵਾਸਤੇ ਵੀ (ਬਿ+ਖੋਟਿ) ਵਿਸ਼ੇਸ਼ ਕਰਕੇ ਖੁਟਿਆਈ ਕਰਦਾ ਹੈ। ਇਉਂ ਆਪਣਾ ਜੀਵਨ ਬੇਅਰਥ ਗੁਆ ਲੈਂਦਾ ਹੈ।

**ਏਕ ਭੀ ਨ ਦੇਇ; ਦਸ ਭੀ ਹਿਰਿ ਲੇਇ ॥ ਤਉ ਮੂੜਾ; ਕਹੁ ਕਹਾ ਕਰੇਇ ॥**

ਹੁਣ ਇਹ ਜੀਵ ਇਕ ਹਿੱਸਾ ਵੀ ਗੁਰਾਂ ਨੂੰ ਭੇਟਾਂ ਨਹੀਂ ਕਰਦਾ ਪਰ ਜੇਕਰ ਗੁਰੂ ਜੀ ਦਸ ਹਿੱਸੇ ਭੀ ਇਸ ਕੋਲੋਂ ਹਿਰਿ = ਖੋਹ ਲੈਣ ਭਾਵ ਕੰਗਾਲ ਕਰ ਦੇਣ।

ਤਉ = ਤਾਂ ਫੇਰ ਕਹੁ = ਦੱਸੋ ਖਾਂ ਮੂਰਖ ਜੀਵ ਕੀ ਕਰ ਸਕਦਾ ਹੈ।

## ਚੌਥਾ ਅਰਥ

**ਦਸ ਬਸਤੂ ਲੇ ਪਾਛੈ ਪਾਵੈ ॥ ਏਕ ਬਸਤੁ ਕਾਰਨਿ; ਬਿਖੋਟਿ ਗਵਾਵੈ ॥**

ਜਿਸ ਵੇਲੇ ਜੀਵ ਮਾਂ ਦੇ ਗਰਭ ਵਿਚ ਪੁੱਠਾ ਲਮਕਦਾ ਸੀ, ਉਸ ਵੇਲੇ ਇਹ ਪਰਮੇਸ਼ਰ ਅੱਗੇ ਬੇਨਤੀਆਂ ਕਰਦਾ ਸੀ ਕਿ ਗਰਭ ਵਿੱਚੋਂ ਬਾਹਰ ਕੱਢੋ, ਪਰਮੇਸ਼ਰ ਮੈਂ ਦਸਵਾਂ ਹਿੱਸਾ ਭਾਵ ਦਸਵੰਧ ਦਿਆਂਗਾ, ਬਾਹਰ ਨਿਕਲਦਿਆਂ ਹੀ ਮਾਇਆ ਚਿੰਬੜ ਗਈ। ਜੈਸਾ ਕਿ :

**ਵਿਚਹੁ ਗਰਭੈ ਨਿਕਲਿ ਆਇਆ ॥ ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥** *(ਅੰਗ ੧੦੦੭)*

ਉਸ ਮਾਇਆ ਦੇ ਪ੍ਰਭਾਵ ਕਰ ਕੇ ਜਿਹੜਾ ਇਸ ਨੇ ਅੱਠੇ ਪਹਿਰਾਂ ਵਿੱਚੋਂ ਦਸਵਾਂ ਹਿੱਸਾ (ਦੋ ਘੰਟੇ

ਚੌਵੀਂ ਮਿੰਟ) ਸਿਮਰਨ ਭਜਨ ਦਾ ਦਸਵੰਧ ਦੇਣਾ ਮੰਨਿਆ ਸੀ ਕਿ ਬਾਹਰ ਜਾ ਕੇ ਸੁਆਸਾਂ ਦੁਆਰਾ ਤੇਰਾ ਭਜਨ ਕਰਾਂਗਾ, ਉਹ ਇਸ ਨੂੰ ਭੁੱਲ ਗਿਆ ਹੈ।

ਇਸ ਪ੍ਰਕਾਰ ਦਸਵੰਧ ਵਸਤੂ ਤਾਂ ਪ੍ਰਭੂ ਪਾਸੋਂ ਲੈ ਕੇ ਪਿੱਛੇ ਪਾ ਦਿੱਤੀ, ਭਾਵ ਸਾਰੇ ਸੁਆਸ ਸੰਸਾਰ ਵੱਲ ਲਗਾ ਦਿੱਤੇ ਹਨ, ਇਕ ਵਸਤੂ ਭਾਵ ਜੋ ਅੱਠੇ ਪਹਿਰਾਂ ਵਿੱਚੋਂ ਦਸਵਾਂ ਹਿੱਸਾ ਪਰਮੇਸ਼ਰ ਦੇ ਭਜਨ ਸਿਮਰਨ ਵਿਚ ਲਾਉਣਾ ਸੀ, ਉਸ ਦੇ ਵਾਸਤੇ ਵਿਸ਼ੇਸ਼ ਕਰਕੇ ਖੁਟਿਆਈ ਕਰਦਾ ਹੈ, ਇਉਂ ਸੁਆਸਾਂ ਨੂੰ ਨਿਸਫਲ ਗੁਆ ਲੈਂਦਾ ਹੈ।

**ਏਕ ਭੀ ਨ ਦੇਇ; ਦਸ ਭੀ ਹਿਰਿ ਲੇਇ ॥ ਤਉ ਮੂੜਾ; ਕਹੁ ਕਹਾ ਕਰੇਇ ॥**

ਇਹ ਜੀਵ ਪਰਮੇਸ਼ਰ ਦੇ ਭਜਨ ਸਿਮਰਨ ਵੱਲ ਇਕ ਹਿੱਸਾ ਵੀ ਪਰਮੇਸ਼ਰ ਨੂੰ ਅਰਪਨ ਨਹੀਂ ਕਰਦਾ, ਪਰ ਜੇਕਰ ਪਰਮੇਸ਼ਰ ਦਸ ਹਿੱਸੇ ਭਾਵ ਇਸ ਦੇ ਸਾਰੇ ਸੁਆਸ ਹੀ ਇਸ ਕੋਲੋਂ ਖੋਹ ਲਵੇ।

ਤਉ = ਤਾਂ ਫੇਰ ਦੱਸੋ ਇਹ ਮੂਰਖ ਜੀਵ ਪਰਮੇਸ਼ਰ ਦਾ ਕੀ ਕਰ ਸਕਦਾ ਹੈ।

### ਪੰਜਵਾਂ ਅਰਥ

**ਦਸ ਬਸਤੂ ਲੇ ਪਾਛੈ ਪਾਵੈ ॥**

ਆਤਮਾਨੰਦ ਰੂਪੀ ਵਸਤੂ ਨੂੰ ਲੇ = ਲੈਣ ਆਏ ਜਗਿਆਸੂ ਨੂੰ ਗੁਰੂ ਸਤ ਚਿੱਤ ਆਨੰਦ ਪ੍ਰਭੂ ਬਾਰੇ ਦੱਸ ਕੇ ਉਸ ਦਾ ਦੇਹ ਅਭਿਮਾਨ ਪਿਛੇ ਪਾਵੈ = ਪਾ ਦਿੰਦੇ ਹਨ।

**ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥**

ਪਰ ਮਨਮੁਖ ਪੁਰਖ ਏਕ = ਇਕ ਆਤਮਾਨੰਦ ਰੂਪੀ ਵਸਤੂ ਦੀ ਪ੍ਰਾਪਤੀ ਕਾਰਨਿ = ਵਾਸਤੇ ਜਤਨ ਨਹੀਂ ਕਰਦਾ, ਇਉਂ ਆਪਣਾ ਬਿਖੋਟਿ = ਵਿਸਾਹ ਗਵਾਵੈ = ਗਵਾ ਲੈਂਦਾ ਹੈ।

**ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥**

ਗੁਰੂ ਸਾਹਿਬ ਜੀ ਏਕ = ਇਕ ਵੀ ਭੈਅ ਨ = ਨਹੀਂ ਦੇਇ = ਦਿੰਦੇ, ਸਗੋਂ ਆਤਮ ਨੰਦ ਵਸਤੂ ਦੀ ਪ੍ਰਾਪਤੀ ਰੂਪ ਸਿੱਖਿਆ ਦੱਸ ਕੇ ਜਮਾਂ ਆਦਿ ਦੇ ਡਰ ਨੂੰ ਭੀ = ਵੀ ਹਿਰਿ = ਨਾਸ ਕਰ ਲੇਇ = ਲੈਂਦੇ, ਭਾਵ ਨਵਿਰਤ ਕਰ ਦਿੰਦੇ ਹਨ।

**ਤਉ ਮੂੜਾ ਕਹੁ ਕਹਾ ਕਰੇਇ ॥**

ਤਉ = ਤਾਂ ਕਹੁ = ਦੱਸੋ, ਉਸ ਨੂੰ ਮੂੜ੍ਹਤਾ ਅਮੂੜ੍ਹਤਾ ਕੀ ਕਰ ਸਕਦੀ ਹੈ, ਭਾਵ ਜਦ ਸਰੂਪ ਵਿਚ ਇਸਥਿਤ ਹੋ ਜਾਂਦਾ ਹੈ ਤਾਂ ਫਿਰ ਕਿਸ ਪ੍ਰਕਾਰ ਦੀ ਵਾਸ਼ਨਾ ਕਰੇਗਾ।

## ਜਿਸੁ ਠਾਕੁਰ ਸਿਉ; ਨਾਹੀ ਚਾਰਾ ॥ ਤਾ ਕਉ; ਕੀਜੈ ਸਦ ਨਮਸਕਾਰਾ ॥

ਜਿਸ ਠਾਕੁਰ = ਮਾਲਕ ਪਰਮੇਸ਼ਰ ਸਿਉ = ਨਾਲ ਕੋਈ ਚਾਰਾ = ਜ਼ੋਰ ਨਾਹੀ = ਨਹੀਂ ਚੱਲ ਸਕਦਾ। ਤਾ ਕਉ = ਉਸ ਨੂੰ ਸਦਾ ਹੀ ਨਮਸਕਾਰ ਕਰੋ।

## ਜਾ ਕੈ ਮਨਿ; ਲਾਗਾ ਪ੍ਰਭੁ ਮੀਠਾ ॥ ਸਰਬ ਸੂਖ; ਤਾਹੂ ਮਨਿ ਵੂਠਾ ॥

ਜਾ ਕੈ = ਜਿਸ ਦੇ ਮਨਿ = ਅੰਤਸ਼ਕਰਨ ਵਿਚ ਪ੍ਰਭ = ਹਰੀ ਦਾ ਨਾਮ ਮੀਠਾ = ਪਿਆਰਾ ਲਾਗਾ = ਲੱਗ ਆਇਆ ਹੈ। ਸਰਬ = ਸਾਰੇ ਸੂਖ = ਸੁਖ ਤਾਹੂ = ਉਸ ਦੇ ਮਨਿ = ਹਿਰਦੇ ਅੰਦਰ ਹਰੀ ਵਾਹਿਗੁਰੂ ਨੇ ਵੂਠਾ = ਵਸਾ ਦਿੱਤੇ ਹਨ।

## ਜਿਸੁ ਜਨ; ਅਪਨਾ ਹੁਕਮੁ ਮਨਾਇਆ ॥
## ਸਰਬ ਥੋਕ; ਨਾਨਕ ਤਿਨਿ ਪਾਇਆ ॥੧॥

ਜਿਸ ਜਨ = ਪੁਰਖ ਨੂੰ ਹਰੀ ਵਾਹਿਗੁਰੂ ਨੇ ਆਪਣਾ ਭਾਣਾ ਮੰਨਣ ਰੂਪ ਹੁਕਮ ਮਨਾਇਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਨਿ = ਉਸ ਨੇ ਸਰਬ = ਸਾਰੇ ਥੋਕ = ਪਦਾਰਥਾਂ ਨੂੰ ਪਾਇਆ = ਪਾ ਲਿਆ ਹੈ ॥੧॥

## ਅਗਨਤ ਸਾਹੁ; ਅਪਨੀ ਦੇ ਰਾਸਿ ॥ ਖਾਤ ਪੀਤ; ਬਰਤੈ ਅਨਦ ਉਲਾਸਿ ॥

ਸਾਹੁ = ਸਾਹੂਕਾਰ ਰੂਪ ਹਰੀ ਨੇ ਜੀਵ ਨੂੰ ਅਗਨਤ = ਗਿਣਤੀ ਤੋਂ ਰਹਿਤ ਆਪਣੀ ਤਰਫ਼ੋਂ ਪਦਾਰਥਾਂ ਰੂਪੀ ਰਾਸਿ = ਪੂੰਜੀ ਦੇ = ਦੇਣਾ ਕੀਤੀ ਹੈ **ਵਾ:** ਸੂਖਮ ਸਥੂਲ ਤੇ ਕਾਰਨ ਆਦਿ ਦੇਹਾਂ ਦੀ ਰਾਸਿ = ਪੂੰਜੀ ਦੇ = ਦੇਣਾ ਕੀਤੀ ਹੈ। ਉਸ ਪੂੰਜੀ ਨੂੰ ਲੈ ਕੇ ਇਹ ਜੀਵ ਅਨਦ = ਖ਼ੁਸ਼ੀਆਂ ਨਾਲ ਖਾਤ = ਖਾਂਦਾ ਤੇ ਪੀਤ = ਪੀਂਦਾ ਹੈ ਅਤੇ ਉਲਾਸਿ = ਉੱਛਲ ਉੱਛਲ ਭਾਵ ਅਨੰਦ ਸਹਿਤ ਬਰਤੈ = ਵਰਤਦਾ ਹੈ।

## ਅਪੁਨੀ ਅਮਾਨ; ਕਛੁ ਬਹੁਰਿ ਸਾਹੁ ਲੇਇ ॥ ਅਗਿਆਨੀ; ਮਨਿ ਰੋਸੁ ਕਰੇਇ ॥

ਜੇਕਰ ਸਾਹੁ = ਸ਼ਾਹੂਕਾਰ ਰੂਪ ਪਰਮੇਸ਼ਰ ਅਪੁਨੀ ਅਮਾਨ = ਅਮਾਨਤ ਧਨ, ਇਸਤਰੀ, ਪੁੱਤ ਧੀਆਂ ਆਦਿ ਨੂੰ ਬਹੁਰਿ = ਦੁਆਰਾ ਮੋੜ ਕੇ ਲੈ ਲਵੇ। ਅਗਿਆਨੀ = ਬੇਸਮਝ ਪੁਰਖ ਮਨਿ = ਅੰਤਸ਼ਕਰਨ ਵਿਚ ਰੋਸੁ = ਗ਼ੁੱਸਾ ਕਰੇਇ = ਕਰਦਾ ਹੈ ਕਿ ਹਰੀ ਨੇ ਮੇਰਾ ਸਭ ਕੁਝ ਕਿਉਂ ਲੁੱਟ ਲਿਆ ਹੈ।

## ਅਪਨੀ ਪਰਤੀਤਿ; ਆਪ ਹੀ ਖੋਵੈ ॥ ਬਹੁਰਿ; ਉਸ ਕਾ, ਬਿਸ੍ਵਾਸੁ ਨ ਹੋਵੈ ॥

ਇਸ ਤਰ੍ਹਾਂ ਕਰਨ ਨਾਲ ਜੀਵ ਅਪਨੀ ਪਰਤੀਤਿ = ਪ੍ਰਤੀਤੀ ਭਾਵ ਭਰੋਸਾ ਆਪ ਹੀ ਖੋਵੈ = ਗੁਆ ਲੈਂਦਾ ਹੈ। ਫੇਰ ਉਸ ਕਾ = ਦਾ ਬਹੁਰਿ = ਦੁਆਰਾ ਬਿਸ੍ਵਾਸ = ਭਰੋਸਾ ਨ = ਨਹੀਂ ਹੋਵੈ = ਹੁੰਦਾ।

## ਜਿਸ ਕੀ ਬਸਤੁ; ਤਿਸੁ ਆਗੈ ਰਾਖੈ ॥ ਪ੍ਰਭ ਕੀ ਆਗਿਆ; ਮਾਨੈ ਮਾਥੈ ॥

ਜਿਸ ਕੀ = ਦੀ ਬਸਤੁ = ਚੀਜ਼ ਇਸ ਜੀਵ ਦੇ ਪਾਸ ਹੈ, ਤਿਸ = ਉਸ ਹਰੀ ਵਾਹਿਗੁਰੂ ਦੇ ਆਗੈ = ਅੱਗੇ ਰਾਖੈ = ਰੱਖਣਾ ਕਰੇ।

ਜਿਵੇਂ ਚਮਕੌਰ ਸਾਹਿਬ ਜਦੋਂ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ ਹਨ, ਉਸ ਵੇਲੇ ਕਲਗ਼ੀਧਰ ਜੀ ਨੇ ਕਿਹਾ ਕਿ ਹੇ ਅਕਾਲ ਪੁਰਖ! ਤੇਰੀ ਅਮਾਨਤ ਸੀ, ਤੇਰੇ ਕੋਲ ਆ ਗਈ ਹੈ, ਹੁਣ ਅਸੀਂ ਸੁਰਖ਼ਰੂ ਹੋਏ ਹਾਂ।

ਅਤੇ ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਜੰਗ ਤੋਂ ਬਾਅਦ ਦਮਦਮੇ ਸਾਹਿਬ ਪਹੁੰਚੇ, ਉਸ ਵੇਲੇ ਮਾਤਾ ਸੁੰਦਰ ਕੌਰ ਜੀ ਨੇ ਕਿਹਾ ਕਿ ਚਾਰੇ ਲਾਲ ਕਿਥੇ ਹਨ ? ਤਾਂ ਗੁਰੂ ਜੀ ਨੇ ਕਿਹਾ ਕਿ ਚਾਰੇ ਲਾਲ ਪ੍ਰਭੂ ਦੀ ਅਮਾਨਤ ਪ੍ਰਭੂ ਪਾਸ ਪਹੁੰਚ ਗਈ ਹੈ ਤੇ ਖ਼ਾਲਸੇ ਵੱਲ ਇਸ਼ਾਰਾ ਕਰ ਕੇ ਕਿਹਾ :

**ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ ॥**
**ਚਾਰ ਮੂਏ ਤੋ ਕਿਆ ਹੂਆ ਜੀਵਤ ਲਾਖ ਹਜ਼ਾਰ ॥**

ਭਾਵ, ਜੋ ਵਾਹਿਗੁਰੂ ਨੇ ਵਸਤੂ ਦਿੱਤੀ ਹੈ, ਉਹਦੇ ਅੱਗੇ ਭੇਟਾ ਕਰਨਾ ਕਰ।

ਪ੍ਰਭ = ਵਾਹਿਗੁਰੂ ਕੀ = ਦੀ ਆਗਿਆ = ਇਜਾਜ਼ਤ ਨੂੰ ਆਪਣੇ ਮਾਥੈ = ਸਿਰ 'ਤੇ ਮਾਨੈ = ਮੰਨੇ ਅਤੇ ਭਲਾ ਕਰ ਕੇ ਜਾਣੇ। ਜੈਸਾ ਕਿ :

**ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥**
**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥** *(ਅੰਗ ੧੩੭੫)*

## ਉਸ ਤੇ; ਚਉਗੁਨ ਕਰੈ ਨਿਹਾਲੁ ॥
## ਨਾਨਕ ਸਾਹਿਬੁ; ਸਦਾ ਦਇਆਲੁ ॥੨॥

ਹਰੀ ਪਰਮੇਸ਼ਰ ਉਸ ਨੂੰ ਉਸ ਤੇ = ਤੋਂ ਚਉਗੁਨ = ਚਾਰ ਗੁਣਾਂ ਨਿਹਾਲ = ਪ੍ਰਸੰਨ ਕਰੈ = ਕਰ ਦਿੰਦਾ ਹੈ **ਵਾ**: ਉਸ ਨੂੰ ਉਸ ਤੇ = ਤੋਂ ਚੌਗੁਣਾਂ—ਧਰਮ, ਅਰਥ, ਕਾਮ ਮੋਖ ਦੀ ਪ੍ਰਾਪਤੀ ਭਾਵ ਚੌਥੀ ਭੂਮਿਕਾ ਦਾ ਅਨੰਦ ਦੇ ਕੇ ਨਿਹਾਲ = ਪ੍ਰਸੰਨ ਕਰੈ = ਕਰ ਦਿੰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਸਾਹਿਬੁ = ਮਾਲਕ ਸਦਾ = ਹਮੇਸ਼ਾਂ ਦਇਆਲੁ = ਦਿਆਲੂ ਹੈ ॥੨॥

## ਅਨਿਕ ਭਾਤਿ; ਮਾਇਆ ਕੇ ਹੇਤ ॥ ਸਰਪਰ ਹੋਵਤ; ਜਾਨੁ ਅਨੇਤ ॥

ਮਾਇਆ ਕੇ = ਦੇ ਹੇਤ = ਵਾਸਤੇ ਮੋਹ ਕਰਕੇ ਅਨਿਕ = ਅਨੇਕਾਂ ਭਾਤਿ = ਯਤਨ ਕਰਦਾ ਹੈ। ਸਰਪਰ = ਨਿਸਚੇ ਕਰ ਕੇ ਜਾਨੁ = ਜਾਣੋ, ਮਾਇਆ ਅਨੇਤ = ਨਾਸ਼ ਭਾਵ ਝੂਠ ਸਾਬਤ ਹੋਵਤ = ਹੋਵਨ ਵਾਲੀ ਹੈ।

## ਬਿਰਖ ਕੀ ਛਾਇਆ ਸਿਉ; ਰੰਗੁ ਲਾਵੈ ॥
## ਓਹ ਬਿਨਸੈ; ਉਹੁ ਮਨਿ ਪਛੁਤਾਵੈ ॥

ਐਸੇ ਯਤਨ ਹਨ, ਜਿਵੇਂ ਕੋਈ ਬਿਰਖ = ਦਰੱਖ਼ਤ ਕੀ = ਦੀ ਛਾਇਆ = ਛਾਂ ਨੂੰ ਅਚੱਲ ਸਮਝ ਕੇ ਉਸ ਦੇ ਸਿਉ = ਨਾਲ ਰੰਗ = ਪ੍ਰੇਮ ਲਾਵੈ = ਲਾ ਲਵੇ। ਜਦੋਂ ਓਹ = ਓਹੋ ਛਾਂ ਬਿਨਸੈ = ਨਾਸ ਹੋ ਜਾਂਦੀ ਹੈ, ਭਾਵ ਛਾਂ ਪੂਰਬ ਤੋਂ ਪੱਛਮ ਵੱਲ ਚੱਲੀ ਜਾਂਦੀ ਹੈ ਤਾਂ ਫੇਰ ਉਹ ਪੁਰਖ ਮਨਿ = ਹਿਰਦੇ ਵਿਚ ਪਛੁਤਾਵੈ = ਪਸ਼ਚਾਤਾਪ ਕਰਦਾ ਹੈ। ਇਸੇ ਪ੍ਰਕਾਰ ਬਿਰਖ = ਬ੍ਰਿਛ ਕੀ = ਦੀ ਨਿਆਈਂ ਪਰਮੇਸ਼ਰ ਹੈ, ਮਾਇਆ ਉਸ ਦੀ ਛਾਇਆ = ਛਾਂ ਰੂਪ ਹੈ, ਇਸ ਦੇ ਸਿਉ = ਨਾਲ ਜੀਵ ਰੰਗੁ = ਪ੍ਰੇਮ ਲਾਵੈ = ਲਾਉਣਾ ਕਰਦਾ ਹੈ, ਇਹ ਜਿਵੇਂ ਪੱਛਮ ਦੀ ਤਰਫ਼ ਸੂਰਜ ਵਾਂਗੂੰ ਪੁੰਨੀਆਂ ਪੁਰਖਾਂ ਤਰਫ਼ ਚਲੀ ਜਾਵੇ ਤਾਂ ਮਾਇਆ ਰੂਪ ਛਾਂ ਨਾਸ ਹੋ ਜਾਂਦੀ ਹੈ, ਪੁੰਨ ਨਾਸ ਹੋਣ ਤੋਂ ਮਨ ਵਿਚ ਫੇਰ ਪਛੁਤਾਵੈ = ਪਛੁਤਾਉਂਦਾ ਹੈ।

## ਜੋ ਦੀਸੈ; ਸੋ ਚਾਲਨਹਾਰੁ ॥ ਲਪਟਿ ਰਹਿਓ; ਤਹ ਅੰਧ ਅੰਧਾਰੁ ॥

ਜੋ = ਜਿਹੜੇ ਮਾਇਕੀ ਪਦਾਰਥ ਦੀਸੈ = ਦਿਸ ਰਹੇ ਹਨ, ਸੋ = ਉਹ ਸਭ ਚਾਲਨਹਾਰੁ = ਚਲੇ ਜਾਣ ਵਾਲੇ ਹਨ। ਇਹ ਅਗਿਆਨੀ ਜੀਵ ਅਗਿਆਨ ਦੇ ਅੰਧਾਰੁ = ਹਨੇਰੇ ਵਿਚ ਅੰਧ = ਅੰਨ੍ਹਾ ਹੋਇਆ ਹੈ, ਤਹ = ਉਨ੍ਹਾਂ ਵਿਚ ਹੀ ਲਪਟਿ = ਖਚਤ ਹੋ ਰਹਿ = ਰਿਹਾ ਹੈ **ਵਾ**: ਇਹ ਅੰਧ = ਅੰਨ੍ਹਾ ਜੀਵ ਅਗਿਆਨ ਰੂਪ ਅੰਧਾਰੁ = ਹਨੇਰੇ ਕਰ ਕੇ ਤਹ = ਉਨ੍ਹਾਂ ਵਿਸ਼ੇ-ਵਿਕਾਰਾਂ ਵਿਚ ਹੀ ਲਪਟਿ = ਜੁੜ ਰਹਿਓ = ਰਿਹਾ ਹੈ। ਜੈਸਾ ਕਿ :

**ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥**
**ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥** *(ਅੰਗ ੯੫੪)*

## ਬਟਾਊ ਸਿਉ; ਜੋ ਲਾਵੈ ਨੇਹ ॥ ਤਾ ਕਉ; ਹਾਥਿ ਨ ਆਵੈ ਕੇਹ ॥

ਜੋ = ਜਿਹੜਾ ਪੁਰਖ ਬਟਾਊ = ਰਾਹੀਆਂ ਸਿਉ = ਨਾਲ ਨੇਹ = ਪ੍ਰੇਮ ਲਾਵੈ = ਲਾਉਂਦਾ ਹੈ। (ਬਟਾਊ = ਬੀਕਾਨੇਰ (ਰਾਜਸਥਾਨ) ਦੀ ਬੋਲੀ ਹੈ, ਬੀਕਾਨੇਰ ਵਿਚ ਰਾਹੀ ਨੂੰ ਬਟਾਊ ਕਹਿੰਦੇ ਹਨ) **ਵਾ**: ਇਸੇ

ਤਰ੍ਹਾਂ ਇਹ ਸਰੀਰ ਬਟਾਊ = ਰਾਹੀ ਦੀ ਨਿਆਈਂ ਹੈ, ਇਸ ਦੇਹ ਸਿਉ = ਨਾਲ ਜੋ ਨੇਹ = ਪ੍ਰੇਮ ਲਾਵੈ = ਲਾਉਂਦਾ ਹੈ, ਉਹ ਕਦੇ ਕਿਸੇ ਦੇਹ ਨੂੰ ਧਾਰਦਾ ਹੈ, ਕਦੇ ਕਿਸੇ ਦੇਹ ਨੂੰ ਧਾਰਦਾ ਹੈ। ਜੈਸਾ ਕਿ :

**ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥** *(ਅੰਗ ੧੭੬)*

ਤਾ ਕਉ = ਉਨ੍ਹਾਂ ਦੇ ਕੇਹ = ਕੁਝ ਵੀ ਹਾਥਿ = ਹੱਥ ਨ = ਨਹੀਂ ਆਵੈ = ਆਉਂਦਾ।

## ਮਨ; ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥
## ਕਰਿ ਕਿਰਪਾ; ਨਾਨਕ, ਆਪਿ ਲਏ ਲਾਈ ॥੩॥

ਹੇ ਮੇਰੇ ਪਿਆਰੇ ਮਨਾਂ ! ਹਰਿ = ਹਰੀ ਵਾਹਿਗੁਰੂ ਕੇ = ਦੇ ਨਾਮ ਦੀ ਪ੍ਰੀਤਿ = ਪ੍ਰੀਤੀ ਹੀ ਸੁਖਦਾਈ = ਸੁੱਖਾਂ ਦੇ ਦੇਣ ਵਾਲੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ 'ਤੇ ਆਪ ਹਰੀ ਵਾਹਿਗੁਰੂ ਜੀ ਕਿਰਪਾ ਕਰਿ = ਕਰਦਾ ਹੈ, ਉਨ੍ਹਾਂ ਨੂੰ ਆਪਣੇ ਨਾਮ ਦੀ ਪ੍ਰੀਤੀ **ਵਾ:** ਆਪਣੇ ਸਰੂਪ ਵਿਚ ਆਪ ਹੀ ਲਾਈ = ਲਾ ਲੈਂਦਾ ਹੈ ॥੩॥

## ਮਿਥਿਆ, ਤਨੁ ਧਨੁ; ਕੁਟੰਬੁ ਸਬਾਇਆ ॥
## ਮਿਥਿਆ; ਹਉਮੈ ਮਮਤਾ ਮਾਇਆ ॥

ਹੇ ਜੀਵ ਇਹ ਤਨੁ = ਸਰੀਰ ਧਨੁ = ਮਾਇਆ, ਕੁਟੰਬੁ = ਇਸਤਰੀ ਤੋਂ ਵਧਿਆ ਪਰਿਵਾਰ ਅਤੇ ਸਬਾਇਆ = ਹੋਰ ਸਾਰੇ (ਸਾਰਾ ਪਰਿਵਾਰ) ਮਿਥਿਆ = ਨਿਸਫਲ, ਨਾਸਵੰਤ ਹਨ। ਉਸ ਨੂੰ ਮਿਥਿਆ ਕਹਿੰਦੇ ਹਨ ਜੋ ਪ੍ਰਤੀਤ ਹੋਵੇ ਪਰ ਹੋਵੇ ਨਾ, ਜਿਵੇਂ ਮ੍ਰਿਗ ਤ੍ਰਿਸਨਾ ਦਾ ਪਾਣੀ ਹੈ, ਪਰ ਹੁੰਦਾ ਨਹੀਂ ਹੈ, ਸਿੱਪੀ ਵਿਚ ਚਾਂਦੀ ਪ੍ਰਤੀਤ ਹੁੰਦੀ ਹੈ ਪਰ ਹੈ ਨਹੀਂ, ਇਹ ਮਿਥਿਆ ਹੈ। ਜੈਸਾ ਕਿ :

**ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ ॥**
**ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ ॥੨॥** *(ਅੰਗ ੧੨੫੧)*

ਹਉਮੈ = ਹੰਗਤਾ ਦੇਹ ਦੀ ਤੇ ਮਾਇਆ ਦੀ ਮਮਤਾ = ਮੇਰ ਵੀ ਮਿਥਿਆ = ਨਿਸਫਲ, ਨਾਸਵੰਤ ਹੈ **ਵਾ:** ਮਾਇਆ ਦੀ ਮਮਤਾ = ਅਪਣੱਤ ਕਰੀ ਬੈਠਾ ਹੈ।

## ਮਿਥਿਆ; ਰਾਜ ਜੋਬਨ ਧਨ ਮਾਲ ॥ ਮਿਥਿਆ; ਕਾਮ ਕ੍ਰੋਧ ਬਿਕਰਾਲ ॥

ਰਾਜ ਭਾਗ, ਜੋਬਨ = ਜਵਾਨੀ, ਧਨ = ਦੌਲਤ ਤੇ ਮਾਲ = ਹਾਥੀ ਘੋੜੇ ਆਦਿਕ ਮਿਥਿਆ = ਨਿਸਫਲ, ਨਾਸਵੰਤ ਹਨ। ਕਾਮ ਕ੍ਰੋਧ ਆਦਿ ਵਿਕਾਰ ਜੋ ਬਿਕਰਾਲ = ਭਿਆਨਕ ਰੂਪ ਹਨ, ਇਹ ਵੀ ਮਿਥਿਆ = ਝੂਠੇ ਹੀ ਹਨ।

## ਮਿਥਿਆ; ਰਥ ਹਸਤੀ ਅਸ੍ਵ ਬਸਤ੍ਰਾ ॥
## ਮਿਥਿਆ; ਰੰਗ ਸੰਗਿ, ਮਾਇਆ ਪੇਖਿ ਹਸਤਾ ॥

ਰਥ[੧] ਹਸਤੀ = ਹਾਥੀ ਅਸ੍ਵ = ਘੋੜੇ ਅਤੇ ਸੋਹਣੇ ਬਸਤ੍ਰਾ = ਲਿਬਾਸ ਇਹ ਸਭ ਮਿਥਿਆ = ਨਿਸਫਲ, ਝੂਠੇ ਹਨ। ਮਾਇਆ ਦੇ ਰੰਗ = ਪ੍ਰੇਮ ਨਾਲ ਸੰਗਿ = ਸੰਗੀ ਹੋ ਕੇ ਭਾਵ ਮਾਇਆ ਦੇ ਰੰਗ ਪੇਖਿ = ਦੇਖ ਕੇ ਬਹੁਤ ਹਸਤਾ = ਹੱਸਦਾ ਹੈ, ਇਹ ਵੀ ਮਿਥਿਆ = ਨਿਸਫਲ, ਨਾਸਵੰਤ ਹੈ।

---

੧. ਇਕ ਪ੍ਰਕਾਰ ਦੀ ਬਹਿਲ ਜੋ ਦੁਪਹੀਆ ਤੇ ਚਾਰ ਪਹੀਆ ਹੁੰਦੀ ਹੈ।

## ਮਿਥਿਆ; ਧ੍ਰੋਹ ਮੋਹ ਅਭਿਮਾਨੁ ॥ ਮਿਥਿਆ; ਆਪਸ ਊਪਰਿ ਕਰਤ ਗੁਮਾਨੁ ॥

ਧ੍ਰੋਹ = ਛਲ ਕਰਨਾ ਭਾਵੇਂ ਧੋਖੇਬਾਜ਼ੀ, ਮੋਹ = ਮੂਰਛਾ ਅਤੇ ਅਭਿਮਾਨੁ = ਹੰਕਾਰ ਵੀ ਮਿਥਿਆ = ਨਿਸਫਲ, ਨਾਸਵੰਤ ਹੈ। ਆਪਸ = ਆਪਣੇ ਊਪਰਿ = ਉੱਤੇ ਜੋ ਗੁਮਾਨੁ = ਹੰਕਾਰ ਕਰਤ = ਕਰਦਾ ਹੈ ਕਿ ਮੇਰੇ ਵਰਗਾ ਕੋਈ ਨਹੀਂ, ਇਹ ਵੀ ਮਿਥਿਆ = ਨਿਸਫਲ, ਨਾਸਵੰਤ ਹੈ।

## ਅਸਥਿਰੁ ਭਗਤਿ; ਸਾਧ ਕੀ ਸਰਨ ॥ ਨਾਨਕ ਜਪਿ ਜਪਿ ਜੀਵੈ; ਹਰਿ ਕੇ ਚਰਨ ॥੪॥

ਹਰੀ ਵਾਹਿਗੁਰੂ ਦੀ ਭਗਤਿ = ਭਗਤੀ ਹੀ ਅਸਥਿਰੁ = ਇਸਥਿਤ ਰਹਿਣ ਵਾਲੀ ਹੈ, ਜੋ ਸਾਧ = ਸੰਤ ਜਨਾਂ ਕੀ = ਦੀ ਸਰਨ = ਓਟ ਪੈ ਕੇ ਪ੍ਰਾਪਤ ਹੁੰਦੀ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਰਿ = ਹਰੀ ਵਾਹਿਗੁਰੂ ਕੇ = ਦੇ ਜੋ ਪੂਜਨੀਕ ਚਰਨ = ਪੈਰ ਹਨ, ਉਨ੍ਹਾਂ ਦਾ ਧਿਆਨ ਧਰ ਕੇ ਭਾਵ ਜਪ ਜਪ ਕੇ ਜੀਵੈ = ਜਿਊਂਦੇ ਹਾਂ **ਅਥਵਾ** ਆਪ ਦੇ ਚਰਨ ਸਾਡੇ ਹਿਰਦੇ ਵਿਚ ਵਸਣ, ਇਸ ਪ੍ਰਕਾਰ ਕਰ ਕੇ ਜੀਵੈ = ਜਿਊਂਦੇ ਹਾਂ ॥੪॥

## ਮਿਥਿਆ ਸ੍ਰਵਨ; ਪਰ ਨਿੰਦਾ ਸੁਨਹਿ ॥ ਮਿਥਿਆ ਹਸਤ; ਪਰ ਦਰਬ ਕਉ ਹਿਰਹਿ ॥

ਉਹ ਸ੍ਰਵਨ = ਕੰਨ ਵੀ ਮਿਥਿਆ = ਨਿਸਫਲ, ਝੂਠੇ ਹਨ, ਜੋ ਪਰ = ਪਰਾਈ ਨਿੰਦਾ = ਬਦਨਾਮੀ ਸੁਨਹਿ = ਸੁਣਦੇ ਹਨ। ਉਹ ਹਸਤ = ਹੱਥ ਵੀ ਮਿਥਿਆ = ਨਿਸਫਲ ਹਨ ਜੋ ਪਰ = ਪਰਾਏ ਦਰਬ = ਧਨ ਕਉ = ਨੂੰ ਹਿਰਹਿ = ਚੁਰਾਉਂਦੇ ਹਨ।

[ਅੰਗ ੨੬੯]

## ਮਿਥਿਆ ਨੇਤ੍ਰ; ਪੇਖਤ ਪਰ ਤ੍ਰਿਅ ਰੂਪਾਦ ॥ ਮਿਥਿਆ ਰਸਨਾ; ਭੋਜਨ ਅਨ ਸ੍ਵਾਦ ॥

ਉਹ ਨੇਤ੍ਰ = ਅੱਖਾਂ ਵੀ ਮਿਥਿਆ = ਨਿਸਫਲ, ਨਾਸਵੰਤ ਹਨ ਜਿਨ੍ਹਾਂ ਨਾਲ ਪਰ = ਪਰਾਈਆਂ ਤ੍ਰਿਅ = ਇਸਤਰੀਆਂ ਦੇ ਰੂਪਾਦ = ਰੂਪ ਆਦਿਕ ਪੇਖਤ = ਦੇਖਦਾ ਹੈ। ਉਹ ਰਸਨਾ = ਜੀਭਾ ਵੀ ਮਿਥਿਆ = ਨਿਸਫਲ ਭਾਵ ਨਾਸਵੰਤ ਹੈ, ਜੋ ਨਾਮ ਤੋਂ ਬਿਨਾਂ ਅਨ = ਹੋਰਨਾਂ ਭੋਜਨਾਂ ਦੇ ਸ੍ਵਾਦ = ਰਸ ਲੈਂਦੀ ਹੈ **ਵਾ:** ਰਸਨਾ = ਜਿਹਵਾ ਵੀ ਮਿਥਿਆ ਹੈ ਜੋ ਉਦਰ ਪੂਰਨ ਮਾਤਰ ਭੋਜਨ ਤੋਂ ਬਿਨਾਂ ਅਨ = ਹੋਰਨਾਂ ਮਾਸ ਆਦਿਕ ਪਦਾਰਥਾਂ ਦੇ ਸ੍ਵਾਦ = ਰਸ ਨੂੰ ਚਾਹੁੰਦੀ ਹੈ। ਜੈਸਾ ਕਿ :

**ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ ਭੋਗਾਣੀ॥** *(ਗਉੜੀ ਮ: ੪, ਅੰਗ ੧੬੭)*

## ਮਿਥਿਆ ਚਰਨ; ਪਰ ਬਿਕਾਰ ਕਉ ਧਾਵਹਿ ॥ ਮਿਥਿਆ ਮਨ; ਪਰ ਲੋਭ ਲੁਭਾਵਹਿ ॥

ਉਹ ਚਰਨ = ਪੈਰ ਵੀ ਮਿਥਿਆ = ਨਿਸਫਲ ਹਨ ਜੋ ਪਰ = ਪਰਾਏ ਘਰਾਂ ਨੂੰ ਬਿਕਾਰ = ਵਿਸ਼ੇ-ਵਿਕਾਰ ਭੋਗਣ ਕਉ = ਨੂੰ ਧਾਵਹਿ = ਦੌੜ ਕੇ ਜਾਂਦੇ ਹਨ। ਉਹ ਮਨ = ਹਿਰਦਾ ਵੀ ਮਿਥਿਆ = ਨਿਸਫਲ ਹੈ ਜੋ ਪਰ = ਪਰਾਏ ਪਦਾਰਥਾਂ ਦੇ ਲੋਭ = ਲਾਲਚ ਕਰ ਕੇ ਲੁਭਾਵਹਿ = ਲੁਭਾਇਮਾਨ ਹੁੰਦਾ ਹੈ।

## ਮਿਥਿਆ ਤਨ; ਨਹੀ ਪਰਉਪਕਾਰਾ ॥ ਮਿਥਿਆ; ਬਾਸੁ ਲੇਤ ਬਿਕਾਰਾ ॥

ਉਹ ਤਨ = ਸਰੀਰ ਵੀ ਮਿਥਿਆ = ਝੂਠਾ ਭਾਵ ਨਾਸਵੰਤ ਹੈ, ਜੋ ਪਰਉਪਕਾਰ ਨਹੀਂ ਕਰਦਾ। ਉਹ ਨੱਕ ਮਿਥਿਆ = ਨਾਸਵੰਤ ਹੈ, ਜੋ ਵਿਕਾਰਾਂ ਵਾਸਤੇ ਅਤਰਾਂ ਆਦਿ ਦੀ ਬਾਸੁ = ਵਾਸ਼ਨਾ ਲੇਤ = ਲੈਂਦਾ ਹੈ **ਵਾ**: ਵਿਕਾਰਾਂ ਦਾ ਵਧੇਰੇ ਸੁਆਦ ਮਾਨਣ ਵਾਸਤੇ ਅਤਰਾਂ ਆਦਿ ਦੀਆਂ ਖ਼ੁਸ਼ਬੂਆਂ ਲੈਂਦਾ ਹੈ।

## ਬਿਨੁ ਬੂਝੇ; ਮਿਥਿਆ ਸਭ ਭਏ ॥
## ਸਫਲ ਦੇਹ; ਨਾਨਕ ਹਰਿ ਹਰਿ ਨਾਮ ਲਏ ॥੫॥

ਗੁਰਾਂ ਦੇ ਸਰੂਪ ਬੂਝੇ = ਸਮਝੇ ਤੋਂ ਬਿਨੁ = ਬਗ਼ੈਰ ਸਾਰੇ ਕਰਤੱਬ ਭਾਵ ਇੰਦ੍ਰੀਏ ਮਿਥਿਆ = ਨਿਸਫਲ ਭਏ = ਹੋਏ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਕੇਵਲ ਸਾਰਿਆਂ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਲਏ = ਲੈਣ ਨਾਲ ਹੀ ਸਾਰੇ ਇੰਦਰਿਆਂ ਸਮੇਤ ਇਹ ਦੇਹ = ਦੇਹੀ ਸਫਲ = ਸਫਲੀ ਹੈ ॥੫॥

## ਬਿਰਥੀ; ਸਾਕਤ ਕੀ ਆਰਜਾ ॥ ਸਾਚ ਬਿਨਾ; ਕਹ ਹੋਵਤ ਸੂਚਾ ॥

ਵਾਹਿਗੁਰੂ ਨਾਮ ਤੋਂ ਬਿਨਾਂ ਸਾਕਤ = ਕਠੋਰ ਚਿੱਤ ਵਾਲੇ ਪੁਰਖ ਕੀ = ਦੀ ਆਰਜਾ = ਉਮਰ ਬਿਰਥੀ = ਬੇਅਰਥ ਹੀ ਚਲੀ ਜਾਂਦੀ ਹੈ। ਜੀਵ ਹਰੀ ਦੇ ਸੱਚੇ ਨਾਮ ਜਪੇ ਤੋਂ ਬਿਨਾ = ਬਗ਼ੈਰ ਕਹ = ਕਿਸ ਤਰ੍ਹਾਂ ਸੂਚਾ = ਪਵਿੱਤਰ ਹੋਵਤ = ਹੋ ਸਕਦਾ ਹੈ, ਭਾਵੇਂ ੬੮ ਤੀਰਥਾਂ 'ਤੇ ਇਸ਼ਨਾਨ ਕਰ ਆਵੇ।

## ਬਿਰਥਾ; ਨਾਮ ਬਿਨਾ ਤਨੁ ਅੰਧ ॥ ਮੁਖਿ ਆਵਤ; ਤਾ ਕੈ ਦੁਰਗੰਧ ॥

ਸ੍ਵੈ ਸੱਤਾ ਤੋਂ ਹੀਣ ਅੰਧ = ਅੰਨ੍ਹੇ ਵਾ ਅਗਿਆਨੀ ਪੁਰਖ ਦਾ ਤਨੁ = ਸਰੀਰ ਪਰਮੇਸ਼ਰ ਦੇ ਨਾਮ ਤੋਂ ਬਿਨਾ = ਬਗ਼ੈਰ ਬਿਰਖਾ = ਬੇਅਰਥ ਹੀ ਹੈ। ਤਾ ਕੈ = ਉਸ ਦੇ ਮੁਖਿ = ਮੂੰਹ ਵਿੱਚੋਂ ਵਿਸ਼ਿਆਂ ਦੀ ਦੁਰਗੰਧ = ਭੈੜੀ ਬਦਬੋ ਆਵਤ = ਆਉਂਦੀ ਹੈ **ਵਾ**: ਨਿੰਦਿਆ ਰੂਪ ਦੁਰਗੰਧੀ ਆਉਂਦੀ ਹੈ।

## ਬਿਨੁ ਸਿਮਰਨ; ਦਿਨੁ ਰੈਨਿ ਬ੍ਰਿਥਾ ਬਿਹਾਇ ॥
## ਮੇਘ ਬਿਨਾ; ਜਿਉ ਖੇਤੀ ਜਾਇ ॥

ਪਰਮੇਸ਼ਰ ਦੇ ਨਾਮ ਸਿਮਰਨ ਜਪੇ ਤੋਂ ਬਿਨੁ = ਬਗ਼ੈਰ ਰਾਤ ਦਿਨ ਇਉਂ ਬ੍ਰਿਥਾ = ਬੇਅਰਥ ਬਿਹਾਇ = ਬਤੀਤ ਹੁੰਦਾ ਹੈ। ਜਿਉ = ਜਿਵੇਂ ਮੇਘ = ਬੱਦਲਾਂ ਤੋਂ ਬਿਨਾ = ਬਗ਼ੈਰ ਖੇਤੀ ਸੜ ਜਾਇ = ਜਾਂਦੀ ਹੈ, ਇਸੇ ਪ੍ਰਕਾਰ ਪਰਮੇਸ਼ਰ ਦੇ ਸਿਮਰਨ ਤੋਂ ਬਗ਼ੈਰ ਸ਼ੁਭ ਗੁਣਾਂ ਦੀ ਖੇਤੀ ਨਾਸ ਹੋ ਜਾਂਦੀ ਹੈ।

## ਗੋਬਿਦ ਭਜਨ ਬਿਨੁ; ਬ੍ਰਿਥੇ ਸਭ ਕਾਮ ॥
## ਜਿਉ ਕਿਰਪਨ ਕੇ; ਨਿਰਾਰਥ ਦਾਮ ॥

ਗੋਬਿਦ (ਗੋ+ਬਿਦ) ਗੋ = ਪ੍ਰਿਥਵੀ ਦੀ ਬਿਦ = ਰੱਖਿਆ ਕਰਨ ਵਾਲੇ ਪਰਮੇਸ਼ਰ ਦੇ ਭਜਨ = ਸਿਮਰਨ ਤੋਂ ਬਿਨੁ = ਬਗ਼ੈਰ ਸਭ = ਸਾਰੇ ਕਾਮ = ਕਾਰਜ ਇਉਂ ਬ੍ਰਿਥੇ = ਬੇਅਰਥ ਹਨ। ਜਿਉ = ਜਿਵੇਂ ਕਿਰਪਨ = ਸੂਮ ਕੇ = ਦੇ ਦਾਮ = ਦਮੜੇ ਭਾਵ ਪੈਸੇ ਵਰਤੋਂ ਵਿਚ ਨਾ ਆਉਣ ਕਰ ਕੇ ਨਿਰਾਰਥ = ਬੇਅਰਥ ਭਾਵ ਨਿਸਫਲ ਹੀ ਜਾਂਦੇ ਹਨ।

## ਧੰਨਿ ਧੰਨਿ ਤੇ ਜਨ; ਜਿਹ ਘਟਿ ਬਸਿਓ ਹਰਿ ਨਾਉ ॥
## ਨਾਨਕ; ਤਾ ਕੈ ਬਲਿ ਬਲਿ ਜਾਉ ॥੬॥

ਤੇ = ਉਹ ਜਨ = ਪੁਰਖ ਧੰਨਿ = ਧੰਨਤਾ ਦੇ ਯੋਗ ਹਨ ਅਤੇ ਉਸ ਦੇ ਮਾਤਾ ਪਿਤਾ ਵੀ ਧੰਨਿ = ਧੰਨਤਾ ਦੇ ਯੋਗ ਹਨ, ਜਿਹ = ਜਿਨ੍ਹਾਂ ਦੇ ਘਟਿ = ਹਿਰਦੇ ਵਿਚ ਹਰਿ = ਹਰੀ ਵਾਹਿਗੁਰੂ ਦਾ ਨਾਉ = ਨਾਮ ਬਸਿਓ = ਵਸਿਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੈ ਤਾ ਕੈ = ਉਨ੍ਹਾਂ ਦੇ ਉੱਪਰੋਂ ਬਲਿ = ਬਲਿਹਾਰ ਬਲਿ = ਕੁਰਬਾਨ ਜਾਉ = ਜਾਂਦਾ ਹਾਂ ॥੬॥

## ਰਹਤ ਅਵਰ; ਕਛੁ ਅਵਰ ਕਮਾਵਤ ॥
## ਮਨਿ ਨਹੀ ਪ੍ਰੀਤਿ; ਮੁਖਹੁ ਗੰਢ ਲਾਵਤ ॥

ਲੋਕ ਦਿਖਾਵੇ ਲਈ ਜੀਵ ਦੀ ਬਾਹਰੋਂ ਰਹਤ = ਰਹਿਣੀ ਤਾਂ ਕਛੁ = ਕੁਝ ਅਵਰ = ਹੋਰ ਹੈ ਤੇ ਅੰਦਰੋਂ ਕਰਮ ਕੁਝ ਅਵਰ = ਹੋਰ ਕਮਾਵਤ = ਕਮਾਉਂਦਾ ਹੈ। ਮਨਿ = ਹਿਰਦੇ ਵਿਚ ਪ੍ਰੀਤਿ = ਪ੍ਰੀਤੀ ਨਹੀਂ ਹੈ ਪਰ ਮੁਖਹੁ = ਮੂੰਹੋਂ ਪ੍ਰੀਤਿ = ਪ੍ਰੀਤੀ ਦੀ ਗੰਢ ਲਾਵਤ = ਲਾਉਂਦਾ **ਵਾ:** ਮੂੰਹੋਂ ਢਾਈ ਨਾਲ ਢਾਈ ਗੰਢ = ਜੋੜ ਕੇ ਭਾਵ ਗੱਲ ਨਾਲ ਗੱਲਾਂ ਲਾਵਤ = ਲਾਉਂਦਾ ਹੈ।

## ਜਾਨਨਹਾਰ; ਪ੍ਰਭੂ ਪਰਬੀਨ ॥ ਬਾਹਰਿ ਭੇਖ; ਨ ਕਾਹੂ ਭੀਨ ॥

ਸਾਰਿਆਂ ਦੇ ਹਿਰਦਿਆਂ ਦੀ ਜਾਨਨਹਾਰ = ਜਾਨਣ ਵਾਲਾ ਪ੍ਰਭੂ = ਹਰੀ ਵਾਹਿਗੁਰੂ ਪਰਬੀਨ = ਚਤੁਰ ਹੈ। ਇਉਂ ਕਾਹੂ = ਕਿਸੇ ਬਾਹਰਿ = ਬਾਹਰਲੇ ਸਾਧੂ ਭੇਖ = ਲਿਬਾਸ ਨੂੰ ਦੇਖ ਕੇ ਪਰਮੇਸ਼ਰ ਭੀਨ = ਭਿੱਜਦਾ ਨ = ਨਹੀਂ ਹੈ।

## ਅਵਰ ਉਪਦੇਸੈ; ਆਪਿ ਨ ਕਰੈ ॥ ਆਵਤ ਜਾਵਤ; ਜਨਮੈ ਮਰੈ ॥

ਭਾਵੇਂ ਗਿਆਨੀ, ਪ੍ਰਚਾਰਕ ਬਣ ਕੇ ਅਵਰ = ਹੋਰਨਾਂ ਨੂੰ ਉਪਦੇਸੈ = ਸਿੱਖਿਆ ਦੇਵੇ ਪਰ ਆਪ ਕਮਾਈ ਨਾ ਕਰੇ। ਉਹ ਜੀਵ ਜਨਮੈ = ਜੰਮਦਾ ਮਰੈ = ਮਰਦਾ ਹੋਇਆ ਜੂਨਾਂ ਵਿਚ ਆਵਤ = ਆਉਂਦਾ ਤੇ ਜਾਵਤ = ਜਾਂਦਾ ਰਹਿੰਦਾ ਹੈ। ਜਿਵੇਂ ਰਤਨ ਸਿੰਘ ਮਹਿਬੂਬਪੁਰ ਦਾ ਸੀ, ਉਸ ਨੇ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਇਸ ਤੁਕ ਬਾਬਤ ਦਮਦਮਾ ਸਾਹਿਬ ਸਵਾਲ ਕੀਤਾ ਸੀ, ਕਹਿਣ ਲੱਗਾ—ਜੇ ਕੋਈ ਆਪ ਸਿੱਖ ਨਾ ਹੋਵੇ, ਦੂਜੇ ਨੂੰ ਸਿੱਖ ਬਣਾ ਦੇਵੇ, ਭਾਵ ਆਪ ਉਪਦੇਸ਼ ਗ੍ਰਹਿਣ ਨਾ ਕਰੇ, ਦੂਸਰਿਆਂ ਨੂੰ ਸਿੱਖਿਆ ਦੇ ਕੇ ਸਵਾਰੇ, ਭਾਵ ਆਪ ਕਮਾਈ ਨਾ ਕਰੇ ਹੋਰਨਾਂ ਨੂੰ ਉਪਦੇਸ਼ ਦੇਵੇ, ਉਸ ਦਾ ਪਰਉਪਕਾਰ ਨਹੀਂ ? ਚਤੁਰਾਈ ਨਾਲ ਸਵਾਲ ਕੀਤਾ ਸੀ।

ਸੰਤ ਹੱਸ ਕੇ ਕਹਿਣ ਲੱਗੇ ਕਿ ਸਤਿਗੁਰੂ ਜੀ ਦਾ ਬਚਨ ਹੈ :

**ਪੇਖੇ ਬਿੰਜਨ ਪਰੋਸਨਹਾਰੈ ॥ ਜਿਹ ਭੋਜਨੁ ਕੀਨੋ ਤੇ ਤ੍ਰਿਪਤਾਰੈ ॥੨॥** *(ਅੰਗ ੧੨੯੯)*

ਕਹਿਣ ਲੱਗੇ ਕਿ ਜਿਵੇਂ ਭੋਜਨ ਬਣਾਉਣ ਵਾਲੇ ਨੇ ਸਾਰੇ ਪਦਾਰਥਾਂ ਭਾਵ ਖਾਣਿਆਂ ਦੇ ਦਰਸ਼ਨ ਕੀਤੇ ਹੁੰਦੇ ਹਨ, ਪਰ ਜਿਹੜੇ ਪੰਗਤ ਵਿਚ ਬੈਠ ਕੇ ਛਕ ਗਏ, ਉਹ ਰੱਜੇ ਹਨ, ਬਣਾਉਣ ਤੇ ਵਰਤਾਉਣ ਵਾਲਾ ਉਦੋਂ ਰੱਜੂ ਜਦੋਂ ਆਪ ਛਕੇਗਾ, ਇਸੇ ਪ੍ਰਕਾਰ ਜਨਮ ਮਰਨ ਦਾ ਉਪਦੇਸ਼ ਕਰਨ ਵਾਲੇ ਦਾ ਉਪਕਾਰ ਤਾਂ ਹੈ, ਪਰ ਜਨਮ ਮਰਨ ਦਾ ਉਸ ਦਾ ਗੇੜ ਉਦੋਂ ਮਿਟੂ, ਜਦੋਂ ਆਪ ਕਮਾਈ ਕਰੇਗਾ।

## ਜਿਸ ਕੈ ਅੰਤਰਿ; ਬਸੈ ਨਿਰੰਕਾਰੁ ॥ ਤਿਸ ਕੀ ਸੀਖ; ਤਰੈ ਸੰਸਾਰੁ ॥

ਜਿਸ ਕੈ = ਦੇ ਹਿਰਦੇ ਅੰਤਰਿ = ਅੰਦਰ ਨਿਰੰਕਾਰੁ = ਵਾਹਿਗੁਰੂ ਬਸੈ = ਵਸ ਜਾਂਦਾ ਹੈ। ਤਿਸ = ਉਸ

ਕੀ = ਦੀ ਮਰਯਾਦਾ ਰੂਪ ਸੀਖ = ਸਿੱਖਿਆ, ਅੰਮ੍ਰਿਤ ਵੇਲੇ ਦਾ ਉੱਠਣਾ, ਸਿਮਰਨ ਕਰਨਾ ਵੇਖ ਕੇ ਸੰਸਾਰੁ = ਦੁਨੀਆਂ ਦੇ ਹੋਰ ਜੀਵ ਵੀ ਤਰੈ = ਤਰ ਜਾਂਦੇ ਹਨ।

## ਜੋ ਤੁਮ ਭਾਨੇ; ਤਿਨ ਪ੍ਰਭੁ ਜਾਤਾ ॥ ਨਾਨਕ ਉਨ ਜਨ; ਚਰਨ ਪਰਾਤਾ ॥੭॥

ਹੇ ਪਰਮੇਸ਼ਰ ! ਜੋ = ਜਿਹੜੇ ਪੁਰਖ ਤੁਮ = ਤੁਹਾਨੂੰ ਭਾਨੇ = ਭਾਏ ਹਨ **ਵਾ:** ਜਿਹੜੇ ਪੁਰਖ ਤੁਮ = ਤੁਹਾਡੇ ਭਾਨੇ = ਭਾਣੇ ਨੂੰ ਮੰਨਦੇ ਹਨ, ਤਿਨ = ਉਨ੍ਹਾਂ ਨੇ ਤੈਨੂੰ ਜਾਤਾ = ਜਾਣਿਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਜਨ = ਪੁਰਖਾਂ ਦੇ ਚਰਨਾਂ ਦੀ ਸਰਨੀ ਪਰਾਤਾ = ਪੈਂਦਾ ਹਾਂ **ਵਾ:** ਉਨ = ਉਨ੍ਹਾਂ ਜਨ = ਪੁਰਖਾਂ ਦੇ ਚਰਨ = ਪੈਰਾਂ ਦਾ ਧਿਆਨ ਕਰਨਾ ਮੈਂ ਪਰਾਤਾ = ਪਛਾਣਿਆ ਹੈ **ਵਾ:** ਉਨ੍ਹਾਂ ਗੁਰਮੁਖ ਜਨਾਂ ਦੇ ਚਰਨਾਂ ਕਮਲਾਂ ਤੋਂ ਅਸੀਂ ਹਰੀ ਵਾਹਿਗੁਰੂ ਨੂੰ ਪਰਾਤਾ = ਪਛਾਣਿਆ ਹੈ ॥੭॥

## ਕਰਉ ਬੇਨਤੀ; ਪਾਰਬ੍ਰਹਮੁ ਸਭੁ ਜਾਨੈ ॥ ਅਪਨਾ ਕੀਆ; ਆਪਹਿ ਮਾਨੈ ॥

ਹੇ ਭਾਈ ! ਆਪਣੇ ਜਨਮ ਮਰਨ ਦੇ ਛੁਟਕਾਰੇ ਲਈ ਪਰਮੇਸ਼ਰ ਅੱਗੇ ਬੇਨਤੀ = ਪ੍ਰਾਰਥਨਾ ਕਰਉ = ਕਰੋ ਜੋ ਪਾਰਬ੍ਰਹਮ = ਪਰਮੇਸ਼ਰ ਸਭੁ = ਸਾਰਿਆਂ ਦੇ ਹਿਰਦਿਆਂ ਦੀ ਜਾਨੈ = ਜਾਨਣ ਵਾਲਾ ਹੈ। ਜਿਨ੍ਹਾਂ ਨੂੰ ਉਸ ਨੇ ਆਪਣਾ ਸੇਵਕ ਬਣਾਉਣਾ ਕੀਆ = ਕੀਤਾ ਹੈ, ਉਨ੍ਹਾਂ ਦੀ ਬੇਨਤੀ ਨੂੰ ਆਪ ਹੀ ਮਾਨੈ = ਮੰਨਦਾ ਹੈ।

## ਆਪਹਿ ਆਪ; ਆਪਿ ਕਰਤ ਨਿਬੇਰਾ ॥
## ਕਿਸੈ ਦੂਰਿ ਜਨਾਵਤ; ਕਿਸੈ ਬੁਝਾਵਤ ਨੇਰਾ ॥

ਆਪਹਿ = ਆਪ ਹੀ ਜਗਤ ਨੂੰ ਪੈਦਾ ਕਰਦਾ ਹੈ, ਆਪ ਹੀ ਪਾਲਣਾ ਕਰਦਾ ਹੈ ਅਤੇ ਆਪ ਹੀ ਨਿਬੇਰਾ = ਨਿਬੇੜਦਾ ਭਾਵ ਮਾਰਨਾ ਕਰਦਾ ਹੈ **ਵਾ:** ਆਪ ਹੀ ਜੀਵ ਰੂਪ, ਆਪ ਹੀ ਈਸ਼ਰ ਤੇ ਆਪ ਹੀ ਸਤਿਗੁਰੂ ਰੂਪ ਹੋ ਕੇ ਜੀਵਾਂ ਦੇ ਜਨਮ ਮਰਨ ਦਾ ਨਿਬੇਰਾ = ਨਿਬੇੜਾ ਕਰਤ = ਕਰਨ ਵਾਲਾ ਹੈ। ਕਿਸੈ = ਕਈਆਂ ਨੂੰ ਦੂਰ ਜਨਾਵਤ = ਜਣਾਉਂਦਾ ਹੈ (ਜਿਵੇਂ ਨਿਆਏ ਸ਼ਾਸਤਰ ਪਰਮੇਸ਼ਰ ਨੂੰ ਇਕ ਦੇਸੀ ਮੰਨਦਾ ਹੈ) ਕਿਸੈ = ਕਈਆਂ ਨੂੰ ਗੁਰਾਂ ਦੁਆਰਾ ਨੇਰਾ = ਨੇੜੇ ਬੁਝਾਵਤ = ਸਮਝਾਉਂਦਾ ਹੈ **ਵਾ:** ਮਨਮੁਖਾਂ ਨੂੰ ਕਈ ਜਨਮ ਭੋਗ ਕਰ ਕੇ ਜਦੋਂ ਸ਼ਰਧਾ ਆਉਂਦੀ ਹੈ ਉਹਨੂੰ ਦੂਰ ਜਣਾਉਂਦਾ ਹੈ। ਜਿਨ੍ਹਾਂ ਦੇ ਜੀਵਨ ਹੁੰਦੇ ਹਨ, ਉਨ੍ਹਾਂ ਨੂੰ ਨੇਰਾ = ਨੇੜੇ ਬੁਝਾਵਤ = ਸਮਝਾਉਂਦਾ ਹੈ। ਭਾਵ ਕਿਸੇ ਨੂੰ ਦੇਸ, ਕਾਲ, ਵਸਤੂ ਦੂਰ ਜਨਾਵਤ = ਜਣਾਉਂਦਾ ਹੈ ਤੇ ਕਿਸੇ ਨੂੰ ਨੇਰਾ = ਨੇੜੇ ਹੀ ਆਤਮ ਰੂਪ ਬੁਝਾਵਤ = ਬੁਝਾ, ਸਮਝਾ ਦਿੰਦਾ ਹੈ।

## ਉਪਾਵ ਸਿਆਨਪ; ਸਗਲ ਤੇ ਰਹਤ ॥
## ਸਭੁ ਕਛੁ ਜਾਨੈ; ਆਤਮ ਕੀ ਰਹਤ ॥

ਜੋ ਸਰੀਰ ਕਰਕੇ ਧੂਣੀਆਂ ਤਪਾਉਣੀਆਂ ਆਦਿਕ ਉਪਾਵ = ਯਤਨਾਂ ਤੋਂ ਅਤੇ ਬੁੱਧੀਆਂ ਦੀਆਂ ਸਿਆਣਪਾਂ ਆਦਿ ਸਭ ਕੁਝ ਸਾਰਿਆਂ ਤੇ = ਤੋਂ ਰਹਿਤ ਹੈ **ਵਾ:** ਸਾਰੀਆਂ ਸਿਆਣਪਾਂ ਅਤੇ ਯਤਨਾਂ ਤੇ = ਤੋਂ ਰਹਿਤ ਹੈ। ਉਹ ਪਰਮੇਸ਼ਰ ਆਤਮ = ਮਨ ਕੀ = ਦੀ ਰਹਤ = ਰਹਿਣੀ ਭਾਵ ਮਰਯਾਦਾ ਜਾਨੈ = ਜਾਣਦਾ ਹੈ।

## ਜਿਸੁ ਭਾਵੈ; ਤਿਸੁ ਲਏ ਲੜਿ ਲਾਇ ॥ ਥਾਨ ਥਨੰਤਰਿ; ਰਹਿਆ ਸਮਾਇ ॥

ਜਿਸ ਦੀ ਭਾਵਨਾ ਹਰੀ ਨੂੰ ਭਾਵੈ = ਭਾਉਂਦੀ ਭਾਵ ਚੰਗੀ ਲੱਗਦੀ ਹੈ, ਤਿਸ = ਉਸ ਨੂੰ ਆਪਣੇ ਸ਼ਰਨ ਰੂਪ ਲੜਿ = ਪੱਲੇ ਨਾਲ ਲਾਇ = ਲਾ ਲਏ = ਲੈਂਦਾ ਹੈ। ਉਹ ਅਕਾਲ ਪੁਰਖ ਸਾਰਿਆਂ ਥਨੰਤਰਿ = ਥਾਵਾਂ ਦਾ ਮਾਲਕ ਸਾਰੇ ਥਾਨ = ਥਾਵਾਂ ਤੇ ਸਮਾਇ = ਵਿਆਪਕ ਰਹਿਆ = ਹੋ ਰਿਹਾ ਹੈ।

## ਸੋ ਸੇਵਕੁ; ਜਿਸੁ ਕਿਰਪਾ ਕਰੀ ॥ ਨਿਮਖ ਨਿਮਖ; ਜਪਿ ਨਾਨਕ ਹਰੀ ॥੮॥੫॥

ਸੋ = ਓਹੀ ਹਰੀ ਦਾ ਸੇਵਕੁ = ਦਾਸ ਹੈ ਜਿਸ ਤੇ ਹਰੀ ਵਾਹਿਗੁਰੂ ਨੇ ਕਿਰਪਾ = ਦਇਆ ਦ੍ਰਿਸ਼ਟੀ ਕਰੀ = ਕੀਤੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਨੇ ਹੀ ਹਰੀ ਵਾਹਿਗੁਰੂ ਦੇ ਨਾਮ ਨੂੰ ਨਿਮਖ = ਛਿਨ ਛਿਨ ਪਲ ਵਿਚ ਜਪਿ = ਜਪਿਆ ਹੈ **ਅਥਵਾ** ਉਹ ਪਰਮੇਸ਼ਰ ਦੇ ਨਾਮ ਨੂੰ ਖਿਨ ਖਿਨ ਜਪਿ = ਜਪਦਾ ਹੈ ॥੮॥੫॥

(ਪੰਜਵੀਂ ਅਸਟਪਦੀ ਵਿਚ ਪੂਰੇ ਅੱਖਰ ੧੦੪੦, ਪੈਰਾਂ ਵਾਲੇ ਰਾਰੇ ੧੬, ਤੇ ਅੱਧੇ ਵਾਵੇ ੩, ਕੁੱਲ ਅੱਖਰ ੧੦੫੯ ਹਨ।)

## ਸਲੋਕੁ ॥
## ਕਾਮ ਕ੍ਰੋਧ ਅਰੁ ਲੋਭ ਮੋਹ; ਬਿਨਸਿ ਜਾਇ ਅਹੰਮੇਵ ॥

ਕਾਮ = ਵਿਸ਼ੇ ਦਾ ਫੁਰਨਾ, ਕ੍ਰੋਧ = ਚਿੱਤ ਦੀ ਤੀਖਣ ਬਿਰਤੀ ਅਰੁ = ਅਤੇ ਪਦਾਰਥ ਇਕੱਠੇ ਕਰਨ ਦਾ ਲੋਭ = ਲਾਲਚ, ਸਰੀਰਾਂ ਦਾ ਮੋਹ = ਸਨੇਹ, ਦੇਹ ਦਾ ਅਹੰਮੇਵ = ਹੰਕਾਰ ਆਦਿ ਵਿਕਾਰ ਬਿਨਸਿ = ਨਾਸ ਹੋ ਜਾਇ = ਜਾਣਗੇ।

## ਨਾਨਕ ਪ੍ਰਭ ਸਰਣਾਗਤੀ; ਕਰਿ ਪ੍ਰਸਾਦੁ ਗੁਰਦੇਵ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਦੋਂ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਸਾਦੁ = ਕਿਰਪਾ ਕਰਿ = ਕਰਕੇ ਪ੍ਰਭ = ਪਰਮੇਸ਼ਰ ਦੀ ਸਰਣਾਗਤੀ = ਓਟ ਵਿਚ ਪਾ ਦੇਣਗੇ **ਵਾ:** ਹੇ (ਗੁਰ+ਦੇਵ) ਗੁਰ = ਵੱਡੇ ਦੇਵ = ਪੂਜਨੀਕ ਪ੍ਰਭ = ਪਰਮੇਸ਼ਰ ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਤੁਸੀਂ ਕਿਰਪਾ ਕਰਕੇ ਮੇਰੇ ਇਹ ਵਿਕਾਰ ਨਾਸ ਕਰ ਦਿਓ ॥੧॥

## ਅਸਟਪਦੀ ॥ ਜਿਹ ਪ੍ਰਸਾਦਿ; ਛਤੀਹ ਅੰਮ੍ਰਿਤ ਖਾਹਿ ॥

ਹੇ ਮਨਾਂ ! ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰਕੇ ਤੂੰ ਅੰਮ੍ਰਿਤ ਰੂਪ ਛਤੀਹ = ੩੬ ਪ੍ਰਕਾਰ ਦੇ **ਵਾ:** ਛੱਤੀ ਭਾਵ ਅਨੇਕਾਂ ਪ੍ਰਕਾਰ ਦੇ ਭੋਜਨ ਖਾਹਿ = ਖਾਂਦਾ ਹੈਂ, ਖੱਟੇ ਮਿੱਠੇ ਆਦਿ ੬ ਰਸ ਮੇਲ ਕੇ ਇਕ ਇਕ ਰਸ ਤੋਂ ਛੇ-ਛੇ ਪ੍ਰਕਾਰ ਦੇ ਰਸ ਤਿਆਰ ਕਰ ਲਏ ਜਾਂਦੇ ਹਨ। ਜੈਸਾ ਕਿ :

**ਛਤੀਹ ਅੰਮ੍ਰਿਤ ਜਿਨਿ ਭੋਜਨ ਦੀਏ ॥** *(ਰਾਮਕਲੀ ਮਹਲਾ ੫, ਅੰਗ ੯੧੩)*

**ਖਟੁ ਰਸ ਮਿਠ ਰਸ ਮੇਲਿਕੈ ਛਤੀਹ ਭੋਜਨ ਹੋਨਿ ਰਸੋਈ ॥** *(ਭਾਈ ਗੁਰਦਾਸ ਜੀ, ਵਾਰ ੧੭, ਪਉੜੀ ੮)*

**ਛੱਤੀ ਪਦਾਰਥਾਂ ਦੀ ਗਿਣਤੀ ਇਸ ਪ੍ਰਕਾਰ ਹੈ :**

੧. ਸਭ ਤਰ੍ਹਾਂ ਦੀ ਰੋਟੀ ੨. ਸਭ ਤਰ੍ਹਾਂ ਦੀ ਪੂਰੀ ੩. ਸਭ ਤਰ੍ਹਾਂ ਦੀ ਕਚੌਰੀ ੪. ਸਭ ਤਰ੍ਹਾਂ ਦੇ ਪੂੜੇ ੫. ਸਭ ਤਰ੍ਹਾਂ ਦੇ ਚਾਵਲ ੬. ਸਭ ਤਰ੍ਹਾਂ ਦੀ ਖ਼ੁਸ਼ਕ ਤੇ ਤਰ ਦਾਲ ੭. ਸਭ ਤਰ੍ਹਾਂ ਦੇ ਸਾਗ ਤਰਕਾਰੀ ਭੁਰਜੀ ੮. ਸਭ ਤਰ੍ਹਾਂ ਦੀਆਂ ਕੜ੍ਹੀਆਂ ੯. ਸਭ ਤਰ੍ਹਾਂ ਦੀਆਂ ਵੜੀਆਂ ੧੦. ਸਭ ਤਰ੍ਹਾਂ ਦੀਆਂ ਸੇਵੀਆਂ ੧੧. ਸਭ ਤਰ੍ਹਾਂ ਦੀ ਖਿਚੜੀ ੧੨. ਸਭ ਤਰ੍ਹਾਂ ਦੇ ਸਲੂਣੇ ਚਣੇ ਪਕੌੜੇ ਆਦਿ ੧੩. ਸਭ ਤਰ੍ਹਾਂ ਦੀਆਂ ਚਟਨੀਆਂ ੧੪. ਸਭ ਤਰ੍ਹਾਂ ਦੇ ਅਚਾਰ ੧੫. ਸਭ ਤਰ੍ਹਾਂ ਦੇ ਮੁਰੱਬੇ ੧੬. ਸਭ ਤਰ੍ਹਾਂ ਦੀ ਬੂੰਦੀ, ਦਹੀਂ ਤੇ ਭੱਲੇ ੧੭. ਸਭ ਤਰ੍ਹਾਂ ਦੇ ਰੈਤੇ ੧੮. ਪਾਪੜ ੧੯. ਸਭ ਤਰ੍ਹਾਂ ਦੇ ਕੜਾਹ ਪ੍ਰਸਾਦਿ ੨੦. ਸਭ ਤਰ੍ਹਾਂ ਦੀ ਖੀਰ ੨੧. ਪੰਜੀਰੀ, ਕਸਾਰ, ਸੱਤੂ, ਚੂਰਮਾ ੨੨. ਸਭ ਤਰ੍ਹਾਂ ਦੀ ਸੀਰਨੀ, ਲੱਡੂ, ਪੇੜਾ, ਜਲੇਬੀ ਆਦਿਕ ੨੩. ਲਾਪਸੀ ਮਿੱਠੀ (ਮਿੱਠੀ ਕੜ੍ਹੀ) ੨੪. ਰਾਬੜੀ (ਖੱਟੀ ਲੱਸੀ ਵਿਚ ਪਕਾਇਆ ਜਵਾਰ **ਅਥਵਾ** ਬਾਜਰੇ ਦਾ ਆਟਾ) ੨੫. ਮਲਾਈ ੨੬. ਮਿਸਰੀ ਤੇ ਮੱਖਣ ੨੭. ਸਿਖਰਣੀ (ਦਹੀ ਵਿਚ ਖੰਡ) ੨੮. ਦੁੱਧ ਮਿਸਰਤ ਆਂਬ ਰਸਾ ਆਦਿ ੨੯. ਦਹੀ,

ਲੱਸੀ ਆਦਿ ੩੦. ਕਾਂਜੀ ਹਾਜ਼ਮੇ ਦੇ ਪਾਣੀ ੩੧. ਸਭ ਪ੍ਰਕਾਰ ਦੇ ਫਲ ਖ਼ੁਸ਼ਕ ਤੇ ਤਰ ਆਦਿਕ ੩੨. ਤਾਰੀ, (ਲੂਣ ਵਾਲੀ ਕੜੀ) ੩੩. ਮੱਠੀ ਮੱਠੇ ੩੪. ਫੇਣੀ ਆਦਿਕ ੩੫. ਘੇਵਰ ੩੬. ਸਵਾਦ ਚੂਰਣ ਆਦਿਕ।

## ਤਿਸੁ ਠਾਕੁਰ ਕਉ; ਰਖੁ ਮਨ ਮਾਹਿ ॥

ਤਿਸੁ = ਉਸ ਠਾਕੁਰ = ਹਰੀ ਵਾਹਿਗੁਰੂ ਕਉ = ਨੂੰ ਮਨ = ਹਿਰਦੇ ਮਾਹਿ = ਵਿਚ ਰਖੁ = ਰੱਖਣਾ ਕਰ। ਜੈਸਾ ਕਿ :

**ਜਿਸ ਕਾ ਦੀਆ ਪੈਨੈ ਖਾਇ ॥**
**ਤਿਸੁ ਸਿਉ ਆਲਸੁ ਕਿਉ ਬਨੈ ਮਾਇ ॥੧॥** *(ਅੰਗ ੧੯੫)*

## ਜਿਹ ਪ੍ਰਸਾਦਿ; ਸੁਗੰਧਤ ਤਨਿ ਲਾਵਹਿ ॥
## ਤਿਸ ਕਉ ਸਿਮਰਤ; ਪਰਮ ਗਤਿ ਪਾਵਹਿ ॥

ਜਿਹ = ਜਿਸ ਦੀ ਪ੍ਰਸਾਦਿ = ਕਿਰਪਾ ਨਾਲ ਤਨਿ = ਸਰੀਰ 'ਤੇ ਅਤਰ ਫਲੇਲ ਆਦਿ ਸੁਗੰਧਤ = ਖ਼ੁਸ਼ਬੋਆਂ ਲਾਵਹਿ = ਲਾਉਂਦਾ ਹੈਂ। ਤਿਸ = ਉਸ ਕਉ = ਨੂੰ ਸਿਮਰਤ = ਸਿਮਰ ਕੇ ਪਰਮ = ਵੱਡੀ ਗਤਿ = ਮੁਕਤੀ ਭਾਵ ਕੈਵਲ ਮੁਕਤੀ ਨੂੰ ਪਾਵਹਿ = ਪਾ ਲਵੇਂਗਾ।

## ਜਿਹ ਪ੍ਰਸਾਦਿ; ਬਸਹਿ ਸੁਖ ਮੰਦਰਿ ॥ ਤਿਸਹਿ ਧਿਆਇ; ਸਦਾ ਮਨ ਅੰਦਰਿ ॥

ਜਿਹ = ਜਿਸ ਦੀ ਪ੍ਰਸਾਦਿ = ਕਿਰਪਾ ਨਾਲ ਸੁਖਦਾਇਕ ਮੰਦਰਿ = ਮਕਾਨਾਂ ਵਿਚ ਬਸਹਿ = ਵਸਦਾ ਹੈਂ। ਤਿਸਹਿ = ਉਸ ਨੂੰ ਮਨ = ਹਿਰਦੇ ਅੰਦਰ ਜਾਣ ਕੇ ਸਦਾ = ਹਮੇਸ਼ਾਂ ਧਿਆਇ = ਧਿਆਇਆ ਕਰ।

## ਜਿਹ ਪ੍ਰਸਾਦਿ; ਗ੍ਰਿਹ ਸੰਗਿ ਸੁਖ ਬਸਨਾ ॥
## ਆਠ ਪਹਰ; ਸਿਮਰਹੁ ਤਿਸੁ ਰਸਨਾ ॥

ਜਿਹ = ਜਿਸ ਪਰਮੇਸ਼ਰ ਦੀ ਪ੍ਰਸਾਦਿ = ਕਿਰਪਾ ਕਰਕੇ ਤੂੰ ਗ੍ਰਿਹ = ਘਰ ਵਿਚ ਪਰਿਵਾਰ ਸੰਗਿ = ਨਾਲ ਸੁਖੀ ਬਸਨਾ = ਵੱਸਦਾ ਹੈਂ। ਤਿਸੁ = ਉਸ ਪਰਮੇਸ਼ਰ ਨੂੰ ਅੱਠੇ ਪਹਿਰ ਰਸਨਾ ਨਾਲ ਸਿਮਰਹੁ = ਸਿਮਰਨਾ ਕਰ।

## ਜਿਹ ਪ੍ਰਸਾਦਿ; ਰੰਗ ਰਸ ਭੋਗ ॥ ਨਾਨਕ ਸਦਾ ਧਿਆਈਐ; ਧਿਆਵਨ ਜੋਗ ॥੧॥

ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਨਾਲ ਅਨੇਕ ਤਰ੍ਹਾਂ ਦੇ ਰੰਗ = ਕੌਤਕ ਤੇ ਪਦਾਰਥਾਂ ਦੇ ਰਸਾਂ ਨੂੰ ਭੋਗ = ਭੋਗਦਾ ਹੈਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਦਾ = ਹਮੇਸ਼ਾਂ ਧਿਆਵਨ = ਧਿਆਉਣੇ ਜੋਗ = ਲਾਇਕ ਹਰੀ ਵਾਹਿਗੁਰੂ ਨੂੰ ਧਿਆਈਐ = ਧਿਆਉਣਾ ਕਰੀਏ ॥੧॥

## ਜਿਹ ਪ੍ਰਸਾਦਿ; ਪਾਟ ਪਟੰਬਰ ਹਢਾਵਹਿ ॥
## ਤਿਸਹਿ ਤਿਆਗਿ; ਕਤ ਅਵਰ ਲੁਭਾਵਹਿ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰ ਕੇ ਤੂੰ ਤਨ ਤੇ ਸੂਤੀ ਪਾਟ = ਕੱਪੜਾ ਅਤੇ ਪਟੰਬਰ (ਪਟ+ਅੰਬਰ) ਅੰਬਰ = ਰੇਸ਼ਮ ਦੇ ਕੱਪੜੇ ਹਢਾਵਹਿ = ਪਹਿਨਣਾ ਭਾਵ ਹੰਢਾਉਣਾ ਕਰਦਾ ਹੈਂ। ਤਿਸਹਿ = ਉਸ ਪਰਮੇਸ਼ਰ ਦਾ ਸਿਮਰਨ ਤਿਆਗਿ = ਛੱਡ ਕੇ ਕਤ = ਕਿਸ ਵਾਸਤੇ ਅਵਰ = ਹੋਰ ਪਦਾਰਥਾਂ ਵਿਚ ਲੁਭਾਵਹਿ = ਲੁਭਾਏਮਾਨ ਹੁੰਦਾ ਹੈਂ।

**ਜਿਹ ਪ੍ਰਸਾਦਿ; ਸੁਖਿ ਸੇਜ ਸੋਈਜੈ ॥ ਮਨ ਆਠ ਪਹਰ; ਤਾ ਕਾ ਜਸੁ ਗਾਵੀਜੈ ॥**

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਨਾਲ ਸੁਖਦਾਇਕ ਸੇਜਾਂ 'ਤੇ ਸੋਈਜੈ = ਸੌਂਦਾ ਹੈਂ। ਹੇ ਮਨਾਂ ! ਅੱਠੇ ਪਹਿਰ ਤਾ ਕਾ = ਉਸ ਹਰੀ ਵਾਹਿਗੁਰੂ ਦਾ ਜਸੁ = ਕੀਰਤ ਗਾਵੀਜੈ = ਗਾਉਣਾ ਕਰ।

[ਅੰਗ ੨੭੦]

**ਜਿਹ ਪ੍ਰਸਾਦਿ; ਤੁਝੁ ਸਭੁ ਕੋਊ ਮਾਨੈ ॥ ਮੁਖਿ ਤਾ ਕੋ; ਜਸੁ ਰਸਨ ਬਖਾਨੈ ॥**

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰ ਕੇ ਤੁਝੁ = ਤੈਨੂੰ ਸਭ ਕੋਊ = ਕੋਈ ਮਾਨੈ = ਮੰਨਦਾ ਭਾਵ ਸਭ ਕੋਈ ਤੇਰਾ ਮਾਣ ਕਰਦਾ ਹੈ। ਤਾ ਕੋ = ਉਸ ਵਾਹਿਗੁਰੂ ਦਾ ਮੁਖਿ = ਮੂੰਹ ਦੁਆਰਾ ਰਸਨਾ ਨਾਲ ਜਸੁ = ਕੀਰਤ ਬਖਾਨੈ = ਕਥਨ ਕਰਿਆ ਕਰ **ਵਾ:** ਮੁਖਿ = ਮੁਖੀ ਹਰੀ ਦਾ ਜਸ ਰਸਨਾ ਨਾਲ ਕਰਿਆ ਕਰ, ਫੇਰ ਤੂੰ ਵੀ ਮੁਖੀ ਭਾਵ ਵੱਡਾ ਪੂਜਨੀਕ ਹੋ ਜਾਵੇਂਗਾ।

**ਜਿਹ ਪ੍ਰਸਾਦਿ; ਤੇਰੋ ਰਹਤਾ ਧਰਮੁ ॥**
**ਮਨ ਸਦਾ ਧਿਆਇ; ਕੇਵਲ ਪਾਰਬ੍ਰਹਮੁ ॥**

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਨਾਲ ਤੇਰੋ = ਤੇਰਾ ਧਰਮੁ = ਨਿਯਮ ਰਹਤਾ = ਰਹਿ ਜਾਂਦਾ ਹੈ, ਭਾਵ ਪਰਮੇਸ਼ਰ ਹੀ ਧਰਮ ਦੀ ਰਾਖੀ ਕਰਦਾ ਹੈ। ਹੇ ਮਨਾਂ ! ਸਦਾ = ਹਮੇਸ਼ਾਂ ਕੇਵਲ = ਸਿਰਫ਼ ਪਾਰਬ੍ਰਹਮੁ = ਪਰਮੇਸ਼ਰ ਦੇ ਨਾਮ ਨੂੰ ਧਿਆਇ = ਧਿਆਇਆ ਕਰ।

**ਪ੍ਰਭ ਜੀ ਜਪਤ; ਦਰਗਹ ਮਾਨੁ ਪਾਵਹਿ ॥**
**ਨਾਨਕ; ਪਤਿ ਸੇਤੀ ਘਰਿ ਜਾਵਹਿ ॥੨॥**

ਪ੍ਰਭ = ਹਰੀ ਵਾਹਿਗੁਰੂ ਜੀ ਦੇ ਨਾਮ ਨੂੰ ਜਪਤ = ਜਪੇਂਗਾ ਤਾਂ ਦਰਗਹ = ਪਰਲੋਕ ਵਿਚ ਮਾਨੁ = ਇੱਜ਼ਤ ਪਾਵਹਿ = ਪਾਉਣਾ ਕਰੇਂਗਾ, ਭਾਵ ਦੁਨੀਆਂ ਰੂਪ ਦਰਗਹ ਵਿਚ ਵੀ ਅਤੇ ਜੋ ਦਰ = ਅੰਦਰ ਗਹਿ ਤੁਰੀਆ ਪਦ ਰੂਪ ਟਿਕਾਣਾ ਹੈ, ਉਸ ਨੂੰ ਪਾ ਲਵੇਂਗਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਉਂ ਤੂੰ ਬੜੀ ਪਤਿ = ਇੱਜ਼ਤ ਸੇਤੀ = ਨਾਲ ਸਰੂਪ ਰੂਪੀ ਘਰ ਵਿਚ ਜਾਵਹਿ = ਜਾਵੇਂਗਾ **ਵਾ:** ਸੱਚਖੰਡ ਰੂਪੀ ਘਰ ਜਾਵੇਂਗਾ ॥੨॥

**ਜਿਹ ਪ੍ਰਸਾਦਿ; ਆਰੋਗ ਕੰਚਨ ਦੇਹੀ ॥ ਲਿਵ ਲਾਵਹੁ; ਤਿਸੁ ਰਾਮ ਸਨੇਹੀ ॥**

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਨਾਲ ਤੇਰਾ ਦੇਹੀ = ਸਰੀਰ ਆਰੋਗ = ਰੋਗ ਤੋਂ ਰਹਿਤ ਕੰਚਨ = ਸੋਨੇ ਵਰਗਾ ਸੋਹਣਾ ਹੈ। ਤਿਸੁ = ਉਸ ਸਨੇਹੀ = ਪਿਆਰੇ ਰਾਮ = ਹਰੀ ਵਾਹਿਗੁਰੂ ਵਿਚ ਲਿਵ = ਬਿਰਤੀ ਲਾਵਹੁ = ਲਾਉਣਾ ਕਰ।

**ਜਿਹ ਪ੍ਰਸਾਦਿ; ਤੇਰਾ ਓਲਾ ਰਹਤ ॥**
**ਮਨ ਸੁਖੁ ਪਾਵਹਿ; ਹਰਿ ਹਰਿ ਜਸੁ ਕਹਤ ॥**

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰਕੇ ਤੇਰੇ ਅਉਗਣਾਂ ਦਾ ਓਲਾ = ਪੜਦਾ ਬਣਿਆ ਰਹਤ = ਰਹਿੰਦਾ ਹੈ। ਹੇ ਮਨਾਂ ! ਹਰਿ = ਹਰੀ ਹਰਿ = ਵਾਹਿਗੁਰੂ ਦੀ ਜਸੁ = ਵਡਿਆਈ ਕਹਤ = ਕਹਣੇ ਕਰ ਕੇ ਆਤਮਕ ਸੁਖ ਪਾਵਹਿ = ਪ੍ਰਾਪਤ ਕਰੇਂਗਾ।

## ਜਿਹ ਪ੍ਰਸਾਦਿ; ਤੇਰੇ ਸਗਲ ਛਿਦ੍ਰ ਢਾਕੇ ॥
## ਮਨ ਸਰਨੀ ਪਰੁ; ਠਾਕੁਰ ਪ੍ਰਭ ਤਾ ਕੈ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰਕੇ ਤੇਰੇ ਸਗਲ = ਸਾਰੇ ਛਿਦ੍ਰ = ਗੁਨਾਹ ਭਾਵ ਐਬ ਢਾਕੇ = ਢੱਕ ਕੇ ਰੱਖੇ ਹੋਏ ਹਨ। ਹੇ ਮਨਾਂ ! ਤਾ ਕੈ = ਉਸ ਪ੍ਰਭ = ਹਰੀ ਵਾਹਿਗੁਰੂ ਠਾਕੁਰ = ਮਾਲਕ ਦੇ ਚਰਨਾਂ ਦੀ ਸਰਨੀ = ਓਟ ਵਿਚ ਪਰੁ = ਪੈਣਾ ਕਰ।

## ਜਿਹ ਪ੍ਰਸਾਦਿ; ਤੁਝੁ ਕੋ ਨ ਪਹੂਚੈ ॥ ਮਨ ਸਾਸਿ ਸਾਸਿ; ਸਿਮਰਹੁ ਪ੍ਰਭ ਊਚੇ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਨਾਲ ਤੁਝੁ = ਤੇਰੇ ਬਰਾਬਰ ਕੋ = ਕੋਈ ਨ = ਨਹੀਂ ਪਹੂਚੈ = ਪਹੁੰਚ ਸਕਦਾ। ਇਸੇ ਕਰਕੇ ਹੇ ਮਨਾਂ! ਉਸ ਊਚੇ = ਸ੍ਰੇਸ਼ਟ ਪ੍ਰਭ = ਹਰੀ ਵਾਹਿਗੁਰੂ ਨੂੰ ਸਾਸਿ ਸਾਸਿ = ਸੁਆਸ-ਸੁਆਸ ਸਿਮਰਹੁ = ਸਿਮਰਨਾ ਕਰ।

## ਜਿਹ ਪ੍ਰਸਾਦਿ; ਪਾਈ ਦ੍ਰੁਲਭ ਦੇਹ ॥ ਨਾਨਕ; ਤਾ ਕੀ ਭਗਤਿ ਕਰੇਹ ॥੩॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਨਾਲ ਮਨੁੱਖਾ ਦੇਹੀ ਦ੍ਰੁਲਭ = ਮੁਸ਼ਕਲ ਭਾਵ ਕਠਨਤਾਈ ਨਾਲ ਪਾਈ = ਪ੍ਰਾਪਤ ਕੀਤੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਮਨਾਂ ਤਾ ਕੀ = ਉਸ ਹਰੀ ਦੀ ਭਗਤਿ = ਭਗਤੀ ਕਰੇਹ = ਕਰਨਾ ਕਰ ॥੩॥

## ਜਿਹ ਪ੍ਰਸਾਦਿ; ਆਭੂਖਨ ਪਹਿਰੀਜੈ ॥
## ਮਨ ਤਿਸੁ ਸਿਮਰਤ; ਕਿਉ ਆਲਸੁ ਕੀਜੈ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰਕੇ ਤੂੰ ਤਨ ਤੇ ਆਭੂਖਨ = ਗਹਿਣੇ ਪਹਿਰੀਜੈ = ਪਹਿਨਦਾ ਹੈਂ **ਵਾ:** ਉਸਦੀ ਪ੍ਰਾਪਤੀ ਵਾਲੇ ਸ਼ੁਭ ਗੁਣਾਂ ਰੂਪੀ ਗਹਿਣੇ ਪਹਿਨਣਾ ਕਰਦਾ ਹੈਂ। ਹੇ ਮਨਾਂ ! ਤਿਸੁ = ਉਸ ਪਰਮੇਸ਼ਰ ਦੇ ਨਾਮ ਸਿਮਰਤ = ਸਿਮਰਨ ਵਿਚ ਕਿਉਂ ਆਲਸੁ = ਦਲਿੱਦਰ ਕੀਜੈ = ਕਰਦਾ ਹੈਂ।

## ਜਿਹ ਪ੍ਰਸਾਦਿ; ਅਸ੍ਵ ਹਸਤਿ ਅਸਵਾਰੀ ॥
## ਮਨ ਤਿਸੁ ਪ੍ਰਭ ਕਉ; ਕਬਹੂ ਨ ਬਿਸਾਰੀ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰਕੇ ਤੂੰ ਅਸ੍ਵ = ਘੋੜਿਆਂ ਤੇ ਹਸਤਿ = ਹਾਥੀਆਂ ਦੀ ਅਸਵਾਰੀ ਕਰਦਾ ਹੈਂ **ਵਾ:** ਜਿਸ ਵਾਹਿਗੁਰੂ ਨੇ ਪ੍ਰਸਾਦਿ = ਕਿਰਪਾ ਕਰਕੇ ਤੈਨੂੰ ਸ੍ਰਵਨ, ਮੰਨਣ ਰੂਪ ਘੋੜੇ, ਨਿਧਿਆਸਣ ਰੂਪ ਹਾਥੀਆਂ ਦੀਆਂ ਸਵਾਰੀਆਂ ਦਿੱਤੀਆਂ ਹਨ। ਹੇ ਮਨਾਂ! ਤਿਸੁ = ਉਸ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਕਬਹੂ = ਕਦੇ ਵੀ ਨਾ ਬਿਸਾਰੀ = ਭੁਲਾਉਣਾ ਕਰ।

## ਜਿਹ ਪ੍ਰਸਾਦਿ; ਬਾਗ ਮਿਲਖ ਧਨਾ ॥ ਰਾਖੁ ਪਰੋਇ; ਪ੍ਰਭੁ ਅਪੁਨੇ ਮਨਾ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰਕੇ ਸੋਹਣੇ ਬਾਗ = ਬਗ਼ੀਚੇ ਮਿਲਖ = ਜਗੀਰਾਂ ਅਤੇ ਧਨਾ = ਮਾਇਆ ਪ੍ਰਾਪਤ ਹੁੰਦੀ ਹੈ **ਅਥਵਾ** ਸ਼ੁਭ ਗੁਣਾਂ ਰੂਪੀ ਬਾਗ = ਬਗ਼ੀਚਾ, ਭਗਤੀ ਰੂਪ ਮਿਲਖ = ਜਗੀਰ ਤੇ ਗਿਆਨ ਰੂਪ ਧਨਾ = ਧਨ ਮਿਲਦਾ ਹੈ। ਹੇ ਜੀਵ ! ਉਸ ਪ੍ਰਭੂ = ਹਰੀ ਵਾਹਿਗੁਰੂ ਨੂੰ ਆਪਣੇ ਮਨਾ = ਹਿਰਦੇ ਵਿਚ ਪਰੋਇ = ਪ੍ਰੋ ਕੇ ਰੱਖ।

## ਜਿਨਿ ਤੇਰੀ; ਮਨ ਬਨਤ ਬਨਾਈ ॥ ਊਠਤ ਬੈਠਤ; ਸਦ ਤਿਸਹਿ ਧਿਆਈ ॥

ਹੇ ਮਨਾਂ ! ਜਿਨਿ = ਜਿਸ ਵਾਹਿਗੁਰੂ ਨੇ ਪੰਜਾਂ ਗੁਣਾਂ ਦੀ ਸਤੋ ਅੰਸ਼ ਕੱਢ ਕੇ ਤੇਰੀ ਬਨਤ = ਬਨਾਵਟ ਬਨਾਈ = ਬਣਾਉਣਾ ਕੀਤੀ ਹੈ **ਵਾ:** ਜਿਸ ਨੇ ਆਪਣੀ ਚੇਤਨ ਸੱਤਾ ਬਣਾ ਕੇ ਜੋਤ ਪਾਉਣਾ ਕੀਤਾ ਹੈ। ਜੈਸਾ ਕਿ :

**ਮਨ ਤੂੰ ਜੋਤਿ ਸਰੂਪੁ ਹੈ... ॥** *(ਅੰਗ ੪੪੧)*

ਊਠਤ = ਉਠਦਿਆਂ, ਬੈਠਤ = ਬੈਠਦਿਆਂ **ਵਾ:** ਨਿਰਵਿਕਲਪ ਸਮਾਧੀ ਵਿਚ ਬੈਠਤ = ਬੈਠਦਿਆਂ ਭਾਵ ਇਸਥਿਤ ਹੁੰਦਿਆਂ ਤੇ ਸੰਸਾਰ ਵੱਲੋਂ ਊਠਤ = ਊੱਠਦਿਆਂ ਭਾਵ ਉਪਰਾਮ ਹੁੰਦਿਆਂ ਸਦਾ = ਹਮੇਸ਼ਾਂ ਤਿਸਹਿ = ਉਸ ਪਰਮੇਸ਼ਰ ਨੂੰ ਧਿਆਈ = ਧਿਆਉਣਾ ਕਰ।

## ਤਿਸਹਿ ਧਿਆਇ; ਜੋ ਏਕ ਅਲਖੈ ॥ ਈਹਾ ਊਹਾ; ਨਾਨਕ ਤੇਰੀ ਰਖੈ ॥੪॥

(**ਅਲੱਖੈ** ਬੋਲੋ)

ਤਿਸਹਿ = ਉਸੇ ਨੂੰ ਧਿਆਇ = ਧਿਆਉਣਾ ਕਰ, ਜੋ = ਜਿਹੜਾ ਅਲਖੈ = ਲੱਖਣ ਤੋਂ ਰਹਿਤ ਏਕ = ਇਕ ਹਰੀ ਵਾਹਿਗੁਰੂ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਈਹਾ = ਇਸ ਲੋਕ ਤੇ ਊਹਾ = ਉਥੇ ਪਰਲੋਕ ਵਿਚ ਤੇਰੀ ਪਤ ਰਖੈ = ਰੱਖੇਗਾ ॥੪॥

## ਜਿਹ ਪ੍ਰਸਾਦਿ; ਕਰਹਿ ਪੁੰਨ ਬਹੁ ਦਾਨ ॥
## ਮਨ ਆਠ ਪਹਰ; ਕਰਿ ਤਿਸ ਕਾ ਧਿਆਨ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰਕੇ ਤੂੰ ਬਹੁ = ਬਹੁਤੇ ਪੁੰਨ ਤੇ ਦਾਨ ਕਰਹਿ = ਕਰਦਾ ਹੈਂ। ਹੇ ਮਨਾਂ ! ਤਿਸ ਕਾ = ਉਸ ਹਰੀ ਦਾ ਅੱਠੇ ਪਹਿਰ ਧਿਆਨ ਕਰ।

**ਸਾਖੀ—ਰਾਜੇ ਬਿਕਰਮਾਜੀਤ ਦੀ (ਪੁੰਨਾਂ ਦਾ ਫਲ) :** ਉਜੈਨ ਦਾ ਰਾਜਾ ਬਿਕਰਮਾਜੀਤ ਬੜਾ ਸੂਰਬੀਰ ਤੇ ਪ੍ਰਤਾਪ ਵਾਲਾ ਸੀ। ਇਕ ਦਿਨ ਉਸ ਦੇ ਮਨ ਵਿਚ ਖ਼ਿਆਲ ਆਇਆ ਕਿ ਮੈਂ ਕਿਹੜਾ ਪੁੰਨ ਕੀਤਾ ਹੈ, ਜਿਸ ਦੇ ਫਲ ਕਰ ਕੇ ਮੈਂ ਇਤਨਾ ਤੇਜ ਪ੍ਰਤਾਪੀ ਰਾਜਾ ਹੋਇਆ ਹਾਂ ? ਇਸ ਗੱਲ ਨੂੰ ਜਾਣਨ ਵਾਸਤੇ ਬੜੇ ਬੜੇ ਜੋਤਸ਼ੀ ਬੁਲਾਏ, ਉਨ੍ਹਾਂ ਤੋਂ ਪੁੱਛਿਆ, ਮੈਨੂੰ ਕਿਸ ਪੁੰਨ ਸਦਕਾ ਇਹ ਰਾਜਭਾਗ ਪ੍ਰਾਪਤ ਹੋਇਆ ਹੈ, ਇਸ ਗੱਲ ਦਾ ਉੱਤਰ ਅੱਠ ਦਿਨਾਂ ਵਿਚ ਦਿਓ, ਨਹੀਂ ਤਾਂ ਤੁਹਾਨੂੰ ਬੜੀ ਸਖ਼ਤ ਸਜ਼ਾ ਦਿੱਤੀ ਜਾਵੇਗੀ। ਸਾਰਿਆਂ ਨੇ ਯਤਨ ਤਾਂ ਬਹੁਤ ਕੀਤੇ ਪਰ ਪਤਾ ਨਾ ਲੱਗਾ, ਰਾਜੇ ਦਾ ਜੋ ਪ੍ਰੋਹਿਤ ਸੀ, ਉਸ ਦੀ ਲੜਕੀ ਨੇ ਆਪਣੇ ਪਿਤਾ ਨੂੰ ਗੰਭੀਰ ਚਿੰਤਾ ਵਿਚ ਵੇਖ ਕੇ ਕਿਹਾ ਤੁਸੀਂ ਫ਼ਿਕਰ ਨਾ ਕਰੋ, ਰਾਜੇ ਦੇ ਸਵਾਲ ਦਾ ਜਵਾਬ ਮੈਂ ਦੇਵਾਂਗੀ। ਪ੍ਰੋਹਿਤ ਰਾਜੇ ਨੂੰ ਕਹਿਣ ਲੱਗਾ ਤੁਸੀਂ ਮੇਰੇ ਘਰ ਚਲੋ, ਆਪ ਜੀ ਦੇ ਸਵਾਲ ਦਾ ਜਵਾਬ ਮੇਰੀ ਲੜਕੀ ਦੇਵੇਗੀ। ਰਾਜੇ ਨੇ ਪ੍ਰੋਹਿਤ ਦੇ ਘਰ ਪਹੁੰਚਣਾ ਕੀਤਾ ਤਾਂ ਲੜਕੀ ਨੇ ਕਿਹਾ ਕਿ ਰਾਜਨ ! ਤੇਰਾ ਸਾਰਾ ਹਾਲ ਮੈਂ ਜਾਣਦੀ ਤਾਂ ਹਾਂ ਪਰ ਤੇਰੀ ਤਸੱਲੀ ਵਾਸਤੇ ਤੈਨੂੰ ਇਕ ਮਹਾਤਮਾ ਦੇ ਪਾਸ ਭੇਜਦੀ ਹਾਂ ਜੋ ਇਸ ਜਗ੍ਹਾ ਤੋਂ ੧੦ ਕੋਹ 'ਤੇ ਹੈ। ਉਹ ਮਹਾਤਮਾ ਅੰਨ ਨਹੀਂ ਖਾਂਦੇ, ਬਲਦੇ ਹੋਏ ਕੋਇਲੇ ਯਾਨੇ ਅੰਗਾਰ ਹੀ ਭਖਸ਼ਦੇ ਹਨ। ਉਹ ਤੈਨੂੰ ਉੱਤਰ ਦੇਣਗੇ। ਉਸ ਲੜਕੀ ਦਾ ਬਚਨ ਮੰਨ ਕੇ ਰਾਜਾ ਬਿਕਰਮਾਜੀਤ ਉਸ ਮਹਾਤਮਾ ਦੇ ਕੋਲ ਗਿਆ। ਰਾਜੇ ਨੇ ਲੜਕੀ ਤੇ ਆਪਣੇ ਵੱਲੋਂ ਨਮਸ਼ਕਾਰ ਕੀਤੀ ਤੇ ਮਹਾਤਮਾ ਪਾਸ ਬੈਠ ਗਿਆ। ਸੰਤਾਂ ਨੂੰ ਕਹਿਣ ਲੱਗਾ ਮੈਂ ਕਿਸ ਪੁੰਨ ਦੇ ਪ੍ਰਤਾਪ ਨਾਲ ਧਰਮਾਤਮਾ ਰਾਜਾ ਹੋਇਆ ਹਾਂ ? ਸੰਤ ਕਹਿਣ ਲੱਗੇ ਕਿ ਮੈਂ ਤੇਰਾ ਸਾਰਾ ਸਮਾਚਾਰ ਜਾਣਦਾ ਹਾਂ, ਪਰ ਤੇਰੀ ਪੂਰੀ ਤਸੱਲੀ ਵਾਸਤੇ ਇਕ ਹੋਰ ਮਹਾਤਮਾ ਪਾਸ ਤੈਨੂੰ ਭੇਜਦਾ ਹਾਂ, ਉਹ ਇਥੋ ੧੦ ਕੋਹ ਪਰ ਬੈਠੇ ਹੋਏ ਕੇਵਲ ਰਾਖ ਦਾ ਹੀ ਭੋਜਨ ਕਰਦੇ ਹਨ, ਉਨ੍ਹਾਂ

ਪਾਸ ਜਾ ਕੇ ਮੇਰੇ ਵੱਲੋਂ ਨਮਸਕਾਰ ਕਰਕੇ ਪੁੱਛਣਾ, ਉਹ ਤੈਨੂੰ ਦੱਸਣਗੇ। ਮਹਾਤਮਾ ਦਾ ਹੁਕਮ ਮੰਨ ਕੇ ਉਨ੍ਹਾਂ ਮਹਾਤਮਾ ਪਾਸ ਪਹੁੰਚ ਕੇ ਨਮਸਕਾਰ ਕਰ ਕੇ ਪੁੱਛਿਆ, ਮੈਂ ਇਤਨਾ ਪ੍ਰਤਾਪੀ ਰਾਜਾ ਕਿਸ ਪੁੰਨ ਦੇ ਫਲ ਕਰਕੇ ਹੋਇਆ ਹਾਂ ?

ਉਸ ਮਹਾਤਮਾ ਨੇ ਕਿਹਾ ਕਿ ਹੇ ਰਾਜਨ ! ਤੇਰਾ ਹਾਲ ਮੈਂ ਸਾਰਾ ਜਾਣਦਾ ਤਾਂ ਹਾਂ ਪਰ ਤੇਰੀ ਤਸੱਲੀ ਵਾਸਤੇ ਮੈਂ ਤੈਨੂੰ ਅੱਗੇ ਭੇਜਦਾ ਹਾਂ। ਇਥੋਂ ੧੦ ਕੋਹ ਪਰ ਜਾਉ, ਅੱਗੇ ਰਾਜ ਦਰਬਾਰ ਆਵੇਗਾ। ਉਥੇ ਰਾਜੇ ਦੇ ਘਰ ਲੜਕਾ ਜੰਮਿਆ ਹੋਵੇਗਾ, ਉਹ ਦੁੱਧ ਨਹੀਂ ਪੀਵੇਗਾ। ਤੁਸੀਂ ਉਸ ਨੂੰ ਦੁੱਧ ਪਿਲਾ ਕੇ ਪੁੱਛਣਾ, ਉਹ ਤੁਹਾਡੇ ਸਵਾਲ ਦਾ ਜਵਾਬ ਦੇਵੇਗਾ। ਉਸਦੇ ਕਹੇ ਅਨੁਸਾਰ ਜਦੋਂ ਰਾਜਾ ਪਹੁੰਚਿਆ ਤਾਂ ਕੀ ਵੇਖਿਆ ਕਿ ਰਾਜੇ ਦਾ ਲੜਕਾ ਦੁੱਧ ਨਹੀਂ ਪੀਂਦਾ।

ਉਸੀ ਵੇਲੇ ਰਾਜੇ ਬਿਕਰਮਾਜੀਤ ਨੇ ਦੁੱਧ ਪਿਲਾ ਕੇ ਉਸ ਤੋਂ ਪੁੱਛਿਆ, ਮੈਂ ਕਿਸ ਪੁੰਨ ਦੇ ਫਲ ਕਰਕੇ ਇਤਨਾ ਪ੍ਰਤਾਪੀ ਰਾਜਾ ਹੋਇਆ ਹਾਂ ? ਬੱਚੇ ਨੇ ਪਹਿਲੇ ਜਨਮ ਦਾ ਸਾਰਾ ਹਾਲ ਸੁਣਾਇਆ—ਹੇ ਰਾਜਨ ਇਕ ਤੂੰ, ਦੂਜਾ ਮੈਂ ਅਤੇ ਦੋਵੇਂ ਰਿਸ਼ੀ ਜੋ ਰਸਤੇ ਵਿਚ ਤੁਹਾਨੂੰ ਮਿਲੇ ਸਨ। ਅਸੀਂ ਚਾਰੇ ਮਿਲ ਕੇ ਬੀਆਬਾਨ ਜੰਗਲ ਵਿਚ ਤਪ ਕਰ ਰਹੇ ਸਾਂ। ਜਿਸ ਪ੍ਰੋਹਿਤ ਦੀ ਲੜਕੀ ਨੇ ਤੁਹਾਨੂੰ ਭੇਜਿਆ ਹੈ, ਉਸ ਵੇਲੇ ਉਹ ਬਾਨ ਪ੍ਰਸਤ ਦੀ ਇਸਤਰੀ, ਗੰਗਾ ਦੇ ਕਿਨਾਰੇ ਰਹਿੰਦੀ ਸੀ। ਉਹ ਦੋ ਦੋ ਰੋਟੀਆਂ ਸਾਨੂੰ ਚਾਰਾਂ ਨੂੰ ਦੇ ਜਾਂਦੀ ਸੀ, ਬਾਕੀ ਫਲ ਫੁੱਲ ਖਾ ਕੇ ਅਸੀਂ ਆਪਣਾ ਗੁਜ਼ਾਰਾ ਕਰਦੇ ਸਾਂ। ਕਾਫ਼ੀ ਸਮਾਂ ਤਪ ਕਰਦਿਆਂ ਗੁਜ਼ਰ ਗਿਆ, ਇਕ ਦਿਨ ਪਰਮੇਸ਼ਰ ਜੀ ਬੁੱਢੇ ਬ੍ਰਾਹਮਣ ਦਾ ਰੂਪ ਧਾਰ ਕੇ ਸਾਡੀ ਪ੍ਰੀਖਿਆ ਲੈਣ ਵਾਸਤੇ ਆਏ।

ਪਹਿਲੇ ਉਸ ਅੱਗ ਖਾਣ ਵਾਲੇ ਮਹਾਤਮਾ ਦੀ ਕੁਟੀਆ ਪਾਸ ਜਾ ਕੇ ਕਿਹਾ ਕਿ ਮੈਂ ਤਿੰਨ ਦਿਨ ਦਾ ਭੁੱਖਾ ਬ੍ਰਾਹਮਣ ਹਾਂ, ਮੈਨੂੰ ਰਜਾ ਕੇ ਰੋਟੀ ਖੁਆਉ ਕਿਉਂਕਿ ਮੈਂ ਇਕ ਵਾਰ ਹੀ ਰੋਟੀ ਖਾਂਦਾ ਹਾਂ। ਉਸ ਸੰਤ ਨੇ ਕਿਹਾ, ਮੈਂ ਵੀ ਸਾਰੇ ਦਿਨ ਦਾ ਭੁੱਖਾ ਹਾਂ, ਇਕ ਆਪ ਲੈ ਲਵੋ ਤੇ ਦੂਜੀ ਮੈਂ ਖਾ ਲੈਂਦਾ ਹਾਂ, ਬ੍ਰਾਹਮਣ ਨਾ ਮੰਨਿਆ, ਫੇਰ ਡੇਢ ਰੋਟੀ ਕਿਹਾ, ਫਿਰ ਵੀ ਨਾ ਮੰਨਿਆ ਤਾਂ ਮਹਾਤਮਾ ਨੇ ਗੁੱਸੇ ਵਿਚ ਆ ਕੇ ਕਿਹਾ, ਜੇ ਦੋਵੇਂ ਰੋਟੀਆਂ ਤੈਨੂੰ ਦੇ ਦਿੱਤੀਆਂ ਤਾਂ ਮੈਂ ਅੱਗ ਖਾਵਾਂਗਾ, ਤਾਂ ਉਸ ਬ੍ਰਾਹਮਣ ਨੇ ਕਿਹਾ—'ਤਥਾ ਅਸਤੂ' ! ਇਸ ਲਈ ਉਸ ਦਿਨ ਤੋਂ ਉਹ ਸੰਤ ਅੱਗ ਦੇ ਅੰਗਾਰ ਖਾ ਰਿਹਾ ਹੈ। ਫਿਰ ਉਸ ਬ੍ਰਾਹਮਣ ਨੇ ਦੂਸਰੇ ਮਹਾਤਮਾ ਕੋਲ ਜਾ ਕੇ ਉਸੇ ਤਰ੍ਹਾਂ ਕੀਤਾ ਤਾਂ ਉਸ ਸੰਤ ਨੇ ਕਿਹਾ—ਜੇਕਰ ਦੋਵੇਂ ਰੋਟੀਆਂ ਤੈਨੂੰ ਦੇ ਦਿਆਂ ਤਾਂ ਕੀ ਮੈਂ ਸੁਆਹ ਖਾਵਾਂਗਾ, ਬ੍ਰਾਹਮਣ ਨੇ ਕਿਹਾ—'ਤਥਾ ਅਸਤੂ' ਉਸ ਦਿਨ ਤੋਂ ਉਹ ਸੁਆਹ ਖਾ ਰਿਹਾ ਹੈ।

ਜਿਸ ਵੇਲੇ ਉਹ ਮੇਰੇ ਪਾਸ ਆਇਆ ਤਾਂ ਮੈਂ ਉਸ ਨੂੰ ਡੇਢ ਰੋਟੀ ਦੇਣ ਵਾਸਤੇ ਕਿਹਾ, ਪਰ ਬ੍ਰਾਹਮਣ ਨਾ ਮੰਨਿਆ ਤਾਂ ਮੈਂ ਕਿਹਾ ਕਿ ਤੈਨੂੰ ਰੋਟੀਆਂ ਦੇ ਕੇ ਮੈਂ ਭੁੱਖਾ ਮਰ ਜਾਵਾਂ, ਉਸ ਨੇ ਕਿਹਾ—'ਤਥਾ ਅਸਤੂ' ਮੈਂ ਜੰਮਦਾ ਭੁੱਖਾ ਮਰਦਾ ਰਹਿੰਦਾ ਹਾਂ।

ਫਿਰ ਉਸ ਬ੍ਰਾਹਮਣ ਨੇ ਆਪ ਜੀ ਪਾਸੋਂ ਆ ਕੇ ਮੰਗਿਆ, ਤੁਸੀਂ ਆਸਣ ਵਿਛਾ ਕੇ ਉਸ ਨੂੰ ਬੜੇ ਸਤਿਕਾਰ ਨਾਲ ਬਿਠਾਇਆ, ਦੋਵੇਂ ਰੋਟੀਆਂ ਅਤੇ ਫਲ ਵਗੈਰਾ ਲਿਆ ਕੇ ਉਸ ਅੱਗੇ ਰੱਖੇ, ਬ੍ਰਾਹਮਣ ਬੜਾ ਖ਼ੁਸ਼ ਹੋਇਆ, ਜਾਂਦਿਆਂ ਵਰ ਦਿੱਤਾ ਕਿ ਆਪ ਅਗਲੇ ਜਨਮ ਵਿਚ ਬੜੇ ਪ੍ਰਤਾਪੀ ਧਰਮਾਤਮਾ ਰਾਜਾ ਹੋਵੋਗੇ। ਫਿਰ ਆਪ ਗਿਆਨਵਾਨ ਹੋ ਕੇ ਮੁਕਤ ਹੋ ਜਾਉਗੇ, ਪੁੰਨ ਦਾ ਇਤਨਾ ਪ੍ਰਤਾਪ ਹੈ।

## ਜਿਹ ਪ੍ਰਸਾਦਿ ; ਤੂ ਆਚਾਰ ਬਿਉਹਾਰੀ ॥ ਤਿਸੁ ਪ੍ਰਭ ਕਉ ; ਸਾਸਿ ਸਾਸਿ ਚਿਤਾਰੀ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਨਾਲ ਤੂੰ ਆਚਾਰ = ਸ੍ਰੇਸ਼ਟਾਚਾਰ ਵਾਲੇ ਕਰਤੱਬਾਂ ਦੇ ਬਿਉਹਾਰੀ = ਵਿਹਾਰ ਕਰਨ ਵਾਲਾ ਹੈਂ, ਭਾਵ ਚੰਗੇ ਕੰਮ ਕਰਨ ਵਾਲਾ ਹੈਂ। ਤਿਸੁ = ਉਸ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਸਾਸਿ ਸਾਸਿ = ਸ੍ਵਾਸ ਸ੍ਵਾਸ ਚਿਤਾਰੀ = ਚੇਤੇ ਕਰ।

## ਜਿਹ ਪ੍ਰਸਾਦਿ; ਤੇਰਾ ਸੁੰਦਰ ਰੂਪੁ ॥ ਸੋ ਪ੍ਰਭੁ ਸਿਮਰਹੁ; ਸਦਾ ਅਨੂਪੁ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਨਾਲ ਤੇਰਾ ਸੁੰਦਰ = ਸੋਹਣਾ ਰੂਪੁ = ਸਰੂਪ ਹੈ। ਸੋ = ਉਸ ਪ੍ਰਭੁ = ਹਰੀ ਵਾਹਿਗੁਰੂ ਨੂੰ ਸਿਮਰਹੁ = ਸਿਮਰਨਾ ਭਾਵ ਯਾਦ ਕਰਨਾ ਕਰ। ਜੋ ਸਦਾ = ਹਮੇਸ਼ਾਂ ਹੀ ਅਨੂਪੁ = ਉਪਮਾ ਤੋਂ ਰਹਿਤ ਹੈ।

## ਜਿਹ ਪ੍ਰਸਾਦਿ; ਤੇਰੀ ਨੀਕੀ ਜਾਤਿ ॥ ਸੋ ਪ੍ਰਭੁ ਸਿਮਰਿ; ਸਦਾ ਦਿਨ ਰਾਤਿ ॥

ਜਿਹ = ਜਿਸ ਦੀ ਪ੍ਰਸਾਦਿ = ਕਿਰਪਾ ਕਰ ਕੇ ਤੇਰੀ ਮਨੁੱਖ ਜਾਤਿ = ਜਾਤੀ ਸਭ ਤੋਂ ਨੀਕੀ = ਭਲੀ ਹੈ, ਭਾਵ ਉੱਤਮ ਹੈ। ਸੋ = ਉਸ ਪ੍ਰਭੁ = ਹਰੀ ਵਾਹਿਗੁਰੂ ਨੂੰ ਦਿਨ ਰਾਤੀਂ ਸਦਾ = ਹਮੇਸ਼ਾਂ ਸਿਮਰਿ = ਸਿਮਰਨਾ ਕਰ।

## ਜਿਹ ਪ੍ਰਸਾਦਿ; ਤੇਰੀ ਪਤਿ ਰਹੈ ॥ ਗੁਰ ਪ੍ਰਸਾਦਿ; ਨਾਨਕ ਜਸੁ ਕਹੈ ॥੫॥

ਜਿਹ = ਜਿਸ ਦੀ ਪ੍ਰਸਾਦਿ = ਕਿਰਪਾ ਕਰ ਕੇ ਤੇਰੀ ਸੰਸਾਰ ਵਿਚ ਪਤਿ = ਇੱਜ਼ਤ ਰਹੈ = ਰਹਿੰਦੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਾਂ ਦੀ ਪ੍ਰਸਾਦਿ = ਕਿਰਪਾ ਨਾਲ ਉਸ ਵਾਹਿਗੁਰੂ ਦੀ ਜਸੁ = ਵਡਿਆਈ ਕਹੈ = ਕਹਿਣਾ ਕਰ ॥੫॥

## ਜਿਹ ਪ੍ਰਸਾਦਿ; ਸੁਨਹਿ ਕਰਨ ਨਾਦ ॥ ਜਿਹ ਪ੍ਰਸਾਦਿ; ਪੇਖਹਿ ਬਿਸਮਾਦ ॥

ਜਿਹ = ਜਿਸ ਦੀ ਪ੍ਰਸਾਦਿ = ਕਿਰਪਾ ਕਰ ਕੇ ਤੂੰ ਕਰਨ = ਕੰਨਾਂ ਨਾਲ ਨਾਦ = ਸ਼ਬਦ ਸੁਨਹਿ = ਸੁਣਦਾ ਹੈਂ। ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰ ਕੇ ਤੂੰ ਬਿਸਮਾਦ = ਅਸਚਰਜ ਰੂਪ ਰਚਨਾ ਨੂੰ ਪੇਖਹਿ = ਦੇਖਦਾ ਹੈਂ। ਜੈਸਾ ਕਿ :

**ਬਲਿਹਾਰੀ ਕੁਦਰਤਿ ਵਸਿਆ ॥**
**ਤੇਰਾ ਅੰਤੁ ਨ ਜਾਈ ਲਖਿਆ ॥੧॥ਰਹਾਉ॥** *(ਅੰਗ ੪੬੯)*

## ਜਿਹ ਪ੍ਰਸਾਦਿ; ਬੋਲਹਿ ਅੰਮ੍ਰਿਤ ਰਸਨਾ ॥
## ਜਿਹ ਪ੍ਰਸਾਦਿ; ਸੁਖਿ ਸਹਜੇ ਬਸਨਾ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰ ਕੇ ਅੰਮ੍ਰਿਤ ਰੂਪ ਮਿੱਠੇ ਬਚਨ ਤੂੰ ਰਸਨਾ = ਜੀਭਾ ਦੁਆਰਾ ਬੋਲਹਿ = ਬੋਲਦਾ ਹੈਂ। ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰ ਕੇ ਤੇਰਾ ਸਹਜੇ = ਸੁਤੇ-ਸਿਧ ਹੀ ਸੁੱਖਾਂ ਵਿਚ ਬਸਨਾ = ਵਸਣਾ ਹੋ ਰਿਹਾ ਹੈ।

## ਜਿਹ ਪ੍ਰਸਾਦਿ; ਹਸਤ ਕਰ ਚਲਹਿ ॥ ਜਿਹ ਪ੍ਰਸਾਦਿ; ਸੰਪੂਰਨ ਫਲਹਿ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰ ਕੇ ਹਸਤ = ਹੱਥਾਂ ਨਾਲ ਕੰਮ ਕਰ ਸਕਦਾ ਹੈਂ ਤੇ ਪੈਰਾਂ ਨਾਲ ਚਲਹਿ = ਚੱਲਣਾ ਕਰਦਾ ਹੈਂ **ਵਾ:** ਹਸਤ = ਹੱਥਾਂ ਨਾਲ ਪੁੰਨ ਦਾਨ ਕਰਨਾ ਕਰ ਤੇ ਪੈਰਾਂ ਨਾਲ ਚੱਲ ਕੇ ਸਤਿਸੰਗਤ ਵਿਚ ਜਾਣਾ ਕਰ। ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਨਾਲ ਸੰਪੂਰਨ = ਸਾਰਿਆਂ ਫਲਾਂ ਕਰ ਕੇ ਫਲਹਿ = ਫਲੀਭੂਤ ਹੋ ਰਿਹਾ ਹੈਂ, ਭਾਵ ਪ੍ਰਫੁੱਲਤ ਹੋ ਰਿਹਾ ਹੈਂ।

## ਜਿਹ ਪ੍ਰਸਾਦਿ; ਪਰਮ ਗਤਿ ਪਾਵਹਿ ॥
## ਜਿਹ ਪ੍ਰਸਾਦਿ; ਸੁਖਿ ਸਹਜਿ ਸਮਾਵਹਿ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰ ਕੇ ਤੂੰ ਪਰਮ ਗਤਿ = ਕੈਵਲ ਮੁਕਤੀ ਨੂੰ

ਪਾਵਹਿ = ਪਾਵੇਂਗਾ। ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰ ਕੇ ਸਹਜਿ = ਸੁਤੇਸਿਧ ਸੁਖ ਸਰੂਪ ਵਿਚ ਸਮਾਵਹਿ = ਸਮਾ ਜਾਵੇਂਗਾ।

## ਐਸਾ ਪ੍ਰਭੁ ਤਿਆਗਿ; ਅਵਰ ਕਤ ਲਾਗਹੁ ॥
## ਗੁਰ ਪ੍ਰਸਾਦਿ; ਨਾਨਕ ਮਨਿ ਜਾਗਹੁ ॥੬॥

ਐਸਾ = ਅਜਿਹੇ ਪ੍ਰਭੁ = ਹਰੀ ਵਾਹਿਗੁਰੂ ਨੂੰ ਤਿਆਗਿ = ਛੱਡ ਕੇ ਅਵਰ = ਹੋਰ ਪਾਸੇ ਕਤ = ਕਿਉ ਲਾਗਹੁ = ਲੱਗਦਾ ਹੈਂ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸ ਕਰਕੇ ਹੇ ਮਨਾਂ! ਤੂੰ ਗੁਰ ਪ੍ਰਸਾਦਿ = ਗੁਰਾਂ ਦੀ ਕਿਰਪਾ ਦੁਆਰਾ ਗਿਆਨ ਅਵਸਥਾ ਵਿਚ ਜਾਗਹੁ = ਜਾਗਣਾ ਕਰ॥੬॥

## ਜਿਹ ਪ੍ਰਸਾਦਿ; ਤੂੰ ਪ੍ਰਗਟੁ ਸੰਸਾਰਿ ॥
## ਤਿਸੁ ਪ੍ਰਭ ਕਉ; ਮੂਲਿ ਨ ਮਨਹੁ ਬਿਸਾਰਿ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰ ਕੇ ਤੂੰ ਸੰਸਾਰਿ = ਜਗਤ ਵਿਚ ਪ੍ਰਗਟੁ = ਜ਼ਾਹਰ ਹੈਂ। ਹੇ ਮਨਾਂ! ਤਿਸੁ = ਉਸ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ 'ਚੋਂ ਮੂਲਿ = ਕਦਾਚਿਤ ਵੀ ਨਾ ਬਿਸਾਰਿ = ਭੁਲਾਉਣਾ ਕਰ।

## ਜਿਹ ਪ੍ਰਸਾਦਿ; ਤੇਰਾ ਪਰਤਾਪੁ ॥ ਰੇ ਮਨ ਮੂੜ; ਤੂ ਤਾ ਕਉ ਜਾਪੁ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰ ਕੇ ਤੇਰਾ ਪ੍ਰਤਾਪ = ਤੇਜ ਪ੍ਰਭਾਵ ਹੈ। ਰੇ = ਹੇ ਮੂੜ = ਮੂਰਖ ਮਨਾਂ! ਤੂੰ ਤਾ ਕਉ = ਉਸ ਹਰੀ ਵਾਹਿਗੁਰੂ ਦੇ ਨਾਮ ਨੂੰ ਜਾਪ = ਜਪਣਾ ਕਰ।

## ਜਿਹ ਪ੍ਰਸਾਦਿ; ਤੇਰੇ ਕਾਰਜ ਪੂਰੇ ॥ ਤਿਸਹਿ ਜਾਨੁ; ਮਨ ਸਦਾ ਹਜੂਰੇ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰ ਕੇ ਤੇਰੇ ਸਾਰੇ ਕਾਰਜ = ਕੰਮ ਪੂਰੇ ਹੁੰਦੇ ਹਨ। ਹੇ ਮਨਾਂ! ਤਿਸਹਿ = ਉਸ ਹਰੀ ਵਾਹਿਗੁਰੂ ਨੂੰ ਸਦਾ = ਹਮੇਸ਼ਾਂ ਹਜੂਰੇ = ਹਾਜ਼ਰ ਨਾਜ਼ਰ ਜਾਨੁ = ਜਾਨਣਾ ਕਰ।

## ਜਿਹ ਪ੍ਰਸਾਦਿ; ਤੂੰ ਪਾਵਹਿ ਸਾਚੁ ॥ ਰੇ ਮਨ ਮੇਰੇ; ਤੂੰ ਤਾ ਸਿਉ ਰਾਚੁ ॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰ ਕੇ ਤੂੰ ਸਾਚੁ = ਸਚਿਆਈ ਪਾਵਹਿ = ਪਾਉਂਦਾ ਹੈਂ **ਵਾ:** ਉਸ ਦੇ ਸਾਚੁ = ਸੱਚ ਸਰੂਪ ਨੂੰ ਪਾਵਹਿ = ਪਾਉਂਦਾ ਹੈਂ। ਰੇ = ਹੇ ਮੇਰੇ ਮਨਾਂ! ਤੂੰ ਉਸ ਹਰੀ ਸਿਉ = ਨਾਲ ਰਾਚੁ = ਰਚਨਾ ਕਰ।

## ਜਿਹ ਪ੍ਰਸਾਦਿ; ਸਭ ਕੀ ਗਤਿ ਹੋਇ ॥
## ਨਾਨਕ; ਜਾਪੁ ਜਪੈ ਜਪੁ ਸੋਇ ॥੭॥

ਜਿਹ = ਜਿਸ ਵਾਹਿਗੁਰੂ ਦੀ ਪ੍ਰਸਾਦਿ = ਕਿਰਪਾ ਕਰ ਕੇ ਸਭ ਜੀਵਾਂ ਕੀ = ਦੀ ਗਤਿ = ਕਲਿਆਣ ਹੋਇ = ਹੁੰਦੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋਇ = ਉਸ ਜਾਪੁ = ਜਪਣ ਯੋਗ ਦੇ ਜਪ ਨੂੰ ਜਪੈ = ਜਪਣਾ ਕਰ **ਵਾ:** ਜੋ ਜਪਣੇ ਯੋਗ ਹਰੀ ਹੈ, ਸੋਇ = ਉਸ ਦੇ ਜਾਪ ਨੂੰ ਜੋ ਮਨ, ਬਾਣੀ, ਸਰੀਰ ਕਰ ਕੇ ਜਪਣਾ ਕਰਦੇ ਹਨ, ਉਨ੍ਹਾਂ ਦੇ ਸਾਰੇ ਪਾਪ ਜਪਤ ਹੋ ਜਾਂਦੇ ਹਨ **ਵਾ:** ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਉਸਦੇ ਜਾਪ ਨੂੰ ਜਪਦੇ ਹਾਂ ਤੁਸੀਂ ਵੀ ਉਸੇ ਨੂੰ ਜਪਣਾ ਕਰੋ॥੭॥

## ਆਪਿ ਜਪਾਏ; ਜਪੈ ਸੋ ਨਾਉ ॥ ਆਪਿ ਗਾਵਾਏ; ਸੁ ਹਰਿ ਗੁਨ ਗਾਉ ॥

ਜਿਨ੍ਹਾਂ ਨੂੰ ਪਰਮੇਸ਼ਰ ਆਪ ਨਾਮ ਜਪਾਏ = ਜਪਾਉਂਦਾ ਹੈ, ਸੋ = ਉਹੀ ਜੀਵ ਨਾਮ ਨੂੰ ਜਪੈ = ਜਪਦਾ ਹੈ। ਜਿਨ੍ਹਾਂ ਤੋਂ ਆਪ ਕੀਰਤਨ ਰਾਹੀਂ ਗੁਣਾਂ ਨੂੰ ਗਾਵਾਏ = ਗਵਾਉਂਦਾ ਹੈ, ਸੁ = ਉਹੋ ਹੀ ਹਰਿ = ਹਰੀ ਵਾਹਿਗੁਰੂ ਦੇ ਗੁਨ = ਗੁਣਾਂ ਨੂੰ ਗਾਉ = ਗਾਉਣਾ ਕਰਦਾ ਹੈ।

[ਅੰਗ ੨੭੧]

## ਪ੍ਰਭ ਕਿਰਪਾ ਤੇ; ਹੋਇ ਪ੍ਰਗਾਸੁ ॥ ਪ੍ਰਭੂ ਦਇਆ ਤੇ; ਕਮਲ ਬਿਗਾਸੁ ॥

ਪ੍ਰਭ = ਹਰੀ ਵਾਹਿਗੁਰੂ ਦੀ ਕਿਰਪਾ = ਮਿਹਰ ਤੇ = ਤੋਂ ਹੀ ਗਿਆਨ ਦਾ ਪ੍ਰਗਾਸੁ = ਚਾਨਣਾ ਹੁੰਦਾ ਹੈ। ਪ੍ਰਭੂ = ਹਰੀ ਵਾਹਿਗੁਰੂ ਦੀ ਦਇਆ = ਦਿਆਲਤਾ ਤੇ = ਤੋਂ ਹੀ ਰਿਦੇ ਰੂਪ ਕਮਲ = ਕੌਲ ਬਿਗਾਸੁ = ਖੇੜੇ ਵਿਚ ਆਉਂਦਾ ਹੈ **ਵਾ**: ਕਰੁਣਾ, ਮੈਤਰੀ, ਰੂਪ ਪੰਖੜੀਆਂ ਖਿੜਦੀਆਂ ਹਨ, ਭਗਤੀ ਰੂਪ ਖ਼ੁਸ਼ਬੂ ਆਉਂਦੀ ਹੈ ਤੇ ਅੰਦਰ ਗਿਆਨ ਬਿਗਾਸੁ = ਪ੍ਰਫੁੱਲਤ ਹੁੰਦਾ ਹੈ।

## ਪ੍ਰਭ ਸੁਪ੍ਰਸੰਨ; ਬਸੈ ਮਨਿ ਸੋਇ ॥
## ਪ੍ਰਭ ਦਇਆ ਤੇ; ਮਤਿ ਊਤਮ ਹੋਇ ॥

ਜਿਨ੍ਹਾਂ 'ਤੇ ਆਪ ਪ੍ਰਭ = ਹਰੀ ਵਾਹਿਗੁਰੂ ਸੁ = ਵਿਸ਼ੇਸ਼ ਕਰ ਕੇ ਪ੍ਰਸੰਨ = ਖ਼ੁਸ਼ ਹੁੰਦਾ ਹੈ **ਵਾ**: ਅਤਿ ਆਨੰਦ ਦੇ ਸਹਿਤ ਹੁੰਦਾ ਹੈ, ਸੋਇ = ਉਨ੍ਹਾਂ ਦੇ ਮਨਿ = ਅੰਤਸ਼ਕਰਣ ਵਿਚ ਆਪ ਬਸੈ = ਵੱਸਦਾ ਹੈ। ਪ੍ਰਭ = ਹਰੀ ਵਾਹਿਗੁਰੂ ਦੀ ਦਇਆ = ਦਿਆਲਤਾ ਤੇ = ਤੋਂ ਹੀ ਮਤਿ = ਬੁੱਧੀ ਊਤਮ = ਸ੍ਰੇਸ਼ਟ ਹੋਇ = ਹੁੰਦੀ ਹੈ। ਜੈਸਾ ਕਿ :

**ਊਤਮ ਮਤਿ ਮੇਰੈ ਰਿਦੈ ਤੂੰ ਆਉ ॥**
**ਧਿਆਵਉ ਗਾਵਉ ਗੁਣ ਗੋਵਿੰਦਾ ਅਤਿ ਪ੍ਰੀਤਮ ਮੋਹਿ ਲਾਗੈ ਨਾਉ ॥੧॥ਰਹਾਉ॥** *(ਅੰਗ ੩੭੭)*

## ਸਰਬ ਨਿਧਾਨ; ਪ੍ਰਭ ਤੇਰੀ ਮਇਆ ॥
## ਆਪਹੁ; ਕਛੂ ਨ ਕਿਨਹੂ ਲਇਆ ॥

ਹੇ ਪ੍ਰਭ = ਹਰੀ ਵਾਹਿਗੁਰੂ ਸਰਬ = ਸਾਰੇ ਨਿਧਾਨ = ਖ਼ਜ਼ਾਨੇ ਤੇਰੀ ਮਇਆ = ਕਿਰਪਾ ਦ੍ਰਿਸ਼ਟੀ ਕਰ ਕੇ ਪ੍ਰਾਪਤ ਹੁੰਦੇ ਹਨ।

ਆਪਹੁ = ਆਪਣੇ ਆਪ ਕਿਨਹੂ = ਕਿਸੇ ਜੀਵ ਨੇ ਕਛੂ = ਕੁਝ ਵੀ ਨ = ਨਹੀਂ ਲਇਆ = ਲੈਣਾ ਕੀਤਾ।

## ਜਿਤੁ ਜਿਤੁ ਲਾਵਹੁ; ਤਿਤੁ ਲਗਹਿ ਹਰਿ ਨਾਥ ॥
## ਨਾਨਕ; ਇਨ ਕੈ, ਕਛੂ ਨ ਹਾਥ ॥੮॥੬॥

ਹੇ ਹਰਿ = ਹਰੀ ਵਾਹਿਗੁਰੂ ਸਰਬ ਕੇ ਨਾਥ = ਸੁਆਮੀ ! ਜਿਤੁ ਜਿਤੁ = ਜਿਸ ਜਿਸ ਪਾਸੇ ਤੁਸੀਂ ਜੀਵ ਨੂੰ ਲਾਵਹੁ = ਲਾਉਂਦੇ ਹੋ, ਤਿਤੁ = ਉਸ ਪਾਸੇ ਜੀਵ ਲੱਗਦੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਹ ਜੀਵ ਤਾਂ ਅਲਪਗਤਾ ਦੇ ਮਾਰੇ ਹਨ, ਇਨ = ਇਨ੍ਹਾਂ ਕੈ = ਦੇ ਤਾਂ ਕਛੂ = ਕੁਝ ਵੀ ਹਾਥ = ਹੱਥ ਨਹੀਂ ਹੈ ॥੮॥੬॥

(ਛੇਵੀਂ ਅਸਟਪਦੀ ਵਿਚ ਪੂਰੇ ਅੱਖਰ ੧੦੭੫, ਪੈਰਾਂ ਵਾਲੇ ਰਾਰੇ ੬੪, ਤੇ ਪੈਰਾਂ ਵਾਲੇ ਵਾਵੇ ਅੱਖਰ ੧, ਕੁੱਲ ਅੱਖਰ ੧੧੪੦ ਹਨ)

## ਸਲੋਕੁ ॥

## ਅਗਮ ਅਗਾਧਿ; ਪਾਰਬ੍ਰਹਮੁ ਸੋਇ ॥ ਜੋ ਜੋ ਕਹੈ; ਸੁ ਮੁਕਤਾ ਹੋਇ ॥

ਸੋਇ = ਉਹ ਪਾਰਬ੍ਰਹਮੁ = ਪਾਪਾਂ ਪੁੰਨਾਂ ਤੋਂ ਪਰ੍ਹੇ, ਸਾਰਿਆਂ ਦੀ ਪਰੋਖ ਅਪਰੋਖ ਹੋ ਕੇ ਪਾਲਣ ਕਰਨ ਵਾਲਾ ਬ੍ਰਹਮ = ਵਿਆਪਕ ਸਰੂਪ ਪਰਮੇਸ਼ਰ ਅਗਮ = ਅਪਹੁੰਚ ਤੇ ਅਗਾਧਿ = ਬੇਅੰਤ ਡੂੰਘਾ ਹੈ। ਜੋ ਜੋ ਜੀਵ ਉਸ ਦੇ ਨਾਮ ਤਾਈਂ ਕਹੈ = ਕਹਿਣਾ ਭਾਵ ਜੱਪਣਾ ਕਰਦਾ ਹੈ ਸੁ = ਉਹ ਮੁਕਤਾ = ਮੁਕਤੀ ਨੂੰ ਪ੍ਰਾਪਤ ਹੋਇ = ਹੁੰਦਾ ਹੈ।

## ਸੁਨਿ ਮੀਤਾ; ਨਾਨਕੁ ਬਿਨਵੰਤਾ ॥ ਸਾਧ ਜਨਾ ਕੀ; ਅਚਰਜ ਕਥਾ ॥੧॥

ਸਤਿਗੁਰੂ ਜੀ ਬਿਨਵੰਤਾ = ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਹੇ ਮੀਤਾ = ਮਿੱਤਰਾ ਸੁਨਿ = ਸੁਣਨਾ ਕਰ। ਸਾਧ = ਸ੍ਰੇਸ਼ਟ ਜਨਾ = ਪੁਰਖਾਂ ਕੀ = ਦੀ ਅਚਰਜ = ਅਨੋਖੀ ਭਾਵ ਅਸਚਰਜਤਾ ਵਾਲੀ ਕਥਾ ਹੈ **ਵਾ:** ਜਿਨ੍ਹਾਂ ਨੇ ਆਪਣੇ ਮਨ ਨੂੰ ਸਾਧ = ਸਾਧਿਆ ਹੈ, ਸੰਗਤਾਂ ਦੀ ਇਕੱਤਰਤਾ ਕਰ ਕੇ ਸਾਧ ਬਣ ਜਾਂਦੇ ਹਨ, ਉਨ੍ਹਾਂ ਦੀ ਅਚਰਜ = ਅਸਚਰਜ ਕਥਾ ਸ੍ਰਵਨ ਕਰ ॥੧॥

***ਨੋਟ :*** 'ਕਥਾ' ਸ਼ਬਦ ਦੇ ਅਰਥ—ਕ = ਸ਼ਬਦ, ਧੁਨ, ਪ੍ਰਕਾਸ਼ (ਚਾਨਣ) ਥਾ = ਥਾਂ ਟਿਕਾਣਾ, ਕਥਾ = ਜਿਹੜੀ ਜਗ੍ਹਾ ਵਿਚ ਪਰਮੇਸ਼ਰ ਦੇ ਮਿਲਣ ਦੀ ਅਵਾਜ਼ ਆ ਰਹੀ ਹੋਵੇ, ਐਸੀ ਅਵਾਜ਼ ਜਿਹੜੀ ਰੱਬ ਦੇ ਪਾਸੋਂ ਆ ਰਹੀ ਹੈ, ਉਸ ਨੂੰ ਕਥਾ ਕਹਿੰਦੇ ਹਨ **ਵਾ:** ਕਥਾ = ਜਿਸ ਥਾਂ ਤੋਂ ਸਾਨੂੰ ਗਿਆਨ ਦਾ ਪ੍ਰਕਾਸ਼ ਹੋ ਜਾਵੇ **ਵਾ:** ਕਥਾ = ਕਿਸੇ ਵਾਕ ਦੇ ਅਰਥ ਦਾ ਵਰਣਨ।

## ਅਸਟਪਦੀ ॥ ਸਾਧ ਕੈ ਸੰਗਿ; ਮੁਖ ਊਜਲ ਹੋਤ ॥ ਸਾਧਸੰਗਿ; ਮਲੁ ਸਗਲੀ ਖੋਤ ॥

ਸਾਧ = ਸਾਧੂਆਂ ਦੀ ਸੰਗਿ = ਸੰਗਤ ਕੈ = ਕਰਕੇ ਲੋਕ ਪਰਲੋਕ ਵਿਚ ਮੁਖ = ਮੂੰਹ ਊਜਲ = ਨਿਰਮਲ ਹੋਤ = ਹੁੰਦਾ ਹੈ **ਵਾ:** ਅੰਤਹਕਰਣ ਵਿਕਾਰਾਂ ਤੋਂ ਰਹਿਤ ਹੋ ਕੇ ਉੱਜਲਾ ਹੋ ਜਾਂਦਾ ਹੈ। ਸਾਧਸੰਗਿ = ਸਾਧੂਆਂ ਦੇ ਸੰਗ ਮਿਲਣੇ ਕਰ ਕੇ ਸਾਰੀ ਪਾਪਾਂ ਰੂਪ ਮਲੁ = ਮੈਲ ਖੋਤ = ਖੋਈ ਜਾਂਦੀ ਹੈ।

## ਸਾਧ ਕੈ ਸੰਗਿ; ਮਿਟੈ ਅਭਿਮਾਨੁ ॥ ਸਾਧ ਕੈ ਸੰਗਿ; ਪ੍ਰਗਟੈ ਸੁਗਿਆਨੁ ॥

ਸਾਧ = ਸਾਧੂਆਂ ਦੀ ਸੰਗਿ = ਸੰਗਤ ਕੈ = ਕਰ ਕੇ ਦੇਹ ਦਾ ਅਭਿਮਾਨੁ = ਹੰਕਾਰ ਮਿਟੈ = ਨਾਸ ਹੋ ਜਾਂਦਾ ਹੈ। ਸਾਧ = ਸਾਧੂਆਂ ਦੀ ਸੰਗਤ ਨਾਲ ਮਿਲਣੇ ਕੈ = ਕਰਕੇ ਸੁ = ਸ੍ਰੇਸ਼ਟ ਗਿਆਨ ਸਰੂਪ ਦਾ ਪ੍ਰਗਟੈ = ਪ੍ਰਕਾਸ਼ ਹੁੰਦਾ ਹੈ।

## ਸਾਧ ਕੈ ਸੰਗਿ; ਬੁਝੈ ਪ੍ਰਭੁ ਨੇਰਾ ॥ ਸਾਧਸੰਗਿ; ਸਭੁ ਹੋਤ ਨਿਬੇਰਾ ॥

(**ਬੁੱਝੈ** ਦਾ ਉਚਾਰਨ ਅੱਧਕ ਸਹਿਤ ਹੈ)

ਸਾਧ = ਸਾਧੂਆਂ ਦੀ ਸੰਗਤ ਕੈ = ਕਰ ਕੇ ਪ੍ਰਭੁ = ਹਰੀ ਵਾਹਿਗੁਰੂ ਨੇਰਾ = ਨੇੜੇ ਬੁਝੈ = ਬੁਝ ਲਈਦਾ ਹੈ, ਭਾਵ ਨਿਰਣਾ ਕਰ ਕੇ ਸਰੂਪ ਨੂੰ ਸਮਝੀਦਾ ਹੈ। ਸਾਧਸੰਗਿ = ਸਾਧ ਸੰਗਤ ਕਰ ਕੇ ਸਭ = ਸਾਰੇ ਜਨਮਾਂ ਜਨਮਾਂਤਰਾਂ ਦੇ ਕਰਮਾਂ ਦਾ ਨਿਬੇਰਾ = ਨਿਬੇੜਾ ਹੋਤ = ਹੁੰਦਾ ਹੈ।

## ਸਾਧ ਕੈ ਸੰਗਿ; ਪਾਏ ਨਾਮ ਰਤਨੁ ॥ ਸਾਧ ਕੈ ਸੰਗਿ; ਏਕ ਊਪਰਿ ਜਤਨੁ ॥

ਸਾਧੂ ਦੀ ਸੰਗਤ ਕੈ = ਕਰਕੇ ਜੀਵ ਨਾਮ ਰੂਪ ਰਤਨ ਪਾਏ = ਪਾਉਂਦਾ ਹੈ। ਸਾਧੂਆਂ ਦੀ ਸੰਗਤ

ਕੈ = ਕਰਕੇ ਏਕ = ਇਕ ਮਨ ਊਪਰਿ = ਉੱਤੇ ਕਾਬੂ ਕਰਨ ਦਾ ਜਤਨੁ = ਉੱਦਮ ਕਰੀਦਾ ਹੈ **ਵਾ:** ਸਭ ਤੋਂ ਊਪਰਿ = ਉੱਤੇ ਜੋ ਏਕ = ਇਕ ਹਰੀ ਪਰਮੇਸ਼ਰ ਹੈ, ਉਸ ਦੀ ਪ੍ਰਾਪਤੀ ਦਾ ਜਤਨੁ = ਉੱਦਮ ਕਰੀਦਾ ਹੈ।

## ਸਾਧ ਕੀ ਮਹਿਮਾ; ਬਰਨੈ ਕਉਨੁ ਪ੍ਰਾਨੀ ॥
## ਨਾਨਕ ਸਾਧ ਕੀ ਸੋਭਾ; ਪ੍ਰਭ ਮਾਹਿ ਸਮਾਨੀ ॥੧॥

ਅਜਿਹਾ ਕਉਨੁ = ਕਿਹੜਾ ਪ੍ਰਾਣਾਧਾਰੀ ਜੀਵ ਹੈ ਜੋ ਸਾਧ = ਸ੍ਰੇਸ਼ਟ ਜਨਾ ਕੀ = ਦੀ ਮਹਿਮਾ = ਵਡਿਆਈ ਬਰਨੈ = ਵਰਣਨ ਕਰ ਸਕਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਧ = ਮਹਾਤਮਾ ਜਨਾਂ ਕੀ = ਦੀ ਸੋਭਾ = ਵਡਿਆਈ ਪ੍ਰਭ = ਹਰੀ ਵਾਹਿਗੁਰੂ ਮਾਹਿ = ਵਿਚ ਸਮਾਨੀ = ਸਮਾਈ ਭਾਵ ਮਿਲੀ ਹੋਈ ਹੈ ॥੧॥

## ਸਾਧ ਕੈ ਸੰਗਿ; ਅਗੋਚਰੁ ਮਿਲੈ ॥ ਸਾਧ ਕੈ ਸੰਗਿ; ਸਦਾ ਪਰਫੁਲੈ ॥

ਸਾਧੂ ਦੀ ਸੰਗਤ ਕੈ = ਕਰ ਕੇ ਜੋ ਅਗੋਚਰੁ = ਇੰਦ੍ਰੀਆਂ ਕਰ ਕੇ ਅਵਿਸ਼ੇ ਭਾਵ ਇੰਦ੍ਰੀਆਂ ਤੋਂ ਪਰ੍ਹੇ ਜੋ ਹਰੀ ਹੈ, ਜੋ ਨੇਤਰਾਂ ਨਾਲ ਵੇਖਿਆ ਨਹੀਂ ਜਾਂਦਾ, ਉਹ ਸੱਤਾ ਮਾਤਰ ਬ੍ਰਹਮ ਮਿਲੈ = ਪ੍ਰਾਪਤ ਹੋ ਜਾਂਦਾ ਹੈ। ਸਾਧੂਆਂ ਦੀ ਸੰਗਤ ਕੈ = ਕਰ ਕੇ ਮਨ ਸਦਾ = ਹਮੇਸ਼ਾਂ ਪਰਫੁਲੈ = ਖਿੜ ਜਾਂਦਾ ਹੈ **ਵਾ:** ਪਰਫੁਲੈ (ਪਰ+ਫੁਲੈ) ਪਰ = ਵਿਸ਼ੇਸ਼ ਕਰ ਕੇ ਫੁਲੈ = ਪ੍ਰਸੰਨ ਹੁੰਦਾ ਹੈ। ਜੈਸਾ ਕਿ :

**ਸਾਧ ਕ੍ਰਿਪਾ ਤੇ ਸੂਕਾ ਹਰਿਆ ॥** *(ਮਾਝ ਮ: ੫, ਅੰਗ ੧੦੨)*

## ਸਾਧ ਕੈ ਸੰਗਿ; ਆਵਹਿ ਬਸਿ ਪੰਚਾ ॥ ਸਾਧਸੰਗਿ; ਅੰਮ੍ਰਿਤ ਰਸੁ ਭੁੰਚਾ ॥

ਸਾਧੂਆਂ ਦੀ ਸੰਗਤ ਕੈ = ਕਰ ਕੇ ਪੰਚਾ = ਪੰਜੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਬਸਿ = ਵਸ ਵਿਚ ਆਵਹਿ = ਆ ਜਾਂਦੇ ਹਨ। ਸਾਧੂਆਂ ਦੇ ਸੰਗ ਕਰ ਕੇ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨੇ ਵਾਲੇ ਨਾਮ ਰਸ ਦੇ ਅਨੰਦ ਨੂੰ ਭੁੰਚਾ = ਮਾਣੀਦਾ ਹੈ, ਭਾਵ ਭੋਗੀਦਾ ਹੈ।

## ਸਾਧਸੰਗਿ; ਹੋਇ ਸਭ ਕੀ ਰੇਨ ॥ ਸਾਧ ਕੈ ਸੰਗਿ; ਮਨੋਹਰ ਬੈਨ ॥

ਸਾਧੂਆਂ ਦੀ ਸੰਗਤ ਦਾ ਇਹ ਫਲ ਹੈ ਕਿ ਮਨ ਸਭ = ਸਾਰਿਆਂ ਕੀ = ਦੀ ਚਰਨ ਰੇਨ = ਧੂੜੀ ਹੋਇ = ਹੋ ਜਾਂਦਾ ਹੈ, ਭਾਵ ਨਿਮਰਤਾ ਵਿਚ ਆ ਜਾਂਦਾ ਹੈ। ਸਾਧੂ ਦੀ ਸੰਗ ਕੈ = ਕਰ ਕੇ ਜੀਵ ਮਨੋਹਰ = ਸੁੰਦਰ ਬੈਨ = ਬਚਨ ਬੋਲਦਾ ਹੈ, ਭਾਵ ਹਿਤਕਾਰੀ ਪਿਆਰੇ ਬਚਨ ਬੋਲਦਾ ਹੈ।

## ਸਾਧ ਕੈ ਸੰਗਿ; ਨ ਕਤਹੂੰ ਧਾਵੈ ॥ ਸਾਧਸੰਗਿ; ਅਸਥਿਤਿ ਮਨੁ ਪਾਵੈ ॥

ਸਾਧੂਆਂ ਦੀ ਸੰਗਤ ਕੈ = ਕਰ ਕੇ ਮਨ ਕਤਹੂੰ = ਕਿਸੇ ਕਾਮੀ, ਕ੍ਰੋਧੀਆਂ ਦੀ ਕੁਸੰਗਤ ਵਿਚ ਨਹੀਂ ਧਾਵੈ = ਦੌੜਦਾ। ਸਾਧੂਆਂ ਦੇ ਸੰਗ ਕਰ ਕੇ ਮਨੁ = ਅੰਤਸ਼ਕਰਣ ਅਸਥਿਤਿ = ਇਸਥਿਤੀ ਨੂੰ ਪਾਵੈ = ਪਾ ਲੈਂਦਾ ਹੈ।

## ਸਾਧ ਕੈ ਸੰਗਿ; ਮਾਇਆ ਤੇ ਭਿੰਨ ॥
## ਸਾਧਸੰਗਿ; ਨਾਨਕ ਪ੍ਰਭ ਸੁਪ੍ਰਸੰਨ ॥੨॥

ਸਾਧ = ਸਾਧੂਆਂ ਦੀ ਸੰਗਤ ਕੈ = ਕਰ ਕੇ ਮਾਇਆ ਤੇ = ਤੋਂ ਭਿੰਨ = ਨਿਰਲੇਪ ਭਾਵ ਸੁਤੰਤਰ ਹੋ ਜਾਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਧਸੰਗਿ = ਸਤਿਸੰਗਤ ਕਰਨ ਵਾਲਿਆਂ ਤੇ ਪ੍ਰਭ = ਹਰੀ ਵਾਹਿਗੁਰੂ ਸੁ ਪ੍ਰਸੰਨ = ਭਲੀ ਪ੍ਰਕਾਰ ਪ੍ਰਸੰਨ ਹੋ ਕੇ ਉਸ ਨੂੰ ਚਰਨਾਂ ਨਾਲ ਮੇਲਦਾ ਹੈ ॥੨॥

## ਸਾਧਸੰਗਿ; ਦੁਸਮਨ ਸਭਿ ਮੀਤ ॥ ਸਾਧੂ ਕੈ ਸੰਗਿ; ਮਹਾ ਪੁਨੀਤ ॥

ਸਾਧਸੰਗਿ = ਸਾਧੂਆਂ ਦੀ ਸੰਗਤ ਕਰ ਕੇ ਸਭ = ਸਾਰੇ ਦੁਸਮਨ = ਵੈਰੀ ਮੀਤ = ਮਿੱਤਰ ਬਣ ਜਾਂਦੇ ਹਨ। ਸਾਧੂਆਂ ਦੀ ਸੰਗਿ = ਸੰਗਤ ਕੈ = ਕਰ ਕੇ ਅਵਿੱਦਿਆ ਆਦਿ ਮੈਲ ਉਤਰਨੇ ਕਾਰਨ ਮਹਾ = ਵੱਡਾ ਪਾਪੀ ਵੀ ਪੁਨੀਤ = ਪਵਿੱਤਰ ਹੋ ਜਾਂਦਾ ਹੈ **ਵਾ:** ਸਤਿਸੰਗਤ ਕਰ ਕੇ ਮਹਾਂ ਪੁਨੀਤ ਹੋਈਦਾ ਹੈ।

## ਸਾਧਸੰਗਿ; ਕਿਸ ਸਿਉ ਨਹੀ ਬੈਰੁ ॥ ਸਾਧ ਕੈ ਸੰਗਿ; ਨ ਬੀਗਾ ਪੈਰੁ ॥

ਸਾਧੂਆਂ ਦੀ ਸੰਗਤ ਕਰ ਕੇ ਕਿਸੇ ਸਿਉ = ਨਾਲ ਬੈਰ = ਦੁਸ਼ਮਣੀ ਨਹੀਂ ਰਹਿੰਦੀ। ਸਾਧ = ਸੰਤਾਂ ਦੀ ਸੰਗਿ = ਸੰਗਤ ਕੈ = ਕਰ ਕੇ ਕਦੇ ਬੀਗਾ = ਟੇਢੇ ਰਸਤੇ ਭਾਵ ਕੁਸੰਗਤ ਵਿਚ ਪੈਰੁ = ਚਰਨ ਨ = ਨਹੀਂ ਚੱਲਦੇ **ਵਾ:** ਮਨ ਦਾ ਸੰਕਲਪ ਰੂਪੀ ਪੈਰ ਬੁਰੇ ਪਾਸੇ ਨਹੀਂ ਜਾਂਦਾ।

## ਸਾਧ ਕੈ ਸੰਗਿ; ਨਾਹੀ ਕੋ ਮੰਦਾ ॥ ਸਾਧਸੰਗਿ; ਜਾਨੇ ਪਰਮਾਨੰਦਾ ॥

ਸਾਧ = ਸਾਧੂਆਂ ਦੇ ਸੰਗ ਕੈ = ਕਰ ਕੇ ਕੋ = ਕੋਈ ਮੰਦਾ = ਬੁਰਾ ਸੰਕਲਪ ਪ੍ਰਤੀਤ ਨਹੀਂ ਹੁੰਦਾ। ਸਾਧਸੰਗਿ = ਸਾਧੂਆਂ ਦੀ ਸੰਗਤ ਕਰ ਕੇ ਪਰਮਾਨੰਦਾ = ਮਹਾਂ ਸੁਖ ਸਰੂਪ ਵਾਹਿਗੁਰੂ ਨੂੰ ਜਾਨੇ = ਜਾਣ ਲੈਂਦਾ ਹੈ।

## ਸਾਧ ਕੈ ਸੰਗਿ; ਨਾਹੀ ਹਉ ਤਾਪੁ ॥ ਸਾਧ ਕੈ ਸੰਗਿ; ਤਜੈ ਸਭੁ ਆਪੁ ॥

ਸਾਧ = ਸਾਧੂਆਂ ਦਾ ਸੰਗ ਕੈ = ਕਰ ਕੇ ਹਉ = ਹਉਮੈ ਦਾ ਤਾਪੁ = ਸੰਤਾਪ ਨਾਹੀ = ਨਹੀਂ ਰਹਿੰਦਾ। ਸਾਧੂਆਂ ਦੇ ਸੰਗ ਕੈ = ਕਰ ਕੇ ਸਭੁ = ਸਾਰਾ ਦੇਹ ਅਧਿਆਸ ਦਾ ਆਪਾ-ਭਾਵ ਤਜੈ = ਛੱਡ ਜਾਈਦਾ ਹੈ ॥

## ਆਪੇ ਜਾਨੈ; ਸਾਧ ਬਡਾਈ ॥ ਨਾਨਕ; ਸਾਧ, ਪ੍ਰਭੂ ਬਨਿ ਆਈ ॥੩॥

ਸਾਧ = ਸਾਧੂਆਂ ਦੀ ਬਡਾਈ = ਮਹਿਮਾ ਨੂੰ ਹਰੀ ਵਾਹਿਗੁਰੂ ਆਪੇ ਹੀ ਜਾਨੇ = ਜਾਣਦਾ ਹੈ। ਸਤਿਗੁਰੂ ਜੀ ਕਥਨ ਕਰਦੇ ਕਿ ਸਾਧ = ਸ੍ਰੇਸ਼ਟ ਜਨਾਂ ਦੀ ਪ੍ਰਭੂ = ਹਰੀ ਵਾਹਿਗੁਰੂ ਨਾਲ ਪ੍ਰੀਤੀ ਬਣ ਆਈ ਹੈ ॥੩॥ ਜੈਸਾ ਕਿ :

**ਹਰਿ ਹਰਿ ਜਨ ਦੁਈ ਏਕ ਹੈਂ ਬਿਬ ਬਿਚਾਰ ਕਛੁ ਨਾਹਿ ॥**
**ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੬੧॥** *(ਸ੍ਰੀ ਦਸਮ ਗ੍ਰੰਥ, ਪੰਨਾ ੫੯)*

## ਸਾਧ ਕੈ ਸੰਗਿ; ਨ ਕਬਹੂ ਧਾਵੈ ॥ ਸਾਧ ਕੈ ਸੰਗਿ; ਸਦਾ ਸੁਖੁ ਪਾਵੈ ॥

ਸਾਧੂਆਂ ਦਾ ਸੰਗਿ ਕੈ = ਕਰ ਕੇ ਕਬਹੂ = ਕਦੇ ਕਿਸੇ ਜੂਨਾਂ ਵਿਚ ਜੀਵ ਨਹੀਂ ਧਾਵੈ = ਦੌੜਦਾ **ਵਾ:** ਮਨ ਕਦੇ ਵੀ ਵਿਸ਼ੇ-ਵਿਕਾਰਾਂ ਵੱਲ ਨਹੀਂ ਦੌੜਦਾ। ਸਾਧ = ਸਾਧੂਆਂ ਦਾ ਸੰਗ ਕੈ = ਕਰ ਕੇ ਸਦਾ = ਹਮੇਸ਼ਾਂ ਆਤਮਾਨੰਦ ਦਾ ਸੁਖ ਪਾਵੈ = ਪ੍ਰਾਪਤ ਕਰ ਲੈਂਦਾ ਹੈ।

## ਸਾਧਸੰਗਿ; ਬਸਤੁ ਅਗੋਚਰ ਲਹੈ ॥ ਸਾਧੂ ਕੈ ਸੰਗਿ; ਅਜਰੁ ਸਹੈ ॥

ਸਾਧ = ਸੰਤਾਂ ਦਾ ਸੰਗ ਕੈ = ਕਰਕੇ ਅਗੋਚਰ = ਇੰਦ੍ਰੀਆਂ ਦੇ ਅਵਿਸ਼ੇ ਸਤਿ, ਚਿੱਤ, ਅਨੰਦ ਸਰੂਪ ਰੂਪੀ ਬਸਤੂ ਨੂੰ ਪਾ ਲਹੈ = ਲੈਂਦਾ ਹੈ। ਸਾਧੂਆਂ ਦੀ ਸੰਗਤ ਕੈ = ਕਰਕੇ ਅਜਰ = ਨਾ ਸਹਾਰੇ ਜਾਣ ਵਾਲੀ ਆਤਮਾਨੰਦ ਰੂਪ ਵਸਤੂ ਨੂੰ ਸਹੈ = ਸਹਾਰਨ ਦੀ ਸ਼ਕਤੀ ਪ੍ਰਾਪਤ ਕਰ ਲੈਂਦਾ ਹੈ **ਅਥਵਾ** ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਜਰੁ = ਜਰੇ ਨਹੀਂ ਜਾਂਦੇ, ਇਨ੍ਹਾਂ ਨੂੰ ਵੀ ਸਾਧੂਆਂ ਦੀ ਸੰਗਤ ਕਰ ਕੇ ਰੋਕਣ ਦਾ ਸਹੈ = ਸਹਾਰਾ ਪਾ ਲੈਂਦਾ ਹੈ।

## ਸਾਧ ਕੈ ਸੰਗਿ; ਬਸੈ ਥਾਨਿ ਊਚੈ ॥ ਸਾਧੂ ਕੈ ਸੰਗਿ; ਮਹਲਿ ਪਹੂਚੈ ॥

ਸਾਧੂਆਂ ਦੇ ਸੰਗ ਕੈ = ਕਰਕੇ ਊਚੈ = ਉੱਤਮ ਸਚਖੰਡ, ਤੁਰੀਆ ਪਦ ਰੂਪੀ ਥਾਨਿ = ਅਸਥਾਨ ਵਿਚ ਜਾ ਬਸੈ = ਵਸਦਾ ਹੈ। ਸਾਧੂ ਦੇ ਸੰਗ ਕੈ = ਕਰਕੇ ਸਤ ਮਹਲਿ = ਸਰੂਪ ਵਿਚ ਪਹੂਚੈ = ਪਹੁੰਚ ਜਾਂਦਾ ਹੈ।

## ਸਾਧ ਕੈ ਸੰਗਿ; ਦ੍ਰਿੜੈ ਸਭਿ ਧਰਮ ॥ ਸਾਧ ਕੈ ਸੰਗਿ; ਕੇਵਲ ਪਾਰਬ੍ਰਹਮ ॥

ਸਾਧੂਆਂ ਦੇ ਸੰਗ ਕੈ = ਕਰਕੇ ਸਭਿ = ਸਾਰਿਆਂ ਧਰਮਾਂ ਵਿਚ ਹਰੀ ਵਾਹਿਗੁਰੂ ਨੂੰ ਦ੍ਰਿੜੈ = ਸਮਝ ਲੈਂਦਾ ਹੈ। ਭਾਵ ਕਿਸੇ ਦੇ ਧਰਮ ਨੂੰ ਖੰਡਨ ਨਹੀਂ ਕਰਦਾ, ਕਿਉਂਕਿ ਸੰਗਤ ਕਰਨ ਵਾਲੇ ਸਾਰੇ ਪੁਰਖ, ਧਰਮ ਨੂੰ ਦ੍ਰਿੜ੍ਹ ਕਰ ਲੈਂਦੇ ਹਨ **ਵਾ:** ਸੰਤਾਂ ਦੀ ਸੰਗਤ ਕੈ = ਕਰ ਕੇ ਜੀਵ ਸਾਰੇ ਧਰਮ = ਫ਼ਰਜ਼ਾਂ ਨੂੰ ਚੰਗੀ ਤਰ੍ਹਾਂ ਦ੍ਰਿੜੈ = ਪੱਕਾ ਕਰ ਲੈਂਦਾ ਹੈ। ਧਰਮ ਸ਼ਾਸਤਰਾਂ ਅਨੁਸਾਰ ਧਰਮ ਦੇ ੧੦ ਚਿੰਨ੍ਹ ਕਥਨ ਕੀਤੇ ਹਨ :

> **ਖਿਮਾ ਅਹਿੰਸਾ ਦਯਾ ਮ੍ਰਿਦੁ ਸਤ ਬਚਨ ਤਪ ਦਾਨ।**
> **ਸੀਲ ਸੌਚ ਤ੍ਰਿਸ਼ਨਾ ਬਿਨਾ ਧਰਮ ਲਿੰਗ ਦਸ ਜਾਨ ॥੧੦॥** *(ਸਾਰੁਕਤਾਵਲੀ, ਅਧਿਆਇ ੧)*

੧. ਖਿਮਾ; ੨. ਅਹਿੰਸਾ; ੩. ਦਇਆ; ੪. ਮ੍ਰਿਦੁ; ੫. ਸਤ ਬਚਨ; ੬. ਤਪ; ੭. ਦਾਨ; ੮. ਸੀਲ = ਨਿਮਰਤਾ; ੯. ਪਵਿੱਤਰਤਾ; ੧੦. ਤ੍ਰਿਸ਼ਨਾ ਤੋਂ ਬਿਨਾਂ।

ਸਾਧੂਆਂ ਦੇ ਸੰਗ ਕੈ = ਕਰਕੇ ਕੇਵਲ = ਸਿਰਫ਼ ਸ਼ੁਧ ਪਾਰਬ੍ਰਹਮ ਦੇ ਸਰੂਪ ਨਾਲ ਜੁੜਦਾ ਹੈ, ਭਾਵ ਕੈਵਲ ਮੋਖ ਨੂੰ ਪਾ ਕੇ ਹਰੀ ਰੂਪ ਹੋ ਜਾਂਦਾ ਹੈ।

## ਸਾਧ ਕੈ ਸੰਗਿ; ਪਾਏ ਨਾਮ ਨਿਧਾਨ ॥ ਨਾਨਕ; ਸਾਧੂ ਕੈ ਕੁਰਬਾਨ ॥੪॥

ਸਾਧੂਆਂ ਦੇ ਸੰਗ ਕੈ = ਕਰਕੇ ਨਾਮ ਰੂਪ ਨਿਧਾਨ = ਖ਼ਜ਼ਾਨੇ ਨੂੰ ਪਾਏ = ਪ੍ਰਾਪਤ ਕਰੀਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਸਾਧੂਆਂ ਕੈ = ਦੇ ਉੱਪਰੋਂ ਕੁਰਬਾਨ = ਬਲਿਹਾਰ ਜਾਈਏ ॥੪॥

## ਸਾਧ ਕੈ ਸੰਗਿ; ਸਭ ਕੁਲ ਉਧਾਰੈ ॥ ਸਾਧਸੰਗਿ; ਸਾਜਨ ਮੀਤ ਕੁਟੰਬ ਨਿਸਤਾਰੈ ॥

ਸਾਧੂਆਂ ਦਾ ਸੰਗ ਕੈ = ਕਰਕੇ ਜੀਵ ਸਭ = ਸਾਰੀਆਂ ਕੁਲਾਂ ਦਾ ਉਧਾਰੈ = ਉਧਾਰ ਕਰ ਲੈਂਦਾ ਹੈ **ਵਾ:** ਦੈਵੀ ਕੁਲ ਜੋ ਆਸੁਰੀ ਸੰਪਦਾ ਹੇਠਾਂ ਦੱਬੀ ਹੋਈ ਸੀ, ਉਸ ਦਾ ਵੀ ਉਧਾਰ ਹੋ ਜਾਂਦਾ ਹੈ। ਸਾਧਸੰਗਿ = ਸਾਧੂਆਂ ਦੀ ਸੰਗਤ ਕਰਕੇ ਜੀਵ ਸਾਜਨ = ਸੱਜਣ, ਮੀਤ = ਮਿੱਤਰ ਕੁਟੰਬ = ਪਰਿਵਾਰ ਆਦਿਕ ਸਾਰਿਆਂ ਨੂੰ ਨਿਸਤਾਰੈ = ਤਾਰ ਲੈਂਦਾ ਹੈ।

## ਸਾਧੂ ਕੈ ਸੰਗਿ; ਸੋ ਧਨੁ ਪਾਵੈ ॥ ਜਿਸੁ ਧਨ ਤੇ; ਸਭੁ ਕੋ ਵਰਸਾਵੈ ॥

ਸਾਧੂ ਦੇ ਸੰਗ ਕੈ = ਕਰਕੇ ਸੋ = ਉਸ ਨਾਮ ਰੂਪ ਧਨੁ = ਦੌਲਤ ਨੂੰ ਪਾਵੈ = ਪਾਉਣਾ ਕਰਦਾ ਹੈ। ਜਿਸੁ ਨਾਮ ਰੂਪ ਧਨ ਤੇ = ਤੋਂ ਸਭੁ = ਸਾਰੇ ਕੋ = ਕੋਈ ਵਰਸਾਵੈ = ਲਾਭ ਉਠਾਉਣਾ ਕਰਦੇ ਹਨ।

## ਸਾਧਸੰਗਿ; ਧਰਮ ਰਾਇ ਕਰੇ ਸੇਵਾ ॥ ਸਾਧ ਕੈ ਸੰਗਿ; ਸੋਭਾ ਸੁਰਦੇਵਾ ॥

ਸਾਧਸੰਗਿ = ਸੰਤਾਂ ਦਾ ਸੰਗ ਹੋਣ ਕਰ ਕੇ ਪਰਲੋਕ ਵਿਚ ਧਰਮ ਰਾਇ = ਰਾਜਾ ਵੀ ਸੇਵਾ = ਟਹਿਲ ਕਰੇ = ਕਰਦਾ ਹੈ। ਜੈਸਾ ਕਿ :

> **ਅਧਿਆਤਮੀ ਹਰਿਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥**
> **ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥** *(ਅੰਗ ੩੮-੩੯)*

ਜਿਵੇਂ ਜਨਕ ਰਾਜੇ ਨੇ ਜੀਵਾਂ 'ਤੇ ਤਰਸ ਕਰ ਕੇ ਧਰਮਰਾਜੇ ਨੂੰ ਕਿਹਾ :

**ਧਰਮਰਾਇ ਨੋ ਆਖਿਓਨੁ ਸਭਨਾਂ ਦੀ ਕਰਿ ਬੰਦ ਖਲਾਸੀ ॥**
**ਕਰੇ ਬੇਨਤੀ ਧਰਮਰਾਇ ਹਉ ਸੇਵਕ ਠਾਕੁਰ ਅਬਿਨਾਸੀ ॥** *(ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੫)*

ਸਾਧ = ਸਾਧੂਆਂ ਦੀ ਸਤਿਸੰਗਤ ਕਰ ਕੇ ਸੁਰਦੇਵਾ = ਦੇਵਤਿਆਂ ਦਾ ਰਾਜਾ ਇੰਦਰ ਵੀ ਸੋਭਾ = ਵਡਿਆਈ ਕਰਦਾ ਹੈ ਕਿ ਅਸੀਂ ਤਾਂ ਅਪੱਛਰਾਂ ਵਿਚ ਫਸੇ ਰਹਿੰਦੇ ਹਾਂ, ਧੰਨ ਸੰਗਤ ਹੈ, ਜਿਨ੍ਹਾਂ ਦੀ ਵਾਸ਼ਨਾ ਮਿਟ ਗਈ ਹੈ **ਵਾ:** ਸਾਧੂਆਂ ਦੀ ਸੰਗਤ ਕਰਕੇ ਪੁਰਖ ਸੁਰਦੇਵਾ ਭਾਵ ਦੈਵੀ ਸੰਪਦਾ ਦੇ ਸਹਿਤ ਹੋ ਕੇ ਲੋਕ ਪ੍ਰਲੋਕ ਵਿਚ ਸੋਭਾ = ਵਡਿਆਈ ਪਾਉਂਦਾ ਹੈ।

## ਸਾਧੂ ਕੈ ਸੰਗਿ; ਪਾਪ ਪਲਾਇਨ ॥ ਸਾਧਸੰਗਿ; ਅੰਮ੍ਰਿਤ ਗੁਨ ਗਾਇਨ ॥

ਸਾਧੂ ਦੇ ਸੰਗ ਕੈ = ਕਰਕੇ ਸਾਰੇ ਪਾਪ = ਗੁਨਾਹ ਪਲਾਇਨ = ਭੱਜ ਜਾਂਦੇ ਹਨ। ਜੈਸਾ ਕਿ :

**ਸਾਧੂ ਕੀ ਜਉ ਲੇਹਿ ਓਟ ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥** *(ਬਸੰਤੁ ਰਵਿਦਾਸ, ਅੰਗ ੧੧੯੬)*

ਸਾਧੂ ਦੀ ਸੰਗਤ ਕਰਕੇ ਪਰਮੇਸ਼ਰ ਦੇ ਅੰਮ੍ਰਿਤ ਰੂਪ ਗੁਣਾਂ ਨੂੰ ਗਾਇਨ = ਗਾਉਂਦਾ ਹੈ।

## ਸਾਧ ਕੈ ਸੰਗਿ; ਸ੍ਰਬ ਥਾਨ ਗੰਮਿ ॥
## ਨਾਨਕ, ਸਾਧ ਕੈ ਸੰਗਿ; ਸਫਲ ਜਨੰਮ ॥੫॥

ਸਾਧੂਆਂ ਦੇ ਸੰਗਿ ਕੈ = ਕਰਕੇ ਸ੍ਰਬ = ਸਾਰਿਆਂ ਥਾਨ = ਅਸਥਾਨਾਂ ਵਿਚ ਜੀਵ ਗੰਮਿ = ਗਮਤਾ ਭਾਵ ਜਾਣ ਲਾਇਕ ਹੋ ਜਾਂਦਾ ਹੈ **ਵਾ:** ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਸਚਖੰਡ ਸਾਰਿਆਂ ਵਿਚ ਗੰਮ = ਗਮਤਾ ਹੋ ਜਾਂਦੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਧ ਸੰਗਤ ਕੈ = ਕਰ ਕੇ ਮਨੁੱਖਾ ਜਨੰਮ = ਜੀਵਣ ਸਫਲ = ਸਫਲਾ ਹੋ ਜਾਂਦਾ ਹੈ ॥੫॥

**ਸਾਖੀ—ਪੰਡਤ ਨਿਤਾਨੰਦ ਅਤੇ ਗੁਰਸਿੱਖਾਂ ਦੀ :** ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਹਰਿਗੋਬਿੰਦਪੁਰ ਸਾਹਿਬ 'ਚ ਬਿਰਾਜ ਰਹੇ ਸਨ। ਪਾਤਸ਼ਾਹ ਦੀ ਹਜ਼ੂਰੀ ਵਿਚ ਬਟਾਲੇ ਦਾ ਰਹਿਣ ਵਾਲਾ ਪੰਡਤ ਨਿਤਾਨੰਦ 'ਗਰੁੜ ਪੁਰਾਣ' ਦੀ ਕਥਾ ਸੁਣਾ ਰਿਹਾ ਸੀ। ਇਕ ਦਿਨ ਕਥਾ ਦੇ ਪ੍ਰਸੰਗ ਵਿਚ ਪੰਡਿਤ ਜੀ ਨੇ ਕਿਹਾ ਕਿ ਮਰਨ ਉਪਰੰਤ ਪੁੰਨੀ ਲੋਕ ਪਾਲਕੀਆਂ ਵਿਚ ਬੈਠ ਕੇ ਅਤੇ ਪਾਪੀ ਲੋਕ ਦੁੱਖ ਭੋਗਦੇ ਹੋਏ ਇਕ ਸਾਲ ਵਿਚ ਪ੍ਰਲੋਕ ਨੂੰ ਜਾਂਦੇ ਹਨ। ਮਾਤ ਲੋਕ ਤੋਂ ਪ੍ਰਲੋਕ ੮੬੦੦੦ ਯੋਜਨ ਹੈ। ਜਦੋਂ ਕਥਾ ਕਰਨ ਉਪਰੰਤ ਪੰਡਤ ਜੀ ਬਾਹਰ ਆਏ ਤਾਂ ਉਨ੍ਹਾਂ ਨੇ ਚਾਰ ਸਿੱਖਾਂ ਨੂੰ ਆਪਸ ਵਿਚ ਚਰਚਾ ਕਰਦੇ ਸੁਣਿਆ। ਇਕ ਸਿੱਖ ਭਾਈ ਸੁੰਦਰ ਜੀ ਕਹਿ ਰਹੇ ਸਨ ਕਿ ਜੋ ਪ੍ਰਲੋਕ ਦਾ ਰਸਤਾ ਪੰਡਿਤ ਜੀ ਨੇ ਇਕ ਸਾਲ ਦਾ ਦੱਸਿਆ ਹੈ ਪਰ ਮੈਂ ਗੁਰੂ ਕ੍ਰਿਪਾ ਸਦਕਾ ਉਥੇ ਚਾਰ ਪਹਿਰਾਂ ਵਿਚ ਪਹੁੰਚ ਸਕਦਾ ਹਾਂ। ਦੂਜੇ ਸਿੱਖ ਭਾਈ ਲਾਲਾ ਨੇ ਕਿਹਾ ਕਿ ਚਾਰ ਪਹਿਰ ਵੀ ਜ਼ਿਆਦਾ ਹਨ, ਮੈਂ ਦੋ ਪਹਿਰਾਂ ਵਿਚ ਪਹੁੰਚ ਸਕਦਾ ਹਾਂ। ਤੀਜੇ ਭਾਈ ਮਈਆ ਜੀ ਨੇ ਕਿਹਾ ਕਿ ਮੈਂ ਇਕ ਪਹਿਰ ਵਿਚ ਪਹੁੰਚ ਸਕਦਾ ਹਾਂ। ਅਖ਼ੀਰ ਭਾਈ ਨਿਹਾਲਾ ਜੀ ਬੋਲੇ ਕਿ ਗੁਰਸਿੱਖੋਂ! ਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਮੈਂ ਇਕ ਪਲ ਵਿਚ ਹੀ ਪ੍ਰਲੋਕ ਪਹੁੰਚ ਸਕਦਾ ਹਾਂ। ਗੁਰਸਿੱਖਾਂ ਦੀਆਂ ਇਹ ਗੱਲਾਂ ਸੁਣ ਕੇ ਪੰਡਤ ਬਹੁਤ ਹੈਰਾਨ ਵੀ ਹੋਇਆ ਅਤੇ ਸ਼ਾਸਤ੍ਰੀ ਬਚਨਾਂ ਦੇ ਵਿਪਰੀਤ ਸੁਣ ਕੇ ਕ੍ਰੋਧਿਤ ਵੀ ਹੋਇਆ। ਪੰਡਿਤ ਜੀ ਨੇ ਜਾ ਕੇ ਸਤਿਗੁਰਾਂ ਪਾਸ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ! ਕ੍ਰਿਪਾ ਕਰਕੇ ਦੱਸੋਗੇ ਕਿ ਧਰਮ ਸ਼ਾਸਤ੍ਰ ਝੂਠੇ ਹਨ, ਜਾਂ ਆਪ ਜੀ ਦੇ ਸਿੱਖ ਝੂਠੇ ਹਨ ? ਕਿਉਂਕਿ ਸ਼ਾਸਤ੍ਰਾਂ ਵਿਚ ਪ੍ਰਲੋਕ ਦਾ ਜੋ ਰਸਤਾ ਇਕ ਸਾਲ ਦਾ ਲਿਖਿਆ ਹੋਇਆ ਹੈ, ਆਪ ਜੀ ਦੇ ਸਿੱਖ ਕਹਿ ਰਹੇ ਹਨ ਕਿ ਅਸੀਂ ਪਹਿਰਾਂ

ਜਾਂ ਪਲਾਂ ਵਿਚ ਹੀ ਪਹੁੰਚ ਸਕਦੇ ਹਾਂ। ਕ੍ਰਿਪਾ ਕਰਕੇ ਆਪ ਹੀ ਨਿਰਣਾ ਕਰੋ। ਸਤਿਗੁਰੂ ਜੀ ਨੇ ਕਿਹਾ ਕਿ ਪੰਡਤ ਜੀ, ਨਰਾਜ ਨਾ ਹੋਵੋ ਕਿਉਂਕਿ ਤੁਹਾਡੇ ਸ਼ਾਸਤ੍ਰ ਵੀ ਸੱਚੇ ਹਨ ਅਤੇ ਸਾਡੇ ਸਿੱਖ ਵੀ ਸੱਚੇ ਹਨ। ਫਿਰ ਪੰਡਤ ਨੇ ਕਿਹਾ ਕਿ ਸਤਿਗੁਰੂ ਜੀ! ਇਹ ਦੋਵੇਂ ਗੱਲਾਂ ਕਿਵੇਂ ਸੱਚੀਆਂ ਹੋ ਸਕਦੀਆਂ ਹਨ? ਤਦ ਸਤਿਗੁਰਾਂ ਨੇ ਭਾਈ ਗੁਰਦਾਸ ਜੀ ਨੂੰ ਆਗਿਆ ਦਿੱਤੀ ਕਿ ਆਪ ਪੰਡਤ ਜੀ ਨੂੰ ਇਸ ਗੱਲ ਦਾ ਭੇਦ ਸਮਝਾ ਦੇਵੋ। ਸਤਿਗੁਰਾਂ ਦੀ ਆਗਿਆ ਪਾ ਕੇ ਭਾਈ ਗੁਰਦਾਸ ਜੀ ਨੇ ਪੰਡਤ ਜੀ ਨੂੰ ਸਮਝਾਉਂਦੇ ਹੋਏ ਕਿਹਾ ਕਿ ਹੇ ਪੰਡਤ ਜੀ! ਬੇਦ ਬਿਆਸ ਜੀ ਨੇ ਤੁਹਾਡੇ ਸ਼ਾਸਤ੍ਰਾਂ ਵਿਚ ਇਕ ਸਾਲ ਦਾ ਜੋ ਪੈਂਡਾ ਦੱਸਿਆ ਹੈ ਅਤੇ ਪੁੰਨੀ ਤੇ ਪਾਪੀ ਲੋਕਾਂ ਦੀ ਗਤੀ ਬਾਰੇ ਲਿਖਿਆ ਹੈ, ਇਹ ਕਰਮ ਕਾਂਡ ਦੀ ਗੱਲ ਆਖੀ ਗਈ ਹੈ, ਪਰੰਤੂ ਸਿੱਖ ਪਾਪ ਪੁੰਨ ਤੋਂ ਪਰ੍ਹੇ ਹੋ ਕੇ ਆਪਣੇ ਸਤਿਗੁਰੂ ਦੀ ਉਪਾਸ਼ਨਾ ਕਰਦੇ ਹਨ ਅਤੇ ਨਿਸ਼ਕਾਮ ਹੋ ਕੇ ਸਿਮਰਨ ਕਰਦੇ ਹਨ ਅਤੇ ਪਾਪ ਤਾਂ ਕਰਦੇ ਹੀ ਨਹੀਂ ਹਨ ਅਤੇ ਪੁੰਨ ਕਰਕੇ ਫਲ ਦੀ ਇੱਛਾ ਨਹੀਂ ਕਰਦੇ। ਇਸ ਲਈ ਗੁਰੂ ਜੀ ਦੇ ਸਿੱਖ ਪੁੰਨਾਂ ਅਤੇ ਪਾਪਾਂ ਤੋਂ ਪਰ੍ਹੇ ਹਨ। ਪੁਰਾਣ ਤਾਂ ਕੇਵਲ ਪਾਪ, ਪੁੰਨ ਦੀ ਹੀ ਵਿਚਾਰ ਕਰਦੇ ਹਨ, ਪਰੰਤੂ ਸਿੱਖਾਂ ਦੀ ਗੰਮਤਾ ਬਾਰੇ ਪੁਰਾਣਾਂ ਵਿਚ ਦਰਜ ਨਹੀਂ ਹੈ। ਸਤਿਗੁਰਾਂ ਦੀ ਕਿਰਪਾ ਸਦਕਾ ਗੁਰਸਿੱਖਾਂ ਦੇ ਨੇੜੇ ਜਮ ਆਉਂਦੇ ਹੀ ਨਹੀਂ। ਗੁਰਸਿੱਖ ਆਪਣੀ ਇੱਛਾ ਅਨੁਸਾਰ ਪ੍ਰਲੋਕ ਗਮਨ ਕਰ ਸਕਦੇ ਹਨ। ਪ੍ਰਲੋਕ ਵਿਚ ਧਰਮਰਾਜ ਵੀ ਉਨ੍ਹਾਂ ਦਾ ਸਤਿਕਾਰ ਕਰਦਾ ਹੈ। ਜੈਸਾ ਕਿ :

**ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥੧੦॥** *(ਅੰਗ ੧੪੨੫)*

**ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ ॥** *(ਅੰਗ ੧੨੪੮)*

ਸਿੱਖ ਸੱਚ ਆਖ ਰਹੇ ਹਨ ਕਿਉਂਕਿ ਗੁਰੂ ਬਖ਼ਸ਼ਿਸ਼ ਦਾ ਸਦਕਾ ਜਿੰਨੀ ਕਿਸੇ ਸਿੱਖ ਵਿਚ ਸਕਤੀ ਹੈ, ਉਹ ਉਤਨੇ ਸਮੇਂ ਵਿਚ ਪ੍ਰਲੋਕ ਗਮਨ ਕਰ ਸਕਦਾ ਹੈ। ਜੈਸਾ ਕਿ :

**ਸ੍ਰੀ ਨਾਨਕ ਕੀ ਸਿੱਖੀ ਮਹਾਂ ॥ ਮਹਾਂ ਮਹਾਤਮ ਹੈ ਜਹਿਂ ਕਹਾਂ ॥੨੦॥**
**ਜੇਤਿਕ ਬਲ ਜਿਸ ਮਹਿਂ ਹੁਇ ਆਵੈ ॥ ਤੇਤਿਕ ਕਹੈ ਨ ਕੂਰ ਅਲਾਵੈ ॥**

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੬, ਅੰਸੂ ੫੨)*

ਇਹ ਸੁਣ ਕੇ ਪੰਡਿਤ ਜੀ ਨੇ ਕਿਹਾ ਕਿ ਸਤਿਗੁਰੂ ਜੀ! ਮੈਨੂੰ ਇਸ ਗੱਲ ਉੱਤੇ ਨਿਸ਼ਚਾ ਕਿਵੇਂ ਹੋ ਸਕਦਾ ਹੈ? ਤਦ ਸਤਿਗੁਰਾਂ ਨੇ ਕਿਹਾ ਕਿ ਹੇ ਪੰਡਤ ਜੀ! ਜੇਕਰ ਨਿਸ਼ਚਾ ਚਾਹੁੰਦੇ ਹੋ ਤਾਂ ਗੁਰੂ ਘਰ ਦੀ ਸੇਵਾ ਤੇ ਵਾਹਿਗੁਰੂ ਮੰਤ੍ਰ ਦੀ ਕਮਾਈ ਕਰੋ। ਗੁਰੂ ਜੀ ਦਾ ਹੁਕਮ ਮੰਨ ਕੇ ਪੰਡਤ ਜੀ ਨੇ ਛੇ ਮਹੀਨਿਆਂ ਤੱਕ ਕਮਾਈ ਕੀਤੀ। ਤਦ ਸਤਿਗੁਰਾਂ ਦੀ ਕ੍ਰਿਪਾ ਸਦਕਾ ਇਸ ਨੂੰ ਸਾਰੇ ਦੀਪਾਂ, ਲੋਆਂ, ਆਕਾਸ਼ਾਂ ਅਤੇ ਪਾਤਾਲਾ ਦੀ ਸਾਰੀ ਸੂਝ ਬੂਝ ਪ੍ਰਾਪਤ ਹੋ ਗਈ। ਫਿਰ ਆਪ ਹੀ ਇਹ ਪ੍ਰਤੀਤ ਕਰਨ ਲੱਗਾ ਕਿ ਹੁਣ ਮੈਂ ਵੀ ਇਕ ਸਾਲ ਵਾਲੇ ਪ੍ਰਲੋਕ ਦੇ ਰਸਤੇ ਨੂੰ ਪਲ ਵਿਚ ਤਹਿ ਕਰ ਸਕਦਾ ਹਾਂ। ਇਸ ਤਰ੍ਹਾਂ ਭਾਈ ਗੁਰਦਾਸ ਜੀ ਕੋਲੋਂ ਸਿੱਖੀ ਅਤੇ ਨਾਮ ਸਿਮਰਨ ਦੀ ਮਹਿਮਾ ਸੁਣ ਕੇ ਪੰਡਤ ਜੀ ਦੀ ਸਾਰੇ ਲੋਕਾਂ ਵਿਚ ਪਹੁੰਚ ਹੋ ਗਈ ਭਾਵ ਇਸ ਤਰ੍ਹਾਂ ਪੂਰੇ ਗੁਰਾਂ ਦੀ ਸੰਗਤ ਵਿਚ ਨਾਮ ਜਪ ਕੇ ਸਾਰੇ ਥਾਵਾਂ ਵਿਚ ਗਮਤਾ ਹੋ ਜਾਂਦੀ ਹੈ।

### [ਅੰਗ ੨੭੨]

## ਸਾਧ ਕੈ ਸੰਗਿ; ਨਹੀ ਕਛੁ ਘਾਲ ॥ ਦਰਸਨੁ ਭੇਟਤ; ਹੋਤ ਨਿਹਾਲ ॥

ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਕੈ = ਕਰਕੇ ਮੁਕਤੀ ਵਾਸਤੇ ਹੋਰ ਹਠ-ਯੋਗ, ਧੂਣੀਆਂ, ਜਲਧਾਰੇ ਆਦਿ ਕਛੁ = ਕੋਈ ਔਖੇ ਸਾਧਨਾਂ ਦੀ ਘਾਲ = ਕਮਾਈ ਭਾਵ ਘਾਲਣਾ ਨਹੀਂ ਕਰਨੀ ਪੈਂਦੀ। ਐਸੇ ਸਾਧੂਆਂ ਦੇ ਦਰਸਨੁ = ਦੀਦਾਰ ਦੇ ਭੇਟਤ = ਮਿਲਣ ਸਦਕਾ ਜੀਵ ਨਿਹਾਲ = ਅਨੰਦ ਪ੍ਰਸੰਨ ਹੋਤ = ਹੋ ਜਾਂਦਾ ਹੈ **ਵਾ:**

ਸਤਸੰਗਤ ਦੁਆਰਾ ਗਿਆਨ ਹੋਣ ਤੋਂ ਸ੍ਵੈ ਸਰੂਪ ਦੇ ਦਰਸ਼ਨਾਂ ਦੇ ਮਿਲਾਪ ਕਰਕੇ ਜੀਵ ਨਿਹਾਲ ਹੋ ਜਾਂਦਾ ਹੈ **ਵਾ:** ਹਰੀ ਪਰਮੇਸ਼ਰ ਦੇ ਦਰਸ਼ਨਾਂ ਦਾ ਭੇਟਤ = ਮਿਲਾਪ ਹੋਣੇ ਕਰ ਕੇ ਨਿਹਾਲ = ਦੁੱਖਾਂ ਤੋਂ ਰਹਿਤ ਹੋਤ = ਹੋ ਜਾਂਦਾ ਹੈ।

## ਸਾਧ ਕੈ ਸੰਗਿ; ਕਲੂਖਤ ਹਰੈ ॥ ਸਾਧ ਕੈ ਸੰਗਿ; ਨਰਕ ਪਰਹਰੈ ॥

ਸਾਧੂ ਦੀ ਸੰਗਤ ਕੈ = ਕਰਕੇ ਕਲੂਖਤ = ਕਾਲਖ ਵਾਲੇ ਪਾਪ ਹਰੈ = ਨਾਸ਼ ਹੋ ਜਾਂਦੇ ਹਨ, ਭਾਵ ਚਾਰੇ ਕਿਲਵਿਖ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ। ਸਾਧੂ ਦੇ ਸੰਗ ਕੈ = ਕਰਕੇ ਨਰਕਾਂ ਦਾ ਦੁਖ (ਪਰ+ਹਰੈ) ਪਰ = ਵਿਸ਼ੇਸ਼ ਕਰਕੇ ਹਰੈ = ਨਾਸ ਹੋ ਜਾਂਦਾ ਹੈ। ਜੈਸਾ ਕਿ :

**ਨਰਕ ਨ ਡੀਠੜਿਆ ਸਿਮਰਤ ਨਾਰਾਇਣ ॥** *(ਆਸਾ ਮ: ੫, ਅੰਗ ੪੬੦)*

**ਨਮੋ ਨਰਕ ਨਾਸੇ ॥ ਸਦੈਵੰ ਪ੍ਰਕਾਸੇ... ॥੧੪੫॥** *(ਜਾਪੁ ਸਾਹਿਬ, ਸ੍ਰੀ ਦਸਮ ਗ੍ਰੰਥ)*

## ਸਾਧ ਕੈ ਸੰਗਿ; ਈਹਾ ਊਹਾ ਸੁਹੇਲਾ ॥ ਸਾਧਸੰਗਿ; ਬਿਛੁਰਤ ਹਰਿ ਮੇਲਾ ॥

ਸਾਧੂਆਂ ਦੇ ਸੰਗ ਕੈ = ਕਰ ਕੇ ਈਹਾ = ਇਸ ਲੋਕ ਤੇ ਊਹਾ = ਉਥੇ ਪਰਲੋਕ ਵਿਚ ਜੀਵ ਸੁਹੇਲਾ = ਸੁਖੀ ਹੁੰਦਾ ਹੈ। ਸਾਧਸੰਗਿ = ਸਾਧੂਆਂ ਦੀ ਸੰਗਤ ਕਰਕੇ ਬਿਛੁਰਤ = ਵਿਛੁੜੇ ਹੋਏ ਜੀਵ ਦਾ ਹਰਿ = ਹਰੀ ਵਾਹਿਗੁਰੂ ਨਾਲ ਮੇਲਾ = ਮਿਲਾਪ ਹੋ ਜਾਂਦਾ ਹੈ।

## ਜੋ ਇਛੈ; ਸੋਈ ਫਲੁ ਪਾਵੈ ॥ ਸਾਧ ਕੈ ਸੰਗਿ; ਨ ਬਿਰਥਾ ਜਾਵੈ ॥

ਜੋ = ਜਿਹੜੀ ਇਛੈ = ਕਾਮਨਾ ਕਰਦਾ ਹੈ, ਸੋਈ = ਉਹੋ ਹੀ ਫਲ ਪਾਵੈ = ਪਾਉਂਦਾ ਹੈ, ਇੱਛਾ ਚੰਗੀ ਹੋਣੀ ਚਾਹੀਦੀ ਹੈ। ਸਾਧੂਆਂ ਦੇ ਸੰਗ ਕੈ = ਕਰਕੇ ਬਿਰਥਾ = ਵਿਅਰਥ ਨ = ਨਹੀਂ ਜਾਵੈ = ਜਾਂਦਾ ਭਾਵ ਫਲ ਜ਼ਰੂਰ ਮਿਲਦਾ ਹੈ।

**ਸਾਖੀ—ਹਰੀ ਚੰਦ ਰਾਜੇ ਦੀ :** ਇਕ ਹਰੀ ਚੰਦ ਨਾਮੀ ਰਾਜਾ ਹੋਇਆ ਹੈ, ਜਿਸ ਦੀ ਤਾਰਾ ਨਾਮ ਦੀ ਰਾਣੀ ਕਰਕੇ ਉਸ ਦੇ ਮਹਿਲ ਵਿਚ ਪੂਰਨ ਸੁਖ ਦਾ ਨਿਵਾਸ ਸੀ। ਰਾਣੀ ਹਰ ਰੋਜ਼ ਪਹਿਰ ਰਾਤ ਰਹਿੰਦੀ ਸਾਧੂਆਂ ਦੀ ਸੰਗਤ ਵਿਚ ਜਾ ਕੇ ਗੁਰਬਾਣੀ ਦੀ ਕਥਾ ਸੁਣਦੀ ਸੀ, ਰਾਤ ਸੰਗਤ ਕਰ ਕੇ ਰਾਜੇ ਦੇ ਉੱਠਣ ਤੋਂ ਪਹਿਲਾਂ ਵਾਪਸ ਮਹਿਲਾਂ ਵਿਚ ਪਹੁੰਚ ਜਾਂਦੀ ਸੀ। ਹਰ ਰੋਜ਼ ਦੀ ਤਰ੍ਹਾਂ ਜਦੋਂ ਰਾਣੀ ਸਤਿਸੰਗਤ ਨੂੰ ਗਈ ਤਾਂ ਅਚਾਨਕ ਇਕ ਦਿਨ ਅੱਧੀ ਰਾਤ ਨੂੰ ਰਾਜਾ ਜਾਗ ਪਿਆ ਤਾਂ ਵੇਖਿਆ ਕਿ ਰਾਣੀ ਨਜ਼ਰ ਨਹੀਂ ਆ ਰਹੀ ਤਾਂ ਮਨ ਵਿਚ ਸੋਚਣ ਲੱਗਾ ਕਿ ਰਾਣੀ ਜ਼ਰੂਰ ਵਿਸ਼ੇ-ਵਿਕਾਰਾਂ ਭੋਗਣ ਪਰਾਏ ਪੁਰਸ਼ਾਂ ਕੋਲ ਗਈ ਹੋਵੇਗੀ। ਉਸ ਦਿਨ ਤਾਂ ਰਾਜੇ ਨੇ ਰਾਣੀ ਦਾ ਪਿੱਛਾ ਨਾ ਕੀਤਾ, ਦੂਸਰੀ ਰਾਤ ਨੂੰ ਉੱਠ ਕੇ ਰਾਣੀ ਦੇ ਪਿੱਛੇ ਪਿੱਛੇ ਤੁਰ ਪਿਆ। ਜਦੋਂ ਰਾਣੀ ਸਤਿਸੰਗਤ ਵਿਚ ਪਹੁੰਚੀ, ਰਾਣੀ ਸਤਿਸੰਗਤ ਵਿਚ ਬੈਠ ਕੇ ਪਰਮੇਸ਼ਰ ਦੇ ਭਜਨ ਵਿਚ ਮਗਨ ਹੋ ਗਈ, ਤਾਂ ਰਾਜੇ ਨੇ ਰਾਣੀ ਦੀ ਜੋ ਸੋਨੇ ਦੀ ਖੜਾਵ ਸੀ, ਉਹ ਚੁੱਕ ਕੇ ਮਹਿਲ ਵਿਚ ਲਿਆ ਕੇ ਅਲਮਾਰੀ ਵਿਚ ਰੱਖ ਕੇ ਜਿੰਦਰਾ ਮਾਰ ਦਿੱਤਾ ਕਿ ਜਦੋਂ ਰਾਣੀ ਆਵੇਗੀ ਤਾਂ ਪੁੱਛਾਂਗਾ ਕਿ ਤੇਰੀ ਸੋਨੇ ਦੀ ਖੜਾਵ ਕਿਥੇ ਹੈ। ਜਦੋਂ ਸਤਸੰਗਤ ਦੀ ਸਮਾਪਤੀ ਹੋਈ ਤਾਂ ਰਾਣੀ ਉੱਠੀ, ਬਾਹਰ ਆ ਕੇ ਜਦੋਂ ਖੜਾਵ ਪਾਉਣ ਲੱਗੀ ਤਾਂ ਵੇਖਿਆ ਕਿ ਇਕ ਖੜਾਵ ਹੈ, ਦੂਸਰੀ ਖੜਾਵ ਨਹੀਂ, ਤਾਂ ਰਾਣੀ ਨੇ ਸਾਧਸੰਗਤ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਸੰਗਤ ਜੀ ਮੇਰੀ ਖੜਾਵ ਕਿਸੇ ਨੇ ਚੁੱਕ ਲਈ ਹੈ, ਜੇ ਮੇਰੀ ਖੜਾਵ ਨਾ ਮਿਲੀ ਤਾਂ ਰਾਜੇ ਨੇ ਮੈਨੂੰ ਦੰਡ ਦੇਣਾ ਹੈ, ਤੁਸੀਂ ਕਿਰਪਾ ਕਰੋ, ਮੇਰੀ ਆਪ ਹੀ ਨਿਮਾਣੀ ਦੀ ਪੱਤ ਰੱਖਣਾ ਕਰੋ। ਉਸ ਵੇਲੇ ਪ੍ਰਭੂ ਪਰਮੇਸ਼ਰ ਦੇ ਚਰਨਾਂ ਦਾ ਧਿਆਨ ਧਰ ਕੇ ਅਰਦਾਸ ਕੀਤੀ ਤਾਂ ਇਕ ਮਹਾਤਮਾ ਹੋਕਾ ਦਿੰਦਾ ਆਇਆ, ਭਾਵ ਪਰਮਾਤਮਾ ਹੀ ਮਹਾਤਮਾ ਰੂਪ ਵਿਚ ਹੋਕਾ ਦਿੰਦਾ ਆਇਆ ਕਿ ਕਿਸੇ ਦੀ ਖੜਾਵ ਗੁਆਚੀ

ਹੋਵੇ, ਜਦੋਂ ਰਾਣੀ ਨੇ ਕਿਹਾ ਕਿ ਮੇਰੀ ਖੜਾਵ ਹੈ, ਜਦੋਂ ਖੜਾਵ ਵੇਖੀ ਬਿਲਕੁਲ ਉਸੇ ਖੜਾਵ ਨਾਲ ਦੀ ਖੜਾਵ ਸੀ, ਰਾਣੀ ਨੇ ਖੜਾਵ ਪਾਈ ਤੇ ਮਹਿਲਾਂ ਵਿਚ ਪਹੁੰਚੀ। ਜਦੋਂ ਰਾਜੇ ਨੇ ਵੇਖਿਆ ਕਿ ਰਾਣੀ ਨੇ ਖੜਾਵ ਪਾਈ ਹੋਈ ਹੈ, ਤਾਂ ਰਾਜੇ ਨੇ ਜੋ ਖੜਾਵ ਅਲਮਾਰੀ ਵਿਚ ਰੱਖੀ ਸੀ, ਕੱਢੀ, ਤਾਂ ਵੇਖ ਕੇ ਹੈਰਾਨ ਹੋ ਗਿਆ ਅਤੇ ਰਾਜਾ ਵੀ ਸਤਿਸੰਗਤ ਦੇ ਪ੍ਰਭਾਵ ਕਰ ਕੇ ਸਤਿਸੰਗਤੀ ਬਣ ਗਿਆ। ਇਸੇ ਪ੍ਰਕਾਰ ਇਸ ਸਾਖੀ ਵਿਚ ਸਾਧ ਸੰਗਤ ਦਾ ਉਪਦੇਸ਼ ਹੈ ਕਿ ਸਤਿਸੰਗ ਜ਼ਰੂਰ ਕਰਨੀ ਚਾਹੀਦੀ ਹੈ। ਸਤਿਸੰਗਤ ਵਿੱਚੋਂ ਜਿਵੇਂ ਰਾਣੀ ਨੂੰ ਇੱਛਾ ਕਰਕੇ ਖੜਾਵ ਮਿਲੀ, ਇਸੇ ਪ੍ਰਕਾਰ ਜੋ ਜੀਵ ਪਰਮੇਸ਼ਰ ਤੋਂ ਕਾਮਨਾ ਕਰਦਾ ਹੈ, ਉਹੀ ਫਲ ਪਾਉਂਦਾ ਹੈ। ਜੈਸਾ ਕਿ ਭਾਈ ਗੁਰਦਾਸ ਜੀ ਫ਼ੁਰਮਾਨ ਕਰਦੇ ਹਨ :

**ਸੁਖੁ ਰਾਜੇ ਹਰੀ ਚੰਦ ਘਰਿ ਨਾਰ ਸੁ ਤਾਰਾ ਲੋਚਨ ਰਾਣੀ।**
**ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।**
**ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ।**
**ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤ ਗਈ ਹੈਰਾਣੀ।**
**ਹੋਰਤੁ ਰਾਤੀ ਉਠਿਕੈ ਚਲਿਆ ਪਿਛੈ ਤਰਲ ਜੁਆਣੀ।**
**ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ।**
**ਸਾਧ ਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ।**
**ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ।**
**ਸਾਧ ਸੰਗਤਿ ਵਿਟਹੁ ਕੁਰਬਾਣੀ ॥੬॥** *(ਵਾਰ ੧੦, ਪਉੜੀ ੬)*

## ਪਾਰਬ੍ਰਹਮੁ; ਸਾਧ ਰਿਦ ਬਸੈ ॥ ਨਾਨਕ, ਉਧਰੈ; ਸਾਧ ਸੁਨਿ ਰਸੈ ॥੬॥

ਸਾਧ = ਮਹਾਤਮਾ ਦੇ ਰਿਦ = ਹਿਰਦੇ ਵਿਚ ਪਾਰਬ੍ਰਹਮੁ = ਪਰਾ ਰੂਪ ਬ੍ਰਹਮ = ਪਰਮੇਸ਼ਰ ਬਸੈ = ਵਸ ਰਿਹਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਸਾਧ = ਸਾਧੂਆਂ ਤੋਂ ਹਰੀ ਪਰਮੇਸ਼ਰ ਦਾ ਨਾਮ ਸੁਨਿ = ਸੁਣਦੇ ਹਨ, ਉਹ ਨਾਮ ਨੂੰ ਚਿੱਤ ਵਿਚ ਰਸੈ = ਰਸਾ ਕੇ ਉਧਰੈ = ਮੁਕਤ ਹੁੰਦੇ ਹਨ, ਭਾਵ ਸੰਸਾਰ-ਸਮੁੰਦਰ ਤੋਂ ਤਰ ਜਾਂਦੇ ਹਨ **ਵਾ:** ਜੋ ਕੰਨਾਂ ਨਾਲ ਸੁਣ ਕੇ ਰਸਨਾ ਨਾਲ ਰਸਦੇ ਹਨ, ਉਹ ਉਧਰ ਜਾਂਦੇ ਹਨ ॥੬॥

## ਸਾਧ ਕੈ ਸੰਗਿ; ਸੁਨਉ ਹਰਿ ਨਾਉ ॥ ਸਾਧਸੰਗਿ; ਹਰਿ ਕੇ ਗੁਨ ਗਾਉ ॥

ਸਾਧੂਆਂ ਦੇ ਸੰਗ ਕੈ = ਕਰ ਕੇ ਹਰਿ = ਹਰੀ ਵਾਹਿਗੁਰੂ ਦਾ ਨਾਉ = ਨਾਮ ਸੁਨਉ = ਸੁਣਨਾ ਕਰੋ ਅਤੇ ਸਾਧਸੰਗਿ = ਸਾਧੂਆਂ ਦੀ ਸੰਗਤ ਕਰਕੇ ਹਰਿ = ਹਰੀ ਵਾਹਿਗੁਰੂ ਕੇ = ਦੇ ਗੁਣਾਂ ਨੂੰ ਗਾਉ = ਗਾਉਣਾ ਕਰੋ।

## ਸਾਧ ਕੈ ਸੰਗਿ; ਨ ਮਨ ਤੇ ਬਿਸਰੈ ॥ ਸਾਧਸੰਗਿ; ਸਰਪਰ ਨਿਸਤਰੈ ॥

ਸਾਧੂਆਂ ਦੀ ਸੰਗਤ ਕੈ = ਕਰਕੇ ਇਹ ਫਲ ਪ੍ਰਾਪਤ ਹੁੰਦਾ ਹੈ ਕਿ ਮਨ = ਅੰਤਸ਼ਕਰਣ ਤੇ = ਤੋਂ ਹਰੀ ਵਾਹਿਗੁਰੂ ਬਿਸਰੈ = ਭੁੱਲਦਾ ਨ = ਨਹੀਂ ਹੈ। ਸਾਧਸੰਗਿ = ਸਾਧੂਆਂ ਦੀ ਸੰਗਤ ਕਰਕੇ ਸੰਸਾਰਕ ਪ੍ਰਪੰਚ ਤੋਂ ਸਰਪਰ = ਜ਼ਰੂਰ ਭਾਵ ਨਿਸਚੇ ਕਰ ਕੇ ਨਿਸਤਰੈ = ਤਰ ਜਾਈਦਾ ਹੈ।

## ਸਾਧ ਕੈ ਸੰਗਿ; ਲਗੈ ਪ੍ਰਭੁ ਮੀਠਾ ॥ ਸਾਧੂ ਕੈ ਸੰਗਿ; ਘਟਿ ਘਟਿ ਡੀਠਾ ॥

ਸਾਧੂਆਂ ਦੇ ਸੰਗ ਕੈ = ਕਰਕੇ ਪ੍ਰਭੁ = ਹਰੀ ਵਾਹਿਗੁਰੂ ਦਾ ਨਾਮ ਮੀਠਾ = ਪਿਆਰਾ ਲਗੈ = ਲੱਗਦਾ ਹੈ। ਸਾਧੂਆਂ ਦੇ ਸੰਗ ਕੈ = ਕਰਕੇ ਘਟਿ ਘਟਿ = ਘਟਾਂ ਘਟਾਂ ਵਿਚ ਵਿਆਪਕ ਹਰੀ ਨੂੰ ਪ੍ਰਤੱਖ ਕਰਕੇ ਡੀਠਾ = ਵੇਖੀਦਾ ਹੈ।

## ਸਾਧਸੰਗਿ; ਭਏ ਆਗਿਆਕਾਰੀ ॥ ਸਾਧਸੰਗਿ; ਗਤਿ ਭਈ ਹਮਾਰੀ ॥

ਸਾਧਸੰਗਿ = ਸਾਧੂਆਂ ਦੀ ਸੰਗਤ ਕਰਕੇ ਮਨ ਆਦਿ ਇੰਦਰੇ ਵੀ ਆਗਿਆਕਾਰੀ = ਹੁਕਮ ਮੰਨਣ ਵਾਲੇ ਭਏ = ਹੋ ਜਾਂਦੇ ਹਨ **ਵਾ:** ਜਗਿਆਸੂਆਂ ਦੇ ਮਨ ਵੀ ਸਾਧਸੰਗਤ ਦੇ ਆਗਿਆਕਾਰੀ ਭਏ = ਹੋਏ ਹਨ **ਵਾ:** ਸਾਧੂਆਂ ਦੀ ਸੰਗਤ ਕਰਕੇ ਵਾਹਿਗੁਰੂ ਦਾ ਆਗਿਆਕਾਰੀ = ਭਾਣਾ ਮੰਨਣ ਵਾਲੇ ਹੋ ਜਾਈਦਾ ਹੈ। ਸਾਧਸੰਗਤ ਕਰ ਕੇ ਹਮਾਰੀ = ਸਾਡੀ ਗਤਿ = ਕਲਿਆਣ ਭਈ = ਹੋਈ ਹੈ।

## ਸਾਧ ਕੈ ਸੰਗਿ; ਮਿਟੇ ਸਭਿ ਰੋਗ ॥ ਨਾਨਕ; ਸਾਧ ਭੇਟੇ ਸੰਜੋਗ ॥੭॥

ਸਾਧੂਆਂ ਦੀ ਸੰਗਿ = ਸੰਗਤ ਕੈ = ਕਰ ਕੇ ਸਭਿ = ਸਾਰੇ ਹੰਕਾਰ ਆਦਿਕ ਰੋਗ ਮਿਟੇ = ਨਾਸ ਹੋ ਜਾਂਦੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪੂਰਬਲੇ ਸੰਜੋਗ = ਮਿਲਾਪ ਕਰ ਕੇ ਭਾਵ ਭਾਗਾਂ ਕਰਕੇ ਸੰਤਾਂ ਦੀ ਸੰਗਤ ਭੇਟੇ = ਮਿਲਦੀ ਹੈ **ਵਾ:** ਸੰਤਾਂ ਦੀ ਸੰਗਤ ਸੰਜੋਗਾ ਕਰ ਕੇ ਮਿਲਦੀ ਹੈ॥੭॥ ਜੈਸਾ ਕਿ :

**ਸਾਧੁ ਮਿਲੈ ਪੂਰਬ ਸੰਜੋਗ ॥ ਸਚਿ ਰਹਸੇ ਪੂਰੇ ਹਰਿ ਲੋਗ ॥** *(ਗਉੜੀ ਮ: ੧, ਅੰਗ ੧੫੩)*

## ਸਾਧ ਕੀ ਮਹਿਮਾ; ਬੇਦ ਨ ਜਾਨਹਿ ॥ ਜੇਤਾ ਸੁਨਹਿ; ਤੇਤਾ ਬਖਿਆਨਹਿ ॥

ਸਾਧ = ਮਹਾਤਮਾ ਕੀ = ਦੀ ਮਹਿਮਾ = ਵਡਿਆਈ ਤਾਂ ਵੇਦ ਵੀ ਨਹੀਂ ਜਾਨਹਿ = ਜਾਣਦੇ।[1] ਜੇਤਾ = ਜਿਤਨਾ ਬਕਤਿਆਂ ਨੇ ਵੇਦਾਂ ਦੁਆਰਾ ਸੁਨਹਿ = ਸੁਣਿਆ ਹੈ, ਤੇਤਾ = ਉਤਨਾ ਹੀ ਬਖਿਆਨਹਿ = ਕਥਨ ਕਰਦੇ ਹਨ। ਜਿਵੇਂ ਕ੍ਰਿਸ਼ਨ ਜੀ ਨੇ ਗੀਤਾ ਵਿਚ ਅਰਜਨ ਨੂੰ ਉਪਦੇਸ਼ ਦਿੱਤਾ ਹੈ ਕਿ ਕਰਮ, ਉਪਾਸ਼ਨਾ, ਗਿਆਨ ਨੂੰ ਹੀ ਵੇਦ ਕਥਨ ਕਰਦੇ ਹਨ, ਜੋ ਸੰਤਾਂ ਦਾ ਤੁਰੀਆ ਪਦ ਸ੍ਵੈ ਸੰਵੇਦ **ਵਾ:** ਸ੍ਵੈ ਅਨੁਭਵ ਅਗੰਮ ਅਵਸਥਾ ਹੈ ਉਸ ਨੂੰ ਵੇਦ ਕਥਨ ਨਹੀਂ ਕਰ ਸਕਦੇ ਪਰ ਸੰਵੇਦ ਜੋ ਦੂਸਰੇ ਕਰ ਕੇ ਜਾਣਿਆ ਜਾਵੇ, ਉਸ ਨੂੰ ਵੇਦ ਕਥਨ ਕਰਦੇ ਹਨ **ਅਥਵਾ** ਮਹਾਤਮਾ ਨੇ ਸ੍ਵੈ ਅਨੁਭਵ ਕਰ ਕੇ ਵਾਹਿਗੁਰੂ ਨੂੰ ਜਾਣਿਆ ਹੈ, ਵੇਦ ਕੀ ਕਥਨ ਕਰ ਸਕਦੇ ਹਨ, ਮੁਖ ਅਰਥ ਇਹੋ ਹੈ।

ਵੇਦ ਤਾਂ ੪ ਘੜੇ ਪਾਣੀ ਭਰੇ ਹੋਏ ਹਨ, ਪਰ ਮਹਾਤਮਾ ਜਨਾਂ ਦੇ ਹਿਰਦੇ ਸਮੁੰਦਰ ਦੀ ਨਿਆਈਂ ਬੇਅੰਤ ਹਨ, ਸਮੁੰਦਰ 'ਚੋਂ ਜਿਤਨੇ ਮਰਜ਼ੀ ਘੜੇ ਪਾਣੀ ਦੇ ਭਰ ਲਵੋ, ਪਰ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ, ਮਹਾਤਮਾ ਦਾ ਹਿਰਦਾ ਬੁੱਧੀ ਰੂਪ ਸਿੱਪੀ ਨਾਲ ਕੋਈ ਇੰਚ ਵੀ ਦੱਸ ਦੇਵੇ, ਨਹੀਂ ਦੱਸਿਆ ਜਾ ਸਕਦਾ।

**ਸਾਖੀ—ਸੰਤਾਂ ਦੀ ਮਹਿਮਾ :** ਮਹਾਤਮਾ ਜਨ ਦੀ ਸੰਗਤ ਵਿਚ ਇਕ ਰਾਜਾ ਹਰ ਰੋਜ਼ ਪਰਮੇਸ਼ਰ ਦੀ ਕਥਾ ਸ੍ਰਵਨ ਕਰਦਾ ਸੀ। ਸੰਤਾਂ ਨੇ ਇਕ ਦਿਨ ਕਥਾ ਕਰਦਿਆਂ ਸੰਤਾਂ ਦੀ ਮਹਿਮਾ ਬਾਬਤ ਫ਼ੁਰਮਾਇਆ ਕਿ ਵੇਦ ਵੀ ਸੰਤਾਂ ਦੀ ਮਹਿਮਾ ਨਹੀਂ ਜਾਣ ਸਕਦੇ। ਰਾਜੇ ਨੇ ਇਹ ਗੱਲ ਸੁਣ ਕੇ ਕਿਹਾ ਕਿ ਮਹਾਤਮਾ ਜੀ ਜੇ ਸੰਤਾਂ ਦੀ ਮਹਿਮਾ ਵੇਦ ਨਹੀਂ ਜਾਣਦੇ ਤਾਂ ਹੋਰ ਕੌਣ ਜਾਣੇਗਾ। ਰਾਜਾ ਵੇਦਾਂ 'ਤੇ ਭਾਵਨਾ ਰੱਖਣ ਵਾਲਾ ਸੀ। ਸੰਤਾਂ ਨੇ ਕਿਹਾ ਕਿ ਗੁਰਾਂ ਦੀ ਬਾਣੀ ਸਹੀ ਹੈ, ਕਦੇ ਵੀ ਗੁਰਬਾਣੀ ਵਿਚ ਜੋ ਚੀਜ਼ ਨਾ ਹੋਵੇ ਉਹ ਲਿਖੀ ਨਹੀਂ, ਜਦੋਂ ਰਾਜਾ ਬਹੁਤ ਹੀ ਜ਼ਿੱਦ ਕਰਨ ਲੱਗਾ ਕਿ ਮੈਨੂੰ ਦੱਸਣਾ ਕਰੋ ਕਿ ਵੇਦ ਕਿਵੇਂ ਨਹੀਂ ਕਥਨ ਕਰ ਸਕਦੇ। ਤਾਂ ਸੰਤਾਂ ਨੇ ਕਿਹਾ ਕਿ ਰਾਜਨ! ਤੇਰਾ ਪੁੱਤਰ ਹੀ ਇਸ ਤੁਕ ਦੇ ਅਰਥ ਕਰਕੇ ਤੇਰਾ ਸ਼ੰਕਾ ਨਵਿਰਤ ਕਰੇਗਾ। ਇਹ ਸੁਣ ਕੇ ਰਾਜਾ ਕਹਿਣ ਲੱਗਾ ਕਿ ਮੇਰੇ ਘਰ ਤਾਂ ਪੁੱਤਰ ਹੀ ਨਹੀਂ, ਮੈਨੂੰ ਉੱਤਰ ਕਿਵੇਂ ਦੇ ਦੇਵੇਗਾ। ਪੁੱਤਰ ਪ੍ਰਾਪਤੀ ਵਾਸਤੇ ਮੈਂ ਅਨੇਕਾਂ ਯੱਗ ਪੁੰਨ ਦਾਨ ਕਰਵਾਏ, ਪਰ ਪੁੱਤਰ ਦੀ ਪ੍ਰਾਪਤੀ ਫਿਰ ਵੀ ਨਾ ਹੋਈ। ਦੇਵਤਿਆਂ ਨੇ

---

੧. ਵੇਦ ਪਰਮੇਸ਼ਰ ਦਾ ਕਥਨ ਕਰਦੇ ਉਸ ਨੂੰ ਨੇਤ ਨੇਤ ਕਹਿੰਦੇ ਹਨ ਭਾਵ ਕਿ ਉਸ ਪਰਮੇਸ਼ਰ ਦਾ ਸਰੂਪ ਤੇ ਗੁਣ ਵਰਣਨ ਨਹੀਂ ਕਰਦੇ। ਫੇਰ ਜਦੋਂ ਸਾਧ ਤੇ ਪਰਮੇਸ਼ਰ ਵਿਚ ਕੋਈ ਭੇਦ ਨਹੀਂ ਤਾਂ ਉਸ ਸਾਧ ਦਾ ਵੀ ਵਰਨਣ ਨਹੀਂ ਕਰ ਸਕਦੇ। ਜੈਸਾ ਕਿ :
**ਸੰਤ ਅਨੰਤਹਿ ਅੰਤਰੁ ਨਾਹੀ ॥੪॥੨॥** *(ਅੰਗ ੪੮੬)*

ਅਕਾਸ਼ ਬਾਣੀ ਰਾਹੀਂ ਕਿਹਾ ਕਿ ਸੱਤ ਜਨਮ ਤਕ ਤੇਰੇ ਘਰ ਪੁੱਤਰ ਨਹੀਂ ਜੰਮੇਗਾ, ਪਰ ਆਪ ਜੀ ਨੇ ਕਿਸ ਤਰ੍ਹਾਂ ਕਹਿ ਦਿੱਤਾ ਕਿ ਤੇਰਾ ਪੁੱਤਰ ਹੀ ਜਵਾਬ ਦੇਵੇਗਾ। ਇਹ ਗੱਲ ਸੁਣ ਕੇ ਸੰਤਾਂ ਨੇ ਕਿਹਾ ਕਿ ਪਰਮੇਸ਼ਰ ਦੀ ਕਿਰਪਾ ਨਾਲ ਅਤੇ ਸਾਧੂਆਂ ਦੇ ਸੰਗ ਕਰ ਕੇ ਤੇਰੇ ਘਰ ਪੁੱਤਰ ਹੋਵੇਗਾ ਅਤੇ ਅਰਥ ਵੀ ਪੁੱਤਰ ਹੀ ਸੁਣਾਵੇਗਾ। ਇਹ ਗੱਲ ਸੁਣ ਕੇ ਰਾਜਾ ਖ਼ੁਸ਼ ਹੋਇਆ। ਮਹਾਤਮਾ ਦੇ ਬਚਨਾਂ ਅਨੁਸਾਰ ਸਮੇਂ ਮੁਤਾਬਿਕ ਰਾਜੇ ਦੇ ਘਰ ਲੜਕਾ ਪੈਦਾ ਹੋਇਆ। ਮਹਿਲ ਵਿਚ ਖ਼ੁਸ਼ੀਆਂ ਦੇ ਲੱਡੂ ਵੰਡੇ ਗਏ, ਦਾਨ ਕੀਤੇ ਗਏ, ਰਾਜੇ ਨੇ ਜੋਤਸ਼ੀਆਂ ਨੂੰ ਬੁਲਾ ਕੇ ਲੜਕੇ ਦੀ ਜਨਮ ਕੁੰਡਲੀ ਬਾਰੇ ਪੁੱਛਿਆ, ਜੋਤਸ਼ੀਆਂ ਨੇ ਲਗਨ ਦੇਖ ਕੇ ਕਿਹਾ ਕਿ ਰਾਜਨ ਤੇਰੇ ਪੁੱਤਰ ਦੀ ਉਮਰ ੧੧ ਸਾਲ, ੧੧ ਮਹੀਨੇ, ੧੧ ਦਿਨ ਦੀ ਹੋਵੇਗੀ। ਰਾਜਾ ਸੁਣ ਕੇ ਹੈਰਾਨ ਹੋਇਆ ਤੇ ਸੋਚਣ ਲੱਗਾ ਕਿ ਇਤਨੀ ਛੋਟੀ ਉਮਰ ਹੈ। ਰਾਜੇ ਨੇ ਆਪਣੇ ਪੁੱਤਰ ਨੂੰ ਧਰਮ ਸ਼ਾਸਤਰ ਪੜ੍ਹਾਉਣ ਲਈ ਸਾਧੂਆਂ ਦੀ ਜਮਾਤ ਕੋਲ ਭੇਜਿਆ। ਸੋਚਣ ਲੱਗਾ ਕਿ ਥੋੜ੍ਹੇ ਸਮੇਂ ਬਾਅਦ ਮਰ ਤਾਂ ਜਾਣਾ ਹੀ ਹੈ। ਰਾਜੇ ਦੇ ਲੜਕੇ ਨੇ ਤਨ ਮਨ ਨਾਲ ਸਾਧੂਆਂ ਦੀ ਬਹੁਤ ਟਹਿਲ ਕੀਤੀ, ਕਿਉਂਜੋ ਉਸ ਨੇ ਸਾਧੂਆਂ ਤੋਂ ਪੜ੍ਹਿਆ ਕਿ ਸੰਤਾਂ ਦੀ ਸੇਵਾ ਕਰਨ ਦਾ ਆਹ ਆਹ ਫਲ ਹਨ, ਉਸ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਸੰਤਾਂ ਨੇ ਵਰ ਦਿੱਤਾ ਕਿ 'ਲੰਮੀ ਉਮਰ ਵਾਲਾ ਹੋ'। ਉਸ ਵੇਲੇ ਲੜਕੇ ਨੇ ਸੰਤਾਂ ਨੂੰ ਆਪਣੀ ਸਾਰੀ ਵਾਰਤਾ ਜੋ ਆਪਣੇ ਪਿਤਾ ਤੋਂ ਸੁਣੀ ਸੀ ਕਿ ਤੇਰੀ ਉਮਰ ਇਤਨੀ ਹੈ, ਸਾਧੂਆਂ ਨੂੰ ਸੁਣਾਉਣਾ ਕੀਤੀ। ਸੰਤਾਂ ਨੇ ਕਿਹਾ ਤੇਰੀ ਉਮਰ ੧੦੦ ਸਾਲ ਵੱਧ ਜਾਏਗੀ, ਭਾਵ ੧੧੧ ਸਾਲ, ੧੧ ਮਹੀਨੇ, ੧੧ ਦਿਨ ਹੋਵੇਗੀ। ਜਦੋਂ ਸੰਤਾਂ ਨੇ ਵਰ ਦੇਣਾ ਕੀਤਾ ਤਾਂ ਰਾਜੇ ਦਾ ਪੁੱਤਰ ੧੨ ਸਾਲ ਉਮਰ ਤਕ ਸਾਧੂਆਂ ਦੀ ਸੇਵਾ ਵਿਚ ਹੀ ਰਿਹਾ। ੧੨ ਸਾਲ ਤੋਂ ਬਾਅਦ ਆਪਣੇ ਘਰ ਜਦੋਂ ਪਰਤਿਆ ਤਾਂ ਰਾਜਾ ਵੇਖ ਕੇ ਹੈਰਾਨ ਹੋ ਗਿਆ ਕਿ ਤੇਰੀ ਉਮਰ ਤਾਂ ੧੧ ਸਾਲ, ੧੧ ਮਹੀਨੇ, ੧੧ ਦਿਨ ਦੀ ਸੀ। ਜਦੋਂ ਲੜਕੇ ਨੇ ਸਾਰੀ ਵਾਰਤਾ ਸੰਤਾਂ ਦੀ ਸੇਵਾ ਵਾਲੀ ਦੱਸੀ ਕਿ ਸੰਤਾਂ ਦੀ ਸੇਵਾ ਕਰਕੇ ਵਰ ਨਾਲ ਮੇਰੀ ਉਮਰ ੧੦੦ ਸਾਲ ਵੱਧ ਗਈ ਹੈ ਅਤੇ ਸੰਤਾਂ ਦੀ ਉਪਮਾ ਦੀਆਂ ਬੇਅੰਤ ਹੀ ਕਹਾਣੀਆਂ ਤੇ ਪ੍ਰਮਾਣ ਸੁਣਾਏ ਤਾਂ ਰਾਜੇ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਤੁਕ 'ਤੇ ਸ਼ਰਧਾ ਬੱਝੀ ਕਿ ਵਾਕਿਆ ਹੀ ਵੇਦ ਸੰਤਾਂ ਦੀ ਮਹਿਮਾ ਕਥਨ ਨਹੀਂ ਕਰ ਸਕਦੇ। ਰਾਜਾ ਸੰਤਾਂ ਦਾ ਸੇਵਕ ਬਣ ਕੇ ਸੰਤਾਂ ਦੀ ਸੇਵਾ ਕਰਨ ਲੱਗ ਪਿਆ, ਸੰਤਾਂ ਦੀ ਸੇਵਾ 'ਚ ਇਤਨਾ ਫਲ ਹੈ।

## ਸਾਧ ਕੀ ਉਪਮਾ; ਤਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ; ਰਹੀ ਭਰਪੂਰਿ ॥

ਸਾਧੂਆਂ ਕੀ = ਦੀ ਉਪਮਾ = ਵਡਿਆਈ ਤਿਹੁ = ਤਿੰਨਾਂ ਗੁਣਾਂ ਤੇ = ਤੋਂ ਦੂਰਿ = ਪਰ੍ਹੇ ਹੈ, ਭਾਵ ਰਜੋ, ਤਮੋ, ਸਤੋ ਤੋਂ ਦੂਰ ਹੈ। ਸਾਧੂਆਂ ਕੀ = ਦੀ ਉਪਮਾ = ਵਡਿਆਈ ਸਾਰੇ ਵਿਆਪਕ ਹੋ ਕੇ ਭਰਪੂਰਿ = ਲਬਾ ਲਬ ਭਰੀ ਹੋਈ ਹੈ, ਭਾਵ ਸਮਾ ਰਹੀ ਹੈ।

## ਸਾਧ ਕੀ ਸੋਭਾ ਕਾ; ਨਾਹੀ ਅੰਤ ॥ ਸਾਧ ਕੀ ਸੋਭਾ; ਸਦਾ ਬੇਅੰਤ ॥

ਸਾਧੂਆਂ ਕੀ = ਦੀ ਸੋਭਾ = ਵਡਿਆਈ ਕਾ = ਦਾ ਅੰਤ ਨਹੀਂ ਪਾਇਆ ਜਾ ਸਕਦਾ। ਸਾਧੂਆਂ ਕੀ = ਦੀ ਸੋਭਾ = ਵਡਿਆਈ ਸਦਾ = ਹਮੇਸ਼ਾਂ ਬੇਅੰਤ = ਅੰਤ ਤੋਂ ਰਹਿਤ ਭਾਵ ਬੇਅੰਤ ਹੈ।

## ਸਾਧ ਕੀ ਸੋਭਾ; ਊਚ ਤੇ ਊਚੀ ॥ ਸਾਧ ਕੀ ਸੋਭਾ; ਮੂਚ ਤੇ ਮੂਚੀ ॥

ਸਾਧ = ਸ੍ਰੇਸ਼ਟ ਜਨਾਂ ਭਾਵ ਸੰਤਾਂ ਕੀ = ਦੀ ਸੋਭਾ = ਵਡਿਆਈ ਜੋ ਬ੍ਰਹਮਾ ਆਦਿਕ ਊਚ = ਉੱਚੇ ਹਨ, ਉਨ੍ਹਾਂ ਤੇ = ਤੋਂ ਵੀ ਊਚੀ = ਸ੍ਰੇਸ਼ਟ ਹੈ। ਸਾਧ = ਸਾਧੂਆਂ ਕੀ = ਦੀ ਸੋਭਾ = ਮਹਿਮਾ ਮੂਚ = ਵੱਡਿਆਂ ਤੇ = ਤੋਂ ਵੀ ਮੂਚੀ = ਵੱਡੀ ਹੈ, ਭਾਵ ਵਿਸਥਾਰ ਵਾਲੇ ਬ੍ਰਹਿਮੰਡਾਂ ਆਦਿਕ ਤੋਂ ਵੀ ਵਿਸਥਾਰ ਵਾਲੀ ਹੈ **ਵਾ:** ਮਾਇਆ ਦੀ ਅੰਸ਼ ਜੋ ਹਿਰਨ ਗਰਭ ਆਦਿਕ ਹੈ, ਈਸ਼ਰ ਦਾ ਜੋ ਸੁਪਨ ਅਵਸਥਾ ਦਾ ਅਭਿਮਾਨੀ ਹੈ, ਉਸ ਦੇ ਵਿਸਥਾਰ ਤੋਂ ਵੀ ਵਿਸਥਾਰ ਵਾਲੀ ਹੈ।

## ਸਾਧ ਕੀ ਸੋਭਾ; ਸਾਧ ਬਨਿਆਈ ॥ ਨਾਨਕ; ਸਾਧ ਪ੍ਰਭ ਭੇਦੁ ਨ ਭਾਈ ॥੮॥੭॥

ਸਾਧ = ਮਹਾਤਮਾ ਕੀ = ਦੀ ਸੋਭਾ ਮਹਾਤਮਾ ਨੂੰ ਹੀ ਬਣ ਆਈ ਹੈ। ਭਾਵ ਪੂਰਨ ਰੂਪ ਦੇ ਵਿਚ ਹੋਰ ਕੋਈ ਨਹੀਂ ਜਾਣਦਾ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ = ਭਰਾਵੋ ! ਪ੍ਰਭ = ਹਰੀ ਵਾਹਿਗੁਰੂ ਤੇ ਸਾਧ = ਸੰਤਾਂ ਵਿਚ ਕੋਈ ਭੇਦ = ਫ਼ਰਕ ਨ = ਨਹੀਂ ਭਾਵ ਇੱਕੋ ਰੂਪ ਹਨ ॥੮॥੭॥ ਜੈਸਾ ਕਿ :

**ਸਾਧ ਰੂਪ ਅਪਨਾ ਤਨੁ ਧਾਰਿਆ ॥** *(ਅੰਗ ੧੦੦੫)*

**ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥**
**ਸੰਤ ਅਨੰਤਹਿ ਅੰਤਰੁ ਨਾਹੀ ॥੪॥੨॥** *(ਆਸਾ ਰਵਿਦਾਸ ਜੀ, ਅੰਗ ੪੮੬)*

(ਸੱਤਵੀਂ ਅਸਟਪਦੀ ਵਿਚ ਪੂਰੇ ਅੱਖਰ ੬੬੯, ਪੈਰਾਂ ਵਾਲੇ ਰਾਰੇ ੧੬, ਕੁੱਲ ਅੱਖਰ ੬੮੫ ਹਨ)

## ਸਲੋਕੁ ॥ ਮਨਿ ਸਾਚਾ; ਮੁਖਿ ਸਾਚਾ ਸੋਇ ॥

ਜਿਸ ਦੇ ਮਨਿ = ਅੰਤਸ਼ਕਰਣ ਵਿਚ ਸਾਚਾ = ਸੱਚੇ ਅਤੇ ਮੁਖਿ = ਮੂੰਹ ਵਿਚ ਸੋਇ = ਉਸ ਸਾਚਾ = ਸੱਚੇ ਵਾਹਿਗੁਰੂ ਦਾ ਨਾਮ ਵੱਸਦਾ ਹੈ।

## ਅਵਰੁ ਨ ਪੇਖੈ; ਏਕਸੁ ਬਿਨੁ ਕੋਇ ॥

ਏਕਸੁ = ਇਕ ਹਰੀ ਵਾਹਿਗੁਰੂ ਤੋਂ ਬਿਨੁ = ਬਗ਼ੈਰ ਅਵਰੁ = ਹੋਰ ਕੋਇ = ਕੋਈ ਵੀ ਚੀਜ਼ ਅੱਖਾਂ ਨਾਲ ਨ = ਨਹੀਂ ਪੇਖੇ = ਦੇਖਦੇ ਭਾਵ ਸਾਰਿਆਂ ਵਿਚ ਇਕ ਬ੍ਰਹਮ ਹੀ ਵੇਖਦੇ ਹਨ।

## ਨਾਨਕ, ਇਹ ਲਛਣ; ਬ੍ਰਹਮ ਗਿਆਨੀ ਹੋਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਹ ਲਛਣ = ਚਿੰਨ੍ਹਾਂ, ਗੁਣਾਂ ਵਾਲਾ ਬ੍ਰਹਮ ਗਿਆਨੀ ਹੋਇ = ਹੁੰਦਾ ਹੈ। ਅੱਗੇ ਬ੍ਰਹਮ ਗਿਆਨੀ ਦੀ ਅਵਸਥਾ ਦੱਸਦੇ ਹਨ, ਕਿ ਉਹ ਸਦਾ ਸੁਤੰਤਰ ਪਾਪ ਪੁੰਨ ਤੋਂ ਬਾਹਰੇ ਹਨ ॥੧॥

## ਅਸਟਪਦੀ ॥ ਬ੍ਰਹਮ ਗਿਆਨੀ; ਸਦਾ ਨਿਰਲੇਪ ॥
## ਜੈਸੇ ਜਲ ਮਹਿ; ਕਮਲ ਅਲੇਪ ॥

ਬ੍ਰਹਮ ਗਿਆਨੀ ਸਦਾ = ਹਮੇਸ਼ਾਂ ਇਉਂ ਪਾਪਾਂ ਪੁੰਨਾਂ ਤੋਂ ਨਿਰਲੇਪ = ਅਸੰਗ ਰਹਿੰਦਾ ਹੈ **ਵਾ:** ਸੰਸਾਰ ਵਿਚ ਰਹਿੰਦਾ ਸਦਾ ਇਉਂ ਪਦਾਰਥਾਂ ਤੋਂ ਨਿਰਲੇਪ ਰਹਿੰਦਾ ਹੈ। ਜੈਸੇ = ਜਿਵੇਂ ਜਲ = ਪਾਣੀ ਮਹਿ = ਵਿਚ ਕਮਲ ਫੁੱਲ ਅਲੇਪ = ਨਿਰਲੇਪ ਰਹਿੰਦਾ ਹੈ। ਜੈਸਾ ਕਿ :

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥** *(ਅੰਗ ੯੩੮)*

## ਬ੍ਰਹਮ ਗਿਆਨੀ; ਸਦਾ ਨਿਰਦੋਖ ॥ ਜੈਸੇ ਸੂਰੁ; ਸਰਬ ਕਉ ਸੋਖ ॥

ਬ੍ਰਹਮ ਗਿਆਨੀ ਸਦਾ = ਹਮੇਸ਼ਾਂ ਇਉਂ ਨਿਰਦੋਖ = ਦੋਸ਼ਾਂ ਤੋਂ ਰਹਿਤ ਹੈ।

ਜੈਸੇ = ਜਿਵੇਂ ਸੂਰੁ = ਸੂਰਜ ਆਪਣੀਆਂ ਕਿਰਨਾਂ ਨਾਲ ਸਾਰਿਆਂ ਥਾਵਾਂ ਤੋਂ ਰਸ ਨੂੰ ਖਿੱਚ ਕੇ ਸੋਖ = ਸੁਕਾ ਦਿੰਦਾ ਹੈ, ਭਾਵ ਸੂਰਜ ਦੀਆਂ ਕਿਰਣਾਂ ਰੂੜੀਆਂ ਦੀ ਦੁਰਗੰਧੀ ਤੇ ਫੁੱਲਾਂ ਦੀ ਸੁਗੰਧ ਆਦਿ 'ਤੇ ਪੈਣ ਕਰਕੇ ਸੂਰਜ ਨੂੰ ਕੋਈ ਦੋਸ਼ ਨਹੀਂ ਹੁੰਦਾ। ਇਸੇ ਪ੍ਰਕਾਰ ਸੂਰਜ ਦੀ ਨਿਆਈਂ ਪਰਮੇਸ਼ਰ ਹੈ, ਜੋ ਗਿਆਨ ਰੂਪ ਕਿਰਣਾਂ ਦੇ ਨਾਲ ਸਭ ਦੇ ਪਾਪਾਂ ਨੂੰ ਸੋਖ = ਸੁਕਾ ਦਿੰਦਾ ਹੈ।

## ਬ੍ਰਹਮ ਗਿਆਨੀ ਕੈ; ਦ੍ਰਿਸਟਿ ਸਮਾਨਿ ॥
## ਜੈਸੇ ਰਾਜ ਰੰਕ ਕਉ; ਲਾਗੈ ਤੁਲਿ ਪਵਾਨ ॥

ਬ੍ਰਹਮ ਗਿਆਨੀ ਕੈ = ਦੇ ਅੰਦਰ ਸਭ ਲਈ ਸਮਾਨ ਦ੍ਰਿਸਟਿ = ਦ੍ਰਿਸ਼ਟੀ ਹੈ **ਵਾ:** ਬ੍ਰਹਮ ਗਿਆਨੀ ਦੀ ਸਭ ਜੀਵਾਂ ਕੈ = ਦੇ ਤਾਈਂ ਇਸ ਪ੍ਰਕਾਰ ਸਮਾਨਿ = ਇਹੋ ਜਿਹੀ ਦ੍ਰਿਸਟਿ = ਦ੍ਰਿਸ਼ਟੀ ਹੈ। ਜੈਸੇ = ਜਿਵੇਂ ਰਾਜ = ਰਾਜੇ ਤੇ ਰੰਕ = ਗ਼ਰੀਬ ਭਾਵ ਕੰਗਾਲ ਕਉ = ਨੂੰ ਪਵਾਨ = ਹਵਾ ਇਕ ਤੁਲਿ = ਸਮਾਨ ਲਾਗੈ = ਲੱਗਦੀ ਹੈ, ਇਸੇ ਤਰ੍ਹਾਂ ਪਾਪੀ, ਪੁੰਨੀਆਂ, ਰਾਜੇ, ਕੰਗਾਲਾਂ 'ਚ ਪਉਣ ਦੀ ਨਿਆਈਂ ਸਾਰਿਆਂ ਵਿਚ ਬ੍ਰਹਮ ਗਿਆਨੀ ਇੱਕੋ ਜਿਹਾ ਵਰਤਦਾ ਹੈ। ਜੈਸਾ ਕਿ :

> **ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥**
> **ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥** *(ਬਿਲਾਵਲ ਮ: ੫, ਅੰਗ ੮੪੬)*

## ਬ੍ਰਹਮ ਗਿਆਨੀ ਕੈ; ਧੀਰਜੁ ਏਕ ॥ ਜਿਉ ਬਸੁਧਾ; ਕੋਊ ਖੋਦੈ ਕੋਊ ਚੰਦਨ ਲੇਪ ॥

(**ਬਸੁੱਧਾ** ਨਹੀਂ ਬੋਲਣਾ)

ਬ੍ਰਹਮ ਗਿਆਨੀ ਕੈ = ਦੇ ਹਿਰਦੇ ਅੰਦਰ ਇਉਂ ਏਕ = ਇਕ ਧੀਰਜ = ਸਥਿਰਤਾ ਗੁਣ ਮੁਖ ਰੂਪ ਵਿਚ ਹੈ, ਜਿਉ = ਜਿਵੇਂ ਬਸੁਧਾ = ਧਰਤੀ ਨੂੰ ਕੋਊ = ਕੋਈ ਖੋਦੈ = ਪੁੱਟੀ ਜਾਵੇ ਤੇ ਭਾਵੇਂ ਕੋਊ = ਕੋਈ ਚੰਦਨ ਦਾ ਲੇਪ = ਲੇਪਣ ਭਾਵ ਪੋਚਾ ਫੇਰੀ ਜਾਵੇ, ਧਰਤੀ ਦੋਹਾਂ ਵਿੱਚੋਂ ਕਿਸੇ ਨੂੰ ਕੁਝ ਨਹੀਂ ਕਹਿੰਦੀ। ਪੁੱਟਣ ਵਾਲੇ ਨੂੰ ਸਰਾਪ ਅਤੇ ਚੰਦਨ ਦਾ ਲੇਪਣ ਕਰਨ ਵਾਲੇ ਨੂੰ ਵਰ ਨਹੀਂ ਦਿੰਦੀ। ਇਸੇ ਪ੍ਰਕਾਰ ਬ੍ਰਹਮ ਗਿਆਨੀ ਉਸਤਤ ਕਰਨ ਵਾਲੇ ਨੂੰ ਪ੍ਰਸੰਨ ਹੋ ਕੇ ਵਰ ਨਹੀਂ ਦਿੰਦੇ ਅਤੇ ਦੁਖ ਦੇਣ ਵਾਲੇ ਨੂੰ ਸਰਾਪ ਨਹੀਂ ਦਿੰਦੇ।

## ਬ੍ਰਹਮ ਗਿਆਨੀ ਕਾ; ਇਹੈ ਗੁਨਾਉ ॥
## ਨਾਨਕ; ਜਿਉ ਪਾਵਕ ਕਾ ਸਹਜ ਸੁਭਾਉ ॥੧॥

ਬ੍ਰਹਮ ਗਿਆਨੀ ਕਾ = ਦਾ ਇਹੈ = ਇਹੋ ਜਿਹਾ ਪਰਉਪਕਾਰ ਵਾਲਾ ਗੁਨਾਉ = ਗੁਣ ਹੈ। ਸਤਿਗੁਰੂ ਜੀ ਕਥਨ ਕਰਦੇ ਹਨ, ਜਿਉ = ਜਿਵੇਂ ਪਾਵਕ = ਅਗਨੀ ਕਾ = ਦਾ ਸਹਜ = ਸੁਤੇ-ਸਿਧ ਸੁਭਾਉ = ਸੁਭਾਅ ਹੈ, ਜੋ ਮਨੁੱਖ ਅੱਗ ਦੇ ਨੇੜੇ ਆਉਂਦਾ ਹੈ, ਤਾਂ ਅੱਗ ਹਨੇਰਾ ਤੇ ਸਰਦੀਆਂ ਵਿਚ ਠੰਢ ਤੋਂ ਦੂਰ ਕਰ ਦਿੰਦੀ ਹੈ, ਇਸੇ ਪ੍ਰਕਾਰ ਜੋ ਬ੍ਰਹਮਵੇਤੇ ਦੀ ਸ਼ਰਨ ਵਿਚ ਆਉਂਦਾ ਹੈ, ਉਸ ਨੂੰ ਗਿਆਨ ਦਾ ਪ੍ਰਕਾਸ਼ ਕਰਾ ਕੇ ਪਾਪਾਂ ਰੂਪ ਠੰਢ ਦੂਰ ਕਰ ਦਿੰਦੇ ਹਨ॥੧॥

## ਬ੍ਰਹਮ ਗਿਆਨੀ; ਨਿਰਮਲ ਤੇ ਨਿਰਮਲਾ ॥ ਜੈਸੇ; ਮੈਲੁ ਨ ਲਾਗੈ ਜਲਾ ॥

ਬ੍ਰਹਮ ਗਿਆਨੀ = ਵਿਆਪਕ ਪਰਮੇਸ਼ਰ ਦੇ ਗਿਆਨ ਨੂੰ ਜਾਨਣ ਵਾਲਾ ਪੁਰਖ ਇਉਂ ਨਿਰਮਲ = ਉੱਜਲ ਤੇ = ਤੋਂ ਵੀ ਨਿਰਮਲਾ = ਉੱਜਲ ਹੈ। ਜੈਸੇ = ਜਿਵੇਂ ਜਲਾ[੧] = ਪਾਣੀ ਨੂੰ ਮੈਲ = ਗੰਦਗੀ ਨ = ਨਹੀਂ ਲਾਗੈ = ਲੱਗਦੀ, ਇਸੇ ਪ੍ਰਕਾਰ ਬ੍ਰਹਮ ਬੇਤਾ ਸਭ ਦੇ ਪਾਪਾਂ ਦੀ ਮੈਲ ਧੋ ਕੇ ਉੱਜਲ ਦਾ ਉੱਜਲ ਹੀ ਰਹਿੰਦਾ ਹੈ।

***ਨੋਟ :*** ਕਈ ਗਿਆਨੀ 'ਜਲਾ' ਦਾ ਅਰਥ 'ਅਗਨੀ' ਕਰਦੇ ਹਨ ਕਿ ਅੱਗ ਕਾਲੀ ਭਾਵ ਸਾੜ ਦਿੰਦੀ ਹੈ, ਸਾੜ ਕੇ ਕੋਇਲੇ ਕਰ ਦਿੰਦੀ ਹੈ, ਉਹ ਕਹਿੰਦੇ ਹਨ ਕਿ ਅਗਨੀ ਨੂੰ ਮੈਲ ਨਹੀਂ ਲਗਦੀ, ਸਾਰਿਆਂ ਨੂੰ ਸੁਆਹ ਤਾਂ ਕਰ ਦਿੰਦੀ ਹੈ, ਪਰ ਇਥੇ ਜਲਾ ਦਾ ਅਰਥ ਪਾਣੀ ਹੈ ਭਾਵ ਪਾਣੀ ਦਾ ਹੀ ਦ੍ਰਿਸ਼ਟਾਂਤ ਹੈ।

---

੧. ਰਸਾਇਣ ਵਿੱਦਿਆ (ਕੈਮਿਸਟੀ) ਦੱਸਦੀ ਹੈ ਕਿ ਜਲ ਵਿਚ ਮੈਲ ਲਟਕਦੀ ਹੈ, ਪਾਣੀ ਨੂੰ ਮੈਲਾ ਨਹੀਂ ਕਰਦੀ ਪਾਣੀ ਆਪ ਪਾਣੀ ਹੀ ਰਹਿੰਦਾ ਹੈ, ਜਲ ਦੇ ਅਵੈਵ (ਹਿੱਸੇ) ਮੈਲੇ ਨਹੀਂ ਹੁੰਦੇ ਹਨ।

## ਬ੍ਰਹਮ ਗਿਆਨੀ ਕੈ; ਮਨਿ ਹੋਇ ਪ੍ਰਗਾਸੁ ॥
## ਜੈਸੇ; ਧਰ ਊਪਰਿ ਆਕਾਸੁ ॥

ਬ੍ਰਹਮ ਗਿਆਨੀ ਦੇ ਮਨਿ = ਹਿਰਦੇ ਅੰਦਰ ਐਸਾ ਗਿਆਨ ਦਾ ਪ੍ਰਗਾਸੁ = ਚਾਨਣ ਹੋਇ = ਹੁੰਦਾ ਹੈ। ਜੈਸੇ = ਜਿਵੇਂ ਧਰ = ਧਰਤੀ ਦੇ ਊਪਰਿ = ਉੱਤੇ ਵੀ ਅਤੇ ਨੀਚੇ ਵੀ ਆਕਾਸ਼ ਹੈ, ਭਾਵ ਧਰਤੀ ਨੂੰ ਪੁੱਟ ਕੇ ਵੇਖੀਏ ਤਾਂ ਥੱਲੇ ਪੁਲਾੜ ਹੀ ਹੈ, ਇਸੇ ਪ੍ਰਕਾਰ ਬ੍ਰਹਮ ਬੇਤੇ ਦੀ ਦੇਹ ਦੇ ਉੱਤੇ ਵੀ ਹਰੀ ਹੈ ਤੇ ਅੰਦਰ ਵੀ ਹਰੀ ਹੀ ਹੈ, ਸਾਰਿਆਂ ਵਿਚ ਹਰੀ ਨੂੰ ਹੀ ਵੇਖਦੇ ਹਨ, ਜੈਸਾ ਕਿ ਫ਼ੁਰਮਾਨ ਹੈ :

**ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸਿ ਗਗਨੁ ਰਹਾਇਲੇ ॥**

*(ਗੋਂਡ, ਭਗਤ ਕਬੀਰ ਜੀ, ਅੰਗ ੮੭੦)*

## ਬ੍ਰਹਮ ਗਿਆਨੀ ਕੈ; ਮਿਤ੍ਰ ਸਤ੍ਰ ਸਮਾਨਿ ॥

ਬ੍ਰਹਮ ਗਿਆਨੀ ਕੈ = ਦੇ ਨਾਲ ਕੋਈ ਮਿਤ੍ਰ = ਮਿੱਤਰਤਾ ਤੇ ਜੇ ਕੋਈ ਸਤ੍ਰ = ਵੈਰ ਕਰੇ ਤਾਂ ਉਨ੍ਹਾਂ ਦੀ ਦ੍ਰਿਸ਼ਟੀ ਦੋਹਾਂ ਲਈ ਸਮਾਨਿ = ਬਰਾਬਰ ਭਾਵ ਇੱਕੋ ਹੀ ਹੈ।

**ਸਾਖੀ—ਭਾਈ ਰਾਮ ਕੁਇਰ ਜੀ :** ਜਿਵੇਂ ਭਾਈ ਰਾਮ ਕੁਇਰ ਜੀ ਜੋ ਬਾਬਾ ਬੁੱਢਾ ਜੀ ਦੀ ਵੰਸ਼ ਵਿੱਚੋਂ ਸਨ, ਬ੍ਰਹਮ ਗਿਆਨੀ ਤਤਬੇਤੇ ਸਨ, ਬਿਰਤੀ ਇਕ-ਰਸ ਅਖੰਡ ਰਹਿੰਦੀ ਸੀ, ਰਮਦਾਸ ਨਗਰ ਵਿਚ ਇਕ ਵਾਰੀ ਤੁਰਕਾਂ ਦੀ ਸੈਨਾ ਬਾਬਾ ਜੀ ਦੇ ਘਰੋਂ ਬਰਤਨ, ਗਊਆਂ, ਘੋੜੇ ਅਨਾਜ ਆਦਿ ਸਭ ਕੁਝ ਲੁੱਟ ਕੇ ਲੈ ਗਈ। ਜਦੋਂ ਜਾ ਕੇ ਸੂਬੇ ਨੂੰ ਦੱਸਿਆ ਕਿ ਰਮਦਾਸ ਕਿਆ ਦੇ ਘਰ ਚੋਰੀ ਕੀਤੀ ਹੈ। ਸੂਬਾ ਬਾਬਾ ਜੀ ਦੇ ਪ੍ਰਤਾਪ ਨੂੰ ਜਾਣਦਾ ਸੀ, ਸਾਰੀ ਵਾਰਤਾ ਸੁਣ ਕੇ ਰਮਦਾਸ ਨਗਰ ਪਹੁੰਚਿਆ, ਨੰਗੇ ਪੈਰੀਂ ਬਾਬਾ ਜੀ ਦੇ ਘਰ ਪਹੁੰਚਿਆ ਤਾਂ ਬਾਬਾ ਜੀ ਸਮਾਧੀ ਵਿਚ ਬੈਠੇ ਸਨ। ਹੱਥ ਜੋੜ ਕੇ ਨਿਮਰਤਾ ਨਾਲ ਚਰਨ ਸਪਰਸ ਕਰ ਕੇ ਡਰੇ ਮਨ ਨਾਲ ਨਮਸ਼ਕਾਰ ਕੀਤੀ। ਜਦੋਂ ਬਾਬਾ ਜੀ ਸਮਾਧੀ ਤੋਂ ਉਥਾਨ ਹੋਏ, ਕਹਿਣ ਲੱਗੇ—ਦੱਸੋ ਭਾਈ ਕੀ ਹੈ ? ਤਾਂ ਸੂਬਾ ਬੜੀ ਨਿਮਰਤਾ ਨਾਲ ਕਹਿਣ ਲੱਗਾ ਕਿ ਤੁਹਾਡੇ ਕਿਹੜੇ ਕਿਹੜੇ ਪਦਾਰਥਾਂ ਨੂੰ ਲੁੱਟਿਆ ਗਿਆ ਹੈ, ਮੈਂ ਵਾਪਸ ਕਰਾਉਂਦਾ ਹਾਂ। ਸਾਨੂੰ ਖਿਮਾ ਕਰਨਾ, ਬਹੁਤ ਵੱਡਾ ਅਪਰਾਧ ਹੋ ਗਿਆ ਹੈ। ਬਾਬਾ ਰਾਮ ਕੁਇਰ ਜੀ ਕਹਿਣ ਲੱਗੇ ਕਿ ਸਾਡਾ ਤਾਂ ਕੁਝ ਵੀ ਕਿਤੇ ਨਹੀਂ ਗਿਆ। ਲਾਹੌਰ ਦੇ ਸੂਬੇ ਨੇ ਅਰੂਢ ਬਿਰਤੀ ਨੂੰ ਵੇਖ ਕੇ ਕਿਹਾ ਕਿ ਮਹਾਤਮਾ ਜੀ ਜਦੋਂ ਫ਼ੌਜ ਰਮਦਾਸ ਚੜ੍ਹ ਕੇ ਆਈ ਤਾਂ ਤੁਹਾਡੀਆਂ ਸਾਰੀਆਂ ਵਸਤੂਆਂ ਲੁੱਟ ਕੇ ਲੈ ਗਈ, ਉਹ ਤੁਹਾਡੀ ਮਹਿਮਾ ਤੋਂ ਅਣਜਾਣ ਸਨ, ਮੂਰਖਾਂ ਨੇ ਬਹੁਤ ਵੱਡੀ ਅਵੱਗਿਆ ਕੀਤੀ ਹੈ। ਸੂਬੇ ਦੇ ਇਹ ਬਚਨ ਸੁਣ ਕੇ ਜਦੋਂ ਬਾਬਾ ਜੀ ਨੇ ਸਾਹਮਣੇ ਨਿਗ੍ਹਾ ਮਾਰ ਕੇ ਵੇਖਿਆ ਕਿ ਸਾਡੇ ਬਾਜਾਂ ਦੇ ਅੱਡੇ ਸੰਗਮਰਮਰ ਦੇ ਕੋਈ ਲੈ ਗਿਆ ਹੈ, ਕਹਿਣ ਲੱਗੇ—ਜੇ ਤੇਰੇ ਕਹੇ ਤੋਂ ਕੋਈ ਬਾਜਾਂ ਦੇ ਅੱਡੇ ਵਾਪਸ ਕਰਦਾ ਹੈ ਤਾਂ ਕਰਾ ਦੇ। ਸੁਣ ਕੇ ਹੈਰਾਨ ਹੋ ਗਿਆ ਕਿ ਇਕ ਤੁੱਲ ਬਿਰਤੀ ਹੈ, ਜੋ ਚੀਜ਼ ਸਾਹਮਣੇ ਹੈ, ਉਹੋ ਹੀ ਚੇਤੇ ਰੱਖੀ ਹੈ, ਹੋਰ ਕੋਈ ਵੀ ਘਰ ਦੀ ਚੀਜ਼ ਦਾ ਚੇਤਾ ਨਹੀਂ, ਫਿਰ ਇਸ ਨੇ ਲਾਹੌਰ ਤੋਂ ਸਾਰੀ ਚੀਜ਼ ਵਾਪਸ ਕਰਾ ਦਿੱਤੀ, ਫਿਰ ਬਾਬਾ ਰਾਮ ਕੁਇਰ ਜੀ ਕਹਿਣ ਲੱਗੇ ਕਿ ਹੁਣ ਤਾਂ ਵਸਤੂਆਂ ਵਾਪਸ ਕਰਵਾ ਦਿੱਤੀਆਂ, ਜਦੋਂ ਲਾਹੌਰ ਲੁੱਟਿਆ ਗਿਆ, ਉਦੋਂ ਕੌਣ ਵਾਪਸ ਕਰਾਊ। ਇਸੇ ਪ੍ਰਕਾਰ ਬ੍ਰਹਮ ਗਿਆਨੀ ਨੂੰ ਦੁਸ਼ਮਣ ਤੇ ਮਿੱਤਰ ਇਕ ਬਰਾਬਰ ਹਨ।

## ਬ੍ਰਹਮ ਗਿਆਨੀ ਕੈ; ਨਾਹੀ ਅਭਿਮਾਨ ॥

ਬ੍ਰਹਮ ਗਿਆਨੀ ਦੇ ਹਿਰਦੇ ਅੰਦਰ ਅਭਿਮਾਨ = ਹੰਕਾਰ ਨਾਹੀ = ਨਹੀਂ ਹੁੰਦਾ ਹੈ।

## ਬ੍ਰਹਮ ਗਿਆਨੀ; ਊਚ ਤੇ ਊਚਾ॥ ਮਨਿ ਅਪਨੈ ਹੈ; ਸਭ ਤੇ ਨੀਚਾ॥

ਬ੍ਰਹਮ ਗਿਆਨੀ ਊਚ = ਉੱਚਿਆਂ ਤੇ = ਤੋਂ ਵੀ ਊਚਾ = ਸ੍ਰੇਸ਼ਟ ਭਾਵ ਉੱਤਮ ਹੁੰਦਾ ਹੈ। ਪਰ ਉਸ ਦਾ ਆਪਣਾ ਮਨਿ = ਅੰਤਸ਼ਕਰਣ ਸਭ ਤੇ = ਤੋਂ ਨੀਚਾ = ਨੀਵਾਂ ਹੁੰਦਾ ਹੈ। ਜੈਸਾ ਕਿ :

**ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥** *(ਅੰਗ ੨੬੬)*

## ਬ੍ਰਹਮ ਗਿਆਨੀ; ਸੇ ਜਨ ਭਏ॥ ਨਾਨਕ; ਜਿਨ ਪ੍ਰਭੁ ਆਪਿ ਕਰੇਇ॥੨॥

ਬ੍ਰਹਮ ਗਿਆਨੀ ਸੇ = ਉਹ ਜਨ = ਪੁਰਖ ਭਏ = ਹੋਏ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੂੰ ਪ੍ਰਭੂ = ਹਰੀ ਵਾਹਿਗੁਰੂ ਆਪ ਬ੍ਰਹਮ ਗਿਆਨ ਦੀ ਬਖ਼ਸ਼ਿਸ਼ ਕਰੇਇ = ਕਰਦਾ ਹੈ॥੨॥

## ਬ੍ਰਹਮ ਗਿਆਨੀ; ਸਗਲ ਕੀ ਰੀਨਾ॥
## ਆਤਮ ਰਸੁ; ਬ੍ਰਹਮ ਗਿਆਨੀ ਚੀਨਾ॥

ਬ੍ਰਹਮ ਗਿਆਨੀ ਸਗਲ = ਸਾਰਿਆਂ ਕੀ = ਦੀ ਚਰਨ ਰੀਨਾ = ਧੂੜ ਹੁੰਦਾ ਹੈ ਭਾਵ ਨਿਮਰਤਾ ਦੇ ਸਹਿਤ ਰਹਿੰਦਾ ਹੈ। ਕਿਉਂਕਿ ਬ੍ਰਹਮ ਗਿਆਨੀ ਨੇ ਆਤਮ ਰਸ = ਆਤਮਾ ਦੇ ਅਨੰਦ ਨੂੰ ਚੀਨਾ = ਜਾਣਿਆ ਹੈ।

## ਬ੍ਰਹਮ ਗਿਆਨੀ ਕੀ; ਸਭ ਊਪਰਿ ਮਇਆ॥
## ਬ੍ਰਹਮ ਗਿਆਨੀ ਤੇ; ਕਛੁ ਬੁਰਾ ਨ ਭਇਆ॥

ਬ੍ਰਹਮ ਗਿਆਨੀ ਕੀ = ਦੀ ਸਭ = ਸਾਰਿਆਂ ਊਪਰਿ = ਉੱਤੇ ਮਇਆ = ਕਿਰਪਾ ਦ੍ਰਿਸ਼ਟੀ ਹੁੰਦੀ ਹੈ। ਬ੍ਰਹਮ ਗਿਆਨੀ ਤੇ = ਤੋਂ ਕਛੁ = ਕੁਝ ਵੀ ਬੁਰਾ = ਮਾੜਾ ਨਾ = ਨਹੀਂ ਭਇਆ = ਹੁੰਦਾ, ਭਾਵ ਬ੍ਰਹਮ ਗਿਆਨੀ ਸਭ ਦਾ ਭਲਾ ਹੀ ਕਰਦਾ ਹੈ।

## ਬ੍ਰਹਮ ਗਿਆਨੀ; ਸਦਾ ਸਮਦਰਸੀ॥
## ਬ੍ਰਹਮ ਗਿਆਨੀ ਕੀ; ਦ੍ਰਿਸਟਿ ਅੰਮ੍ਰਿਤੁ ਬਰਸੀ॥

ਬ੍ਰਹਮ ਗਿਆਨੀ ਸਦਾ = ਹਮੇਸ਼ਾਂ ਸਮਦਰਸੀ = ਸਭ ਨੂੰ ਸਮਾਨ ਦ੍ਰਿਸ਼ਟੀ ਨਾਲ ਵੇਖਦਾ ਹੈ ਬ੍ਰਹਮ ਗਿਆਨੀ ਕੀ = ਦੀ ਦ੍ਰਿਸਟਿ = ਨਦਰ ਵਿੱਚੋਂ ਅੰਮ੍ਰਿਤ ਰੂਪ ਨਾਮ ਦੀ ਵਰਖਾ ਬਰਸੀ = ਵਰਸਦੀ ਹੈ। ਜਦੋਂ ਗੁਰੂ ਅੰਗਦ ਦੇਵ ਸਾਹਿਬ ਸਮਾਧੀ ਖੋਲ੍ਹਦੇ ਤਾਂ ਨਿਗ੍ਹਾ ਪੈਣ 'ਤੇ ਜੋ ਰੋਗੀ ਦੁਖੀ ਖੜੇ ਹੁੰਦੇ, ਸਭ ਰਾਜ਼ੀ ਹੋ ਕੇ ਚਲੇ ਜਾਂਦੇ ਸਨ, ਭਾਵ ਮ੍ਰਿਤੂ ਤੋਂ ਰਹਿਤ ਕਰਨ ਵਾਲੀ ਦ੍ਰਿਸ਼ਟੀ ਵਰਸਾਉਂਦੇ ਸਨ।

[ਅੰਗ ੨੭੩]

## ਬ੍ਰਹਮ ਗਿਆਨੀ; ਬੰਧਨ ਤੇ ਮੁਕਤਾ॥
## ਬ੍ਰਹਮ ਗਿਆਨੀ ਕੀ; ਨਿਰਮਲ ਜੁਗਤਾ॥

ਬ੍ਰਹਮ ਗਿਆਨੀ ਸੰਸਾਰਕ ਬੰਧਨ = ਬੰਨ੍ਹਣਾ, ਜਨਮ ਮਰਣ ਤੇ = ਤੋਂ ਮੁਕਤਾ = ਛੁਟਿਆ ਹੁੰਦਾ ਹੈ, ਭਾਵ ਮੁਕਤ ਪੁਰਸ਼ ਹੁੰਦਾ ਹੈ। ਬ੍ਰਹਮ ਗਿਆਨੀ ਕੀ = ਦੀ ਨਿਰਮਲ = ਉੱਜਲ ਜੁਗਤਾ = ਮਰਿਯਾਦਾ ਹੁੰਦੀ ਹੈ **ਵਾ:** ਬ੍ਰਹਮ ਗਿਆਨੀ ਦੀ ਬਿਰਤੀ ਨਿਰਮਲ = ਉੱਜਲ ਪਰਮਾਤਮਾ ਦੇ ਨਾਮ ਵਿਚ ਜੁਗਤਾ = ਜੁੜੀ ਰਹਿੰਦੀ ਹੈ **ਵਾ:** ਬ੍ਰਹਮ ਗਿਆਨੀ ਕੀ = ਦੀ ਹੋਰਨਾਂ ਨੂੰ ਨਿਰਮਲ = ਮੈਲ ਤੋਂ ਰਹਿਤ ਕਰਨ ਦੀ ਜੁਗਤਾ = ਮਰਯਾਦਾ ਹੈ।

## ਬ੍ਰਹਮ ਗਿਆਨੀ ਕਾ; ਭੋਜਨੁ ਗਿਆਨ ॥
## ਨਾਨਕ, ਬ੍ਰਹਮ ਗਿਆਨੀ ਕਾ; ਬ੍ਰਹਮ ਧਿਆਨੁ ॥੩॥

ਬ੍ਰਹਮ ਗਿਆਨੀ ਕਾ = ਦਾ ਭੋਜਨੁ = ਖਾਣਾ ਤਾਂ ਪ੍ਰਭੂ ਦਾ ਗਿਆਨ ਹੀ ਹੈ, ਅੰਨ ਪਾਣੀ ਤਾਂ ਪ੍ਰਾਣਾਂ ਦਾ ਆਸਰਾ ਹੈ, ਪਰ ਉਸ ਦੇ ਹਿਰਦੇ ਵਿਚ ਤਾਂ ਪਰਮੇਸ਼ਰ ਦਾ ਗਿਆਨ ਹੀ ਭੋਜਨ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਬ੍ਰਹਮ ਗਿਆਨੀ ਕਾ = ਦਾ ਬ੍ਰਹਮ = ਵਿਆਪਕ ਸਰੂਪ ਵਿਚ ਹੀ ਧਿਆਨ ਲੱਗਾ ਰਹਿੰਦਾ ਹੈ ॥੩॥

## ਬ੍ਰਹਮ ਗਿਆਨੀ; ਏਕ ਊਪਰਿ ਆਸ ॥ ਬ੍ਰਹਮ ਗਿਆਨੀ ਕਾ; ਨਹੀ ਬਿਨਾਸ ॥

ਬ੍ਰਹਮ ਗਿਆਨੀ ਦੀ ਏਕ = ਇਕ ਪਰਮੇਸ਼ਰ ਊਪਰਿ = ਉੱਤੇ ਆਸ = ਚਾਹਣਾ ਭਾਵ ਉਮੀਦ ਹੁੰਦੀ ਹੈ। ਬ੍ਰਹਮ ਗਿਆਨੀ ਕਾ = ਦਾ ਕਦੇ ਵੀ ਬਿਨਾਸ = ਨਾਸ ਨਹੀਂ ਹੁੰਦਾ **ਵਾ:** (ਬਿ+ਨਾਸ) ਬਿ = ਵਿਸ਼ੇਸ਼ ਕਰਕੇ ਨਾਸ ਨਹੀਂ ਹੁੰਦਾ।

## ਬ੍ਰਹਮ ਗਿਆਨੀ ਕੈ; ਗਰੀਬੀ ਸਮਾਹਾ ॥
## ਬ੍ਰਹਮ ਗਿਆਨੀ; ਪਰਉਪਕਾਰ ਉਮਾਹਾ ॥

ਬ੍ਰਹਮ ਗਿਆਨੀ ਕੈ = ਦੇ ਹਿਰਦੇ ਅੰਦਰ ਗਰੀਬੀ = ਨਿੰਮ੍ਰਤਾ ਦਾ ਸਮਾਹਾ = ਅਨੰਦ ਹੈ, ਭਾਵ ਗ਼ਰੀਬੀ ਸਮਾਈ ਹੋਈ ਹੈ। ਬ੍ਰਹਮ ਗਿਆਨੀ ਦੇ ਹਿਰਦੇ ਵਿਚ ਪਰਉਪਕਾਰ ਦਾ ਉਮਾਹਾ = ਉਤਸ਼ਾਹ ਰੱਖਦਾ ਹੈ।

**ਸਾਖੀ—ਸੰਤ ਕਰਮ ਸਿੰਘ ਜੀ ਦੀ :** ਜਿਸ ਵੇਲੇ ੧੯੫੭ ਈਸਵੀ ਵਿਚ ਦਿੱਲੀ ਗ਼ਦਰ ਪਇਆ ਤਾਂ ਬਾਬਾ ਕਰਮ ਸਿੰਘ ਜੀ ਤੇ ਬਾਬਾ ਲਾਲ ਸਿੰਘ ਜੀ ਫ਼ੌਜ ਵਿਚ ਇਕੱਠੇ ਸਨ, ਉਨ੍ਹਾਂ ਦੀ ਯੂਨਿਟ ਦਿੱਲੀ ਪਹੁੰਚੀ ਹੋਈ ਸੀ। ਸੰਤ ਲੋਕਾਂ ਨੂੰ ਬਲਦੀ ਅੱਗ ਵਿੱਚੋਂ ਕੱਢ ਕੱਢ ਕੇ ਗੁਰੂ ਘਰ ਵਿਚ ਛੱਡ ਆਉਂਦੇ ਸਨ। ਜਦੋਂ ਲੋਕਾਂ ਨੂੰ ਬਚਾਉਂਦੇ ਹੋਏ ਇਕ ਮਹੱਲੇ ਵਿਚ ਪਹੁੰਚੇ ਤਾਂ ਇਕ ਮਾਤਾ ਜਿਸ ਦਾ ਇੱਕੋ ਇਕ ਪੰਜ ਸਾਲਾ ਪੁੱਤਰ ਅੱਗ ਦੀ ਲਪੇਟ ਵਿਚ ਆਇਆ ਹੋਇਆ ਸੀ। ਮਾਤਾ ਖੜੀ ਰੋ ਰਹੀ ਸੀ ਅਤੇ ਵਾਹਿਗੁਰੂ ਪਰਮੇਸ਼ਰ ਅੱਗੇ ਬੇਨਤੀ ਕਰ ਰਹੀ ਸੀ ਕਿ ਹੇ ਪ੍ਰਭੂ! ਜਿਵੇਂ ਤੂੰ ਪ੍ਰਹਿਲਾਦ ਭਗਤ ਨੂੰ ਤਪਦੇ ਥੰਮੇ ਤੋਂ ਰੱਖਿਆ ਸੀ, ਇਸੇ ਪ੍ਰਕਾਰ ਮੇਰੇ ਬੱਚੇ ਦੀ ਹੱਥ ਦੇ ਕੇ ਰੱਖਿਆ ਕਰਨੀ ਕਰੋ। ਇਤਨੇ ਨੂੰ ਸੰਤ ਕੋਲ ਆ ਗਏ ਅਤੇ ਮਾਤਾ ਨੂੰ ਪੁੱਛਣ ਲੱਗੇ ਕਿ ਮਾਤਾ ਇਤਨਾ ਵਿਰਲਾਪ ਕਿਉਂ ਕਰ ਰਹੀ ਹੈਂ, ਤਾਂ ਮਾਤਾ ਨੇ ਦੱਸਿਆ ਕਿ ਮੇਰਾ ਪੰਜ ਸਾਲਾ ਬੱਚਾ ਚੁਬਾਰੇ ਵਿਚ ਸੁੱਤਾ ਪਿਆ ਹੈ, ਸੰਤਾਂ ਤੋਂ ਮਾਤਾ ਦੀ ਐਸੀ ਦਸ਼ਾ ਵੇਖੀ ਨਾ ਗਈ, ਪਰਉਪਕਾਰੀ ਸੰਤਾਂ ਨੇ ਪੌੜੀ ਦੀ ਸਹਾਇਤਾ ਲਈ ਅਤੇ ਬੱਚੇ ਨੂੰ ਲੈਣ ਲਈ ਚੱਲੇ, ਛੋਟੇ ਸੰਤ ਲਾਲ ਸਿੰਘ ਜੀ ਕਹਿਣ ਲੱਗੇ ਕਿ ਬਾਬਾ ਜੀ ਅੱਗ ਜ਼ੋਰਾਂ 'ਤੇ ਹੈ ਨਾ ਚੜ੍ਹੋ, ਪਰ ਬਾਬਾ ਜੀ ਪਰਮੇਸ਼ਰ 'ਤੇ ਭਰੋਸਾ ਰੱਖਣ ਵਾਲੇ ਗੁਰਬਾਣੀ ਦੀਆਂ ਤੁਕਾਂ ਪੜ੍ਹਦੇ ਜਾਂਦੇ ਸਨ। ਜੈਸਾ ਕਿ :

**ਗੁਰ ਕਾ ਬਚਨੁ ਬਸੈ ਜੀਅ ਨਾਲੇ ॥**
**ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥੧॥ਰਹਾਉ॥** *(ਧਨਾਸਰੀ ਮ: ੫, ਅੰਗ ੬੭੯)*
**ਆਪੇ ਪਾਵਕੁ ਆਪੇ ਪਵਨਾ ॥ ਜਾਰੈ ਖਸਮੁ ਤ ਰਾਖੈ ਕਵਨਾ ॥੧॥** *(ਅੰਗ ੩੨੯)*

ਸੁੱਤੇ ਬੱਚੇ ਨੂੰ ਚਾਦਰ ਨਾਲ ਲਪੇਟ ਕੇ ਪਿੱਠ 'ਤੇ ਬੰਨ੍ਹਿਆ ਅਤੇ ਹੋਰ ਕੀਮਤੀ ਸਮਾਨ ਜੋ ਵੀ ਮਾਤਾ ਦਾ ਹੱਥ ਲੱਗਿਆ, ਹੇਠਾਂ ਸੁੱਟਿਆ ਅਤੇ ਬੱਚੇ ਨੂੰ ਸਹੀ ਸਲਾਮਤ ਲਿਆਂਦਾ ਅਤੇ ਮਾਤਾ ਦੀ ਝੋਲੀ ਵਿਚ ਪਾਉਣਾ ਕੀਤਾ। ਇਸੇ ਤਰ੍ਹਾਂ ਦੇ ਪਰਉਪਕਾਰ ਬ੍ਰਹਮ ਗਿਆਨੀ ਮਹਾਤਮਾ ਹੀ ਕਰ ਸਕਦੇ ਹਨ ਕਿਉਂਕਿ ਬ੍ਰਹਮ ਗਿਆਨੀ ਦੇ ਹਿਰਦੇ ਵਿਚ ਸਦਾ ਪਰਉਪਕਾਰਾਂ ਦਾ ਉਤਸ਼ਾਹ ਬਣਿਆ ਰਹਿੰਦਾ ਹੈ।

## ਬ੍ਰਹਮ ਗਿਆਨੀ ਕੈ; ਨਾਹੀ ਧੰਧਾ ॥ ਬ੍ਰਹਮ ਗਿਆਨੀ; ਲੇ ਧਾਵਤੁ ਬੰਧਾ ॥

ਬ੍ਰਹਮ ਗਿਆਨੀ ਦੇ ਹਿਰਦੇ ਵਿਚ ਕੋਈ ਵੀ ਸੰਸਾਰਕ ਧੰਧਾ = ਕੰਮਕਾਜ ਨਾਲ ਸਨੇਹ ਨਾਹੀ = ਨਹੀਂ ਹੁੰਦਾ ਹੈ। ਜਿਵੇਂ ਬੱਚਾ ਪੰਘੂੜੇ ਵਿਚ ਪਾਇਆ ਹੱਥ ਹਿਲਾਉਂਦਾ ਹੈ, ਪੈਰ ਮਾਰ ਮਾਰ ਕੇ ਖੇਲਦਾ ਹੈ, ਉਸ ਦਾ ਖੇਡਣਾ ਕਿਰਿਆ ਹੈ, ਧੰਧਾ ਨਹੀਂ ਹੈ। ਜੈਸਾ ਕਿ :

**ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ ॥੧॥** *(ਅੰਗ ੬੭੧)*

ਬ੍ਰਹਮ ਗਿਆਨੀਆਂ ਨੇ ਧਾਵਤੁ = ਦੌੜਦੇ ਮਨ ਨੂੰ ਸਮਦਮ ਸਾਧਨਾਂ ਨਾਲ ਬੰਧਾ = ਬੰਨ੍ਹ ਲੇ = ਲੈਣਾ ਕੀਤਾ ਹੈ।

## ਬ੍ਰਹਮ ਗਿਆਨੀ ਕੈ; ਹੋਇ ਸੁ ਭਲਾ ॥ ਬ੍ਰਹਮ ਗਿਆਨੀ; ਸੁਫਲ ਫਲਾ ॥

ਬ੍ਰਹਮ ਗਿਆਨੀ ਦੀ ਸੰਗਤ ਕੈ = ਦੇ ਕੋਲੋਂ ਜੋ ਕੁਝ ਵੀ ਹੁੰਦਾ ਹੈ, ਸੁ = ਉਹ ਭਲਾ = ਚੰਗਾ ਕਰਮ ਹੀ ਹੋਇ = ਹੁੰਦਾ ਹੈ। ਬ੍ਰਹਮ ਗਿਆਨੀ ਸ੍ਰਵਣ, ਮੰਨਣ, ਨਿਧਿਆਸਣ ਤੱਤ ਤ੍ਵੰ ਦਾ ਸੰਸ਼ੋਧਨ ਆਦਿ ਸੁਫਲ = ਸ੍ਰੇਸ਼ਟ ਫਲਾਂ ਦੇ ਸਹਿਤ ਫਲਾ = ਪ੍ਰਫੁੱਲਤ ਹੁੰਦਾ ਹੈ **ਵਾ:** (ਸੁ+ਫੁਲ) ਸੁ = ਸਹਿਤ ਗਿਆਨ ਰੂਪੀ ਫਲ ਦੇ ਪ੍ਰਫੁੱਲਤ ਹੁੰਦਾ ਹੈ।

## ਬ੍ਰਹਮ ਗਿਆਨੀ ਸੰਗਿ; ਸਗਲ ਉਧਾਰੁ ॥
## ਨਾਨਕ, ਬ੍ਰਹਮ ਗਿਆਨੀ; ਜਪੈ ਸਗਲ ਸੰਸਾਰੁ ॥੪॥

ਬ੍ਰਹਮ ਗਿਆਨੀ ਦੀ ਸੰਗਿ = ਸੰਗਤ ਕਰਨ ਨਾਲ ਸਗਲ = ਸਾਰਿਆਂ ਦਾ ਉਧਾਰੁ = ਪਾਰ ਉਤਾਰਾ ਹੋ ਜਾਂਦਾ ਹੈ, ਭਾਵ ਸੰਗ ਕਰਨ ਵਾਲੇ ਸਭ ਤਰ ਜਾਂਦੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਬ੍ਰਹਮ ਬੇਤਿਆਂ ਨੂੰ ਬ੍ਰਹਮ ਦਾ ਸਰੂਪ ਹੋਣ ਕਰ ਕੇ ਸਗਲ = ਸਾਰਾ ਸੰਸਾਰੁ = ਜਗਤ ਜਪੈ = ਜਪਦਾ ਹੈ ॥੪॥

## ਬ੍ਰਹਮ ਗਿਆਨੀ ਕੈ; ਏਕੈ ਰੰਗ ॥ ਬ੍ਰਹਮ ਗਿਆਨੀ ਕੈ; ਬਸੈ ਪ੍ਰਭੁ ਸੰਗ ॥

ਬ੍ਰਹਮ ਗਿਆਨੀ ਕੈ = ਦੇ ਹਿਰਦੇ ਵਿਚ ਏਕੈ = ਇੱਕੋ ਹਰੀ ਪਰਮੇਸ਼ਰ ਵਾਹਿਗੁਰੂ ਦਾ ਰੰਗ = ਪ੍ਰੇਮ, ਅਨੰਦ ਹੁੰਦਾ ਹੈ। ਬ੍ਰਹਮ ਗਿਆਨੀ ਕੈ = ਦੇ ਪ੍ਰਭੁ = ਵਾਹਿਗੁਰੂ ਸਰਗੁਣ ਸਰੂਪ ਧਾਰ ਕੇ ਹਰ ਵਕਤ ਸੰਗਿ = ਨਾਲ ਹੀ ਬਸੈ = ਵਸਦਾ ਹੈ।

## ਬ੍ਰਹਮ ਗਿਆਨੀ ਕੈ; ਨਾਮੁ ਆਧਾਰੁ ॥
## ਬ੍ਰਹਮ ਗਿਆਨੀ ਕੈ; ਨਾਮੁ ਪਰਵਾਰੁ ॥

ਬ੍ਰਹਮ ਗਿਆਨੀ ਕੈ = ਦੇ ਹਿਰਦੇ ਵਿਚ ਇਕ ਵਾਹਿਗੁਰੂ ਦੇ ਨਾਮ ਦਾ ਆਧਾਰੁ = ਆਸਰਾ ਹੁੰਦਾ ਹੈ। ਬ੍ਰਹਮ ਗਿਆਨੀ ਕੈ = ਦੇ ਹਿਰਦੇ ਵਿਚ ਸੱਤ ਸਰੂਪ ਦਾ ਨਾਮ ਹੀ ਦੈਵੀ ਸੰਪਦਾ ਰੂਪ ਪਰਿਵਾਰ ਹੈ **ਵਾ:** ਬ੍ਰਹਮ ਗਿਆਨੀ ਨਾਮ ਨੂੰ ਹੀ ਆਪਣਾ ਪਰਿਵਾਰ ਸਮਝਦਾ ਹੈ।

## ਬ੍ਰਹਮ ਗਿਆਨੀ; ਸਦਾ ਸਦ ਜਾਗਤ ॥
## ਬ੍ਰਹਮ ਗਿਆਨੀ; ਅਹੰਬੁਧਿ ਤਿਆਗਤ ॥

ਬ੍ਰਹਮ ਗਿਆਨੀ ਅਗਿਆਨ ਦੀ ਨੀਂਦ ਨੂੰ ਤਿਆਗ ਕੇ ਸਦਾ ਸਦ = ਹਮੇਸ਼ਾ ਹੀ ਗਿਆਨ ਅਵਸਥਾ ਵਿਚ ਜਾਗਤ = ਜਾਗਦਾ ਹੈ। ਬ੍ਰਹਮ ਗਿਆਨੀ ਅਹੰਬੁਧਿ = ਹੰਕਾਰ ਵਾਲੀ ਬੁੱਧੀ ਨੂੰ ਮੂਲੋਂ ਤਿਆਗਤ = ਛੱਡ ਦਿੰਦਾ ਹੈ।

## ਬ੍ਰਹਮ ਗਿਆਨੀ ਕੈ ਮਨਿ; ਪਰਮਾਨੰਦ ॥
## ਬ੍ਰਹਮ ਗਿਆਨੀ ਕੈ ਘਰਿ; ਸਦਾ ਅਨੰਦ ॥

ਬ੍ਰਹਮ ਗਿਆਨੀ ਕੈ = ਦੇ ਮਨਿ = ਅੰਤਸ਼ਕਰਣ ਵਿਚ ਪਰਮਾਨੰਦ = ਮਹਾਂ ਸੁਖ ਭਾਵ ਪਰਮ ਅਨੰਦ ਵਾਹਿਗੁਰੂ ਵਸਿਆ ਹੈ। ਬ੍ਰਹਮ ਗਿਆਨੀ ਕੈ = ਦੇ ਹਿਰਦੇ ਰੂਪੀ ਘਰ ਵਿਚ ਸਦਾ = ਹਮੇਸ਼ਾਂ ਹਰੀ ਦਾ ਅਨੰਦ ਸਿਖਿਆਤ ਹੈ **ਵਾ:** ਅੰਤਹਕਰਨ ਰੂਪ ਘਰ ਵਿਚ ਸਦਾ ਅਨੰਦ = ਖੇੜਾ ਬਣਿਆ ਰਹਿੰਦਾ ਹੈ।

## ਬ੍ਰਹਮ ਗਿਆਨੀ; ਸੁਖ ਸਹਜ ਨਿਵਾਸ ॥
## ਨਾਨਕ, ਬ੍ਰਹਮ ਗਿਆਨੀ ਕਾ; ਨਹੀ ਬਿਨਾਸ ॥੫॥

ਬ੍ਰਹਮ ਗਿਆਨੀ ਦਾ ਸਹਜ = ਸੁਤੇ-ਸਿਧ ਸੁਖ ਸਰੂਪ ਵਿਚ ਨਿਵਾਸ = ਵਾਸਾ ਹੁੰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਬ੍ਰਹਮ ਗਿਆਨੀ ਕਾ = ਦਾ ਕਦੇ ਵੀ ਬਿਨਾਸ = ਨਾਸ ਨਹੀਂ ਹੁੰਦਾ ॥੫॥

## ਬ੍ਰਹਮ ਗਿਆਨੀ; ਬ੍ਰਹਮ ਕਾ ਬੇਤਾ ॥ ਬ੍ਰਹਮ ਗਿਆਨੀ; ਏਕ ਸੰਗਿ ਹੇਤਾ ॥

ਬ੍ਰਹਮ ਗਿਆਨੀ ਬ੍ਰਹਮ = ਵਿਆਪਕ ਸਰੂਪ ਕਾ = ਦਾ ਬੇਤਾ = ਜਾਣੂ ਹੁੰਦਾ ਹੈ। ਬ੍ਰਹਮ ਗਿਆਨੀ ਏਕ = ਇਕ ਹਰੀ ਵਾਹਿਗੁਰੂ ਸੰਗਿ = ਨਾਲ ਹੀ ਹੇਤਾ = ਪ੍ਰੇਮ ਕਰਦਾ ਹੈ।

## ਬ੍ਰਹਮ ਗਿਆਨੀ ਕੈ; ਹੋਇ ਅਚਿੰਤ ॥ ਬ੍ਰਹਮ ਗਿਆਨੀ ਕਾ; ਨਿਰਮਲ ਮੰਤ ॥

ਬ੍ਰਹਮ ਗਿਆਨੀ ਕੈ = ਦੇ ਹਿਰਦੇ ਵਿਚ ਅਚਿੰਤ = ਸੁਤੇ-ਸਿਧ ਨਿਰਯਤਨ ਹੀ ਵਾਹਿਗੁਰੂ ਦਾ ਚਿੰਤਨ ਹੋਇ = ਹੁੰਦਾ ਰਹਿੰਦਾ ਹੈ **ਵਾ:** ਬ੍ਰਹਮ ਗਿਆਨੀ ਸਮਝਦਾ ਹੈ ਕਿ ਜੋ ਕੁਝ ਹੋਇ = ਹੁੰਦਾ ਹੈ, ਅਚਨਚੇਤ ਹੀ ਹੁੰਦਾ ਹੈ। ਜੈਸਾ ਕਿ :

> **ਚਿੰਤ ਅਚਿੰਤਾ ਸਗਲੀ ਗਈ ॥**
> **ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥੩॥੬॥** *(ਅੰਗ ੧੧੫੭)*

ਬ੍ਰਹਮ ਗਿਆਨੀ ਕਾ = ਦਾ ਮੰਤ = ਉਪਦੇਸ਼ ਨਿਰਮਲ = ਉੱਜਲਾ ਹੁੰਦਾ ਹੈ **ਵਾ:** ਉੱਜਲ ਕਰਨ ਵਾਲਾ ਹੁੰਦਾ ਹੈ।

## ਬ੍ਰਹਮ ਗਿਆਨੀ; ਜਿਸੁ ਕਰੈ ਪ੍ਰਭੁ ਆਪਿ ॥ ਬ੍ਰਹਮ ਗਿਆਨੀ ਕਾ; ਬਡ ਪਰਤਾਪ ॥

ਜਿਸ ’ਤੇ ਪ੍ਰਭੁ = ਹਰੀ ਵਾਹਿਗੁਰੂ ਆਪ ਕਿਰਪਾ ਦ੍ਰਿਸ਼ਟੀ ਕਰੈ = ਕਰਦਾ ਹੈ, ਉਸ ਨੂੰ ਹੀ ਬ੍ਰਹਮ ਗਿਆਨੀ ਬਣਾਉਣਾ ਕਰਦਾ ਹੈ। ਬ੍ਰਹਮ ਗਿਆਨੀ ਕਾ = ਦਾ ਪਰਤਾਪ = ਤੇਜ ਪ੍ਰਭਾਵ ਸਭ ਤੋਂ ਬਡ = ਵੱਡਾ ਹੁੰਦਾ ਹੈ **ਵਾ:** ਬਹੁਤ ਵੱਡਾ ਪ੍ਰਤਾਪ ਹੁੰਦਾ ਹੈ।

## ਬ੍ਰਹਮ ਗਿਆਨੀ ਕਾ ਦਰਸੁ; ਬਡਭਾਗੀ ਪਾਈਐ ॥
## ਬ੍ਰਹਮ ਗਿਆਨੀ ਕਉ; ਬਲਿ ਬਲਿ ਜਾਈਐ ॥

ਬ੍ਰਹਮ ਗਿਆਨੀ ਕਾ = ਦਾ ਦਰਸੁ = ਦਰਸਨ ਬਡਭਾਗੀ = ਵੱਡਿਆਂ ਭਾਗਾਂ ਕਰਕੇ ਪਾਈਐ = ਪ੍ਰਾਪਤ ਕਰੀਦਾ ਹੈ। ਐਸੇ ਬ੍ਰਹਮ ਗਿਆਨੀ ਕਉ = ਨੂੰ ਮਨ, ਬਾਣੀ, ਸਰੀਰ ਕਰ ਕੇ ਬਲਿ = ਬਲਿਹਾਰ ਬਲਿ = ਕੁਰਬਾਨ ਜਾਈਐ = ਜਾਣਾ ਕਰੀਏ।

## ਬ੍ਰਹਮ ਗਿਆਨੀ ਕਉ; ਖੋਜਹਿ ਮਹੇਸੁਰ ॥

ਬ੍ਰਹਮ ਗਿਆਨੀ ਕਉ = ਨੂੰ ਮਹੇਸੁਰ = ਸ਼ਿਵ ਜੀ **ਵਾ:** (ਮਹੀ+ਈਸਰ) ਮਹੀ = ਧਰਤੀ ਦੇ ਈਸਰ ਰਾਜੇ ਵੀ ਖੋਜਹਿ = ਭਾਲਦੇ ਫਿਰਦੇ ਹਨ।

**ਸਾਖੀ—ਇਕ ਪੰਡਤ ਦੀ :** ਇਕ ਬਹੁਤ ਵਿੱਦਿਆ ਪੜ੍ਹਿਆ ਹੋਇਆ ਪੰਡਤ ਸੀ, ਉਸ ਨੇ ਪੁੱਤਰ ਪ੍ਰਾਪਤੀ ਲਈ ਇਕ ਯੱਗ ਕਰਨਾ ਕੀਤਾ। ਯੱਗ ਕਰਨ ਵਿਚ ਫ਼ਰਕ ਰਹਿਣ ਕਰਕੇ ਪਿੰਗਲਾ ਪੁੱਤਰ ਪੈਦਾ ਹੋਇਆ, ਪਰ ਪਿਛਲੇ ਕਰਮਾਂ ਦਾ ਗਿਆਨਵਾਨ ਸੀ, ਪੰਡਤ ਹਰੀ ਸਿੰਘ ਦੇ ਜੀਵਨ ਚਰਿੱਤਰ ਵਿਚ ਪ੍ਰਸੰਗ ਆਉਂਦਾ ਹੈ, ਇਕ ਦਿਨ ਪੰਡਤ ਕਿਸੇ ਨਾਲ ਚਰਚਾ ਕਰ ਰਿਹਾ ਸੀ ਕਿ ਜਦੋਂ ਗਿਆਨਵਾਨ ਸੌਂ ਜਾਂਦਾ ਹੈ, ਉਦੋਂ ਉਹ ਗਿਆਨਵਾਨ ਪੁਰਖ ਅਗਿਆਨੀ ਵਰਗਾ ਹੋ ਜਾਂਦਾ ਹੈ ਅਤੇ ਜਾਗਦੇ ਨੂੰ ਹੀ ਸ਼ੇਸ਼ ਗਿਆਨ ਰਹਿੰਦਾ ਹੋਣਾ ਹੈ, ਫੇਰ ਕੀ ਫ਼ਰਕ ਹੈ, ਨਿਰਣਾ ਨਾ ਕਰ ਸਕਿਆ। ਤਾਂ ਉਸ ਦਾ ਪਿੰਗਲਾ ਪੁੱਤਰ ਬੋਲਿਆ ਕਿ ਜਦੋਂ ਬ੍ਰਹਮ ਗਿਆਨੀ ਸੌਂਦਾ ਹੈ, ਉਦੋਂ ਸਤੋ ਗੁਣ ਵਿਚ ਬਿਰਤੀ ਲੀਨ ਹੁੰਦੀ ਹੈ। ਜੈਸਾ ਕਿ :

**ਸਤੋ ਸੰਵਾਇਤੇ ਗਿਆਨਾ।** *(ਗੀਤਾ)*

ਕਹਿਣ ਲੱਗਾ ਕਿ ਸਤੋ ਗੁਣ ਨਾਲ ਗਿਆਨ ਰਹਿੰਦਾ ਹੈ, ਉਸ ਦਾ ਚਿੱਤ ਗਿਆਨ ਵਿਚ ਇਸਥਿਤ ਹੁੰਦਾ ਹੈ। ਇਤਨਾ ਸੁਣ ਕੇ ਪੰਡਤ ਨੂੰ ਗ਼ੁੱਸਾ ਆ ਗਿਆ ਕਿ ਮੇਰੇ ਟੁਕੜਿਆਂ 'ਤੇ ਪਲ ਕੇ ਮੈਨੂੰ ਹੀ ਗਿਆਨ ਦਿੰਦਾ ਹੈ ਅਤੇ ਮੇਰੀ ਹੀ ਦੂਸਰਿਆਂ ਸਾਹਮਣੇ ਨਿਰਾਦਰੀ ਕਰਦਾ ਹੈ। ਗ਼ੁੱਸੇ ਵਿਚ ਆ ਕੇ ਆਪਣੇ ਪਿੰਗਲੇ ਪੁੱਤਰ ਨੂੰ ਜੰਗਲ ਵਿਚ ਛੱਡ ਆਇਆ। ਐਸੀ ਪਰਮੇਸ਼ਰ ਦੀ ਕਿਰਪਾ ਹੋਈ, ਜਦੋਂ ਜੰਗਲ ਵਿਚ ਛੱਡਿਆ ਤਾਂ ਸਾਰੇ ਸੁੱਕੇ ਬ੍ਰਿਛ ਹਰੇ ਹੋ ਗਏ। ਪੰਛੀ ਫਲ ਤੋੜ ਕੇ ਨੇੜੇ ਸੁੱਟ ਜਾਇਆ ਕਰਨ ਅਤੇ ਪਿੰਗਲਾ ਆਪਣੇ ਟੁੰਡਾਂ ਨਾਲ ਚੁੱਕ ਕੇ ਖਾ ਲਿਆ ਕਰੇ। ਇਕ ਦਿਨ ਨਾਰਦ ਦਰਸ਼ਨਾਂ ਵਾਸਤੇ ਆਇਆ, ਕੀ ਵੇਖਿਆ ਕਿ ਸਾਰਾ ਜੰਗਲ ਸਵਰਗ ਦੀ ਨਿਆਈਂ ਹੋਇਆ ਪਿਆ ਹੈ। ਉਸ ਪਿੰਗਲੇ ਬੱਚੇ ਨੂੰ ਨਮਸਕਾਰ ਕੀਤੀ ਤੇ ਕਹਿਣ ਲੱਗਾ—ਬਾਲਕ ਮੈਨੂੰ ਜਾਣਦੇ ਹੋ ? ਤਾਂ ਬੱਚਾ ਕਹਿਣ ਲੱਗਾ—ਤੁਸੀਂ ਨਾਰਦ ਹੋ, ਨਾਰਦ ਕਹਿਣ ਲੱਗਾ—ਵਰ ਮੰਗੋ। ਤਾਂ ਬਾਲਕ ਕਹਿਣ ਲੱਗਾ—ਨਰਾਜ਼ ਨਾ ਹੋਇਓ, ਤੁਸੀਂ ਵਰ ਮੇਰੇ ਕਰਮਾਂ ਅਨੁਸਾਰ ਦਿਓਗੇ ਜਾਂ ਆਪਣੇ ਵੱਲੋਂ ਦਿਓਗੇ। ਨਾਰਦ ਕਹਿਣ ਲੱਗਾ—ਕਰਮਾਂ ਅਨੁਸਾਰ। ਬੱਚਾ ਕਹਿਣ ਲੱਗਾ—ਫੇਰ ਕੀ ਮੰਗਾ। ਇਤਨੀ ਗੱਲ ਸੁਣ ਕੇ ਨਾਰਦ ਖ਼ੁਸ਼ ਹੋਇਆ ਤੇ ਕਹਿਣ ਲੱਗਾ—ਇਹ ਤਾਂ ਨਿਸ਼ਕਾਮੀ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਵਾਲਾ ਹੈ। ਨਾਰਦ ਨੇ ਜਾ ਕੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਤੇ ਇੰਦਰ ਨੂੰ ਦੱਸਿਆ, ਸਾਰੇ ਦੇਵਤੇ ਦਰਸ਼ਨਾਂ ਨੂੰ ਆਏ, ਸਭ ਤੋਂ ਪਹਿਲਾਂ ਇੰਦਰ ਨੇ ਕਿਹਾ—ਵਰ ਮੰਗੋ ਤਾਂ ਉਸੇ ਤਰ੍ਹਾਂ ਨਾਰਦ ਵਾਲੀ ਗੱਲ ਪੁੱਛੀ, ਏਸੇ ਤਰ੍ਹਾਂ ਬ੍ਰਹਮਾ ਨੇ ਵਿਸ਼ਨੂੰ ਨੇ ਸ਼ਿਵਜੀ ਭਾਵ ਸਾਰਿਆਂ ਨੇ ਪੁੱਛਿਆ ਤਾਂ ਸਾਰਿਆਂ ਨੂੰ ਉਹੋ ਹੀ ਸਵਾਲ ਪੁੱਛਿਆ। ਸਾਰੇ ਦੇਵਤੇ ਹੈਰਾਨ ਹੋਏ ਕਿ ਬੜਾ ਨਿਸ਼ਕਾਮੀ ਹੈ, ਸਾਰੇ ਕਹਿਣ ਲੱਗੇ—ਹਰੀ ਨੂੰ ਬੇਨਤੀ ਕਰਦੇ ਹਾਂ ਕਿ ਇਸ ਦੇ ਅੰਗ ਸਾਬਤ ਕਰਨ। ਜਦੋਂ ਸਾਰਿਆਂ ਨੇ ਬੇਨਤੀ ਕੀਤੀ ਤਾਂ ਪਰਮੇਸ਼ਰ ਨੇ ਬੇਨਤੀ ਮੰਨਦਿਆਂ ਉਸ ਪਿੰਗਲੇ ਦੀ ਸੋਨੇ ਵਰਗੀ ਦੇਹੀ ਬਣਾਉਣਾ ਕੀਤੀ। ਅਖ਼ੀਰ ਜਦੋਂ ਉਸ ਦੇ ਪਿਤਾ ਪੰਡਤ ਨੂੰ ਪਤਾ ਲੱਗਿਆ ਕਿ ਮੇਰਾ ਪੁੱਤਰ ਤਾਂ ਬ੍ਰਹਮ ਗਿਆਨ ਦੀ ਅਵਸਥਾ ਵਾਲਾ ਸੀ, ਉਸ ਨੇ ਆ ਕੇ ਮੁਆਫ਼ੀ ਮੰਗਣਾ ਕੀਤੀ ਕਿ ਪੁੱਤਰ ਮੈਨੂੰ ਅਗਿਆਨੀ ਨੂੰ ਮੁਆਫ਼ ਕਰਨਾ ਕਰੋ।

## ਨਾਨਕ, ਬ੍ਰਹਮ ਗਿਆਨੀ; ਆਪਿ ਪਰਮੇਸੁਰ ॥੬॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਬ੍ਰਹਮ ਗਿਆਨੀ ਆਪ ਹੀ ਹਰੀ ਪਰਮੇਸ਼ਰ ਦਾ ਰੂਪ ਹੁੰਦਾ ਹੈ ॥੬॥

## ਬ੍ਰਹਮ ਗਿਆਨੀ ਕੀ; ਕੀਮਤਿ ਨਾਹਿ ॥ ਬ੍ਰਹਮ ਗਿਆਨੀ ਕੈ; ਸਗਲ ਮਨ ਮਾਹਿ ॥

ਹਰੀ ਪਰਮੇਸ਼ਰ ਦਾ ਰੂਪ ਹੋਣ ਕਰਕੇ ਬ੍ਰਹਮ ਗਿਆਨੀ ਕੀ = ਦੀ ਕੀਮਤਿ ਕਿਸੇ ਪਾਸੋਂ ਨਹੀਂ ਪਾਈ ਜਾ

ਸਕਦੀ। ਬ੍ਰਹਮ ਗਿਆਨੀ ਕੈ = ਦੇ ਸਗਲ = ਸਾਰੇ ਸ਼ੁਭ ਗੁਣ ਮਨ = ਅੰਤਸ਼ਕਰਣ ਮਾਹਿ = ਵਿਚ ਵਸਦੇ ਹਨ, **ਵਾ:** ਬ੍ਰਹਮ ਬੇਤੇ ਸਗਲ = ਸਾਰੇ ਸੰਸਾਰ ਦੇ ਵਰਤਾਰੇ ਨੂੰ ਜਾਣਦੇ ਹਨ, ਪਰ ਸਾਰਿਆਂ ਪਦਾਰਥਾਂ ਨੂੰ ਮਨ ਵਿਚ ਮਿਥਿਆ ਜਾਣ ਕੇ ਹਰੀ ਵਾਹਿਗੁਰੂ ਦੇ ਨਾਮ ਵਿਚ ਜੁੜੇ ਰਹਿੰਦੇ ਹਨ।

## ਬ੍ਰਹਮ ਗਿਆਨੀ ਕਾ; ਕਉਨ ਜਾਨੈ ਭੇਦੁ ॥ ਬ੍ਰਹਮ ਗਿਆਨੀ ਕਉ; ਸਦਾ ਅਦੇਸੁ ॥

ਬ੍ਰਹਮ ਗਿਆਨੀ ਕਾ = ਦਾ ਭੇਦੁ = ਭੇਤ ਕਉਨ = ਕੌਣ ਜਾਨੈ = ਜਾਣ ਸਕਦਾ ਹੈ **ਵਾ:** ਬ੍ਰਹਮ ਗਿਆਨੀ ਦੇ ਤੱਤ ਸਿਧਾਂਤ ਰੂਪ ਭੇਦ ਨੂੰ ਕੌਣ ਜਾਣ ਸਕਦਾ ਹੈ। ਜੈਸਾ ਕਿ :

**ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍ ॥**
**ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ੍ ॥੧੧੬॥** *(ਅੰਗ ੧੩੮੪)*

ਬ੍ਰਹਮ ਗਿਆਨੀ ਕਉ = ਨੂੰ ਸਦਾ = ਹਮੇਸ਼ਾਂ ਅਦੇਸੁ = ਨਮਸਕਾਰ ਕਰਨੀ ਚਾਹੀਦੀ ਹੈ **ਵਾ:** ਬ੍ਰਹਮ ਗਿਆਨੀ ਨੂੰ ਸਾਰੀ ਸ੍ਰਿਸ਼ਟੀ ਨਮਸਕਾਰ ਕਰਦੀ ਹੈ।

## ਬ੍ਰਹਮ ਗਿਆਨੀ ਕਾ; ਕਥਿਆ ਨ ਜਾਇ ਅਧਾਖ੍ਰੁ ॥
## ਬ੍ਰਹਮ ਗਿਆਨੀ; ਸਰਬ ਕਾ ਠਾਕੁਰੁ ॥

(**ਅਧਾਖਿਅਰ** ਨਾ ਬੋਲੋ)

ਬ੍ਰਹਮ ਗਿਆਨੀ ਕਾ = ਦਾ ਕੋਈ ਅਧਾਖ੍ਰੁ = ਅੱਧਾ ਅੱਖਰ ਵੀ ਕਥਿਆ = ਕਥਨ ਨਹੀਂ ਕਰ ਸਕਦਾ, ਬ੍ਰਹਮ ਗਿਆਨੀ ਤਾਂ ਇਕ ਸਾਬਤ ਪਦ ਹੈ, ਇਕੱਲੇ ਬ੍ਰਹਮ ਦਾ ਕਥਨ ਨਹੀਂ ਕੀਤਾ ਜਾ ਸਕਦਾ, ਤਾਂ ਬ੍ਰਹਮ ਗਿਆਨੀ ਦਾ ਕਉਣ ਕਥਨ ਕਰੇਗਾ **ਵਾ:** (ਅਧਿ+ਅਖ੍ਰ) ਅਧਿ = ਅਧਿਸ੍ਰਾਨ ਰੂਪ ਅਬਿਨਾਸ਼ ਪਰਮੇਸ਼ਰ ਬ੍ਰਹਮ ਗਿਆਨੀ ਨੂੰ ਪ੍ਰਾਪਤ ਹੋਇਆ ਹੈ, ਜੋ ਅਖ੍ਰ = ਖਰਨ ਤੋਂ ਰਹਿਤ ਸਰੂਪ ਹੈ, ਜਿਸ ਨੂੰ ਸ਼ਸਤਰ ਕੱਟ ਨਹੀਂ ਸਕਦਾ ਤੇ ਅੱਗ ਸਾੜ ਨਹੀਂ ਸਕਦੀ, ਪਾਣੀ ਡੁਬੋ ਨਹੀਂ ਸਕਦਾ, ਭਾਵ ਉਸ ਦਾ ਕੋਈ ਵੀ ਕਥਨ ਨਹੀਂ ਕਰ ਸਕਦਾ। ਬ੍ਰਹਮ ਗਿਆਨੀ ਸਰਬ = ਸਾਰਿਆਂ ਕਾ = ਦਾ ਠਾਕੁਰੁ = ਸੁਆਮੀ ਹੈ।

## ਬ੍ਰਹਮ ਗਿਆਨੀ ਕੀ ਮਿਤਿ; ਕਉਨੁ ਬਖਾਨੈ ॥
## ਬ੍ਰਹਮ ਗਿਆਨੀ ਕੀ ਗਤਿ; ਬ੍ਰਹਮ ਗਿਆਨੀ ਜਾਨੈ ॥

ਬ੍ਰਹਮ ਗਿਆਨੀ ਕੀ = ਦੀ ਮਿਤਿ = ਮਰਯਾਦਾ ਨੂੰ ਕਉਨੁ = ਕੌਣ ਬਖਾਨੈ = ਕਥਨ ਕਰ ਸਕਦਾ ਹੈ। ਬ੍ਰਹਮ ਗਿਆਨੀ ਕੀ = ਦੀ ਗਤਿ = ਰੀਤੀ ਭਾਵ ਚਾਲ ਨੂੰ ਬ੍ਰਹਮ ਗਿਆਨੀ ਹੀ ਜਾਨੈ = ਜਾਣ ਸਕਦਾ ਹੈ।

## ਬ੍ਰਹਮ ਗਿਆਨੀ ਕਾ; ਅੰਤੁ ਨ ਪਾਰੁ ॥
## ਨਾਨਕ ਬ੍ਰਹਮ ਗਿਆਨੀ ਕਉ; ਸਦਾ ਨਮਸਕਾਰੁ ॥੭॥

ਬ੍ਰਹਮ ਗਿਆਨੀ ਕਾ = ਦਾ ਪਾਰ ਉਰਾਰ ਕਰਕੇ ਕਿਸੇ ਪਾਸੋਂ ਅੰਤ ਨਹੀਂ ਪਾਇਆ ਜਾ ਸਕਦਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਬ੍ਰਹਮ ਗਿਆਨੀ ਕਉ = ਨੂੰ ਸਦਾ = ਹਮੇਸ਼ਾਂ ਨਮਸਕਾਰੁ = ਬੰਦਨਾ ਹੈ ॥੭॥

## ਬ੍ਰਹਮ ਗਿਆਨੀ; ਸਭ ਸ੍ਰਿਸਟਿ ਕਾ ਕਰਤਾ ॥
## ਬ੍ਰਹਮ ਗਿਆਨੀ; ਸਦ ਜੀਵੈ, ਨਹੀ ਮਰਤਾ ॥

ਬ੍ਰਹਮ ਗਿਆਨੀ ਸਭ = ਸਾਰੀ ਸ੍ਰਿਸਟਿ = ਦੁਨੀਆਂ ਕਾ = ਦਾ ਕਰਤਾ = ਰਚਨਹਾਰ ਈਸ਼ਰ ਰੂਪ ਆਪ

ਹੈ। ਭਾਵ ਈਸ਼ਰ ਨੂੰ ਤਾਂ ਜਗਤ ਦੀ ਉਤਪਤੀ, ਪਾਲਣਾ, ਲੈਅਤਾ ਦਾ ਫ਼ਿਕਰ ਹੈ, ਪਰ ਬ੍ਰਹਮ ਗਿਆਨੀ ਸਾਰਿਆਂ ਨੂੰ ਗਿਆਨਵਾਨ ਕਰ ਕੇ ਸ੍ਰੇਸ਼ਟ ਕਰਨ ਵਾਲਾ ਹੈ। ਬ੍ਰਹਮ ਗਿਆਨੀ ਸਦਾ ਜੀਵੈ = ਜਿਊਂਦਾ ਹੈ, ਕਦੇ ਮਰਤਾ = ਮਰਦਾ ਨਹੀਂ ਹੈ। ਭਾਵ ਉਹ ਬ੍ਰਹਮ ਦਾ ਰੂਪ ਹੀ ਹੋ ਜਾਂਦਾ ਹੈ ਜੋ ਸਦਾ ਸਤ, ਚਿੱਤ, ਅਨੰਦ ਸਰੂਪ ਹੈ।

**ਬ੍ਰਹਮ ਗਿਆਨੀ; ਮੁਕਤਿ ਜੁਗਤਿ ਜੀਅ ਕਾ ਦਾਤਾ॥**
**ਬ੍ਰਹਮ ਗਿਆਨੀ; ਪੂਰਨ ਪੁਰਖੁ ਬਿਧਾਤਾ॥**

ਬ੍ਰਹਮ ਗਿਆਨੀ ਮੁਕਤੀ, ਜੁਗਤੀ ਤੇ ਜੀਅ = ਜੀਵਣ ਕਾ = ਦਾ ਦਾਤਾ ਹੈ **ਵਾ:** ਬ੍ਰਹਮ ਗਿਆਨੀ ਮੁਕਤੀ ਦਾ ਤੇ ਜੀਵਾਂ ਨੂੰ ਹਰੀ ਵਿਚ ਜੁਗਤਿ = ਜੋੜਨ ਰੂਪ ਸ਼ੁਭ ਗੁਣਾਂ ਦਾ ਦਾਤਾ ਹੁੰਦਾ ਹੈ। ਬ੍ਰਹਮ ਗਿਆਨੀ ਪੂਰਨ = ਪਰੀਪੂਰਨ ਅਕਾਲ ਪੁਰਖ ਬਿਧਾਤਾ = ਫਲ ਬਰ ਦਾਤਾ ਦਾ ਸਰੂਪ ਹੁੰਦਾ ਹੈ **ਵਾ:** ਬ੍ਰਹਮ ਗਿਆਨੀ ਜੋ ਪੂਰਨ ਹਰੀ ਪਰਮੇਸ਼ਰ ਸਾਰਿਆਂ ਥਾਵਾਂ 'ਤੇ ਪੁਰਖੁ = ਵਿਆਪਕ ਹੈ ਭਾਵ (ਪੁ+ਰਖ) ਪੁ = ਨਰਕਾਂ ਆਦਿ ਤੋਂ ਰਖੁ = ਰੱਖਿਆ ਕਰਨ ਵਾਲਾ ਹੈ, ਉਸ ਬਿਧਾਤਾ = ਫਲ ਪ੍ਰਦਾਤੇ ਦਾ ਰੂਪ ਹੁੰਦਾ ਹੈ।

**ਬ੍ਰਹਮ ਗਿਆਨੀ; ਅਨਾਥ ਕਾ ਨਾਥੁ॥**
**ਬ੍ਰਹਮ ਗਿਆਨੀ ਕਾ; ਸਭ ਊਪਰਿ ਹਾਥੁ॥**

ਬ੍ਰਹਮ ਗਿਆਨੀ ਅਨਾਥ = ਯਤੀਮਾਂ ਕਾ = ਦਾ ਨਾਥੁ = ਸੁਆਮੀ ਹੈ। ਬ੍ਰਹਮ ਗਿਆਨੀ ਕਾ = ਦਾ ਸਭ = ਸਾਰਿਆਂ ਊਪਰਿ = ਉੱਤੇ ਕਿਰਪਾ ਰੂਪੀ ਹਾਥ = ਹੱਥ ਹੁੰਦਾ ਹੈ।

**ਬ੍ਰਹਮ ਗਿਆਨੀ ਕਾ; ਸਗਲ ਅਕਾਰੁ॥ ਬ੍ਰਹਮ ਗਿਆਨੀ; ਆਪਿ ਨਿਰੰਕਾਰੁ॥**

ਬ੍ਰਹਮ ਗਿਆਨੀ ਸੰਸਾਰ ਕਾ = ਦਾ ਸਗਲ = ਸਾਰਾ ਆਕਾਰ ਆਪਣਾ ਰੂਪ ਹੀ ਸਮਝਦਾ ਹੈ, ਭਾਵ ਸਾਰਾ ਆਕਾਰ ਉਸ ਦਾ ਹੀ ਹੈ **ਵਾ:** ਸਾਰਿਆਂ ਨੂੰ ਆਪਣਾ ਆਪ ਰੂਪ ਨਿਸਚੇ ਕਰਦਾ ਹੈ। ਬ੍ਰਹਮ ਗਿਆਨੀ ਆਪ ਨਿਰੰਕਾਰੁ = ਨਿਰਾਕਾਰ ਸਰੂਪ ਵਿਚ ਇਸਥਿਤ ਰਹਿੰਦਾ ਹੈ।

[ਅੰਗ ੨੭੪]

**ਬ੍ਰਹਮ ਗਿਆਨੀ ਕੀ ਸੋਭਾ; ਬ੍ਰਹਮ ਗਿਆਨੀ ਬਨੀ॥**
**ਨਾਨਕ ਬ੍ਰਹਮ ਗਿਆਨੀ; ਸਰਬ ਕਾ ਧਨੀ॥੮॥੮॥**

ਬ੍ਰਹਮ ਗਿਆਨੀ ਕੀ = ਦੀ ਸੋਭਾ = ਵਡਿਆਈ ਬ੍ਰਹਮ ਗਿਆਨੀ ਨੂੰ ਹੀ ਬਨੀ = ਬਣਦੀ ਹੈ, ਭਾਵ ਬ੍ਰਹਮ ਗਿਆਨੀ ਵਰਗੀ ਸੋਭਾ ਕਿਸੀ ਦੀ ਭੀ ਨਹੀਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਬ੍ਰਹਮ ਗਿਆਨੀ ਸਰਬ = ਸਾਰਿਆਂ ਕਾ = ਦਾ ਧਨੀ = ਮਾਲਕ ਹੁੰਦਾ ਹੈ॥੮॥੮॥

(ਅੱਠਵੀਂ ਅਸਟਪਦੀ ਵਿਚ ਪੂਰੇ ਅੱਖਰ ੧੧੨੯, ਪੈਰਾਂ ਵਾਲੇ ਰਾਰੇ ੮੬, ਅੱਧੇ ਅੱਖਰ ੧, ਕੁੱਲ ਅੱਖਰ ੧੨੧੬ ਹਨ)

ਗੁਰਸਿੱਖਾਂ ਨੇ ਸਤਿਗੁਰਾਂ ਨੂੰ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ! ਜੋ ਕੁਝ ਲੋਕ ਦਿਖਾਵੇ ਮਾਤ੍ਰ ਅਪਰਸ ਭੇਖ ਦੇ ਆਪਣੇ ਆਪ ਨੂੰ ਪਵਿੱਤਰ ਮੰਨ ਕੇ ਦੂਜੇ ਨਾਲ ਸਪਰਸ਼ ਨਾ ਕਰਨ ਨੂੰ ਹੀ ਆਪਣੀ ਮਹਾਨਤਾ ਦੱਸਦੇ ਹਨ, ਪਰ ਆਪ ਜੀ ਕਿਰਪਾ ਕਰਕੇ ਅਸਲੀ ਅਪਰਸ ਕੌਣ ਹੈ? ਉਸਦੇ ਲੱਛਣ ਵਰਣਨ ਕਰੋ। ਤਾਂ ਗੁਰੂ ਜੀ ਨੇ ਉੱਤਰ ਦੇਣਾ ਕੀਤਾ।

## ਸਲੋਕੁ ॥

## ਉਰਿ ਧਾਰੈ; ਜੋ ਅੰਤਰਿ ਨਾਮੁ ॥ ਸਰਬ ਮੈ; ਪੇਖੈ ਭਗਵਾਨੁ ॥

ਜੋ = ਜਿਹੜਾ ਉਰਿ = ਹਿਰਦੇ ਅੰਤਰਿ = ਅੰਦਰ ਹਰੀ ਵਾਹਿਗੁਰੂ ਦੇ ਨਾਮ ਨੂੰ ਧਾਰੈ = ਧਾਰਨ ਕਰਦਾ ਹੈ। ਸਰਬ = ਸਾਰਿਆਂ ਮੈ = ਵਿਚ ਭਗਵਾਨੁ = ਅਕਾਲ ਪੁਰਖ ਨੂੰ ਪੇਖੈ = ਵੇਖਦਾ ਹੈ।

## ਨਿਮਖ ਨਿਮਖ; ਠਾਕੁਰ ਨਮਸਕਾਰੈ ॥
## ਨਾਨਕ ਓਹੁ ਅਪਰਸੁ; ਸਗਲ ਨਿਸਤਾਰੈ ॥੧॥

(**ਅ-ਪਰਸ** ਬੋਲੋ)

ਨਿਮਖ = ਅੱਖਾਂ ਖੋਲ੍ਹਣ ਤੇ ਬੰਦ ਕਰਨ ਦੇ ਸਮੇਂ ਵਿਚ ਹੀ ਹਰੀ ਵਾਹਿਗੁਰੂ ਨੂੰ ਨਮਸਕਾਰੈ = ਬੰਦਨਾ ਕਰਦਾ ਹੈ **ਵਾ:** ਨਿਮਖ ਨਿਮਖ = ਛਿਨ ਛਿਨ ਕਾਲ ਵਿਚ ਠਾਕੁਰ = ਸੁਆਮੀ ਪਰਮੇਸ਼ਰ ਨੂੰ ਨਮਸਕਾਰ ਕਰਦਾ ਹੈ। ਜੈਸਾ ਕਿ :

**ਨਮਸਤੂੰ ਅਕਾਲੇ ॥ ਨਮਸਤੂੰ ਕ੍ਰਿਪਾਲੇ... ॥੨॥** *(ਜਾਪੁ ਸਾਹਿਬ)*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਅਪਰਸ ਹੈ **ਵਾ:** ਉਹ (ਅ+ਪਰਸੁ) = ਅ = ਨਾ ਪਰਸੁ = ਛੋਹਣ ਵਾਲਾ ਭਾਵ ਮਾਇਕੀ ਪਦਾਰਥਾਂ ਨੂੰ ਨਾ ਛੂਹਣ ਵਾਲਾ ਮਹਾਤਮਾ ਸਗਲ = ਸਾਰੀ ਸ੍ਰਿਸ਼ਟੀ ਨੂੰ ਨਿਸਤਾਰੈ = ਤਾਰ ਸਕਦਾ ਹੈ **ਅਥਵਾ** ਕੁਝ ਲੋਕ ਇਕ ਭੇਖ ਨੂੰ ਅਪਰਸ ਕਹਿੰਦੇ ਹਨ, ਜੋ ਕਿਸੇ ਦਾ ਪਰਛਾਵਾਂ ਵੀ ਨਾ ਲਵੇ, ਹਵਾ ਲੱਗਣ ਤੋਂ ਮੰਨੇ ਕਿ ਭਿੱਟਿਆ ਗਿਆ। ਪਰ ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਡੇ ਮਤ ਅਨੁਸਾਰ ਤਾਂ ਉਹੋ ਹੀ ਅਪਰਸ ਹੈ, ਜੋ ਪਦਾਰਥਾਂ ਤੋਂ ਨਿਰਲੇਪ ਰਹੇ ਉਹ ਹੀ ਸਾਰੀ ਸ੍ਰਿਸ਼ਟੀ ਨੂੰ ਤਾਰ ਸਕਦਾ ਹੈ ॥੧॥

## ਅਸਟਪਦੀ ॥

## ਮਿਥਿਆ; ਨਾਹੀ ਰਸਨਾ ਪਰਸ ॥ ਮਨ ਮਹਿ ਪ੍ਰੀਤਿ; ਨਿਰੰਜਨ ਦਰਸ ॥

ਮਿਥਿਆ = ਝੂਠੇ ਬਚਨਾਂ ਨਾਲ ਰਸਨਾ = ਜੀਭਾ ਨੂੰ ਪਰਸ = ਛੂਹਣ ਨਾਹੀ = ਨਾ ਦਿੰਦਾ ਹੋਵੇ। ਮਨ = ਅੰਤਸ਼ਕਰਨ ਮਹਿ = ਵਿਚ ਨਿਰੰਜਨ = ਹਰੀ ਵਾਹਿਗੁਰੂ ਦੇ ਦਰਸ = ਦਰਸ਼ਨਾਂ ਦੀ ਪ੍ਰੀਤਿ = ਪ੍ਰੀਤੀ ਹੋਵੇ।

## ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ ॥ ਸਾਧ ਕੀ ਟਹਲ; ਸੰਤਸੰਗਿ ਹੇਤ ॥

ਪਰ = ਪਰਾਈ ਤ੍ਰਿਅ = ਇਸਤਰੀ ਦੇ ਰੂਪੁ = ਸਰੂਪ ਨੂੰ ਵਿਸ਼ੇ ਦੀਆਂ ਨੇਤ੍ਰ = ਅੱਖਾਂ ਨਾਲ ਨ ਪੇਖੈ = ਦੇਖਦਾ ਹੋਵੇ। ਜੈਸਾ ਕਿ :

**ਦੇਖਿ ਪਰਾਈਆ ਚੰਗੀਆਂ ਮਾਵਾਂ ਭੈਣਾਂ ਧੀਆ ਜਾਣੈ ॥** *(ਵਾਰ ੨੯, ਪਉੜੀ ੧੧)*

ਸਾਧ = ਸ੍ਰੇਸ਼ਟ ਜਨਾਂ ਕੀ = ਦੀ ਟਹਿਲ = ਸੇਵਾ ਕਰੇ ਅਤੇ ਸੰਤਾਂ ਦੀ ਸੰਗਤ ਨਾਲ ਹੇਤ = ਪ੍ਰੇਮ ਕਰੇ।

## ਕਰਨ ਨ ਸੁਨੈ; ਕਾਹੂ ਕੀ ਨਿੰਦਾ ॥ ਸਭ ਤੇ ਜਾਨੈ; ਆਪਸ ਕਉ ਮੰਦਾ ॥

ਕਰਨ = ਕੰਨਾਂ ਨਾਲ ਕਾਹੂ = ਕਿਸੇ ਕੀ = ਦੀ ਨਿੰਦਾ = ਬਦਨਾਮੀ ਵਾਲੇ ਬਚਨ ਨ ਸੁਨੈ = ਸੁਣਦਾ ਹੋਵੇ। ਸਭ = ਸਾਰਿਆਂ ਤੇ = ਤੋਂ ਆਪਸ = ਆਪਣੇ ਆਪ ਕਉ = ਨੂੰ ਮੰਦਾ = ਭੈੜਾ ਜਾਨੈ = ਜਾਣਦਾ ਹੋਵੇ। ਜੈਸਾ ਕਿ :

**ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥**
**ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥੭॥** *(ਅੰਗ ੧੩੬੪)*

## ਗੁਰ ਪ੍ਰਸਾਦਿ; ਬਿਖਿਆ ਪਰਹਰੈ ॥ ਮਨ ਕੀ ਬਾਸਨਾ; ਮਨ ਤੇ ਟਰੈ ॥

ਗੁਰਾਂ ਦੀ ਪ੍ਰਸਾਦਿ = ਕਿਰਪਾ ਨਾਲ ਮਨ ਵਿੱਚੋਂ ਬਿਖਿਆ = ਵਿਸ਼ਿਆ ਦੀ ਵਾਸਨਾ ਨੂੰ ਪਰਹਰੈ = ਤਿਆਗ ਦੇਵੇ। ਮਨ = ਅੰਤਸ਼ਕਰਣ ਕੀ = ਦੀ ਭੈੜੀ ਵਾਸ਼ਨਾ ਮਨ ਤੇ = ਤੋਂ ਹੀ ਟਰੈ = ਟਾਲ ਦੇਵੇ। ਮਨ ਦੀ ਵਾਸ਼ਨਾ (ਸ਼ਬਦ, ਸਪਰਸ, ਰੂਪ, ਰਸ, ਗੰਧ) ਗੁਰਾਂ ਦੇ ਸ਼ਬਦ ਮੰਨਣ ਕਰ ਕੇ ਹੀ ਮਨ ਤੋਂ ਹਟਦੀ ਹੈ।

## ਇੰਦ੍ਰੀ ਜਿਤ; ਪੰਚ ਦੋਖ ਤੇ ਰਹਤ ॥
## ਨਾਨਕ ਕੋਟਿ ਮਧੇ; ਕੋ ਐਸਾ ਅਪਰਸ ॥੧॥

ਇੰਦ੍ਰੀਆਂ ਨੂੰ ਜਿਤ = ਜਿੱਤਣ ਵਾਲਾ ਹੋਵੇ ਅਤੇ ਪੰਚ ਦੋਖ = ਪੰਜੇ ਦੋਸ਼ (ਸ਼ਬਦ, ਸਪਰਸ, ਰੂਪ, ਰਸ, ਗੰਧ) ਤੇ = ਤੋਂ ਰਹਿਤ ਹੋਵੇ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਕੋ = ਕੋਈ ਕੋਟਿ = ਕਰੋੜਾਂ ਮਧੇ = ਵਿੱਚੋਂ ਐਸਾ = ਅਜਿਹਾ ਇਕ ਅੱਧਾ ਹੀ ਅਪਰਸ = ਅਛੋਹ ਭਗਤ ਹੈ **ਵਾ:** ਮਾਇਕੀ ਪਦਾਰਥਾਂ ਤੋਂ ਅਪਰਸ = ਛੂੰਹਣ ਤੋਂ ਰਹਿਤ ਹੈ ॥੧॥ ਜੈਸਾ ਕਿ :

**ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ ਸਦ ਹੀ ਜਾਗੈ ॥੩॥** *(ਅੰਗ ੮੬੮)*

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਵੈਸ਼ਨੋ ਦੇ ਕੀ ਲੱਖਣ ਹਨ ?*
***ਗੁਰ ਉੱਤਰ :***

## ਬੈਸਨੋ ਸੋ; ਜਿਸੁ ਊਪਰਿ ਸੁਪ੍ਰਸੰਨ ॥ ਬਿਸਨ ਕੀ ਮਾਇਆ ਤੇ; ਹੋਇ ਭਿੰਨ ॥

ਸੋ = ਉਹ ਵੈਸ਼ਨਵ ਭਗਤ ਹੈ, ਜਿਸ ਊਪਰਿ = ਉੱਤੇ ਹਰੀ ਵਾਹਿਗੁਰੂ ਸੁ = ਭਲੀ ਪ੍ਰਕਾਰ ਕਰ ਕੇ ਪ੍ਰਸੰਨ = ਖ਼ੁਸ਼ ਹੈ। ਜੈਸਾ ਕਿ :

**ਜਿਹ ਕੁਲ ਸਾਧੁ ਬੈਸਨੌ ਹੋਇ ॥** *(ਬਿਲਾਵਲੁ ਭਗਤ ਰਵਿਦਾਸ ਜੀ, ਅੰਗ ੮੫੮)*

ਬਿਸਨ = ਪਰਮੇਸ਼ਰ ਕੀ = ਦੀ ਮਾਇਆ ਤੇ = ਤੋਂ ਮਨ ਭਿੰਨ = ਵੱਖਰਾ ਹੋਇ = ਹੋ ਕੇ ਭਾਵ ਨਿਰਲੇਪ ਹੋ ਕੇ ਤੁਰੀਆ ਪਦ ਵਿਚ ਇਸਥਿਤ ਰੱਖਦਾ ਹੋਵੇ **ਵਾ:** ਵਿਸ਼ਿਆਂ ਨੂੰ ਪੈਦਾ ਕਰਨ ਵਾਲੀ ਮਾਇਆ ਤੇ = ਤੋਂ ਭਿੰਨ = ਵੱਖਰਾ ਹੋਵੇ।

## ਕਰਮ ਕਰਤ; ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ; ਨਿਰਮਲ ਧਰਮ ॥

ਜੋ ਕਰਮਾਂ ਨੂੰ ਕਰਤ = ਕਰਦਿਆਂ ਨਿਹਕਰਮ = ਨਿਸ਼ਕਾਮੀ ਹੋਵੈ = ਹੁੰਦਾ ਹੈ। ਜੈਸਾ ਕਿ :

**ਕਾਹੂ ਫਲ ਕੀ ਇਛਾ ਨਹੀ ਬਾਛੈ ॥** *(ਅੰਗ ੨੭੪)*

ਤਿਸੁ = ਉਸ ਬੈਸਨੋ = ਵੈਸ਼ਨਵ ਕਾ = ਦਾ ਨਿਰਮਲ = ਉੱਜਲ ਧਰਮ ਸਮਝੋ।

## ਕਾਹੂ ਫਲ ਕੀ; ਇਛਾ ਨਹੀ ਬਾਛੈ ॥ ਕੇਵਲ ਭਗਤਿ; ਕੀਰਤਨ ਸੰਗਿ ਰਾਚੈ ॥

ਜੋ ਕਾਹੂ = ਕਿਸੇ ਕਰਮ ਦੇ ਫਲ ਕੀ = ਦੀ ਇੱਛਾ ਨਹੀਂ ਬਾਛੈ = ਚਾਹੁੰਦਾ। ਕੇਵਲ ਹਰੀ ਵਾਹਿਗੁਰੂ ਦੀ ਭਗਤਿ = ਭਗਤੀ ਸੰਗ = ਨਾਲ ਅਤੇ ਕੀਰਤਨ = ਜਸ ਗਾਉਣ ਵਿਚ ਮਨ ਰਾਚੈ = ਰਚਾਉਣਾ ਕਰਦਾ ਹੈ।

## ਮਨ ਤਨ ਅੰਤਰਿ; ਸਿਮਰਨ ਗੋਪਾਲ ॥ ਸਭ ਊਪਰਿ; ਹੋਵਤ ਕਿਰਪਾਲ ॥

ਮਨ = ਅੰਤਸ਼ਕਰਣ ਤਨ = ਸਰੀਰ ਅੰਤਰਿ = ਅੰਦਰ ਗੋਪਾਲ (ਗੋ+ਪਾਲ) ਗੋ = ਪ੍ਰਿਥਵੀ ਦੇ

ਪਾਲ = ਪਾਲਕ ਪਰਮੇਸ਼ਰ ਦਾ ਸਿਮਰਨ ਕਰਦਾ ਹੋਵੇ। ਸਭ = ਸਾਰਿਆਂ ਊਪਰਿ = ਉੱਤੇ ਕਿਰਪਾਲ = ਦਿਆਲੂ ਹੋਣ ਵਾਲਾ ਹੋਵੇ।

## ਆਪਿ ਦ੍ਰਿੜੈ; ਅਵਰਹ ਨਾਮੁ ਜਪਾਵੈ ॥
## ਨਾਨਕ, ਓਹੁ ਬੈਸਨੋ; ਪਰਮ ਗਤਿ ਪਾਵੈ ॥੨॥

ਆਪ ਆਪਣੇ ਮਨ ਵਿਚ ਨਾਮ ਦ੍ਰਿੜੈ = ਪੱਕਾ ਕਰੀ ਰੱਖੇ ਅਤੇ ਅਵਰਹ = ਹੋਰਨਾਂ ਨੂੰ ਨਾਮ ਜਪਾਵੈ = ਜਪਾਉਣਾ ਕਰੇ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਓਹੁ = ਉਹੋ ਬੈਸਨੋ = ਵੈਸ਼ਨਵ ਹੀ ਪਰਮ ਗਤਿ = ਕੈਵਲ ਮੁਕਤੀ ਨੂੰ ਪਾਵੈ = ਪਾਉਂਦਾ ਹੈ ॥੨॥

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਭਗਉਤੀ ਭਾਵ ਰਾਸਧਾਰੀਆਂ ਦੇ ਕੀ ਲੱਖਣ ਹੁੰਦੇ ਹਨ ?*
***ਗੁਰ ਉੱਤਰ :***

## ਭਗਉਤੀ; ਭਗਵੰਤ ਭਗਤਿ ਕਾ ਰੰਗੁ ॥ ਸਗਲ ਤਿਆਗੈ; ਦੁਸਟ ਕਾ ਸੰਗੁ ॥

ਉਹ ਅਸਲੀ ਭਗਉਤੀ = ਰਾਸਧਾਰੀਆ, ਪਰਮੇਸ਼ਰ ਦਾ ਉਪਾਸ਼ਕ ਹੈ, ਜਿਸ ਨੂੰ ਭਗਵੰਤ = ਪਰਮੇਸ਼ਰ ਦੀ ਭਗਤਿ = ਭਗਤੀ ਕਾ = ਦਾ ਰੰਗੁ = ਰੰਗ ਚੜ੍ਹਿਆ ਹੁੰਦਾ ਹੈ। ਜੈਸਾ ਕਿ :

**ਸੋ ਭਗਉਤੀ ਜੋੁ ਭਗਵੰਤੈ ਜਾਣੈ ॥ ਗੁਰ ਪਰਸਾਦੀ ਆਪੁ ਪਛਾਣੈ ॥** *(ਅੰਗ ੮੮)*

ਜੋ ਸਗਲ = ਸਾਰੇ ਦੁਸਟ = ਭੈੜੇ ਪੁਰਸ਼ਾਂ ਕਾ = ਦਾ ਸੰਗੁ = ਸਾਥ ਤਿਆਗੈ = ਛੱਡ ਦਿੰਦਾ ਹੈ **ਵਾ:** ਸਗਲ = ਸਾਰੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਦੁਸਟ = ਭੈੜਿਆਂ ਕਾ = ਦਾ ਸੰਗੁ = ਸਾਥ ਤਿਆਗੈ = ਛੱਡ ਦਿੰਦਾ ਹੈ।

## ਮਨ ਤੇ ਬਿਨਸੈ; ਸਗਲਾ ਭਰਮੁ ॥ ਕਰਿ ਪੂਜੈ; ਸਗਲ ਪਾਰਬ੍ਰਹਮੁ ॥

ਮਨ = ਹਿਰਦੇ ਤੇ = ਤੋਂ ਸਗਲਾ = ਸਾਰੇ ਪੰਜ ਪ੍ਰਕਾਰ ਦੇ ਭਰਮ ਬਿਨਸੈ = ਨਾਸ ਕਰ ਲਵੇ।

ਸਾਰਿਆਂ ਵਿਚ ਪਾਰਬ੍ਰਹਮੁ = ਚੇਤਨ ਸਰੂਪ ਦੀ ਜੋਤ ਜਾਣ ਕੇ ਸਭ ਦਾ ਪੂਜੈ = ਪੂਜਨ ਕਰਦਾ ਹੋਵੇ।

## ਸਾਧਸੰਗਿ; ਪਾਪਾ ਮਲੁ ਖੋਵੈ ॥

ਸਾਧਸੰਗਿ = ਸਾਧੂਆਂ ਦੀ ਸੰਗਤ ਕਰ ਕੇ ਪਾਪਾਂ ਰੂਪੀ ਮਲੁ = ਮੈਲ ਨੂੰ ਖੋਵੈ = ਖੋਹ ਦੇਵੇ ਭਾਵ ਨਾਸ਼ ਕਰ ਦੇਵੇ।

## ਤਿਸੁ ਭਗਉਤੀ ਕੀ ਮਤਿ; ਊਤਮ ਹੋਵੈ ॥

ਤਿਸੁ = ਉਸ ਭਗਉਤੀ = ਰਾਸਧਾਰੀਏ, ਪਰਮੇਸ਼ਰ ਦੀ ਭਗਤੀ ਕਰਨ ਵਾਲੇ ਕੀ = ਦੀ ਮਤਿ = ਬੁੱਧੀ ਊਤਮ = ਸ੍ਰੇਸ਼ਟ ਹੋਵੈ = ਹੁੰਦੀ ਹੈ।

## ਭਗਵੰਤ ਕੀ ਟਹਲ; ਕਰੈ ਨਿਤ ਨੀਤਿ ॥ ਮਨੁ ਤਨੁ ਅਰਪੈ; ਬਿਸਨ ਪਰੀਤਿ ॥

ਜੋ ਭਗਵੰਤ = ਹਰੀ ਪਰਮੇਸ਼ਰ ਕੀ = ਦੀ ਪ੍ਰਾਪਤੀ ਵਾਸਤੇ ਨਿਤ ਨੀਤਿ = ਨਿਤਾਪ੍ਰਤੀ ਟਹਲ = ਸੇਵਾ ਕਰੈ = ਕਰਦਾ ਹੈ। ਮਨ = ਅੰਤਸ਼ਕਰਣ ਤਨੁ = ਸਰੀਰ ਨੂੰ ਪਰਮਾਤਮਾ ਦੀ ਪਰੀਤਿ = ਲਗਨ ਵਿਚ ਅਰਪੈ = ਅਰਪਨਾ ਕਰੇ **ਵਾ:** (ਬਿਸ+ਅਨ) ਬਿਸ = ਸੰਸਾਰ ਦੀ ਅਨ = ਚੇਸ਼ਟਾ ਕਰਨ ਵਾਲਾ ਜੋ ਸੁਆਮੀ ਹੈ, ਉਸ ਦੀ ਪਰੀਤੀ ਵਿਚ ਮਨ ਤੇ ਤਨ ਅਰਪੈ = ਭੇਟਾ ਕਰ ਦੇਵੇ।

## ਹਰਿ ਕੇ ਚਰਨ; ਹਿਰਦੈ ਬਸਾਵੈ ॥
## ਨਾਨਕ ਐਸਾ ਭਗਉਤੀ; ਭਗਵੰਤ ਕਉ ਪਾਵੈ ॥੩॥

ਹਰਿ = ਹਰੀ ਵਾਹਿਗੁਰੂ ਕੇ = ਦੇ ਚਰਨਾਂ ਨੂੰ ਹਿਰਦੇ ਵਿਚ ਬਸਾਵੈ = ਵਸਾਉਣਾ ਕਰੇ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਐਸਾ = ਅਜਿਹਾ ਭਗਉਤੀ = ਰਾਸਧਾਰੀਆ, ਪਰਮੇਸ਼ਰ ਦਾ ਉਪਾਸ਼ਕ ਭਗਵੰਤ = ਪਰਮੇਸ਼ਰ ਕਉ = ਨੂੰ ਪਾਵੈ = ਪਾ ਸਕਦਾ ਹੈ ॥੩॥

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਪੰਡਤ ਦੇ ਕੀ ਲੱਖਣ ਹੁੰਦੇ ਹਨ ?*
***ਗੁਰ ਉੱਤਰ :***

## ਸੋ ਪੰਡਿਤੁ; ਜੋ ਮਨੁ ਪਰਬੋਧੈ ॥ ਰਾਮ ਨਾਮੁ; ਆਤਮ ਮਹਿ ਸੋਧੈ ॥

ਸੋ = ਉਹ ਅਸਲੀ ਪੰਡਿਤੁ ਹੈ, (ਪੰਡ+ਤ, ਪੰਡ ਨਾਮ ਬੁੱਧੀ ਦਾ ਹੈ, ਤ ਨਾਮ ਸ਼ਾਸਤਰਾਂ ਦੇ ਸਿਧਾਂਤ ਦਾ ਹੈ। ਜਿਸ ਦੀ ਬੁੱਧੀ ਸ਼ਾਸਤਰਾਂ ਦੇ ਜਾਨਣ ਨੂੰ ਕੁਸ਼ਲ ਹੋਵੇ, ਸੋ = ਉਹ ਪੰਡਿਤੁ = ਵਿਦਵਾਨ ਹੈ) ਜੋ ਮਨੁ = ਅੰਤਸ਼ਕਰਣ ਨੂੰ (ਪਰ+ਬੋਧੇ) ਪਰ = ਵਿਸ਼ੇਸ਼ ਕਰ ਕੇ ਬੋਧੈ = ਸਮਝਾਉਣਾ ਕਰੇ। ਰਾਮ = ਪਰਮੇਸ਼ਰ ਦੇ ਨਾਮ ਦੀ ਆਤਮ = ਮਨ ਮਹਿ = ਵਿਚ ਸੋਧੈ = ਖੋਜਣਾ ਕਰਦਾ ਹੋਵੇ।

## ਰਾਮ ਨਾਮ; ਸਾਰੁ ਰਸੁ ਪੀਵੈ ॥ ਉਸੁ ਪੰਡਿਤ ਕੈ ਉਪਦੇਸਿ; ਜਗੁ ਜੀਵੈ ॥

ਰਾਮ ਪਰਮੇਸ਼ਰ ਦੇ ਸਾਰੁ = ਅਸਲੀ ਤੱਤ ਰੂਪ ਨਾਮ ਅੰਮ੍ਰਿਤ ਰਸ ਨੂੰ ਪੀਵੈ = ਪੀਣਾ ਕਰਦਾ ਹੈ। ਉਸ ਪੰਡਿਤ = ਵਿਦਵਾਨ ਦੇ ਉਪਦੇਸ਼ ਕਰ ਕੇ ਸਾਰਾ ਜਗੁ = ਜਗਤ ਜੀਵੈ = ਜੀਵਨ ਮੁਕਤ ਹੋ ਸਕਦਾ ਹੈ।

## ਹਰਿ ਕੀ ਕਥਾ; ਹਿਰਦੈ ਬਸਾਵੈ ॥ ਸੋ ਪੰਡਿਤੁ; ਫਿਰਿ ਜੋਨਿ ਨ ਆਵੈ ॥

ਜੋ ਹਰਿ = ਪਰਮੇਸ਼ਰ ਕੀ = ਦੀ ਕਥਾ ਨੂੰ ਆਪਣੇ ਹਿਰਦੈ = ਚਿੱਤ ਵਿਚ ਬਸਾਵੈ = ਵਸਾਉਣਾ ਕਰਦਾ ਹੈ **ਵਾ:** ਹਰੀ ਪਰਮੇਸ਼ਰ ਦੀ ਸਰੂਪ ਲੱਖਣਾ, ਤਟਸਥੀ ਲਖਣਾ ਵਾਲੀ ਜੋ ਕਥਾ ਹੈ, ਉਸ ਨੂੰ ਹਿਰਦੇ ਵਿਚ ਵਸਾਉਣਾ ਕਰਦਾ ਹੈ।

ਸੋ = ਉਹ ਪੰਡਤ ਫਿਰਿ = ਮੁੜ ਕੇ ਜੋਨਿ = ਜੂਨਾਂ ਵਿਚ ਨ = ਨਹੀਂ ਆਵੈ = ਆਉਂਦਾ।

## ਬੇਦ ਪੁਰਾਨ; ਸਿਮ੍ਰਿਤਿ ਬੂਝੈ ਮੂਲ ॥ ਸੂਖਮ ਮਹਿ; ਜਾਨੈ ਅਸਥੂਲੁ ॥

ਜੋ ਵੇਦ ਪੁਰਾਣ ਤੇ ਸਿੰਮ੍ਰਿਤੀਆਂ ਵਿਚ ਜੋ ਮੂਲ = ਮੁੱਢ ਵਿਚ ਪਰਮਾਤਮਾ ਦਾ ਰੂਪ ਕਥਨ ਹੈ, ਉਸ ਤਾਈਂ ਬੂਝੈ = ਸਮਝਣਾ ਕਰਦਾ ਹੈ। ਸੂਖਮ ਸਰੂਪ ਮਹਿ = ਵਿਚ ਅਸਥੂਲ ਜਗਤ ਨੂੰ ਵਾਹਿਗੁਰੂ ਦਾ ਸਰੂਪ ਹੀ, ਜਾਨੈ = ਜਾਣਨਾ ਕਰਦਾ ਹੈ **ਵਾ:** ਸੂਖਮ ਸ੍ਰਿਸ਼ਟੀ ਵਿਚ ਜਿਵੇਂ ਹਿਰਨ ਗਰਭ ਸਭ ਦੇ ਸੁਪਨ ਅਵਸਥਾ ਦਾ ਅਭਿਮਾਨੀ ਹੈ। ਅਸਥੂਲ ਵੈਰਾਟ ਅਕਾਰਾਂ ਦਾ ਅਭਿਮਾਨੀ ਹੈ, ਸੂਖਮ ਤੇ ਵੈਰਾਟ ਦੇ ਤਾਈਂ ਹਿਰਨ ਗਰਭ ਵਿਚ ਜਾਨਣਾ ਕਰਦਾ ਹੈ **ਵਾ:** ਸੂਖਮ ਭਾਵ ਨਿਰਗੁਣ ਸਰੂਪ ਵਿਚ ਖੰਡਾਂ, ਬ੍ਰਹਿਮੰਡਾਂ ਦਾ ਪਸਾਰਾ ਜਾਨਣਾ ਕਰਦਾ ਹੈ। ਅਸਥੂਲੁ = ਜੋ ਸੰਸਾਰ ਅਸਥੂਲ ਹੈ, ਇਸ ਵਿਚ ਸੂਖਮ ਰੂਪ ਜੋਤ ਨੂੰ ਜਾਨਣਾ ਕਰਦਾ ਹੈ। ਨਿਰਗੁਣ ਸੂਖਮ ਰੂਪ ਹੈ, ਸਰਗੁਣ ਵੈਰਾਟ ਰੂਪ ਹੈ। ਸੂਖਮ, ਅਸਥੂਲ ਤੇ ਮੂਲ ਕਾਰਨ ਦੇਹਾਂ ਵਿਚ ਪ੍ਰਕਾਸ਼ਤਾ ਰੂਪ ਕਰ ਕੇ ਹਰੀ ਨੂੰ ਜਾਨਣਾ ਕਰਦਾ ਹੈ। ਅਸਥੂਲ ਸੰਸਾਰ ਵਿਚ ਸੂਖਮ ਸਾਰੇ ਭਾਵ ਦੇਹਾਂ ਵਿਚ, ਨਿਰਗੁਣ ਤੇ ਸਰਗੁਣ ਸਰੂਪ, ਵੈਰਾਟ ਤੇ ਹਿਰਨ ਗਰਭ, ਸੂਤ੍ਰ ਆਤਮ ਰੂਪ ਵਿਚ ਇੱਕੋ ਜਿਹਾ ਉਸ ਮੂਲ ਰੂਪ ਨੂੰ ਸਮਝੇ **ਵਾ:** ਸੂਖਮ

ਜੀਵ ਸਾਖੀ ਰੂਪ ਵਿਚ ਸਾਰਾ ਬ੍ਰਹਮ ਰੂਪ ਆਪ ਹੀ ਬਣਿਆ ਹੈ, ਇਉਂ ਉਸ ਹਰੀ ਨੂੰ ਜਾਨਣਾ ਕਰਦਾ ਹੈ। ਜੈਸਾ ਕਿ :

**ਆਪਹਿ ਸੂਖਮ ਆਪਹਿ ਅਸਥੂਲਾ॥ ਲਖੀ ਨ ਜਾਈ ਨਾਨਕ ਲੀਲ੍ਹਾ॥੧॥** *(ਅੰਗ ੨੫੦)*

**ਸੂਛਮ ਤੇ ਸੂਛਮ ਕਰ ਚੀਨੇ ਬ੍ਰਿੱਧਨ ਬ੍ਰਿੱਧ ਬਤਾਏ॥੨॥** *(ਸ੍ਰੀ ਦਸਮ ਗ੍ਰੰਥ, ਪੰਨਾ ੭੧੧)*

## ਚਹੁ ਵਰਨਾ ਕਉ; ਦੇ ਉਪਦੇਸੁ॥
## ਨਾਨਕ ਉਸੁ ਪੰਡਿਤ ਕਉ; ਸਦਾ ਅਦੇਸੁ॥੪॥

ਚਹੁ ਵਰਨਾ = ਚਾਰੇ ਵਰਣਾਂ (ਖੱਤ੍ਰੀ, ਸ਼ੂਦਰ, ਵੈਸ਼, ਬ੍ਰਾਹਮਣ) ਦੇ ਜੀਵਾਂ ਕਉ = ਨੂੰ ਉਪਦੇਸੁ = ਸਿੱਖਿਆ ਦੇਵੇ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਪੰਡਿਤ = ਵਿਦਵਾਨ ਕਉ = ਨੂੰ ਸਦਾ = ਹਮੇਸ਼ਾਂ ਅਦੇਸੁ = ਨਮਸਕਾਰ ਕਰਦੇ ਹਾਂ।੪।

## ਬੀਜ ਮੰਤ੍ਰੁ; ਸਰਬ ਕੋ ਗਿਆਨੁ॥ ਚਹੁ ਵਰਨਾ ਮਹਿ; ਜਪੈ ਕੋਊ ਨਾਮੁ॥

ਜੋ ਬੀਜ ਮੰਤਰ 'ੴ' ਹੈ, ਇਸ ਮੰਤਰ ਕਰਕੇ ਸਾਰਿਆਂ ਕੋ = ਨੂੰ ਗਿਆਨ ਹੋ ਸਕਦਾ ਹੈ **ਵਾ:** ਜੋ ਬੀਜ = ਕਾਰਨ ਰੂਪ ਬ੍ਰਹਮ ਹੈ, ਉਸ ਦੇ ਸਤਿਨਾਮ ਮੰਤਰ ਕਰ ਕੇ ਸਾਰਿਆਂ ਨੂੰ ਗਿਆਨ ਹੋ ਸਕਦਾ ਹੈ **ਅਥਵਾ** ਪਰਮੇਸ਼ਰ ਦੇ ਵਾਹਿਗੁਰੂ ਮੰਤਰ ਕਰਕੇ ਸਾਰਿਆਂ ਨੂੰ ਉਸ ਬ੍ਰਹਮ ਦਾ ਗਿਆਨ ਹੋ ਸਕਦਾ ਹੈ। ਭਾਵੇਂ ਬੀਜ ਮੰਤਰ ਦਾ ਸਮਾਨ ਮਾਤਰ ਸਾਰਿਆਂ ਨੂੰ ਗਿਆਨ ਹੈ, ਜੇ ਛੋਟੇ ਬੱਚੇ ਨੂੰ ਪੁੱਛੀਏ ਕਿ ਰੱਬ ਕਿਥੇ ਹੈ ਤਾਂ ਉਹ ਅਕਾਸ਼ ਵੱਲ ਉਂਗਲੀ ਕਰ ਦਿੰਦਾ ਹੈ, ਪਰ ਇਹ ਨਹੀਂ ਪਤਾ ਕਿ ਉਹ ਵਿਸ਼ੇਸ਼ ਰੂਪ ਹੈ। ਚਹੁ ਵਰਨਾ = ਚਾਰੇ ਵਰਣਾ ਮਹਿ = ਵਿਚ ਭਾਵੇਂ ਕੋਊ = ਕੋਈ ਨਾਮ ਜਪੈ = ਜਪ ਲਵੇ, ਉਸੇ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

## ਜੋ ਜੋ ਜਪੈ; ਤਿਸ ਕੀ ਗਤਿ ਹੋਇ॥ ਸਾਧਸੰਗਿ; ਪਾਵੈ ਜਨੁ ਕੋਇ॥

ਜੋ ਜੋ = ਜਿਹੜਾ ਜਿਹੜਾ ਪਰਮੇਸ਼ਰ ਦਾ ਨਾਮ ਜਪੈ = ਜਪੇਗਾ, ਤਿਸ = ਉਸ ਕੀ = ਦੀ ਗਤਿ = ਕਲਿਆਣ ਹੋਇ = ਹੋਵੇਗੀ। ਸ੍ਰੇਸ਼ਟ ਜਨਾਂ ਦੀ ਸਾਧਸੰਗਿ = ਸਤਿਸੰਗਤ ਕਰਕੇ ਕੋਇ = ਕੋਈ ਵਿਰਲਾ ਹੀ ਜਨੁ = ਪੁਰਖ ਨਾਮ ਨੂੰ ਪਾਵੈ = ਪ੍ਰਾਪਤ ਕਰ ਸਕਦਾ ਹੈ।

## ਕਰਿ ਕਿਰਪਾ; ਅੰਤਰਿ ਉਰ ਧਾਰੈ॥ ਪਸੁ ਪ੍ਰੇਤ ਮੁਘਦ; ਪਾਥਰ ਕਉ ਤਾਰੈ॥

ਜਿਨ੍ਹਾਂ 'ਤੇ ਹਰੀ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਿ = ਕਰਕੇ ਨਾਮ ਉਰ = ਹਿਰਦੇ ਅੰਤਰਿ = ਅੰਦਰ ਧਾਰੈ = ਧਾਰਨ ਕਰ ਦਿੰਦਾ ਹੈ। ਜੋ ਨਾਮ ਪਸ਼ੂਆਂ, ਪ੍ਰੇਤਾਂ ਮੁਘਦ = ਬੇਸਮਝਾਂ, ਪਾਥਰ = ਪੱਥਰਾਂ ਕਉ = ਨੂੰ ਤਾਰੈ = ਤਾਰ ਦਿੰਦਾ ਹੈ **ਵਾ:** ਪੱਥਰਾਂ ਵਰਗੇ ਭੈੜੇ ਸੁਭਾਅ ਵਾਲੇ ਪੁਰਸ਼ਾਂ ਨੂੰ ਵੀ ਤਾਰ ਦਿੰਦਾ ਹੈ। ਜੈਸਾ ਕਿ :

**ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ॥** *(ਅੰਗ ੮੦੨)*

## ਸਰਬ ਰੋਗ ਕਾ; ਅਉਖਦੁ ਨਾਮੁ॥ ਕਲਿਆਣ ਰੂਪ; ਮੰਗਲ ਗੁਣ ਗਾਮ॥

ਸਰਬ = ਸਾਰੇ (ਮਾਨਸਿਕ, ਸਰੀਰਕ ਵਾਯਕ ਆਦਿ) ਰੋਗਾਂ ਕਾ = ਦਾ ਨਾਮ ਹੀ ਅਉਖਦੁ = ਦਾਰੂ ਹੈ। ਕਲਿਆਣ = ਮੁਕਤ ਰੂਪ ਪਰਮੇਸ਼ਰ ਦੇ ਗੁਣਾਂ ਨੂੰ ਮੰਗਲ = ਅਨੰਦ ਸਹਿਤ ਗਾਮ = ਗਾਉਣਾ ਕਰੋ **ਵਾ:** ਪਰਮੇਸ਼ਰ ਦਾ ਨਾਮ ਕਲਿਆਣ = ਮੁਕਤ ਕਰਨ ਵਾਲਾ ਹੈ, ਜੋ ਗੁਣ ਗਾਮ = ਗਾਉਣਾ ਕਰਦੇ ਹਨ, ਉਨ੍ਹਾਂ ਨੂੰ ਮੰਗਲ = ਅਨੰਦ ਭਾਵ ਪ੍ਰਸੰਨ ਕਰਨ ਵਾਲਾ ਹੈ।

## ਕਾਹੂ ਜੁਗਤਿ; ਕਿਤੈ ਨ ਪਾਈਐ ਧਰਮਿ ॥
## ਨਾਨਕ ਤਿਸੁ ਮਿਲੈ; ਜਿਸੁ ਲਿਖਿਆ ਧੁਰਿ ਕਰਮਿ ॥੫॥

ਕਾਹੂ = ਕਿਸੇ ਜੁਗਤਿ = ਤਰੀਕੇ ਨਾਲ ਜਾਂ ਕਿਤੈ = ਕਿਸੇ ਧਰਮ ਕਰ ਕੇ ਪਰਮੇਸ਼ਰ ਦਾ ਨਾਮ ਪਾਈਐ = ਪ੍ਰਾਪਤ ਨਹੀਂ ਹੁੰਦਾ।

**ਅਥਵਾ** ਗੁਰਸਿੱਖ ਦਾ ਜੀਵਨ ਧਰਮ ਦਾ ਨਾਮ ਹੀ ਹੈ, ਕਾਹੂ = ਕਿਸੇ ਹੋਰ ਜੁਗਤਿ = ਤਰੀਕੇ ਨਾਲ ਕਿਤੈ = ਕਿਸੇ ਪਾਸੋਂ ਨਹੀਂ ਪਾਈਐ = ਪਾਇਆ ਜਾ ਸਕਦਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਸੁ = ਉਸ ਨੂੰ ਨਾਮ ਦੀ ਦਾਤ ਮਿਲੈ = ਮਿਲਦੀ ਹੈ, ਜਿਸ ਦੇ ਧੁਰਿ = ਮੁੱਢ ਤੋਂ ਮੱਥੇ 'ਤੇ ਸ੍ਰੇਸ਼ਟ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ ॥੫॥

[ਅੰਗ ੨੭੫]

## ਜਿਸਕੈ ਮਨਿ; ਪਾਰਬ੍ਰਹਮ ਕਾ ਨਿਵਾਸੁ ॥ ਤਿਸ ਕਾ ਨਾਮੁ; ਸਤਿ ਰਾਮ ਦਾਸੁ ॥

(ਦੂਸਰਾ ਪਾਠ **ਰਾਮਦਾਸੁ** ਇਕੱਠਾ)

ਜਿਸ ਦੇ ਮਨਿ = ਅੰਤਸ਼ਕਰਣ ਵਿਚ ਪਾਰਬ੍ਰਹਮ = ਪਰਮੇਸ਼ਰ ਦੇ ਨਾਮ ਕਾ = ਦਾ ਨਿਵਾਸ = ਵਾਸਾ ਹੈ, ਭਾਵ ਟਿਕਾਅ ਹੈ। ਤਿਸ = ਉਸ ਕਾ = ਦਾ ਨਾਮ ਸਤਿ = ਨਿਸ਼ਚੇ ਕਰਕੇ ਰਾਮ ਦਾ ਦਾਸੁ = ਸੇਵਕ ਹੈ **ਵਾ:** ਰਾਮਦਾਸੁ = ਰਾਮਦਾਸ ਨੂੰ ਮੰਨਣ ਵਾਲਾ ਇਕ ਪੰਥ ਜੋ ਪੈਰਾਂ ਵਿਚ ਘੁੰਘਰੂ ਬੰਨ੍ਹ ਕੇ ਮੰਦਰਾਂ ਵਿਚ ਨੱਚਦੇ ਹਨ।

## ਆਤਮ ਰਾਮੁ; ਤਿਸੁ ਨਦਰੀ ਆਇਆ ॥ ਦਾਸ ਦਸੰਤਣ ਭਾਇ; ਤਿਨਿ ਪਾਇਆ ॥

ਤਿਸੁ = ਉਸ ਨੂੰ ਸਾਰਿਆਂ ਜੀਵ ਆਤਮਾ ਵਿਚ ਸਾਖੀ ਰੂਪ ਪਰਮੇਸ਼ਰ ਨਦਰੀ = ਦ੍ਰਿਸ਼ਟੀ ਆਇਆ = ਆ ਗਿਆ ਹੈ। ਤਿਨਿ = ਉਨ੍ਹਾਂ ਨੇ ਦਸੰਤਣ = ਦਾਸਾਂ ਦੇ ਦਾਸ ਵਿਚ ਭਾਇ = ਪ੍ਰੇਮ ਕਰਨਾ ਪਾਇਆ ਹੈ **ਵਾ:** ਦਾਸਾਂ ਦਾ ਦਾਸ ਪੁਣਾ ਦਸੰਤਣ ਹੈ, ਐਸੀ ਪ੍ਰੇਮ ਭਾਵਨਾ ਕਰ ਕੇ ਉਨ੍ਹਾਂ ਨੇ ਪਰਮੇਸ਼ਰ ਨੂੰ ਪਾ ਲਿਆ ਹੈ।

## ਸਦਾ ਨਿਕਟਿ; ਨਿਕਟਿ ਹਰਿ ਜਾਨੁ ॥ ਸੋ ਦਾਸੁ; ਦਰਗਹ ਪਰਵਾਨੁ ॥

ਜੋ ਉਸ ਹਰਿ = ਹਰੀ ਵਾਹਿਗੁਰੂ ਨੂੰ ਸਦਾ = ਹਮੇਸ਼ਾਂ ਨਿਕਟਿ = ਨੇੜੇ ਤੋਂ ਨਿਕਟਿ = ਨੇੜੇ ਜਾਨੁ = ਜਾਨਣਾ ਕਰਦਾ ਹੈ। ਜੈਸਾ ਕਿ :

**ਹੈ ਨਿਕਟੇ ਅਰੁ ਭੇਦੁ ਨ ਪਾਇਆ ॥** *(ਅੰਗ ੧੧੩੯)*

ਸੋ = ਉਹ ਦਾਸੁ = ਸੇਵਕ ਦਰਗਹ = ਪਰਲੋਕ ਵਿਚ ਪਰਵਾਨੁ = ਪ੍ਰਮਾਣਨੀਕ ਹੈ।

## ਅਪੁਨੇ ਦਾਸ ਕਉ; ਆਪਿ ਕਿਰਪਾ ਕਰੈ ॥ ਤਿਸੁ ਦਾਸ ਕਉ; ਸਭ ਸੋਝੀ ਪਰੈ ॥

ਜਿਸ ਆਪਣੇ ਦਾਸ = ਸੇਵਕ ਕਉ = ਦੇ ਉੱਪਰ ਆਪ ਪਰਮੇਸ਼ਰ ਕਿਰਪਾ = ਦਇਆ ਦ੍ਰਿਸ਼ਟੀ ਕਰੈ = ਕਰਦਾ ਹੈ। ਤਿਸੁ = ਉਸ ਦਾਸ = ਸੇਵਕ ਕਉ = ਨੂੰ ਸਭ = ਸਾਰੀ ਪਰਮਾਰਥ ਦੀ ਸੋਝੀ = ਸਮਝ ਪਰੈ = ਪੈ ਜਾਂਦੀ ਹੈ।

## ਸਗਲ ਸੰਗਿ; ਆਤਮ ਉਦਾਸੁ ॥ ਐਸੀ ਜੁਗਤਿ; ਨਾਨਕ ਰਾਮਦਾਸੁ ॥੬॥

ਸਰੀਰ ਕਰ ਕੇ ਸਗਲ = ਸਾਰੇ ਸੰਬੰਧੀਆਂ ਸੰਗਿ = ਨਾਲ ਰਹਿੰਦਾ ਹੋਇਆ ਵੀ ਆਤਮ = ਮਨ ਕਰ ਕੇ ਉਦਾਸੁ = ਉਪਰਾਮ ਰਹਿੰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਐਸੀ = ਅਜਿਹੀ ਜੁਗਤਿ = ਜੁਗਤੀ ਵਾਲਾ ਰਾਮਦਾਸੁ = ਪਰਮੇਸ਼ਰ ਦਾ ਸੇਵਕ ਹੈ ॥੬॥

## ਪ੍ਰਭ ਕੀ ਆਗਿਆ; ਆਤਮ ਹਿਤਾਵੈ ॥ ਜੀਵਨ ਮੁਕਤਿ; ਸੋਊ ਕਹਾਵੈ ॥

ਪ੍ਰਭ = ਹਰੀ ਵਾਹਿਗੁਰੂ ਕੀ = ਦੀ ਆਗਿਆ = ਰਜ਼ਾ ਜਿਸ ਦੇ ਆਤਮ = ਮਨ ਵਿਚ ਹਿਤਾਵੈ = ਭਾਉਂਦੀ ਹੈ, ਭਾਵ ਪਿਆਰੀ ਲੱਗਦੀ ਹੈ। ਸੋਊ = ਉਹੋ ਪੁਰਖ ਹੀ ਜੀਵਨ = ਜਿਊਂਦਾ ਮੁਕਤ ਕਹਾਵੈ = ਕਹਾ ਸਕਦਾ ਹੈ। ਜੈਸਾ ਕਿ :

**ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥** *(ਅੰਗ ੨੯੪)*

## ਤੈਸਾ ਹਰਖੁ; ਤੈਸਾ ਉਸੁ ਸੋਗੁ ॥ ਸਦਾ ਅਨੰਦੁ; ਤਹ ਨਹੀ ਬਿਓਗੁ ॥

ਉਸ ਨੂੰ ਤੈਸਾ = ਉਹੋ ਜਿਹੀ ਹਰਖੁ = ਪ੍ਰਸੰਨਤਾ ਹੁੰਦੀ ਹੈ, ਤੈਸਾ = ਉਹੋ ਜਿਹਾ ਉਸ ਨੂੰ ਸੋਗੁ = ਗ਼ਮ ਹੁੰਦਾ ਹੈ। ਭਾਵ ਦੋਨਾਂ ਅਵਸਥਾਵਾਂ ਵਿਚ ਇਕੋ ਜਿਹਾ ਰਹਿੰਦਾ ਹੈ। ਜੈਸਾ ਕਿ :

**ਹਰਖ ਸੋਗ ਦੁਹਾ ਤੇ ਮੁਕਤਾ ਜੋ ਪ੍ਰਭੁ ਕਰੇ ਸੁ ਭਾਵਏ ॥** *(ਅੰਗ ੬੯੦)*

ਤਹ = ਉਸ ਨੂੰ ਸਦਾ ਅਨੰਦ ਰਹਿੰਦਾ ਹੈ, ਕਦੇ ਵੀ ਪਰਮੇਸ਼ਰ ਦਾ ਬਿਓਗੁ = ਵਿਛੋੜਾ ਨਹੀਂ ਹੁੰਦਾ।

## ਤੈਸਾ ਸੁਵਰਨੁ; ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ; ਤੈਸੀ ਬਿਖੁ ਖਾਟੀ ॥

ਉਸ ਦੀ ਸੁਰਤ ਸਮ ਹੋ ਜਾਂਦੀ ਹੈ, ਉਸ ਨੂੰ ਤੈਸਾ = ਉਹੋ ਜਿਹਾ ਸੁਵਰਨੁ = ਸੋਨਾ ਪ੍ਰਤੀਤ ਹੁੰਦਾ ਹੈ, ਤੈਸੀ = ਉਹੋ ਜਿਹੀ ਉਸ ਨੂੰ ਮਾਟੀ = ਮਿੱਟੀ ਦਿਸਦੀ ਹੈ, ਭਾਵ ਸੋਨੇ ਦੀ ਪ੍ਰਾਪਤੀ ਦਾ ਲਾਲਚ ਨਹੀਂ ਅਤੇ ਮਿੱਟੀ ਦੇ ਨਾਲ ਨਫ਼ਰਤ ਨਹੀਂ, ਬੁੱਧੀ ਰਾਗ ਦ੍ਵੈਖ ਤੋਂ ਉੱਪਰ ਹੋ ਜਾਂਦੀ ਹੈ। ਉਸ ਨੂੰ ਤੈਸਾ = ਉਹੋ ਜਿਹਾ ਅੰਮ੍ਰਿਤ ਹੈ, ਤੈਸੀ = ਉਹੋ ਜਿਹੀ ਖਾਟੀ = ਕੌੜੀ ਬਿਖੁ = ਜ਼ਹਿਰ ਹੈ।

ਭਾਵ ਭਾਵੇਂ ਕੋਈ ਦੇਵਤਿਆਂ ਤੋਂ ਲਿਆ ਕੇ ਅੰਮ੍ਰਿਤ ਪਿਲਾ ਦੇਵੇ, ਭਾਵੇਂ ਕੋਈ ਕੌੜੀ ਜ਼ਹਿਰ ਦੇਵੇ, ਉਹ ਇਕ ਸਮਾਨ ਹਨ, ਜਿਵੇਂ ਇਕ ਵਾਰੀ ਬਾਬਾ ਆਇਆ ਸਿੰਘ ਹੋਤੀ ਮਰਦਾਨ ਵਾਲਿਆਂ ਨੂੰ ਉਨ੍ਹਾਂ ਦੇ ਸੇਵਕ ਨੇ ਮਹੰਤੀ ਦੇ ਲਾਲਚ ਕਰ ਕੇ ਦੁੱਧ ਵਿਚ ਜ਼ਹਿਰ ਪਾ ਦਿੱਤਾ, ਸੰਤ ਹੱਸ ਕੇ ਕਹਿਣ ਲੱਗੇ ਕਿ ਤੂੰ ਹੀ ਪੀ ਲੈ, ਕਹਿਣ ਲੱਗਾ ਨਹੀਂ ਤੁਸੀਂ ਹੀ ਪੀ ਲਓ, ਸੇਵਕ ਨੇ ਤਿੰਨ ਵਾਰੀ ਜ਼ਹਿਰ ਦਿੱਤੀ ਪਰ ਕੁਝ ਵੀ ਨਾ ਹੋਇਆ, ਆਪਣੀ ਪੂਰੀ ਆਯੂ ਭੋਗ ਕੇ ਹੀ ਚੜ੍ਹਾਈ ਕੀਤੀ ਸੀ।

## ਤੈਸਾ ਮਾਨੁ; ਤੈਸਾ ਅਭਿਮਾਨੁ ॥ ਤੈਸਾ ਰੰਕੁ; ਤੈਸਾ ਰਾਜਾਨੁ ॥

ਉਸ ਨੂੰ ਤੈਸਾ = ਉਹੋ ਜਿਹਾ ਮਾਨੁ = ਸਤਿਕਾਰ ਲੱਗਦਾ, ਤੈਸਾ = ਉਹੋ ਜਿਹਾ ਅਭਿਮਾਨੁ = ਨਿਰਾਦਰ ਲੱਗਦਾ ਹੈ। ਅਰਥਾਤ ਕਿਸੇ ਹੋਰ ਦੁਆਰਾ ਮਾਣ ਕਰਨ ਤੋਂ ਆਦਰ ਮਿਲਦਾ ਹੈ ਤੇ ਕਿਸੇ ਦੂਸਰੇ ਦੁਆਰਾ ਅਭਿਮਾਨ ਕਰਨ ਤੋਂ ਨਿਰਾਦਰ ਮਿਲਦਾ ਹੈ। ਤੈਸਾ = ਉਹੋ ਜਿਹਾ ਹੀ ਰੰਕੁ = ਗ਼ਰੀਬ ਨੂੰ ਸਮਝਦਾ ਹੈ, ਤੈਸਾ = ਉਹੋ ਜਿਹਾ ਰਾਜਾਨੁ = ਰਾਜੇ ਨੂੰ ਸਮਝਦਾ ਹੈ, ਭਾਵ ਇੱਕੋ ਦ੍ਰਿਸ਼ਟੀ ਹੈ **ਵਾ:** ਜਿਹੋ ਜਿਹੀ ਰੰਕੁ = ਜੀਵ ਵਿਚ ਉਹੋ ਜਿਹੀ ਰਾਜਾਨੁ = ਈਸ਼ਰ ਵਿਚ ਦ੍ਰਿਸ਼ਟੀ ਹੈ।

## ਜੋ ਵਰਤਾਏ; ਸਾਈ ਜੁਗਤਿ ॥ ਨਾਨਕ; ਓਹੁ ਪੁਰਖੁ, ਕਹੀਐ ਜੀਵਨ ਮੁਕਤਿ ॥੭॥

ਜੋ = ਜਿਹੜਾ ਹਰੀ ਵਾਹਿਗੁਰੂ ਆਪਣਾ ਭਾਣਾ ਵਰਤਾਏ = ਵਰਤਾਉਂਦਾ ਹੈ, ਜੋ ਸਾਈ = ਉਸ ਜੁਗਤਿ = ਜੁਗਤੀ ਨੂੰ ਯੋਗ ਸਮਝਦਾ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਪੁਰਖੁ = ਜੀਵ ਜੀਵਨ ਮੁਕਤ ਕਹੀਐ = ਕਹੀਦਾ ਹੈ ॥੭॥

**ਸਾਖੀ—ਜੀਵਨ ਮੁਕਤ ਮਹਾਤਮਾ ਤੇ ਰਾਜੇ ਦੀ** : ਇਕ ਰਾਜੇ ਦੇ ਘਰ ਵਿਚ ਸੰਤਾਨ ਨਹੀਂ ਸੀ,

ਬੜੇ ਯਤਨ ਕੀਤੇ, ਪਰ ਘਰ ਸੰਤਾਨ ਨਾ ਹੋਈ, ਤਾਂ ਰਾਜੇ ਨੇ ਬੜੇ ਜੋਤਸ਼ੀਆਂ ਆਦਿਕ ਤੋਂ ਸਾਧਨ ਪੁੱਛਣੇ ਕੀਤੇ, ਪਰ ਕੋਈ ਹੱਲ ਨਾ ਹੋਇਆ। ਪਰ ਪਰਮੇਸ਼ਰ ਦੇ ਰੰਗ ਵਿਚ ਰੰਗਿਆ ਬੜਾ ਸੂਝਵਾਨ ਜੋਤਸ਼ੀ ਸੀ, ਜਦੋਂ ਰਾਜ ਦਰਬਾਰ 'ਚ ਆਇਆ ਤੇ ਕਹਿਣ ਲੱਗਾ ਕਿ ਰਾਜਨ! ਤੇਰੇ ਘਰ ਸੰਤਾਨ ਪੈਦਾ ਹੋ ਸਕਦੀ ਹੈ। ਰਾਜਾ ਇਤਨੀ ਗੱਲ ਸੁਣ ਕੇ ਬੜਾ ਖ਼ੁਸ਼ ਹੋਇਆ ਤੇ ਕਹਿਣ ਲੱਗਾ—ਜੋਤਸ਼ੀ ਜੀ ਤੁਸੀਂ ਜੋ ਵੀ ਮੈਨੂੰ ਸੇਵਾ ਲਾਵੋਗੇ ਮੈਂ ਉਹੋ ਹੀ ਕਰਾਂਗਾ, ਪਰ ਮੇਰੇ ਘਰ ਸੰਤਾਨ ਹੋਣੀ ਚਾਹੀਦੀ ਹੈ। ਤਾਂ ਜੋਤਸ਼ੀ ਕਹਿਣ ਲੱਗਾ ਕਿ ਪਰਮੇਸ਼ਰ ਦੇ ਨਾਮ ਵਿਚ ਰੱਤੇ ਸ੍ਰੇਸ਼ਟ ਮਹਾਤਮਾ ਜਨਾਂ ਦੀ ਆਪ ਹੱਥੀਂ ਸੇਵਾ ਕਰਿਆ ਕਰ। ਰਾਜੇ ਨੇ ਨਦੀ ਕਿਨਾਰੇ ਸਾਧੂਆਂ ਲਈ ਆਸ਼ਰਮ ਬਣਾਉਣਾ ਕੀਤਾ ਅਤੇ ਆਪ ਹੱਥੀਂ ਸਾਧੂਆਂ ਦੀ ਸੇਵਾ ਕਰਿਆ ਕਰੇ। ਇਸੇ ਪ੍ਰਕਾਰ ਇਕ ਦਿਨ ਕਰਨੀ ਕਮਾਈ ਵਾਲੇ ਸਾਧੂ ਆਏ, ਰਾਜੇ ਨੇ ਬੜੀ ਸੇਵਾ ਕੀਤੀ ਤਾਂ ਮਹਾਤਮਾ ਬਹੁਤ ਪ੍ਰਸੰਨ ਹੋਏ ਅਤੇ ਕਹਿਣ ਲੱਗਾ ਕਿ ਰਾਜਨ! ਤੂੰ ਕਿਸ ਭਾਵਨਾ ਨਾਲ ਸੇਵਾ ਕਰ ਰਿਹਾ ਹੈਂ? ਤਾਂ ਰਾਜੇ ਨੇ ਸਾਧੂਆਂ ਦੇ ਚਰਨ ਪਕੜ ਲਏ ਅਤੇ ਕਹਿਣ ਲੱਗਾ! ਮਹਾਂਪੁਰਸ਼ੋ ਆਪ ਤਾਂ ਜਾਣੀ ਜਾਣ ਹੋ, ਧਨ ਪਦਾਰਥ ਸਭ ਮੇਰੇ ਕੋਲ ਹੈ, ਪਰ ਘਰ ਵਿਚ ਸੰਤਾਨ ਦੀ ਘਾਟ ਹੈ, ਕਿਰਪਾ ਕਰੋ ਘਰ ਵਿਚ ਸੰਤਾਨ ਰੂਪੀ ਬੂਟੇ ਦੀ ਬਖ਼ਸ਼ਿਸ਼ ਕਰੋ। ਮਹਾਤਮਾ ਜੀ ਨੇ ਵਰ ਦੇਣਾ ਕੀਤਾ ਕਿ ਰਾਜਨ! ਤੇਰੇ ਘਰ ਦੋ ਪੁੱਤਰ ਹੋਣਗੇ, ਇਕ ਨੂੰ ਗ੍ਰਿਹਸਥੀ ਬਣਾ ਕੇ ਰਾਜ ਭਾਗ ਦੇ ਦੇਵੀਂ ਤੇ ਦੂਸਰੇ ਨੂੰ ਸਾਧੂ ਦੀ ਜਮਾਤ ਵਿਚ ਭੇਜ ਦੇਵੀਂ।

ਥੋੜੇ ਸਮੇਂ ਬਾਅਦ ਸੰਤਾਂ ਦੇ ਵਰ ਅਨੁਸਾਰ ਰਾਜੇ ਦੇ ਘਰ ਦੋ ਪੁੱਤਰ ਪੈਦਾ ਹੋਏ, ਉਸ ਦਿਨ ਤੋਂ ਰਾਜੇ ਦੇ ਮਨ ਵਿਚ ਸਾਧੂਆਂ ਪ੍ਰਤੀ ਬੜੀ ਸ਼ਰਧਾ ਹੋਈ ਅਤੇ ਹਰ ਰੋਜ਼ ਸਤਿਸੰਗਤ ਕਰਨ ਲੱਗ ਪਿਆ। ਰਾਜੇ ਨੂੰ ਬੜਾ ਅਨੰਦ ਆਉਣ ਲੱਗਾ ਅਤੇ ਵੇਦਾਂ ਸ਼ਾਸਤਰਾਂ ਨੂੰ ਪੜ੍ਹਨ ਲੱਗਾ, ਇਕ ਦਿਨ ਸ਼ਾਸਤਰ ਵਿਚ ਉਸ ਨੇ ਜੀਵਨ ਮੁਕਤ ਅਵਸਥਾ ਦੇ ਲੱਛਣ ਪੜ੍ਹੇ ਅਤੇ ਜੀਵਨ ਮੁਕਤ ਅਵਸਥਾ ਵਾਲੇ ਮਹਾਤਮਾ ਦੀ ਖੋਜ ਕਰਨ ਲੱਗ ਪਿਆ। ਖੋਜ ਕਰਦਿਆਂ ਪਤਾ ਲੱਗਾ ਕਿ 'ਜੜ ਭਰਥ' ਨਾਮੇ ਮਹਾਤਮਾ ਵਿਚ ਜੀਵਨ ਮੁਕਤ ਵਾਲੇ ਪੂਰੇ ਲੱਛਣ ਹਨ।

ਰਾਜੇ ਨੂੰ ਜੜ ਭਰਥ ਨਾਮੇ ਸੰਤਾਂ ਦੇ ਦਰਸ਼ਨ ਕਰਨ ਦੀ ਬੜੀ ਇੱਛਾ ਪੈਦਾ ਹੋਈ, ਰਾਜੇ ਨੇ ਜੜ ਭਰਥ ਨਾਮੇ ਸੰਤਾਂ ਦੀ ਪ੍ਰੀਖਿਆ ਲੈਣ ਵਾਸਤੇ ਸੋਚਿਆ ਰਾਜੇ ਦੇ ਆਪਣੇ ਬਾਗ਼ ਵਿਚ ਇਕ ਨਿੰਮ ਦਾ ਬ੍ਰਿਛ ਸੀ, ਉਸੇ 'ਤੇ ਨਿਮੋਲੀਆਂ ਲੱਗੀਆਂ ਹੋਈਆਂ ਸਨ, ਜਿਹੜਾ ਵੀ ਸੰਤ ਆਉਂਦਾ, ਉਸ ਨੂੰ ਰਾਜਾ ਕਹਿੰਦਾ, ਇਸ ਅੰਬ ਦੇ ਬ੍ਰਿਛ ਨਾਲ ਛੋਟੀਆਂ ਛੋਟੀਆਂ ਅੰਬੀਆਂ ਲੱਗੀਆਂ ਹੋਈਆਂ ਹਨ, ਅਤੇ ਪੱਕ ਕੇ ਸੇਰ ਸੇਰ ਦੇ ਅੰਬ ਹੋ ਜਾਣੇ ਹਨ, ਇਨ੍ਹਾਂ ਫਲਾਂ ਨੂੰ ਮਹਾਤਮਾ ਜਨੋਂ ਤੁਸੀਂ ਖਾ ਕੇ ਜਾਣਾ, ਮਹਾਤਮਾ ਨਿੰਮ ਵਲ ਦੇਖ ਕੇ ਕਹਿਣ ਲੱਗੇ—ਰਾਜਨ! ਇਹ ਨਿੰਮ ਦਾ ਬ੍ਰਿਛ ਹੈ ਅੰਬ ਨਹੀਂ। ਇਤਨਾ ਕਹਿ ਕੇ ਚਲੇ ਗਏ ਕਿ ਰਾਜਾ ਤਾਂ ਮੂਰਖ ਹੈ, ਰਾਜਾ ਸਮਝ ਲੈਂਦਾ ਸੀ ਕਿ ਇਹ ਮਹਾਤਮਾ ਜਨ ਜੜ ਭਰਥ ਨਹੀਂ ਹਨ। ਰਾਜੇ ਨੇ ਇਕ ਤੋਤਾ ਵੀ ਲਿਆਂਦਾ ਜੋ ਆਏ ਸੰਤਾਂ ਨੂੰ ਬੜੇ ਸਤਿਕਾਰ ਅਤੇ ਮਿੱਠੇ ਵਚਨ ਬੋਲਦਾ ਅਤੇ ਆਖਦਾ—ਸੰਤ ਜੀ ਮੈਂ ਸੁਣਿਆ ਹੈ ਕਿ ਪ੍ਰਭੂ ਦਾ ਨਾਮ ਜਨਮ ਮਰਨ ਦੇ ਬੰਧਨਾਂ ਨੂੰ ਤੋੜਨ ਵਾਲਾ ਹੈ, ਪਰ ਮੇਰਾ ਲੋਹੇ ਦਾ ਪਿੰਜਰਾ ਮੇਰੇ ਲਈ ਬੰਧਨ ਰੂਪ ਹੈ, ਪਰਮੇਸ਼ਰ ਮੇਰੇ ਬੰਧਨ ਨੂੰ ਨਹੀਂ ਕੱਟਦਾ, ਮੈਂ ਰਾਤ ਦਿਨ ਪਰਮੇਸ਼ਰ ਦਾ ਨਾਮ ਲੈਂਦਾ ਹਾਂ, ਕੋਈ ਜੁਗਤੀ ਦੱਸੋ?

ਮਹਾਤਮਾ ਅਨੇਕਾਂ ਜੁਗਤੀਆਂ ਦੱਸਦੇ ਪਰ ਪਿੰਜਰਾ ਨਾ ਟੁੱਟਿਆ।

ਇਕ ਦਿਨ ਜੀਵਾਂ ਨੂੰ ਤਾਰਦੇ ਜੜ ਭਰਥ ਨਾਮੇ ਮਹਾਤਮਾ ਰਾਜੇ ਦੇ ਬਾਗ਼ ਵਿਚ ਪਹੁੰਚੇ ਤਾਂ ਤੋਤੇ ਨੇ ਬੜੇ ਮਿੱਠੇ ਬੋਲਾਂ ਨਾਲ ਸਤਿਕਾਰ ਕੀਤਾ ਤੇ ਸਵਾਲ ਕਰਨ ਲੱਗਾ—ਮਹਾਰਾਜ ਕੋਈ ਜੁਗਤੀ ਦੱਸੋ, ਜਿਸ ਕਰ ਕੇ ਮੇਰਾ ਲੋਹੇ ਦਾ ਪਿੰਜਰਾ ਟੁੱਟ ਜਾਵੇ। ਮੈਂ ਰਾਮ ਰਾਮ ਤਾਂ ਜਪਦਾ ਹਾਂ ਪਰ ਫੇਰ ਵੀ ਇਹ ਪਿੰਜਰਾ ਟੁੱਟਦਾ ਨਹੀਂ ਹੈ, ਤਾਂ ਜੜ ਭਰਥ ਨੇ ਕਿਹਾ ਤੂੰ ਚੂਰੀ ਦੇ ਖਾਣ ਲਈ ਰਾਮ ਰਾਮ, ਕਹਿੰਦਾ ਹੈਂ, ਪਿੰਜਰੇ ਦੇ ਟੁੱਟਣ

ਵਾਸਤੇ ਨਹੀਂ, ਚੂਰੀ ਦਾ ਤਿਆਗ ਕਰਕੇ ਪਿੰਜਰੇ ਨੂੰ ਤੋੜਨ ਲਈ ਜਪ ਅਤੇ ਮਨ ਇੰਦ੍ਰੀਆਂ ਨੂੰ ਰੋਕ ਕੇ ਮੁਰਦੇ ਵਾਂਗ ਪੈਣਾ ਕਰ, ਪਿੰਜਰਾ ਹੁਣੇ ਟੁੱਟ ਜਾਏਗਾ। ਪਰਮੇਸ਼ਰ ਦਾ ਨਾਮ ਜਪਣੇ ਕਰ ਕੇ ਤੋਤੇ ਦਾ ਹਿਰਦਾ ਤਾਂ ਪਹਿਲਾਂ ਹੀ ਨਿਰਮਲ ਸੀ ਅਤੇ ਸੰਤਾਂ ਦੇ ਬਚਨਾਂ ਅਨੁਸਾਰ ਮਨ ਇੰਦ੍ਰੀਆਂ ਨੂੰ ਰੋਕ ਕੇ ਲੰਮਾ ਪੈ ਗਿਆ। ਇਤਨੇ ਨੂੰ ਰਾਜਾ ਆ ਗਿਆ ਜਦੋਂ ਤੋਤੇ ਨੇ ਮਿੱਠੇ ਬਚਨਾਂ ਰਾਹੀਂ ਸਤਿਕਾਰ ਨਾ ਕੀਤਾ ਅਤੇ ਨੌਕਰਾਂ ਨੂੰ ਪੁੱਛਣ ਲੱਗਾ ਕਿ ਤੋਤਾ ਕਿਥੇ ਹੈ ? ਬੋਲਦਾ ਨਹੀਂ। ਨੌਕਰਾਂ ਨੇ ਦੇਖਿਆ ਅਤੇ ਕਹਿਣ ਲੱਗਾ ਕਿ ਤੋਤਾ ਤਾਂ ਮਰਿਆ ਪਿਆ ਹੈ। ਉਸੇ ਵੇਲੇ ਰਾਜੇ ਨੇ ਪਿੰਜਰਾ ਮੰਗਵਾ ਕੇ ਤੋਤੇ ਨੂੰ ਬਾਹਰ ਕੱਢਿਆ, ਬਹੁਤ ਕੋਸ਼ਿਸ਼ ਕੀਤੀ ਤੋਤੇ ਨੂੰ ਜਗਾਉਣ ਦੀ। ਪਰ ਤੋਤੇ ਨੇ ਅੱਖ ਨਾ ਖੋਲ੍ਹੀ, ਫਿਰ ਰਾਜੇ ਨੇ ਨੌਕਰਾਂ ਨੂੰ ਕਿਹਾ ਕਿ ਤੋਤੇ ਨੂੰ ਖੁੱਲ੍ਹੀ ਹਵਾ ਵਿਚ ਰੱਖਣਾ ਕਰੋ।

ਜਿਸ ਵੇਲੇ ਤੋਤੇ ਨੂੰ ਖੁੱਲ੍ਹੀ ਹਵਾ ਵਿਚ ਰੱਖਿਆ, ਤੋਤੇ ਨੇ ਮੌਕਾ ਦੇਖਿਆ, ਉਡਾਰੀ ਮਾਰੀ ਅਤੇ ਬ੍ਰਿਛ ਦੀ ਉੱਚੀ ਟਾਹਣੀ 'ਤੇ ਜਾ ਬੈਠਾ ਅਤੇ ਜੜ ਭਰਥ ਮਹਾਤਮਾ ਦਾ ਧੰਨਵਾਦ ਕਰਨ ਲੱਗਾ ਕਿ ਸੰਤਾਂ ਨੇ ਮੇਰੀ ਇਸ਼ਾਰੇ ਨਾਲ ਮੁਕਤੀ ਕਰ ਦਿੱਤੀ। ਰਾਜੇ ਨੂੰ ਪਤਾ ਲੱਗਾ ਕਿ ਤੋਤੇ ਨੂੰ ਮਹਾਤਮਾ ਨੇ ਜੁਗਤੀ ਦੱਸੀ ਹੈ, ਆ ਕੇ ਚਰਨੀਂ ਪਿਆ ਤੇ ਕਹਿਣ ਲੱਗਾ ਕਿ ਮਹਾਤਮਾ ਜੀ ਤੁਸੀਂ ਆਏ ਹੋ ਮੇਰੇ ਧੰਨਭਾਗ, ਮੇਰੇ ਬਾਗ਼ ਵਿਚ ਇਕ ਅੰਬ ਦੇ ਬ੍ਰਿਛ ਦੇ ਫਲ ਪੱਕ ਕੇ ਸੇਰ ਸੇਰ ਦੇ ਹੋ ਜਾਂਦੇ ਹਨ, ਤੁਸੀਂ ਮਿੱਠੇ ਫਲ ਖਾ ਕੇ ਹੀ ਜਾਣਾ, ਜੜ ਭਰਥ ਮਹਾਤਮਾ ਨੇ ਬਾਗ਼ ਵਿਚ ਬੰਦਗੀ ਕਰਨੀ ਸ਼ੁਰੂ ਕਰ ਦਿੱਤੀ, ਜਲਦੀ ਜਾਣ ਦਾ ਕੋਈ ਖ਼ਿਆਲ ਨਾ ਕੀਤਾ। ਰਾਜੇ ਨੇ ਬੜੀਆਂ ਪ੍ਰੀਖਿਆਵਾਂ ਲਈਆਂ, ਪਰ ਸੰਤਾਂ ਦਾ ਮਨ ਵਿਖੇਪਤਾ ਵਿਚ ਨਾ ਆਇਆ। ਅਖ਼ੀਰ ਰਾਜੇ ਨੇ ਨਿਮਰਤਾ ਧਾਰ ਕੇ ਬੇਨਤੀ ਕੀਤੀ ਕਿ ਮਹਾਤਮਾ ਜੀ ਆਪ ਕੋਈ ਅਜਿਹੀ ਜੁਗਤੀ ਦੱਸੋ, ਜਿਸ ਤੋਂ ਮੈਂ ਘਰ ਵਿਚ ਰਹਿ ਕੇ ਸੁਖ ਦੁਖ ਤੇ ਹਰਖ ਸੋਗ ਦੇ ਸਹਿਤ ਨਾ ਹੋਵਾਂ ਅਤੇ ਜੀਵਨ ਮੁਕਤੀ ਦੇ ਅਨੰਦ ਨੂੰ ਮਾਨਣਾ ਕਰਾਂ।

ਜੜ ਭਰਥ ਨਾਮੇ ਮਹਾਤਮਾ ਨੇ ਕਿਹਾ ਕਿ ਹੇ ਰਾਜਨ! ਤੇਰਾ ਨਿਰਗੁਣ ਸਰੂਪ ਹੈ, ਮਨੁੱਖ ਨੂੰ ਤਿੰਨ ਗੁਣ ਹੀ ਦੁਖੀ ਸੁਖੀ ਕਰਦੇ ਹਨ, ਤੂੰ ਤਿੰਨਾਂ ਗੁਣਾਂ ਨੂੰ ਤਿਆਗਣਾ ਕਰ।

ਜਿਵੇਂ ਬਦਾਮ ਰੋਗਨ ਦਾ ਬਦਾਮਾਂ ਦੇ ਬੂਟੇ, ਪੱਤੇ, ਟਾਹਣੀਆਂ, ਫਲਾਂ ਫੁੱਲਾਂ ਨਾਲ ਕੋਈ ਸੰਬੰਧ ਨਹੀਂ, ਬਲਕਿ ਬਦਾਮ ਦੇ ਉਪਰਲੇ ਛਿਲਕੇ ਨੂੰ ਤੋੜ ਕੇ ਅੰਦਰਲੀ ਗਿਰੀ ਨੂੰ ਕੋਹਲੂ ਵਿਚ ਪਾ ਕੇ ਬਦਾਮ ਰੋਗਨ ਕੱਢ ਕੇ ਬਦਾਮ ਦਾ ਛਿਲਕਾ ਸੁੱਟ ਦੇਈਦਾ ਹੈ। ਇਸੇ ਤਰ੍ਹਾਂ ਤਿੰਨੇ ਗੁਣ ਕਾਰਨ, ਸੂਖਮ, ਸਥੂਲ ਸਰੀਰ ਛਿਲਕੇ ਰੂਪ ਹਨ, ਤੂੰ ਇਨ੍ਹਾਂ ਵਿਚ ਰਹਿੰਦਾ ਹੋਇਆ ਵੀ ਇਨ੍ਹਾਂ ਤੋਂ ਵੱਖਰਾ ਹੈਂ। ਜਿਵੇਂ ਛਿਲਕਿਆਂ ਨੇ ਆਪਣੇ ਵਿਚ ਬਦਾਮ ਰੋਗਨ ਨੂੰ ਛੁਪਾ ਕੇ ਰੱਖਿਆ ਹੈ, ਇਸੇ ਤਰ੍ਹਾਂ ਛਿਲਕੇ ਰੂਪ ਤਿੰਨਾਂ ਸਰੀਰਾਂ ਤੇ ਤਿੰਨਾਂ ਗੁਣਾਂ ਨੇ ਤੇਰੇ ਸਰੂਪ ਨੂੰ ਛੁਪਾ ਕੇ ਰੱਖਿਆ ਹੈ। ਇਸ ਲਈ ਤੇਰੇ ਸਰੂਪ ਵਿਚ ਇਹ ਸਾਰੇ ਬੰਧਨ ਰੂਪ ਹਨ, ਵਿਚਾਰ ਦੁਆਰਾ ਇਨ੍ਹਾਂ ਸਾਰਿਆਂ ਨੂੰ ਤਿਆਗ ਕੇ ਤੂੰ ਮੁਕਤ ਰੂਪ ਹੋਣਾ ਕਰ। ਇਸੇ ਤਰ੍ਹਾਂ ਸ਼ੁਭ ਵਿਚਾਰ ਰੂਪੀ ਕੋਹਲੂ ਨਾਲ ਆਤਮਾ ਰੂਪੀ ਬਦਾਮ ਰੋਗਨ ਨੂੰ ਕੱਢ ਕੇ ਤ੍ਰਿਗੁਣ ਰੂਪ ਮਾਇਆ ਨੂੰ ਛਿਲਕਾ ਰੂਪ ਜਾਣ ਕੇ ਭਾਵ ਮਿਥਿਆ ਰੂਪ ਸਮਝ ਕੇ ਤਿਆਗਣਾ ਕਰ, ਜਿਸ ਵੇਲੇ ਮਾਇਆ ਰੂਪ ਤਿੰਨਾਂ ਗੁਣਾਂ ਨੂੰ ਤਿਆਗੇਂਗਾ, ਤਾਂ ਤ੍ਰਿਗੁਣ ਅਤੀਤ ਤੁਰੀਆ ਵਸਤੂ ਨੂੰ ਆਪਣਾ ਸਰੂਪ ਨਿਸਚੇ ਕਰ ਕੇ ਜੀਵਨ ਮੁਕਤ ਹੋ ਜਾਏਂਗਾ।

'ਜੜ ਭਰਥ' ਨਾਮੇ ਮਹਾਂਪੁਰਸ਼ਾਂ ਤੋਂ ਉਪਦੇਸ਼ ਸ੍ਰਵਨ ਕਰ ਕੇ ਰਾਜਾ ਤਿੰਨਾਂ ਗੁਣਾਂ ਨੂੰ ਤਿਆਗ ਕੇ ਦੁਖ ਸੁਖ ਵਿਚ ਸਮ ਹੋ ਕੇ ਰਹਿਣ ਲੱਗ ਪਿਆ।

## ਪਾਰਬ੍ਰਹਮ ਕੇ; ਸਗਲੇ ਠਾਉ ॥ ਜਿਤੁ ਜਿਤੁ ਘਰਿ ਰਾਖੈ; ਤੈਸਾ ਤਿਨ ਨਾਉ ॥

ਪਾਰਬ੍ਰਹਮ = ਪਰਮੇਸ਼ਰ ਕੇ = ਦੇ ਸਗਲੇ = ਸਾਰੇ ਠਾਉ = ਅਸਥਾਨ ਹਨ **ਵਾ:** ਜੂਨੀਆਂ ਰੂਪ ਸਾਰੇ ਅਸਥਾਨ ਪਰਮੇਸ਼ਰ ਦੇ ਹੀ ਬਣਾਏ ਹੋਏ ਹਨ।

ਜਿਤੁ ਜਿਤੁ = ਜਿਸ ਜਿਸ ਪਦਵੀ ਰੂਪ ਘਰ ਵਿਚ ਪਰਮੇਸ਼ਰ ਨੇ ਜੀਵ ਰਾਖੈ = ਰੱਖੇ ਹਨ, ਤੈਸਾ = ਉਹੋ ਜਿਹਾ ਤਿਨ = ਉਨ੍ਹਾਂ ਦਾ ਨਾਉ = ਨਾਮ ਪੈ ਗਿਆ ਹੈ **ਵਾ:** ਜਿਤੁ ਜਿਤੁ = ਜਿਸ ਜਿਸ ਘਰਿ = ਸਰੀਰਾਂ ਵਿਚ ਰੱਖਣਾ ਕੀਤਾ, ਉਸੇ ਤਰ੍ਹਾਂ ਸਵਰਗ ਦੇ ਦੇਵਤੇ, ਪਤਾਲ ਦੇ ਰਾਕਸ਼ ਮਨੁੱਖ ਪਸ਼ੂ ਆਦਿ ਦਾ ਨਾਮ ਪੈ ਗਿਆ।

## ਆਪੇ; ਕਰਨ ਕਰਾਵਨ ਜੋਗੁ ॥ ਪ੍ਰਭ ਭਾਵੈ; ਸੋਈ ਫੁਨਿ ਹੋਗੁ ॥

ਪਰਮੇਸ਼ਰ ਆਪ ਹੀ ਕਰਨ = ਕਾਰਜਾਂ ਨੂੰ ਕਰਨ ਵਾਲਾ ਤੇ ਆਪ ਹੀ ਕਰਾਵਨ = ਕਰਾਉਣ ਜੋਗੁ = ਲਾਇਕ ਹੈ। ਜੋ ਪ੍ਰਭ = ਹਰੀ ਵਾਹਿਗੁਰੂ ਨੂੰ ਭਾਵੈ = ਭਾਉਂਦਾ ਹੈ ਫੁਨਿ = ਪੁਨਾ ਸੋਈ = ਉਹੀ ਤਿੰਨਾਂ ਕਾਲਾਂ ਵਿਚ ਹੋਗੁ = ਹੁੰਦਾ ਹੈ।

## ਪਸਰਿਓ ਆਪਿ; ਹੋਇ ਅਨਤ ਤਰੰਗ ॥ ਲਖੇ ਨ ਜਾਹਿ; ਪਾਰਬ੍ਰਹਮ ਕੇ ਰੰਗ ॥

ਅਨਤ = ਅਨੇਕਾਂ ਤਰੰਗ = ਲਹਿਰਾਂ ਰੂਪ ਹੋ ਕੇ ਹਰੀ ਆਪ ਹੀ ਪਸਰਿਓ = ਫੈਲਿਆ ਹੋਇ = ਹੋਇਆ ਹੈ। ਪਾਰਬ੍ਰਹਮ = ਪਰਮੇਸ਼ਰ ਕੇ = ਦੇ ਰੰਗ = ਕੌਤਕ ਲਖੇ = ਜਾਣੇ ਨ = ਨਹੀਂ ਜਾਹਿ = ਜਾਂਦੇ।

## ਜੈਸੀ ਮਤਿ ਦੇਇ; ਤੈਸਾ ਪਰਗਾਸ ॥ ਪਾਰਬ੍ਰਹਮੁ; ਕਰਤਾ ਅਬਿਨਾਸ ॥

ਜੈਸੀ = ਜਿਸ ਤਰ੍ਹਾਂ ਦੀ ਜੀਵ ਨੂੰ ਮਤਿ = ਸਿੱਖਿਆ ਦੇਇ = ਦਿੰਦਾ ਹੈ, ਤੈਸਾ = ਉਸੇ ਤਰ੍ਹਾਂ ਦਾ ਬੁੱਧੀ ਅੰਦਰ ਪਰਗਾਸੁ = ਗਿਆਨ ਦਾ ਚਾਨਣ ਹੁੰਦਾ ਹੈ। ਪਾਰਬ੍ਰਹਮੁ = ਹਰੀ ਕਰਤਾ ਪੁਰਖ ਸੁਤੰਤਰ ਅਬਿਨਾਸੀ = ਨਾਸ ਤੋਂ ਰਹਿਤ ਹੈ।

## ਸਦਾ ਸਦਾ; ਸਦਾ ਦਇਆਲ ॥ ਸਿਮਰਿ ਸਿਮਰਿ; ਨਾਨਕ ਭਏ ਨਿਹਾਲ ॥੮॥੯॥

ਉਹ ਵਾਹਿਗੁਰੂ ਪਿੱਛੇ ਭੂਤਕਾਲ ਵਿਚ ਵੀ ਸਦਾ = ਹਮੇਸ਼ਾਂ ਦਿਆਲੂ ਸੀ, ਹੁਣ ਵੀ ਵਰਤਮਾਨ ਸਮੇਂ ਵਿਚ ਦਿਆਲੂ ਹੈ ਤੇ ਅੱਗੇ ਨੂੰ ਵੀ ਸਦਾ = ਹਮੇਸ਼ਾਂ ਦਿਆਲੂ ਹੋਵੇਗਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਐਸੇ ਹਰੀ ਵਾਹਿਗੁਰੂ ਦਾ ਮਨ, ਬਾਣੀ, ਸਰੀਰ ਕਰਕੇ ਸਿਮਰਿ = ਸਿਮਰਨ ਸਿਮਰਿ = ਸਿਮਰਿਆ ਹੈ, ਉਹ ਨਿਹਾਲ = ਪ੍ਰਸੰਨ ਭਏ = ਹੋਏ ਹਨ ॥੮॥੯॥

(ਨੌਂਵੀਂ ਅਸਟਪਦੀ ਵਿਚ ਪੂਰੇ ਅੱਖਰ ੧੦੪੧, ਪੈਰਾਂ ਵਾਲੇ ਰਾਰੇ ੧੮, ਕੁੱਲ ਅੱਖਰ ੧੦੫੯ ਹਨ)

## ਸਲੋਕੁ ॥ ਉਸਤਤਿ ਕਰਹਿ ਅਨੇਕ ਜਨ; ਅੰਤੁ ਨ ਪਾਰਾਵਾਰ ॥

ਉਸ ਪਰਮੇਸ਼ਰ ਦੀ ਅਨੇਕਾਂ ਜਨ = ਪੁਰਖ ਉਸਤਤਿ = ਵਡਿਆਈ ਕਰਹਿ = ਕਰਦੇ ਹਨ, ਜਿਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ।

## ਨਾਨਕ ਰਚਨਾ ਪ੍ਰਭਿ ਰਚੀ; ਬਹੁ ਬਿਧਿ ਅਨਿਕ ਪ੍ਰਕਾਰ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪ੍ਰਭਿ = ਹਰੀ ਵਾਹਿਗੁਰੂ ਨੇ ਬਹੁ = ਬਹੁਤ ਬਿਧਿ = ਤਰੀਕਿਆਂ ਕਰ ਕੇ ਅਨਿਕ = ਅਨੇਕ ਪ੍ਰਕਾਰ = ਤਰ੍ਹਾਂ ਦੀ ਰਾਜਸੀ, ਤਾਮਸੀ, ਸਾਤਕੀ, ੪ ਖਾਣੀਆਂ ਦੇ ਰੰਗਾਂ ਰੂਪਾਂ ਕਰ ਕੇ ਸ੍ਰਿਸ਼ਟੀ ਦੀ ਰਚਨਾ ਰਚੀ ਹੈ॥੧॥

## ਅਸਟਪਦੀ ॥ ਕਈ ਕੋਟਿ; ਹੋਏ ਪੂਜਾਰੀ ॥ ਕਈ ਕੋਟਿ; ਆਚਾਰ ਬਿਉਹਾਰੀ ॥

ਕਈ ਕੋਟਿ = ਕਰੋੜਾਂ ਪਰਮੇਸ਼ਰ ਦੀ ਪੂਜਾ ਕਰਨ ਵਾਲੇ ਪੁਜਾਰੀ ਹੋਏ ਹਨ **ਵਾ:** ਕਈ ਕਰੋੜਾਂ (ਪੂ+ਜਾਰੀ)

ਪੂ = ਨਰਕਾਂ ਆਦਿਕ ਦੇ ਦੁੱਖਾਂ ਨੂੰ ਜਾਰੀ = ਜਾਲਣ ਵਾਲੇ ਹੋਏ ਹਨ **ਵਾ:** ਜੋ ਕਾਮ ਆਦਿਕਾਂ ਦੀ ਪੂ = ਪੀਕ ਪਈ ਹੋਈ ਹੈ, ਉਸ ਨੂੰ ਬ੍ਰਹਮ ਗਿਆਨ ਦੀ ਅੱਗ ਕਰ ਕੇ ਜਾਰੀ = ਜਾਲਣ ਵਾਲੇ ਹਨ **ਵਾ:** ਕਈ ਕਰੋੜਾਂ ਪੂਜਾ ਧਨ ਦੇ ਅਰੀ ਹੋਏ ਹਨ, ਭਾਵ ਪੂਜਾ ਧਨ ਨੂੰ ਜ਼ਹਿਰ ਸਮਝ ਕੇ ਤਿਆਗੀ ਰਹਿੰਦੇ ਹਨ **ਵਾ:** ਕਈ ਕਰੋੜਾਂ ਹਰੀ ਦੇ ਪੂਜਕ ਹੋਏ ਹਨ। ਕਈ ਕੋਟਿ = ਕਰੋੜਾਂ ਆਚਾਰ = ਸ੍ਰੇਸ਼ਟਚਾਰ ਦੇ ਬਿਉਹਾਰੀ = ਵਿਹਾਰ ਕਰਨ ਵਾਲੇ ਹਨ।

## ਕਈ ਕੋਟਿ; ਭਏ ਤੀਰਥ ਵਾਸੀ ॥ ਕਈ ਕੋਟਿ; ਬਨ ਭ੍ਰਮਹਿ ਉਦਾਸੀ ॥

ਕਈ ਕੋਟਿ = ਕਰੋੜਾਂ ਤੀਰਥਾਂ ਤੇ ਵਾਸੀ = ਵਸਣ ਵਾਲੇ ਭਏ = ਹੋਏ ਹਨ। ਕਈ ਕਰੋੜਾਂ ਉਦਾਸੀ = ਉਪਰਾਮਤਾ ਸਹਿਤ ਹੋ ਕੇ ਬਨ = ਜੰਗਲਾਂ ਵਿਚ ਭ੍ਰਮਹਿ = ਭਰਮਦੇ ਫਿਰਦੇ ਹਨ।

## ਕਈ ਕੋਟਿ; ਬੇਦ ਕੇ ਸ੍ਰੋਤੇ ॥ ਕਈ ਕੋਟਿ; ਤਪੀਸੁਰ ਹੋਤੇ ॥

ਕਈ ਕੋਟਿ = ਕਰੋੜਾਂ ਵੇਦ ਕੇ = ਦੇ ਸ੍ਰੋਤੇ = ਸ੍ਰਵਨ ਕਰਨ ਵਾਲੇ ਹਨ। ਕਈ ਕੋਟਿ = ਕਰੋੜਾਂ ਤਪੀਸੁਰ = ਤਪੀਆਂ ਦੇ ਈਸ਼ਰ ਬੜੇ ਬੜੇ ਅਗਨਹੋਤਰ ਕਰਨ ਵਾਲੇ ਹੋਤੇ = ਹੋਏ ਹਨ।

## ਕਈ ਕੋਟਿ; ਆਤਮ ਧਿਆਨੁ ਧਾਰਹਿ ॥
## ਕਈ ਕੋਟਿ; ਕਬਿ ਕਾਬਿ ਬੀਚਾਰਹਿ ॥

***ਪਹਿਲਾ ਅਰਥ :*** ਕਈ ਕੋਟਿ = ਕਰੋੜਾਂ ਆਤਮ = ਮਨ ਵਿਚ ਆਪਣੀ ਦੇਹ ਦਾ ਹੀ ਧਿਆਨ ਧਾਰਹਿ = ਧਾਰਦੇ ਹਨ ਕਿ ਮੈਂ ਦੇਹ ਹਾਂ, "ਸਣ ਟੋਪੀ ਸਣ ਕਪੜੀ ਜੁਤੇ ਸਣੇ ਖੁਦਾ" ਬਣੀ ਫਿਰਦੇ ਹਨ।

***ਦੂਸਰਾ ਅਰਥ :*** ਕਈ ਕਰੋੜਾਂ ਆਤਮਾ ਸਰੂਪ ਪਰਮੇਸ਼ਰ ਦਾ ਧਿਆਨ ਧਾਰਦੇ ਹਨ। ਕਈ ਕੋਟਿ = ਕਰੋੜਾਂ ਜੀਵ ਕਬਿ = ਕਵੀ ਹੋ ਕੇ ਕਾਬਿ = ਕਾਵਯ ਸ਼ਾਸਤਰ ਨੂੰ ਬੀਚਾਰਹਿ = ਵਿਚਾਰਦੇ ਹਨ।

## ਕਈ ਕੋਟਿ; ਨਵਤਨ ਨਾਮ ਧਿਆਵਹਿ ॥
## ਨਾਨਕ, ਕਰਤੇ ਕਾ; ਅੰਤੁ ਨ ਪਾਵਹਿ ॥੧॥

ਕਈ ਕੋਟਿ = ਕਰੋੜਾਂ ਨਵਤਨ = ਨਵੀਨ ਤੋਂ ਨਵੀਨ ਸ਼ੇਸ਼ਨਾਗ ਆਦਿਕ ਪਰਮੇਸ਼ਰ ਦੇ ਨਾਮ ਨੂੰ ਧਿਆਵਹਿ = ਧਿਆਉਂਦੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪਰੰਤੂ ਹਰੀ ਅਕਾਲ ਪੁਰਖ ਕਰਤੇ ਕਾ = ਦਾ ਅੰਤ ਨਹੀਂ ਪਾਵਹਿ = ਪਾ ਸਕਦੇ ॥੧॥

## ਕਈ ਕੋਟਿ; ਭਏ ਅਭਿਮਾਨੀ ॥ ਕਈ ਕੋਟਿ; ਅੰਧ ਅਗਿਆਨੀ ॥

ਕਈ ਕੋਟਿ = ਕਰੋੜਾਂ ਆਪਣੇ ਆਪ ਵਿਚ ਅਭਿਮਾਨੀ = ਹੰਕਾਰੀ ਭਏ = ਹੋਏ ਬੈਠੇ ਹਨ ਕਿ ਮੇਰੇ ਵਰਗਾ ਕੋਈ ਨਹੀਂ ਹੈ। ਕਈ ਕੋਟਿ = ਕਰੋੜਾਂ ਜੀਵ ਅਗਿਆਨ ਕਰਕੇ ਅੰਧ = ਅੰਨ੍ਹੇ ਹੋਏ ਹਨ, ਭਾਵ ਸਰੂਪ ਗਿਆਨ ਤੋਂ ਰਹਿਤ ਹਨ।

## ਕਈ ਕੋਟਿ; ਕਿਰਪਨ ਕਠੋਰ ॥ ਕਈ ਕੋਟਿ; ਅਭਿਗ ਆਤਮ ਨਿਕੋਰ ॥

ਕਈ ਕਰੋੜਾਂ ਦਾਨ ਪੁੰਨ ਵੱਲੋਂ ਕਿਰਪਨ = ਸੂਮ ਅਤੇ ਹਿਰਦੇ ਵਿੱਚੋਂ ਕਠੋਰ = ਕਰੜੇ ਬਚਨ ਬੋਲਦੇ ਹਨ। ਕਈ ਕਰੋੜਾਂ ਪ੍ਰੇਮ ਦੇ ਰਸ ਤੋਂ ਅਭਿਗ = ਅਭਿੱਜ ਹਨ ਅਤੇ ਆਤਮ = ਮਨ ਦੇ (ਨਿ+ਕੋਰ) ਨਿ = ਵਿਸ਼ੇਸ਼ ਕਰਕੇ ਕੋਰ = ਕੋਰੇ ਹਨ।

## ਕਈ ਕੋਟਿ; ਪਰ ਦਰਬ ਕਉ ਹਿਰਹਿ ॥
## ਕਈ ਕੋਟਿ; ਪਰ ਦੂਖਨਾ ਕਰਹਿ ॥

ਕਈ ਕੋਟਿ = ਕਰੋੜਾਂ ਪਰ = ਪਰਾਏ ਦਰਬ = ਧਨ ਕਉ = ਨੂੰ ਹੀ ਹਿਰਹਿ = ਚੁਰਾਉਂਦੇ ਹਨ। ਕਈ ਕਰੋੜਾਂ ਪਰ = ਪਰਾਏ ਵਿਚ ਦੂਖਨਾ = ਦੂਸ਼ਨ ਅਰੋਪਨਾ ਕਰਹਿ = ਕਰਦੇ ਹਨ।

## ਕਈ ਕੋਟਿ; ਮਾਇਆ ਸ੍ਰਮ ਮਾਹਿ ॥ ਕਈ ਕੋਟਿ; ਪਰਦੇਸ ਭ੍ਰਮਾਹਿ ॥

ਕਈ ਕੋਟਿ = ਕਰੋੜਾਂ ਮਾਇਆ ਦੀ ਪ੍ਰਾਪਤੀ ਦੇ ਸ੍ਰਮ = ਯਤਨ ਮਾਹਿ = ਵਿਚ ਪਏ ਰਹਿੰਦੇ ਹਨ। ਕਈ ਕੋਟਿ = ਕਰੋੜਾਂ ਪੁਰਖ ਪਰਦੇਸ = ਪਰਾਏ ਦੇਸਾਂ ਵਿਚ ਭ੍ਰਮਾਹਿ = ਭਰਮਦੇ ਫਿਰਦੇ ਹਨ।

## ਜਿਤੁ ਜਿਤੁ ਲਾਵਹੁ; ਤਿਤੁ ਤਿਤੁ ਲਗਨਾ ॥
## ਨਾਨਕ, ਕਰਤੇ ਕੀ; ਜਾਨੈ ਕਰਤਾ ਰਚਨਾ ॥੨॥

(ਅੰਤਰਯਾਮੀ ਨੇ ਜੀਵਾਂ ਦੀ ਵਾਸ਼ਨਾ ਅਨੁਸਾਰ) ਜਿਤੁ ਜਿਤੁ = ਜਿਸ ਜਿਸ ਪਾਸੇ ਲਾਵਹੁ = ਲਾਉਂਦਾ ਹੈ, ਤਿਤੁ ਤਿਤੁ = ਉਸ ਉਸ ਪਾਸੇ ਜੀਵ ਲਗਨਾ = ਲੱਗਣਾ ਕਰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਕਰਤੇ ਪੁਰਖ ਕੀ = ਦੀ ਰਚਨਾ ਨੂੰ ਕਰਤਾ ਪੁਰਖ ਆਪ ਹੀ ਜਾਨੈ = ਜਾਣਦਾ ਹੈ ॥੨॥

## ਕਈ ਕੋਟਿ; ਸਿਧ ਜਤੀ ਜੋਗੀ ॥ ਕਈ ਕੋਟਿ; ਰਾਜੇ ਰਸ ਭੋਗੀ ॥

ਕਈ ਕੋਟਿ = ਕਰੋੜਾਂ ਸਿਧ, ਜਤੀ ਤੇ ਜੋਗੀ ਹੋਏ ਹਨ। ਕਈ ਕਰੋੜਾਂ ਰਾਜੇ ਲੋਕ ਭੋਗੀ ਹੋ ਕੇ ਰਸਾਂ ਨੂੰ ਭੋਗਣਾ ਕਰਦੇ ਹਨ।

## ਕਈ ਕੋਟਿ; ਪੰਖੀ ਸਰਪ ਉਪਾਏ ॥ ਕਈ ਕੋਟਿ; ਪਾਥਰ ਬਿਰਖ ਨਿਪਜਾਏ ॥

ਕਈ ਕਰੋੜਾਂ ਪੰਖੀ = ਪੰਛੀਆਂ ਦੀਆਂ ਜਾਤੀਆਂ ਸਰਪ = ਸੱਪ ਆਦਿ ਉਪਾਏ = ਪੈਦਾ ਕੀਤੇ ਹਨ। ਕਈ ਕਰੋੜਾਂ ਪਾਥਰ = ਪੱਥਰਾਂ ਬਿਰਖ = ਬ੍ਰਿਛਾਂ ਦੀਆਂ ਜੂਨਾਂ ਵਿਚ ਨਿਪਜਾਏ = ਪੈਦਾ ਕੀਤੇ ਹਨ।

## ਕਈ ਕੋਟਿ; ਪਵਣ ਪਾਣੀ ਬੈਸੰਤਰ ॥ ਕਈ ਕੋਟਿ; ਦੇਸ ਭੂ ਮੰਡਲ ॥

ਕਈ ਕਰੋੜਾਂ ਪਵਣ = ਪੌਣ, ਪਾਣੀ = ਜਲ ਤੇ ਬੈਸੰਤਰ = ਅਗਨੀ ਆਦਿ ਵਰਗੇ ਪਦਾਰਥ ਪੈਦਾ ਕੀਤੇ ਹਨ। ਕਈ ਕਰੋੜਾਂ ਦੇਸ ਤੇ ਭੂ = ਪ੍ਰਿਥਵੀ ਦੇ ਮੰਡਲ ਗੋਲਾਕਾਰ ਇਲਾਕੇ ਹਨ।

## ਕਈ ਕੋਟਿ; ਸਸੀਅਰ ਸੂਰ ਨਖ੍ਹਤ੍ਰ ॥
## ਕਈ ਕੋਟਿ; ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ॥

ਕਈ ਕੋਟਿ = ਕਰੋੜਾਂ ਸਸੀਅਰ = ਚੰਦਰਮਾ ਸੂਰ = ਸੂਰਜ ਤੇ ਨਖ੍ਹਤ੍ਰ = ਤਾਰੇ ਹਨ। ਜੈਸਾ ਕਿ :

**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥** *(ਜਪੁ ਜੀ, ਅੰਗ ੭)*

ਕਈ ਕਰੋੜਾਂ ਦੇਵ = ਦੇਵਤੇ ਦਾਨਵ = ਦੈਂਤ ਬਣਾਏ ਹਨ, ਭਾਵ ਬ੍ਰਹਮਾ ਦੇ ਸੰਕਲਪ ਨਾਲ ਅਜਾਨ ਸੰਗਿਆ ਵਾਲੇ ਦੇਵਤੇ ਪੈਦਾ ਹੋਏ, ਦਾਨਵ = ਦਨਜ ਦੀ ਪੁੱਤ੍ਰੀ ਤੋਂ (੪੫) ਪਦਮ ਪੈਦਾ ਹੋਏ, ਸਿਰ ਤੇ ਇੰਦਰ ਦੇ ਛਤਰ ਵਾਲੇ ਸਵਰਗ ਦੇ ਕਰੋੜਾਂ ਰਾਜੇ ਹਨ।

[ਅੰਗ ੨੭੬]

## ਸਗਲ ਸਮਗ੍ਰੀ; ਅਪਨੈ ਸੂਤਿ ਧਾਰੈ ॥
## ਨਾਨਕ ਜਿਸੁ ਜਿਸੁ ਭਾਵੈ; ਤਿਸੁ ਤਿਸੁ ਨਿਸਤਾਰੈ ॥੩॥

ਸਗਲ = ਸਾਰੇ ਸਮਗ੍ਰੀ = ਪਦਾਰਥਾਂ ਦਾ ਸਮੁਦਾਏ (ਇਕੱਠ) ਆਪਣੀ ਚੇਤਨ ਸੱਤਾ ਰੂਪੀ **ਵਾ:** ਸ੍ਰਿਸ਼ਟੀ ਹੁਕਮ ਰੂਪੀ ਸੂਤਿ = ਧਾਗੇ ਵਿਚ ਧਾਰੈ = ਧਾਰਨ ਕੀਤੀ ਹੋਈ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸੁ ਜਿਸੁ = ਜਿਨ੍ਹਾਂ ਜਿਨ੍ਹਾਂ ਦੀ ਕਰਨੀ ਕਮਾਈ ਤੇ ਭਾਵਨਾ ਪਰਮੇਸ਼ਰ ਨੂੰ ਭਾਵੈ = ਭਾਅ ਜਾਂਦੀ ਹੈ, ਤਿਸੁ ਤਿਸੁ = ਉਸ ਉਸ ਨੂੰ ਪਰਮੇਸ਼ਰ ਸੰਸਾਰ-ਸਮੁੰਦਰ ਤੋਂ ਨਿਸਤਰੈ = ਤਾਰਦਾ ਹੈ ॥੩॥

## ਕਈ ਕੋਟਿ; ਰਾਜਸ ਤਾਮਸ ਸਾਤਕ ॥
## ਕਈ ਕੋਟਿ; ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ॥

ਕਈ ਕਰੋੜਾਂ ਰਾਜਸ = ਰਜੋਗੁਣੀ, ਤਾਮਸ = ਤਮੋਗੁਣੀ ਤੇ ਸਾਤਕ = ਸਤੋਗੁਣੀ ਹੋਏ ਹਨ। ਚਾਰ ਵੇਦ, ਅਠਾਰਾਂ ਪੁਰਾਣ, ੨੭ ਸਿੰਮ੍ਰਿਤੀਆਂ ਅਰੁ = ਅਤੇ ੬ ਸ਼ਾਸਤਰ ਆਦਿ ਕਈ ਕੋਟਿ = ਕਰੋੜਾਂ ਦੀ ਗਿਣਤੀ ਵਿਚ ਹਨ **ਵਾ:** ਕਈ ਕਰੋੜਾਂ ਵੇਦ, ਪੁਰਾਣ ਸਿਮਰਤੀਆਂ ਤੇ ਸ਼ਾਸਤਰ ਤ੍ਰੈਗੁਣਾਂ ਤੇ ਤ੍ਰੈਗੁਣਾਂ ਦੀ ਅਤੀਤ ਤਾਈਂ ਨੂੰ ਨਿਰੂਪਣ ਕਰਨ ਵਾਲੇ ਗ੍ਰੰਥ ਹਨ।

## ਕਈ ਕੋਟਿ ਕੀਏ ਰਤਨ ਸਮੁਦ ॥ ਕਈ ਕੋਟਿ; ਨਾਨਾ ਪ੍ਰਕਾਰ ਜੰਤ ॥

ਕਈ ਕਰੋੜਾਂ ਰਤਨ ਅਤੇ ਸਮੁੰਦਰ ਬਣਾਉਣਾ ਕੀਤੇ = ਕੀਏ ਹਨ **ਵਾ:** ਕਈ ਕਰੋੜ ਰਤਨ ਸਮੁੰਦਰ ਵਿਚ ਬਣਾਉਣਾ ਕੀਤੇ ਹਨ। ਕਈ ਕਰੋੜਾਂ ਨਾਨਾ = ਅਨੇਕ ਪ੍ਰਕਾਰ = ਤਰ੍ਹਾਂ ਦੇ ਜੰਤ = ਜੀਵ ਰਚਨਾ ਕੀਤੇ ਹਨ **ਵਾ:** ਅਨੇਕਾਂ ਸੁਭਾਵਾਂ ਵਾਲੇ ਕਈ ਕਰੋੜਾਂ ਜੀਵ ਪੈਦਾ ਕੀਤੇ ਹਨ।

## ਕਈ ਕੋਟਿ; ਕੀਏ ਚਿਰ ਜੀਵੇ ॥ ਕਈ ਕੋਟਿ; ਗਿਰੀ ਮੇਰ ਸੁਵਰਨ ਥੀਵੇ ॥

ਕਈ ਕਰੋੜਾਂ ਉਸ ਵਾਹਿਗੁਰੂ ਨੇ ਕਾਕਭਸੁੰਡ, ਲੋਮਸ ਆਦੀ ਚਿਰਜੀਵੇ = ਚਿਰ ਪ੍ਰਯੰਤ ਜੀਵਣੇ ਵਾਲੇ ਭਾਵ ਚਿਰੰਜੀਵੀ ਪੈਦਾ ਕੀਏ = ਕੀਤੇ ਹਨ। ਕਈ ਕਰੋੜਾਂ ਗਿਰੀ = ਪਹਾੜ ਤੇ ਪਹਾੜਾਂ ਦੇ ਸ਼ਿਰੋਮਣੀ ਸੁਵਰਨ = ਸੋਇਨੇ ਦੇ ਮੇਰ = ਸੁਮੇਰ ਪਰਬਤ ਥੀਵੈ = ਹੋਏ ਹਨ।

## ਕਈ ਕੋਟਿ; ਜਖ੍ਹ ਕਿੰਨਰ ਪਿਸਾਚ ॥ ਕਈ ਕੋਟਿ; ਭੂਤ ਪ੍ਰੇਤ ਸੂਕਰ ਮ੍ਰਿਗਾਚ ॥

ਕਈ ਕੋਟਿ = ਕਰੋੜਾਂ ਜਖ੍ਹ, ਕਿੰਨਰ ਤੇ ਪਿਸਾਚ ਰਚਨਾ ਕੀਤੇ ਹਨ। ਅਰਥਾਤ ਜਖ੍ਹ = ਦੇਵਤਿਆਂ ਦੀ ਜਾਤੀ ਹੈ, ਸਰੀਰ 'ਤੇ ਜੱਤ ਰਿੱਛਾਂ ਵਾਂਗ ਹੁੰਦੀ ਹੈ। ਕਿੰਨਰ = ਕਿੰਚਤ ਮਾਤਰ ਆਦਮੀ ਅਕਾਰ, ਕਿੰਚਤ ਮਾਤਰ ਘੋੜੇ ਦਾ ਅਕਾਰ, ਇਹ ਪੁਲਸਤਯ ਰਿਖੀ ਦੀ ਔਲਾਦ ਹੈ, ਮੁਸਲਮਾਨਾਂ ਦੇ ਮੱਤ ਵਿਚ ਥੱਲਿਓਂ ਘੋੜੇ ਦਾ ਅਕਾਰ ਮੰਨਿਆ ਹੈ ਤੇ ਛਾਤੀ ਤੋਂ ਮਨੁੱਖ ਦਾ ਹੈ, ਇਹ ਤਸਵੀਰਾਂ ਵਿਚ ਛਪਿਆ ਹੈ। ਹਿੰਦੂ ਮਤ ਵਿਚ ਮੂੰਹ ਘੋੜੇ ਦਾ ਬਾਕੀ ਸਰੀਰ ਮਨੁੱਖ ਦਾ, ਉਹ ਕਿੰਨਰ ਹੁੰਦੇ ਹਨ। ਪਿਸਾਚ = ਜੋ ਪਿਸ਼ਤ ਮਾਸ ਨੂੰ ਅਚ = ਖਾਂਦਾ ਹੈ, ਭਾਵ ਮਾਸ ਖਾਣੇ ਲੋਕ, ਪਿਸਾਚ ਅਨੇਕਾਂ ਜੂਨਾਂ ਵੀ ਹਨ, ਪਿਸਾਚ = ਭੂਤਾਂ ਦੀ ਇਕ ਜੂਨ।

ਕਈ ਕਰੋੜਾਂ ਭੂਤ, ਪ੍ਰੇਤ, ਸੂਕਰ = ਸੂਰ ਤੇ ਮ੍ਰਿਗਾਚ = ਮਿਰਗਾਂ ਆਦਿ ਨੂੰ ਖਾਣ ਵਾਲੇ ਸ਼ੇਰ ਆਦਿਕ ਬਣਾਉਣਾ ਕੀਤੇ ਹਨ।

ਅਰਥਾਤ ਜੋ ਆਪਣੇ ਧਰਮ ਨੂੰ ਛੱਡ ਕੇ ਦੂਸਰੇ ਪਾਸੇ ਕੁਕਰਮ ਕਰਦੇ ਹਨ, ਉਸ ਨੂੰ ਭੂਤ ਜੂਨ ਪ੍ਰਾਪਤ ਹੁੰਦੀ ਹੈ। ਕਈਆਂ ਦੇ ਸਿਵੇ ਜਗਾਉਣ ਤੋਂ ਭੂਤ ਬਣੇ ਹੁੰਦੇ ਹਨ, ਕਈ ਵੱਸ ਕਰ ਕੇ ਪੁੱਠੇ ਝਾੜੀਆਂ 'ਤੇ ਟੰਗ ਦਿੰਦੇ ਹਨ। ਫੇਰ ਉਸ ਦੇ ਉਸਤਾਦ ਆ ਕੇ ਮੰਤਰ ਸਾਧਦੇ ਹਨ, ਫੇਰ ਝਾੜੀ ਤੋਂ ਲਾ ਕੇ ਪੀਰਾਂ ਨੂੰ ਵੱਸ ਕਰਦੇ ਹਨ, ਐਸੇ ਵੀ ਭੂਤ ਬਣੇ ਹਨ। ਪ੍ਰੇਤ = ਮੰਦਰਾਂ ਦੀ ਇੱਛਾ ਕਰਦੇ ਹਨ। ਸੂਕਰ = ਸੂਰਾਂ ਦੀਆਂ ਜੂਨਾਂ ਹਨ। ਮ੍ਰਿਗਾਚ = ਮ੍ਰਿਗਾਂ ਨੂੰ ਖਾਣ ਵਾਲੇ ਸ਼ੇਰ ਆਦਿਕ **ਵਾ:** ਸ਼ੇਰਾ ਨੂੰ ਖਾਣ ਵਾਲੇ ਸਰਬੇ ਆਦਿਕ ਜਾਨਵਰ ਜੋ ਸ਼ੇਰ ਦਾ ਮਾਸ ਖਾ ਜਾਂਦੇ ਹਨ।

## ਸਭ ਤੇ ਨੇਰੈ; ਸਭਹੂ ਤੇ ਦੂਰਿ ॥ ਨਾਨਕ, ਆਪਿ ਅਲਿਪਤੁ; ਰਹਿਆ ਭਰਪੂਰਿ ॥੪॥

ਸਭ = ਸਾਰਿਆਂ ਤੇ = ਤੋਂ ਵਾਹਿਗੁਰੂ ਆਤਮ ਰੂਪ ਕਰ ਕੇ ਨੇਰੈ = ਨੇੜੇ ਹੈ, ਸਭਹੂ = ਸਾਰਿਆਂ ਤੇ = ਤੋਂ ਪਾਪ ਪੁੰਨ ਕਰ ਕੇ ਦੂਰ ਹੈ **ਵਾ:** ਸਾਰਿਆਂ ਗੁਰਮੁਖਾਂ ਦੇ ਨੇੜੇ ਹੈ ਅਤੇ ਸਾਰਿਆਂ ਮਨਮੁੱਖਾਂ ਤੋਂ ਦੂਰ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਰੀ ਵਾਹਿਗੁਰੂ ਆਪ ਅਲਿਪਤੁ = ਨਿਰਲੇਪ ਹੈ, ਉਂਜ ਸਾਰੇ ਥਾਂਵਾਂ 'ਤੇ ਵਿਆਪਕ ਹੋ ਰਹਿਆ ਹੈ, ਪਰ ਸਭ ਦੇ ਅੰਦਰ ਭਰਪੂਰਿ = ਲਬਾਲਬ ਭਰਿਆ ਹੋਇਆ ਹੈ ॥੪॥

## ਕਈ ਕੋਟਿ; ਪਾਤਾਲ ਕੇ ਵਾਸੀ ॥ ਕਈ ਕੋਟਿ; ਨਰਕ ਸੁਰਗ ਨਿਵਾਸੀ ॥

ਕਈ ਕਰੋੜਾਂ ਜੀਵ ਪਾਤਾਲ = ਪ੍ਰਿਥਵੀ ਦੇ ਹੇਠਾਂ ਕੇ = ਦੇ ਵਾਸੀ = ਵਸਨੀਕ ਹਨ, ਜੈਸੇ ਬਲ ਰਾਜਾ ਆਦਿਕ :

**ਗੁਣ ਗਾਵੈ ਬਲਿ ਰਾਉ ਸਪਤ ਪਾਤਾਲਿ ਬਸੰਤੌ ॥** *(ਸਵੱਈਏ ਮਹਲੇ ਪਹਿਲੇ ਕੇ, ਅੰਗ ੧੩੯੦)*

ਕਈ ਕਰੋੜਾਂ ਜੀਵ ਨਰਕਾਂ ਵਿਚ ਤੇ ਕਈ ਸੁਰਗ = ਸਵਰਗ ਵਿਚ ਨਿਵਾਸੀ = ਵਾਸਾ ਕਰਨ ਵਾਲੇ ਹਨ।

## ਕਈ ਕੋਟਿ; ਜਨਮਹਿ ਜੀਵਹਿ ਮਰਹਿ ॥ ਕਈ ਕੋਟਿ; ਬਹੁ ਜੋਨੀ ਫਿਰਹਿ ॥

ਕਈ ਕਰੋੜਾਂ ਜਨਮਹਿ = ਜਨਮ ਧਾਰਦੇ ਹਨ, ਕਈ ਕਰੋੜਾਂ ਜੀਵਹਿ = ਜਿਊਂਦੇ ਹਨ, ਕਈ ਕਰੋੜਾਂ ਮਰਹਿ = ਮਰਦੇ ਹਨ। ਕਈ ਕਰੋੜਾਂ ਬਹੁ = ਬਹੁਤ ਜੋਨੀ = ਜੂਨੀਆਂ ਵਿਚ ਭਟਕਦੇ ਫਿਰਹਿ = ਫਿਰਦੇ ਹਨ।

## ਕਈ ਕੋਟਿ; ਬੈਠਤ ਹੀ ਖਾਹਿ ॥ ਕਈ ਕੋਟਿ; ਘਾਲਹਿ ਥਕਿ ਪਾਹਿ ॥

ਕਈ ਕੋਟਿ = ਕਰੋੜਾਂ ਆਰਾਮ ਨਾਲ ਬੈਠਤ = ਬੈਠੇ ਹੀ ਖਾਹਿ = ਖਾਂਦੇ ਹਨ। ਕਈ ਕਰੋੜਾਂ ਘਾਲਹਿ = ਕਮਾਈਆਂ ਕਰਦੇ ਥਕਿ = ਥਕ ਪਾਹਿ = ਪੈਂਦੇ ਹਨ।

## ਕਈ ਕੋਟਿ; ਕੀਏ ਧਨਵੰਤ ॥ ਕਈ ਕੋਟਿ; ਮਾਇਆ ਮਹਿ ਚਿੰਤ ॥

ਕਈ ਕਰੋੜਾਂ ਪਦਾਰਥਾਂ ਤੇ ਧਨ ਵਾਲੇ ਧਨਵੰਤ = ਧਨਾਢ ਬਣਾਉਣਾ ਕੀਏ = ਕੀਤੇ ਹਨ। ਕਈ ਕਰੋੜਾਂ ਮਾਇਆ ਦੀ ਚਿੰਤ = ਸੋਚ ਮਹਿ = ਵਿਚ ਪਏ ਰਹਿੰਦੇ ਹਨ ਕਿ ਕਿਵੇਂ ਪਦਾਰਥ ਆਵੇਗਾ ਤੇ ਗ਼ਰੀਬੀ ਕਰ ਕੇ ਕਿਵੇਂ ਗੁਜ਼ਾਰਾ ਹੋਵੇਗਾ।

## ਜਹ ਜਹ ਭਾਣਾ; ਤਹ ਤਹ ਰਾਖੇ ॥ ਨਾਨਕ, ਸਭੁ ਕਿਛੁ; ਪ੍ਰਭ ਕੈ ਹਾਥੇ ॥੫॥

ਜਹ ਜਹ = ਜਿਥੇ ਜਿਥੇ ਵਾਹਿਗੁਰੂ ਦਾ ਭਾਣਾ = ਹੁਕਮ ਹੈ, ਤਹ ਤਹ = ਉਥੇ ਉਥੇ ਜੀਵਾਂ ਨੂੰ ਰਾਖੇ = ਰੱਖਿਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਭ = ਸਾਰਾ ਕਿਛੁ = ਕੁਝ ਪ੍ਰਭ = ਹਰੀ ਵਾਹਿਗੁਰੂ ਕੈ = ਦੇ ਹਾਥੇ = ਹੱਥ ਵਿਚ ਹੈ ॥੫॥

## ਕਈ ਕੋਟਿ; ਭਏ ਬੈਰਾਗੀ ॥ ਰਾਮ ਨਾਮ ਸੰਗਿ; ਤਿਨਿ ਲਿਵ ਲਾਗੀ ॥

ਕਈ ਕਰੋੜਾਂ ਇਸ ਦੁਨੀਆਂ ਤੋਂ ਬੈਰਾਗੀ = ਵੈਰਾਗਵਾਨ ਭਏ = ਹੋ ਗਏ ਹਨ ਭਾਵ ਉਨ੍ਹਾਂ ਨੇ ਘਰ ਬਾਰ ਛੱਡ ਕੇ ਵੈਰਾਗ ਧਾਰ ਲਿਆ ਹੈ **ਵਾ:** ਕਈ ਕਰੋੜਾਂ ਦਾ ਪਦਾਰਥਾਂ ਤੋਂ ਮਨ ਉਪਰਾਮ ਹੋ ਗਿਆ ਹੈ ਭਾਵ ਪਦਾਰਥਾਂ ਵਿਚ ਰਹਿੰਦੇ ਵੈਰਾਗੀ ਹੋਏ ਹਨ। ਰਾਮ = ਪਰਮੇਸ਼ਰ ਦੇ ਨਾਮ ਸੰਗਿ = ਨਾਲ ਤਿਨਿ = ਉਨ੍ਹਾਂ ਪੁਰਖਾਂ ਦੀ ਲਿਵ = ਬਿਰਤੀ ਲਾਗੀ = ਲੱਗੀ ਹੋਈ ਹੈ।

## ਕਈ ਕੋਟਿ; ਪ੍ਰਭ ਕਉ ਖੋਜੰਤੇ ॥ ਆਤਮ ਮਹਿ; ਪਾਰਬ੍ਰਹਮੁ ਲਹੰਤੇ ॥

ਕਈ ਕਰੋੜਾਂ ਪਿਆਰੇ ਪ੍ਰਭ = ਹਰੀ ਵਾਹਿਗੁਰੂ ਕਉ = ਨੂੰ ਖੋਜੰਤੇ = ਖੋਜਣ ਵਾਲੇ ਹਨ। ਜੋ ਉਸ ਪਾਰਬ੍ਰਹਮੁ = ਪਰਮਾਤਮਾ ਨੂੰ ਜੀਵ ਆਤਮਾ ਦੇ ਮਹਿ = ਵਿੱਚੋਂ ਲਹੰਤੇ = ਲੱਭ ਲੈਂਦੇ ਹਨ।

## ਕਈ ਕੋਟਿ; ਦਰਸਨ ਪ੍ਰਭ ਪਿਆਸ ॥ ਤਿਨ ਕਉ ਮਿਲਿਓ; ਪ੍ਰਭੁ ਅਬਿਨਾਸ ॥

ਕਈ ਕਰੋੜਾਂ ਪ੍ਰੇਮੀ ਜਨਾਂ ਨੂੰ ਪ੍ਰਭ = ਹਰੀ ਵਾਹਿਗੁਰੂ ਦੇ ਦਰਸ਼ਨਾਂ ਦੀ ਪਿਆਸ = ਤ੍ਰੇਹ ਲੱਗੀ ਹੋਈ ਹੈ। ਤਿਨ = ਉਨ੍ਹਾਂ ਕਉ = ਨੂੰ ਅਬਿਨਾਸ = ਨਾਸ ਤੋਂ ਰਹਿਤ ਪ੍ਰਭੁ = ਹਰੀ ਵਾਹਿਗੁਰੂ ਆਪ ਆ ਕੇ ਮਿਲਿਓ = ਮਿਲਿਆ ਹੈ।

## ਕਈ ਕੋਟਿ; ਮਾਗਹਿ ਸਤਸੰਗੁ ॥ ਪਾਰਬ੍ਰਹਮ; ਤਿਨ੍ ਲਾਗਾ ਰੰਗੁ ॥

ਕਈ ਕਰੋੜਾਂ ਸਤਿਸੰਗਤ ਹੀ ਮਾਗਹਿ = ਮੰਗਦੇ ਹਨ। ਕਿਉਂਕਿ ਤਿਨ = ਉਨ੍ਹਾਂ ਨੂੰ ਪਾਰਬ੍ਰਹਮ = ਪਰਮੇਸ਼ਰ ਦਾ ਰੰਗੁ = ਪ੍ਰੇਮ ਲਾਗਾ = ਲੱਗਾ ਹੈ।

## ਜਿਨ ਕਉ ਹੋਏ; ਆਪਿ ਸੁਪ੍ਰਸੰਨ ॥ ਨਾਨਕ ਤੇ ਜਨ; ਸਦਾ ਧਨਿ ਧੰਨਿ ॥੬॥

ਜਿਨ੍ਹਾਂ ਉੱਤੇ ਆਪ ਪਰਮੇਸ਼ਰ ਸੁ = ਭਲੀ ਪ੍ਰਕਾਰ ਪ੍ਰਸੰਨ = ਖ਼ੁਸ਼ ਹੋਇਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤੇ = ਉਹ ਜਨ = ਪੁਰਖ ਤਾਂ ਸਦਾ = ਹਮੇਸ਼ਾਂ ਧੰਨ ਧੰਨ ਹੋ ਗਏ ਹਨ **ਵਾ:** ਸਦਾ ਹੀ ਧਨਿ = ਧੰਨਤਾ ਯੋਗ ਹਨ **ਵਾ:** ਉਨ੍ਹਾਂ ਦੇ ਮਾਤਾ ਪਿਤਾ ਧਨਿ = ਧੰਨਤਾ ਦੇ ਯੋਗ ਹਨ ਤੇ ਉਨ੍ਹਾਂ ਦਾ ਜੀਵਨ ਵੀ ਧੰਨਿ = ਧੰਨਤਾ ਦੇ ਯੋਗ ਹੈ ॥੬॥

## ਕਈ ਕੋਟਿ; ਖਾਣੀ ਅਰੁ ਖੰਡ ॥ ਕਈ ਕੋਟਿ; ਅਕਾਸ ਬ੍ਰਹਮੰਡ ॥

ਕਈ ਕਰੋੜਾਂ ਖਾਣੀਆਂ ਹਨ ਤੇ ਕਈ ਕਰੋੜ ਖੰਡ ਹਨ, (ਸਿਰਫ਼ ਨੌਂ ਖੰਡ ਨਹੀਂ, ਕਰੋੜਾਂ ਹੀ ਖੰਡ ਹਨ)। ਕਈ ਕਰੋੜਾਂ ਅਕਾਸ਼ ਤੇ ਬ੍ਰਹਿਮੰਡ ਹਨ **ਅਥਵਾ** ਕਈ ਕਰੋੜਾਂ ਅਕਾਸ਼ ਵਿਚ ਤੇ ਬ੍ਰਹਿਮੰਡਾਂ ਵਿਚ ਵਿਚਰਨ ਵਾਲੇ ਲੋਕ ਹਨ।

## ਕਈ ਕੋਟਿ; ਹੋਏ ਅਵਤਾਰ ॥ ਕਈ ਜੁਗਤਿ; ਕੀਨੋ ਬਿਸਥਾਰ ॥

ਕਈ ਕਰੋੜਾਂ ਅਵਤਾਰ ਹੋਏ ਹਨ। ਕਈ ਜੁਗਤਿ = ਤਰੀਕਿਆਂ ਨਾਲ ਸੰਸਾਰ ਦਾ ਬਿਸਥਾਰ = ਫੈਲਾਅ ਕੀਤਾ ਹੈ **ਅਥਵਾ** ਕਈ ਵਾਰ ਤਿੰਨ ਤੱਤਾਂ ਨਾਲ, ਕਈ ਵਾਰ ਚਾਰ ਤੱਤਾਂ ਨਾਲ ਤੇ ਕਈ ਵਾਰ ਪੰਜ ਤੱਤਾਂ ਨਾਲ ਸੰਸਾਰ ਦੀ ਬਿਸਥਾਰ = ਫੈਲਾਵਟ ਕਰਨਾ ਕੀਨੋ = ਕੀਤੀ ਹੈ।

## ਕਈ ਬਾਰ; ਪਸਰਿਓ ਪਾਸਾਰ ॥ ਸਦਾ ਸਦਾ ਇਕੁ; ਏਕੰਕਾਰ ॥

ਪਰਮੇਸ਼ਰ ਨੇ ਕਈ ਵਾਰ ਇਸ ਸੰਸਾਰ ਦੇ ਪਸਾਰੇ ਨੂੰ ਪਸਰਿਓ = ਪਸਾਰਨਾ ਕੀਤਾ ਹੈ। ਸਦਾ ਸਦਾ = ਹਮੇਸ਼ਾਂ

ਹਮੇਸ਼ਾਂ ਵਾਸਤੇ ਇਕ ਏਕੰਕਾਰ = ਓਅੰਕਾਰ ਵਾਹਿਗੁਰੂ ਪਰਮੇਸ਼ਰ ਹੀ ਇਸਥਿਤ ਰਹਿਣ ਵਾਲਾ ਹੈ, ਹੋਰ ਕੋਈ ਅਸਥਿਰ ਰਹਿਣ ਵਾਲਾ ਨਹੀਂ ਹੈ।

## ਕਈ ਕੋਟਿ; ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ; ਪ੍ਰਭ ਮਾਹਿ ਸਮਾਤਿ ॥

ਕਈ ਕਰੋੜਾਂ ਜੀਵ ਹਰੀ ਵਾਹਿਗੁਰੂ ਨੇ ਬਹੁ = ਬਹੁਤ ਭਾਤਿ = ਤਰੀਕਆਂ ਨਾਲ ਰਚਨਾ ਕੀਨੇ = ਕੀਤੇ ਹਨ। ਜੀਵ ਪ੍ਰਭ = ਹਰੀ ਵਾਹਿਗੁਰੂ ਦੇ ਸਰੂਪ ਤੇ = ਤੋਂ ਪੈਦਾ ਹੋਏ ਅਤੇ ਫੇਰ ਉਸ ਪ੍ਰਭ = ਹਰੀ ਵਾਹਿਗੁਰੂ ਮਾਹਿ = ਵਿਚ ਸਮਾਤਿ = ਸਮਾ ਜਾਂਦੇ ਹਨ। ਜੈਸਾ ਕਿ :

**ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥** *(ਮਾਰੂ ਵਾਰ ਮ: ੫, ਅੰਗ ੧੦੯੬)*

## ਤਾ ਕਾ; ਅੰਤੁ ਨ ਜਾਨੈ ਕੋਇ ॥ ਆਪੇ ਆਪਿ; ਨਾਨਕ ਪ੍ਰਭੁ ਸੋਇ ॥੭॥

ਤਾ ਕਾ = ਉਸ ਵਾਹਿਗੁਰੂ ਦਾ ਕੋਇ = ਕੋਈ ਵੀ ਅੰਤ ਨ = ਨਹੀਂ ਜਾਨੈ = ਜਾਣ ਸਕਦਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋਇ = ਉਹ ਪ੍ਰਭੁ = ਹਰੀ ਵਾਹਿਗੁਰੂ ਆਪ ਹੀ ਈਸ਼ਰ ਰੂਪ ਹੈ ਤੇ ਆਪ ਹੀ ਜੀਵ ਰੂਪ ਹੈ **ਵਾ:** ਉਹ ਪ੍ਰਭੂ ਆਪਣੇ ਆਪ ਸਭ ਕੁਝ ਕਰਦਾ ਹੈ, ਭਾਵ ਆਪਣਾ ਆਪ ਸਰੂਪ ਹੀ ਹੈ ॥੭॥

## ਕਈ ਕੋਟਿ; ਪਾਰਬ੍ਰਹਮ ਕੇ ਦਾਸ ॥ ਤਿਨ ਹੋਵਤ; ਆਤਮ ਪਰਗਾਸ ॥

ਕਈ ਕਰੋੜਾਂ ਪਾਰਬ੍ਰਹਮ = ਹਰੀ ਪਰਮੇਸ਼ਰ ਕੇ = ਦੇ ਦਾਸ = ਸੇਵਕ ਹਨ। ਤਿਨ = ਉਨ੍ਹਾਂ ਦੇ ਆਤਮ = ਮਨ ਵਿਚ ਗਿਆਨ ਦਾ ਪਰਗਾਸ = ਪ੍ਰਕਾਸ਼, ਚਾਨਣਾ ਹੋਵਤ = ਹੋ ਜਾਂਦਾ ਹੈ।

## ਕਈ ਕੋਟਿ; ਤਤ ਕੇ ਬੇਤੇ ॥ ਸਦਾ ਨਿਹਾਰਹਿ; ਏਕੋ ਨੇਤ੍ਰੇ ॥

ਕਈ ਕਰੋੜਾਂ ਤਤ = ਸਿਧਾਂਤ ਕੇ = ਦੇ ਬੇਤੇ = ਜਾਣਨ ਵਾਲੇ ਹੋਏ ਹਨ। ਉਹ ਨੇਤ੍ਰੇ = ਅੱਖਾਂ ਨਾਲ ਸਦਾ = ਹਮੇਸ਼ਾਂ ਏਕੋ = ਇਕ ਪਰਮੇਸ਼ਰ ਨੂੰ ਹੀ ਸਭ ਥਾਂ ਵਿਆਪਕ ਨਿਹਾਰਹਿ = ਵੇਖਦੇ ਹਨ **ਅਥਵਾ** ਮਨ ਬੁੱਧ ਰੂਪ ਨੇਤ੍ਰੇ = ਅੱਖਾਂ ਨਾਲ ਇਕ ਬ੍ਰਹਮ ਚੇਤਨ ਪਰਮਾਤਮਾ ਨੂੰ ਹੀ ਨਿਹਾਰਹਿ = ਵੇਖਦੇ ਹਨ।

## ਕਈ ਕੋਟਿ; ਨਾਮ ਰਸੁ ਪੀਵਹਿ ॥ ਅਮਰ ਭਏ; ਸਦ ਸਦ ਹੀ ਜੀਵਹਿ ॥

ਕਈ ਕੋਟਿ = ਕਰੋੜਾਂ ਪਰਮਾਤਮਾ ਦੇ ਨਾਮ ਰਸ ਨੂੰ ਪੀਵਹਿ = ਪੀਂਦੇ ਹਨ, ਭਾਵ ਨਾਮ ਰੂਪੀ ਰਸ ਨੂੰ ਪੀ ਪੀ ਕੇ ਅਨੰਦ ਮਾਣਦੇ ਹਨ। ਉਹ ਅਮਰ = ਮਰਨ ਤੋਂ ਰਹਿਤ ਭਏ = ਹੋ ਕੇ ਸਦਾ ਸਦਾ ਹੀ ਆਤਮਿਕ ਜੀਵਨ ਕਰਕੇ ਜੀਵਹਿ = ਜਿਉਂਦੇ ਹਨ **ਅਥਵਾ** ਸਦਾ ਵਾਸਤੇ ਜੀਵਨ ਦੇ ਚੇਤਨ ਸਰੂਪ ਨੂੰ ਪਾ ਕੇ ਜੀਵਤ ਹੋ ਜਾਂਦੇ ਹਨ।

## ਕਈ ਕੋਟਿ; ਨਾਮ ਗੁਨ ਗਾਵਹਿ ॥ ਆਤਮ ਰਸਿ; ਸੁਖਿ ਸਹਜਿ ਸਮਾਵਹਿ ॥

ਕਈ ਕਰੋੜਾਂ ਹਰੀ ਵਾਹਿਗੁਰੂ ਦੇ ਨਾਮ ਰੂਪੀ ਗੁਣਾਂ ਨੂੰ ਕੀਰਤਨ ਰੂਪ ਵਿਚ ਗਾਵਹਿ = ਗਾਉਂਦੇ ਹਨ। ਉਹ ਉਸ ਬ੍ਰਹਮ ਆਤਮਾ ਦੇ ਸੁਖ ਰਸ ਵਿਚ ਸਹਜਿ = ਸੁਤੇ-ਸਿਧ ਹੀ ਸਮਾਵਹਿ = ਸਮਾ, ਅਭੇਦ ਹੋ ਜਾਂਦੇ ਹਨ।

## ਅਪੁਨੇ ਜਨ ਕਉ; ਸਾਸਿ ਸਾਸਿ ਸਮਾਰੇ ॥
## ਨਾਨਕ; ਓਇ ਪਰਮੇਸੁਰ ਕੇ ਪਿਆਰੇ ॥੮॥੧੦॥

ਪਰਮੇਸ਼ਰ ਆਪਣੇ ਗੁਰਮੁਖ ਜਨਾਂ ਕਉ = ਨੂੰ ਸਾਸਿ ਸਾਸਿ = ਸ੍ਵਾਸ ਸ੍ਵਾਸ ਸਮਾਰੇ = ਸੰਭਾਲਦਾ ਹੈ **ਵਾ:** ਜਿਨ੍ਹਾਂ ਕਉ = ਨੂੰ ਪਰਮੇਸ਼ਰ ਨੇ ਆਪਣੇ ਜਨ = ਦਾਸ ਬਣਾਇਆ ਹੈ, ਉਨ੍ਹਾਂ ਦੀ ਸ੍ਵਾਸ ਸ੍ਵਾਸ ਸਮਾਰੇ = ਸੰਭਾਲਣਾ ਕਰਦਾ

ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਓਇ = ਓਹੋ ਭਗਤ ਜਨ ਹੀ ਪਰਮੇਸ਼ਰ ਕੇ = ਦੇ ਅਸਲ ਪਿਆਰੇ ਹਨ, ਭਾਵ ਉਂਜ ਪਰਮਾਤਮਾ ਨੂੰ ਸਾਰੇ ਹੀ ਪਿਆਰੇ ਹਨ, ਜਿਵੇਂ ਮਾਂ ਬੱਚੇ ਦੀ ਪਾਲਨਾ ਬੜੇ ਪਿਆਰ ਨਾਲ ਕਰਦੀ ਹੈ, ਇਉਂ ਪਰਮੇਸ਼ਰ ਪਿਆਰਿਆਂ ਦੀ ਹਰ ਵੇਲੇ ਰੱਖਿਆ ਕਰਦੇ ਹਨ ॥੮॥੧੦॥

(ਦਸਵੀਂ ਅਸਟਪਦੀ ਵਿਚ ਪੂਰੇ ਅੱਖਰ ੯੯੫, ਪੈਰਾ ਵਾਲੇ ਰਾਰੇ ੨੭, ਅੱਧੇ ਅੱਖਰ ੨ ਤੇ ਕੁੱਲ ਅੱਖਰ ੧੦੨੪ ਹਨ)

## ਸਲੋਕੁ ॥ ਕਰਣ ਕਾਰਣ ਪ੍ਰਭੁ ਏਕੁ ਹੈ; ਦੂਸਰ ਨਾਹੀ ਕੋਇ ॥

ਸਾਰੇ ਕਾਰਜਾਂ ਦੇ ਕਰਨ ਵਾਲਾ ਏਕੁ = ਇਕ ਪ੍ਰਭੁ = ਹਰੀ ਵਾਹਿਗੁਰੂ ਆਪ ਹੀ ਹੈ, ਦੂਸਰ = ਦੂਜਾ ਹੋਰ ਕੋਇ = ਕੋਈ ਨਾਹੀ = ਨਹੀਂ ਹੈ **ਵਾ:** ਸਾਰੇ ਪ੍ਰਪੰਚ ਦੇ ਮਹੀਤੱਤ ਆਦਿ ਕਾਰਨਾਂ ਨੂੰ ਕਰਨ ਵਾਲਾ ਇਕ ਹਰੀ ਵਾਹਿਗੁਰੂ ਆਪ ਹੀ ਹੈ, ਹੋਰ ਦੂਸਰਾ ਕੋਈ ਨਹੀਂ ਹੈ।

## ਨਾਨਕ, ਤਿਸੁ ਬਲਿਹਾਰਣੈ; ਜਲਿ ਥਲਿ ਮਹੀਅਲਿ ਸੋਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਸੁ = ਉਸ ਵਾਹਿਗੁਰੂ ਤੋਂ ਬਲਿਹਾਰਣੈ = ਬਲਿਹਾਰ ਕੁਰਬਾਨ ਜਾਈਏ, ਕਿਉਂਕਿ ਸੋਇ = ਉਹੋ ਹੀ ਜਲਿ = ਤਰਲ ਥਾਵਾਂ ਤੇ ਥਲਿ = ਖੁਸ਼ਕ ਥਾਵਾਂ ਮਹੀਅਲਿ = ਵਿਚ ਵਿਆਪਕ ਹੈ **ਵਾ:** (ਮਹੀ+ਅਲਿ) ਮਹੀ = ਪ੍ਰਿਥਵੀ ਤੇ ਅਲਿ = ਅਕਾਸ਼ ਵਿਚ ਪਰੀ ਪੂਰਨ ਹੈ **ਅਥਵਾ** ਜਲ ਦੀ ਨਿਆਈਂ ਪ੍ਰੇਮੀਆਂ ਵਿਚ ਦ੍ਰਵੀ ਭੂਤ ਤੇ ਥਲਾਂ ਦੀ ਨਿਆਈਂ ਇਸਥਿਤ ਰਹਿਣ ਵਾਲੇ ਮਹੀ = ਪ੍ਰਿਥਵੀ ਦੀ ਨਿਆਈਂ ਨਿਰਮਲ ਬੁੱਧ ਵਾਲੇ, ਅਲਿ = ਅਕਾਸ਼ ਦੀ ਨਿਆਈਂ ਖੋਭ ਤੋਂ ਰਹਿਤ ਆਦਿ ਸਭ ਵਿਚ ਪਰਮੇਸ਼ਰ ਹੀ ਵਿਆਪਕ ਹੈ ॥੧॥

## ਅਸਟਪਦੀ ॥

## ਕਰਨ ਕਰਾਵਨ; ਕਰਨੈ ਜੋਗੁ ॥ ਜੋ ਤਿਸੁ ਭਾਵੈ; ਸੋਈ ਹੋਗੁ ॥

ਆਦਿ ਵਿਚ ਪ੍ਰਪੰਚ ਦੀ ਰਚਨਾ ਕਰਨ ਤੇ ਬ੍ਰਹਮਾ ਆਦਿਕਾਂ ਤੋਂ ਕਰਾਵਨ = ਕਰਾਉਣ ਵਾਲਾ ਉਹ ਪਰਮੇਸ਼ਰ ਆਪ ਹੀ ਸੀ, ਹੁਣ ਵੀ ਸਭ ਕੁਝ ਕਰਨੇ ਨੂੰ ਉਹ ਆਪ ਹੀ ਜੋਗੁ = ਲਾਇਕ, ਸਮਰਥ ਹੈ। ਜਿਵੇਂ ਘੜੇ ਨੂੰ ਬਣਾਉਣ ਦੇ ਦੋ ਉਪਾਦਾਨ ਤੇ ਨਮਿੱਤ ਕਾਰਨ ਹੁੰਦੇ ਹਨ, ਉਪਾਦਾਨ ਕਾਰਨ ਮਿੱਟੀ ਹੁੰਦੀ ਹੈ ਤੇ ਨਮਿੱਤ ਕਾਰਨ ਘੁਮਿਆਰ, ਚੱਕ, ਡੰਡਾ ਹੁੰਦੇ ਹਨ। ਇਸੇ ਪ੍ਰਕਾਰ ਉਸ ਪਰਮੇਸ਼ਰ ਨੇ ਰਜੋ ਗੁਣ, ਤਮੋ ਤੇ ਸਤੋਗੁਣ ਤੋਂ ਸੰਸਾਰ ਨੂੰ ਪੈਦਾ ਕੀਤਾ ਹੈ। ਭਾਵ, ਰਜੋਗੁਣ = ਬ੍ਰਹਮਾ, ਤਮੋਗੁਣ = ਸ਼ਿਵਜੀ ਤੇ ਸਤੋਗੁਣ = ਵਿਸ਼ਨੂੰ ਆਦਿ ਨੂੰ ਪੈਦਾ ਕਰਨ ਵਾਲਾ ਵੀ ਉਹ ਆਪ ਹੀ ਹੈ। ਬ੍ਰਹਮਾ ਆਦਿਕ ਦੇਵਤਿਆਂ ਨੂੰ ਪ੍ਰੇਰ ਕੇ ਜਗਤ ਨੂੰ ਉਤਪਤ ਕਰਨਾ ਤੇ ਫੇਰ ਪਾਲਣਾ ਕਰਨੀ ਅਤੇ ਫੇਰ ਲੈਅਤਾ ਕਰਨਾ, ਇਨ੍ਹਾਂ ਸਾਰੇ ਕਾਰਨਾਂ ਨੂੰ ਆਪ ਹੀ ਕਰਾਉਣੇ ਦੇ ਜੋਗ ਹੈ **ਵਾ:** ਜਿੰਨੇ ਵੀ ਕਾਰਨ ਹਿਰਨ ਗਰਭ, ਅੱਭਿਆਕ੍ਰਿਤ ਤੇਜਸ੍ਹ ਵਿਸ਼ਵ ਆਦਿ ਜੀਵ ਜੋ ਮੰਨੇ ਹਨ, ਇਨ੍ਹਾਂ ਤੋਂ ਕਰਨ ਕਰਾਉਣ ਵਾਲਾ ਆਪ ਹੀ ਜੋਗ ਪਰਮੇਸ਼ਰ ਹੈ। ਜੋ ਤਿਸੁ = ਉਸ ਪਰਮੇਸ਼ਰ ਨੂੰ ਭਾਵੈ = ਭਾਉਂਦਾ ਹੈ, ਸੋਈ = ਉਹੋ ਹੀ ਤਿੰਨਾਂ ਕਾਲਾਂ ਵਿਚ ਹੋਗੁ = ਹੁੰਦਾ ਹੈ।

## ਖਿਨ ਮਹਿ; ਥਾਪਿ ਉਥਾਪਨਹਾਰਾ ॥ ਅੰਤੁ ਨਹੀ ਕਿਛੁ; ਪਾਰਾਵਾਰਾ ॥

ਇਕ ਖਿਨ ਮਹਿ ਵਿਚ ਪਰਮੇਸ਼ਰ ਜਗਤ ਨੂੰ ਪੈਦਾ ਕਰਦਾ ਹੈ, ਫੇਰ ਥਾਪਿ = ਇਸਥਿਤ ਕਰ ਕੇ ਪਾਲਣਾ ਕਰ ਕੇ, ਪੈਦਾ ਹੋਇਆਂ ਨੂੰ ਉਥਾਪਨਹਾਰਾ = ਪੁੱਟਣ ਵਾਲਾ ਵੀ ਆਪ ਹੀ ਹੈ। ਜੈਸਾ ਕਿ :

**ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ ॥** *(ਅੰਗ ੭੦੬)*

ਖਿਨ = ਇਕ ਖਿਨ, ਘਟ ਸ਼ਬਦ ਕਹਿਆਂ ਦੋ ਖਿਨ ਗੁਜ਼ਰ ਜਾਂਦੇ ਹਨ, ਨਿਆਇਕਾ ਦੀ ਮੱਤ ਅਨੁਸਾਰ ਪਿੱਪਲ ਦੇ ਪੱਤੇ ਤਾਈਂ ਸੂਈ ਲੈ ਕੇ ਪੱਤੇ ਖਭੋ ਦੇਈਏ ਤਾਂ ਇਤਨੇ ਵਿਚ ਚਾਰ ਖਿਨ ਗੁਜ਼ਰ ਜਾਂਦੇ ਹਨ।

ਉਸ ਪਰਮਾਤਮਾ ਦੇ ਪਾਰਾਵਾਰ = ਪਾਰ ਉਰ ਵਾਰ ਦਾ ਕਿਛੁ = ਕੁਝ ਵੀ ਅੰਤ ਨਹੀਂ ਪਾਇਆ ਜਾ ਸਕਦਾ, ਜਿਵੇਂ ਸਮੁੰਦਰ ਦੇ ਜਲ ਦਾ ਅੰਤ ਨਹੀਂ ਪਾਇਆ ਜਾ ਸਕਦਾ। ਇਸੇ ਪ੍ਰਕਾਰ ਉਸੇ ਮਾਲਕ ਦਾ ਅੰਤ ਨਹੀਂ ਪਾਇਆ ਜਾ ਸਕਦਾ।

[ਅੰਗ ੨੭੭]

## ਹੁਕਮੇ ਧਾਰਿ; ਅਧਰ ਰਹਾਵੈ ॥ ਹੁਕਮੇ ਉਪਜੈ; ਹੁਕਮਿ ਸਮਾਵੈ ॥

(**ਅ-ਧਰ** ਬੋਲੋ)

ਉਹ ਪਰਮੇਸ਼ਰ ਆਪਣੀ ਹੁਕਮੇ = ਆਗਿਆ ਵਿਚ ਸ੍ਰਿਸ਼ਟੀ ਨੂੰ ਧਾਰਿ = ਪੈਦਾ ਕਰ ਕੇ ਆਪ ਅਧਰ = ਨਿਰਾਧਾਰ ਆਸਰੇ ਤੋਂ ਬ਼ਗੈਰ ਰਹਾਵੈ = ਰਹਿਣਾ ਕਰਦਾ ਹੈ। ਭਾਵ ਅਕਾਸ਼ ਆਦਿਕਾਂ ਨੂੰ ਆਪਣੇ ਹੁਕਮ ਵਿਚ ਰਹਾਵੈ = ਰੱਖਦਾ ਹੈ ਹੁਕਮ ਦੇ ਆਸਰੇ ਅਕਾਸ਼ ਆਦਿਕ ਸਾਰੇ ਤੱਤ ਰਹਿਣਾ ਕਰਦੇ ਹਨ। ਹੁਕਮੇ = ਆਗਿਆ ਦੁਆਰਾ ਹੀ ਸਾਰੇ ਤੱਤ ਉਪਜੈ = ਪੈਦਾ ਹੁੰਦੇ ਹਨ ਅਤੇ ਹੁਕਮਿ = ਆਗਿਆ ਕਰ ਕੇ ਸਮਾਵੈ = ਸਮਾ ਜਾਂਦੇ ਹਨ **ਵਾ:** ਹੁਕਮ ਦੇ ਵਿਚ ਹੀ ਸਾਰੀ ਸੂਖਮ ਸ੍ਰਿਸ਼ਟੀ ਪੈਦਾ ਹੋਈ ਤੇ ਹੁਕਮ ਵਿਚ ਹੀ ਅੰਤ ਨੂੰ ਸਮਾ ਜਾਂਦੀ ਹੈ **ਵਾ:** ਜਿਸ ਨੂੰ ਹੁਕਮ ਦੁਆਰਾ ਅੰਦਰ ਮੋਹ ਪੈਦਾ ਹੁੰਦਾ ਹੈ, ਉਸ ਵਿਚ ਅਗਿਆਨ ਸਮਾ ਜਾਂਦਾ ਹੈ।

## ਹੁਕਮੇ; ਊਚ ਨੀਚ ਬਿਉਹਾਰ ॥ ਹੁਕਮੇ; ਅਨਿਕ ਰੰਗ ਪਰਕਾਰ ॥

ਹੁਕਮੇ = ਆਗਿਆ ਵਿਚ ਹੀ ਊਚ = ਸ੍ਰੇਸ਼ਟ ਤੇ ਨੀਚ = ਨੀਵੇਂ ਦਾ ਬਿਉਹਾਰ = ਵਿਵਹਾਰ ਹੁੰਦਾ ਹੈ। ਹੁਕਮ ਵਿਚ ਹੀ ਅਨਿਕ = ਅਨੇਕਾਂ ਪਰਕਾਰ = ਤਰ੍ਹਾਂ ਦੇ ਰੰਗ = ਅਨੰਦ ਹਨ। ਜਿਵੇਂ ਰਜੋਗੁਣੀ ਲਾਲ ਹਨ, ਤਮੋਗੁਣੀ ਕਾਲੇ, ਸਤੋਗੁਣੀ ਚਿੱਟੇ, ਭਾਵ ਕੋਈ ਰਾਜਸੀ, ਤਾਮਸੀ, ਸਾਤਕੀ ਆਦਿ ਸਭ ਹੁਕਮ ਵਿਚ ਹੀ ਹਨ, ਭਾਵ ਸਾਰੇ ਪਰਮੇਸ਼ਰ ਦੀ ਆਗਿਆ ਵਿਚ ਹਨ ਕੋਈ ਸੁਤੰਤਰ ਨਹੀਂ।

## ਕਰਿ ਕਰਿ ਦੇਖੈ; ਅਪਨੀ ਵਡਿਆਈ ॥ ਨਾਨਕ; ਸਭ ਮਹਿ ਰਹਿਆ ਸਮਾਈ ॥੧॥

ਹਰੀ ਵਾਹਿਗੁਰੂ ਅਪਨੀ ਵਡਿਆਈ = ਇੱਛਾ ਅਨੁਸਾਰ ਸ੍ਰਿਸ਼ਟੀ ਨੂੰ ਪੈਦਾ ਕਰਿ = ਕਰ ਕੇ ਆਪ ਹੀ ਦੇਖੈ = ਦੇਖਣਾ ਕਰਿ = ਕਰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ, ਹਰੀ ਵਾਹਿਗੁਰੂ ਸਭ = ਸਾਰਿਆਂ ਮਹਿ = ਵਿਚ ਸਮਾਈ = ਸਮਾ ਰਹਿਆ = ਰਿਹਾ ਹੈ ॥੧॥

## ਪ੍ਰਭ ਭਾਵੈ; ਮਾਨੁਖ ਗਤਿ ਪਾਵੈ ॥ ਪ੍ਰਭ ਭਾਵੈ; ਤਾ ਪਾਥਰ ਤਰਾਵੈ ॥

ਪ੍ਰਭ = ਹਰੀ ਵਾਹਿਗੁਰੂ ਨੂੰ ਭਾਵੈ = ਭਾਵੇ ਤਾਂ ਮਨੁੱਖ = ਜੀਵ ਗਤਿ = ਮੁਕਤੀ ਨੂੰ ਪਾਵੈ = ਪਾ ਸਕਦਾ ਹੈ। ਜੇ ਪ੍ਰਭ = ਹਰੀ ਵਾਹਿਗੁਰੂ ਨੂੰ ਭਾਵੈ = ਭਾਵੇ ਤਾਂ ਪਾਥਰ = ਪੱਥਰਾਂ ਨੂੰ ਤਰਾਵੈ = ਤਾਰ ਦਿੰਦਾ ਹੈ **ਵਾ:** ਏਸੇ ਪ੍ਰਕਾਰ ਪੱਥਰ ਦੀ ਨਿਆਈਂ ਕਠੋਰ ਚਿੱਤ ਵਾਲਿਆਂ ਨੂੰ ਸੰਸਾਰ ਸਮੁੰਦਰ ਵੀ ਤਾਰ ਦਿੰਦਾ ਹੈ।

## ਪ੍ਰਭ ਭਾਵੈ; ਬਿਨੁ ਸਾਸ ਤੇ ਰਾਖੈ ॥

ਉਸ ਪ੍ਰਭ = ਹਰੀ ਵਾਹਿਗੁਰੂ ਨੂੰ ਭਾਵੈ = ਭਾਅ ਜਾਵੇ ਤਾਂ ਸਾਸ = ਸੁਆਸਾਂ ਤੇ = ਤੋਂ ਬਿਨੁ = ਬ਼ਗੈਰ ਰਾਖੈ = ਰੱਖ ਸਕਦਾ ਹੈ।

**ਸਾਖੀ—ਸਰਾਂਕ ਰਾਜੇ ਦੀ** : ਇਕ ਸਰਾਂਕ ਨਾਮ ਰਾਜਾ ਸੀ, ਜਦੋਂ ਕੈਰੋਂ ਪਾਂਡਵਾਂ ਦਾ ਯੁੱਧ ਹੋਣ ਲੱਗਾ ਤਾਂ ਕ੍ਰਿਸ਼ਨ ਭਗਵਾਨ ਜੀ ਨੇ ਪੁੱਛਿਆ ਕਿ ਤੂੰ ਕਿਸ ਦੇ ਵੱਲ ਹੋਵੇਂਗਾ ਤਾਂ ਸਰਾਂਕ ਰਾਜਾ ਕਹਿਣ ਲੱਗਾ ਕਿ ਜਿਹੜਾ ਜਿੱਤਣ ਲੱਗੇਗਾ, ਮੈਂ ਉਸ ਨੂੰ ਹਰਾ ਕੇ ਆਪ ਰਾਜ ਕਰਾਂਗਾ। ਕ੍ਰਿਸ਼ਨ ਜੀ ਨੇ ਸੋਚਿਆ ਕਿ ਜੇ ਇਸ ਨੇ ਦੁਰਯੋਧਨ ਦੀ ਮਦਦ ਕੀਤੀ ਤਾਂ ਅਧਰਮ ਦਾ ਰਾਜ ਹੋਵੇਗਾ ਤਾਂ ਕ੍ਰਿਸ਼ਨ ਜੀ ਨੇ ਕਿਹਾ ਕਿ ਰਾਜਨ ਜਿਹੜੇ ਸੂਰਮੇ ਹੁੰਦੇ ਹਨ, ਉਹ ਦਾਨੀ ਵੀ ਹੁੰਦੇ ਹਨ, ਤਾਂ ਰਾਜਾ ਕਹਿਣ ਲੱਗਾ ਕਿ ਮੈਂ ਵੀ ਦਾਨ ਵਿਚ ਸਿਰ ਤਕ ਦੇ ਸਕਦਾ ਹਾਂ ਤਾਂ ਕ੍ਰਿਸ਼ਨ ਜੀ ਕਹਿਣ ਲੱਗੇ ਕਿ ਚੰਗਾ ਸਾਨੂੰ ਆਪਣੇ ਸਿਰ ਦਾ ਦਾਨ ਦੇਣਾ ਕਰ। ਕਹਿਣ ਲੱਗਾ ਕਿ ਮੈਂ ਤਾਂ ਜੰਗ ਵੇਖਣਾ ਹੈ ਤਾਂ ਕ੍ਰਿਸ਼ਨ ਜੀ ਕਹਿਣ ਲੱਗੇ ਕਿ ਤੇਰਾ ਕੱਟਿਆ ਹੋਇਆ ਸਿਰ ਸਾਰੇ ਯੁੱਧ ਨੂੰ ਵੇਖੇਗਾ। ਉਸ ਨੇ ਆਪਣਾ ਸਿਰ ਦਾਨ ਕਰ ਦਿੱਤਾ ਅਤੇ ਕ੍ਰਿਸ਼ਨ ਜੀ ਨੇ ਸਿਰ ਕੱਟ ਕੇ ਜਿਥੇ ਯੁੱਧ ਹੁੰਦਾ ਸੀ, ਉਥੇ ਉੱਚੇ ਬਾਂਸ 'ਤੇ ਟੰਗ ਦਿੱਤਾ। ਇਸ ਪ੍ਰਕਾਰ ਬਿਨਾਂ ਸਾਹਾਂ ਤੋਂ ਜੰਗ ਵੇਖ ਕੇ ਜੈ ਜੈਕਾਰ ਬੋਲੀ ਸੀ, ਇਸੇ ਪ੍ਰਕਾਰ ਸਰਾਂਕ ਰਾਜੇ ਨੂੰ ਬਿਨਾਂ ਸੁਆਸਾਂ ਤੋਂ ਰੱਖ ਲੈਣਾ ਕੀਤਾ।

## ਪ੍ਰਭ ਭਾਵੈ; ਤਾ ਹਰਿ ਗੁਣ ਭਾਖੈ ॥

ਜੇ ਪ੍ਰਭ = ਹਰੀ ਵਹਿਗੁਰੂ ਨੂੰ ਜੀਵ ਦੀ ਕਰਨੀ ਭਾਵੈ = ਚੰਗੀ ਲੱਗ ਜਾਵੇ ਤਾਂ ਉਹ ਜੀਵ ਹਰਿ = ਹਰੀ ਵਾਹਿਗੁਰੂ ਦੇ ਗੁਣਾਂ ਨੂੰ ਭਾਖੈ = ਉਚਾਰਨ ਕਰਦਾ ਹੈ, ਭਾਵ ਸਿਮਰਨ ਕਰਨਾ ਕਰਦਾ ਹੈ।

## ਪ੍ਰਭ ਭਾਵੈ; ਤਾ ਪਤਿਤ ਉਧਾਰੈ ॥ ਆਪਿ ਕਰੈ; ਆਪਨ ਬੀਚਾਰੈ ॥

ਜੇ ਉਸ ਪ੍ਰਭ = ਹਰੀ ਵਾਹਿਗੁਰੂ ਨੂੰ ਭਾਵੈ = ਭਾਅ ਜਾਵੇ ਤਾਂ ਪਤਿਤ = ਪਾਪੀਆਂ ਨੂੰ ਵੀ ਉਧਾਰੈ = ਉਧਾਰ ਭਾਵ ਤਾਰ ਦਿੰਦਾ ਹੈ। ਆਪ ਹੀ ਹਰੀ ਵਾਹਿਗੁਰੂ ਜੀਵਾਂ ਨੂੰ ਪੈਦਾ ਕਰੈ = ਕਰਨ ਵਾਲਾ ਤੇ ਆਪ ਹੀ ਆਪਨ ਬੀਚਾਰੈ = ਵੀਚਾਰ ਅਨੁਸਾਰ ਉਨ੍ਹਾਂ ਤੋਂ ਕੰਮਾਂ ਦੇ ਕਰਾਉਣ ਵਾਲਾ ਹੈ **ਵਾ:** ਆਪਣੇ ਬੀਚਾਰ ਨੂੰ ਆਪ ਹੀ ਕਰਦਾ ਹੈ।

## ਦੁਹਾ ਸਿਰਿਆ ਕਾ; ਆਪਿ ਸੁਆਮੀ ॥ ਖੇਲੈ ਬਿਗਸੈ; ਅੰਤਰਜਾਮੀ ॥

ਦੁਹਾ ਸਿਰਿਆ = ਦੋਨਾਂ ਲੋਕਾਂ ਕਾ = ਦਾ ਪਾਪੀਆਂ ਪੁੰਨੀਆਂ ਦਾ, ਆਸਤਕ ਤੇ ਨਾਸਤਕਾਂ ਦਾ, ਗਿਆਨਵਾਨਾਂ ਤੇ ਅਗਿਆਨੀਆਂ ਦਾ ਆਪ ਹੀ ਸੁਆਮੀ = ਮਾਲਕ ਹੈ। ਅੰਤਰਜਾਮੀ ਆਪ ਹੀ ਸੰਸਾਰ ਦੀ ਖੇਲੈ = ਖੇਡ ਨੂੰ ਵੇਖ ਕੇ ਬਿਗਸੈ = ਪ੍ਰਸੰਨ ਹੁੰਦਾ ਹੈ **ਵਾ:** ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਪ੍ਰੇਰਕ ਪਰਮੇਸ਼ਰ ਭਗਤਾਂ ਨਾਲ ਪ੍ਰੇਮ ਦੀ ਖੇਲੈ = ਖੇਡ ਖੇਡਦਾ ਹੈ ਤੇ ਫਿਰ ਬਿਗਸੈ = ਅਨੰਦਿਤ ਹੁੰਦਾ ਹੈ ਕਿ ਮੇਰੇ ਸਰੂਪ ਨੂੰ ਤਤਬੇਤਿਆਂ ਨੇ ਜਾਣਿਆ ਹੈ।

## ਜੋ ਭਾਵੈ; ਸੋ ਕਾਰ ਕਰਾਵੈ ॥ ਨਾਨਕ; ਦ੍ਰਿਸਟੀ ਅਵਰੁ ਨ ਆਵੈ ॥੨॥

ਜੋ ਪਰਮੇਸ਼ਰ ਨੂੰ ਭਾਵੈ = ਭਾਉਂਦਾ ਹੈ, ਸੋ = ਉਹੀ ਕਾਰ = ਕੰਮ ਕਰਾਵੈ = ਕਰਾਉਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਡੀ ਦ੍ਰਿਸਟੀ = ਨਜ਼ਰ ਵਿਚ ਇਕ ਪਰਮੇਸ਼ਰ ਹੀ ਹੈ, ਅਵਰੁ = ਹੋਰ ਦੂਸਰਾ ਕੋਈ ਵੀ ਨਹੀਂ ਆਵੈ = ਆਉਂਦਾ ॥੨॥

## ਕਹੁ ਮਾਨੁਖ ਤੇ; ਕਿਆ ਹੋਇ ਆਵੈ ॥ ਜੋ ਤਿਸੁ ਭਾਵੈ; ਸੋਈ ਕਰਾਵੈ ॥

ਕਹੁ = ਆਖਣਾ ਕਰੋ ਕਿ ਵਾਹਿਗੁਰੂ ਤੋਂ ਬਿਨਾਂ ਮਾਨੁਖ = ਜੀਵ ਤੇ = ਤੋਂ ਕੀ ਹੋਏ ਆਵੈ = ਆਉਂਦਾ ਹੈ, ਭਾਵ ਕੁਝ ਨਹੀਂ ਹੋ ਸਕਦਾ। ਜੋ = ਜਿਹੜਾ ਤਿਸੁ = ਉਸ ਵਾਹਿਗੁਰੂ ਨੂੰ ਭਾਵੈ = ਚੰਗਾ ਲਗਦਾ ਹੈ, ਸੋਈ = ਓਹੀ ਕਰਾਵੈ = ਕਰਾਉਂਦਾ ਹੈ।

## ਇਸ ਕੈ ਹਾਥਿ ਹੋਇ; ਤਾ ਸਭੁ ਕਿਛੁ ਲੇਇ ॥ ਜੋ ਤਿਸੁ ਭਾਵੈ; ਸੋਈ ਕਰੇਇ ॥

ਅਗਰ ਇਸ ਜੀਵ ਦੇ ਹਾਥਿ = ਹੱਥ ਹੋਇ = ਹੋਵੇ ਤਾਂ ਸਭ ਕਿਛੁ = ਕੁਝ ਪ੍ਰਾਪਤ ਕਰ ਲੇਇ = ਲਵੇ। ਪਰ ਜੋ = ਜਿਹੜਾ ਤਿਸੁ = ਉਸ ਸਰਬ ਕਲਾ ਸਮਰੱਥ ਵਾਹਿਗੁਰੂ ਨੂੰ ਭਾਵੈ = ਭਾਉਂਦਾ ਹੈ, ਸੋਈ = ਉਹੀ ਕਰੇਇ = ਕਰਦਾ ਹੈ।

ਜੇ ਕਹੀਏ ਕਿ ਇਹ ਜੀਵ ਵਿਸ਼ਿਆਂ ਵਿਚ ਕਿਉਂ ਰਚਿਆ ਰਹਿੰਦਾ ਹੈ ਤਾਂ ਸਤਿਗੁਰੂ ਜੀ ਕਥਨ ਕਰਦੇ ਹਨ।

## ਅਨਜਾਨਤ; ਬਿਖਿਆ ਮਹਿ ਰਚੈ ॥ ਜੇ ਜਾਨਤ; ਆਪਨ ਆਪ ਬਚੈ ॥

ਇਹ ਅਨਜਾਨਤ = ਅਣਜਾਣਪੁਣੇ ਕਰਕੇ ਜੀਵ ਬਿਖਿਆ = ਵਿਸ਼ਿਆਂ ਮਹਿ = ਵਿਚ ਰਚੈ = ਰਚਿਆ ਰਹਿੰਦਾ ਹੈ। ਜੇ ਇਹ ਜੀਵ ਜਾਨਤ = ਜਾਣਦਾ ਹੋਵੇ ਤਾਂ ਆਪਣੇ ਆਪ ਵਿਸ਼ਿਆਂ ਤੋਂ ਬਚੈ = ਬਚਿਆ ਰਹੇ **ਵਾ:** ਅਗਿਆਤਪੁਣੇ ਕਾਰਨ ਵਿਸ਼ਿਆਂ ਵਿਚ ਰਚਿਆ ਰਹਿੰਦਾ ਹੈ **ਵਾ:** ਜੇ ਕੁਝ ਜਾਨਤ = ਸਮਝਦਾ ਹੋਵੇ ਕਿ ਇਸ ਦਾ ਫਲ ਦੁਖ ਹੈ ਤਾਂ ਆਪਣੇ ਆਪ ਬਚਿਆ ਰਹੇ।

## ਭਰਮੇ ਭੂਲਾ; ਦਹ ਦਿਸਿ ਧਾਵੈ ॥ ਨਿਮਖ ਮਾਹਿ; ਚਾਰਿ ਕੁੰਟ ਫਿਰਿ ਆਵੈ ॥

ਭਰਮ ਵਿਚ ਭੂਲਾ = ਭੁੱਲਿਆ ਹੋਇਆ ਦਹ ਦਿਸਿ = ਦਸਾਂ ਦਿਸ਼ਾਵਾਂ ਵਿਚ ਧਾਵੈ = ਦੌੜਦਾ ਫਿਰਦਾ ਰਹਿੰਦਾ ਹੈ **ਅਥਵਾ** ਦਸਾਂ ਇੰਦਰੀਆਂ ਤੇ ਵਿਸ਼ਿਆਂ ਦੇ ਪਦਾਰਥਾਂ ਪਿੱਛੇ ਧਾਵੈ = ਦੌੜਦਾ ਰਹਿੰਦਾ ਹੈ। ਮਨ ਨਿਮਖ = ਇਕ ਛਿਨ ਵਿਚ ਚਾਰੇ ਕੁੰਟ = ਦਿਸ਼ਾਵਾਂ ਮਾਹਿ = ਵਿਚ ਫਿਰ ਆਵੈ = ਆਉਂਦਾ ਹੈ।

## ਕਰਿ ਕਿਰਪਾ; ਜਿਸੁ ਅਪਨੀ ਭਗਤਿ ਦੇਇ ॥
## ਨਾਨਕ, ਤੇ ਜਨ; ਨਾਮਿ ਮਿਲੇਇ ॥੩॥

ਪਰਮੇਸ਼ਰ ਕਿਰਪਾ ਦ੍ਰਿਸ਼ਟੀ ਕਰਿ = ਕਰਕੇ ਜਿਸ ਨੂੰ ਸਤਿਸੰਗਤ ਵਿਚ ਮਿਲਾ ਕੇ ਆਪਣੀ ਪ੍ਰੇਮਾ ਭਗਤਿ = ਭਗਤੀ ਦੀ ਬਖ਼ਸ਼ਿਸ਼ ਕਰ ਦੇਇ = ਦਿੰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤੇ = ਉਹ ਜਨ = ਪੁਰਖ ਤਾਂ ਨਾਮੀ ਦੇ ਨਾਮ ਕਰ ਕੇ ਪਰਮੇਸ਼ਰ ਨਾਲ ਮਿਲੇਇ = ਮਿਲੇ ਭਾਵ ਅਭੇਦ ਹੋ ਜਾਂਦੇ ਹਨ ॥੩॥

## ਖਿਨ ਮਹਿ; ਨੀਚ ਕੀਟ ਕਉ ਰਾਜ ॥ ਪਾਰਬ੍ਰਹਮ; ਗਰੀਬ ਨਿਵਾਜ ॥

ਖਿਨ = ਇਕ ਛਿਨ ਮਹਿ = ਵਿਚ ਕੀਟ = ਕੀੜੇ ਵਤ ਨੀਚ = ਨੀਵੇਂ ਮਨੁੱਖ ਕਉ = ਨੂੰ ਰਾਜ ਬਖ਼ਸ਼ ਦਿੰਦਾ ਹੈ **ਵਾ:** ਪਰਮੇਸ਼ਰ ਇਕ ਖਿਨ ਵਿਚ ਨੀਵੇਂ ਤੋਂ ਨੀਵੇਂ ਗ਼ਰੀਬ ਨੂੰ ਵੀ ਕਿਰਪਾ ਕਰਕੇ ਬ੍ਰਹਮ ਗਿਆਨ ਬਖ਼ਸ਼ ਦਿੰਦਾ ਹੈ। ਉਹ ਪਾਰਬ੍ਰਹਮ = ਪਰਮੇਸ਼ਰ ਗਰੀਬ = ਦੀਨਾਂ ਨੂੰ ਨਿਵਾਜ = ਨਿਵਾਜਨ ਵਾਲਾ ਹੈ।

## ਜਾ ਕਾ ਦ੍ਰਿਸਟਿ; ਕਛੂ ਨ ਆਵੈ ॥ ਤਿਸੁ ਤਤਕਾਲ; ਦਹ ਦਿਸ ਪ੍ਰਗਟਾਵੈ ॥

ਜਾ ਕਾ = ਜਿਸ ਦਾ ਪ੍ਰਤਾਪ ਦ੍ਰਿਸਟਿ = ਨਿਗ੍ਹਾ ਵਿਚ ਕਛੂ = ਕੁਝ ਵੀ ਨ ਆਵੈ = ਆਉਂਦਾ ਹੋਵੇ। ਭਾਵ ਦੁਨੀਆਂ ਵਿਚ ਕੋਈ ਵੀ ਨਾ ਜਾਣਦਾ ਹੋਵੇ। ਤਿਸੁ = ਉਸ ਨੂੰ ਤਤਕਾਲ = ਸ਼ੀਘਰ (ਜਲਦੀ) ਦਹ ਦਿਸ = ਦਸਾਂ ਦਿਸ਼ਾਵਾਂ ਵਿਚ ਪ੍ਰਗਟਾਵੈ = ਪ੍ਰਸਿੱਧ ਕਰ ਦਿੰਦਾ ਹੈ।

## ਜਾ ਕਉ; ਅਪੁਨੀ ਕਰੈ ਬਖਸੀਸ ॥ ਤਾ ਕਾ ਲੇਖਾ; ਨ ਗਨੈ ਜਗਦੀਸ ॥

ਜਿਨ੍ਹਾਂ ਕਉ = ਨੂੰ ਪਰਮੇਸ਼ਰ ਆਪਣੀ ਪ੍ਰਾਪਤੀ ਕਰਾਉਣ ਵਾਸਤੇ ਗੁਰਾਂ ਦੁਆਰਾ ਨਾਮ ਦੀ

ਬਖਸੀਸ = ਦਾਤ ਦੇਣਾ ਕਰੈ = ਕਰਦਾ ਹੈ। ਤਾ ਕਾ = ਉਨ੍ਹਾਂ ਦਾ ਫੇਰ ਜਗਦੀਸ = ਪਰਮੇਸ਼ਰ ਲੇਖਾ = ਲੈਣ ਦੇਣ ਨ = ਨਹੀ ਗਨੈ = ਗਿਣਦਾ।

## ਜੀਉ ਪਿੰਡੁ; ਸਭ ਤਿਸ ਕੀ ਰਾਸਿ ॥ ਘਟਿ ਘਟਿ ਪੂਰਨ; ਬ੍ਰਹਮ ਪ੍ਰਗਾਸ ॥

ਇਹ ਜੀਉ = ਜੀਵ ਆਤਮਾ ਤੇ ਪਿੰਡੁ = ਸਰੀਰ ਆਦਿ ਸਭ ਤਿਸ = ਉਸ ਪਰਮੇਸ਼ਰ ਕੀ = ਦੀ ਰਾਸਿ = ਪੂੰਜੀ ਮਿਲੀ ਹੋਈ ਹੈ। ਉਸ ਬ੍ਰਹਮ ਸਰੂਪ ਦਾ ਪ੍ਰਗਾਸ = ਪ੍ਰਕਾਸ਼ ਘਟਿ ਘਟਿ = ਘਟਾਂ ਘਟਾਂ ਵਿਚ ਪੂਰਨ ਰੂਪ ਕਰ ਕੇ ਵਿਆਪਕ ਹੋ ਰਿਹਾ ਹੈ।

## ਅਪਨੀ ਬਣਤ; ਆਪਿ ਬਨਾਈ ॥ ਨਾਨਕ; ਜੀਵੈ ਦੇਖਿ ਬਡਾਈ ॥੪॥

ਅਪਣੀ ਰਚਨਾ ਭਾਵ ਸੰਸਾਰ ਦੀ ਬਣਤ = ਬਨਾਵਟ ਵਾਹਿਗੁਰੂ ਨੇ ਆਪ ਬਨਾਈ = ਬਣਾਉਣਾ ਕੀਤੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਪਰਮੇਸ਼ਰ ਦੀ ਬਡਾਈ = ਮਹਿਮਾ ਦੇਖ ਕੇ ਜੀਵੈ = ਜੀਵੀਦਾ ਹੈ **ਵਾ:** ਜਿਊਂਦੇ ਹਾਂ ॥੪॥

## ਇਸ ਕਾ ਬਲੁ; ਨਾਹੀ ਇਸੁ ਹਾਥ ॥ ਕਰਨ ਕਰਾਵਨ; ਸਰਬ ਕੋ ਨਾਥ ॥

ਇਸ ਅਲਪੱਗ ਜੀਵ ਕਾ = ਦਾ ਪਰਾਲਬਧ ਰੂਪੀ ਬਲ = ਤਾਕਤ ਆਪਣੇ ਹਾਥ = ਹੱਥ ਵਿਚ ਨਹੀਂ ਹੈ। ਸਾਰੇ ਕਾਰਜਾਂ ਨੂੰ ਕਰਨ ਤੇ ਕਰਾਉਣ ਵਾਲਾ ਸਰਬ = ਸਾਰਿਆਂ ਕੋ = ਦਾ ਨਾਥ = ਸੁਆਮੀ ਪ੍ਰਭੂ ਆਪ ਹੀ ਹੈ।

## ਆਗਿਆਕਾਰੀ; ਬਪੁਰਾ ਜੀਉ ॥ ਜੋ ਤਿਸੁ ਭਾਵੈ; ਸੋਈ ਫੁਨਿ ਥੀਉ ॥

ਇਹ ਬਪੁਰਾ = ਵਿਚਾਰਾ ਜੀਉ = ਜੀਵ ਉਸ ਹਰੀ ਵਾਹਿਗੁਰੂ ਦਾ ਆਗਿਆਕਾਰੀ = ਹੁਕਮ ਵਿਚ ਚੱਲਣ ਵਾਲਾ ਹੈ, ਜਿਵੇਂ ਮਾਇਆ ਆਗਿਆਕਾਰੀ ਹੈ। ਜੋ = ਜਿਹੜਾ ਤਿਸੁ = ਉਸ ਵਾਹਿਗੁਰੂ ਨੂੰ ਭਾਵੈ = ਭਾਉਂਦਾ ਹੈ; ਫੁਨਿ = ਫੇਰ ਸੋਈ = ਉਹੋ ਕੁਝ ਥੀਓ = ਹੋ ਰਿਹਾ ਹੈ।

## ਕਬਹੂ; ਊਚ ਨੀਚ ਮਹਿ ਬਸੈ ॥ ਕਬਹੂ; ਸੋਗ ਹਰਖ ਰੰਗਿ ਹਸੈ ॥

ਜੀਵ ਪਰਾਲਬਧ ਦਾ ਪ੍ਰੇਰਿਆ ਕਬਹੂ = ਕਦੇ ਊਚ = ਸ੍ਰੇਸ਼ਟ ਪੁਰਖਾਂ ਦੀ ਸੰਗਤ ਵਿਚ ਬਸੈ = ਵਸਦਾ ਹੈ ਤੇ ਕਦੇ ਨੀਚ = ਨੀਵੇਂ ਭਾਵ ਨੀਚ ਪੁਰਖਾਂ ਦੀ ਸੰਗਤ ਵਿਚ ਬਸੈ = ਵਸਦਾ ਹੈ **ਵਾ:** ਜੀਵ ਕਰਮਾਂ ਅਨੁਸਾਰ ਕਦੇ ਊਚ = ਉੱਚੀਆਂ ਜੂਨਾਂ ਵਿਚ ਕਦੇ ਨੀਚ = ਨੀਵੀਆਂ ਜੂਨਾਂ ਵਿਚ ਬਸੈ = ਵੱਸਦਾ ਹੈ। ਕਬਹੂ = ਕਦੇ ਪਦਾਰਥਾਂ ਦੇ ਵਿਛੜਨੇ ਕਰ ਕੇ ਸੋਗ = ਗ਼ਮ ਦੇ ਸਹਿਤ ਹੋ ਕੇ ਰੋਂਦਾ ਹੈ ਅਤੇ ਕਦੇ ਪਦਾਰਥਾਂ ਦੀ ਹਰਖ = ਖ਼ੁਸ਼ੀ ਵਿਚ ਰੰਗਿ = ਅਨੰਦ ਸਹਿਤ ਹਸੈ = ਹੱਸਦਾ ਹੈ।

## ਕਬਹੂ; ਨਿੰਦ ਚਿੰਦ ਬਿਉਹਾਰ ॥ ਕਬਹੂ; ਊਭ ਅਕਾਸ ਪਇਆਲ ॥

ਕਬਹੂ = ਕਦੇ ਨਿੰਦ = ਨਿੰਦਿਆ, ਚਿੰਦ = ਉਸਤਤੀ ਅਤੇ ਬਿਉਹਾਰ = ਵਪਾਰ ਕਰਨ ਵਿਚ ਲੱਗਿਆ ਰਹਿੰਦਾ ਹੈ। ਕਬਹੂ = ਕਦੇ ਸੰਕਲਪਾਂ ਰਾਹੀਂ ਊਭ = ਉੱਚੇ ਅਕਾਸ਼ ਵਿਚ ਤੇ ਕਦੇ ਪਇਆਲ = ਪਤਾਲ ਵਿਚ ਜਾਂਦਾ ਹੈ।

## ਕਬਹੂ; ਬੇਤਾ ਬ੍ਰਹਮ ਬੀਚਾਰ ॥ ਨਾਨਕ; ਆਪਿ ਮਿਲਾਵਣਹਾਰ ॥੫॥

ਕਬਹੂ = ਕਦੇ ਬ੍ਰਹਮ = ਵਿਆਪਕ ਪਰਮੇਸ਼ਰ ਦੀ ਬੀਚਾਰ ਬੇਤਾ = ਜਾਨਣ ਵਾਲਾ ਬਣ ਜਾਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਦੋਂ ਐਸਾ ਬਣ ਜਾਵੇ ਤਾਂ ਹਰੀ ਵਾਹਿਗੁਰੂ ਮਿਲਾਵਣਹਾਰ = ਮੇਲਣ ਵਾਲਾ ਆਪਣੇ ਨਾਲ ਮੇਲ ਲੈਂਦਾ ਹੈ ॥੫॥

## ਕਬਹੂ; ਨਿਰਤਿ ਕਰੈ ਬਹੁ ਭਾਤਿ ॥ ਕਬਹੂ; ਸੋਇ ਰਹੈ ਦਿਨੁ ਰਾਤਿ ॥

ਕਬਹੂ = ਕਦੇ ਬਹੁ = ਬਹੁਤ ਭਾਤਿ = ਪ੍ਰਕਾਰ ਦੀ ਨਿਰਤਿ = ਨਿਰਤਕਾਰੀ ਕਰੈ = ਕਰਦਾ ਹੈ **ਵਾ:** ਚੇਸ਼ਟਾ ਕਰਦਾ ਹੈ। ਕਬਹੂ = ਕਦੇ ਦਿਨ ਰਾਤ ਆਲਸ ਦਾ ਭਰਿਆ ਸੋਇ = ਸੁੱਤਾ ਹੀ ਰਹੈ = ਰਹਿੰਦਾ ਹੈ।

## ਕਬਹੂ; ਮਹਾ ਕ੍ਰੋਧ ਬਿਕਰਾਲ ॥ ਕਬਹੂੰ; ਸਰਬ ਕੀ ਹੋਤ ਰਵਾਲ ॥

ਕਬਹੂ = ਕਦੇ ਮਹਾ = ਬੜਾ ਕ੍ਰੋਧ = ਗ਼ੁੱਸਾ ਕਰ ਕੇ ਬਿਕਰਾਲ = ਡਰ ਦੇਣ ਵਾਲਾ ਭਾਵ ਭਿਆਨਕ ਰੂਪ ਧਾਰਨ ਕਰਦਾ ਹੈ। ਕਬਹੂੰ = ਕਦੇ ਇਤਨੀ ਗ਼ਰੀਬੀ ਵਿਚ ਆ ਜਾਂਦਾ ਹੈ ਕਿ ਸਰਬ = ਸਾਰਿਆਂ ਕੀ = ਦੀ ਚਰਨ ਰਵਾਲ = ਧੂੜ ਹੋਤ = ਹੋ ਜਾਂਦਾ ਹੈ।

## ਕਬਹੂ; ਹੋਇ ਬਹੈ ਬਡ ਰਾਜਾ ॥ ਕਬਹੁ; ਭੇਖਾਰੀ ਨੀਚ ਕਾ ਸਾਜਾ ॥

ਕਬਹੂ = ਕਦੇ ਬਡ = ਵੱਡਾ ਰਾਜਾ = ਬਾਦਸ਼ਾਹ ਹੋਇ = ਹੋ ਕੇ ਤਖ਼ਤ ਬਹੈ = ਬੈਠ ਜਾਂਦਾ ਹੈ। ਕਬਹੁ = ਕਦੇ ਭੇਖਾਰੀ = ਮੰਗਤਾ ਬਣ ਕੇ ਨੀਚ = ਨੀਚਾਂ ਕਾ = ਦਾ ਸਾਜਾ = ਸਾਂਗ ਬਣਾ ਲੈਂਦਾ ਹੈ।

## ਕਬਹੂ; ਅਪਕੀਰਤਿ ਮਹਿ ਆਵੈ ॥ ਕਬਹੂ; ਭਲਾ ਭਲਾ ਕਹਾਵੈ ॥

ਕਬਹੂ = ਕਦੇ ਕੀਰਤਿ = ਜਸ ਤੋਂ ਅਪਕੀਰਤਿ = ਅਪਜਸ ਕਰਾਉਣ ਵਿਚ ਆਵੈ = ਆ ਜਾਂਦਾ ਹੈ। ਕਬਹੂ = ਕਦੇ ਪੁੰਨੀ ਪੁਰਖਾਂ ਦੀ ਸੰਗਤ ਕਰ ਕੇ ਆਪਣੇ ਆਪ ਨੂੰ ਭਲਾ ਭਲਾ = ਚੰਗਾ ਚੰਗਾ ਕਹਾਵੈ = ਕਹਾਉਂਦਾ ਹੈ।

## ਜਿਉ ਪ੍ਰਭੁ ਰਾਖੈ; ਤਿਵ ਹੀ ਰਹੈ ॥ ਗੁਰ ਪ੍ਰਸਾਦਿ; ਨਾਨਕ ਸਚੁ ਕਹੈ ॥੬॥

ਜਿਉ = ਜਿਵੇਂ ਪ੍ਰਭੁ = ਹਰੀ ਵਾਹਿਗੁਰੂ ਰਾਖੈ = ਰੱਖਦਾ ਹੈ, ਤਿਵ = ਉਸੇ ਤਰ੍ਹਾਂ ਹੀ ਰਹੈ = ਰਹਿਣਾ ਕਰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਗੁਰ ਪ੍ਰਸਾਦਿ = ਗੁਰੂ ਰਾਮਦਾਸ ਜੀ ਦੀ ਕਿਰਪਾ ਕਰ ਕੇ ਸੱਚੇ ਬਚਨ ਕਹੈ = ਕਹਿੰਦੇ ਹਾਂ **ਵਾ:** ਜਿਸ ਉੱਤੇ ਗੁਰਾਂ ਦੀ ਪ੍ਰਸਾਦਿ = ਕਿਰਪਾ ਹੁੰਦੀ ਹੈ, ਉਹ ਸੱਚੇ ਨਾਮ ਨੂੰ ਕਹਿੰਦਾ ਹੈ ॥੬॥

## ਕਬਹੂ ਹੋਇ ਪੰਡਿਤੁ; ਕਰੇ ਬਖ੍ਯਾਨੁ ॥ ਕਬਹੂ; ਮੋਨਿਧਾਰੀ ਲਾਵੈ ਧਿਆਨੁ ॥

ਕਬਹੂ = ਕਦੇ ਪੰਡਿਤੁ = ਵਿਦਵਾਨ ਹੋਇ = ਹੋ ਕੇ ਵਿਚਾਰਾਂ ਦਾ ਬਖ੍ਯਾਨ = ਕਥਨ ਕਰਦਾ ਹੈ। ਕਬਹੂ = ਕਦੇ ਜੀਵ ਮੋਨਿਧਾਰੀ = ਮੋਨੀ ਬਣ ਕੇ ਧਿਆਨ ਲਾਵੈ = ਲਾਉਂਦਾ ਹੈ।

## ਕਬਹੂ; ਤਟ ਤੀਰਥ ਇਸਨਾਨ ॥ ਕਬਹੂ; ਸਿਧ ਸਾਧਿਕ ਮੁਖਿ ਗਿਆਨ ॥

ਕਬਹੂ = ਕਦੇ ਤੀਰਥਾਂ ਦੇ ਤਟ = ਕਿਨਾਰਿਆਂ 'ਤੇ ਜਾ ਕੇ ਇਸ਼ਨਾਨ ਕਰਦਾ ਰਹਿੰਦਾ ਹੈ। ਕਬਹੂ = ਕਦੇ ਸਿਧਾਂ ਦੀ ਸੰਗਤ ਕਰ ਕੇ ਰਿਧੀਆਂ ਸਿਧੀਆਂ ਵਾਲਾ ਤੇ ਕਦੇ ਸਾਧਿਕ = ਸਾਧਨਾ ਕਰਨ ਵਾਲਾ ਕਹਾਉਂਦਾ ਹੈ ਅਤੇ ਕਦੇ ਮੁਖਿ = ਮੂੰਹ ਵਿੱਚੋਂ ਗਿਆਨ ਦੀਆਂ ਗੱਲਾਂ ਕਰਦਾ ਹੈ **ਵਾ:** ਸਿਧ ਸਾਧਿਕ ਹੋ ਕੇ ਮੂੰਹ ਤੋਂ ਗਿਆਨ ਕਥਨ ਕਰਦਾ ਹੈ।

## ਕਬਹੂ; ਕੀਟ ਹਸਤਿ ਪਤੰਗ ਹੋਇ ਜੀਆ ॥ ਅਨਿਕ ਜੋਨਿ; ਭਰਮੈ ਭਰਮੀਆ ॥

ਕਬਹੂ = ਕਦੇ ਜੀਆ = ਜੀਵ ਕੀਟ = ਕੀੜੇ, ਹਸਤਿ = ਹਾਥੀ ਅਤੇ ਪਤੰਗ = ਪਰਵਾਨੇ ਦੀਵਿਆਂ 'ਤੇ

ਸੜਨ ਵਾਲੇ (ਪਤੰਗੇ) ਆਦਿ ਹੋਇ = ਹੋ ਕੇ ਜੂਨਾਂ ਨੂੰ ਪ੍ਰਾਪਤ ਹੋ ਜਾਂਦਾ ਹੈ। ਅਨਿਕ = ਅਨੇਕਾਂ ਜੋਨਿ = ਜੂਨਾਂ ਵਿਚ ਭਰਮੀਆ = ਭਰਮ ਦਾ, ਗ੍ਰਸਿਆ ਹੋਇਆ ਭਰਮੈ = ਫਿਰਦਾ ਹੈ। ਜੈਸਾ ਕਿ :

**ਅਸਥਾਵਰ ਜੰਗਮ ਕੀਟ ਪਤੰਗਾ॥ ਅਨਿਕ ਜਨਮ ਕੀਏ ਬਹੁ ਰੰਗਾ॥੧॥** *(ਅੰਗ ੩੨੫)*

[ਅੰਗ ੨੭੮]

## ਨਾਨਾ ਰੂਪ; ਜਿਉ ਸ੍ਵਾਗੀ ਦਿਖਾਵੈ ॥ ਜਿਉ ਪ੍ਰਭ ਭਾਵੈ; ਤਿਵੈ ਨਚਾਵੈ ॥

ਜਿਉ = ਜਿਵੇਂ ਸ੍ਵਾਗੀ = ਸ੍ਵਾਂਗ ਧਾਰਨ ਵਾਲੇ ਨਕਲੀਏ ਤਰ੍ਹਾਂ ਤਰ੍ਹਾਂ ਦੇ ਲਿਬਾਸ ਪਾ ਕੇ ਦਿਖਾਵੈ = ਦਿਖਾਉਂਦੇ ਹਨ। ਇਉਂ ਨਾਨਾ = ਅਨੇਕਾਂ ਪ੍ਰਕਾਰ ਦੇ ਰੂਪ = ਸਰੂਪ ਧਾਰਨ ਕਰਦਾ ਹੈ। ਜਿਉ = ਜਿਵੇਂ ਪ੍ਰਭ = ਵਾਹਿਗੁਰੂ ਨੂੰ ਭਾਵੈ = ਭਾਉਂਦਾ ਹੈ, ਤਿਵੈ = ਉਸੇ ਪ੍ਰਕਾਰ ਜੀਵਾਂ ਨੂੰ ਮਾਇਆ ਕਰ ਕੇ ਨਚਾਵੈ = ਨਚਾਉਂਦਾ ਹੈ।

## ਜੋ ਤਿਸੁ ਭਾਵੈ; ਸੋਈ ਹੋਇ ॥ ਨਾਨਕ; ਦੂਜਾ ਅਵਰੁ ਨ ਕੋਇ ॥੭॥

ਜੋ = ਜਿਹੜਾ ਕੁਝ ਤਿਸੁ = ਉਸ ਪ੍ਰਭੂ ਨੂੰ ਭਾਵੈ = ਭਾਉਂਦਾ ਹੈ, ਸੋਈ = ਓਹੀ ਕੁਝ ਹੋਇ = ਹੁੰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਰੀ ਪਰਮੇਸ਼ਰ ਤੋਂ ਬਿਨਾਂ ਅਵਰੁ = ਹੋਰ ਦੂਜਾ = ਦੂਸਰਾ ਕੋਇ = ਕੋਈ ਸਮੱਰਥ ਨ = ਨਹੀਂ ਹੈ ॥੭॥

## ਕਬਹੂ; ਸਾਧਸੰਗਤਿ ਇਹੁ ਪਾਵੈ ॥ ਉਸੁ ਅਸਥਾਨ ਤੇ; ਬਹੁਰਿ ਨ ਆਵੈ ॥

ਕਬਹੂ = ਕਦੇ ਇਹ ਜੀਵ ਪੁੰਨਾਂ ਦਾ ਪ੍ਰੇਰਿਆ ਸਾਧਸੰਗਤ ਨੂੰ ਪਾਵੈ = ਪਾਉਣਾ ਕਰਦਾ ਹੈ **ਅਥਵਾ** ਸਾਧ = ਸਾਧੇ ਹੋਏ ਮਨ ਵਾਲੇ ਪੁਰਸ਼ਾਂ ਦੀ ਸੰਗਤ ਨੂੰ ਪਾਉਣਾ ਕਰਦਾ। ਫੇਰ ਉਹ ਸਤਿਸੰਗਤ ਦੁਆਰਾ ਉਸ ਤੁਰੀਆ ਪਦ ਰੂਪੀ ਸ੍ਰੇਸ਼ਟ ਅਸਥਾਨ = ਥਾਂ ਤੇ = ਤੋਂ ਬਹੁਰਿ = ਮੁੜ ਕੇ ਜੂਨੀਆਂ ਵਿਚ ਨ = ਨਹੀਂ ਆਵੈ = ਆਉਂਦਾ।

## ਅੰਤਰਿ ਹੋਇ; ਗਿਆਨ ਪਰਗਾਸੁ ॥ ਉਸੁ ਅਸਥਾਨ ਕਾ; ਨਹੀ ਬਿਨਾਸੁ ॥

ਉਨ੍ਹਾਂ ਦੇ ਹਿਰਦੇ ਅੰਤਰਿ = ਅੰਦਰ ਬ੍ਰਹਮ ਗਿਆਨ ਦਾ ਪਰਗਾਸੁ = ਚਾਨਣ ਭਾਵ ਪ੍ਰਕਾਸ਼ ਹੋ ਜਾਂਦਾ ਹੈ। ਉਸ ਅਸਥਾਨ ਕਾ = ਦਾ ਕਦੇ ਬਿਨਾਸੁ = ਨਾਸ ਭਾਵ ਵਿਸ਼ੇਸ਼ ਕਰ ਕੇ ਨਾਸ ਨਹੀਂ ਹੁੰਦਾ। ਜੈਸਾ ਕਿ :

**ਅਨਭਉ ਨਗਰੁ ਤਹਾ ਸਦ ਵਸੈ॥੬॥** *(ਅੰਗ ੨੩੭)*

## ਮਨ ਤਨ ਨਾਮਿ ਰਤੇ; ਇਕ ਰੰਗਿ ॥ ਸਦਾ ਬਸਹਿ; ਪਾਰਬ੍ਰਹਮ ਕੈ ਸੰਗਿ ॥

ਜੋ ਜੀਵ ਮਨ = ਅੰਤਸ਼ਕਰਣ ਤਨ = ਸਰੀਰ ਅਤੇ ਬਾਣੀ ਕਰ ਕੇ ਇਕ ਨਾਮੀ ਪਰਮੇਸ਼ਰ ਦੇ ਰੰਗਿ = ਅਨੰਦ ਵਿਚ ਰਤੇ = ਰੰਗੇ, ਤਦਾਕਾਰ ਹੋਏ ਹਨ। ਉਹ ਪਾਰਬ੍ਰਹਮ = ਪਰਮਾਤਮਾ ਦੇ ਸੰਗਿ = ਨਾਲ ਅਭੇਦ ਹੋ ਸਦਾ = ਹਮੇਸ਼ਾ ਉਸ ਦੇ ਸਰੂਪ ਵਿਚ ਹੀ ਬਸਹਿ = ਵੱਸਦੇ ਹਨ।

## ਜਿਉ ਜਲ ਮਹਿ; ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ ॥

ਜਿਉ = ਜਿਵੇਂ ਸਮੁੰਦਰ ਦੇ ਜਲ = ਪਾਣੀ ਮਹਿ = ਵਿਚ ਨਦੀਆਂ ਦਾ ਜਲੁ = ਪਾਣੀ ਆਇ = ਆ ਕੇ ਖਟਾਨਾ = ਮਿਲ ਜਾਂਦਾ ਹੈ। ਤਿਉ = ਤਿਵੇਂ ਜੋਤੀ = ਚੇਤਨ ਸਰੂਪ ਪਰਮੇਸ਼ਰ ਨਾਲ ਜੀਵ ਦੀ ਪ੍ਰਤਕ ਜੋਤ

ਸਮਾਨਾ = ਸਮਾ ਜਾਂਦੀ ਹੈ **ਵਾ:** ਜੋਤਿ = ਸ੍ਵੈ ਸਰੂਪ ਦੀ ਲੱਖਤਾ ਕਰ ਕੇ ਸਮਾਨਾ = ਅਭੇਦ ਹੋ ਜਾਂਦਾ ਹੈ **ਵਾ:** ਜੋਤੀ = ਪ੍ਰਕਾਸ਼ ਰੂਪ ਪਰਮੇਸ਼ਰ ਨਾਲ ਜੋਤ ਰੂਪ ਹੋ ਕੇ ਸਮਾ ਜਾਂਦਾ ਹੈ। ਜੈਸਾ ਕਿ :

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥**
**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥** *(ਬਿਲਾਵਲੁ ਮ: ੫, ਅੰਗ ੮੪੬)*

**ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ ॥੧॥**
*(ਧਨਾਸਰੀ ਕਬੀਰ ਜੀ, ਅੰਗ ੬੯੨)*

## ਮਿਟਿ ਗਏ ਗਵਨ; ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ; ਸਦ ਕੁਰਬਾਨ ॥੮॥੧੧॥

ਉਸ ਦੇ ਚੌਰਾਸੀ ਲੱਖ ਜੂਨ ਵਿਚ ਆਉਣ ਜਾਣ ਦੇ ਗਵਨ = ਚੱਕਰ ਮਿਟ ਗਏ ਹਨ ਅਤੇ ਪਰਮੇਸ਼ਰ ਦੇ ਸਰੂਪ ਵਿਚ ਬਿਸ੍ਰਾਮ = ਇਸਥਿਤੀ ਪਾਏ = ਪਾ ਲਈ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਪ੍ਰਭ = ਹਰੀ ਵਾਹਿਗੁਰੂ ਤੋਂ ਮਨ, ਬਾਣੀ ਸਰੀਰ ਕੈ = ਕਰ ਕੇ ਸਦ = ਹਮੇਸ਼ਾਂ ਕੁਰਬਾਨ = ਬਲਿਹਾਰ ਜਾਈਏ ॥੮॥੧੧॥

(ਗਿਆਰਵੀਂ ਅਸਟਪਦੀ ਵਿਚ ਪੂਰੇ ਅੱਖਰ ੯੬੯, ਪੈਰ ਵਾਲੇ ਰਾਰੇ ੨੦, ਅੱਧੇ ਅੱਖਰ ੨, ਕੁੱਲ ਅੱਖਰ ੯੯੧ ਹਨ)

## ਸਲੋਕੁ ॥

**ਉਥਾਨਕਾ :** ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਤਿਗੁਰਾਂ ਕੋਲ ਇਕ ਸਿੱਖ ਬਨਣ ਵਾਸਤੇ ਆਇਆ। ਸਤਿਗੁਰਾਂ ਨੇ ਉਸ ਨੂੰ ਪਰਖਣ ਵਾਸਤੇ ਕਿ ਸਿੱਖੀ ਬੜੀ ਔਖੀ ਹੈ। ਪਰ ਉਸ ਨੇ ਮੁੜ ਮੁੜ ਕੇ ਕਿਹਾ ਕਿ ਮੈਨੂੰ ਆਪਣਾ ਸਿੱਖ ਬਣਾ ਲਵੋ। ਸਤਿਗੁਰੂ ਜੀ ਕਹਿਣ ਲੱਗੇ ਕਿ ਪਹਿਲੇ ਸਾਡਾ ਕੰਮ ਕਰ ਫੇਰ ਤੈਨੂੰ ਸਿੱਖ ਬਣਾਵਾਂਗੇ ਉਸ ਨੇ ਕਿਹਾ, ਸਤਿਗੁਰੂ ਜੀ ਜੋ ਕਹੋਗੇ ਮੈਂ ਉਹੀ ਕੰਮ ਕਰਾਂਗਾ ਤਾਂ ਗੁਰੂ ਜੀ ਨੇ ਇਕ ਹੁਕਮਨਾਮਾ ਲਿਖ ਕੇ ਉਸ ਦੇ ਹੱਥ ਫੜਾ ਕੇ ਕਿਹਾ ਫਲਾਣੇ ਸਿੱਖ ਨੂੰ ਇਹ ਹੁਕਮਨਾਮਾ ਦੇ ਆ, ਕਈ ਇਤਿਹਾਸਕਾਰਾਂ ਨੇ ੧੦੦ ਰੁਪਏ ਲਿਖਿਆ ਹੈ, ਕਈਆਂ ਨੇ ੫੦ ਰੁਪਏ ਲਿਖਿਆ ਹੈ। ਉਸ 'ਤੇ ਲਿਖਿਆ ਹੋਇਆ ਸੀ ਕਿ (੧੦੦) (੫੦) ਰੁਪਏ ਹੁਕਮਨਾਮਾ ਦੇਣ ਵਾਲੇ ਸਿੱਖ ਨੂੰ ਭੇਟਾ ਕਰਨਾ, ਜਦੋਂ ਸਿੱਖ ਕੋਲ ਪਹੁੰਚਿਆ ਅਤੇ ਕਹਿਣ ਲੱਗਾ ਕਿ ਸਤਿਗੁਰਾਂ ਨੇ ਤੁਹਾਡੇ ਵੱਲ ਹੁਕਮਨਾਮਾ ਭੇਜਿਆ ਹੈ, ਪਰ ਪਹਿਲਾਂ (੧੦੦) (੫੦) ਰੁਪਏ ਦਰਸ਼ਨੀ ਭੇਟਾ ਦਿਓ ਤਾਂ ਤੁਹਾਨੂੰ ਗੁਰਾਂ ਦਾ ਹੁਕਮਨਾਮਾ ਮਿਲੇਗਾ, ਸਿੱਖ ਬਹੁਤ ਗ਼ਰੀਬ ਸੀ, ਕੋਲ ਸੌ ਰੁਪਏ ਨਹੀਂ ਸੀ। ਸਤਿਗੁਰਾਂ ਦਾ ਸਿੱਖ ਜਾਣ ਕੇ ਬਹੁਤ ਸੇਵਾ ਤੇ ਆਦਰ ਕੀਤਾ। ਅਰਾਮ ਕਰਨ ਲਈ ਸਿੱਖ ਨੂੰ ਆਸਣ ਦਿੱਤਾ ਅਤੇ ਆਪ ਘਰ ਦਾ ਸਮਾਨ ਵੇਚਣ ਲਈ ਚਲਾ ਗਿਆ ਕਿ ਸਤਿਗੁਰਾਂ ਦਾ ਹੁਕਮਨਾਮਾ ਆਇਆ ਹੈ। ਸਿੱਖ ਨੇ ਦਰਸ਼ਨੀ ਭੇਟਾ ਦੇ ਕੇ ਹੁਕਮਨਾਮਾ ਲਿਆ ਅਤੇ ਬੜੇ ਸਤਿਕਾਰ ਸਹਿਤ ਸਿਰ 'ਤੇ ਰੱਖ ਕੇ ਮੱਥਾ ਟੇਕਿਆ। ਜਿਸ ਵੇਲੇ ਹੁਕਮਨਾਮਾ ਪੜ੍ਹਿਆ ਤਾਂ ਉਸ ਵਿਚ ਗੁਰੂ ਸਾਹਿਬ ਜੀ ਨੇ ਲਿਖਿਆ ਹੋਇਆ ਸੀ ਕਿ ਗੁਰੂ ਘਰ ਦੀ ਸੇਵਾ ਲਈ ੫੦੦ ਰੁਪਏ ਭੇਜਣਾ, ਸਿੱਖ ਨੇ ਮੱਥੇ ਵੱਟ ਨਹੀਂ ਪਾਇਆ ਤੇ ਨਾ ਹੀ ਮਨ ਵਿਚ ਸੰਕਲਪ ਕੀਤਾ ਕਿ ਗੁਰਾਂ ਨੇ ਭੇਟਾ ਮੰਗੀ ਹੈ।

ਤਦੋਂ ਸੋਚਣ ਲੱਗਾ ਕਿ ਭੇਟਾ ਦਾ ਇੰਤਜ਼ਾਮ ਕਿਸ ਤਰ੍ਹਾਂ ਕੀਤਾ ਜਾਵੇ ? ਇਤਨੇ ਨੂੰ ਢੋਲ ਵੱਜਦਾ ਆਇਆ, ਢੰਡੋਰਚੀ 'ਵਾਜਾਂ ਮਾਰ ਰਿਹਾ ਸੀ ਕਿ ਅੱਜ ਰਾਜੇ ਨੇ ਕੁਸ਼ਤੀ ਕਰਾਉਣੀ ਹੈ, ਜਿਹੜਾ ਮਸਕੀਨੀਏ ਪਹਿਲਵਾਨ ਨੂੰ ਢਾਹ ਲਵੇਗਾ, ਉਸ ਨੂੰ ੧੦੦੦ ਰੁਪਏ ਇਨਾਮ ਤੇ ਜਿਹੜਾ ਢਹਿ ਜਾਵੇਗਾ, ਉਸ ਨੂੰ (੫੦੦) ਰੁਪਏ ਇਨਾਮ ਮਿਲੇਗਾ। ਇਹ ਗੱਲ ਸੁਣ ਕੇ ਸਿੱਖ ਬੜਾ ਪ੍ਰਸੰਨ ਹੋਇਆ ਤੇ ਸੋਚਿਆ ਕਿ ਮਹਾਰਾਜ ਲਈ ਅਗਰ ਜਾਨ ਲੇਖੇ ਲੱਗ ਜਾਵੇ ਤਾਂ ਇਸ ਤੋਂ ਚੰਗੀ ਗੱਲ ਹੋਰ ਕੀ ਹੈ। ਜੇ ਜਿੱਤ ਨਹੀਂ ਤਾਂ ਹਾਰ ਕੇ ਪੰਜ ਸੌ ਰੁਪਏ ਇਨਾਮ ਲੈ ਕੇ ਸਤਿਗੁਰਾਂ ਨੂੰ ਗੁਰੂ ਘਰ ਲਈ ਭੇਟਾ ਦੇਣਾ ਕਰਾਂਗਾ। ਸਤਿਗੁਰੂ ਨੇ ਆਪਣਾ ਕਾਰਜ ਆਪ ਹੀ ਸਵਾਰ ਲਿਆ ਹੈ। ਉਸੀ ਵੇਲੇ ਸਿੱਖ ਮੱਲ ਅਖਾੜੇ ਵੱਲ ਨੂੰ ਤੁਰ ਪਿਆ, ਰਸਤੇ ਵਿਚ ਪਿਆਸ ਲੱਗੀ ਤਾਂ ਖੂਹ 'ਤੇ ਪਾਣੀ ਪੀਣ ਲੱਗਾ, ਉਥੇ ਹੋਰ

ਵੀ ਕਾਫ਼ੀ ਲੋਕ ਪਾਣੀ ਪੀਣ ਲਈ ਖੜੇ ਸਨ, ਸਿੱਖ ਕਹਿਣ ਲੱਗਾ ਕਿ ਮੈਨੂੰ ਜਲਦੀ ਹੈ, (ਮੈਂ ਜਾ ਕੇ ਮਸਕੀਨੀਏ ਪਹਿਲਵਾਨ ਨਾਲ ਕੁਸ਼ਤੀ ਲੜਨੀ ਹੈ। ਉਸੇ ਖੂਹ 'ਤੇ ਮਸਕੀਨੀਆ ਨਹਾ ਰਿਹਾ ਸੀ, ਲੋਕੀਂ ਕਹਿਣ ਲੱਗੇ ਕਿ ਉਹ ਤਾਂ ਤੇਰੇ ਹੱਡ ਭੰਨ ਸੁੱਟੇਗਾ), ਤਾਂ ਸਿੱਖ ਕਹਿਣ ਲੱਗਾ ਕਿ ਸਤਿਗੁਰਾਂ ਦੀ ਸੇਵਾ ਵਿਚ ਜੇ ਮੇਰਾ ਸਰੀਰ ਲੱਗ ਜਾਵੇ ਤਾਂ ਇਸ ਤੋਂ ਵਧੀਆ ਹੋਰ ਕੀ ਹੋਣਾ ਹੈ। ਸਿੱਖ ਦੀ ਜਦੋਂ ਮਸਕੀਨੀਏ ਪਹਿਲਵਾਨ ਨੇ ਵੀ ਇਹ ਗੱਲ ਸੁਣੀ, ਤਾਂ ਹਿਰਦਾ ਮੋਮ ਵਾਂਗੂੰ ਪਿਘਲ ਗਿਆ ਅਤੇ ਸੋਚਣ ਲੱਗਾ ਧੰਨ ਅਜਿਹੇ ਸਿੱਖ ਜੋ ਗੁਰੂ ਲਈ ਸਰੀਰ ਵੀ ਕੁਰਬਾਨ ਕਰ ਦੇਣ। ਅਖਾੜੇ ਵਿਚ ਬੜੇ ਢੋਲ ਢਮੱਕੇ ਵੱਜੇ, ਲੋਕਾਂ ਦੀ ਭੀੜ ਇਕੱਠੀ ਹੋ ਗਈ। ਜਿਸ ਵੇਲੇ ਮਸਕੀਨੀਏ ਪਹਿਲਵਾਨ ਦੇ ਸਾਹਮਣੇ ਸਿੱਖ ਆਇਆ ਤਾਂ ਲੋਕੀਂ ਹੱਸਣ ਲੱਗੇ ਕਿ ਸੁੱਕੜੇ ਸਿੱਖ ਨੇ ਕੀ ਕੁਸ਼ਤੀ ਕਰਨੀ ਹੈ, ਇਸ ਨੇ ਤਾਂ ਮੌਤ ਖ਼ਰੀਦ ਲਈ ਹੈ। ਕੁਸ਼ਤੀ ਸ਼ੁਰੂ ਹੋਈ, ਕੁਝ ਚਿਰ ਆਪਸ ਵਿਚ ਹੇਠ ਉਤਾਂਹ ਹੁੰਦੇ ਰਹੇ, ਅਖ਼ੀਰ ਮਸਕੀਨੀਏ ਨੇ ਸਿੱਖ ਨੂੰ ਜੱਫਾ ਪਾ ਕੇ ਆਪਣੇ ਉਪਰ ਕਰ ਲਿਆ। ਲੋਕਾਂ ਨੇ ਤਾੜੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਮਸਕੀਨੀਆ ਹਾਰ ਗਿਆ ਤੇ ਸਿੱਖ ਜਿੱਤ ਗਿਆ। ਉਸ ਵੇਲੇ ਸਿੱਖ ਨੂੰ ੧੦੦੦ ਰੁਪਏ ਇਨਾਮ ਤੇ ਮਸਕੀਨੀਏ ਨੂੰ ੫੦੦ ਰੁਪਏ ਮਿਲੇ। ਮਸਕੀਨੀਏ ਦਾ ਮਾਨ ਮਿਟ ਗਿਆ, ਨਿਮਰਤਾ ਆ ਗਈ। ਫਿਰ ਮਸਕੀਨੀਏ ਪਹਿਲਵਾਨ ਨੇ ਸਿੱਖ ਨੂੰ ਬੇਨਤੀ ਕੀਤੀ ਕਿ ਜਿਸ ਗੁਰੂ ਦੇ ਪਿੱਛੇ ਤੂੰ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਹੋ ਗਿਆ, ਉਹ ਗੁਰੂ ਕਿਥੇ ਰਹਿੰਦੇ ਹਨ ? ਮੈਨੂੰ ਉਨ੍ਹਾਂ ਸਤਿਗੁਰਾਂ ਦੇ ਦਰਸ਼ਨ ਕਰਵਾ। ਸਿੱਖ ਨੇ ਪਹਿਲਾਂ ਆ ਕੇ ੫੦੦ ਭੇਟਾ ਸਿੱਖ ਨੂੰ ਦਿੱਤੀ ਅਤੇ ਮਸਕੀਨੀਏ ਪਹਿਲਵਾਨ ਨੂੰ ਨਾਲ ਲੈ ਕੇ ਜੋ ਸਿੱਖ ਘਰ ਬੈਠਾ ਸੀ, ਉਸ ਨਾਲ ਤੁਰ ਪਏ, ਜਦੋਂ ਸ੍ਰੀ ਅੰਮ੍ਰਿਤਸਰ ਪਹੁੰਚੇ ਤਾਂ ਗੁਰੂ ਅਰਜਨ ਸਾਹਿਬ ਜੀ ਸੁਖਮਨੀ ਸਾਹਿਬ ਉਚਾਰ ਰਹੇ ਸਨ, ਜਦੋਂ ਮਸਕੀਨੀਏ ਪਹਿਲਵਾਨ ਤੇ ਸਿੱਖ ਨੇ ਭੇਟਾ ਰੱਖ ਕੇ ਨਮਸਕਾਰ ਕੀਤੀ ਤਾਂ ਉਸ ਵੇਲੇ ਸਤਿਗੁਰਾਂ ਨੇ ਵਰ ਦੇਂਦਿਆਂ ਬਚਨ ਕਹੇ।

## ਸੁਖੀ ਬਸੈ ਮਸਕੀਨੀਆ; ਆਪੁ ਨਿਵਾਰਿ ਤਲੇ ॥

ਹੇ ਮਸਕੀਨੀਆ ਪਹਿਲਵਾਨ ! ਤੂੰ ਸੁਖੀ ਵਸੇਂਗਾ, ਤੂੰ ਆਪਣਾ ਹੰਕਾਰ ਨਿਵਾਰਿ = ਨਵਿਰਤ ਕਰ ਕੇ ਸਿੱਖ ਦੇ ਤਲੇ = ਹੇਠਾਂ ਡਿੱਗ ਪਿਆ ਹੈਂ **ਵਾ:** ਸਾਰਿਆਂ ਲਈ ਉਪਦੇਸ਼ ਹੈ, ਜਿਨ੍ਹਾਂ ਨੇ ਆਪੁ = ਆਪਾ-ਭਾਵ ਨਿਵਾਰਿ = ਮੇਟ ਕਰ ਕੇ ਆਪਣੇ ਆਪ ਨੂੰ ਤਲੇ = ਨੀਵੇਂ ਮੰਨਿਆ ਹੈ, ਉਹ ਮਸਕੀਨੀਆ = ਨਿਮਰਤਾ ਵਾਲੇ ਸੁਖੀ ਬਸੈ = ਵੱਸਦੇ ਹਨ।

## ਬਡੇ ਬਡੇ ਅਹੰਕਾਰੀਆ; ਨਾਨਕ ਗਰਬਿ ਗਲੇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਬਡੇ ਬਡੇ = ਵਡੇਰੇ ਵਡੇਰੇ ਅਹੰਕਾਰੀ ਰਾਵਣ ਦੁਰਯੋਧਨ ਆਦਿ ਸਭ ਗਰਬਿ = ਹੰਕਾਰ ਕਰ ਕੇ ਹੀ ਗਲੇ = ਸੜੇ ਹਨ **ਵਾ:** ਜੋ ਜਾਤੀਆਂ ਦੇ ਅਭਿਮਾਨੀ, ਵਿੱਦਿਆ ਦੇ ਅਭਿਮਾਨੀ ਵੱਡੇ ਵੱਡੇ ਅਹੰਕਾਰੀ ਹਨ, ਉਹ ਗਰਬਿ = ਹੰਕਾਰ ਵਿਚ ਗਲੇ ਰਹਿੰਦੇ ਹਨ ॥੧॥ ਜੈਸਾ ਕਿ :

**ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥**
**ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝ ਨ ਖਾਈ ॥੨॥** *(ਅੰਗ ੬੯੩)*

ਸਿੱਖਾਂ ਨੇ ਸਤਿਗੁਰੂ ਜੀ ਨੂੰ ਪੁੱਛਿਆ ਕਿ ਗ਼ਰੀਬਾਂ ਦੀ ਤੁਸੀਂ ਵਡਿਆਈ ਕੀਤੀ ਹੈ, ਪਰ ਅਹੰਕਾਰੀਆਂ ਦਾ ਕੀ ਹੋਵੇਗਾ ਤਾਂ ਗੁਰੂ ਜੀ ਅੱਗੇ ਅਸਟਪਦੀ ਵਿਚ ਸਲੋਕ ਦਾ ਟੀਕਾ ਕਰਕੇ ਉਚਾਰਨ ਕਰਦੇ ਹਨ।

## ਅਸਟਪਦੀ ॥ ਜਿਸ ਕੈ ਅੰਤਰਿ; ਰਾਜ ਅਭਿਮਾਨੁ ॥
## ਸੋ ਨਰਕ ਪਾਤੀ; ਹੋਵਤ ਸੁਆਨੁ ॥

ਹੇ ਭਾਈ ! ਜਿਸ ਕੈ = ਦੇ ਹਿਰਦੇ ਅੰਤਰਿ = ਅੰਦਰ ਰਾਜ ਭਾਗ ਦਾ ਅਭਿਮਾਨੁ = ਹੰਕਾਰ ਹੁੰਦਾ ਹੈ **ਵਾ:** ਹੰਕਾਰ

ਸਹਿਤ ਗ਼ਰੀਬਾਂ 'ਤੇ ਅੱਤਿਆਚਾਰ ਕਰਦਾ ਹੈ। ਸੋ = ਉਹ ਨਰਕਾਂ ਵਿਚ ਪਾਤੀ = ਡਿੱਗ ਪੈਂਦਾ ਹੈ ਅਤੇ ਨਰਕਾਂ ਵਿੱਚੋਂ ਨਿਕਲ ਕੇ ਸੁਆਨੁ = ਕੁੱਤੇ ਆਦਿਕ ਦੀਆਂ ਨੀਵੀਆਂ ਜੂਨਾਂ ਵਿਚ ਪੈਦਾ ਹੋਵਤ = ਹੁੰਦਾ ਹੈ **ਵਾ:** ਉਹ ਹੰਕਾਰੀ ਪੁਰਸ਼ ਕੁੱਤੇ ਦੀ ਨਿਆਈਂ ਹੈ ਅਤੇ ਅੰਤ ਨੂੰ ਨਰਕਾਂ ਵਿਚ ਪਾਤੀ = ਡਿੱਗਣ ਵਾਲਾ ਹੁੰਦਾ ਹੈ।

## ਜੋ ਜਾਨੈ; ਮੈ ਜੋਬਨਵੰਤੁ ॥ ਸੋ ਹੋਵਤ; ਬਿਸਟਾ ਕਾ ਜੰਤੁ ॥

ਜੋ = ਜਿਹੜਾ ਜਾਨੈ = ਜਾਣਦਾ ਹੈ ਕਿ ਮੈਂ ਜੋਬਨਵੰਤੁ = ਜੋਬਨ ਅਵਸਥਾ ਵਾਲਾ ਹਾਂ ਭਾਵ ਅਤਿਅੰਤ ਸੁੰਦਰ ਹਾਂ ਸੋ = ਉਹ ਜੰਤੁ = ਜੀਵ ਬਿਸਟਾ = ਗੰਦਗੀ ਕਾ = ਦਾ ਕੀੜਾ ਹੋਵਤ = ਹੁੰਦਾ ਹੈ **ਵਾ:** ਸੋ = ਉਹ ਜੰਤੁ = ਜੀਵ ਕਾ = ਦਾ ਬਿਸਟਾ = ਦੁਰਗੰਧੀ ਰੂਪ ਨਰਕ ਵਿਚ ਵਾਸਾ ਹੋਵਤ = ਹੁੰਦਾ ਹੈ।

## ਆਪਸ ਕਉ; ਕਰਮਵੰਤੁ ਕਹਾਵੈ ॥ ਜਨਮਿ ਮਰੈ; ਬਹੁ ਜੋਨਿ ਭ੍ਰਮਾਵੈ ॥

ਜੋ ਆਪਸ = ਆਪਣੇ ਆਪ ਕਉ = ਨੂੰ ਚੰਗੇ ਕਰਮਵੰਤੁ = ਕਰਮ ਕਰਨ ਵਾਲਾ ਕਹਾਵੈ = ਕਹਾਉਂਦਾ ਹੈ ਭਾਵ ਕਿ ਮੈਂ ਚੰਗੇ ਕਰਮ ਕਰਦਾ ਹਾਂ। ਉਹ ਜਨਮਦਾ ਮਰੈ = ਮਰਦਾ ਬਹੁ = ਬਹੁਤ ਜੋਨਿ = ਜੂਨੀਆਂ ਵਿਚ ਭ੍ਰਮਾਵੈ = ਭਰਮਦਾ ਰਹਿੰਦਾ ਹੈ।

## ਧਨ ਭੂਮਿ ਕਾ; ਜੋ ਕਰੈ ਗੁਮਾਨੁ ॥ ਸੋ ਮੂਰਖੁ; ਅੰਧਾ ਅਗਿਆਨੁ ॥

ਜੋ ਮਨੁੱਖ ਧਨ = ਦੌਲਤ ਅਤੇ ਭੂਮਿ = ਜ਼ਮੀਨ ਕਾ = ਦਾ ਗੁਮਾਨੁ = ਹੰਕਾਰ ਕਰੈ = ਕਰਦਾ ਹੈ ਕਿ ਮੇਰੇ ਕੋਲ ਬਹੁਤ ਧਨ ਦੌਲਤ ਹੈ। ਸੋ = ਉਹ ਮੂਰਖ ਅਗਿਆਨ ਕਰ ਕੇ ਅੰਧਾ = ਅੰਨ੍ਹਾ ਹੈ **ਵਾ:** ਸ਼ਾਸਤਰ ਗਿਆਨ ਵੱਲੋਂ ਅੰਧਾ = ਅੰਨ੍ਹਾ ਪਰਮਾਰਥ ਵੱਲੋਂ ਅਗਿਆਨੀ ਤੇ ਵਿਵਹਾਰਾਂ ਵੱਲੋਂ ਮੂਰਖ ਪੁਰਸ਼ ਹੈ।

## ਕਰਿ ਕਿਰਪਾ; ਜਿਸ ਕੈ ਹਿਰਦੈ ਗਰੀਬੀ ਬਸਾਵੈ ॥
## ਨਾਨਕ, ਈਹਾ ਮੁਕਤੁ; ਆਗੈ ਸੁਖੁ ਪਾਵੈ ॥੧॥

ਜਿਸ ਕੈ = ਦੇ ਹਿਰਦੇ = ਅੰਤਸ਼ਕਰਨ ਵਿਚ ਵਾਹਿਗੁਰੂ ਕਿਰਪਾ ਕਰ ਕੇ ਗਰੀਬੀ = ਨਿਮਰਤਾ ਬਸਾਵੈ = ਵਸਾ ਦੇਵੇ, ਜਿਵੇਂ ਮਸਕੀਨੀਏ 'ਤੇ ਕੀਰਪਾ ਕੀਤੀ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਪੁਰਖ ਈਹਾ ਮੁਕਤ = ਇਸ ਲੋਕ ਵਿਚ ਵੀ ਮੁਕਤ ਹੈ ਅਤੇ ਆਗੈ = ਅੱਗੇ ਪਰਲੋਕ ਵਿਚ ਸੁਖ ਪਾਵੈ = ਪਾਉਣਾ ਕਰੇਗਾ **ਵਾ:** ਈਹਾ ਮੁਕਤੁ = ਇਸ ਲੋਕ ਵਿਚ ਜੀਵਨ ਮੁਕਤੀ ਅਤੇ ਆਗੈ = ਅੱਗੇ ਪਰਲੋਕ ਵਿਚ ਵਿਦੇਹ ਮੁਕਤੀ ਦੇ ਸੁਖ ਨੂੰ ਪਾਵੈ = ਪਾਉਂਦਾ ਹੈ॥੧॥

## ਧਨਵੰਤਾ ਹੋਇ; ਕਰਿ ਗਰਬਾਵੈ ॥ ਤ੍ਰਿਣ ਸਮਾਨਿ; ਕਛੁ ਸੰਗਿ ਨ ਜਾਵੈ ॥

ਜੋ ਮਨੁੱਖ ਧਨਵੰਤਾ = ਧਨਾਢ (ਧਨ ਵਾਲਾ) ਹੋਇ = ਹੋ ਕੇ ਗਰਬਾਵੈ = ਹੰਕਾਰ ਕਰਿ = ਕਰਦਾ ਹੈ। ਪਰ ਉਸ ਦੇ ਤ੍ਰਿਣ = ਘਾਹ ਸਮਾਨਿ = ਬਰਾਬਰ ਭਾਵ ਰੰਚਕ ਮਾਤਰ ਜਿੰਨਾ ਵੀ ਕਛੁ = ਕੁਝ ਸੰਗਿ = ਨਾਲ ਨ = ਨਹੀਂ ਜਾਵੈ = ਜਾਂਦਾ।

## ਬਹੁ ਲਸਕਰ; ਮਾਨੁਖ ਊਪਰਿ ਕਰੇ ਆਸ ॥
## ਪਲ ਭੀਤਰਿ; ਤਾ ਕਾ ਹੋਇ ਬਿਨਾਸ ॥

ਜੋ ਬਹੁ = ਬਹੁਤੀ ਲਸਕਰ = ਫ਼ੌਜ ਤੇ ਦੂਸਰੇ ਮਾਨੁਖ = ਪੁਰਸ਼ਾਂ ਦੇ ਊਪਰਿ = ਉੱਤੇ ਆਸ = ਭਰੋਸਾ ਕਰੇ = ਕਰਦਾ ਹੈ। ਇਕ ਪਲ ਭੀਤਰਿ = ਵਿਚ ਉਸ ਕਾ = ਦਾ ਸਭ ਕੁਝ ਬਿਨਾਸ = ਨਾਸ ਹੋਇ = ਹੋ ਜਾਂਦਾ ਹੈ।

## ਸਭ ਤੇ; ਆਪ ਜਾਨੈ ਬਲਵੰਤੁ ॥ ਖਿਨ ਮਹਿ; ਹੋਇ ਜਾਇ ਭਸਮੰਤੁ ॥

ਜਿਹੜਾ ਹੰਕਾਰ ਕਾਰਨ ਆਪਣੇ ਆਪ ਨੂੰ ਸਭ = ਸਾਰਿਆਂ ਤੇ = ਤੋਂ ਬਲਵੰਤੁ = ਬਲ ਵਾਲਾ ਜਾਣਦਾ ਹੈ। ਉਹ ਮ੍ਰਿਤੂ ਵੇਲੇ ਖਿਨ = ਇਕ ਛਿਨ ਮਹਿ = ਵਿਚ ਭਸਮੰਤੁ = ਸੁਆਹ ਹੋਇ = ਹੋ ਜਾਇ = ਜਾਂਦਾ ਹੈ।

## ਕਿਸੈ ਨ ਬਦੈ; ਆਪਿ ਅਹੰਕਾਰੀ ॥ ਧਰਮ ਰਾਇ; ਤਿਸੁ ਕਰੇ ਖੁਆਰੀ ॥

ਜੋ ਕਿਸੇ ਨੂੰ ਬਦੈ = ਮੰਨਦਾ ਭਾਵ ਗਿਣਦਾ ਨਹੀਂ ਹੈ ਤੇ ਆਪਣੇ ਹੰਕਾਰ ਵਿਚ ਹੀ ਰਹਿੰਦਾ ਹੈ। ਧਰਮਰਾਇ = ਧਰਮਰਾਜਾ ਤਿਸੁ = ਉਸ ਨੂੰ ਖੁਆਰੀ = ਖੁਆਰ ਕਰੇਗਾ **ਵਾ:** ਹੰਕਾਰ ਕਰ ਕੇ ਖੁਆਰੀ = ਬੇਇੱਜ਼ਤੀ ਕਰੇਗਾ।

## ਗੁਰ ਪ੍ਰਸਾਦਿ; ਜਾ ਕਾ ਮਿਟੈ ਅਭਿਮਾਨੁ ॥
## ਸੋ ਜਨੁ ਨਾਨਕ; ਦਰਗਹ ਪਰਵਾਨੁ ॥੨॥

ਗੁਰਾਂ ਦੀ ਪ੍ਰਸਾਦਿ = ਕਿਰਪਾ ਕਰ ਕੇ ਜਾ ਕਾ = ਜਿਸ ਦਾ ਹਿਰਦੇ ਵਿੱਚੋਂ ਅਭਿਮਾਨੁ = ਹੰਕਾਰ ਮਿਟ ਜਾਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋ = ਉਹ ਜਨੁ = ਪੁਰਖ ਦਰਗਹ = ਪਰਲੋਕ ਵਿਚ ਪਰਵਾਨੁ = ਪ੍ਰਮਾਣੀਕ ਹੁੰਦਾ ਹੈ ॥੨॥

## ਕੋਟਿ ਕਰਮ ਕਰੈ; ਹਉ ਧਾਰੇ ॥ ਸ੍ਰਮੁ ਪਾਵੈ; ਸਗਲੇ ਬਿਰਥਾਰੇ ॥

ਜੋ ਜੀਵ ਕੋਟਿ = ਕਰੋੜਾਂ ਕਰਮ ਕਰੈ = ਕਰਦਾ ਹੋਇਆ ਹਉ = ਹਉਮੈ ਨੂੰ ਧਾਰੇ = ਧਾਰਨ ਕਰਦਾ ਹੈ। ਜੈਸਾ ਕਿ :

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥**
**ਨਾਨਕ ਨਿਹਫਲ ਜਾਤ ਤਿਹਿ ਜਿਉ ਕੁੰਚਰ ਇਸਨਾਨੁ ॥੪੬॥** *(ਅੰਗ ੧੪੨੮)*

ਕੀਤੇ ਕਰਮਾਂ ਦਾ ਹੀ ਸ੍ਰਮੁ = ਥਕੇਵਾਂ ਪਾਵੈ = ਪਾਉਂਦਾ ਹੈ ਤੇ ਉਸ ਦੇ ਕੀਤੇ ਸਗਲੇ = ਸਾਰੇ ਕਰਮ ਹੰਕਾਰ ਕਰ ਕੇ ਬਿਰਥਾਰੇ = ਬੇਅਰਥ ਹੀ ਹੋ ਜਾਂਦੇ ਹਨ। ਜਿਵੇਂ ਹਾਥੀ ਨੂੰ ਸਾਬਣ ਨਾਲ ਗੰਗਾ ਵਿਚ ਇਸ਼ਨਾਨ ਕਰਵਾਇਆ ਤੇ ਉਹ ਫਿਰ ਬਾਹਰ ਆ ਕੇ ਸੁੰਢ ਨਾਲ ਆਪਣੇ ਉੱਤੇ ਖੇਹ ਪਾਉਣਾ ਕਰਦਾ ਹੈ। ਇਸ ਤਰ੍ਹਾਂ ਦੀ ਮਨੁੱਖ ਦੀ ਹਾਲਤ ਹੈ।

## ਅਨਿਕ ਤਪਸਿਆ; ਕਰੇ ਅਹੰਕਾਰ ॥
## ਨਰਕ ਸੁਰਗ; ਫਿਰਿ ਫਿਰਿ ਅਵਤਾਰ ॥

ਜੋ ਅਨਿਕ = ਅਨੇਕ ਪ੍ਰਕਾਰ ਦੀ ਤਪੱਸਿਆ ਕਰਕੇ ਅਹੰਕਾਰ = ਹੰਗਤਾ ਕਰਦਾ ਹੈ। ਉਹ ਫਿਰਿ ਫਿਰਿ = ਮੁੜ ਮੁੜ ਕੇ ਨਰਕ = ਦੋਜ਼ਕ ਸੁਰਗ = ਬਹਿਸ਼ਤ ਵਿਚ ਅਵਤਾਰ = ਉਤਰਦਾ ਰਹਿੰਦਾ ਹੈ। ਭਾਵ ਤਪੱਸਿਆ ਦੇ ਫਲ ਕਰ ਕੇ ਸਵਰਗਾਂ ਦੀ ਪ੍ਰਾਪਤੀ ਹੋਵੇਗੀ, ਜਦੋਂ ਪੁੰਨ ਕਰਮ ਸਮਾਪਤ ਹੋ ਜਾਣਗੇ, ਜਿਵੇਂ ਵੱਟਾ ਪਹਾੜ ਤੋਂ ਥੱਲੇ ਰੋੜਿਆ ਜਾਂਦਾ ਹੈ। ਇਸੇ ਤਰ੍ਹਾਂ ਸਵਰਗ ਵਿੱਚੋਂ ਮਨੁੱਖ ਨੂੰ ਰੋੜਿਆ ਜਾਵੇਗਾ, ਫੇਰ ਨਰਕ ਦੇ ਵਿਚ ਨਰਕੀ ਜੀਵ ਹੋ ਕੇ ਜਨਮ ਧਾਰੇਗਾ। ਭਾਵ ਮੁੜ ਮੁੜ ਕੇ ਸੰਸਾਰਕ ਜੂਨਾਂ ਵਿਚ ਉਤਰਨਾ ਕਰੇਗਾ।

***ਨੋਟ :*** ਇਥੇ ਅਵਤਾਰ ਦਾ ਅਰਥ ਉਤਰਨਾ ਭਾਵ ਭਟਕਣਾ ਕਰਨਾ, ਵਿਸ਼ਨੂੰ ਦੇ ੨੪ ਅਤਵਾਰ ਨਾ ਸਮਝਣਾ।

## ਅਨਿਕ ਜਤਨ ਕਰਿ; ਆਤਮ ਨਹੀ ਦ੍ਰਵੈ ॥ ਹਰਿ ਦਰਗਹ; ਕਹੁ ਕੈਸੇ ਗਵੈ ॥

ਅਨਿਕ = ਅਨੇਕ ਸਾਧਨ ਰੂਪ ਜਤਨ = ਉਦਮਾਂ ਕਰਿ = ਕਰਕੇ ਜਿਸ ਦਾ ਆਤਮ = ਮਨ ਸਤਿਗੁਰਾਂ ਦੇ ਪਿਆਰ ਵਿਚ ਦ੍ਰਵੈ = ਨਰਮ ਭਾਵ ਕੋਮਲ ਨਹੀਂ ਹੁੰਦਾ। ਹਰਿ = ਹਰੀ ਵਾਹਿਗੁਰੂ ਦੇ ਦਰਗਹ = ਦਰਬਾਰ ਵਿਚ ਕਹੁ = ਦੱਸੋ ਉਸ ਦੀ ਕੈਸੇ = ਕਿਸ ਪ੍ਰਕਾਰ ਗਵੈ = ਗਵਤਾ ਹੋਵੇਗੀ ? ਭਾਵ ਨਹੀਂ ਹੋ ਸਕਦੀ **ਵਾ:** ਹਰਿ = ਹਰੀ ਵਾਹਿਗੁਰੂ ਦੀ ਦਰਗਹ ਵਿਚ ਉਸ ਦਾ ਜਸ ਕੈਸੇ = ਕਿਸ ਪ੍ਰਕਾਰ ਗਵੈ = ਗਾਇਆ ਜਾ ਸਕਦਾ ਹੈ ਭਾਵ ਨਹੀਂ ਗਾਇਆ ਜਾਂਦਾ।

## ਆਪਸ ਕਉ; ਜੋ ਭਲਾ ਕਹਾਵੈ ॥ ਤਿਸਹਿ ਭਲਾਈ; ਨਿਕਟਿ ਨ ਆਵੈ ॥

ਜੋ = ਜਿਹੜਾ ਪੁਰਸ਼ ਆਪਣੇ ਆਪ ਕਉ = ਨੂੰ ਭਲਾ = ਚੰਗਾ ਕਹਾਵੈ = ਕਹਾਉਂਦਾ ਹੈ। ਤਿਸਹਿ = ਉਸ ਪੁਰਸ਼ ਦੇ ਤਾਂ ਭਲਾਈ = ਚੰਗਿਆਈ ਨਿਕਟਿ = ਨੇੜੇ ਵੀ ਨ = ਨਹੀਂ ਆਵੈ = ਆਉਂਦੀ।

## ਸਰਬ ਕੀ ਰੇਨ; ਜਾ ਕਾ ਮਨੁ ਹੋਇ ॥
## ਕਹੁ ਨਾਨਕ; ਤਾ ਕੀ ਨਿਰਮਲ ਸੋਇ ॥੩॥

ਜਾ ਕਾ = ਜਿਸ ਦਾ ਮਨੁ = ਅੰਤਸ਼ਕਰਣ ਸਰਬ = ਸਾਰਿਆਂ ਕੀ = ਦੀ ਚਰਨ ਰੇਨ = ਧੂੜੀ ਹੋਇ = ਹੋ ਜਾਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਾ ਕੀ = ਉਸ ਦੀ ਲੋਕ ਪਰਲੋਕ ਵਿਚ ਨਿਰਮਲ = ਉੱਜਲ ਸੋਇ = ਸ਼ੋਭਾ ਹੁੰਦੀ ਹੈ ॥੩॥

## ਜਬ ਲਗੁ ਜਾਨੈ; ਮੁਝ ਤੇ ਕਛੁ ਹੋਇ ॥ ਤਬ ਇਸ ਕਉ; ਸੁਖੁ ਨਾਹੀ ਕੋਇ ॥

ਜਬ = ਜਦ ਲਗੁ = ਤੱਕ ਜੀਵ ਜਾਨੈ = ਜਾਣਦਾ ਹੈ ਕਿ ਮੁਝ = ਮੇਰੇ ਤੇ = ਤੋਂ ਹੀ ਸਭ ਕਛੁ = ਕੁਝ ਹੋਇ = ਹੁੰਦਾ ਹੈ। ਤਬ = ਤਦ ਤਕ ਇਸ ਕਉ = ਨੂੰ ਕੋਇ = ਕੋਈ ਵੀ ਸੁਖ ਪ੍ਰਾਪਤ ਨਹੀਂ ਹੋ ਸਕਦਾ। ਜੈਸਾ ਕਿ :

**ਜਬ ਲਗੁ ਮੇਰੀ ਮੇਰੀ ਕਰੈ ॥ ਤਬ ਲਗੁ ਕਾਜੁ ਏਕੁ ਨਹੀ ਸਰੈ ॥** *(ਭੈਰਉ ਕਬੀਰ ਜੀ, ਅੰਗ ੧੧੬੦)*

## ਜਬ ਇਹ ਜਾਨੈ; ਮੈ ਕਿਛੁ ਕਰਤਾ ॥ ਤਬ ਲਗੁ; ਗਰਭ ਜੋਨਿ ਮਹਿ ਫਿਰਤਾ ॥

ਜਬ = ਜਦੋਂ ਇਹ ਜੀਵ ਜਾਨੈ = ਜਾਣਦਾ ਹੈ ਕਿ ਮੈਂ ਸਭ ਕਿਛੁ = ਕੁਝ ਕਰਤਾ = ਕਰਦਾ ਹਾਂ। ਤਬ = ਤਦ ਲਗੁ = ਤਕ ਇਹ ਜੀਵ ਮਾਤਾ ਦੇ ਗਰਭ = ਪੇਟ ਵਿਚ ਪੈ ਕੇ ਜੂਨੀਆਂ ਮਹਿ = ਵਿਚ ਭ੍ਰਮਦਾ ਫਿਰਤਾ = ਫਿਰਦਾ ਹੈ।

## ਜਬ ਧਾਰੈ; ਕੋਊ ਬੈਰੀ ਮੀਤੁ ॥ ਤਬ ਲਗੁ; ਨਿਹਚਲੁ ਨਾਹੀ ਚੀਤੁ ॥

ਜਬ = ਜਦੋਂ ਤਕ ਕੋਊ = ਕਿਸੇ ਨੂੰ ਮਨ ਵਿਚ ਬੈਰੀ = ਦੁਸ਼ਮਣ ਤੇ ਮੀਤੁ = ਮਿੱਤਰ ਧਾਰੈ = ਧਾਰਨ ਕਰਦਾ ਹੈ। ਤਬ = ਤਦ ਲਗੁ = ਤਕ ਚੀਤੁ = ਹਿਰਦਾ ਨਿਹਚਲੁ = ਅਚੱਲ ਨਾਹੀ = ਨਹੀਂ ਹੁੰਦਾ।

## ਜਬ ਲਗੁ; ਮੋਹ ਮਗਨ ਸੰਗਿ ਮਾਇ ॥ ਤਬ ਲਗੁ; ਧਰਮਰਾਇ ਦੇਇ ਸਜਾਇ ॥

ਜਬ = ਜਦ ਲਗੁ = ਤਕ ਜੀਵ ਮਾਇ = ਮਾਇਆ ਦੇ ਮੋਹ ਸੰਗਿ = ਨਾਲ ਮਗਨ = ਮਸਤ ਹੋਇਆ ਰਹਿੰਦਾ ਹੈ। ਤਬ = ਤਦ ਲਗੁ = ਤਕ ਧਰਮ ਰਾਇ = ਰਾਜਾ ਇਸ ਜੀਵ ਨੂੰ ਕਰਮਾਂ ਧਰਮਾਂ ਦੇ ਅਨੁਸਾਰ ਸਜਾਇ = ਦੰਡ ਦੇਇ = ਦਿੰਦਾ ਰਹੇਗਾ।

## ਪ੍ਰਭ ਕਿਰਪਾ ਤੇ; ਬੰਧਨ ਤੂਟੈ ॥ ਗੁਰ ਪ੍ਰਸਾਦਿ; ਨਾਨਕ ਹਉ ਛੂਟੈ ॥੪॥

ਪ੍ਰਭ = ਹਰੀ ਵਾਹਿਗੁਰੂ ਦੀ ਕਿਰਪਾ = ਮੇਹਰ ਤੇ = ਤੋਂ ਹੀ ਜੰਮਣ ਮਰਨ ਰੂਪ ਬੰਧਨ = ਜੰਜਾਲ ਤੂਟੈ = ਟੁੱਟਦੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਾਂ ਦੀ ਪ੍ਰਸਾਦਿ = ਕਿਰਪਾ ਕਰ ਕੇ ਹੀ ਹਉ = ਹਉਮੈ ਦੇ ਬੰਧਨ ਛੂਟੈ = ਛੁੱਟਦੇ ਹਨ ॥੪॥

[ਅੰਗ ੨੭੯]

## ਸਹਸ ਖਟੇ; ਲਖ ਕਉ ਉਠਿ ਧਾਵੈ ॥
## ਤ੍ਰਿਪਤਿ ਨ ਆਵੈ; ਮਾਇਆ ਪਾਛੈ ਪਾਵੈ ॥

ਜੀਵ ਤ੍ਰਿਸ਼ਨਾ ਵਿਚ ਗ੍ਰਸਿਆ ਸਹਸ = ਹਜ਼ਾਰਾਂ ਧਨ ਖਟੇ = ਕਮਾਉਂਦਾ ਹੈ, ਫੇਰ ਲੱਖਾਂ ਦੇ ਮਗਰ ਉੱਠ ਕੇ ਧਾਵੈ = ਦੌੜਦਾ ਹੈ। ਇਸ ਤਰ੍ਹਾਂ ਜੀਵ ਨੂੰ ਤ੍ਰਿਪਤਿ = ਰੱਜ ਨਹੀਂ ਆਵੈ = ਆਉਂਦਾ, ਹਰ ਵਕਤ ਮਾਇਆ ਦੇ ਪਾਛੈ = ਪਿੱਛੇ ਮਨ ਨੂੰ ਪਾਵੈ = ਪਾਉਣਾ ਕਰਦਾ ਹੈ। ਭਾਵ ਮਾਇਆ ਇੱਕਠੀ ਕਰਦਾ ਰਹਿੰਦਾ ਹੈ।

**ਸਾਖੀ—ਸਿਕੰਦਰ ਬਾਦਸ਼ਾਹ ਦੀ** : ਇਕ ਸਮੇਂ ਸਿਕੰਦਰ ਦੇ ਮਨ ਵਿਚ ਵਿਚਾਰ ਆਈ ਕਿ ਮੈਂ ਭੀ ਬਾਦਸ਼ਾਹ ਹਾਂ ਤੇ ਸਮੁੰਦਰ ਵੀ ਬਾਦਸ਼ਾਹ ਕਹਾਉਂਦਾ ਹੈ, ਇਹ ਨਹੀਂ ਹੋਣਾ ਚਾਹੀਦਾ। ਸਿਕੰਦਰ ਨੇ ਸਮੁੰਦਰ ਨਾਲ ਜੰਗ ਕਰਨ ਵਾਸਤੇ ਚੜ੍ਹਾਈ ਕਰ ਦਿੱਤੀ। ਜਿਸ ਵੇਲੇ ਧਨੁੱਖ ਖਿੱਚ ਕੇ ਬਾਣ ਮਾਰਨ ਲੱਗਾ ਤਾਂ ਸਮੁੰਦਰ ਦਾ ਅਭਿਮਾਨੀ ਦੇਵ ਪ੍ਰਗਟ ਹੋਇਆ ਤੇ ਸਿਕੰਦਰ ਤੋਂ ਪੁੱਛਣ ਲੱਗਾ ਕਿ ਕੀ ਕਾਰਨ ਹੈ ? ਸਿਕੰਦਰ ਨੇ ਕਿਹਾ ਕਿ ਮੈਂ ਦੁਨੀਆਂ ਦਾ ਬਾਦਸ਼ਾਹ ਹਾਂ ਤੇ ਤੂੰ ਨਦੀਆਂ ਦਾ ਬਾਦਸ਼ਾਹ ਹੈਂ, ਇਸ ਕਰਕੇ ਮੈਂ ਤੇਰੇ ਨਾਲ ਜੰਗ ਕਰਨਾ ਚਾਹੁੰਦਾ ਹਾਂ, ਜਾਂ ਤੂੰ ਮੇਰੇ ਅਧੀਨ ਹੋ ਜਾਹ। ਤਾਂ ਸਮੁੰਦਰ ਕਹਿਣ ਲੱਗਾ ਕਿ ਜੰਗ ਕਰਨ ਦੀ ਕੀ ਲੋੜ ਹੈ, ਐਵੇਂ ਪਰਜਾ ਦੀ ਤਬਾਹੀ ਹੋਵੇਗੀ, ਜਿਵੇਂ ਤੂੰ ਆਖਦਾ ਹੈਂ ਮੈਂ ਉਸੇ ਤਰ੍ਹਾਂ ਕਰਨ ਨੂੰ ਤਿਆਰ ਹਾਂ। ਸਿਕੰਦਰ ਨੇ ਕਿਹਾ ਕਿ ਤੂੰ ਫਿਰ ਮੇਰੇ ਪਾਸ ਮਾਮਲਾ ਭਰਿਆ ਕਰ। ਸਮੁੰਦਰ ਨੇ ਉਸੇ ਵੇਲੇ ਨਿੱਕੀ ਜਿਹੀ ਥਾਲੀ ਹੀਰੇ ਰਤਨਾਂ ਦੀ ਭਰ ਕੇ ਅੱਗੇ ਲਿਆ ਰੱਖੀ। ਸਿਕੰਦਰ ਨੂੰ ਖ਼ੁਸ਼ ਕਰ ਕੇ ਸਮੁੰਦਰ ਚਲਾ ਗਿਆ। ਕੁਝ ਚਿਰ ਪਿੱਛੋਂ ਸਿਕੰਦਰ ਬਾਦਸ਼ਾਹ ਨੂੰ ਖ਼ਿਆਲ ਆਇਆ, ਮੈਂ ਇਤਨਾ ਵੱਡਾ ਬਾਦਸ਼ਾਹ ਹਾਂ ਤੇ ਇਸ ਨੇ ਨਿੱਕੀ ਜਿਹੀ ਥਾਲੀ ਮੇਰੇ ਅੱਗੇ ਰੱਖ ਕੇ ਮੇਰਾ ਮਖ਼ੌਲ ਕੀਤਾ ਹੈ। ਸਿਕੰਦਰ ਬਾਦਸ਼ਾਹ ਫੇਰ ਧਨੁੱਖ ਖਿੱਚ ਕੇ ਬਾਣ ਚਲਾਉਣ ਲੱਗਾ ਤਾਂ ਸਮੁੰਦਰ ਫੇਰ ਆ ਗਿਆ ਤੇ ਪੁੱਛਿਆ ਕਿ ਹੁਣ ਕੀ ਗੱਲ ਹੈ ? ਸਿਕੰਦਰ ਨੇ ਕਿਹਾ ਕਿ ਤੂੰ ਛੋਟੀ ਜਿਹੀ ਥਾਲੀ ਰੱਖ ਕੇ ਮਖ਼ੌਲ ਕੀਤਾ ਹੈ, ਉਸੇ ਵੇਲੇ ਸਮੁੰਦਰ ਨੇ ਛੱਲ ਮਾਰੀ ਤਾਂ ਕਿਨਾਰਾ ਹੀਰੇ ਲਾਲਾਂ ਨਾਲ ਭਰ ਦਿੱਤਾ। ਬਾਦਸ਼ਾਹ ਨੇ ਸਾਰੀ ਫ਼ੌਜ ਨੂੰ ਹੁਕਮ ਦੇ ਦਿੱਤਾ ਕਿ ਜਿਤਨੇ ਕੁ ਹੀਰੇ ਲਾਲ ਚੁੱਕੇ ਜਾਂਦੇ ਹਨ ਸਭ ਚੁੱਕ ਲਵੋ, ਸਾਰਿਆਂ ਨੇ ਥੈਲੇ ਭਰ ਲਏ, ਪਰ ਹੀਰੇ ਲਾਲ ਮੁੱਕਣ ਵਿਚ ਨਾ ਆਏ। ਫਿਰ ਸਿਕੰਦਰ ਬਾਦਸ਼ਾਹ ਨੇ ਕਿਹਾ ਕਿ ਇਨ੍ਹਾਂ ਹੀਰੇ ਲਾਲਾਂ ਨੂੰ ਪਾਉਣ ਵਾਸਤੇ ਕੋਈ ਭਾਂਡਾ ਵੀ ਦੇਣਾ ਕਰ। ਉਸ ਵੇਲੇ ਸਮੁੰਦਰ ਨੇ ਨਿੱਕੀ ਜਿਹੀ ਬੇੜੀ ਦਿੱਤੀ। ਉਸ ਬੇੜੀ ਨੂੰ ਵੇਖ ਕੇ ਸਿਕੰਦਰ ਬਾਦਸ਼ਾਹ ਨੇ ਕਿਹਾ ਕਿ ਇਹ ਬੇੜੀ ਤਾਂ ਬਿਲਕੁਲ ਨਿੱਕੀ ਜਿਹੀ ਹੈ, ਇਸ ਵਿਚ ਹੀਰੇ ਲਾਲ ਨਹੀਂ ਆਉਣੇ। ਸਮੁੰਦਰ ਨੇ ਕਿਹਾ ਕਿ ਤੂੰ ਪਾ ਕੇ ਵੇਖ ਤਾਂ ਸਹੀ, ਪੰਜ ਟੋਕਰੀਆਂ ਪਾਏਂਗਾ ਤਾਂ ਦਸਾਂ ਦੀ ਜਗ੍ਹਾ ਹੋਵੇਗੀ, ਦਸ ਪਾਏਂਗਾ ਤਾਂ ਵੀਹਾਂ ਦੀ ਜਗ੍ਹਾ ਬਣ ਜਾਵੇਗੀ। ਜਦ ਸਿਕੰਦਰ ਬਾਦਸ਼ਾਹ ਨੇ ਉਹ ਸਭ ਹੀਰੇ ਲਾਲ ਪਾ ਲਏ, ਫੇਰ ਵੀ ਭਰਨ ਵਿਚ ਨਹੀਂ ਆਈ, ਇਸੇ ਤਰ੍ਹਾਂ ਤ੍ਰਿਸ਼ਨਾਲੂ ਪੁਰਖ ਦਾ ਪੇਟ ਨਹੀਂ ਭਰਦਾ, ਜਿਵੇਂ ਉਸ ਬੇੜੀ ਦਾ ਤੇ ਸਿਕੰਦਰ ਦਾ ਪੇਟ ਨਹੀਂ ਭਰਿਆ।

***ਨੋਟ :*** ਇਹੋ ਜਿਹੀਆਂ ਸਾਖੀਆਂ ਭਾਵੇਂ ਕਲਪਤ ਰੂਪ ਹੋਇਆਂ ਕਰਦੀਆਂ ਹਨ, ਪਰ ਇਨ੍ਹਾਂ ਦਾ ਸਿਧਾਂਤ ਸਮਝਣ ਦੀ ਲੋੜ ਹੈ ਜੋ ਅਰਥ ਨੂੰ ਸੁਖੈਨ ਸਪਸ਼ਟ ਕਰ ਦਿੰਦਾ ਹੈ।

## ਅਨਿਕ ਭੋਗ; ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ; ਖਪਿ ਖਪਿ ਮਰੈ ॥

ਜੀਵ ਅਨਿਕ = ਅਨੇਕਾਂ ਪ੍ਰਕਾਰ ਬਿਖਿਆ = ਵਿਸ਼ਿਆਂ ਕੇ = ਦੇ ਭੋਗਾਂ ਨੂੰ ਭੋਗਣਾ ਕਰੈ = ਕਰਦਾ ਹੈ। ਕਿਸੇ ਪ੍ਰਕਾਰ ਦਾ ਤ੍ਰਿਪਤਾਵੈ = ਰੱਜ ਨਹੀਂ ਆਉਂਦਾ, ਖਪਿ ਖਪਿ = ਹੰਭ ਹੰਭ ਕੇ ਮਰੈ = ਮਰ ਜਾਂਦਾ ਹੈ।

## ਬਿਨਾ ਸੰਤੋਖ; ਨਹੀ ਕੋਊ ਰਾਜੈ ॥ ਸੁਪਨ ਮਨੋਰਥ; ਬ੍ਰਿਥੇ ਸਭ ਕਾਜੈ ॥

ਸੰਤੋਖ = ਸਬਰ ਤੋਂ ਬਿਨਾ = ਬਗ਼ੈਰ, ਕੋਊ = ਕਿਸੇ ਨੂੰ ਵੀ ਰਾਜੈ = ਰੱਜ ਨਹੀਂ ਆਉਂਦਾ। ਸੁਪਨ = ਸੁਪਨੇ, ਮਨੋਰਥ = ਮਨ ਦੇ ਸੰਕਲਪ ਵਾਂਗ ਇਹ ਸਭ = ਸਾਰੇ ਕਾਜੈ = ਕਾਰਜ ਬ੍ਰਿਥੇ = ਬੇਅਰਥ ਹਨ। ਜਿਵੇਂ ਸੁਪਨੇ ਦੇ ਵਿਚ ਕੋਈ ਕੰਗਾਲ ਰਾਜਾ ਬਣ ਕੇ ਬੈਠ ਜਾਵੇ ਤੇ ਜਦੋਂ ਅੱਖਾਂ ਖੋਲ੍ਹ ਕੇ ਵੇਖਦਾ ਹੈ ਤਾਂ ਕੁਝ ਵੀ ਨਹੀਂ ਹੁੰਦਾ।

**ਸਾਖੀ—ਸ਼ੇਖ਼ ਚਿੱਲੀ ਦੀ :** ਜਿਵੇਂ ਇਕ ਤੇਲੀ ਤੇਲ ਦਾ ਕੁੱਪਾ ਚੁੱਕੀ ਆਉਂਦਾ ਸੀ, ਉਹ ਕੁੱਪਾ ਭਾਰਾ ਹੋਣ ਕਰਕੇ ਤੇਲੀ ਇੱਕਲਾ ਹੀ ਗੱਲਾ ਕਰਦਾ ਹੈ ਕਿ ਦੋ ਮੀਲ ਦਾ ਪੈਂਡਾ ਹੈ, ਜੇਕਰ ਕੋਈ ਆਦਮੀ ਮਿਲ ਪਵੇ ਤਾਂ ਉਸਦੇ ਸਿਰ 'ਤੇ ਚੁੱਕਾ ਦਿਆਂ। ਉਥੇ ਪਾਸ ਹੀ ਕਬਰ ਪੁੱਟ ਕੇ ਉਸ ਵਿਚ ਪਿਆ ਹੋਇਆ ਇਕ ਪੁਰਸ਼ ਬੋਲਿਆ ਕਿ ਮੈਂ ਮਰਿਆ ਪਿਆ ਹਾਂ, ਨਹੀਂ ਤਾਂ ਚੁੱਕ ਹੀ ਲੈਂਦਾ। ਤਾਂ ਉਸ ਤੇਲੀ ਨੇ ਕਿਹਾ ਕਿ ਮਰੇ ਬੋਲਦੇ ਨਹੀਂ ਹਨ, ਸ਼ੇਖ਼ ਚਿੱਲੀ ਕਹਿਣ ਲੱਗਾ ਕਿ ਤਾਜ਼ਾ ਮਰਿਆ ਕਰਕੇ ਬੋਲਦਾ ਹਾਂ। ਤੇਲੀ ਕਹਿਣ ਲੱਗਾ, ਤੂੰ ਬਾਹਰ ਨਿਕਲ ਮੇਰਾ ਤੇਲ ਦਾ ਕੁੱਪਾ ਚੁੱਕ ਕੇ ਮੇਰੇ ਪਿੰਡ ਛੱਡ ਆ, ਤੈਨੂੰ ਦੋ ਪੈਸੇ ਮਜ਼ਦੂਰੀ ਦੇ ਦਿਆਂਗਾ। ਉਹ ਬਾਹਰ ਨਿਕਲ ਆਇਆ ਤੇ ਉਸ ਦਾ ਕੁੱਪਾ ਸਿਰ ਉੱਪਰ ਰੱਖ ਕੇ ਤੁਰ ਪਿਆ, ਤਦ ਉਹ ਮਨ ਵਿਚ ਸੋਚਦਾ ਹੈ ਕਿ ਇਨ੍ਹਾਂ ਦੋ ਪੈਸਿਆਂ ਦਾ ਹੋਰ ਤਾਂ ਕੁਝ ਆਉਣਾ ਨਹੀਂ, ਕੁਝ ਆਂਡੇ ਖਰੀਦ ਲਵਾਂਗਾ, ਫਿਰ ਕਿਸੇ ਮੁਰਗੀ ਤੋਂ ਬੱਚੇ ਕੱਢਵਾ ਲਵਾਂਗਾ, ਇਉਂ ਬਹੁਤ ਸਾਰਿਆਂ ਮੁਰਗੀਆਂ ਹੋ ਜਾਣਗੀਆਂ। ਉਨ੍ਹਾਂ ਨੂੰ ਵੇਚ ਕੇ ਇਕ ਬੱਕਰੀ ਖਰੀਦਾਂਗਾ, ਫਿਰ ਬੱਕਰੀ ਦਾ ਬਹੁਤ ਇੱਜੜ ਹੋ ਜਾਵੇਗਾ, ਉਨ੍ਹਾਂ ਨੂੰ ਵੇਚ ਕੇ ਮੱਝ ਖਰੀਦਾਂਗਾ। ਉਸ ਦਾ ਦੁੱਧ ਅਤੇ ਕੱਟੇ ਕੱਟੀਆਂ ਵੇਚ ਕੇ ਸੋਹਣਾ ਮਕਾਨ ਬਣਾਵਾਂਗਾ, ਫਿਰ ਵਿਆਹ ਕਰਾ ਲਵਾਂਗਾ ਤੇ ਘਰ ਵਿਚ ਸੰਤਾਨ ਹੋ ਜਾਵੇਗੀ। ਫਿਰ ਮੈਂ ਸੱਥ ਵਿਚ ਬੈਠਾ ਹੋਵਾਂਗਾ ਤੇ ਮੇਰੇ ਪੁੱਤਰ ਮੈਨੂੰ ਕਹਿਣਗੇ ਕਿ ਬਾਪੂ ਜੀ ਆਉ ਘਰ ਨੂੰ ਚਲੀਏ, ਮੈਂ ਕਹਾਂਗਾ ਕਿ ਨਹੀਂ, ਮੈਂ ਨਹੀਂ ਜਾਣਾ। ਇਉਂ ਕਹਿ ਕੇ ਸਿਰ ਹਿਲਾ ਦਿੱਤਾ ਤੇ ਤੇਲ ਦਾ ਕੁੱਪਾ ਹੇਠਾਂ ਡਿਗ ਪਿਆ ਅਤੇ ਸਾਰਾ ਤੇਲ ਡੁੱਲ ਗਿਆ, ਤਾਂ ਤੇਲੀ ਗੁੱਸੇ ਵਿਚ ਉਸ ਨੂੰ ਝਿੜਕਣ ਲੱਗ ਪਿਆ। ਉਹ ਸ਼ੇਖ਼ ਚਿੱਲੀ ਕਹਿੰਦਾ ਕਿ ਤੂੰ ਆਪਣੇ ਤੇਲ ਨੂੰ ਰੋਂਦਾ ਹੈ। ਮੇਰਾ ਸਾਰਾ ਪਰਿਵਾਰ ਹੀ ਰੁੜ ਗਿਆ ਹੈ ਕਿਉਂਕਿ ਤੂੰ ਹੁਣ ਮੈਨੂੰ ਦੋ ਪੈਸੇ ਨਹੀਂ ਦੇਣੇ ਤੇ ਮੇਰਾ ਪਰਿਵਾਰ ਨਹੀਂ ਬਣਨਾ।

## ਨਾਮ ਰੰਗਿ; ਸਰਬ ਸੁਖੁ ਹੋਇ ॥ ਬਡਭਾਗੀ; ਕਿਸੈ ਪਰਾਪਤਿ ਹੋਇ ॥

ਪਰਮੇਸ਼ਰ ਦੇ ਨਾਮ ਦੇ ਰੰਗਿ = ਪ੍ਰੇਮ ਵਿਚ ਸਰਬ = ਸਾਰੇ ਸੁਖ ਪ੍ਰਾਪਤ ਹੋਇ = ਹੋ ਜਾਂਦੇ ਹਨ। ਪਰ ਬਡਭਾਗੀ = ਵੱਡਿਆਂ ਭਾਗਾਂ ਕਰਕੇ ਕਿਸੇ ਵਿਰਲੇ ਨੂੰ ਹੀ ਇਹ ਸੁੱਖ ਪ੍ਰਾਪਤ ਹੋਇ = ਹੁੰਦੇ ਹਨ।

## ਕਰਨ ਕਰਾਵਨ; ਆਪੇ ਆਪਿ ॥ ਸਦਾ ਸਦਾ; ਨਾਨਕ ਹਰਿ ਜਾਪਿ ॥੫॥

ਸਾਰਿਆਂ ਕਾਰਜਾਂ ਨੂੰ ਕਰਨ ਕਰਾਉਣ ਵਾਲਾ ਆਪੇ = ਆਪਣੇ ਆਪ ਹੀ ਪੂਰਨ ਪਰਮੇਸ਼ਰ ਹੈ **ਵਾ:** ਆਪ ਹੀ ਕਾਰਜਾਂ ਨੂੰ ਕਰਨ ਵਾਲਾ ਤੇ ਹੋਰਨਾਂ ਤੋਂ ਪ੍ਰੇਰ ਕੇ ਕਰਾਉਣ ਵਾਲਾ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਇਸ ਕਰਕੇ ਸਦਾ ਸਦਾ ਹਮੇਸ਼ਾ ਹਮੇਸ਼ਾ ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਜਾਪਿ = ਜਪਣਾ ਕਰ ॥੫॥

## ਕਰਨ ਕਰਾਵਨ; ਕਰਨੈਹਾਰੁ ॥ ਇਸ ਕੈ ਹਾਥਿ; ਕਹਾ ਬੀਚਾਰੁ ॥

ਸਭ ਕਾਰਜਾਂ ਨੂੰ ਕਰਨ ਕਰਉਣ ਵਾਲਾ ਕਰਨੈਹਾਰ = ਰਚਨਹਾਰ ਪਰਮੇਸ਼ਰ ਆਪ ਹੀ ਹੈ। ਇਸ ਤੁੱਛ

ਜੀਵ ਦੇ ਹੱਥ ਵਿਚ ਕਹਾ = ਕੀ ਹੈ ? ਇਸ ਗੱਲ ਦੀ ਵਿਚਾਰ ਕਰ ਕੇ ਨਿਰਣਾ ਕਰ ਕੇ ਦੇਖੋ। ਭਾਵ ਕੁਝ ਨਹੀਂ ਹੈ।

## ਜੈਸੀ ਦ੍ਰਿਸਟਿ ਕਰੇ; ਤੈਸਾ ਹੋਇ ॥ ਆਪੇ ਆਪਿ; ਆਪਿ ਪ੍ਰਭੁ ਸੋਇ ॥

ਜੈਸੀ = ਜਿਹੋ ਜਿਹੀ ਪਰਮੇਸ਼ਰ ਇਸ ਦੇ ਪੂਰਬਲੇ ਕਰਮਾਂ ਦੇ ਅਨੁਸਾਰ ਦ੍ਰਿਸਟਿ = ਨਦਰ ਕਰਦਾ ਹੈ, ਤੈਸਾ = ਉਹੋ ਜਿਹਾ ਫਲ ਪ੍ਰਾਪਤ ਹੋਇ = ਹੁੰਦਾ ਹੈ। ਸੋਇ = ਉਹ ਪ੍ਰਭੁ = ਹਰੀ ਵਾਹਿਗੁਰੂ ਹੁਣ ਵੀ ਆਪ ਹੈ, ਪਿੱਛੇ ਵੀ ਆਪ ਹੀ ਸੀ ਤੇ ਅੱਗੇ ਨੂੰ ਵੀ ਆਪ ਹੀ ਹੋਵੇਗਾ।

## ਜੋ ਕਿਛੁ ਕੀਨੋ; ਸੁ ਅਪਨੈ ਰੰਗਿ ॥ ਸਭ ਤੇ ਦੂਰਿ; ਸਭਹੂ ਕੈ ਸੰਗਿ ॥

ਜੋ = ਜਿਹੜਾ ਕਿਛੁ = ਕੁਝ ਪਰਮੇਸ਼ਰ ਨੇ ਕੀਨੋ = ਕੀਤਾ ਹੈ, ਸੁ = ਉਹ ਆਪਣੇ ਰੰਗਿ = ਅਨੰਦ ਵਿਚ ਹੀ ਕੀਤਾ ਹੈ। ਸਭ = ਸਾਰੇ ਅਗਿਆਨੀਆਂ ਤੇ = ਤੋਂ ਦੂਰ ਤੇ ਸਭਹੂ = ਸਾਰੇ ਵਿਚਾਰਵਾਨਾਂ ਦੇ ਸੰਗਿ = ਨਾਲ ਹੈ **ਵਾ:** ਸਭ ਦੀ ਆਤਮਾ ਪਾਪ ਪੁੰਨ ਤੋਂ ਦੂਰ ਹੈ **ਵਾ:** ਨਿਰਗੁਣ ਸਰੂਪ ਕਰ ਕੇ ਸਾਰੇ ਬੇਮੁਖਾਂ ਤੋਂ ਦੂਰ ਹੈ ਤੇ ਸਾਰੇ ਗੁਰਮੁਖਾਂ ਦਾ ਸੰਗੀ ਹੈ।

## ਬੂਝੈ ਦੇਖੈ; ਕਰੈ ਬਿਬੇਕ ॥ ਆਪਹਿ ਏਕ; ਆਪਹਿ ਅਨੇਕ ॥

ਪਰਮੇਸ਼ਰ ਆਪ ਹੀ ਜੀਵ ਦੇ ਕਰਮ ਦੇਖ ਕੇ ਬੂਝੈ = ਸਮਝਦਾ ਹੈ ਤੇ ਆਪ ਹੀ ਫੇਰ ਫਲ ਦੇਣ ਦਾ ਬਿਬੇਕ = ਵਿਚਾਰ ਕਰੈ = ਕਰਦਾ ਹੈ। ਪਰਮੇਸ਼ਰ ਆਪ ਹੀ ਏਕ = ਇਕ ਨਿਰਗੁਣ ਸਰੂਪ ਹੈ ਤੇ ਆਪਹਿ = ਆਪ ਹੀ ਸਰਗੁਣ ਸਰੂਪ ਹੋ ਕੇ ਅਨੇਕਾਂ ਰੂਪਾਂ ਵਿਚ ਵਰਤਦਾ ਹੈ।

## ਮਰੈ ਨ ਬਿਨਸੈ; ਆਵੈ ਨ ਜਾਇ ॥
## ਨਾਨਕ; ਸਦ ਹੀ ਰਹਿਆ ਸਮਾਇ ॥੬॥

ਨਾ ਉਹ ਮਰੈ = ਮਰਦਾ ਹੈ ਤੇ ਨਾ ਹੀ ਬਿਨਸੈ = ਨਾਸ ਹੁੰਦਾ ਹੈ, ਨਾ ਹੀ ਜਨਮ ਧਾਰ ਕੇ ਆਵੈ = ਆਉਂਦਾ ਹੈ ਤੇ ਨਾ ਹੀ ਮਰ ਕੇ ਕਿਤੇ ਜਾਇ = ਜਾਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਪਰਮੇਸ਼ਰ ਸਦ = ਹਮੇਸ਼ਾਂ ਹੀ ਸਾਰੇ ਥਾਵਾਂ 'ਤੇ ਵਿਆਪਕ ਹੋ ਕੇ ਸਮਾਇ = ਸਮਾ ਰਹਿਆ = ਰਿਹਾ ਹੈ ॥੬॥

## ਆਪਿ ਉਪਦੇਸੈ; ਸਮਝੈ ਆਪਿ ॥ ਆਪੇ ਰਚਿਆ; ਸਭ ਕੈ ਸਾਥਿ ॥

ਉਹ ਆਪ ਹੀ ਸਤਿਗੁਰੂ ਰੂਪ ਹੋ ਕੇ ਉਪਦੇਸੈ = ਸਿੱਖਿਆ ਦਿੰਦਾ ਹੈ ਤੇ ਆਪ ਹੀ ਸਿੱਖ ਰੂਪ ਹੋ ਸਮਝੈ = ਸਮਝਦਾ ਹੈ। ਆਪ ਹੀ ਸਭ = ਸਾਰਿਆਂ ਦੇ ਸਾਥਿ = ਨਾਲ ਰਚਿਆ = ਮਿਲਿਆ ਹੋਇਆ ਹੈ।

## ਆਪਿ ਕੀਨੋ; ਆਪਨ ਬਿਸਥਾਰੁ ॥ ਸਭੁ ਕਛੁ ਉਸ ਕਾ; ਓਹੁ ਕਰਨੈਹਾਰੁ ॥

ਆਪਣਾ ਬਿਸਥਾਰੁ = ਪਸਾਰਾ ਉਸ ਨੇ ਆਪ ਹੀ ਕੀਨੋ = ਕੀਤਾ ਹੈ। ਸਭ = ਸਾਰਾ ਕਛੁ = ਕੁਝ ਉਸ ਵਾਹਿਗੁਰੂ ਕਾ = ਦਾ ਹੀ ਰਚਿਆ ਹੋਇਆ ਹੈ ਤੇ ਉਹ ਆਪ ਹੀ ਕਰਨੈਹਾਰੁ = ਕਰਨ ਵਾਲਾ ਹੈ।

## ਉਸ ਤੇ ਭਿੰਨ; ਕਹਹੁ ਕਿਛੁ ਹੋਇ ॥ ਥਾਨ ਥਨੰਤਰਿ; ਏਕੈ ਸੋਇ ॥

ਉਸ ਪਰਮੇਸ਼ਰ ਤੇ = ਤੋਂ ਭਿੰਨ = ਵੱਖਰਾ ਕਹਹੁ = ਦੱਸੋ ਕਿਛੁ = ਕੁਝ ਹੋਰ ਹੋਇ = ਹੋ ਸਕਦਾ ਹੈ ? ਭਾਵ ਕੁਝ ਵੀ ਨਹੀਂ ਹੋ ਸਕਦਾ। ਕਿਉਂਕਿ ਸੋਇ = ਉਹ ਸਾਰੇ ਥਾਨ = ਥਾਵਾਂ ਤੇ ਥਨੰਤਰਿ = ਥਾਵਾਂ ਦੇ ਵਿਚ ਏਕੈ = ਇੱਕੋ ਪਰਮੇਸ਼ਰ ਆਪ ਹੀ ਵਰਤ ਰਿਹਾ ਹੈ।

## ਅਪੁਨੇ ਚਲਿਤ; ਆਪਿ ਕਰਣੈਹਾਰ ॥ ਕਉਤਕ ਕਰੈ; ਰੰਗ ਆਪਾਰ ॥

ਅਪੁਨੇ ਚਲਿਤ = ਕੌਤਕਾਂ ਨੂੰ ਪਰਮੇਸ਼ਰ ਆਪ ਹੀ ਕਰਣੈਹਾਰ = ਕਰਨ ਵਾਲਾ ਹੈ। ਪਰਮੇਸ਼ਰ ਆਪ ਹੀ ਆਪਾਰ = ਬੇਅੰਤ ਰੰਗਾਂ ਦੇ ਕਉਤਕ = ਤਮਾਸ਼ੇ ਕਰੈ = ਕਰਦਾ ਹੈ।

## ਮਨ ਮਹਿ ਆਪਿ; ਮਨ ਅਪੁਨੇ ਮਾਹਿ ॥
## ਨਾਨਕ; ਕੀਮਤਿ ਕਹਨੁ ਨ ਜਾਇ ॥੭॥

ਆਪ ਹੀ ਜੀਵ ਦੇ ਮਨ = ਅੰਤਸ਼ਕਰਨ ਮਹਿ = ਵਿਚ ਹੈ ਤੇ ਆਪਣੇ ਆਪ ਹੀ ਮਨ = ਆਤਮਾ ਵਿਚ ਤਾਣੇ ਪੇਟੇ ਵਤ ਅਭੇਦ ਰੂਪ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਹਰੀ ਵਾਹਿਗੁਰੂ ਦੀ ਪ੍ਰਾਪਤੀ ਰੂਪ ਕੀਮਤ ਕਹਨੁ = ਕਹੀ ਨ = ਨਹੀਂ ਜਾਇ = ਜਾ ਸਕਦੀ॥੭॥

## ਸਤਿ ਸਤਿ; ਸਤਿ ਪ੍ਰਭੁ ਸੁਆਮੀ ॥ ਗੁਰ ਪਰਸਾਦਿ; ਕਿਨੈ ਵਖਿਆਨੀ ॥

***ਪਹਿਲਾ ਅਰਥ :*** ਉਹ ਪ੍ਰਭੁ = ਹਰੀ ਵਾਹਿਗੁਰੂ ਪਹਿਲਾਂ ਵੀ ਸਤਿ ਸਰੂਪ ਸੀ ਤੇ ਹੁਣ ਵੀ ਸਤਿ ਸਰੂਪ ਹੈ ਤੇ ਅੱਗੇ ਨੂੰ ਵੀ ਸੁਆਮੀ = ਮਾਲਕ ਸਤਿ ਸਰੂਪ ਰਹੇਗਾ **ਵਾ:** ਜਿਸ ਨੇ ਸੁਆਮੀ = ਮਾਲਕ ਪਰਮੇਸ਼ਰ ਦਾ ਸਤ ਸਰੂਪ ਸਤਿ = ਨਿਸ਼ਚੇ ਕੀਤਾ ਹੈ ਉਹ ਸਤਿ = ਸੱਚ ਸਰੂਪ ਨੂੰ ਜਾਣ ਕੇ ਸੱਚ ਸਰੂਪ ਹੀ ਹੋ ਗਿਆ ਹੈ।

***ਦੂਸਰਾ ਅਰਥ :*** ਉਸ ਸਤਿ = ਸੱਚੇ ਪ੍ਰਭੁ = ਹਰੀ ਵਾਹਿਗੁਰੂ ਕਰ ਕੇ ਹੀ ਸਾਰਾ ਸੰਸਾਰ ਸਤਿ = ਸੱਚਾ ਪ੍ਰਤੀਤ ਹੋ ਰਿਹਾ ਹੈ। ਉਸ ਸੁਆਮੀ = ਮਾਲਕ ਪਰਮੇਸ਼ਰ ਦੀ ਸੋਚ ਵਿਚ ਸਤਿ = ਸੱਚੇ ਬਣੋ।

***ਤੀਸਰਾ ਅਰਥ :*** ਸਤਿ = ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਜਿਸ ਨੇ ਸਤਿ = ਸੱਚੇ ਵਾਹਿਗੁਰੂ ਗੁਰਮੰਤ੍ਰ ਨੂੰ ਜਪਿਆ ਹੈ, ਉਸ ਨੇ ਪ੍ਰਭੁ = ਪਰਮੇਸ਼ਰ ਸੁਆਮੀ = ਮਾਲਕ ਨੂੰ ਸਤਿ = ਸੱਚ ਸਰੂਪ ਨਿਸਚੇ ਕੀਤਾ ਹੈ।

ਗੁਰ ਪਰਸਾਦਿ = ਗੁਰਾਂ ਦੀ ਕਿਰਪਾ ਕਰ ਕੇ ਕਿਨੈ = ਕਿਸੇ ਵਿਰਲੇ ਨੇ ਹਰੀ ਵਾਹਿਗੁਰੂ ਦੀ ਕੀਰਤੀ ਵਖਿਆਨੀ = ਕਥਨ ਕੀਤੀ ਹੈ।

## ਸਚੁ ਸਚੁ; ਸਚੁ ਸਭੁ ਕੀਨਾ ॥ ਕੋਟਿ ਮਧੇ; ਕਿਨੈ ਬਿਰਲੈ ਚੀਨਾ ॥

ਸਚੁ = ਸੱਚਾ ਵਾਹਿਗੁਰੂ ਆਪ ਸੱਚ ਸਰੂਪ ਹੈ, ਜਿਸ ਨੇ ਸਭੁ = ਸਾਰਾ ਕੁਝ ਸਚੁ = ਸੱਚਾ ਹੀ ਕੀਨਾ = ਕੀਤਾ ਹੈ। ਇਸ ਗਿਆਨ ਨੂੰ ਕੋਟਿ = ਕਰੋੜਾਂ ਮਧੇ = ਵਿੱਚੋਂ ਕਿਨੈ = ਕਿਸੇ ਬਿਰਲੈ = ਵਿਰਲੇ ਨੇ ਹੀ ਚੀਨਾ = ਜਾਣਿਆ ਹੈ।

## ਭਲਾ ਭਲਾ; ਭਲਾ ਤੇਰਾ ਰੂਪ ॥ ਅਤਿ ਸੁੰਦਰ; ਅਪਾਰ ਅਨੂਪ ॥

ਹੇ ਪਰਮੇਸ਼ਰ ! ਸੰਸਾਰ ਵਿਚ ਭਲਾ = ਚੰਗਿਆਂ ਤੋਂ ਭਲਾ = ਚੰਗਿਆਂ ਪੁਰਖਾਂ ਨਾਲੋਂ ਤੇਰਾ = ਤੁਹਾਡਾ ਰੂਪ = ਸਰੂਪ ਭਲਾ = ਸ੍ਰੇਸ਼ਟ ਹੈ **ਵਾ:** ਹੇ ਪਰਮੇਸ਼ਰ ਤੇਰਾ ਸਰੂਪ ਤਿੰਨਾਂ ਕਾਲਾਂ ਵਿਚ ਭਲਾ = ਚੰਗਾ ਹੈ **ਵਾ:** ਭਲਾ = ਚੰਗੇ ਗੁਰਾਂ ਪਾਸੋਂ ਭਲਾ = ਚੰਗਾ ਉਪਦੇਸ਼ ਲੈਣ ਨਾਲ ਉਨ੍ਹਾਂ ਜਨਾਂ ਨੇ ਤੇਰਾ = ਤੁਹਾਡਾ ਰੂਪ = ਸਰੂਪ ਵੀ ਭਲਾ = ਚੰਗਾ ਨਿਸਚੇ ਕੀਤਾ ਹੈ। ਆਪ ਜੀ ਦਾ ਸਰੂਪ ਅਤਿ = ਅਤਿਅੰਤ ਸੁੰਦਰ = ਸੋਹਣਾ ਅਪਾਰ = ਪਾਰਾਵਾਰ ਤੋਂ ਰਹਿਤ ਤੇ ਅਨੂਪ = ਉਪਮਾ ਤੋਂ ਰਹਿਤ ਹੈ।

## ਨਿਰਮਲ ਨਿਰਮਲ; ਨਿਰਮਲ ਤੇਰੀ ਬਾਣੀ ॥
## ਘਟਿ ਘਟਿ ਸੁਨੀ; ਸ੍ਰਵਨ ਬਖ੍ਯਾਣੀ ॥

ਜਿਵੇਂ ਗੰਗਾ ਜਲ ਨੂੰ ਨਿਰਮਲ = ਪਵਿੱਤਰ ਮੰਨਿਆ ਹੈ ਤੇ ਦੇਵਤੇ ਆਦਿਕ ਨਿਰਮਲ ਮੰਨੇ ਹਨ, ਉਨ੍ਹਾਂ

ਸਾਰਿਆਂ ਤੋਂ ਤੇਰੀ = ਤੁਹਾਡੀ ਨਾਮ ਰੂਪ ਬਾਣੀ ਨਿਰਮਲ = ਉੱਜਲ ਹੈ **ਵਾ:** ਜਿਨ੍ਹਾਂ ਨੇ ਤੇਰੀ ਨਿਰਮਲ ਬਾਣੀ ਨੂੰ ਨਿਰਮਲ ਰੂਪ ਹੋ ਕੇ ਜਪਿਆ ਹੈ, ਉਹ ਮਾਇਆ ਦੀ ਮੈਲ ਤੋਂ ਰਹਿਤ ਨਿਰਮਲ = ਉੱਜਲ ਸਰੂਪ ਹੋ ਗਏ ਹਨ **ਵਾ:** ਜਿਨ੍ਹਾਂ ਨੇ ਤੇਰੀ = ਤੁਹਾਡੀ ਨਿਰਮਲ = ਪਵਿੱਤਰ ਬਾਣੀ ਨੂੰ ਪੜ੍ਹਿਆ ਸੁਣਿਆ ਹੈ, ਉਹ ਮਨ ਤਨ ਕਰਕੇ ਨਿਰਮਲ ਅਤੇ ਬਾਣੀ ਕਰ ਕੇ ਨਿਰਮਲ = ਉੱਜਲ ਹੋਏ ਹਨ **ਵਾ:** ਉਨ੍ਹਾਂ ਦਾ ਕਾਰਨ ਸਰੀਰ ਵੀ ਨਿਰਮਲ = ਉੱਜਲ ਹੋ ਗਿਆ, ਸਥੂਲ ਸਰੀਰ ਵੀ ਉੱਜਲ ਹੋ ਗਿਆ, ਸੂਖਮ ਸਰੀਰ ਵੀ ਉੱਜਲ ਹੋ ਗਿਆ ਹੈ **ਵਾ:** ਧੁਰ ਕੀ ਬਾਣੀ ਪਿੱਛੇ ਵੀ ਨਿਰਮਲ ਸੀ, ਹੁਣ ਵੀ ਨਿਰਮਲ ਹੈ, ਅੱਗੇ ਨੂੰ ਵੀ ਨਿਰਮਲ ਰਹੇਗੀ। ਤੁਹਾਡੀ ਬਖ੍ਾਣੀ = ਵਖਿਆਨ ਕੀਤੀ ਬਾਣੀ ਘਟਾਂ ਘਟਾਂ ਵਿਚ ਸ੍ਵਨਾਂ ਦੁਆਰਾ ਸੁਨੀ = ਸੁਣੀਂਦੀ ਹੈ।

## ਪਵਿਤ੍ਰ ਪਵਿਤ੍ਰ; ਪਵਿਤ੍ਰ ਪੁਨੀਤ ॥ ਨਾਮੁ ਜਪੈ; ਨਾਨਕ ਮਨਿ ਪ੍ਰੀਤਿ ॥੮॥੧੨॥

ਪਵਿਤ੍ਰ = ਉੱਜਲ ਸਰੂਪ ਗੁਰੂ ਨਾਨਕ ਦੇਵ ਜੀ, ਪਵਿਤ੍ਰ = ਉੱਜਲ ਸਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਪਵਿਤ੍ਰ = ਉੱਜਲ ਸਰੂਪ ਸ੍ਰੀ ਗੁਰੂ ਅਮਰਦਾਸ ਜੀ ਅਤੇ ਪੁਨੀਤ = ਪਵਿੱਤਰ ਸ੍ਰੀ ਗੁਰੂ ਰਾਮਦਾਸ ਜੀ ਹਨ **ਵਾ:** ਤਿੰਨ ਪਵਿੱਤਰ ਇਕੱਠੇ ਹੋਣ ਤਾਂ ਪੁਨੀਤ ਸ਼ਬਦ ਹੁੰਦਾ ਹੈ, ਉਹ ਮਨੁੱਖ ਪੁਨੀਤ ਤੋਂ ਪੁਨੀਤ ਹੈ। ਇਸੇ ਪ੍ਰਕਾਰ ਪਵਿੱਤਰ ਹੋ ਕੇ ਤੁਰੀਆ ਰੂਪ ਪੁਨੀਤ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ **ਵਾ:** ਇਥੇ ਤਿੰਨ ਵਾਰੀ ਪਵਿੱਤਰ ਸ਼ਬਦ ਤੇ ਚੌਥਾ ਪੁਨੀਤ ਹੈ, ਉਹ ਮਨੁੱਖ ਚਾਰੇ ਜੁੱਗਾਂ ਵਿਚ ਪਵਿੱਤਰ ਹੈ **ਵਾ:** ਉਹ ਆਪ ਵੀ ਪਵਿੱਤਰ ਤੇ ਮਾਤਾ ਪਿਤਾ ਵੀ ਪਵਿੱਤਰ ਤੇ ਸੰਬੰਧੀ ਵੀ ਪਵਿੱਤਰ ਅਤੇ ਨਗਰ ਵੀ ਪਵਿੱਤਰ ਹੈ, ਜਿਥੇ ਸ੍ਰੇਸ਼ਟ ਸੰਤ ਮਹਾਤਮਾ ਨਾਮ ਜਪਣ ਵਾਲਾ ਜਨਮ ਲਵੇ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹੜੇ ਮਨਿ = ਅੰਤਸ਼ਕਰਨ ਦੀ ਪ੍ਰੀਤਿ = ਪ੍ਰੀਤੀ ਨਾਲ ਪਰਮੇਸ਼ਰ ਦਾ ਨਾਮ ਜਪਦੇ ਹਨ, ਉਨ੍ਹਾਂ 'ਤੇ ਪਰਮੇਸ਼ਰ ਪ੍ਰਸੰਨ ਹੁੰਦਾ ਹੈ ॥੮॥੧੨॥

(ਬਾਰਵੀਂ ਅਸਟਪਦੀ ਵਿਚ ਪੂਰੇ ਅੱਖਰ ੯੯੨, ਪੈਰਾਂ ਵਾਲੇ ਰਾਰੇ ੧੮, ਅੱਧੇ ਅੱਖਰ ੧, ਕੁਲ ਅੱਖਰ ੧੦੧੧ ਹਨ)

## ਸਲੋਕੁ ॥ ਸੰਤ ਸਰਨਿ, ਜੋ ਜਨੁ ਪਰੈ; ਸੋ ਜਨੁ ਉਧਰਨਹਾਰ ॥

ਜੋ = ਜਿਹੜਾ ਜਨੁ = ਪੁਰਖ ਸੰਤ = ਸ਼ਾਤ ਆਤਮਾ ਮਹਾਤਮਾ ਜਨਾਂ ਦੀ ਸਰਨਿ = ਓਟ ਵਿਚ ਪਰੈ = ਪੈਣਾ ਕਰਦਾ ਹੈ। ਸੋ = ਉਹ ਜਨੁ = ਪੁਰਖ ਸੰਸਾਰ-ਸਮੁੰਦਰ ਤੋਂ ਉਧਰਨਹਾਰ = ਉਧਰਨੇ ਹਾਰਾ ਭਾਵ ਮੁਕਤ ਹੋ ਜਾਂਦਾ ਹੈ ਅਰਥਾਤ ਸੰਤ ਅਸਲੀ ਹੋਵੇ, ਸੰਤ ਕੌਣ ਹੈ ? ਗੁਰੂ ਜੀ ਫ਼ੁਰਮਾਨ ਕਰਦੇ ਹਨ :

**ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥**
**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥** *(ਅੰਗ ੩੧੯)*

**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥** *(ਅੰਗ ੩੦੫-੦੬)*

## ਸੰਤ ਕੀ ਨਿੰਦਾ ਨਾਨਕਾ; ਬਹੁਰਿ ਬਹੁਰਿ ਅਵਤਾਰ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੰਤ ਕੀ = ਦੀ ਨਿੰਦਾ = ਬਦਨਾਮੀ ਕਰਨ ਨਾਲ ਬਹੁਰਿ ਬਹੁਰਿ = ਮੁੜ ਮੁੜ ਕੇ ਜੂਨੀਆਂ ਵਿਚ ਅਵਤਾਰ = ਉਤਰਨਾ ਪੈਂਦਾ ਹੈ ॥੧॥

## ਅਸਟਪਦੀ ॥ ਸੰਤ ਕੈ ਦੂਖਨਿ; ਆਰਜਾ ਘਟੈ ॥
## ਸੰਤ ਕੈ ਦੂਖਨਿ; ਜਮ ਤੇ ਨਹੀ ਛੂਟੈ ॥

ਸੰਤਾਂ ਦੇ ਉੱਪਰ ਦੂਖਨਿ = ਦੋਖ ਅਰੋਪਣੇ ਕੈ = ਕਰ ਕੇ ਆਰਜਾ = ਉਮਰ ਘਟੈ = ਘਟ ਜਾਂਦੀ ਹੈ **ਅਥਵਾ**

ਜਿਨ੍ਹਾਂ ਵਿਚ ਕੇਵਲ ਗੁਣ ਹੀ ਗੁਣ ਹੋਣ, ਔਗੁਣ ਕੋਈ ਨਾ ਹੋਵੇ, ਕੇਵਲ ਪਰਮੇਸ਼ਰ ਦੇ ਨਾਮ ਨਾਲ ਪ੍ਰੇਮ ਹੋਵੇ, ਉਨ੍ਹਾਂ ਵਿਚ ਔਗੁਣ ਕੱਢ ਕੇ ਦੋਸ਼ ਲਾਉਣੇ :

**ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥** *(ਅੰਗ ੭੬੫)*

ਸੰਤਾਂ ਦੇ ਉੱਪਰ ਦੋਸ਼ ਲਾਉਣ ਵਾਲਾ ਕਦੇ ਵੀ ਜਮ ਤੋਂ ਛੁਟੈ = ਛੁਟਕਾਰਾ ਨਹੀਂ ਪਾ ਸਕਦਾ।

## ਸੰਤ ਕੈ ਦੂਖਨਿ; ਸੁਖੁ ਸਭੁ ਜਾਇ ॥ ਸੰਤ ਕੈ ਦੂਖਨਿ; ਨਰਕ ਮਹਿ ਪਾਇ ॥

ਸੰਤਾਂ 'ਤੇ ਦੂਖਨਿ = ਦੋਖ ਲਾਉਣੇ ਕੈ = ਕਰ ਕੇ ਸਭੁ = ਸਾਰੇ ਸੁਖ ਚਲੇ ਜਾਂਦੇ ਹਨ। ਸੰਤ 'ਤੇ ਦੂਖਨਿ = ਦੋਖ ਲਾਉਣੇ ਕੈ = ਕਰ ਕੇ ਨਿੰਦਕ ਪੁਰਖ ਨਰਕਾਂ ਮਹਿ = ਵਿਚ ਪਾਇ = ਪਾਇਆ ਜਾਂਦਾ ਹੈ।

## ਸੰਤ ਕੈ ਦੂਖਨਿ; ਮਤਿ ਹੋਇ ਮਲੀਨ ॥ ਸੰਤ ਕੈ ਦੂਖਨਿ; ਸੋਭਾ ਤੇ ਹੀਨ ॥

ਸੰਤਾਂ 'ਤੇ ਦੂਖਨਿ = ਦੋਸ਼ ਲਾਉਣੇ ਕੈ = ਕਰਕੇ ਜੀਵ ਦੀ ਮਤਿ = ਬੁੱਧੀ ਮਲੀਨ = ਗੰਦੀ ਹੋਇ = ਹੋ ਜਾਂਦੀ ਹੈ। ਸੰਤਾਂ 'ਤੇ ਦੂਖਨਿ = ਦੋਸ਼ ਲਾਉਣੇ ਕੈ = ਕਰ ਕੇ ਦੋਖੀ ਪੁਰਖ ਸੋਭਾ = ਵਡਿਆਈ ਤੇ = ਤੋਂ ਹੀਨ = ਰਹਿਤ ਹੋ ਜਾਂਦਾ ਹੈ।

## ਸੰਤ ਕੇ ਹਤੇ ਕਉ; ਰਖੈ ਨ ਕੋਇ ॥ ਸੰਤ ਕੈ ਦੂਖਨਿ; ਥਾਨ ਭ੍ਰਸਟੁ ਹੋਇ ॥

ਸੰਤਾਂ ਕੇ = ਦੇ ਹਤੇ = ਮਾਰੇ ਭਾਵ ਫਿਟਕਾਰੇ ਕਉ = ਨੂੰ ਕੋਇ = ਕੋਈ ਵੀ ਨ = ਨਹੀਂ ਰਖੈ = ਰੱਖ ਸਕਦਾ।

**ਸਾਖੀ—ਅੰਬਰੀਕ ਰਾਜੇ ਦੀ** : ਅੰਬਰੀਕ ਬੜਾ ਧਰਮਾਤਮਾ ਤੇ ਪਰਉਪਕਾਰੀ ਰਾਜਾ ਹੋਇਆ ਹੈ, ਇਕ ਸਮੇਂ ਇਸ ਨੇ ਇਕਾਦਸ਼ੀ ਦਾ ਵਰਤ ਰੱਖਿਆ ਹੋਇਆ ਸੀ, ਆਪਣੇ ਪ੍ਰੋਹਿਤ ਦੁਰਬਾਸ਼ਾ ਰਿਖੀ ਨੂੰ ਵਰਤ ਖੁਲ੍ਹਾਉਣ ਵਾਸਤੇ ਬੇਨਤੀ ਕੀਤੀ, ਦੁਰਬਾਸ਼ਾ ਰਿਖੀ ਕਹਿਣ ਲੱਗਾ ਕਿ ਮੈਂ ਇਸ਼ਨਾਨ ਕਰ ਕੇ ਆ ਰਿਹਾ ਹਾਂ।

ਉਧਰ ਕਿਤੇ ਵਰਤ ਖੋਲ੍ਹਣ ਵਿਚ ਦੋ ਘੜੀਆਂ ਹੀ ਰਹਿੰਦੀਆਂ ਸਨ, ਰਿਖੀ ਜਾਣ ਬੁਝ ਕੇ ਦੇਰੀ ਕਰਨ ਲੱਗਾ, ਰਿਖੀ ਨੇ ਵਿਚਾਰਿਆ ਕਿ ਜੇਕਰ ਇਸ ਨੇ ਮੇਰੇ ਜਾਣ ਤੋਂ ਪਹਿਲਾਂ ਵਰਤ ਖੋਲ ਲਿਆ ਤਾਂ ਮੈਂ ਇਸ ਨੂੰ ਸਰਾਪ ਦੇਵਾਂਗਾ ਅਤੇ ਜੇਕਰ ਇਸ ਨੇ ਵਰਤ ਨਾ ਖੋਲ੍ਹਿਆ ਤਾਂ ਇਸ ਦਾ ਪਿਛਲਾ ਸਾਰਾ ਨਿਯਮ ਭੰਗ ਹੋ ਜਾਵੇਗਾ, ਉੱਧਰ ਰਾਜੇ ਨੇ ਪੰਡਿਤਾਂ ਨੂੰ ਸੱਦ ਕੇ ਵਰਤ ਦੇ ਨਿਯਮਾਂ ਬਾਰੇ ਪੁੱਛਿਆ ਤਾਂ ਪੰਡਿਤਾਂ ਨੇ ਕਿਹਾ ਕਿ ਹੇ ਰਾਜਨ! ਤੂੰ ਅੰਨ ਮੂੰਹ ਨੂੰ ਲਾਉਣ ਦੀ ਥਾਂ ਜਲ ਨਾਲ ਵਰਤ ਖੋਲ੍ਹ ਲੈ, ਕਿਉਂਕਿ ਜਲ ਅੰਨ ਵੀ ਹੈ ਤੇ ਨਹੀਂ ਭੀ। ਇਹ ਗੱਲ ਸੁਣ ਕੇ ਅੰਬਰੀਕ ਨੇ ਠਾਕੁਰਾਂ ਦੇ ਚਰਨਾਂ ਦਾ ਜਲ (ਚਰਨਾਮ੍ਰਿਤ) ਲੈ ਕੇ ਵਰਤ ਖੋਲ੍ਹ ਲਿਆ।

ਇਤਨੇ ਨੂੰ ਦੁਰਬਾਸ਼ਾ ਵੀ ਇਸ਼ਨਾਨ ਕਰ ਕੇ ਰਾਜੇ ਪਾਸ ਆ ਗਿਆ, ਵਰਤ ਖੁਲ੍ਹਿਆ ਵੇਖ ਕੇ ਕਰੋਧ ਵਿਚ ਆਇਆ ਅਤੇ ਰਾਜੇ ਅੰਬਰੀਕ ਨੂੰ ਸਰਾਪ ਦੇਣ ਲੱਗਿਆ। ਜਦੋਂ ਸਰਾਪ ਦੇਣ ਲੱਗਿਆ ਤਾਂ ਅੰਬਰੀਕ ਰਾਜੇ ਨੇ ਪਰਮੇਸ਼ਰ ਅੱਗੇ ਸਹਾਇਤਾ ਲਈ ਅਰਦਾਸ ਕੀਤੀ। ਦੁਰਬਾਸ਼ੇ ਦੀ ਕਰੋਧ ਰੂਪੀ ਅਗਨੀ ਨੂੰ ਦੂਰ ਕਰਨ ਵਾਸਤੇ ਵਿਸ਼ਨੂੰ ਭਗਵਾਨ ਨੇ ਸੁਦਰਸ਼ਨ ਚੱਕਰ ਛੱਡਿਆ, ਸਾਰੇ ਦੇਵਤਿਆਂ ਕੋਲ ਦੁਰਬਾਸ਼ਾ ਰਿਖੀ ਗਿਆ, ਕਿਸੇ ਨੇ ਰੱਖਿਆ ਨਹੀਂ ਕੀਤੀ। ਅੰਤ ਨੂੰ ਅੰਬਰੀਕ ਰਾਜੇ ਦੇ ਪੈਰੀਂ ਪਿਆ ਤੇ ਸੁਦਰਸ਼ਨ ਚੱਕਰ ਤੋਂ ਪਿੱਛਾ ਛੁਡਾਇਆ।

ਸੰਤ ਜਨਾਂ 'ਤੇ ਦੂਖਨਿ = ਦੋਸ਼ ਲਾਉਣੇ ਕੈ = ਕਰਕੇ ਜਿਸ ਥਾਂ 'ਤੇ ਦੋਖੀ ਰਹਿੰਦਾ ਹੈ, ਉਹ ਥਾਨ = ਥਾਂ ਭ੍ਰਸਟੁ = ਮਲੀਨ ਹੋਇ = ਹੋ ਜਾਂਦਾ ਹੈ **ਵਾ:** ਸੰਤ ਜਨਾਂ ਦੇ ਉੱਪਰ ਦੋਸ਼ ਅਰੋਪਣ ਵਾਲੇ ਨਿੰਦਕ ਦਾ ਸਰੀਰ, ਹਿਰਦਾ ਰੂਪੀ ਥਾਂ ਭ੍ਰਸਟੁ = ਮਲੀਨ ਹੋ ਜਾਂਦਾ ਹੈ।

## ਸੰਤ ਕ੍ਰਿਪਾਲ; ਕ੍ਰਿਪਾ ਜੇ ਕਰੈ ॥
## ਨਾਨਕ ਸੰਤਸੰਗਿ; ਨਿੰਦਕੁ ਭੀ ਤਰੈ ॥੧॥

ਸੰਤ ਕ੍ਰਿਪਾਲ = ਕ੍ਰਿਪਾਲੂ ਜੇ = ਜੇਕਰ ਕ੍ਰਿਪਾ = ਮਿਹਰ ਕਰ ਦੇਣ। ਤਾਂ ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੰਤਾਂ ਦੀ ਸੰਗਤ ਕਰ ਕੇ ਨਿੰਦਕੁ = ਦੋਖੀ ਪੁਰਖ ਭੀ = ਵੀ ਤਰੈ = ਤਰ ਸਕਦਾ ਹੈ, ਭਾਵ ਉਸਦਾ ਵੀ ਉਧਾਰ ਹੋ ਸਕਦਾ ਹੈ ॥੧॥

## ਸੰਤ ਕੈ ਦੂਖਨ; ਤੇ ਮੁਖੁ ਭਵੈ ॥ ਸੰਤਨ ਕੈ ਦੂਖਨਿ; ਕਾਗ ਜਿਉ ਲਵੈ ॥

ਸੰਤਾਂ ਕੇ = ਦੇ ਉੱਪਰ ਦੂਖਨ = ਦੋਸ਼ ਲਾਉਣੇ ਤੇ = ਤੋਂ ਦੋਸ਼ ਲਾਉਣ ਵਾਲੇ ਦਾ ਮੁਖੁ = ਮੂੰਹ ਭਵੈ = ਭੌਂ, ਮੁੜ ਜਾਂਦਾ ਹੈ, ਭਾਵ ਲਕਵੇ ਦੀ ਬਿਮਾਰੀ ਹੋ ਜਾਂਦੀ ਹੈ। ਜੇ ਇਸ ਜਨਮ ਵਿਚ ਨਹੀਂ ਤਾਂ ਅਗਲੇ ਜਨਮ ਵਿਚ ਜ਼ਰੂਰ ਹੋ ਜਾਂਦੀ ਹੈ। ਸੰਤ ਪੁਰਸ਼ਾਂ ਦੇ ਉੱਪਰ ਦੂਖਨਿ = ਦੋਸ਼ ਲਾਉਣੇ ਕਰਕੇ ਜੀਵ ਕਾਗ = ਕਾਂ ਜਿਉ = ਵਾਂਗ ਵਿਅਰਥ ਹੀ ਲਵੈ = ਬਕਬਾਦ ਕਰਦਾ ਰਹਿੰਦਾ ਹੈ।

## ਸੰਤਨ ਕੈ ਦੂਖਨਿ; ਸਰਪ ਜੋਨਿ ਪਾਇ ॥
## ਸੰਤ ਕੈ ਦੂਖਨਿ; ਤ੍ਰਿਗਦ ਜੋਨਿ ਕਿਰਮਾਇ ॥

ਸੰਤਾਂ ਦੇ ਉੱਪਰ ਦੂਖਨਿ = ਦੋਸ਼ ਲਾਉਣੇ ਕਰਕੇ ਜੀਵ ਸਰਪ = ਸੱਪ ਦੀ ਜੂਨੀ ਵਿਚ ਪਾਇ = ਪਾਇਆ ਜਾਂਦਾ ਹੈ। ਸੰਤਾਂ ਦੇ ਉੱਪਰ ਦੂਖਨਿ = ਦੋਖ ਲਾਉਣੇ ਕਰਕੇ ਤ੍ਰਿਗਦ ਜੋਨਿ = ਟੇਢੀਆਂ ਜੂਨਾਂ ਕਿਰਮਾਇ = ਕੀੜੇ, ਮਕੌੜੇ ਕਿਰਮ, ਕਿਰਲੀ ਆਦਿ ਵਿਚ ਪੈਂਦਾ ਹੈ।

## ਸੰਤਨ ਕੈ ਦੂਖਨਿ; ਤ੍ਰਿਸਨਾ ਮਹਿ ਜਲੈ ॥
## ਸੰਤ ਕੈ ਦੂਖਨਿ; ਸਭੁ ਕੋ ਛਲੈ ॥

ਸੰਤਾਂ ਦੇ ਉੱਪਰ ਦੂਖਨਿ = ਦੋਖ ਲਾਉਣੇ ਕਰਕੇ ਨਿੰਦਕ ਤ੍ਰਿਸ਼ਨਾ ਦੀ ਅੱਗ ਮਹਿ = ਵਿਚ ਜਲੈ = ਸੜਦਾ ਰਹਿੰਦਾ ਹੈ। ਸੰਤਾਂ ਦੇ ਉੱਪਰ ਦੂਖਨਿ = ਦੋਸ਼ ਲਾਉਣੇ ਕਰਕੇ ਨਿੰਦਕ ਸਭੁ = ਸਾਰਿਆਂ ਕੋ = ਨੂੰ ਛਲੈ = ਧੋਖਾ ਦਿੰਦਾ ਹੈ, ਭਾਵ ਕਿਸੇ ਨਾਲ ਵੀ ਭਲਾਮਾਣਸ ਹੋ ਕੇ ਨਹੀਂ ਵਿਚਰਦਾ। ਨਿੰਦਕ ਦਾ ਐਸਾ ਸੁਭਾਅ ਹੋ ਜਾਂਦਾ ਹੈ।

## ਸੰਤ ਕੈ ਦੂਖਨਿ; ਤੇਜੁ ਸਭੁ ਜਾਇ ॥ ਸੰਤ ਕੈ ਦੂਖਨਿ; ਨੀਚੁ ਨੀਚਾਇ ॥

ਸੰਤਾਂ ਦੇ ਉੱਪਰ ਦੂਖਨਿ = ਦੋਸ਼ ਲਾਉਣੇ ਕਰਕੇ ਸਭੁ = ਸਾਰਾ ਤੇਜੁ = ਪ੍ਰਤਾਪ ਚਲਿਆ ਜਾਇ = ਜਾਂਦਾ ਹੈ। ਸੰਤਾਂ ਦੇ ਉੱਪਰ ਦੂਖਨਿ = ਦੋਸ਼ ਲਾਉਣੇ ਕਰਕੇ ਨਿੰਦਕ ਨੀਚਾਂ ਤੋਂ ਨੀਚਾਇ = ਨੀਚ ਹੋ ਜਾਂਦਾ ਹੈ। ਭਾਵ ਜਿਵੇਂ ਨੀਚ ਕਸਾਈ ਪਸ਼ੂਆਂ ਨੂੰ ਵੱਢਣ ਦਾ ਕੰਮ ਕਰਦੇ ਹਨ, ਉਨ੍ਹਾਂ ਕਸਾਈਆਂ ਤੋਂ ਵੀ ਨੀਚ ਹੋ ਜਾਂਦਾ ਹੈ।

## ਸੰਤ ਦੋਖੀ ਕਾ; ਥਾਉ ਕੋ ਨਾਹਿ ॥
## ਨਾਨਕ, ਸੰਤ ਭਾਵੈ; ਤਾ ਓਇ ਭੀ ਗਤਿ ਪਾਹਿ ॥੨॥

ਸੰਤ ਮਹਾਤਮਾ ਦੇ ਦੋਖੀ = ਦੋਸ਼ੀ ਦਾ ਕੋ = ਕੋਈ ਲੋਕ ਪਰਲੋਕ ਵਿਚ ਥਾਉ = ਥਾਂ ਨਾਹਿ = ਨਹੀਂ ਹੈ। ਭਾਵ ਉਸ ਨੂੰ ਕਿਤੇ ਵੀ ਢੋਈ ਨਹੀਂ ਮਿਲਦੀ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੇਕਰ ਸੰਤਾਂ ਨੂੰ ਭਾਵੈ = ਭਾਅ ਜਾਵੇ ਤਾਂ ਓਇ = ਉਹ ਨਿੰਦਕ ਭੀ = ਵੀ ਗਤਿ = ਮੁਕਤੀ ਨੂੰ ਪਾਹਿ = ਪਾ ਸਕਦਾ ਹੈ ॥੨॥

[ਅੰਗ ੨੮੦]

## ਸੰਤ ਕਾ ਨਿੰਦਕੁ; ਮਹਾ ਅਤਤਾਈ ॥ ਸੰਤ ਕਾ ਨਿੰਦਕੁ; ਖਿਨੁ ਟਿਕਨੁ ਨ ਪਾਈ ॥

ਸੰਤ ਕਾ = ਦਾ ਨਿੰਦਕੁ = ਅਪਜਸ ਕਰਨ ਵਾਲਾ ਮਹਾ ਅਤਤਾਈ = ਬੜਾ ਭਾਰੀ ਪਾਪੀ ਹੈ, ਉਸ ਨੂੰ ਅਤਤਾਈ ਕਹਿੰਦੇ ਹਨ ਜੋ ਛੇ ਦੋਸ਼ਾਂ ਦੇ ਸਹਿਤ ਹੈ।

੧. ਕਿਸੇ ਮਕਾਨ ਨੂੰ ਅੱਗ ਲਾਉਣੀ; ੨. ਸ਼ਾਸਤਰਹੀਨ ਨੂੰ ਮਾਰਨਾ; ੩. ਕਿਸੇ ਨੂੰ ਜ਼ਹਿਰ ਦੇ ਕੇ ਮਾਰ ਦੇਣਾ; ੪. ਆਪਣੀ ਤਾਕਤ ਨਾਲ ਦੂਜੇ ਦਾ ਧਨ ਖੋਹਣਾ; ੫. ਜ਼ਬਰਦਸਤੀ ਪਰਾਈ ਇਸਤਰੀ ਨੂੰ ਚੁੱਕ ਲੈਣਾ; ੬. ਪਰਾਈ ਜ਼ਮੀਨ ਖੋਹ ਲੈਣੀ।

ਇਸ ਕਰਕੇ ਸੰਤਾਂ ਦੀ ਨਿੰਦਿਆਂ ਕਰਨ ਵਾਲੇ ਪੁਰਖ ਨੂੰ ਮਹਾ ਅਤਤਾਈ ਕਹਿੰਦੇ ਹਨ :

**ਅਗਨ ਲਾਇ ਬਿਖ ਦੇਵਈ ਸ਼ਸਤਰਹੀਨ ਕੋ ਮਾਰ ॥**
**ਧਨ ਦਾਰਾ ਭੂਮੀ ਹਰੈ ਅਤਤਾਈ ਦੁਇ ਚਾਰ ॥**

ਸੰਤਾਂ ਕਾ = ਦਾ ਨਿੰਦਕੁ = ਅਪਜਸ ਕਰਨ ਵਾਲਾ ਖਿਨੁ = ਇਕ ਛਿਨ ਵੀ ਕਿਸੇ ਪਦਵੀ 'ਤੇ ਟਿਕਨੁ = ਟਿਕਣਾ ਨ = ਨਹੀਂ ਪਾਈ = ਪਾਉਣਾ ਕਰਦਾ।

## ਸੰਤ ਕਾ ਨਿੰਦਕੁ; ਮਹਾ ਹਤਿਆਰਾ ॥ ਸੰਤ ਕਾ ਨਿੰਦਕੁ; ਪਰਮੇਸੁਰਿ ਮਾਰਾ ॥

ਸੰਤਾਂ ਕਾ = ਦਾ ਨਿੰਦਕ ਮਹਾ = ਵੱਡਾ ਹਤਿਆਰਾ = ਹੱਤਿਆ ਕਰਨ ਵਾਲਾ ਭਾਵ ਪਾਪੀ ਹੁੰਦਾ ਹੈ, ਭਾਵ ਅਤੀ ਪਾਪੀ ਹੁੰਦਾ ਹੈ। ਸੰਤਾਂ ਕਾ = ਦਾ ਨਿੰਦਕ ਪਰਮੇਸ਼ਰ ਵੱਲੋਂ ਮਾਰਾ = ਮਾਰਿਆ ਹੋਇਆ ਹੁੰਦਾ ਹੈ।

## ਸੰਤ ਕਾ ਨਿੰਦਕੁ; ਰਾਜ ਤੇ ਹੀਨੁ ॥ ਸੰਤ ਕਾ ਨਿੰਦਕੁ; ਦੁਖੀਆ ਅਰੁ ਦੀਨੁ ॥

ਸੰਤਾਂ ਕਾ = ਦਾ ਨਿੰਦਕੁ = ਅਪਜਸ ਕਰਨ ਵਾਲਾ ਜੇ ਰਾਜ ਦਾ ਮਾਲਕ ਹੋਵੇ ਤਾਂ ਰਾਜ ਤੇ = ਤੋਂ ਹੀਨੁ = ਰਹਿਤ ਹੋ ਜਾਂਦਾ ਹੈ **ਵਾ:** ਸੰਤਾਂ ਕਾ = ਦਾ ਨਿੰਦਕ ਗਿਆਨ ਤੋਂ ਹੀਨ = ਰਹਿਤ ਹੁੰਦਾ ਹੈ। ਸੰਤਾਂ ਕਾ = ਦਾ ਨਿੰਦਕ ਸਰੀਰਕ ਰੋਗਾਂ ਤੋਂ ਦੁਖੀਆ = ਅਤਿਅੰਤ ਦੁਖੀ ਹੋ ਕੇ ਦੀਨੁ = ਕੰਗਾਲੀ ਧਾਰ ਕੇ ਹੋਰਨਾਂ ਦੇ ਅਧੀਨ ਹੁੰਦਾ ਹੈ **ਵਾ:** ਸੰਤਾਂ ਦਾ ਨਿੰਦਕ ਦੁਖੀ ਅਤੇ ਦੀਨੁ = ਕੰਗਾਲ ਹੋ ਕੇ ਹਰੇਕ ਦੇ ਅੱਗੇ ਅਧੀਨ ਹੋਇਆ ਰਹਿੰਦਾ ਹੈ।

## ਸੰਤ ਕੇ ਨਿੰਦਕ ਕਉ; ਸਰਬ ਰੋਗ ॥ ਸੰਤ ਕੇ ਨਿੰਦਕ ਕਉ; ਸਦਾ ਬਿਜੋਗ ॥

ਸੰਤਾਂ ਕੇ = ਦੇ ਨਿੰਦਕ = ਅਪਜਸ ਕਰਨ ਵਾਲੇ ਕਉ = ਨੂੰ ਸਰੀਰਕ, ਕਾਮ, ਕ੍ਰੋਧ, ਲੋਭ, ਮੋਹ ਆਦਿਕ ਸਰਬ = ਸਾਰੇ ਰੋਗ ਆ ਚਿੰਬੜਦੇ ਹਨ।

ਸੰਤਾਂ ਕੇ = ਦੇ ਨਿੰਦਕ ਕਉ = ਨੂੰ ਸਦਾ = ਹਮੇਸ਼ਾਂ ਪਰਮੇਸ਼ਰ ਨਾਲੋਂ ਬਿਜੋਗ = ਵਿਛੋੜਾ ਪਿਆ ਰਹਿੰਦਾ ਹੈ **ਵਾ:** ਸ਼ੁਭ ਗੁਣਾਂ ਤੋਂ ਬਿਜੋਗ = ਵਿਛੋੜਾ ਪਿਆ ਰਹਿੰਦਾ ਹੈ।

## ਸੰਤ ਕੀ ਨਿੰਦਾ; ਦੋਖ ਮਹਿ ਦੋਖੁ ॥
## ਨਾਨਕ ਸੰਤ ਭਾਵੈ; ਤਾ ਉਸ ਕਾ ਭੀ ਹੋਇ ਮੋਖੁ ॥੩॥

ਸੰਤਾਂ ਕੀ = ਦੀ ਨਿੰਦਾ = ਬਦਨਾਮੀ ਕਰਨੀ ਦੋਖ = ਦੋਸ਼ਾਂ ਮਹਿ = ਵਿੱਚੋਂ ਵੱਡਾ ਦੋਖੁ = ਦੋਸ਼ ਹੈ **ਵਾ:** ਸੰਤਾਂ ਕੀ = ਦੀ ਨਿੰਦਾ = ਨਿੰਦਿਆ ਕਰਨ ਵਾਲਾ ਸਾਰਿਆਂ ਦੋਖਾਂ ਮਹਿ = ਵਿੱਚੋਂ ਭਾਰੀ ਦੋਖੁ = ਦੋਸ਼ੀ ਹੁੰਦਾ ਹੈ **ਵਾ:** ਬੜਾ ਭਾਰੀ ਪਾਪੀ ਹੁੰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੇਕਰ ਸੰਤ = ਸ਼ਾਂਤ ਆਤਮਾ

ਮਹਾਤਮਾ ਜਨਾਂ ਨੂੰ ਭਾਵੈ = ਭਾਅ ਜਾਵੇ ਤਾਂ ਉਸ ਨੂੰ ਭੀ = ਵੀ ਮੋਖੁ = ਮੁਕਤ ਕਰ ਦਿੰਦੇ ਹਨ, ਕਿਉਂਕਿ ਸਤਿ ਪੁਰਖ ਨਿਰਵੈਰ ਹੁੰਦੇ ਹਨ ॥੩॥

## ਸੰਤ ਕਾ ਦੋਖੀ; ਸਦਾ ਅਪਵਿਤੁ ॥ ਸੰਤ ਕਾ ਦੋਖੀ; ਕਿਸੈ ਕਾ ਨਹੀ ਮਿਤੁ ॥

ਸੰਤਾਂ ਕਾ = ਦਾ ਦੋਖੀ = ਦੋਸ਼ੀ ਸਦਾ = ਹਮੇਸ਼ਾਂ ਮਨ ਕਰਕੇ ਅਪਵਿਤੁ = ਅਪਵਿੱਤਰ ਭਾਵ ਮਲੀਨ ਰਹਿੰਦਾ ਹੈ। ਸੰਤਾਂ ਕਾ = ਦਾ ਦੋਖੀ = ਦੋਸ਼ੀ ਕਿਸੇ ਕਾ = ਦਾ ਮਿਤੁ = ਮਿੱਤਰ ਨਹੀਂ ਹੁੰਦਾ।

## ਸੰਤ ਕੇ ਦੋਖੀ ਕਉ; ਡਾਨੁ ਲਾਗੈ ॥ ਸੰਤ ਕੇ ਦੋਖੀ ਕਉ; ਸਭ ਤਿਆਗੈ ॥

ਸੰਤਾਂ ਕੇ = ਦੇ ਦੋਖੀ = ਦੋਸ਼ੀ ਕਉ = ਨੂੰ ਜਮਾਂ ਦਾ ਡਾਨੁ = ਡੰਡ ਲਾਗੈ = ਲੱਗਦਾ ਹੈ। ਸੰਤਾਂ ਕੇ = ਦੇ ਦੋਖੀ = ਦੋਸ਼ੀ ਕਉ = ਨੂੰ ਸਭ = ਸਾਰੇ ਰੱਬ ਦੇ ਪਿਆਰੇ ਤਿਆਗੈ = ਛੱਡ ਦਿੰਦੇ ਹਨ। ਕਿਉਂਕਿ :

## ਸੰਤ ਕਾ ਦੋਖੀ; ਮਹਾ ਅਹੰਕਾਰੀ ॥ ਸੰਤ ਕਾ ਦੋਖੀ; ਸਦਾ ਬਿਕਾਰੀ ॥

ਸੰਤਾਂ ਕਾ = ਦਾ ਦੋਖੀ = ਦੋਸ਼ੀ ਮਹਾ = ਅਤਿਅੰਤ ਅਹੰਕਾਰੀ = ਹੰਕਾਰ ਵਾਲਾ ਹੁੰਦਾ ਹੈ। ਸੰਤਾਂ ਕਾ = ਦਾ ਦੋਖੀ = ਦੋਸ਼ੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਸ਼ਿਆਂ ਵਿਚ ਲੱਗ ਕੇ ਸਦਾ = ਹਮੇਸ਼ਾਂ ਬਿਕਾਰੀ ਬਣਿਆ ਰਹਿੰਦਾ ਹੈ।

## ਸੰਤ ਕਾ ਦੋਖੀ; ਜਨਮੈ ਮਰੈ ॥ ਸੰਤ ਕੀ ਦੂਖਨਾ; ਸੁਖ ਤੇ ਟਰੈ ॥

ਸੰਤਾਂ ਕਾ = ਦਾ ਦੋਖੀ = ਦੋਸ਼ੀ ਜਨਮੈ = ਜੰਮਦਾ ਮਰੈ = ਮਰਦਾ ਰਹਿੰਦਾ ਹੈ, ਭਾਵ ਕਦੇ ਵੀ ਮੁਕਤ ਨਹੀਂ ਹੁੰਦਾ।

ਸੰਤਾ ਕੀ = ਦੀ ਦੂਖਨਾ = ਨਿੰਦਿਆ ਕਰਨ ਵਾਲਾ ਸੁਖਾਂ ਤੇ = ਤੋਂ ਟਰੈ = ਟਲ ਜਾਂਦਾ ਹੈ **ਵਾ:** ਸੰਤਾਂ ਦੀ ਨਿੰਦਿਆ ਕਰ ਕੇ ਆਤਮਿਕ ਸੁਖ ਤੇ = ਤੋਂ ਵੀ ਟਰੈ = ਟਲ ਜਾਂਦਾ ਹੈ।

## ਸੰਤ ਕੇ ਦੋਖੀ ਕਉ; ਨਾਹੀ ਠਾਉ ॥
## ਨਾਨਕ ਸੰਤ ਭਾਵੈ; ਤਾ ਲਏ ਮਿਲਾਇ ॥੪॥

ਸੰਤਾਂ ਕੇ = ਦੇ ਦੋਖੀ = ਦੋਸ਼ੀ ਕਉ = ਨੂੰ ਲੋਕ ਪਰਲੋਕ ਵਿਚ ਕੋਈ ਠਾਉ = ਟਿਕਾਣਾ ਨਾਹੀ = ਨਹੀਂ ਮਿਲਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੇਕਰ ਸੰਤਾਂ ਮਹਾਤਮਾ ਨੂੰ ਭਾਵੈ = ਭਾਅ ਜਾਵੇ ਤਾਂ ਉਸ ਨੂੰ ਪਰਮੇਸ਼ਰ ਨਾਲ ਮਿਲਾਇ = ਮਿਲਾ ਲਏ = ਲੈਂਦੇ ਹਨ ॥੪॥

## ਸੰਤ ਕਾ ਦੋਖੀ; ਅਧ ਬੀਚ ਤੇ ਟੂਟੈ ॥ ਸੰਤ ਕਾ ਦੋਖੀ; ਕਿਤੈ ਕਾਜਿ ਨ ਪਹੂਚੈ ॥

ਸੰਤਾਂ ਕਾ = ਦਾ ਦੋਖੀ = ਦੋਸ਼ੀ ਅਧ ਬੀਚ = ਅਧ ਵਿਚਾਲਿਓ ਤੇ = ਤੋਂ ਟੂਟੈ = ਟੁੱਟ ਜਾਂਦਾ ਹੈ **ਵਾ:** ਉਹ ਪੂਰੀ ਜਵਾਨੀ ਨਹੀਂ ਭੋਗਦਾ, ਅੱਧ ਵਿਚਕਾਰ ਮੌਤ ਹੋ ਜਾਂਦੀ ਹੈ **ਵਾ:** ਅੱਧ ਵਿਚਕਾਰ ਤੋਂ ਵਡਿਆਈਆਂ ਦੀ ਤਾਰ ਵੀ ਟੂਟੇ = ਟੁੱਟ ਜਾਂਦੀ ਹੈ **ਵਾ:** ਕੋਈ ਕਾਰਜ ਸਿਰੇ ਨਹੀਂ ਚੜ੍ਹਦਾ, ਅੱਧ ਵਿਚਾਲਿਓ ਹੀ ਟੁੱਟ ਜਾਂਦਾ ਹੈ **ਵਾ:** ਜੇਕਰ ਪਰਮੇਸ਼ਰ ਨਾਲ ਬਿਰਤੀ ਲਾਉਂਦਾ ਹੋਵੇ ਤਾਂ ਉਹ ਵੀ ਅੱਧ ਵਿਚਕਾਰੋਂ ਟੂਟੈ = ਟੁੱਟ ਜਾਂਦੀ ਹੈ। ਜੈਸਾ ਕਿ :

**ਟੂਟੀ ਨਿੰਦਕ ਕੀ ਅਧ ਬੀਚ ॥** *(ਅੰਗ ੧੨੨੪)*

ਸੰਤਾਂ ਕਾ = ਦਾ ਦੋਖੀ = ਦੋਸ਼ੀ ਕਿਤੈ = ਕਿਸੇ ਕਾਜਿ = ਕਾਰਜ ਵਿਚ ਸਿਰੇ ਨ = ਨਹੀਂ ਪਹੂਚੈ = ਪਹੁੰਚ ਸਕਦਾ।

## ਸੰਤ ਕੇ ਦੋਖੀ ਕਉ; ਉਦਿਆਨ ਭ੍ਰਮਾਈਐ ॥
## ਸੰਤ ਕਾ ਦੋਖੀ; ਉਝੜਿ ਪਾਈਐ ॥

ਸੰਤਾਂ ਕੇ = ਦੇ ਦੋਖੀ = ਦੋਸ਼ੀ ਕਉ = ਨੂੰ ਸੰਸਾਰ ਰੂਪੀ ਉਦਿਆਨ = ਉਜਾੜ ਵਿਚ ਭ੍ਰਮਾਈਐ = ਭਰਮਾਇਆ ਜਾਂਦਾ ਹੈ **ਵਾ:** ਜਮਾਂ ਦੀ ਉਜਾੜ ਵਿਚ ਫੇਰਿਆ ਜਾਂਦਾ ਹੈ। ਸੰਤਾਂ ਕਾ = ਦਾ ਦੋਖੀ = ਦੋਸ਼ੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪੀ ਉਝੜਿ = ਉਜਾੜ ਵਿਚ ਪਾਈਐ = ਪਾਈਦਾ ਹੈ।

## ਸੰਤ ਕਾ ਦੋਖੀ; ਅੰਤਰ ਤੇ ਥੋਥਾ ॥
## ਜਿਉ ਸਾਸ ਬਿਨਾ; ਮਿਰਤਕ ਕੀ ਲੋਥਾ ॥

ਸੰਤਾਂ ਕਾ = ਦਾ ਦੋਖੀ = ਦੋਸ਼ੀ ਹਿਰਦੇ ਦੇ ਅੰਤਰ = ਅੰਦਰ ਤੇ = ਤੋਂ ਥੋਥਾ = ਖ਼ਾਲੀ ਹੁੰਦਾ ਹੈ **ਵਾ:** ਸ਼ੁਭ ਗੁਣਾਂ ਤੋਂ ਖ਼ਾਲੀ ਹੁੰਦਾ ਹੈ। ਜਿਉ = ਜਿਵੇਂ ਸਾਸ = ਸੁਆਸਾਂ ਤੋਂ ਬਿਨਾ = ਬਗ਼ੈਰ ਮਿਰਤਕ = ਮ੍ਰਿਤੂ ਮਨੁੱਖ ਕੀ = ਦੀ ਲੋਥਾ = ਲਾਸ਼ ਪਈ ਹੁੰਦੀ ਹੈ।

## ਸੰਤ ਕੇ ਦੋਖੀ ਕੀ; ਜੜ ਕਿਛੁ ਨਾਹਿ ॥
## ਆਪਨ ਬੀਜਿ; ਆਪੇ ਹੀ ਖਾਹਿ ॥

ਸੰਤਾਂ ਕੇ = ਦੇ ਦੋਖੀ = ਦੋਸ਼ੀ ਕੀ = ਦੀ ਪੁੱਤਰ, ਧੀਆਂ ਇਸਤਰੀ ਆਦਿ ਕੀ = ਦੀ ਕਿਛੁ = ਕੁਝ ਵੀ ਜੜ ਨਾਹਿ = ਨਹੀਂ ਰਹਿੰਦੀ, ਭਾਵ ਕੁਲ ਦਾ ਜੜ = ਮੁੱਢ ਤੋਂ ਖ਼ਾਤਮਾ ਹੋ ਜਾਂਦਾ ਹੈ **ਵਾ:** ਸੰਤਾਂ ਦੇ ਦੋਖੀ ਅੰਦਰ ਸ਼ੁਭ ਗੁਣਾਂ ਦੀ ਤੇ ਸ਼ਰਧਾ ਭਾਵਨਾ ਦੀ ਕੋਈ ਜੜ੍ਹ ਨਹੀਂ ਹੁੰਦੀ। ਆਪ ਹੀ ਆਪਣੇ ਕਰਮਾਂ ਨੂੰ ਬੀਜਿ = ਬੀਜਣਾ ਕਰਦਾ ਹੈ ਤੇ ਆਪ ਹੀ ਫੇਰ ਖਾਹਿ = ਖਾਂਦਾ ਹੈ।

## ਸੰਤ ਕੇ ਦੋਖੀ ਕਉ; ਅਵਰੁ ਨ ਰਾਖਨਹਾਰੁ ॥
## ਨਾਨਕ ਸੰਤ ਭਾਵੈ; ਤਾ ਲਏ ਉਬਾਰਿ ॥੫॥

ਸੰਤਾਂ ਕੇ = ਦੇ ਦੋਖੀ = ਦੋਸ਼ੀ ਕਉ = ਨੂੰ ਸੰਸਾਰ ਵਿਚ ਅਵਰੁ = ਹੋਰ ਕੋਈ ਵੀ ਰਾਖਨਹਾਰੁ = ਰੱਖਣ ਵਾਲਾ ਨਹੀਂ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੇਕਰ ਸੰਤਾਂ ਨੂੰ ਭਾਵੈ = ਭਾਅ ਜਾਵੇ ਤਾਂ ਨਿੰਦਕ ਨੂੰ ਵੀ ਨਰਕਾਂ ਤੋਂ ਉਬਾਰਿ = ਬਚਾ ਲਏ = ਲੈਂਦੇ ਹਨ ॥੫॥

## ਸੰਤ ਕਾ ਦੋਖੀ; ਇਉ ਬਿਲਲਾਇ ॥
## ਜਿਉ ਜਲ ਬਿਹੂਨ; ਮਛੁਲੀ ਤੜਫੜਾਇ ॥

ਸੰਤਾਂ ਕਾ = ਦਾ ਦੋਖੀ = ਦੋਸ਼ੀ ਇਉ = ਇਸ ਤਰ੍ਹਾਂ ਬਿਲਲਾਇ = ਵਿਰਲਾਪ ਕਰਦਾ ਹੈ। ਜਿਉ = ਜਿਵੇਂ ਜਲ = ਪਾਣੀ ਤੋਂ ਬਿਹੂਨ = ਬਿਨਾਂ ਮਛੁਲੀ = ਮੱਛੀ ਤੜਫੜਾਇ = ਤੜਫਾਉਂਦੀ ਹੈ।

## ਸੰਤ ਕਾ ਦੋਖੀ; ਭੂਖਾ ਨਹੀ ਰਾਜੈ ॥ ਜਿਉ ਪਾਵਕੁ; ਈਧਨਿ ਨਹੀ ਧ੍ਰਾਪੈ ॥

ਸੰਤਾਂ ਕਾ = ਦਾ ਦੋਖੀ = ਦੋਸ਼ੀ ਕਦੇ ਵੀ ਰਾਜੈ = ਰੱਜਦਾ ਨਹੀਂ ਹਮੇਸ਼ਾ ਨਿੰਦਿਆ ਰੂਪੀ ਭੋਜਨ ਤੋਂ ਭੂਖਾ = ਭੁੱਖਾ ਹੀ ਰਹਿੰਦਾ ਹੈ **ਵਾ:** ਸੰਤਾਂ ਦਾ ਦੋਖੀ ਤ੍ਰਿਸ਼ਨਾ ਕਰਕੇ ਭੂਖਾ = ਭੁੱਖਾ ਹੋਇਆ ਕਦੇ ਰਾਜੈ = ਰੱਜਦਾ ਨਹੀਂ ਹੈ। ਜਿਉ = ਜਿਵੇਂ ਪਾਵਕੁ = ਅਗਨੀ ਈਧਨਿ = ਲੱਕੜਾਂ ਨਾਲ ਧ੍ਰਾਪੈ = ਰੱਜਦੀ ਭਾਵ ਤ੍ਰਿਪਤ ਨਹੀਂ ਹੁੰਦੀ।

## ਸੰਤ ਕਾ ਦੋਖੀ; ਛੁਟੈ ਇਕੇਲਾ ॥ ਜਿਉ ਬੂਆੜੁ ਤਿਲੁ; ਖੇਤ ਮਾਹਿ ਦੁਹੇਲਾ ॥

ਸੰਤਾਂ ਕਾ = ਦਾ ਦੋਖੀ = ਦੋਸ਼ੀ ਸੰਸਾਰ ਵਿਚ ਇਕੇਲਾ = ਇਕੱਲਾ ਹੀ ਛੁਟੈ = ਛੁੱਟੜ ਕੀਤਾ ਜਾਂਦਾ ਹੈ। ਜਿਉ = ਜਿਵੇਂ ਤਿਲਾਂ ਦੇ ਖੇਤ ਮਾਹਿ = ਵਿਚ ਬੂਆੜ ਤਿਲ ਦਾ ਬੂਟਾ ਛੱਡਿਆ ਜਾਂਦਾ ਹੈ, ਉਹ ਦੁਹੇਲਾ = ਦੁਖੀ ਹੀ ਰਹਿੰਦਾ ਹੈ। ਜਿਵੇਂ ਬੂਆੜੁ = ਖ਼ਾਲੀ ਤਿਲਾਂ ਦਾ ਬੂਟਾ ਜੋ ਤਿਲਾਂ ਦੀ ਪੈਲੀ ਵਿਚ ਉੱਗਦਾ ਹੈ, ਜਿਸ ਦੀ ਫਲੀ ਵਿਚ ਤਿਲ ਨਹੀਂ ਹੁੰਦੇ, ਕੇਵਲ ਸੁਆਹ ਹੀ ਹੁੰਦੀ ਹੈ। ਜ਼ਿਮੀਂਦਾਰ ਤਿਲਾਂ ਵਾਲੇ ਬੂਟੇ ਕੱਟ ਕੇ ਲੈ ਜਾਂਦੇ ਹਨ ਅਤੇ ਬੂਆੜ ਤਿਲ ਨੂੰ ਖੇਤ ਮਹਿ = ਵਿਚ ਹੀ ਦੁਹੇਲਾ = ਦੁਖੀ ਛੱਡ ਜਾਂਦੇ ਹਨ। ਜੈਸਾ ਕਿ :

**ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥** *(ਆਸਾ ਦੀ ਵਾਰ, ਅੰਗ ੪੬੩)*

## ਸੰਤ ਕਾ ਦੋਖੀ; ਧਰਮ ਤੇ ਰਹਤ ॥ ਸੰਤ ਕਾ ਦੋਖੀ; ਸਦ ਮਿਥਿਆ ਕਹਤ ॥

ਸੰਤਾਂ ਕਾ = ਦਾ ਦੋਖੀ = ਦੋਸ਼ੀ ਧਰਮ ਤੇ = ਤੋਂ ਰਹਿਤ ਹੁੰਦਾ ਹੈ, ਭਾਵ ਉਸ ਦਾ ਕੋਈ ਵੀ ਧਰਮ ਨਹੀਂ ਹੁੰਦਾ। ਸੰਤਾਂ ਕਾ = ਦਾ ਦੋਖੀ = ਦੋਸ਼ੀ ਸਦ = ਹਮੇਸ਼ਾਂ ਮਿਥਿਆ = ਝੂਠ ਹੀ ਕਹਤ = ਕਹਿੰਦਾ ਰਹਿੰਦਾ ਹੈ, ਭਾਵ ਹਮੇਸ਼ਾਂ ਝੂਠੇ ਸ਼ਬਦਾਂ ਨੂੰ ਹੀ ਬੋਲਦਾ ਹੈ।

**ਸਾਖੀ—ਚੇਤੋ ਮਸੰਦ ਦੀ ਝੂਠ ਬੋਲਣ ਦੀ :** ਇਕ ਦਿਨ ਕਲਗ਼ੀਧਰ ਜੀ ਦੀਵਾਨ ਵਿਚ ਸਜੇ ਬੈਠੇ ਸਨ, ਸੰਗਤਾਂ ਦਰਸ਼ਨਾਂ ਲਈ ਹੁੰਮ-ਹੁਮਾ ਕੇ ਆ ਰਹੀਆਂ ਸਨ। ਸਤਿਗੁਰੂ ਜੀ ਸੰਗਤਾਂ ਨਾਲ ਬਚਨ ਬਿਲਾਸ ਕਰ ਰਹੇ ਸਨ, ਬਚਨ ਕਰਦੇ ਕਰਦੇ ਚੁੱਪ ਕਰ ਗਏ ਅਤੇ ਸਮਾਧੀ ਲਾ ਕੇ ਅਡੋਲ ਬੈਠ ਗਏ, ਸੰਗਤਾਂ ਵੀ ਸਾਰੀਆਂ ਖ਼ਾਮੋਸ਼ ਹੋ ਗਈਆਂ, ਕੁਝ ਚਿਰ ਮਗਰੋਂ ਕਲਗ਼ੀਧਰ ਜੀ ਨੇ ਅੱਖਾਂ ਖੋਲ੍ਹੀਆਂ ਤੇ ਆਸੇ ਪਾਸੇ ਵੇਖਣ ਲੱਗੇ। ਸਾਹਮਣੇ ਖੜ੍ਹੇ ਚੋਬਦਾਰ ਨੂੰ ਇਸ਼ਾਰਾ ਕੀਤਾ ਅਤੇ ਚੋਬਦਾਰ ਅਦਬ ਸਤਿਕਾਰ ਸਹਿਤ ਅੱਗੇ ਵਧਿਆ ਤਾਂ ਆਗਿਆ ਹੋਈ ਕਿ ਬਾਹਰ ਜਾਓ ਅਤੇ ਇਕ ਸਿੱਖ ਬ੍ਰਿਛ ਹੇਠਾਂ ਬੈਠਾ ਹੈ, ਉਸ ਦੇ ਨੈਣਾਂ ਵਿਚ ਜਲ ਹੈ ਅਤੇ ਕਦੇ ਚੁੱਪ ਕਰ ਜਾਂਦਾ ਹੈ, ਕਦੇ ਆਪਣੇ ਨਾਲ ਆਪ ਹੀ ਗੱਲਾਂ ਕਰਦਾ ਹੈ, ਉਸ ਸਿੱਖ ਨੂੰ ਲੈ ਕੇ ਆਉ। ਚੋਬਦਾਰ ਨਮਸਕਾਰ ਕਰ ਕੇ ਜਿਥੇ ਕਲਗ਼ੀਧਰ ਜੀ ਨੇ ਕਿਹਾ, ਉਥੇ ਪਹੁੰਚਿਆ, ਸਿੱਖ ਉਸੇ ਤਰ੍ਹਾਂ ਬੈਠਾ ਸੀ, ਨੇਤਰ ਬੰਦ ਸਨ ਅੱਖਾਂ ਵਿਚ ਹੰਝੂ ਕਿਰਦੇ ਸਨ, ਚੋਬਦਾਰ ਉਥੇ ਜਾ ਖੜਾ ਹੋਇਆ ਅਤੇ ਸੋਚਣ ਲੱਗਾ ਕਿ ਜਦੋਂ ਨੇਤਰ ਖੋਲ੍ਹੇ, ਇਸ ਨੂੰ ਗੁਰੂ ਸਾਹਿਬ ਜੀ ਦਾ ਹੁਕਮ ਸੁਣਾਵਾਂ, ਭਗਤੀ ਵਿਚ ਜੁੜੇ ਨੂੰ ਬਿਘਨ ਨਾ ਪਾਵਾਂ।

ਥੋੜੇ ਸਮੇਂ ਮਗਰੋਂ ਸਿੱਖ ਦੀ ਬੜੀ ਵੈਰਾਗਮਈ ਅਵਾਜ਼ ਆਉਣ ਲੱਗ ਪਈ ਕਿ ਹੇ ਮਨਾਂ! ਸਤਿਗੁਰੂ ਜੀ ਦਾ ਦਰ ਸਭ ਲਈ ਖੁੱਲ੍ਹਾ ਹੈ, ਸਤਿਗੁਰੂ ਸਿੱਖਾਂ ਨੂੰ ਪੁੱਤਰਾਂ ਵਾਂਗ ਪਿਆਰ ਕਰਦੇ ਹਨ, ਇਹ ਨਹੀਂ ਹੋ ਸਕਦਾ ਕਿ ਐਸੇ ਦਾਤੇ ਨੇ ਆਪਣਾ ਦਰ ਮੇਰੇ ਲਈ ਬੰਦ ਕੀਤਾ ਹੋਵੇ। ਮੈਂ ਕਿੰਨੀ ਵਾਰ ਚੇਤੋ ਮਸੰਦ ਨੂੰ ਕਿਹਾ ਹੈ ਕਿ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਾਉਣਾ ਕਰੋ, ਅੱਗੋਂ ਅੱਜਕੱਲ੍ਹ ਕਹਿ ਦਿੰਦਾ ਹੈ ਕਿ ਤੇਰੀ ਭੇਟਾ ਕਲਗ਼ੀਧਰ ਨੇ ਪ੍ਰਵਾਨ ਕਰ ਲਈ ਹੈ ਤੇ ਵਰਦਾਨ ਦਿੱਤੇ ਹਨ। ਫਿਰ ਦਰਸ਼ਨ ਕਿਉਂ ਨਹੀਂ ਹੁੰਦੇ? ਇਹ ਦਰ ਤਾਂ ਸੱਚਾ ਹੈ ਚੋਬਦਾਰ ਨੇ ਕਿਉਂ ਆਖ ਦਿੱਤਾ।

ਹੇ ਮਨਾਂ! ਤੇਰੇ ਵਿਚ ਜ਼ਰੂਰ ਕੋਈ ਖੋਟ ਹੈ, ਇਸ ਕਰਕੇ ਸੱਚਾ ਗੁਰੂ ਤੈਨੂੰ ਮੂੰਹ ਨਹੀਂ ਲਾਉਂਦਾ। ਕਿਤਨੇ ਚਿਰ ਤੋਂ ਬੈਠਾ ਅਰਦਾਸ ਕਰ ਰਿਹਾ ਹਾਂ, ਮੈਂ ਪਾਪੀ ਹਾਂ, ਇਤਨਾ ਕਹਿ ਕੇ ਨੇਤਰਾਂ ਵਿਚ ਜਲ ਬਹਿ ਪਿਆ, ਜਦੋਂ ਨੇਤਰ ਖੋਲ੍ਹੇ ਤਾਂ ਚੋਬਦਾਰ ਨੇ ਅੱਗੇ ਹੋ ਕੇ ਆਖਿਆ—ਗੁਰੂ ਦੇ ਪਿਆਰੇ ਸਿੱਖਾ! ਤੈਨੂੰ ਕਲਗ਼ੀਧਰ ਜੀ ਨੇ ਯਾਦ ਕੀਤਾ ਹੈ, ਮੇਰੇ ਨਾਲ ਚੱਲ। ਜਦੋਂ ਇਤਨੇ ਬਚਨ ਸਿੱਖ ਨੇ ਸੁਣੇ ਤਾਂ ਸਿੱਖ ਦਾ ਮਨ ਕੌਲ ਫੁੱਲ ਦੀ ਤਰ੍ਹਾਂ ਖਿੜ ਗਿਆ ਅਤੇ ਕਲਗ਼ੀਧਰ ਜੀ ਨੂੰ ਧੰਨ ਧੰਨ ਕਰਦਾ ਸਿੱਖ ਨਾਲ ਤੁਰ ਪਿਆ।

ਜਦ ਦਰਵਾਜ਼ੇ ਅੱਗੇ ਗਏ ਤਾਂ ਖੜੇ ਪਹਿਰੇਦਾਰ ਨੇ ਅੰਦਰ ਜਾਣ ਤੋਂ ਰੋਕਿਆ ? ਅਤੇ ਕਿਹਾ ਕਿ ਮੈਨੂੰ ਚੇਤੋ ਮਸੰਦ ਨੇ ਇਸ ਸਿੱਖ ਨੂੰ ਅੰਦਰ ਲੈ ਜਾਣ ਤੋਂ ਰੋਕਣ ਲਈ ਹੁਕਮ ਕੀਤਾ ਹੈ, ਤਾਂ ਚੋਬਦਾਰ ਨੇ ਕਿਹਾ ਕਿ ਮੈਨੂੰ ਚੇਤੋ ਦੇ ਮਾਲਕ ਭਾਵ ਕਲਗ਼ੀਧਰ ਜੀ ਦਾ ਹੁਕਮ ਹੈ ਕਿ ਇਸ ਨੂੰ ਅੰਦਰ ਲੈ ਜਾਣਾ ਹੈ। ਇਤਨੀ ਗੱਲ ਸੁਣਦਿਆਂ ਚੋਬਦਾਰ ਨੇ ਨਮਸਕਾਰ ਕਰ ਕੇ ਰਸਤਾ ਦੇ ਦਿੱਤਾ। ਜਦੋਂ ਸਿੱਖ ਨੇ ਕਲਗ਼ੀਧਰ ਜੀ ਦੇ ਦਰਸ਼ਨ ਕੀਤੇ, ਨਮਸਕਾਰ ਕੀਤੀ ਅਤੇ ਹਿਰਦੇ ਅੰਦਰ ਅਨੰਦ ਪੈਦਾ ਹੋਇਆ ਤਾਂ ਕਹਿਣ ਲੱਗਾ ਕਿ ਮੇਰੇ ਪੂਰਨ ਕਰਮ ਹਨ ਜੋ ਸਤਿਗੁਰਾਂ ਦੇ ਦਰਸ਼ਨ ਹੋਏ ਹਨ।

ਇਤਨੇ ਨੂੰ ਕਲਗੀਧਰ ਜੀ ਬੋਲੇ—ਸਿੱਖਾ! ਸਾਡੇ ਲਈ ਕੀ ਭੇਟਾ ਲਿਆਇਆ ਹੈਂ ?

ਸਿੱਖ ਬੋਲਿਆ—ਸਤਿਗੁਰੂ ਜੀ ਅਸੀਂ ਤੁਹਾਡਾ ਦਿੱਤਾ ਖਾਂਦੇ ਹਾਂ, ਪਰ ਤੁਹਾਡੀ ਕਿਰਪਾ ਕਰ ਕੇ ਤਿਲ ਫੁਲ ਹਾਜ਼ਰ ਕਰ ਦਿੱਤਾ ਹੈ।

ਗੁਰੂ ਜੀ ਕਹਿਣ ਲੱਗੇ—ਭੇਟਾ ਕਦੋਂ ਹਾਜ਼ਰ ਕੀਤੀ। ਤਾਂ ਸਿੱਖ ਬੋਲਿਆ—ਚੇਤੋ ਮਸੰਦ ਕੋਲ ਭੇਟਾ ਭੇਜੀ ਤਾਂ ਉਹ ਕਹਿਣ ਲੱਗੇ ਕਿ ਤੇਰੀ ਭੇਟਾ ਸਤਿਗੁਰਾਂ ਨੂੰ ਪ੍ਰਵਾਨ ਹੋ ਗਈ ਹੈ। ਸਤਿਗੁਰੂ ਜੀ ਨੇ ਦੌਲਤ ਖ਼ਾਨੇ ਵਿੱਚੋਂ ਪਤਾ ਮੰਗਵਾਇਆ ਤਾਂ ਖ਼ਜ਼ਾਨਚੀ ਨੇ ਦੱਸਿਆ ਕਿ ਸਿੱਖ ਦੀ ਮਾਇਆ ਜਮ੍ਹਾਂ ਹੋ ਚੁੱਕੀ ਹੈ, ਤਾਂ ਸਿੱਖ ਨੇ ਕਿਹਾ—ਸਤਿਗੁਰੂ ਜੀ ਇਕ ਹੀਰੇ ਕਣੀਆਂ ਦੀ ਜੜਤ ਦਾ ਚੂੜਾ ਸੀ, ਉਹ ਵੀ ਚੇਤੋ ਨੂੰ ਦਿੱਤਾ ਸੀ। ਉਸ ਦਾ ਵੀ ਪਤਾ ਮੰਗਵਾਉਣਾ ਕਰੋ ਜੀ, ਦੌਲਤਖ਼ਾਨੇ ਵਿੱਚੋਂ ਪੁੱਛਿਆ ਤਾਂ ਖ਼ਜ਼ਾਨੇ ਵਿਚ ਚੂੜਾ ਨਹੀਂ ਸੀ, ਸਤਿਗੁਰਾਂ ਨੇ ਚੇਤੋ ਨੂੰ ਬੁਲਾਵਾ ਭੇਜਿਆ :

**ਗੁਰ ਮਾਯਾ ਚੇਤੋ ਬਿਰਮਾਯੋ। ਲੋਭ ਲਹਿਰ ਮਹਿਂ ਗੋਤਾ ਖਾਯੋ॥**
**ਜਿਸ ਨੇ ਬਡੇ ਬਡੇ ਡਹਕਾਏ। ਕਯਾ ਬਪੁਰਾ ਚੇਤੋ ਠਹਿਰਾਏ॥੧੨॥**

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤ ੩, ਅੰਸੂ ੧੯)*

ਜਦੋਂ ਸਿੱਖ ਨੇ ਚੇਤੋ ਨੂੰ ਪੁੱਛਿਆ ਕਿ ਜੋ ਗੁਰੂ ਸਾਹਿਬ ਵਾਸਤੇ ਤਿਲ ਫੁਲ ਲੈ ਕੇ ਆਇਆ ਸੀ, ਉਸ ਵਿੱਚੋਂ ਇਕ ਚੂੜਾ ਨਹੀਂ ਪੁੱਜਾ। ਇਤਨਾ ਸੁਣ ਕੇ ਚੇਤੋ ਸਿੱਖ ਨੂੰ ਕਹਿਣ ਲੱਗਾ—ਸਿੱਖਾ! ਝੂਠ ਕਿਉਂ ਬੋਲਦਾ ਹੈਂ, ਕਿਸੇ ਹੋਰ ਨੂੰ ਦਿੱਤਾ ਹੋਣੈ। ਤਾਂ ਕਲਗੀਧਰ ਜੀ ਕਹਿਣ ਲੱਗੇ—ਚੇਤੋ! ਮੈਨੂੰ ਚੂੜੇ ਦੀ ਲੋੜ ਨਹੀਂ, ਪਰ ਇਕ ਵਾਰੀ ਚੂੜਾ ਦਿਖਾ ਦੇ, ਸਿੱਖ ਦੀ ਭਾਵਨਾ ਪੂਰੀ ਹੋ ਜਾਵੇਗੀ। ਚੇਤੋ ਨੇ ਜਦੋਂ ਕਲਗ਼ੀਧਰ ਜੀ ਦੇ ਬਚਨ ਸੁਣੇ ਤਾਂ ਗੁਰੂ ਜੀ ਨੂੰ ਕਹਿਣ ਲੱਗਾ ਕਿ ਮਹਾਰਾਜ! ਸਿੱਖ ਨੂੰ ਸਾਧ ਸਮਝਦੇ ਹੋ ਅਤੇ ਮੈਨੂੰ ਚੋਰ ਸਮਝਦੇ ਹੋ। ਜਦੋਂ ਇਸ ਤਰ੍ਹਾਂ ਦੇ ਬਚਨ ਬੋਲੇ ਤਾਂ ਕਲਗ਼ੀਧਰ ਜੀ ਨੇ ਪੰਜ ਸ਼ਾਸਤਰਧਾਰੀ ਸਿੰਘ ਬੁਲਾਏ, ਹੁਕਮ ਦਿੱਤਾ ਕਿ ਚੇਤੋ ਦੇ ਘਰ ਜਾ ਕੇ ਉਪਰਲੇ ਚੁਬਾਰੇ ਵਿਚ ਇਕ ਅਲਮਾਰੀ ਹੈ, ਉਸ ਵਿੱਚੋਂ ਜਿੰਦਰੇ ਤੋੜ ਕੇ ਚੂੜਾ ਕੱਢ ਲਿਆਉਣਾ ਕਰੋ। ਸਿੰਘ ਗਏ ਅਤੇ ਚੂੜਾ ਲਿਆ ਕੇ ਸਤਿਗੁਰਾਂ ਦੇ ਚਰਨਾਂ 'ਤੇ ਰੱਖ ਦਿੱਤਾ।

ਗੁਰੂ ਜੀ ਕਹਿਣ ਲੱਗੇ—ਸਿੱਖਾ! ਕੀ ਤੇਰਾ ਇਹੋ ਹੀ ਚੂੜਾ ਹੈ ?

ਤਾਂ ਸਿੱਖ ਕਹਿਣ ਲੱਗਾ—ਜੀ ਹਜ਼ੂਰ।

ਇਸ ਤਰ੍ਹਾਂ ਜਿਹੜੇ ਝੂਠ ਬੋਲਦੇ ਹਨ, ਉਹ ਸਤਿਗੁਰਾਂ ਤੋਂ ਬੇਮੁਖ ਹੋ ਜਾਂਦੇ ਹਨ।

## ਕਿਰਤੁ ਨਿੰਦਕ ਕਾ; ਧੁਰਿ ਹੀ ਪਇਆ॥
## ਨਾਨਕ ਜੋ ਤਿਸੁ ਭਾਵੈ; ਸੋਈ ਥਿਆ॥੬॥

ਸੰਤਾਂ ਦਾ ਨਿੰਦਕ = ਅਪਜਸ ਕਰਨ ਵਾਲੇ ਕਾ = ਦਾ ਜਿਹੋ ਜਿਹਾ ਕਿਰਤੁ = ਕਰਮ ਸੀ, ਉਹੋ ਜਿਹਾ ਧੁਰਿ = ਮੁੱਢ ਭਾਵ ਧੁਰ ਤੋਂ ਮੱਥੇ 'ਤੇ ਲਿਖਿਆ ਪਇਆ ਹੈ **ਵਾ:** ਨਿੰਦਕ ਪੁਰਸ਼ ਦਾ ਨਿੰਦਿਆ ਕਰਨ ਵਾਲਾ

ਕਿਰਤੁ = ਕਰਮ ਧੁਰ ਤੋਂ ਹੀ ਲਿਖਿਆ ਪਇਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ = ਜਿਹੜਾ ਤਿਸੁ = ਉਹ ਹਰੀ ਪਰਮੇਸ਼ਰ ਨੂੰ ਭਾਵੈ = ਭਾਅ ਜਾਂਦਾ ਹੈ ਸੋਈ = ਓਹੀ ਹੀ ਥਿਆ = ਹੁੰਦਾ ਹੈ ॥੬॥

## ਸੰਤ ਕਾ ਦੋਖੀ; ਬਿਗੜਰੂਪੁ ਹੋਇ ਜਾਇ ॥ ਸੰਤ ਕੇ ਦੋਖੀ ਕਉ; ਦਰਗਹ ਮਿਲੈ ਸਜਾਇ ॥

ਸੰਤਾਂ ਦੀ ਨਿੰਦਿਆ ਕਰਨ ਵਾਲਾ ਬਿਗੜਰੂਪੁ = ਕੋਹੜੀ ਹੋ ਜਾਂਦਾ ਹੈ **ਵਾ:** ਸੰਤਾਂ ਕਾ = ਦਾ ਦੋਖੀ = ਦੋਸ਼ੀ ਪਰਮੇਸ਼ਰ ਦੇ ਸਰੂਪ ਪਛਾਣਨ ਨਾਲੋਂ ਬਿਗੜ ਰੂਪ ਵਾਲਾ ਹੋਇ = ਹੋ ਜਾਇ = ਜਾਂਦਾ ਹੈ। ਸੰਤਾਂ ਕੇ = ਦੇ ਦੋਖੀ = ਦੋਸ਼ੀ ਕਉ = ਨੂੰ ਦਰਗਹ = ਪਰਲੋਕ ਵਿਚ ਸਜਾਇ = ਸਜ਼ਾ ਮਿਲੈ = ਮਿਲਦੀ ਹੈ।

## ਸੰਤ ਕਾ ਦੋਖੀ; ਸਦਾ ਸਹਕਾਈਐ ॥ ਸੰਤ ਕਾ ਦੋਖੀ; ਨ ਮਰੈ ਨ ਜੀਵਾਈਐ ॥

ਸੰਤਾਂ ਕਾ = ਦਾ ਦੋਖੀ = ਦੋਸ਼ੀ ਸਦਾ = ਹਮੇਸ਼ਾਂ ਸਹਕਾਈਐ = ਸਹਿਕਦਾ ਰਹਿੰਦਾ ਹੈ, ਭਾਵ ਤੜਫ ਤੜਫ ਕੇ ਸਾਹ ਲੈਂਦਾ ਹੈ। ਸੰਤਾਂ ਕਾ = ਦਾ ਦੋਖੀ = ਦੋਸ਼ੀ ਨ = ਨਾ ਹੀ ਮਰੈ = ਮਰਦਿਆਂ ਦੀ ਗਿਣਤੀ ਵਿਚ ਹੈ ਤੇ ਨਾ ਹੀ ਜੀਵਾਈਐ = ਜਿਊਂਦਿਆਂ ਦੀ ਗਿਣਤੀ ਵਿਚ ਹੁੰਦਾ ਹੈ, ਭਾਵ ਸਾਹ ਤਾਂ ਚੱਲਦੇ ਹੁੰਦੇ ਹਨ ਪਰ ਪਰਮਾਰਥ ਵੱਲੋਂ ਕੋਈ ਹੋਸ਼ ਨਹੀਂ ਹੁੰਦੀ।

## ਸੰਤ ਕੇ ਦੋਖੀ ਕੀ; ਪੁਜੈ ਨ ਆਸਾ ॥ ਸੰਤ ਕਾ ਦੋਖੀ; ਉਠਿ ਚਲੈ ਨਿਰਾਸਾ ॥

ਸੰਤਾਂ ਕੇ = ਦੇ ਦੋਖੀ = ਦੋਸ਼ੀ ਕੀ = ਦੀ ਕੋਈ ਵੀ ਆਸਾ = ਇੱਛਾ ਪੁਜੈ = ਪੂਰੀ ਨਹੀਂ ਹੁੰਦੀ। ਸੰਤਾਂ ਕਾ = ਦਾ ਦੋਖੀ = ਨਿੰਦਕ ਦੁਨੀਆਂ ਤੋਂ ਨਿਰਾਸਾ = ਬੇਆਸ ਹੀ ਉੱਠ ਕੇ ਚਲੈ = ਚਲਾ ਜਾਂਦਾ ਹੈ।

## ਸੰਤ ਕੈ ਦੋਖਿ; ਨ ਤ੍ਰਿਸਟੈ ਕੋਇ ॥ ਜੈਸਾ ਭਾਵੈ; ਤੈਸਾ ਕੋਈ ਹੋਇ ॥

ਸੰਤਾਂ ਦੇ ਉੱਪਰ ਦੋਖਿ = ਦੋਸ਼ ਅਰੋਪਣੇ ਕਰ ਕੇ ਕੋਇ = ਕੋਈ ਵੀ ਤ੍ਰਿਸਟੈ = ਇਸਥਿਤ ਨਹੀਂ ਰਹਿੰਦਾ ਭਾਵ ਟਿਕਦਾ ਨਹੀਂ ਹੈ। ਜੈਸਾ = ਜਿਹੋ ਜਿਹਾ ਹੋਣਾ ਭਾਵੈ = ਭਾਉਂਦਾ ਹੈ, ਤੈਸਾ = ਉਹੋ ਜਿਹਾ ਕੋਈ ਹੋਇ = ਹੋ ਜਾਵੇ ਤਾਂ ਵੀ ਇਸਥਿਤ ਨਹੀਂ ਹੋ ਸਕਦਾ, ਅਰਥਾਤ ਭਾਵੇਂ ਕੋਈ ਰਾਜਾ, ਵੱਡਾ ਪੁਰਖ ਜਾਂ ਸਾਧ ਹੋਵੇ ਪਰ ਇਸਥਿਤ ਨਹੀਂ ਹੋ ਸਕਦਾ, ਸਾਰਿਆਂ ਨੂੰ ਕਰਮਾਂ ਦਾ ਫਲ ਜ਼ਰੂਰ ਮਿਲੇਗਾ।

## ਪਇਆ ਕਿਰਤੁ; ਨ ਮੇਟੈ ਕੋਇ ॥ ਨਾਨਕ; ਜਾਨੈ ਸਚਾ ਸੋਇ ॥੭॥

ਜਿਹੜਾ ਨਿੰਦਕ ਪੁਰਸ਼ ਦੇ ਮੱਥੇ 'ਤੇ ਮਾੜੇ ਕਿਰਤੁ = ਕਰਮਾਂ ਦਾ ਲੇਖ ਪੈ ਗਿਆ ਹੈ, ਉਸ ਨੂੰ ਭੋਗੇ ਤੋਂ ਬਿਨਾਂ ਕੋਈ ਵੀ ਮੇਟੈ = ਮੇਟ ਨਹੀਂ ਸਕਦਾ **ਅਥਵਾ** ਜੋ ਕਰਮ ਮੱਥੇ ਲਿਖਿਆ ਗਿਆ ਹੈ, ਉਸ ਨੂੰ ਕੋਈ ਨਹੀਂ ਮੇਟ ਸਕਦਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸ ਗੱਲ ਨੂੰ ਸੋਇ = ਉਹ ਸੱਚਾ ਪਰਮੇਸ਼ਰ ਆਪ ਹੀ ਜਾਨੈ = ਜਾਣਦਾ ਹੈ ॥੭॥

## ਸਭ ਘਟ ਤਿਸ ਕੇ; ਓਹੁ ਕਰਨੈਹਾਰੁ ॥ ਸਦਾ ਸਦਾ; ਤਿਸ ਕਉ ਨਮਸਕਾਰੁ ॥

ਤਿਸ = ਉਸ ਪਰਮੇਸ਼ਰ ਕੇ = ਦੇ ਸਭ = ਸਾਰੇ ਘਟ = ਸਰੀਰ ਚਾਰੇ ਖਾਣੀਆ ਆਦਿ ਰਚੇ ਹੋਏ ਹਨ ਕਿਉਂਕਿ ਉਹ ਪਰਮੇਸ਼ਰ ਆਪ ਹੀ ਸਭ ਨੂੰ ਪੈਦਾ ਕਰਨ ਵਾਲਾ ਭਾਵ ਰਚਣ ਵਾਲਾ ਹੈ। ਇਸ ਲਈ ਅਸੀਂ ਤਿਸ = ਉਸ ਵਾਹਿਗੁਰੂ ਕਉ = ਨੂੰ ਸਦਾ ਸਦਾ ਨਮਸਕਾਰ = ਬੰਦਨਾ ਕਰਦੇ ਹਾਂ।

## ਪ੍ਰਭ ਕੀ ਉਸਤਤਿ; ਕਰਹੁ ਦਿਨੁ ਰਾਤਿ ॥ ਤਿਸਹਿ ਧਿਆਵਹੁ; ਸਾਸਿ ਗਿਰਾਸਿ ॥

ਪ੍ਰਭ = ਹਰੀ ਵਾਹਿਗੁਰੂ ਕੀ = ਦੀ ਉਸਤਤਿ = ਵਡਿਆਈ ਦਿਨ ਰਾਤ ਹੀ ਕਰਹੁ = ਕਰਦੇ ਰਹਿਆ ਕਰੋ। ਤਿਸਹਿ = ਉਸ ਪਰਮੇਸ਼ਰ ਨੂੰ ਸਾਸਿ = ਸੁਆਸ ਲੈਂਦਿਆਂ ਤੇ ਗਿਰਾਸਿ = ਭੋਜਨ ਖਾਂਦਿਆਂ ਹਰ ਵੇਲੇ ਧਿਆਵਹੁ = ਧਿਆਇਆ ਕਰੋ।

## ਸਭੁ ਕਛੁ ਵਰਤੈ; ਤਿਸ ਕਾ ਕੀਆ ॥ ਜੈਸਾ ਕਰੇ; ਤੈਸਾ ਕੋ ਥੀਆ ॥

ਸਭੁ ਕਛੁ = ਸਾਰਾ ਕੁਝ ਤਿਸ = ਉਸ ਪਰਮਾਤਮਾ ਕਾ = ਦਾ ਹੀ ਰਚਿਆ ਹੋਇਆ ਭਾਵ ਕੀਆ = ਕੀਤਾ ਹੋਇਆ ਵਰਤੈ = ਵਰਤ ਰਿਹਾ ਹੈ। ਜੈਸਾ = ਜਿਹੋ ਜਿਹਾ ਉਹ ਕਰੇ = ਕਰਦਾ ਹੈ, ਤੈਸਾ = ਉਹੋ ਜਿਹਾ ਕੋਈ ਥੀਆ = ਹੋ ਰਿਹਾ ਹੈ **ਵਾ:** ਜਿਹੋ ਜਿਹਾ ਨਿੰਦਕਾਂ ਦਾ ਕਰਤੱਵ ਸੀ, ਪਰਮੇਸ਼ਰ ਨੇ ਉਨ੍ਹਾਂ ਨੂੰ ਉਹੋ ਜਿਹਾ ਬਣਾ ਦਿੱਤਾ ਹੈ।

## ਅਪਨਾ ਖੇਲੁ; ਆਪਿ ਕਰਨੈਹਾਰੁ ॥ ਦੂਸਰ ਕਉਨੁ; ਕਹੈ ਬੀਚਾਰੁ ॥

ਪਰਮੇਸ਼ਰ ਆਪਣਾ ਸੰਸਾਰ ਦੇ ਰਚਣ ਦਾ ਖੇਲੁ = ਤਮਾਸ਼ਾ ਆਪ ਹੀ ਕਰਨੈਹਾਰ = ਕਰਨ ਵਾਲਾ ਹੈ :

**ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥** *(ਅੰਗ ੭੩੬)*

ਦੂਸਰ = ਦੂਜਾ ਕੌਣ ਕੋਈ ਉਸ ਦੇ ਕਰਤੱਵ ਦਾ ਨਿਰਣਾ ਕਰ ਕੇ ਬੀਚਾਰ ਕੇ ਕਹੈ = ਕਹਿ ਸਕਦਾ ਹੈ। ਜੈਸਾ ਕਿ :

**ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥ ਨਾਨਕ ਦਾਸ ਸਦਾ ਕੁਰਬਾਨੀ॥** *(ਅੰਗ ੨੬੮)*

[ਅੰਗ ੨੮੧]

## ਜਿਸ ਨੋ ਕ੍ਰਿਪਾ ਕਰੈ; ਤਿਸੁ ਆਪਨ ਨਾਮੁ ਦੇਇ ॥ ਬਡਭਾਗੀ; ਨਾਨਕ, ਜਨ ਸੇਇ ॥੮॥੧੩॥

ਜਿਸ ਨੋ = ਉੱਤੇ ਹਰੀ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰੈ = ਕਰਦਾ ਹੈ, ਤਿਸੁ = ਉਸ ਨੂੰ ਆਪਣੇ ਨਾਮ ਦੀ ਦਾਤ ਦੇਇ = ਦੇਣਾ ਕਰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੇਇ = ਉਹ ਜਨ = ਪੁਰਖ ਵਡਭਾਗੀ = ਵੱਡਿਆਂ ਭਾਗਾਂ ਵਾਲਾ ਹੈ ॥੮॥੧੩॥

(ਤੇਰਵੀਂ ਅਸਟਪਦੀ ਵਿਚ ਪੂਰੇ ਅੱਖਰ ੧੦੨੪, ਪੈਰਾਂ ਵਾਲੇ ਰਾਰੇ ੧੦, ਕੁਲ ਅੱਖਰ ੧੦੩੪ ਹਨ)

## ਸਲੋਕੁ ॥ ਤਜਹੁ ਸਿਆਨਪ ਸੁਰਿਜਨਹੁ; ਸਿਮਰਹੁ ਹਰਿ ਹਰਿ ਰਾਇ ॥

ਹੇ ਸੁਰਿਜਨਹੁ = ਸ੍ਰੇਸ਼ਟ ਪੁਰਸ਼ ਕਹਾਉਣ ਵਾਲਿਓ ! ਆਪਣੀ ਬੁੱਧੀ ਦੀ ਸਿਆਣਪ ਨੂੰ ਤਜਹੁ = ਛੱਡਣਾ ਕਰੋ ਅਤੇ ਸਾਰਿਆਂ ਨੂੰ ਹਰਿ = ਹਰੇ ਭਰੇ ਕਰਨ ਵਾਲੇ ਰਾਇ = ਰਾਜਾ ਰੂਪ ਹਰਿ = ਹਰੀ ਵਾਹਿਗੁਰੂ ਦਾ ਨਾਮ ਸਿਮਰਹੁ = ਸਿਮਰਨ ਕਰੋ।

## ਏਕ ਆਸ ਹਰਿ ਮਨਿ ਰਖਹੁ; ਨਾਨਕ, ਦੂਖੁ ਭਰਮੁ ਭਉ ਜਾਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਏਕ = ਇਕ ਹਰਿ = ਅਕਾਲ ਪੁਰਖ ਵਾਹਿਗੁਰੂ ਦੀ ਆਸ = ਉਮੀਦ

ਮਨਿ = ਅੰਤਸ਼ਕਰਨ ਵਿਚ ਰੱਖੋ, ਜਿਸ ਦੀ ਕਿਰਪਾ ਕਰਕੇ ਜੰਮਣ ਮਰਣ ਦਾ ਦੁਖ ਪੰਜ ਪ੍ਰਕਾਰ ਦਾ ਭਰਮ ਤੇ ਸੱਤ ਪ੍ਰਕਾਰ ਦਾ ਭਉ = ਡਰ ਦੂਰ ਹੋ ਜਾਇ = ਜਾਂਦਾ ਹੈ।੧।

## ਅਸਟਪਦੀ ॥

## ਮਾਨੁਖ ਕੀ ਟੇਕ; ਬ੍ਰਿਥੀ ਸਭ ਜਾਨੁ ॥ ਦੇਵਨ ਕਉ; ਏਕੈ ਭਗਵਾਨੁ ॥

ਮਾਨੁਖ = ਪੁਰਖ ਕੀ = ਦੀ ਟੇਕ = ਓਟ ਰੱਖਣੀ ਕਿ ਮੇਰੀ ਸਹਾਇਤਾ ਕਰੇਗਾ, ਉਹ ਸਭ = ਸਾਰੀ ਬ੍ਰਿਥੀ = ਬੇਅਰਥ ਹੀ ਜਾਨੁ = ਜਾਨਣਾ ਕਰ। ਕਿਉਂਕਿ ਸਾਰਿਆਂ ਕਉ = ਨੂੰ ਦੇਵਣ ਵਾਲਾ ਏਕੈ = ਇਕ ਭਗਵਾਨੁ = ਹਰੀ ਪਰਮੇਸ਼ਰ ਹੀ ਹੈ।

## ਜਿਸ ਕੈ ਦੀਐ; ਰਹੈ ਅਘਾਇ ॥ ਬਹੁਰਿ; ਨ ਤ੍ਰਿਸਨਾ ਲਾਗੈ ਆਇ ॥

ਜਿਸ ਪਰਮੇਸ਼ਰ ਕੈ = ਦੇ ਨਾਮ ਰੂਪ ਦਾਤ ਦੀਐ = ਦਿੱਤਿਆਂ ਅਨੇਕਾਂ ਜੀਵ ਅਘਾਇ = ਤ੍ਰਿਪਤ ਭਾਵ ਰੱਜ ਰਹੈ = ਰਹੇ ਹਨ। ਉਨ੍ਹਾਂ ਨੂੰ ਬਹੁਰਿ = ਮੁੜ ਕੇ ਪਦਾਰਥਾਂ ਦੀ ਤ੍ਰਿਸ਼ਨਾ ਆਇ = ਆ ਕੇ ਨ = ਨਹੀਂ ਲਾਗੈ = ਲੱਗਦੀ।

## ਮਾਰੈ ਰਾਖੈ; ਏਕੋ ਆਪਿ ॥ ਮਾਨੁਖ ਕੈ; ਕਿਛੁ ਨਾਹੀ ਹਾਥਿ ॥

ਪਰਮੇਸ਼ਰ ਜੀਵਾਂ ਨੂੰ ਪਰਾਲਬਧ ਮੁੱਕੀ ਤੋਂ ਮਾਰੈ = ਮਾਰਦਾ ਹੈ ਤੇ ਇੱਕੋ ਆਪ ਹੀ ਰਾਖੈ = ਰੱਖਿਆ ਕਰਨ ਵਾਲਾ ਹੈ। ਮਾਨੁਖ = ਪੁਰਖ ਕੈ = ਦੇ ਕਿਛੁ = ਕੁਝ ਵੀ ਹਾਥਿ = ਹੱਥ ਵਿਚ ਨਾਹੀ = ਨਹੀਂ ਹੈ, ਭਾਵ ਪਰਮੇਸ਼ਰ ਆਪ ਹੀ ਸਰਬ ਕਲਾ ਸਮਰੱਥ ਹੈ।

## ਤਿਸ ਕਾ ਹੁਕਮੁ ਬੂਝਿ; ਸੁਖੁ ਹੋਇ ॥ ਤਿਸ ਕਾ ਨਾਮੁ; ਰਖੁ ਕੰਠਿ ਪਰੋਇ ॥

ਤਿਸ = ਉਸ ਹਰੀ ਵਾਹਿਗੁਰੂ ਕਾ = ਦਾ ਹੁਕਮ ਬੂਝਿ = ਸਮਝ ਕੇ ਹੀ ਸਾਰੇ ਸੁੱਖਾਂ ਦੀ ਪ੍ਰਾਪਤੀ ਹੋਇ = ਹੁੰਦੀ ਹੈ। ਇਸ ਕਰਕੇ ਤਿਸ = ਉਸ ਹਰੀ ਵਾਹਿਗੁਰੂ ਕਾ = ਦਾ ਨਾਮ ਹਿਰਦੇ ਰੂਪੀ ਕੰਠਿ = ਗਲ ਵਿਚ ਪਰੋਇ = ਪ੍ਰੋ ਕੇ ਰਖੁ = ਰੱਖਣਾ ਕਰ, ਜਿਵੇਂ ਕੰਠ ਵਿਚ ਗਹਿਣਾ ਪ੍ਰੋ ਕੇ ਰੱਖੀਦਾ ਹੈ।

## ਸਿਮਰਿ ਸਿਮਰਿ; ਸਿਮਰਿ ਪ੍ਰਭੁ ਸੋਇ ॥ ਨਾਨਕ; ਬਿਘਨੁ ਨ ਲਾਗੈ ਕੋਇ ॥੧॥

ਸੋਇ = ਉਸ ਪ੍ਰਭੁ = ਹਰੀ ਵਾਹਿਗੁਰੂ ਨੂੰ ਮਨ ਕਰ ਕੇ ਸਿਮਰ, ਬਾਣੀ ਕਰ ਕੇ ਸਿਮਰਿ = ਸਿਮਰਨਾ ਕਰ ਤੇ ਤਨ ਕਰ ਕੇ ਵੀ ਸਿਮਰਿ = ਸਿਮਰਨਾ ਕਰ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਫੇਰ ਤੇਰੇ ਕਿਸੇ ਕਰਤੱਵ ਵਿਚ ਕੋਇ = ਕੋਈ ਬਿਘਨੁ = ਰੁਕਾਵਟ ਨ = ਨਹੀਂ ਲਾਗੈ = ਲੱਗੇਗੀ॥੧॥

## ਉਸਤਤਿ ਮਨ ਮਹਿ; ਕਰਿ ਨਿਰੰਕਾਰ ॥ ਕਰਿ ਮਨ ਮੇਰੇ; ਸਤਿ ਬਿਉਹਾਰ ॥

ਹੇ ਜੀਵ! ਮਨ = ਅੰਤਸ਼ਕਰਨ ਮਹਿ = ਵਿਚ ਨਿਰੰਕਾਰ = ਪਰਮੇਸ਼ਰ ਦੀ ਉਸਤਤਿ = ਵਡਿਆਈ ਕਰਿ = ਕਰਿਆ ਕਰ। ਹੇ ਮੇਰੇ ਮਨਾਂ! ਸਤਿ = ਸੱਚੇ ਨਾਮ ਦਾ ਹੀ ਬਿਉਹਾਰ = ਵਪਾਰ ਕਰਨਾ ਕਰ।

## ਨਿਰਮਲ ਰਸਨਾ; ਅੰਮ੍ਰਿਤੁ ਪੀਉ ॥ ਸਦਾ ਸੁਹੇਲਾ; ਕਰਿ ਲੇਹਿ ਜੀਉ ॥

ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲੇ ਨਿਰਮਲ = ਪਵਿੱਤਰ ਨਾਮ ਨੂੰ ਰਸਨਾ ਕਰ ਕੇ ਪੀਉ = ਪੀਣਾ ਕਰ **ਵਾ:** ਅੰਮ੍ਰਿਤ ਨਾਮ ਪੀਣੇ ਕਰ ਕੇ ਝੂਠ ਬੋਲਣਾ, ਨਿੰਦਿਆ ਕਰਨੀ ਆਦਿ ਸਾਰੀਆਂ ਮੈਲ ਤੋਂ

ਰਸਨਾ = ਜੀਭਾ ਰਹਿਤ ਹੋ ਕੇ ਨਿਰਮਲ = ਸ਼ੁੱਧ ਹੋ ਜਾਵੇਗੀ। ਇਉਂ ਆਪਣੇ ਜੀਉ = ਹਿਰਦੇ ਨੂੰ ਸਦਾ = ਹਮੇਸ਼ਾਂ ਲਈ ਸੁਹੇਲਾ = ਸੁਖਾਲਾ ਕਰ ਲੇਹਿ = ਲੈ **ਵਾ:** ਹਿਰਦੇ ਨੂੰ ਨਾਮ ਜਪ ਕੇ ਸਦਾ ਲਈ ਜੰਮਣ ਮਰਣ ਤੋਂ ਰਹਿਤ ਰੂਪ ਸੁਹੇਲਾ = ਸੁਖਾਲਾ ਕਰ।

## ਨੈਨਹੁ ਪੇਖੁ; ਠਾਕੁਰ ਕਾ ਰੰਗੁ ॥ ਸਾਧਸੰਗਿ; ਬਿਨਸੈ ਸਭ ਸੰਗੁ ॥

ਨੈਨਹੁ = ਨੇਤਰਾਂ ਨੂੰ ਸਫਲਾ ਕਰਨ ਵਾਸਤੇ ਠਾਕੁਰ = ਸੁਆਮੀ ਵਾਹਿਗੁਰੂ ਕਾ = ਦਾ ਰੰਗੁ = ਕੌਤਕ ਵੇਖਣਾ ਕਰ। ਸਾਧਸੰਗਿ = ਸਾਧੂਆਂ ਦੀ ਸੰਗਤ ਕਰਨੇ ਕਰ ਕੇ ਕਾਮੀਆਂ, ਕ੍ਰੋਧੀਆਂ ਆਦਿ ਸਭ = ਸਾਰਿਆਂ ਦਾ ਸੰਗੁ = ਸਾਥ ਬਿਨਸੈ = ਵਿਸ਼ੇਸ਼ ਕਰਕੇ ਨਾਸ ਹੋ ਜਾਂਦਾ ਹੈ।

## ਚਰਨ ਚਲਉ; ਮਾਰਗਿ ਗੋਬਿੰਦ ॥ ਮਿਟਹਿ ਪਾਪ; ਜਪੀਐ ਹਰਿ ਬਿੰਦ ॥

ਚਰਨ = ਪੈਰਾਂ ਕਰ ਕੇ ਗੋਬਿੰਦ = ਪਰਮੇਸ਼ਰ ਦੇ ਦਰਸਾਏ ਮਾਰਗਿ = ਰਸਤੇ ਭਾਵ ਸਾਧਸੰਗਤ ਰੂਪੀ ਰਸਤੇ 'ਤੇ ਚਲਉ = ਚੱਲਣਾ ਕਰ **ਵਾ:** ਮਨ, ਬੁੱਧ ਰੂਪ ਪੈਰਾਂ ਦੇ ਨਾਲ ਤੇ ਅੰਤਰ ਬਿਰਤੀ ਕਰਕੇ ਗੋਬਿੰਦ ਦੇ ਰਸਤੇ 'ਤੇ ਚੱਲਣਾ ਕਰ। ਹਰਿ = ਹਰੀ ਪਰਮੇਸ਼ਰ ਦੇ ਬਿੰਦ = ਕਿੰਚਤ ਮਾਤਰ ਵੀ ਨਾਮ ਜਪੀਐ = ਜਪਣੇ ਕਰ ਕੇ ਪਾਪ ਮਿਟਹਿ = ਮਿਟ ਜਾਂਦੇ ਹਨ **ਵਾ:** ਬਿੰਦ = ਜਾਨਣੇ ਜੋਗ ਹਰੀ ਪਰਮੇਸ਼ਰ ਦੇ ਨਾਮ ਨੂੰ ਜਪੀਏ ਤਾਂ ਸਾਰੇ ਪਾਪ ਮਿਟ ਜਾਂਦੇ ਹਨ।

## ਕਰ ਹਰਿ ਕਰਮ; ਸ੍ਵਨਿ ਹਰਿ ਕਥਾ ॥
## ਹਰਿ ਦਰਗਹ; ਨਾਨਕ, ਊਜਲ ਮਥਾ ॥੨॥

ਕਰ = ਹੱਥਾਂ ਨਾਲ ਹਰਿ = ਹਰੀ ਵਾਹਿਗੁਰੂ ਦੇ ਪ੍ਰਾਪਤੀ ਦੇ ਕਰਮ = ਕੰਮ ਕਰਿਆ ਕਰ ਜਿਵੇਂ ਸੇਵਾ ਟਹਲ ਕਰਨੀ, ਜਾਂ ਹੱਥਾਂ ਨਾਲ ਹਰੀ ਵਾਹਿਗੁਰੂ ਦੀ ਕਥਾ ਵੀਚਾਰ ਲਿਖਿਆ ਕਰ ਅਤੇ ਸ੍ਵਨਿ = ਕੰਨਾਂ ਨਾਲ ਹਰਿ = ਹਰੀ ਵਾਹਿਗੁਰੂ ਦੀ ਕਥਾ = ਵਿਚਾਰਾਂ ਨੂੰ ਸੁਣਿਆ ਕਰ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਰਿ = ਹਰੀ ਵਾਹਿਗੁਰੂ ਦੇ ਦਰਗਹ = ਦਰਬਾਰ ਵਿਚ ਤੇਰਾ ਮਥਾ = ਮਸਤਕ ਊਜਲ = ਨਿਰਮਲ ਹੋਵੇਗਾ ॥੨॥

## ਬਡਭਾਗੀ ਤੇ ਜਨ; ਜਗ ਮਾਹਿ ॥ ਸਦਾ ਸਦਾ; ਹਰਿ ਕੇ ਗੁਨ ਗਾਹਿ ॥

ਤੇ = ਉਹ ਜਨ = ਪੁਰਖ ਤਾਂ ਜਗ = ਸੰਸਾਰ ਮਾਹਿ = ਵਿਚ ਬਡਭਾਗੀ = ਵੱਡਿਆਂ ਭਾਗਾਂ ਵਾਲੇ ਹਨ। ਉਹੋ ਹੀ ਸਦਾ ਸਦਾ = ਹਮੇਸ਼ਾ ਹਮੇਸ਼ਾਂ ਹਰਿ = ਹਰੀ ਪਰਮੇਸ਼ਰ ਕੇ = ਦੇ ਗੁਣਾਂ ਨੂੰ ਗਾਹਿ = ਗਾਉਂਦੇ ਹਨ।

## ਰਾਮ ਨਾਮ; ਜੋ ਕਰਹਿ ਬੀਚਾਰ ॥ ਸੇ ਧਨਵੰਤ; ਗਨੀ ਸੰਸਾਰ ॥

ਜੋ = ਜਿਹੜੇ ਰਾਮ = ਪਰਮੇਸ਼ਰ ਦੇ ਨਾਮ ਦੀ ਬੀਚਾਰ ਭਾਵ ਨਿਰਣਾ ਕਰਦੇ ਰਹਿੰਦੇ ਹਨ। ਸੇ = ਉਹ ਸੰਸਾਰ ਵਿਚ ਧਨਵੰਤ = ਧਨਾਢ ਗਨੀ = ਗਿਣੇ ਜਾਂਦੇ ਹਨ **ਵਾ:** (ਅਰਬੀ ਵਿਚ ਧਨੀ ਨੂੰ ਗ਼ਨੀ ਕਹਿੰਦੇ ਹਨ) ਨਾਮ ਰੂਪੀ ਧਨ ਵਾਲੇ ਸੰਸਾਰ ਦੇ ਤਿੰਨਾਂ ਲੋਕਾਂ ਵਿਚ ਧਨੀ ਕਰ ਕੇ ਜਾਣੇ ਜਾਂਦੇ ਹਨ।

## ਮਨਿ ਤਨਿ ਮੁਖਿ; ਬੋਲਹਿ ਹਰਿ ਮੁਖੀ ॥ ਸਦਾ ਸਦਾ; ਜਾਨਹੁ ਤੇ ਸੁਖੀ ॥

ਜੋ ਮਨਿ = ਹਿਰਦੇ, ਤਨਿ = ਸਰੀਰ ਤੇ ਮੁਖਿ = ਮੂੰਹ ਭਾਵ ਰਸਨਾ ਕਰਕੇ ਮੁਖੀ ਹਰਿ = ਪਰਮੇਸ਼ਰ ਦਾ ਨਾਮ ਬੋਲਹਿ = ਬੋਲਦੇ, ਜਪਦੇ ਹਨ। ਸਦਾ ਸਦਾ = ਹਮੇਸ਼ਾ ਹਮੇਸ਼ਾ ਤੇ = ਉਨ੍ਹਾਂ ਜਨਾਂ ਨੂੰ ਸੁਖੀ ਜਾਨਹੁ = ਜਾਨਣਾ ਕਰੋ।

## ਏਕੋ ਏਕੁ; ਏਕੁ ਪਛਾਨੈ ॥ ਇਤ ਉਤ ਕੀ; ਓਹੁ ਸੋਝੀ ਜਾਨੈ ॥

ਜਿਹੜਾ ਏਕੋ = ਇੱਕੋ ਭੂਤਕਾਲ ਵਿਚ ਸੀ, ਇੱਕੋ ਹੀ ਵਰਤਮਾਨ ਸਮੇਂ ਵਿਚ ਹੈ ਅਤੇ ਇੱਕੋ ਭਵਿੱਖ ਕਾਲ ਵਿਚ ਹੋਵੇਗਾ **ਵਾ:** ਜੋ ਤਿੰਨਾਂ ਕਾਲਾਂ ਵਿਚ ਇਕ ਅਦੁੱਤੀ ਸਰੂਪ ਪਰਮੇਸ਼ਰ ਨੂੰ ਪਛਾਨੈ = ਪਛਾਨਦਾ ਹੈ **ਵਾ:** ਜੋ ਏਕੋ = ਇਕ ਵਾਹਿਗੁਰੂ ਦੇ ਏਕ = ਇਕ ਅਦੁੱਤੀ ਨਾਮ ਨੂੰ ਏਕ = ਇਕ ਨਦਰ ਨਾਲ ਪਛਾਨੈ = ਪਛਾਨਣਾ ਕਰਦਾ ਹੈ। ਓਹੁ = ਉਹ ਇਤ ਉਤ = ਲੋਕ ਪਰਲੋਕ ਕੀ = ਦੀ ਸਾਰੀ ਸੋਝੀ = ਸਮਝ ਨੂੰ ਜਾਨੈ = ਜਾਣ ਲੈਂਦਾ ਹੈ।

## ਨਾਮ ਸੰਗਿ; ਜਿਸ ਕਾ ਮਨੁ ਮਾਨਿਆ ॥
## ਨਾਨਕ; ਤਿਨਹਿ ਨਿਰੰਜਨੁ ਜਾਨਿਆ ॥੩॥

ਜਿਸ ਕਾ = ਦਾ ਇਕ ਵਾਹਿਗੁਰੂ ਦੇ ਨਾਮ ਸੰਗਿ = ਨਾਲ ਮਨੁ = ਅੰਤਸ਼ਕਰਨ ਮਾਨਿਆ = ਮੰਨ ਗਿਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਨਹਿ = ਉਸ ਨੇ ਨਿਰੰਜਨੁ = ਮਾਇਆ ਦੀ ਮੈਲ ਤੋਂ ਰਹਿਤ ਹਰੀ ਪਰਮੇਸ਼ਰ ਨੂੰ ਜਾਨਿਆ ਹੈ ॥੩॥

## ਗੁਰ ਪ੍ਰਸਾਦਿ; ਆਪਨ ਆਪੁ ਸੁਝੈ ॥ ਤਿਸ ਕੀ ਜਾਨਹੁ; ਤ੍ਰਿਸਨਾ ਬੁਝੈ ॥

ਜਿਸ ਨੂੰ ਗੁਰਾਂ ਦੀ ਪ੍ਰਸਾਦਿ = ਕਿਰਪਾ ਕਰ ਕੇ ਆਪਨੇ ਆਪ ਦੀ ਸੁਝੈ = ਸਮਝ ਪੈ ਜਾਂਦੀ ਹੈ **ਵਾ:** ਆਪਣਾ ਆਪ ਸੁਝੈ = ਦਿੱਸ ਪੈਂਦਾ ਹੈ। ਤਿਸ = ਉਸ ਕੀ = ਦੀ ਰਸਾਂ ਕਸਾਂ ਦੀ ਤ੍ਰਿਸ਼ਨਾ = ਪ੍ਰਾਪਤੀ ਦੀ ਪ੍ਰਬੱਲ ਇੱਛਾ ਰੂਪੀ ਅੱਗ ਬੁਝੀ ਜਾਨਹੁ = ਜਾਣੋ।

## ਸਾਧਸੰਗਿ; ਹਰਿ ਹਰਿ ਜਸੁ ਕਹਤ ॥ ਸਰਬ ਰੋਗ ਤੇ; ਓਹੁ ਹਰਿ ਜਨੁ ਰਹਤ ॥

ਜੋ ਸਾਧਸੰਗਤ ਵਿਚ ਮਿਲ ਕੇ ਹਰਿ = ਹਰੀ ਵਾਹਿਗੁਰੂ ਜੋ ਸਾਰਿਆਂ ਨੂੰ ਹਰਿ = ਹਰੇ ਭਰੇ ਕਰਨ ਵਾਲਾ ਹੈ, ਉਸ ਦੀ ਜਸੁ = ਵਡਿਆਈ ਨੂੰ ਕਹਤ = ਕਹਿੰਦਾ ਹੈ। ਉਹੋ ਹਰਿ = ਹਰੀ ਵਾਹਿਗੁਰੂ ਦੇ ਜਨ ਸਰਬ = ਸਾਰੇ ਰੋਗਾਂ ਕਾਮ, ਕ੍ਰੋਧ, ਲੋਭ, ਮੋਹ ਆਦਿਕ ਤੋਂ ਰਹਿਤ ਹੋ ਜਾਂਦੇ ਹਨ।

## ਅਨਦਿਨੁ ਕੀਰਤਨੁ; ਕੇਵਲ ਬਖੵਾਨੁ ॥ ਗ੍ਰਿਹਸਤ ਮਹਿ; ਸੋਈ ਨਿਰਬਾਨੁ ॥

ਜੋ ਅਨਦਿਨੁ = ਰਾਤ ਦਿਨੇ ਕੇਵਲ = ਨਿਰੋਲ ਵਾਹਿਗੁਰੂ ਦੇ ਕੀਰਤਨ ਦਾ ਬਖੵਾਨੁ = ਕਥਨ ਕਰਦਾ ਹੈ। ਸੋਈ = ਉਹ ਜੀਵ ਗ੍ਰਿਹਸਤ ਮਹਿ = ਵਿਚ ਰਹਿੰਦਾ ਹੋਇਆ ਵੀ ਨਿਰਬਾਨੁ = ਬੰਧਨਾਂ ਤੋਂ ਰਹਿਤ ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ।

## ਏਕ ਊਪਰਿ; ਜਿਸੁ ਜਨ ਕੀ ਆਸਾ ॥ ਤਿਸ ਕੀ; ਕਟੀਐ ਜਮ ਕੀ ਫਾਸਾ ॥

ਜਿਸ ਜਨ = ਪੁਰਖ ਕੀ = ਦੀ ਏਕੁ = ਇਕ ਹਰੀ ਵਾਹਿਗੁਰੂ ਊਪਰਿ = ਉੱਤੇ ਆਸਾ = ਉਮੀਦ ਹੈ। ਤਿਸ = ਉਸ ਕੀ = ਦੀ ਜਮਾਂ ਕੀ = ਦੀ ਫਾਹੀ ਕਟੀਐ = ਕੱਟੀ ਜਾਂਦੀ ਹੈ।

## ਪਾਰਬ੍ਰਹਮ ਕੀ; ਜਿਸੁ ਮਨਿ ਭੂਖ ॥ ਨਾਨਕ; ਤਿਸਹਿ ਨ ਲਾਗਹਿ ਦੂਖ ॥੪॥

ਜਿਸ ਦੇ ਮਨਿ = ਅੰਤਸ਼ਕਰਣ ਵਿਚ ਪਾਰਬ੍ਰਹਮ = ਪਰਮੇਸ਼ਰ ਦੇ ਦਰਸ਼ਨਾਂ ਕੀ = ਦੀ ਭੂਖ = ਭੁੱਖ ਭਾਵ ਚਾਹਤ ਲੱਗੀ ਹੋਈ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਸਹਿ = ਉਸ ਨੂੰ ਜੰਮਣ ਮਰਣ ਦਾ ਦੁਖ ਨ = ਨਹੀਂ ਲਾਗਹਿ = ਲੱਗਦਾ ॥੪॥

## ਜਿਸ ਕਉ ਹਰਿ ਪ੍ਰਭੁ; ਮਨਿ ਚਿਤਿ ਆਵੈ ॥ ਸੋ ਸੰਤੁ ਸੁਹੇਲਾ; ਨਹੀ ਡੁਲਾਵੈ ॥

ਜਿਸ ਕਉ = ਨੂੰ ਹਰਿ = ਹਰੇ ਭਰੇ ਕਰਨ ਵਾਲਾ ਪ੍ਰਭੁ = ਪਰਮੇਸ਼ਰ ਮਨਿ = ਅੰਤਸ਼ਕਰਣ ਵਿਚ ਚਿਤਿ = ਚੇਤੇ ਆਵੈ = ਆਉਂਦਾ ਹੈ **ਵਾ:** ਜਿਨ੍ਹਾਂ ਦੇ ਪ੍ਰਭ = ਹਰੀ ਅਕਾਲ ਪੁਰਖ ਚੇਤਨ ਸਰੂਪ ਮਨ ਵਿਚ ਚਿਤਿ = ਯਾਦ ਆਵੈ = ਆਉਂਦਾ ਹੈ। ਸੋ = ਉਹ ਸੰਤੁ ਸੁਹੇਲਾ = ਸੁਖੀ ਹੈ, ਕਦੇ ਉਸ ਦਾ ਮਨ ਪਦਾਰਥਾਂ ਵਿਚ ਨਹੀਂ ਡੁਲਾਵੈ = ਡੋਲਦਾ, ਭਾਵ ਲੁਭਾਏਮਾਨ ਨਹੀਂ ਹੁੰਦਾ।

## ਜਿਸੁ ਪ੍ਰਭੁ ਅਪੁਨਾ; ਕਿਰਪਾ ਕਰੈ ॥ ਸੋ ਸੇਵਕੁ; ਕਹੁ ਕਿਸ ਤੇ ਡਰੈ ॥

ਜਿਸ ਸੇਵਕ ਉੱਤੇ ਉਸਦਾ ਅਪੁਨਾ = ਆਪਣਾ ਪ੍ਰਭੁ = ਹਰੀ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰੈ = ਕਰਦਾ ਹੈ। ਸੋ = ਉਹ ਸੇਵਕੁ = ਦਾਸ ਕਹੁ = ਦੱਸੋ ਕਿ ਕਿਸ ਤੇ = ਤੋਂ ਡਰੈ = ਡਰ ਸਕਦਾ ਹੈ ? ਭਾਵ ਕਿਸੇ ਤੋਂ ਵੀ ਡਰ ਨਹੀਂ ਸਕਦਾ।

## ਜੈਸਾ ਸਾ; ਤੈਸਾ ਦ੍ਰਿਸਟਾਇਆ ॥
## ਅਪੁਨੇ ਕਾਰਜ ਮਹਿ; ਆਪਿ ਸਮਾਇਆ ॥

ਜੈਸਾ = ਜਿਹੋ ਜਿਹਾ ਸਾ = ਉਹ ਪਰਮੇਸ਼ਰ ਦਾ ਸਤਿ ਅਨੰਦ ਰੂਪ ਹੈ, ਤੈਸਾ = ਵੈਸਾ ਹੀ ਉਨ੍ਹਾਂ ਨੂੰ ਦ੍ਰਿਸਟਾਇਆ = ਦੇਖਣ ਵਿਚ ਆਇਆ ਹੈ। ਪਰਮੇਸ਼ਰ ਆਪਣੇ ਸੰਸਾਰਕ ਕਾਰਜ = ਕੰਮ ਮਹਿ = ਵਿਚ ਆਪ ਹੀ ਸਮਾਇਆ ਹੋਇਆ ਹੈ **ਵਾ:** ਇਹ ਕਾਰਜ ਸੰਸਾਰ ਵਿਚ ਅਧਿਸ਼ਠਾਨ ਰੂਪ ਹੋ ਕੇ ਦਰਸਾਇਆ ਹੋਇਆ ਹੈ।

ਜਿਵੇਂ ਰੱਸੀ ਵਿਚ ਸੱਪ ਕਲਪਿਆ ਹੁੰਦਾ ਹੈ, ਇਸੇ ਪ੍ਰਕਾਰ ਬ੍ਰਹਮ ਰੱਸੀ ਦੀ ਨਿਆਈਂ ਹੈ, ਜਿਸ ਵਿਚ ਸੰਸਾਰ ਸੱਪ ਦੀ ਨਿਆਈਂ ਕਲਪਿਆ ਹੋਇਆ ਹੈ। ਜਿਵੇਂ ਮਿੱਟੀ ਦੇ ਭਾਂਡੇ ਵਿਚ ਮਿੱਟੀ ਮਿਲੀ ਹੁੰਦੀ ਹੈ, ਸੋਨੇ ਦੇ ਗਹਿਣੇ ਵਿਚ ਸੋਨਾ ਮਿਲਿਆ ਹੋਇਆ ਹੁੰਦਾ ਹੈ। ਜਲ ਦੀਆਂ ਤਰੰਗਾਂ ਤੋਂ ਲਹਿਰਾਂ ਪੈਦਾ ਹੁੰਦੀਆਂ ਹਨ, ਜੋ ਜਲ ਵਿਚ ਹੀ ਮਿਲ ਜਾਂਦੀਆਂ ਹਨ। ਇਸੇ ਪ੍ਰਕਾਰ ਆਪਣੇ ਕਾਰਜ ਜਗਤ ਵਿਚ ਆਪ ਪਰਮੇਸ਼ਰ ਸਮਾਇਆ ਹੋਇਆ ਹੈ।

## ਸੋਧਤ ਸੋਧਤ; ਸੋਧਤ ਸੀਝਿਆ ॥ ਗੁਰ ਪ੍ਰਸਾਦਿ; ਤਤੁ ਸਭੁ ਬੂਝਿਆ ॥

ਵੇਦਾਂ ਨੂੰ ਸੋਧਤ = ਵਿਚਾਰਦਿਆਂ, ਸ਼ਾਸਤਰਾਂ ਦੀ ਸੋਧਤ = ਵਿਚਾਰ ਕਰਦਿਆਂ, ਸਿੰਮ੍ਰਿਤੀਆਂ ਨੂੰ ਸੋਧਤ = ਵਿਚਾਰਦਿਆਂ **ਵਾ:** ਮਨ ਵਿਚ ਸੋਧਿਆ, ਤਨ ਵਿਚ ਸੋਧਿਆ, ਜ਼ਬਾਨ ਕਰਕੇ ਵੀ ਸੋਧਿਆ ਹੈ ਅਤੇ ਪਰਮੇਸ਼ਰ ਨੂੰ ਬੁੱਧੀ ਦੇ ਅੰਦਰ ਸੀਝਿਆ = ਸਮਝਿਆ ਹੈ **ਵਾ:** ਉਹ ਮਹਾਤਮਾ ਆਤਮ ਦੇ ਸਰੂਪ ਦੇ ਸਿਧਾਂਤ ਨੂੰ ਸਮਝ ਕੇ ਸੀਝਿਆ = ਮੁਕਤ ਹੋ ਗਏ ਹਨ। ਗੁਰਾਂ ਦੀ ਪ੍ਰਸਾਦਿ = ਕਿਰਪਾ ਕਰ ਕੇ ਸਭੁ = ਸਾਰੇ ਤਤੁ = ਸਿਧਾਂਤ ਨੂੰ ਬੂਝਿਆ = ਸਮਝ, ਜਾਣ ਲਿਆ ਹੈ।

## ਜਬ ਦੇਖਉ; ਤਬ ਸਭੁ ਕਿਛੁ ਮੂਲੁ ॥
## ਨਾਨਕ, ਸੋ ਸੂਖਮੁ; ਸੋਈ ਅਸਥੂਲੁ ॥੫॥

ਜਬ = ਜਦ ਦੇਖਉ = ਦੇਖਦੇ ਹਾਂ, ਤਬ = ਤਦ ਸਭ ਕਿਛੁ = ਕੁਝ ਮੂਲੁ = ਮੁੱਢ ਭਾਵ ਕਾਰਨ ਰੂਪ ਬ੍ਰਹਮ ਪਰਮੇਸ਼ਰ ਆਪ ਹੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋ = ਉਹ ਪਰਮੇਸ਼ਰ ਆਪ ਹੀ ਸੂਖਮ ਭਾਵ ਨਿਰਗੁਣ ਸਰੂਪ ਹੈ ਤੇ ਸੋਈ = ਉਹ ਆਪ ਹੀ ਅਸਥੂਲ ਭਾਵ ਸਰਗੁਣ ਸਰੂਪ ਹੈ **ਵਾ:** ਆਪ ਹੀ ਸੂਖਮੁ = ਜੀਵ ਰੂਪ ਤੇ ਆਪ ਹੀ ਅਸਥੂਲੁ = ਬ੍ਰਹਿਮੰਡ ਪਸਾਰਾ ਰੂਪ ਹੈ ॥੫॥

## ਨਹ ਕਿਛੁ ਜਨਮੈ; ਨਹ ਕਿਛੁ ਮਰੈ ॥ ਆਪਨ ਚਲਿਤੁ; ਆਪ ਹੀ ਕਰੈ ॥

ਪਰਮੇਸ਼ਰ ਦੇ ਵਾਸਤਵ ਸਰੂਪ ਵਿਚ ਨਹ = ਨਾ ਹੀ ਕਿਛੁ = ਕੁਝ ਜਨਮੈ = ਜਨਮਦਾ ਹੈ ਤੇ ਨਹ = ਨਾ ਹੀ ਕਿਛੁ = ਕੁਝ ਮਰੈ = ਮਰਦਾ ਹੈ। ਉਹ ਪਰਮੇਸ਼ਰ ਆਪਣੇ ਚਲਿਤੁ = ਕੌਤਕਾਂ ਨੂੰ ਆਪ ਹੀ ਕਰੈ = ਕਰਦਾ ਹੈ। ਜੈਸਾ ਕਿ :

**ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥** *(ਅੰਗ ੨੦੯)*

## ਆਵਨੁ ਜਾਵਨੁ; ਦ੍ਰਿਸਟਿ ਅਨਦ੍ਰਿਸਟਿ ॥ ਆਗਿਆਕਾਰੀ; ਧਾਰੀ ਸਭ ਸ੍ਰਿਸਟਿ ॥

ਆਵਨੁ ਜਾਵਨੁ = ਆਉਣ ਜਾਣ ਵਾਲੀ ਦ੍ਰਿਸਟਿ = ਦਿਸਣ ਵਾਲੀ ਤੇ ਅਨ ਦ੍ਰਿਸਟਿ = ਨਾ ਦਿਸਣ ਵਾਲੀ ਗੁਪਤ ਸ੍ਰਿਸ਼ਟੀ ਹੈ **ਵਾ:** ਇਸ ਜੀਵ ਨੂੰ ਅਨ = ਦ੍ਵੈਤ ਦ੍ਰਿਸ਼ਟੀ ਕਰ ਕੇ ਆਉਣਾ ਜਾਣਾ **ਵਾ:** ਜੰਮਣਾ ਮਰਣਾ ਚੇਤਨ ਵਿਚ ਦ੍ਰਿਸ਼ਟ ਆਉਂਦਾ ਹੈ।

ਸਭ = ਸਾਰੀ ਸ੍ਰਿਸਟਿ = ਦੁਨੀਆਂ ਪਰਮੇਸ਼ਰ ਨੇ ਆਪਣੇ ਆਗਿਆਕਾਰੀ = ਹੁਕਮ ਅੰਦਰ ਧਾਰੀ = ਟਿਕਾਈ ਹੋਈ ਹੈ **ਵਾ:** ਇਹ ਸਾਰੀ ਸ੍ਰਿਸ਼ਟੀ ਪਰਮੇਸ਼ਰ ਦੀ ਆਗਿਆਕਾਰੀ = ਮਾਇਆ ਵਿਚ ਧਾਰੀ ਹੋਈ ਹੈ। ਸਾਰੀ ਸ੍ਰਿਸ਼ਟੀ ਉਸ ਦੇ ਸ਼ੁੱਧ ਸਰੂਪ ਵਿਚ ਨਹੀਂ ਹੈ, ਜਿਹੜਾ ਕਿ ਸੱਚਾ ਅਨੰਦ ਦੇਣ ਵਾਲਾ ਹੈ, ਇਹ ਮਾਇਆ ਦੁਖ ਰੂਪ ਉਸ ਪਰਮਾਤਮਾ ਦੀ ਆਗਿਆ ਕਰ ਕੇ ਰਾਜਸੀ ਤਾਮਸੀ ਸਾਂਤਕੀ ਸਰੂਪ ਨੂੰ ਪ੍ਰਾਪਤ ਹੋਈ ਹੈ ਤੇ ਉਸ ਦੇ ਵਿਚ ਹੀ ਧਾਰਨ ਕੀਤੀ ਹੋਈ ਹੈ। ਉਹ ਵਾਹਿਗੁਰੂ ਆਪ ਸੁਤੰਤਰ ਹੈ, ਜਿਹੜੇ ਪਰਮੇਸ਼ਰ ਦੇ ਆਗਿਅਕਾਰ ਹੋ ਕੇ ਭਗਤੀ ਕਰਦੇ ਹਨ, ਉਨ੍ਹਾਂ ਨੂੰ ਪਤਾ ਲੱਗਦਾ ਹੈ। ਜਿਵੇਂ ਲਹਿਰਾਂ ਜਲ ਵਿਚ ਕਲਪਤ ਹੁੰਦੀਆਂ ਹਨ, ਜਿਵੇਂ ਵਸਤਰ ਤੰਦਾਂ ਵਿਚ ਕਲਪਤ ਰੂਪ ਹੁੰਦਾ ਹੈ, ਇਸੇ ਤਰ੍ਹਾਂ ਸਾਰੀ ਸ੍ਰਿਸ਼ਟੀ ਉਸ ਪਰਮਾਤਮਾ ਦੀ ਆਗਿਆ ਵਿਚ ਕਲਪਤ ਰੂਪ ਧਾਰੀ ਹੋਈ ਹੈ।

[ਅੰਗ ੨੯੨]

## ਆਪੇ ਆਪਿ; ਸਗਲ ਮਹਿ ਆਪਿ ॥ ਅਨਿਕ ਜੁਗਤਿ ਰਚਿ; ਥਾਪਿ ਉਥਾਪਿ ॥

ਸਗਲ = ਸਾਰਿਆਂ ਜੀਵਾਂ ਮਹਿ = ਵਿਚ ਪਰਮੇਸ਼ਰ ਆਪਣਾ ਆਪ ਰੂਪ ਹੈ ਅਤੇ ਈਸਰ ਵਿਚ ਵੀ ਆਪਣਾ ਆਪ ਰੂਪ ਪਰਮੇਸ਼ਰ ਹੀ ਹੈ **ਵਾ:** ਆਪੇ ਆਪ ਜਗਤ ਰੂਪ ਹੋ ਕੇ ਸਾਰੀ ਸ੍ਰਿਸ਼ਟੀ ਮਹਿ = ਵਿਚ ਆਪ ਹੀ ਵਿਆਪ ਰਿਹਾ ਹੈ। ਅਨਿਕ = ਅਨੇਕ ਜੁਗਤਿ = ਤਰੀਕਿਆਂ ਨਾਲ ਆਪ ਸੰਸਾਰ ਨੂੰ ਰਚਿ = ਰਚਦਾ ਹੈ ਤੇ ਰਚ ਕੇ ਥਾਪਿ = ਪਾਲਣਾ ਕਰਦਾ ਹੈ ਅਤੇ ਆਪ ਹੀ ਉਥਾਪਿ = ਉਖੇੜਨਾ ਭਾਵ ਪਰਲੋ ਕਰਦਾ ਹੈ।

## ਅਬਿਨਾਸੀ; ਨਾਹੀ ਕਿਛੁ ਖੰਡ ॥ ਧਾਰਣ ਧਾਰਿ ਰਹਿਓ; ਬ੍ਰਹਮੰਡ ॥

ਅਬਿਨਾਸੀ = ਨਾਸ ਤੋਂ ਰਹਿਤ ਹੋਣ ਕਰ ਕੇ ਪਰਮੇਸ਼ਰ ਦਾ ਕਿਛੁ = ਕੁਝ ਵੀ ਖੰਡ = ਖੰਡਨ ਨਾਹੀ = ਨਹੀਂ ਹੁੰਦਾ, ਟੁੱਕੜੇ ਟੁੱਕੜੇ ਨਹੀਂ ਹੁੰਦਾ, ਸਗੋਂ ਇਕ-ਰਸ ਰਹਿੰਦਾ ਹੈ। ਸਾਰੇ ਬ੍ਰਹਮੰਡ = ਜਗਤ ਨੂੰ ਧਾਰਣ = ਮਰਿਯਾਦਾ ਵਿਚ ਧਾਰ ਰਿਹਾ ਹੈ **ਵਾ:** ਪਰਮੇਸ਼ਰ ਦੀ ਆਸਾਧਾਰੀ ਸੱਤਾ ਦੇ ਨਾਲ ਸਾਰਾ ਬ੍ਰਹਮੰਡ ਉਸ ਦੀ ਆਸ 'ਤੇ ਟਿਕਿਆ ਹੋਇਆ ਹੈ।

## ਅਲਖ ਅਭੇਵ; ਪੁਰਖ ਪਰਤਾਪ ॥ ਆਪਿ ਜਪਾਏ; ਤ ਨਾਨਕ ਜਾਪ ॥੬॥

ਅਲਖ = ਲਖਣ ਤੋਂ ਰਹਿਤ ਹੋਣੇ ਕਰਕੇ ਗੁਰਾਂ ਤੋਂ ਬਿਨਾਂ ਉਸ ਅਕਾਲ ਪੁਰਖ ਦਾ ਅਭੇਵ = ਭੇਦ ਨਹੀਂ ਪੈਂਦਾ, ਕਿਉਂਕਿ ਉਸ ਦਾ ਵੇਦਾਂ ਸ਼ਾਸਤਰਾਂ ਕਰਕੇ ਪੂਰਨ ਪਰਤਾਪ = ਤੇਜ ਹੈ **ਵਾ:** ਅਭੇਵ = ਭੇਦਾਂ ਤੋਂ ਅਕਾਲ ਪੁਰਖ ਦਾ ਪਰਤਾਪ = ਤੇਜ ਅਲਖ = ਜਾਣਨ ਤੋਂ ਰਹਿਤ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਐਸਾ ਪਰਮੇਸ਼ਰ ਜਿਨ੍ਹਾਂ ਦੇ ਕੋਲੋਂ ਆਪ ਨਾਮ ਜਪਾਏ = ਜਪਾਉਣਾ ਕਰੇ ਤ = ਤਾਂ ਹੀ ਉਹ ਨਾਮ ਜਾਪ = ਜਪਦੇ ਹਨ ॥੬॥

## ਜਿਨ ਪ੍ਰਭੁ ਜਾਤਾ; ਸੁ ਸੋਭਾਵੰਤ ॥ ਸਗਲ ਸੰਸਾਰੁ; ਉਧਰੈ ਤਿਨ ਮੰਤ ॥

ਜਿਨ੍ਹਾਂ ਨੇ ਪ੍ਰਭੁ = ਹਰੀ ਵਾਹਿਗੁਰੂ ਨੂੰ ਜਾਤਾ = ਜਾਣਿਆ ਹੈ, ਸੁ = ਉਹ ਪੁਰਖ ਸੋਭਾਵੰਤ = ਵਡਿਆਈ ਵਾਲੇ ਹਨ। ਸਗਲ = ਸਾਰਾ ਸੰਸਾਰੁ = ਜਗਤ ਤਿਨ = ਉਸ ਪਰਮੇਸ਼ਰ ਦੇ ਮੰਤ = ਉਪਦੇਸ਼ ਕਰ ਕੇ ਉਧਰੈ = ਉਧਰ ਰਿਹਾ ਹੈ ਭਾਵ ਤਰ ਰਿਹਾ ਹੈ।

## ਪ੍ਰਭ ਕੇ ਸੇਵਕ; ਸਗਲ ਉਧਾਰਨ ॥ ਪ੍ਰਭ ਕੇ ਸੇਵਕ; ਦੂਖ ਬਿਸਾਰਨ ॥

ਪ੍ਰਭ = ਹਰੀ ਵਾਹਿਗੁਰੂ ਕੇ = ਦੇ ਸੇਵਕ = ਦਾਸ ਸਗਲ = ਸਾਰਿਆਂ ਦੇ ਉਧਾਰਨ = ਉਧਾਰ ਕਰਨ ਦੇ ਸਮਰੱਥ ਹਨ, ਜਿਹੜੇ ਸ਼ਰਨ ਵਿਚ ਆਉਂਦੇ ਹਨ। ਪ੍ਰਭ = ਹਰੀ ਵਾਹਿਗੁਰੂ ਕੇ = ਦੇ ਸੇਵਕ = ਦਾਸ ਦੁੱਖਾਂ ਨੂੰ ਬਿਸਾਰਨ = ਨਾਸ਼ ਕਰਨ ਵਾਲੇ ਹਨ।

## ਆਪੇ ਮੇਲਿ ਲਏ; ਕਿਰਪਾਲ ॥ ਗੁਰ ਕਾ ਸਬਦੁ ਜਪਿ; ਭਏ ਨਿਹਾਲ ॥

ਉਹ ਹਰੀ ਵਾਹਿਗੁਰੂ ਕਿਰਪਾਲ = ਦਿਆਲੂ ਨੇ ਆਪਣੇ ਨਾਲ ਮੇਲ ਲਏ ਹਨ ਅਤੇ ਗੁਰਾਂ ਕਾ = ਦਾ ਸਬਦੁ = ਉਪਦੇਸ਼ ਦੁਆਰਾ ਨਾਮ ਜਪ ਕੇ ਨਿਹਾਲ = ਦੁਖ ਤੋਂ ਰਹਿਤ ਭਏ = ਹੋਏ ਹਨ।

## ਉਨ ਕੀ ਸੇਵਾ; ਸੋਈ ਲਾਗੈ ॥ ਜਿਸ ਨੋ, ਕ੍ਰਿਪਾ ਕਰਹਿ; ਬਡਭਾਗੈ ॥

ਉਨ = ਉਨ੍ਹਾਂ ਕੀ = ਦੀ ਸੇਵਾ = ਟਹਿਲ ਵਿਚ ਸੋਈ = ਉਹੀ ਪੁਰਖ ਲਾਗੈ = ਲੱਗਦਾ ਹੈ। ਜਿਸ ਵਡਭਾਗੈ = ਵੱਡੇ ਭਾਗਾਂ ਵਾਲੇ ਦੇ ਨੋ = ਤਾਈਂ ਹਰੀ ਵਾਹਿਗੁਰੂ ਪੂਰਬਲੇ ਕਰਮਾਂ ਕਰਕੇ ਕਿਰਪਾ ਦ੍ਰਿਸ਼ਟੀ ਕਰਹਿ = ਕਰਦਾ ਹੈ।

## ਨਾਮੁ ਜਪਤ; ਪਾਵਹਿ ਬਿਸ੍ਰਾਮੁ ॥
## ਨਾਨਕ ਤਿਨ ਪੁਰਖ ਕਉ; ਊਤਮ ਕਰਿ ਮਾਨੁ ॥੭॥

ਉਹ ਨਾਮ ਜਪਤ = ਜਪ ਕੇ ਵਾਹਿਗੁਰੂ ਵਿਚ ਬਿਸ੍ਰਾਮੁ = ਟਿਕਾਅ ਪਾਵਹਿ = ਪਾ ਲੈਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਨ = ਉਨ੍ਹਾਂ ਪੁਰਖਾਂ ਕਉ = ਨੂੰ ਊਤਮ = ਸ੍ਰੇਸ਼ਟ ਕਰ ਕੇ ਮਾਨੁ = ਮੰਨਣਾ ਕਰ ॥੭॥

## ਜੋ ਕਿਛੁ ਕਰੈ; ਸੁ ਪ੍ਰਭ ਕੈ ਰੰਗਿ ॥ ਸਦਾ ਸਦਾ; ਬਸੈ ਹਰਿ ਸੰਗਿ ॥

ਪਰਮੇਸ਼ਰ ਦੇ ਸੇਵਕ ਜੋ = ਜਿਹੜਾ ਕਿਛੁ = ਕੁਝ ਕਰੈ = ਕਰਦੇ ਹਨ, ਸੁ = ਉਸ ਪ੍ਰਭ = ਹਰੀ ਵਾਹਿਗੁਰੂ ਕੈ = ਦੇ ਰੰਗਿ = ਅਨੰਦ ਵਿਚ ਰੰਗੇ ਹੋਏ ਹੀ ਕਰਦੇ ਹਨ **ਵਾ:** ਉਹ ਹਰ ਵੇਲੇ ਰੰਗ ਵਿਚ ਰੰਗੇ ਰੰਗਾਂ ਨੂੰ ਕਉਤਕ ਜਾਣਦੇ ਹਨ। ਉਹ ਪੁਰਸ਼ ਸਦਾ ਸਦਾ = ਹਮੇਸ਼ਾਂ ਹਮੇਸ਼ਾਂ ਹਰਿ = ਹਰੀ ਵਾਹਿਗੁਰੂ ਦੇ ਸਿਮਰਨ ਸੰਗਿ = ਨਾਲ ਲਿਵ ਲਾ ਕੇ ਬਸੈ = ਵਸਦੇ ਹਨ **ਵਾ:** ਤਿੰਨਾਂ ਕਾਲਾਂ ਵਿਚ ਹਰੀ ਪਰਮੇਸ਼ਰ ਦੇ ਸੰਗ ਬਸੈ = ਵਸਦੇ ਹਨ।

## ਸਹਜ ਸੁਭਾਇ; ਹੋਵੈ ਸੋ ਹੋਇ ॥ ਕਰਣੈਹਾਰੁ; ਪਛਾਣੈ ਸੋਇ ॥

ਉਹ ਸੇਵਕ ਹੰਕਾਰ ਨੂੰ ਧਾਰਨ ਕਰਕੇ ਕੁਝ ਨਹੀਂ ਕਰਦੇ। ਸਹਜ = ਸੁਤੇ-ਸਿਧ ਸੁਭਾਇ = ਸੁਭਾਵਿਕ ਜੋ ਹੋਵੈ = ਹੋ ਰਿਹਾ ਹੈ, ਸੋ = ਉਹੀ ਹੋਇ = ਹੁੰਦਾ ਹੈ। ਸੋਇ = ਉਹ ਸਿਰਫ਼ ਕਰਨਹਾਰ ਪਰਮਾਤਮਾ ਨੂੰ ਹੀ ਪਛਾਣੈ = ਪਛਾਣਦੇ ਹਨ।

## ਪ੍ਰਭ ਕਾ ਕੀਆ; ਜਨ ਮੀਠ ਲਗਾਨਾ ॥ ਜੈਸਾ ਸਾ; ਤੈਸਾ ਦ੍ਰਿਸਟਾਨਾ ॥

ਗੁਰਮੁਖ ਜਨਾਂ ਨੂੰ ਪ੍ਰਭ = ਹਰੀ ਵਾਹਿਗੁਰੂ ਕਾ = ਦਾ ਕੀਆ = ਕੀਤਾ ਹੋਇਆ ਭਾਣਾ ਮੀਠ = ਪਿਆਰਾ ਲਗਾਨਾ = ਲੱਗਦਾ ਹੈ। ਜੈਸਾ = ਜਿਹੋ ਜਿਹਾ ਪਰਮੇਸ਼ਰ ਦਾ ਸਰੂਪ ਹੈ, ਸਾ = ਉਨ੍ਹਾਂ ਗੁਰਮੁਖਾਂ ਦੇ ਤੈਸਾ = ਉਹੋ ਜਿਹਾ ਦ੍ਰਿਸਟਾਨਾ = ਵੇਖਣ ਵਿਚ ਆ ਗਿਆ ਹੈ **ਅਥਵਾ** ਜੈਸਾ = ਜਿਹੋ ਜਿਹਾ ਪਰਮੇਸ਼ਰ ਦਾ ਅਧਿਸ਼ਠਾਨ ਸਰੂਪ ਹੈ, ਤੈਸਾ = ਉਹੋ ਜਿਹਾ ਸਾ = ਉਨ੍ਹਾਂ ਦੀ ਦ੍ਰਿਸਟਾਨਾ = ਦ੍ਰਿਸ਼ਟੀ ਵਿਚ ਆ ਗਿਆ ਹੈ।

## ਜਿਸ ਤੇ ਉਪਜੇ; ਤਿਸੁ ਮਾਹਿ ਸਮਾਏ ॥
## ਓਇ ਸੁਖ ਨਿਧਾਨ; ਉਨਹੂ ਬਨਿ ਆਏ ॥

ਜਿਸ ਪ੍ਰਭੂ ਪਰਮੇਸ਼ਰ ਤੇ = ਤੋਂ ਉਪਜੇ = ਪੈਦਾ ਹੋਏ, ਤਿਸੁ = ਉਸ ਮਾਹਿ = ਵਿਚ ਸਮਾਏ = ਸਮਾ ਗਏ ਹਨ। ਓਇ = ਉਹ ਸੁੱਖਾਂ ਦਾ ਨਿਧਾਨ = ਖ਼ਜ਼ਾਨਾ ਬ੍ਰਹਮਾਨੰਦ ਉਨ੍ਹਾਂ ਨੂੰ ਹੀ ਬਨਿ ਆਏ = ਆਇਆ ਹੈ, ਭਾਵ ਪ੍ਰਾਪਤ ਹੋ ਗਿਆ ਹੈ।

## ਆਪਸ ਕਉ; ਆਪਿ ਦੀਨੋ ਮਾਨੁ ॥ ਨਾਨਕ ਪ੍ਰਭ ਜਨੁ; ਏਕੋ ਜਾਨੁ ॥੮॥੧੪॥

ਪਰਮੇਸ਼ਰ ਨੇ ਆਪਸ = ਆਪਣੇ ਪਿਆਰਿਆਂ ਕਉ = ਨੂੰ ਆਪ ਹੀ ਮਾਨੁ = ਆਦਰ ਦੀਨੋ = ਦਿੱਤਾ ਹੈ **ਵਾ:** ਬ੍ਰਹਮ ਸਰੂਪ ਦੀ ਪ੍ਰਾਪਤੀ ਦਾ ਮਾਨੁ = ਸਤਿਕਾਰ ਦੇਣਾ ਕੀਤਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪ੍ਰਭ = ਹਰੀ ਵਾਹਿਗੁਰੂ ਤੇ ਉਸ ਦੇ ਪਿਆਰੇ ਜਨਾਂ ਨੂੰ ਏਕੋ ਜਾਨੁ = ਜਾਣਨਾ ਕਰੋ, ਅਰਥਾਤ ਉਹ ਆਪਣੇ ਆਪ ਕੁਝ ਨਹੀਂ ਬਣਦੇ, ਪਰਮੇਸ਼ਰ ਦੀ ਰਜ਼ਾ ਵਿਚ ਰਹਿੰਦੇ ਹਨ, ਇਸ ਕਰਕੇ ਮਹਾਰਾਜ ਵਿਚ ਏਕਤਾ ਹੈ ॥੮॥੧੪॥

**ਹਰਿ, ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥**
**ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੬੦॥** *(ਦਸਮ ਗ੍ਰੰਥ, ਪੰਨਾ ੫੯)*

(ਚੌਦ੍ਹਵੀਂ ਅਸਟਪਦੀ ਵਿਚ ਪੂਰੇ ਅੱਖਰ ੯੯੬, ਪੈਰਾ ਵਾਲੇ ਰਾਰੇ ੨੬, ਅੱਧੇ ਅੱਖਰ ੧, ਕੁੱਲ ਅੱਖਰ ੧੦੨੩ ਹਨ)

## ਸਲੋਕੁ ॥ ਸਰਬ ਕਲਾ ਭਰਪੂਰ ਪ੍ਰਭ; ਬਿਰਥਾ ਜਾਨਨਹਾਰ ॥

ਪ੍ਰਭ = ਹਰੀ ਵਾਹਿਗੁਰੂ ਸਰਬ = ਸਾਰੀਆਂ ਕਲਾ = ਸ਼ਕਤੀਆਂ ਭਾਵ ਗੁਣਾਂ ਨਾਲ ਭਰਪੂਰ = ਲਬਾ ਲਬ ਭਰਿਆ ਹੋਇਆ ਹੈ, ਜੋ ਸਭ ਦੀਆਂ ਬਿਰਥਾ = ਪੀੜਾਂ ਨੂੰ ਜਾਨਨਹਾਰ = ਜਾਨਣ ਵਾਲਾ ਹੈ।

## ਜਾ ਕੈ ਸਿਮਰਨਿ ਉਧਰੀਐ; ਨਾਨਕ ਤਿਸੁ ਬਲਿਹਾਰ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਾ = ਜਿਸ ਕੈ = ਦੇ ਸਿਮਰਨ ਕਰਕੇ ਸੰਸਾਰ-ਸਮੁੰਦਰ ਤੋਂ ਉਧਰੀਐ = ਤਰੀਦਾ ਹੈ, ਤਿਸੁ = ਉਸ ਪਾਤਿਸ਼ਾਹ ਤੋਂ ਬਲਿਹਾਰ = ਕੁਰਬਾਨ ਜਾਈਏ ॥੧॥

## ਅਸਟਪਦੀ ॥ ਟੂਟੀ; ਗਾਢਨਹਾਰ ਗੋੁਪਾਲ ॥

ਗੋੁਪਾਲ (ਗੋੁ+ਪਾਲ) ਗੋੁ = ਪ੍ਰਿਥਵੀ ਦੀ ਪਾਲ = ਪਾਲਣਾ ਕਰਨ ਵਾਲੇ ਜੀਵਾਂ ਦੀਆਂ ਟੁੱਟੀਆਂ ਬਿਰਤੀਆਂ ਨੂੰ ਆਪ ਹੀ ਗਾਢਨਹਾਰ = ਗੰਢਣ ਵਾਲਾ ਹੈ।

**ਸਾਖੀ—ਭਾਈ ਮਹਾਂ ਸਿੰਘ ਜੀ ਦੀ :** ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਕਈ ਮਹੀਨੇ ਅਨੰਦਪੁਰ ਸਾਹਿਬ ਘੇਰਾ ਪਿਆ ਰਿਹਾ, ਭੁੱਖ ਦੇ ਦੁੱਖ ਤੋਂ ਤੰਗ ਹੋ ਕੇ ਮਾਝੇ ਦੇ ਸਿੰਘਾਂ ਨੇ ਬੇਦਾਵਾ ਲਿਖਿਆ

ਸੀ, ਉਨ੍ਹਾਂ ਵਿਚ ਭਾਈ ਮਹਾਂ ਸਿੰਘ ਇਨ੍ਹਾਂ ਸਿੰਘਾਂ ਦਾ ਆਗੂ ਸੀ, ਭੁੱਖ ਦਾ ਤੰਗ ਕੀਤਾ ਹੋਇਆ ਜਦੋਂ ਸਤਿਗੁਰੂ ਜੀ ਦੇ ਕਹਿਣ ਤੋਂ ਨਾ ਰੁਕਿਆ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵੇਲੇ ਮੇਰੀ ਦਰਗਹ ਦੀ ਜ਼ਾਮਨੀ ਹੋ ਜਾਂਦੀ ਹੈ। ਜੇ ਤੁਸੀਂ ਹੁਣ ਬਚਨ ਤੋੜਨਾ ਹੀ ਹੈ ਤਾਂ ਲਿਖਤੀ ਰੂਪ ਵਿਚ ਤੋੜੋ ਤਾਂ ਕਿ ਮੇਰੀ ਦਰਗਹ ਦੀ ਜ਼ਾਮਨੀ ਸੁਰਖ਼ਰੂ ਹੋ ਸਕੇ। ਭਾਈ ਮਹਾਂ ਸਿੰਘ ਨੇ ਸਭ ਤੋਂ ਪਹਿਲਾਂ ਲਿਖਤ ਕੀਤੀ, "ਅਸੀਂ ਅੱਜ ਤੋਂ ਤੁਹਾਡੇ ਸਿੱਖ ਨਹੀਂ ਤੇ ਤੁਸੀਂ ਸਾਡੇ ਗੁਰੂ ਨਹੀਂ" ਇਹ ਕਹਿ ਕੇ ਸਿੱਖੀ ਦਾ ਰਿਸ਼ਤਾ ਤੋੜ ਲਿਆ। ਜਦੋਂ ਘਰਾਂ ਵਿਚ ਪਰਤੇ ਤਾਂ ਸਿੰਘਣੀਆਂ ਨੇ ਪੁੱਛਿਆ ਕਿ ਅਨੰਦਪੁਰ ਸਾਹਿਬ ਦਾ ਯੁੱਧ ਜਿੱਤਿਆ ਗਿਆ ? ਉੱਤਰ ਸੀ—ਨਹੀਂ, ਕੀ ਜੰਗ ਸਮਾਪਤ ਹੋ ਗਿਆ ? ਫੇਰ ਵੀ ਉੱਤਰ—ਨਹੀਂ ਸੀ, ਸਿੰਘਣੀਆਂ ਨੇ ਪੁੱਛਿਆ ਕਿ ਇਹੋ ਜਿਹੀ ਬਿਪਤਾ ਵਿਚ ਗੁਰੂ ਨੂੰ ਇਕੱਲਿਆਂ ਛੱਡ ਕੇ ਤੁਸੀਂ ਬਾਹਰ ਕਿਉਂ ਆ ਗਏ ? ਤਾਂ ਉੱਤਰ ਸੀ ਕਿ ਭੁੱਖ ਤੋਂ ਦੁਖੀ ਹੋ ਕੇ ਅਸੀਂ ਬੇਦਾਵਾ ਲਿਖ ਕੇ ਆਏ ਹਾਂ। ਸਿੰਘਣੀਆਂ ਦੇ ਅੰਦਰ ਗੁਰੂ ਦੀ ਪ੍ਰੇਮ ਭਾਵਨਾ ਸਿੱਖੀ ਦਾ ਸਿਦਕ ਠਾਠਾਂ ਮਾਰ ਉਠਿਆ, ਕਹਿਣ ਲੱਗੀਆਂ ਕਿ ਤੁਸੀਂ ਘਰਾਂ ਵਿਚ ਚੂੜੀਆਂ ਪਾ ਕੇ ਬੈਠ ਜਾਓ, ਬੱਚਿਆਂ ਨੂੰ ਸੰਭਾਲੋ, ਮਰਦ ਹੋ ਕੇ ਜੋ ਕਾਇਰਤਾ ਦਾ ਕਲੰਕ ਮੱਥੇ 'ਤੇ ਲਾ ਕੇ ਆਏ ਹੋ, ਉਸ ਕਲੰਕ ਨੂੰ ਅਸੀਂ ਲਾਹਵਾਂਗੀਆਂ। ਕਿਸੇ ਸਿੰਘਣੀ ਨੇ ਆਪਣੇ ਪਤੀ ਨੂੰ ਪਾਣੀ ਤਕ ਨਾ ਦਿੱਤਾ। ਬੀਬੀਆਂ ਦੇ ਜਥੇ ਦੀ ਆਗੂ ਬੀਬੀ ਭਾਗ ਕੌਰ ਜੋ ਮਾਝੇ ਦੇ ਵਿਚ ਝਬਾਲ ਪਿੰਡ ਦੀ ਸੀ ਉਹ ਜੰਗ ਵਿਚ ਜੂਝਣ ਲਈ ਤਿਆਰ ਹੋਈ। ਜਦੋਂ ਸਿੰਘਾਂ ਨੇ ਕਿਹਾ ਕਿ ਹੁਣ ਅਸੀਂ ਜਿਊਂਦੇ ਮੂੰਹ ਨਹੀਂ ਵਿਖਾਵਾਂਗੇ। ਤੁਸੀਂ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਫੇਰ ਬੀਬੀ ਭਾਗ ਕੌਰ ਨੇ ਕੋਈ ਇਤਬਾਰ ਨਾ ਕੀਤਾ ਅਤੇ ਆਪ ਆਗੂ ਬਣ ਕੇ ਨਾਲ ਆਈ। ਇਧਰ ਸਤਿਗੁਰੂ ਜੀ ਅਨੰਦਪੁਰ ਸਾਹਿਬ, ਰੋਪੜ, ਚਮਕੌਰ ਸਾਹਿਬ ਆਦਿ ਜੰਗਾਂ ਤੋਂ ਉਪਰੰਤ ਮਾਲਵੇ ਦੇ ਇਲਾਕੇ ਵਿਚ ਚਰਨ ਪਾਏ ਤਾਂ ਵਜੀਦੇ ਦੀ ੨੦ ਹਜ਼ਾਰ ਫ਼ੌਜ ਸਤਿਗੁਰੂ ਜੀ ਨੂੰ ਸ਼ਹੀਦ ਕਰਨ ਦੀ ਨੀਯਤ ਨਾਲ ਪਿੱਛੇ ਲੱਗੀ ਹੋਈ ਸੀ। ਸਤਿਗੁਰੂ ਜੀ ਵਿਚਰਦੇ ਵਿਚਰਦੇ ਖਿਦਰਾਣੇ ਦੀ ਢਾਬ 'ਤੇ ਪਹੁੰਚ ਗਏ ਤਾਂ ਸਤਿਗੁਰੂ ਜੀ ਨੂੰ ਸਿੱਖ ਕਹਿਣ ਲੱਗੇ ਕਿ ਵਜੀਦੇ ਦੀ ਫ਼ੌਜ ਬਿਲਕੁਲ ਨੇੜੇ ਆ ਗਈ, ਜੰਗਲ ਦੇ ਜਾਣੂ ਸਿੰਘਾਂ ਦੇ ਦੱਸਣ ਤੋਂ ਕਿ ਇਥੇ ਕਿੰਨੀ-ਕਿੰਨੀ ਦੂਰ ਤਕ ਕਿਤੇ ਪਾਣੀ ਦੀ ਬੂੰਦ ਨਹੀਂ ਮਿਲਦੀ, ਕੇਵਲ ਇਹੀ ਢਾਬ ਦਾ ਜਲ ਹੈ। ਸ੍ਰੀ ਮੁਕਤਸਰ ਸਾਹਿਬ ਟਿੱਬੀ ਸਾਹਿਬ ਵਾਲੀ ਜਗ੍ਹਾ ਸਤਿਗੁਰਾਂ ਨੇ ਜੰਗ ਲੜਿਆਂ ਉੱਤਰ ਦਿੱਤਾ ਸੀ ਕਿ ਜੇ ਦੁਸ਼ਮਣ ਨੇੜੇ ਆ ਗਿਆ ਤਾਂ ਰੋਕਣ ਵਾਲੇ ਵੀ ਪਹੁੰਚ ਗਏ। ਭਾਈ ਮਹਾਂ ਸਿੰਘ ਤੇ ਸਾਰੇ ਸਿੰਘਾਂ ਨੇ ਇਹ ਸੋਚ ਕੇ ਜਿਊਂਦੇ ਗੁਰੂ ਦੇ ਮੱਥੇ ਨਹੀਂ ਲੱਗਣਾ, ਐਸਾ ਹੀ ਹੋਇਆ। ਝਾੜਾਂ 'ਤੇ ਵਸਤਰ ਪਾ ਕੇ ਦੁਸ਼ਮਣ ਨੂੰ ਭੁਲੇਖਾ ਦੇ ਕੇ ਜੰਗ ਅਰੰਭਿਆ ਕਿ ਇਹ ਸਤਿਗੁਰੂ ਤਕ ਨਾ ਪਹੁੰਚਣ ਤੇ ਉਧਰ ਸਤਿਗੁਰੂ ਜੀ ਵੀ ਟਿੱਬੀ ਸਾਹਿਬ ਤੋਂ ਤੀਰ ਚਲਾਉਂਦੇ ਰਹੇ, ਤੁਰਕ ਵਿਆਕੁਲ ਹੋ ਗਏ, ਪਾਣੀ ਦੇ ਪਿਆਸੇ ਮਰਨ ਲੱਗੇ। ਵਜੀਦੇ ਦੇ ਸਹਿਯੋਗੀਆਂ ਨੇ ਕਿਹਾ ਕਿ ਸਾਡੇ ਲਈ ਤਾਂ ਕਿਆਮਤ ਦਾ ਦਿਨ ਆ ਗਿਆ। ਚੌਧਰੀ ਕਪੂਰੇ ਨੇ ਕਿਹਾ—ਖਾਨ ਸਾਹਿਬ ਹੁਣ ਮੋਇਆਂ ਦੀ ਸੰਭਾਲ ਛੱਡ ਕੇ ਜਿਊਂਦਿਆਂ ਨੂੰ ਬਚਾਓ, ਨਹੀਂ ਤਾਂ ਇਹ ਧਰਤੀ ਕਰਬਲਾ ਹੋ ਜਾਏਗੀ। ਦੱਬਣ ਅਤੇ ਫੂਕਣ ਵਾਲਾ ਕੋਈ ਨਹੀਂ ਬਚੇਗਾ। ਜਦੋਂ ਵਜੀਦੇ ਨੇ ਪਾਣੀ ਬਾਰੇ ਕਪੂਰੇ ਨੂੰ ਪੁੱਛਿਆ ਕਿ ਤੂੰ ਇਸ ਇਲਾਕੇ ਦਾ ਭੇਤੀ ਹੈਂ ਤਾਂ ਕਪੂਰੇ ਨੇ ਕਿਹਾ ਕਿ ਇਹ ਜੰਗਲ ਵਿਚ ੩੦-੩੦ ਕੋਹ ਪਾਣੀ ਨਹੀਂ ਹੈ। ਜੇ ਪਿੱਛੇ ਹਟੀਏ ਤਾਂ ੧੦ ਕੋਹ 'ਤੇ ਮਿਲ ਜਾਏਗਾ। ਇਥੋਂ ਵਜੀਦੇ ਦੀ ਫ਼ੌਜ ਹਾਰ ਖਾ ਕੇ ਵਾਪਸ ਮੁੜੀ। ਜੰਗ ਦੀ ਸਮਾਪਤੀ ਤੋਂ ਬਾਅਦ ਸਤਿਗੁਰੂ ਜੀ ਮੈਦਾਨੇ-ਜੰਗ ਵਿਚ ਪਹੁੰਚੇ। ਇਤਨੀ ਤੇਜ਼ੀ ਨਾਲ ਚੱਲੇ ਕਿ ਜੋੜੇ ਤੇ ਘੋੜੇ ਦੀ ਵੀ ਪ੍ਰਵਾਹ ਨਹੀਂ ਕੀਤੀ। ਸਭ ਤੋਂ ਪਹਿਲਾਂ ਮਾਤਾ ਭਾਗ ਕੌਰ 'ਤੇ ਦ੍ਰਿਸ਼ਟੀ ਪਈ ਤੇ ਨਦਰੋ-ਨਦਰੀ ਨਿਹਾਲ ਕਰ ਦਿੱਤਾ ਤੇ ਸਿੰਘਾਂ ਦੀਆਂ ਲਾਸ਼ਾਂ ਨਾਲ ਪਿਆਰ ਕਰਦੇ ਹੋਏ ਜਿਹੋ ਜਿਹੀ ਕਿਸੇ ਨੇ ਬਹਾਦਰੀ ਕੀਤੀ ਸੀ, ਉਹੋ ਜਿਹਾ ਹੀ ਵਰ ਦਿੰਦੇ ਹੋਏ ਸਰਦਾਰੀਆਂ ਬਖ਼ਸ਼ੀਆਂ। ਇਕ ਇਕ ਸਿੰਘ ਦਾ ਮੁਖ ਆਪਣੇ ਰੁਮਾਲ ਨਾਲ ਸਾਫ਼ ਕੀਤਾ, ਕਿਸੇ ਨੂੰ ਪੰਜ ਹਜ਼ਾਰੀ,

ਕਿਸੇ ਨੂੰ ਦਸ ਹਜ਼ਾਰੀ, ਬੀਸ ਹਜ਼ਾਰੀ, ਤੀਸ ਹਜ਼ਾਰੀ ਆਦਿ ਦੇ ਵਰ ਦਿੱਤੇ, ਉਧਰ ਮਹਾਂ ਸਿੰਘ ਜੋ ਅਜੇ ਸਹਿਕਦਾ ਸੀ। ਜਿਸ ਨੂੰ ਸ਼ਹੀਦ ਹੋਏ ਸਿੰਘਾਂ ਦੀਆਂ ਰੂਹਾਂ ਨੇ ਆ ਕੇ ਬੇਨਤੀ ਕੀਤੀ ਕਿ ਧਰਮ ਯੁੱਧ ਵਿਚ ਸ਼ਹੀਦ ਹੋਣ ਕਰ ਕੇ ਜਮ ਤਾਂ ਸਾਡੇ ਵੈਸੇ ਹੀ ਨੇੜੇ ਨਹੀਂ ਆਉਂਦੇ ਅਤੇ ਸਚਖੰਡ ਵਿਚ ਸਾਨੂੰ ਕੋਈ ਇਸ ਲਈ ਥਾਂ ਨਹੀਂ ਦਿੰਦਾ ਕਿ ਤੁਸੀਂ ਗੁਰੂ ਤੋਂ ਬੇਮੁਖ ਹੋ। ਕਿਉਂਕਿ ਸਤਿਗੁਰੂ ਜੀ ਦਾ ਅਗੰਮੀ ਬਾਣੀ ਵਿਚ ਫ਼ੁਰਮਾਣ ਹੈ। ਜੈਸਾ ਕਿ :

**ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥**
**ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥** *(ਰਾਮਕਲੀ ਮ: ੩, ਅੰਗ ੯੨੦)*

ਸ਼ਹੀਦ ਹੋਏ ਸਿੰਘਾਂ ਦੀਆਂ ਰੂਹਾਂ ਨੇ ਕਿਹਾ ਕਿ ਅਜੇ ਵੀ ਮੌਕਾ ਹੈ ਤੂੰ ਅਜੇ ਆਪਣੇ ਸਰੀਰ ਤੋਂ ਬਾਹਰ ਨਹੀਂ ਆਇਆ। ਫੇਰ ਵੈਰਾਗ ਵਿਚ ਆ ਕੇ ਸਤਿਗੁਰੂ ਜੀ ਨੂੰ ਯਾਦ ਕਰਨ ਲੱਗਾ ਕਿ ਮਹਾਰਾਜ ਪੁੱਤਰ ਕਪੁੱਤਰ ਹੋ ਜਾਂਦੇ ਹਨ, ਪਰ ਮਾਪੇ ਕਦੇ ਕੁਮਾਪੇ ਨਹੀਂ ਹੁੰਦੇ। ਜੈਸਾ ਕਿ :

**ਸੁਤੁ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤਿ ਨ ਰਾਖਸਿ ਤੇਤੇ॥੧॥**
**ਰਾਮਈਆ ਹਉ ਬਾਰਿਕੁ ਤੇਰਾ॥ ਕਾਹੇ ਨ ਖੰਡਸਿ ਅਵਗਨੁ ਮੇਰਾ॥੧॥ਰਹਾਉ॥**

*(ਆਸਾ ਕਬੀਰ ਜੀ, ਅੰਗ ੪੭੮)*

ਭਾਈ ਮਹਾਂ ਸਿੰਘ ਵੈਰਾਗ ਵਿਚ ਆ ਕੇ ਬੇਨਤੀਆਂ ਕਰਦਾ ਹੈ ਕਿ ਸਤਿਗੁਰੂ ਜੀ ਇਕ ਵਾਰੀ ਦਰਸ਼ਨ ਜ਼ਰੂਰ ਦਿਉ, ਜੇ ਨਹੀਂ ਬਖ਼ਸ਼ਣਾ ਤਾਂ ਆਪ ਜੀ ਆਪਣੀ ਰਜ਼ਾ ਪਰ ਇਕ ਵਾਰੀ ਮੇਰੇ ਜਿਸਮ ਦੇ ਕੋਲ ਆ ਕੇ ਚਾਰ ਠੋਕਰਾਂ ਜੁੱਤੀ ਦੀਆਂ ਜ਼ਰੂਰ ਮਾਰ ਦੇਵੋ। ਜਦੋਂ ਇਸ ਤਰ੍ਹਾਂ ਬੇਨਤੀਆਂ ਕਰ ਰਿਹਾ ਸੀ ਤਾਂ ਸਤਿਗੁਰੂ ਜੀ ਕੋਲ ਪਹੁੰਚੇ, ਉਦੋਂ ਭਾਈ ਮਹਾਂ ਸਿੰਘ ਬੇਨਤੀਆਂ ਕਰਦਾ ਬੇਹੋਸ਼ ਹੋ ਚੁੱਕਾ ਸੀ, ਤਾਂ ਹਜ਼ੂਰ ਨੇ ਇਸ ਦਾ ਸਿਰ ਚੁੱਕ ਕੇ ਆਪਣੀ ਬੁੱਕਲ ਵਿਚ ਰੱਖਿਆ, ਪਾਣੀ ਦੇ ਛਿੱਟੇ ਮਾਰੇ ਤੇ ਰੁਮਾਲ ਨਾਲ ਮੂੰਹ ਸਾਫ਼ ਕੀਤਾ ਤੇ ਅਵਾਜ਼ ਦੇ ਕੇ ਕਿਹਾ ਕਿ ਮਹਾਂ ਸਿੰਘ ਮੈਂ ਆ ਗਿਆ ਹਾਂ। ਅੱਖਾਂ ਖੋਲ੍ਹੀਆਂ ਤੇ ਦੇਖਿਆ ਕਿ ਗੁਰੂ ਜੀ ਦੀ ਗੋਦ ਵਿਚ ਪਿਆ ਹਾਂ। ਔਗੁਣਾਂ ਦੇ ਭਰੇ ਸਿੱਖਾਂ ਨਾਲ ਵੀ ਤੇਰੇ ਤੋਂ ਬਿਨਾਂ ਕੌਣ ਪ੍ਰੇਮ ਕਰੇ। ਕੰਠ ਰੁਕ ਗਿਆ, ਬੋਲ ਨਾ ਸਕਿਆ। ਸਤਿਗੁਰੂ ਜੀ ਨੇ ਕਿਹਾ ਕਿ ਮਹਾਂ ਸਿੰਘ, ਅੱਜ ਤੂੰ ਜੋ ਵੀ ਮੰਗੇਂ, ਉਹ ਮਿਲ ਜਾਵੇਗਾ। ਦੁਨੀਆਂ ਦੀ ਬਾਦਸ਼ਾਹੀ ਤਾਂ ਇਕ ਪਾਸੇ ਰਹੀ, ਭਾਵੇਂ ਇੰਦਰਪੁਰੀ ਦਾ ਰਾਜ ਮੰਗੇਂ, ਉਹ ਵੀ ਤੈਨੂੰ ਦੇ ਸਕਦੇ ਹਾਂ। ਜੇ ਰਾਜ ਨਹੀਂ ਚਾਹੀਦਾ ਤਾਂ ਜੰਮਣ ਮਰਣ ਤੋਂ ਮੁਕਤ ਪਦਵੀ ਵੀ ਦੇ ਦਿੰਦੇ ਹਾਂ, ਤਾਂ ਭਾਈ ਮਹਾਂ ਸਿੰਘ ਨੇ ਗੁਰਬਾਣੀ ਦੀ ਤੁਕ ਬੋਲੀ, ਨੇਤਰਾਂ 'ਚੋਂ ਵੈਰਾਗ ਦਾ ਜਲ ਵਹਿ ਰਿਹਾ ਹੈ, ਕਹਿਣ ਲੱਗਾ :

**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥** *(ਦੇਵਗੰਧਾਰੀ ਮ: ੫, ਅੰਗ ੫੩੪)*

ਜਦੋਂ ਭਾਈ ਮਹਾਂ ਸਿੰਘ ਨੇ ਦੁਨੀਆਂ ਦੇ ਪਦਾਰਥ ਅਤੇ ਮੁਕਤੀ ਨੂੰ ਵੀ ਸਵੀਕਾਰ ਨਹੀਂ ਕੀਤਾ ਤਾਂ ਸਤਿਗੁਰੂ ਨੇ ਕਿਹਾ ਕਿ ਮੇਰੀ ਖ਼ੁਸ਼ੀ ਵਾਸਤੇ ਕੁਝ ਤਾਂ ਮੰਗਣਾ ਹੋਵੇਗਾ ਤਾਂ ਭਾਈ ਮਹਾਂ ਸਿੰਘ ਨੇ ਹੱਥ ਜੋੜ ਕੇ ਕਿਹਾ ਕਿ ਮਹਾਰਾਜ ਭਾਵੇਂ ਮੈਂ ਇਸ ਲਾਇਕ ਤਾਂ ਨਹੀਂ ਹਾਂ, ਕਿਰਪਾ ਕਰਕੇ ਟੁੱਟੀ ਗੰਢ ਲਵੋ ਅਤੇ ਬੇਦਾਵਾ ਪਾੜ ਦਿਓ ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਮਹਾਂ ਸਿੰਘ ਸਾਡਾ ਪਰਿਵਾਰ ਵਿਛੜ ਗਿਆ। ਕੀਮਤੀ ਗ੍ਰੰਥ ਸਰਸਾ ਦੀ ਭੇਟ ਹੋ ਗਏ, ਉਹ ਚਾਰ ਉਂਗਲ ਦਾ ਟੁੱਕੜਾ ਪਤਾ ਨਹੀਂ ਕਿਥੇ ਹੋਵੇਗਾ। ਇਹ ਸੁਣਦੇ ਸਾਰ ਹੀ ਭਾਈ ਮਹਾਂ ਸਿੰਘ ਬੇਹੋਸ਼ ਹੋ ਗਏ, ਤਾਂ ਸਤਿਗੁਰੂ ਜੀ ਨੇ ਇਸ ਨੂੰ ਚੇਤਨਾ ਬਖ਼ਸ਼ੀ ਅਤੇ ਪ੍ਰਸੰਨ ਹੋ ਕੇ ਕਹਿਣ ਲੱਗੇ ਕਿ ਮੈਂ ਤੇਰਾ ਸਿਦਕ ਵੇਖਦਾ ਸੀ। ਸਤਿਗੁਰੂ ਜੀ ਨੇ ਕਮਰਕੱਸੇ ਵਿੱਚੋਂ ਬੇਦਾਵੇ ਦਾ ਕਾਗ਼ਜ਼ ਪਾੜ ਕੇ ਆਪਣੇ ਬਿਰਦ ਦੀ ਲਾਜ ਰੱਖੀ, "ਟੂਟੀ ਗਾਢਹਾਰ ਗੋੁਪਾਲ"।

ਮਹਾਂ ਸਿੰਘ ਨੂੰ ਛਾਤੀ ਨਾਲ ਲਾ ਲਿਆ ਤੇ ਕਹਿਣ ਲੱਗੇ ਕਿ ਭਾਈ ਮਹਾਂ ਸਿੰਘ ਤੂੰ ਧੰਨ ਹੈਂ, ਫਿਰ ਭਾਈ ਮਹਾਂ ਸਿੰਘ ਜੀ ਸਹੀਦ ਹੋ ਗਏ।

## ਸਰਬ ਜੀਆ; ਆਪੇ ਪ੍ਰਤਿਪਾਲ ॥

ਸਰਬ = ਸਾਰੇ ਜੀਆ = ਜੀਵਾਂ ਦੀ ਆਪ ਹੀ ਪਰਮੇਸ਼ਰ ਪ੍ਰਤਿਪਾਲ = ਪ੍ਰਤਿਪਾਲਨਾ ਕਰਨ ਵਾਲਾ ਹੈ।

## ਸਗਲ ਕੀ ਚਿੰਤਾ; ਜਿਸੁ ਮਨ ਮਾਹਿ ॥ ਤਿਸ ਤੇ; ਬਿਰਥਾ ਕੋਈ ਨਾਹਿ ॥

ਜਿਸ ਵਾਹਿਗੁਰੂ ਦੇ ਮਨ = ਅੰਤਸ਼ਕਰਨ ਮਾਹਿ = ਵਿਚ ਸਗਲ = ਸਾਰਿਆਂ ਕੀ = ਦੀ ਰੱਖਿਆ ਤੇ ਪਾਲਣਾ ਕਰਨ ਦੀ ਚਿੰਤਾ = ਸੋਚ ਹੈ। ਜੈਸਾ ਕਿ :

**ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥** *(ਅੰਗ ੪੬੭)*

ਤਿਸ = ਉਸ ਹਰੀ ਵਾਹਿਗੁਰੂ ਤੇ = ਤੋਂ ਕੋਈ ਵੀ ਬਿਰਥਾ = ਖ਼ਾਲੀ ਨਹੀਂ ਰਹਿੰਦਾ, ਸਭ ਦੀ ਜੰਮਣ ਮਰਣ ਦੀ ਪੀੜਾ ਖ਼ਤਮ ਹੋ ਜਾਂਦੀ ਹੈ।

## ਰੇ ਮਨ ਮੇਰੇ; ਸਦਾ ਹਰਿ ਜਾਪਿ ॥ ਅਬਿਨਾਸੀ ਪ੍ਰਭੁ; ਆਪੇ ਆਪਿ ॥

ਰੇ = ਹੇ ਮੇਰੇ ਮਨਾਂ ! ਸਦਾ = ਹਮੇਸ਼ਾਂ ਉਸ ਹਰਿ = ਹਰੀ ਵਾਹਿਗੁਰੂ ਦਾ ਜਾਪ ਕਰਨਾ ਕਰ। ਉਹ ਪ੍ਰਭੁ = ਹਰੀ ਵਾਹਿਗੁਰੂ ਆਪੇ ਆਪ ਅਬਿਨਾਸੀ = ਨਾਸ ਤੋਂ ਰਹਿਤ ਸੁਤੰਤਰ ਹੈ।

## ਆਪਨ ਕੀਆ; ਕਛੂ ਨ ਹੋਇ ॥ ਜੇ ਸਉ ਪ੍ਰਾਨੀ; ਲੋਚੈ ਕੋਇ ॥

ਆਪਣਾ ਕੀਆ = ਕੀਤਾ ਕਛੂ = ਕੁਝ ਵੀ ਨ = ਨਹੀਂ ਹੋਇ = ਹੁੰਦਾ। ਜੇ = ਜੇਕਰ ਕੋਈ ਪ੍ਰਾਨੀ = ਜੀਵ ਸਉ = ਸੌ ਭਾਵ ਸੈਂਕੜੇ ਵਾਰ ਵੀ ਲੋਚੇ = ਇੱਛਾ ਕਰੇ ਤਾਂ ਵੀ ਪ੍ਰਭੂ ਦੀ ਸਹਾਇਤਾ ਤੋਂ ਬਿਨਾਂ ਕੋਈ ਕਾਰਜ ਨਹੀਂ ਹੁੰਦਾ।

## ਤਿਸੁ ਬਿਨੁ; ਨਾਹੀ ਤੇਰੈ ਕਿਛੁ ਕਾਮ ॥ ਗਤਿ ਨਾਨਕ; ਜਪਿ ਏਕ ਹਰਿ ਨਾਮ ॥੧॥

ਤਿਸੁ = ਉਸ ਹਰੀ ਵਾਹਿਗੁਰੂ ਤੋਂ ਬਿਨੁ = ਬਗ਼ੈਰ ਤੇਰੇ ਕਿਛੁ = ਕੁਝ ਵੀ ਕਾਮ = ਕੰਮ ਨਹੀਂ ਆਉਣਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਏਕ = ਇਕ ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਜਪ ਕੇ ਹੀ ਤੇਰੀ ਗਤਿ = ਮੁਕਤੀ ਹੋਣੀ ਹੈ ॥੧॥

## ਰੂਪਵੰਤੁ ਹੋਇ; ਨਾਹੀ ਮੋਹੈ ॥ ਪ੍ਰਭ ਕੀ ਜੋਤਿ; ਸਗਲ ਘਟ ਸੋਹੈ ॥

ਕੋਈ ਰੂਪਵੰਤੁ = ਬੜੇ ਸੁੰਦਰ ਰੂਪ ਵਾਲਾ ਹੋਇ = ਹੋ ਕੇ ਪਰਮੇਸ਼ਰ ਨੂੰ ਮੋਹੈ = ਮੋਹਿਤ ਨਹੀਂ ਕਰ ਸਕਦਾ। ਕਿਉਂਕਿ ਪ੍ਰਭ = ਹਰੀ ਵਾਹਿਗੁਰੂ ਕੀ = ਦੀ ਜੋਤਿ ਸਗਲ = ਸਾਰਿਆਂ ਘਟਾਂ ਵਿਚ ਸੋਹੈ = ਸੋਭ ਰਹੀ ਹੈ।

## ਧਨਵੰਤਾ ਹੋਇ; ਕਿਆ ਕੋ ਗਰਬੈ ॥ ਜਾ ਸਭੁ ਕਿਛੁ; ਤਿਸ ਕਾ ਦੀਆ ਦਰਬੈ ॥

ਧਨਵੰਤਾ = ਧਨ ਵਾਲਾ ਹੋਇ = ਹੋ ਕੇ ਕਿਆ = ਕੀ ਕੋ = ਕੋਈ ਗਰਬੈ = ਹੰਕਾਰ ਕਰੇਗਾ। ਜਾ = ਜਦੋਂ ਸਭੁ = ਸਾਰਾ ਕਿਛੁ = ਕੁਝ ਦਰਬੈ = ਧਨ ਪਦਾਰਥ ਤਿਸ = ਉਸ ਹਰੀ ਪਰਮੇਸ਼ਰ ਕਾ = ਦਾ ਹੀ ਦੀਆ = ਦਿੱਤਾ ਹੋਇਆ ਹੈ।

## ਅਤਿ ਸੂਰਾ; ਜੇ ਕੋਊ ਕਹਾਵੈ ॥ ਪ੍ਰਭ ਕੀ ਕਲਾ ਬਿਨਾ; ਕਹ ਧਾਵੈ ॥

ਜੇ = ਜਿਹੜਾ ਕੋਊ = ਕੋਈ ਆਪਣੇ ਆਪ ਨੂੰ ਅਤਿ = ਬੜਾ ਭਾਰੀ ਸੂਰਾ = ਸੂਰਮਾ ਕਹਾਵੈ = ਕਹਾਉਂਦਾ ਹੈ। ਉਹ ਉਸ ਪ੍ਰਭ = ਹਰੀ ਵਾਹਿਗੁਰੂ ਕੀ = ਦੀ ਦਿੱਤੀ ਹੋਈ ਕਲਾ = ਸ਼ਕਤੀ ਤੋਂ ਬਿਨਾ = ਬਗ਼ੈਰ ਕਹ = ਕਿਥੇ ਧਾਵੈ = ਦੌੜ ਕੇ ਜਾ ਸਕਦਾ ਹੈ ?

## ਜੇ ਕੋ ਹੋਇ ਬਹੈ; ਦਾਤਾਰੁ ॥ ਤਿਸੁ ਦੇਨਹਾਰੁ; ਜਾਨੈ ਗਾਵਾਰੁ ॥

ਜੇ = ਜੇਕਰ ਕੋ = ਕੋਈ ਚਾਰ ਚੰਗੇ ਕਰਮ ਕਰਕੇ ਜਾਂ ਦਾਨ ਪੁੰਨ ਕਰਕੇ ਦਾਤਾਰੁ = ਦਾਤਾਂ ਦੇਣ ਵਾਲਾ ਹੋਇ = ਹੋ ਕੇ ਬਹੈ = ਬੈਠ ਜਾਵੇ। ਤਿਸੁ = ਉਸ ਨੂੰ ਦੇਨਹਾਰੁ = ਦਾਤਾਂ ਦੇ ਦੇਣ ਵਾਲਾ ਹਰੀ ਵਾਹਿਗੁਰੂ ਗਾਵਾਰੁ = ਮੂਰਖ ਜਾਨੈ = ਜਾਣਦਾ ਹੈ।

## ਜਿਸੁ ਗੁਰ ਪ੍ਰਸਾਦਿ; ਤੂਟੈ ਹਉ ਰੋਗੁ ॥ ਨਾਨਕ ਸੋ ਜਨੁ; ਸਦਾ ਅਰੋਗੁ ॥੨॥

ਜਿਸ ਦਾ ਗੁਰਾਂ ਦੀ ਪ੍ਰਸਾਦਿ = ਕਿਰਪਾ ਨਾਲ ਹਉ = ਹਉਮੈ ਦਾ ਰੋਗ ਤੂਟੈ = ਟੁੱਟ ਜਾਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋ = ਉਹ ਜਨੁ = ਪੁਰਖ ਸਦਾ = ਹਮੇਸ਼ਾਂ ਰਾਗ ਦ੍ਵੈਸ਼ ਆਦਿ ਅਰੋਗੁ = ਰੋਗ ਤੋਂ ਰਹਿਤ ਭਾਵ ਤੰਦਰੁਸਤ ਰਹਿੰਦਾ ਹੈ ॥੨॥

## ਜਿਉ ਮੰਦਰ ਕਉ; ਥਾਮੈ ਥੰਮਨੁ ॥
## ਤਿਉ ਗੁਰ ਕਾ ਸਬਦੁ; ਮਨਹਿ ਅਸਥੰਮਨੁ ॥

ਜਿਉ = ਜਿਵੇਂ ਡਿੱਗਦੇ ਮੰਦਰ (ਮਕਾਨ) ਕਉ = ਨੂੰ ਥਾਮੈ = ਥੰਮ ਦਾ ਥੰਮਨੁ = ਆਸਰਾ ਲਾ ਦੇਈਏ। ਤਿਉ = ਤਿਵੇਂ ਗੁਰਾਂ ਕਾ = ਦਾ ਸਬਦੁ = ਉਪਦੇਸ਼ ਮਨਹਿ = ਹਿਰਦੇ ਨੂੰ ਅਸਥੰਮਨੁ = ਆਸਰਾ ਰੂਪ ਹੋ ਕੇ ਇਸਥਿਤ ਕਰਦਾ ਹੈ। ਜਿਨ੍ਹਾਂ ਦਾ ਮਨ ਵਿਕਾਰਾਂ ਵੱਲ ਡਿੱਗਦਾ ਜਾਂਦਾ ਹੈ, ਉਨ੍ਹਾਂ ਲਈ ਪਰਮੇਸ਼ਰ ਦੀ ਭਗਤੀ ਥੰਮੀਆ ਰੂਪ ਤੇ ਪਰਮੇਸ਼ਰ ਦਾ ਸਿਮਰਨ ਥੰਮ ਹੈ।

## ਜਿਉ ਪਾਖਾਣੁ; ਨਾਵ ਚੜਿ ਤਰੈ ॥ ਪ੍ਰਾਣੀ; ਗੁਰ ਚਰਣ ਲਗਤੁ ਨਿਸਤਰੈ ॥

ਜਿਉ = ਜਿਵੇਂ ਪਾਖਾਣੁ = ਪੱਥਰ ਨਾਵ = ਬੇੜੀ ਚੜ੍ਹ ਕੇ ਤਰੈ = ਤਰ ਜਾਂਦਾ ਹੈ **ਵਾ:** ਇਸੇ ਪ੍ਰਕਾਰ ਪੱਥਰ ਵਾਂਗ ਕਠੋਰ ਚਿੱਤ ਵਾਲੇ ਪਾਪੀ ਪੁਰਖ ਪਰਮੇਸ਼ਰ ਦੀ ਨਾਮ ਰੂਪੀ ਬੇੜੀ 'ਤੇ ਚੜ੍ਹ ਕੇ ਤਰ ਜਾਂਦੇ ਹਨ। ਇਸੇ ਪ੍ਰਕਾਰ ਪ੍ਰਾਣੀ = ਪ੍ਰਾਣਾਧਾਰੀ ਜੀਵ ਗੁਰਾਂ ਦੇ ਚਰਨਾਂ ਨਾਲ ਲਗਤੁ = ਲੱਗ ਕੇ ਸੰਸਾਰ-ਸਮੁੰਦਰ ਤੋਂ ਨਿਸਤਰੈ = ਤਰ ਜਾਂਦਾ ਹੈ।

## ਜਿਉ ਅੰਧਕਾਰ; ਦੀਪਕ ਪਰਗਾਸੁ ॥
## ਗੁਰ ਦਰਸਨੁ ਦੇਖਿ; ਮਨਿ ਹੋਇ ਬਿਗਾਸੁ ॥

ਜਿਉ = ਜਿਵੇਂ ਅੰਧਕਾਰ = ਹਨੇਰੇ ਵਿਚ ਦੀਪਕ = ਦੀਵੇ ਦੇ ਪਰਗਾਸੁ = ਪ੍ਰਕਾਸ਼ ਕਰ ਕੇ ਚਾਨਣ ਹੋ ਜਾਂਦਾ ਹੈ। ਇਉਂ ਗੁਰੂ ਸਾਹਿਬ ਜੀ ਦੇ ਦਰਸ਼ਨ ਦੇਖ ਕੇ ਮਨਿ = ਅੰਤਸ਼ਕਰਨ ਗਿਆਨ ਦੁਆਰਾ ਬਿਗਾਸੁ = ਅਨੰਦਿਤ ਹੋਇ = ਹੁੰਦਾ ਹੈ **ਵਾ:** ਖੇੜੇ ਵਿਚ ਆਉਂਦਾ ਹੈ।

## ਜਿਉ ਮਹਾ ਉਦਿਆਨ ਮਹਿ; ਮਾਰਗੁ ਪਾਵੈ ॥
## ਤਿਉ ਸਾਧੂ ਸੰਗਿ ਮਿਲਿ; ਜੋਤਿ ਪ੍ਰਗਟਾਵੈ ॥

ਜਿਉ = ਜਿਵੇਂ ਕੋਈ ਆਦਮੀ ਮਹਾ ਉਦਿਆਨ = ਬਹੁਤ ਉਜਾੜ ਵਿਚ ਭਾਵ ਬੀਆਬਾਨ ਜੰਗਲ ਮਹਿ = ਵਿਚ ਭੁੱਲੇ ਨੂੰ ਕੋਈ ਮਾਰਗ = ਰਸਤੇ ਪਾਵੈ = ਪਾ ਦੇਵੇ **ਵਾ:** ਇਸੇ ਪ੍ਰਕਾਰ ਜੇ ਕਿਸੇ ਜੀਵ ਨੂੰ ਸੰਸਾਰ ਰੂਪੀ ਮਹਾ ਉਦਿਆਨ = ਉਜਾੜ ਵਿਚ ਭਰਮਦੇ ਨੂੰ ਕੋਈ ਪ੍ਰਭੂ ਦੇ ਭਗਤੀ ਰੂਪ ਮਾਰਗ = ਰਸਤੇ ਤੇ ਪਾ ਦੇਵੇ। ਤਿਉ = ਤਿਵੇਂ ਸਾਧੂਆਂ ਦੀ ਸੰਗਤ ਨਾਲ ਮਿਲ ਕੇ ਵਾਹਿਗੁਰੂ ਦੀ ਜੋਤ ਪ੍ਰਗਟਾਵੈ = ਪ੍ਰਗਟ ਹੋ ਜਾਂਦੀ ਹੈ।

## ਤਿਨ ਸੰਤਨ ਕੀ; ਬਾਛਉ ਧੂਰਿ ॥ ਨਾਨਕ ਕੀ; ਹਰਿ ਲੋਚਾ ਪੂਰਿ ॥੩॥

ਤਿਨ = ਉਨ੍ਹਾਂ ਸੰਤ ਜਨਾਂ ਕੀ = ਦੀ ਮੈਂ ਚਰਨ ਧੂਰਿ = ਧੂੜੀ ਬਾਛਉ = ਚਾਹੁੰਦਾ ਹਾਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਹਰਿ = ਹਰੀ ਅਕਾਲ ਪੁਰਖ ਵਾਹਿਗੁਰੂ ਮੇਰੀ ਦਾਸ ਕੀ = ਦੀ ਇਹ ਲੋਚਾ = ਇੱਛਾ ਪੂਰਿ = ਪੂਰੀ ਕਰੋ ॥੩॥

## ਮਨ ਮੂਰਖ; ਕਾਹੇ ਬਿਲਲਾਈਐ ॥ ਪੁਰਬ ਲਿਖੇ ਕਾ; ਲਿਖਿਆ ਪਾਈਐ ॥

ਹੇ ਮੂਰਖ ਮਨਾਂ ! ਤੂੰ ਕਾਹੇ = ਕਿਸ ਵਾਸਤੇ ਬਿਲਲਾਈਐ = ਵਿਰਲਾਪ ਕਰਦਾ ਹੈਂ। ਪੁਰਬ = ਪੂਰਬਲੇ ਕਰਮਾਂ ਦੀ ਚੰਗੀ ਲਿਖੇ = ਲਿਖਤ ਅਨੁਸਾਰ ਲਿਖਿਆ ਫਲ ਪਾਈਐ = ਪਾਈਦਾ ਹੈ **ਵਾ:** ਪੂਰਬਲੇ ਕਰਮਾਂ ਦੇ ਚੰਗੇ ਪੁੰਨ ਦਾਨ ਲੇਖ ਅਨੁਸਾਰ ਤੇਰੇ ਮੱਥੇ 'ਤੇ ਲੇਖ ਲਿਖਿਆ ਕਰ ਕੇ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਪ੍ਰੇਮਾ-ਭਗਤੀ ਪਾਈਐ = ਪਾਈਦੀ ਹੈ।

[ਅੰਗ ੨੮੩]

## ਦੂਖ ਸੂਖ; ਪ੍ਰਭ ਦੇਵਨਹਾਰੁ ॥ ਅਵਰ ਤਿਆਗਿ; ਤੂ ਤਿਸਹਿ ਚਿਤਾਰੁ ॥

ਆਪ ਹੀ ਪ੍ਰਭ = ਹਰੀ ਵਾਹਿਗੁਰੂ ਕਰਮਾਂ ਅਨੁਸਾਰ ਦੁਖ ਸੁਖ ਦੇਵਣ ਵਾਲਾ ਹੈ। ਤੂੰ ਅਵਰ = ਹੋਰ ਸਭਨਾਂ ਨੂੰ ਤਿਆਗਿ = ਛੱਡ ਕੇ ਤਿਸਹਿ = ਉਸ ਪਰਮੇਸ਼ਰ ਨੂੰ ਚਿਤਾਰੁ = ਚੇਤੇ ਕਰ।

## ਜੋ ਕਛੁ ਕਰੈ; ਸੋਈ ਸੁਖੁ ਮਾਨੁ ॥ ਭੂਲਾ ਕਾਹੇ ਫਿਰਹਿ; ਅਜਾਨ ॥

ਜੋ = ਜਿਹੜਾ ਕਛੁ = ਕੁਝ ਹਰੀ ਵਾਹਿਗੁਰੂ ਕਰੈ = ਕਰਦਾ ਹੈ, ਸੋਈ = ਉਸ ਨੂੰ ਸੁਖ ਕਰ ਕੇ ਮਾਨੁ = ਮੰਨਣਾ ਕਰ। ਹੇ ਅਜਾਨ = ਅਗਿਆਨੀ ਪੁਰਸ਼ ! ਤੂੰ ਕਾਹੇ = ਕਿਸ ਵਾਸਤੇ ਭੂਲਾ = ਭੁੱਲਿਆ ਫਿਰਹਿ = ਫਿਰਦਾ ਹੈਂ।

## ਕਉਨ ਬਸਤੁ; ਆਈ ਤੇਰੈ ਸੰਗ ॥ ਲਪਟਿ ਰਹਿਓ ਰਸਿ; ਲੋਭੀ ਪਤੰਗ ॥

ਜਦੋਂ ਤੂੰ ਜੰਮਿਆ ਸੀ, ਉਸ ਵੇਲੇ ਕਉਨ = ਕਿਹੜੀ ਬਸਤੁ = ਚੀਜ਼ ਤੇਰੇ ਸੰਗ = ਨਾਲ ਆਈ ਸੀ। ਤੂੰ ਪਦਾਰਥਾਂ ਦੇ ਰਸਾਂ ਵਿਚ ਲੋਭੀ = ਲਾਲਚੀ ਹੋ ਕੇ ਪਤੰਗੇ ਵਾਂਗੂੰ ਲਪਟਿ = ਖਚਤ ਹੋ ਰਿਹਾ ਹੈਂ।

## ਰਾਮ ਨਾਮ ਜਪਿ; ਹਿਰਦੇ ਮਾਹਿ ॥ ਨਾਨਕ; ਪਤਿ ਸੇਤੀ ਘਰਿ ਜਾਹਿ ॥੪॥

ਰਾਮ = ਪਰਮੇਸ਼ਰ ਦਾ ਨਾਮ ਹਿਰਦੇ ਮਾਹਿ = ਵਿਚ ਜਪਿ = ਜਪਣਾ ਕਰ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਾਂ ਤੂੰ ਪਤਿ = ਇੱਜ਼ਤ ਸੇਤੀ = ਨਾਲ ਸਚਖੰਡ ਰੂਪੀ ਘਰ ਵਿਚ ਪਹੁੰਚ ਜਾਵੇਂਗਾ ॥੪॥

## ਜਿਸੁ ਵਖਰ ਕਉ; ਲੈਨਿ ਤੂ ਆਇਆ ॥ ਰਾਮ ਨਾਮੁ; ਸੰਤਨ ਘਰਿ ਪਾਇਆ ॥

ਜਿਸ ਵਖਰ = ਸੌਦੇ ਕਉ = ਨੂੰ ਤੂੰ ਮਨੁੱਖਾ ਜਨਮ ਧਾਰ ਕੇ ਲੈਣ ਆਇਆ ਹੈਂ। ਉਹ ਰਾਮ = ਪਰਮੇਸ਼ਰ ਦਾ ਨਾਮ ਰੂਪੀ ਸੌਦਾ ਸੰਤਾਂ ਦੇ ਘਰ 'ਚੋਂ ਪਾਇਆ = ਪ੍ਰਾਪਤ ਹੁੰਦਾ ਹੈ।

## ਤਜਿ ਅਭਿਮਾਨੁ; ਲੇਹੁ ਮਨ ਮੋਲਿ ॥ ਰਾਮ ਨਾਮੁ; ਹਿਰਦੇ ਮਹਿ ਤੋਲਿ ॥

ਅਭਿਮਾਨੁ = ਹੰਕਾਰ ਤਜਿ = ਛੱਡ ਕੇ ਮਨ ਅਰਪਨ ਰੂਪੀ ਮੋਲਿ = ਕੀਮਤ ਦੇ ਕੇ ਵਾਹਿਗੁਰੂ ਦੇ ਨਾਮ ਨੂੰ ਲੇਹੁ = ਲੈਣਾ ਕਰ। ਹਿਰਦੇ ਮਹਿ = ਮਨ ਵਿਚ ਪਰਮੇਸ਼ਰ ਦੇ ਨਾਮ ਨੂੰ ਤੋਲਿ = ਵਿਚਾਰਨਾ ਕਰ।

## ਲਾਦਿ ਖੇਪ; ਸੰਤਹ ਸੰਗਿ ਚਾਲੁ ॥ ਅਵਰ ਤਿਆਗਿ; ਬਿਖਿਆ ਜੰਜਾਲ ॥

ਮਨੁੱਖਾ ਜਨਮ ਵਿਚ ਭਗਤੀ ਰੂਪ ਖੇਪ = ਰਾਸ ਲਾਦਿ = ਲੱਦ ਕੇ ਸੰਤਾਂ ਦੀ ਸੰਗਤ ਵਿਚ ਚਾਲੁ = ਚੱਲਣਾ ਕਰ। ਜਿਹੜੇ ਅਵਰ = ਹੋਰ ਬਿਖਿਆ = ਵਿਸ਼ੇ-ਵਿਕਾਰਾਂ, ਮਾਇਆ ਦੇ ਜੰਜਾਲ = ਬੰਧਨ ਪਏ ਹੋਏ ਹਨ, ਇਨ੍ਹਾਂ ਨੂੰ ਤਿਆਗਿ = ਛੱਡਣਾ ਕਰ।

## ਧੰਨਿ ਧੰਨਿ; ਕਹੈ ਸਭੁ ਕੋਇ ॥ ਮੁਖ ਊਜਲ; ਹਰਿ ਦਰਗਹ ਸੋਇ ॥

ਫੇਰ ਤੈਨੂੰ ਸਭ ਕੋਇ = ਕੋਈ ਧੰਨਤਾ ਯੋਗ ਤੇ ਤੇਰੇ ਮਾਤਾ ਪਿਤਾ ਨੂੰ ਧੰਨ ਕਹੇ = ਕਹਿਣਗੇ। ਸੋਇ = ਉਸ ਹਰਿ = ਹਰੀ ਵਾਹਿਗੁਰੂ ਦੀ ਦਰਗਹ ਵਿਚ ਵੀ ਤੇਰਾ ਮੁਖ ਊਜਲ = ਨਿਰਮਲ ਹੋਵੇਗਾ।

## ਇਹੁ ਵਾਪਾਰੁ; ਵਿਰਲਾ ਵਾਪਾਰੈ ॥ ਨਾਨਕ; ਤਾ ਕੈ ਸਦ ਬਲਿਹਾਰੈ ॥੫॥

ਕੋਈ ਵਿਰਲਾ ਹੀ ਇਸ ਰਾਮ ਨਾਮ ਦੇ ਵਾਪਾਰ ਨੂੰ ਵਾਪਾਰੈ = ਖ਼ਰੀਦਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਾ ਕੈ = ਉਨ੍ਹਾਂ ਦੇ ਉੱਪਰੋਂ ਸਦ = ਹਮੇਸ਼ਾਂ ਬਲਿਹਾਰੈ = ਕੁਰਬਾਨ ਜਾਂਦਾ ਹਾਂ ॥੫॥

## ਚਰਨ ਸਾਧ ਕੇ; ਧੋਇ ਧੋਇ ਪੀਉ ॥ ਅਰਪਿ ਸਾਧ ਕਉ; ਅਪਨਾ ਜੀਉ ॥

ਸਾਧ = ਸ੍ਰੇਸ਼ਟ ਗੁਰਾਂ, ਸੰਤਾਂ ਕੇ = ਦੇ ਚਰਨਾਂ ਨੂੰ ਸੱਜੇ ਖੱਬੇ ਤੋਂ ਧੋ ਧੋ ਕੇ ਪ੍ਰੇਮ ਦੇ ਨਾਲ ਪੀਉ = ਪੀਣਾ ਕਰ **ਵਾ:** ਨੇਤਰਾਂ ਵਿੱਚੋਂ ਜੋ ਵੈਰਾਗ ਦਾ ਜਲ ਵਗੇ, ਹਿਰਦੇ ਵਿਚ ਪ੍ਰੇਮ ਨਾਲ ਧਿਆਨ ਜੋੜ ਕੇ ਇਨ੍ਹਾਂ ਨੂੰ ਚਰਨਾਂ ਦਾ ਧੋਣ ਰੂਪ ਧੋ ਕੇ ਪੀਉ = ਪੀਣਾ ਕਰ। ਸਾਧ = ਸ੍ਰੇਸ਼ਟ ਗੁਰਾਂ, ਸੰਤਾਂ ਦੇ ਚਰਨਾਂ ਵਿਚ ਆਪਣਾ ਜੀਉ = ਜੀਵਣ ਅਰਪਿ = ਅਰਪਣਾ ਭਾਵ ਭੇਟਾ ਕਰਨਾ ਕਰ।

## ਸਾਧ ਕੀ ਧੂਰਿ; ਕਰਹੁ ਇਸਨਾਨੁ ॥ ਸਾਧ ਊਪਰਿ; ਜਾਈਐ ਕੁਰਬਾਨੁ ॥

ਸਾਧ = ਸੰਤਾਂ ਕੀ = ਦੀ ਚਰਨ ਧੂਰਿ = ਧੂੜੀ ਵਿਚ ਇਸ਼ਨਾਨ ਕਰਹੁ = ਕਰ **ਵਾ:** ਸਤਿਸੰਗਤ ਦੇ ਚਰਨਾਂ ਦੀ ਧੂੜੀ ਵਿਚ ਇਸ਼ਨਾਨ ਕਰ। ਜੈਸਾ ਕਿ:

**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥** *(ਮਾਝ ਮਹਲਾ ੫, ਅੰਗ ੧੩੫)*

ਸਾਧ = ਸੰਤ ਜਨਾਂ ਦੇ ਉਪਰੋਂ ਕੁਰਬਾਨੁ = ਬਲਿਹਾਰ ਜਾਈਐ = ਜਾਣਾ ਕਰੀਏ।

## ਸਾਧ ਸੇਵਾ; ਵਡਭਾਗੀ ਪਾਈਐ ॥ ਸਾਧਸੰਗਿ; ਹਰਿ ਕੀਰਤਨੁ ਗਾਈਐ ॥

ਸਾਧ = ਸੰਤਾਂ ਦੀ ਸੇਵਾ = ਟਹਿਲ ਵਡਭਾਗੀ = ਵੱਡਿਆਂ ਭਾਗਾਂ ਕਰਕੇ ਪਾਈਐ = ਪਾਈਦੀ ਹੈ। ਸਾਧੂਆਂ ਦੀ ਸੰਗਤ ਕਰ ਕੇ ਹੀ ਹਰਿ = ਵਾਹਿਗੁਰੂ ਦਾ ਕੀਰਤਨੁ = ਜਸ ਗਾਈਐ = ਗਾਇਆ ਜਾਂਦਾ ਹੈ।

## ਅਨਿਕ ਬਿਘਨ ਤੇ; ਸਾਧੂ ਰਾਖੈ ॥

ਅਨਿਕ = ਅਨੇਕਾਂ ਬਿਘਨ = ਰੁਕਾਵਟਾਂ ਤੇ = ਤੋਂ ਸੰਤ ਪਿਆਰੇ ਰਾਖੈ = ਰੱਖ ਲੈਂਦੇ ਹਨ।

**ਸਾਖੀ—ਰਾਜੇ ਤੇ ਵਜ਼ੀਰ ਦੀ** : ਇਕ ਰਾਜਾ ਸੀ, ਉਸਦਾ ਵਜ਼ੀਰ ਸਾਧੂਆਂ ਦਾ ਸਤਸੰਗੀ ਸੀ। ਇਕ ਵਾਰੀ ਰਾਜਾ ਵਜ਼ੀਰ ਨੂੰ ਸ਼ਿਕਾਰ ਖੇਡਣ ਨਾਲ ਲੈ ਗਿਆ, ਜਦੋਂ ਰਾਜਾ ਸ਼ਿਕਾਰ 'ਤੇ ਚੜ੍ਹਿਆ ਤਾਂ ਵਜ਼ੀਰ ਸੰਤਾਂ ਨੂੰ ਨਮਸਕਾਰ ਕਰਨ ਗਿਆ। ਜਦੋਂ ਰਾਜੇ ਨੇ ਵੇਖਿਆ ਕਿ ਵਜ਼ੀਰ ਸੰਤਾਂ ਨੂੰ ਨਮਸਕਾਰ ਕਰ ਰਿਹਾ ਹੈ ਤਾਂ ਰਾਜਾ ਕਹਿਣ ਲੱਗਾ—ਤੂੰ ਮੈਨੂੰ ਛੱਡ ਕੇ ਇਨ੍ਹਾਂ ਸਾਧਾਂ ਦੇ ਕੋਲ ਜਾ ਕੇ ਮੱਥਾ ਟੇਕਦਾ ਹੈਂ, ਵਜ਼ੀਰ ਕਹਿਣ ਲੱਗਾ—ਇਹ ਵੀ ਪ੍ਰਯੋਜਨ ਹੈ। ਇਸ ਨਾਲ ਬਿਪਤਾ ਵੇਲੇ ਸਹਾਇਤਾ ਹੁੰਦੀ ਹੈ। ਰਾਜਾ ਤੇ ਵਜ਼ੀਰ ਵਾਪਸ ਮਹਿਲਾਂ ਵਿਚ ਪਹੁੰਚੇ।

ਰਾਜਾ ਰਾਤ ਨੂੰ ਆਪਣੀ ਸੇਜਾ 'ਤੇ ਸੁੱਤਾ ਪਿਆ, ਸੁਪਨੇ ਵਿਚ ਕਿਤੇ ਰਾਜੇ ਦੀ ਲੜਕੀ ਬਰੜਾਈ, ਸੁਪਨੇ ਵਿਚ ਵਜੀਰ ਦੇ ਲੜਕੇ ਬਾਰੇ ਬੁਰੜਾਉਣ ਲੱਗੀ, ਰਾਣੀ ਰਾਜੇ ਨੂੰ ਕਹਿਣ ਲੱਗੀ ਕਿ ਤੁਹਾਡੇ ਵਜ਼ੀਰ ਦਾ ਪੁੱਤਰ ਆਪਣੀ ਪੁੱਤਰੀ ਤਾਈਂ ਬੁਰੀ ਨਜ਼ਰ ਨਾਲ ਤੱਕਦਾ ਹੈ, ਇਹ ਲੜਕੀ ਨੇ ਬੁਰੜਾ ਕੇ ਦੱਸਿਆ ਹੈ। ਰਾਜੇ ਨੇ ਸਵੇਰ ਹੁੰਦਿਆਂ ਹੀ ਹੁਕਮ ਦਿੱਤਾ ਕਿ ਵਜ਼ੀਰ ਅਤੇ ਉਸ ਦੇ ਪਰਿਵਾਰ ਨੂੰ ਕਤਲ ਕੀਤਾ ਜਾਏ। ਉਧਰ ਵਜ਼ੀਰ ਕਿਤੇ ਅੰਮ੍ਰਿਤ ਵੇਲੇ ਸਾਧੂਆਂ ਦੀ ਸੰਗਤ ਕਰਨ ਗਿਆ ਹੋਇਆ ਸੀ, ਤਾਂ ਸੰਤ ਵਜ਼ੀਰ ਨੂੰ ਕਹਿਣ ਲੱਗੇ ਕਿ ਹੇ ਵਜ਼ੀਰ ਅੱਜ ਤੇਰੇ 'ਤੇ ਬਿਪਤਾ ਪੈਣੀ ਹੈ, ਤੇਰੇ ਸਾਰੇ ਪਰਿਵਾਰ ਨੂੰ ਕਤਲ ਕੀਤਾ ਜਾਣਾ ਹੈ। ਇਤਨੀ ਗੱਲ ਸੁਣ ਕੇ ਵਜ਼ੀਰ ਨੇ ਮਹਾਤਮਾ ਦੇ ਚਰਨ ਫੜ ਲਏ ਅਤੇ ਬੇਨਤੀ ਕੀਤੀ ਕਿ ਮਹਾਤਮਾ ਜੀ ਇਸ ਦਾ ਕੋਈ ਉਪਾਅ ਦੱਸਣਾ ਕਰੋ ਤਾਂ ਕਹਿਣ ਲੱਗੇ ਕਿ ਤੂੰ ਆਪਣਾ ਪਰਿਵਾਰ ਲੈ ਕੇ ਜੰਗਲਾਂ ਵਿਚ ਲੁਕ ਜਾਵੀਂ। ਮਹਾਤਮਾ ਦੀ ਆਗਿਆ ਲੈ ਕੇ ਵਜ਼ੀਰ ਨੇ ਉਸੇ ਤਰ੍ਹਾਂ ਕੀਤਾ। ਪਰਿਵਾਰ ਸਮੇਤ ਜੰਗਲ ਵਿਚ ਲੁਕ ਗਿਆ। ਰਾਜੇ ਦੇ ਹੁਕਮ ਅਨੁਸਾਰ ਸਿਪਾਹੀ ਵਜ਼ੀਰ ਤੇ ਵਜ਼ੀਰ ਦੇ ਪਰਿਵਾਰ ਨੂੰ ਲੱਭਣ ਲੱਗ ਪਏ, ਜਦੋਂ ਰਾਣੀ ਨੇ ਸ਼ਾਮ ਨੂੰ ਦੁਬਾਰਾ ਫੇਰ ਪੁੱਛਿਆ ਕਿ ਵਜ਼ੀਰ ਦਾ ਲੜਕਾ ਕੀ ਕਹਿੰਦਾ ਸੀ ਤਾਂ ਲੜਕੀ ਕਹਿਣ ਲੱਗੀ ਕਿ ਮੈਨੂੰ ਤਾਂ ਕੁਝ ਨਹੀਂ ਪਤਾ। ਰਾਣੀ ਨੇ ਬੜਾ ਪਸ਼ਚਾਤਾਪ ਕੀਤਾ ਕਿ ਮੈਂ ਬੜੀ ਗ਼ਲਤੀ ਕੀਤੀ, ਲੜਕੀ ਤਾਂ ਸੁਪਨੇ ਵਿਚ ਬੁਰੜਾ ਰਹੀ ਸੀ, ਰਾਣੀ ਨੇ ਜਾ ਕੇ ਰਾਜੇ ਨੂੰ ਦੱਸਣਾ ਕੀਤਾ, ਰਾਜਾ ਸੁਣ ਕੇ ਬੜਾ ਪਛਤਾਉਣ ਲੱਗਾ ਕਿ ਮੈਂ ਤਾਂ ਵਜ਼ੀਰ ਦਾ ਕਤਲ ਕਰ ਦੇਣਾ ਸੀ, ਰਾਜੇ ਨੇ ਦੂਸਰੇ ਦਿਨ ਫ਼ੁਰਮਾਨ ਜਾਰੀ ਕਰ ਦਿੱਤਾ ਕਿ ਵਜੀਰ ਜਿਥੇ ਵੀ ਹੋਵੇ ਮੈਂ ਉਸ ਨੂੰ ਇਨਾਮ ਦੇਵਾਂਗਾ। ਵਜ਼ੀਰ ਆ ਗਿਆ ਤਾਂ ਜਦੋਂ ਵਜ਼ੀਰ ਆ ਗਿਆ ਰਾਜਾ ਕਹਿਣ ਲੱਗਾ ਕਿ ਮੈਂ ਤੈਨੂੰ ਤੇ ਤੇਰੇ ਪਰਿਵਾਰ ਨੂੰ ਕਤਲ ਕਰ ਦੇਣਾ ਸੀ ਤੂੰ ਕਿਥੇ ਸੀ, ਤਾਂ ਵਜੀਰ ਕਹਿਣ ਕਿ ਲੱਗਾ ਰਾਜਨ ! ਇਹ ਸਭ ਉਨ੍ਹਾਂ ਮਹਾਤਮਾ ਦੀ ਕਿਰਪਾ ਹੈ ਜਿਨ੍ਹਾਂ ਨੂੰ ਮੈਂ ਨਮਸਕਾਰ ਕਰਨ ਗਿਆ ਸੀ, ਉਨ੍ਹਾਂ ਨੇ ਮੈਨੂੰ ਦੱਸਿਆ ਕਿ ਤੇਰਾ ਪਰਿਵਾਰ ਸਮੇਤ ਕਤਲ ਕੀਤਾ ਜਾਣਾ ਹੈ। ਸਾਧੂਆਂ ਦੀ ਕਿਰਪਾ ਕਰ ਕੇ ਵਿਘਨਾਂ ਤੋਂ ਛੁਟਕਾਰਾ ਹੋਇਆ ਹੈ।

## ਹਰਿ ਗੁਨ ਗਾਇ; ਅੰਮ੍ਰਿਤ ਰਸੁ ਚਾਖੈ ॥

ਜਿਹੜੇ ਹਰਿ = ਹਰੀ ਵਾਹਿਗੁਰੂ ਦੇ ਗੁਣਾਂ ਨੂੰ ਗਾਇ = ਗਾਉਂਦੇ ਹਨ ਅਤੇ ਅੰਮ੍ਰਿਤੁ = ਮ੍ਰਿਤੂ ਰਹਿਤ ਕਰਨ ਵਾਲੇ ਨਾਮ ਰਸ ਨੂੰ ਚਾਖੈ = ਚੱਖਦੇ ਹਨ, ਉਹ ਅਨੰਦਤ ਹੁੰਦੇ ਹਨ।

## ਓਟ ਗਹੀ; ਸੰਤਹ ਦਰਿ ਆਇਆ ॥
## ਸਰਬ ਸੂਖ; ਨਾਨਕ ਤਿਹ ਪਾਇਆ ॥੬॥

ਜੋ ਪਰਮੇਸ਼ਰ ਦੀ ਓਟ = ਟੇਕ ਗਹੀ = ਗ੍ਰਹਿਣ ਕਰ ਕੇ ਭਾਵ ਪਕੜ ਕੇ ਸੰਤਹ = ਸੰਤਾਂ ਦੇ ਦਰ ਦੀ ਸੰਗਤ ਵਿਚ ਆਇਆ ਹੈ **ਵਾ:** ਜਿਹੜਾ ਸੰਤਾਂ ਦੇ ਦੁਆਰੇ ਆਇਆ ਹੈ, ਉਨ੍ਹਾਂ ਨੇ ਪਰਮੇਸ਼ਰ ਦੀ ਓਟ = ਟੇਕ ਗ੍ਰਹਿਣ ਕੀਤੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਹ = ਉਨ੍ਹਾਂ ਨੇ ਸਰਬ = ਸਾਰੇ ਸੁੱਖਾਂ ਨੂੰ ਪਾਇਆ = ਪਾਉਣਾ ਕੀਤਾ ਹੈ ॥੬॥

## ਮਿਰਤਕ ਕਉ; ਜੀਵਾਲਨਹਾਰ ॥ ਭੂਖੇ ਕਉ; ਦੇਵਤ ਅਧਾਰ ॥

ਹਰੀ ਵਾਹਿਗੁਰੂ ਮਿਰਤਕ = ਮੁਰਦੇ ਕਉ = ਨੂੰ ਜੀਵਾਲਨਹਾਰ = ਜਿਊਂਦੇ ਕਰਨ ਵਾਲਾ ਹੈ **ਵਾ:** ਹਰੀ ਵਾਹਿਗੁਰੂ ਪਰਮੇਸ਼ਰ ਆਪਣੇ ਵੱਲੋਂ ਮਿਰਤਕ = ਮਰੇ ਹੋਏ ਮਨਾਂ ਨੂੰ ਸਿਮਰਨ ਰੂਪੀ ਸਾਹ ਪਾ ਕੇ ਜੀਵਾਲਨਹਾਰ = ਜਿਊਂਦੇ ਕਰਨ ਵਾਲਾ ਹੈ। ਜੈਸਾ ਕਿ :

**ਸਤਿਗੁਰੁ ਮੇਰਾ ਮਾਰਿ ਜੀਵਾਲੈ ॥** *(ਭੈਰਉ ਮ: ੫, ਅੰਗ ੧੧੪੨)*

ਜਿਵੇਂ ਭਾਈ ਮਰਦਾਨਾ ਜੀ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਮੁਨਾ ਦੇ ਕਿਨਾਰੇ ਰਾਜੇ ਦੇ ਹਾਥੀ ਨੂੰ ਸਤਿਨਾਮ ਕਹਾ ਕੇ ਜਲ ਦਾ ਛਿੱਟਾ ਮਰਵਾਇਆ ਤੇ ਹਾਥੀ ਜਿਊਂਦਾ ਕੀਤਾ।

ਪ੍ਰਭੂ ਭੁੱਖੇ ਜੀਵਾਂ ਕਉ = ਨੂੰ ਭੋਜਨ ਦਾ ਅਧਾਰ = ਆਸਰਾ ਦੇਣ ਵਾਲਾ ਹੈ, ਜਿਥੇ ਜੀਵਾਂ ਨੂੰ ਦਰਸ਼ਨਾਂ ਦੀ ਭੁੱਖ ਹੋਵੇ, ਉਥੇ ਦਰਸ਼ਨ ਦੇ ਕੇ ਭੁੱਖ ਮੇਟਦਾ ਹੈ।

## ਸਰਬ ਨਿਧਾਨ; ਜਾ ਕੀ ਦ੍ਰਿਸਟੀ ਮਾਹਿ ॥ ਪੁਰਬ ਲਿਖੇ ਕਾ; ਲਹਣਾ ਪਾਹਿ ॥

ਜਾ ਕੀ = ਜਿਸ ਹਰੀ ਵਾਹਿਗੁਰੂ ਦੀ ਦ੍ਰਿਸਟੀ = ਨਦਰ ਮਾਹਿ = ਵਿਚ ਸਰਬ = ਸਾਰੇ ਨਿਧਾਨ = ਖ਼ਜ਼ਾਨੇ ਹਨ। ਪਰਮੇਸ਼ਰ ਦੇ ਹੁਕਮ ਅਨੁਸਾਰ ਜੀਵ ਪੁਰਬ = ਪੂਰਬਲੇ ਕਰਮਾਂ ਦੇ ਲਿਖੇ ਲੇਖ ਅਨੁਸਾਰ ਲਹਣਾ = ਲਾਭ ਪਾਹਿ = ਪਾਉਂਦੇ ਹਨ।

## ਸਭੁ ਕਿਛੁ ਤਿਸ ਕਾ; ਓਹੁ ਕਰਨੈ ਜੋਗੁ ॥ ਤਿਸੁ ਬਿਨੁ; ਦੂਸਰ ਹੋਆ ਨ ਹੋਗੁ ॥

ਸਭ ਕਿਛੁ = ਕੁਝ ਤਿਸ ਕਾ = ਉਸ ਪਰਮੇਸ਼ਰ ਦਾ ਹੀ ਹੈ ਅਤੇ ਓਹੁ = ਆਪ ਹੀ ਸਭ ਦੀ ਰੱਖਿਆ ਤੇ ਪਾਲਣਾ ਪੋਸ਼ਣ ਕਰਨੇ ਦੇ ਜੋਗੁ = ਲਾਇਕ ਹੈ। ਉਸ ਹਰੀ ਵਾਹਿਗੁਰੂ ਤੋਂ ਬਿਨੁ = ਬਗ਼ੈਰ ਦੂਸਰ = ਦੂਜਾ ਹੋਰ ਨਾ ਕੋਈ ਹੋਇਆ ਹੈ ਤੇ ਨਾ ਹੀ ਹੋਗੁ = ਹੋਵੇਗਾ।

## ਜਪਿ ਜਨ; ਸਦਾ ਸਦਾ ਦਿਨੁ ਰੈਣੀ ॥ ਸਭ ਤੇ ਊਚ; ਨਿਰਮਲ ਇਹ ਕਰਣੀ ॥

ਹੇ ਜਨ = ਜੀਵ ਸਦਾ ਸਦਾ ਦਿਨ ਰੈਣੀ = ਰਾਤ ਉਸ ਹਰੀ ਵਾਹਿਗੁਰੂ ਨੂੰ ਜਪਣਾ ਕਰ, ਜਿਸ ਦੇ ਨਾਮ ਜਪਣੇ ਕਰ ਕੇ ਤੈਨੂੰ ਅਵਿੱਦਿਆ ਰੂਪੀ ਰਾਤ ਤੋਂ ਬਾਅਦ ਗਿਆਨ ਦਾ ਦਿਨ ਚੜ੍ਹ ਆਏਗਾ। ਇਹ ਸਭ = ਸਾਰਿਆਂ ਤੇ = ਤੋਂ ਊਚ = ਸ੍ਰੇਸ਼ਟ ਮਨ ਨੂੰ ਨਿਰਮਲ = ਉੱਜਲ ਕਰਨ ਵਾਲੀ ਭਗਤੀ ਦੀ ਕਰਣੀ = ਕਮਾਈ ਹੈ।

## ਕਰਿ ਕਿਰਪਾ; ਜਿਸ ਕਉ ਨਾਮੁ ਦੀਆ ॥
## ਨਾਨਕ; ਸੋ ਜਨੁ ਨਿਰਮਲੁ ਥੀਆ ॥੭॥

ਹਰੀ ਵਾਹਿਗੁਰੂ ਨੇ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰਕੇ ਜਿਸ ਕਉ = ਨੂੰ ਅੰਮ੍ਰਿਤ ਨਾਮ ਦੀਆ = ਦਿੱਤਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋ = ਉਹ ਜਨ = ਪੁਰਖ ਨਿਰਮਲ = ਉੱਜਲ ਜੀਵਨ ਵਾਲਾ ਥੀਆ = ਹੋ ਜਾਂਦਾ ਹੈ ॥੭॥

## ਜਾ ਕੈ ਮਨਿ; ਗੁਰ ਕੀ ਪਰਤੀਤਿ ॥ ਤਿਸੁ ਜਨ; ਆਵੈ ਹਰਿ ਪ੍ਰਭੁ ਚੀਤਿ ॥

ਜਾ ਕੈ = ਜਿਸ ਦੇ ਮਨ ਵਿਚ ਗੁਰ ਸਾਹਿਬਾਨਾਂ ਕੀ = ਦੀ ਪਰਤੀਤਿ = ਪ੍ਰਤੀਤੀ, ਸ਼ਰਧਾ ਹੈ ਕਿ ਕੇਵਲ ਗੁਰੂ ਸਾਹਿਬ ਜੀ ਤਾਰਨ ਵਾਲੇ ਹਨ। ਤਿਸੁ = ਉਸ ਜਨ = ਪੁਰਖ ਨੂੰ ਪ੍ਰਭੂ = ਹਰੀ ਵਾਹਿਗੁਰੂ ਜੋ ਹਰਿ = ਸਾਰਿਆਂ ਨੂੰ ਹਰੇ ਭਰੇ ਕਰਨ ਵਾਲਾ ਹੈ, ਉਹ ਚੀਤਿ = ਚੇਤੇ ਆਵੈ = ਆਉਂਦਾ ਹੈ।

## ਭਗਤੁ ਭਗਤੁ; ਸੁਨੀਐ ਤਿਹੁ ਲੋਇ ॥ ਜਾ ਕੈ ਹਿਰਦੈ; ਏਕੋ ਹੋਇ ॥

ਜਿਸ ਦੇ ਹਿਰਦੇ ਵਿਚ ਪਰਮੇਸ਼ਰ ਆਵੇਗਾ, ਉਹ ਭਗਤੀ ਕਰਨ ਵਾਲਾ ਹੋਵੇਗਾ, ਉਹ ਜੀਵ ਤਿਹੁ ਲੋਇ = ਤਿੰਨਾਂ ਲੋਕਾਂ 'ਚ ਭਗਤ ਭਗਤ ਕਰ ਕੇ ਸੁਨੀਐ = ਸੁਣਿਆ ਜਾਂਦਾ ਹੈ। ਜਾ ਕੈ = ਜਿਸ ਦੇ ਹਿਰਦੈ = ਮਨ ਵਿਚ ਇਕ ਹਰੀ ਵਾਹਿਗੁਰੂ ਦਾ ਵਾਸਾ ਹੋਇ = ਹੁੰਦਾ ਹੈ।

## ਸਚੁ ਕਰਣੀ; ਸਚੁ ਤਾ ਕੀ ਰਹਤ ॥ ਸਚੁ ਹਿਰਦੈ; ਸਤਿ ਮੁਖਿ ਕਹਤ ॥

ਉਸ ਦੀ ਸਰੀਰ ਕਰਕੇ ਸਚੁ = ਸੱਚੀ ਕਰਣੀ = ਕਮਾਈ ਹੈ ਅਤੇ ਉਸ ਦੀ ਸੱਚੀ ਰਹਤ = ਰਹਿਣੀ ਹੈ **ਵਾ:** ਉਸ ਦੀ ਬਾਣੀ ਕਰ ਕੇ ਸੱਚੀ ਰਹਿਣੀ ਹੈ, ਮਨ ਕਰ ਕੇ ਸੱਚੀ ਭਗਤੀ ਦੀ ਕਮਾਈ ਹੈ। ਉਸ ਦੇ ਹਿਰਦੈ = ਮਨ ਵਿਚ ਸਚੁ = ਸੱਚਾ ਪਰਮੇਸ਼ਰ ਵਸਿਆ ਹੋਇਆ ਹੈ ਇਸ ਕਰਕੇ ਉਹ ਤੇ ਮੁਖ = ਮੂੰਹ ਤੋਂ ਸਤਿ = ਸੱਚਾ ਨਾਮ ਕਹਤ = ਕਹਿਣਾ ਕਰਦਾ ਹੈ।

## ਸਾਚੀ ਦ੍ਰਿਸਟਿ; ਸਾਚਾ ਆਕਾਰੁ ॥ ਸਚੁ ਵਰਤੈ; ਸਾਚਾ ਪਾਸਾਰੁ ॥

ਉਸ ਦੀ ਸਾਚੀ = ਸੱਚੀ ਦ੍ਰਿਸਟਿ = ਨਦਰ ਅਤੇ ਉਸ ਨੂੰ ਆਕਾਰੁ = ਰੂਪ ਵੀ ਸੱਚਾ ਹੀ ਦਿੱਸਦਾ ਹੈ ਵਾ: ਉਸ ਦੀ ਪਰਮੇਸ਼ਰ ਦੇ ਨਾਮ ਰੰਗ ਵਿਚ ਰੰਗੀ ਦ੍ਰਿਸ਼ਟੀ ਸਾਚੀ = ਸੱਚ ਵਾਲੀ ਹੈ, ਉਸ ਨੂੰ ਸਾਰੇ ਸੰਸਾਰ ਦਾ ਆਕਾਰੁ = ਰੂਪ ਵੀ ਸਾਚਾ = ਸੱਚਾ ਦਿੱਸਦਾ ਹੈ। ਉਸ ਨੂੰ ਸਾਰੇ ਸਚ ਹੀ ਵਰਤੈ = ਵਰਤਦਾ ਦਿਸਦਾ ਹੈ ਅਤੇ ਸਾਰਾ ਸੱਚੇ ਦਾ ਪਾਸਾਰੁ = ਫੈਲਾਅ ਦਿੱਸਦਾ ਹੈ।

## ਪਾਰਬ੍ਰਹਮੁ; ਜਿਨਿ ਸਚੁ ਕਰਿ ਜਾਤਾ ॥ ਨਾਨਕ; ਸੋ ਜਨੁ ਸਚਿ ਸਮਾਤਾ ॥੮॥੧੫॥

ਜਿਨਿ = ਜਿਸ ਨੇ ਪਾਰਬ੍ਰਹਮੁ = ਹਰੀ ਵਾਹਿਗੁਰੂ ਨੂੰ ਸਚੁ = ਨਿਸ਼ਚੇ ਕਰ ਕੇ ਸੱਚ ਸਰੂਪ ਕਰਿ = ਕਰ ਕੇ ਜਾਤਾ = ਜਾਣ ਲਿਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋ = ਉਹ ਜਨੁ = ਪੁਰਖ ਸੱਚੇ ਵਿਚ ਹੀ ਸਮਾਤਾ = ਸਮਾ ਜਾਂਦਾ ਹੈ ॥੮॥੧੫॥

(ਪੰਦਰਵੀਂ ਅਸਟਪਦੀ ਵਿਚ ਪੂਰੇ ਅੱਖਰ ੯੮੬, ਪੈਰਾਂ ਵਾਲੇ ਰਾਰੇ ੧੫, ਕੁੱਲ ਅੱਖਰ ੧੦੦੧ ਹਨ)

## ਸਲੋਕੁ ॥ ਰੂਪੁ ਨ ਰੇਖ ਨ ਰੰਗੁ ਕਿਛੁ; ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥

ਉਸ ਪਰਮੇਸ਼ਰ ਦਾ ਨਾ ਕੋਈ ਰੂਪ ਹੈ, ਨਾ ਹੀ ਮਨੁੱਖ, ਪਸ਼ੂ, ਮੱਛ, ਕੱਛ ਆਦਿ ਕੋਈ ਆਕਾਰ, ਰੇਖ = ਲਕੀਰ ਹੈ ਤੇ ਨਾ ਹੀ ਕਿਛੁ = ਕੋਈ ਕਾਲਾ, ਗੋਰਾ ਰੰਗ ਹੈ, ਉਹ ਪ੍ਰਭ = ਪਰਮੇਸ਼ਰ ਤ੍ਰਿਹੁ ਗੁਣ = ਤਿੰਨਾਂ ਗੁਣਾਂ ਰਜੋ, ਤਮੋ, ਸਤੋ ਤੇ = ਤੋਂ ਭਿੰਨ = ਵੱਖਰਾ ਹੈ। ਜੈਸਾ ਕਿ :

**ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥** *(ਸ੍ਰੀ ਦਸਮ ਗ੍ਰੰਥ, ਪੰਨਾ ੧)*

## ਤਿਸਹਿ ਬੁਝਾਏ ਨਾਨਕਾ; ਜਿਸੁ ਹੋਵੈ ਸੁਪ੍ਰਸੰਨ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਉੱਤੇ ਹਰੀ ਵਾਹਿਗੁਰੂ ਸੁਪ੍ਰਸੰਨ = ਭਲੀ ਪ੍ਰਕਾਰ ਪ੍ਰਸੰਨ ਹੋਵੈ = ਹੁੰਦਾ ਹੈ, ਤਿਸਹਿ = ਉਸ ਨੂੰ ਸਤਿਗੁਰਾਂ ਦੁਆਰਾ ਆਪਣਾ ਸਰੂਪ ਬੁਝਾਏ = ਸਮਝਾ ਦਿੰਦਾ ਹੈ ॥੧॥

## ਅਸਟਪਦੀ ॥ ਅਬਿਨਾਸੀ ਪ੍ਰਭੁ; ਮਨ ਮਹਿ ਰਾਖੁ ॥ ਮਾਨੁਖ ਕੀ; ਤੂ ਪ੍ਰੀਤਿ ਤਿਆਗੁ ॥

ਹੇ ਭਾਈ ! ਅਬਿਨਾਸੀ = ਨਾਸ ਤੋਂ ਰਹਿਤ ਪ੍ਰਭੁ = ਹਰੀ ਵਾਹਿਗੁਰੂ ਨੂੰ ਆਪਣੇ ਮਨ = ਹਿਰਦੇ ਮਹਿ = ਵਿਚ ਰਾਖੁ = ਰੱਖਣਾ ਕਰ। ਅਤੇ ਹੋਰਨਾਂ ਮਾਨੁਖ = ਪੁਰਖਾਂ ਕੀ = ਦੀ ਪ੍ਰੀਤਿ = ਪ੍ਰੀਤੀ ਤਿਆਗੁ = ਛੱਡਣਾ ਕਰ।

## ਤਿਸ ਤੇ ਪਰੈ; ਨਾਹੀ ਕਿਛੁ ਕੋਇ ॥ ਸਰਬ ਨਿਰੰਤਰਿ; ਏਕੋ ਸੋਇ ॥

ਤਿਸ = ਉਸ ਵਾਹਿਗੁਰੂ ਤੇ = ਤੋਂ ਪਰੈ = ਬਾਅਦ, ਅੱਗੇ ਕੋਇ = ਕੋਈ ਕਿਛੁ = ਕੁਝ ਵੀ ਨਾਹੀ = ਨਹੀਂ ਹੈ। ਸਰਬ = ਸਾਰਿਆਂ ਵਿਚ ਸੋਇ = ਉਹ ਇਕ ਹਰੀ ਵਾਹਿਗੁਰੂ ਨਿਰੰਤਰਿ = ਇਕ-ਰਸ ਪੂਰਨ ਹੈ।

## ਆਪੇ ਬੀਨਾ; ਆਪੇ ਦਾਨਾ ॥ ਗਹਿਰ ਗੰਭੀਰੁ; ਗਹੀਰੁ ਸੁਜਾਨਾ ॥

ਗੁਪਤ ਕੰਮਾਂ ਨੂੰ ਉਹ ਪਰਮੇਸ਼ਰ ਆਪ ਹੀ ਬੀਨਾ = ਦੇਖਣ ਵਾਲਾ ਹੈ ਅਤੇ ਆਪ ਹੀ ਅੰਦਰਲੇ ਸੰਕਲਪਾਂ ਨੂੰ ਦਾਨਾ = ਜਾਨਣ ਵਾਲਾ ਹੈ, ਭਾਵ ਆਪ ਹੀ ਦੇਖਣ ਵਾਲਾ ਦ੍ਰਿਸਟਾ ਤੇ ਆਪ ਹੀ ਸਾਡੇ ਦਿਲਾਂ ਦੀ ਜਾਨਣ ਵਾਲਾ ਹੈ। ਉਹ ਪਰਮੇਸ਼ਰ ਆਪ ਹੀ ਸੁਜਾਨਾ = ਅੰਤਰਜਾਮੀ ਗਹਿਰ = ਨਿਰਹੱਲ, ਗੰਭੀਰ = ਡੂੰਘਾ ਤੇ ਸ਼ੁਭ ਗੁਣਾਂ ਦਾ ਗਹੀਰ = ਸਮੁੰਦਰ ਹੈ **ਵਾ:** ਗਹਿਰ = ਨਿਰਹੱਲ ਗੰਭੀਰ = ਸਮੁੰਦਰ ਦੀ ਨਿਆਈਂ ਡੂੰਘਾ ਤੇ ਗਹੀਰ = ਖ਼ਜ਼ਾਨੇ ਦੀ ਨਿਆਈਂ ਸਾਰਿਆਂ ਦਾ ਅੰਤਰਜਾਮੀ ਹੈ, ਭਾਵ ਸਾਰਿਆਂ ਦਾ ਅਧਿਸ਼ਠਾਨ ਸਰੂਪ ਹੈ।

## ਪਾਰਬ੍ਰਹਮ ਪਰਮੇਸੁਰ; ਗੋਬਿੰਦ ॥ ਕ੍ਰਿਪਾ ਨਿਧਾਨ; ਦਇਆਲ ਬਖਸੰਦ ॥

ਹੇ ਪਾਰਬ੍ਰਹਮ = ਸਾਰਿਆਂ ਪਾਪਾਂ ਪੁੰਨਾਂ ਤੋਂ ਪਰ੍ਹੇ, ਵਿਆਪਕ ਸਰੂਪ, ਗੋਬਿੰਦ (ਗੋ+ਬਿੰਦ) ਗੋ = ਪ੍ਰਿਥਵੀ ਦੀ ਬਿੰਦ = ਰੱਖਿਆ ਕਰਨੇ ਵਾਲੇ **ਵਾ:** ਵੇਦਾਂ ਕਰਕੇ ਜਾਨਣੇ ਯੋਗ। ਪਰਮੇਸਰੁ = ਪਰਮਾਤਮਾ ਕਿਰਪਾ ਦੇ ਨਿਧਾਨ = ਖ਼ਜ਼ਾਨੇ, ਦਇਆਲ = ਦਇਆ ਦੇ ਘਰ, ਬਖਸੰਦ = ਔਗੁਣਾਂ ਦੇ ਬਖ਼ਸ਼ਣ ਵਾਲੇ ਪਰਮੇਸ਼ਰ।

[ਅੰਗ ੨੮੪]

## ਸਾਧ ਤੇਰੇ ਕੀ; ਚਰਨੀ ਪਾਉ ॥ ਨਾਨਕ ਕੈ ਮਨਿ; ਇਹੁ ਅਨਰਾਉ ॥੧॥

ਜਿਨ੍ਹਾਂ ਨੇ ਮਨ ਨੂੰ ਸਾਧ ਕੇ ਤੇਰੀ ਭਗਤੀ ਕਰਕੇ ਸ੍ਰੇਸ਼ਟਤਾਈ ਪ੍ਰਾਪਤ ਕੀਤੀ ਹੈ, ਉਨ੍ਹਾਂ ਤੇਰੇ ਸਾਧ ਜਨਾਂ ਕੀ = ਦੀ ਚਰਨੀਂ ਪਾਉ = ਪੈਣਾ ਕਰਾਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਡੇ ਮਨ ਵਿਚ ਹਰੀ ਵਾਹਿਗੁਰੂ ਦਾ ਇਹੋ ਅਨੁਰਾਉ = ਪ੍ਰੇਮ ਹੈ॥੧॥

## ਮਨਸਾ ਪੂਰਨ; ਸਰਨਾ ਜੋਗ ॥ ਜੋ ਕਰਿ ਪਾਇਆ; ਸੋਈ ਹੋਗੁ ॥

ਉਹ ਪਰਮੇਸ਼ਰ ਸਾਰਿਆਂ ਦੀ ਮਨਸਾ = ਇੱਛਾ ਪੂਰਨ ਕਰਨ ਵਾਲਾ ਅਤੇ ਸਰਨਾ = ਸ਼ਰਨ (ਓਟ) ਆਇਆਂ ਨੂੰ ਰੱਖਣੇ ਜੋਗ = ਲਾਇਕ ਹੈ। ਜੋ ਉਸ ਪਰਮੇਸ਼ਰ ਨੇ ਜੀਵ ਦੇ ਕਰਿ = ਹੱਥਾਂ ਉੱਤੇ ਲੇਖ ਪਾਇਆ ਹੈ, ਸੋਈ = ਉਸ ਦਾ ਫਲ ਪਰਾਲਬਧ ਰੂਪ ਬਣ ਕੇ ਪ੍ਰਾਪਤ ਹੋਗੁ = ਹੁੰਦਾ ਹੈ।

## ਹਰਨ ਭਰਨ; ਜਾ ਕਾ ਨੇਤ੍ਰ ਫੋਰੁ ॥

ਜਾ ਕਾ = ਜਿਸ ਵਾਹਿਗੁਰੂ ਦਾ ਨੇਤ੍ਰ = ਅੱਖ ਫੋਰੁ = ਫਰਕਣ ਜਿਤਨਾ ਸਮਾਂ ਹੀ ਸ੍ਰਿਸ਼ਟੀ ਦੀ ਹਰਨ = ਪਰਲੋ ਤੇ ਭਰਨ = ਪਾਲਣਾ ਕਰਨ ਵਿਚ ਲੱਗਦਾ ਹੈ।

ਇਸ ਦੀ ਬਾਬਤ ਪੁਰਾਣਾਂ ਵਿਚ ਕਥਨ ਹੈ—ਜੇ ਚੌਹਾਂ ਜੁਗਾਂ ਦੀ ਹਜ਼ਾਰ ਚੌਕੜੀ ਗੁਜ਼ਰ ਜਾਵੇ ਤਾਂ ਬ੍ਰਹਮਾ ਦਾ ਇਕ ਦਿਨ ਬਣਦਾ ਹੈ। ਹਜ਼ਾਰ ਜੁਗਾਂ ਚੌਕੜੀ ਗੁਜ਼ਰੇ ਤੋਂ ਇਕ ਰਾਤ ਬਣਦੀ ਹੈ। ਦਿਨ ਰਾਤ ਵਾਲੇ ੩੬੦ ਦਿਨਾਂ ਦਾ ਇਕ ਸਾਲ ਬਣਦਾ ਹੈ, ਇਸੇ ਪ੍ਰਕਾਰ ਜਦੋਂ ਬ੍ਰਹਮਾ ਦੀ ਉਮਰ ੧੦੦ ਸਾਲ ਦੀ ਹੋ ਜਾਂਦੀ, ਉਦੋਂ ਬ੍ਰਹਮਾ ਗੁਜ਼ਰ ਜਾਂਦਾ ਹੈ, ਇਤਨੀ ਉਮਰ ਮੰਨੀ ਹੈ, ਇਸੇ ਪ੍ਰਕਾਰ ਬ੍ਰਹਮਾ ਦਾ ਇਕ ਸਾਲ ਤੇ ਵਿਸ਼ਨੂੰ ਜੀ ਦਾ ਇਕ ਦਿਨ ਰਾਤ ਗੁਜ਼ਰਦਾ ਹੈ, ੧੦੦ ਸਾਲ ਦੀ ਵਿਸ਼ਨੂੰ ਜੀ ਉਮਰ ਭੋਗ ਕੇ ਮਰ ਜਾਂਦੇ ਹਨ ਅਤੇ ਸ਼ਿਵਜੀ ਦਾ ਇਕ ਦਿਨ ਗੁਜ਼ਰਦਾ ਹੈ ਤੇ ੧੦੦ ਸਾਲ ਸ਼ਿਵਜੀ ਉਮਰ ਭੋਗ ਕੇ ਮਰਦਾ ਹੈ, ਸਭ ਤੋਂ ਲੰਮੀ ਉਮਰ ਸ਼ਿਵਜੀ ਦੀ ਮੰਨੀ ਹੈ। ਜਦੋਂ ਤਿੰਨੇ ਦੇਵਤੇ ਆਪਣੀ ਉਮਰ ਭੋਗ ਕੇ ਸਮਾ ਜਾਂਦੇ ਹਨ, ਉਦੋਂ ਇਕ ਪ੍ਰਕਿਰਤੀ ਦਾ ਇਕ ਨਿਮਖ ਹੁੰਦਾ ਹੈ। ਉਤਨਾ ਸਮਾਂ ਪ੍ਰਕਿਰਤੀ ਵਿਚ ਉਸ ਸਿਰਜਨਹਾਰ ਦੇ ਅੱਖ ਖੋਲ੍ਹਣ ਤੇ ਬੰਦ ਕਰਨ ਦਾ ਸਮਾਂ ਹੈ। ਇਸੇ ਪ੍ਰਕਾਰ ਅੱਖ ਦੇ ਫਰਕਣ ਵਿਚ ਸਾਰੇ ਸੰਸਾਰ ਨੂੰ ਪੈਦਾ ਤੇ ਪਰਲੋ ਕਰ ਸਕਦਾ ਹੈ।

## ਤਿਸ ਕਾ ਮੰਤ੍ਰੁ; ਨ ਜਾਨੈ ਹੋਰੁ ॥

ਤਿਸ = ਉਸ ਵਾਹਿਗੁਰੂ ਕਾ = ਦਾ ਮੰਤ੍ਰ = ਸਲਾਹ ਮਸ਼ਵਰਾ ਉਸ ਤੋਂ ਬਗ਼ੈਰ ਹੋਰ ਕੋਈ ਵੀ ਨ = ਨਹੀਂ ਜਾਨੈ = ਜਾਣ ਸਕਦਾ। ਜੈਸਾ ਕਿ :

**ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥**
**ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥** *(ਅੰਗ ੫੩)*

## ਅਨਦ ਰੂਪ; ਮੰਗਲ ਸਦ ਜਾ ਕੈ ॥ ਸਰਬ ਥੋਕ; ਸੁਨੀਅਹਿ ਘਰਿ ਤਾ ਕੈ ॥

ਜਾ ਕੈ = ਜਿਸ ਅਨਦ ਸਰੂਪ ਦੇ ਪਰਮੇਸ਼ਰ ਘਰ ਸਦਾ ਹੀ ਮੰਗਲ = ਖ਼ੁਸ਼ੀਆਂ ਹੁੰਦੀਆਂ ਹਨ। ਸਰਬ = ਸਾਰੇ ਥੋਕ = ਪਦਾਰਥ ਤਾ ਕੈ = ਉਸ ਦੇ ਸਰੂਪ ਰੂਪੀ ਘਰ ਵਿਚ ਸੁਨੀਅਹਿ = ਸੁਣੀਂਦੇ ਹਨ।

## ਰਾਜ ਮਹਿ ਰਾਜੁ; ਜੋਗ ਮਹਿ ਜੋਗੀ ॥
## ਤਪ ਮਹਿ ਤਪੀਸਰੁ; ਗ੍ਰਿਹਸਤ ਮਹਿ ਭੋਗੀ ॥

ਜੋ ਪਰਮੇਸ਼ਰ ਰਾਜ = ਰਾਜਿਆਂ ਮਹਿ = ਵਿਚ ਰਾਜਾ ਰੂਪ ਤੇ ਜੋਗ = ਜੋਗੀਆਂ ਮਹਿ = ਵਿਚ ਜੋਗੀ ਰੂਪ ਹੈ। ਤਪ = ਤਪੀਆਂ ਮਹਿ = ਵਿੱਚੋਂ ਵੱਡਾ ਤਪੀਸਰ ਹੈ ਤੇ ਗ੍ਰਿਹਸਥੀਆਂ ਵਿਚ ਭੋਗੀ ਰੂਪ ਵੀ ਆਪ ਹੀ ਹੋ ਰਿਹਾ ਹੈ। ਜੈਸਾ ਕਿ :

**ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ ॥**
**ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ ॥੧॥...**
**ਸੂਰਨ ਮਹਿ ਸੂਰਾ ਤੂੰ ਕਹੀਅਹਿ ਭੋਗਨ ਮਹਿ ਭੋਗੀ ॥**
**ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ ਜੋਗਨ ਮਹਿ ਜੋਗੀ ॥੩॥** *(ਗੂਜਰੀ ਮ: ੫, ਅੰਗ ੫੦੭)*
**ਜੋਗੀ ਅੰਦਰਿ ਜੋਗੀਆ ਤੂੰ ਭੋਗੀ ਅੰਦਰਿ ਭੋਗੀਆ ॥** *(ਸਿਰੀਰਾਗੁ ਮ: ੧, ਅੰਗ ੭੧)*

**ਅਥਵਾ** ਰਾਜਿਆਂ ਵਿੱਚੋਂ ਰਾਜਾ ਹਰੀਸ਼ ਚੰਦਰ ਜੀ ਜੋ ਸਭ ਤੋਂ ਵੱਡੇ ਨਿਆਕਾਰ ਹੋਏ ਹਨ, ਉਹ ਰੂਪ ਵੀ ਆਪ ਹੀ ਹੋ ਰਿਹਾ ਹੈ। ਜੋਗੀਆਂ ਵਿਚ ਜੋਗੀ ਗੋਰਖ ਰੂਪ ਹੋ ਰਿਹਾ ਹੈਂ, ਤਪੀਆਂ ਵਿੱਚੋਂ ਵੱਡਾ ਤਪੀ ਸ਼ਿਵ ਰੂਪ ਹੋ ਰਿਹਾ ਹੈ। ਗ੍ਰਿਹਸਥੀਆਂ ਵਿੱਚੋਂ ਭੋਗੀ ਕ੍ਰਿਸ਼ਨ ਰੂਪ ਹੋ ਰਿਹਾ ਹੈ।

## ਧਿਆਇ ਧਿਆਇ; ਭਗਤਹ ਸੁਖੁ ਪਾਇਆ ॥
## ਨਾਨਕ ਤਿਸੁ ਪੁਰਖ ਕਾ; ਕਿਨੈ ਅੰਤੁ ਨ ਪਾਇਆ ॥੨॥

ਉਸ ਪਰਮੇਸ਼ਰ ਨੂੰ ਭਗਤਹ = ਭਗਤ ਜਨਾਂ ਨੇ ਧਿਆ ਧਿਆ ਕੇ ਸੁਖ ਪਾਇਆ = ਪਾਉਣਾ ਕੀਤਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਸੁ = ਉਸ ਪੁਰਖ = ਅਕਾਲ ਪੁਰਖ ਕਾ = ਦਾ ਕਿਨੈ = ਕਿਸੇ ਨੇ ਵੀ ਅੰਤ ਨ = ਨਹੀਂ ਪਾਇਆ = ਪਾਉਣਾ ਕੀਤਾ ॥੨॥

## ਜਾ ਕੀ ਲੀਲਾ ਕੀ; ਮਿਤਿ ਨਾਹਿ ॥ ਸਗਲ ਦੇਵ; ਹਾਰੇ ਅਵਗਾਹਿ ॥

ਜਾ ਕੀ = ਜਿਸ ਪਰਮੇਸ਼ਰ ਦੀ ਸੰਸਾਰ ਰੂਪੀ ਲੀਲਾ = ਖੇਲ ਕੀ = ਦੀ ਮਿਤਿ = ਮਰਯਾਦਾ ਨਾਹਿ = ਨਹੀਂ ਪਾਈ ਜਾ ਸਕਦੀ **ਵਾ:** ਉਸ ਦੀ ਲੀਲ੍ਹਾ ਦੀ ਕੋਈ ਮਰਯਾਦਾ ਨਹੀਂ ਹੈ। ਉਸ ਦੀ ਲੀਲ੍ਹਾ ਨੂੰ ਸਗਲ = ਸਾਰੇ ਦੇਵ = ਦੇਵਤੇ ਅਵਗਾਹਿ = ਵਿਚਾਰਦੇ, ਢੂੰਢਦੇ ਹੋਏ ਹਾਰੇ = ਹਾਰ ਗਏ ਹਨ।

## ਪਿਤਾ ਕਾ ਜਨਮੁ; ਕਿ ਜਾਨੈ ਪੂਤੁ ॥ ਸਗਲ ਪਰੋਈ; ਅਪੁਨੈ ਸੂਤਿ ॥

ਜਿਵੇਂ ਪਿਤਾ ਦੇ ਜਨਮ ਕਾ = ਦਾ ਹਾਲ ਪੂਤੁ = ਪੁੱਤਰ ਕਿ = ਕੀ ਜਾਨੈ = ਜਾਣ ਸਕਦਾ ਹੈ, ਇਸੇ ਪ੍ਰਕਾਰ ਸਾਰੇ ਮਨੁੱਖ, ਦੇਵਤੇ ਆਦਿ ਪਿਤਾ ਰੂਪ ਪਰਮੇਸ਼ਰ ਦਾ ਅੰਤ ਨਹੀਂ ਜਾਣ ਸਕਦੇ। ਉਸ ਪਰਮੇਸ਼ਰ ਨੇ ਸਗਲ = ਸਾਰੀ ਸ੍ਰਿਸ਼ਟੀ ਆਪਣੇ ਹੁਕਮ ਰੂਪ **ਵਾ:** ਚੇਤਨ ਸੱਤਾ ਰੂਪ ਸੂਤਿ = ਧਾਗੇ ਵਿਚ ਪਰੋਈ = ਪਰੋਤੀ ਹੋਈ ਹੈ।

## ਸੁਮਤਿ ਗਿਆਨੁ ਧਿਆਨੁ; ਜਿਨ ਦੇਇ ॥
## ਜਨ ਦਾਸ; ਨਾਮੁ ਧਿਆਵਹਿ ਸੇਇ ॥

ਜਿਨ = ਜਿਨ੍ਹਾਂ ਨੂੰ ਪਰਮੇਸ਼ਰ ਸੁਮਤਿ = ਸ੍ਰੇਸ਼ਟ ਬੁੱਧੀ, ਆਪਣੇ ਤੱਤ ਸਰੂਪ ਦਾ ਗਿਆਨ ਅਤੇ ਨਿਰਗੁਣ ਤੇ ਸਰਗੁਣ ਦਾ ਧਿਆਨ ਦੇਇ = ਦੇਣਾ ਕਰਦਾ ਹੈ। ਉਹ ਜਨ = ਪੁਰਖ ਦਾਸ = ਸੇਵਕ ਭਾਵਨਾ ਸਹਿਤ ਹੋ ਕੇ ਸੇਇ = ਉਸ ਹਰੀ ਵਾਹਿਗੁਰੂ ਦੇ ਨਾਮ ਨੂੰ ਧਿਆਵਹਿ = ਧਿਆਉਂਦੇ ਹਨ।

## ਤਿਹੁ ਗੁਣ ਮਹਿ; ਜਾ ਕਉ ਭਰਮਾਏ ॥ ਜਨਮਿ ਮਰੈ; ਫਿਰਿ ਆਵੈ ਜਾਏ ॥

ਪਰ ਜਾ ਕਉ = ਜਿਨ੍ਹਾਂ ਨੂੰ ਤਿਹੁ ਗੁਣ = ਤਿੰਨਾਂ ਗੁਣਾਂ ਮਹਿ = ਵਿਚ ਭਰਮਾਏ = ਭਰਮਾ ਦਿੰਦਾ ਹੈ। ਉਹ ਜੰਮਣ ਮਰਨ ਵਿਚ ਫਿਰਿ = ਦੁਬਾਰਾ ਆਵੈ = ਆਉਂਦੇ ਜਾਏ = ਜਾਂਦੇ ਰਹਿੰਦੇ ਹਨ।

## ਊਚ ਨੀਚ; ਤਿਸ ਕੇ ਅਸਥਾਨ ॥ ਜੈਸਾ ਜਨਾਵੈ; ਤੈਸਾ ਨਾਨਕ ਜਾਨ ॥੩॥

ਊਚ = ਉੱਚੇ ਬ੍ਰਹਮ ਲੋਕ ਨੀਚ = ਨੀਵੇਂ ਨਰਕ ਆਦਿਕ **ਵਾ:** ਉੱਚਾ ਸਵਰਗ ਲੋਕ, ਨੀਵਾਂ ਮਾਤ ਲੋਕ **ਵਾ:** ਉੱਚਾ ਮਨੁੱਖਾ ਜਨਮ, ਬਾਕੀ ਨੀਚ ਜੂਨਾਂ **ਵਾ:** ਉੱਚਾ ਈਸਰ ਸਰਬੱਗ ਤੇ ਨੀਵਾ ਜੀਵ ਅਲਪੱਗ **ਵਾ:** ਉੱਚੇ ਹੰਕਾਰ ਵਾਲੇ ਪੁਰਖ ਨੀਚ = ਨੀਵੇਂ ਨਿਮਰਤਾ ਵਾਲੇ ਆਦਿ ਇਹ ਸਾਰੇ ਤਿਸ ਕੇ = ਉਸ ਪਰਮੇਸ਼ਰ ਦੇ ਅਸਥਾਨ = ਥਾਂ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੈਸਾ = ਜਿਹੋ ਜਿਹਾ ਰੂਪ ਜਨਾਵੈ = ਜਣਾਉਂਦਾ ਹੈ, ਤੈਸਾ = ਉਹੋ ਜਿਹਾ ਜੀਵ ਪਰਮੇਸ਼ਰ ਨੂੰ ਜਾਨ = ਜਾਣ ਲੈਂਦਾ ॥੩॥

## ਨਾਨਾ ਰੂਪ; ਨਾਨਾ ਜਾ ਕੇ ਰੰਗ ॥ ਨਾਨਾ ਭੇਖ ਕਰਹਿ; ਇਕ ਰੰਗ ॥

ਜਿਸ ਹਰੀ ਵਾਹਿਗੁਰੂ ਦੇ ਨਾਨਾ = ਅਨੇਕ ਪ੍ਰਕਾਰ ਦੇ ਰੂਪ ਅਤੇ ਨਾਨਾ = ਅਨੇਕ ਪ੍ਰਕਾਰ ਦੇ ਰੰਗ ਹਨ, ਛੋਟੇ ਤੋਂ ਛੋਟੇ ਆਕਾਰ ਵਾਲੇ ਅਨੇਕਾਂ ਤਰ੍ਹਾਂ ਦੇ ਭੇਖ ਧਾਰਨ ਕਰਦਾ ਹੈ, ਕਈ ਜੀਵ ਖੁਰਦਬੀਨ ਨਾਲ ਵੀ ਨਹੀਂ ਦੇਖੇ ਜਾ ਸਕਦੇ। ਨਾਨਾ = ਅਨੇਕ ਪ੍ਰਕਾਰ ਦੇ ਭੇਖ = ਲਿਬਾਸ ਧਾਰਨ ਕਰਹਿ = ਕਰਦਾ ਹੈ, ਕਦੇ ਸਰਗੁਣ ਸਰੂਪ ਧਾਰ ਕੇ ਬਰਾਹ ਅਵਤਾਰ ਬਣ ਗਿਆ, ਕਦੇ ਨਰ ਸਿੰਘ ਅਵਤਾਰ ਬਣ ਗਿਆ, ਕਦੇ ਰਾਮ ਤੇ ਕ੍ਰਿਸ਼ਨ ਆਦਿ ਸਰਗੁਣ ਸਰੂਪ ਵਿਚ ਅਨੇਕਾਂ ਰੂਪਾਂ ਵਿਚ ਹੈ ਤੇ ਨਿਰਗੁਣ ਸਰੂਪ ਵਿਚ ਇੱਕੋ ਰੰਗ ਹੈ।

## ਨਾਨਾ ਬਿਧਿ; ਕੀਨੋ ਬਿਸਥਾਰੁ ॥ ਪ੍ਰਭੁ ਅਬਿਨਾਸੀ; ਏਕੰਕਾਰੁ ॥

ਨਾਨਾ = ਅਨੇਕ ਬਿਧਿ = ਤਰੀਕਿਆਂ ਕਰ ਕੇ ਸੰਸਾਰ ਦਾ ਬਿਸਥਾਰੁ = ਪਸਾਰਾ ਉਸ ਪਰਮੇਸ਼ਰ ਨੇ ਕੀਨੋ = ਕੀਤਾ ਹੈ। ਪਰ ਉਹ ਅਬਿਨਾਸੀ = ਨਾਸ ਤੋਂ ਰਹਿਤ ਪ੍ਰਭੁ = ਹਰੀ ਵਾਹਿਗੁਰੂ ਏਕੰਕਾਰੁ = ਇੱਕੋ ਇਕ ਅਦ੍ਵੈਤ ਸਰੂਪ ਹੈ।

## ਨਾਨਾ ਚਲਿਤ ਕਰੇ; ਖਿਨ ਮਾਹਿ ॥ ਪੂਰਿ ਰਹਿਓ; ਪੂਰਨੁ ਸਭ ਠਾਇ ॥

ਉਹ ਪਰਮੇਸ਼ਰ ਨਾਨਾ = ਅਨੇਕ ਪ੍ਰਕਾਰ ਦੇ ਚਲਿਤ = ਕੌਤਕ ਇਕ ਖਿਨ = ਛਿਨ ਮਾਹਿ = ਵਿਚ

ਕਰੇ = ਕਰ ਦਿੰਦਾ ਹੈ। ਕਿਉਂਕਿ ਉਹ ਪੂਰਨ ਪਰਮੇਸ਼ਰ ਸਭ = ਸਾਰੀਆਂ ਠਾਇ = ਥਾਵਾਂ ਵਿਚ ਪੂਰਿ = ਵਿਆਪਕ ਹੋ ਰਹਿਓ = ਰਿਹਾ ਹੈ।

**ਨਾਨਾ ਬਿਧਿ ਕਰਿ; ਬਨਤ ਬਨਾਈ ॥ ਅਪਨੀ ਕੀਮਤਿ; ਆਪੇ ਪਾਈ ॥**

ਨਾਨਾ = ਅਨੇਕ ਪ੍ਰਕਾਰ ਦੀਆਂ ਬਿਧਿ = ਵਿਧੀਆਂ ਕਰਿ = ਕਰ ਕੇ ਜਿਸ ਨੇ ਸੰਸਾਰ ਦੀ ਬਨਤ = ਬਣਾਵਟ ਬਣਾਈ ਹੈ। ਉਸ ਨੇ ਆਪਣੀ ਮਹਾਨਤਾ ਰੂਪੀ ਕੀਮਤ ਆਪ ਹੀ ਪਾਈ ਹੈ, ਦੂਸਰਾ ਹੋਰ ਕੋਈ ਵੀ ਨਹੀਂ ਪਾ ਸਕਦਾ।

**ਸਭ ਘਟ ਤਿਸ ਕੇ; ਸਭ ਤਿਸ ਕੇ ਠਾਉ ॥**
**ਜਪਿ ਜਪਿ ਜੀਵੈ; ਨਾਨਕ ਹਰਿ ਨਾਉ ॥੪॥**

ਸਭ = ਸਾਰੇ ਘਟ = ਸਰੀਰ ਤਿਸ ਕੇ = ਉਸ ਦੇ ਬਣਾਏ ਹੋਏ ਹਨ ਅਤੇ ਸਭ = ਸਾਰੇ ਠਾਉ = ਟਿਕਾਣੇ ਵੀ ਤਿਸ ਕੇ = ਉਸੇ ਦੇ ਹਨ **ਅਥਵਾ** ਲੋਕ, ਪਰਲੋਕ, ਬ੍ਰਹਮ ਲੋਕ, ਬਿਤਲ, ਮਹਾਤਲ ਆਦਿ ਸਾਰੇ ਠਾਉ = ਅਸਥਾਨ ਉਸੇ ਦੇ ਬਣਾਏ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਉਸ ਹਰਿ = ਹਰੀ ਅਕਾਲ ਪੁਰਖ ਵਾਹਿਗੁਰੂ ਦੇ ਨਾਉ = ਨਾਮ ਨੂੰ ਜਪ ਜਪ ਕੇ ਜੀਵੈ = ਜਿਊਂਦੇ ਹਾਂ ॥੪॥

ਅਗਲੀ ਪਉੜੀ ਵਿਚ ਨਾਮ ਅਤੇ ਨਾਮੀ ਦੀ ਅਭੇਦਤਾ ਅਤੇ ਨਾਮ ਦਾ ਮਹਾਤਮ ਕਥਨ ਕਰਦੇ ਹਨ।

**ਨਾਮ ਕੇ ਧਾਰੇ; ਸਗਲੇ ਜੰਤ ॥ ਨਾਮ ਕੇ ਧਾਰੇ; ਖੰਡ ਬ੍ਰਹਮੰਡ ॥**

ਜਿਸ ਚੇਤਨ ਨੇ ਸਗਲੇ = ਸਾਰੇ ਜੰਤ = ਜੀਵ ਨਾਮ ਕੇ = ਦੇ ਧਾਰੇ = ਆਸਰੇ ਬਣਾਏ ਹੋਏ ਹਨ **ਵਾ:** ਨਾਮ ਦੇ ਆਸਰੇ ਧਾਰੇ = ਬਣਾਏ ਹੋਏ ਹਨ। ਨਾਮ ਪ੍ਰਸਿੱਧ ਪਰਮੇਸ਼ਰ ਦਾ ਨਾਮ ਹੈ, ਨਾਮੀ ਉਸ ਚੇਤਨ ਦਾ ਨਾਮ ਹੈ।

ਉਸ ਪਰਮੇਸ਼ਰ ਨੇ ਆਪਣੇ ਨਾਮ ਦੇ ਆਸਰੇ ਨੌਂ ਖੰਡ ਤੇ ਸਾਰਾ ਬ੍ਰਹਿਮੰਡ ਧਾਰਨ ਕੀਤਾ ਹੋਇਆ ਹੈ।

**ਨੌਂ ਖੰਡ :** ੧. ਭਾਰਤ ਖੰਡ; ੨. ਇਲਾਬ੍ਰਿਤ; ੩. ਕਿੰਪੁਰਖ; ੪. ਭੱਦਰ; ੫. ਕੇਤੁਮਾਲ; ੬. ਹਰਿਵਰਖ; ੭. ਰੰਮਯਕ (ਰਮਜ); ੮. ਹਿਰਨਮਯ; ੯. ਕੁਲ ਅਤੇ (ਕੁਸ਼)।

ਕਈ ਵਿਦਵਾਨਾਂ ਨੇ ਕੁਲ ਲਿਖਿਆ ਹੈ ਅਤੇ ਪੁਰਾਣਾਂ ਅਨੁਸਾਰ ਕੁਸ਼ ਸੱਤ ਦੀਪਾਂ ਵਿੱਚੋਂ ਇਕ ਦੀਪ ਹੈ :

**ਪਹੁੰਚੇ ਦੀਪ ਹੁਤੋ ਕੁਸ਼ ਨਾਮੂ... ॥੩੪॥** *(ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ, ਅਧਿ: ੧੫)*

ਜੈਸਾ ਕਿ :

**ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ ॥** *(ਜੈਤਸਰੀ ਕੀ ਵਾਰ ਮ: ੫, ਅੰਗ ੭੦੭)*

**ਨਾਮ ਕੇ ਧਾਰੇ; ਸਿਮ੍ਰਿਤਿ ਬੇਦ ਪੁਰਾਨ ॥**
**ਨਾਮ ਕੇ ਧਾਰੇ; ਸੁਨਨ ਗਿਆਨ ਧਿਆਨ ॥**

ਸਤਾਈ ਸਿੰਮ੍ਰਿਤੀਆਂ, ਚਾਰ ਵੇਦ, ਅਠਾਰਾਂ ਪੁਰਾਣ ਨਾਮ ਦੇ ਧਾਰੇ = ਆਸਰੇ ਬਣਾਏ ਹੋਏ ਹਨ, ਭਾਵ ਨਾਮ ਕਰ ਕੇ ਸਾਰਿਆਂ ਦੀ ਵਡਿਆਈ ਹੈ। ਨਾਮ ਕੇ = ਦੇ ਧਾਰੇ = ਆਸਰੇ ਹੀ ਗਿਆਨ ਦੇ ਸਾਧਨ = ਸ੍ਰਵਨ, ਮੰਨਣ, ਨਿਧਿਆਸਣ ਅਤੇ ਹਠ ਜੋਗ ਦੇ ਸਾਧਨ ਧਿਆਨ ਧਾਰਨਾ ਆਦਿ ਹਨ।

**ਨਾਮ ਕੇ ਧਾਰੇ; ਆਗਾਸ ਪਾਤਾਲ ॥ ਨਾਮ ਕੇ ਧਾਰੇ; ਸਗਲ ਆਕਾਰ ॥**

ਸਾਰੇ ਆਗਾਸ = ਆਕਾਸ਼ ਤੇ ਪਾਤਾਲ ਪਰਮੇਸ਼ਰ ਨੇ ਨਾਮ ਕੇ = ਦੇ ਧਾਰੇ = ਆਸਰੇ ਧਾਰਨ ਕੀਤੇ ਹੋਏ

ਹਨ। ਪੁਰਾਣਾਂ ਅਨੁਸਾਰ ਸੱਤ ਪਾਤਾਲ ਇਹ ਹਨ : ੧. ਅਤਲ; ੨. ਵਿਤਲ; ੩. ਸੁਤਲ. ੪. ਰਸਾਤਲ; ੫. ਪਾਤਾਲ; ੬. ਮਹਾਤਲ; ੭. ਤਲਾਤਲ :

**ਅਤਲ ਵਿਤਲ ਔ ਸੁਤਲ ਯੁਤ ਚਉਥ ਰਸਾਤਲ ਜਾਨ।**
**ਪਾਤਾਲ ਮਹਾਤਲ ਤਲਾਤਲ, ਸਾਤ ਪਾਤਾਲ ਪਛਾਨ ॥੯॥**

ਜਿਨ੍ਹਾਂ ਰਿਸ਼ੀ ਮੁਨੀਆਂ ਨੇ ਵਿਸ਼ਿਆਂ ਨੂੰ ਚੂਰ ਕਰ ਕੇ ਗਿਆਨ ਹਾਸਲ ਕੀਤਾ, ਉਨ੍ਹਾਂ ਨੇ ਇਹ ਸੱਤ ਅਕਾਸ਼ ਲਿਖੇ ਹਨ : ੧. ਭੂਰ; ੨. ਭਵਰ; ੩. ਜਨ; ੪. ਮਹਰ; ੫. ਤਪ; ੬. ਸਤ; ੭. ਸੂਰ।

**ਸਾਤੋ ਅਕਾਸ ਸਾਤੋ ਪਤਾਰ ॥**
**ਬਿਥਰਿਓ ਅਦ੍ਰਿਸਟ ਜਿਹ ਕਰਮ ਜਾਰਿ ॥੬॥੨੭੨॥** *(ਅਕਾਲ ਉਸਤਤ)*

ਜਿੰਨੇ ਸਗਲ = ਸਾਰੇ ਸਰੀਰਾਂ ਆਦਿ ਆਕਾਰ ਹਨ, ਇਹ ਨਾਮ ਦੇ ਧਾਰੇ = ਆਸਰੇ ਹਨ **ਵਾ:** ਆਸ ਵਿਚ ਹੀ ਸਾਰੇ ਆਕਾਰ ਖੜੋਤੇ ਹਨ।

## ਨਾਮ ਕੇ ਧਾਰੇ; ਪੁਰੀਆ ਸਭ ਭਵਨ ॥ ਨਾਮ ਕੈ ਸੰਗਿ; ਉਧਰੇ ਸੁਨਿ ਸ੍ਰਵਨ ॥

ਬ੍ਰਹਮਪੁਰੀ, ਬਿਸਨਪੁਰੀ, ਸ਼ਿਵਪੁਰੀ, ਇੰਦਰਪੁਰੀ, ਜੰਮਪੁਰੀ ਆਦਿਕ ਸਭ ਪੁਰੀਆਂ ਤੇ ਲੋਕ ਨਾਮ ਕੇ = ਦੇ ਧਾਰੇ = ਆਸਰੇ ਹਨ। ਜਿਹੜੇ ਸ਼ਰਧਾ ਤੇ ਵਿਸ਼ਵਾਸ ਰੂਪੀ ਸ੍ਰਵਨ = ਕੰਨਾਂ ਸੰਗਿ = ਨਾਲ ਨਾਮ ਨੂੰ ਸੁਨਿ = ਸੁਣਦੇ ਹਨ, ਉਹ ਸੰਸਾਰ-ਸਮੁੰਦਰ ਤੋਂ ਉਧਰੇ = ਤਰ ਗਏ ਹਨ **ਵਾ:** ਜਿਹੜੇ ਨਾਮ ਜਪਣ ਵਾਲਿਆਂ ਦੇ ਸੰਗੀ ਹਨ, ਉਨ੍ਹਾਂ ਦੇ ਨਾਲ ਮਿਲ ਕੇ ਨਾਮ ਨੂੰ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣਦੇ ਹਨ, ਉਹ ਸੰਸਾਰ-ਸਮੁੰਦਰ ਤੋਂ ਤਰ ਗਏ ਹਨ।

## ਕਰਿ ਕਿਰਪਾ; ਜਿਸੁ ਆਪਨੈ ਨਾਮਿ ਲਾਏ ॥
## ਨਾਨਕ, ਚਉਥੇ ਪਦ ਮਹਿ; ਸੋ ਜਨੁ ਗਤਿ ਪਾਏ ॥੫॥

ਜਿਸ ਪੁਰਖ ਨੂੰ ਕਿਰਪਾ ਕਰ ਕੇ ਪਰਮੇਸ਼ਰ ਆਪਨੈ = ਆਪਣੇ ਨਾਮ ਨਾਲ ਲਾਏ = ਲਗਾਉਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋ = ਉਹ ਜਨ = ਪੁਰਖ ਚਉਥੇ ਪਦ = ਤੁਰੀਆ ਪਦ ਮਹਿ = ਵਿਚ ਪਹੁੰਚ ਕੇ ਗਤਿ = ਮੁਕਤੀ ਨੂੰ ਪਾਏ = ਪਾਉਣਾ ਕਰਦਾ ਹੈ ॥੫॥

ਅਗਲੀ ਪਉੜੀ ਵਿਚ ਪਰਮੇਸ਼ਰ ਦੇ ਸਰੂਪ ਕਰਨੀ ਤੇ ਨਾਮ ਦੀ ਮਹਿਮਾ ਵਰਣਨ ਕਰਦੇ ਹਨ।

## ਰੂਪੁ ਸਤਿ; ਜਾ ਕਾ ਸਤਿ ਅਸਥਾਨੁ ॥ ਪੁਰਖੁ ਸਤਿ; ਕੇਵਲ ਪਰਧਾਨੁ ॥

ਜਾ ਕਾ = ਜਿਸ ਪਰਮੇਸ਼ਰ ਦਾ ਸਤਿ = ਸੱਚਾ ਅਨੰਦ ਦੇਣ ਵਾਲਾ ਰੂਪੁ = ਸਰੂਪ ਤੇ ਸੱਚਾ ਹੀ ਅਸਥਾਨੁ = ਥਾਂ ਹੈ। ਉਹ ਸਤਿ = ਸੱਚਾ ਅਕਾਲ ਪੁਰਖ ਕੇਵਲ = ਨਿਰੋਲ ਸਰੂਪ ਹੈ ਅਤੇ ਸਭਨਾਂ ਨੂੰ ਪਰਧਾਨੁ = ਮੁਖੀ ਹੋ ਕੇ ਪ੍ਰੇਰਣ ਵਾਲਾ ਹੈ।

## ਕਰਤੂਤਿ ਸਤਿ; ਸਤਿ ਜਾ ਕੀ ਬਾਣੀ ॥ ਸਤਿ ਪੁਰਖ; ਸਭ ਮਾਹਿ ਸਮਾਣੀ ॥

ਜਿਸ ਕੀ ਕਰਤੂਤਿ = ਕਰਨੀ ਵੀ ਸਤਿ = ਸੱਚੀ ਹੈ ਅਤੇ ਜਾ ਕੀ = ਜਿਸ ਦੀ ਨਾਮ ਰੂਪ ਬਾਣੀ ਵੀ ਸਤਿ = ਸੱਚੀ ਹੈ। ਉਸ ਸੱਤ ਪੁਰਖ ਹਰੀ ਵਾਹਿਗੁਰੂ ਦੀ ਸਭ = ਸਾਰਿਆਂ ਮਾਹਿ = ਵਿਚ ਜੋਤ ਸਮਾਣੀ = ਸਮਾਈ ਹੋਈ ਹੈ।

## ਸਤਿ ਕਰਮੁ; ਜਾ ਕੀ ਰਚਨਾ ਸਤਿ ॥ ਮੂਲੁ ਸਤਿ; ਸਤਿ ਉਤਪਤਿ ॥

ਜਿਸ ਦਾ ਕਰਮੁ = ਕਰਤੱਬ (ਕਰਮ) ਵੀ ਸਤਿ = ਸੱਚਾ ਹੈ ਅਤੇ ਜਾ ਕੀ = ਜਿਸ ਦੀ ਸੰਸਾਰਕ ਰਚਨਾ ਵੀ ਸਤਿ = ਸੱਚ ਹੈ **ਵਾ:** ਜਿਸ ਦਾ ਵਿਵਰਤਕਵਾਦੀ ਹੋਣੇ ਕਰ ਕੇ ਕਰਤੱਵ ਵੀ ਸੱਚਾ ਹੈ, ਜਿਵੇਂ ਸੋਨਾ ਗਹਿਣਾ ਬਣ ਜਾਵੇ ਪਰ ਰਹਿੰਦਾ ਸੋਨਾ ਹੀ ਹੈ, ਇਸੇ ਪ੍ਰਕਾਰ ਜਗਤ ਰੂਪ ਹੋ ਕੇ ਸਾਰਿਆਂ ਦਾ ਸਾਖੀ ਰੂਪ ਰਹਿੰਦਾ ਹੈ, ਉਸ ਦਾ ਕਰਮ ਸਾਖੀ ਰੂਪ ਹੋ ਕੇ ਸੱਚ ਹੈ, ਉਸ ਦੀ ਰਚਨਾ ਰਚੀ ਹੋਈ ਵੀ ਸੱਚ ਰੂਪ ਹੈ, ਇਸ ਵਿਚ ਅਸਤੀ ਭਾਂਤੀ ਪ੍ਰੇਤਾ ਰੂਪ ਹੈ। ਮੂਲੁ = ਕਾਰਨ ਰੂਪ ਵੀ ਆਪ ਹੀ ਸਤਿ = ਸੱਚਾ ਹੈ ਅਤੇ ਉਸ ਤੋਂ ਉਤਪਤਿ = ਪੈਦਾ ਹੋਈ ਕਾਰਜ ਰੂਪ ਵਸਤੂ ਵੀ ਸਤਿ = ਸੱਤ ਸਰੂਪ ਆਪ ਹੀ ਹੈ।

***ਪ੍ਰਸ਼ਨ :*** *ਸ਼ੰਕਾਵਾਦੀਆਂ ਦਾ ਕਿ ਮੂਲ ਤਾਂ ਸੱਤ ਹੈ, ਪਰ ਕਰਨੀ ਕਿਵੇਂ ਸੱਤ ਹੋਈ, ਇਹ ਜੰਮਦੇ ਮਰਦੇ ਦਿਸਦੇ ਹਨ ?*

***ਗੁਰ ਉੱਤਰ :*** ਇਹ ਇਕ ਵਿਵਰਤਕਵਾਦ ਬਣ ਜਾਂਦਾ ਹੈ, ਜਿਸ ਪ੍ਰਕਾਰ ਜਲ ਵਿੱਚੋਂ ਤਰੰਗ ਪੈਦਾ ਹੋਈ ਪਰ ਉਹ ਰਹੀ ਤਾਂ ਜਲ ਹੀ, ਪਾਣੀ ਤੋਂ ਬੁਦਬੁਦਾ ਬਣ ਜਾਂਦਾ ਹੈ, ਪਰ ਸਮਾਉਂਦਾ ਪਾਣੀ ਵਿਚ ਹੀ ਹੈ, ਇਸੇ ਪ੍ਰਕਾਰ ਉਹ ਜਗਤ ਰੂਪ ਵੀ ਪਰਮੇਸ਼ਰ ਆਪ ਹੀ ਬਣਿਆ ਹੋਇਆ ਹੈ, ਉਹ ਸਾਖੀ ਚੇਤਨ ਸੱਤ ਸਰੂਪ ਹੈ, ਜੰਮਣ ਮਰਣ ਤੋਂ ਰਹਿਤ ਸੁਤੰਤਰ ਹੋਣ ਕਰ ਕੇ, ਕਾਰਣ ਰੂਪ ਵੀ ਸੱਤ ਹੈ। ਜਿਨ੍ਹਾਂ ਨੂੰ ਆਪ ਚੇਤਨਤਾ ਪ੍ਰਾਪਤ ਹੋ ਗਈ, ਉਹ ਨਾਮ ਤੇ ਰੂਪ ਨੂੰ ਮਿਥਿਆ ਸਮਝਦੇ ਹਨ, ਇਸੇ ਤਰ੍ਹਾਂ ਰਚਨਾ ਕਰਨ ਵਾਲਾ ਆਪ ਵੀ ਸਤਿ ਹੈ, ਉਸ ਦੀ ਰਚਨਾ ਚੇਤਨਤਾ ਤੋਂ ਭਿੰਨ ਨਾ ਹੋਣੇ ਕਰ ਕੇ ਵੀ ਸੱਤ ਹੈ।

## ਸਤਿ ਕਰਣੀ; ਨਿਰਮਲ ਨਿਰਮਲੀ ॥ ਜਿਸਹਿ ਬੁਝਾਏ; ਤਿਸਹਿ ਸਭ ਭਲੀ ॥

ਉਸ ਪਰਮੇਸ਼ਰ ਦੀ ਕਰਣੀ ਸਤਿ = ਸੱਚੀ ਅਤੇ ਨਿਰਮਲ ਨਿਰਮਲੀ = ਪਵਿੱਤਰ ਤੋਂ ਪਵਿੱਤਰ ਹੈ **ਅਥਵਾ** ਜਿਸ ਨੇ ਸਤਿ = ਸੱਚੀ ਕਰਣੀ = ਕਮਾਈ ਕੀਤੀ ਹੈ, ਉਸ ਦੀ ਸੱਚੇ ਨਾਮ ਕਰ ਕੇ ਬਿਰਤੀ ਨਿਰਮਲ = ਉੱਜਲ ਤੋਂ ਨਿਰਮਲੀ = ਉੱਜਲੀ ਹੋ ਗਈ ਹੈ **ਵਾ:** ਜਿਸ ਦੀ ਭਗਤੀ ਰੂਪ ਸੱਚੀ ਕਰਣੀ ਕੀਤੀ ਹੈ, ਉਹ ਆਪ ਵੀ ਨਿਰਮਲ ਬੁੱਧੀ ਵਾਲੇ ਅਤੇ ਹੋਰਨਾਂ ਨੂੰ ਵੀ ਉੱਜਲ ਬੁੱਧੀ ਵਾਲੇ ਕਰ ਦਿੰਦੇ ਹਨ। ਜਿਸਹਿ = ਜਿਸ ਨੂੰ ਉਹ ਪਰਮੇਸ਼ਰ ਬੁਝਾਏ = ਸਮਝਾਉਂਦਾ ਹੈ, ਤਿਸਹਿ = ਉਸ ਨੂੰ ਸਭ ਤਰ੍ਹਾਂ ਕਰ ਕੇ ਪਰਮੇਸ਼ਰ ਦੀ ਭਲੀ = ਚੰਗੀ ਪ੍ਰਤੀਤੀ ਹੋਣ ਲੱਗਦੀ ਹੈ।

## ਸਤਿ ਨਾਮੁ; ਪ੍ਰਭ ਕਾ ਸੁਖਦਾਈ ॥ ਬਿਸ੍ਵਾਸੁ ਸਤਿ; ਨਾਨਕ ਗੁਰ ਤੇ ਪਾਈ ॥੬॥

ਉਸ ਪਰਮੇਸ਼ਰ ਦੇ ਸਰੂਪ ਨੂੰ ਪਛਾਣਨ ਵਾਸਤੇ ਲੱਛਣ ਕਹਿੰਦੇ ਹਨ। ਪ੍ਰਭ = ਹਰੀ ਵਾਹਿਗੁਰੂ ਕਾ = ਦਾ ਸਤਿ ਨਾਮ (ਭਾਵ ਸੱਚਾ ਨਾਮ) ਮੰਤ੍ਰ ਜੀਵਾਂ ਦੇ ਤਾਈਂ ਸੁਖਦਾਇਕ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਹ ਸਤਿ = ਸੱਚਾ ਬਿਸ੍ਵਾਸ = ਭਰੋਸਾ ਗੁਰੂ ਤੇ = ਤੋਂ ਹੀ ਪਾਈ = ਪ੍ਰਾਪਤ ਹੁੰਦਾ ਹੈ ॥੬॥ ਜੈਸਾ ਕਿ :

**ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥** *(ਧਨਾਸਰੀ ਮ: ੪, ਅੰਗ ੬੭੦)*

## ਸਤਿ ਬਚਨ; ਸਾਧੂ ਉਪਦੇਸ ॥

ਸਤਿਗੁਰੂ ਨਾਨਕ ਸਾਹਿਬ ਆਪ ਸੰਤ ਹਨ, ਉਨ੍ਹਾਂ ਦੀ ਉਪਦੇਸ਼ ਰੂਪ ਬਾਣੀ ਵੀ ਸੱਚੀ ਹੀ ਹੈ **ਵਾ:** ਸੰਤਾਂ ਜਨਾਂ ਦੇ ਉਪਦੇਸ = ਸਿੱਖਿਆ ਰੂਪ ਬਚਨ = ਬੋਲ ਸਤਿ = ਸੱਚੇ ਹੁੰਦੇ ਹਨ।

**ਸਾਖੀ—ਸੰਤਾਂ ਦੇ ਬਚਨ ਮੰਨਣ ਦੀ** : ਇਕ ਦੇਸ਼ ਦਾ ਰਾਜਾ ਸ਼ਿਕਾਰ ਖੇਡਦਾ ਕਿਤੇ ਮਹਾਤਮਾ ਦੀ ਸੰਗਤ ਵਿਚ ਚਲਾ ਗਿਆ, ਮਹਾਤਮਾ ਜੀ ਨੇ ਕਥਾ ਕਰਦਿਆਂ ਕਰਦਿਆਂ ਬਚਨ ਸੁਣਾਏ ਕਿ ਪਿਛਲੀ ਰਾਤ

ਭਾਵ ਅੰਮ੍ਰਿਤ ਵੇਲੇ ਜਾਗਣਾ ਸਭ ਤੋਂ ਉੱਤਮ ਹੈ। ਘਰ ਵਿਚ ਕਿਸੇ ਸਾਧੂ ਦੀ ਗ਼ਰੀਬ ਦੀ ਮੁਸਾਫ਼ਰ ਦੀ ਸੇਵਾ ਕਰਨੀ ਸ੍ਰੇਸ਼ਟ ਕਰਮ ਹੈ। ਸਨਿਗਧ ਭੋਜਨ ਖਾਣਾ ਚਾਹੀਦਾ ਹੈ, ਰੁੱਖੇ ਭੋਜਨ ਖਾਣ ਨਾਲ ਲੜਾਈ ਹੁੰਦੀ ਹੈ, ਇਸਤਰੀ ਕਹਿਣਾ ਨਾ ਮੰਨੇ ਤਾਂ ਤਾੜਨਾ ਯੋਗ ਹੈ :

**ਆਗਤੇ ਸ੍ਵਾਗਤੰ ਸਾਰੰ, ਰਾਤ੍ਰਊ ਸਾਰੰ ਚ ਜਾਗ੍ਰਣੰ।**
**ਭੋਜਨੇ ਚ ਪ੍ਰਿਤੰ ਸਾਰੰ, ਇਸਤ੍ਰਿਆ ਸਾਰੰ ਚ ਤਾੜਨੰ।**

ਇਹ ਬਚਨ ਰਾਜੇ ਦੇ ਕੰਨੀਂ ਪਏ ਅਤੇ ਵਾਪਸ ਮਹਿਲਾਂ ਵਿਚ ਆ ਗਿਆ। ਰਾਣੀ ਨੂੰ ਆ ਕੇ ਕਹਿਣ ਲੱਗਾ ਕਿ ਅੱਜ ਸੰਤਾਂ ਪਾਸੋਂ ਮੈਂ ਚਾਰ ਬਚਨ ਸੁਣ ਕੇ ਆਇਆਂ ਹਾਂ, ਸਭ ਤੋਂ ਪਹਿਲਾ ਬਚਨ ਅੰਮ੍ਰਿਤ ਵੇਲੇ ਜਾਗ ਕੇ ਹਰੀ ਵਾਹਿਗੁਰੂ ਦਾ ਸਿਮਰਨ ਕਰਨਾ ਹੈ। ਇਸ ਕਰਕੇ ਸਵੇਰੇ ਅੰਮ੍ਰਿਤ ਵੇਲੇ ਤੂੰ ਜਗਾ ਦੇਣਾ ਕਰੀਂ, ਰਾਣੀ ਨੇ ਸਵੇਰੇ ਅੰਮ੍ਰਿਤ ਵੇਲੇ ਰਾਜੇ ਨੂੰ ਕਈ ਵਾਰ ਜਗਾਇਆ, ਉਹ ਉਠਿਆ ਨਾ, ਅੱਗੇ ਅੰਮ੍ਰਿਤ ਵੇਲੇ ਨਾ ਉੱਠਣ ਕਰ ਕੇ ਉੱਠ ਕੇ ਸੌਂ ਜਾਇਆ ਕਰੇ। ਰਾਣੀ ਕਹਿਣ ਲੱਗੀ—ਆਪਣੇ ਗੁਰੂ ਦਾ ਬਚਨ ਤਾਂ ਮੰਨੋਂ, ਰਾਜਾ ਕਹਿਣ ਲੱਗਾ—ਆਲਸ ਛਡਦੀ ਨਹੀਂ। ਰਾਣੀ ਨੇ ਕਿਹਾ—ਸਿਪਾਹੀਆਂ ਵਾਲੇ ਕੱਪੜੇ ਪਾ ਕੇ ਸ਼ਹਿਰ ਵਿਚ ਘੁੰਮ ਆਉ, ਨੀਂਦ ਆਪੇ ਖੁਲ੍ਹ ਜਾਵੇਗੀ। ਰਾਜੇ ਨੇ ਉਸੀ ਵਕਤ ਸਿਪਾਹੀਆਂ ਵਾਲੇ ਬਸਤਰ ਪਹਿਨੇ ਤੇ ਸ਼ਹਿਰ ਨੂੰ ਤੁਰ ਪਿਆ। ਰਸਤੇ ਵਿਚ ਕੀ ਵੇਖਿਆ ਕਿ ਇਕ ਟੁੱਟੇ ਹੋਏ ਘਰ ਵਿਚ ਇਸਤਰੀ ਭਰਤਾ ਰਹਿੰਦੇ ਹਨ, ਦੋਹਾਂ ਦਾ ਆਪਸ ਵਿਚ ਬੜਾ ਪ੍ਰੇਮ ਹੈ।

ਪਤਨੀ ਨੇ ਆਪਣੇ ਪਤੀਬ੍ਰਤਾ ਧਰਮ ਅਨੁਸਾਰ ਸਵੇਰ ਉੱਠ ਕੇ ਪਹਿਲੇ ਆਪ ਇਸ਼ਨਾਨ ਕੀਤਾ, ਫੇਰ ਪਤੀ ਨੂੰ ਇਸ਼ਨਾਨ ਕਰਵਾ ਕੇ ਚਰਨਾਮ੍ਰਿਤ ਪੀਤਾ, ਬਸਤਰ ਪੁਆ ਕੇ ਪੂਜਾ ਕੀਤੀ ਅਤੇ ਫੇਰ ਪਤੀ ਨੂੰ ਹਰੀ ਜਸ ਲਈ ਸਤਿਸੰਗ ਵਿਚ ਭੇਜ ਦਿੱਤਾ, ਪਿੱਛੋਂ ਆਪ ਚਰਖਾ ਕੱਤਦੀ ਰਾਮ ਰਾਮ ਉਚਾਰਦੀ ਤੇ ਨਾਲ ਰੋ ਵੀ ਰਹੀ ਹੈ।

ਰਾਜਾ ਦੇਖ ਕੇ ਹੈਰਾਨ ਹੋ ਗਿਆ, ਕੋਲ ਜਾ ਕੇ ਪੁੱਛਣ ਲੱਗਾ ਕਿ ਮਾਤਾ ਇਹ ਦੱਸ ਤੂੰ ਚਰਖਾ ਕਿਉਂ ਕੱਤਦੀ ਹੈ ? ਰਾਮ ਰਾਮ ਕਰਦੀ ਹੈਂ, ਨਾਲ ਹੀ ਰੋਂਦੀ ਹੈਂ, ਕਿਉਂ ?

ਮਾਈ ਕਹਿਣ ਲੱਗੀ—ਮੈਂ ਆਪਣੀ ਰੋਜ਼ੀ ਰੋਟੀ ਲਈ ਚਰਖਾ ਕੱਤਦੀ ਹਾਂ, ਮੈਂ ਆਪਣੀ ਮਿਹਨਤ ਕਰ ਕੇ ਪਤੀ ਨੂੰ ਖੁਆਇਆ ਹੈ, ਉਸ ਦੀ ਕਮਾਈ ਦਾ ਨਹੀਂ ਖਾਧਾ, ਕਿਉਂਕਿ ਪਤੀ ਦੀ ਸੇਵਾ ਕਰਨਾ ਮੇਰਾ ਧਰਮ ਹੈ ਅਤੇ ਮੁਕਤੀ ਦੀ ਪ੍ਰਾਪਤੀ ਲਈ ਪਰਮੇਸ਼ਰ ਦਾ ਨਾਮ ਜਪਦੀ ਹਾਂ, ਰੋਂਦੀ ਇਸ ਕਰਕੇ ਹਾਂ ਕਿ ਇਸ ਨਗਰੀ ਦਾ ਰਾਜਾ ਬੜਾ ਧਰਮਾਤਮਾ ਹੈ ਉਹ ਅੱਜ ਤੋਂ ਅੱਠਵੇਂ ਦਿਨ ਮਰ ਜਾਏਗਾ। ਰਾਜਾ ਆਪਣਾ ਮਰਨਾ ਸੁਣ ਕੇ ਡਰ ਗਿਆ ਤੇ ਪੁੱਛਣ ਲੱਗਾ ਕਿ ਮਾਤਾ ਤੈਨੂੰ ਕਿਸ ਤਰ੍ਹਾਂ ਪਤਾ ਹੈ ਕਿ ਰਾਜੇ ਨੇ ਅੱਠਵੇਂ ਦਿਨ ਮਰ ਜਾਣਾ ਹੈ ? ਤਾਂ ਮਾਈ ਕਹਿਣ ਲੱਗੀ—ਮੈਂ ਪਤੀਬਰਤਾ ਧਰਮ ਵਾਲੀ ਹਾਂ, ਉਸ ਸ਼ਕਤੀ ਕਰ ਕੇ ਕਿਹਾ ਹੈ। ਰਾਜੇ ਨੇ ਪੁੱਛਿਆ—ਉਹ ਕਿਸ ਤਰ੍ਹਾਂ ਮਰੇਗਾ ? ਮਾਈ ਕਹਿਣ ਲੱਗੀ—ਜਮਦੂਤ ਸੱਪ ਦੇ ਰੂਪ ਵਿਚ ਆ ਕੇ ਉਸ ਨੂੰ ਡੰਗ ਮਾਰੇਗਾ। ਰਾਜਾ ਇਤਨੀ ਗੱਲ ਸੁਣ ਕੇ ਵਾਪਸ ਮਹਿਲਾਂ ਵਿਚ ਆਇਆ, ਘਰ ਆ ਕੇ ਰਾਣੀ ਅਤੇ ਵਜ਼ੀਰ ਨੂੰ ਬੁਲਾ ਕੇ ਆਪਣਾ ਸਾਰਾ ਹਾਲ ਸੁਣਾਇਆ।

ਉਸ ਵੇਲੇ ਰਾਣੀ ਤੇ ਵਜ਼ੀਰ ਦੋਹਾਂ ਨੇ ਰਲ ਕੇ ਪੁੰਨ ਦਾਨ ਬੜੇ ਕੀਤੇ। ਰਾਜੇ ਨੂੰ ਸੰਤਾਂ ਦਾ ਦੂਸਰਾ ਬਚਨ ਯਾਦ ਆਇਆ ਕਿ ਘਰ ਆਏ ਮੁਸਾਫ਼ਰ ਦੀ ਸੇਵਾ ਕਰਨਾ ਧਰਮ ਹੈ। ਵਜ਼ੀਰ ਨੂੰ ਕਿਹਾ ਕਿ ਜੋ ਸੱਪ ਮਾਰਨ ਆਵੇਗਾ, ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ ਕਿਉਂਕਿ ਬਾਲਕ ਹੋਵੇ ਜੁਆਨ ਹੋਵੇ, ਬੁੱਢਾ ਹੋਵੇ, ਭਾਵੇਂ ਚੋਰ, ਚੰਡਾਲ, ਦੁਸ਼ਮਣ ਆਵੇ, ਉਹ ਅਤਿਥੀ ਦੇ ਸਮਾਨ ਸਨਮਾਨ ਯੋਗ ਹੈ।

ਜਿਸ ਵੇਲੇ ਸੱਪ ਆਇਆ ਤਾਂ ਬਹੁਤ ਸਤਿਕਾਰ ਸਨਮਾਨ ਕੀਤਾ ਗਿਆ। ਉਹ ਜਮਦੂਤ ਸੱਪ ਦੇ ਰੂਪ ਵਿਚ ਬੜਾ ਪ੍ਰਸੰਨ ਹੋਇਆ ਤੇ ਆਖਣ ਲੱਗਾ ਕਿ ਇਸ ਰਾਜੇ ਨੇ ਬੜੀ ਸੇਵਾ ਕੀਤੀ, ਹੁਣ ਮੈਂ ਕ੍ਰਿਤਘਨ

ਹੋ ਕੇ ਇਸ ਨੂੰ ਮਾਰਾਂਗਾ ਨਹੀਂ। ਧਰਮਰਾਜ ਦੀ ਆਗਿਆ ਤਾਂ ਇਹ ਹੈ ਕਿ ਮਾਰ ਕੇ ਲਿਆਓ, ਪਰ ਮੈਂ ਇਸ ਨੂੰ ਆਪਣੀ ਉਮਰ ਦੇ ਕੇ ਜਾਵਾਂਗਾ। ਸਮੇਂ ਅਨੁਸਾਰ ਸੱਪ ਨੇ ਰਾਜੇ ਨੂੰ ਕਿਹਾ ਕਿ ਧਰਮਰਾਜ ਦੀ ਆਗਿਆ ਅਨੁਸਾਰ ਮੈਂ ਇਕ ਵਾਰ ਤੈਨੂੰ ਡੰਗ ਮਾਰ ਕੇ ਮਾਰਾਂਗਾ, ਫਿਰ ਆਪਣੀ ਉਮਰ ਦੇ ਕੇ ਤੈਨੂੰ ਜਿਊਂਦਾ ਕਰਾਂਗਾ। ਇੰਜ ਕਹਿ ਕੇ ਸੱਪ ਨੇ ਰਾਜੇ ਨੂੰ ਥੋੜਾ ਜਿਹਾ ਡੰਗ ਮਾਰਿਆ, ਰਾਜਾ ਮਰ ਕੇ ਡਿੱਗ ਪਿਆ, ਪਰ ਸੱਪ ਨੇ ਉਸੇ ਵੇਲੇ ਪੰਜ ਸਾਲ ਉਮਰ ਦੇ ਕੇ ਜਿਊਂਦਾ ਕਰ ਦਿੱਤਾ। (ਜਿਵੇਂ ਗੁਰੂ ਅਮਰਦਾਸ ਜੀ ਨੇ ਪ੍ਰਸੰਨ ਹੋ ਕੇ ਆਪਣੀ ਉਮਰ ਵਿੱਚੋਂ ੬ ਸਾਲ ੧੧ ਮਹੀਨੇ ੧੧ ਦਿਨ ਦੀ ਉਮਰ ਸ੍ਰੀ ਗੁਰੂ ਰਾਮਦਾਸ ਜੀ ਨੂੰ ਦਿੱਤੀ।) ਸੱਪ ਕਹਿਣ ਲੱਗਾ ਕਿ ਦੇਵਤਿਆਂ ਦੀ ਪੰਜ ਸਾਲ ਦੀ ਉਮਰ ਹੈ, ਮਨੁੱਖਾਂ ਦੀ ੭੫ ਸਾਲ ਹੁੰਦੀ ਹੈ ਭਾਵ ਹੁਣ ਤੂੰ ੭੫ ਸਾਲ ਰਾਜ ਕਰੇਂਗਾ। ਇਹ ਗੱਲ ਕਹਿ ਸੱਪ ਜਾਣ ਲੱਗਾ ਤਾਂ ਰਾਜੇ ਨੇ ਜਾਂਦਿਆਂ ਵੀ ਉਸ ਦਾ ਸਵਾਗਤ ਕੀਤਾ। ਸੱਪ ਨੇ ਖ਼ੁਸ਼ ਹੋ ਕੇ ਕਿਹਾ ਕਿ ਜਿਤਨੇ ਦੁਨੀਆਂ ਵਿਚ ਪਸ਼ੂ ਪੰਛੀ ਹਨ, ਉਹ ਆਪਣੀ ਜ਼ੁਬਾਨ ਤੋਂ ਜੋ ਵੀ ਬੋਲਣਗੇ ਤੈਨੂੰ ਸਾਰਾ ਪਤਾ ਲੱਗੇਗਾ, ਪਰ ਕਿਸੇ ਨੂੰ ਦੱਸਣਾ ਨਹੀਂ, ਅਗਰ ਜੇ ਕਿਸੇ ਨੂੰ ਸੁਣਾਏਂਗਾ ਤਾਂ ਮਰ ਜਾਵੇਂਗਾ। ਇਹ ਗੱਲ ਕਹਿ ਕੇ ਸੱਪ ਚਲਾ ਗਿਆ, ਰਾਜਾ ਖ਼ੁਸ਼ ਹੋ ਕੇ ਆਪਣੇ ਰਾਜ ਮੰਦਰਾਂ ਵਿਚ ਆ ਗਿਆ।

ਫੇਰ ਰਾਜੇ ਨੂੰ ਸੰਤਾਂ ਦਾ ਤੀਸਰਾ ਬਚਨ ਯਾਦ ਆਇਆ ਕਿ ਖ਼ੁਸ਼ਕ ਭੋਜਨ ਨਹੀਂ ਕਰਨਾ ਜੇ ਕਰੋਗੇ ਤਾਂ ਲੜਾਈ ਹੋਵੇਗੀ। ਸੋਚਣ ਲੱਗਾ ਕਿ ਰਾਣੀ ਨਾਲ ਹੀ ਲੜਾਈ ਹੋਵੇਗੀ ਸੰਭਾਲ ਲਵਾਂਗੇ, ਇਹ ਵਿਚਾਰ ਕੇ ਰਾਣੀ ਨੂੰ ਕਿਹਾ ਕਿ ਮੇਰੇ ਲਈ ਅੱਜ ਬਿਲਕੁਲ ਖ਼ੁਸ਼ਕ ਭੋਜਨ ਪਕਾਵੀਂ, ਘਿਓ ਆਦਿ ਬਿਲਕੁਲ ਨਹੀਂ ਲਾਉਣਾ। ਰਾਣੀ ਨੇ ਰਾਜੇ ਦੇ ਕਹੇ ਅਨੁਸਾਰ ਖ਼ੁਸ਼ਕ ਭੋਜਨ ਤਿਆਰ ਕਰ ਕੇ ਰਾਜੇ ਦੇ ਅੱਗੇ ਰੱਖ ਦਿੱਤਾ।

ਰਾਜਾ ਹਰ ਰੋਜ਼ ਕੀੜੀਆਂ ਵਾਸਤੇ ਇਕ ਗ੍ਰਾਸ ਬਾਹਰ ਕੱਢ ਕੇ ਖਾਂਦਾ ਸੀ, ਜਦ ਉਸ ਨੇ ਰੁੱਖਾ ਭੋਜਨ ਕੀੜੀਆਂ ਲਈ ਬਾਹਰ ਕੱਢ ਕੇ ਰੱਖਿਆ ਤਾਂ ਕੀੜੀਆਂ ਨੇ ਖ਼ੁਸ਼ਕ ਭੋਜਨ ਦੇਖ ਕੇ ਰਾਜੇ ਦੀ ਨਿੰਦਿਆ ਕੀਤੀ। ਰਾਜਾ ਸੁਣ ਕੇ ਹੱਸ ਪਿਆ, ਰਾਣੀ ਪਾਸ ਬੈਠੀ ਸੀ। ਰਾਜੇ ਨੂੰ ਹੱਸਣ ਦਾ ਕਾਰਨ ਪੁੱਛਿਆ, ਤਾਂ ਰਾਜੇ ਨੇ ਦੱਸਿਆ ਨਾ। ਰਾਣੀ ਨੇ ਹੱਠ ਕਰ ਕੇ ਵਾਰ ਵਾਰ ਪੁੱਛਿਆ, ਪਰ ਰਾਜੇ ਨੇ ਦੱਸਿਆ ਨਾ, ਅਖ਼ੀਰ ਕਹਿਣ ਲੱਗੀ ਕਿ ਰਾਜਨ ਜੇ ਨਹੀਂ ਦੱਸੋਗੇ ਤਾਂ ਮੈਂ ਫਾਹਾ ਲੈ ਕੇ ਮਰ ਜਾਵਾਂਗੀ। ਜਦੋਂ ਰਾਣੀ ਮਰਨ ਲੱਗੀ ਤਾਂ ਰਾਜੇ ਨੇ ਕਿਹਾ ਕਿ ਤੂੰ ਮਰ ਨਾ, ਮੈਨੂੰ ਗੰਗਾ ਪਰ ਲੈ ਚੱਲ, ਉਥੇ ਚੱਲ ਕੇ ਤੈਨੂੰ ਦੱਸ ਕੇ ਮੈਂ ਮਰ ਜਾਵਾਂਗਾ ਤੇ ਮੈਨੂੰ ਗੰਗਾ ਪ੍ਰਵਾਹ ਕਰ ਦੇਣਾ। ਰਾਣੀ ਨੇ ਗੰਗਾ ਦੇ ਕਿਨਾਰੇ ਜਾਣ ਦੀ ਤਿਆਰੀ ਕਰ ਲਈ, ਬਹੁਤ ਸਮਝਾਇਆ ਰਾਣੀ ਨੂੰ ਪਰ ਮੰਨੀ ਨਾ, ਗੰਗਾ ਵੱਲ ਚੱਲ ਪਏ, ਰਸਤੇ ਵਿਚ ਜਾਂਦਿਆਂ-ਜਾਂਦਿਆਂ ਰਾਤ ਪੈ ਗਈ। ਜੰਗਲ ਵਿਚ ਇਕ ਖੂਹ ਸੀ, ਉਸ ਦੇ ਆਸੇ ਪਾਸੇ ਹਰਾ ਘਾਹ ਸੀ, ਉਥੇ ਠਹਿਰੇ। ਖੂਹ ਦੇ ਨੇੜੇ ਪਾਣੀ ਦੀ ਵਰਤੋਂ ਕਰ ਕੇ ਚਿੱਕੜ ਹੋ ਗਿਆ, ਘਾਹ ਲਤਾੜਿਆ ਗਿਆ। ਇਕ ਅਯਾਲੀ ਸਵੇਰੇ ਬੱਕਰੇ ਤੇ ਬੱਕਰੀਆਂ ਚੁਰਾਉਣ ਲਈ ਖੂਹ 'ਤੇ ਲੈ ਕੇ ਆਇਆ। ਸਾਰੀਆਂ ਬੱਕਰੀਆਂ ਘਾਹ ਖਾਣ ਲੱਗੀਆਂ, ਇਕ ਬੱਕਰੀ ਨਾ ਖਾਵੇ। ਉਸ ਦੇ ਪਤੀ ਬੱਕਰੇ ਨੇ ਬਹੁਤ ਸਮਝਾਇਆ, ਪਰ ਉਸ ਨੇ ਹਠ ਕੀਤਾ ਕਿ ਮੈਂ ਲਤਾੜਿਆ ਹੋਇਆ ਘਾਹ ਨਹੀਂ ਖਾਵਾਂਗੀ। ਬੱਕਰੇ ਨੇ ਪੁੱਛਿਆ ਕਿ ਤੂੰ ਕਿਹੜਾ ਘਾਹ ਖਾਵੇਂਗੀ ? ਬੱਕਰੀ ਕਹਿਣ ਲੱਗੀ ਕਿ ਜੋ ਖੂਹ ਦੀਆਂ ਇੱਟਾਂ ਵਿਚ ਘਾਹ ਉੱਗਿਆ ਹੋਇਆ ਹੈ। ਉਹ ਖਾਣਾ ਹੈ। ਉਸ ਘਾਹ ਨੂੰ ਲਿਆਉਣ ਵਾਸਤੇ ਬੱਕਰੇ ਨੇ ਯਤਨ ਬਹੁਤ ਕੀਤੇ ਪਰ ਲਿਆ ਨਾ ਸਕਿਆ, ਕਿਉਂਕਿ ਖੂਹ ਵਿਚ ਡਿੱਗਣ ਦਾ ਖ਼ਤਰਾ ਸੀ, ਬੱਕਰੀ ਨੂੰ ਬਹੁਤ ਸਮਝਾਇਆ ਪਰ ਸਮਝੀ ਨਾ। ਬੱਕਰੇ ਨੂੰ ਬੜਾ ਗ਼ੁੱਸਾ ਆ ਗਿਆ ਤੇ ਦੋ ਚਾਰ ਸਿੰਗ ਅਤੇ ਦੁਲੱਤੇ ਮਾਰ ਕੇ ਬੱਕਰੀ ਨੂੰ ਕੁੱਟਿਆ। ਉਸ ਵੇਲੇ ਬੱਕਰੀ ਨੇ ਮੰਨ ਲਿਆ ਤੇ ਕਿਹਾ ਮਾਰੋ ਨਾ, ਮੈਂ ਇਹੀ ਘਾਹ ਖਾ ਲੈਂਦੀ ਹਾਂ।

ਬੱਕਰੀ ਬੱਕਰੇ ਤੋਂ ਇਹ ਗੱਲਾਂ ਸੁਣ ਕੇ ਰਾਜੇ ਨੂੰ ਸੰਤਾਂ ਦੇ ਬਚਨ ਯਾਦ ਆ ਗਏ ਕਿ ਜੇ ਇਸਤਰੀ

ਹੱਠ ਪਰ ਆ ਕੋਈ ਬਚਨ ਨਾ ਮੰਨੇ ਤਾਂ ਉਸੇ ਵੇਲੇ ਤਾੜਨਾ ਠੀਕ ਹੈ, ਰਾਜੇ ਨੇ ਰਾਣੀ ਨੂੰ ਬੁਲਾ ਕੇ ਕਿਹਾ, ਤੂੰ ਆਪਣਾ ਹਠ ਛੱਡੇਂਗੀ ਕਿ ਨਹੀਂ? ਰਾਣੀ ਨੇ ਫੇਰ ਉਸੇ ਤਰ੍ਹਾਂ ਹੱਠ ਕੀਤਾ, ਰਾਜਾ ਗ਼ੁੱਸੇ ਵਿਚ ਆ ਕੇ ਰਾਣੀ ਨੂੰ ਮਾਰਨ ਲੱਗਾ ਤੇ ਮਿਆਨ ਵਿੱਚੋਂ ਤਲਵਾਰ ਕੱਢ ਕੇ ਆਖਿਆ, ਹਠ ਨਹੀਂ ਛੱਡਣਾ ਤਾਂ ਮਰਨ ਲਈ ਤਿਆਰ ਹੋ ਜਾ। ਰਾਣੀ ਨੇ ਉਸੇ ਵੇਲੇ ਕਿਹਾ, ਮੈਂ ਹਠ ਛੱਡਿਆ ਆਪ ਮੈਨੂੰ ਨਾ ਮਾਰੋ ਚਾਹੇ ਹੱਸੋ, ਭਾਵੇਂ ਰੋਵੋ, ਮੈਨੂੰ ਕੀ। ਇਸ ਵਜ੍ਹਾ ਨਾਲ ਸੰਤਾਂ ਦੇ ਬਚਨਾਂ 'ਤੇ ਭਰੋਸਾ ਹੋਣ ਕਰ ਕੇ ਰਾਜਾ ਤੇ ਰਾਣੀ ਬੜੇ ਸੁਖਾਂ ਨਾਲ ਆਪਣੇ ਮਹਿਲਾਂ ਵਿਚ ਵਸਣ ਲੱਗ ਪਏ।

## ਸਤਿ ਤੇ ਜਨ; ਜਾ ਕੈ ਰਿਦੈ ਪ੍ਰਵੇਸ॥

ਜਾ ਕੈ = ਜਿਨ੍ਹਾਂ ਪੁਰਖਾਂ ਦੇ ਰਿਦੈ = ਹਿਰਦੇ ਵਿਚ ਸੱਚੇ ਬਚਨ ਪ੍ਰਵੇਸ਼ ਹੋਏ ਹਨ, ਤੇ = ਉਹ ਜਨ = ਪੁਰਖ ਸਤ ਸਰੂਪ ਹੋਏ ਹਨ, ਭਾਵ ਸ੍ਰੇਸ਼ਟ ਜਨ ਹੋਏ ਹਨ।

## ਸਤਿ ਨਿਰਤਿ; ਬੂਝੈ ਜੇ ਕੋਇ॥ ਨਾਮੁ ਜਪਤ; ਤਾ ਕੀ ਗਤਿ ਹੋਇ॥

ਸਤਿ = ਸੱਚ ਤੇ ਨਿਰਤਿ = ਝੂਠ ਨੂੰ ਜੇ = ਜੇਕਰ ਕੋਇ = ਕੋਈ ਨਿਰਣਾ ਕਰ ਕੇ ਬੂਝੈ = ਸਮਝ ਲਵੇ **ਵਾ:** ਜੇ ਕੋਈ ਝੂਠ ਨੂੰ ਨਿਰਤਿ = ਵਿਸ਼ੇਸ਼ ਕਰ ਕੇ ਬੁੱਝ ਲਵੇ। ਤਾ ਕੀ = ਉਸ ਦੀ ਹਰੀ ਵਾਹਿਗੁਰੂ ਦਾ ਨਾਮ ਜਪ ਕੇ ਗਤਿ = ਕਲਿਆਣ ਹੋਇ = ਹੁੰਦੀ ਹੈ।

## ਆਪਿ ਸਤਿ; ਕੀਆ ਸਭੁ ਸਤਿ॥ ਆਪੇ ਜਾਨੈ; ਅਪਨੀ ਮਿਤਿ ਗਤਿ॥

ਹਰੀ ਵਾਹਿਗੁਰੂ ਆਪ ਸਤਿ ਹੈ ਅਤੇ ਉਸ ਦਾ ਪੈਦਾ ਕੀਆ = ਕੀਤਾ ਸਭ = ਸਾਰਾ ਕੁਝ ਸਤਿ = ਸੱਚਾ ਹੈ। ਆਪਣੀ ਮਿਤਿ = ਮਰਯਾਦਾ ਦੀ ਗਤਿ = ਚਾਲ (ਗਤੀ) ਨੂੰ ਆਪ ਹੀ ਜਾਨੈ = ਜਾਣਦਾ ਹੈ।

[ਅੰਗ ੨੮੫]

## ਜਿਸ ਕੀ ਸ੍ਰਿਸਟਿ; ਸੁ ਕਰਣੈਹਾਰੁ॥ ਅਵਰ ਨ ਬੂਝਿ; ਕਰਤ ਬੀਚਾਰੁ॥

ਜਿਸ ਹਰੀ ਵਾਹਿਗੁਰੂ ਕੀ = ਦੀ ਸ੍ਰਿਸਟਿ = ਦੁਨੀਆਂ ਹੈ, ਸੁ = ਉਹ ਆਪ ਹੀ ਕਰਣੈਹਾਰੁ = ਪਾਲਣਾ ਕਰਨ ਵਾਲਾ ਹੈ। ਅਵਰ = ਹੋਰ ਕੋਈ ਵੀ ਵੀਚਾਰ ਕਰੇ ਕਿ ਮੈਂ ਦੁਨੀਆਂ ਦਾ ਨਿਰਣਾ ਕਰ ਲਵਾਂਗਾ, ਉਨ੍ਹਾਂ ਨੂੰ ਕੋਈ ਵੀ ਬੂਝਿ = ਸਮਝ ਨ = ਨਹੀਂ ਪੈਂਦੀ।

## ਕਰਤੇ ਕੀ ਮਿਤਿ; ਨ ਜਾਨੈ ਕੀਆ॥
## ਨਾਨਕ, ਜੋ ਤਿਸੁ ਭਾਵੈ; ਸੋ ਵਰਤੀਆ॥੭॥

ਕਰਤੇ ਪੁਰਖ ਹਰੀ ਵਾਹਿਗੁਰੂ ਕੀ = ਦੀ ਮਿਤਿ = ਮਰਯਾਦਾ ਨੂੰ ਪੈਦਾ ਕੀਆ = ਕੀਤਾ ਅਲਪੱਗ ਜੀਵ ਨਹੀਂ ਜਾਣ ਸਕਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ = ਜਿਹੜਾ ਤਿਸੁ = ਉਸ ਹਰੀ ਵਾਹਿਗੁਰੂ ਨੂੰ ਭਾਵੈ = ਭਾਉਂਦਾ ਹੈ, ਸੋ = ਉਹੋ ਕੁਝ ਹੀ ਵਰਤੀਆ = ਵਰਤਦਾ ਹੈ॥੭॥

## ਬਿਸਮਨ ਬਿਸਮ; ਭਏ ਬਿਸਮਾਦ॥ ਜਿਨਿ ਬੂਝਿਆ; ਤਿਸੁ ਆਇਆ ਸ੍ਵਾਦ॥

ਜਿਨ੍ਹਾਂ ਦਾ ਬਿਸਮਨ = ਵਿਸ਼ਿਆਂ ਵਾਲਾ ਮਨ ਸੀ, ਜਦ ਆਤਮਾ ਵਿਚ ਬਿਸਮ = ਇਸਥਿਤ ਹੋਏ ਤਾਂ ਉਹ ਬਿਸਮਾਦ = ਅਸਚਰਜ ਰੂਪ ਬ੍ਰਹਮ ਦਾ ਰੂਪ ਹੀ ਭਏ = ਹੋ ਗਏ ਹਨ **ਵਾ:** ਜਿੰਨਾ ਨੇ (ਬਿਸ+ਮਨ) ਬਿਸ = ਵਿਸ਼ਿਆ ਵੱਲੋਂ ਮਨ ਨੂੰ ਬਿਸਮ = ਰੋਕ ਲਿਆ, ਉਹ ਸ਼ਬਦ ਨਾਲ ਬਿਸਮਾਦ = ਪ੍ਰਸੰਨ ਭਾਵ ਅਨੰਦਿਤ

ਹੋ ਗਏ ਹਨ **ਅਥਵਾ** ਜਿਨ੍ਹਾਂ ਨੇ ਬਿਸਮਨ = ਅਸਚਰਜ ਰੂਪ ਦੇ ਰਸ ਨੂੰ ਅਨੁਭਵ ਕੀਤਾ ਹੈ ਉਸ ਬਿਸਮ = ਅਸਚਰਜ ਤੋਂ ਬਿਸਮਾਦ = ਅਸਚਰਜ ਰੂਪ ਭਏ = ਹੋ ਗਏ ਹਨ। ਜਿਨ੍ਹਾਂ ਨੇ ਗੁਰਾਂ ਦੁਆਰਾ ਨਾਮ ਨੂੰ ਬੂਝਿਆ = ਸਮਝਿਆ ਹੈ, ਤਿਸ = ਉਨ੍ਹਾਂ ਨੂੰ ਆਤਮਿਕ ਅਨੰਦ ਦੇ ਸੁਆਦ ਦਾ ਰਸ ਆਇਆ ਹੈ।

**ਦ੍ਰਿਸ਼ਟਾਂਤ** : ਜਿਵੇਂ ਇਕ ਉਦਾਹਰਣ ਹੈ ਕਿ ਇਕ ਕੀੜੀ ਨੂੰ ਮਿਸ਼ਰੀ ਦਾ ਵੱਡਾ ਢੇਰ ਮਿਲਿਆ, ਉਹ ਨਾਲ ਦੀਆਂ ਕੀੜੀਆਂ ਨੂੰ ਕਹਿਣ ਲੱਗੀ ਕਿਧਰ ਭਟਕਦੀਆਂ ਫਿਰਦੀਆਂ ਹੋ, ਚਲੋ ਤੁਹਾਨੂੰ ਮਿਸ਼ਰੀ ਦੇ ਢੇਰ ਕੋਲ ਲੈ ਕੇ ਚੱਲਾਂ, ਕੀੜੀਆਂ ਨਾਲ ਚਲੀਆਂ ਗਈਆਂ, ਮਿਸ਼ਰੀ ਨੂੰ ਖਾਣ ਲੱਗੀਆਂ ਸਵਾਦ ਨਾ ਆਇਆ, ਕਹਿਣ ਲੱਗੀਆਂ ਇਹ ਮਿਸ਼ਰੀ ਨਹੀਂ ਕੁਝ ਹੋਰ ਹੀ ਹੈ, ਸੁਆਦ ਨਹੀਂ ਆਇਆ, ਤਾਂ ਇਕ ਕੀੜੀ ਕਹਿਣ ਲੱਗੀ ਮੂੰਹ ਦਿਖਾਉਣਾ ਕਰੋ, ਜਦ ਦੇਖਿਆ ਮੂੰਹ ਵਿਚ ਲਿੱਦਾ ਦੇ ਡੱਕੇ ਫੜੇ ਹੋਏ ਸਨ, ਕਹਿਣ ਲੱਗੀ ਕਿ ਭੈਣੋ ! ਆਪਣੇ ਮੂੰਹਾਂ ਵਿੱਚੋਂ ਲਿੱਦਾਂ ਦੇ ਡੱਕੇ ਛਡਣਾ ਕਰੋ, ਪਾਣੀ ਨਾਲ ਮੂੰਹ ਧੋ ਕੇ ਖਾਓ, ਫੇਰ ਤੁਹਾਨੂੰ ਮਿਸ਼ਰੀ ਦਾ ਸਵਾਦ ਆਵੇਗਾ। ਜਦ ਮੂੰਹ ਸਾਫ਼ ਕਰ ਕੇ ਖਾਣ ਲੱਗੀਆਂ ਤੇ ਮਿਸ਼ਰੀ ਦੇ ਨੇੜੇ ਹੀ ਰਹਿਣ ਲੱਗੀਆਂ।

**ਦਾ ਦ੍ਰਿਸ਼ਟਾਂਤ** : ਇਸੇ ਪ੍ਰਕਾਰ ਅਸੀਂ ਜੀਵ ਹਾਂ, ਸਾਰੇ ਚਾਹੁੰਦੇ ਹਨ ਕਿ ਸਾਨੂੰ ਪਰਮੇਸ਼ਰ ਦਾ ਅਨੰਦ ਪ੍ਰਾਪਤ ਹੋਵੇ, ਪਰ ਵਾਸ਼ਨਾ ਰੂਪੀ ਲਿੱਦ ਦੇ ਡੱਕੇ ਸਾਡੇ ਅੰਤਹਕਰਨ ਰੂਪੀ ਮੂੰਹ ਵਿਚ ਪਏ ਹੋਏ ਹਨ, ਜੇ ਵੈਰਾਗ ਰੂਪ ਪਾਣੀ ਨਾਲ ਮੂੰਹ ਧੋ ਲਈਏ, ਫੇਰ ਅੰਮ੍ਰਿਤ ਰੂਪ ਨਾਮ ਦਾ ਅਨੰਦ ਉਨ੍ਹਾਂ ਨੂੰ ਆਵੇਗਾ, ਜਿਨ੍ਹਾਂ ਦੇ ਮਨ ਰੂਪੀ ਮੁਖ ਵਿੱਚੋਂ ਲਿੱਦ ਦੇ ਡੱਕੇ ਨਿਕਲਣਗੇ।

## ਪ੍ਰਭ ਕੈ ਰੰਗਿ; ਰਾਚਿ ਜਨ ਰਹੇ ॥ ਗੁਰ ਕੈ ਬਚਨਿ; ਪਦਾਰਥ ਲਹੇ ॥

ਜੋ ਗੁਰਮੁਖ ਜਨ ਤਾਂ ਪ੍ਰਭ = ਹਰੀ ਵਾਹਿਗੁਰੂ ਦੇ ਨਾਮ ਰੰਗ ਵਿਚ ਰਾਚਿ = ਰਚਦੇ ਭਾਵ ਤਦਾਕਾਰ ਹੋ ਰਹੇ ਹਨ। ਉਹ ਗੁਰਾਂ ਦੇ ਬਚਨਿ = ਉਪਦੇਸ਼ ਨੂੰ ਮੰਨ ਕੇ ਮੁਕਤ ਰੂਪੀ, ਗਿਆਨ ਰੂਪੀ, ਸਰੂਪ ਰੂਪੀ ਪਦਾਰਥ ਨੂੰ ਪਾ ਲਹੇ = ਲੈਂਦੇ ਹਨ।

## ਓਇ ਦਾਤੇ; ਦੁਖ ਕਾਟਨਹਾਰ ॥ ਜਾ ਕੈ ਸੰਗਿ; ਤਰੈ ਸੰਸਾਰ ॥

ਜਿਨ੍ਹਾਂ ਨੂੰ ਗੁਰਾਂ ਨੇ ਆਪਣੇ ਪਿਆਰੇ ਪ੍ਰੇਮੀ ਬਣਾਇਆ ਹੈ, ਓਇ = ਉਹ ਸੰਤ ਜਨ ਖੁਦ ਦਾਤੇ = ਦਾਤਾਂ ਦੇਣ ਅਤੇ ਜੰਮਣ ਮਰਣ ਦੇ ਦੁਖ ਕੱਟਣ ਵਾਲੇ ਬਣ ਜਾਂਦੇ ਹਨ। ਜਾ ਕੈ = ਜਿਨ੍ਹਾਂ ਦੇ ਸੰਗਿ = ਸਾਥ ਕਰ ਕੇ ਅਨੇਕਾਂ ਹੋਰ ਜੀਵ ਵੀ ਸੰਸਾਰ = ਜਗਤ ਤੋਂ ਤਰੈ = ਤਰ ਜਾਂਦੇ ਹਨ।

## ਜਨ ਕਾ ਸੇਵਕੁ; ਸੋ ਵਡਭਾਗੀ ॥ ਜਨ ਕੈ ਸੰਗਿ; ਏਕ ਲਿਵ ਲਾਗੀ ॥

ਜਿਹੜਾ ਪਰਮੇਸ਼ਰ ਦਾ ਸੇਵਕੁ = ਦਾਸ ਬਣਿਆ ਹੈ, ਸੋ = ਉਹ ਜਨ = ਪੁਰਖ ਵਡਭਾਗੀ = ਵੱਡੇ ਭਾਗਾਂ ਵਾਲਾ ਹੈ। ਕਿਉਂਕਿ ਉਸ ਦੀ ਵਾਹਿਗੁਰੂ ਜਨਾਂ ਦੇ ਪਿਆਰਿਆਂ ਸੰਗਿ = ਨਾਲ ਮਿਲ ਕੇ ਏਕ = ਇਕ ਵਾਹਿਗੁਰੂ ਨਾਲ ਲਿਵ = ਬਿਰਤੀ ਲਾਗੀ = ਲੱਗ ਜਾਂਦੀ ਹੈ।

## ਗੁਨ ਗੋਬਿਦ; ਕੀਰਤਨੁ ਜਨੁ ਗਾਵੈ ॥ ਗੁਰ ਪ੍ਰਸਾਦਿ; ਨਾਨਕ ਫਲੁ ਪਾਵੈ ॥੮॥੧੬॥

ਜੋ ਜਨੁ = ਪੁਰਖ ਗੋਬਿਦ = ਪਰਮੇਸ਼ਰ ਦੇ ਗੁਣਾਂ ਨੂੰ ਤੇ ਸੰਤ ਜਨਾਂ ਨਾਲ ਮਿਲ ਕੀਰਤਨੁ = ਜਸ ਗਾਵੈ = ਗਾਉਂਦਾ ਹੈ। ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਗੁਰਾਂ ਦੀ ਪ੍ਰਸਾਦਿ = ਕਿਰਪਾ ਨਾਲ ਵਾਹਿਗੁਰੂ ਦੀ ਪ੍ਰਾਪਤੀ ਰੂਪ ਫਲ ਪਾਵੈ = ਪਾ ਲੈਂਦਾ ਹੈ ॥੮॥੧੬॥

(ਸੋਲ੍ਹਵੀਂ ਅਸਟਪਦੀ ਵਿਚ ਪੂਰੇ ਅੱਖਰ ੯੮੬, ਪੈਰਾਂ ਵਾਲੇ ਰਾਰੇ ੧੯, ਪੈਰਾਂ ਵਾਲੇ ਵਾਵੇ ੨, ਕੁੱਲ ਅੱਖਰ ੧੦੦੭ ਹਨ)

## ਸਲੋਕੁ ॥

**ਪਹਿਲੀ ਉਥਾਨਕਾ :** ਸੰਪਰਦਾ ਦੇ ਅਨੁਸਾਰ ਉਥਾਨਕਾ ਇਹ ਹੈ ਕਿ ਜਿਸ ਵਕਤ ਸ੍ਰੀ ਗੁਰੂ ਅਰਜਨ ਦੇਵ ਜੀ ਰਾਮਸਰ ਸਰੋਵਰ ਦੇ ਕੰਢੇ ਮੰਜੀ ਸਾਹਿਬ ਬੈਠ ਕੇ ਸੋਲ੍ਹਾਂ ਅਸਟਪਦੀਆਂ ਉਚਾਰਨ ਕਰ ਚੁੱਕੇ ਸਨ। ਸਤਾਰ੍ਹਵੀਂ ਅਸਟਪਦੀ ਗੁਰੂ ਸਾਹਿਬ ਜੀ ਨੇ ਉਚਾਰਨੀ ਸੀ। ਇਤਨੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ਼੍ਰੀ ਚੰਦ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਗੁਰੂਆਂ ਦੀ ਧਰਤੀ 'ਤੇ ਮੱਥਾ ਟੇਕਣ ਲਈ ਆਏ ਅਤੇ ਗੁਰੂ ਅਰਜਨ ਸਾਹਿਬ ਜੀ ਨੂੰ ਆ ਕੇ ਮਿਲੇ ਤੇ ਗੁਰੂ ਸਾਹਿਬ ਜੀ ਨੇ ਗੁਰੂ ਸਪੁੱਤਰ ਹੋਣ ਕਰ ਕੇ ਬੜਾ ਸਤਿਕਾਰ ਕੀਤਾ। ਬਾਬਾ ਸ਼੍ਰੀ ਚੰਦ ਜੀ ਨੇ ਸਤਿਗੁਰਾਂ ਨੂੰ ਬੇਨਤੀ ਕੀਤੀ ਕਿ ਕੀ ਕਾਰਜ ਕਰ ਰਹੇ ਹੋ, ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਸੰਸਾਰ ਦੇ ਭਲੇ ਲਈ 'ਸ੍ਰੀ ਸੁਖਮਨੀ ਸਾਹਿਬ' ਨਾਮੇ ਬਾਣੀ ਦੀ ਰਚਨਾ ਕਰ ਰਹੇ ਹਾਂ, ਸੋਲ੍ਹਾਂ ਅਸਟਪਦੀਆਂ ਸੰਪੂਰਨ ਹੋ ਚੁੱਕੀਆਂ ਹਨ, ਬਾਕੀ ੮ (ਅੱਠ) ਅਸਟਪਦੀਆਂ ਤੁਸੀਂ ਉਚਾਰਨ ਕਰੋ, ੨੪ ਅਸਟਪਦੀਆਂ ਰੂਪ ਬਾਣੀ ਉਚਾਰਨੀ ਹੈ। ਬਾਬਾ ਸ਼੍ਰੀ ਚੰਦ ਜੀ ਨੇ ਬੜੀ ਨਿਮਰਤਾ ਸਹਿਤ ਕਿਹਾ ਕਿ ਮੈਂ ਇਸ ਦਾ ਅਧਿਕਾਰੀ ਨਹੀਂ, ਇਹ ਕੰਮ ਆਪ ਜੀ ਦਾ ਹੈ। ਗੁਰੂ ਸਾਹਿਬ ਜੀ ਨੇ ਫੇਰ ਬੇਨਤੀ ਕੀਤੀ ਕਿ ਸਾਡੀ ਖ਼ੁਸ਼ੀ ਹੋਵੇਗੀ, ਜੇਕਰ ਆਪ ਕੁਝ ਬਾਣੀ ਉਚਾਰਨਾ ਕਰੋ।

ਬਾਬਾ ਸ਼੍ਰੀ ਚੰਦ ਜੀ ਨੇ ਨਿਮਰਤਾ ਸਹਿਤ ਕਿਹਾ ਕਿ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਮੂਲਮੰਤਰ ਵਿੱਚੋਂ ਕੁਝ ਤੁੱਕਾਂ ਆਪ ਜੀ ਦੇ ਅੱਗੇ ਭੇਟ ਕਰਦਾ ਹਾਂ, ਦੋ ਸਿਹਾਰੀਆਂ ਦਾ ਭੇਦ ਰੱਖ ਕੇ ਇਹ ਪਦ ਸੁਣਾਇਆ :

**ਆਦਿ ਸਚੁ ਜੁਗਾਦਿ ਸਚੁ ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥੧॥** *(ਅੰਗ ੨੮੫)*

ਸੰਪਰਦਾ ਵਿਚ ਇਸ ਸਲੋਕ ਦੀ ਉਥਾਨਕਾ ਹੈ ਕਿ ਵਾਸਤਵ ਵਿਚ ਪਹਿਲੇ ਪਾਤਿਸ਼ਾਹ ਜੀ ਨੇ ਸ਼ਬਦ ਉਚਾਰਿਆ ਹੈ।

ਇਹ ਸ਼ਬਦ ਪੰਜਵੇਂ ਪਾਤਿਸ਼ਾਹ ਨੇ ਗਉੜੀ ਰਾਗ ਵਿਚ ਉਚਾਰਨ ਕੀਤਾ ਹੈ। ਬਾਬਾ ਸ਼੍ਰੀ ਚੰਦ ਜੀ ਤੋਂ ਸੁਣ ਕੇ ਫੇਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਉਚਾਰ ਕੇ ਇਹ ਸਲੋਕ ਭਾਈ ਗੁਰਦਾਸ ਜੀ ਪਾਸੋਂ ਲਿਖਾਉਣਾ ਕੀਤਾ ਹੈ।

**ਦੂਸਰੀ ਉਥਾਨਕਾ :** ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਨੇ ੨੮ਵੀਂ ਕਥਾ ਵਿਚ ਜਾਣਕਾਰੀ ਲਈ ਇਹ ਉਥਾਨਕਾ ਵੀ ਸੁਣਾਈ ਹੈ, ਉਨ੍ਹਾਂ ਨੇ ਸੰਪਰਦਾਈ ਉਥਾਨਕਾ ਪਹਿਲੀ ਹੀ ਮੰਨੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ੧੬ ਅਸਟਪਦੀਆਂ ਉਚਾਰ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸ਼੍ਰੀ ਚੰਦ ਜੀ ਨੂੰ ਬਾਰਠ ਨਗਰ ਮਿਲਣ ਗਏ ਸੀ ਤੇ ਕਹਿਣ ਲੱਗੇ ਕਿ ਆਪ ਗੁਰੂ ਸਾਹਿਬਾਨਾਂ ਦੇ ਵੱਡੇ ਸਪੁੱਤਰ ਹੋ, ਕੋਈ ਬਾਣੀ ਉਚਾਰ ਕੇ ਸੁਣਾਓ, ਤਾਂ ਸ਼੍ਰੀ ਚੰਦ ਜੀ ਨੇ ਗੁਰੂ ਜੀ ਨੂੰ ਕਹਿਣਾ ਕੀਤਾ ਕਿ ਸਤਿਗੁਰੂ ਜੀ, ਸਾਡੇ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਗੁਰੂ ਸਨ ਤੇ ਆਪ ਹੀ ਬਾਣੀ ਉਚਾਰਨ ਕਰਦੇ ਸਨ, ਤੁਸੀਂ ਉਨ੍ਹਾਂ ਦੀ ਗੁਰਤਾਗੱਦੀ ਦੇ ਵਾਰਿਸ ਹੋ, ਬਾਣੀ ਦੀ ਰਚਨਾ ਕਰਨੀ ਆਪ ਜੀ ਨੂੰ ਹੀ ਸ਼ੋਭਦੀ ਹੈ। ਸਾਡਾ ਅਧਿਕਾਰ ਨਹੀਂ ਬਾਣੀ ਉਚਾਰਨ ਦਾ। ਸਤਿਗੁਰੂ ਨੇ ਦੁਬਾਰਾ ਫਿਰ ਕਿਹਾ ਤਾਂ ਸ਼੍ਰੀ ਚੰਦ ਜੀ ਨੇ ਬਚਨ ਮੰਨਦਿਆਂ ਕਿਹਾ ਕਿ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਲੋਕ ਹੀ ਆਪ ਜੀ ਦੇ ਅੱਗੇ ਸੁਣਾਉਂਦਾ ਹਾਂ, ਸਤਿਗੁਰਾਂ ਦੀ ਬਰਾਬਰੀ ਨਾ ਕਰਨ ਵਾਸਤੇ, 'ਭੀ' ਦੀ ਜਗ੍ਹਾ 'ਭਿ' ਸਿਹਾਰੀ ਦਾ ਫ਼ਰਕ ਰੱਖਿਆ। ਇਹ ਸਲੋਕ ਬਾਬਾ ਸ਼੍ਰੀ ਚੰਦ ਜੀ ਨੇ ਗੁਰੂ ਸਾਹਿਬ ਜੀ ਨੂੰ ਭੇਟ ਕੀਤਾ ਸੀ।

## ਆਦਿ ਸਚੁ; ਜੁਗਾਦਿ ਸਚੁ ॥

ਸ੍ਰਿਸ਼ਟੀ ਦੇ ਆਦਿ = ਮੁੱਢ ਭਾਵ ਪਹਿਲੇ ਉਹ ਪਰਮੇਸ਼ਰ ਸੱਚ ਸਰੂਪ ਸੀ, (ਜੋ ਤਿੰਨਾਂ ਕਾਲਾਂ ਵਿਚ ਨਾਸ

ਨਾ ਹੋਵੇ, ਉਹ ਸਤ ਸਰੂਪ ਹੁੰਦਾ ਹੈ) ਜੁਗਾਦਿ = ਸਤਿਜੁਗ, ਤ੍ਰੇਤਾ, ਦੁਆਪਰ ਆਦਿਕ ਦੇ ਆਵੇਚਨ ਵਿਚ ਵੀ ਇਹ ਸੱਚ ਸਰੂਪ ਹੈ।

## ਹੈ ਭਿ ਸਚੁ; ਨਾਨਕ ਹੋਸੀ ਭਿ ਸਚੁ ॥੧॥

ਗੁਰੂ ਸਾਹਿਬ ਜੀ ਸ੍ਰੇਸ਼ਟ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ, ਵਰਤਮਾਨ ਸਮੇਂ ਵਿਚ ਭਿ = ਭੀ ਉਹ ਸੱਚ ਸਰੂਪ ਹੈ ਅਤੇ ਭਵਿੱਖਤ ਕਾਲ ਦੇ ਸਮੇਂ ਵਿਚ ਵੀ ਉਹ ਸੱਚਾ ਪਰਮੇਸ਼ਰ ਆਪ ਹੀ ਹੋਵੇਗਾ।

ਪਰਮੇਸ਼ਰ ਦੀ ਪ੍ਰਾਪਤੀ ਵਾਸਤੇ ਸ਼ਰਧਾ ਹੋਣੀ ਚਾਹੀਦੀ ਹੈ, ਸ਼ਰਧਾ ਦੇ ਨਾਲ ਫੇਰ ਸੱਚ ਸ੍ਰਵਨ ਕਰ ਕੇ ਮੰਨਣ ਹੋਣਾ ਚਾਹੀਦਾ ਹੈ, ਫੇਰ ਸੱਚੀ ਕਮਾਈ ਕਰ ਕੇ ਸੱਚ ਦੀ ਪ੍ਰਾਪਤੀ ਹੋ ਜਾਂਦੀ ਹੈ। ਫੇਰ ਉਹ ਜੀਵ ਦਾ ਸਰੂਪ ਬ੍ਰਹਮ ਦਾ ਰੂਪ ਹੀ ਹੋ ਜਾਂਦਾ ਹੈ, ਸਰੀਰ ਦੇ ਅੰਤ ਹੋਣ ਤੋਂ ਬਾਅਦ ਉਹ ਜੂਨਾਂ ਵਿਚ ਨਹੀਂ ਪੈਂਦੇ। ਇਸੇ ਪ੍ਰਕਾਰ ਵਾਹਿਗੁਰੂ ਆਪ ਆਦਿ ਭਾਵ ਜਗਤ ਵਿਚ ਸੱਤ ਸਰੂਪ ਹੈ ਜੁਗਾਦਿ ਵਿਚ ਵੀ ਸੱਤ ਸਰੂਪ ਹੈ, ਵਰਤਮਾਨ ਸਮੇਂ ਵਿਚ ਸੱਤ ਸਰੂਪ ਹੈ॥੧॥

## ਅਸਟਪਦੀ ॥ ਚਰਨ ਸਤਿ; ਸਤਿ ਪਰਸਨਹਾਰ ॥ ਪੂਜਾ ਸਤਿ; ਸਤਿ ਸੇਵਦਾਰ ॥

ਇਥੇ ਗੁਰੂ ਜੀ ਸਤਿ ਨੂੰ ਸੱਤਾ ਮਾਤਰ ਹੀ ਕਥਨ ਕਰਦੇ ਹਨ ਕਿ ਉਹ ਪਰਮੇਸ਼ਰ ਸੱਚ ਸਰੂਪ ਹੈ, ਜੋ ਤਿੰਨਾਂ ਕਾਲਾਂ ਵਿਚ ਨਾਸ ਨਹੀਂ ਹੁੰਦਾ, ਤ੍ਰੈਕਾਲ ਅਬਾਧ ਰੂਪ ਹੈ। ਸਾਰਿਆਂ ਦਾ ਅਧਿਸ਼ਠਾਨ ਰੂਪ ਸਤਿ ਸਰੂਪ ਹੈ, ਭਾਵ ਇਉਂ ਉਸ ਪਰਮੇਸ਼ਰ ਦਾ ਕੋਈ ਆਕਾਰ ਨਹੀਂ ਜਿਵੇਂ ਜੀਵ ਹੁੰਦਾ ਹੈ, ਇਸ ਕਰਕੇ ਉਸ ਸੱਤ ਸਰੂਪ ਦੇ ਚਰਨ ਵੀ ਸੱਤ ਹਨ, ਜਿਹੜਾ ਸਿੱਖ ਉਨ੍ਹਾਂ ਦੇ ਚਰਨਾਂ ਨੂੰ ਪਰਸਨਹਾਰ = ਛੂਹਣ ਵਾਲਾ ਹੈ, ਉਹ ਵੀ ਪਲਟ ਕੇ ਸੱਤ ਸਰੂਪ ਹੀ ਹੋ ਜਾਂਦਾ ਹੈ **ਵਾ:** ਉਹ ਹਰੀ ਵਾਹਿਗੁਰੂ ਦੇ ਚਰਨ ਸਤਿ = ਸੱਚ ਸਰੂਪ ਹਨ ਤੇ ਉਨ੍ਹਾਂ ਚਰਨਾਂ ਨੂੰ ਪਰਸਨਹਾਰ = ਛੂਹਣ ਵਾਲੇ ਵੀ ਸੱਤ ਸਰੂਪ ਹੀ ਹੋ ਜਾਂਦੇ ਹਨ। ਜਿਹੜਾ ਉਸ ਵਾਹਿਗੁਰੂ ਸੱਚ ਸਰੂਪ ਦਾ ਪੂਜਾ = ਪੂਜਨ ਕਰਦਾ ਹੈ, ਉਹ ਸੇਵਦਾਰ = ਸੇਵਾ ਕਰਨ ਵਾਲਾ ਵੀ ਸੱਚ ਸਰੂਪ ਹੀ ਹੋ ਜਾਂਦਾ ਹੈ।

## ਦਰਸਨੁ ਸਤਿ; ਸਤਿ ਪੇਖਨਹਾਰ ॥ ਨਾਮੁ ਸਤਿ; ਸਤਿ ਧਿਆਵਨਹਾਰ ॥

ਜਿਨ੍ਹਾਂ ਨੂੰ ਹਰੀ ਵਾਹਿਗੁਰੂ ਸਤਿ = ਸੱਚ ਸਰੂਪ ਦੇ ਦਰਸਨੁ = ਦੀਦਾਰ ਦਾ ਜਲਵਾ ਪ੍ਰਾਪਤ ਹੁੰਦਾ ਹੈ, ਉਹ ਪੇਖਨਹਾਰ = ਵੇਖਣ ਵਾਲੇ ਵੀ ਉਲਟ ਕੇ ਸਤਿ ਸਰੂਪ ਹੀ ਹੋ ਜਾਂਦੇ ਹਨ। ਉਸ ਹਰੀ ਅਕਾਲ ਪੁਰਖ ਦਾ ਨਾਮ ਵੀ ਸੱਚਾ ਹੈ ਤੇ ਉਸ ਨਾਮ ਨੂੰ ਧਿਆਵਨਹਾਰ = ਧਿਆਉਣ ਵਾਲੇ ਵੀ ਸੱਚ ਸਰੂਪ ਹਨ।

## ਆਪਿ ਸਤਿ; ਸਤਿ ਸਭ ਧਾਰੀ ॥ ਆਪੇ ਗੁਣ; ਆਪੇ ਗੁਣਕਾਰੀ ॥

ਆਪ ਹਰੀ ਵਾਹਿਗੁਰੂ ਸਤਿ = ਸੱਚ ਸਰੂਪ ਹੈ ਅਤੇ ਉਸ ਦੀ ਰਚੀ ਸਭ = ਸਾਰੀ ਸ੍ਰਿਸ਼ਟੀ ਸਤਿ ਸਰੂਪ ਹੀ ਹੈ **ਵਾ:** ਉਸ ਦੀ ਮਰਯਾਦਾ ਧਾਰੀ ਹੋਈ ਵੀ ਸੱਚੀ ਹੈ। ਆਪ ਹੀ ਗਿਆਨ ਰੂਪੀ ਗੁਣ ਦੇਣ ਵਾਲਾ ਹੈ ਤੇ ਆਪ ਹੀ ਸ਼ੁਭ ਗੁਣਕਾਰੀ = ਗੁਣਾਂ ਦੇ ਦੇਣ ਵਾਲਾ ਉਪਕਾਰੀ ਹੈ **ਵਾ:** ਗੁਣਾਂ ਦੀ ਕਾਰੀ = ਔਸ਼ਧੀ ਦੇਣ ਵਾਲਾ ਹੈ।

## ਸਬਦੁ ਸਤਿ; ਸਤਿ ਪ੍ਰਭੁ ਬਕਤਾ ॥ ਸੁਰਤਿ ਸਤਿ; ਸਤਿ ਜਸੁ ਸੁਨਤਾ ॥

ਸ਼ਬਦ ਵੀ ਸਤਿ = ਸੱਚਾ ਹੈ ਕਿਉਂਕਿ ਸ਼ਬਦ ਨੂੰ ਉਚਾਰਨ ਕਰਨ ਵਾਲਾ ਪ੍ਰਭੁ = ਪਰਮੇਸ਼ਰ ਆਪ ਸਤਿ = ਸੱਚਾ ਹੈ। ਉਸ ਪਰਮੇਸ਼ਰ ਦਾ ਸਬਦੁ = ਉਪਦੇਸ਼ ਵੀ ਸਤਿ = ਸੱਚ ਸਰੂਪ ਹੈ ਅਤੇ ਪ੍ਰਭੁ = ਪਰਮੇਸ਼ਰ

ਦੇ ਨਾਮ ਨੂੰ ਬਕਤਾ = ਉਚਾਰਨ ਵਾਲਾ ਵੀ ਸਤਿ ਸਰੂਪ ਹੈ। ਜਿਹੜੀ ਸੁਰਤਿ = ਬਿਰਤੀ ਪਰਮੇਸ਼ਰ ਦੇ ਨਾਮ ਵਿਚ ਜੁੜੀ ਹੈ, ਉਹ ਵੀ ਸੱਤ ਸਰੂਪ ਹੋ ਜਾਂਦੀ ਹੈ ਅਤੇ ਜਸੁ = ਵਡਿਆਈ ਸੁਨਤਾ = ਸੁਣਨ ਵਾਲਾ ਵੀ ਸਤ ਸਰੂਪ ਹੀ ਹੋ ਜਾਂਦਾ ਹੈ **ਵਾ:** ਹਰੀ ਵਾਹਿਗੁਰੂ ਦਾ ਜਸ ਵੀ ਸਤ ਹੈ ਤੇ ਜੋ ਜੀਵ ਸੁਰਤਿ = ਬਿਰਤੀ ਲਗਾ ਕੇ ਜਸੁ = ਵਡਿਆਈ ਨੂੰ ਸੁਨਤਾ = ਸੁਣਦਾ ਹੈ, ਉਹ ਵੀ ਸਤ ਸਰੂਪ ਹੈ। ਜਿਵੇਂ ਪਾਰਸ ਦੇ ਨਾਲ ਲੋਹਾ, ਜਿਸਤ, ਕਲੀ, ਤਾਂਬਾ ਆਦਿ ਧਾਤਾਂ ਛੂਹਣੇ ਕਰ ਕੇ ਸੋਨਾ ਹੀ ਬਣ ਜਾਂਦੀਆਂ ਹਨ, ਇਸੇ ਪ੍ਰਕਾਰ ਸ਼ੁੱਧ ਸਰੂਪ ਦੇ ਨਾਲ ਜੁੜਨੇ ਕਰ ਕੇ ਜੀਵ ਵੀ ਸਤ ਸਰੂਪ ਹੀ ਹੋ ਜਾਂਦਾ ਹੈ, ਕੰਨ ਵੀ ਜਸ ਨੂੰ ਸੁਣਨ ਵਾਲੇ ਉਲਟ ਕੇ ਸਤ ਸਰੂਪ ਹੀ ਹੋ ਜਾਂਦੇ ਹਨ, ਜੀਵਨ ਬਦਲ ਜਾਂਦਾ ਹੈ।

## ਬੁਝਨਹਾਰ ਕਉ; ਸਤਿ ਸਭ ਹੋਇ ॥ ਨਾਨਕ ਸਤਿ; ਸਤਿ ਪ੍ਰਭੁ ਸੋਇ ॥੧॥

ਗੁਰੂ ਸਾਹਿਬ ਦੁਆਰਾ ਬੁਝਨਹਾਰ = ਸਮਝਣ ਵਾਲੇ ਕਉ = ਨੂੰ ਸਭ = ਸਾਰਿਆਂ ਵਿਚ ਸਤ ਸਰੂਪ ਹੀ ਪ੍ਰਤੀਤ ਹੋਇ = ਹੁੰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋਇ = ਉਹ ਪ੍ਰਭੁ = ਵਾਹਿਗੁਰੂ ਸਤ ਤੋਂ ਸਤ ਸਰੂਪ ਹੈ **ਵਾ:** ਉਹ ਵਾਹਿਗੁਰੂ ਸਤਿ = ਨਿਸ਼ਚੇ ਕਰ ਕੇ ਸਤਿ = ਸੱਚ ਸਰੂਪ ਹੈ **ਵਾ:** ਪ੍ਰਭੁ = ਪਰਮੇਸ਼ਰ ਆਪ ਹੀ ਸਤ ਸਰੂਪ ਹੈ ਤੇ ਸੋਇ = ਉਸ ਦੇ ਨਾਮ ਦੀ ਸ਼ੋਭਾ ਵੀ ਸਤ ਹੀ ਹੈ॥੧॥

## ਸਤਿ ਸਰੂਪੁ; ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ; ਤਿਨਿ ਮੂਲੁ ਪਛਾਨਿਆ ॥

ਜਿਨਿ = ਜਿਸ ਜਗਿਆਸੂ ਨੇ ਆਪਣੇ ਰਿਦੈ = ਹਿਰਦੇ ਵਿਚ ਮਾਨਿਆ = ਅਨੁਭਵ ਕਰ ਲਿਆ ਹੈ ਕਿ ਉਹ ਹਰੀ ਵਾਹਿਗੁਰੂ ਸਤ ਚਿਤ ਅਨੰਦ ਸਰੂਪ ਹੈ। ਤਿਨਿ = ਉਸ ਨੇ ਸਾਰੇ ਕਾਰਜਾਂ ਨੂੰ ਕਰਾਉਣ ਵਾਲੇ ਪ੍ਰੇਰਕ ਜੋ ਤੱਤਾਂ ਦੁਆਰਾ, ਗੁਣਾਂ ਦੁਆਰਾ ਪ੍ਰਕਿਰਤੀ ਦਾ ਮੂਲੁ = ਮੁੱਢ ਕਾਰਨ ਰੂਪ ਪਰਮੇਸ਼ਰ ਹੈ, ਉਸ ਨੂੰ ਪਛਾਨਿਆ = ਜਾਣ ਲਿਆ ਹੈ।

## ਜਾ ਕੈ ਰਿਦੈ; ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ; ਤਿਸੁ ਮਨਿ ਪ੍ਰਗਟਾਇਆ ॥

ਜਾ ਕੈ = ਜਿਸ ਦੇ ਰਿਦੈ = ਹਿਰਦੇ ਵਿਚ ਗੁਰੂ ਸਾਹਿਬ ਜੀ ਦੇ ਉਪਦੇਸ਼ ਦੁਆਰਾ ਪ੍ਰਭ = ਹਰੀ ਵਾਹਿਗੁਰੂ ਦਾ ਬਿਸ੍ਵਾਸ = ਭਰੋਸਾ ਆਇਆ ਹੈ। ਤਿਸੁ = ਉਸ ਦੇ ਮਨਿ = ਅੰਤਸ਼ਕਰਣ ਵਿਚ ਤਤੁ = ਸਿਧਾਂਤ ਰੂਪ ਪਰਮੇਸ਼ਰ ਦਾ ਗਿਆਨ ਪ੍ਰਗਟਾਇਆ = ਪ੍ਰਕਾਸ਼ ਹੋ ਆਇਆ ਹੈ।

## ਭੈ ਤੇ ਨਿਰਭਉ; ਹੋਇ ਬਸਾਨਾ ॥ ਜਿਸ ਤੇ ਉਪਜਿਆ; ਤਿਸੁ ਮਾਹਿ ਸਮਾਨਾ ॥

ਜਿਸ ਨੂੰ ਵਾਹਿਗੁਰੂ ਦੇ ਸਰੂਪ ਦਾ ਗਿਆਨ ਹੋ ਗਿਆ, ਉਹ ਭੈ ਰੂਪ ਜਗਤ ਤੇ = ਤੋਂ ਨਿਰਭਉ = ਨਿਡਰ ਹੋ ਕੇ ਹਰੀ ਵਾਹਿਗੁਰੂ ਵਿਚ ਬਸਾਨਾ = ਵਸਣ ਵਾਲਾ ਹੋ ਗਿਆ ਹੈ **ਵਾ:** ਉਹ ਭੈ ਤੇ = ਤੋਂ ਨਿਰਭੈ ਹੋ ਕੇ ਸਰੂਪ ਰੂਪੀ ਘਰ ਵਿਚ ਬਸਾਨਾ = ਵਸਣ ਵਾਲਾ ਹੋ ਗਿਆ ਹੈ। ਜਿਸ ਵਾਹਿਗੁਰੂ ਤੇ = ਤੋਂ ਜੀਵ ਕਲਾ ਉਪਜਿਆ = ਪੈਦਾ ਹੋਈ ਸੀ, ਤਿਸੁ = ਉਸੇ ਸਤ ਸਰੂਪ ਮਾਹਿ = ਵਿਚ ਸਮਾਨਾ = ਸਮਾ ਗਈ।

## ਬਸਤੁ ਮਾਹਿ ਲੇ; ਬਸਤੁ ਗਡਾਈ ॥ ਤਾ ਕਉ; ਭਿੰਨ ਨ ਕਹਨਾ ਜਾਈ ॥

ਜਿਵੇਂ ਕਿਸੇ ਬਸਤੁ = ਚੀਜ਼ ਮਾਹਿ = ਵਿਚ ਬਸਤੁ = ਚੀਜ਼ ਗਡਾਈ = ਮਿਲਾ ਲੇ = ਲਈ ਜਾਵੇ, ਤਾਂ ਫੇਰ ਉਸ ਕਉ = ਨੂੰ ਭਿੰਨ = ਵੱਖਰਾ ਨਹੀਂ ਕਹਨਾ = ਕਹਿਆ ਜਾਈ = ਜਾ ਸਕਦਾ **ਅਥਵਾ** ਜਿਵੇਂ ਸੋਨੇ ਦੀ ਵਸਤੂ ਨੂੰ ਲੈ ਕੇ ਕੁਠਾਲੀ ਵਿਚ ਪਾ ਕੇ ਸੋਨੇ ਦੀ ਡਲੀ ਵਿਚ ਮੇਲ ਦੇਈਏ, ਤਾਂ ਉਸ ਨੂੰ ਵੱਖਰਾ ਨਹੀਂ ਕਿਹਾ ਜਾ ਸਕਦਾ, ਉਹ ਡਲੀ ਦਾ ਹੀ ਰੂਪ ਹੋ ਜਾਂਦਾ ਹੈ :

**ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥** *(ਅੰਗ ੬੭੨)*

ਜਿਵੇਂ ਤਰੰਗ ਜਲ ਦੀ ਲਹਿਰ ਹੈ, ਉਹ ਹਵਾ ਤੋਂ ਰਹਿਤ ਹੋ ਕੇ ਜਲ ਵਿਚ ਹੀ ਮਿਲ ਜਾਂਦੀ ਹੈ, ਜਿਵੇਂ ਜਲ ਦਾ ਭਰਿਆ ਭਾਂਡਾ ਜਲ ਵਿਚ ਪਾਉਣ 'ਤੇ ਪਾਣੀ ਵਿਚ ਮਿਲ ਜਾਂਦਾ ਹੈ, ਇਸ ਪ੍ਰਕਾਰ ਚੇਤਨ ਸੱਤਾ ਰੂਪੀ ਵਸਤੂ ਸਾਡੇ ਅੰਦਰ ਪਰਮੇਸ਼ਰ ਦੀ ਪਰਤਕ ਜੋਤ ਹੈ, ਇੱਕੋ ਜੋਤ ਜੋ ਸਾਰਿਆਂ ਦੇ ਅੰਦਰ ਭਿੰਨ-ਭਿੰਨ ਰੂਪ ਹੋ ਕੇ ਪ੍ਰਕਾਸ਼ਦੀ ਹੈ, ਉਸ ਨੂੰ ਪਰਤਕ ਜੋਤ ਕਹਿੰਦੇ ਹਨ, ਜੋ ਅਦ੍ਵੈਤ ਰੂਪ ਪਰਮੇਸ਼ਰ ਸਾਰਿਆਂ ਵਿਚ ਇੱਕੋ ਜਿਹਾ ਹੈ।

## ਬੂਝੈ ਬੂਝਨਹਾਰੁ; ਬਿਬੇਕ ॥ ਨਾਰਾਇਨ ਮਿਲੇ; ਨਾਨਕ ਏਕ ॥੨॥

ਜਿਹੜਾ ਜੀਵ ਬੂਝਨਹਾਰ = ਸਮਝਣ ਵਾਲਾ ਹੋ ਕੇ ਮਾਇਆ ਤੋਂ ਆਤਮ ਤੱਤ ਵਸਤ ਦਾ ਬਿਬੇਕ = ਨਿਰਣਾ ਕਰ ਕੇ ਬੂਝੈ = ਸਮਝ ਲਵੇ **ਵਾ:** ਜਿਹੜਾ ਜੀਵ ਬੁਝਣ ਵਾਲਾ ਹੈ, ਉਹ ਗੁਰਾਂ ਦੁਆਰਾ ਬੂਝੈ = ਸਮਝ ਲੈਂਦਾ ਹੈ ਉਸ ਨੂੰ ਬਿਬੇਕ (ਬਿਬ+ਏਕ) ਬਿਬ = ਦੋ ਭਾਵ ਜੀਵ ਈਸ਼ਰ ਦੀ ਏਕ = ਏਕਤਾ ਕਰ ਕੇ ਸਤ ਚਿੱਤ ਅਨੰਦ ਰੂਪੀ ਵਸਤੂ ਪ੍ਰਾਪਤ ਹੋ ਜਾਂਦੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਨਾਰਾਇਨ = ਹਰੀ ਵਾਹਿਗੁਰੂ ਨਾਲ ਮਿਲ ਕੇ ਇੱਕੋ ਰੂਪ ਹੀ ਹੋ ਜਾਂਦੇ ਹਨ ॥੨॥

## ਠਾਕੁਰ ਕਾ ਸੇਵਕੁ; ਆਗਿਆਕਾਰੀ ॥ ਠਾਕੁਰ ਕਾ ਸੇਵਕੁ; ਸਦਾ ਪੂਜਾਰੀ ॥

ਐਸਾ ਠਾਕੁਰ = ਹਰੀ ਵਾਹਿਗੁਰੂ ਸੁਆਮੀ ਕਾ = ਦਾ ਸੇਵਕੁ = ਦਾਸ ਆਗਿਆਕਾਰੀ = ਹੁਕਮ ਮੰਨਣ ਵਾਲਾ ਹੁੰਦਾ ਹੈ, ਭਾਵ ਪਰਮੇਸ਼ਰ ਦੀ ਰਜ਼ਾ ਵਿਚ ਹੀ ਰਹਿੰਦਾ ਹੈ। ਉਹੋ ਹੀ ਠਾਕੁਰ = ਅਕਾਲ ਪੁਰਖ ਕਾ = ਦਾ ਸੇਵਕੁ = ਦਾਸ ਹੈ ਜੋ ਸਦਾ = ਹਮੇਸ਼ਾ ਸੱਚੇ ਮਨ ਨਾਲ ਵਾਹਿਗੁਰੂ ਦਾ ਪੂਜਾਰੀ = ਪੂਜਨ ਕਰਦਾ ਹੈ, ਹਰ ਵਕਤ ਮਨ ਅੰਦਰ ਜੋਤੀ ਸਰੂਪ ਠਾਕੁਰ ਦੀ ਪੂਜਾ ਕਰੇ **ਵਾ:** ਜਿਹੜਾ ਉਸ ਠਾਕੁਰ = ਹਰੀ ਵਾਹਿਗੁਰੂ ਦਾ ਪਾਪੀਆਂ ਵਾਸਤੇ ਨਰਕ ਹੈ, ਉਸ ਪੂ = ਨਰਕ ਨੂੰ ਨਾਮ ਅਭਿਆਸ ਰੂਪ ਅਗਨੀ ਨਾਲ ਜਾਰੀ = ਜਾਲ ਦੇਵੇ ਤੇ ਆਪਣੀ ਪੂਜਾ ਦੀ ਇੱਛਾ ਛੱਡ ਕੇ, ਪਰਮੇਸ਼ਰ ਦਾ ਪੂਜਨ ਕਰਦਾ ਰਹੇ।

## ਠਾਕੁਰ ਕੇ ਸੇਵਕ ਕੈ; ਮਨਿ ਪਰਤੀਤਿ ॥
## ਠਾਕੁਰ ਕੇ ਸੇਵਕ ਕੀ; ਨਿਰਮਲ ਰੀਤਿ ॥

ਠਾਕੁਰ = ਅਕਾਲ ਪੁਰਖ ਕੇ = ਦੇ ਸੇਵਕ = ਦਾਸ ਬਨਣ ਕੈ = ਕਰਕੇ ਉਸ ਦੇ ਮਨਿ = ਅੰਤਸ਼ਕਰਣ ਵਿਚ ਪੂਰਾ ਪਰਤੀਤਿ = ਭਰੋਸਾ ਹੈ, ਭਾਵ ਪਰਮੇਸ਼ਰ ਦੀ ਸੱਚੀ ਪ੍ਰਤੀਤੀ ਹੈ। ਠਾਕੁਰ = ਅਕਾਲ ਪੁਰਖ ਵਾਹਿਗੁਰੂ ਕੇ = ਦੇ ਸੇਵਕ = ਦਾਸ ਕੀ = ਦੀ ਨਿਰਮਲ = ਉੱਜਲ ਰੀਤਿ = ਮਰਯਾਦਾ ਹੁੰਦੀ ਹੈ।

## ਠਾਕੁਰ ਕਉ; ਸੇਵਕੁ ਜਾਨੈ ਸੰਗਿ ॥ ਪ੍ਰਭ ਕਾ ਸੇਵਕੁ; ਨਾਮ ਕੈ ਰੰਗਿ ॥

ਜਿਹੜਾ ਸੇਵਕ = ਦਾਸ ਠਾਕੁਰ = ਹਰੀ ਵਾਹਿਗੁਰੂ ਕਉ = ਨੂੰ ਆਪਣੇ ਸਦਾ ਅੰਗ ਸੰਗ ਜਾਣਦਾ ਹੈ। ਉਹ ਪ੍ਰਭ = ਹਰੀ ਵਾਹਿਗੁਰੂ ਕਾ = ਦਾ ਸੇਵਕੁ = ਦਾਸ ਸਦਾ ਨਾਮ ਦੇ ਰੰਗਿ = ਅਨੰਦ ਵਿਚ ਰੰਗਿਆ ਰਹਿੰਦਾ ਹੈ।

## ਸੇਵਕ ਕਉ; ਪ੍ਰਭ ਪਾਲਨਹਾਰਾ ॥ ਸੇਵਕ ਕੀ; ਰਾਖੈ ਨਿਰੰਕਾਰਾ ॥

ਅਜਿਹੇ ਸੇਵਕ = ਦਾਸ ਕਉ = ਨੂੰ ਪ੍ਰਭ = ਪਰਮੇਸ਼ਰ ਆਪ ਆਪਣੀ ਕਿਰਪਾ ਕਰ ਕੇ ਪਾਲਨਹਾਰਾ = ਪਾਲਣਾ ਵਾਲਾ ਹੈ। ਭਾਵੇਂ ਨਿਰੰਕਾਰਾ = ਆਕਾਰਾਂ ਤੋਂ ਰਹਿਤ ਪਰਮੇਸ਼ਰ ਹੈ, ਪਰ ਫੇਰ ਵੀ ਆਪਣੇ ਸੇਵਕ = ਦਾਸ ਕੀ = ਦੀ ਸਕਾਰ **ਵਾ:** ਗੁਪਤ ਰੂਪ ਦੇ ਰਾਖੈ = ਰੱਖਿਆ ਕਰਦਾ ਹੈ।

## ਸੋ ਸੇਵਕੁ; ਜਿਸੁ ਦਇਆ ਪ੍ਰਭੁ ਧਾਰੈ ॥
## ਨਾਨਕ ਸੋ ਸੇਵਕੁ; ਸਾਸਿ ਸਾਸਿ ਸਮਾਰੈ ॥੩॥

ਜਿਸ ਉੱਤੇ ਪ੍ਰਭੁ = ਹਰੀ ਵਾਹਿਗੁਰੂ ਦਇਆ = ਦਇਆਲਤਾ ਧਾਰੈ = ਧਾਰਦਾ ਹੈ, ਸੋ = ਉਹ ਸੇਵਕੁ = ਦਾਸ ਬਣਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋ = ਉਹ ਸੇਵਕੁ = ਦਾਸ ਪਰਮੇਸ਼ਰ ਦੇ ਨਾਮ ਨੂੰ ਸਾਸਿ ਸਾਸਿ = ਸੁਆਸ ਸੁਆਸ ਸਮਾਰੈ = ਸੰਮਾਲਦਾ ਰਹਿੰਦਾ ਹੈ ॥੩॥

## ਅਪੁਨੇ ਜਨ ਕਾ; ਪਰਦਾ ਢਾਕੈ ॥

ਹਰੀ ਵਾਹਿਗੁਰੂ ਆਪਣੇ ਜਨ = ਸੇਵਕ ਕਾ = ਦਾ ਲੋਕ ਪਰਲੋਕ ਵਿਚ ਪਰਦਾ = ਪੜਦਾ ਢਾਕੈ = ਕੱਜਦਾ ਹੈ।

**ਸਾਖੀ—ਕਬੀਰ ਜੀ ਦੀ :** ਭਗਤ ਕਬੀਰ ਸਾਹਿਬ ਜਿਨ੍ਹਾਂ ਦਾ ਨਿਵਾਸ ਕਾਂਸ਼ੀ ਦੇ ਵਿਚ ਸੀ, ਪਰਮੇਸ਼ਰ ਦੀ ਬੰਦਗੀ ਦਾ ਗੂੜ੍ਹਾ ਰੰਗ ਚੜ੍ਹਿਆ ਸੀ, ਕਬੀਰ ਸਾਹਿਬ ਜੀ ਲੱਖਾਂ ਪ੍ਰਾਣੀਆਂ ਨੂੰ ਨਾਮ ਦਾ ਰੰਗ ਲਾ ਕੇ ਪਰਮੇਸ਼ਰ ਨਾਲ ਜੋੜ ਰਹੇ ਸਨ। ਕਬੀਰ ਸਾਹਿਬ ਨਾਲ ਕਾਂਸ਼ੀ ਦੇ ਬ੍ਰਾਹਮਣ ਬਹੁਤ ਈਰਖਾ ਕਰਦੇ ਸਨ, ਇਕ ਵਾਰੀ ਬ੍ਰਾਹਮਣਾਂ ਨੇ ਇਕੱਠੇ ਹੋ ਕੇ ਸੋਚਿਆ ਕਿ ਕਬੀਰ ਦੀ ਵਡਿਆਈ ਬਹੁਤ ਹੋ ਗਈ ਹੈ, ਸਾਧੂਆਂ ਨੂੰ ਚਿੱਠੀਆਂ ਲਿਖ ਕੇ ਪਾ ਦਿੱਤੀਆਂ ਕਿ ਜਮਾਤਾਂ ਬਣਾ ਕੇ ਆਉ, ਕਬੀਰ ਦੇ ਘਰ ਜੱਗ ਹੈ, ਉਸ ਵੇਲੇ ਕਬੀਰ ਦੇ ਘਰ ਸੇਰ ਆਟਾ ਵੀ ਨਹੀਂ ਸੀ, ਇਤਨੀ ਗ਼ਰੀਬੀ ਸੀ। ਕਬੀਰ ਸਾਹਿਬ ਜੀ ਇਕਾਂਤ ਵਿਚ ਬੈਠੇ ਬੰਦਗੀ ਕਰ ਰਹੇ ਸਨ, ਨਰਸਿੰਘੇ ਵੱਜਦੇ ਆਉਣ, ਸਾਧੂਆਂ ਦੀਆਂ ਜਮਾਤਾਂ ਤੁਰੀਆਂ ਆਉਣ, ਜਦੋਂ ਕਬੀਰ ਸਾਹਿਬ ਜੀ ਦੇ ਕੋਲ ਦੀ ਲੰਘਣ ਲੱਗੇ ਤਾਂ ਕਬੀਰ ਜੀ ਪੁੱਛਣ ਲੱਗੇ ਕਿ ਜਮਾਤਾਂ ਕਿਥੇ ਚੱਲੀਆਂ ਹਨ, ਸਾਧੂ ਕਹਿਣ ਲੱਗੇ ਕਿ ਤੈਨੂੰ ਨਹੀਂ ਪਤਾ ਕਾਂਸ਼ੀ ਵਿਚ ਕਬੀਰ ਸਾਹਿਬ ਦੇ ਘਰ ਜੱਗ ਹੈ। ਕਬੀਰ ਸਾਹਿਬ ਜੀ ਸੋਚਣ ਲੱਗੇ ਕਿ ਘਰ ਵਿਚ ਤਾਂ ਆਟਾ ਵੀ ਨਹੀਂ, ਜੱਗ ਕਿਥੋਂ ਹੋ ਜਾਵੇਗਾ, ਪਰਮੇਸ਼ਰ ਦੀ ਬੰਦਗੀ ਵਿਚ ਪ੍ਰੇਮ ਨਾਲ ਸਮਾਧੀ ਲਾ ਕੇ ਉਥੇ ਹੀ ਬੈਠ ਗਏ ਕਿ ਪਰਮੇਸ਼ਰ ਆਪ ਹੀ ਲਾਜ ਰੱਖਣਾ ਕਰਨਾ। ਤਾਂ ਉਸ ਪਰਮੇਸ਼ਰ ਨੇ ਆਪਣੇ ਭਗਤ ਦੀ ਪੈਜ ਰੱਖਣ ਵਾਸਤੇ ਇਕ ਕਬੀਰ ਦਾ ਰੂਪ ਧਾਰ ਲਿਆ, ਇਕ ਰਾਜੇ ਦਾ ਰੂਪ ਧਾਰ ਲਿਆ, ਦੋ ਰੂਪ ਧਾਰਨ ਕਰ ਕੇ ਸਾਰੇ ਸਾਧੂਆਂ ਨੂੰ ਸੰਭਾਲਿਆ ਤੇ ਬਹੁਤ ਸਾਰਾ ਭੋਜਨ ਤੇ ਮਠਿਆਈਆਂ ਖੁਆਈਆਂ ਤੇ ਸਾਰੇ ਸਾਧੂਆਂ ਨੂੰ ਨਾਲ ਮਠਿਆਈਆਂ ਦੇ ਕੇ ਭੇਜਿਆ ਤੇ ਸਾਰੇ ਉਸੇ ਵੇਲੇ ਧੰਨ ਕਬੀਰ ਧੰਨ ਕਬੀਰ ਕਰਦੇ ਜਾਣ। ਜਦੋਂ ਕਬੀਰ ਜੀ ਨੇ ਸੁਣਿਆ ਤਾਂ ਪਰਮੇਸ਼ਰ ਦਾ ਧੰਨਵਾਦ ਕਰਨ ਲੱਗੇ ਕਿ ਆਪ ਹੀ ਪੈਜ ਰੱਖਣਾ ਕੀਤੀ ਹੈ। ਜਦੋਂ ਕਬੀਰ ਜੀ ਘਰ ਆਏ ਤਾਂ ਸਾਰੇ ਲੋਕ ਕਹਿਣ ਲੱਗੇ ਕਿ ਕਬੀਰ ਤੇਰੇ ਜਿਹਾ ਜੱਗ ਕਿਸੇ ਨੇ ਨਹੀਂ ਕੀਤਾ, ਤਾਂ ਕਬੀਰ ਜੀ ਨੇ ਕਿਹਾ :

**ਕਬੀਰ ਨਾ ਹਮ ਕੀਆ ਨ ਕਰਹਿਗੇ, ਨਾ ਕਰਿ ਸਕੈ ਸਰੀਰੁ ॥**
**ਕਿਆ ਜਾਨਉ ਕਿਛੁ ਹਰਿ ਕੀਆ, ਭਇਓ ਕਬੀਰੁ ਕਬੀਰੁ ॥੬੨॥**

*(ਸਲੋਕ ਭਗਤ ਕਬੀਰ ਜੀ, ਅੰਗ ੧੩੬੭)*

ਇਸੇ ਪ੍ਰਕਾਰ ਜਦੋਂ ਕੋਈ ਔਕੜ ਆ ਬਣੇ, ਉਨ੍ਹਾਂ ਦੇ ਪੜਦੇ ਆਪ ਹੀ ਢੱਕਦਾ ਹੈ।

## ਅਪਨੇ ਸੇਵਕ ਕੀ; ਸਰਪਰ ਰਾਖੈ ॥

ਹਰੀ ਵਾਹਿਗੁਰੂ ਆਪਣੇ ਸੇਵਕ = ਦਾਸ ਕੀ = ਦੀ ਸਰਪਰ = ਜ਼ਰੂਰ ਬਰ ਜ਼ਰੂਰ ਜਦੋਂ ਲੋੜ ਪੈਂਦੀ ਹੈ, ਉਦੋਂ ਰਾਖੈ = ਰੱਖਿਆ ਕਰਦਾ ਹੈ।

## ਅਪਨੇ ਦਾਸ ਕਉ; ਦੇਇ ਵਡਾਈ ॥
## ਅਪਨੇ ਸੇਵਕ ਕਉ; ਨਾਮੁ ਜਪਾਈ ॥

ਹਰੀ ਵਾਹਿਗੁਰੂ ਆਪਣੇ ਦਾਸ = ਸੇਵਕਾਂ ਕਉ = ਨੂੰ ਜੀਵਨ ਮੁਕਤੀ ਦੀ ਵਡਾਈ = ਸ਼ੋਭਾ ਬਖ਼ਸ਼ ਦੇਇ = ਦਿੰਦਾ ਹੈ। ਆਪਣੇ ਸੇਵਕ = ਦਾਸ ਕਉ = ਨੂੰ ਕਿਰਪਾ ਕਰ ਕੇ ਆਪ ਨਾਮ ਜਪਾਈ = ਜਪਾਉਂਦਾ ਹੈ।

## ਅਪਨੇ ਸੇਵਕ ਕੀ; ਆਪਿ ਪਤਿ ਰਾਖੈ ॥
## ਤਾ ਕੀ ਗਤਿ ਮਿਤਿ; ਕੋਇ ਨ ਲਾਖੈ ॥

ਹਰੀ ਵਾਹਿਗੁਰੂ ਆਪਣੇ ਸੇਵਕ = ਦਾਸ ਕੀ = ਦੀ ਆਪ ਹੀ ਪਤਿ = ਇੱਜ਼ਤ ਰਾਖੈ = ਰੱਖਦਾ ਹੈ। ਤਾ ਕੀ = ਉਸ ਹਰੀ ਵਾਹਿਗੁਰੂ ਦੀ ਗਤਿ = ਪ੍ਰਾਪਤੀ ਰੂਪ ਮਿਤਿ = ਮਰਯਾਦਾ ਨੂੰ ਕੋਇ = ਕੋਈ ਨ = ਨਹੀਂ ਲਾਖੈ = ਜਾਣ ਸਕਦਾ।

## ਪ੍ਰਭ ਕੇ ਸੇਵਕ ਕਉ; ਕੋ ਨ ਪਹੂਚੈ ॥ ਪ੍ਰਭ ਕੇ ਸੇਵਕ; ਊਚ ਤੇ ਊਚੇ ॥

ਪ੍ਰਭ = ਹਰੀ ਵਾਹਿਗੁਰੂ ਅਕਾਲ ਪੁਰਖ ਕੇ = ਦੇ ਮਾਨ ਅਭਿਮਾਨ ਤੋਂ ਰਹਿਤ ਸੇਵਕ = ਦਾਸ ਦੇ ਕਉ = ਤਾਈਂ ਕੋ = ਕੋਈ ਵੀ ਰਾਜਾ ਮਹਾਰਾਜ ਬਰਾਬਰ ਨ = ਨਹੀਂ ਪਹੂਚੈ = ਪਹੁੰਚ ਸਕਦਾ, ਕਿਉਂਕਿ ਪ੍ਰਭ = ਹਰੀ ਵਾਹਿਗੁਰੂ ਕੇ = ਦੇ ਸੇਵਕ = ਦਾਸ ਊਚ = ਸ੍ਰੇਸ਼ਟ ਤੇ = ਤੋਂ ਵੀ ਊਚੇ = ਸ੍ਰੇਸ਼ਟ ਹੁੰਦੇ ਹਨ।

## ਜੋ ਪ੍ਰਭਿ; ਅਪਨੀ ਸੇਵਾ ਲਾਇਆ ॥
## ਨਾਨਕ ਸੋ ਸੇਵਕੁ; ਦਹ ਦਿਸਿ ਪ੍ਰਗਟਾਇਆ ॥੪॥

ਜੋ = ਜਿਹੜਾ ਜੀਵ ਪ੍ਰਭਿ = ਹਰੀ ਵਾਹਿਗੁਰੂ ਨੇ ਆਪਣੀ ਸੇਵਾ = ਟਹਿਲ ਵਿਚ ਲਾਇਆ = ਲਾਉਣਾ ਕੀਤਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋ = ਉਹ ਸੇਵਕੁ = ਦਾਸ ਦਹ ਦਿਸਿ = ਦਸੇ ਦਿਸ਼ਾਵਾਂ ਵਿਚ ਸੂਰਜ ਵਾਂਗ ਪ੍ਰਗਟ ਕੀਤਾ ਹੈ।੪।

## ਨੀਕੀ ਕੀਰੀ ਮਹਿ; ਕਲ ਰਾਖੈ ॥ ਭਸਮ ਕਰੈ; ਲਸਕਰ ਕੋਟਿ ਲਾਖੈ ॥

ਜੇ ਵਾਹਿਗੁਰੂ ਆਪਣੀ ਮਰਜ਼ੀ ਨਾਲ ਨੀਕੀ = ਨਿੱਕੀ ਕੀਰੀ = ਕੀੜੀ ਮਹਿ = ਵਿਚ ਕਲ = ਸ਼ਕਤੀ ਰਾਖੈ = ਰੱਖ ਦੇਵੇ ਭਾਵ ਤਾਕਤ ਰਚ ਦੇਵੇ। ਤਾਂ ਉਹ ਬਾਦਸ਼ਾਹਾਂ ਲਾਖੈ = ਲੱਖਾਂ ਕੋਟਿ = ਕਰੋੜਾਂ ਲਸਕਰ = ਫ਼ੌਜਾਂ ਨੂੰ ਭਸਮ = ਸੁਆਹ ਕਰੈ = ਕਰ ਸਕਦੀ ਹੈ, ਭਾਵ ਉਸ ਵਿਚ ਇਤਨੀ ਵੱਡੀ ਤਾਕਤ ਹੋ ਜਾਂਦੀ ਹੈ।

***ਅੰਤਰੀਵ ਅਰਥ :*** ਇਸੇ ਪ੍ਰਕਾਰ ਜੇ ਵਾਹਿਗੁਰੂ ਨੀਕੀ ਕੀਰੀ = ਨਿਮਰਤਾ ਵਾਲੀ ਬਿਰਤੀ ਵਿਚ ਆਪਣੀ ਕਲਾ ਰੱਖ ਦੇਵੇ, ਭਾਵ ਬਿਰਤੀ ਨੂੰ ਬ੍ਰਹਮਾਕਾਰ ਕਰ ਦੇਵੇ ਤਾਂ ਉਹ ਮਨ ਦੀ ਲੱਖਾਂ ਸੰਕਲਪਾਂ ਰੂਪੀ ਫ਼ੌਜ **ਵਾ:** ਸੰਸਾਰ ਨੂੰ ਮਿਥਿਆ ਨਿਸ਼ਚੇ ਕਰਨ ਰੂਪ ਭਸਮ = ਸੁਆਹ ਕਰ ਸਕਦੀ ਹੈ।

## ਜਿਸ ਕਾ ਸਾਸੁ; ਨ ਕਾਢਤ ਆਪਿ ॥ ਤਾ ਕਉ; ਰਾਖਤ ਦੇ ਕਰਿ ਹਾਥ ॥

ਜਿਸ ਜੀਵ ਕਾ = ਦਾ ਸਾਸੁ = ਸੁਆਸ ਪਰਮੇਸ਼ਰ ਆਪ ਨ = ਨਹੀਂ ਕਾਢਤ = ਕੱਢਦਾ ਉਸ ਨੂੰ ਕੋਈ ਨਹੀਂ ਮਾਰ ਸਕਦਾ। ਤਾ = ਉਸ ਕਉ = ਨੂੰ ਆਪ ਪਰਮੇਸ਼ਰ ਆਪਣਾ ਹਾਥ = ਹੱਥ ਦੇ ਕੇ ਰਾਖਤ = ਰੱਖਣਾ ਕਰਿ = ਕਰਦਾ ਹੈ।

[ਅੰਗ ੨੮੬]

## ਮਾਨਸ ਜਤਨ; ਕਰਤ ਬਹੁ ਭਾਤਿ ॥ ਤਿਸ ਕੇ ਕਰਤਬ; ਬਿਰਥੇ ਜਾਤਿ ॥

ਇਹ ਮਾਨਸ = ਮਨੁੱਖ ਬਹੁ = ਅਨੇਕ ਭਾਤਿ = ਪ੍ਰਕਾਰ ਦੇ ਕਿਸੇ ਨੂੰ ਮਾਰਨ ਦੇ ਯਤਨ ਕਰਤ = ਕਰਦਾ ਹੈ। ਤਿਸ ਕੇ = ਉਸ ਦੇ ਸਾਰੇ ਕਰਤਬ = ਕੰਮ, ਬਿਰਥੇ = ਬੇਅਰਥ ਹੀ ਜਾਤਿ = ਜਾਂਦੇ ਹਨ।

## ਮਾਰੈ ਨ ਰਾਖੈ; ਅਵਰੁ ਨ ਕੋਇ ॥ ਸਰਬ ਜੀਆ ਕਾ; ਰਾਖਾ ਸੋਇ ॥

ਗੁਰਮੁਖ ਜਨਾਂ ਦਾ ਨਿਸ਼ਚਾ ਹੈ ਕਿ ਅਵਰੁ = ਹੋਰ ਨਾ ਕੋਈ ਮਾਰੈ = ਮਾਰ ਸਕਦਾ ਹੈ ਤੇ ਨਾ ਹੀ ਕੋਈ ਹੋਰ ਰਾਖੈ = ਰੱਖਿਆ ਕਰ ਸਕਦਾ ਹੈ। ਸਰਬ = ਸਾਰਿਆਂ ਜੀਆ = ਜੀਵਾ ਕਾ = ਦਾ ਸੋਇ = ਉਹ ਹਰੀ ਵਾਹਿਗੁਰੂ ਆਪ ਹੀ ਰਾਖਾ = ਰੱਖਿਅਕ ਹੈ। ਜਦੋਂ ਦੇਸ, ਕਾਲ, ਵਸਤੂ ਤਿੰਨੇ ਇਕੱਠੇ ਹੋ ਜਾਂਦੇ ਹਨ, ਉਦੋਂ ਪ੍ਰਾਣੀ ਦੇ ਸਰੀਰ ਦਾ ਅੰਤ ਹੋ ਜਾਂਦਾ ਹੈ, ਜਿੰਨਾ ਚਿਰ ਦੇਸ, ਕਾਲ, ਵਸਤੂ ਇਕੱਠੇ ਨਾ ਹੋਣ, ਉਤਨਾ ਚਿਰ ਆਪ ਪਰਮੇਸ਼ਰ ਰੱਖਿਆ ਕਰਦਾ ਹੈ, ਪਰਮੇਸ਼ਰ ਤੋਂ ਬਿਨਾਂ ਹੋਰ ਕੋਈ ਨਹੀਂ ਰੱਖ ਸਕਦਾ। ਜੈਸਾ ਕਿ :

**ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥**

*(ਵਡਹੰਸ ਕੀ ਵਾਰ ਮ: ੪, ਅੰਗ ੫੯੪)*

## ਕਾਹੇ ਸੋਚ ਕਰਹਿ; ਰੇ ਪ੍ਰਾਣੀ ॥
## ਜਪਿ ਨਾਨਕ ਪ੍ਰਭ; ਅਲਖ ਵਿਡਾਣੀ ॥੫॥

ਰੇ ਪ੍ਰਾਣੀ = ਹੇ ਪ੍ਰਾਣਾਧਾਰੀ ਜੀਵ ! ਤੂੰ ਕਾਹੇ = ਕਿਸ ਵਾਸਤੇ ਸੋਚ = ਚਿੰਤਾ ਕਰਹਿ = ਕਰਦਾ ਹੈਂ, ਫ਼ਿਕਰ ਕਰਦਾ ਹੈਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਥੇ ਤੂੰ ਸੋਚਾਂ ਵਿਚ ਪਿਆ ਰਹਿੰਦਾ ਹੈਂ, ਉਥੇ ਅਲਖ = ਲਖਣ ਤੋਂ ਰਹਿਤ, ਵਿਡਾਣੀ = ਅਸਚਰਜ ਰੂਪ ਪ੍ਰਭ = ਪਰਮੇਸ਼ਰ ਦਾ ਸ਼ੁੱਧ ਮਨ ਹੋ ਕਰ ਕੇ ਜਪਿ = ਸਿਮਰਨ ਕਰਿਆ ਕਰ ॥੫॥

## ਬਾਰੰ ਬਾਰ; ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ; ਇਹੁ ਮਨੁ ਤਨੁ ਧ੍ਰਪੀਐ ॥

ਮਨ ਬਾਣੀ ਸਰੀਰ ਕਰਕੇ ਬਾਰੰ = ਵਾਰੀ ਵਾਰੀ **ਵਾ:** ਬਾਰੰ ਬਾਰ = ਪੁਨਾ ਪੁਨਾ ਪ੍ਰਭ = ਹਰੀ ਵਾਹਿਗੁਰੂ ਦਾ ਨਾਮ ਜਪੀਐ = ਜਪਣਾ ਕਰੀਏ **ਵਾ:** ਸਾਰੀਆਂ ਬਾਰੰ = ਵਾਰੀਆਂ 'ਚੋਂ ਮਨੁੱਖਾ ਜਨਮ ਵਿਚ ਆਪਣੇ ਆਪ ਨੂੰ ਉਨ੍ਹਾਂ ਤੋਂ ਬਾਰ-ਬਾਰ ਬਲਿਹਾਰ ਕੁਰਬਾਨ ਜਾਣਾ ਕਰੀਏ, ਜੋ ਪ੍ਰਭੂ = ਹਰੀ ਵਾਹਿਗੁਰੂ ਦੇ ਨਾਮ ਨੂੰ ਜਪੀਐ = ਜਪਣਾ ਕਰਦੇ ਹਨ **ਵਾ:** ਸਤਿਸੰਗਤ ਰੂਪੀ ਬਾਰ = ਦੁਆਰੇ 'ਤੇ ਜਾ ਕੇ ਬਾਰੰਬਾਰ = ਮੁੜ ਮੁੜ ਕੇ ਹਰੀ ਵਾਹਿਗੁਰੂ ਨੂੰ ਜਪੀਐ = ਜਪਣਾ ਕਰੀਏ। ਪਰਮੇਸ਼ਰ ਦੇ ਅੰਮ੍ਰਿਤੁ = ਮ੍ਰਿਤੂ ਤੋਂ ਰਹਿਤ ਕਰਨ ਵਾਲੇ ਨਾਮ ਨੂੰ ਪੀ ਕੇ ਇਹ ਮਨੁ = ਅੰਤਸ਼ਕਰਣ ਤੇ ਤਨੁ = ਸਰੀਰ ਨੂੰ ਧ੍ਰਪੀਐ = ਤ੍ਰਿਪਤ ਕਰ ਲਈਏ।

## ਨਾਮ ਰਤਨੁ; ਜਿਨਿ ਗੁਰਮੁਖਿ ਪਾਇਆ ॥
## ਤਿਸੁ ਕਿਛੁ; ਅਵਰੁ ਨਾਹੀ ਦ੍ਰਿਸਟਾਇਆ ॥

ਜਿਨਿ = ਜਿਸ ਨੇ ਗੁਰਮੁਖ ਬਣ ਕੇ ਗੁਰਾਂ ਦੁਆਰਾ ਨਾਮ ਰੂਪੀ ਰਤਨ ਨੂੰ ਪਾਇਆ = ਪ੍ਰਾਪਤ ਕੀਤਾ ਹੈ। ਤਿਸੁ = ਉਸ ਦੀ ਦ੍ਰਿਸ਼ਟੀ ਵਿਚ ਕਿਛੁ = ਕੁਝ ਅਵਰੁ = ਹੋਰ ਦ੍ਰਿਸਟਾਇਆ = ਨਦਰ ਨਾਹੀ = ਨਹੀਂ ਆਇਆ। ਭਾਵ ਉਸ ਨੂੰ ਸਾਰਿਆਂ ਵਿਚ ਪਰਮੇਸ਼ਰ ਦੀ ਜੋਤ ਹੀ ਦਿਸਦੀ ਹੈ।

## ਨਾਮੁ ਧਨੁ; ਨਾਮੋ ਰੂਪੁ ਰੰਗੁ ॥ ਨਾਮੋ ਸੁਖੁ; ਹਰਿ ਨਾਮ ਕਾ ਸੰਗੁ ॥

ਉਸ ਗੁਰਮੁਖ ਦਾ ਨਾਮ ਹੀ ਰੋਕੜੀ ਧਨ ਹੈ ਤੇ ਨਾਮ ਹੀ ਸੁੰਦਰ ਰੰਗ ਰੂਪ ਹੈ **ਅਥਵਾ** ਨਾਮ ਨੂੰ ਹੀ ਰੰਗੁ = ਪ੍ਰੇਮ ਰੂਪੀ ਰੂਪੁ = ਸੂਰਤ ਬਣਾਉਣਾ ਕੀਤਾ ਹੈ। ਨਾਮ ਹੀ ਦਿਲ ਦੀ ਸਫ਼ਾਈ ਤੇ ਪ੍ਰੇਮ ਹੈ **ਵਾ:** ਉਸ ਗੁਰਮੁਖ ਜਨ ਨੂੰ ਨਾਮ ਕਰਕੇ ਹੀ ਸਰਗੁਣ ਰੂਪੁ = ਸਰੂਪ ਪ੍ਰਾਪਤ ਹੁੰਦਾ ਹੈ, ਨਾਮ ਕਰਕੇ ਹੀ ਨਿਰਗੁਣ ਸਰੂਪ ਦਾ ਰੰਗੁ = ਅਨੰਦ ਪ੍ਰਾਪਤ ਹੁੰਦਾ ਹੈ ਅਤੇ ਨਾਮ ਹੀ ਉਸ ਦਾ ਪ੍ਰਲੋਕ ਵਿਚ ਕੰਮ ਆਉਣ ਵਾਲਾ ਧਨ ਹੈ। ਉਸ ਗੁਰਮੁਖ ਜਨ ਨੇ ਹਰਿ = ਪਰਮੇਸ਼ਰ ਕਾ = ਦਾ ਨਾਮ ਹੀ ਲੋਕ ਪਰਲੋਕ ਵਿਚ ਸੰਗੁ = ਸਾਥੀ ਸਮਝਿਆ ਹੈ ਤੇ ਉਸ ਨੇ ਨਾਮ ਵਿੱਚੋਂ ਹੀ ਸਾਰੇ ਸੁਖ ਪ੍ਰਾਪਤ ਕੀਤੇ ਹਨ।

## ਨਾਮ ਰਸਿ; ਜੋ ਜਨ ਤ੍ਰਿਪਤਾਨੇ ॥ ਮਨ ਤਨ ਨਾਮਹਿ; ਨਾਮਿ ਸਮਾਨੇ ॥

ਜੋ = ਜਿਹੜੇ ਗੁਰਮੁਖ ਜਨ ਵਾਹਿਗੁਰੂ ਦੇ ਨਾਮ ਰਸ ਵਿਚ ਤ੍ਰਿਪਤਾਨੇ = ਰੱਜੇ ਹਨ। ਉਹ ਮਨ = ਅੰਤਸ਼ਕਰਣ ਤੇ ਤਨ = ਸਰੀਰ ਕਰ ਕੇ ਨਾਮੀ ਪਰਮੇਸ਼ਰ ਦੇ ਨਾਮ ਵਿਚ ਸਮਾਨੇ = ਅਭੇਦ ਹੋ ਜਾਂਦੇ ਹਨ।

## ਊਠਤ ਬੈਠਤ; ਸੋਵਤ ਨਾਮ ॥ ਕਹੁ ਨਾਨਕ; ਜਨ ਕੈ ਸਦ ਕਾਮ ॥੬॥

ਊਠਤ = ਉਠਦਿਆਂ ਬੈਠਤ = ਬੈਠਦਿਆਂ ਅਤੇ ਸੋਵਤ = ਸੌਂਦਿਆਂ ਪਰਮੇਸ਼ਰ ਦੇ ਨਾਮ ਨੂੰ ਜਪਣਾ ਚਾਹੀਦਾ ਹੈ **ਵਾ:** ਊਠਤ = ਦੁਨੀਆਂ ਤੋਂ ਉਪਰਾਮ ਹੁੰਦਿਆਂ ਤੇ ਬੈਠਤ = ਸਮਾਧੀ ਵਿਚ ਇਸਥਿਤ ਹੁੰਦਿਆਂ ਅਤੇ ਸੋਵਤ = ਨਿਰਵਿਕਲਪ ਅਵਸਥਾ ਨੂੰ ਪ੍ਰਾਪਤ ਹੁੰਦਿਆਂ ਨਾਮ ਨੂੰ ਜਪਦੇ ਰਹੀਏ ॥੬॥ ਜੈਸਾ ਕਿ :

**ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥੧॥** *(ਅੰਗ ੩੮੬)*

**ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ ॥੧॥ਰਹਾਉ॥** *(ਅੰਗ ੩੭੯)*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਮੁਖ ਜਨ ਦੇ ਸਦ = ਹਮੇਸ਼ਾਂ ਹੀ ਕਾਮ = ਕੰਮ ਆਉਣ ਵਾਲੀ ਵਸਤੂ ਨਾਮ ਹੀ ਹੈ।

## ਬੋਲਹੁ ਜਸੁ ਜਿਹਬਾ; ਦਿਨੁ ਰਾਤਿ ॥ ਪ੍ਰਭਿ ਅਪਨੈ; ਜਨ ਕੀਨੀ ਦਾਤਿ ॥

ਹੇ ਭਰਾਵੋ ! ਵਾਹਿਗੁਰੂ ਦਾ ਜਸੁ = ਕੀਰਤਨ ਦਿਨ ਰਾਤ ਜਿਹਬਾ = ਜ਼ੁਬਾਨ ਵਿਚ ਬੋਲਹੁ = ਉਚਾਰਨਾ ਕਰੋ। ਪ੍ਰਭਿ = ਹਰੀ ਵਾਹਿਗੁਰੂ ਨੇ ਆਪਣੇ ਜਨ = ਪਿਆਰਿਆਂ ਨੂੰ ਇਹ ਦਾਤਿ = ਬਖ਼ਸ਼ਿਸ਼ ਦੇਣਾ ਕੀਨੀ = ਕੀਤੀ ਹੈ।

## ਕਰਹਿ ਭਗਤਿ; ਆਤਮ ਕੈ ਚਾਇ ॥ ਪ੍ਰਭ ਅਪਨੇ ਸਿਉ; ਰਹਹਿ ਸਮਾਇ ॥

ਜਿਹੜਾ ਆਤਮ = ਮਨ ਕੈ = ਦੇ ਚਾਇ = ਉਤਸ਼ਾਹ ਨਾਲ ਵਾਹਿਗੁਰੂ ਦੀ ਭਗਤਿ = ਭਗਤੀ ਕਰਹਿ = ਕਰਦਾ ਹੈ। ਉਹ ਆਪਣੇ ਪ੍ਰਭ = ਹਰੀ ਵਾਹਿਗੁਰੂ ਦੇ ਸਿਉ = ਨਾਲ ਇਕ ਰੂਪ ਹੋ ਕੇ ਸਮਾਇ = ਅਭੇਦ ਹੋਇਆ ਰਹਹਿ = ਰਹਿੰਦਾ ਹੈ।

## ਜੋ ਹੋਆ; ਹੋਵਤ ਸੋ ਜਾਨੈ ॥ ਪ੍ਰਭ ਅਪਨੇ ਕਾ; ਹੁਕਮੁ ਪਛਾਨੈ ॥

ਜਿਹੜਾ ਭੂਤ ਕਾਲ ਵਿਚ ਹੋਆ = ਹੋਇਆ ਅਤੇ ਜੋ ਹੁਣ ਵਰਤਮਾਨ ਵਿਚ ਹੋਵਤ = ਹੁੰਦਾ ਹੈ ਅਤੇ ਜੋ ਭਵਿੱਖ ਵਿਚ ਹੋਵੇਗਾ, ਸੋ = ਉਹ ਪਰਮੇਸ਼ਰ ਨੇ ਹੀ ਕੀਤਾ ਹੈ, ਇਹ ਗੁਰਮੁਖ ਜਨ ਜਾਨੈ = ਜਾਣਦਾ ਹੈ। ਅਤੇ ਹਰ ਵੇਲੇ ਆਪਣੇ ਪ੍ਰਭ = ਹਰੀ ਵਾਹਿਗੁਰੂ ਕਾ = ਦਾ ਹੁਕਮ ਪਛਾਣਦਾ ਹੈ, ਭਾਵ ਪਰਮੇਸ਼ਰ ਦੀ ਰਜ਼ਾ ਵਿਚ ਚੱਲਦਾ ਹੈ।

## ਤਿਸ ਕੀ ਮਹਿਮਾ; ਕਉਨ ਬਖਾਨਉ ॥
## ਤਿਸ ਕਾ ਗੁਨੁ ਕਹਿ; ਏਕ ਨ ਜਾਨਉ ॥

ਤਿਸ = ਉਸ ਗੁਰਮੁਖ ਜਨ ਕੀ = ਦੀ ਮਹਿਮਾ = ਵਡਿਆਈ ਨੂੰ ਕਉਨ = ਕੌਣ ਬਖਾਨਉ = ਕਥਨ ਕਰ ਸਕਦਾ ਹੈ। ਕਿਉਂਕਿ ਤਿਸ = ਉਸ ਸੇਵਕ ਕਾ = ਦਾ ਗੁਣ ਏਕ = ਇਕ ਵੀ ਕਹਿ = ਕਿਹਾ ਨਹੀਂ ਜਾ ਸਕਦਾ **ਵਾ**: ਮੈਂ ਤਾਂ ਉਸ ਦਾ ਇਕ ਗੁਣ ਵੀ ਕਹਿਣਾ ਨਹੀਂ ਜਾਨਉ = ਜਾਣਦਾ।

## ਆਠ ਪਹਰ; ਪ੍ਰਭ ਬਸਹਿ ਹਜੂਰੇ ॥ ਕਹੁ ਨਾਨਕ; ਸੇਈ ਜਨ ਪੂਰੇ ॥੭॥

ਜਿਹੜੇ ਆਠ = ਅੱਠੇ ਪਹਿਰ ਭਾਵ ਦਿਨ ਰਾਤ ਪ੍ਰਭ = ਵਾਹਿਗੁਰੂ ਦੇ ਹਜੂਰੇ = ਨਿਕਟਵਰਤੀ ਹੋ ਕੇ ਵਸਦੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੇਈ = ਉਹ ਗੁਰਮੁਖ ਜਨ ਪੂਰੇ = ਪੂਰਨ ਪੁਰਖ ਹੁੰਦੇ ਹਨ ॥੭॥

## ਮਨ ਮੇਰੇ; ਤਿਨ ਕੀ ਓਟ ਲੇਹਿ ॥ ਮਨੁ ਤਨੁ ਅਪਨਾ; ਤਿਨ ਜਨ ਦੇਹਿ ॥

ਹੇ ਮੇਰੇ ਪਿਆਰੇ ਮਨਾਂ ! ਤਿਨ = ਉਨ੍ਹਾਂ ਪਿਆਰਿਆਂ ਕੀ = ਦੀ ਓਟ = ਸ਼ਰਣ ਲੇਹਿ = ਲੈਣਾ ਕਰ ਅਤੇ ਤਿਨ = ਉਨ੍ਹਾਂ ਜਨਾਂ ਨੂੰ ਆਪਣਾ ਮਨੁ = ਅੰਤਸ਼ਕਰਣ ਤੇ ਤਨੁ = ਸਰੀਰ ਭੇਟਾ ਰੂਪ ਵਿਚ ਦੇਹਿ = ਦੇਣਾ ਕਰ।

## ਜਿਨਿ ਜਨਿ; ਅਪਨਾ ਪ੍ਰਭੂ ਪਛਾਤਾ ॥ ਸੋ ਜਨੁ; ਸਰਬ ਥੋਕ ਕਾ ਦਾਤਾ ॥

ਜਿਨਿ = ਜਿਸ ਜਨਿ = ਪੁਰਖ ਨੇ ਆਪਣਾ ਪ੍ਰਭੂ = ਹਰੀ ਵਾਹਿਗੁਰੂ ਪਛਾਤਾ = ਪਛਾਣਿਆ ਹੈ। ਸੋ = ਉਹ ਜਨੁ = ਪੁਰਖ ਸਰਬ = ਸਾਰੇ ਧਰਮ, ਅਰਥ, ਕਾਮ, ਮੋਖ ਆਦਿ ਥੋਕ = ਪਦਾਰਥਾਂ ਕਾ = ਦਾ ਦਾਤਾ ਬਣ ਜਾਂਦਾ ਹੈ।

## ਤਿਸ ਕੀ ਸਰਨਿ; ਸਰਬ ਸੁਖ ਪਾਵਹਿ ॥ ਤਿਸ ਕੈ ਦਰਸਿ; ਸਭ ਪਾਪ ਮਿਟਾਵਹਿ ॥

ਤਿਸ = ਉਸ ਗੁਰਮੁਖ ਜਨ ਕੀ = ਦੀ ਸਰਨਿ = ਓਟ ਵਿਚ ਪੈ ਕੇ ਸਰਬ = ਸਾਰੇ ਸੁੱਖਾਂ ਨੂੰ ਪਾਵਹਿ = ਪਾ ਲਵੇਂਗਾ। ਤਿਸ = ਉਸ ਦੇ ਦਰਸਿ = ਦਰਸ਼ਨ ਕਰ ਕੇ ਜਨਮਾਂ ਜਨਮਾਂਤਰਾਂ ਦੇ ਪਾਪ = ਗੁਨਾਹ ਮਿਟਾਵਹਿ = ਮੇਟ ਲਵੇਂਗਾ।

## ਅਵਰ ਸਿਆਨਪ; ਸਗਲੀ ਛਾਡੁ ॥ ਤਿਸੁ ਜਨ ਕੀ; ਤੂ ਸੇਵਾ ਲਾਗੁ ॥

ਅਵਰ = ਹੋਰ ਬੁੱਧੀ ਸਗਲੀ = ਸਾਰੀ ਸਿਆਨਪ = ਚਤੁਰਾਈ ਛਾਡੁ = ਤਿਆਗ ਦੇਣਾ ਕਰ। ਤਿਸੁ = ਉਸ ਗੁਰਮੁਖ ਜਨ ਕੀ = ਦੀ ਸੇਵਾ = ਟਹਿਲ ਵਿਚ ਤੂੰ ਨਿਸ਼ਕਪਟ ਹੋ ਕੇ ਲਾਗੁ = ਲੱਗਣਾ ਕਰ।

## ਆਵਨੁ ਜਾਨੁ; ਨ ਹੋਵੀ ਤੇਰਾ ॥
## ਨਾਨਕ ਤਿਸੁ ਜਨ ਕੇ; ਪੂਜਹੁ ਸਦ ਪੈਰਾ ॥੮॥੧੭॥

ਉਸ ਗੁਰਮੁਖ ਜਨ ਦੀ ਸੇਵਾ ਕਰਨੇ ਕਰਕੇ ਫੇਰ ਦੁਬਾਰਾ ਆਵਨੁ ਜਾਨੁ = ਆਉਣਾ ਜਾਣਾ **ਵਾ**: ਜਨਮ ਧਾਰ ਕੇ ਆਉਣਾ ਨਹੀਂ ਪਵੇਗਾ ਤੇ ਮੌਤ ਦੇ ਮੂੰਹ ਵਿਚ ਮੁੜ ਕੇ ਤੇਰਾ ਜਾਣਾ ਨ = ਨਹੀਂ ਹੋਵੀ = ਹੋਵੇਗਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਸੁ = ਉਸ ਗੁਰਮੁਖ ਜਨ ਕੇ = ਦੇ ਸਦ = ਹਮੇਸ਼ਾਂ ਹੀ ਪੈਰਾ = ਚਰਨਾਂ ਨੂੰ ਪੂਜਹੁ = ਪੂਜਣਾ ਕਰ ॥੮॥੧੭॥ (ਸਤਾਰ੍ਹਵੀਂ ਅਸਟਪਦੀ ਵਿਚ ਪੂਰੇ ਅੱਖਰ ੯੮੯, ਪੈਰਾਂ ਵਾਲੇ ਰਾਰੇ ੨੩, ਪੈਰਾਂ ਵਾਲੇ ਵਾਵਾ ਅੱਖਰ ੧, ਕੁੱਲ ਅੱਖਰ ੧੦੧੩ ਹਨ)

ਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਦੇ ਕੀ ਲੱਛਣ ਹਨ ? ਸਤਿਗੁਰੂ ਕਿਸ ਨੂੰ ਕਹਿੰਦੇ ਹਨ ? ਤਾਂ ਗੁਰੂ ਜੀ ਉੱਤਰ ਬਖ਼ਸ਼ਿਸ਼ ਕਰਦੇ ਹਨ :

## ਸਲੋਕੁ ॥ ਸਤਿ ਪੁਰਖੁ ਜਿਨਿ ਜਾਨਿਆ; ਸਤਿਗੁਰੁ ਤਿਸ ਕਾ ਨਾਉ ॥

ਜਿਨਿ = ਜਿਨ੍ਹਾਂ ਦੀ ਕਿਰਪਾ ਸਦਕਾ ਅਸੀਂ ਸਤਿ = ਸੱਚੇ ਪੁਰਖੁ = ਅਕਾਲ ਪੁਰਖ ਵਾਹਿਗੁਰੂ ਨੂੰ ਜਾਨਿਆ = ਜਾਣ ਲਿਆ ਹੈ ਤਿਸ = ਉਸ ਕਾ = ਦਾ ਨਾਉ = ਨਾਮ ਸਤਿਗੁਰੂ = ਸੱਚਾ ਗੁਰੂ ਹੈ, ਜੋ ਬ੍ਰਹਮਨੇਸ਼ਟੀ, ਬ੍ਰਹਮਸ੍ਰੋਤਰੀ ਹੋਵੇ।

**ਅਥਵਾ** ਜਿਨਿ = ਜਿਸ ਨੇ ਸਤਿ = ਨਾਸ਼ ਤੋਂ ਰਹਿਤ ਪੁਰਖੁ = ਪੂਰਨ ਪਰਮੇਸ਼ਰ ਨੂੰ ਆਪਣਾ ਆਤਮ ਸਰੂਪ ਕਰਕੇ ਜਾਨਿਆ = ਜਾਨਣਾ ਕੀਤਾ ਹੈ ਤਿਸ = ਉਸ ਦਾ ਨਾਉ = ਨਾਮ ਸਤਿਗੁਰੂ ਹੈ। ਜੈਸਾ ਕਿ :

**ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥**
**ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥** *(ਗਉੜੀ ਵਾਰ ਮ: ੪, ਅੰਗ ੩੦੪)*

## ਤਿਸ ਕੈ ਸੰਗਿ ਸਿਖੁ ਉਧਰੈ; ਨਾਨਕ ਹਰਿ ਗੁਨ ਗਾਉ ॥੧॥

ਤਿਸ = ਉਸ ਸਤਿਗੁਰਾਂ ਕੈ = ਦੇ ਸੰਗਿ = ਨਾਮ ਭਾਵ ਉਸ ਦੀ ਸੰਗਤ ਕਰਕੇ ਸਿਖੁ = ਸਿੱਖਿਆ ਲੈਣੇ ਵਾਲੇ ਪੁਰਖ ਉਧਰੈ = ਮੁਕਤ ਹੋ ਜਾਂਦੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸ ਕਰਕੇ ਪਰਮੇਸ਼ਰ ਦੇ ਗੁਣਾਂ ਨੂੰ ਗਾਉ = ਗਾਉਣਾ ਕਰੋ **ਅਥਵਾ** ਉਸ ਗੁਰਾਂ ਦੀ ਸੰਗਤ ਨਾਲ ਮਿਲ ਕੇ ਜੋ ਹਰਿ = ਹਰੀ ਵਾਹਿਗੁਰੂ ਦੇ ਗੁਣਾਂ ਨੂੰ ਗਾਉ = ਗਾਉਂਦਾ ਹੈ, ਉਸ ਸਿੱਖ ਦਾ ਉਧਰੈ = ਉਧਾਰ ਹੋ ਜਾਂਦਾ ਹੈ॥੧॥

## ਅਸਟਪਦੀ ॥ ਸਤਿਗੁਰੁ; ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ; ਗੁਰੁ ਸਦਾ ਦਇਆਲ ॥

ਸਤਿਗੁਰੂ ਜੀ ਆਪਣੇ ਸਿੱਖ ਕੀ = ਦੀ ਹਰ ਤਰ੍ਹਾਂ ਕਰਕੇ ਪ੍ਰਤਿਪਾਲ = ਪਾਲਣਾ, ਰੱਖਿਆ ਕਰੈ = ਕਰਦਾ ਹੈ ਸਤਿਗੁਰੂ ਜੀ ਆਪਣੇ ਸੇਵਕ = ਦਾਸ ਦੇ ਕਉ = ਤਾਈਂ ਸਦਾ = ਹਮੇਸ਼ਾਂ ਹੀ ਦਇਆਲ = ਦਿਆਲੂ ਹਨ।

## ਸਿਖ ਕੀ ਗੁਰੁ; ਦੁਰਮਤਿ ਮਲੁ ਹਿਰੈ ॥ ਗੁਰ ਬਚਨੀ; ਹਰਿ ਨਾਮੁ ਉਚਰੈ ॥

ਸਤਿਗੁਰੂ ਆਪਣੇ ਸਿਖ ਕੀ = ਦੀ ਦੁਰਮਤਿ = ਖੋਟੀ ਮੱਤ ਰੂਪੀ ਮਲੁ = ਮੈਲ ਨੂੰ ਹਿਰੈ = ਨਾਸ਼ ਕਰ ਦਿੰਦੇ ਹਨ, ਭਾਵ ਦੂਰ ਕਰ ਦਿੰਦੇ ਹਨ। ਗੁਰਸਿੱਖ ਗੁਰੂ ਸਾਹਿਬ ਜੀ ਦੇ ਬਚਨੀ = ਬੋਲਾਂ ਦੁਆਰਾ ਪਰਮੇਸ਼ਰ ਦੇ ਨਾਮ ਦਾ ਉਚਾਰੈ = ਉਚਾਰਨ ਕਰਦਾ ਹੈ।

## ਸਤਿਗੁਰੁ; ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ; ਬਿਕਾਰ ਤੇ ਹਾਟੈ ॥

ਸਤਿਗੁਰੂ ਸਾਹਿਬ ਜੀ ਸਿੱਖ ਕੇ = ਦੇ ਜੰਮਣ ਮਰਣ ਰੂਪ ਬੰਧਨ = ਜੰਜਾਲ ਕਾਟੈ = ਕੱਟ ਦਿੰਦੇ ਹਨ **ਅਥਵਾ** ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੇ ਵੀ ਬੰਨ੍ਹਣ ਕੱਟ ਦਿੰਦੇ ਹਨ। ਗੁਰੂ ਕਾ = ਦਾ ਸਿੱਖ ਬਿਕਾਰ = ਵਿਸ਼ੇ-ਵਿਕਾਰਾਂ ਤੇ = ਤੋਂ ਹਾਟੈ = ਹਟ ਜਾਂਦਾ ਹੈ **ਅਥਵਾ**

***ਪ੍ਰਸ਼ਨ :*** *ਕਿਵੇਂ ਪਤਾ ਲੱਗੇ ਕਿ ਸਿੱਖ ਦੇ ਬੰਧਨ ਕੱਟੇ ਗਏ ਹਨ ?*

***ਉੱਤਰ :*** ਗੁਰੂ ਦਾ ਸਿੱਖ ਵਿਕਾਰਾਂ ਵੱਲੋਂ ਜਦੋਂ ਹਟ ਗਿਆ ਹੋਵੇ, ਉਦੋਂ ਬੰਧਨ ਕੱਟੇ ਜਾਂਦੇ ਹਨ।

**ਸਾਖੀ—ਭਾਈ ਜੋਗਾ ਸਿੰਘ ਦੀ :** ਗੁਰੂ ਕਲਗੀਧਰ ਜੀ ਪਾਸ ਇਕ ਪਸ਼ੌਰੀ ਨਗਰ ਦਾ, ਜੋਗਾ ਸਿੰਘ ਨਾਮੇ ਸਿੱਖ ਬਚਪਨ ਤੋਂ ਹਰ ਪ੍ਰਕਾਰ ਦੀ ਸੇਵਾ ਟਹਿਲ ਬੜੇ ਸਿਦਕ ਤੇ ਉਤਸ਼ਾਹ ਨਾਲ ਕਰਦਾ ਰਹਿੰਦਾ ਸੀ। ਉਸ ਦਾ ਪ੍ਰੇਮ ਵੇਖ ਕੇ ਗੁਰੂ ਸਾਹਿਬ ਜੀ ਹਰ ਵੇਲੇ ਉਸ 'ਤੇ ਪ੍ਰਸੰਨ ਰਹਿੰਦੇ ਸਨ। ਕਈ ਸਾਲਾਂ ਬਾਅਦ ਉਸ ਦੇ ਮਾਤਾ ਪਿਤਾ ਅਨੰਦਪੁਰ ਸਾਹਿਬ ਆਏ ਤਾਂ ਗੁਰੂ ਜੀ ਅੱਗੇ ਭਾਈ ਜੋਗਾ ਸਿੰਘ ਦੀ ਸ਼ਾਦੀ ਲਈ

ਕਿਹਾ ਤਾਂ ਸਤਿਗੁਰਾਂ ਨੇ ਮਾਤਾ ਪਿਤਾ ਦੇ ਕਹਿਣ 'ਤੇ ਭਾਈ ਜੋਗਾ ਸਿੰਘ ਨੂੰ ਭੇਜ ਦਿੱਤਾ ਅਤੇ ਕਹਿਣਾ ਕੀਤਾ ਕਿ ਜੋਗਾ ਸਿੰਘ ਜਦੋਂ ਤੇਰੀ ਲੋੜ ਪਵੇਗੀ ਤੈਨੂੰ ਅਸੀਂ ਹੁਕਮ ਭੇਜਾਂਗੇ, ਉਸੇ ਵੇਲੇ ਸਾਡੇ ਪਾਸ ਪਹੁੰਚੀਂ। ਜੋਗਾ ਸਿੰਘ ਨੂੰ ਅਨੰਨਜ ਸੇਵਕ ਹੋਣ ਦਾ ਗੁਮਾਨ ਹੋ ਗਿਆ। ਗੁਰੂ ਜੀ ਨੇ ਜੋਗਾ ਸਿੰਘ ਨੂੰ ਪਰਖਣ ਲਈ ਇਕ ਸਿੱਖ ਨੂੰ ਇਹ ਸਮਝਾ ਕੇ ਭੇਜ ਦਿੱਤਾ ਕਿ ਜਿਸ ਵੇਲੇ ਜੋਗਾ ਸਿੰਘ ਦੋ ਲਾਵਾਂ ਲੈ ਲਵੇ, ਉਸ ਵੇਲੇ ਇਹ ਹੁਕਮਨਾਮਾ ਉਸ ਨੂੰ ਦੇਣਾ। ਸਿੱਖ ਭਾਈ ਜੋਗਾ ਸਿੰਘ ਕੋਲ ਪਹੁੰਚਿਆ, ਜਦੋਂ ਦੋ ਲਾਵਾਂ ਲੈ ਲਈਆਂ ਤਾਂ ਸਿੱਖ ਨੇ ਗੁਰੂ ਸਾਹਿਬ ਦਾ ਹੁਕਮਨਾਮਾ ਭਾਈ ਜੋਗਾ ਸਿੰਘ ਨੂੰ ਫੜਾ ਦਿੱਤਾ, ਹੁਕਮ ਸੀ ਕਿ ਹੁਕਮਨਾਮਾ ਦੇਖਣ ਸਾਰ ਚਲੇ ਆਉ। ਹੁਕਮ ਮੰਨ ਕੇ ਭਾਈ ਜੋਗਾ ਸਿੰਘ ਉਸੇ ਵੇਲੇ ਦੋ ਲਾਵਾਂ ਰਹਿੰਦੀਆਂ ਛੱਡ ਕੇ ਗੁਰੂ ਵੱਲ ਤੁਰ ਪਿਆ। ਸੰਬੰਧੀਆਂ ਨੇ ਬਾਕੀ ਦੋ ਲਾਵਾਂ ਦੁਪੱਟੇ ਨਾਲ ਕਰਵਾਈਆਂ। ਰਸਤੇ ਵਿਚ ਜੋਗਾ ਸਿੰਘ ਨੂੰ ਹੰਕਾਰ ਹੋ ਗਿਆ ਕਿ ਮੇਰੇ ਜੈਸਾ ਸਿਦਕੀ ਸਿੱਖ ਗੁਰੂ ਦੇ ਘਰ ਕੋਈ ਨਹੀਂ ਹੋਣਾ, ਜੋ ਲਾਵਾਂ ਛੱਡ ਕੇ ਗੁਰੂ ਵੱਲ ਨੂੰ ਤੁਰ ਪਵੇ। ਰਸਤੇ ਵਿਚ ਜਦੋਂ ਹੁਸ਼ਿਆਰਪੁਰ ਪਹੁੰਚਿਆ ਤਾਂ ਇਕ ਵੇਸਵਾ ਜੋ ਅਤਿਅੰਤ ਸੁੰਦਰ ਸੀ, ਉਸ ਉੱਤੇ ਜੋਗਾ ਸਿੰਘ ਮੋਹਿਤ ਹੋ ਗਿਆ, ਅੰਤਰਜਾਮੀ ਗੁਰੂ ਆਪਣੇ ਬਿਰਦ ਤੇ ਸਿੱਖ ਦੀ ਲਾਜ ਪਾਲਣ ਵਾਸਤੇ ਚੋਬਦਾਰ (ਪਹਿਰੇਦਾਰ) ਦਾ ਰੂਪ ਧਾਰ ਕੇ ਵੇਸਵਾ ਦੇ ਬੂਹੇ ਅੱਗੇ ਜਾ ਖਲੋਤੇ। ਜੋਗਾ ਸਿੰਘ ਨੂੰ ਝਿੜਕ ਕੇ ਬੋਲੇ ਕਿ ਤੂੰ ਕੌਣ ਹੈਂ, ਤੂੰ ਅੰਦਰ ਨਹੀਂ ਜਾ ਸਕਦਾ। ਪਹਿਲੀ ਵਾਰ ਤਾਂ ਜੋਗਾ ਸਿੰਘ ਵਾਪਸ ਆ ਗਿਆ, ਪਰ ਕਾਮ ਦੇ ਅਧੀਨ ਹੋ ਕੇ ਦੁਬਾਰਾ ਫਿਰ ਉਥੇ ਆ ਗਿਆ ਤਾਂ ਪਹਿਰੇਦਾਰ ਨੇ ਕਿਹਾ ਕਿ ਸਿੱਖਾ! ਇਸ਼ਨਾਨ ਦਾ ਸਮਾਂ ਹੈ, ਵਿਕਾਰਾਂ ਦਾ ਸਮਾਂ ਨਹੀਂ, ਗੁਰੂ ਕੀ ਬਾਣੀ ਪੜ੍ਹ ਕਿਉਂ ਨਰਕ ਵਿਚ ਪੈਣ ਲਈ ਵਾਰ ਵਾਰ ਆਉਂਦਾ ਹੈਂ। ਤੈਨੂੰ ਵਾਰ ਵਾਰ ਵਾਪਸ ਮੋੜ ਰਹੇ ਹਾਂ, ਇਥੇ ਜੋ ਕੋਈ ਪੈਂਦਾ ਹੈ ਗਲ ਜਾਂਦਾ ਹੈ। ਇਹ ਬਚਨ ਸੁਣ ਕੇ ਜੋਗਾ ਸਿੰਘ ਨੂੰ ਗਿਆਨ ਹੋ ਗਿਆ ਅਤੇ ਆਪਣੇ ਮਨ ਨੂੰ ਫਿਟਕਾਰਾਂ ਦਿੰਦਾ ਕਲਗ਼ੀਧਰ ਜੀ ਕੋਲ ਅਨੰਦਪੁਰ ਸਾਹਿਬ ਪੁੱਜਾ। ਇਸੇ ਪ੍ਰਕਾਰ ਸਤਿਗੁਰੂ ਜੀ ਵਿਕਾਰਾਂ ਤੋਂ ਹਟਾਉਣ ਵਾਲੇ ਆਪ ਹੀ ਹਨ।

## ਸਤਿਗੁਰੁ ਸਿਖ ਕਉ; ਨਾਮ ਧਨੁ ਦੇਇ ॥ ਗੁਰ ਕਾ ਸਿਖੁ; ਵਡਭਾਗੀ ਹੇ ॥

ਜਿਸ ਸਿਖ ਕਉ = ਨੂੰ ਸਤਿਗੁਰੂ ਜੀ ਨਾਮ ਰੂਪ ਧਨ = ਦੌਲਤ ਬਖ਼ਸ਼ ਦੇਇ = ਦਿੰਦੇ ਹਨ। ਹੇ ਭਾਈ! ਉਹ ਗੁਰੂ ਕਾ = ਦਾ ਸਿੱਖ ਵਡਭਾਗੀ = ਵੱਡਿਆਂ ਭਾਗਾਂ ਵਾਲਾ ਹੁੰਦਾ ਹੈ।

## ਸਤਿਗੁਰੁ ਸਿਖ ਕਾ; ਹਲਤੁ ਪਲਤੁ ਸਵਾਰੈ ॥
## ਨਾਨਕ ਸਤਿਗੁਰੁ ਸਿਖ ਕਉ; ਜੀਅ ਨਾਲਿ ਸਮਾਰੈ ॥੧॥

ਸਤਿਗੁਰੂ ਆਪਣੇ ਸਿਖ ਕਾ = ਦਾ ਹਲਤੁ = ਲੋਕ ਪਲਤੁ = ਪਰਲੋਕ ਸਵਾਰੈ = ਸਵਾਰ ਦਿੰਦੇ ਹਨ। ਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਸਿੱਖਾਂ ਕਉ = ਨੂੰ ਸਤਿਗੁਰੂ ਨਾਮ ਦੀ ਦਾਤ ਦਿੰਦੇ ਹਨ, ਉਨ੍ਹਾਂ ਨੂੰ ਜੀਅ = ਹਿਰਦੇ ਨਾਲ ਸਮਾਰੈ = ਯਾਦ ਕਰਦੇ ਹਨ **ਵਾ:** ਲੋਕ ਪਰਲੋਕ ਵਿਚ ਸਾਂਭ ਸੰਭਾਲ ਕਰਦੇ ਹਨ ॥੧॥

ਜਿਵੇਂ ਇਕ ਦਿਨ ਕਲਗ਼ੀਧਰ ਜੀ ਨੂੰ ਸਿਮਰਨ ਕਰਦਿਆਂ ਨੂੰ ਦੇਖ ਕੇ ਭਾਈ ਦਇਆ ਸਿੰਘ ਨੇ ਕਿਹਾ ਕਿ ਸਾਰਾ ਸੰਸਾਰ ਤੁਹਾਡਾ ਸਿਮਰਨ ਕਰਦਾ ਹੈ, ਤੁਸੀਂ ਕਿਸ ਦਾ ਸਿਮਰਨ ਕਰਦੇ ਹੋ? ਤਾਂ ਕਲਗ਼ੀਧਰ ਜੀ ਨੇ ਕਿਹਾ ਕਿ ਜਿਹੜੇ ਸਿੱਖ ਮੈਨੂੰ ਯਾਦ ਕਰਦੇ ਹਨ, ਮੇਰਾ ਸਿਮਰਨ ਕਰਦੇ ਹਨ, ਮੈਂ ਉਨ੍ਹਾਂ ਨੂੰ ਚੇਤੇ ਕਰਦਾ ਹਾਂ। ਜੈਸਾ ਕਿ ਭਾਈ ਗੁਰਦਾਸ ਜੀ ਕਥਨ ਕਰਦੇ ਹਨ:

**ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈ ॥**

*(ਭਾ. ਗੁਰਦਾਸ ਜੀ, ਕਬਿੱਤ)*

## ਗੁਰ ਕੈ ਗ੍ਰਿਹਿ; ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥

ਗੁਰ = ਸਤਿਗੁਰਾਂ ਕੈ = ਦੇ ਸਤਸੰਗਤ ਰੂਪੀ ਗ੍ਰਿਹਿ = ਘਰ ਵਿਚ ਜੋ = ਜਿਹੜਾ ਸੇਵਕੁ = ਦਾਸ ਰਹੈ = ਰਹਿੰਦਾ ਹੈ। ਗੁਰਾਂ ਕੀ = ਦੀ ਆਗਿਆ = ਰਜ਼ਾ ਨੂੰ ਮਨ = ਅੰਤਸ਼ਕਰਣ ਮਹਿ = ਵਿਚ ਸਹੈ = ਸਹਾਰਦਾ ਭਾਵ ਮੰਨਣਾ ਕਰਦਾ ਹੈ।

## ਆਪਸ ਕਉ; ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ; ਰਿਦੈ ਸਦ ਧਿਆਵੈ ॥

ਆਪਸ = ਆਪਣੇ ਆਪ ਕਉ = ਨੂੰ ਕਛੁ = ਕੁਝ ਕਰਿ = ਕਰਕੇ ਨ = ਨਾ ਜਨਾਵੈ = ਜਣਾਉਣਾ ਕਰਦਾ ਹੋਵੇ। ਆਪਣੇ ਆਪ ਵਿੱਚੋਂ ਆਪਾ-ਭਾਵ ਮਿਟਾਉਣ ਲਈ ਹਰ ਵਕਤ ਹਰਿ = ਹਰੀ ਵਾਹਿਗੁਰੂ ਜੋ ਹਰਿ = ਸਾਰੇ ਰਮਿਆ ਹੋਇਆ ਹੈ ਉਸ ਦੇ ਨਾਮ ਨੂੰ ਸਦ = ਹਮੇਸ਼ਾਂ ਰਿਦੈ = ਹਿਰਦੇ ਵਿਚ ਧਿਆਵੈ = ਧਿਆਉਣਾ ਕਰੇ।

## ਮਨੁ ਬੇਚੈ; ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ; ਕਾਰਜ ਰਾਸਿ ॥

ਅਤੇ ਆਪਣੇ ਮਨ ਨੂੰ ਭੇਟਾ ਕਰਨ ਰੂਪ ਸਤਿਗੁਰਾਂ ਦੇ ਚਰਨਾਂ ਪਾਸਿ = ਕੋਲ ਬੇਚੈ = ਵੇਚਣਾ ਕਰੇ ਤਿਸੁ = ਉਸ ਸੇਵਕ = ਦਾਸ ਕੇ = ਦੇ ਸਾਰੇ ਕਾਰਜ = ਕੰਮ ਰਾਸਿ = ਦਰੁਸਤ ਹੋ ਜਾਂਦੇ ਹਨ।

## ਸੇਵਾ ਕਰਤ; ਹੋਇ ਨਿਹਕਾਮੀ ॥ ਤਿਸ ਕਉ ਹੋਤ; ਪਰਾਪਤਿ ਸੁਆਮੀ ॥

ਜੋ ਸੇਵਕ ਸਤਿਗੁਰਾਂ ਦੀ ਸੇਵਾ = ਟਹਿਲ ਕਰਤ = ਕਰਦਾ ਹੋਇਆ ਨਿਹਕਾਮੀ = ਕਾਮਨਾ ਤੋਂ ਰਹਿਤ ਹੋਇ = ਹੋ ਜਾਂਦਾ ਹੈ। ਤਿਸ = ਉਸ ਕਉ = ਨੂੰ ਸੁਆਮੀ = ਮਾਲਕ ਵਾਹਿਗੁਰੂ ਪਰਾਪਤਿ = ਮਿਲ ਜਾਂਦਾ ਹੈ।

[ਅੰਗ ੨੮੭]

## ਅਪਨੀ ਕ੍ਰਿਪਾ; ਜਿਸੁ ਆਪਿ ਕਰੇਇ ॥
## ਨਾਨਕ ਸੋ ਸੇਵਕੁ; ਗੁਰ ਕੀ ਮਤਿ ਲੇਇ ॥੨॥

ਜਿਸ ਉੱਤੇ ਹਰੀ ਵਾਹਿਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਆਪ ਕਰੇਇ = ਕਰ ਦੇਵੇ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋ = ਉਹ ਸੇਵਕੁ = ਦਾਸ ਗੁਰੂ ਸਾਹਿਬ ਜੀ ਕੀ = ਦੀ ਮਤਿ = ਸਿੱਖਿਆ ਨੂੰ ਹਿਰਦੇ ਵਿਚ ਧਾਰਨ ਕਰਨ ਰੂਪ ਲੇਇ = ਲੈਣਾ ਕਰਦਾ ਹੈ ॥੨॥

## ਬੀਸ ਬਿਸਵੇ; ਗੁਰ ਕਾ ਮਨੁ ਮਾਨੈ ॥ ਸੋ ਸੇਵਕੁ; ਪਰਮੇਸੁਰ ਕੀ ਗਤਿ ਜਾਨੈ ॥

ਬੀਸ ਬਿਸਵੇ = ਨਿਸ਼ਚੇ ਕਰਕੇ ਗੁਰ = ਸਤਿਗੁਰਾਂ ਕਾ = ਦਾ ਬਚਨ, ਜਿਸ ਸੇਵਕ ਦਾ ਮਨੁ = ਹਿਰਦਾ ਮਾਨੈ = ਮੰਨ ਲਵੇ **ਵਾ:** ਇਸੇ ਤਰ੍ਹਾਂ ਬੀਸ ਬਿਸਵੇ = ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਪੰਜ ਵਿਸ਼ੇ, ਪੰਜ ਵਿਕਾਰ ਇਨ੍ਹਾਂ ਸਾਰਿਆਂ ਨੂੰ ਰੋਕ ਲਵੇ (ਪੰਜਾਂ ਤੱਤਾਂ ਦੀ ਧਾਰਨਾ ਵਾਲਾ ਹੋਵੇ, ਪੰਜੇ ਸਤੁ, ਸੰਤੋਖ, ਦਇਆ, ਧਰਮ, ਮੋਖ ਹੋਣ ਪੰਜੇ ਪ੍ਰਾਣ ਰੋਕੇ ਹੋਣ, ਪੰਜੇ ਕਲੇਸ਼ ਮਿਟੇ ਹੋਣ, ਉਸ ਸੇਵਕ ਉੱਤੇ ਗੁਰ = ਸਤਿਗੁਰਾਂ ਕਾ = ਦਾ ਮਨ ਮਾਨੈ = ਮੰਨ ਜਾਂਦਾ ਹੈ। ਸੋ = ਉਹ ਸੇਵਕੁ = ਦਾਸ ਪਰਮੇਸ਼ਰ ਕੀ = ਦੀ ਗਤਿ = ਪ੍ਰਾਪਤੀ ਨੂੰ ਜਾਨੈ = ਜਾਣਦਾ ਹੈ।

## ਸੋ ਸਤਿਗੁਰੁ; ਜਿਸੁ ਰਿਦੈ ਹਰਿ ਨਾਉ ॥
## ਅਨਿਕ ਬਾਰ; ਗੁਰ ਕਉ ਬਲਿ ਜਾਉ ॥

ਸੋ = ਉਹ ਸਾਡੇ ਸਤਿਗੁਰੂ ਰਾਮਦਾਸ ਸਾਹਿਬ ਜੀ ਹਨ, ਜਿਸੁ = ਜਿਨ੍ਹਾਂ ਦੇ ਰਿਦੈ = ਹਿਰਦੇ ਵਿਚ

ਹਰਿ = ਵਾਹਿਗੁਰੂ ਦੇ ਨਾਉ = ਨਾਮ ਦਾ ਨਿਵਾਸ ਹੈ। ਅਨਿਕ = ਅਨੇਕਾਂ ਬਾਰ ਅਜਿਹੇ ਸਤਿਗੁਰੂ ਰਾਮਦਾਸ ਕਉ = ਨੂੰ ਬਲਿ = ਬਲਿਹਾਰ ਕੁਰਬਾਨ ਜਾਉ = ਜਾਂਦੇ ਹਾਂ।

**ਸਰਬ ਨਿਧਾਨ; ਜੀਅ ਕਾ ਦਾਤਾ ॥ ਆਠ ਪਹਰ; ਪਾਰਬ੍ਰਹਮ ਰੰਗਿ ਰਾਤਾ ॥**

ਗੁਰੂ ਸਰਬ = ਸਾਰੇ ਨਿਧਾਨ = ਖਜ਼ਾਨਿਆਂ ਦਾ ਮਾਲਕ ਤੇ ਜੀਅ = ਜ਼ਿੰਦਗੀ ਕਾ = ਦਾ ਦਾਤਾ = ਦੇਣ ਵਾਲਾ ਹੈ। ਆਠ = ਅੱਠੇ ਪਹਰ ਪਾਰਬ੍ਰਹਮ = ਪਰਮੇਸ਼ਰ ਦੇ ਰੰਗਿ = ਅਨੰਦ ਵਿਚ ਰਾਤਾ = ਰੰਗਿਆ ਰਹਿੰਦਾ ਹੈ।

**ਬ੍ਰਹਮ ਮਹਿ ਜਨੁ; ਜਨ ਮਹਿ ਪਾਰਬ੍ਰਹਮੁ ॥ ਏਕਹਿ ਆਪਿ; ਨਹੀ ਕਛੁ ਭਰਮੁ ॥**

ਬ੍ਰਹਮ = ਪਰਮੇਸ਼ਰ ਦੇ ਸਰੂਪ ਮਹਿ = ਵਿਚ ਗੁਰੂ ਜਨ ਮਿਲੇ ਹੋਏ ਹਨ ਤੇ ਗੁਰੂ ਜਨਾਂ ਮਹਿ = ਵਿਚ ਪਾਰਬ੍ਰਹਮੁ = ਪਰਮੇਸ਼ਰ ਮਿਲਿਆ ਹੋਇਆ ਹੈ **ਵਾ:** ਗੁਰੂ ਸਾਹਿਬ ਜੀ ਗੁਰਮੁਖ ਜਨਾਂ ਨੂੰ ਪਰਮੇਸ਼ਰ ਦੇ ਸਰੂਪ ਵਿਚ ਮੇਲ ਦਿੰਦੇ ਹਨ ਤੇ ਗੁਰਮੁਖ ਜਨ ਗੁਰ ਉਪਦੇਸ਼ ਦੁਆਰਾ ਪਾਰਬ੍ਰਹਮ ਵਿਚ ਅਭੇਦ ਹੋ ਜਾਂਦੇ ਹਨ। ਆਪਿ = ਆਪਸ ਵਿਚ ਏਕਹਿ = ਇੱਕੋ ਰੂਪ ਹੋ ਜਾਂਦੇ ਹਨ, ਕਛੁ = ਕੁਝ ਭਰਮ ਭੇਦ ਨਹੀਂ ਰਹਿੰਦਾ। ਜੈਸਾ ਕਿ :

**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥**
**ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥੮॥੨॥੯॥** *(ਅੰਗ ੪੪੪)*

**ਸਹਸ ਸਿਆਨਪ; ਲਇਆ ਨ ਜਾਈਐ ॥**
**ਨਾਨਕ, ਐਸਾ ਗੁਰੁ; ਬਡਭਾਗੀ ਪਾਈਐ ॥੩॥**

ਸਹਜ = ਹਜ਼ਾਰਾਂ ਸਿਆਣਪਾਂ ਕਰਕੇ ਜੋ ਗੁਰੂ ਲਇਆ = ਲਿਆ ਭਾਵ ਪ੍ਰਾਪਤ ਨਹੀਂ ਕੀਤਾ ਜਾਈਐ = ਜਾ ਸਕਦਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਐਸਾ = ਅਜਿਹਾ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਬਡਭਾਗੀ = ਵੱਡਿਆਂ ਭਾਗਾਂ ਕਰ ਕੇ ਪਾਈਐ = ਪ੍ਰਾਪਤ ਹੁੰਦਾ ਹੈ ॥੩॥

**ਸਫਲ ਦਰਸਨੁ; ਪੇਖਤ ਪੁਨੀਤ ॥ ਪਰਸਤ ਚਰਨ ਗਤਿ; ਨਿਰਮਲ ਰੀਤਿ ॥**

ਸਤਿਗੁਰਾਂ ਦਾ ਦਰਸਨੁ = ਦੀਦਾਰ ਸਫਲ = ਸਹਿਤ ਗਿਆਨ ਫਲ ਦੇ ਫਲਣ ਵਾਲਾ ਹੈ, ਜਿਸ ਨੂੰ ਪੇਖਤ = ਦੇਖਣ ਨਾਲ ਪੁਨੀਤ = ਪਵਿੱਤਰ ਹੋ ਜਾਈਦਾ ਹੈ। ਗੁਰਾਂ ਦੇ ਚਰਨ ਪਰਸਤ = ਛੂਹਣ ਕਰ ਕੇ ਨਿਰਮਲ = ਉੱਜਲ ਰੀਤਿ = ਮਰਯਾਦਾ ਦੀ ਗਤਿ = ਪ੍ਰਾਪਤੀ ਹੁੰਦੀ ਹੈ।

**ਭੇਟਤ ਸੰਗਿ; ਰਾਮ ਗੁਨ ਰਵੇ ॥ ਪਾਰਬ੍ਰਹਮ ਕੀ; ਦਰਗਹ ਗਵੇ ॥**

ਜੇਕਰ ਸਤਿਗੁਰਾਂ ਦੇ ਸੰਗਿ = ਨਾਲ ਭੇਟਤ = ਮਿਲ ਕੇ ਰਾਮ = ਹਰੀ ਵਾਹਿਗੁਰੂ ਦੇ ਗੁਣਾਂ ਨੂੰ ਰਵੇ = ਉਚਾਰਨ ਕਰੇ ਤਾਂ ਪਾਰਬ੍ਰਹਮ = ਹਰੀ ਵਾਹਿਗੁਰੂ ਕੀ = ਦੀ ਦਰਗਾਹ ਵਿਚ ਭਾਵ ਸੱਚਖੰਡ ਵਿਚ ਗਵੇ = ਗਮਤਾ ਹੋ ਜਾਂਦੀ ਹੈ **ਵਾ:** ਪਰਮੇਸ਼ਰ ਦੇ ਸੱਚਖੰਡ ਵਿਚ ਉਸ ਦਾ ਜਸ ਗਵੇ = ਗਾਇਆ ਜਾਂਦਾ ਹੈ।

**ਸੁਨਿ ਕਰਿ ਬਚਨ; ਕਰਨ ਆਘਾਨੇ ॥ ਮਨਿ ਸੰਤੋਖੁ; ਆਤਮ ਪਤੀਆਨੇ ॥**

ਗੁਰਾਂ ਦੇ ਸ਼ੁਭ ਬਚਨਾਂ ਨੂੰ ਸੁਣ ਕਰਿ = ਕਰਕੇ ਕਰਨ = ਕੰਨ ਆਘਾਨੇ = ਰੱਜ ਭਾਵ ਤ੍ਰਿਪਤ ਹੋ ਜਾਂਦੇ ਹਨ **ਵਾ:** ਗੁਰਾਂ ਦੇ ਬਚਨ ਸੁਣ ਕੇ ਕੰਨ ਨਿੰਦਿਆ ਉਸਤਤ ਵੱਲੋਂ ਆਘਾਨੇ = ਰੱਜ ਜਾਂਦੇ ਹਨ। ਮਨਿ = ਅੰਤਸ਼ਕਰਣ ਸੰਤੋਖ = ਸਬਰ ਦੇ ਸਹਿਤ ਹੋ ਜਾਂਦਾ ਹੈ ਅਤੇ ਆਤਮ ਸਰੂਪ ਵਿਚ ਪਤੀਆਨੇ = ਭਰੋਸਾ ਆ ਜਾਂਦਾ ਹੈ।

## ਪੂਰਾ ਗੁਰੁ; ਅਖੵਓ ਜਾ ਕਾ ਮੰਤ੍ਰ ॥ ਅੰਮ੍ਰਿਤ ਦ੍ਰਿਸਟਿ ਪੇਖੈ; ਹੋਇ ਸੰਤ ॥

(**ਅਖਿਅਓ** ਬੋਲੋ)

ਉਹ ਪੂਰਾ ਗੁਰੁ = ਪੂਰਨ ਸਤਿਗੁਰੂ ਰਾਮਦਾਸ ਜੀ ਤੇ ਗੁਰੂ ਨਾਨਕ ਦੇਵ ਜੀ ਹਨ, ਜਾ ਕਾ = ਜਿਨ੍ਹਾਂ ਗੁਰਾਂ ਦਾ ਵਾਹਿਗੁਰੂ ਮੰਤਰ ਅਖੵਓ = ਨਾਸ ਤੋਂ ਰਹਿਤ ਹੈ **ਵਾ:** ਜਗਿਆਸੂ ਨੂੰ ਅਖੵਓ = ਨਾਸ ਤੋਂ ਰਹਿਤ ਕਰਨ ਵਾਲਾ ਹੈ। ਜਿਨ੍ਹਾਂ ਵੱਲ ਗੁਰੂ ਸਾਹਿਬ ਜੀ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲੀ ਦ੍ਰਿਸਟਿ = ਨਦਰ ਨਾਲ ਪੇਖੈ = ਦੇਖਦੇ ਹਨ, ਉਹ ਸੰਤ = ਸ਼ਾਂਤ ਚਿੱਤ ਵਾਲੇ ਮਹਾਤਮਾ ਹੋਇ = ਹੋ ਜਾਂਦੇ ਹਨ।

## ਗੁਣ ਬਿਅੰਤ; ਕੀਮਤਿ ਨਹੀ ਪਾਇ ॥
## ਨਾਨਕ, ਜਿਸੁ ਭਾਵੈ; ਤਿਸੁ ਲਏ ਮਿਲਾਇ ॥੪॥

ਸਤਿਗੁਰਾਂ ਵਿਚ ਬੇਅੰਤ ਗੁਣ ਹੋਣ ਕਰ ਕੇ ਕਿਸੇ ਪਾਸੋਂ ਕੀਮਤ ਨਹੀਂ ਪਾਈ ਜਾ ਸਕਦੀ। ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਦੀ ਸ਼ਰਧਾ ਭਾਵਨਾ ਭਗਤੀ ਪਰਮੇਸ਼ਰ ਨੂੰ ਭਾਵੈ = ਭਾ ਜਾਵੇ, ਤਿਸੁ = ਉਸ ਨੂੰ ਆਪਣੇ ਨਾਲ ਮਿਲਾਇ = ਮੇਲ ਲਏ = ਲੈਂਦਾ ਹੈ ॥੪॥

## ਜਿਹਬਾ ਏਕ; ਉਸਤਤਿ ਅਨੇਕ ॥ ਸਤਿ ਪੁਰਖ; ਪੂਰਨ ਬਿਬੇਕ ॥

ਸਾਡੀ ਜਿਹਬਾ = ਜੀਭ ਤਾਂ ਏਕ = ਇਕ ਹੈ, ਉਸ ਵਾਹਿਗੁਰੂ ਦੀ ਉਸਤਤਿ = ਵਡਿਆਈ ਅਨੇਕਾਂ ਗੁਣਾਂ ਵਾਲੀ ਹੈ, ਅਸੀਂ ਕੀ ਕਹਿ ਸਕਦੇ ਹਾਂ। ਉਹ ਸਤਿ ਪੁਰਖ ਬ੍ਰਹਮ ਰੂਪ ਹੈ, ਸਾਰਿਆਂ ਥਾਵਾਂ ਵਿਚ ਪੂਰਨ ਬਿਬੇਕ = ਗਿਆਨਵਾਨ ਭਾਵ ਜੀਵ ਈਸ ਦੀ ਏਕਤਾ ਕਰਾਉਣ ਵਾਲਾ ਹੈ।

## ਕਾਹੂ ਬੋਲ; ਨ ਪਹੁਚਤ ਪ੍ਰਾਨੀ ॥ ਅਗਮ ਅਗੋਚਰ; ਪ੍ਰਭ ਨਿਰਬਾਨੀ ॥

ਪਰਮੇਸ਼ਰ ਦੇ ਗੁਣਾਂ ਬਰਾਬਰ ਸਤਿਗੁਰਾਂ ਦੇ ਪਰਉਪਕਾਰਾਂ ਬਰਾਬਰ, ਕਾਹੂ = ਕਿਸੇ ਵੀ ਬੋਲ = ਬਚਨਾਂ ਕਰਕੇ ਪ੍ਰਾਨੀ = ਜੀਵ ਨਾਮ ਦੀ ਸੱਤਾ ਤੋਂ ਬਿਨਾਂ ਪਰਮੇਸ਼ਰ ਕੋਲ ਨ = ਨਹੀਂ ਪਹੁਚਤ = ਪਹੁੰਚ ਸਕਦਾ। ਜੋ ਅਗਮ = ਮਨ ਦੀ ਗਮਤਾ ਤੋਂ ਪਰ੍ਹੇ ਹੈ, ਅਗੋਚਰ = ਇੰਦਰੀਆਂ ਦੇ ਅਵਿਸ਼ੇ ਹੈ ਤੇ ਪ੍ਰਭ = ਹਰੀ ਵਾਹਿਗੁਰੂ ਸਾਰੇ ਨਿਰਬਾਨੀ = ਬੰਧਨਾਂ ਤੋਂ ਰਹਿਤ ਹੈ ਭਾਵ ਨਿਰਬਾਨ ਸਰੂਪ ਹੈ।

## ਨਿਰਾਹਾਰ; ਨਿਰਵੈਰ ਸੁਖਦਾਈ ॥

ਪਰਮੇਸ਼ਰ ਨਿਰਾਹਾਰ = ਆਹਾਰ ਤੋਂ ਰਹਿਤ ਹੈ **ਵਾ:** ਵੈਰ ਤੋਂ ਰਹਿਤ ਹੈ, ਹਾਰ ਤੋਂ ਰਹਿਤ ਹੈ ਅਤੇ ਸੁਖਦਾਈ = ਸੁੱਖਾਂ ਦੇ ਦੇਣ ਵਾਲਾ ਹੈ, ਭਾਵ ਜਿਵੇਂ ਕਈ ਸਾਧ ਨਿਰਾਹਾਰੀ ਬਣ ਕੇ ਬੈਠਦੇ ਹਨ, ਇਸ ਪ੍ਰਕਾਰ ਦਾ ਨਿਰਾਹਾਰੀ ਨਹੀਂ ਹੈ।

ਸੰਤ ਗਿਆਨੀ ਸੁੰਦਰ ਸਿੰਘ ਜੀ ਕਥਾ ਵਿਚ ਇਹ ਸਾਖੀ ਸੁਣਾਉਂਦੇ ਸਨ ਕਿ ਇਕ ਸਾਧ ਸਮਾਧੀ ਲਾ ਕੇ ਬੈਠਿਆ ਕਰੇ। ਇਕ ਰਾਜਾ ਦਰਸ਼ਨਾਂ ਨੂੰ ਜਾਣ ਲੱਗ ਪਿਆ, ਰਾਜੇ ਨੇ ਦਰਸ਼ਨ ਕੀਤੇ ਤੇ ਸਾਧ ਨੇ ਫੇਰ ਸਮਾਧੀ ਲਾ ਲਈ, ਫੇਰ ੬ ਮਹੀਨੇ ਦੀ ਸਮਾਧੀ ਲਾ ਲਈ, ਸਾਧ ਬੋਲਿਆ ਹੀ ਨਾ, ਜਦੋਂ ਸਮਾਧੀ ਖੁੱਲ੍ਹਣ ਦਾ ਸਮਾਂ ਨੇੜੇ ਆਇਆ ਤਾਂ ਰਾਜੇ ਨੂੰ ਇਕ ਮਹਾਤਮਾ ਮਿਲੇ, ਤਾਂ ਰਾਜੇ ਨੇ ਸਮਾਧੀ ਵਾਲੇ ਯੋਗੀ ਦੀ ਬੜੀ ਪ੍ਰਸੰਸਾ ਕੀਤੀ ਕਿ ਬੜੇ ਤਕੜੇ ਜੋਗੀ ਹਨ ਛੇ ਮਹੀਨੇ ਹੋ ਗਏ ਸਮਾਧੀ ਲੱਗੀ ਨੂੰ, ਮਹਾਤਮਾ ਕਹਿਣ ਲੱਗੇ ਕਿ ਹੇ ਰਾਜਨ! ਤੂੰ ਦਰਸ਼ਨ ਕਰਨ ਕਿਵੇਂ ਜਾਂਦਾ ਹੈਂ, ਕਹਿੰਦਾ ਜੀ ੨੧ ਦਿਨਾਂ ਬਾਅਦ ਜਾਂਦਾ ਹਾਂ। ਸੰਤ ਕਹਿਣ ਲੱਗੇ ਜਦੋਂ ਜਾਏਗਾ ਮੈਨੂੰ ਨਾਲ ਲੈ ਕੇ ਜਾਈਂ, ਜਦੋਂ ਸਮਾਧੀ ਖੋਲ੍ਹਣ ਵਿਚ ਇਕ ਦਿਨ ਰਹਿ ਗਿਆ

ਤਾਂ ਰਾਜੇ ਨੇ ਮਹਾਤਮਾ ਨੂੰ ਕਿਹਾ ਕਿ ਕੱਲ੍ਹ ਨੂੰ ਮੇਰੇ ਜੋਗੀ ਦੀ ਸਮਾਧੀ ਖੁੱਲ੍ਹਣੀ ਹੈ, ਜਦੋਂ ਦੂਸਰੇ ਦਿਨ ਸਮਾਧੀ ਖੁੱਲ੍ਹਣ ਦਾ ਸਮਾਂ ਆਇਆ ਤਾਂ ਮਹਾਤਮਾ ਨੇ ਰਾਜੇ ਨੂੰ (ਵਕਤ ਖੁੰਜਾ ਦਿੱਤਾ) ਸਮਾਂ ਲੰਘਾ ਦਿੱਤਾ, ਜਦੋਂ ਮਹਾਤਮਾ ਤੇ ਰਾਜਾ ਗਏ ਤਾਂ ਸਾਧ ਮਰਿਆ ਹੋਇਆ ਦੇਖਿਆ ਤਾਂ ਮਹਾਤਮਾ ਕਹਿਣ ਲੱਗੇ ਕਿ ਰਾਜਨ ਤੂੰ ਤਾਂ ਕਹਿੰਦਾ ਸੀ ਕਿ ਕੋਈ ਖ਼ੁਰਾਕ ਨਹੀਂ ਖਾਂਦਾ ਸੀ, ਇਹ ਤਾਂ ਮਾਨ ਦਾ ਭਰਿਆ ਪਿਆ ਸੀ ਤੇ ਮਾਣ ਦੀ ਹੀ ਖ਼ੁਰਾਕ ਖਾਂਦਾ ਸੀ। ਨਿਰਾਹਾਰੀ ਤਾਂ ਇਕ ਪਰਮੇਸ਼ਰ ਹੀ ਹੈ, ਇਹ ਲੋਕ ਤਾਂ ਮਾਣ ਦੇ ਭੁੱਖੇ ਹੁੰਦੇ ਹਨ, ਨਾ ਰੋਟੀ ਤੇ ਨਾ ਹੀ ਬਸਤਰ ਪਹਿਨਦੇ ਹਨ, ਉਨ੍ਹਾਂ ਦੀ ਖ਼ੁਰਾਕ ਇਕ ਮਾਣ ਹੀ ਹੁੰਦਾ ਹੈ।

## ਤਾ ਕੀ ਕੀਮਤਿ; ਕਿਨੈ ਨ ਪਾਈ ॥

ਤਾ ਕੀ = ਉਸ ਹਰੀ ਵਾਹਿਗੁਰੂ ਕੀ = ਦੀ ਕਿਨੈ = ਕਿਸੇ ਪਾਸੋਂ ਪ੍ਰਾਪਤੀ ਰੂਪੀ ਕੀਮਤ ਨਹੀਂ ਪਾਈ ਜਾ ਸਕਦੀ।

## ਅਨਿਕ ਭਗਤ; ਬੰਦਨ ਨਿਤ ਕਰਹਿ ॥ ਚਰਨ ਕਮਲ; ਹਿਰਦੈ ਸਿਮਰਹਿ ॥

ਅਨਿਕ = ਅਨੇਕਾਂ ਭਗਤ = ਭਗਤੀ ਕਰਨ ਵਾਲੇ ਨਿਤ = ਨਿਤਾਪ੍ਰਤੀ ਹਰੀ ਵਾਹਿਗੁਰੂ ਨੂੰ ਬੰਦਨ = ਨਮਸ਼ਕਾਰ ਕਰਹਿ = ਕਰਦੇ ਹਨ। ਅਤੇ ਹਿਰਦੈ = ਚਿੱਤ ਅੰਦਰ ਗੁਰੂ ਸਾਹਿਬ ਦੁਆਰਾ ਉਸ ਦੇ ਚਰਨਾਂ ਕਮਲਾਂ ਨੂੰ ਸਿਮਰਹਿ = ਯਾਦ ਕਰਦੇ ਰਹਿੰਦੇ ਹਨ।

## ਸਦ ਬਲਿਹਾਰੀ; ਸਤਿਗੁਰ ਅਪਨੇ ॥
## ਨਾਨਕ, ਜਿਸੁ ਪ੍ਰਸਾਦਿ; ਐਸਾ ਪ੍ਰਭੁ ਜਪਨੇ ॥੫॥

ਸਦ = ਸੈਂਕੜੇ ਵਾਰੀ ਅਸੀਂ ਆਪਣੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਤੋਂ ਬਲਿਹਾਰੀ = ਕੁਰਬਾਨ ਜਾਂਦੇ ਹਾਂ। ਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਗੁਰਾਂ ਦੀ ਪ੍ਰਸਾਦਿ = ਕਿਰਪਾ ਕਰ ਕੇ ਐਸਾ = ਇਹੋ ਜਿਹੇ ਪ੍ਰਭੁ = ਹਰੀ ਵਾਹਿਗੁਰੂ ਨੂੰ ਜਪਨੇ = ਜਪਦੇ ਹਾਂ ॥੫॥

## ਇਹੁ ਹਰਿ ਰਸੁ; ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ; ਅਮਰੁ ਸੋ ਹੋਇ ॥

ਇਹ ਹਰਿ = ਹਰੀ ਵਾਹਿਗੁਰੂ ਦੇ ਅੰਮ੍ਰਿਤ ਨਾਮ ਰਸ ਨੂੰ ਕੋਇ = ਕੋਈ ਵਿਰਲਾ ਜਨੁ = ਪੁਰਖ ਹੀ ਪਾਵੈ = ਪ੍ਰਾਪਤ ਕਰਦਾ ਹੈ। ਜੋ ਸਤਿਗੁਰਾਂ ਦੇ ਅੰਮ੍ਰਿਤ ਨਾਮ ਨੂੰ ਪੀਵੈ = ਪੀਂਦਾ ਹੈ, ਸੋ = ਉਹ ਅਮਰ = ਮ੍ਰਿਤੂ ਤੋਂ ਰਹਿਤ ਹੋਇ = ਹੋ ਜਾਂਦਾ ਹੈ।

## ਉਸੁ ਪੁਰਖ ਕਾ; ਨਾਹੀ ਕਦੇ ਬਿਨਾਸ ॥ ਜਾ ਕੈ ਮਨਿ; ਪ੍ਰਗਟੇ ਗੁਨਤਾਸ ॥

ਉਸ ਪੁਰਖ = ਜੀਵ ਕਾ = ਦਾ ਕਦੇ ਵੀ ਬਿਨਾਸ = ਨਾਸ ਨਹੀਂ ਹੁੰਦਾ। ਜਾ ਕੈ = ਜਿਸ ਦੇ ਮਨਿ = ਅੰਤਸ਼ਕਰਣ ਵਿਚ ਗੁਨਤਾਸ = ਗੁਣਾਂ ਦਾ ਖ਼ਜ਼ਾਨਾ ਪਰਮੇਸ਼ਰ ਆਪ ਪ੍ਰਗਟੇ = ਪ੍ਰਤੱਖ ਹੋ ਜਾਂਦਾ ਹੈ।

## ਆਠ ਪਹਰ; ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ; ਸੇਵਕ ਕਉ ਦੇਇ ॥

ਜੋ ਆਠ ਪਹਰ = ਅੱਠੇ ਪਹਿਰ ਹਰਿ = ਹਰੀ ਵਾਹਿਗੁਰੂ ਕਾ = ਦਾ ਨਾਮ ਲੇਇ = ਲੈਂਦਾ ਭਾਵ ਉਚਾਰਦਾ ਹੈ। ਅਤੇ ਆਪਣੇ ਸੇਵਕ = ਦਾਸ ਕਉ = ਨੂੰ ਵੀ ਸੱਚੇ ਨਾਮ ਦਾ ਉਪਦੇਸ਼ ਦੇਇ = ਦਿੰਦਾ ਹੈ।

## ਮੋਹ ਮਾਇਆ ਕੈ; ਸੰਗਿ ਨ ਲੇਪੁ ॥ ਮਨ ਮਹਿ ਰਾਖੈ; ਹਰਿ ਹਰਿ ਏਕੁ ॥

ਉਸ ਨੂੰ ਮਾਇਆ ਦੇ ਮੋਹ ਸੰਗਿ = ਨਾਲ ਲੇਪ = ਕਲੰਕ ਨਹੀਂ ਲੱਗਦਾ, ਕਿਉਂਕਿ ਉਹ ਆਪਣੇ

ਮਨ = ਅੰਤਸ਼ਕਰਣ ਮਹਿ = ਵਿਚ ਏਕੁ = ਇਕ ਹਰਿ = ਹਰੀ ਵਾਹਿਗੁਰੂ ਜੋ ਹਰਿ = ਸਾਰੇ ਰਮਿਆ ਹੋਇਆ ਹੈ, ਉਸ ਨੂੰ ਹੀ ਚੇਤੇ ਰਾਖੈ = ਰੱਖਦਾ ਹੈ।

## ਅੰਧਕਾਰ; ਦੀਪਕ ਪਰਗਾਸੇ ॥
## ਨਾਨਕ ਭਰਮ ਮੋਹ ਦੁਖ; ਤਹ ਤੇ ਨਾਸੇ ॥੬॥

ਜਿਸ ਪ੍ਰਕਾਰ ਦੀਪਕ = ਦੀਵੇ ਦੇ ਪਰਗਾਸੇ = ਪ੍ਰਕਾਸ਼ ਹੋਣ ਕਰ ਕੇ ਅੰਧਕਾਰ = ਹਨੇਰਾ ਦੂਰ ਹੋ ਜਾਂਦਾ ਹੈ **ਵਾ:** ਜਿਹੜਾ ਸੰਸਾਰ ਦੇ ਅੰਦਰ ਅੰਧਕਾਰ = ਅਗਿਆਨਤਾ ਦਾ ਹਨੇਰਾ ਹੈ, ਉਹ ਅਗਿਆਨ ਨੂੰ ਗੁਰੂ ਸਾਹਿਬ ਜੀ ਸਮਾਦਾਨ ਗਿਆਨ ਰੂਪੀ ਦੀਵੇ ਦਾ ਪ੍ਰਕਾਸ਼ ਕਰਕੇ ਮੇਟਣਾ ਕਰਦੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਹ = ਉਨ੍ਹਾਂ ਦੇ ਹਿਰਦਿਆਂ ਤੇ = ਤੋਂ ਭਰਮ, ਮੋਹ ਤੇ ਸਾਰੇ ਦੁਖ ਨਾਸੇ = ਨਾਸ ਹੋ ਜਾਂਦੇ ਹਨ, ਭਾਵ ਨੱਸ ਜਾਂਦੇ ਹਨ ॥੬॥

## ਤਪਤਿ ਮਾਹਿ; ਠਾਢਿ ਵਰਤਾਈ ॥

ਜਦੋਂ ਗੁਰਾਂ ਨੇ ਗਿਆਨ ਰੂਪੀ ਦੀਵੇ ਦਾ ਪ੍ਰਕਾਸ਼ ਕੀਤਾ ਤਾਂ ਰਾਗ ਦਵੈਸ਼ ਵਿਚ ਤਪਤਿ = ਜਲਦੇ ਹੋਏ ਹਿਰਦਿਆਂ ਮਾਹਿ = ਵਿਚ ਸ਼ਾਂਤੀ ਰੂਪ ਠਾਢਿ = ਸਰਦੀ ਵਰਤਾਈ = ਵਰਤਾ ਦਿੱਤੀ ਹੈ **ਵਾ:** ਸਾਰਾ ਕਲਿਜੁਗ ਈਰਖਾ, ਦਵੈਸ਼ ਆਦਿ ਦੀ ਤਪਸ਼ ਵਿਚ ਤਪ ਰਿਹਾ ਸੀ, ਗੁਰੂ ਸਾਹਿਬ ਜੀ ਨੇ ਨਾਮ ਰੂਪੀ ਵਰਖਾ ਕਰ ਕੇ ਸਾਰੇ ਠੰਢ ਵਰਤਾ ਦਿੱਤੀ ਹੈ।

**ਸਾਖੀ—ਦਸਮੇਸ਼ ਪਿਤਾ ਜੀ ਦੀ :** ਜਦੋਂ ਕਲਗ਼ੀਧਰ ਜੀ ਭੱਠਾ ਸਾਹਿਬ ਗਏ, ਉਥੇ ਰੋਪੜ ਦੇ ਪਠਾਨ ਨਿਹੰਗ ਖ਼ਾਂ ਦਾ ਰੋੜਾਂ ਦਾ ਭੱਠਾ ਲੱਗਾ ਸੀ, ਗੁਰੂ ਮਹਾਰਾਜ ੨੦ ਕੋਹ ਜੰਗ ਕਰ ਕੇ ਜਦੋਂ ਉਥੇ ਪੁੱਜੇ ਤਾਂ ਉਥੇ ਨਿਹੰਗ ਖ਼ਾਂ ਦੇ ਮਜ਼ਦੂਰਾਂ ਨੇ ਮਖ਼ੌਲ ਕੀਤਾ ਕਿ ਲਓ ਦਸਮ ਪਾਤਿਸ਼ਾਹ ਆ ਗਏ ਹਨ। ਮਹਾਰਾਜ ਮਜ਼ਦੂਰਾਂ ਨੂੰ ਕਹਿਣ ਲੱਗੇ ਕਿ ਭਾਈ ਰਹਿਰਾਸ ਸਾਹਿਬ ਦਾ ਪਾਠ ਕਰਨਾ ਹੈ, ਇਥੇ ਕੋਈ ਬੈਠਣ ਲਈ ਟਿਕਾਣਾ ਹੈ ਤਾਂ ਮਜ਼ਦੂਰਾਂ ਨੇ ਕਲਗ਼ੀਧਰ ਜੀ ਨੂੰ ਮਖ਼ੌਲ ਕੀਤਾ ਕਿ ਮਹਾਰਾਜ ੨੦ ਕੋਹ ਦੇ ਵਿਚ ਜੰਗ ਮਚਾ ਕੇ ਖ਼ਲਕਤ ਮਾਰ ਦਿੱਤੀ ਹੈ, ਹੁਣ ਤੁਸੀਂ ਇਥੇ ਰੋੜਾਂ ਦੇ ਭੱਠੇ 'ਤੇ ਬੈਠ ਕੇ ਰਹਿਰਾਸ ਪੜ੍ਹੋਗੇ। ਕਲਗੀਧਰ ਜੀ ਸੁਣ ਕੇ ਨੀਲੇ ਘੋੜੇ ਨੂੰ ਕਹਿਣ ਲੱਗੇ ਕਿ ਚੱਲ ਭਈ ਨੀਲਿਆ! ਜਿਥੇ ਜ਼ੁਲਮ ਦੀ ਭੱਠੀ ਠੰਢੀ ਕੀਤੀ ਹੈ, ਉਥੇ ਰੋੜੇ ਦੇ ਭੱਠੇ ਠੰਢੇ ਕਰਨੇ ਕੀ ਔਖੇ ਹਨ। ਜਦੋਂ ਘੋੜੇ ਨੇ ਪੈਰ ਰੱਖਿਆ ਤਾਂ ਉਸੇ ਵੇਲੇ ਭੱਠਾ ਠੰਢਾ ਹੋ ਗਿਆ, ਜੋ ਹੁਣ ਤਕ ਪੌੜ ਦੇ ਨਿਸ਼ਾਨ ਉਸੇ ਤਰ੍ਹਾਂ ਹਨ।

ਭਾਈ ਦਇਆ ਸਿੰਘ ਜੀ ਨੇ ਦੁਸ਼ਾਲਾ ਵਿਛਾ ਦਿੱਤਾ ਤੇ ਮਹਾਰਾਜ ਜੀ ਨੇ ਉਪਰ ਬੈਠ ਕੇ ਕੰਘਾ ਕੀਤਾ ਤੇ ਰੋਮ ਆਪਣੇ ਅੰਗੂਠੇ ਨਾਲ ਭੱਠੇ ਵਿਚ ਦਬਾਏ ਤੇ ਉਸ ਵੇਲੇ ਉਸ ਵਿਚ ਤ੍ਰੇੜ ਆ ਗਈ ਤੇ ਭੱਠਾ ਠੰਢਾ ਹੋ ਗਿਆ, ਜਦੋਂ ਨਿਹੰਗ ਖ਼ਾਂ ਪਠਾਨ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਜੀ ਆ ਗਏ ਹਨ, ਉਹ ਭੱਜਿਆ ਆਇਆ ਅਤੇ ਆ ਕੇ ਕਲਗ਼ੀਧਰ ਜੀ ਦੇ ਚਰਨ ਪਕੜ ਲਏ ਤੇ ਕਹਿਣ ਲੱਗਾ ਕਿ ਦਸਮੇਸ਼ ਜੀ ਬਖ਼ਸ਼ ਲਓ, ਮਜ਼ਦੂਰਾਂ ਤੋਂ ਗ਼ਲਤੀ ਹੋ ਗਈ ਹੈ। ਮਹਾਰਾਜ ਕਹਿਣ ਲੱਗੇ ਕਿ ਨਿਹੰਗ ਖ਼ਾਂ ਸਾਡੀਆਂ ਦੋ ਕਟਾਰਾਂ ਤੇ ਕਿਰਪਾਨਾਂ ਦੀ ਬਖ਼ਸ਼ਿਸ਼ ਲੈਣਾ ਕਰ, ਜਿਤਨਾ ਏਨ੍ਹਾਂ ਦਾ ਸਤਿਕਾਰ ਕਰੇਗਾ, ਉਤਨਾ ਤੇਰਾ ਦਬਦਬਾ ਦੁਨੀਆਂ ਵਿਚ ਬਣਿਆ ਰਹੇਗਾ। ਮਹਾਰਾਜ ਤੋਂ ਬਖ਼ਸ਼ਿਸ਼ਾਂ ਲੈ ਕੇ ਸ਼ਾਸਤਰਾਂ ਨੂੰ ਪਲੰਘਾਂ 'ਤੇ ਸਜਾ ਕੇ ਪੂਜਨ ਕਰਦਾ ਰਿਹਾ ਤੇ ਪਾਕਿਸਤਾਨ ਜਾਣ ਵੇਲੇ ਗੁਰੂ ਸਾਹਿਬ ਜੀ ਦੀਆਂ ਨਿਸ਼ਾਨੀਆਂ ਭੱਠਾ ਸਾਹਿਬ ਦੇ ਗਿਆ ਸੀ। ਇਉਂ ਗੁਰੂ ਸਾਹਿਬ ਜੀ ਨੇ ਤਪਦੇ ਭੱਠੇ ਨੂੰ ਠੰਢਾ ਕਰ ਦਿੱਤਾ।

## ਅਨਦੁ ਭਇਆ; ਦੁਖ ਨਾਠੇ ਭਾਈ ॥

ਹੇ ਭਾਈ = ਭਰਾਵੋ ! ਹੁਣ ਨਾਮ ਜਪਣੇ ਕਰਕੇ ਅਨੰਦ ਪ੍ਰਾਪਤ ਭਇਆ = ਹੋਇਆ ਹੈ, ਸਾਰੇ ਜੰਮਣ ਮਰਣ ਰੂਪ ਦੁਖ ਨਾਠੇ = ਨੱਸ ਗਏ ਹਨ।

## ਜਨਮ ਮਰਨ ਕੇ; ਮਿਟੇ ਅੰਦੇਸੇ ॥ ਸਾਧੂ ਕੇ; ਪੂਰਨ ਉਪਦੇਸੇ ॥

ਜਿੰਨੇ ਜੰਮਣ ਮਰਨ ਕੇ = ਦੇ ਅੰਦੇਸੇ = ਸੰਸੇ ਸੀ, ਸਾਰੇ ਸਤਿਗੁਰਾਂ ਨੇ ਆਪਣੀ ਕਿਰਪਾ ਨਾਲ ਮੇਟ ਦਿੱਤੇ ਹਨ। ਸਾਧੂ = ਸੰਤਾਂ ਕੇ = ਦੇ ਪੂਰਨ ਉਪਦੇਸ਼ ਦਾ ਫਲ ਮਿਲਿਆ ਹੈ।

## ਭਉ ਚੂਕਾ; ਨਿਰਭਉ ਹੋਇ ਬਸੇ ॥ ਸਗਲ ਬਿਆਧਿ; ਮਨ ਤੇ ਖੈ ਨਸੇ ॥

ਜਿਸ ਦਾ ਜੰਮਣ ਮਰਣ ਦਾ ਭਉ = ਡਰ ਚੂਕਾ = ਚੁੱਕਿਆ ਭਾਵ ਖ਼ਤਮ ਹੋ ਗਿਆ ਹੈ ਉਹ ਨਿਰਭਉ = ਡਰ ਤੋਂ ਰਹਿਤ ਹੋ ਕੇ ਸਰੂਪ ਰੂਪੀ ਘਰ ਵਿਚ ਬਸੇ = ਇਸਥਿਤ ਹੋ ਗਿਆ ਹੈ। ਉਸ ਦੇ ਸਗਲ = ਸਾਰੇ ਬਿਆਧਿ = ਰੋਗ ਮਨ = ਅੰਤਸ਼ਕਰਣ ਤੇ = ਤੋਂ ਨਸੇ = ਦੌੜ ਕੇ ਖੈ = ਨਾਸ ਹੋ ਗਏ ਹਨ।

## ਜਿਸ ਕਾ ਸਾ; ਤਿਨਿ ਕਿਰਪਾ ਧਾਰੀ ॥ ਸਾਧਸੰਗਿ; ਜਪਿ ਨਾਮੁ ਮੁਰਾਰੀ ॥

ਜਿਸ ਵਾਹਿਗੁਰੂ ਕਾ = ਦਾ ਸੇਵਕ ਬਣਿਆ ਸਾ = ਸੀ, ਤਿਨਿ = ਉਸ ਵਾਹਿਗੁਰੂ ਨੇ ਆਪਣੀ ਕਿਰਪਾ ਰੂਪੀ ਦ੍ਰਿਸ਼ਟੀ ਧਾਰੀ = ਧਾਰਨ ਕੀਤੀ ਹੈ। ਜਿਸ ਕਰਕੇ ਉਹ ਸੇਵਕ ਹੁਣ ਸਾਧਸੰਗਿ = ਸਤਿਸੰਗਤ ਵਿਚ ਮਿਲ ਕੇ ਮੁਰਾਰੀ = ਮੁਰ ਦੈਂਤ ਨੂੰ ਮਾਰਨ ਵਾਲੇ ਪਰਮੇਸ਼ਰ ਦਾ ਨਾਮ ਹੀ ਜਪਿ = ਜਪਦਾ ਹੈ ਅਤੇ

## ਥਿਤਿ ਪਾਈ; ਚੂਕੇ ਭ੍ਰਮ ਗਵਨ ॥ ਸੁਨਿ ਨਾਨਕ; ਹਰਿ ਹਰਿ ਜਸੁ ਸ੍ਰਵਨ ॥੭॥

ਹਿਰਦੇ ਨੇ ਚੇਤਨ ਸਰੂਪ ਵਿਚ ਥਿਤਿ = ਇਸਥਿਤੀ ਪਾਈ = ਪਾ ਲਈ ਹੈ, ਜਿਹੜਾ ਭਰਮ ਕਰਕੇ ਜੂਨਾਂ ਵਿਚ ਗਵਨ = ਫਿਰਨਾ ਸੀ ਉਹ ਸਭ ਚੁੱਕਿਆ ਗਿਆ ਹੈ, ਭਾਵ ਚੌਰਾਸੀ ਦੇ ਗੇੜਿਆਂ 'ਚੋਂ ਫਿਰਨਾ ਚੂਕੇ = ਚੁੱਕਿਆ ਗਿਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੀਵਨ ਮੁਕਤੀ ਦੇ ਅਨੰਦ ਨੂੰ ਪਾ ਕੇ ਉਹ ਸੇਵਕ ਜਨ ਸ੍ਰਵਨ = ਕੰਨਾਂ ਨਾਲ ਹਰਿ = ਹਰੀ ਵਾਹਿਗੁਰੂ ਹਰਿ = ਜੋ ਸਾਰਿਆਂ ਨੂੰ ਹਰੇ ਭਰੇ ਕਰਨ ਵਾਲਾ ਹੈ, ਉਸ ਦਾ ਜਸ ਸੁਣਦਾ ਹੈ॥੭॥

## ਨਿਰਗੁਨੁ ਆਪਿ; ਸਰਗੁਨੁ ਭੀ ਓਹੀ ॥ ਕਲਾ ਧਾਰਿ; ਜਿਨਿ ਸਗਲੀ ਮੋਹੀ ॥

ਉਹ ਨਿਰਗੁਣ ਸਰੂਪ ਵਿਚ ਵੀ ਆਪ ਹੈ ਤੇ ਉਹ ਸਰਗੁਣ ਸਰੂਪ ਵਿਚ ਭੀ = ਵੀ ਆਪ ਹੀ ਹੈ **ਵਾ:** ਨਿਰਗੁਣ = ਜੋ ਬ੍ਰਹਮ ਰੂਪ ਰੰਗ ਤੋਂ ਰਹਿਤ ਹੈ, ਉਹ ਵੀ ਆਪ ਹੀ ਹੈ ਤੇ ਸਰਗੁਣ ਵੀ ਉਹੋ ਹੀ ਹੈ। ਜਿਨਿ = ਜਿਸ ਨੇ ਆਪਣੀ ਕਲਾ = ਸ਼ਕਤੀ ਧਾਰ ਕੇ ਸਗਲੀ = ਸਾਰੀ ਸ੍ਰਿਸ਼ਟੀ ਨੂੰ ਮੋਹੀ = ਮੋਹ ਲਿਆ ਹੈ **ਵਾ:** ਮਾਇਆ ਦੇ ਮੋਹ ਵਿਚ ਮੋਹਿਤ ਕਰਨਾ ਕੀਤਾ ਹੈ।

## ਅਪਨੇ ਚਰਿਤ; ਪ੍ਰਭਿ ਆਪਿ ਬਨਾਏ ॥ ਅਪੁਨੀ ਕੀਮਤਿ; ਆਪੇ ਪਾਏ ॥

ਆਪਣੇ ਚਰਿਤ = ਕੌਤਕਾਂ ਨੂੰ ਪ੍ਰਭਿ = ਹਰੀ ਵਾਹਿਗੁਰੂ ਨੇ ਆਪ ਹੀ ਬਣਾਏ = ਬਣਾਉਣਾ ਕੀਤਾ ਹੈ। ਅਤੇ ਆਪਣੀ ਕੀਮਤ ਨੂੰ ਆਪ ਹੀ ਪਾਏ = ਪਾ ਸਕਦਾ ਹੈ, ਹੋਰ ਕੋਈ ਨਹੀਂ ਜਾਣ ਸਕਦਾ। ਜੈਸਾ ਕਿ :

**ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥੮॥੪॥** *(ਅੰਗ ੨੬੮)*

## ਹਰਿ ਬਿਨੁ; ਦੂਜਾ ਨਾਹੀ ਕੋਇ ॥ ਸਰਬ ਨਿਰੰਤਰਿ; ਏਕੋ ਸੋਇ ॥

ਹਰਿ = ਹਰੀ ਅਕਾਲ ਪੁਰਖ ਤੋਂ ਬਿਨੁ = ਬਗ਼ੈਰ ਹੋਰ ਕੋਇ = ਕੋਈ ਦੂਜਾ = ਦੂਸਰਾ ਉਸ ਵਰਗਾ ਸਮੱਰਥ ਨਹੀਂ ਹੈ। ਸੋਇ = ਓਹੋ ਇੱਕੋ ਹੀ ਸਰਬ = ਸਾਰਿਆਂ ਵਿਚ ਨਿਰੰਤਰਿ = ਅੰਤਰੇ ਤੋਂ ਰਹਿਤ **ਵਾ:** ਭੇਦ ਤੋਂ ਰਹਿਤ **ਵਾ:** ਇਕ-ਰਸ ਪਰੀਪੂਰਨ ਹੈ।

## ਓਤਿ ਪੋਤਿ; ਰਵਿਆ ਰੂਪ ਰੰਗ ॥ ਭਏ ਪ੍ਰਗਾਸ; ਸਾਧ ਕੈ ਸੰਗ ॥

ਵਾਹਿਗੁਰੂ ਵਿਚ ਭਗਤ ਪਰੋਤੇ ਹੋਏ ਤੇ ਭਗਤਾਂ ਵਿਚ ਵਾਹਿਗੁਰੂ ਪਰੋਤਾ ਹੋਇਆ ਹੈ **ਵਾ:** ਓਤਿ ਪੋਤਿ = ਤਾਣੇ ਪੇਟੇ ਵਤ ਸਾਰਿਆਂ ਰੂਪਾਂ ਰੰਗਾਂ ਆਕਾਰਾਂ ਵਿਚ ਆਪ ਹੀ ਸੱਚਾ ਪਾਤਿਸ਼ਾਹ ਰਵਿਆ = ਮਿਲਿਆ ਹੋਇਆ ਹੈ। ਇਹ ਗਿਆਨ ਦਾ ਪ੍ਰਗਾਸ = ਚਾਨਣ ਸਾਧ = ਸ੍ਰੇਸ਼ਟ ਜਨਾਂ ਕੈ = ਦੇ ਸੰਗ = ਨਾਲ ਮਿਲ ਕੇ ਪ੍ਰਾਪਤ ਭਏ = ਹੁੰਦਾ ਹੈ।

[ਅੰਗ ੨੮੮]

## ਰਚਿ ਰਚਨਾ; ਅਪਨੀ ਕਲ ਧਾਰੀ ॥
## ਅਨਿਕ ਬਾਰ; ਨਾਨਕ ਬਲਿਹਾਰੀ ॥੮॥੧੮॥

ਹਰੀ ਵਾਹਿਗੁਰੂ ਨੇ ਸੂਖਮ ਤੱਤਾਂ ਦੁਆਰਾ ਸੂਖਮ ਰਚਨਾ ਰਚੀ ਹੈ, ਸਥੂਲ ਤੱਤਾਂ ਦੁਆਰਾ ਸਥੂਲ ਰਚਨਾ ਰਚੀ ਹੈ **ਵਾ:** ਵਾਹਿਗੁਰੂ ਨੇ ਸੰਸਾਰਕ ਰਚਨਾ ਰਚ ਕੇ, ਇਸ ਵਿਚ ਆਪਣੀ ਚੇਤਨ ਸੱਤਾ ਰੂਪੀ ਕਲ = ਸ਼ਕਤੀ ਧਾਰੀ ਹੋਈ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਨਿਕ = ਅਨੇਕਾਂ ਵਾਰ ਉਸ ਹਰੀ ਵਾਹਿਗੁਰੂ ਤੋਂ ਬਲਿਹਾਰੀ = ਕੁਰਬਾਨ ਜਾਈਏ ॥੮॥੧੮॥

(ਅਠ੍ਹਾਰਵੀਂ ਅਸਟਪਦੀ ਵਿਚ ਪੂਰੇ ਅੱਖਰ ੧੦੩੧, ਪੈਰਾਂ ਵਾਲੇ ਰਾਰੇ ੨੦, ਅੱਧਾ ਅੱਖਰ ੧, ਕੁੱਲ ਅੱਖਰ ੧੦੫੨ ਹਨ)

## ਸਲੋਕੁ ॥ ਸਾਥਿ ਨ ਚਾਲੈ ਬਿਨੁ ਭਜਨ; ਬਿਖਿਆ ਸਗਲੀ ਛਾਰੁ ॥

ਅਕਾਲ ਪੁਰਖ ਵਾਹਿਗੁਰੂ ਦੇ ਭਜਨ = ਸਿਮਰਨ ਤੋਂ ਬਿਨੁ = ਬਗ਼ੈਰ ਪਰਲੋਕ ਵਿਚ ਕੁਝ ਵੀ ਸਾਥਿ = ਨਾਲ ਨ = ਨਹੀਂ ਚਾਲੈ = ਚੱਲਦਾ, ਇਹ ਸਗਲੀ = ਸਾਰੀ ਸ੍ਰਿਸ਼ਟੀ ਬਿਖਿਆ = ਵਿਸ਼ਿਆਂ ਵਿਚ ਲੱਗ ਕੇ ਛਾਰੁ = ਖ਼ਾਕ ਰੂਪ ਹੋ ਰਹੀ ਹੈ **ਵਾ:** ਇਹ ਬਿਖਿਆ = ਮਾਇਆ ਸਗਲੀ = ਸਾਰੀ ਇਥੇ ਹੀ ਛਾਰੁ = ਸੁਆਹ ਹੋ ਜਾਵੇਗੀ।

## ਹਰਿ ਹਰਿ ਨਾਮੁ ਕਮਾਵਨਾ; ਨਾਨਕ ਇਹੁ ਧਨੁ ਸਾਰੁ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਹਰਿ = ਹਰੀ ਵਾਹਿਗੁਰੂ ਜੋ ਹਰਿ = ਸਾਰਿਆਂ ਨੂੰ ਹਰੇ ਭਰੇ ਕਰਨ ਵਾਲਾ ਭਾਵ ਸਭਨਾਂ ਦੇ ਅੰਦਰ ਚੇਤਨ ਸੱਤਾ ਦੇਣ ਵਾਲਾ ਹੈ ਉਸ ਦੇ ਨਾਮ ਨੂੰ ਕਮਾਵਨਾ = ਕਮਾਉਣਾ ਹੈ, ਇਹੋ ਸਾਰੁ = ਸ੍ਰੇਸ਼ਟ ਧਨ ਪਰਲੋਕ ਵਿਚ ਜੀਵ ਦੇ ਨਾਲ ਜਾਣ ਵਾਲਾ ਹੈ ॥੧॥

## ਅਸਟਪਦੀ ॥
## ਸੰਤ ਜਨਾ ਮਿਲਿ; ਕਰਹੁ ਬੀਚਾਰੁ ॥ ਏਕੁ ਸਿਮਰਿ; ਨਾਮ ਆਧਾਰੁ ॥

ਹੇ ਭਾਈ! ਸਾਸ ਗਿਰਾਸ ਨਾਮ ਜਪਣ ਵਾਲੇ ਸੰਤ ਜਨਾਂ ਨਾਲ ਮਿਲਿ = ਮਿਲਾਪ ਕਰ ਕੇ ਵਾਹਿਗੁਰੂ ਨਾਮ ਦੀ ਬੀਚਾਰੁ = ਵਿਚਾਰ ਕਰਨੀ ਕਰੋ। ਏਕੁ = ਇਕ ਪਰਮੇਸ਼ਰ ਦਾ ਨਾਮ ਹੀ ਹਿਰਦੇ ਵਿਚ

ਸਿਮਰਿ = ਸਿਮਰਨਾ ਕਰੋ, ਕਿਉਂਕਿ ਨਾਮ ਹੀ ਲੋਕ ਪਰਲੋਕ ਦਾ ਆਧਾਰੁ = ਆਸਰਾ ਹੈ, ਸੰਸਾਰ ਵਿਚ ਹੋਰ ਕੋਈ ਚੀਜ਼ ਆਸਰਾ ਰੂਪ ਨਹੀਂ ਹੈ।

## ਅਵਰਿ ਉਪਾਵ ਸਭਿ; ਮੀਤ ਬਿਸਾਰਹੁ ॥
## ਚਰਨ ਕਮਲ; ਰਿਦ ਮਹਿ ਉਰਿ ਧਾਰਹੁ ॥

ਹੇ ਮੀਤ = ਮਿੱਤਰੋ ! ਅਵਰਿ = ਹੋਰ ਸਭਿ = ਸਾਰੇ ਛਲ ਫਰੇਬ ਆਦਿ ਉਪਾਵ = ਯਤਨਾਂ ਨੂੰ ਬਿਸਾਰਹੁ = ਭੁਲਾ ਦੇਣਾ ਕਰੋ। ਰਿਦ = ਹਿਰਦੇ ਨੂੰ ਕਾਮ, ਕ੍ਰੋਧ, ਲੋਭ ਆਦਿਕ ਤੋਂ ਸ਼ੁੱਧ ਕਰ ਕੇ ਸਤਿਗੁਰਾਂ ਦੇ ਚਰਨਾਂ ਕਮਲਾਂ ਨੂੰ ਆਪਣੇ ਉਰਿ = ਹਿਰਦੇ ਮਹਿ = ਵਿਚ ਧਾਰਹੁ = ਧਾਰਨਾ ਕਰੋ **ਵਾ:** ਹਰੀ ਵਾਹਿਗੁਰੂ ਦੇ ਚਰਨ ਸਾਰਿਆਂ ਤੋਂ ਉਰਿ = ਅਧਿਕ ਉੱਤਮ ਜਾਣ ਕਰ ਕੇ ਰਿਦ = ਹਿਰਦੇ ਮਹਿ = ਵਿਚ ਧਾਰਹੁ = ਧਾਰਨਾ ਕਰੋ **ਵਾ:** ਗੁਰੂ ਸਾਹਿਬ ਜੀ ਦੇ ਚਰਨਾਂ ਕਮਲਾਂ ਨੂੰ ਰਿਦ ਉਰਿ ਭਾਵ ਮਨ ਬੁੱਧ ਵਿਚ ਧਾਰਨਾ ਕਰੋ।

**ਸਾਖੀ—ਰਾਧਕਾ ਦੁਆਰਾ ਭਗਵਾਨ ਕ੍ਰਿਸ਼ਨ ਦੇ ਚਰਨ ਹਿਰਦੇ ਵਿਚ ਵਸਾਉਣ ਦੀ** : ਦੁਆਪਰ ਦੇ ਅਵਤਾਰ ਕ੍ਰਿਸ਼ਨ ਜੀ, ਜੋ ਸੋਲ੍ਹਾਂ(੧੬) ਕਲਾ ਸੰਪੂਰਨ ਅਵਤਾਰ ਮੰਨੇ ਹਨ, ਆਪ ਜੀ ਦੇ ਜੀਵਨ ਦੇ ਅਨੇਕਾਂ ਕੌਤਕ ਭਗਵਤ ਪੁਰਾਣ ਦੇ ਵਿਚ ਅੰਕਿਤ ਹਨ, ਭਗਵਾਨ ਕ੍ਰਿਸ਼ਨ ਜੀ ਦੀਆਂ ਜੋ ਗੋਪੀਆਂ ਸਨ, ਉਨ੍ਹਾਂ ਵਿੱਚੋਂ ਰਾਧਕਾ ਦੀ ਅਵਸਥਾ ਬਾਕੀ ਦੀਆਂ ਹੋਰ ਗੋਪੀਆਂ ਨਾਲੋਂ ਬਹੁਤ ਉੱਚੀ ਸੀ। ਜੋ ਭਗਵਾਨ ਜੀ 'ਤੇ ਸ਼ਰਧਾ ਰਾਧਕਾ ਨੂੰ ਸੀ, ਉਹ ਬਾਕੀ ਦੀਆਂ ਹੋਰ ਗੋਪੀਆਂ ਵਿਚ ਸ਼ਰਧਾ ਘੱਟ ਸੀ। ਇਤਨਾ ਹੀ ਫ਼ਰਕ ਸੀ ਕਿ ਬਾਕੀ ਦੀਆਂ ਗੋਪੀਆਂ ਕੇਵਲ ਪਤੀ ਮੰਨਦੀਆਂ ਸਨ ਤੇ ਰਾਧਕਾ ਜਿਥੇ ਪਤੀ ਮੰਨਦੀ ਸੀ, ਉਥੇ ਨਾਲ ਪਤੀ ਪਰਮਾਤਮਾ ਮੰਨਦੀ ਸੀ, ਕਿਉਂਕਿ ਰਾਧਾ ਲਛਮੀ ਦਾ ਅਵਤਾਰ ਮੰਨੀ ਹੈ ਤੇ ਭਗਵਾਨ ਕ੍ਰਿਸ਼ਨ ਜੀ ਵਿਸ਼ਨੂੰ ਅਵਤਾਰ ਸਨ। ਇਸ ਲਈ ਜੋ ਪਿਛਲਾ ਸੰਬੰਧ ਰਾਧਕਾ ਦਾ ਹੈ, ਉਹ ਬਾਕੀ ਕਿਸੇ ਗੋਪੀ ਦਾ ਨਹੀਂ, ਰਾਧਕਾ ਦੀ ਸੇਵਾ ਭਾਵਨਾ ਤੋਂ ਖ਼ੁਸ਼ ਹੋ ਕੇ ਭਗਵਾਨ ਕ੍ਰਿਸ਼ਨ ਜੀ ਨੇ ਰਾਧਕਾ ਦੇ ਹਿਰਦੇ ਵਿਚ ਆਪਣੇ ਚਰਨਾਂ ਕਮਲਾਂ ਦਾ ਆਸਰਾ ਦੇ ਦਿੱਤਾ। ਰਾਧਕਾ ਦੀ ਬਿਰਤੀ ਹਰ ਸਮੇਂ ਭਗਵਾਨ ਕ੍ਰਿਸ਼ਨ ਜੀ ਦੇ ਚਰਨਾਂ ਵਿਚ ਟਿਕੀ ਰਹਿੰਦੀ ਸੀ, ਇਸ ਅਨੰਦ ਦਾ ਜ਼ਿਕਰ ਭਗਤ ਕਬੀਰ ਜੀ ਕਰਦੇ ਹਨ। ਜੈਸਾ ਕਿ :

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥**
**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥** *(ਸਲੋਕ ਕਬੀਰ ਜੀ, ਅੰਗ ੧੩੭੦)*

ਰਾਧਕਾ ਦੀ ਐਸੀ ਅਵਸਥਾ ਹੋ ਗਈ ਕਿ ਕਈ ਵਾਰ ਖਾਣ-ਪੀਣ ਵਾਲੀ ਵਸਤੂ ਦਾ ਪਤਾ ਨਹੀਂ ਸੀ ਲੱਗਦਾ ਕਿ ਇਹ ਸਵਾਦ ਹੈ ਜਾਂ ਬੇਸਵਾਦੀ ਹੈ, ਕੌੜੀ ਹੈ ਜਾਂ ਮਿੱਠੀ ਹੈ, ਖਾਣ ਵਾਲੀ ਵਸਤੂ ਗਰਮ ਜਾਂ ਠੰਢੀ ਹੈ, ਗੋਪੀਆਂ ਨੂੰ ਵੀ ਇਸ ਗੱਲ ਦਾ ਪਤਾ ਸੀ ਕਿ ਇਸ ਹਾਲਤ ਵਿਚ ਕੁਝ ਵੀ ਖਾ ਸਕਦੀ ਹੈ, ਗੋਪੀਆਂ ਦੇ ਮਨ ਵਿਚ ਈਰਖਾ ਤਾਂ ਪਹਿਲਾਂ ਹੀ ਸੀ ਕਿ ਭਗਵਾਨ ਕ੍ਰਿਸ਼ਨ ਜੀ ਇਸ ਨੂੰ ਸਾਡੇ ਨਾਲੋਂ ਵੱਧ ਪਿਆਰ ਕਰਦੇ ਹਨ, ਭਗਵਾਨ ਕ੍ਰਿਸ਼ਨ ਤੋਂ ਡਰਦੀਆਂ ਜ਼ਹਿਰ ਤਾਂ ਨਾ ਦੇ ਸਕੀਆਂ, ਪਰ ਗਰਮ-ਗਰਮ ਰਿਝਦਾ ਦੁੱਧ ਰਾਧਕਾ ਨੂੰ ਉਸ ਮਸਤਾਨੀ ਬਿਰਤੀ ਵਿਚ ਪਿਲਾ ਦਿੱਤਾ। ਚਰਨਾਂ ਕਮਲਾਂ ਦੀ ਮਸਤੀ ਵਿਚ ਉਸ ਨੂੰ ਇਹ ਨਾ ਪਤਾ ਲੱਗਿਆ ਕਿ ਦੁੱਧ ਮੇਰਾ ਮੂੰਹ ਸਾੜ ਦੇਵੇਗਾ। ਇੱਕੋ ਸਾਹ ਵਿਚ ਉਬਲਦਾ ਉਬਲਦਾ ਦੁੱਧ ਪੀ ਗਈ। ਰਾਧਕਾ ਨੂੰ ਗਰਮ ਦੁੱਧ ਮਹਿਸੂਸ ਨਹੀਂ ਹੋਇਆ ਕਿਉਂਕਿ ਅੰਦਰ ਚਰਨਾਂ ਕਮਲਾਂ ਦੀ ਟੇਕ ਸੀ। ਭਗਵਾਨ ਕ੍ਰਿਸ਼ਨ ਜੀ ਨੇ ਆਪਣੇ ਬਿਰਦ ਨੂੰ ਸੰਭਾਲਦਿਆਂ ਹੋਇਆਂ ਕੋਈ ਤਕਲੀਫ਼ ਨਹੀਂ ਹੋਣ ਦਿੱਤੀ। ਬਲਕਿ ਆਪਣੇ ਜ਼ਿੰਮੇ ਲੈ ਲਈ ਅਤੇ ਈਰਖਾ ਕਰਨ ਵਾਲੀਆਂ ਗੋਪੀਆਂ ਹੈਰਾਨ ਸਨ ਕਿ ਇਸ ਨੂੰ ਅੱਗ ਵਰਗੇ ਦੁੱਧ ਤੋਂ ਕੋਈ ਤਕਲੀਫ਼ ਨਹੀਂ ਹੋਈ। ਜਦੋਂ ਸਾਰੀਆਂ ਗੋਪੀਆਂ ਇਕੱਠੀਆਂ ਹੋ ਕੇ ਭਗਵਾਨ ਕ੍ਰਿਸ਼ਨ ਜੀ ਦੇ ਚਰਨ ਪਰਸਨ ਗਈਆਂ ਤਾਂ ਨਮਸਕਾਰ ਕਰ ਕੇ ਹੈਰਾਨੀ ਨਾਲ ਪੁੱਛਿਆ ਕਿ ਭਗਵਾਨ ਜੀ ! ਤੁਹਾਡੇ

ਚਰਨਾਂ 'ਤੇ ਇਹ ਕੀ ਹੋ ਗਿਆ ? ਸਾਰੇ ਛਾਲੇ ਹੀ ਛਾਲੇ ਹੋਏ ਪਏ ਹਨ ਤਾਂ ਭਗਵਾਨ ਜੀ ਨੇ ਉੱਤਰ ਦਿੱਤਾ ਕਿ ਆਪ ਹੀ ਮੇਰੇ ਚਰਨਾਂ ਨੂੰ ਫੂਕ ਕੇ ਫਿਰ ਪੁੱਛ ਰਹੀਆਂ ਹੋ ? ਗੋਪੀਆਂ ਡਰ ਗਈਆਂ ਅਤੇ ਬੇਨਤੀ ਕਰਨ ਲੱਗੀਆਂ ਕਿ ਇਹ ਭਗਵਾਨ ਜੀ ਕਿਵੇਂ ਹੋ ਸਕਦਾ ਹੈ ? ਤਾਂ ਭਗਵਾਨ ਜੀ ਨੇ ਕਿਹਾ ਕਿ ਗੋਪੀਓ ! ਤੁਸਾਂ ਨੇ ਰਾਤੀਂ ਰਾਧਕਾ ਨੂੰ ਅੱਗ ਵਰਗਾ ਗਰਮ ਦੁੱਧ ਈਰਖਾ ਵਿਚ ਪਿਆਇਆ ਹੈ। ਉਸ ਦੁੱਧ ਨੇ ਜੋ ਰਾਧਕਾ ਦੇ ਸਰੀਰ ਨੂੰ ਸਾੜਨਾ ਸੀ, ਪਰ ਨਹੀਂ ਸਾੜਿਆ, ਕਿਉਂਕਿ ਰਾਧਕਾ ਦੇ ਹਿਰਦੇ ਵਿਚ ਮੇਰੇ ਚਰਨਾਂ ਦਾ ਆਸਰਾ ਹੈ। ਇਸ ਆਸਰੇ ਉਹ ਤਾਂ ਬਚ ਗਈ, ਪਰ ਮੈਂ ਕਿਵੇਂ ਬਚਦਾ, ਸਾਰਾ ਦੁੱਧ ਮੇਰੇ ਚਰਨਾਂ 'ਤੇ ਪਿਆ ਤੇ ਮੇਰੇ ਚਰਨ ਸੜ ਕੇ ਛਾਲੇ ਉਭਰ ਆਏ। ਫੇਰ ਸਾਰੀਆਂ ਗੋਪੀਆਂ ਨੇ ਰਾਧਕਾ ਤੇ ਭਗਵਾਨ ਕ੍ਰਿਸ਼ਨ ਜੀ ਤੋਂ ਮੁਆਫ਼ੀ ਮੰਗੀ। ਸੋ ਇਸੇ ਪ੍ਰਕਾਰ ਜਿਨ੍ਹਾਂ ਦੇ ਹਿਰਦੇ ਵਿਚ ਚਰਨਾਂ ਕਮਲਾਂ ਦੀ ਟੇਕ ਹੈ, ਉਨ੍ਹਾਂ ਦਾ ਕਦੇ ਵੀ ਕੁਝ ਨਹੀਂ ਵਿਗੜਦਾ। ਇਸੇ ਤਰ੍ਹਾਂ ਭਾਈ ਗੋਂਦਾ ਜੀ ਜੋ ਕਾਬਲ ਦੇ ਰਹਿਣ ਵਾਲੇ ਸਨ, ਉਨ੍ਹਾਂ ਨੇ ਸਤਿਗੁਰਾਂ ਦੇ ਚਰਨਾਂ ਦੀ ਟੇਕ ਰੱਖੀ ਸੀ।

## ਕਰਨ ਕਾਰਨ; ਸੋ ਪ੍ਰਭੁ ਸਮਰਥੁ ॥ ਦ੍ਰਿੜੁ ਕਰਿ ਗਹਹੁ; ਨਾਮੁ ਹਰਿ ਵਥੁ ॥

ਸੋ = ਉਹ ਪ੍ਰਭੁ = ਪ੍ਰਭੂ ਸਾਰੇ ਕਾਰਨ = ਕਾਰਜਾਂ ਦੇ ਕਰਨ ਕਰਾਉਣ ਲਈ ਸਮਰਥੁ = ਸਰਬ ਕਲਾ ਸ਼ਕਤੀਮਾਨ ਹੈ। ਹਰਿ = ਹਰੀ ਵਾਹਿਗੁਰੂ ਦੀ ਨਾਮ ਰੂਪੀ ਵਥੁ = ਵਸਤੂ ਨੂੰ ਮਨ ਵਿਚ ਚੰਗੀ ਤਰ੍ਹਾਂ ਦ੍ਰਿੜੁ = ਪੱਕਾ ਕਰਿ = ਕਰ ਕੇ ਗਹਹੁ = ਗ੍ਰਹਿਣ ਕਰ ਲਵੋ ਕਿਉਂਕਿ ਨਾਮ ਹੀ ਲੋਕ ਪਰਲੋਕ ਵਿਚ ਸਾਥ ਰਹਿਣ ਵਾਲਾ ਹੈ।

## ਇਹੁ ਧਨੁ ਸੰਚਹੁ; ਹੋਵਹੁ ਭਗਵੰਤ ॥ ਸੰਤ ਜਨਾ ਕਾ; ਨਿਰਮਲ ਮੰਤ ॥

ਇਹੁ = ਇਸ ਨਾਮ ਰੂਪੀ ਧਨੁ = ਦੌਲਤ ਨੂੰ ਸੰਚਹੁ = ਇਕੱਤਰ ਕਰੋ ਤਾਂ ਤੁਸੀਂ ਭਗਵੰਤ = ਭਾਗਾਂ ਵਾਲੇ ਹੋ ਜਾਵੋਗੇ **ਵਾ:** ਬਲਕਿ ਭਗਵੰਤ = ਪਰਮੇਸ਼ਰ ਦਾ ਸਰੂਪ ਹੀ ਹੋ ਜਾਵੋਗੇ। ਸੰਤ ਜਨਾ = ਮਹਾਤਮਾ ਜਨਾਂ ਕਾ = ਦਾ ਇਹੋ ਨਿਰਮਲ = ਉੱਜਲ ਮੰਤ = ਉਪਦੇਸ਼ ਹੈ, ਭਾਵ ਸਲਾਹ ਹੈ ਕਿ ਨਾਮ ਧਨ ਨੂੰ ਇਕੱਤਰ ਕਰੋ।

## ਏਕ ਆਸ; ਰਾਖਹੁ ਮਨ ਮਾਹਿ ॥ ਸਰਬ ਰੋਗ; ਨਾਨਕ ਮਿਟਿ ਜਾਹਿ ॥੧॥

ਏਕ = ਇਕ ਹਰੀ ਅਕਾਲ ਪੁਰਖ ਵਾਹਿਗੁਰੂ ਦੀ ਮਨ = ਅੰਤਸ਼ਕਰਨ ਮਾਹਿ = ਵਿਚ ਆਸ = ਇੱਛਾ ਰਾਖਹੁ = ਰੱਖਣੀ ਕਰੋ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਦੀ ਆਸ ਰੱਖਿਆਂ ਸਰਬ = ਸਾਰੇ ਅਹੰਕਾਰ, ਅਗਿਆਨ ਆਦਿ ਰੋਗ ਮਿਟਿ = ਨਾਸ ਹੋ ਜਾਹਿ = ਜਾਣਗੇ ॥੧॥

## ਜਿਸੁ ਧਨ ਕਉ; ਚਾਰਿ ਕੁੰਟ ਉਠਿ ਧਾਵਹਿ ॥
## ਸੋ ਧਨੁ; ਹਰਿ ਸੇਵਾ ਤੇ ਪਾਵਹਿ ॥

ਜਿਸ ਦੁਨਿਆਵੀ ਧਨ = ਦੌਲਤ ਕਉ = ਨੂੰ ਜੀਵ ਇਕੱਠਾ ਕਰਨ ਵਾਸਤੇ ਚਾਰਿ ਕੁੰਟ = ਚਾਰੇ ਦਿਸ਼ਾਵਾਂ ਉੱਤਰ ਦੱਖਣ, ਪੂਰਬ ਪੱਛਮ ਵਿਚ ਉੱਠ ਉੱਠ ਕੇ ਧਾਵਹਿ = ਦੌੜਦਾ ਹੈ। ਸੋ = ਉਸ ਧਨੁ = ਦੌਲਤ ਨੂੰ ਜੀਵ ਹਰਿ = ਹਰੀ ਵਾਹਿਗੁਰੂ ਦੀ ਸੇਵਾ = ਟਹਿਲ ਤੇ = ਤੋਂ ਪਾਵਹਿ = ਪ੍ਰਾਪਤ ਕਰ ਸਕਦਾ ਹੈ।

## ਜਿਸੁ ਸੁਖ ਕਉ; ਨਿਤ ਬਾਛਹਿ ਮੀਤ ॥ ਸੋ ਸੁਖੁ; ਸਾਧੂ ਸੰਗਿ ਪਰੀਤਿ ॥

ਹੇ ਮੇਰੇ ਪਿਆਰੇ ਮੀਤ = ਸੱਜਣਾ ! ਜਿਸ ਸੁਖ ਕਉ = ਨੂੰ ਤੂੰ ਨਿਤ = ਨਿਤਾਪ੍ਰਤੀ ਬਾਛਹਿ = ਚਾਹੁੰਦਾ ਹੈਂ। ਸੋ = ਉਹ ਸੁਖ ਸਾਧੂਆਂ ਦੀ ਸੰਗਤ ਸੰਗਿ = ਨਾਲ ਪਰੀਤਿ = ਪ੍ਰੀਤੀ ਕਰ ਕੇ ਪ੍ਰਾਪਤ ਹੁੰਦਾ ਹੈ।

## ਜਿਸੁ ਸੋਭਾ ਕਉ; ਕਰਹਿ ਭਲੀ ਕਰਨੀ ॥ ਸਾ ਸੋਭਾ; ਭਜੁ ਹਰਿ ਕੀ ਸਰਨੀ ॥

ਜਿਸ ਸੋਭਾ = ਵਡਿਆਈ ਵਾਸਤੇ ਤੂੰ ਧਨ ਖ਼ਰਚ ਕੇ ਜਾਂ ਕੋਈ ਭਲੀ = ਚੰਗੀ ਕਰਨੀ = ਕਰਤੂਤ (ਕਰਤੱਬ) ਕਰਹਿ = ਕਰ ਕੇ ਲੋਕਾਂ ਕਉ = ਨੂੰ ਦਿਖਾਉਂਦਾ ਹੈਂ। ਸਾ = ਉਸ ਸੋਭਾ = ਵਡਿਆਈ ਵਾਸਤੇ ਤੂੰ ਹਰਿ = ਪ੍ਰਭੂ ਕੀ = ਦੀ ਸਰਨੀ = ਓਟ ਵਿਚ ਪੈ ਕੇ ਨਾਮ ਦਾ ਭਜੁ = ਭਜਨ ਕਰ।

## ਅਨਿਕ ਉਪਾਵੀ; ਰੋਗੁ ਨ ਜਾਇ ॥ ਰੋਗੁ ਮਿਟੈ; ਹਰਿ ਅਵਖਧੁ ਲਾਇ ॥

ਜੋ ਅਨਿਕ = ਅਨੇਕਾਂ ਉਪਾਵੀ = ਯਤਨਾਂ ਕਰਕੇ ਜੰਮਣ ਮਰਣ ਦੇ ਰੋਗ ਜੀਵ ਦੇ ਨਹੀਂ ਜਾਇ = ਜਾਂਦੇ। ਉਹ ਸਾਰੇ ਹੰਕਾਰ ਆਦਿਕ ਦੇ ਰੋਗ ਹਰਿ = ਪ੍ਰਭੂ ਦੀ ਨਾਮ ਰੂਪੀ ਅਵਖਧੁ = ਦਵਾਈ ਲਾਇ = ਲਾਉਣੇ ਕਰ ਕੇ ਮਿਟੈ = ਮਿਟ ਜਾਂਦੇ ਹਨ।

## ਸਰਬ ਨਿਧਾਨ ਮਹਿ; ਹਰਿ ਨਾਮੁ ਨਿਧਾਨੁ ॥
## ਜਪਿ ਨਾਨਕ; ਦਰਗਹਿ ਪਰਵਾਨੁ ॥੨॥

ਸਰਬ = ਸਾਰਿਆਂ ਨਿਧਾਨ = ਖ਼ਜ਼ਾਨਿਆਂ ਮਹਿ = ਵਿੱਚੋਂ ਹਰਿ = ਪ੍ਰਭੂ ਦਾ ਨਾਮ ਹੀ ਅਸਲੀ ਨਿਧਾਨੁ = ਖ਼ਜ਼ਾਨਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਿਆਰਿਆ ਉਸ ਵਾਹਿਗੁਰੂ ਦੇ ਅੰਮ੍ਰਿਤ ਨਾਮ ਨੂੰ ਜਪਿ = ਜਪਣਾ ਕਰ ਤਾਂ ਤੂੰ ਉਸ ਪ੍ਰਭੂ ਦੀ ਦਰਗਾਹ ਵਿਚ ਪਰਵਾਨੁ = ਪ੍ਰਮਾਣਨੀਕ ਹੋਵੇਂਗਾ ॥੨॥

## ਮਨੁ ਪਰਬੋਧਹੁ ਹਰਿ ਕੈ ਨਾਇ ॥ ਦਹ ਦਿਸਿ ਧਾਵਤ ਆਵੈ ਠਾਇ ॥

ਹੇ ਭਾਈ! ਹਰਿ = ਪਰਮੇਸ਼ਰ ਕੈ = ਦੇ ਨਾਇ = ਨਾਮ ਦੁਆਰਾ ਆਪਣੇ ਮਨੁ = ਹਿਰਦੇ ਨੂੰ ਪਰਬੋਧਹੁ = ਵਿਸ਼ੇਸ਼ ਗਿਆਨ ਦੇ ਸਹਿਤ ਕਰੋ। ਫੇਰ ਦਹ ਦਿਸਿ = ਦਸੇ ਦਿਸ਼ਾਵਾਂ **ਵਾ:** ਦਸੇ ਇੰਦਰੀਆਂ ਰੂਪ ਦਿਸ਼ਾਵਾਂ ਵਿਚ ਧਾਵਤੁ = ਦੌੜਦਾ ਹੋਇਆ ਮਨ ਸਰੂਪ ਰੂਪੀ ਠਾਇ = ਥਾਂ ਵਿਚ ਆਵੈ = ਆ ਕੇ ਟਿਕ ਜਾਵੇਗਾ।

## ਤਾ ਕਉ; ਬਿਘਨੁ ਨ ਲਾਗੈ ਕੋਇ ॥ ਜਾ ਕੈ ਰਿਦੈ; ਬਸੈ ਹਰਿ ਸੋਇ ॥

ਤਾਕਉ = ਉਨ੍ਹਾਂ ਪੁਰਖਾਂ ਨੂੰ ਫੇਰ ਕੋਇ = ਕੋਈ ਵੀ ਬਿਘਨੁ = ਰੁਕਾਵਟ ਆ ਕੇ ਨ = ਨਹੀਂ ਲਾਗੈ = ਲੱਗਦੀ ਭਾਵ ਬਿਘਨ ਨਹੀਂ ਲੱਗ ਸਕਦਾ। ਜਾ ਕੈ = ਜਿਨ੍ਹਾਂ ਦੇ ਰਿਦੈ = ਹਿਰਦੇ ਵਿਚ ਸੋਇ = ਉਹ ਹਰਿ = ਹਰੀ ਵਾਹਿਗੁਰੂ ਪ੍ਰੋਖ ਹੋ ਕੇ ਪਾਲਨਾ ਕਰਨ ਵਾਲਾ ਬਸੈ = ਵੱਸਦਾ ਹੈ।

## ਕਲਿ ਤਾਤੀ; ਠਾਂਢਾ ਹਰਿ ਨਾਉ ॥ ਸਿਮਰਿ ਸਿਮਰਿ; ਸਦਾ ਸੁਖ ਪਾਉ ॥

ਕਲਿ = ਕਲਿਜੁਗ ਦੀ ਕਿਰਿਆ ਤਾਤੀ = ਅਗਨੀਵਤ ਹੋ ਕੇ ਜੀਵਾਂ ਦੇ ਹਿਰਦਿਆਂ ਨੂੰ ਦੁਖ ਦੇਣ ਵਾਲੀ ਹੈ ਅਤੇ ਇਸ ਤਪਸ਼ ਨੂੰ ਬੁਝਾਉਣ ਵਾਲਾ ਹਰਿ = ਹਰੀ ਵਾਹਿਗੁਰੂ ਦਾ ਨਾਉ = ਨਾਮ ਹੀ ਠਾਂਢਾ = ਸੀਤਲ ਹੈ। ਜੈਸਾ ਕਿ :

**ਕਲੀ ਕਾਲ ਕੇ ਮਿਟੇ ਕਲੇਸਾ ॥**
**ਏਕੋ ਨਾਮੁ ਮਨ ਮਹਿ ਪਰਵੇਸਾ ॥੧॥** *(ਸੂਹੀ ਮ: ੫, ਅੰਗ ੭੪੪)*

ਇਸ ਕਰਕੇ ਸਿਮਰਿ = ਸਿਮਰਨੇ ਯੋਗ ਵਾਹਿਗੁਰੂ ਦੇ ਨਾਮ ਨੂੰ ਸਿਮਰਿ = ਯਾਦ ਕਰ ਕੇ ਸਦਾ = ਹਮੇਸ਼ਾਂ ਆਤਮਿਕ ਸੁੱਖ ਨੂੰ ਪਾਉ = ਪਾਉਣਾ ਕਰੋ।

## ਭਉ ਬਿਨਸੈ; ਪੂਰਨ ਹੋਇ ਆਸ ॥ ਭਗਤਿ ਭਾਇ; ਆਤਮ ਪਰਗਾਸ ॥

ਅਤੇ ਨਾਮ ਜਪਣੇ ਕਰ ਕੇ ਸੱਤ ਪ੍ਰਕਾਰ ਦਾ ਭਉ = ਡਰ ਅਤੇ ਜੰਮਣ ਮਰਣ ਦਾ ਦੁਖ ਬਿਨਸੈ = ਵਿਸ਼ੇਸ਼ ਕਰ ਕੇ ਨਸੈ = ਨਾਸ ਹੋ ਜਾਵੇਗਾ ਅਤੇ ਤੇਰੀ ਸਾਰੀ ਆਸ = ਇੱਛਾ ਪੂਰਨ ਹੋ ਜਾਵੇਗੀ। ਅਤੇ ਭਾਇ = ਪ੍ਰੇਮਾ ਭਗਤਿ = ਭਗਤੀ ਕਰ ਕੇ ਆਤਮ = ਮਨ ਅੰਦਰ ਸ੍ਵੈਯੰ ਸਰੂਪ ਦੇ ਗਿਆਨ ਦਾ ਪਰਗਾਸ = ਚਾਨਣ ਹੋ ਜਾਵੇਗਾ।

## ਤਿਤੁ ਘਰਿ; ਜਾਇ ਬਸੈ ਅਬਿਨਾਸੀ ॥ ਕਹੁ ਨਾਨਕ; ਕਾਟੀ ਜਮ ਫਾਸੀ ॥੩॥

ਅਤੇ ਤੂੰ ਤਿਤੁ = ਉਸ ਅਬਿਨਾਸੀ = ਨਾਸ ਤੋਂ ਰਹਿਤ ਪਰਮੇਸ਼ਰ ਦੇ ਸਰੂਪ ਰੂਪੀ ਘਰ ਵਿਚ ਜਾਇ = ਜਾ ਕੇ ਬਸੈ = ਵੱਸ ਜਾਵੇਂਗਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਜੀਵ ਦੀ ਜਮਾਂ ਦੀ ਫਾਸੀ = ਫਾਹੀ ਕਾਟੀ = ਕੱਟੀ ਜਾਵੇਗੀ ॥੩॥

## ਤਤੁ ਬੀਚਾਰੁ; ਕਹੈ ਜਨੁ ਸਾਚਾ ॥ ਜਨਮਿ ਮਰੈ; ਸੋ ਕਾਚੋ ਕਾਚਾ ॥

ਜਿਹੜਾ ਸਤਿਗੁਰੂ ਸਾਹਿਬ ਜੀ ਦੇ ਤਤੁ = ਸਿਧਾਂਤ ਸਰੂਪ ਦੀ ਬੀਚਾਰ = ਵਿਚਾਰ ਨੂੰ ਕਹੈ = ਕਹਿੰਦਾ ਹੈ, ਉਹ ਜਨੁ = ਪੁਰਸ਼ ਸਾਚਾ = ਸੱਚਾ ਹੈ ਅਤੇ ਜੋ ਜੰਮਣ ਮਰੈ = ਮਰਨ ਵਾਲਿਆਂ ਦੀ ਵੀਚਾਰ ਦੱਸਦਾ ਹੈ ਜਾਂ ਕਰਦਾ ਹੈ, ਸੋ = ਉਹ ਆਪ ਵੀ ਕਾਚੋ = ਕੱਚਾ ਹੈ ਤੇ ਉਸ ਦਾ ਉਪਦੇਸ਼ ਵੀ ਕਾਚਾ = ਕੱਚਾ ਹੈ **ਵਾ:** ਜੋ ਜੰਮਦਾ ਮਰਦਾ ਹੈ, ਉਹ ਕੱਚਿਆਂ ਤੋਂ ਕੱਚਾ ਹੈ। ਜੈਸਾ ਕਿ :

**ਜੋ ਮਰਿ ਜੰਮੇ ਸੁ ਕਚੁਨਿ ਕਚੁ ॥੧॥** *(ਆਸਾ ਦੀ ਵਾਰ ਮ: ੧, ਅੰਗ ੪੬੩)*

## ਆਵਾ ਗਵਨੁ; ਮਿਟੈ ਪ੍ਰਭ ਸੇਵ ॥ ਆਪੁ ਤਿਆਗਿ; ਸਰਨਿ ਗੁਰਦੇਵ ॥

ਆਵਾ ਗਵਨੁ = ਆਉਣ ਜਾਣ ਦਾ ਚੱਕਰ ਪ੍ਰਭ = ਹਰੀ ਵਾਹਿਗੁਰੂ ਦੀ ਸੇਵ = ਟਹਿਲ ਕਰਨ ਨਾਲ ਮਿਟੈ = ਮਿਟ ਜਾਂਦਾ ਹੈ। ਇਸ ਲਈ ਆਪਾ-ਭਾਵ ਤਿਆਗਿ = ਛੱਡ ਕੇ ਗੁਰਦੇਵ = ਸਤਿਗੁਰੂ ਨਾਨਕ ਦੇਵ ਜੀ ਦੀ ਸਰਨਿ = ਓਟ ਪੈਣਾ ਕਰੋ।

## ਇਉ ਰਤਨ ਜਨਮ ਕਾ; ਹੋਇ ਉਧਾਰੁ ॥ ਹਰਿ ਹਰਿ ਸਿਮਰਿ; ਪ੍ਰਾਨ ਆਧਾਰੁ ॥

ਇਉ = ਇਸ ਤਰ੍ਹਾਂ ਰਤਨਾਂ ਦੀ ਨਿਆਈਂ ਅਮੋਲਕ ਮਨੁੱਖਾ ਜਨਮ ਕਾ = ਦਾ ਉਧਾਰ ਹੋਇ = ਹੋ ਜਾਵੇਗਾ। ਜੋ ਹਰਿ = ਸਾਰਿਆਂ ਨੂੰ ਹਰੇ ਭਰੇ ਕਰਨ ਵਾਲਾ ਹਰਿ = ਹਰੀ ਪਰਮੇਸ਼ਰ ਹੈ, ਉਸ ਨੂੰ ਪ੍ਰਾਣਾਂ ਦਾ ਆਧਾਰੁ = ਆਸਰਾ ਬਣਾ ਕੇ ਸਿਮਰਿ = ਯਾਦ ਕਰਨਾ ਕਰੋ।

## ਅਨਿਕ ਉਪਾਵ; ਨ ਛੂਟਨਹਾਰੇ ॥ ਸਿੰਮ੍ਰਿਤਿ ਸਾਸਤ; ਬੇਦ ਬੀਚਾਰੇ ॥

ਨਾਮ ਤੋਂ ਬਿਨਾਂ ਹੋਰ ਅਨਿਕ = ਅਨੇਕਾਂ ਉਪਾਵ = ਯਤਨਾਂ ਕਰ ਕੇ ਜੀਵ ਛੂਟਨਹਾਰੇ = ਛੁੱਟ ਨਹੀਂ ਸਕਦੇ। ਭਾਵੇਂ ੨੭ ਸਿੰਮ੍ਰਿਤੀਆਂ, ੬ ਸ਼ਾਸਤਰਾਂ ਤੇ ਚਾਰ ਵੇਦਾਂ ਨੂੰ ਵੀ ਬੀਚਾਰੇ = ਵਿਚਾਰ ਕਰ ਕੇ ਵੇਖ ਲਵੇ।

## ਹਰਿ ਕੀ ਭਗਤਿ; ਕਰਹੁ ਮਨੁ ਲਾਇ ॥ ਮਨਿ ਬੰਛਤ; ਨਾਨਕ ਫਲ ਪਾਇ ॥੪॥

ਹੇ ਭਾਈ ! ਹਰਿ = ਹਰੀ ਵਾਹਿਗੁਰੂ ਕੀ = ਦੀ ਭਗਤਿ = ਭਗਤੀ ਮਨ ਲਾਇ = ਲਾ ਕੇ ਕਰਹੁ = ਕਰਨਾ ਕਰੋ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਫੇਰ ਤੁਸੀਂ ਮਨ ਬੰਛਤ = ਮਨ ਇੱਛਤ ਫਲ ਪਾਇ = ਪ੍ਰਾਪਤ ਕਰ ਲਵੋਗੇ ॥੪॥

## ਸੰਗਿ ਨ ਚਾਲਸਿ; ਤੇਰੈ ਧਨਾ ॥ ਤੂੰ ਕਿਆ ਲਪਟਾਵਹਿ; ਮੂਰਖ ਮਨਾ ॥

ਹੇ ਮਨਾਂ! ਇਸ ਦੁਨਿਆਵੀ ਧਨਾ = ਦੌਲਤ ਨੇ ਤੇਰੇ ਸੰਗਿ = ਨਾਲ ਨਹੀਂ ਚਾਲਸਿ = ਚੱਲਣਾ। ਹੇ ਮੂਰਖ = ਬੇਸਮਝ ਸ਼ਾਸਤਰ ਗਿਆਨ ਤੋਂ ਹੀਣੇ ਮਨਾਂ! ਤੂੰ ਕਿਆ = ਕਿਸ ਵਾਸਤੇ ਇਸ ਮਾਇਆ ਵਿਚ ਲਪਟਾਵਹਿ = ਲੰਪਟ ਹੋ ਰਿਹਾ ਹੈਂ।

## ਸੁਤ ਮੀਤ; ਕੁਟੰਬ ਅਰੁ ਬਨਿਤਾ ॥ ਇਨ ਤੇ ਕਹਹੁ ਤੁਮ; ਕਵਨ ਸਨਾਥਾ ॥

ਸੁਤ = ਪੁੱਤਰ, ਮੀਤ = ਮਿੱਤਰ, ਕੁਟੰਬ = ਇਸਤਰੀ ਤੋਂ ਵਧਿਆ ਪਰਿਵਾਰ ਸੰਬੰਧੀ ਆਦਿ ਅਰੁ = ਅਤੇ ਬਨਿਤਾ = ਇਸਤਰੀ। ਇਨ੍ਹਾਂ ਦੇ ਮੋਹ ਤੇ = ਤੋਂ ਕਹਹੁ = ਦੱਸੋ ਕਵਨ = ਕੌਣ ਤੁਮ = ਤੇਰੀ ਸਨਾਥਾ = ਰੱਖਿਆ ਕਰਨ ਵਾਲਾ ਹੈ **ਵਾ:** ਇਨ੍ਹਾਂ ਦਾ ਮੋਹ ਕਰ ਕੇ ਦੱਸੋ ਕੌਣ ਸਨਾਥਾ = ਮੁਕਤ ਹੋਇਆ ਹੈ। ਭਾਵ ਸਫਲਤਾ ਪਾਈ ਹੈ। ਜੈਸਾ ਕਿ :

**ਪੁਤ੍ਰ ਕਲਤ੍ਰ ਲਛਮੀ ਮਾਇਆ ॥**
**ਇਨ ਤੇ ਕਹੁ ਕਵਨੈ ਸੁਖੁ ਪਾਇਆ ॥੩॥** *(ਧਨਾਸਰੀ ਕਬੀਰ ਜੀ, ਅੰਗ ੬੯੨)*

## ਰਾਜ ਰੰਗ; ਮਾਇਆ ਬਿਸਥਾਰ ॥ ਇਨ ਤੇ ਕਹਹੁ; ਕਵਨ ਛੁਟਕਾਰ ॥

ਦੁਨੀਆਂ ਦੇ ਰਾਜ ਭਾਗ ਅਤੇ ਰੰਗ = ਖੇਲ (ਤਮਾਸ਼ਾ) ਅਤੇ ਜੋ ਮਾਇਆ ਦਾ ਬਿਸਥਾਰ = ਫੈਲਾਅ ਭਾਵ ਪਸਾਰਾ ਹੈ। ਇਨ = ਇਨ੍ਹਾਂ ਦੀ ਸੰਗਤ ਤੇ = ਤੋਂ ਕਹਹੁ = ਦੱਸੋ ਭਾਈ ਕਵਨ = ਕਿਸ ਨੇ ਹੁਣ ਤਕ ਜੰਮਣ ਮਰਣ ਤੋਂ ਛੁਟਕਾਰ = ਛੁਟਕਾਰਾ ਪਾਇਆ ਹੈ, ਭਾਵ ਕਿਸੇ ਦਾ ਵੀ ਛੁਟਕਾਰਾ ਨਹੀਂ ਹੋਇਆ।

## ਅਸੁ ਹਸਤੀ; ਰਥ ਅਸਵਾਰੀ ॥ ਝੂਠਾ ਡੰਫੁ; ਝੂਠੁ ਪਾਸਾਰੀ ॥

ਅਸੁ = ਘੋੜੇ, ਹਸਤੀ = ਹਾਥੀ, ਰਥਾਂ ਦੀਆਂ ਸਵਾਰੀਆਂ, ਸੁਖ ਪਾਲਕੀ ਦੀਆਂ ਸਵਾਰੀਆਂ। ਇਸ ਝੂਠੇ ਡੰਫੁ = ਪਾਖੰਡ ਕਰ ਕੇ ਇਹ ਜੀਵ ਝੂਠੁ = ਮਿਥਿਆ ਪਾਸਾਰੀ = ਪਸਾਰੇ ਵਾਲਾ ਹੋ ਰਿਹਾ ਹੈ **ਵਾ:** ਝੂਠਿਆਂ ਦਿਖਾਵਿਆਂ ਕਰ ਕੇ ਜੀਵ ਝੂਠੇ ਪਸਾਰਿਆਂ ਵਾਲਾ ਹੋ ਰਿਹਾ ਹੈ।

## ਜਿਨਿ ਦੀਏ; ਤਿਸੁ ਬੁਝੈ ਨ ਬਿਗਾਨਾ ॥
## ਨਾਮੁ ਬਿਸਾਰਿ; ਨਾਨਕ ਪਛੁਤਾਨਾ ॥੫॥

ਜਿਨਿ = ਜਿਸ ਵਾਹਿਗੁਰੂ ਨੇ ਤੈਨੂੰ ਪਦਾਰਥਾਂ, ਮਨੁੱਖਾ ਸਰੀਰ ਤੇ ਦਾਤਾਂ ਦੀਏ = ਦਿੱਤੀਆਂ ਹਨ, ਤਿਸੁ = ਉਸ ਵਾਹਿਗੁਰੂ ਨੂੰ ਬਿਗਾਨਾ = ਬੇਸਮਝ ਹੋ ਕੇ ਬੁਝੈ = ਸਮਝਦਾ ਨ = ਨਹੀਂ ਹੈ। ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਨਾਮ ਨੂੰ ਬਿਸਾਰਿ = ਭੁੱਲ ਕਰ ਕੇ ਅੰਤ ਵੇਲੇ ਪਛੁਤਾਨਾ = ਪਸ਼ਚਾਤਾਪ ਹੀ ਰਹਿ ਜਾਂਦਾ ਹੈ ॥੫॥

## ਗੁਰ ਕੀ ਮਤਿ; ਤੂੰ ਲੇਹਿ ਇਆਨੇ ॥ ਭਗਤਿ ਬਿਨਾ; ਬਹੁ ਡੂਬੇ ਸਿਆਨੇ ॥

ਹੇ ਇਆਨੇ = ਅਗਿਆਤ ਜੀਵ! ਤੂੰ ਸਤਿਗੁਰਾਂ ਕੀ = ਦੀ ਮਤਿ = ਸਿੱਖਿਆ ਲੇਹਿ = ਲੈਣਾ ਕਰ। ਕਿਉਂਕਿ ਭਗਤਿ = ਭਗਤੀ ਤੋਂ ਬਿਨਾ = ਬਗ਼ੈਰ ਬਹੁ = ਬਹੁਤੇ ਸਿਆਣੇ ਕਹਾਉਣ ਵਾਲੇ ਸੰਸਾਰ ਸਮੁੰਦਰ ਵਿਚ ਹੀ ਡੂਬੇ = ਡੁੱਬ ਗਏ ਹਨ।

## ਹਰਿ ਕੀ ਭਗਤਿ; ਕਰਹੁ ਮਨ ਮੀਤ ॥ ਨਿਰਮਲ ਹੋਇ; ਤੁਮਾਰੋ ਚੀਤ ॥

ਹੇ ਮੇਰੇ ਪਿਆਰੇ ਮੀਤ = ਮਿੱਤਰੋ! ਹਰਿ = ਹਰੀ ਵਾਹਿਗੁਰੂ ਦੀ ਮਨ ਲਾ ਕੇ ਭਗਤਿ = ਭਗਤੀ

ਕਰਹੁ = ਕਰਿਆ ਕਰੋ। ਤਾਂ ਤੁਮਾਰੋ = ਤੁਹਾਡਾ ਚੀਤ = ਹਿਰਦਾ ਵਿਸ਼ੇ-ਵਿਕਾਰਾਂ ਵੱਲੋਂ ਨਿਰਮਲ = ਸ਼ੁੱਧ ਹੋਇ = ਹੋ ਜਾਵੇਗਾ।

## ਚਰਨ ਕਮਲ; ਰਾਖਹੁ ਮਨ ਮਾਹਿ ॥ ਜਨਮ ਜਨਮ ਕੇ; ਕਿਲਬਿਖ ਜਾਹਿ ॥

ਵਾਹਿਗੁਰੂ ਪਰਮੇਸ਼ਰ ਦੇ ਚਰਨਾਂ ਕਮਲਾਂ ਨੂੰ ਮਨ = ਅੰਤਸ਼ਕਰਣ ਮਾਹਿ = ਵਿਚ ਧਾਰਨ ਕਰ ਕੇ ਰਾਖਹੁ = ਰੱਖਣਾ ਕਰੋ। ਤਾਂ ਤੁਹਾਡੇ ਜਨਮਾਂ ਜਨਮਾਂਤਰਾਂ ਦੇ ਕਿਲਬਿਖ = ਪਾਪ ਮਿਟ ਜਾਹਿ = ਜਾਣਗੇ। ਜੈਸਾ ਕਿ :

**ਹਰਿ ਕੇ ਚਰਣ ਰਿਦੇ ਮਹਿ ਬਸੇ ॥**
**ਜਨਮ ਜਨਮ ਕੇ ਕਿਲਵਿਖ ਨਸੇ ॥੧॥** *(ਗਉੜੀ ਮ: ੫, ਅੰਗ ੧੯੭)*

[ਅੰਗ ੨੮੯]

## ਆਪਿ ਜਪਹੁ; ਅਵਰਾ ਨਾਮੁ ਜਪਾਵਹੁ ॥
## ਸੁਨਤ ਕਹਤ; ਰਹਤ ਗਤਿ ਪਾਵਹੁ ॥

ਉਸ ਪਰਮੇਸ਼ਰ ਦਾ ਨਾਮ ਆਪ ਜਪਹੁ = ਜਪਿਆ ਕਰੋ ਅਤੇ ਅਵਰਾ = ਹੋਰਨਾਂ ਨੂੰ ਨਾਮ ਜਪਾਵਹੁ = ਜਪਾਉਣਾ ਕਰੋ। ਜਿਵੇਂ ਤੁਹਾਨੂੰ ਗੁਰਸਿੱਖੀ ਮਿਲੀ ਹੈ, ਉਸੇ ਸਿੱਖੀ ਦਾ ਗਿਆਨ ਗੁਰਮਤਿ ਦੁਆਰਾ ਆਪਣੇ ਧੀਆਂ ਪੁੱਤਰਾਂ ਨੂੰ ਵੀ ਕਰਾਉ। ਜੈਸਾ ਕਿ :

**ਸਿਖ ਸਿਖਣੀ ਮਿਲ ਬਹਹਿੰ, ਚਰਚਾ ਕਰਹਿ ਅਪਾਰ।**
**ਭਜਨ ਸਿਖਾਵਹਿ ਪੁਤ੍ਰ ਕਉ, ਹਰਿ ਭਜ ਬਾਰੰ ਬਾਰ।੨੮।** *(ਰਹਿਤਨਾਮਾ ਭਾਈ ਸਾਹਿਬ ਸਿੰਘ ਜੀ,)*

ਪ੍ਰਭੂ ਦੇ ਨਾਮ ਨੂੰ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸ੍ਰਵਨ ਕਰੋਗੇ ਅਤੇ ਪ੍ਰੀਤ ਰੂਪੀ ਜ਼ੁਬਾਨ ਨਾਲ ਕਹਤ = ਕਹਿਣਾ ਕਰੋਗੇ ਅਤੇ ਗੁਰ ਦੀ ਦਰਸਾਈ ਰਹਿਣੀ ਰੱਖੋਗੇ ਤਾਂ ਫੇਰ ਗਤਿ = ਮੁਕਤੀ ਪਾਵਹੁ = ਪਾ ਲਵੋਗੇ।

## ਸਾਰ ਭੂਤ ਸਤਿ; ਹਰਿ ਕੋ ਨਾਉ ॥ ਸਹਜਿ ਸੁਭਾਇ; ਨਾਨਕ ਗੁਨ ਗਾਉ ॥੬॥

ਹਰਿ = ਪਰਮੇਸ਼ਰ ਕੋ = ਦਾ ਨਾਉ = ਨਾਮ ਸੰਸਾਰ ਦੇ ਅੰਦਰ ਸਾਰ = ਸ੍ਰੇਸ਼ਟ ਭੂਤ = ਰੂਪ ਤੇ ਸਤਿ = ਸੱਚਾ ਹੈ **ਵਾ:** ਸਾਰਿਆਂ ਵਿਚ ਪਰਮੇਸ਼ਰ ਦਾ ਸੱਚਾ ਨਾਉ = ਨਾਮ ਸਾਰ = ਸ੍ਰੇਸ਼ਟ ਭੂਤ = ਤੱਤ ਰੂਪ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਹਜਿ = ਸੁਤੇ-ਸਿਧ ਸੁਭਾਇ = ਸੁਭਾਵਿਕ ਭਾਵ ਸ਼ਾਂਤੀ ਸੁਭਾਅ ਨਾਲ ਅਕਾਲ ਪੁਰਖ ਵਾਹਿਗੁਰੂ ਦੇ ਗੁਣਾਂ ਨੂੰ ਗਾਉ = ਗਾਉਣਾ ਕਰੋ ॥੬॥

## ਗੁਨ ਗਾਵਤ; ਤੇਰੀ ਉਤਰਸਿ ਮੈਲੁ ॥
## ਬਿਨਸਿ ਜਾਇ; ਹਉਮੈ ਬਿਖੁ ਫੈਲੁ ॥

ਹੇ ਮੇਰੇ ਪਿਆਰੇ ਮਨਾਂ ! ਪਰਮੇਸ਼ਰ ਦੇ ਗੁਣਾਂ ਨੂੰ ਗਾਵਤ = ਗਾਉਣੇ ਕਰਕੇ ਤੇਰੀ ਪਾਪਾਂ ਦੀ ਮੈਲ ਸਾਰੀ ਉਤਰਸਿ = ਉਤਰ ਜਾਏਗੀ। ਜਿਹੜੀ ਹਿਰਦੇ ਅੰਦਰ ਹਉਮੈ = ਹੰਗਤਾ ਮਮਤਾ ਦੀ ਬਿਖੁ = ਜ਼ਹਿਰ ਫੈਲੁ = ਖਿਲਰ ਰਹੀ ਹੈ ਉਹ ਵੀ ਬਿਨਸਿ = ਵਿਸ਼ੇਸ਼ ਕਰ ਕੇ ਨਾਸ ਹੋ ਜਾਇ = ਜਾਵੇਗੀ **ਵਾ:** ਮਾਇਆ ਦੀ ਜੋ ਅੰਦਰ ਬਿਖੁ = ਜ਼ਹਿਰ ਫੈਲੁ = ਖਿਲਰ ਰਹੀ ਹੈ, ਉਹ ਵੀ ਨਾਸ ਹੋ ਜਾਵੇਗੀ **ਵਾ:** ਵਿਸ਼ਿਆਂ ਦੀ ਫੈਲੁ = ਕਿਰਿਆ ਵੀ ਨਾਸ ਹੋ ਜਾਵੇਗੀ।

## ਹੋਹਿ ਅਚਿੰਤੁ; ਬਸੈ ਸੁਖ ਨਾਲਿ ॥ ਸਾਸਿ ਗ੍ਰਾਸਿ; ਹਰਿ ਨਾਮੁ ਸਮਾਲਿ ॥

ਫੇਰ ਸਾਰੀਆਂ ਅਚਿੰਤ = ਚਿੰਤਾ ਤੋਂ ਰਹਿਤ ਹੋਹਿ = ਹੋ ਕੇ ਸੁਖ ਸਰੂਪ ਨਾਲਿ = ਸੰਗ ਅਭੇਦ ਹੋ ਕੇ ਬਸੈ = ਵਸਣਾ ਕਰੇਂਗਾ। ਇਸ ਲਈ ਯਤਨ ਕਰ ਕਿ ਆਉਂਦੇ ਸਾਸਿ = ਸੁਆਸ ਨਾਲ ਅਤੇ ਗ੍ਰਾਸਿ = ਗਰਾਹੀ ਭਾਵ ਭੋਜਨ ਖਾਂਦਿਆਂ ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਸਮਾਲਿ = ਯਾਦ ਕਰ।

## ਛਾਡਿ ਸਿਆਨਪ; ਸਗਲੀ ਮਨਾ ॥ ਸਾਧਸੰਗਿ; ਪਾਵਹਿ ਸਚੁ ਧਨਾ ॥

ਹੇ ਮੇਰੇ ਪਿਆਰੇ ਮਨਾਂ ! ਜਦ ਆਪਣੀ ਸਗਲੀ = ਸਾਰੀ ਸਿਆਨਪ = ਚਤੁਰਾਈ ਨੂੰ ਛਾਡਿ = ਤਿਆਗ ਦੇਵੇਂਗਾ ਤਦ ਹਰੀ ਵਾਹਿਗੁਰੂ ਦੀ ਸਾਧਸੰਗਿ = ਸਤਿਸੰਗਤ ਨਾਲ ਮਿਲ ਕੇ ਸੱਚਾ ਅੰਮ੍ਰਿਤ ਰੂਪ ਧਨ ਪਾਵਹਿ = ਪ੍ਰਾਪਤ ਕਰ ਲਵੇਂਗਾ।

## ਹਰਿ ਪੂੰਜੀ ਸੰਚਿ; ਕਰਹੁ ਬਿਉਹਾਰੁ ॥ ਈਹਾ ਸੁਖੁ; ਦਰਗਹ ਜੈਕਾਰੁ ॥

ਹਰਿ ਪਰਮੇਸ਼ਰ ਦੇ ਨਾਮ ਦੀ ਸ਼ਰਧਾ ਰੂਪੀ ਪੂੰਜੀ = ਰਾਸ ਸੰਚਿ = ਇਕੱਤਰ ਕਰਨ ਦਾ ਬਿਉਹਾਰੁ = ਵਾਪਾਰ ਕਰ, ਭਾਵ ਆਪ ਸ਼ਰਧਾਵਾਨ ਬਣ ਤੇ ਹੋਰਨਾਂ ਨੂੰ ਸ਼ਰਧਾਵਾਨ ਬਣਾ। ਫੇਰ ਈਹਾ = ਇਸ ਲੋਕ ਵਿਚ ਸੁਖ ਪਾਵੇਂਗਾ ਅਤੇ ਦਰਗਹ = ਪਰਲੋਕ ਵਿਚ ਵੀ ਤੇਰੀ ਜੈ ਜੈਕਾਰ ਹੋਵੇਗੀ।

## ਸਰਬ ਨਿਰੰਤਰਿ; ਏਕੋ ਦੇਖੁ ॥ ਕਹੁ ਨਾਨਕ; ਜਾ ਕੈ ਮਸਤਕਿ ਲੇਖੁ ॥੭॥

ਸਰਬ = ਸਾਰਿਆਂ ਦੇ ਅੰਦਰ ਨਿਰੰਤਰਿ = ਇਕ-ਰਸ ਇੱਕੋ ਹਰੀ ਵਾਹਿਗੁਰੂ ਨੂੰ ਦੇਖਣਾ ਕਰ **ਅਥਵਾ** ਜੋ ਰੂਪ ਰੰਗ ਤੋਂ ਰਹਿਤ ਜੋਤ ਹੈ, ਉਸ ਨੂੰ ਦੇਖਣਾ ਕਰ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਾ ਕੈ = ਜਿਸ ਦੇ ਮਸਤਕਿ = ਮੱਥੇ ਦੇ ਸ੍ਰੇਸ਼ਟ ਲੇਖ ਲਿਖੇ ਹੋਏ ਹਨ, ਓਹੋ ਜੀਵ ਹੀ ਨਿਸ਼ਕਾਮ ਕਰਮਾਂ ਕਰ ਕੇ ਨਾਮ ਜਪ ਕੇ ਬੁੱਧ ਨੂੰ ਨਿਰਮਲ ਕਰਕੇ ਵੇਖਦੇ ਹਨ॥੭॥

## ਏਕੋ ਜਪਿ; ਏਕੋ ਸਾਲਾਹਿ ॥ ਏਕੁ ਸਿਮਰਿ; ਏਕੋ ਮਨ ਆਹਿ ॥

ਏਕੋ = ਇਕ ਵਾਹਿਗੁਰੂ ਦਾ ਜਪਿ = ਜਾਪ ਕਰਿਆ ਕਰ ਤੇ ਏਕੋ = ਇਕ ਵਾਹਿਗੁਰੂ ਨਾਮ ਦੀ ਸਾਲਾਹਿ = ਸਿਫ਼ਤ ਕਰਿਆ ਕਰ। ਏਕੁ = ਇੱਕੋ ਵਾਹਿਗੁਰੂ ਨੂੰ ਬਾਣੀ ਕਰ ਕੇ ਸਿਮਰਿ = ਯਾਦ ਕਰਿਆ ਕਰ ਤੇ ਇੱਕੋ ਨੂੰ ਮਨ = ਅੰਤਸ਼ਕਰਣ ਵਿਚ ਆਹਿ = ਚਾਹੁਣਾ ਕਰ।

## ਏਕਸ ਕੇ; ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ; ਏਕ ਭਗਵੰਤ ॥

ਆਪਣੀ ਰਸਨਾ ਨੂੰ ਪਵਿੱਤਰ ਕਰਨ ਵਾਸਤੇ ਏਕਸ = ਇਕ ਹਰੀ ਵਾਹਿਗੁਰੂ ਕੇ = ਦੇ ਅਨੰਤ = ਅੰਤ ਤੋਂ ਰਹਿਤ (ਬੇਅੰਤ) ਗੁਣਾਂ ਨੂੰ ਗਾਉ = ਗਾਇਆ ਕਰ ਅਤੇ ਮਨਿ = ਅੰਤਸ਼ਕਰਣ ਤੇ ਤਨਿ = ਸਰੀਰ ਵਿਚ ਏਕ = ਇਕ ਭਗਵੰਤ = ਪਰਮੇਸ਼ਰ ਦਾ ਹੀ ਜਾਪ ਕਰਿਆ ਕਰ।

## ਏਕੋ ਏਕੁ; ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ; ਪ੍ਰਭੁ ਬਿਆਪਿ ॥

ਏਕੋ = ਇੱਕੋ ਹੀ ਪ੍ਰਭੂ ਸਤਿਜੁਗ ਵਿਚ ਸੀ, ਇੱਕੋ ਤ੍ਰੇਤੇ ਵਿਚ, ਇੱਕੋ ਦੁਆਪਰ ਵਿਚ ਤੇ ਇੱਕੋ ਹਰੀ ਹੁਣ ਆਪ ਕਲਿਜੁਗ ਵਿਚ ਹੈ **ਵਾ:** ਇੱਕੋ ਹਰੀ ਵਾਹਿਗੁਰੂ ਆਸਤਕਾਂ ਦੇ ਅੰਦਰ, ਇੱਕੋ ਹੀ ਨਾਸਤਕਾਂ ਦੇ ਅੰਦਰ, ਇੱਕੋ ਹੀ ਬ੍ਰਹਮ ਬੇਤਿਆਂ ਦੇ ਅੰਦਰ ਅਤੇ ਇੱਕੋ ਹੀ ਸਾਰੇ ਸੰਸਾਰ ਦੇ ਅੰਦਰ ਹਰਿ = ਹਰੀ ਵਾਹਿਗੁਰੂ ਆਪ ਹੀ ਹੈ।

ਉਹ ਪੂਰਨ ਪ੍ਰਭੁ = ਹਰੀ ਵਾਹਿਗੁਰੂ ਸਾਰੇ ਸੰਸਾਰ ਵਿਚ ਬਿਆਪਿ = ਵਿਆਪਕ ਪੂਰਨ ਰੂਪ ਹੋ ਰਿਹਾ ਹੈ **ਵਾ:** ਪੂਰਨ = ਸਾਰਿਆਂ ਦੀ ਸਦਾ ਰੋਜ਼ੀ ਨਾਲ ਪੂਰਤੀ ਕਰਨ ਵਾਲਾ ਪੂਰਿ ਰਹਿਓ = ਅਕਾਸ਼ ਦੀ ਨਿਆਈਂ ਪੂਰਨ ਹੋ ਰਿਹਾ ਹੈ ਅਤੇ ਸਾਰਾ ਸੰਸਾਰ ਉਸ ਦੇ ਰੂਪ ਵਿਚ ਵੀ ਬਿਆਪਿ = ਵਿਆਪਿਆ ਹੋਇਆ ਹੈ।

## ਅਨਿਕ ਬਿਸਥਾਰ; ਏਕ ਤੇ ਭਏ ॥ ਏਕੁ ਅਰਾਧਿ; ਪਰਾਛਤ ਗਏ ॥

ਉਸ ਏਕ = ਇਕ ਹਰੀ ਵਾਹਿਗੁਰੂ ਤੇ = ਤੋਂ ਹੀ ਅਨਿਕ = ਅਨੇਕਾਂ ਬਿਸਥਾਰ = ਪਸਾਰੇ ਭਏ = ਹੋਏ ਹਨ। ਜਿਨ੍ਹਾਂ ਨੇ ਇਕ ਹਰੀ ਵਾਹਿਗੁਰੂ ਨੂੰ ਦਿਲ ਦੀ ਭਾਵਨਾ ਨਾਲ ਅਰਾਧਿ = ਅਰਾਧਿਆ ਹੈ, ਉਨ੍ਹਾਂ ਦੇ ਸਾਰੇ ਪਰਾਛਤ = ਪਾਪ ਨਵਿਰਤ ਹੋ ਗਏ ਹਨ। (ਜਿਹੜੇ ਕਰਮ ਪਾਪਾਂ ਦੀ ਨਵਿਰਤੀ ਵਾਸਤੇ ਕਰੀਏ, ਉਸ ਨੂੰ ਪਰਾਛਤ ਕਹਿੰਦੇ ਹਨ।)

## ਮਨ ਤਨ ਅੰਤਰਿ; ਏਕੁ ਪ੍ਰਭੁ ਰਾਤਾ ॥
## ਗੁਰ ਪ੍ਰਸਾਦਿ; ਨਾਨਕ ਇਕੁ ਜਾਤਾ ॥੮॥੧੯॥

ਜਿਨ੍ਹਾਂ ਦਾ ਮਨ = ਅੰਤਸ਼ਕਰਣ ਤੇ ਤਨ = ਸਰੀਰ ਅੰਤਰਿ = ਅੰਦਰੋਂ ਏਕੁ = ਇਕ ਪ੍ਰਭੁ = ਹਰੀ ਵਾਹਿਗੁਰੂ ਨਾਲ ਰਾਤਾ = ਰੰਗਿਆ ਗਿਆ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਗੁਰਾਂ ਦੀ ਪ੍ਰਸਾਦਿ = ਕਿਰਪਾ ਕਰ ਕੇ ਉਨ੍ਹਾਂ ਨੇ ਇਕ ਅਕਾਲ ਪੁਰਖ ਵਾਹਿਗੁਰੂ ਨੂੰ ਜਾਤਾ = ਜਾਣ ਲਿਆ ਹੈ ॥੮॥੧੯॥

(ਉਨ੍ਹੀਵੀਂ ਅਸਟਪਦੀ ਵਿਚ ਪੂਰੇ ਅੱਖਰ ੯੯੯, ਪੈਰਾਂ ਵਾਲੇ ਰਾਰੇ ੯, ਕੁੱਲ ਅੱਖਰ ੧੦੦੮ ਹਨ)

## ਸਲੋਕੁ ॥ ਫਿਰਤ ਫਿਰਤ ਪ੍ਰਭ ਆਇਆ; ਪਰਿਆ ਤਉ ਸਰਨਾਇ ॥

ਹੇ ਪ੍ਰਭ = ਹਰੀ ਵਾਹਿਗੁਰੂ ਮੈਂ ਜੂਨਾਂ ਵਿਚ ਫਿਰਤ ਫਿਰਤ = ਫਿਰਦਾ ਫਿਰਦਾ ਮਨੁੱਖਾ ਜਨਮ ਵਿਚ ਆਇਆ ਹਾਂ ਅਤੇ ਆਪ ਜੀ ਦੀ ਮਹਿਮਾ ਸੁਣ ਕੇ ਤਉ = ਤੁਹਾਡੀ ਸਰਨਾਇ = ਸ਼ਰਨ ਵਿਚ ਪਰਿਆ = ਪਿਆ ਹਾਂ। ਜੈਸਾ ਕਿ :

**ਫਿਰਤ ਫਿਰਤ ਤੁਮ੍ਰੈ ਦੁਆਰਿ ਆਇਆ ਭੈ ਭੰਜਨ ਹਰਿ ਰਾਇਆ ॥** *(ਗੂਜਰੀ ਮਹਲਾ ੫, ਅੰਗ ੪੯੭)*

**ਫਿਰਤ ਫਿਰਤ ਨਾਨਕ ਦਾਸੁ ਆਇਓ ਸੰਤਨ ਹੀ ਸਰਨਾਇ ॥** *(ਕਾਨੜਾ ਮ: ੫, ਅੰਗ ੧੩੦੨)*

## ਨਾਨਕ ਕੀ ਪ੍ਰਭ ਬੇਨਤੀ; ਅਪਨੀ ਭਗਤੀ ਲਾਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਪ੍ਰਭੂ ਸਾਡੀ ਜਨਾਂ ਕੀ = ਦੀ ਇਹੋ ਬੇਨਤੀ = ਅਰਜ਼ ਹੈ ਕਿ ਹੁਣ ਸਾਨੂੰ ਆਪਣੀ ਭਗਤੀ ਵਿਚ ਲਾਇ = ਲਾਉਣਾ ਕਰੋ ॥੧॥

## ਅਸਟਪਦੀ ॥
## ਜਾਚਕ ਜਨੁ; ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ; ਦੇਵਹੁ ਹਰਿ ਨਾਮੁ ॥

ਹੇ ਪ੍ਰਭ = ਹਰੀ ਵਾਹਿਗੁਰੂ ਮੈਂ ਜਨੁ = ਦਾਸ ਜਾਚਕ = ਮੰਗਤਾ ਹੋ ਕੇ ਇਹੋ ਦਾਨ ਜਾਚੈ = ਮੰਗਦਾ ਹਾਂ। ਜਿਥੇ ਹੋਰ ਸਾਰੇ ਪਦਾਰਥ ਦਿੱਤੇ ਹਨ, ਹੇ ਹਰਿ = ਪਰਮੇਸ਼ਰ ਕਿਰਪਾ ਕਰਿ = ਕਰਕੇ ਆਪਣਾ ਨਾਮ ਵੀ ਦੇਵਹੁ = ਦੇਣਾ ਕਰੋ।

## ਸਾਧ ਜਨਾ ਕੀ; ਮਾਗਉ ਧੂਰਿ ॥ ਪਾਰਬ੍ਰਹਮ; ਮੇਰੀ ਸਰਧਾ ਪੂਰਿ ॥

ਇਕ ਹੋਰ ਦਾਤ ਮੰਗਦੇ ਹਾਂ ਤੇਰਾ ਨਾਮ ਤਾਂ ਜਪਿਆ ਜਾਂਦਾ ਹੈ ਜੇ ਗ਼ਰੀਬੀ ਆਵੇ, ਇਸ ਕਰ ਕੇ

ਹੇ ਸੱਚੇ ਪਾਤਿਸ਼ਾਹ ਸਾਧ ਜਨਾ = ਸੰਤ ਜਨਾਂ ਕੀ = ਦੀ ਚਰਨ ਧੂਰਿ = ਧੂੜ ਮਾਗਉ = ਮੰਗਦੇ ਹਾਂ। ਹੇ ਪਾਰਬ੍ਰਹਮ = ਪਰਮੇਸ਼ਰ ਮੇਰੀ ਇਹ ਸ਼ਰਧਾ (ਇੱਛਾ) ਪੂਰਿ = ਪੂਰਨ ਕਰੋ। ਜੈਸਾ ਕਿ :

**ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥**
**ਨਾਨਕੁ ਦਾਸੁ ਇਹੀ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ ॥੪॥੩॥੧੨੪॥** *(ਅੰਗ ੨੦੫)*

## ਸਦਾ ਸਦਾ; ਪ੍ਰਭ ਕੇ ਗੁਨ ਗਾਵਉ ॥ ਸਾਸਿ ਸਾਸਿ; ਪ੍ਰਭ ਤੁਮਹਿ ਧਿਆਵਉ ॥

ਇਕ ਦਾਤ ਹੋਰ ਮੰਗਦੇ ਹਾਂ ਕਿ ਹੇ ਪ੍ਰਭ = ਹਰੀ ਅਕਾਲ ਪੁਰਖ ਵਾਹਿਗੁਰੂ ! ਸਦਾ ਸਦਾ ਆਪ ਜੀ ਕੇ = ਦੇ ਗੁਣਾਂ ਨੂੰ ਗਾਉ = ਗਾਉਂਦਾ ਰਹਾ। ਅਤੇ ਆਉਂਦੇ ਜਾਂਦੇ ਸੁਆਸਾਂ ਨਾਲ ਹੇ ਸਾਸਿ = ਸੁਆਸਾਂ ਦੇ ਆਸਰਾ ਰੂਪ ਪ੍ਰਭ = ਹਰੀ ਵਾਹਿਗੁਰੂ ਤੁਮਹਿ = ਤੈਨੂੰ ਧਿਆਵਉ = ਧਿਆਉਂਦਾ ਰਹਾਂ।

**ਸਾਖੀ—ਭਗਵਾਨ ਕ੍ਰਿਸ਼ਨ ਜੀ ਤੇ ਸ਼ੇਰ ਦੀ :** ਅਰਜਨ ਸ੍ਰੀ ਕ੍ਰਿਸ਼ਨ ਭਗਵਾਨ ਜੀ ਦਾ ਪਿਆਰਾ ਭਗਤ ਸੀ, ਪਰ ਉਸ ਨੂੰ ਹੰਕਾਰ ਵੀ ਸੀ ਕਿ ਜਿਤਨਾ ਮੈਂ ਕ੍ਰਿਸ਼ਨ ਜੀ ਦਾ ਪਿਆਰਾ ਭਗਤ ਹਾਂ, ਮੇਰੇ ਤੋਂ ਵਧੀਕ ਪਿਆਰਾ ਹੋਰ ਕੌਣ ਹੋ ਸਕਦਾ ਹੈ ? ਇਕ ਦਿਨ ਉਹ ਇਹੀ ਵਿਚਾਰ ਲੈ ਕੇ ਕ੍ਰਿਸ਼ਨ ਭਗਵਾਨ ਜੀ ਦੇ ਪਾਸ ਆਇਆ, ਆ ਕੇ ਵੇਖਿਆ ਕਿ ਭਗਵਾਨ ਕ੍ਰਿਸ਼ਨ ਜੀ ਸਮਾਧੀ ਵਿਚ ਲੀਨ ਬੈਠੇ ਹਨ। ਹੱਥ ਵਿਚ ਮਾਲਾ ਅਤੇ ਦੋਵੇਂ ਨੇਤਰ ਬੰਦ ਸੀ। ਕੁਝ ਸਮੇਂ ਬਾਅਦ ਭਗਵਾਨ ਜੀ ਸਮਾਧੀ ਤੋਂ ਉਥਾਨ ਹੋਏ ਤਾਂ ਅਰਜਨ ਨੇ ਜਾ ਕੇ ਨਮਸਕਾਰ ਕੀਤੀ। ਆਪਣੇ ਸੰਸੇ ਨੂੰ ਨਵਿਰਤ ਕਰਨ ਵਾਸਤੇ ਅਰਜਨ ਨੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਨੂੰ ਪੁੱਛਿਆ ਕਿ ਅੱਜ ਮੈਨੂੰ ਇਸ ਗੱਲ ਦੀ ਬੜੀ ਹੈਰਾਨੀ ਹੋਈ ਹੈ ਕਿ ਤੁਸੀਂ ਵੀ ਕਿਸੇ ਦਾ ਨਾਮ ਜਪਦੇ ਹੋ ਅਤੇ ਧਿਆਨ ਧਰਦੇ ਹੋ, ਮੈਨੂੰ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਦੇਣਾ ਕਰੋ।

***ਪ੍ਰਸ਼ਨ :*** *ਕਿ ਤੁਸੀਂ ਮਾਲਾ ਕਿਸ ਦੀ ਫੇਰਦੇ ਹੋ ?*
***ਉੱਤਰ :*** ਜੋ ਮੇਰੀ ਮਾਲਾ ਫੇਰਦੇ ਹਨ।

***ਪ੍ਰਸ਼ਨ :*** *ਤੁਸੀਂ ਕਿਸ ਦਾ ਧਿਆਨ ਧਰਦੇ ਹੋ ?*
***ਉੱਤਰ :*** ਜੋ ਮੇਰਾ ਧਿਆਨ ਧਰਦੇ ਹਨ।

***ਪ੍ਰਸ਼ਨ :*** *ਤੁਸੀਂ ਕਿਸ ਦਾ ਨਾਮ ਜਪਦੇ ਹੋ ?*
***ਉੱਤਰ :*** ਜੋ ਮੇਰਾ ਨਾਮ ਜਪਦੇ ਹਨ।

ਇਹ ਸੁਣ ਕੇ ਅਰਜਨ ਨੇ ਇਕ ਹੋਰ ਪ੍ਰਸ਼ਨ ਕੀਤਾ ਕਿ ਉਨ੍ਹਾਂ ਭਗਤ ਜਨਾਂ ਦੇ ਵਿੱਚੋਂ ਆਪ ਜੀ ਨੂੰ ਸਭ ਤੋਂ ਪਿਆਰਾ ਕੌਣ ਹੈ ? ਅਰਜਨ ਦੀ ਭਾਵਨਾ ਸਮਝਦੇ ਹੋਏ ਭਗਵਾਨ ਜੀ ਨੇ ਕਿਹਾ ਕਿ ਤੇਰੇ ਤੋਂ ਬਿਨਾਂ ਹੋਰ ਕੌਣ ਪਿਆਰਾ ਹੋ ਸਕਦਾ ਹੈ। ਭਗਵਾਨ ਜੀ ਮੁੱਖੋਂ ਕਹੀ ਹੋਈ ਗੱਲ ਤੋਂ ਅਰਜਨ ਦੀ ਤਸੱਲੀ ਨਾ ਹੋਈ, ਕਿਉਂਕਿ ਭਗਵਾਨ ਜੀ ਮਨੋਂ ਨਹੀਂ ਕਹਿ ਰਹੇ ਸਨ। ਆਖ਼ਰ ਭਗਵਾਨ ਨੇ ਸੱਚ ਕਿਹਾ ਕਿ ਅਰਜਨ ਤੇਰੇ ਨਾਲੋਂ ਉਹ ਭਗਤ ਪਿਆਰੇ ਹਨ ਜੋ ਤੇਰੇ ਨਾਲੋਂ ਵੱਧ ਪਿਆਰ ਕਰ ਰਹੇ ਹਨ। ਅਰਜਨ ਨੂੰ ਸੂਖਮ ਜਿਹੀ ਈਰਖਾ ਫੁਰੀ ਅਤੇ ਕਿਹਾ ਦਿਖਾਓ ਕੌਣ ਹੈ ? ਅਰਜਨ ਨੂੰ ਨਾਲ ਲੈ ਕੇ ਭਗਵਾਨ ਨਦੀ ਕਿਨਾਰੇ ਜੰਗਲ ਵਿਚ ਪਹੁੰਚੇ, ਜਿਥੇ ਇਕ ਸ਼ੇਰ ਨਦੀ ਦੇ ਵਿਚਕਾਰ ਪਾਣੀ ਦੇ ਪੀਣ ਦੀ ਲਾਲਸਾ ਵਿਚ ਖੜ੍ਹਾ ਸੀ, ਪਰ ਪਾਣੀ ਨਹੀਂ ਸੀ ਪੀ ਰਿਹਾ। ਭਗਵਾਨ ਜੀ ਕਹਿਣ ਲੱਗੇ ਕਿ ਅਰਜਨ ! ਮੈਂ ਇਹੋ ਜਿਹੇ ਭਗਤਾਂ ਦੇ ਧਿਆਨ ਵਿਚ ਸਮਾਧਿਸ਼ਟ ਹੁੰਦਾ ਹਾਂ। ਪਾਣੀ ਦਾ ਪਿਆਸਾ, ਢਿੱਡੋਂ ਭੁੱਖਾ ਪਿਛਲੇ ਜਨਮ ਦਾ ਤਪੱਸਵੀ ਇਸ ਸਮੇਂ ਇਸ ਦੀ ਇਹ ਹਾਲਤ ਹੈ ਕਿ ਮਨ ਇਕਾਗਰ ਹੋ ਕੇ ਨਾਮ ਵਿਚ ਲੱਗਾ ਹੋਇਆ ਹੈ। ਹਰ ਸੁਆਸ ਨਾਲ ਨਾਮ ਦਾ ਚਿੰਤਨ ਕਰ ਰਿਹਾ ਹੈ, ਨਾਮ ਭੁੱਲ ਜਾਣ ਦੇ ਭੈ ਕਾਰਨ ਪਾਣੀ ਨਹੀਂ ਪੀ ਰਿਹਾ। ਇਕ ਇਕ ਪਲ ਵਿਚ ਪ੍ਰਾਣ ਖ਼ਤਮ ਹੋ ਰਹੇ ਹਨ, ਪਰ ਪਾਣੀ ਪੀ ਕੇ ਆਪਣੇ ਪ੍ਰਾਣਾਂ ਦੀ ਰੱਖਿਆ ਨਹੀਂ ਕਰ ਰਿਹਾ, ਹਰ ਦਮ ਦੇ

ਨਾਲ ਨਾਮ ਨੂੰ ਸੰਭਾਲ ਰਿਹਾ ਹੈ, ਹੁਣ ਤੂੰ ਉੱਚੇ ਉੱਚੇ ਨਾਮ ਦਾ ਉਚਾਰਨ ਕਰ, ਇਹ ਕੰਨਾਂ ਦੁਆਰਾ ਸੁਣ ਕੇ ਨਾਮ ਦਾ ਲਾਹਾ ਲੈਂਦਾ ਰਹੇਗਾ ਤੇ ਪਾਣੀ ਪੀ ਲਵੇਗਾ। ਅਰਜਨ ਨੇ ਨਾਮ ਉਚਾਰਨ ਕੀਤਾ ਤਾਂ ਸ਼ੇਰ ਦੀ ਸਮਾਧੀ ਖੁੱਲ੍ਹੀ। ਸਾਹਮਣੇ ਕ੍ਰਿਸ਼ਨ ਭਗਵਾਨ ਜੀ ਖੜ੍ਹੇ ਨਜ਼ਰ ਆਏ ਤਾਂ ਸ਼ੇਰ ਪਾਣੀ ਛੱਡ ਕੇ ਮੱਥਾ ਟੇਕਣ ਦੀ ਭਾਵਨਾ ਨਾਲ ਤੁਰਨ ਲੱਗਾ ਤਾਂ ਭਗਵਾਨ ਜੀ ਨੇ ਹੱਥ ਖੜ੍ਹਾ ਕਰ ਕੇ ਰੋਕ ਦਿੱਤਾ ਅਤੇ ਕਿਹਾ ਖ਼ੁਸ਼ੀ ਲੈਣੀ ਹੈ ਤਾਂ ਪਹਿਲਾਂ ਪਾਣੀ ਪੀ ਤਾਂ ਸ਼ੇਰ ਨੇ ਪਾਣੀ ਪੀਤਾ ਤੇ ਭਗਵਾਨ ਕ੍ਰਿਸ਼ਨ ਦੇ ਚਰਨਾਂ ਵਿਚ ਮੱਥਾ ਟੇਕਿਆ, ਜਦੋਂ ਭਗਵਾਨ ਜੀ ਨੇ ਸਿਰ 'ਤੇ ਹੱਥ ਰੱਖਿਆ, ਉਸੇ ਵੇਲੇ ਸ਼ੇਰ ਦਾ ਜਾਮਾ ਤਿਆਗ ਕੇ ਤਪੱਸਵੀ ਰੂਪ ਧਾਰਨ ਕਰ ਕੇ ਬੈਕੁੰਠ ਨੂੰ ਚਲਾ ਗਿਆ ਤਾਂ ਅਰਜਨ ਬੜਾ ਹੈਰਾਨ ਹੋਇਆ, ਪੁੱਛਿਆ ਭਗਵਾਨ ਜੀ ਇਹ ਕੀ ਕੌਤਕ ਹੈ ਤਾਂ ਭਗਵਾਨ ਜੀ ਨੇ ਦੱਸਿਆ ਕਿ ਪਿਛਲੇ ਜਨਮ ਵਿਚ ਅੰਤ ਵੇਲੇ ਨੇੜੇ ਤੋਂ ਰਿੱਝਦੇ ਮਾਸ ਦੀ ਵਾਸ਼ਨਾ ਤੋਂ ਇਸ ਦੇ ਅੰਦਰ ਮਾਸ ਖਾਣ ਦਾ ਸੰਕਲਪ ਹੋਇਆ, ਉਸ ਇੱਛਾ ਦੇ ਕਾਰਨ ਇਸ ਨੂੰ ਸ਼ੇਰ ਜੂਨੀ ਮਿਲੀ, ਪਰ ਪਿਛਲੇ ਜਨਮ ਦੀ ਭਗਤੀ ਦੇ ਪ੍ਰਤਾਪ ਕਰ ਕੇ ਇਸ ਜਨਮ ਵਿਚ ਵੀ ਸੁਆਸ ਸੁਆਸ ਨਾਮ ਜਪਦਾ ਰਿਹਾ।

## ਚਰਨ ਕਮਲ ਸਿਉ; ਲਾਗੈ ਪ੍ਰੀਤਿ ॥ ਭਗਤਿ ਕਰਉ; ਪ੍ਰਭ ਕੀ ਨਿਤ ਨੀਤਿ ॥

ਐਸੀ ਕਿਰਪਾ ਕਰੋ ਆਪ ਦੇ ਚਰਨਾਂ ਕਮਲਾਂ ਸਿਉ = ਨਾਲ ਸਾਡੀ ਪ੍ਰੀਤਿ = ਪ੍ਰੀਤੀ, ਭਾਵ ਸਨੇਹ ਲਾਗੈ = ਲੱਗ ਜਾਵੇ। ਹੇ ਪ੍ਰਭ = ਹਰੀ ਵਾਹਿਗੁਰੂ! ਅਸੀਂ ਨਿਤ ਨੀਤਿ = ਨਿਤਾਪ੍ਰਤੀ ਆਪ ਕੀ = ਦੀ ਭਗਤਿ = ਭਗਤੀ ਕਰਉ = ਕਰਦੇ ਰਹੀਏ।

## ਏਕ ਓਟ; ਏਕੋ ਆਧਾਰੁ ॥ ਨਾਨਕੁ ਮਾਗੈ; ਨਾਮੁ ਪ੍ਰਭ ਸਾਰੁ ॥੧॥

ਹੇ ਪਰਮੇਸ਼ਰ! ਮਨ ਕਰ ਕੇ ਵੀ ਇਕ ਤੇਰੀ ਓਟ = ਟੇਕ ਹੈ ਅਤੇ ਤਨ ਕਰ ਕੇ ਵੀ ਇਕ ਤੇਰਾ ਹੀ ਆਧਾਰੁ = ਆਸਰਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਹਰੀ ਵਾਹਿਗੁਰੂ! ਅਸੀਂ ਆਪ ਜੀ ਦੇ ਸਾਰੁ = ਸ੍ਰੇਸ਼ਟ ਭਾਵ ਅਸਲੀ ਤੱਤ ਰੂਪ ਨਾਮ ਨੂੰ ਮਾਗੈ = ਮੰਗਦੇ ਹਾਂ ॥੧॥

## ਪ੍ਰਭ ਕੀ ਦ੍ਰਿਸਟਿ; ਮਹਾ ਸੁਖੁ ਹੋਇ ॥ ਹਰਿ ਰਸੁ ਪਾਵੈ; ਬਿਰਲਾ ਕੋਇ ॥

ਜਦੋਂ ਪ੍ਰਭ = ਹਰੀ ਵਾਹਿਗੁਰੂ ਕੀ = ਦੀ ਕਿਰਪਾ ਦ੍ਰਿਸਟਿ = ਨਦਰ ਹੁੰਦੀ ਹੈ ਤਾਂ ਮਹਾ ਸੁਖੁ = ਬੜਾ ਭਾਰੀ ਸੁਖ ਪ੍ਰਾਪਤ ਹੋਇ = ਹੁੰਦਾ ਹੈ ਭਾਵ ਜਿਸ ਸੁਖ ਨੂੰ ਸਾਰੀ ਦੁਨੀਆਂ ਤਰਸਦੀ ਹੈ, ਉਹ ਬ੍ਰਹਮਾਨੰਦ ਰੂਪੀ ਸੁਖ ਪ੍ਰਾਪਤ ਹੋ ਜਾਂਦਾ ਹੈ। ਦੁਨੀਆਂ ਵਿਸ਼ੇ-ਵਿਕਾਰਾਂ ਕਾਰੋਬਾਰਾਂ ਵਿਚ ਲੱਗੀ ਹੋਈ ਹੈ, ਪਰ ਹਰਿ = ਹਰੀ ਵਾਹਿਗੁਰੂ ਦੇ ਬ੍ਰਹਮਾਨੰਦ ਰੂਪੀ ਰਸ ਨੂੰ ਕਰੋੜਾਂ ਵਿੱਚੋਂ ਕੋਇ = ਕੋਈ ਵਿਰਲਾ ਜਨ ਹੀ ਪਾਵੈ = ਪਾਉਂਦਾ ਹੈ।

## ਜਿਨ ਚਾਖਿਆ; ਸੇ ਜਨ ਤ੍ਰਿਪਤਾਨੇ ॥ ਪੂਰਨ ਪੁਰਖ; ਨਹੀ ਡੋਲਾਨੇ ॥

ਜਿਨ੍ਹਾਂ ਗੁਰਮੁਖ ਜਨਾਂ ਨੇ ਹਰੀ ਦੇ ਬ੍ਰਹਮਾਨੰਦ ਰੂਪੀ ਰਸ ਨੂੰ ਚਾਖਿਆ = ਚੱਖਿਆ ਹੈ, ਸੇ = ਉਹ ਗੁਰਮੁਖ ਜਨ ਅਤਿਅੰਤ ਤ੍ਰਿਪਤਾਨੇ = ਰੱਜ ਗਏ ਹਨ, ਭਾਵ ਉਨ੍ਹਾਂ ਨੂੰ ਹੋਰ ਕਿਸੇ ਦੁਨਿਆਵੀ ਪਦਾਰਥਾਂ ਦੀ ਭੁੱਖ ਨਹੀਂ ਰਹਿੰਦੀ। ਉਹ ਪੂਰਨ ਪੁਰਖ ਪਦਾਰਥਾਂ ਦੇ ਰਸ ਵਿਚ ਪੈ ਕੇ ਕਦੇ ਵੀ ਡੋਲਾਨੇ = ਡੋਲਦੇ ਨਹੀਂ।

## ਸੁਭਰ ਭਰੇ; ਪ੍ਰੇਮ ਰਸ ਰੰਗਿ ॥ ਉਪਜੈ ਚਾਉ; ਸਾਧ ਕੈ ਸੰਗਿ ॥

ਉਹ ਗੁਰਮੁਖ ਜਨ ਪ੍ਰੇਮ ਰਸ ਦੇ ਰੰਗਿ = ਅਨੰਦ ਵਿਚ ਗੁਣਾਂ ਦੇ ਸਹਿਤ ਸੁਭਰ = ਲਬਾਲਬ ਭਰੇ ਹੋਏ ਹਨ। ਕਿਉਂਕਿ ਉਨ੍ਹਾਂ ਨੂੰ ਸਾਧ = ਸਾਧੂਆਂ ਦੀ ਸੰਗਿ = ਸੰਗਤ ਕਰ ਕੇ ਵਾਹਿਗੁਰੂ ਨਾਮ ਦਾ ਚਾਉ = ਉਤਸ਼ਾਹ ਉਪਜੈ = ਪੈਦਾ ਹੁੰਦਾ ਹੈ।

**ਪਰੇ ਸਰਨਿ; ਆਨ ਸਭ ਤਿਆਗਿ ॥**
**ਅੰਤਰਿ ਪ੍ਰਗਾਸ; ਅਨਦਿਨੁ ਲਿਵ ਲਾਗਿ ॥**

ਇਸ ਲਈ ਉਹ ਆਨ = ਹੋਰ ਸਭ = ਸਾਰੀ ਦਵੈਤ ਤਿਆਗਿ = ਛੱਡ ਕੇ ਪਰਮੇਸ਼ਰ ਦੀ ਸਰਨਿ = ਓਟ ਵਿਚ ਪਰੇ = ਪਏ ਹਨ। ਜਿਨ੍ਹਾਂ ਦੀ ਅਨਦਿਨੁ = ਰਾਤ ਦਿਨ ਨਾਮ ਵਿਚ ਲਿਵ = ਬਿਰਤੀ ਲਾਗਿ = ਲੱਗ ਜਾਂਦੀ ਹੈ ਉਨ੍ਹਾਂ ਦੇ ਹਿਰਦੇ ਅੰਤਰਿ = ਅੰਦਰ ਗਿਆਨ ਦਾ ਪ੍ਰਗਾਸ = ਚਾਨਣ ਹੋ ਜਾਂਦਾ ਹੈ।

**ਬਡਭਾਗੀ; ਜਪਿਆ ਪ੍ਰਭੁ ਸੋਇ ॥ ਨਾਨਕ, ਨਾਮਿ ਰਤੇ; ਸੁਖੁ ਹੋਇ ॥੨॥**

ਉਹ ਬਡਭਾਗੀ = ਵੱਡਿਆਂ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਸੋਇ = ਉਸ ਪ੍ਰਭੁ = ਹਰੀ ਵਾਹਿਗੁਰੂ ਦੇ ਨਾਮ ਨੂੰ ਜਪਿਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਨੂੰ ਪਰਮੇਸ਼ਰ ਦੇ ਨਾਮ ਵਿਚ ਰਤੇ = ਰੰਗੇ ਹੋਣੇ ਕਰ ਕੇ ਆਤਮ ਸੁਖ ਦੀ ਪ੍ਰਾਪਤੀ ਹੋਇ = ਹੁੰਦੀ ਹੈ ॥੨॥

**ਸੇਵਕ ਕੀ ਮਨਸਾ; ਪੂਰੀ ਭਈ ॥ ਸਤਿਗੁਰ ਤੇ; ਨਿਰਮਲ ਮਤਿ ਲਈ ॥**

ਉਸ ਸੇਵਕ = ਦਾਸ ਕੀ = ਦੀ ਮਨਸਾ = ਇੱਛਾ ਪੂਰੀ ਭਈ = ਹੋਈ ਹੈ, ਜਿਸ ਨੇ ਸਤਿਗੁਰੂ ਸਾਹਿਬ ਜੀ ਤੇ = ਤੋਂ ਪਾਪਾਂ ਦੀ ਮੈਲ ਤੋਂ ਨਿਰਮਲ = ਉੱਜਲ ਕਰਨ ਵਾਲੀ ਮਤਿ = ਸਿੱਖਿਆ ਲਈ ਹੈ।

**ਜਨ ਕਉ; ਪ੍ਰਭੁ ਹੋਇਓ ਦਇਆਲੁ ॥ ਸੇਵਕੁ ਕੀਨੋ; ਸਦਾ ਨਿਹਾਲੁ ॥**

ਜਿਸ ਗੁਰਮੁਖ ਜਨ ਕਉ = ਤਾਈਂ ਪ੍ਰਭੁ = ਹਰੀ ਵਾਹਿਗੁਰੂ ਦਇਆਲੁ = ਦਿਆਲੂ ਹੋਇਓ = ਹੋਇਆ ਹੈ। ਉਸ ਸੇਵਕ = ਦਾਸ ਨੂੰ ਸਦਾ = ਹਮੇਸ਼ਾਂ ਵਾਸਤੇ ਨਿਹਾਲੁ = ਅਨੰਦ, ਪ੍ਰਸੰਨ ਕੀਨੋ = ਕੀਤਾ ਹੈ।

**ਬੰਧਨ ਕਾਟਿ; ਮੁਕਤਿ ਜਨੁ ਭਇਆ ॥ ਜਨਮ ਮਰਨ; ਦੂਖੁ ਭ੍ਰਮੁ ਗਇਆ ॥**

ਉਹ ਜਨ = ਸੇਵਕ ਹਉਮੈ ਮਮਤਾ ਆਦਿ ਬੰਧਨ = ਬੰਨ੍ਹਣਾਂ ਨੂੰ ਕਾਟਿ = ਕੱਟ ਕੇ ਸੰਸਾਰ ਤੋਂ ਮੁਕਤ ਭਇਆ = ਹੋ ਗਿਆ ਹੈ। ਉਸਦਾ ਜੰਮਣ ਮਰਣ ਦਾ ਦੂਖੁ = ਦੁਖ ਪੰਜ ਪ੍ਰਕਾਰ ਦਾ ਭਰਮ ਅਗਿਆਨ ਆਦਿ ਸਭ ਕੁਝ ਮਿਟ ਗਇਆ = ਗਿਆ ਹੈ।

**ਇਛ ਪੁਨੀ; ਸਰਧਾ ਸਭ ਪੂਰੀ ॥ ਰਵਿ ਰਹਿਆ; ਸਦ ਸੰਗਿ ਹਜੂਰੀ ॥**

ਇਛ ਪੁਨੀ = ਇੱਛਾ ਪੂਰਨ ਕਰਨ ਵਾਲਾ ਵਾਹਿਗੁਰੂ ਦਾ ਨਾਮ ਹੈ, ਪਰਮੇਸ਼ਰ ਨੇ ਆਪਣੇ ਪਿਆਰੇ ਦੀ ਪਦਾਰਥਾਂ ਦੀ ਇੱਛਾ = ਚਾਹਣਾ ਪੁਨੀ = ਪੂਰੀ ਕੀਤੀ, ਸ਼ਰਧਾ ਸੀ ਸੰਗਤ ਦਰਸ਼ਨ ਦੀ ਉਹ ਵੀ ਪੂਰੀ ਕਰ ਦਿੱਤੀ ਅਤੇ ਆਪਣੀ ਪ੍ਰਾਪਤੀ ਦੀ ਵੀ ਸ਼ਰਧਾ ਵੀ ਪੂਰੀ ਕਰ ਦਿੱਤੀ **ਵਾ:** ਸਭ = ਸਾਰਿਆਂ ਦੀ ਇਛ = ਖੁਆਇਸ਼ ਪੂਰੀ = ਪੂਰਨ ਕਰਨ ਵਾਲੇ ਪਰਮੇਸ਼ਰ ਨੇ ਆਪਣੇ ਵਿਚ ਅਭੇਦਤਾ ਰੂਪ ਭਾਵ ਮਿਲਾਪ ਰੂਪ ਜੋ ਜੀਵ ਦੀ ਸ਼ਰਧਾ ਸੀ, ਉਹ ਵੀ ਪੂਰੀ ਕਰ ਦਿੱਤੀ। ਇਉਂ ਪਰਮੇਸ਼ਰ ਸਾਰੇ ਹੀ ਰਵਿ ਰਹਿਆ = ਵਿਆਪਕ ਹੋ ਰਿਹਾ ਹੈ ਤੇ ਸਦ = ਹਮੇਸ਼ਾਂ ਸੰਗਿ = ਸੰਗੀ ਹੋ ਕੇ ਹਜੂਰੀ = ਨਿਕਟ ਵਰਤੀ ਦੀਦਾਰ ਬਖ਼ਸ਼ਦਾ ਹੈ।

**ਜਿਸ ਕਾ ਸਾ; ਤਿਨਿ ਲੀਆ ਮਿਲਾਇ ॥ ਨਾਨਕ; ਭਗਤੀ ਨਾਮਿ ਸਮਾਇ ॥੩॥**

ਜਿਸ ਹਰੀ ਵਾਹਿਗੁਰੂ ਕਾ = ਦਾ ਸੇਵਕ ਬਣਿਆ ਸੀ, ਤਿਨਿ = ਉਸ ਨੂੰ ਵਾਹਿਗੁਰੂ ਨੇ ਕਿਰਪਾ ਕਰ ਕੇ ਆਪਣੇ ਨਾਲ ਮਿਲਾਇ = ਮਿਲਾ ਲੀਆ = ਲਿਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਉਂ ਭਗਤੀ ਕਰਨ ਵਾਲਾ ਨਾਮੀ ਪਰਮੇਸ਼ਰ ਦੇ ਨਾਮ ਵਿਚ ਸਮਾਇ = ਸਮਾ ਜਾਂਦਾ ਹੈ, ਭਾਵ ਅਭੇਦ ਹੋ ਜਾਂਦਾ ਹੈ ॥੩॥

## ਸੋ ਕਿਉ ਬਿਸਰੈ; ਜਿ ਘਾਲ ਨ ਭਾਨੈ ॥ ਸੋ ਕਿਉ ਬਿਸਰੈ; ਜਿ ਕੀਆ ਜਾਨੈ ॥

ਸੋ = ਉਸ ਹਰੀ ਵਾਹਿਗੁਰੂ ਨੂੰ ਕਿਉ = ਕਿਵੇਂ ਬਿਸਰੈ = ਭੁੱਲ ਜਾਈਏ ਜਿ = ਜਿਹੜਾ ਕਿਸੇ ਦੀ ਘਾਲ = ਕਮਾਈ ਨੂੰ ਐਵੇਂ ਨ = ਨਹੀਂ ਭਾਨੈ = ਗੁਆਉਂਦਾ **ਵਾ:** ਉਹ ਐਸਾ ਪਰਮੇਸ਼ਰ ਹੈ ਜੋ ਇਕ ਤਿਲ ਜਿੰਨੀ ਕਮਾਈ ਵੀ ਕਿਸੇ ਦੀ ਭਾਨੈ = ਭੰਨਦਾ ਨਹੀਂ।

ਸੋ = ਉਹ ਪਰਮੇਸ਼ਰ ਕਿਉ = ਕਿਵੇਂ ਬਿਸਰੈ = ਭੁੱਲੇ, ਜਿ = ਜਿਹੜਾ ਜੀਵ ਦੇ ਕੀਆ = ਕੀਤੇ ਹੋਏ ਕਰਮਾਂ ਨੂੰ ਜਾਨੈ = ਜਾਣਦਾ ਹੈ।

[ਅੰਗ ੨੯੦]

## ਸੋ ਕਿਉ ਬਿਸਰੈ; ਜਿਨਿ ਸਭੁ ਕਿਛੁ ਦੀਆ ॥ ਸੋ ਕਿਉ ਬਿਸਰੈ; ਜਿ ਜੀਵਨ ਜੀਆ ॥

ਸੋ = ਉਸ ਵਾਹਿਗੁਰੂ ਨੂੰ ਕਿਉ = ਕਿਵੇਂ ਬਿਸਰੈ = ਭੁੱਲ ਜਾਈਏ, ਜਿਨਿ = ਜਿਸ ਨੇ ਸਭ ਕਿਛੁ = ਕੁਝ ਧਨ ਪਦਾਰਥ ਆਦਿ ਦੀਆ = ਦਿੱਤਾ ਹੈ। ਸੋ = ਉਸ ਪਰਮੇਸ਼ਰ ਨੂੰ ਆਪਾਂ ਕਿਉ = ਕਿਵੇਂ ਬਿਸਰੈ = ਭੁੱਲ ਜਾਈਏ, ਜਿਹੜਾ ਸਾਰਿਆਂ ਜੀਆ = ਜੀਵਾਂ ਦਾ ਜੀਵਨ ਰੂਪ ਹੈ **ਵਾ:** ਉਸ ਨੂੰ ਕਿਵੇਂ ਵਿਸਾਰੀਏ, ਜਿਹੜਾ ਪਰਮਾਤਮਾ ਚੇਤਨ ਸੱਤਾ ਪਾ ਕੇ ਜੀਵਨ ਦੀ ਦਾਤ ਦੇਣ ਵਾਲਾ ਹੈ। ਜੈਸਾ ਕਿ :

**ਜੀਆ ਅੰਦਰਿ ਜੀਉ ਸਭੁ ਕਿਛੁ ਜਾਣਲਾ ॥** *(ਰਾਮਕਲੀ ਕੀ ਵਾਰ ਮ: ੫, ਅੰਗ ੯੬੫)*

## ਸੋ ਕਿਉ ਬਿਸਰੈ; ਜਿ ਅਗਨਿ ਮਹਿ ਰਾਖੈ ॥ ਗੁਰ ਪ੍ਰਸਾਦਿ; ਕੋ ਬਿਰਲਾ ਲਾਖੈ ॥

ਸੋ = ਉਸ ਪਰਮੇਸ਼ਰ ਨੂੰ ਕਿਉ = ਕਿਵੇਂ ਬਿਸਰੈ = ਭੁੱਲ ਜਾਈਏ, ਜਿ = ਜਿਹੜਾ ਮਾਤਾ ਦੇ ਪੇਟ ਦੀ ਜਠਰ ਅਗਨਿ = ਅੱਗ ਮਹਿ = ਵਿਚ ਰਾਖੈ = ਰੱਖਿਆ ਕਰਦਾ ਹੈ। ਗੁਰਪ੍ਰਸਾਦਿ = ਗੁਰਾਂ ਦੀ ਕਿਰਪਾ ਨਾਲ ਕੋ = ਕੋਈ ਵਿਰਲਾ ਗੁਰਮੁਖ ਜਨ ਹੀ ਪਰਮੇਸ਼ਰ ਦੀ ਕਿਰਪਾ ਨੂੰ ਲਾਖੈ = ਜਾਣਦਾ ਹੈ **ਵਾ:** ਲਾਖੈ = ਲਖਦਾ ਹੈ।

## ਸੋ ਕਿਉ ਬਿਸਰੈ; ਜਿ ਬਿਖੁ ਤੇ ਕਾਢੈ ॥ ਜਨਮ ਜਨਮ ਕਾ; ਟੂਟਾ ਗਾਢੈ ॥

ਸੋ = ਉਸ ਹਰੀ ਵਾਹਿਗੁਰੂ ਨੂੰ ਕਿਉ = ਕਿਵੇਂ ਬਿਸਰੈ = ਭੁੱਲੀਏ, ਜਿ = ਜਿਹੜਾ ਸੰਸਾਰ ਰੂਪੀ ਬਿਖੁ = ਵਿਸ਼ਿਆਂ ਦੇ ਜਲ ਤੇ = ਤੋਂ ਕਾਢ = ਕੱਢ ਕੇ ਵੈਰਾਗ ਰੂਪੀ ਕਿਨਾਰੇ 'ਤੇ ਪਹੁੰਚਾਉਂਦਾ ਹੈ **ਵਾ:** ਜਿਹੜਾ ਦੇਹ ਰੂਪ ਸੰਸਾਰ ਤੋਂ ਕੱਢ ਕੇ ਮੁਕਤ ਰੂਪੀ ਕਿਨਾਰੇ 'ਤੇ ਪਹੁੰਚਾਉਣ ਵਾਲਾ ਹੈ। ਜਿਹੜਾ ਜਨਮ ਜਨਮ = ਜਨਮਾਂ ਜਨਮਾਤਰਾਂ ਕਾ = ਦਾ ਟੂਟਾ = ਟੁੱਟਿਆ ਹੋਇਆ ਮਨ ਆਪਣੇ ਨਾਮ ਨਾਲ ਬਿਰਤੀ ਲੱਗਾ ਕੇ ਗਾਢੈ = ਗੰਢ, ਜੋੜ ਲੈਂਦਾ ਹੈ **ਵਾ:** ਜੋ ਪਰਮੇਸ਼ਰ ੮੪ ਲੱਖ ਜੂਨਾਂ ਵਿੱਚੋਂ ਬਖ਼ਸ਼ ਕੇ ਮਨੁੱਖਾ ਜਨਮ ਦੇ ਕੇ ਸੰਗਤ ਨਾਲ ਮਿਲਾਪ ਕਰਾ ਕੇ ਆਪਣੀ ਪ੍ਰੀਤ ਰੂਪ ਗੰਢ ਪਾ ਦਿੰਦਾ ਹੈ। ਜੈਸਾ ਕਿ :

**ਟੂਟੀ ਗਾਢਨਹਾਰ ਗੋੁਪਾਲ ॥** *(ਸੁਖਮਨੀ ਸਾਹਿਬ, ਅੰਗ ੨੮੨)*

## ਗੁਰਿ ਪੂਰੈ; ਤਤੁ ਇਹੈ ਬੁਝਾਇਆ ॥ ਪ੍ਰਭੁ ਅਪਨਾ; ਨਾਨਕ ਜਨ ਧਿਆਇਆ ॥੪॥

ਪੂਰੈ = ਪੂਰਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਰਾਮਦਾਸ ਜੀ ਨੇ ਇਹੈ = ਇਹ ਅਸਲੀ ਤਤੁ = ਸਿਧਾਂਤ ਜਿਸ ਨੂੰ ਬੁਝਾਇਆ = ਸਮਝਾਉਣਾ ਕੀਤਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਜਨ = ਪੁਰਖ ਨੇ ਪ੍ਰਭੁ = ਪਰਮੇਸ਼ਰ ਨੂੰ ਅਪਨਾ = ਆਪਣਾ ਜਾਣ ਕੇ ਧਿਆਇਆ = ਧਿਆਉਣਾ ਕੀਤਾ ਹੈ ॥੪॥

## ਸਾਜਨ ਸੰਤ; ਕਰਹੁ ਇਹੁ ਕਾਮੁ ॥ ਆਨ ਤਿਆਗਿ; ਜਪਹੁ ਹਰਿ ਨਾਮੁ ॥

ਹੇ ਸਾਜਨ = ਮਿੱਤਰੋ ਸੰਤ = ਸ਼ਾਂਤ ਆਤਮਾ ਵਾਲੇ ਸ੍ਰੇਸ਼ਟ ਜਨੋਂ ! ਸਾਰਿਆਂ ਕਾਮ = ਕੰਮਾਂ ਨੂੰ ਛੱਡ ਕੇ ਇਹ ਜ਼ਰੂਰ ਕਰੋ **ਵਾ:** ਸੱਜਣਾਂ ਸੰਤਾਂ ਨਾਲ ਮਿਲ ਕੇ ਇਹ ਕੰਮ ਕਰਨਾ ਕਰੋ। ਆਨ = ਹੋਰ ਸਭਨਾਂ ਦੇਵੀ ਦੇਵਤਿਆਂ ਆਦਿ ਨੂੰ ਤਿਆਗਿ = ਛੱਡ ਕੇ ਇਕ ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਜਪਹੁ = ਜਪਣਾ ਕਰੋ।

## ਸਿਮਰਿ ਸਿਮਰਿ; ਸਿਮਰਿ ਸੁਖ ਪਾਵਹੁ ॥ ਆਪਿ ਜਪਹੁ; ਅਵਰਹ ਨਾਮੁ ਜਪਾਵਹੁ ॥

ਸਿਮਰਿ = ਸਿਮਰਨੇ ਯੋਗ ਵਾਹਿਗੁਰੂ ਦੇ ਨਾਮ ਨੂੰ ਮਨ ਕਰਕੇ ਸਿਮਰੋ ਤੇ ਤਨ ਕਰਕੇ ਸਿਮਰੋ ਜਿਸ ਕਰਕੇ ਆਤਮਿਕ ਸੁਖ = ਅਨੰਦ ਨੂੰ ਪਾਵਹੁ = ਪਾ ਲਵੋਗੇ। ਆਪ ਪਰਮੇਸਰ ਦਾ ਨਾਮ ਜਪਹੁ = ਜਪਣਾ ਕਰੋ ਅਤੇ ਅਵਰਹ = ਹੋਰਨਾਂ ਨੂੰ ਪਰਮੇਸ਼ਰ ਦਾ ਨਾਮ ਜਪਾਵਹੁ = ਜਪਾਉਣਾ ਕਰੋ।

## ਭਗਤਿ ਭਾਇ; ਤਰੀਐ ਸੰਸਾਰੁ ॥ ਬਿਨੁ ਭਗਤੀ; ਤਨੁ ਹੋਸੀ ਛਾਰੁ ॥

ਹਰੀ ਵਾਹਿਗੁਰੂ ਦੀ ਭਾਇ ਭਗਤਿ = ਪ੍ਰੇਮਾ-ਭਗਤੀ ਕਰ ਕੇ ਹੀ ਸੰਸਾਰੁ = ਜਗਤ ਤੋਂ ਤਰੀਐ = ਤਰਨਾ ਹੁੰਦਾ ਹੈ। ਜਿਵੇਂ ਸ਼ਹਿਦ ਵਾਲੀਆਂ ਮੱਖੀਆਂ ਅੱਕ, ਗੁਲਾਬ ਆਦਿ ਕੌੜੇ ਮਿੱਠੇ ਪਦਾਰਥਾਂ ਵਿੱਚੋਂ ਰਸ ਲਿਆ ਕੇ ਮਿੱਠਾ ਸ਼ਹਿਦ ਪੈਦਾ ਕਰਦੀਆਂ ਹਨ, ਭਾਵੇਂ ਮੱਖੀਆਂ ਦਾ ਕੌੜਾ ਸੁਭਾਅ ਹੁੰਦਾ ਹੈ। ਇਸੇ ਪ੍ਰਕਾਰ ਮੱਖੀਆਂ ਦੀ ਨਿਆਈਂ ਸਾਰੀਆਂ ਸੰਗਤਾਂ ਜੁੜ ਕਰ ਕੇ ਆਪਣੇ ਕੁੜੱਤਣ ਵਾਲੇ ਸੁਭਾਅ ਮੇਟ ਕਰ ਕੇ, ਸ਼ੁਭ ਗੁਣਾਂ ਨੂੰ ਗ੍ਰਹਿਣ ਕਰ ਕੇ ਪ੍ਰੇਮ ਰੂਪੀ ਸ਼ਹਿਦ ਪੈਦਾ ਕਰਦੀਆਂ ਹਨ ਤਾਂ ਸੰਸਾਰ-ਸਮੁੰਦਰ ਤੋਂ ਤਰੀਦਾ ਹੈ। ਪਰਮੇਸ਼ਰ ਦੀ ਭਗਤੀ ਤੋਂ ਬਿਨੁ = ਬਗ਼ੈਰ ਇਹ ਤਨੁ = ਸਰੀਰ ਅੰਤ ਨੂੰ ਛਾਰੁ = ਸੁਆਹ ਹੋਸੀ = ਹੋ ਜਾਵੇਗਾ।

## ਸਰਬ ਕਲਿਆਣ; ਸੂਖ ਨਿਧਿ ਨਾਮੁ ॥ ਬੂਡਤ ਜਾਤ; ਪਾਏ ਬਿਸ੍ਰਾਮੁ ॥

ਸਰਬ = ਸਾਰੀਆਂ ਕਲਿਆਣ = ਮੁਕਤੀਆਂ, ਚੱਕਰਵਰਤੀ ਪਾਤਿਸ਼ਾਹ ਤੋਂ ਲੈ ਕੇ ਬ੍ਰਹਮਾ ਦਰਜੇ ਤਕ ਸਾਰੇ ਸੁਖ ਤੇ ਨੌਂ ਨਿਧੀਆਂ ਦਾ ਦਾਤਾ ਇਕ ਪਰਮੇਸ਼ਰ ਦਾ ਨਾਮ ਹੀ ਹੈ। ਜਿਸ ਨਾਮ ਨੂੰ ਜਪ ਕੇ ਸੰਸਾਰ-ਸਮੁੰਦਰ ਵਿਚ ਬੂਡਤ = ਡੁੱਬਦੇ ਜਾਤ = ਜਾਂਦੇ ਜੀਵ ਵੀ ਬ੍ਰਿਸਾਮੁ = ਟਿਕਾਅ ਭਾਵ ਇਸਥਿਤੀ ਪਾਏ = ਪਾ ਲੈਂਦੇ ਹਨ।

## ਸਗਲ ਦੂਖ ਕਾ; ਹੋਵਤ ਨਾਸੁ ॥ ਨਾਨਕ, ਨਾਮੁ ਜਪਹੁ; ਗੁਨਤਾਸੁ ॥੫॥

ਸਗਲ = ਸਾਰਿਆਂ ਦੂਖ = ਦੁੱਖਾਂ ਕਾ = ਦਾ ਨਾਸ਼ ਹੋਵਤ = ਹੋ ਜਾਵੇਗਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸ ਕਰਕੇ ਗੁਰਮਤਿ ਦੁਆਰਾ ਗੁਨਤਾਸੁ = ਗੁਣਾਂ ਦੇ ਖ਼ਜ਼ਾਨੇ ਹਰੀ ਵਾਹਿਗੁਰੂ ਦਾ ਨਾਮ ਜਪਹੁ = ਜਪਣਾ ਕਰੋ ॥੫॥

## ਉਪਜੀ ਪ੍ਰੀਤਿ; ਪ੍ਰੇਮ ਰਸੁ ਚਾਉ ॥ ਮਨ ਤਨ ਅੰਤਰਿ; ਇਹੀ ਸੁਆਉ ॥

ਜਿਨ੍ਹਾਂ ਦੇ ਸਰੀਰ ਵਿਚ ਵਾਹਿਗੁਰੂ ਦੀ ਪਹਿਲਾਂ ਪ੍ਰੀਤਿ = ਪ੍ਰੀਤੀ ਉਪਜੀ = ਪੈਦਾ ਹੋਈ, ਫੇਰ ਪ੍ਰੇਮ ਰਸ ਪੈਦਾ ਹੋਇਆ ਅਤੇ ਫੇਰ ਵਾਹਿਗੁਰੂ ਨੂੰ ਮਿਲਣ ਦਾ ਚਾਉ = ਉਤਸ਼ਾਹ ਪੈਦਾ ਹੋਇਆ ਹੈ ਅਤੇ ਮਨ = ਹਿਰਦੇ ਤੇ ਤਨ = ਸਰੀਰ ਦੇ ਅੰਤਰਿ = ਅੰਦਰ ਇਹੀ = ਇਹੋ ਹੀ ਸੁਆਉ = ਲਾਭ ਭਾਵ ਪ੍ਰਯੋਜਨ ਪ੍ਰਾਪਤ ਕੀਤਾ ਹੈ।

## ਨੇਤ੍ਰਹੁ ਪੇਖਿ ਦਰਸੁ; ਸੁਖੁ ਹੋਇ ॥ ਮਨੁ ਬਿਗਸੈ; ਸਾਧ ਚਰਨ ਧੋਇ ॥

ਸੱਚੇ ਪਾਤਿਸ਼ਾਹ ਦੀ ਸਤਿਸੰਗਤ ਦੇ ਦਰਸੁ = ਦਰਸ਼ਨ ਕਰ ਕੇ ਪ੍ਰਤੱਖ ਨੇਤ੍ਰਹੁ = ਅੱਖਾਂ ਨੂੰ **ਵਾ:** ਮਨ ਬੁੱਧ

ਰੂਪ ਨੇਤਰਾਂ ਸੁਖ ਪ੍ਰਾਪਤ ਹੋਇ = ਹੁੰਦਾ ਹੈ। ਸਾਧ = ਸ੍ਰੇਸ਼ਟ ਜਨਾਂ ਦੇ ਚਰਨਾਂ ਨੂੰ ਧੋਇ = ਧੋ ਕੇ ਸਾਡਾ ਮਨ = ਅੰਤਸ਼ਕਰਣ ਬਿਗਸੈ = ਖੇੜੇ ਵਿਚ ਆਉਂਦਾ ਹੈ ਅਤੇ ਸਾਰੇ ਜਨਮਾਂ ਜਨਮਾਂਤਰਾਂ ਦੇ ਸੋਗ ਮਿਟ ਜਾਂਦੇ ਹਨ।

## ਭਗਤ ਜਨਾ ਕੈ; ਮਨਿ ਤਨਿ ਰੰਗੁ ॥ ਬਿਰਲਾ ਕੋਊ; ਪਾਵੈ ਸੰਗੁ ॥

ਭਗਤ ਜਨਾਂ ਦੇ ਮਨਿ = ਹਿਰਦੇ ਤੇ ਤਨਿ = ਸਰੀਰ ਵਿਚ ਹਰੀ ਵਾਹਿਗੁਰੂ ਦਾ ਰੰਗੁ = ਪ੍ਰੇਮ ਦਾ ਰੰਗ ਚੜ੍ਹਿਆ ਹੋਇਆ ਹੈ। ਪਰ ਕੋਊ = ਕੋਈ ਵਿਰਲਾ ਜਨ ਹੀ ਐਸੇ ਭਗਤ ਜਨਾਂ ਦੀ ਸੰਗਤ ਨੂੰ ਪਾਵੈ = ਪ੍ਰਾਪਤ ਕਰਦਾ ਹੈ।

## ਏਕ ਬਸਤੁ ਦੀਜੈ; ਕਰਿ ਮਇਆ ॥
## ਗੁਰ ਪ੍ਰਸਾਦਿ; ਨਾਮੁ ਜਪਿ ਲਇਆ ॥

ਹੇ ਪਰਮੇਸ਼ਰ ! ਸਾਨੂੰ ਮਇਆ = ਕਿਰਪਾ ਕਰ ਕੇ ਏਕੁ = ਇਕ ਨਾਮ ਰੂਪੀ ਬਸਤੁ = ਵਸਤੂ ਨੂੰ ਦੀਜੈ = ਦੇਣਾ ਕਰੋ। ਤਾਂ ਜੋ ਗੁਰ ਪ੍ਰਸਾਦਿ = ਗੁਰਾਂ ਦੀ ਕਿਰਪਾ ਕਰ ਕੇ ਜੋ ਸਾਨੂੰ ਅੰਮ੍ਰਿਤ ਨਾਮ ਦਿੱਤਾ ਹੈ, ਉਸ ਨੂੰ ਹਿਰਦੇ ਅੰਦਰ ਜਪ ਲਇਆ = ਲਿਆ ਕਰੀਏ **ਅਥਵਾ** ਜਿਨ੍ਹਾਂ ਨੇ ਗੁਰਾਂ ਦੀ ਪ੍ਰਸਾਦਿ = ਕਿਰਪਾ ਕਰ ਕੇ ਨਾਮ ਜਪ ਲਿਆ ਹੈ, ਹੇ ਵਾਹਿਗੁਰੂ ਉਨ੍ਹਾਂ ਦੀ ਸੰਗਤ ਰੂਪ ਇਕ ਅਦੁੱਤੀ ਵਸਤੂ ਮੈਨੂੰ ਦੇਣਾ ਕਰੋ।

## ਤਾ ਕੀ ਉਪਮਾ; ਕਹੀ ਨ ਜਾਇ ॥
## ਨਾਨਕ; ਰਹਿਆ ਸਰਬ ਸਮਾਇ ॥੬॥

ਤਾ ਕੀ = ਉਨ੍ਹਾਂ ਦੀ ਉਪਮਾ = ਵਡਿਆਈ ਕਿਸੇ ਪ੍ਰਕਾਰ ਵੀ ਕਹੀ = ਕਥਨ ਨਹੀਂ ਜਾਇ = ਜਾ ਸਕਦੀ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਹਰੀ ਵਾਹਿਗੁਰੂ ਸਰਬ = ਸਾਰਿਆਂ ਵਿਚ ਸਮਾਇ = ਸਮਾ ਰਹਿਆ = ਰਿਹਾ ਹੈ ॥੬॥

## ਪ੍ਰਭ ਬਖਸੰਦ; ਦੀਨ ਦਇਆਲ ॥ ਭਗਤਿ ਵਛਲ; ਸਦਾ ਕਿਰਪਾਲ ॥

ਹੇ ਪ੍ਰਭ = ਪਰਮਾਤਮਾ ! ਤੂੰ ਬਖਸੰਦ = ਬਖ਼ਸ਼ਿਸ਼ ਕਰਨ ਵਾਲਾ, ਦੀਨ = ਗ਼ਰੀਬਾਂ ਉੱਪਰ ਦਇਆਲ = ਮਿਹਰਵਾਨ ਹੋਣ ਵਾਲਾ ਹੈਂ। ਭਗਤਿ = ਭਗਤੀ ਕਰਨ ਵਾਲਿਆਂ ਨਾਲ ਵਛਲ = ਪਿਆਰ ਕਰਨ ਵਾਲਾ ਅਤੇ ਸਦਾ = ਹਮੇਸ਼ਾ ਕਿਰਪਾਲ = ਕਿਰਪਾ ਦਾ ਘਰ ਹੈ।

## ਅਨਾਥ ਨਾਥ; ਗੋਬਿੰਦ ਗੁਪਾਲ ॥ ਸਰਬ ਘਟਾ; ਕਰਤ ਪ੍ਰਤਿਪਾਲ ॥

ਹੇ ਪ੍ਰਭੂ ! ਤੂੰ ਅਨਾਥ = ਯਤੀਮਾਂ ਦਾ ਮਾਲਕ ਹੈਂ, (ਗੋ + ਬਿੰਦ) ਗੋ = ਵੇਦਾਂ, ਬਾਣੀ ਕਰਕੇ ਬਿੰਦ = ਜਾਣਨੇ ਜੋਗ ਅਤੇ (ਗੋ + ਪਾਲ) ਗੋ = ਪ੍ਰਿਥਵੀ ਦੇ ਜੀਵਾਂ ਦਾ ਪਾਲ ਮਾਲਕ ਹੈਂ।

ਸਰਬ = ਸਾਰਿਆਂ ਘਟਾ = ਸਰੀਰਾਂ ਦੇ ਤਾਈਂ ਪ੍ਰਤਿਪਾਲ = ਪਾਲਣਾ ਕਰਤ = ਕਰਦਾ ਹੈਂ।

## ਆਦਿ ਪੁਰਖ; ਕਾਰਣ ਕਰਤਾਰ ॥ ਭਗਤ ਜਨਾ ਕੇ; ਪ੍ਰਾਨ ਅਧਾਰ ॥

ਹੇ ਪ੍ਰਭੂ ! ਤੂੰ ਸੰਸਾਰ ਦਾ ਆਦਿ = ਮੁੱਢ ਰੂਪ, ਪੁਰਖ = ਪੂਰਨ, ਸਾਰਿਆਂ ਦਾ ਕਾਰਨ ਰੂਪ ਅਤੇ ਕਰਤਾਰ = ਕਰਤਾ ਪੁਰਖ ਹੈ।

ਹੇ ਪ੍ਰਭੂ ! ਤੂੰ ਆਪਣੇ ਭਗਤ ਜਨਾਂ ਕੇ = ਦੇ ਪ੍ਰਾਣਾਂ ਦਾ ਅਧਾਰ = ਆਸਰਾ ਰੂਪ ਹੈ।

## ਜੋ ਜੋ ਜਪੈ; ਸੁ ਹੋਇ ਪੁਨੀਤ ॥ ਭਗਤਿ ਭਾਇ; ਲਾਵੈ ਮਨ ਹੀਤ ॥

ਜੋ ਜੋ = ਜਿਹੜਾ ਤੇਰਾ ਨਾਮ ਜਪੈ = ਜਪਣਾ ਕਰੇਗਾ, ਸੁ = ਉਹ ਜੀਵ ਪਾਪਾਂ ਤੋਂ ਰਹਿਤ ਹੋ ਕੇ ਪੁਨੀਤ = ਪਵਿੱਤਰ ਹੋਇ = ਹੋ ਜਾਵੇਗਾ ਅਤੇ ਭਗਤਿ ਭਾਇ = ਪ੍ਰੇਮਾ-ਭਗਤੀ ਵਿਚ ਮਨ ਦਾ ਹੀਤ = ਹਿਤ ਲਾਵੈ = ਲਾਉਣਾ ਕਰੇਗਾ।

## ਹਮ ਨਿਰਗੁਨੀਆਰ; ਨੀਚ ਅਜਾਨ ॥
## ਨਾਨਕ, ਤੁਮਰੀ ਸਰਨਿ; ਪੁਰਖ ਭਗਵਾਨ ॥੭॥

ਹਮ = ਅਸੀਂ ਨਿਰਗੁਨੀਆਰ = ਸ਼ੁਭ ਗੁਣਾਂ ਤੋਂ ਰਹਿਤ ਨੀਚ = ਭੈੜੇ ਕੰਮਾਂ ਨੂੰ ਕਰਨ ਵਾਲੇ ਅਤੇ ਤੁਹਾਡੇ ਵਿਚਾਰਾਂ ਵੱਲੋਂ ਅਜਾਨ = ਅਗਿਆਤ ਹਾਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਉਂ ਬੇਨਤੀਆਂ ਕਰੀਏ ਕਿ ਹੇ ਭਗਵਾਨ = ਹਰੀ ਪਰਮੇਸ਼ਰ ਅਕਾਲ ਪੁਰਖ ਅਸੀਂ ਤੁਮਾਰੀ = ਤੁਹਾਡੀ ਸਰਨਿ = ਓਟ ਵਿਚ ਆਏ ਹਾਂ ॥੭॥

## ਸਰਬ ਬੈਕੁੰਠ; ਮੁਕਤਿ ਮੋਖ ਪਾਏ ॥ ਏਕ ਨਿਮਖ; ਹਰਿ ਕੇ ਗੁਨ ਗਾਏ ॥

ਉਹ ਸਰਬ ਬੈਕੁੰਠ = ਸਾਰੇ ਬਹਿਸ਼ਤ (ਸਵਰਗ) ਦੇ ਪ੍ਰਾਪਤੀ ਵਾਲੇ ਸੁੱਖਾਂ ਚਾਰ ਪ੍ਰਕਾਰ ਦੀਆਂ ਸਾਲੋਕ, ਸਾਮੀਪ, ਸਾਰੂਪ, ਸਾਯੁਜ ਆਦਿ ਮੁਕਤੀਆਂ ਤੇ ਮੋਖ = ਕੈਵਲ ਮੋਖ ਨੂੰ ਪਾਏ = ਪਾਉਂਦਾ ਹੈ।

**ਚਾਰ ਮੁਕਤੀਆਂ ਦਾ ਨਿਰਣਾ :**

੧. ਸਾਲੋਕ = ਉਪਾਸਯ ਦੇ ਲੋਕ ਵਿਚ ਜਾਣਾ ਭਾਵ ਆਪਣੇ ਇਸ਼ਟ ਦੇ ਲੋਕ ਵਿਚ ਨਿਵਾਸ ਕਰਨਾ।
੨. ਸਾਮੀਪ = ਜਿਸ ਦੀ ਉਪਾਸ਼ਨਾ ਕਰਦੇ ਹਾਂ, ਉਸ ਦੇ ਨਿਕਟਵਰਤੀ ਹੋ ਜਾਣਾ।
੩. ਸਾਰੂਪ = ਇੱਕੋ ਸਰੂਪ ਹੋ ਜਾਣਾ ਭਾਵ ਇਸ਼ਟ ਗੁਰੂ ਦਾ ਰੂਪ ਹੀ ਜਾਣਿਆ ਜਾਵੇ **ਵਾ:** ਇਸ਼ਟ ਦੇ ਤੁੱਲ ਸ਼ਕਲ ਦਾ ਹੋਣਾ।
੪. ਸਾਯੁਜ = ਜਿਸ ਦੀ ਉਪਾਸ਼ਨਾ ਕਰਦੇ ਹਾਂ, ਉਸ ਨਾਲ ਮਿਲਾਪ ਹੋ ਜਾਣਾ।

ਇੱਕੋ ਵੇਲੇ ਹਜ਼ਾਰ ਰੂਪ ਧਾਰ ਕੇ ਹਜ਼ਾਰ ਕੰਮ ਵੱਖੋ-ਵੱਖਰੇ ਕਰ ਸਕਦਾ ਹੈ, ਪਰ ਉਤਪਤੀ, ਪਾਲਣਾ ਤੇ ਲੈਤਾ ਇਹ ਆਪਣੇ ਅਧੀਨ ਰੱਖੀ ਹੋਈ ਹੈ। ਇਹ ਨਾ ਕਰ ਸਕੇ, ਹੋਰ ਸਭ ਕੁਝ ਕਰ ਸਕੇ, ਇਹ ਸਾਯੁਜ ਮੁਕਤੀ ਹੈ। ਜਿਵੇਂ ਪਾਣੀ ਵਿਚ ਲੂਣ ਦੀ ਡਲੀ ਖੁਰ ਜਾਂਦੀ ਹੈ ਤੇ ਪਾਣੀ ਵਿਚ ਮਿਲ ਜਾਂਦੀ ਹੈ, ਇਕ ਰੂਪ ਹੋ ਤਾਂ ਜਾਂਦਾ ਹੈ, ਪਰ ਜਦੋਂ ਪਾਣੀ ਮੂੰਹ ਨੂੰ ਲਾਈਏ ਤਾਂ ਉਸ ਵਿਚ ਲੂਣ ਦਾ ਸੁਆਦ ਆਉਂਦਾ ਹੈ, ਸਮਝੀਦਾ ਹੈ ਕਿ ਇਸ ਪਾਣੀ ਵਿਚ ਲੂਣ ਹੈ, ਇਸ ਪ੍ਰਕਾਰ ਸਾਯੁਜ ਮੁਕਤੀ ਵਾਲਾ ਅਭੇਦ ਹੁੰਦਾ ਹੋਇਆ ਵੀ ਸੂਖਮ ਰੂਪ ਵਿਚ ਥੋੜ੍ਹਾ ਜਿਹਾ ਵੱਖਰਾ ਰਹਿੰਦਾ ਹੈ, ਇਹ ਬੈਕੁੰਠ ਦੀਆਂ ਚਾਰ ਮੁਕਤੀਆਂ ਨਾਲੋਂ ਕੈਵਲ ਮੋਖ ਉੱਤਮ ਹੈ, ਜਿਸ ਵਿਚ ਪੂਰਣਤਾ ਕਰਕੇ ਅਭੇਦਤਾ ਹੈ। ਇਉਂ ਇਹ ਮੁਕਤੀਆਂ ਉਸ ਨੂੰ ਪ੍ਰਾਪਤ ਹੁੰਦੀਆਂ ਹਨ।

ਜੋ ਏਕ ਨਿਮਖ = ਇਕ ਛਿਨ ਮਾਤਰ ਹਰਿ = ਹਰੀ ਵਾਹਿਗੁਰੂ ਕੇ = ਦੇ ਗੁਣ ਗਾਏ = ਗਾਉਣ ਕਰਦਾ ਹੈ।

## ਅਨਿਕ ਰਾਜ; ਭੋਗ ਬਡਿਆਈ ॥ ਹਰਿ ਕੇ ਨਾਮ ਕੀ ਕਥਾ; ਮਨਿ ਭਾਈ ॥

ਉਸ ਨੂੰ ਅਨਿਕ = ਅਨੇਕਾਂ ਮੁਲਕਾਂ ਦੇ ਰਾਜ, ਭੋਗ = ਪਦਾਰਥ ਤੇ ਦੁਨੀਆਂ ਦੀ ਬਡਿਆਈ = ਸ਼ੋਭਾ ਪ੍ਰਾਪਤ ਹੋ ਜਾਂਦੀ ਹੈ। ਹਰਿ = ਹਰੀ ਵਾਹਿਗੁਰੂ ਕੇ = ਦੇ ਨਾਮ ਕੀ = ਦੀ ਕਥਾ = ਕਥਨੀ ਜਿਸ ਦੇ ਮਨ ਨੂੰ ਭਾਈ = ਭਾਅ ਭਾਵ ਚੰਗੀ ਲੱਗਦੀ ਹੈ।

## ਬਹੁ ਭੋਜਨ; ਕਾਪਰ ਸੰਗੀਤ ॥ ਰਸਨਾ ਜਪਤੀ; ਹਰਿ ਹਰਿ ਨੀਤ ॥

ਉਸ ਨੂੰ ਬਹੁ = ਬਹੁਤੇ ਭੋਜਨਾਂ ਦਾ ਖਾਣਾ, ਕਾਪਰ = ਬਸਤਰ ਪਹਿਨਣੇ ਅਤੇ ਸੰਗੀਤ = ਰਾਗ ਵਿੱਦਿਆ ਪ੍ਰਾਪਤ ਹੋ ਜਾਂਦੀ ਹੈ। ਜਿਸ ਦੀ ਰਸਨਾ = ਜੀਭਾ ਨੀਤ = ਨਿਤਾਪ੍ਰਤੀ ਹਰਿ = ਸਾਰਿਆਂ ਨੂੰ ਹਰੇ ਭਰੇ ਕਰਨ ਵਾਲੇ ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਜਪਤੀ = ਜਪਦੀ ਹੈ।

## ਭਲੀ ਸੁਕਰਨੀ; ਸੋਭਾ ਧਨਵੰਤ ॥ ਹਿਰਦੈ ਬਸੇ; ਪੂਰਨ ਗੁਰ ਮੰਤ ॥

ਉਸ ਦੀ ਭਲੀ = ਚੰਗੀ ਸੁਕਰਨੀ = ਸ੍ਰੇਸ਼ਟ ਕਰਨੀ ਹੈ ਤੇ ਉਸ ਦੀ ਲੋਕਾਂ ਵਿਚ ਸੋਭਾ = ਵਡਿਆਈ ਹੈ ਅਤੇ ਉਹੋ ਨਾਮ ਰੂਪ ਧਨਵੰਤਾ = ਧਨ ਵਾਲਾ ਹੋਇਆ ਹੈ। ਜਿਸ ਦੇ ਹਿਰਦੈ = ਅੰਤਸ਼ਕਰਨ ਵਿਚ ਪੂਰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਾਹਿਗੁਰੂ ਗੁਰਮੰਤ੍ਰ ਬਸੈ = ਵਸਿਆ ਹੈ **ਵਾ:** ਜਿਸ ਦੇ ਹਿਰਦੇ ਵਿਚ ਪੂਰਨ ਗੁਰਾਂ ਦਾ ਮੰਤ = ਉਪਦੇਸ਼ ਵਸਿਆ ਹੈ।

## ਸਾਧਸੰਗਿ; ਪ੍ਰਭ ਦੇਹੁ ਨਿਵਾਸ ॥ ਸਰਬ ਸੂਖ; ਨਾਨਕ ਪਰਗਾਸ ॥੮॥੨੦॥

ਇਉਂ ਬੇਨਤੀ ਕਰੀਏ ਕਿ ਹੇ ਪ੍ਰਭ = ਹਰੀ ਵਾਹਿਗੁਰੂ ! ਸਾਨੂੰ ਆਪ ਜੀ ਦੀ ਬੰਦਗੀ ਕਰਨ ਵਾਲੇ ਸਾਧੂਆਂ ਦੀ ਸੰਗਤ ਵਿਚ ਨਿਵਾਸ = ਵਾਸਾ ਦੇਹੁ = ਦੇਣਾ ਕਰੋ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਫੇਰ ਸਰਬ = ਸਾਰੇ ਸੁੱਖਾਂ ਦਾ ਪਰਗਾਸ = ਪ੍ਰਕਾਸ਼ ਹੋ ਜਾਂਦਾ ਹੈ, ਇਤਨਾ ਵੱਡਾ ਫਲ ਹੈ ਅੰਮ੍ਰਿਤ ਨਾਮ ਵਿਚ ਜੁੜਨ ਦਾ ॥੮॥੨੦॥

(ਵੀਹਵੀਂ ਅਸਟਪਦੀ ਵਿਚ ਪੂਰੇ ਅੱਖਰ ੯੮੯, ਪੈਰਾਂ ਵਾਲੇ ਰਾਰੇ ੨੮, ਕੁੱਲ ਅੱਖਰ ੧੦੧੭ ਹਨ)

## ਸਲੋਕੁ ॥

## ਸਰਗੁਨ ਨਿਰਗੁਨ ਨਿਰੰਕਾਰ; ਸੁੰਨ ਸਮਾਧੀ ਆਪਿ ॥

ਹੇ ਭਾਈ! ਉਹ ਪਰਮੇਸ਼ਰ ਸਰਗੁਨ = ਮਾਇਆ ਸਬਲ, ਨਿਰਗੁਨ = ਤਿੰਨਾਂ ਗੁਣਾਂ ਤੋਂ ਅਤੀਤ, ਨਿਰੰਕਾਰ = ਮਾਇਕੀ ਪਦਾਰਥਾਂ ਦੇ ਅਕਾਰਾਂ ਤੋਂ ਰਹਿਤ ਅਤੇ ਸੁੰਨ = ਅਫੁਰ ਸਮਾਧੀ ਵਿਚ ਬੈਠਣ ਵਾਲਾ ਆਪ ਹੀ ਹੈ **ਵਾ:** ਜੋ ਨਿਰਗੁਣ ਸੁੰਨ = ਅਫੁਰ ਸਮਾਧੀ ਰੂਪ ਹੋ ਕੇ ਨਿਰੰਕਾਰ ਆਪ ਹੀ ਹੈ ਅਤੇ ਜਦੋਂ ਆਪ ਹੀ ਪਰਲੋ ਕਰ ਲਵੇ, ਉਦੋਂ ਸਮਾਧੀ ਲਾ ਕੇ ਵੀ ਆਪ ਹੀ ਬੈਠਣ ਵਾਲਾ ਹੈ। ਸੁੰਨ = ਅਫੁਰ ਰੂਪ ਹੈ ਕਿਸੇ ਹੋਰ ਪ੍ਰਕਾਰ ਦਾ ਫੁਰਨਾ ਨਹੀਂ, ਜਗਤ ਨੂੰ ਪੈਦਾ ਕਰ ਕੇ ਲੀਨ ਕਰਨ ਵਾਲਾ ਸਰਗੁਣ ਸਰੂਪ ਆਪ ਹੀ ਹੈ। ਮਾਇਆ ਸਬਲ ਕਰ ਕੇ ਸਰਗੁਣ ਤੇ ਤਿੰਨਾਂ ਗੁਣਾਂ ਤੋਂ ਅਤੀਤ ਹੋਣ ਕਰ ਕੇ ਨਿਰਗੁਣ ਕਹੀਦਾ ਹੈ।

## ਆਪਨ ਕੀਆ ਨਾਨਕਾ; ਆਪੇ ਹੀ ਫਿਰਿ ਜਾਪਿ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ! ਹਰੀ ਵਾਹਿਗੁਰੂ ਨੇ ਆਪ ਹੀ ਆਪਣੇ ਤੋਂ ਸੰਸਾਰ ਨੂੰ ਪੈਦਾ ਕੀਆ = ਕੀਤਾ ਹੈ ਅਤੇ ਆਪ ਹੀ ਆਪਣੇ ਜਾਪ ਨੂੰ ਫੇਰ ਜਪਦਾ ਹੈ **ਵਾ:** ਆਪ ਹੀ ਇਸ ਪ੍ਰਪੰਚ ਨੂੰ ਜਾਪ = ਲੈਅਤਾ ਕਰ ਲੈਂਦਾ ਹੈ ਅਤੇ ਸੰਸਾਰ ਦਾ ਮਿਥਿਆਪਣ ਸਿੱਧ ਕਰਨ ਲਈ ਪਰਲੋਂ ਦਿਖਾਉਂਦਾ ਹੈ ॥੧॥

***ਨੋਟ:*** ਪਰਲੋਂ ਪੰਜ ਪ੍ਰਕਾਰ ਦੀ ਹੁੰਦੀ ਹੈ, ਕਈ ਵਿਦਵਾਨਾਂ ਨੇ ਚਾਰ ਪ੍ਰਕਾਰ ਦੀ ਮੰਨੀ ਹੈ, ਪਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਨੇ ੨੮ਵੀਂ ਕਥਾ ਵਿਚ ਬਚਨ ਕੀਤੇ ਹਨ ਕਿ ਪਰਲੋਂ ਪੰਜ ਪ੍ਰਕਾਰ ਦੀ ਹੁੰਦੀ ਹੈਂ :

੧. ਨਿੱਤ ਪਰਲੋਂ; ੨. ਨਮਿੱਤ ਪਰਲੋਂ; ੩. ਅਵਾਂਤ੍ਰ (ਪ੍ਰਕਿਰਤ) ਪਰਲੋਂ; ੪. ਮਹਾਂ ਪਰਲੋਂ; ੫. ਗਿਆਨ ਪਰਲੋਂ।

**੧. ਨਿੱਤ ਪਰਲੋਂ**—ਜਦੋਂ ਅਸੀਂ ਸੌਂ ਜਾਂਦੇ ਹਾਂ, ਉਸ ਵੇਲੇ ਸਾਨੂੰ ਕੋਈ ਵੀ ਸੁਰਤ ਨਹੀਂ ਹੁੰਦੀ, ਭਾਵੇਂ ਸਾਡੀ ਕੋਈ ਵਸਤੂ ਚੁੱਕ ਕੇ ਲੈ ਜਾਵੇ, ਉਸ ਨੂੰ ਨਿੱਤ ਪਰਲੋਂ ਭਾਵ ਨਿੱਤ ਦੀ ਪਰਲੋਂ ਕਹਿੰਦੇ ਹਨ।

**੨. ਨਮਿੱਤ ਪਰਲੋਂ**—ਜੋ ਉਮਰ ਇਸ ਜੀਵ ਨੂੰ ਕਰਤੇ ਨੇ ਦਿੱਤੀ ਹੈ, ਜਦ ਪਰਾਲਬਧ ਪੂਰੀ ਹੋ ਜਾਵੇ, ਉਸ ਪਰਾਲਬਧ ਨੂੰ ਭੋਗ ਕੇ ਜੀਵ ਸਰੀਰ ਛੱਡਦਾ, ਭਾਵ ਮੌਤ ਆ ਜਾਂਦੀ ਹੈ, ਉਸ ਨੂੰ ਨਮਿੱਤ ਪਰਲੋਂ ਕਹਿੰਦੇ ਹਨ।

**੩. ਅਵਾਂਤ੍ਰ (ਪ੍ਰਕਿਰਤ) ਪਰਲੋਂ**—ਜਦੋਂ ਬ੍ਰਹਮਾ ਜੀ ਦਾ ਦਿਨ ਗੁਜ਼ਰ ਜਾਂਦਾ ਹੈ, ਬ੍ਰਹਮਾ ਰਾਤ ਨੂੰ ਸੌਂ ਜਾਂਦਾ ਹੈ, ਉਸ ਵੇਲੇ ਕਦੇ ਪਾਣੀ ਦੀ ਪਰਲੋ, ਕਦੇ ਅਗਨੀ ਦੀ ਪਰਲੋਂ ਆਦਿ ਇਨ੍ਹਾਂ ਤੱਤਾਂ ਦੀ ਪਰਲੋਂ ਹੁੰਦੀ ਹੈ। ਦਿਨ ਚੜ੍ਹੇ ਤੋਂ ਬ੍ਰਹਮਾ ਜਗਤ ਦੀ ਰਚਨਾ ਕਰਨ ਲੱਗ ਜਾਂਦਾ ਹੈ ਅਤੇ ਸੌਣ ਤੋਂ ਬਾਅਦ ਪਰਲੋਂ ਆ ਜਾਂਦੀ ਹੈ, ਇਹ ਪ੍ਰਕਿਰਤ (ਅਵਾਂਤ੍ਰ) ਪਰਲੋਂ ਕਹਾਉਂਦੀ ਹੈ **ਅਥਵਾ** ਜਿਸ ਸਮੇਂ ਮਾਤ-ਲੋਕ ਦੇ ਸਾਰੇ ਜੀਵ-ਜੰਤ ਖ਼ਤਮ ਹੋ ਜਾਣ ਅਤੇ ਬ੍ਰਹਮਪੁਰੀ, ਵਿਸ਼ਨਪੁਰੀ, ਸ਼ਿਵਪੁਰੀ ਤੇ ਇੰਦਰਪੁਰੀ ਆਦਿ ਲੋਕ ਕਾਇਮ ਰਹਿਣ, ਧਰਤੀ 'ਤੇ ਜਲ ਹੀ ਜਲ ਹੋ ਜਾਂਦਾ ਹੈ, ਉਸ ਨੂੰ ਅਵਾਂਤ੍ਰ ਪਰਲੋਂ ਕਹਿੰਦੇ ਹਨ।

ਜਿਸ ਸਮੇਂ ਪ੍ਰਕਿਰਤ ਪਰਲੋਂ ਹੋਈ ਤਾਂ ਸਾਰੇ ਜਲ ਹੀ ਜਲ ਹੋ ਗਿਆ ਸੀ, ਇਕ ਮਾਰਕੰਡਾ ਰਿਖੀ ਜਲ ਉੱਤੇ ਤਰਦਾ ਜਾ ਰਿਹਾ ਸੀ। ਜਦੋਂ ਇਹ ਤੈਰਦਾ ਤੈਰਦਾ ਪ੍ਰਯਾਗ ਰਾਜ ਪਹੁੰਚਿਆ, ਉਥੇ ਇਕ ਬਟ ਹੈ, ਉਸ ਉੱਤੇ 'ਬਾਲਾ ਪ੍ਰੀਤਮ' ਬੈਠਾ ਇਸ ਕੌਤਕ ਨੂੰ ਵੇਖ ਰਿਹਾ ਸੀ, ਉਸੇ ਬਟ ਨਾਲ ਮਾਰਕੰਡਾ ਰਿਖੀ ਵੀ ਜਾ ਲੱਗਾ ਅਤੇ ਨਿੱਕੇ ਬਾਲਕ ਨੂੰ ਬ੍ਰਿਛ ਉੱਤੇ ਬੈਠਾ ਵੇਖ ਕੇ ਮਾਰਕੰਡੇ ਨੇ ਪੁੱਛਿਆ ਕਿ ਤੂੰ ਕੌਣ ਹੈਂ ? ਇਥੇ ਬੈਠਾ ਕੀ ਵੇਖਦਾ ਹੈਂ ਤਾਂ ਉਸ ਬਾਲਕ ਨੇ ਕਿਹਾ ਮੈਂ ਈਸ਼ਵਰ ਹਾਂ, ਹੁਣ ਬਾਲਾ ਪ੍ਰੀਤਮ ਰੂਪ ਧਾਰ ਕੇ ਇਸ ਪ੍ਰਕਿਰਤ ਪਰਲੋਂ ਨੂੰ ਵੇਖ ਰਿਹਾ ਹਾਂ, ਜਦੋਂ ਇਹ ਜਲ ਸੁੱਕੇਗਾ ਫਿਰ ਮੈਂ ਸ੍ਰਿਸ਼ਟੀ ਨੂੰ ਰਚਾਂਗਾ, ਸੋ ਇਸ ਤਰ੍ਹਾਂ ਪ੍ਰਕਿਰਤ ਪਰਲੋਂ ਕਥਨ ਕੀਤੀ ਹੈ।

**੪. ਮਹਾਂ ਪਰਲੋਂ**—ਜਦੋਂ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਤਿੰਨਾਂ ਦੀਆਂ ਉਮਰਾਂ ਪੂਰੀਆਂ ਹੋ ਜਾਂਦੀਆਂ ਹਨ, ਸਾਰੇ ਜੀਵਾਂ ਦੇ ਕੀਤੇ ਹੋਏ ਕਰਮ ਫਲ ਦੇਣ ਨੂੰ ਸ਼ਾਂਤ ਹੋ ਜਾਂਦੇ ਹਨ ਅਤੇ ਸਾਰੇ ਜੀਵ ਧਰਤੀ ਉੱਤੇ ਨਾਸ਼ ਹੋ ਜਾਂਦੇ ਹਨ। ਧਰਤੀ ਪਾਣੀ ਵਿਚ ਮਿਲ ਜਾਂਦੀ ਹੈ, ਪਾਣੀ ਅਗਨੀ ਵਿਚ, ਅਗਨੀ ਹਵਾ ਵਿਚ, ਹਵਾ ਅਕਾਸ਼ ਵਿਚ, ਅਕਾਸ਼ ਮਾਇਆ ਵਿਚ ਅਤੇ ਮਾਇਆ ਸੂਖਮ ਰੂਪ ਹੋ ਕੇ ਅੰਤ ਨੂੰ ਬ੍ਰਹਮ ਵਿਚ ਲੀਨ ਹੋ ਜਾਂਦੀ ਹੈ। ਜਿਵੇਂ ਕੋਈ ਮਦਾਰੀ ਸਾਰੀਆਂ ਚੀਜ਼ਾਂ ਨੂੰ ਆਪਣੀ ਝੋਲੀ ਵਿਚ ਪਾ ਲਵੇ, ਇਸੇ ਪ੍ਰਕਾਰ ਅੰਤਰਜਾਮੀ ਸਾਰੀ ਸ੍ਰਿਸ਼ਟੀ ਦੀ ਰਚਨਾ ਰੂਪ ਚੀਜ਼ਾਂ ਨੂੰ ਆਪਣੀ ਇੱਛਾ ਰੂਪੀ ਝੋਲੀ ਵਿਚ ਪਾ ਲਵੇ ਅਤੇ ਕੇਵਲ ਇਕ ਪਰਮਾਤਮਾ ਹੀ ਰਹਿ ਜਾਵੇ, ਉਸ ਤੋਂ ਬਗ਼ੈਰ ਹੋਰ ਕੋਈ ਵੀ ਦੂਸਰਾ ਨਹੀਂ ਹੁੰਦਾ, ਇਸ ਨੂੰ ਮਹਾਂ ਪਰਲੋਂ ਕਹਿੰਦੇ ਹਨ।

ਜਿਸ ਪ੍ਰਕਾਰ ਕਰਤੇ ਪੁਰਖ ਨੇ ਮਨੁੱਖਾਂ ਦੀਆਂ ਉਮਰਾਂ ਲਿਖੀਆਂ ਹਨ, ਉਸੇ ਤਰ੍ਹਾਂ ਬ੍ਰਹਮਾ ਆਦਿ ਸਭ ਦੇਵਤਿਆਂ ਦੀਆਂ ਉਮਰਾਂ ਵੀ ਲਿਖੀਆਂ ਹਨ :

**ਬ੍ਰਹਮਾ ਜੂਕੇ ਜਨਮ ਤੇ ਪ੍ਰਗਟ ਹੋਇ ਸੰਸਾਰ।**
**ਮਹਾਂ ਪਰਲੈ ਹਵੈ ਮਰਨ ਤੇ ਏਹੈ ਬਾਤ ਨਿਰਧਾਰ।੪੪।** *(ਅਧਿਆਤਮ ਪ੍ਰਕਾਸ)*

ਬ੍ਰਹਮਾ ਦੇ ਇਕ ਦਿਨ ਨੂੰ ਕਲਪ ਕਹਿੰਦੇ ਹਨ, ਬ੍ਰਹਮਾ ਦੇ ਇਕ ਦਿਨ ਵਿਚ ਚੌਦਾਂ ਇੰਦਰ ਰਾਜ ਕਰਕੇ ਖ਼ਤਮ ਹੋ ਜਾਂਦੇ ਹਨ :

**ਚਉਦਹ ਇੰਦ੍ਰ ਵਿਣਾਸੁ ਕਾਲਿ, ਬ੍ਰਹਮੇ ਦਾ ਇਕੁ ਦਿਵਸ ਵਿਹਾਵੈ।**
**ਧੰਧੇ ਹੀ ਬ੍ਰਹਮਾ ਮਰੈ, ਲੋਮਸ ਦਾ ਇਕੁ ਰੋਮ ਛਿਜਾਵੈ।** *(ਵਾਰ ੧੨, ਪਉੜੀ ੧੦)*

**ਬ੍ਰਹਮਾ ਹੀ ਕੇ ਦਿਵਸ ਕੋ ਕਲਪ ਕਹੋਂ ਸਭ ਤਾਤ।**
**ਜਾਂ ਮਹਿ ਚੌਦਹਿ ਇੰਦ੍ਰ ਹਵੈ, ਰਾਜ ਕਰਤ ਮਿਟ ਜਾਤ।** *(ਅਧਿਆਤਮ ਪ੍ਰਕਾਸ਼)*

ਜਿਸ ਸਮੇਂ ਨਾ ਪੰਜ ਤੱਤ ਅਤੇ ਨਾ ਹੀ ਸੂਖਮ ਤੱਤ ਅਤੇ ਨਾ ਹੀ ਕੋਈ ਬ੍ਰਹਮਾ ਵਿਸ਼ਨੂੰ ਸ਼ਿਵ ਜੀ ਆਦਿਕ ਹੁੰਦੇ ਹਨ, ਉਸ ਨੂੰ ਮਹਾਂ ਪਰਲੋ ਕਹਿੰਦੇ ਹਨ:

**ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਸੋਈ॥** *(ਅੰਗ ੧੦੩੫)*

**ਓਪਤਿ ਪਰਲਉ ਪ੍ਰਭ ਤੇ ਹੋਵੈ ਇਹ ਬੀਚਾਰੀ ਹਰਿ ਜਨੀ॥੨॥** *(ਅੰਗ ੧੧੯੬)*

**੫. ਗਿਆਨ ਪਰਲੋਂ**—ਜਿਸ ਅਵਿੱਦਿਆ ਕਰਕੇ ਸਾਰਾ ਸੰਸਾਰ ਬਣਿਆ ਹੋਇਆ ਹੈ, ਸਾਰੇ ਦੀ ਬ੍ਰਹਮ ਗਿਆਨ ਕਰਕੇ ਪਰਲੋਂ ਹੋ ਜਾਣੀ, ਕੇਵਲ ਇਕ ਅਦ੍ਵੈਤ ਰੂਪ ਨੂੰ ਦੇਖ ਲੈਣਾ, ਉਸ ਨੂੰ ਗਿਆਨ ਪਰਲੋਂ ਕਹਿੰਦੇ ਹਨ।

ਸਿੱਖਾਂ ਨੇ ਪੁੱਛਿਆ ਕਿ ਉਦੋਂ ਕੋਈ ਆਕਾਰ ਤਾਂ ਰਹਿੰਦਾ ਹੋਣਾ ਹੈ ਤਾਂ ਗੁਰ ਉੱਤਰ:

## ਅਸਟਪਦੀ॥ ਜਬ ਅਕਾਰੁ; ਇਹੁ ਕਛੁ ਨ ਦ੍ਰਿਸਟੇਤਾ॥ ਪਾਪ ਪੁੰਨ; ਤਬ ਕਹ ਤੇ ਹੋਤਾ॥

ਹੇ ਭਾਈ! ਜਬ = ਜਦੋਂ ਮਹਾਂ ਪਰਲੋਂ ਆਉਂਦੀ ਹੈ, ਉਸ ਵੇਲੇ ਜਿੰਨਾ ਸ੍ਰਿਸ਼ਟੀ ਦਾ ਪਸਾਰਾ ਦਿਸਣ ਵਿਚ ਆ ਰਿਹਾ ਹੈ, ਭਾਵ ਜਿੰਨਾ ਸ੍ਰਿਸ਼ਟੀ ਦਾ ਆਕਾਰ ਹੈ, ਇਹ ਕਛੁ = ਕੁਝ ਵੀ ਦ੍ਰਿਸਟੇਤਾ = ਨਦਰ ਨ = ਨਹੀਂ ਆਉਂਦਾ।

***ਪ੍ਰਸ਼ਨ :*** *ਹੇ ਮਹਾਰਾਜ! ਪਾਪ ਪੁੰਨ ਤਾਂ ਹੁੰਦੇ ਹੋਣੇ ਹਨ?*

***ਉੱਤਰ :*** ਅਰਥਾਤ ਤਬ = ਤਦ ਪਾਪ ਪੁੰਨ ਕਹ = ਕਿਸ ਤੇ = ਤੋਂ ਹੋਤਾ = ਹੁੰਦੇ ਸਨ, ਭਾਵ ਪਾਪ ਪੁੰਨ ਦਾ ਕੁਝ ਵੀ ਵਿਵਹਾਰ ਨਹੀਂ ਸੀ। ਸ੍ਰਿਸ਼ਟੀ ਦੇ ਆਕਾਰ ਕਰ ਕੇ ਪਾਪ ਪੁੰਨ ਹੁੰਦੇ ਹਨ, ਅੱਧਾ ਪਾਪ, ਅੱਧਾ ਪੁੰਨ ਮਿਸ਼ਰਤ ਕੰਮ ਹੁੰਦੇ ਹਨ, ਜਿਹੜਾ ਦਿਸਣ ਵਿਚ ਆ ਰਿਹਾ ਹੈ, ਉਦੋਂ ਕੋਈ ਆਕਾਰ ਨਹੀਂ ਸੀ। ਉਦੋਂ ਗਿਆਨ ਦੀ ਪਰਲੋ ਜਾਂ ਮਹਾਂ ਪਰਲੋ ਕਰਤਾਰ ਨੇ ਕਰਨਾ ਕੀਤੀ, ਉਦੋਂ ਪਾਪ ਤੇ ਪੁੰਨ ਕਿਸ ਪਾਸੋਂ ਹੋ ਸਕਦੇ ਸੀ, ਇਹ ਸਰੀਰ ਕਰਕੇ ਸੰਭਵ ਹੋਣੇ ਸੀ, ਉਦੋਂ ਕੋਈ ਸਰੀਰ ਹੀ ਨਹੀਂ ਸੀ।

***ਪ੍ਰਸ਼ਨ :*** *ਹੇ ਮਹਾਰਾਜ! ਉਦੋਂ ਵੈਰ ਵਿਰੋਧ ਤਾਂ ਹੁੰਦੇ ਹੋਣਗੇ?*

***ਗੁਰ ਉੱਤਰ :***

## ਜਬ ਧਾਰੀ; ਆਪਨ ਸੁੰਨ ਸਮਾਧਿ॥ ਤਬ ਬੈਰ ਬਿਰੋਧ; ਕਿਸੁ ਸੰਗਿ ਕਮਾਤਿ॥

ਜਬ = ਜਦੋਂ ਆਪ ਪਰਮੇਸ਼ਰ ਨੇ ਸੁੰਨ = ਅਫੁਰ ਰੂਪ ਸਮਾਧੀ ਧਾਰੀ = ਧਾਰਨ ਕੀਤੀ ਹੋਈ ਸੀ **ਵਾ:** ਸਰਗੁਣ ਸਰੂਪ ਵਿਚ ਆਪਣੇ ਨਿਰਗੁਣ ਸਰੂਪ ਦੀ ਅਫੁਰ ਰੂਪ ਸਮਾਧੀ ਧਾਰ ਕੇ ਏਕਤਾ ਪਾਈ ਹੋਈ ਸੀ, ਤਬ = ਤਦ ਬੈਰ = ਨਵੀਨ ਸ਼ਤ੍ਰਤਾ ਅਤੇ ਬਿਰੋਧ = ਪੁਰਾਤਨ ਦੁਸ਼ਮਨੀ ਕੋਈ ਕਿਸ ਦੇ ਸੰਗਿ = ਨਾਲ ਕਮਾਤਿ = ਕਮਾਉਂਦਾ? ਭਾਵ ਕੋਈ ਨਹੀਂ ਕਮਾ ਸਕਦਾ ਸੀ **ਵਾ:** ਉਸ ਵੇਲੇ ਅਨਾਦੀ ਕਾਲ ਦਾ ਵੈਰ ਅਤੇ ਅਲਪ ਕਾਲ ਵਿਰੋਧ ਕੋਈ ਕਿਸ ਦੇ ਨਾਲ ਕਮਾਉਂਦਾ।

***ਪ੍ਰਸ਼ਨ :*** *ਹੇ ਮਹਾਰਾਜ! ਹਰਖ ਸੋਗ ਤਾਂ ਉਦੋਂ ਰਹਿੰਦੇ ਹੋਣੇ ਹਨ?*

***ਗੁਰ ਉੱਤਰ :***

## ਜਬ ਇਸ ਕਾ; ਬਰਨੁ ਚਿਹਨੁ ਨ ਜਾਪਤ॥ ਤਬ ਹਰਖ ਸੋਗ; ਕਹੁ ਕਿਸਹਿ ਬਿਆਪਤ॥

ਜਬ = ਜਦੋਂ ਇਸ ਸੰਸਾਰ ਕਾ = ਦਾ ਬਰਨੁ = ਖੱਤਰੀ, ਵੈਸ਼, ਸ਼ੂਦਰ ਤੇ ਬ੍ਰਾਹਮਣ ਆਦਿ ਬਰਨ **ਵਾ:**

ਬਰਨੁ = ਰੰਗ, ਚਿਹਨੁ = ਚਿੰਨ੍ਹ ਕੰਠੀ ਮਾਲਾ ਰੁਦਰਾਖ਼ ਆਦਿ ਜਾਪਤ = ਜਾਣਿਆ ਨਹੀਂ ਜਾਂਦਾ ਸੀ। ਤਬ = ਉਦੋਂ ਕਹੁ = ਦੱਸੋ ਕਿਸਹਿ = ਕਿਸਨੂੰ ਹਰਖ = ਖ਼ੁਸ਼ੀ ਤੇ ਕਿਸ ਨੂੰ ਸੋਗ = ਗ਼ਮ ਬਿਆਪਤ = ਵਿਆਪਣਾ ਸੀ ?

**ਜਬ ਆਪਨ ਆਪ; ਆਪਿ ਪਾਰਬ੍ਰਹਮ ॥ ਤਬ ਮੋਹ ਕਹਾ; ਕਿਸੁ ਹੋਵਤ ਭਰਮ ॥**

ਜਬ = ਜਦੋਂ ਆਪਨ = ਆਪਣਾ ਆਪ ਰੂਪ ਪਾਰਬ੍ਰਹਮ (ਪਾਰ+ਬ੍ਰਹਮ) ਪਾਪਾਂ ਪੁੰਨਾਂ ਤੇ ਪਾਰ = ਪਰੇ ਬ੍ਰਹਮ = ਵਿਆਪਕ ਪਰਮੇਸ਼ਰ ਆਪ ਹੀ ਸੀ **ਵਾ:** ਜੀਵ ਈਸ ਦੇ ਭੇਦ ਤੋਂ ਰਹਿਤ ਪਰਮੇਸ਼ਰ ਆਪ ਹੀ ਸੀ। ਤਬ = ਤਦੋਂ ਫੇਰ ਮੋਹ ਕਹਾ = ਕਿਥੇ ਸੀ ਅਤੇ ਕਿਸ ਨੂੰ ਭਰਮ ਹੋਵਤ = ਹੋਣਾ ਸੀ ?

**[ਅੰਗ ੨੯੧]**

## ਆਪਨ ਖੇਲੁ; ਆਪਿ ਵਰਤੀਜਾ ॥ ਨਾਨਕ; ਕਰਨੈਹਾਰੁ ਨ ਦੂਜਾ ॥੧॥

ਉਸ ਹਰੀ ਅਕਾਲ ਪੁਰਖ ਵਾਹਿਗੁਰੂ ਨੇ ਆਪਨ = ਆਪਣਾ ਸੰਸਾਰ ਰੂਪੀ ਖੇਲੁ = ਤਮਾਸ਼ਾ ਆਪ ਹੀ ਵਰਤੀਜਾ = ਵਰਤਾਉਣਾ ਕੀਤਾ ਹੈ ॥੧॥ ਜੈਸਾ ਕਿ :

**ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ ॥** *(ਅੰਗ ੧੪੦੩)*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮਹਾਂ ਪਰਲੋ ਕਰਨ ਵਾਲਾ ਵੀ ਆਪ ਹੀ ਹੈ, ਹੋਰ ਦੂਜਾ = ਦੂਸਰਾ ਕੋਈ ਨ = ਨਹੀਂ ਹੈ।

***ਪ੍ਰਸ਼ਨ :*** *ਉਦੋਂ ਬੰਧਨ ਕਿਹੋ ਜਿਹੇ ਹੋਣਗੇ ?*

***ਗੁਰ ਉੱਤਰ :***

**ਜਬ ਹੋਵਤ; ਪ੍ਰਭ ਕੇਵਲ ਧਨੀ ॥ ਤਬ ਬੰਧ ਮੁਕਤਿ; ਕਹੁ ਕਿਸ ਕਉ ਗਨੀ ॥**

ਜਬ = ਜਦੋਂ ਕੇਵਲ = ਨਿਰੋਲ (ਸਿਰਫ਼) ਇਕ ਪ੍ਰਭ = ਹਰੀ ਵਾਹਿਗੁਰੂ ਪਰਮੇਸ਼ਰ ਆਪ ਹੀ ਧਨੀ = ਮਾਲਕ ਹੋਵਤ = ਹੁੰਦਾ ਸੀ **ਵਾ:** ਜਬ = ਜਦੋਂ ਪ੍ਰਪੰਚ ਰੂਪੀ ਮੈਲ ਤੋਂ ਰਹਿਤ ਕੇਵਲ ਸ਼ੁੱਧ ਸਰੂਪ ਪ੍ਰਭ = ਹਰੀ ਵਾਹਿਗੁਰੂ ਆਪ ਹੀ ਧਨੀ = ਮਾਲਕ ਹੁੰਦਾ ਸੀ।

ਤਬ = ਤਦੋਂ ਕਹੁ = ਦੱਸੋ ਕਿਸ ਕਉ = ਨੂੰ ਪਾਪਾਂ ਕਰ ਕੇ ਬੰਧ = ਬੰਨ੍ਹਣ ਤੇ ਗਿਆਨ ਕਰਕੇ ਮੁਕਤੀ ਪ੍ਰਾਪਤ ਹੋਣੀ ਕਿਸ ਨੂੰ ਗਨੀ = ਗਿਣੀਦਾ ਸੀ।

***ਪ੍ਰਸ਼ਨ :*** *ਹੇ ਮਹਾਰਾਜ ! ਉਦੋਂ ਨਰਕ ਸੁਰਗ ਤਾਂ ਹੁੰਦੇ ਹੋਣਗੇ ?*

***ਗੁਰ ਉੱਤਰ :***

## ਜਬ ਏਕਹਿ; ਹਰਿ ਅਗਮ ਅਪਾਰ ॥
## ਤਬ ਨਰਕ ਸੁਰਗ; ਕਹੁ ਕਉਨ ਅਉਤਾਰ ॥

ਜਬ = ਜਦੋਂ ਏਕਹਿ = ਇੱਕੋ ਹਰਿ = ਹਰੀ ਵਾਹਿਗੁਰੂ ਮਨ ਦੀ ਅਗਮ = ਗਮਤਾ ਤੋਂ ਤੇ ਪ੍ਰਕਿਰਤੀ ਦੇ ਅਪਾਰ = ਪਾਰਾਵਾਰ ਤੋਂ ਰਹਿਤ ਸੀ। ਤਬ = ਤਦੋਂ ਕਹੁ = ਦੱਸੋ ! ਨਰਕਾਂ 'ਚ ਸੁਰਗ = ਸਵਰਗਾਂ ਵਿਚ ਕਉਨ = ਕੌਣ ਅਉਤਾਰ = ਉਤਰਦਾ ਸੀ ?

***ਪ੍ਰਸ਼ਨ :*** *ਹੇ ਮਹਾਰਾਜ ! ਉਦੋਂ ਸ਼ਿਵ ਤੇ ਸ਼ਕਤੀ ਤਾਂ ਹੁੰਦੀ ਹੋਵੇਗੀ ?*

***ਗੁਰ ਉੱਤਰ :***

## ਜਬ ਨਿਰਗੁਨ ਪ੍ਰਭ; ਸਹਜ ਸੁਭਾਇ ॥
## ਤਬ ਸਿਵ ਸਕਤਿ; ਕਹਹੁ ਕਿਤੁ ਠਾਇ ॥

ਜਬ = ਜਦੋਂ ਨਿਰਗੁਣ ਪ੍ਰਭ = ਹਰੀ ਵਾਹਿਗੁਰੂ ਸਹਜ = ਸੁਤੇ-ਸਿਧ ਸੁਭਾਵਿਕ ਹੀ ਆਪਣੇ ਆਪ ਵਿਚ ਪ੍ਰਕਾਸ਼ਵਾਨ ਸੀ, ਭਾਵ ਜਿਸ ਵੇਲੇ ਨਿਰਗੁਣ ਬ੍ਰਹਮ ਸ਼ਾਂਤੀ ਸੁਭਾ ਅਵਸਥਾ ਵਿਚ ਇਸਥਿਤ ਸੀ। ਤਬ = ਤਦੋਂ ਕਹਹੁ = ਦੱਸਣਾ ਕਰੋ ਕਿ ਸਿਵ ਸਕਤਿ = ਈਸਰ ਤੇ ਮਾਇਆ ਕਿਤੁ = ਕਿਸ ਠਾਇ = ਥਾਂ ਤੇ ਹੋਣੀ ਸੀ **ਵਾ:** ਤਬ = ਤਦੋਂ ਕਹਹੁ = ਦੱਸਣਾ ਕਰੋ, ਸ਼ਿਵ ਜੀ ਤੇ ਸਕਤਿ = ਪਾਰਬਤੀ ਦੀ ਪੂਜਾ ਕਿਤੁ = ਕਿਸ ਠਾਇ = ਥਾਂ 'ਤੇ ਹੋਣੀ ਸੀ। ਉਥੇ ਨਾ ਸ਼ਿਵ ਜੀ ਪੈਦਾ ਹੋਇਆ ਤੇ ਨਾ ਹੀ ਸਕਤਿ = ਪਾਰਬਤੀ ਪੈਦਾ ਹੋਈ, ਪੂਜਾ ਕਿਸ ਥਾਂ ਹੋਣੀ ਸੀ **ਵਾ:** ਸਿਵ = ਸਤੋ ਗੁਣ ਸਕਤਿ = ਤਮੋ ਗੁਣ ਰਜੋ ਗੁਣ ਆਦਿਕ ਵਿਚਾਰਾਂ ਵੀ ਨਹੀਂ ਸੀ, ਤਾਂ ਦੱਸੋ ਇਨ੍ਹਾਂ ਨੇ ਕਿਹੜੇ ਥਾਂ ਰਹਿਣਾ ਸੀ, ਜਿਹੜਾ ਇਸਤਰੀ ਪੁਰਖ ਦਾ ਦੁੰਦਬਾਦ ਹੈ, ਇਹ ਦੱਸੋ ਕਿਥੇ ਰਹਿਣਾ ਸੀ।

## ਜਬ ਆਪਹਿ ਆਪਿ; ਅਪਨੀ ਜੋਤਿ ਧਰੈ ॥
## ਤਬ ਕਵਨ ਨਿਡਰੁ; ਕਵਨ ਕਤ ਡਰੈ ॥

ਜਬ = ਜਦ ਹਰੀ ਪਰਮੇਸ਼ਰ ਆਪਣੇ ਆਪ ਵਿਚ ਆਪਣੀ ਚੇਤਨ ਸਤਾ ਰੂਪ ਜੋਤ ਨੂੰ ਧਰੈ = ਧਾਰਨ ਕਰੀ ਬੈਠਾ ਸੀ, ਭਾਵ ਸ੍ਵਯੰ ਪ੍ਰਕਾਸ਼ ਰੂਪ ਸੀ। ਤਬ = ਤਦੋਂ ਕਵਨ = ਕੌਣ ਨਿਡਰ = ਭੈਅ ਤੋਂ ਰਹਿਤ ਤੇ ਕਵਨ = ਕੌਣ ਕਤ = ਕਿਸ ਦੇ ਪਾਸੋਂ ਡਰੈ = ਡਰਦਾ ਸੀ, ਭਾਵ ਉਸ ਵੇਲੇ ਇਹ ਦੁੰਦਬਾਦ ਨਹੀਂ ਸੀ।

## ਆਪਨ ਚਲਿਤ; ਆਪਿ ਕਰਨੈਹਾਰ ॥
## ਨਾਨਕ ਠਾਕੁਰ; ਅਗਮ ਅਪਾਰ ॥੨॥

ਆਪਣੇ ਚਲਿਤ = ਕੌਤਕਾਂ ਨੂੰ ਕਰਨੇਹਾਰ ਪਰਮੇਸ਼ਰ ਆਪ ਹੀ ਕਰਨ ਵਾਲਾ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਉਹ ਠਾਕੁਰ = ਪਰਮੇਸ਼ਰ ਅਗਮ = ਮਨ ਦੀ ਗਮਤਾ ਤੋਂ ਪਰ੍ਹੇ ਪ੍ਰਕਿਰਤੀ ਦੇ ਅਪਾਰ = ਪਾਰਾਵਾਰ ਤੋਂ ਰਹਿਤ ਹੈ ॥੨॥

## ਅਬਿਨਾਸੀ ਸੁਖ; ਆਪਨ ਆਸਨ ॥
## ਤਹ ਜਨਮ ਮਰਨ; ਕਹੁ ਕਹਾ ਬਿਨਾਸਨ ॥

ਜਿਹੜਾ ਅਬਿਨਾਸੀ = ਨਾਸ ਤੋਂ ਰਹਿਤ ਸੁਖ ਹੈ, ਉਹ ਪਰਮੇਸ਼ਰ ਆਪਣੇ ਆਪ ਸਰੂਪ ਵਿਚ ਆਸਨ = ਇਸਥਿਤ ਸੀ **ਵਾ:** ਆਪਣੇ ਆਪ ਵਿਚ ਅਧਿਸ਼ਠਾਨ ਸਰੂਪ ਸੀ, ਉਹ ਉਥੇ ਅਬਿਨਾਸੀ = ਨਾਸ ਤੋਂ ਰਹਿਤ ਸੁਖ = ਅਨੰਦ ਵਿਚ ਆਪਣੇ ਆਪ ਆਸਨ = ਇਸਥਿਤ ਸੀ।

***ਪ੍ਰਸ਼ਨ :*** *ਹੇ ਮਹਾਰਾਜ ! ਉਥੇ ਜੰਮਣ ਮਰਣ ਦਾ ਮਸਲਾ ਹੋਵੇਗਾ ?*

***ਗੁਰ ਉੱਤਰ :***

ਤਹ = ਉਥੇ ਕਹੁ = ਦੱਸੋ ! ਜੰਮਣ ਮਰਣ ਵਿਚ ਕੋਈ ਕਹਾ = ਕਿਥੇ ਬਿਨਾਸਨ = ਨਾਸ ਹੁੰਦਾ ਸੀ **ਵਾ:** ਉਥੇ ਜੰਮਣਾ ਮਰਣਾ ਤੇ ਵਿਨਾਸ਼ ਹੋਣਾ ਕਹਾ = ਕਿਸ ਦਾ ਹੋ ਸਕਦਾ ਸੀ।

## ਜਬ ਪੂਰਨ ਕਰਤਾ; ਪ੍ਰਭੁ ਸੋਇ ॥ ਤਬ ਜਮ ਕੀ ਤ੍ਰਾਸ; ਕਹਹੁ ਕਿਸੁ ਹੋਇ ॥

ਜਬ = ਜਦੋਂ ਸੋਇ = ਉਹ ਪ੍ਰਭ = ਹਰੀ ਵਾਹਿਗੁਰੂ ਕਰਤਾ ਆਪਣੀ ਕੀਰਤੀ ਵਿਚ ਆਪ ਹੀ ਪੂਰਨ ਸੀ। ਤਬ = ਤਦ ਕਹੁ = ਦੱਸੋ ਜਮਾਂ ਕੀ = ਦੀ ਤ੍ਰਾਸ = ਖ਼ੌਫ਼ਤਾਈ ਕਿਸ ਨੂੰ ਹੋਇ = ਹੁੰਦੀ ਸੀ।

***ਪ੍ਰਸ਼ਨ :*** *ਹੇ ਮਹਾਰਾਜ ਜੀ ਫੇਰ ਚਿੱਤਰਗੁਪਤ ਹਿਸਾਬ ਕਿਤਾਬ ਵਾਲੇ ਹੋਣਗੇ ?*
***ਗੁਰ ਉੱਤਰ :***

## ਜਬ ਅਬਿਗਤ ਅਗੋਚਰ; ਪ੍ਰਭ ਏਕਾ ॥
## ਤਬ ਚਿਤ੍ਰ ਗੁਪਤ; ਕਿਸੁ ਪੂਛਤ ਲੇਖਾ ॥

ਜਬ = ਜਦੋਂ ਅਬਿਗਤ = ਗਤੀ ਤੋਂ ਰਹਿਤ ਪਰਮੇਸ਼ਰ **ਵਾ:** ਅਬਿਗਤ = ਪ੍ਰਾਪਤ ਰੂਪ ਪਰਮੇਸ਼ਰ ਅਗੋਚਰ = ਇੰਦਰੀਆਂ ਦੇ ਅਵਿਸ਼ੇ ਏਕਾ = ਇੱਕੋ ਉਹ ਆਪ ਹੀ ਪ੍ਰਭ = ਹਰੀ ਵਾਹਿਗੁਰੂ ਸਮਰੱਥ ਸੀ। ਤਬ = ਤਦ ਚਿੱਤਰ ਗੁਪਤ ਕਿਸ ਦੇ ਪਾਸੋਂ ਲੇਖਾ = ਹਿਸਾਬ ਕਿਤਾਬ ਪੂਛਤ = ਪੁੱਛਦੇ ?

***ਪ੍ਰਸ਼ਨ :*** *ਹੇ ਸੱਚੇ ਪਾਤਿਸ਼ਾਹ ਫੇਰ ਬੰਧਨ ਤਾਂ ਹੁੰਦੇ ਹੋਣਗੇ ?*
***ਗੁਰ ਉੱਤਰ :***

## ਜਬ ਨਾਥ ਨਿਰੰਜਨ; ਅਗੋਚਰ ਅਗਾਧੇ ॥
## ਤਬ ਕਉਨ ਛੁਟੇ; ਕਉਨ ਬੰਧਨ ਬਾਧੇ ॥

ਜਬ = ਜਦ ਨਿਰੰਜਨ = ਮਾਇਆ ਰੂਪੀ ਕਾਲਖ ਤੋਂ ਰਹਿਤ, ਮਾਇਆ ਰੂਪੀ ਸੁਰਮੇ ਤੋਂ ਰਹਿਤ, ਅਗੋਚਰ = ਇੰਦਰੀਆਂ ਦੇ ਅਵਿਸ਼ੇ ਸ਼ਬਦ ਸਪਰਸ ਰੂਪ ਰਸ ਗੰਧ ਤੋਂ ਰਹਿਤ ਅਗਾਧੇ = ਸਮੁੰਦਰ ਦੀ ਨਿਆਈਂ ਡੂੰਘਾ ਨਾਥ = ਸੁਆਮੀ ਪਰਮੇਸ਼ਰ ਆਪ ਸੀ। ਤਬ = ਤਦ ਕੌਣ ਛੁੱਟੇ ਸਨ ਤੇ ਕੌਣ ਬੰਧਨਾਂ ਵਿਚ ਬਾਧੇ = ਬੰਨ੍ਹੇ ਸਨ ?

## ਆਪਨ ਆਪ; ਆਪ ਹੀ ਅਚਰਜਾ ॥
## ਨਾਨਕ ਆਪਨ ਰੂਪ; ਆਪ ਹੀ ਉਪਰਜਾ ॥੩॥

(**ਅ-ਚਰਜਾ**, **ਉ-ਪਰਜਾ** ਬੋਲੋ)

ਉਹ ਆਪ ਹੀ ਜੀਵ ਈਸ ਰੂਪ ਧਾਰਨ ਵਾਲਾ ਤੇ ਆਪ ਹੀ ਨਿਰਗੁਣ ਸਰੂਪ ਤੇ ਆਪ ਹੀ ਅਚਰਜਾ = ਅਸਚਰਜ (ਆਤਮਾ) ਸਰੂਪ ਹੈ **ਵਾ:** ਆਪਣਾ ਆਪ ਹੀ ਉਹ ਪਿੱਛੇ ਸੀ, ਆਪਣਾ ਆਪ ਰੂਪ ਹੀ ਉਹ ਹੁਣ ਆਪ ਹੈ ਅਤੇ ਅੱਗੇ ਨੂੰ ਅਚਰਜ ਭਾਵ ਵਿਸਮਾਦ ਰੂਪ ਹੋਵੇਗਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਪਰਮੇਸ਼ਰ ਆਪਣੇ ਆਪਦੇ ਸਰੂਪ ਵਿੱਚੋਂ ਹੀ ਸ੍ਰਿਸ਼ਟੀ ਨੂੰ ਉਪਰਜਾ = ਪੈਦਾ ਕਰਦਾ ਹੈ **ਵਾ:** ਆਪਣੇ ਰੂਪ ਤੋਂ ਆਪ ਹੀ ਮਹਾਂ ਪਰਲੋਂ ਨੂੰ ਉਪਰਜਾ = ਉਤਪੰਨ ਕਰਦਾ ਹੈ॥੩॥

***ਪ੍ਰਸ਼ਨ :*** *ਹੇ ਮਹਾਰਾਜ ! ਉਥੇ ਮੈਲ ਵਾਲੇ ਤੇ ਮੈਲ ਨੂੰ ਧੋਣ ਵਾਲੇ ਨਿਰਮਲ ਹੋਣਗੇ ?*
***ਗੁਰ ਉੱਤਰ :***

## ਜਹ ਨਿਰਮਲ; ਪੁਰਖੁ ਪੁਰਖ ਪਤਿ ਹੋਤਾ ॥
## ਤਹ ਬਿਨੁ ਮੈਲੁ; ਕਹਹੁ ਕਿਆ ਧੋਤਾ ॥

ਜਹ = ਜਿਥੇ ਪਾਪਾਂ ਦੀ ਮੈਲ ਤੋਂ ਰਹਿਤ ਨਿਰਮਲ = ਉੱਜਲ ਪੁਰਖ ਸਾਰਿਆਂ ਦਾ ਪਤਿ = ਪਤੀ ਅਕਾਲ ਪੁਰਖ ਵਾਹਿਗੁਰੂ ਆਪ ਇਸਥਿਤ ਹੋਤਾ = ਹੁੰਦਾ ਸੀ। ਕਹਹੁ = ਦੱਸੋ ਤਹ = ਉਥੇ ਮੈਲ ਤੋਂ ਬਿਨੁ = ਬਗ਼ੈਰ ਨਿਰਮਲ ਕੌਣ ਹੈ ਤੇ ਮੈਲ ਨੂੰ ਧੋਤਾ = ਧੋਣ ਵਾਲਾ ਕੌਣ ਹੋ ਸਕਦਾ ਸੀ।

## ਜਹ ਨਿਰੰਜਨ; ਨਿਰੰਕਾਰ ਨਿਰਬਾਨ ॥
## ਤਹ ਕਉਨ ਕਉ ਮਾਨ; ਕਉਨ ਅਭਿਮਾਨ ॥

ਜਹ = ਜਿਥੇ ਨਿਰੰਜਨ = ਸ਼ੁੱਧ ਸਰੂਪ ਨਿਰੰਕਾਰ = ਆਕਾਰਾਂ ਤੋਂ ਰਹਿਤ ਤੇ ਨਿਰਬਾਨ = ਬੰਧਨਾਂ ਤੋਂ ਰਹਿਤ ਸਰੂਪ ਸੀ। ਤਹ = ਉਥੇ ਕਿਸ ਕਉ = ਨੂੰ ਮਾਨ ਅਤੇ ਕਿਸ ਨੂੰ ਅਭਿਮਾਨ = ਹੰਕਾਰ ਹੋਣਾ ਸੀ **ਵਾ:** ਤਹ = ਉਥੇ ਕਿਸ ਦਾ ਮਾਨ = ਸਤਿਕਾਰ ਕਰਨਾ ਤੇ ਕਿਸ ਦਾ ਅਹੰਕਾਰ ਕਰਨਾ ਕਿ ਮੇਰੇ ਵਿਚ ਇਤਨੇ ਗੁਣ ਹਨ, ਮੇਰੀ ਇਤਨੀ ਵਡਿਆਈ ਹੈ, ਉਥੇ ਨਾ ਹਿਰਦੇ ਵਿਚ ਹੰਕਾਰਪੁਣਾ ਤੇ ਨਾ ਹੀ ਉਥੇ ਮਾਨ = ਸਤਿਕਾਰ ਦੀ ਭੁੱਖ ਸੀ।

## ਜਹ ਸਰੂਪ; ਕੇਵਲ ਜਗਦੀਸ ॥ ਤਹ ਛਲ ਛਿਦ੍ਰ; ਲਗਤ ਕਹੁ ਕੀਸ ॥

ਜਹ = ਜਿਥੇ ਕੇਵਲ = ਨਿਰੋਲ ਸਰੂਪ ਜਗਦੀਸ = ਜਗਤ ਦਾ ਈਸ਼ਰ ਹਰੀ ਵਾਹਿਗੁਰੂ ਇਕ ਆਪ ਹੀ ਹੈ। ਤਹ = ਉਥੇ ਕਹੁ = ਦੱਸੋ ਭਾਈ ਕੀਸ = ਕਿਸ ਤੇ ਛਲ = ਫ਼ਰੇਬ ਤੇ ਛਿਦ੍ਰ = ਦੋਸ਼ ਲਗਤ = ਲੱਗਣੇ ਸਨ ?

## ਜਹ ਜੋਤਿ ਸਰੂਪੀ; ਜੋਤਿ ਸੰਗਿ ਸਮਾਵੈ ॥ ਤਹ ਕਿਸਹਿ ਭੂਖ; ਕਵਨੁ ਤ੍ਰਿਪਤਾਵੈ ॥

ਜਹ = ਜਿਥੇ ਜੋਤਿ = ਸ੍ਵਯੰ ਪ੍ਰਕਾਸ਼ ਸਰੂਪੀ = ਸਰੂਪ ਆਪਣੀ ਜੋਤ ਦੇ ਸੰਗਿ = ਨਾਲ ਸਾਰੇ ਹੀ ਵਿਆਪਕ ਭਾਵ ਸਮਾਵੈ = ਸਮਾ ਰਿਹਾ ਸੀ **ਵਾ:** ਜਿਥੇ ਜੋਤੀ ਸਰੂਪ ਵਿਚ ਜੀਵਾਂ ਦੀਆਂ ਸਾਰੀਆਂ ਪਰਤਕ ਜੋਤਾਂ ਉਸ ਅਨੰਦ ਸਰੂਪ ਵਿਚ ਮਿਲ ਕੇ ਸਮਾ ਜਾਂਦੀਆਂ ਹਨ। ਤਹ = ਉਥੇ ਕਿਸੇ ਨੂੰ ਕੀ ਆਸ ਤੇ ਕੀ ਕਿਸੇ ਨੂੰ ਪਦਾਰਥਾਂ ਦੀ ਭੂਖ = ਭੁੱਖ ਸੀ ਤੇ ਕਵਨੁ = ਕੌਣ ਤ੍ਰਿਪਤਾਵੈ = ਤ੍ਰਿਪਤੀ ਕਰਨ ਵਾਲਾ ਸੀ।

## ਕਰਨ ਕਰਾਵਨ; ਕਰਨੈਹਾਰੁ ॥ ਨਾਨਕ ਕਰਤੇ ਕਾ; ਨਾਹਿ ਸੁਮਾਰੁ ॥੪॥

ਜਿੰਨੇ ਸਾਰੇ ਜਗਤ ਦੇ ਕਰਨ ਤਿੰਨ ਗੁਣ ਪੰਜ ਸੂਖਮ ਤੱਤ ਆਦਿਕ ਮੰਨੇ ਹਨ, ਸਾਰਿਆਂ ਨੂੰ ਪ੍ਰੇਰ ਕੇ ਕਰਨ ਕਰਾਉਣ ਵਾਲਾ ਆਪ ਹੀ ਕਰਨੇਹਾਰ ਪਰਮੇਸ਼ਰ ਸੀ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਉਂ ਉਸ ਕਰਤੇ ਪੁਰਖ ਦੀ ਕੋਈ ਸੁਮਾਰੁ = ਗਿਣਤੀ ਨਹੀਂ ਕਰ ਸਕਦਾ॥੪॥

## ਜਬ ਅਪਨੀ ਸੋਭਾ; ਆਪਨ ਸੰਗਿ ਬਨਾਈ ॥
## ਤਬ ਕਵਨ ਮਾਇ ਬਾਪ; ਮਿਤ੍ਰ ਸੁਤ ਭਾਈ ॥

ਜਬ = ਜਦੋਂ ਪਰਮੇਸ਼ਰ ਨੇ ਅਪਨੀ ਸੋਭਾ = ਵਡਿਆਈ ਸਵੈ ਮਹਿਮਾ ਦੇ ਸਹਿਤ ਆਪਣੇ ਸੰਗਿ = ਨਾਲ ਬਣਾਈ ਹੋਈ ਸੀ। ਤਬ = ਤਦ ਕਵਨ = ਕੌਣ ਮਾਇ = ਮਾਤਾ, ਬਾਪ = ਪਿਤਾ, ਮਿਤ੍ਰ = ਦੋਸਤ, ਸੁਤ = ਪੁੱਤਰ, ਭਾਈ = ਭਰਾ ਸੀ, ਭਾਵ ਨਿਰਗੁਣ ਸਰੂਪ ਵਿਚ ਮਾਤਾ ਬਾਪ ਆਦਿਕ ਕਹਿਣੇ ਨਹੀਂ ਬਣਦੇ।

## ਜਹ ਸਰਬ ਕਲਾ; ਆਪਹਿ ਪਰਬੀਨ ॥ ਤਹ ਬੇਦ ਕਤੇਬ; ਕਹਾ ਕੋਊ ਚੀਨ੍ ॥

ਜਹ = ਜਿਥੇ ਸਰਬ ਕਲਾ = ਸਾਰੀਆਂ ਸ਼ਕਤੀਆਂ ਕਰ ਕੇ ਅੰਤਰਜਾਮੀ ਆਪਹਿ = ਆਪ ਹੀ ਪਰਬੀਨ = ਚਤੁਰ ਸੀ। ਤਹ = ਉਥੇ ਦੱਸੋ ਕਹਾ = ਕਿਥੇ ਚਾਰ ਵੇਦ ਰਿਗਵੇਦ, ਯਜੁਰਵੇਦ, ਸਾਮਦੇਵ ਅਥਰਬਣ ਵੇਦ ਅਤੇ ਚਾਰ ਕਤੇਬ ੧. ਤੌਰੇਤ; ੨. ਅੰਜੀਲ; ੩. ਕੁਰਾਨ; ੪. ਜੰਬੂਰ ਨੂੰ ਕੋਊ = ਕੌਣ ਚੀਨ੍ = ਜਾਣਨ ਵਾਲਾ ਸੀ।

## ਜਬ ਆਪਨ ਆਪੁ; ਆਪਿ ਉਰਿ ਧਾਰੈ ॥
## ਤਉ ਸਗਨ ਅਪਸਗਨ; ਕਹਾ ਬੀਚਾਰੈ ॥

ਜਬ = ਜਦੋਂ ਆਪਣੇ ਆਪ ਹੀ ਵੈਰਾਟ ਸਰੂਪ ਨੂੰ ਆਪਣੇ ਉਰਿ = ਹਿਰਦੇ ਦੇ ਅੰਦਰ ਧਾਰੈ = ਧਾਰਨ ਕੀਤਾ ਹੋਇਆ ਸੀ। ਤਉ = ਤਦ ਉਥੇ ਸਗਨ ਤੇ ਅਪਸਗਨ ਭਾਵ ਬੁਰੇ ਭਲੇ ਨੂੰ ਕੋਈ ਕਹਾ = ਕਿਥੇ ਬੀਚਾਰੈ = ਬੀਚਾਰਦਾ ਸੀ।

## ਜਹ ਆਪਨ ਊਚ; ਆਪਨ ਆਪਿ ਨੇਰਾ ॥
## ਤਹ ਕਉਨ ਠਾਕੁਰੁ; ਕਉਨੁ ਕਹੀਐ ਚੇਰਾ ॥

ਜਹ = ਜਿਥੇ ਆਪਣੇ ਆਪ ਹੀ ਊਚ = ਉੱਚਾ ਅਤੇ ਆਪਣੇ ਆਪ ਹੀ ਨੇਰਾ = ਨੀਵਾਂ ਸੀ, ਭਾਵ ਜਿਥੇ ਆਪਣੇ ਆਪ ਤਿੰਨਾਂ ਗੁਣਾਂ ਤੋਂ ਅਤੀਤ **ਅਥਵਾ** ਉੱਚਾ ਹੈ ਤੇ ਆਪਣੇ ਆਪ ਹੀ ਤਿੰਨਾਂ ਗੁਣਾਂ ਤੋਂ ਆਤਮਾ ਕਰਕੇ ਨੇਰਾ = ਨਿਰਣਾ ਕਰਨ ਵਾਲਾ ਸੀ **ਵਾ:** ਨੇੜੇ ਇਸਥਿਤ ਸੀ। ਤਹ = ਉਥੇ ਕਉਨ = ਕੌਣ ਠਾਕੁਰ = ਸੁਆਮੀ ਅਤੇ ਕਉਨ = ਕੌਣ ਚੇਰਾ = ਚੇਲਾ ਕਹੀਐ = ਕਹਣਾ ਬਣਦਾ ਸੀ ?

## ਬਿਸਮਨ ਬਿਸਮ; ਰਹੇ ਬਿਸਮਾਦ ॥
## ਨਾਨਕ ਅਪਨੀ ਗਤਿ; ਜਾਨਹੁ ਆਪਿ ॥੫॥

ਪਰਮੇਸ਼ਰ ਦੇ ਬਿਸਮਨ = ਅਸਚਰਜ ਤੋਂ ਬਿਸਮ = ਅਸਚਰਜ ਸਰੂਪ ਨੂੰ ਜਾਨਣੇ ਵਾਲੇ ਵੀ ਬਿਸਮਾਦ = ਅਸਚਰਜ ਰੂਪ ਹੀ ਹੋ ਰਹੇ ਹਨ। ਜਿਨ੍ਹਾਂ ਨੇ ਬਿਸਮਨ ਬਿਸਮ = ਮਨ ਦੇ ਵਿਸ਼ਿਆਂ ਨੂੰ ਰੋਕਿਆ ਹੈ, ਉਹ ਰਹੇ ਬਿਸਮਾਦ = ਅਸਚਰਜ ਤੋਂ ਅਸਚਰਜ ਰੂਪ ਹੋ ਰਹੇ ਹਨ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਪਰਮੇਸ਼ਰ ਆਪਣੀ ਗਤਿ = ਗਤੀ ਭਾਵ ਮਰਯਾਦਾ, ਰੀਤੀ ਨੂੰ ਆਪ ਹੀ ਜਾਨਹੁ = ਜਾਣਦਾ ਹੈ ॥੫॥

## ਜਹ ਅਛਲ ਅਛੇਦ; ਅਭੇਦ ਸਮਾਇਆ ॥
## ਊਹਾ ਕਿਸਹਿ; ਬਿਆਪਤ ਮਾਇਆ ॥

ਜਹ = ਜਿਥੇ ਪਰਮੇਸ਼ਰ ਅਛਲ = ਛਲ ਤੋਂ ਰਹਿਤ, ਅਛੇਦ = ਛੇਦ ਤੋਂ ਰਹਿਤ (ਅਖੰਡ), ਅਭੇਦ = ਭੇਦ ਤੋਂ ਰਹਿਤ ਰੂਪ ਸਮਾਇਆ ਹੋਇਆ ਸੀ **ਵਾ:** ਜਹ = ਜਿਥੇ ਅੰਤਰਜਾਮੀ ਨੂੰ ਗਿਆਨ, ਧਿਆਨ, ਇਸ਼ਨਾਨ ਆਦਿ ਸਾਧਨਾ ਕਰ ਕੇ ਅਛਲ = ਛਲਿਆ ਨਹੀਂ ਜਾਂਦਾ, ਅਛੇਦ = ਸ਼ਾਸਤਰ ਕੱਟ ਨਹੀਂ ਸਕਦੇ, ਅਭੇਦ = ਭੇਦ ਦ੍ਰਿਸ਼ਟੀ ਵਾਲਾ ਜਿਵੇਂ ਨਿਆਇਕ ਲੋਕ ਭੇਦ ਬਾਦ ਨੂੰ ਕਥਨ ਕਰਦੇ ਹਨ, ਈਸ਼ਰ ਨੂੰ ਇਕ ਦੇਸੀ ਦੱਸਦੇ ਹਨ, ਇਹ ਭੇਦ ਜਿਸ ਵਿਚ ਸਿੱਧ ਨਾ ਹੋ ਸਕਦਾ, ਅਭੇਦਪੁਣੇ ਤੋਂ ਰਹਿਤ ਜੋ ਪੰਜੇ ਪ੍ਰਕਾਰ ਦੇ ਭਰਮ ਵਿਚ ਨਹੀਂ, ਉਹ ਅਭੇਦ ਰੂਪ ਹੋ ਕੇ ਸਾਰਿਆਂ ਵਿਚ ਸਮਾਇਆ ਹੋਇਆ ਹੈ। ਜੈਸਾ ਕਿ :

**ਨੈਨੰ ਛਿਦੰਤੀ ਸ਼ਸਤ੍ਰਾਣੀ, ਨੈਨੰ ਦਹਤੀ ਪਾਵਕਹ।**
**ਨ ਚੈਨੰ ਕਲੇਦਯੰਤ ਆਪੋ ਨ ਸ਼ੋਸਯਤੀ ਮਾਰੁਤਹ ॥੨੩॥** *(ਗੀਤਾ, ਅਧਿ: ੨)*

ਊਹਾ = ਉਥੇ ਮਾਇਆ ਕਿਸਹਿ = ਕਿਸ ਨੂੰ ਬਿਆਪਤ = ਵਿਆਪ ਰਹੀ ਭਾਵ ਮਾਇਆ ਨੂੰ ਚਿੰਬੜਨ ਵਾਲਾ ਉਥੇ ਕੋਈ ਹੈ ਹੀ ਨਹੀਂ ਸੀ, ਨਾ ਕੋਈ ਉਸ ਨੂੰ ਚਿੰਬੜਨਯੋਗ।

## ਆਪਸ ਕਉ; ਆਪਹਿ ਆਦੇਸੁ ॥ ਤਿਹੁ ਗੁਣ ਕਾ; ਨਾਹੀ ਪਰਵੇਸੁ ॥

ਉਥੇ ਆਪਸ = ਆਪਣੇ ਸਰੂਪ ਕਉ = ਨੂੰ ਆਪਹਿ = ਆਪ ਹੀ ਆਦੇਸੁ = ਨਮਸਕਾਰ ਕਰਦਾ ਸੀ **ਵਾ:** (ਆ+ਦੇਸ) ਦੇਸ ਆਦਿਕ ਤੋਂ ਰਹਿਤ ਆਪਣੇ ਆਪ ਨੂੰ ਬੰਦਨਾ ਕਰਦਾ ਸੀ। ਜੈਸਾ ਕਿ :

**ਨਮਸਤੂੰ ਅਕਾਲੇ ॥ ਨਮਸਤੂੰ ਕ੍ਰਿਪਾਲੇ ॥** *(ਜਾਪੁ ਸਾਹਿਬ)*

ਉਥੇ ਤਿਹੁ ਗੁਣ = ਤਿੰਨਾਂ ਗੁਣਾਂ—ਰਜੋ, ਤਮੋ, ਸਤੋ ਕਾ = ਦਾ ਕੋਈ ਵੀ ਪਰਵੇਸੁ = ਦਖ਼ਲ ਨਾਹੀ = ਨਹੀਂ ਸੀ **ਵਾ:** ਰਾਜਸੀ, ਤਾਮਸੀ, ਸਾਤਕੀ ਸੁਭਾਅ ਵਾਲਾ ਨਹੀਂ ਸੀ।

## ਜਹ ਏਕਹਿ ਏਕ; ਏਕ ਭਗਵੰਤਾ ॥ ਤਹ ਕਉਨੁ ਅਚਿੰਤੁ; ਕਿਸੁ ਲਾਗੈ ਚਿੰਤਾ ॥

ਜਹ = ਜਿਥੇ ਏਕਹਿ = ਇੱਕੋ ਇਕ ਭਗਵੰਤਾ = ਪਰਮੇਸ਼ਰ ਇਕ ਹੀ ਸਰੂਪ ਸੀ, ਭਾਵ ਜਿਥੇ ਸਜਾਤੀ ਵਿਜਾਤੀ ਸ੍ਵਗਤ ਭੇਦ ਤੋਂ ਰਹਿਤ ਇਕ ਭਗਵੰਤਾ = ਪਰਮੇਸ਼ਰ ਹੀ ਸੀ। ਤਹ = ਉਥੇ ਦੱਸੋ ਕਉਨ = ਕੌਣ ਅਚਿੰਤੁ = ਚਿੰਤਾ ਤੋਂ ਰਹਿਤ ਤੇ ਕਿਸ ਨੂੰ ਚਿੰਤਾ = ਫ਼ਿਕਰ ਲਾਗੈ = ਲੱਗ ਰਿਹਾ ਸੀ, ਭਾਵ ਦੋਨਾਂ ਦੁੰਦਬਾਦਾਂ ਤੋਂ ਰਹਿਤ ਸੀ।

## ਜਹ ਆਪਨ ਆਪੁ; ਆਪਿ ਪਤੀਆਰਾ ॥ ਤਹ ਕਉਨੁ ਕਥੈ; ਕਉਨੁ ਸੁਨਨੈਹਾਰਾ ॥

ਜਹ = ਜਿਥੇ ਆਪਣੇ ਆਪ ਉੱਤੇ ਆਪ ਪਤੀਆਰਾ = ਪਤੀਜਦਾ (ਭਰੋਸਾ) ਕਰਦਾ ਸੀ। ਤਹ = ਉਥੇ ਕਉਨੁ = ਕੌਣ ਕਥੈ = ਕਥਨ ਕਰਨ ਵਾਲਾ ਬਕਤਾ ਤੇ ਕਉਨੁ = ਕੌਣ ਸਰੋਤਾ ਹੋ ਕੇ ਸੁਨਨੈਹਾਰਾ = ਸੁਣਨ ਵਾਲਾ ਸੀ ?

## ਬਹੁ ਬੇਅੰਤ; ਊਚ ਤੇ ਊਚਾ ॥ ਨਾਨਕ, ਆਪਸ ਕਉ; ਆਪਹਿ ਪਹੂਚਾ ॥੬॥

ਉਹ ਪਰਮੇਸ਼ਰ ਬਹੁ = ਬਹੁਤ ਹੀ ਬੇਅੰਤ ਭਾਵ ਅੰਤ ਤੋਂ ਰਹਿਤ ਊਚ = ਸ੍ਰੇਸ਼ਟ ਤੇ = ਤੋਂ ਊਚਾ = ਸ੍ਰੇਸ਼ਟ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਆਪਸ = ਆਪਣੇ ਆਪ ਕਉ = ਨੂੰ ਆਪਹਿ = ਆਪ ਹੀ ਪਹੂਚਾ = ਪਹੁੰਚ ਕਰਨ ਵਾਲਾ ਹੈ, ਉਸ ਵਰਗਾ ਹੋਰ ਕੋਈ ਦੂਸਰਾ ਨਹੀਂ। ਇਥੇ ਤਕ ਸ੍ਰਿਸ਼ਟੀ ਦੀ ਛੇ ਪਉੜੀਆਂ ਵਿਚ ਨਿੱਤ, ਨਮਿੱਤ, ਪ੍ਰਕਿਰਤ, ਮਹਾਂ ਪਰਲੋ ਤੇ ਗਿਆਨ ਪਰਲੋ ਕਥਨ ਕੀਤੀ ਹੈ॥੬॥

ਅਗਲੀਆਂ ਦੋ ਪਉੜੀਆਂ ਵਿਚ ਸ੍ਰਿਸ਼ਟੀ ਦੀ ਰਚਨਾ ਭਾਵ ਉਤਪਤੀ ਦਾ ਵਰਣਨ ਕਰਦੇ ਹਨ।

## ਜਹ ਆਪਿ ਰਚਿਓ; ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ; ਕੀਨੋ ਬਿਸਥਾਰੁ ॥

ਜਹ = ਜਿਥੇ ਆਪ ਪਰਮੇਸ਼ਰ ਨੇ ਪਰਪੰਚੁ = ਜਗਤ ਦਾ ਆਕਾਰ ਰਚਿਓ = ਰਚਨਾ ਕੀਤਾ ਹੈ **ਵਾ:** ਆਪ ਹੀ ਪੰਜਾਂ ਕਰ ਕੇ ਅਸਤੀ, ਭਾਂਤੀ, ਪ੍ਰੇਤਾਂ, ਨਾਮ ਰੂਪ ਪ੍ਰਪੰਚ ਹੈ। ਦੋ ਮਾਇਆ ਦੀਆਂ ਅੰਸ਼ਾਂ—ਨਾਮ ਤੇ ਰੂਪ। ਤਿੰਨ ਬ੍ਰਹਮ ਦੀਆਂ ਅੰਸ਼ਾਂ—ਸੱਤ ਚਿਤ ਅਨੰਦ ਸਰੂਪ, ਅਸਤੀ, ਭਾਂਤੀ, ਪ੍ਰੇਤਾਂ ਰੂਪ, ਇਨ੍ਹਾਂ ਪੰਜਾਂ ਕਰ ਕੇ ਪ੍ਰਪੰਚ ਬਣਿਆ ਹੈ **ਅਥਵਾ** ਸੰਸਾਰ ਦਾ ਆਕਾਰ ਪੰਜਾਂ ਤੱਤਾਂ ਕਰ ਕੇ ਪ੍ਰਵਿਰਤ ਹੋਣ ਵਾਲਾ ਹੈ, ਜਿਥੇ ਸੂਖਮ ਤੱਤਾਂ ਕਰ ਕੇ ਐਸਾ ਆਕਾਰ ਆਪ ਹੀ ਰਚ ਰਿਹਾ ਹੈ। ਜਿਵੇਂ ਆਪਣੇ ਆਪ ਸੁਪਨਾਵੀ ਜੀਵ ਕੋਈ ਹੋਰ ਸਮੱਗਰੀ ਕਿਤੋਂ ਨਹੀਂ ਲਿਆਉਂਦਾ, ਆਪਣੇ ਆਪ ਸੁਪਨੇ ਨਾਲ ਹੀ ਸਾਰੇ ਬ੍ਰਹਿਮੰਡ ਤੇ ਖੰਡ ਰਚ ਲੈਂਦਾ ਹੈ, ਇਉਂ ਮਹਾਰਾਜ ਆਪਣੀ ਇੱਛਾ ਨਾਲ ਹੀ ਸਭ ਕੁਝ ਰਚ ਰਿਹਾ ਹੈ :

**ਅਸਤੀ ਭਾਂਤੀ ਪ੍ਰੇਤਾ ਨਾਮ ਰੂਪ ਪਰਪੰਚ ॥**

ਫੇਰ ਤਿਹੁ = ਤਿੰਨ ਰਾਜਸੀ, ਤਾਮਸੀ, ਸਾਤਕੀ ਗੁਣਾਂ ਮਹਿ = ਵਿਚ ਸੰਸਾਰ ਦਾ ਬਿਸਥਾਰੁ = ਫੈਲਾਅ ਕੀਨੋ = ਕੀਤਾ ਹੈ।

## ਪਾਪੁ ਪੁੰਨੁ; ਤਹ ਭਈ ਕਹਾਵਤ ॥ ਕੋਊ ਨਰਕ; ਕੋਊ ਸੁਰਗ ਬੰਛਾਵਤ ॥

ਤਦੋਂ ਪਾਪੁ = ਮੰਦ ਕਰਮ, ਪੁੰਨੁ = ਸ੍ਰੇਸਟ ਕਰਮ **ਵਾ:** ਸ਼ੁਭ ਅਸ਼ੁਭ ਕਰਮਾਂ ਦੀ ਤਹ = ਉਥੇ ਕਹਾਵਤ = ਗੱਲ ਬਾਤ ਹੋਣੀ ਸ਼ੁਰੂ ਭਈ = ਹੋਈ। ਕੋਈ ਪਾਪੀ ਨਰਕਾਂ ਨੂੰ ਭੋਗਣਾ ਕਰਦਾ ਹੈ ਤੇ ਕੋਈ ਪੁੰਨਵਾਨ ਹੋ ਕੇ ਸਵਰਗਾਂ ਨੂੰ ਬੰਛਾਵਤ = ਚਾਹੁੰਦਾ ਹੈ।

[ਅੰਗ ੨੯੨]

## ਆਲ ਜਾਲ; ਮਾਇਆ ਜੰਜਾਲ ॥ ਹਉਮੈ ਮੋਹ; ਭਰਮ ਭੈ ਭਾਰ ॥

ਮਾਇਆ ਦੇ ਜੰਜਾਲ = ਬੰਧਨਾਂ ਕਰਕੇ ਆਲ = ਘਰ ਆਦਿਕ ਦੇ ਜਾਲ = ਬੰਨ੍ਹਣ ਪੈ ਗਏ। ਫੇਰ ਹਉਮੈ = ਹੰਗਤਾ ਮਮਤਾ, ਪਰਿਵਾਰ ਦਾ ਮੋਹ, ਪੰਜ ਪ੍ਰਕਾਰ ਦਾ ਭਰਮ ਤੇ ਸੱਤ ਪ੍ਰਕਾਰ ਦਾ ਭੈ = ਡਰ ਅਤੇ ਸਿਰ 'ਤੇ ਪਾਪਾਂ ਆਦਿ ਦਾ ਭਾਰ ਵਧਣਾ ਸ਼ੁਰੂ ਹੋ ਗਿਆ।

## ਦੂਖ ਸੂਖ; ਮਾਨ ਅਪਮਾਨ ॥ ਅਨਿਕ ਪ੍ਰਕਾਰ; ਕੀਓ ਬਖ੍ਯਾਨ ॥

ਕਿਸੇ ਨੂੰ ਦੂਖ = ਦੁੱਖ, ਕਿਸੇ ਨੂੰ ਸੂਖ = ਸੁੱਖ ਤੇ ਕਿਸੇ ਨੂੰ ਮਾਨ = ਸਤਿਕਾਰ ਤੇ ਕਿਸੇ ਦੀ ਅਪਮਾਨ = ਨਿਰਾਦਰੀ ਹੁੰਦੀ ਹੈ। ਇਹ ਸੰਸਾਰ ਅਨਿਕ = ਅਨੇਕਾਂ ਪ੍ਰਕਾਰ ਦਾ ਹੈ, ਵੇਦਾਂ ਸ਼ਾਸਤਰਾਂ, ਤਤ ਬੇਤਿਆਂ ਨੇ ਇਹੋ ਬਖ੍ਯਾਨ = ਕਥਨ ਕੀਓ = ਕੀਤਾ ਹੈ।

## ਆਪਨ ਖੇਲੁ; ਆਪਿ ਕਰਿ ਦੇਖੈ ॥ ਖੇਲੁ ਸੰਕੋਚੈ; ਤਉ ਨਾਨਕ ਏਕੈ ॥੭॥

ਇਹ ਸੰਸਾਰ ਦਾ ਸਾਰਾ ਖੇਲੁ = ਤਮਾਸ਼ਾ ਹਰੀ ਵਾਹਿਗੁਰੂ ਦਾ ਆਪਣਾ ਹੀ ਹੈ ਤੇ ਆਪ ਹੀ ਇਹ ਤਮਾਸ਼ੇ ਨੂੰ ਰਚਿ ਕਰਿ = ਕਰਕੇ ਦੇਖੈ = ਦੇਖਣਾ ਕਰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਦ ਆਪਣੇ ਖੇਲੁ = ਤਮਾਸ਼ੇ ਨੂੰ ਸੰਕੋਚੈ = ਸੰਕੋਚਦਾ ਹੈ ਕਿ ਹੁਣ ਸੰਸਾਰਕ ਰਚਨਾ ਨੂੰ ਸਮੇਟ ਲੈਣਾ ਕਰਾਂ, ਤਉ = ਤਦ ਇਕ ਦਾ ਇਕ ਰੂਪ ਪਰਮੇਸ਼ਰ ਹੀ ਰਹਿ ਜਾਂਦਾ ਹੈ॥੭॥ ਜੈਸਾ ਕਿ :

**ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥**
**ਸਾਂਗੁ ਉਤਾਰਿ ਥੰਮਿ੍ਓ ਪਾਸਾਰਾ ॥ ਤਬ ਏਕੋ ਏਕੰਕਾਰਾ ॥੧॥** *(ਅੰਗ ੭੩੬)*

**ਆਪਹਿ ਏਕ ਆਪਹਿ ਅਨੇਕ ॥** *(ਗਉੜੀ ਸੁਖਮਨੀ ਮ: ੫, ਅੰਗ ੨੭੯)*

**ਅਨੇਕ ਹੈਂ ॥ ਫਿਰਿ ਏਕ ਹੈਂ ॥** *(ਜਾਪੁ ਸਾਹਿਬ)*

## ਜਹ ਅਬਿਗਤੁ; ਭਗਤੁ ਤਹ ਆਪਿ ॥
## ਜਹ ਪਸਰੈ ਪਾਸਾਰੁ; ਸੰਤ ਪਰਤਾਪਿ ॥

ਜਹ = ਜਿਥੇ ਵਿਅਕਤੀ ਰਾਤ ਤੋਂ ਰਹਿਤ ਨਿਰਗੁਣ ਸਰੂਪ, ਅਬਿਗਤੁ = ਪ੍ਰਾਪਤੀ ਸਰੂਪ, ਗਿਆਨ ਸਰੂਪ, ਦੇਹ ਤੋਂ ਰਹਿਤ ਸਰੂਪ ਸੀ, ਤਹ = ਉਥੇ ਭਗਤੁ = ਭਗਤੀ ਕਰਨ ਵਾਲਾ ਪਰਮੇਸ਼ਰ ਦਾ ਆਪਣਾ ਸਰੂਪ ਹੀ ਸੀ, ਭਗਤ ਵੱਖਰੇ ਨਹੀਂ ਹਨ **ਵਾ:** ਜਿਥੇ ਪਰਮੇਸ਼ਰ ਦੇ ਭਗਤ ਭਗਤੀ ਕਰਦੇ ਹਨ, ਉਥੇ ਪਰਮੇਸ਼ਰ ਆਪ ਹਾਜ਼ਰ ਹੁੰਦਾ ਹੈ। ਜਹ = ਜਿਥੇ ਵੀ ਸਾਰਾ ਪਾਸਾਰੁ = ਫੈਲਾਅ ਪਸਰੈ = ਪਸਰਿਆ ਹੋਇਆ ਹੈ। ਇਹ ਸੰਤ = ਸ਼ਾਂਤ ਆਤਮਾ ਬੰਦਗੀ ਕਰਨ ਵਾਲਿਆਂ ਦਾ ਪਰਤਾਪਿ = ਤੇਜ ਪ੍ਰਭਾਵ ਵਧਾਉਣ ਵਾਸਤੇ ਪਸਰਿਆ ਹੋਇਆ ਹੈ।

## ਦੂਹੂ ਪਾਖ ਕਾ; ਆਪਹਿ ਧਨੀ ॥ ਉਨ ਕੀ ਸੋਭਾ; ਉਨਹੂ ਬਨੀ ॥

ਦੂਹੂ ਪਾਖ = ਦੋਨਾਂ ਪੱਖਾਂ, ਭਾਵ ਨਿਰਗੁਣ ਸਰੂਪ ਦਾ ਵੀ ਸਰਗੁਣ ਸਰੂਪ ਦਾ ਵੀ, ਪਾਪੀ ਪੁੰਨੀਆਂ ਦਾ, ਲੋਕ ਪਰਲੋਕ ਦਾ, ਆਸਤਕਾਂ ਤੇ ਨਾਸਤਕਾਂ ਕਾ = ਦਾ ਆਪਹਿ = ਆਪ ਹੀ ਧਨੀ = ਮਾਲਕ ਹੈ। ਉਨ = ਉਸ ਪਰਮੇਸ਼ਰ ਕੀ = ਦੀ ਸੋਭਾ = ਵਡਿਆਈ ਉਨਹੂ = ਉਸੇ ਨੂੰ ਹੀ ਬਨੀ = ਬਣ ਆਉਂਦੀ ਹੈ।

## ਆਪਹਿ ਕਉਤਕ ਕਰੈ; ਅਨਦ ਚੋਜ ॥ ਆਪਹਿ ਰਸ ਭੋਗਨ; ਨਿਰਜੋਗ ॥

ਆਪਹਿ = ਆਪ ਹੀ ਜਗਤ ਦੇ ਕਉਤਕ = ਤਮਾਸ਼ੇ ਕਰੈ = ਕਰਦਾ ਹੈ, ਜਿਸ ਦੇ ਅਨਦ = ਅਨੰਦਾਇਕ ਚੋਜ = ਕੌਤਕ ਹਨ **ਵਾ:** ਜਿਸ ਦੇ ਅਸਚਰਜ ਕੌਤਕ ਹਨ। ਆਪਹਿ = ਆਪ ਹੀ ਸਾਰਿਆਂ ਰਸਾਂ ਨੂੰ ਭੋਗਨ ਵਾਲਾ ਹੈ ਤੇ ਆਪ ਹੀ ਨਿਰਜੋਗ = ਬੰਧਨਾਂ ਤੋਂ ਰਹਿਤ ਹੈ, ਭਾਵ ਉਸ ਨੂੰ ਕਿਸੇ ਪ੍ਰਕਾਰ ਦਾ ਕਰਤਾ ਭੁਗਤਾ ਦਾ ਬੰਧਨ ਨਹੀਂ, ਉਹ ਪਰਮੇਸ਼ਰ ਸਦਾ ਸੁਤੰਤਰ ਹੈ।

## ਜਿਸੁ ਭਾਵੈ; ਤਿਸੁ ਆਪਨ ਨਾਇ ਲਾਵੈ ॥ ਜਿਸੁ ਭਾਵੈ; ਤਿਸੁ ਖੇਲ ਖਿਲਾਵੈ ॥

ਜਿਸ ਜੀਵ ਦੀ ਸ਼ਰਧਾ ਭਾਵਨਾ, ਭਾਵੈ = ਭਾਅ ਗਈ, ਤਿਸੁ = ਉਸ ਨੂੰ ਪਰਮੇਸ਼ਰ ਆਪਣੇ ਨਾਇ = ਨਾਮ ਵਿਚ ਲਾਵੈ = ਲਾ ਲੈਂਦਾ ਹੈ। ਜਿਸ ਜੀਵ ਦੀ ਵਾਸ਼ਨਾ ਭਾਵੈ = ਭਾਅ ਜਾਵੇ ਕਿ ਦੁਨੀਆਂ ਵਿਚ ਖੇਲਣ ਵਾਲਾ ਹੈ, ਤਿਸੁ = ਉਸਨੂੰ ਪੰਜਾਂ ਤੱਤਾਂ ਦੀ ਰਚਨਾ ਰਚ ਕੇ ਜੂਨਾਂ ਦੀ ਖੇਲ = ਖੇਡ ਵਿਚ ਖਿਲਾਵੈ = ਖਿਡਾਉਂਦਾ ਹੈ **ਵਾ:** ਜਿਸ ਨੂੰ ਭਾਵੈ = ਚਾਹੁੰਦਾ ਹੈ, ਉਸ ਨੂੰ ਮਨਮੁਖਤਾ ਕਰ ਕੇ ਚੌਰਾਸੀ ਦੇ ਖੇਲ ਵਿਚ ਖਿਲਾਉਂਦਾ ਹੈ।

## ਬੇਸੁਮਾਰ ਅਥਾਹ; ਅਗਨਤ ਅਤੋਲੈ ॥

ਉਹ ਪਰਮੇਸ਼ਰ ਬੇਸੁਮਾਰ = ਬੇਅੰਤ, ਅਥਾਹ = ਅਤਿਅੰਤ ਡੂੰਘਾ ਅਗਨਤ = ਗਿਣਤੀ ਤੋਂ ਰਹਿਤ, ਅਤੋਲੈ = ਸ਼ਾਸਤਰਾਂ ਪ੍ਰਮਾਣ ਰੂਪੀ ਵੱਟਿਆਂ ਨਾਲ ਤੋਲਣ ਤੋਂ ਰਹਿਤ ਹੈ।

## ਜਿਉ ਬੁਲਾਵਹੁ; ਤਿਉ ਨਾਨਕ ਦਾਸ ਬੋਲੈ ॥੮॥੨੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਸੱਚੇ ਪਾਤਿਸ਼ਾਹ! ਜਿਉ = ਜਿਵੇਂ ਸਾਨੂੰ ਆਪ ਜੀ ਬੁਲਾਵਹੁ = ਬੁਲਾਉਂਦੇ ਹੋ, ਤਿਉ = ਉਸੇ ਤਰ੍ਹਾਂ ਅਸੀਂ ਆਪ ਦੇ ਦਾਸ = ਸੇਵਕ ਬੋਲੈ = ਬੋਲਦੇ ਹਾਂ ॥੮॥੨੧॥

(ਇੱਕੀਵੀਂ ਅਸਟਪਦੀ ਵਿਚ ਪੂਰੇ ਅੱਖਰ ੧੧੦੦, ਪੈਰਾਂ ਵਾਲੇ ਰਾਰੇ ੧੨, ਅੱਧਾ ਅੱਖਰ ੧, ਕੁੱਲ ਅੱਖਰ ੧੧੧੩ ਹਨ)

## ਸਲੋਕੁ ॥ ਜੀਅ ਜੰਤ ਕੇ ਠਾਕੁਰਾ; ਆਪੇ ਵਰਤਣਹਾਰ ॥

ਹੇ ਸਾਰੇ ਜੀਅ = ਜੀਵਾਂ ਜੰਤ = ਜੰਤੂਆਂ ਕੇ = ਦੇ ਠਾਕੁਰਾ = ਸੁਆਮੀ ਪਰਮੇਸ਼ਰ! ਆਪ ਹੀ ਸਾਰਿਆਂ ਵਿਚ ਵਰਤਣਹਾਰ = ਵਰਤਣੇ ਵਾਲਾ ਹੈਂ।

## ਨਾਨਕ ਏਕੋ ਪਸਰਿਆ; ਦੂਜਾ ਕਹ ਦ੍ਰਿਸਟਾਰ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਦ ਤੇਰਾ ਏਕੋ = ਇੱਕੋ ਰੂਪ ਹੀ ਸਾਰੇ ਥਾਵਾਂ ਵਿਚ ਪਸਰਿਆ = ਫੈਲ ਰਿਹਾ ਹੈ ਤਾਂ ਦੂਜਾ = ਦੂਸਰਾ ਕੋਈ ਕਹ = ਕਿਥੇ ਦ੍ਰਿਸਟਾਰ = ਦੇਖਣ ਵਿਚ ਆਉਂਦਾ ਹੈ **ਵਾ:** ਹੇ ਭਾਈ! ਸਾਰਿਆਂ ਥਾਵਾਂ ਵਿਚ ਏਕੋ = ਇਕ ਪਰਮੇਸ਼ਰ ਹੀ ਪਸਰਿਆ = ਫੈਲਿਆ ਹੋਇਆ ਹੈ ਦੂਜਾ = ਦੂਸਰਾ ਕਹ = ਕਿਥੇ ਤੁਸੀਂ ਦ੍ਰਿਸਟਾਰ = ਦੇਖਣ ਜਾ ਰਹੇ ਹੋ। ਜਿਸ ਪ੍ਰਕਾਰ ਜਿਵੇਂ ਕਿਸੇ ਦੀ ਨਿਗ੍ਹਾ ਵਿਚ ਦੋਸ਼ ਹੋਵੇ,

ਉਸ ਨੂੰ ਅਕਾਸ਼ ਵਿਚ ਦੋ ਚੰਦਰਮਾਂ ਪ੍ਰਤੀਤ ਹੁੰਦੇ ਹਨ ਅਤੇ ਜਿਸ ਦੀ ਨਦਰ ਸਾਫ਼ ਹੋਵੇ, ਉਸ ਨੂੰ ਸਾਫ਼ ਇਕ ਹੀ ਚੰਦਰਮਾ ਦਿਸੇਗਾ, ਇਸੇ ਤਰ੍ਹਾਂ ਜਿਨ੍ਹਾਂ ਦੇ ਅੰਦਰ ਦਵੈਤ ਹੈ, ਉਨ੍ਹਾਂ ਨੂੰ ਦੋ ਪ੍ਰਕਾਰ ਦਾ ਪ੍ਰਤੀਤ ਹੋ ਰਿਹਾ ਹੈ, ਜਿਨ੍ਹਾਂ ਦੀ ਵਿਚਾਰ ਰੂਪੀ ਨਿਗ੍ਹਾ ਭਾਵ ਬਿਰਤੀ ਸਾਫ਼ ਹੈ, ਉਨ੍ਹਾਂ ਨੂੰ ਦੂਸਰਾ ਪੁਣਾ ਪ੍ਰਤੀਤ ਨਹੀਂ ਹੁੰਦਾ, ਉਹ ਕੇਵਲ ਇੱਕੋ ਵਾਹਿਗੁਰੂ ਦੇ ਕੌਤਕ ਵੇਖਦੇ ਹਨ॥੧॥

## ਅਸਟਪਦੀ ॥ ਆਪਿ ਕਥੈ; ਆਪਿ ਸੁਨਨੈਹਾਰੁ ॥ ਆਪਹਿ ਏਕੁ; ਆਪਿ ਬਿਸਥਾਰੁ ॥

ਹਰੀ ਵਾਹਿਗੁਰੂ ਆਪ ਹੀ ਕਥੈ = ਕਥਨ ਕਰਨ ਵਾਲਾ ਗੁਰੂ ਸਰੂਪ ਬਕਤਾ ਹੈ ਤੇ ਆਪ ਹੀ ਸਿੱਖ ਰੂਪ ਵਿਚ ਸਰੋਤਾ ਹੋ ਕੇ ਹਿਰਦੇ ਵਿਚ ਸੁਨਨੈਹਾਰੁ = ਸੁਣਨ ਵਾਲਾ ਹੈ, ਭਾਵ ਆਪ ਹੀ ਕਥਨ ਕਰਨ ਵਾਲਾ ਤੇ ਆਪ ਹੀ ਸੁਣਨ ਵਾਲਾ ਹੈ। ਆਪਹਿ = ਆਪ ਹੀ ਇਕ ਅਦ੍ਵੈਤ ਨਿਰਗੁਣ ਸਰੂਪ ਹੈ ਤੇ ਆਪ ਹੀ ਸਰਗੁਣ ਸਰੂਪ ਧਾਰ ਕੇ ਰੋਮ ਰੋਮ ਵਿਚ ਕਰੋੜਾਂ ਖੰਡਾਂ ਬ੍ਰਹਿਮੰਡਾਂ ਦਾ ਬਿਸਥਾਰੁ = ਪਸਾਰਾ ਕੀਤਾ ਹੈ।

## ਜਾ ਤਿਸੁ ਭਾਵੈ; ਤਾ ਸ੍ਰਿਸਟਿ ਉਪਾਏ ॥ ਆਪਨੈ ਭਾਣੈ; ਲਏ ਸਮਾਏ ॥

ਜਾ = ਜਦੋਂ ਤਿਸੁ = ਉਸ ਵਾਹਿਗੁਰੂ ਨੂੰ ਭਾਵੈ = ਭਾਉਂਦਾ ਹੈ ਤਾ = ਤਦ ਸ੍ਰਿਸਟਿ = ਜਗਤ ਨੂੰ ਉਪਾਏ = ਪੈਦਾ ਕਰ ਲੈਂਦਾ ਹੈ। ਆਪਣੇ ਭਾਣੇ ਵਿਚ ਹੀ ਜਗਤ ਨੂੰ ਸਮਾਏ = ਅਭੇਦ ਕਰ ਲਏ = ਲੈਂਦਾ ਹੈ।

## ਤੁਮ ਤੇ; ਭਿੰਨ ਨਹੀ ਕਿਛੁ ਹੋਇ ॥ ਆਪਨ ਸੂਤਿ; ਸਭੁ ਜਗਤੁ ਪਰੋਇ ॥

ਹੇ ਹਰੀ ਵਾਹਿਗੁਰੂ ਤੁਮ = ਤੁਹਾਡੇ ਤੇ = ਤੋਂ ਭਿੰਨ = ਵੱਖਰਾ ਹੋ ਕੇ ਜੀਵ ਕਿਛੁ = ਕੁਝ ਕਰਨ ਦੇ ਸਮਰੱਥ ਨਹੀਂ ਹੋਇ = ਹੁੰਦਾ। ਤੂੰ ਆਪਨ = ਆਪਣੇ ਹੁਕਮ ਰੂਪੀ ਸੂਤਿ = ਧਾਗੇ **ਵਾ:** ਚੇਤਨ ਸੱਤਾ ਰੂਪੀ ਸੂਤਰ **ਵਾ:** ਕਲਾ ਰੂਪੀ ਸੂਤਰ ਵਿਚ ਸਭੁ = ਸਾਰੇ ਜਗਤੁ = ਸੰਸਾਰ ਨੂੰ ਪਰੋਇ = ਪਰੋਤਾ ਹੋਇਆ ਹੈ।

## ਜਾ ਕਉ ਪ੍ਰਭ ਜੀਉ; ਆਪਿ ਬੁਝਾਏ ॥ ਸਚੁ ਨਾਮੁ; ਸੋਈ ਜਨੁ ਪਾਏ ॥

ਜਾ ਕਉ = ਜਿਨ੍ਹਾਂ ਨੂੰ ਪ੍ਰਭ = ਹਰੀ ਵਾਹਿਗੁਰੂ ਜੀਉ ਆਪਣਾ ਸਰੂਪ ਬੁਝਾਏ = ਸਮਝਾ ਦਿੰਦੇ ਹੋ। ਸੋਈ = ਉਹੀ ਜਨੁ = ਪੁਰਖ ਸੱਚੇ ਨਾਮ ਨੂੰ ਪਾਏ = ਪ੍ਰਾਪਤ ਕਰ ਲੈਂਦੇ ਹਨ।

## ਸੋ ਸਮਦਰਸੀ; ਤਤ ਕਾ ਬੇਤਾ ॥ ਨਾਨਕ; ਸਗਲ ਸ੍ਰਿਸਟਿ ਕਾ ਜੇਤਾ ॥੧॥

ਸੋ = ਉਹੀ ਸਮਦਰਸੀ = ਸਮਕਦਰਸੀ ਸਾਰਿਆਂ ਵਿਚ ਵਾਹਿਗੁਰੂ ਦੀ ਜੋਤ ਵੇਖਣ ਵਾਲਾ ਤਤ ਸਰੂਪ ਕਾ = ਦਾ ਬੇਤਾ = ਜਾਣੂ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਸਗਲ = ਸਾਰੀ ਸ੍ਰਿਸਟਿ = ਸ੍ਰਿਸ਼ਟੀ ਕਾ = ਦਾ ਜੇਤਾ = ਜਿੱਤਣ ਵਾਲਾ ਪੁਰਖ ਹੈ॥੧॥

## ਜੀਅ ਜੰਤ੍ਰ; ਸਭ ਤਾ ਕੈ ਹਾਥ ॥ ਦੀਨ ਦਇਆਲ; ਅਨਾਥ ਕੋ ਨਾਥੁ ॥

ਸਭ = ਸਾਰੇ ਜੀਅ ਜੰਤ ਭਾਵ ਛੋਟੇ ਵੱਡੇ, ਸੂਖਮ ਅਸਥੂਲ ਤਾ ਕੈ = ਉਸ ਪਰਮੇਸ਼ਰ ਦੇ ਹਾਥ = ਹੱਥ ਭਾਵ ਅਧੀਨਗੀ ਵਿਚ ਹਨ। ਉਹ ਤਾਂ ਦੀਨ = ਗ਼ਰੀਬਾਂ ਤੇ ਦਇਆਲ = ਦਇਆ ਕਰਨ ਵਾਲਾ ਤੇ ਅਨਾਥ = ਯਤੀਮਾਂ ਦਾ ਨਾਥੁ = ਸੁਆਮੀ ਹੈ।

## ਜਿਸੁ ਰਾਖੈ; ਤਿਸੁ ਕੋਇ ਨ ਮਾਰੈ ॥

ਜਿਸ ਦੀ ਹਰੀ ਵਾਹਿਗੁਰੂ ਰਾਖੈ = ਰੱਖਿਆ ਕਰਦਾ ਹੈ, ਤਿਸੁ = ਉਸ ਨੂੰ ਕੋਇ = ਕੋਈ ਵੀ ਮਾਰੈ = ਮਾਰ ਨ = ਨਹੀਂ ਸਕਦਾ।

**ਸਾਖੀ—ਹਿਰਨੀ ਦੀ**: ਇਕ ਹਿਰਨੀ ਗਰਭਵਤੀ ਜੰਗਲ ਵਿਚ ਆਪਣੇ ਸੁਖ ਦੀ ਨੀਂਦ ਵਿਚ ਸੁੱਤੀ ਪਈ ਸੀ। ਸ਼ਿਕਾਰੀ ਨੇ ਜਦੋਂ ਦੂਰੋਂ ਆ ਕੇ ਵੇਖਿਆ ਕਿ ਹਿਰਨੀ ਸੁੱਤੀ ਹੋਈ ਹੈ ਤਾਂ ਉਸ ਨੇ ਹਿਰਨੀ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਇਕ ਪਾਸੇ ਜਾਲ ਤਾਣ ਦਿੱਤਾ, ਦੂਜੇ ਪਾਸੇ ਅੱਗ ਬਾਲ ਦਿੱਤੀ, ਤੀਜੇ ਪਾਸੇ ਕੁੱਤਾ ਖੜਾ ਕਰ ਦਿੱਤਾ ਅਤੇ ਚੌਥੇ ਪਾਸੇ ਆਪ ਸ਼ਿਕਾਰੀ ਧਨੁਸ਼ ਬਾਣ ਖਿੱਚ ਕੇ ਖਲੋ ਗਿਆ। ਅੱਗ ਦੇ ਭਾਂਬੜ ਮੱਚਣ ਦੀ ਅਵਾਜ਼ ਸੁਣ ਕੇ ਸੇਕ ਲੱਗਣ ਕਰ ਕੇ ਹਿਰਨੀ ਉੱਠ ਕੇ ਜਦੋਂ ਦੌੜਨ ਲੱਗੀ ਤਾਂ ਕੀ ਵੇਖਿਆ ਕਿ ਅੱਗੇ ਜਾਲ ਬੁਣਿਆ ਹੋਇਆ ਹੈ, ਦੂਜੇ ਪਾਸੇ ਗਈ ਤਾਂ ਕੁੱਤਾ ਖਲੋਤਾ ਹੈ, ਤੀਜੇ ਪਾਸੇ ਸ਼ਿਕਾਰੀ ਆਪ ਬਾਣ ਖਿੱਚ ਕੇ ਖੜਾ ਹੈ। ਸਭ ਰਸਤੇ ਬੰਦ ਵੇਖ ਕੇ ਨਿਰਾਸ ਹੋ ਕੇ ਹਰੀ ਵਾਹਿਗੁਰੂ ਨੂੰ ਯਾਦ ਕਰਦੀ ਹੋਈ ਇਸ ਤਰ੍ਹਾਂ ਬੇਨਤੀਆਂ ਕਰਨ ਲੱਗੀ:

**ਸੰਕਟ ਕਟੋ ਮੁਰਾਰੀ ਹਮਰਾ ਸੰਕਟ ਕਟੋ ਮੁਰਾਰੀ।**
**ਸੰਕਟ ਮਹਿ ਇਕ ਸੰਕਟ ਬਨਿਓ; ਅਰਜ ਕਰੋ ਮ੍ਰਿਗ ਨਾਰੀ।**
**ਏਕ ਓਰ ਲੇ ਵਾਵਰ ਗਾਡੀ, ਏਕ ਓਰ ਅੱਗ ਜਾਰੀ।**
**ਏਕ ਓਰ ਸੁਆਨ ਕੀਓ ਠਾਢੋ; ਏਕ ਓਰ ਫੰਧਕਾਰੀ।**

ਉਸੇ ਵੇਲੇ ਭਗਵਾਨ ਨੇ ਆਪਣੇ ਸੰਕਲਪ ਮਾਤਰ ਨਾਲ ਉਸ ਦੇ ਚਾਰੇ ਰਸਤੇ ਖੋਲ੍ਹ ਦਿੱਤੇ:

**ਉਲਟਤ ਪਵਨ ਲੈ ਵਾਵਰ ਜਾਰੀ; ਸੁਆਨ ਗਹਿਓ ਸਸਕਾਰੀ।**
**ਭੂਮਿ ਹੀ ਤੇ ਸਰਪ ਜੋ ਨਿਕਸਿਓ; ਜਾਇ ਡਸਿਓ ਫੰਧਕਾਰੀ।**
**ਕੂਦਤ ਫਾਂਧਤ ਮ੍ਰਿਗਨੀ ਨਿਕਸੀ, ਉਬਰੀ ਸਰਨ ਤੁਹਾਰੀ।**

ਪਹਿਲਾਂ ਬੜੀ ਤੇਜ਼ ਹਨੇਰੀ ਚੱਲੀ, ਜਿਸ ਨੇ ਜਾਲ ਤੋੜ ਕੇ ਅੱਗ ਵਿਚ ਸੁੱਟ ਦਿੱਤਾ, ਫੇਰ ਵਰਖਾ ਪੈਣ ਦੇ ਨਾਲ ਅੱਗ ਵੀ ਸ਼ਾਂਤ ਹੋ ਗਈ। ਫੇਰ ਸ਼ਿਕਾਰੀ ਤੇਜ਼ੀ ਨਾਲ ਉਸ ਦੇ ਤੀਰ ਮਾਰਨ ਲੱਗਾ ਤਾਂ ਪਿੱਛੋਂ ਝਾੜ ਵਿੱਚੋਂ ਜ਼ਹਿਰੀਲੇ ਸੱਪ ਨੇ ਨਿਕਲ ਕੇ ਡੰਗ ਮਾਰਿਆ ਤੇ ਡੰਗ ਮਾਰਨ ਕਰ ਕੇ ਸ਼ਿਕਾਰੀ ਦਾ ਹੱਥ ਹਿੱਲਿਆ, ਬਾਣ ਮ੍ਰਿਗੀ ਦੇ ਬਜਾਏ ਕੁੱਤੇ ਨੂੰ ਜਾ ਵੱਜਾ, ਕੁੱਤਾ ਤੇ ਸ਼ਿਕਾਰੀ ਵੀ ਦੋਵੇਂ ਮ੍ਰਿਤੂ ਨੂੰ ਪ੍ਰਾਪਤ ਹੋ ਗਏ, ਇਸ ਤਰ੍ਹਾਂ ਹਰੀ ਵਾਹਿਗੁਰੂ ਨੇ ਹਿਰਨੀ ਦੇ ਚਾਰੇ ਰਸਤੇ ਖੋਲ੍ਹ ਦਿੱਤੇ ਤੇ ਹਿਰਨੀ ਬੜੇ ਅਨੰਦ ਨਾਲ ਜੰਗਲ ਵਿਚ ਵਿਚਰਨ ਲੱਗੀ।

## ਸੋ ਮੂਆ; ਜਿਸੁ ਮਨਹੁ ਬਿਸਾਰੈ ॥

ਸੋ = ਉਹ ਜੀਵ ਮੂਆ = ਮਰ ਗਿਆ ਸਮਝੋ, ਜਿਸ ਨੂੰ ਪਰਮੇਸ਼ਰ ਨੇ ਮਨਹੁ = ਹਿਰਦੇ ਵਿੱਚੋਂ ਬਿਸਾਰੈ = ਭੁਲਾ ਦਿੱਤਾ ਹੈ **ਵਾ:** ਜਿਸ ਨੇ ਹਰੀ ਅਕਾਲ ਪੁਰਖ ਵਾਹਿਗੁਰੂ ਨੂੰ ਮਨਹੁ = ਹਿਰਦੇ ਵਿੱਚੋਂ ਵਿਸਾਰ ਦਿੱਤਾ ਹੈ, ਸੋ = ਉਹ ਮੂਆ = ਮਰਿਆ ਹੋਇਆ ਹੈ, ਭਾਵ ਜੰਮਣ ਮਰਣ ਵਿਚ ਆਉਂਦਾ ਹੈ।

## ਤਿਸੁ ਤਜਿ; ਅਵਰ ਕਹਾ ਕੋ ਜਾਇ ॥ ਸਭ ਸਿਰਿ; ਏਕੁ ਨਿਰੰਜਨ ਰਾਇ ॥

ਤਿਸੁ = ਉਸ ਪਰਮੇਸ਼ਰ ਨੂੰ ਤਜਿ = ਛੱਡ ਕੇ ਅਵਰ = ਹੋਰ ਸਥਾਨ ਤੇ ਕੋ = ਕੋਈ ਕਹਾ = ਕਿਥੇ ਤਕ ਜਾਇ = ਜਾਵੇਗਾ। ਸਭ = ਸਾਰਿਆਂ ਜੀਵਾਂ ਦੇ ਸਿਰ ਉੱਤੇ ਇਕ ਨਿਰੰਜਨ = ਸ਼ੁੱਧ ਸਰੂਪ ਪ੍ਰਕਾਸ਼ ਰੂਪ ਰਾਇ = ਰਾਜਾ ਹਰੀ ਪਰਮੇਸ਼ਰ ਆਪ ਹੀ ਹੈ **ਵਾ:** ਸਾਰਿਆਂ ਦੇ ਸਿਰ ਉੱਤੇ ਏਕੁ = ਇਕ ਨਿਰੰਜਨ = ਮੈਲ ਤੋਂ ਰਹਿਤ ਸ਼ੁੱਧ ਰਾਇ = ਰਾਜਾ ਰੂਪ ਆਪ ਹੀ ਵਿਆਪਕ ਹੈ।

## ਜੀਅ ਕੀ ਜੁਗਤਿ; ਜਾ ਕੈ ਸਭ ਹਾਥਿ ॥ ਅੰਤਰਿ ਬਾਹਰਿ; ਜਾਨਹੁ ਸਾਥਿ ॥

ਜੀਅ = ਜੀਵਾਂ ਕੀ = ਦੀ ਪਾਲਣਾ ਕਰਨੀ, ਲੈਅਤਾ ਕਰਨ ਦੀ ਜੁਗਤਿ = ਵਿਧੀ ਸਭ = ਸਾਰੀ ਜਾ

ਕੈ = ਜਿਸ ਵਾਹਿਗੁਰੂ ਨੇ ਆਪਣੇ ਹਾਥਿ = ਹੱਥਾਂ ਵਿਚ ਰੱਖੀ ਹੋਈ ਹੈ। ਸੁਆਸ ਅੰਦਰ ਜਾਂਦੇ ਤੇ ਬਾਹਰ ਨਿਕਲਦੇ **ਵਾ:** ਹਿਰਦੇ ਦੇ ਅੰਤਰਿ = ਅੰਦਰ ਵੀ ਤੇ ਬਾਹਰ ਸੰਸਾਰ ਵਿਚ ਵੀ ਉਸ ਪਰਮੇਸ਼ਰ ਨੂੰ ਆਪਨਾ ਸਦਾ ਸਾਥਿ = ਸਾਥੀ ਜਾਨਹੁ = ਜਾਨਣਾ ਕਰੋ।

## ਗੁਨ ਨਿਧਾਨ; ਬੇਅੰਤ ਅਪਾਰ ॥ ਨਾਨਕ ਦਾਸ; ਸਦਾ ਬਲਿਹਾਰ ॥੨॥

ਜੋ ਹਰੀ ਵਾਹਿਗੁਰੂ ਗੁਣਾਂ ਦਾ ਨਿਧਾਨ = ਖ਼ਜ਼ਾਨਾ ਬੇਅੰਤ = ਅੰਤ ਤੋਂ ਰਹਿਤ ਤੇ ਅਪਾਰ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਦਾਸਾ ਭਾਵ ਧਾਰ ਕੇ ਸਦਾ = ਹਮੇਸ਼ਾਂ ਹੀ ਐਸੇ ਪਰਮੇਸ਼ਰ ਦੇ ਉੱਪਰੋਂ ਬਲਿਹਾਰ = ਕੁਰਬਾਨ ਜਾਂਦੇ ਹਾਂ ॥੨॥

## ਪੂਰਨ, ਪੂਰਿ ਰਹੇ; ਦਇਆਲ ॥ ਸਭ ਊਪਰਿ; ਹੋਵਤ ਕਿਰਪਾਲ ॥

ਦਇਆਲ = ਦਇਆ ਦੇ ਘਰ ਪੂਰਨ = ਵਿਆਪਕ ਪਰਮੇਸ਼ਰ ਜੀ ਸਭ ਥਾਵਾਂ ਤੇ ਪੂਰਿ = ਪੂਰਨ ਹੋ ਰਹੇ ਹਨ। ਜੋ ਸਭ = ਸਾਰਿਆਂ ਊਪਰਿ = ਉੱਤੇ ਕ੍ਰਿਪਾਲੂ ਹੋਵਤ = ਹੋ ਰਹੇ ਹਨ, ਭਾਵ ਹਰੀ ਵਾਹਿਗੁਰੂ ਤਾਂ ਅਕਿਰਤਘਣਾਂ ਦੀ ਵੀ ਪਾਲਣਾ ਕਰਨ ਵਾਲੇ ਹਨ। ਜੈਸਾ ਕਿ :

**ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ ॥੪॥੧੩॥੮੩॥** *(ਅੰਗ ੪੭)*

## ਅਪਨੇ ਕਰਤਬ; ਜਾਨੈ ਆਪਿ ॥ ਅੰਤਰਜਾਮੀ; ਰਹਿਓ ਬਿਆਪਿ ॥

ਹਰੀ ਵਾਹਿਗੁਰੂ ਆਪਣੇ ਕਰਤਬ = ਕੰਮਾਂ ਨੂੰ ਆਪ ਹੀ ਜਾਨੈ = ਜਾਣਦਾ ਹੈ। ਪ੍ਰੇਰਕ ਪਰਮੇਸ਼ਰ ਸਾਰਿਆਂ ਦੇ ਹਿਰਦਿਆਂ ਦੀ ਜਾਨਣ ਵਾਲਾ ਅੰਤਰਜਾਮੀ ਹੈ ਅਤੇ ਸਾਰਿਆਂ ਦੇ ਵਿਚ ਬਿਆਪਿ = ਵਿਆਪਕ ਹੋ ਰਹਿਓ = ਰਿਹਾ ਹੈ।

## ਪ੍ਰਤਿਪਾਲੈ ਜੀਅਨ; ਬਹੁ ਭਾਤਿ ॥ ਜੋ ਜੋ ਰਚਿਓ; ਸੁ ਤਿਸਹਿ ਧਿਆਤਿ ॥

ਵਾਹਿਗੁਰੂ ਜੀਅਨ = ਜੀਵਾਂ ਦੀ ਬਹੁ = ਬਹੁਤ ਭਾਤਿ = ਤਰੀਕਿਆਂ ਨਾਲ ਵੱਖਰੋ-ਵੱਖਰੀ ਖ਼ੁਰਾਕ ਦੇ ਕੇ ਪ੍ਰਤਿਪਾਲੈ = ਪ੍ਰਤੀਪਾਲਣਾ ਕਰ ਰਿਹਾ ਹੈ। ਜੈਸਾ ਕਿ :

**ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ ॥ ਇਕਨਾ ਛਤੀਹ ਅੰਮ੍ਰਿਤ ਪਾਹਿ ॥**
**ਇਕਿ ਮਿਟੀਆ ਮਹਿ ਮਿਟੀਆ ਖਾਹਿ ॥ ਇਕਿ ਪਉਣ ਸੁਮਾਰੀ ਪਉਣ ਸੁਮਾਰਿ ॥**
**ਇਕਿ ਨਿਰੰਕਾਰੀ ਨਾਮ ਆਧਾਰਿ ॥ ਜੀਵੈ ਦਾਤਾ ਮਰੈ ਨ ਕੋਇ ॥**
**ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ ॥੨॥** *(ਅੰਗ ੧੪੪)*

ਜੋ ਜੋ ਵੀ ਜੀਵ ਸੰਸਾਰ ਵਿਚ ਹਰੀ ਵਾਹਿਗੁਰੂ ਨੇ ਰਚਿਓ = ਪੈਦਾ ਕੀਤਾ ਹੈ ਸੁ = ਉਹ ਤਿਸਹਿ = ਉਸ ਵਾਹਿਗੁਰੂ ਨੂੰ ਤਰ੍ਹਾਂ ਤਰ੍ਹਾਂ ਦੀ ਬੋਲੀ ਨਾਲ ਧਿਆਤਿ = ਧਿਆਉਂਦਾ ਹੈ।

## ਜਿਸੁ ਭਾਵੈ; ਤਿਸੁ ਲਏ ਮਿਲਾਇ ॥
## ਭਗਤਿ ਕਰਹਿ; ਹਰਿ ਕੇ ਗੁਣ ਗਾਇ ॥

ਜਿਸ ਜੀਵ ਦੀ ਵਾਹਿਗੁਰੂ ਨੂੰ ਸ਼ਰਧਾ ਭਾਵੈ = ਭਾ ਜਾਂਦੀ ਹੈ, ਤਿਸੁ = ਉਸ ਨੂੰ ਹਰੀ ਵਾਹਿਗੁਰੂ ਆਪਣੇ ਨਾਲ ਮਿਲਾਇ = ਮੇਲ ਲਏ = ਲੈਂਦਾ ਹੈ। ਉਹੋ ਹੀ ਹਰਿ = ਪਰਮੇਸ਼ਰ ਕੇ = ਦੇ ਗੁਣ ਗਾਇ = ਗਾ ਗਾ ਕੇ ਭਗਤਿ = ਭਗਤੀ ਕਰਹਿ = ਕਰਦਾ ਹੈ।

## ਮਨ ਅੰਤਰਿ; ਬਿਸ੍ਵਾਸੁ ਕਰਿ ਮਾਨਿਆ ॥ ਕਰਨਹਾਰੁ; ਨਾਨਕ ਇਕੁ ਜਾਨਿਆ ॥੩॥

ਐਸੇ ਜਨ ਨੇ ਮਨ = ਹਿਰਦੇ ਦੇ ਅੰਤਰਿ = ਅੰਦਰ ਬਿਸ੍ਵਾਸ = ਨਿਸ਼ਚੇ ਕਰਿ = ਕਰਕੇ ਪਰਮੇਸ਼ਰ ਨੂੰ ਮਾਨਿਆ = ਮੰਨਣਾ ਕੀਤਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਨੇ ਜਾਨਿਆ = ਜਾਣ ਲਿਆ ਹੈ ਕਿ ਸੰਸਾਰ ਦਾ ਕਰਨਹਾਰ = ਰਚਨਹਾਰ ਇਕ ਹਰੀ ਵਾਹਿਗੁਰੂ ਹੀ ਹੈ ॥੩॥

## ਜਨੁ ਲਾਗਾ; ਹਰਿ ਏਕੈ ਨਾਇ ॥ ਤਿਸ ਕੀ ਆਸ; ਨ ਬਿਰਥੀ ਜਾਇ ॥

ਜਿਹੜਾ ਗੁਰਮੁਖ ਜਨ ਏਕੈ = ਇਕ ਹਰਿ = ਹਰੀ ਵਾਹਿਗੁਰੂ ਦੇ ਨਾਇ = ਨਾਮ ਵਿਚ ਲਾਗਾ = ਲੱਗਦਾ ਹੈ। ਤਿਸ ਕੀ = ਉਸ ਦੀ ਆਸ = ਇੱਛਾ ਬਿਰਥੀ = ਖ਼ਾਲੀ ਨ = ਨਹੀਂ ਜਾਇ = ਜਾਂਦੀ।

## ਸੇਵਕ ਕਉ; ਸੇਵਾ ਬਨਿ ਆਈ ॥ ਹੁਕਮੁ ਬੂਝਿ; ਪਰਮ ਪਦੁ ਪਾਈ ॥

ਸੇਵਕ = ਦਾਸ ਕਉ = ਨੂੰ ਹਰੀ ਵਾਹਿਗੁਰੂ ਦੀ ਸੇਵਾ = ਟਹਿਲ ਕਰਨੀ ਹੀ ਬਨਿ ਆਈ = ਬਣ ਆਈ ਹੈ। ਉਸ ਸੇਵਕ ਨੇ ਹੁਕਮੁ = ਰਜ਼ਾ ਨੂੰ ਬੂਝਿ = ਸਮਝ ਕੇ ਪਰਮਪਦੁ = ਵੱਡੀ ਪਦਵੀ ਕੈਵਲ ਮੁਕਤੀ ਪਾਈ = ਪਾਉਣਾ ਕੀਤੀ ਹੈ। ਜੈਸਾ ਕਿ :

**ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥** *(ਅੰਗ ੭੨)*

## ਇਸ ਤੇ ਊਪਰਿ; ਨਹੀ ਬੀਚਾਰੁ ॥ ਜਾ ਕੈ ਮਨਿ; ਬਸਿਆ ਨਿਰੰਕਾਰੁ ॥

ਇਸ ਤੇ = ਤੋਂ ਊਪਰਿ = ਉੱਤੇ ਕੋਈ ਵੀ ਬੀਚਾਰ ਨਹੀਂ ਹੈ। ਜਾ ਕੈ = ਜਿਸ ਦੇ ਮਨਿ = ਹਿਰਦੇ ਵਿਚ ਨਿਰੰਕਾਰੁ = ਪਰਮੇਸ਼ਰ ਬਸਿਆ = ਵੱਸਿਆ ਹੋਇਆ ਹੈ।

## ਬੰਧਨ ਤੋਰਿ; ਭਏ ਨਿਰਵੈਰ ॥ ਅਨਦਿਨੁ ਪੂਜਹਿ; ਗੁਰ ਕੇ ਪੈਰ ॥

ਉਹ ਸੰਸਾਰਕ ਬੰਧਨ = ਬੰਨ੍ਹਣਾਂ ਨੂੰ ਤੋਰਿ = ਤੋੜ ਕੇ ਨਿਰਵੈਰ = ਵੈਰ ਤੋਂ ਰਹਿਤ ਭਏ = ਹੋਏ ਹਨ ਅਤੇ ਗੁਰੂ ਸਾਹਿਬਾਨਾਂ ਦੇ ਉਪਕਾਰ ਜਾਣ ਕੇ ਅਨਦਿਨੁ = ਰਾਤ ਦਿਨੇ ਗੁਰਾਂ ਕੇ = ਦੇ ਪੈਰ = ਚਰਨਾਂ ਨੂੰ ਪੂਜਹਿ = ਪੂਜਦੇ ਹਨ।

## ਇਹ ਲੋਕ ਸੁਖੀਏ; ਪਰਲੋਕ ਸੁਹੇਲੇ ॥ ਨਾਨਕ, ਹਰਿ ਪ੍ਰਭਿ; ਆਪਹਿ ਮੇਲੇ ॥੪॥

ਉਹ ਇਸ ਲੋਕ ਵਿਚ ਸੁਖੀ ਹਨ ਅਤੇ ਪਰਲੋਕ ਵਿਚ ਵੀ ਸੁਹੇਲੇ = ਸੁਖੀ ਹਨ। ਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਨੂੰ ਹਰਿ = ਹਰੇ ਭਰੇ ਕਰਨੇ ਵਾਲੇ ਪ੍ਰਭਿ = ਅਕਾਲ ਪੁਰਖ ਨੇ ਆਪਣੇ ਨਾਲ ਕਿਰਪਾ ਕਰ ਕੇ ਮੇਲ ਲਿਆ ਹੈ ॥੪॥

### [ਅੰਗ ੨੯੩]

## ਸਾਧਸੰਗਿ ਮਿਲਿ; ਕਰਹੁ ਅਨੰਦ ॥ ਗੁਨ ਗਾਵਹੁ; ਪ੍ਰਭ ਪਰਮਾਨੰਦ ॥

ਹੇ ਭਾਈ! ਸਾਧ ਸੰਗਿ = ਸਤਿਸੰਗਤ ਨਾਲ ਮਿਲ ਕੇ ਪਰਮੇਸ਼ਰ ਦੇ ਸਿਮਰਨ ਦਾ ਅਨੰਦ ਮਾਣਨਾ ਕਰਹੁ = ਕਰੋ। ਪਰਮਾਨੰਦ = ਵੱਡੇ ਅਨੰਦ ਸਰੂਪ ਪ੍ਰਭ = ਪਰਮੇਸ਼ਰ ਦੇ ਗੁਣਾਂ ਨੂੰ ਗਾਵਹੁ = ਗਾਉਣਾ ਕਰੋ।

## ਰਾਮ ਨਾਮ; ਤਤੁ ਕਰਹੁ ਬੀਚਾਰੁ ॥ ਦ੍ਰੁਲਭ ਦੇਹ ਕਾ; ਕਰਹੁ ਉਧਾਰੁ ॥

ਸਾਰਿਆਂ ਵੇਦਾਂ ਸ਼ਾਸਤਰਾਂ ਦਾ ਤਤੁ = ਸਿਧਾਂਤ ਰੂਪ ਜੋ ਪਰਮੇਸ਼ਰ ਦਾ ਨਾਮ ਹੈ, ਉਸ ਦੀ ਵਿਚਾਰ ਕਰਨੀ

ਕਰੋ। ਇਸ ਪ੍ਰਕਾਰ ਦੁਲਭ = ਕਠਨਤਾਈਂ ਨਾਲ ਮਿਲਣ ਵਾਲੀ ਮਨੁੱਖਾ ਦੇਹ = ਦੇਹੀ ਕਾ = ਦਾ ਸੰਸਾਰ ਸਮੁੰਦਰ ਤੋਂ ਉਧਾਰ = ਤਾਰਨਾ ਕਰੋ।

## ਅੰਮ੍ਰਿਤ ਬਚਨ; ਹਰਿ ਕੇ ਗੁਨ ਗਾਉ ॥ ਪ੍ਰਾਨ ਤਰਨ ਕਾ; ਇਹੈ ਸੁਆਉ ॥

ਹਰਿ = ਹਰੀ ਵਾਹਿਗੁਰੂ ਕੇ = ਦੇ ਗੁਣਾਂ ਰੂਪ ਅੰਮ੍ਰਿਤ = ਅਮਰ ਕਰਨ ਵਾਲੇ ਬਚਨਾਂ ਨੂੰ ਗਾਉ = ਗਾਉਣਾ ਕਰੋ **ਵਾ:** ਹਰੀ ਅਕਾਲ ਪੁਰਖ ਕੇ = ਦੇ ਗੁਣਾਂ ਨੂੰ ਗਾਉ ਤੇ ਅੰਮ੍ਰਿਤ ਰੂਪੀ ਬਚਨਾਂ ਨੂੰ ਮੰਨਣਾ ਕਰੋ। ਪ੍ਰਾਨ = ਪ੍ਰਾਣਾਧਾਰੀ ਜੀਵ ਦੇ ਤਰਨ ਕਾ = ਦਾ ਇਹੋ ਅਸਲੀ ਸੁਆਉ = ਪ੍ਰਯੋਜਨ ਹੈ।

## ਆਠ ਪਹਰ; ਪ੍ਰਭ ਪੇਖਹੁ ਨੇਰਾ ॥ ਮਿਟੈ ਅਗਿਆਨੁ; ਬਿਨਸੈ ਅੰਧੇਰਾ ॥

ਆਠ ਪਹਰ = ਅੱਠੇ ਪਹਿਰ ਐਸੀ ਧਾਰਨ ਕਰਕੇ ਪੇਖਹੁ = ਦੇਖਣਾ ਕਰੋ ਕਿ ਪ੍ਰਭ = ਹਰੀ ਵਾਹਿਗੁਰੂ ਸਾਡੇ ਅਤਿਅੰਤ ਨੇਰਾ = ਨੇੜੇ ਹੀ ਹੈ **ਵਾ:** ਆਪਣੇ ਹਿਰਦੇ ਵਿਚ ਨਿਰਣਾ ਕਰੋ ਕਿ ਸਾਡੀਆਂ ਸਾਰੀਆਂ ਕਰਤੂਤਾਂ ਨੂੰ ਜਾਨਣ ਵਾਲਾ ਪ੍ਰਭੂ ਅਤਿਅੰਤ ਨੇੜੇ ਹੈ। ਫੇਰ ਅਗਿਆਨ ਵੀ ਮਿਟ ਜਾਏਗਾ ਤੇ ਭਰਮ ਰੂਪ ਅੰਧੇਰਾ = ਹਨੇਰਾ ਵੀ ਬਿਨਸੈ = ਵਿਸ਼ੇਸ਼ ਕਰ ਕੇ ਨਾਸ਼ ਹੋ ਜਾਵੇਗਾ **ਵਾ:** ਅਗਿਆਨੁ = ਆਵਰਨ ਰੂਪ ਅੰਧੇਰਾ ਵੀ ਮਿਟ ਜਾਵੇਗਾ ਅਤੇ ਵਿਖੇਪ ਸ਼ਕਤੀ ਦਾ ਹਨੇਰਾ ਵੀ ਬਿਨਸ ਜਾਵੇਗਾ।

## ਸੁਨਿ ਉਪਦੇਸੁ; ਹਿਰਦੈ ਬਸਾਵਹੁ ॥
## ਮਨ ਇਛੇ; ਨਾਨਕ ਫਲ ਪਾਵਹੁ ॥੫॥

ਗੁਰੂ ਦੇ ਉਪਦੇਸੁ = ਸ਼ਬਦ ਨੂੰ ਸੁਣ ਕਰ ਕੇ ਹਿਰਦੈ = ਮਨ ਵਿਚ ਬਸਾਵਹੁ = ਵਸਾਉਣਾ ਕਰੋ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਫੇਰ ਮਨ ਇਛੇ = ਇੱਛਤ ਫਲ ਪਾਵਹੁ = ਪਾ ਲਵੋਗੇ **ਵਾ:** ਜਿਹੜੇ ਫਲ ਦੀ ਮਨ ਵਿਚ ਇੱਛਾ ਕਰਦੇ ਹੋ, ਧਰਮ, ਅਰਥ, ਕਾਮ, ਮੋਕਸ਼ ਆਦਿ ਸਾਰਿਆਂ ਨੂੰ ਪਾਵਹੁ = ਪਾ ਲਵੋਗੇ ॥੫॥

## ਹਲਤੁ ਪਲਤੁ ਦੁਇ; ਲੇਹੁ ਸਵਾਰਿ ॥
## ਰਾਮ ਨਾਮੁ; ਅੰਤਰਿ ਉਰਿ ਧਾਰਿ ॥

ਹਲਤੁ ਪਲਤੁ = ਲੋਕ ਪਰਲੋਕ ਦੁਇ = ਦੋਹਾਂ ਨੂੰ ਇਸ ਤਰ੍ਹਾਂ ਸਵਾਰਿ ਲੇਹੁ = ਲਵੋਗੇ। ਉਰਿ = ਹਿਰਦੇ ਦੇ ਅੰਤਰਿ = ਅੰਦਰ ਹਰੀ ਵਾਹਿਗੁਰੂ ਦੇ ਨਾਮ ਨੂੰ ਧਾਰਣ ਕਰੋ **ਵਾ:** ਹੇ ਭਾਈ ! ਰਾਮ ਨਾਮੁ = ਹਰੀ ਵਾਹਿਗੁਰੂ ਦੇ ਨਾਮ ਨੂੰ ਉਰਿ = ਹਿਰਦੇ ਵਿਚ ਧਾਰਿ = ਧਾਰਣ ਕਰ ਕੇ ਆਪਣਾ ਹਲਤੁ ਪਲਤੁ = ਲੋਕ ਪਰਲੋਕ ਦੁਇ = ਦੋਵੇਂ ਸਵਾਰਿ ਲੇਹੁ = ਲੈਣਾ ਕਰੋ। ਜੈਸਾ ਕਿ :

**ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥**
**ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫॥**

*(ਵਡਹੰਸ ਦੀ ਵਾਰ, ਅੰਗ ੫੯੨)*

## ਪੂਰੇ ਗੁਰ ਕੀ; ਪੂਰੀ ਦੀਖਿਆ ॥ ਜਿਸੁ ਮਨਿ ਬਸੈ; ਤਿਸੁ ਸਾਚੁ ਪਰੀਖਿਆ ॥

ਪੂਰੇ = ਪੂਰਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਕੀ = ਦੀ ਜੋ ਉਪਦੇਸ਼ ਰੂਪ ਪੂਰੀ ਦੀਖਿਆ = ਸਿੱਖਿਆ ਹੈ। ਉਹ ਜਿਸ ਦੇ ਮਨਿ = ਹਿਰਦੇ ਵਿਚ ਬਸੈ = ਵਸੀ ਹੈ, ਤਿਸੁ = ਉਸ ਨੇ ਸਾਚੁ = ਸੱਚ ਸਰੂਪ ਨੂੰ ਪਰੀਖਿਆ = ਪਰਖ ਲਿਆ ਹੈ।

## ਮਨਿ ਤਨਿ ਨਾਮੁ ਜਪਹੁ; ਲਿਵ ਲਾਇ ॥ ਦੂਖੁ ਦਰਦੁ; ਮਨ ਤੇ ਭਉ ਜਾਇ ॥

ਮਨਿ = ਹਿਰਦੇ ਤੇ ਤਨਿ = ਸਰੀਰ ਦੁਆਰਾ ਲਿਵ = ਬਿਰਤੀ ਲਾਇ = ਲੱਗਾ ਕੇ ਵਾਹਿਗੁਰੂ ਦਾ ਨਾਮ ਜਪਹੁ = ਜਪਣਾ ਕਰੋ। ਤਦੋਂ ਜੰਮਣ ਮਰਣ ਦਾ ਦੁੱਖ, ਸਰੀਰਕ, ਅਵਿੱਦਿਆ ਦੀ ਦਰਦੁ = ਪੀੜਾ ਅਤੇ ਮਨ = ਹਿਰਦੇ ਤੇ = ਤੋਂ ਪੰਜ ਪ੍ਰਕਾਰ ਦਾ ਭਉ = ਡਰ ਚਲਿਆ ਜਾਇ = ਜਾਵੇਗਾ।

## ਸਚੁ ਵਾਪਾਰੁ ਕਰਹੁ; ਵਾਪਾਰੀ ॥ ਦਰਗਹ ਨਿਬਹੈ; ਖੇਪ ਤੁਮਾਰੀ ॥

ਹੇ ਵਾਪਾਰੀ = ਵਣਜ ਕਰਨ ਵਾਲੇ ਜੀਵੋ! ਸਚੁ = ਸੱਚੇ ਨਾਮ ਦਾ ਜਪਣ ਜਪਾਉਣ ਰੂਪ ਵਾਪਾਰੁ = ਵਣਜ ਕਰਹੁ = ਕਰੋ **ਵਾ:** ਹੇ ਭਾਈ! ਜੇ ਵਾਪਾਰ = ਸੌਦਾ ਕਰਨਾ ਹੈ ਤਾਂ ਸੱਚੇ ਨਾਮ ਨੂੰ ਖ਼ਰੀਦੋ ਅਤੇ ਹੋਰਨਾਂ ਨੂੰ ਸੱਚੇ ਨਾਮ ਦਾ ਵਾਪਾਰੀ ਬਣਾ ਕੇ ਪਰਮੇਸ਼ਰ ਦਾ ਸਿਮਰਨ ਕਰਾਉਣਾ ਕਰਹੁ = ਕਰੋ **ਵਾ:** ਜੋ ਮਹਾਤਮਾ ਨਾਮ ਦੇ ਵਪਾਰੀ ਹਨ, ਉਨ੍ਹਾਂ ਨਾਲ ਮਿਲ ਕੇ ਸੱਚੇ ਨਾਮ ਦਾ ਵਾਪਾਰੁ = ਸੌਦਾ ਕਰਨਾ ਕਰੋ। ਤਦ ਤੁਮਾਰੀ = ਤੁਹਾਡੀ ਭਗਤੀ ਰੂਪ, ਕਰਣੀ ਰੂਪ ਖੇਪ = ਪੂੰਜੀ ਦਰਗਹ = ਪਰਲੋਕ ਵਿਚ ਨਿਬਹੈ = ਨਿਭੇਗੀ ਭਾਵ ਪੂਰੀ ਉਤਰੇਗੀ।

## ਏਕਾ ਟੇਕ; ਰਖਹੁ ਮਨ ਮਾਹਿ ॥ ਨਾਨਕ; ਬਹੁਰਿ ਨ ਆਵਹਿ ਜਾਹਿ ॥੬॥

ਏਕਾ = ਇਕ ਹਰੀ ਦੀ ਆਪਣੇ ਮਨ = ਹਿਰਦੇ ਮਾਹਿ = ਵਿਚ ਟੇਕ = ਓਟ ਰਖਹੁ = ਰੱਖਣਾ ਕਰੋ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਫੇਰ ਕਦੇ ਬਹੁਰਿ = ਮੁੜ ਕੇ ਜਨਮ ਧਾਰ ਕੇ ਆਵਹਿ = ਆਉਣਾ ਤੇ ਮਰ ਕੇ ਜਾਣਾ ਨਹੀਂ ਹੋਵੇਗਾ॥੬॥

## ਤਿਸ ਤੇ ਦੂਰਿ; ਕਹਾ ਕੋ ਜਾਇ ॥ ਉਬਰੈ; ਰਾਖਨਹਾਰੁ ਧਿਆਇ ॥

ਤਿਸ = ਉਸ ਕਾਲ ਤੇ = ਤੋਂ ਦੂਰਿ = ਦੂਰ ਭੱਜ ਕੇ ਕੋ = ਕੋਈ ਕਹਾ = ਕਿਥੇ ਜਾਇ = ਜਾ ਸਕਦਾ ਹੈ **ਵਾ:** ਤਿਸ = ਉਸ ਵਾਹਿਗੁਰੂ ਤੇ = ਤੋਂ ਦੂਰ ਜਾ ਕੇ ਜੇ ਕੋਈ ਕਹੇ ਕਿ ਜਾ ਕੇ ਕੰਮ ਕਰ ਲਵਾਂਗਾ ਤਾਂ ਕਿਥੇ ਜਾ ਕੇ ਕਰ ਸਕਦਾ ਹੈ। ਉਸ ਰਾਖਨਹਾਰੁ = ਰੱਖਣਹਾਰ ਪਰਮਾਤਮਾ ਨੂੰ ਧਿਆ ਕੇ ਹੀ ਜੀਵ ਕਾਲ ਤੋਂ ਉਬਰੈ = ਬਚ ਸਕਦਾ ਹੈ।

## ਨਿਰਭਉ ਜਪੈ; ਸਗਲ ਭਉ ਮਿਟੈ ॥ ਪ੍ਰਭ ਕਿਰਪਾ ਤੇ; ਪ੍ਰਾਣੀ ਛੁਟੈ ॥

ਜੋ ਨਿਰਭਉ = ਡਰ ਤੋਂ ਰਹਿਤ ਹਰੀ ਵਾਹਿਗੁਰੂ ਦੇ ਨਾਮ ਨੂੰ ਜਪੈ = ਜਪਦਾ ਹੈ ਉਸ ਦੇ ਸਗਲ = ਸਾਰੇ ਭਉ = ਡਰ ਮਿਟੈ = ਮਿਟ ਜਾਂਦੇ ਹਨ। ਪ੍ਰਭ = ਹਰੀ ਵਾਹਿਗੁਰੂ ਦੀ ਕਿਰਪਾ ਤੇ = ਤੋਂ ਹੀ ਪ੍ਰਾਣਾਧਾਰੀ ਜੀਵ ਜੰਮਣ ਮਰਣ ਤੋਂ ਛੁਟੈ = ਛੁਟਕਾਰਾ ਪਾਉਂਦਾ ਹੈ।

## ਜਿਸੁ ਪ੍ਰਭੁ ਰਾਖੈ; ਤਿਸੁ ਨਾਹੀ ਦੂਖ ॥ ਨਾਮੁ ਜਪਤ; ਮਨਿ ਹੋਵਤ ਸੂਖ ॥

ਜਿਸ ਦੀ ਰਾਖੈ = ਰੱਖਿਆ ਪ੍ਰਭੁ = ਪਰਮੇਸ਼ਰ ਕਰਦਾ ਹੈ, ਤਿਸੁ = ਉਸ ਨੂੰ ਜੰਮਣ ਮਰਣ ਦਾ ਦੁਖ ਨਹੀਂ ਚਿੰਬੜਦਾ। ਨਾਮ ਦੇ ਜਪਤ = ਜਪਣ ਕਰ ਕੇ ਉਸ ਨੂੰ ਮਨਿ = ਹਿਰਦੇ ਵਿਚ ਸੂਖਿ = ਸੁੱਖ ਪ੍ਰਾਪਤ ਹੋਵਤ = ਹੁੰਦਾ ਹੈ।

## ਚਿੰਤਾ ਜਾਇ; ਮਿਟੈ ਅਹੰਕਾਰੁ ॥ ਤਿਸੁ ਜਨ ਕਉ; ਕੋਇ ਨ ਪਹੁਚਨਹਾਰੁ ॥

ਉਸ ਦਾ ਚਿੰਤਾ = ਫ਼ਿਕਰ ਚਲਾ ਜਾਇ = ਜਾਂਦਾ ਹੈ ਤੇ ਅਹੰਕਾਰ ਮਿਟੈ = ਮਿਟ ਜਾਂਦਾ ਹੈ। ਤਿਸੁ = ਉਸ

ਗੁਰਮੁਖ ਜਨ ਕਉ = ਤਾਈਂ ਕੋਈ ਵੀ ਪਹੁਚਨਹਾਰੁ = ਪਹੁੰਚਣ ਵਾਲਾ ਨਹੀਂ ਹੈ, ਭਾਵ ਉਸ ਦੀ ਬਰਾਬਰੀ ਕੋਈ ਵੀ ਨਹੀਂ ਕਰ ਸਕਦਾ।

## ਸਿਰ ਊਪਰਿ; ਠਾਢਾ ਗੁਰੁ ਸੂਰਾ ॥ ਨਾਨਕ; ਤਾ ਕੇ ਕਾਰਜ ਪੂਰਾ ॥੭॥

ਜਿਨ੍ਹਾਂ ਨੇ ਜਾਣਿਆ ਹੈ ਕਿ ਸਾਡੇ ਸਿਰ ਦੇ ਊਪਰਿ = ਉੱਤੇ ਗ਼ਰੀਬ ਨਿਵਾਜ਼ ਸੱਚੇ ਪਾਤਿਸ਼ਾਹ ਲੋਕ ਪਰਲੋਕ ਦੇ ਅੰਦਰ ਜਮ ਤੋਂ ਛੁਡਾਉਣ ਵਾਲੇ, ਵਿਕਾਰਾਂ ਤੋਂ ਛੁਡਾਉਣ ਵਾਲੇ ਗੁਰੁ ਸੂਰਾ = ਸਤਿਗੁਰੂ ਸੂਰਮੇ ਸ੍ਰੀ ਗੁਰੂ ਨਾਨਕ ਦੇਵ ਜੀ ਠਾਢਾ = ਖੜ੍ਹੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਾ ਕੇ = ਉਨ੍ਹਾਂ ਦੇ ਸਾਰੇ ਕਾਰਜ = ਕੰਮ ਪੂਰੇ ਹੋ ਜਾਂਦੇ ਹਨ ॥੭॥

## ਮਤਿ ਪੂਰੀ; ਅੰਮ੍ਰਿਤੁ ਜਾ ਕੀ ਦ੍ਰਿਸਟਿ ॥
## ਦਰਸਨੁ ਪੇਖਤ; ਉਧਰਤ ਸ੍ਰਿਸਟਿ ॥

ਜਾ ਕੀ = ਜਿਸ ਗੁਰੂ ਦੀ ਮਤਿ = ਸਿੱਖਿਆ ਪੂਰੀ = ਪੂਰਨ ਹੈ ਤੇ ਦ੍ਰਿਸਟਿ = ਨਦਰ ਵਿਚ ਵੀ ਅੰਮ੍ਰਿਤ ਭਰਿਆ ਹੋਇਆ ਹੈ। ਜਿਸ ਗੁਰੂ ਸਾਹਿਬਾਨ ਜੀ ਦੇ ਦਰਸ਼ਨਾਂ ਨੂੰ ਪੇਖਤ = ਦੇਖ ਕੇ ਸ੍ਰਿਸਟਿ = ਸ੍ਰਿਸ਼ਟੀ ਦੇ ਜੀਵ ਸਹਿਤ ਗੁਣਾਂ ਦੇ ਹੋ ਕੇ ਉਧਰਤ = ਉਧਰ, ਮੁਕਤ ਹੋ ਜਾਂਦੇ ਹਨ।

## ਚਰਨ ਕਮਲ; ਜਾ ਕੇ ਅਨੂਪ ॥ ਸਫਲ ਦਰਸਨੁ; ਸੁੰਦਰ ਹਰਿ ਰੂਪ ॥

ਜਾ ਕੇ = ਜਿਸ ਸਤਿਗੁਰੂ ਸਾਹਿਬ ਜੀ ਦੇ ਚਰਨ ਕਮਲ ਅਨੂਪ = ਉਪਮਾ ਤੋਂ ਰਹਿਤ ਹਨ, ਐਸੇ ਗੁਰੂ ਸਾਹਿਬ ਦਾ ਦਰਸਨੁ = ਦੀਦਾਰ ਸਫਲ = ਸਹਿਤ ਗਿਆਨ ਫਲ ਦੇ ਹੈ ਐਸੇ ਸੁੰਦਰ = ਸੋਹਣਾ ਹੈ ਕਿ ਹਰਿ = ਹਰੀ ਅਕਾਲ ਪੁਰਖ ਦਾ ਸਰੂਪ ਹੀ ਹੈ।

## ਧੰਨੁ ਸੇਵਾ; ਸੇਵਕੁ ਪਰਵਾਨੁ ॥ ਅੰਤਰਜਾਮੀ; ਪੁਰਖੁ ਪ੍ਰਧਾਨੁ ॥

ਸਤਿਗੁਰਾਂ ਦੀ ਸੇਵਾ = ਟਹਿਲ ਧੰਨਤਾ ਯੋਗ ਹੈ, ਜਿਹੜੇ ਸੇਵਕੁ = ਦਾਸ ਬਣ ਕੇ ਐਸੇ ਗੁਰਾਂ ਦੀ ਟਹਿਲ ਕਰਦੇ ਹਨ, ਉਹ ਵੀ ਪਰਵਾਨੁ = ਪ੍ਰਮਾਣਨੀਕ ਹਨ। ਗੁਰੂ ਸਾਹਿਬ ਜੀ ਅੰਤਰਜਾਮੀ ਹਨ ਅਤੇ ਸਾਰਿਆਂ ਪੁਰਖਾਂ ਵਿੱਚੋਂ ਪ੍ਰਧਾਨ = ਮੁਖੀ ਹਨ।

## ਜਿਸੁ ਮਨਿ ਬਸੈ; ਸੁ ਹੋਤ ਨਿਹਾਲੁ ॥ ਤਾ ਕੈ ਨਿਕਟਿ; ਨ ਆਵਤ ਕਾਲੁ ॥

ਜਿਸੁ ਦੇ ਮਨਿ = ਹਿਰਦੇ ਵਿਚ ਗੁਰ-ਉਪਦੇਸ਼ ਬਸੈ = ਵੱਸਦਾ ਹੈ, ਸੁ = ਉਹ ਨਿਹਾਲੁ = ਪ੍ਰਸੰਨ ਹੋਤ = ਹੁੰਦਾ ਹੈ। ਤਾ ਕੈ = ਉਸ ਦੇ ਨਿਕਟਿ = ਨੇੜੇ ਕਾਲ ਨ = ਨਹੀਂ ਆਵਤ = ਆਉਂਦਾ।

## ਅਮਰ ਭਏ; ਅਮਰਾ ਪਦੁ ਪਾਇਆ ॥
## ਸਾਧਸੰਗਿ; ਨਾਨਕ ਹਰਿ ਧਿਆਇਆ ॥੮॥੨੨॥

ਉਹ ਅਮਰ = ਮਰਨ ਤੋਂ ਰਹਿਤ ਮੁਕਤ ਰੂਪ ਭਏ = ਹੋਏ ਹਨ ਅਤੇ ਉਨ੍ਹਾਂ ਨੇ ਹੀ ਅਮਰਾ ਪਦੁ = ਅਬਿਨਾਸੀ ਪਦਵੀ ਨੂੰ ਪਾਇਆ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਸਾਧਸੰਗਿ = ਸਤਿਸੰਗਤ ਵਿਚ ਬੈਠ ਕੇ ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਧਿਆਇਆ = ਧਿਆਉਣਾ ਕੀਤਾ ਹੈ ॥੮॥੨੨॥

(ਬਾਈਵੀਂ ਅਸਟਪਦੀ ਵਿਚ ਪੂਰੇ ਅੱਖਰ ੯੭੬, ਪੈਰਾਂ ਵਾਲੇ ਰਾਰੇ ੧੯, ਅੱਧੇ ਵਾਵੇ ਅੱਖਰ ੧, ਕੁੱਲ ਅੱਖਰ ੯੯੬ ਹਨ)

## ਸਲੋਕੁ ॥ ਗਿਆਨ ਅੰਜਨੁ ਗੁਰਿ ਦੀਆ; ਅਗਿਆਨ ਅੰਧੇਰ ਬਿਨਾਸੁ ॥

ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਨੇ ਮਨ, ਬੁੱਧ ਰੂਪੀ ਨੇਤਰਾਂ ਵਿਚ ਸ਼ਰਧਾ ਰੂਪੀ ਸੁਰਮੇਦਾਨੀ ਵਿੱਚੋਂ ਜੁਗਤੀ ਰੂਪੀ ਸਲਾਈਆਂ ਦੁਆਰਾ ਗਿਆਨ ਰੂਪੀ ਸੁਰਮਾ ਦੀਆ = ਦੇਣਾ ਕੀਤਾ ਹੈ, ਉਨ੍ਹਾਂ ਦਾ ਅਗਿਆਨ ਦਾ ਸਾਰਾ ਹੀ ਅੰਧੇਰ = ਹਨੇਰਾ ਬਿਨਾਸੁ = ਵਿਸ਼ੇਸ਼ ਕਰ ਕੇ ਨਾਸ ਹੋ ਜਾਂਦਾ ਹੈ **ਅਥਵਾ** ਜਿਹੜੇ ਲੋਕ ਗਿਆਨ ਰੂਪੀ ਸੁਰਮਾ ਪਾ ਲੈਂਦੇ ਹਨ, ਉਹ ਗਿਆਨ ਦੀ ਸਕਤੀ ਨਾਲ ਹਨੇਰੇ ਦੀਆਂ ਸਾਰੀਆਂ ਪਈਆਂ ਚੀਜ਼ਾਂ ਨੂੰ ਦੇਖ ਲੈਂਦੇ ਹਨ। ਐਸੀ ਗੁਰੂ ਸਾਹਿਬ ਜੀ ਦੇ ਗਿਆਨ ਰੂਪੀ ਸੁਰਮੇ ਵਿਚ ਤਾਕਤ ਹੈ। ਜੀਵਾਂ ਦੇ ਅੰਦਰੋਂ ਅਹੰਕਾਰ ਮਿਟ ਜਾਂਦਾ ਹੈ ਤੇ ਸਾਰਿਆਂ ਵਿਚ ਵਾਹਿਗੁਰੂ ਦਿਸ ਆਉਂਦਾ ਹੈ ਤੇ ਅਗਿਆਨ ਦਾ ਹਨੇਰਾ ਨਾਸ ਹੋ ਜਾਂਦਾ ਹੈ।

## ਹਰਿ ਕਿਰਪਾ ਤੇ ਸੰਤ ਭੇਟਿਆ; ਨਾਨਕ ਮਨਿ ਪਰਗਾਸੁ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਰਿ = ਹਰੀ ਵਾਹਿਗੁਰੂ ਦੀ ਕਿਰਪਾ = ਮਿਹਰ ਤੇ = ਤੋਂ ਹੀ ਸੰਤ = ਸ਼ਾਂਤ ਆਤਮਾ ਵਾਲਾ ਗੁਰੂ ਭੇਟਿਆ = ਮਿਲਿਆ ਹੈ। ਜਿਸ ਦੇ ਉਪਦੇਸ਼ ਸਦਕਾ ਮਨਿ = ਹਿਰਦੇ ਦੇ ਅੰਦਰ ਅਪਰੋਖ ਗਿਆਨ ਦਾ ਪਰਗਾਸੁ = ਚਾਨਣ ਹੋਇਆ ਹੈ॥੧॥

## ਅਸਟਪਦੀ ॥

## ਸੰਤਸੰਗਿ; ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ; ਲਾਗਾ ਮੀਠਾ ॥

ਉਨ੍ਹਾਂ ਨੇ ਸੰਤ = ਸ਼ਾਂਤ ਆਤਮਾ ਵਾਲੇ ਗੁਰਾਂ ਦੀ ਸੰਗਿ = ਸੰਗਤ ਕਰ ਕੇ ਪ੍ਰਭੁ = ਹਰੀ ਵਾਹਿਗੁਰੂ ਨੂੰ ਡੀਠਾ = ਵੇਖ ਲਿਆ ਹੈ।

ਜਿਨ੍ਹਾਂ ਨੂੰ ਸਤਿਸੰਗਤ ਦੇ ਨਾਲ ਮਿਲ ਕੇ ਪ੍ਰਭੂ = ਹਰੀ ਵਾਹਿਗੁਰੂ ਕਾ = ਦਾ ਨਾਮ ਮੀਠਾ = ਪਿਆਰਾ ਲਾਗਾ = ਲੱਗਾ ਹੈ।

## ਸਗਲ ਸਮਿਗ੍ਰੀ; ਏਕਸੁ ਘਟ ਮਾਹਿ ॥
## ਅਨਿਕ ਰੰਗ; ਨਾਨਾ ਦ੍ਰਿਸਟਾਹਿ ॥

ਸਗਲ = ਸਾਰੀ ਜਿੰਨੀ ਪਦਾਰਥਾਂ ਦੀ ਸਮਿਗ੍ਰੀ = ਸਮੁਦਾਇ ਹੈ, ਖੰਡਾਂ, ਬ੍ਰਹਿਮੰਡਾਂ ਆਦਿ ਦੀ ਰਚਨਾ ਹਰੀ ਵਾਹਿਗੁਰੂ ਏਕਸੁ = ਇਕ ਘਟ = ਸਰੀਰ (ਹਿਰਦੇ) ਮਾਹਿ = ਵਿਚ ਪਰਗਟ ਕਰ ਕੇ ਦਿਖਾ ਦਿੰਦੇ ਹਨ, ਐਸੀ ਦਿਬ ਜੋਤ ਪਰਗਟ ਕਰ ਦਿੰਦੇ ਹਨ। ਅਨਿਕ = ਅਨੇਕਾਂ ਤਰ੍ਹਾਂ ਦੇ ਰੰਗ ਤੇ ਨਾਨਾ = ਅਨੇਕਾਂ ਪ੍ਰਕਾਰ ਦੀ ਸ੍ਰਿਸ਼ਟੀ ਦ੍ਰਿਸਟਾਹਿ = ਦਿਖਣ ਲੱਗ ਜਾਂਦੀ ਹੈ **ਵਾ:** ਅਨੇਕਾਂ ਤੱਤਾਂ ਦੇ ਰੰਗ ਹਰਾ ਰੰਗ ਹਵਾ ਦਾ, ਚਿੱਟਾ ਰੰਗ ਪਾਣੀ ਦਾ, ਨੀਲਾ ਰੰਗ ਅਕਾਸ਼ ਦਾ ਤੇ ਲਾਲ ਰੰਗ ਅੱਗ ਦਾ, ਪੀਲਾ ਰੰਗ ਧਰਤੀ ਦਾ, ਇਹ ਸਾਰੇ ਰੰਗ ਦਿਸਣ ਲੱਗ ਜਾਂਦੇ ਹਨ, ਕਈਆਂ ਦੇ ਅੰਦਰ ਇਨ੍ਹਾਂ ਰੰਗਾਂ ਦੇ ਲਿਸ਼ਕਾਰੇ ਪੈਣ ਲੱਗ ਜਾਂਦੇ ਹਨ, ਇਹ ਨਾਨਾ ਰੂਪਾਂ ਵਿਚ ਪਰਮੇਸ਼ਰ ਦੇਖਣ ਵਿਚ ਆ ਜਾਂਦਾ ਹੈ।

## ਨਉ ਨਿਧਿ ਅੰਮ੍ਰਿਤੁ; ਪ੍ਰਭ ਕਾ ਨਾਮੁ ॥ ਦੇਹੀ ਮਹਿ; ਇਸ ਕਾ ਬਿਸ੍ਰਾਮੁ ॥

ਪ੍ਰਭ = ਹਰੀ ਵਾਹਿਗੁਰੂ ਕਾ = ਦਾ ਨਾਮ ਨਉ = ਨੌਂ ਨਿਧੀਆਂ ਦੇ ਦੇਣ ਵਾਲਾ ਅਤੇ ਅੰਮ੍ਰਿਤੁ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਹੈ। ਦੇਹੀ = ਸਰੀਰ ਦੇ ਮਹਿ = ਵਿਚ ਇਸ ਨਾਮ ਕਾ = ਦਾ ਬਿਸ੍ਰਾਮ = ਟਿਕਾਅ ਹੈ, ਭਾਵ ਹਰੀ ਵਾਹਿਗੁਰੂ ਦੇ ਨਾਮ ਦਾ ਵਾਸਾ ਹੈ। ਜਿਸ ਪ੍ਰਕਾਰ ਧਰਤੀ ਦੇ ਅੰਦਰ ਦਰਿਆ ਚੱਲਦੇ ਹਨ, ਜੇ ਕੋਈ ਡੂੰਘਾ ਨਲਕਾ ਉੱਪਰ ਕਰ ਕੇ ਲਾਇਆ ਗਿਆ ਹੋਵੇ, ਫਿਰ ਉਹ ਪਾਣੀ ਆਪ ਹੀ ਬਾਹਰ ਨਿਕਲ

ਕੇ ਧਰਤੀ 'ਤੇ ਚੱਲਣ ਲੱਗ ਜਾਂਦਾ ਹੈ, ਇਸੇ ਤਰ੍ਹਾਂ ਹਰੀ ਵਾਹਿਗੁਰੂ ਅੰਦਰੋਂ ਪ੍ਰਗਟ ਹੋ ਆਉਂਦਾ ਹੈ। ਇਸ ਦੇਹੀ ਦੇ ਵਿਚ ਇਸ ਦੇ ਨਾਮ ਦਾ ਵਾਸਾ ਹੈ, ਜਿਸ ਦਾ ਚਿੱਤ ਬਾਣੀ ਵਿਚ ਜੁੜ ਜਾਵੇ, ਉਸ ਦੇ ਅੰਦਰ ਪ੍ਰਗਟ ਹੋ ਜਾਂਦਾ ਹੈ।

## ਸੁੰਨ ਸਮਾਧਿ; ਅਨਹਤ ਤਹ ਨਾਦ ॥ ਕਹਨੁ ਨ ਜਾਈ; ਅਚਰਜ ਬਿਸਮਾਦ ॥

ਤਹ = ਉਥੇ ਸੁੰਨ ਸਮਾਧਿ = ਨਿਰਵਿਕਲਪ ਸਮਾਧੀ ਲੱਗਣ ਕਰ ਕੇ ਅਨਹਤ = ਇਕ-ਰਸ ਵਾਜਿਆਂ ਦਾ ਨਾਦ = ਸ਼ਬਦ ਵੱਜਦਾ ਹੈ। ਅਚਰਜ = ਅਨੋਖੇ ਤੋਂ ਬਿਸਮਾਦ = ਅਸਚਰਜ ਜੋ ਅਨੰਦ ਪ੍ਰਾਪਤ ਹੁੰਦਾ ਹੈ, ਉਸ ਦੀ ਮਹਿਮਾ ਕਹਨੁ = ਕਹੀ ਨ = ਨਹੀਂ ਜਾਈ ਜਾ ਸਕਦੀ। ਜੈਸਾ ਕਿ :

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥੪॥੭॥੫੧॥** *(ਅੰਗ ੩੩੪)*

## ਤਿਨਿ ਦੇਖਿਆ; ਜਿਸੁ ਆਪਿ ਦਿਖਾਏ ॥ ਨਾਨਕ; ਤਿਸੁ ਜਨ ਸੋਝੀ ਪਾਏ ॥੧॥

ਤਿਨਿ = ਉਸ ਨੇ ਹੀ ਪਰਮੇਸ਼ਰ ਦਾ ਸਰੂਪ ਦੇਖਿਆ = ਦੇਖਣਾ ਕੀਤਾ ਹੈ, ਜਿਸ ਨੂੰ ਆਪ ਮਹਾਰਾਜ ਪ੍ਰਗਟ ਹੋ ਕੇ ਦਿਖਾਏ = ਦਿਖਾਉਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਸੁ = ਉਸ ਜਨ = ਪੁਰਖ ਨੂੰ ਗੁਰੂ ਸਾਹਿਬ ਜੀ ਸੋਝੀ = ਸਮਝ ਪਾਏ = ਪਾ ਦਿੰਦੇ ਹਨ ਅਤੇ ਉਹ ਪਰਮੇਸ਼ਰ ਦੇ ਸਰੂਪ ਵਿਚ ਮਸਤ ਹੋ ਕੇ ਜੁੜਿਆ ਰਹਿੰਦਾ ਹੈ॥੧॥

## ਸੋ ਅੰਤਰਿ; ਸੋ ਬਾਹਰਿ ਅਨੰਤ ॥ ਘਟਿ ਘਟਿ; ਬਿਆਪਿ ਰਹਿਆ ਭਗਵੰਤ ॥

ਸੋ = ਉਹ ਅਨੰਤ = ਅੰਤ ਤੋਂ ਰਹਿਤ ਪਰਮੇਸ਼ਰ ਬਾਹਰ ਸੰਸਾਰ ਵਿਚ ਦਿੱਸਦਾ ਹੈ ਤੇ ਸੋ = ਉਹ ਪਰਮੇਸ਼ਰ ਹਿਰਦੇ ਅੰਤਰਿ = ਅੰਦਰ ਵੀ ਸਾਖਸ਼ਾਤ ਦਿੱਸਦਾ ਹੈ। ਕਿਉਂਕਿ ਉਹ ਭਗਵੰਤ = ਹਰੀ ਵਾਹਿਗੁਰੂ ਸਾਰਿਆਂ ਘਟਾਂ ਘਟਾਂ ਵਿਚ ਬਿਆਪਿ = ਵਿਆਪਕ ਹੋ ਰਿਹਾ ਹੈ।

## ਧਰਨਿ ਮਾਹਿ; ਆਕਾਸ ਪਇਆਲ ॥ ਸਰਬ ਲੋਕ; ਪੂਰਨ ਪ੍ਰਤਿਪਾਲ ॥

ਉਹ ਪ੍ਰਭੂ ਆਕਾਸ਼ ਪਇਆਲੇ = ਪਤਾਲਾਂ ਤੇ ਧਰਨਿ = ਧਰਤੀ ਆਦਿ ਮਾਹਿ = ਵਿਚ ਆਪ ਹੀ ਹੈ **ਵਾ:** ਜਿਨ੍ਹਾਂ ਦੀ ਬੁੱਧ ਰੂਪ ਧਰਤੀ ਨਿਮਰਤਾ ਵਾਲੀ ਹੈ ਤੇ ਹਿਰਦੇ ਅੰਦਰ ਪਤਾਲ ਦੀ ਨਿਆਈਂ ਗ਼ਰੀਬੀ ਬਣੀ ਹੈ, ਉਨ੍ਹਾਂ ਦੇ ਅੰਦਰ ਚਿਦਾ ਅਕਾਸ਼ ਬ੍ਰਹਮ ਪ੍ਰਗਟ ਹੋ ਜਾਂਦਾ ਹੈ, ਭਾਵ ਇਨ੍ਹਾਂ ਤਿੰਨਾਂ ਚੀਜ਼ਾਂ ਦੀ ਸੱਤਾ ਨਾਲ ਗਿਆਨ ਹੁੰਦਾ ਹੈ ਤੇ ਜੋਤੀ ਸਰੂਪ ਅੰਦਰ ਪ੍ਰਗਟ ਹੋ ਜਾਂਦਾ ਹੈ। ਸਰਬ ਲੋਕ = ਸਾਰਿਆਂ ਲੋਕਾਂ ਵਿਚ ਪੂਰਨ ਵਿਆਪਕ ਹੋ ਕੇ ਪ੍ਰਤਿਪਾਲਣਾ ਕਰਨ ਵਾਲਾ ਹੈ।

**[ਅੰਗ ੨੯੪]**

## ਬਨਿ ਤਿਨਿ ਪਰਬਤਿ ਹੈ; ਪਾਰਬ੍ਰਹਮੁ ॥ ਜੈਸੀ ਆਗਿਆ; ਤੈਸਾ ਕਰਮੁ ॥

ਜਦੋਂ ਦਿਬ ਦ੍ਰਿਸ਼ਟੀ ਜਾਗ ਪਵੇ ਤਾਂ ਬਨਿ = ਜੰਗਲਾਂ ਵਿਚ, ਤਿਨਿ = ਕੱਖਾਂ ਵਿਚ, ਪਰਬਤਿ = ਪਹਾੜਾਂ ਵਿਚ ਵੀ ਪਾਰਬ੍ਰਹਮ ਪੂਰਨ ਪ੍ਰਤੀਤ ਹੁੰਦਾ ਹੈ **ਵਾ:** ਬਨਿ ਦੀ ਨਿਆਈਂ ਸਰੀਰਾਂ ਵਿਚ ਤਿਨਿ ਦੀ ਨਿਆਈਂ ਇੰਦਰੀਆਂ ਵਿਚ, ਪਰਬਤਿ ਦੀ ਨਿਆਈਂ ਅਸਥਾਨਾਂ ਵਿਚ, ਪੰਜਾਂ ਕੋਸ਼ਾਂ ਵਿਚ ਵੀ ਉਹ ਪਾਰਬ੍ਰਹਮ = ਪਰਮੇਸ਼ਰ ਹੀ ਪ੍ਰਤੀਤ ਹੁੰਦਾ ਹੈ। ਜੈਸੀ = ਜਿਹੋ ਜਿਹੀ ਕਿਸੇ ਨੂੰ ਆਗਿਆ = ਹੁਕਮ ਕਰਦਾ ਹੈ, ਤੈਸਾ = ਤਿਹੋ ਜਿਹਾ ਜੀਵ ਕਰਮੁ = ਕੰਮ ਕਰਦਾ ਹੈ।

## ਪਉਣ ਪਾਣੀ; ਬੈਸੰਤਰ ਮਾਹਿ ॥ ਚਾਰਿ ਕੁੰਟ; ਦਹ ਦਿਸੇ ਸਮਾਹਿ ॥

ਹਰੀ ਵਾਹਿਗੁਰੂ ਪਉਣ = ਹਵਾ ਪਾਣੀ = ਜਲ ਤੇ ਬੈਸੰਤਰ = ਅਗਨੀ ਮਾਹਿ = ਵਿਚ ਸਾਰੇ ਵਿਆਪਕ ਹੈ **ਵਾ:** ਚੱਲਣ ਵਾਲੀ ਸਪੰਧ ਹਵਾ ਤੇ ਖੜੀ ਨਿਸਪੰਧ ਹਵਾ ਵਿਚ ਪਰਮੇਸ਼ਰ ਆਪ ਹੀ ਹੈ, ਮਿੱਠੇ, ਕੌੜੇ, ਕਾਲੇ, ਚਿੱਟੇ, ਸਫ਼ੈਦ ਆਦਿ ਪਾਣੀਆਂ ਵਿਚ ਵੀ ਹੈ, ਚਾਰ ਪ੍ਰਕਾਰ ਦੀਆਂ ਅਗਨੀਆਂ ਵਿਚ ਵੀ ਆਪ ਹੀ ਹੈ। ਚਾਰ ਪ੍ਰਕਾਰ ਦੀ ਅਗਨੀ ਇਸ ਪ੍ਰਕਾਰ ਹੈ। ੧. ਦਾਵਾਨਲ ਅਗਨੀ = ਜੰਗਲ ਦੀ ਅੱਗ; ੨. ਜਠਰਾਗਨਿ ਅਗਨੀ = ਪੇਟ ਦੀ ਅੱਗ; ੩. ਬੜਵਾਨਲ ਅਗਨੀ = ਸਮੁੰਦਰੀ ਅੱਗ; ੪. ਆਕ੍ਰਾਗਨਿ = ਖਾਣਾਂ ਦੀ ਅੱਗ **ਵਾ:** ਉਹ ਪਰਮੇਸ਼ਰ ਪਉਣ ਦੀ ਨਿਆਈਂ ਰਜੋਗੁਣੀ ਜੀਵਾਂ, ਪਾਣੀ ਦੀ ਨਿਆਈਂ ਸਤੋਗੁਣੀ ਜੀਵਾਂ ਵਿਚ ਤੇ ਬੈਸੰਤਰ = ਅਗਨੀ ਦੀ ਨਿਆਈਂ ਤਮੋਗੁਣੀ ਜੀਵਾਂ ਵਿਚ ਆਪ ਹੀ ਹੈ **ਵਾ:** ਪਉਣ ਦੀ ਨਿਆਈਂ ਸਾਰਿਆਂ ਦੇ ਅੰਦਰ ਸਾਹ ਰੂਪ ਹੋ ਰਿਹਾ ਹੈ, ਪਾਣੀ ਦੀ ਨਿਆਈਂ ਸਾਰਿਆਂ ਦੇ ਚਿੱਤ ਵਿਚ ਸ਼ਾਂਤ ਹੋ ਕੇ ਵਸ ਰਿਹਾ ਹੈ, ਬੈਸੰਤਰ (ਅਗਨੀ) ਦੀ ਨਿਆਈਂ ਸਾਰਿਆਂ ਅੰਦਰ ਪ੍ਰਕਾਸ਼ਤਾ ਰੂਪ ਹੋ ਕੇ ਵੱਸ ਰਿਹਾ ਹੈ, ਇਉਂ ਸਾਰੇ ਤੱਤਾਂ ਤੇ ਥਾਵਾਂ ਵਿਚ ਵਿਆਪਕ ਹੈ। ਚਾਰ ਕੁੰਟਾਂ ਤੇ ਦਹਦਿਸੇ = ਦਸਾਂ ਦਿਸ਼ਾਵਾਂ ਵਿਚ ਪਰਮੇਸ਼ਰ ਸਮਾਇ = ਵਿਆਪਕ ਹੈ।

## ਤਿਸ ਤੇ ਭਿੰਨ; ਨਹੀ ਕੋ ਠਾਉ ॥ ਗੁਰ ਪ੍ਰਸਾਦਿ; ਨਾਨਕ ਸੁਖੁ ਪਾਉ ॥੨॥

ਤਿਸ = ਉਸ ਵਾਹਿਗੁਰੂ ਤੇ = ਤੋਂ ਭਿੰਨ = ਵੱਖਰਾ ਕੋ = ਕੋਈ ਵੀ ਠਾਉ = ਥਾ ਨਹੀਂ ਹੈ। ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਪ੍ਰਸਾਦਿ = ਗੁਰਾਂ ਦੀ ਕਿਰਪਾ ਕਰ ਕੇ ਵਾਹਿਗੁਰੂ ਦੇ ਸੁਖ ਸਰੂਪ ਨੂੰ ਪਾਉ = ਪਾਉਣਾ ਕਰੀਦਾ ਹੈ, ਫੇਰ ਮੁੜ ਕੇ ਤੈਨੂੰ ਕਦੇ ਵੀ ਦੁੱਖ ਨਹੀਂ ਹੋਣਗੇ॥੨॥

## ਬੇਦ ਪੁਰਾਨ; ਸਿੰਮ੍ਰਿਤਿ ਮਹਿ ਦੇਖੁ ॥
## ਸਸੀਅਰ ਸੂਰ; ਨਖੵਤ੍ਰ ਮਹਿ ਏਕੁ ॥

(**ਨਖਿਅਤ੍ਰ** ਬੋਲੋ)

ਚਾਰੇ ਵੇਦਾਂ ਵਿਚ ਅਠਾਰਾਂ ਪੁਰਾਣਾਂ ਤੇ ੨੭ ਸਿੰਮ੍ਰਿਤੀਆਂ ਵਿਚ ਉਸੇ ਦਾ ਕਥਨ ਹੈ, ਸਾਰੇ ਹਰੀ ਵਾਹਿਗੁਰੂ ਨੂੰ ਦੇਖੁ = ਦੇਖਣਾ ਕਰ **ਵਾ:** ਜਿਸ ਨੂੰ ਬੇਦ ਨੇਤ ਕਰ ਕੇ ਕਥਨ ਕਰਦੇ ਹਨ। ਜਿਸ ਨੂੰ ਪੁਰਾਣ ਸਰਗੁਣ ਸਰੂਪ ਕਰ ਕੇ ਕਥਨ ਕਰਦੇ ਹਨ। ਜਿਸ ਨੂੰ ਸਿੰਮ੍ਰਿਤੀਆਂ ਵਿਧੀ ਆਦਿਕ ਪੱਖ ਦੁਆਰਾ ਕਥਨ ਕਰਦੀਆਂ ਹਨ, ਸਾਰਿਆਂ ਵਿਚ ਉਸ ਪਰਮੇਸ਼ਰ ਨੂੰ ਵਿਆਪਕ ਦੇਖਣਾ ਕਰ **ਵਾ:** ਬੇਦ = ਗਿਆਨ ਸਰੂਪ, ਪੁਰਾਨ = ਪੁਰਾਤਨ ਸਰੂਪ, ਸਿੰਮ੍ਰਿਤਿ = ਸਿਮਰਨ ਕਰ ਕੇ ਸਾਰੀ ਮਹਿ = ਪ੍ਰਿਥਵੀ ਦੇ ਅੰਦਰ **ਵਾ:** ਆਪਣੀ ਬੁੱਧੀ ਰੂਪ ਧਰਤੀ ਵਿਚ ਉਸ ਨੂੰ ਵੇਖਣਾ ਕਰ।

ਸਸੀਅਰ = ਚੰਦਰਮਾ ਵਿਚ ਸੂਰ = ਸੂਰਜ ਵਿਚ ਨਖੵਤ੍ਰ = ਤਾਰੇ ਮੰਡ ਮਹਿ = ਵਿਚ ਏਕ = ਇੱਕੋ ਪਰਮੇਸ਼ਰ ਨੂੰ ਹੀ ਵੇਖਣਾ ਕਰ **ਵਾ:** ਜਿਹੜੇ ਸਸੀਅਰ = ਚੰਦ੍ਰਮਾ ਦੀ ਨਿਆਈਂ ਵੈਰਾਗ ਵਾਲੇ ਪੁਰਖ, ਸੂਰਜ ਦੀ ਨਿਆਈਂ ਬਿਬੇਕੀ ਪੁਰਖ ਅਤੇ ਤਾਰਿਆਂ ਦੀ ਨਿਆਈਂ ਸ਼ੁਭ ਗੁਣਾਂ ਦੀ ਚਮਕ ਵਾਲਿਆ ਵਿਚ ਇਕ ਪਰਮੇਸ਼ਰ ਹੀ ਵਿਆਪਕ ਹੈ।

## ਬਾਣੀ ਪ੍ਰਭ ਕੀ; ਸਭੁ ਕੋ ਬੋਲੈ ॥ ਆਪਿ ਅਡੋਲੁ; ਨ ਕਬਹੂ ਡੋਲੈ ॥

ਪ੍ਰਭ = ਪਰਮੇਸ਼ਰ ਕੀ = ਦੀ ਸਤਿਨਾਮ ਰੂਪੀ ਬਾਣੀ ਸਭੁ = ਸਾਰੇ ਕੋ = ਕੋਈ ਬੋਲੈ = ਬੋਲਦੇ ਹਨ। ਉਹ ਹਰੀ ਪਰਮੇਸ਼ਰ ਆਪ ਅਡੋਲੁ = ਡੋਲਣ ਤੋਂ ਰਹਿਤ ਹੈ ਅਤੇ ਉਸ ਨੂੰ ਮਾਇਆ ਕਬਹੂ = ਕਦੇ ਵੀ ਡੋਲੈ = ਡੁਲਾ ਨ = ਨਹੀਂ ਸਕਦੀ, ਭਾਵ ਉਹ ਸਦਾ ਇਕ-ਰਸ ਹੀ ਰਹਿੰਦਾ ਹੈ।

## ਸਰਬ ਕਲਾ ਕਰਿ; ਖੇਲੈ ਖੇਲ ॥ ਮੋਲਿ ਨ ਪਾਈਐ; ਗੁਣਹ ਅਮੋਲ ॥

ਸਰਬ ਕਲਾ = ਸਾਰੀਆਂ ਸ਼ਕਤੀਆਂ ਕਰਿ = ਕਰ ਕੇ ਸੰਸਾਰ ਰੂਪੀ ਖੇਲ = ਤਮਾਸ਼ੇ ਦੀ ਖੇਲ ਖੇਲੈ = ਖੇਲਣਾ ਕਰਦਾ ਹੈ। ਪਰ ਪਰਮੇਸ਼ਰ ਕਿਸੇ ਸਾਧਨ ਰੂਪੀ ਵੱਟਿਆਂ ਦੇ ਮੋਲਿ = ਮੁੱਲ ਨਾਲ ਪਾਈਐ = ਪ੍ਰਾਪਤ ਨ = ਨਹੀਂ ਕੀਤਾ ਜਾਂਦਾ, ਕਿਉਂਕਿ ਉਸ ਵਿਚ ਅਮੋਲ = ਮੁੱਲ ਤੋਂ ਰਹਿਤ **ਵਾ:** ਅਮੋਲਕ ਗੁਣ ਹਨ।

## ਸਰਬ ਜੋਤਿ ਮਹਿ; ਜਾ ਕੀ ਜੋਤਿ ॥ ਧਾਰਿ ਰਹਿਓ; ਸੁਆਮੀ ਓਤਿ ਪੋਤਿ ॥

ਜਾ = ਜਿਸ ਪਰਮੇਸ਼ਰ ਕੀ = ਦੀ ਚੇਤਨ ਸੱਤਾ ਰੂਪ ਜੋਤਿ ਸਰਬ = ਸਾਰੀਆਂ ਜੋਤਿ = ਜੋਤੀਆਂ ਮਹਿ = ਵਿਚ ਪਰਕਾਸ਼ ਰਹੀ ਹੈ। ਜੈਸਾ ਕਿ :

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥** *(ਅੰਗ ੧੩)*

ਸੁਆਮੀ = ਮਾਲਕ ਪਰਮੇਸ਼ਰ ਸਾਰਿਆਂ ਵਿਚ ਓਤਿ ਪੋਤਿ = ਤਾਣੇ ਪੇਟੇ ਵਤ ਆਪਣੀ ਚੇਤਨ ਸੱਤਾ ਧਾਰਿ = ਧਾਰ ਰਹਿਓ = ਰਿਹਾ ਹੈ।

## ਗੁਰ ਪਰਸਾਦਿ; ਭਰਮ ਕਾ ਨਾਸੁ ॥ ਨਾਨਕ ਤਿਨ ਮਹਿ; ਏਹੁ ਬਿਸਾਸੁ ॥੩॥

ਗੁਰ ਪ੍ਰਸਾਦਿ = ਗੁਰਾਂ ਦੀ ਕਿਰਪਾ ਨਾਲ ਪੰਜ ਪ੍ਰਕਾਰ ਦੇ ਭਰਮ ਕਾ = ਦਾ ਨਾਸ ਹੁੰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਨ ਮਹਿ ਉਨ੍ਹਾਂ ਦੇ ਹਿਰਦੇ ਵਿਚ ਏਹੁ = ਇਹੋ ਬਿਸਾਸੁ = ਭਰੋਸਾ ਬੱਝਾ ਹੈ ॥੩॥

## ਸੰਤ ਜਨਾ ਕਾ; ਪੇਖਨੁ ਸਭੁ ਬ੍ਰਹਮ ॥ ਸੰਤ ਜਨਾ ਕੈ; ਹਿਰਦੈ ਸਭਿ ਧਰਮ ॥

ਸੰਤ = ਸ਼ਾਂਤ ਆਤਮਾ ਮਹਾਤਮਾ ਜਨਾਂ ਕਾ = ਦਾ ਪੇਖਨੁ = ਦੇਖਣਾ ਸਭੁ = ਸਾਰੇ ਬ੍ਰਹਮ = ਵਾਹਿਗੁਰੂ ਹੀ ਹੁੰਦਾ ਹੈ **ਵਾ:** ਸਾਰੇ ਬ੍ਰਹਮ ਨੂੰ ਹੀ ਦੇਖਣਾ ਕਰਦੇ ਹਨ ਅਤੇ ਸੰਤ ਜਨਾ = ਮਹਾਤਮਾ ਜਨਾਂ ਦੇ ਹਿਰਦੈ = ਮਨ ਵਿਚ ਸਭਿ = ਸਾਰੇ ਦੁਨੀਆਂ ਦੇ ਧਰਮਾਂ ਦਾ ਸਤਿਕਾਰ ਹੁੰਦਾ ਹੈ, ਭਾਵ ਕਿਸੇ ਧਰਮ ਨੂੰ ਬੁਰਾ ਨਹੀਂ ਕਹਿੰਦੇ, ਸਾਰੇ ਧਰਮਾਂ ਵਿਚ ਪਰਮੇਸ਼ਰ ਨੂੰ ਜਾਣਦੇ ਹਨ। ਜੈਸਾ ਕਿ :

**ਧਧੈ ਧਰਮੁ ਧਰੇ ਧਰਮਾ ਪੁਰਿ ਗੁਣਕਾਰੀ ਮਨੁ ਧੀਰਾ ॥** *(ਅੰਗ ੯੩੦)*

## ਸੰਤ ਜਨਾ; ਸੁਨਹਿ ਸੁਭ ਬਚਨ ॥ ਸਰਬ ਬਿਆਪੀ; ਰਾਮ ਸੰਗਿ ਰਚਨ ॥

ਸੰਤ ਜਨਾ = ਮਹਾਤਮਾ ਜਨਾਂ ਦਾ ਇਹ ਸੁਭਾਅ ਹੋ ਜਾਂਦਾ ਹੈ ਕਿ ਉਹ ਸੁਭ ਬਚਨ = ਸ੍ਰੇਸ਼ਟ ਬਚਨਾਂ ਨੂੰ ਹੀ ਸੁਨਹਿ = ਸੁਣਦੇ ਹਨ, ਭਾਵ ਕਿਸੇ ਦੀ ਨਿੰਦਿਆ ਚੁਗ਼ਲੀ ਨਹੀਂ ਸੁਣਦੇ **ਵਾ:** ਸੰਤ ਜਨਾਂ ਦੇ ਨਾਲ ਮਿਲ ਕੇ ਸ਼ੁਭ ਬੋਲਣਾ ਤੇ ਸੁਣਨਾ ਕਰੀਏ। ਉਹ ਸੰਤ ਜਨ ਸਰਬ ਬਿਆਪੀ = ਸਾਰੇ ਥਾਂ ਵਿਆਪਕ ਰਾਮ ਪਰਮੇਸ਼ਰ ਦੇ ਨਾਮ ਸੰਗਿ = ਨਾਲ ਰਚਨ = ਰਚੇ ਰਹਿੰਦੇ ਹਨ।

## ਜਿਨਿ ਜਾਤਾ; ਤਿਸ ਕੀ ਇਹ ਰਹਤ ॥ ਸਤਿ ਬਚਨ; ਸਾਧੂ ਸਭਿ ਕਹਤ ॥

ਜਿਨਿ = ਜਿਸ ਨੇ ਪਰਮੇਸ਼ਰ ਨੂੰ ਪ੍ਰੱਤਖ ਜਾਤਾ = ਜਾਣ ਲਿਆ ਹੈ ਤਿਸ = ਉਸ ਸੰਤ ਜਨ ਦੀ ਇਹ ਰਹਤ = ਰਹਿਣੀ ਹੈ। ਜੋ ਉਪਰੋਕਤ ਕਹੀ ਹੈ ਸਾਧੂ = ਸ੍ਰੇਸ਼ਟ ਜਨ ਤਾਂ ਸਾਰੇ ਸਤਿ = ਸੱਚੇ ਬਚਨ = ਬੋਲ ਹੀ ਕਹਤ = ਕਹਿੰਦੇ ਹਨ, ਭਾਵ ਕਦੇ ਝੂਠ ਨਹੀਂ ਬੋਲਦੇ **ਵਾ:** ਜੇ ਕੋਈ ਗ੍ਰਿਹਸਥੀ ਘਰ ਵਿਚ ਰਹਿੰਦਾ ਸੱਚੇ ਬਚਨ ਕਹੇ ਤਾਂ ਸਾਰੇ ਉਸ ਨੂੰ ਸਾਧੂ ਰੂਪ ਹੀ ਕਹਤ = ਕਹਿੰਦੇ ਹਨ।

## ਜੋ ਜੋ ਹੋਇ; ਸੋਈ ਸੁਖੁ ਮਾਨੈ ॥ ਕਰਨ ਕਰਾਵਨਹਾਰੁ; ਪ੍ਰਭੁ ਜਾਨੈ ॥

ਪਰਮਾਤਮਾ ਦੇ ਭਾਣੇ ਵਿਚ ਰਹਿੰਦੇ ਹਨ, ਜੋ ਜੋ = ਜਿਹੜਾ ਜਿਹੜਾ ਕੁਝ ਹੋਇ = ਹੁੰਦਾ ਹੈ, ਸੋਈ = ਉਸ ਨੂੰ ਸੁਖ ਕਰ ਕੇ ਮਾਨੈ = ਮੰਨਦੇ ਹਨ। ਸਾਰਿਆਂ ਕਾਰਨਾਂ ਦੇ ਕਰਨ ਕਰਾਉਣ ਵਾਲੇ ਪ੍ਰਭੁ = ਹਰੀ ਪਰਮੇਸ਼ਰ ਨੂੰ ਹੀ ਜਾਨੈ = ਜਾਣਦੇ ਹਨ।

## ਅੰਤਰਿ ਬਸੇ; ਬਾਹਰਿ ਭੀ ਓਹੀ ॥ ਨਾਨਕ ਦਰਸਨੁ ਦੇਖਿ; ਸਭ ਮੋਹੀ ॥੪॥

ਉਹ ਇਹ ਸਮਝਦੇ ਹਨ ਕਿ ਹਰੀ ਵਾਹਿਗੁਰੂ ਸਾਡੇ ਅੰਤਰਿ = ਅੰਦਰ ਵੀ ਅਤੇ ਬਾਹਰ ਵੀ ਉਹੀ ਬਸੇ = ਵਸ ਰਿਹਾ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਭ = ਸਾਰੀ ਭਗਤਾ ਦੀ ਸ੍ਰਿਸ਼ਟੀ ਹਰੀ ਵਾਹਿਗੁਰੂ ਦੇ ਦਰਸਨੁ = ਦੀਦਾਰ ਦੇਖ ਕੇ ਮੋਹੀ = ਮੋਹਿਤ ਹੋ ਗਈ ਹੈ। ਅਰਥਾਤ ਪਰਮੇਸ਼ਰ ਨੇ ਮਾਇਆ ਕਰ ਕੇ ਸ੍ਰਿਸ਼ਟੀ ਮੋਹੀ ਹੈ ਤੇ ਰੱਬ ਦੇ ਪਿਆਰੇ ਵਾਹਿਗੁਰੂ ਦੇ ਦਰਸ਼ਨਾਂ ਨੂੰ ਦੇਖਣ ਵਿਚ ਮੋਹੇ ਹੋਏ ਹਨ ॥੪॥

## ਆਪਿ ਸਤਿ; ਕੀਆ ਸਭੁ ਸਤਿ ॥ ਤਿਸੁ ਪ੍ਰਭ ਤੇ; ਸਗਲੀ ਉਤਪਤਿ ॥

ਆਪ ਹੀ ਹਰੀ ਵਾਹਿਗੁਰੂ ਸਤਿ ਸਰੂਪ ਹੈ ਜੋ ਵਿਵਰਤਵਾਦ ਸਾਖੀ ਰੂਪ ਹੋ ਕੇ ਵਿਆਪ ਰਿਹਾ ਹੈ ਤੇ ਉਸ ਦਾ ਕੀਆ = ਕੀਤਾ ਹੋਇਆ ਸਭੁ = ਸਾਰਾ ਕੁਝ ਸਤਿ = ਸੱਚਾ ਹੀ ਹੈ **ਵਾ:** ਉਹ ਆਪ ਵੀ ਸੱਚ ਸਰੂਪ ਹੈ ਤੇ ਜਿਹੜਾ ਉਸ ਦਾ ਸਭ ਕੁਝ ਕੀਤਾ ਹੈ, ਉਹ ਵੀ ਸੱਚ ਹੀ ਹੈ। ਤਿਸ = ਉਸ ਪ੍ਰਭ = ਹਰੀ ਵਾਹਿਗੁਰੂ ਤੇ = ਤੋਂ ਸਗਲੀ = ਸਾਰੀ ਸ੍ਰਿਸ਼ਟੀ ਦੀ ਉਤਪਤਿ = ਪੈਦਾਇਸ਼ ਹੋਈ ਹੈ।

## ਤਿਸੁ ਭਾਵੈ; ਤਾ ਕਰੇ ਬਿਸਥਾਰੁ ॥ ਤਿਸੁ ਭਾਵੈ; ਤਾ ਏਕੰਕਾਰੁ ॥

ਜਦ ਤਿਸੁ = ਉਸ ਹਰੀ ਵਾਹਿਗੁਰੂ ਨੂੰ ਭਾਵੈ = ਭਾਉਂਦਾ ਹੈ ਤਾਂ ਕਰੋੜਾਂ, ਬ੍ਰਹਿਮੰਡਾਂ ਆਦਿ ਸੰਸਾਰ ਦੇ ਬਿਸਥਾਰੁ = ਪਸਾਰੇ ਨੂੰ ਕਰੇ = ਕਰਦਾ ਹੈ। ਜਦ ਤਿਸੁ = ਉਸ ਹਰੀ ਵਾਹਿਗੁਰੂ ਨੂੰ ਭਾਵੈ = ਭਾਉਂਦਾ ਹੈ ਤਾਂ ਏਕੰਕਾਰੁ = ਇਕ ਅਦੁੱਤੀ ਸਰੂਪ ਹੋ ਜਾਂਦਾ ਹੈ, ਆਪਣਾ ਅਦਵੈਤ ਰੂਪ ਹੀ ਰੱਖਦਾ ਹੈ ਬਾਕੀ ਪਸਾਰਾ ਨਹੀਂ ਰੱਖਦਾ, ਜਿਵੇਂ ਮੱਕੜੀ ਜਾਲੇ ਨੂੰ ਆਪਣੇ ਮੂੰਹ ਵਿਚ ਸੰਕੋਚ ਲੈਂਦੀ ਹੈ, ਇਸੇ ਤਰ੍ਹਾਂ ਸ੍ਰਿਸ਼ਟੀ ਨੂੰ ਸੰਕੋਚ ਲੈਂਦਾ ਹੈ।

## ਅਨਿਕ ਕਲਾ; ਲਖੀ ਨਹ ਜਾਇ ॥ ਜਿਸੁ ਭਾਵੈ; ਤਿਸੁ ਲਏ ਮਿਲਾਇ ॥

ਹਰੀ ਵਾਹਿਗੁਰੂ ਅਨਿਕ = ਅਨੇਕਾਂ ਹੀ ਕਲਾ = ਸ਼ਕਤੀਆਂ ਵਾਲਾ ਹੈ, ਉਸ ਦੀਆਂ ਸ਼ਕਤੀਆਂ ਕਿਸੇ ਪਾਸੋਂ ਲਖੀ = ਜਾਣੀਆਂ ਨਹ = ਨਹੀਂ ਜਾਇ = ਜਾਂਦੀਆਂ। ਜਿਸ ਜੀਵ ਦੀ ਕਰਣੀ ਤੇ ਭਾਵਨਾ ਭਾਵੈ = ਭਾਅ ਜਾਂਦੀ ਹੈ, ਤਿਸੁ = ਉਸ ਨੂੰ ਪਰਮੇਸ਼ਰ ਆਪਣੇ ਨਾਲ ਮਿਲਾਇ = ਮੇਲ ਲਏ = ਲੈਂਦਾ ਹੈ।

## ਕਵਨ ਨਿਕਟਿ; ਕਵਨ ਕਹੀਐ ਦੂਰਿ ॥ ਆਪੇ ਆਪਿ; ਆਪ ਭਰਪੂਰਿ ॥

ਹਰੀ ਵਾਹਿਗੁਰੂ ਦੇ ਕਵਨ = ਕੌਣ ਨਿਕਟਿ = ਨੇੜੇ ਤੇ ਕਵਨ = ਕੌਣ ਦੂਰਿ ਕਹੀਐ = ਕਹਿਣਾ ਕਰੀਏ। ਜਦ ਆਪ ਹੀ ਸਾਰਿਆਂ ਦੇ ਅੰਦਰ ਜੀਵ ਰੂਪ ਹੈ ਤੇ ਆਪ ਹੀ ਸ਼ੁੱਧ ਸਰੂਪ ਹੈ ਤੇ ਆਪ ਹੀ ਸਾਰਿਆਂ ਦੇ ਹਿਰਦਿਆਂ ਅੰਦਰ ਭਰਪੂਰਿ = ਲਬਾਲਬ ਭਰਿਆ ਹੋਇਆ ਹੈ।

## ਅੰਤਰਗਤਿ; ਜਿਸੁ ਆਪਿ ਜਨਾਏ ॥ ਨਾਨਕ, ਤਿਸੁ ਜਨ; ਆਪਿ ਬੁਝਾਏ ॥੫॥

ਇਹ ਅੰਤਰਗਤਿ = ਅੰਦਰ ਦੀ ਗਤੀ ਭਾਵ (ਗੁਪਤ) ਗੁੱਝੀ ਸ਼ਕਤੀ ਰੱਖੀ ਹੋਈ ਹੈ, ਜਿਸ ਨੂੰ ਇਹ ਅੰਤਰ ਦੀ ਹਉਮੈ ਨੂੰ ਗਤਿ = ਨਾਸ਼ ਕਰ ਕੇ ਆਪਣਾ ਸਰੂਪ ਜਨਾਏ = ਜਣਾ ਦੇਵੇ। ਸਤਿਗੁਰੂ ਸਾਹਿਬ ਜੀ

ਕਥਨ ਕਰਦੇ ਹਨ ਕਿ ਤਿਸੁ = ਉਸ ਜਨ = ਪੁਰਖ ਨੂੰ ਆਪ ਹੀ ਗੁਰੂ ਸਰੂਪ ਧਾਰ ਕੇ ਬੁਝਾਏ = ਸਮਝਾਉਣਾ ਕਰਦਾ ਹੈ, ਉਸ ਤੋਂ ਬਗ਼ੈਰ ਦੂਜਾ ਹੋਰ ਕੋਈ ਸਮਝਾਉਣ ਵਾਲਾ ਨਹੀਂ ਹੈ॥੫॥

## ਸਰਬ ਭੂਤ; ਆਪਿ ਵਰਤਾਰਾ ॥ ਸਰਬ ਨੈਨ; ਆਪਿ ਪੇਖਨਹਾਰਾ ॥

ਸਰਬ = ਸਾਰਿਆਂ ਭੂਤ = ਤੱਤਾਂ (ਸੰਸਕ੍ਰਿਤ ਵਿਚ ਤੱਤ ਨੂੰ ਭੂਤ ਕਹਿੰਦੇ ਹਨ) ਤੇ ਰੂਪਾਂ ਵਿਚ ਆਪ ਹੀ ਵਰਤਾਰਾ = ਵਰਤ ਰਿਹਾ ਹੈ **ਵਾ:** ਸਾਰਿਆਂ ਭੂਤ = ਪ੍ਰਾਣੀਆਂ ਵਿਚ ਵੀ ਆਪ ਹੀ ਵਰਤ ਰਿਹਾ ਹੈ।

ਹਉਮੈ ਨੂੰ ਛੱਡ ਕੇ ਇਸ ਤਰ੍ਹਾਂ ਦੀ ਦ੍ਰਿਸ਼ਟੀ ਕਰੋ ਕਿ ਹਰੀ ਅਕਾਲ ਪੁਰਖ ਸਰਬ = ਸਾਰੀਆਂ ਨੈਨ = ਅੱਖਾਂ ਵਿਚ ਆਪ ਹੀ ਪੇਖਨਹਾਰਾ = ਵੇਖਣ ਵਾਲਾ ਹੈ **ਵਾ:** ਸਾਰਿਆਂ ਦਾ ਦ੍ਰਿਸ਼ਟਾ ਰੂਪ ਆਪ ਪਰਮੇਸ਼ਰ ਹੀ ਹੈ।

## ਸਗਲ ਸਮਗ੍ਰੀ; ਜਾ ਕਾ ਤਨਾ ॥ ਆਪਨ ਜਸੁ; ਆਪ ਹੀ ਸੁਨਾ ॥

ਸਗਲ = ਸਾਰੀ ਸ੍ਰਿਸ਼ਟੀ ਤੇ ਸਮਗ੍ਰੀ = ਵਸਤੂਆਂ ਜਾ = ਜਿਸ ਪਰਮੇਸ਼ਰ ਕਾ = ਦਾ ਵੈਰਾਟ ਰੂਪ ਤਨਾ = ਸਰੀਰ ਹੈ **ਵਾ:** ਤਨਾ = ਪੁੱਤਰ ਰੂਪ ਪਾਸਾਰਾ ਤਾਣਿਆ ਹੋਇਆ ਹੈ **ਵਾ:** ਤਨਾ = ਸਰੂਪ ਹੈ। ਉਹ ਆਪਣੇ ਜਸੁ = ਕੀਰਤੀ ਨੂੰ ਆਪ ਹੀ ਸਰੋਤਾ ਹੋ ਕੇ ਸੁਨਾ = ਸੁਣਨ ਵਾਲਾ ਹੈ।

## ਆਵਨ ਜਾਨੁ; ਇਕੁ ਖੇਲੁ ਬਨਾਇਆ ॥ ਆਗਿਆਕਾਰੀ; ਕੀਨੀ ਮਾਇਆ ॥

ਇਸ ਸੰਸਾਰ ਦੇ ਵਿਚ ਆਵਨ = ਆਉਣਾ ਤੇ ਜਾਣਾ **ਵਾ:** ਜੰਮਣਾ ਤੇ ਮਰਣਾ, ਉਸ ਪਰਮੇਸ਼ਰ ਨੇ ਇਕ ਖੇਲੁ = ਤਮਾਸ਼ਾ ਬਣਾਇਆ ਹੋਇਆ ਹੈ।

***ਪ੍ਰਸ਼ਨ :*** *ਹੇ ਸਤਿਗੁਰੂ ਜੀ ਪਰਮੇਸ਼ਰ ਆਪ ਆਉਂਦਾ ਜਾਂਦਾ ਹੋਵੇਗਾ ?*

***ਉੱਤਰ :*** ਪਰਮੇਸ਼ਰ ਆਪ ਨਹੀਂ ਆਉਂਦਾ ਜਾਂਦਾ। ਜਿਹੜੀ ਮਾਇਆ ਆਗਿਆਕਾਰੀ ਕੀਨੀ = ਕੀਤੀ ਹੈ, ਉਸ ਦੁਆਰਾ ਹੀ ਇਹ ਖੇਲ ਬਣਾਇਆ ਹੈ, ਮਾਇਆ ਉਸ ਦੀ ਰਚਨਾ ਹੈ ਤੇ ਉਹ ਆਪ ਪਰਮੇਸ਼ਰ ਸੁਤੰਤਰ ਹੈ।

## ਸਭ ਕੈ ਮਧਿ; ਅਲਿਪਤੋ ਰਹੈ ॥ ਜੋ ਕਿਛੁ ਕਹਣਾ; ਸੁ ਆਪੇ ਕਹੈ ॥

ਸਭ = ਸਾਰਿਆਂ ਦੇ ਮਧਿ = ਵਿਚ ਰਹਿੰਦਾ ਹੋਇਆ ਵੀ ਸਾਰਿਆਂ ਤੋਂ ਅਲਿਪਤੋ = ਨਿਰਲੇਪ ਹੈ **ਵਾ:** ਸਾਰਿਆਂ ਦੇ ਹਿਰਦਿਆਂ ਵਿਚ ਰਹਿੰਦਾ ਸਦਾ ਅਲਿਪਤੋ = ਅਸੰਗ ਰਹਿੰਦਾ ਹੈ। ਜੈਸਾ ਕਿ :

**ਪਾਪ ਪੁੰਨ ਕਾ ਇਸੁ ਲੇਪ ਨ ਲਾਗੈ ॥...** *(ਅੰਗ ੮੬੮)*

ਜੋ = ਜਿਹੜਾ ਕਿਛੁ = ਕੁਝ ਕਿਸੇ ਨੂੰ ਕਹਿਣਾ ਹੁੰਦਾ ਹੈ, ਸੁ = ਉਹ ਆਪੇ ਹੀ ਕਹੈ = ਕਹਿੰਦਾ ਹੈ।

## ਆਗਿਆ ਆਵੈ; ਆਗਿਆ ਜਾਇ ॥
## ਨਾਨਕ, ਜਾ ਭਾਵੈ; ਤਾ ਲਏ ਸਮਾਇ ॥੬॥

ਪਰਮਾਤਮਾ ਦੀ ਆਗਿਆ = ਰਜ਼ਾ ਕਰ ਕੇ ਹੀ ਸੰਸਾਰ ਵਿਚ ਜੀਵ ਜਨਮ ਧਾਰ ਕੇ ਆਵੈ = ਆਉਂਦਾ ਹੈ ਤੇ ਆਗਿਆ = ਰਜ਼ਾ ਕਰ ਕੇ ਹੀ ਸੰਸਾਰ ਤੋਂ ਕੂਚ ਕਰ ਕੇ ਚਲਿਆ ਜਾਇ = ਜਾਂਦਾ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਾ = ਜਦੋਂ ਪਰਮੇਸ਼ਰ ਨੂੰ ਭਾਵੈ = ਭਾਅ ਜਾਂਦਾ ਹੈ ਤਾ = ਤਦ ਜੀਵ ਨੂੰ ਗੁਰਾਂ ਦੁਆਰਾ ਬਖ਼ਸ਼ ਕੇ ਆਪਣੇ ਵਿਚ ਸਮਾਇ = ਅਭੇਦ ਕਰ ਲਏ = ਲੈਂਦਾ ਹੈ॥੬॥

## ਇਸ ਤੇ ਹੋਇ; ਸੁ ਨਾਹੀ ਬੁਰਾ ॥ ਓਰੈ ਕਹਹੁ; ਕਿਨੈ ਕਛੁ ਕਰਾ ॥

ਇਸ ਹਰੀ ਵਾਹਿਗੁਰੂ ਤੋਂ ਜੋ ਕੁਝ ਹੋਇ = ਹੁੰਦਾ ਸੁ = ਉਹ ਬੁਰਾ = ਭੈੜਾ ਨਾਹੀ = ਨਹੀਂ ਹੁੰਦਾ। ਕਹਹੁ = ਦੱਸੋ ਉਸ ਹਰੀ ਵਾਹਿਗੁਰੂ ਤੋਂ ਬਗ਼ੈਰ ਓਰੈ = ਹੋਰ ਕਿਨੈ = ਕਿਸੇ ਨੇ ਕਛੁ = ਕੁਝ ਕਰਾ = ਕੀਤਾ ਹੈ। ਭਾਵ ਕੋਈ ਕੁਝ ਨਹੀਂ ਕਰ ਸਕਦਾ, ਸਭ ਉਸ ਦੀ ਖੇਲ ਹੈ।

## ਆਪਿ ਭਲਾ; ਕਰਤੂਤਿ ਅਤਿ ਨੀਕੀ ॥ ਆਪੇ ਜਾਨੈ; ਅਪਨੇ ਜੀ ਕੀ ॥

ਹਰੀ ਵਾਹਿਗੁਰੂ ਆਪ ਭਲਾ = ਸ੍ਰੇਸ਼ਟ ਹੈ ਤੇ ਉਸ ਦੀ ਕਰਤੂਤਿ = ਕਰਨੀ (ਕਰਤੱਬ) ਵੀ ਅਤਿ = ਬੜੀ ਨੀਕੀ = ਚੰਗੀ ਹੈ। ਵਾਹਿਗੁਰੂ ਆਪਣੇ ਜੀ = ਹਿਰਦੇ ਕੀ = ਦੀ ਭਾਵ ਆਪਣੇ ਸਿਧਾਂਤ ਕੀ = ਦੀ ਗੱਲਬਾਤ ਨੂੰ ਆਪੇ = ਆਪ ਹੀ ਜਾਨੈ = ਜਾਣਦਾ ਹੈ।

## ਆਪਿ ਸਾਚੁ; ਧਾਰੀ ਸਭ ਸਾਚੁ ॥ ਓਤਿ ਪੋਤਿ; ਆਪਨ ਸੰਗਿ ਰਾਚੁ ॥

ਵਾਹਿਗੁਰੂ ਆਪ ਸਾਚ = ਸੱਚਾ ਹੈ ਤੇ ਉਸ ਦੀ ਧਾਰੀ ਹੋਈ ਮਰਯਾਦਾ ਵੀ ਸਭ = ਸਾਰੀ ਸਾਚ = ਸੱਚੀ ਹੈ। ਹਰੀ ਵਾਹਿਗੁਰੂ ਆਪਣੇ ਪਿਆਰਿਆਂ ਦੇ ਸੰਗਿ = ਨਾਲ ਓਤਿ ਪੋਤਿ = ਤਾਣੇ ਪੇਟੇ ਦੀ ਤਰ੍ਹਾਂ ਰਾਚੁ = ਰਚਿਆ ਹੋਇਆ ਹੈ।

## ਤਾ ਕੀ ਗਤਿ ਮਿਤਿ; ਕਹੀ ਨ ਜਾਇ ॥ ਦੂਸਰ ਹੋਇ; ਤ ਸੋਝੀ ਪਾਇ ॥

ਤਾ ਕੀ = ਉਸ ਹਰੀ ਵਾਹਿਗੁਰੂ ਦੀ ਗਤਿ = ਚਾਲ (ਰੀਤੀ) ਅਤੇ ਮਿਤਿ = ਮਰਯਾਦਾ ਕਿਸੇ ਕੋਲੋਂ ਕਹੀ ਨ = ਨਹੀਂ ਜਾਇ = ਜਾ ਸਕਦੀ। ਜੈਸਾ ਕਿ :

> **ਹਰਿ ਕੀ ਗਤਿ ਨਹਿ ਕੋਊ ਜਾਨੈ ॥**
> **ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥੧॥ਰਹਾਉ॥** *(ਅੰਗ ੫੩੭)*

ਕੋਈ ਦੂਸਰ = ਦੂਜਾ ਹੋਵੇ ਤਾਂ ਸੋਝੀ = ਸਮਝ ਪਾਇ = ਪਾਵੇ **ਵਾ:** ਦੂਸਰਾ ਕੋਈ ਨਹੀਂ, ਉਹ ਆਪ ਹੀ ਪਰਮੇਸ਼ਰ ਗੁਰੂ ਸਰੂਪ ਧਾਰ ਕੇ ਸੋਝੀ = ਸਮਝ ਨੂੰ ਪਾਏ = ਪਾਉਂਦਾ ਹੈ।

## ਤਿਸ ਕਾ ਕੀਆ; ਸਭੁ ਪਰਵਾਨੁ ॥ ਗੁਰ ਪ੍ਰਸਾਦਿ; ਨਾਨਕ ਇਹੁ ਜਾਨੁ ॥੭॥

ਤਿਸ = ਉਸ ਹਰੀ ਵਾਹਿਗੁਰੂ ਕਾ = ਦਾ ਕੀਆ = ਕੀਤਾ ਹੋਇਆ ਸਭੁ = ਸਾਰਾ ਕੁਝ ਪਰਵਾਨੁ = ਪ੍ਰਮਾਣਨੀਕ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰ ਪ੍ਰਸਾਦਿ = ਗੁਰਾਂ ਦੀ ਕਿਰਪਾ ਦੁਆਰਾ ਇਹ ਸਿਧਾਂਤ ਨੂੰ ਜਾਨਣਾ ਕਰੋ ॥੭॥

## ਜੋ ਜਾਨੈ; ਤਿਸੁ ਸਦਾ ਸੁਖੁ ਹੋਇ ॥ ਆਪਿ ਮਿਲਾਇ ਲਏ; ਪ੍ਰਭੁ ਸੋਇ ॥

ਜੋ = ਜਿਹੜਾ ਹਰੀ ਵਾਹਿਗੁਰੂ ਨੂੰ ਜਾਨੈ = ਜਾਣ ਲੈਂਦਾ ਹੈ, ਤਿਸੁ = ਉਸ ਦੇ ਅੰਦਰ ਸਦਾ = ਹਮੇਸ਼ਾਂ ਹੀ ਆਤਮਿਕ ਸੁਖੁ = ਆਨੰਦ ਦਾ ਨਿਵਾਸ ਹੋਇ = ਹੁੰਦਾ ਹੈ। ਫੇਰ ਉਸ ਗੁਰਮੁਖ ਜਨ ਨੂੰ ਸੋਇ = ਉਹ ਪ੍ਰਭੁ = ਹਰੀ ਵਾਹਿਗੁਰੂ ਆਪ ਹੀ ਆਪਣੇ ਨਾਲ ਮਿਲਾਏ = ਅਭੇਦ ਕਰ ਲਏ = ਲੈਂਦਾ ਹੈ।

## ਓਹੁ ਧਨਵੰਤੁ; ਕੁਲਵੰਤੁ ਪਤਿਵੰਤੁ ॥ ਜੀਵਨ ਮੁਕਤਿ; ਜਿਸੁ ਰਿਦੈ ਭਗਵੰਤੁ ॥

ਉਹ ਪੂਰਨ ਨਾਮ ਰੂਪੀ ਧਨ ਵਾਲੇ ਧਨਵੰਤੁ = ਧਨੀ ਪੁਰਖ ਹਨ, ਕੁਲਵੰਤੁ = ਅਚੁੱਤ ਗੁਣਾਂ ਵਾਲੇ,

ਦੈਵੀ ਗੁਣਾਂ ਵਾਲੇ **ਵਾ:** ਸ੍ਰੇਸ਼ਟ ਕੁਲ ਵਾਲੇ ਹਨ, ਪਤਿਵੰਤੁ = ਪਤਿ ਕਰ ਕੇ ਬੇਪਤ ਨਹੀਂ ਹੁੰਦੇ **ਵਾ:** ਉਹ ਲੋਕ ਪਰਲੋਕ ਵਿਚ ਪਤਿਵੰਤੁ = ਸ੍ਰੇਸ਼ਟ ਇੱਜ਼ਤ ਵਾਲੇ ਹੁੰਦੇ ਹਨ। ਜਿਸ ਦੇ ਰਿਦੈ = ਅੰਤਸ਼ਕਰਣ ਵਿਚ ਭਗਵੰਤੁ = ਹਰੀ ਵਾਹਿਗੁਰੂ ਦਾ ਨਾਮ ਵੱਸਦਾ ਹੈ, ਉਹ ਜੀਵਨ ਮੁਕਤ ਅਵਸਥਾ ਵਾਲੇ ਹੁੰਦੇ ਹਨ।

## ਧੰਨੁ ਧੰਨੁ; ਧੰਨੁ ਜਨੁ ਆਇਆ ॥
## ਜਿਸੁ ਪ੍ਰਸਾਦਿ; ਸਭੁ ਜਗਤੁ ਤਰਾਇਆ ॥

ਉਸ ਪੁਰਸ਼ ਦਾ ਜਗਤ ਵਿਚ ਮਨ ਕਰ ਕੇ ਆਉਣਾ ਧੰਨੁ = ਧੰਨਤਾ ਦੇ ਯੋਗ ਹੈ, ਬਾਣੀ ਕਰ ਕੇ ਵੀ ਆਉਣਾ ਧੰਨੁ = ਧੰਨਤਾ ਦੇ ਯੋਗ ਹੈ, ਤਨ ਕਰ ਕੇ ਵੀ ਆਉਣਾ ਧੰਨੁ = ਧੰਨਤਾ ਦੇ ਯੋਗ ਹੈ **ਵਾ:** ਉਸ ਜਨ = ਪੁਰਖ ਦੇ ਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ) ਵੀ ਧੰਨਤਾ ਯੋਗ ਹਨ, ਜਿਨ੍ਹਾਂ ਦੇ ਉਪਦੇਸ਼ ਦੁਆਰਾ ਸੰਸਾਰ ਵਿਚ ਪਰਉਪਕਾਰ ਵਾਸਤੇ ਆਪਣਾ ਜੀਵਨ ਲਾਇਆ ਤੇ ਉਸ ਦੇ ਮਾਤਾ ਪਿਤਾ ਵੀ ਧੰਨ ਹਨ ਅਤੇ ਉਸ ਦਾ ਸੰਸਾਰ 'ਤੇ ਮਨੁੱਖਾ ਜਨਮ ਧਾਰ ਕੇ ਆਉਣਾ ਵੀ ਧੰਨਤਾ ਦੇ ਯੋਗ ਹੈ। ਜਿਸ ਦੀ ਪ੍ਰਸਾਦਿ = ਕਿਰਪਾ ਨਾਲ ਸਭੁ = ਸਾਰਾ ਜਗਤੁ = ਸੰਸਾਰ ਤਰਾਇਆ = ਤਰਨ ਵਿਚ ਆਇਆ ਹੈ। ਜੈਸਾ ਕਿ :

**ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ ॥**
**ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥**

*(ਵਡਹੰਸ ਕੀ ਵਾਰ ਮ: ੪, ਅੰਗ ੫੯੩)*

[ਅੰਗ ੨੯੫]

## ਜਨ ਆਵਨ ਕਾ; ਇਹੈ ਸੁਆਉ ॥
## ਜਨ ਕੈ ਸੰਗਿ; ਚਿਤਿ ਆਵੈ ਨਾਉ ॥

ਪਰਮੇਸ਼ਰ ਦੇ ਜਨਾਂ ਦਾ ਦੁਨੀਆਂ ਵਿਚ ਆਵਨ = ਆਉਣ ਕਾ = ਦਾ ਇਹੈ = ਇਹੋ ਸੁਆਉ = ਪ੍ਰਯੋਜਨ ਹੁੰਦਾ ਹੈ **ਵਾ:** ਗੁਰਮੁਖ ਜਨਾਂ ਦੇ ਕੋਲ ਆਵਨ = ਆਉਣ ਕਾ = ਦਾ ਇਹੋ ਸੁਆਉ = ਪ੍ਰਯੋਜਨ ਹੈ। ਗੁਰਮੁਖ ਜਨਾਂ ਦੀ ਸੰਗਤ ਕੈ = ਕਰ ਕੇ ਚਿਤਿ = ਹਿਰਦੇ ਵਿਚ ਪਰਮੇਸ਼ਰ ਦਾ ਨਾਉ = ਨਾਮ ਆਵੈ = ਆ ਕੇ ਵਸ ਜਾਵੇ **ਅਥਵਾ** ਸਤਿਗੁਰਾਂ ਦਾ ਜਗਤ ਵਿਚ ਦੇਹ ਧਾਰ ਕੇ ਆਉਣ ਦਾ ਇਹੋ ਪ੍ਰਯੋਜਨ ਹੁੰਦਾ ਹੈ ਕਿ, ਉਹ ਭੁਲਿਆਂ ਹੋਇਆਂ ਜੀਵਾਂ ਨੂੰ ਪਰਮੇਸ਼ਰ ਦੇ ਰਸਤੇ ਪਾ ਕੇ ਨਾਮ ਨੂੰ ਹਿਰਦੇ ਵਿਚ ਵਸਾ ਦਿੰਦੇ ਹਨ।

## ਆਪਿ ਮੁਕਤੁ; ਮੁਕਤੁ ਕਰੈ ਸੰਸਾਰੁ ॥
## ਨਾਨਕ ਤਿਸੁ ਜਨ ਕਉ; ਸਦਾ ਨਮਸਕਾਰੁ ॥੮॥੨੩॥

ਉਹ ਗੁਰਮੁਖ ਜਨ **ਵਾ:** ਸਤਿਗੁਰੂ ਜੀ ਆਪ ਮੁਕਤ ਹਨ ਅਤੇ ਸੰਸਾਰ ਦੀ ਮੁਕਤੁ = ਕਲਿਆਣ ਕਰੇ = ਕਰਨ ਵਾਲੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਸੁ = ਉਸ ਜਨ = ਪੁਰਖ ਕਉ = ਨੂੰ ਸਦਾ = ਹਮੇਸ਼ਾਂ ਸਾਡੀ ਨਮਸਕਾਰੁ = ਬੰਦਨ ਹੈ **ਵਾ:** ਉਸ ਪੂਰੇ ਸਤਿਗੁਰ ਪੁਰਖਾਂ ਨੂੰ ਸਾਡੀ ਮਨ, ਬਾਣੀ, ਸਰੀਰ ਕਰਕੇ ਹਮੇਸ਼ਾਂ ਬੰਦਨਾਂ ਹੈ ॥੮॥੨੩॥

(ਤੇਈਵੀਂ ਅਸਟਪਦੀ ਵਿਚ ਪੂਰੇ ਅੱਖਰ ੯੭੪, ਪੈਰਾਂ ਵਾਲੇ ਰਾਰੇ ੨੦, ਅੱਧਾ ਅੱਖਰ ੧, ਕੁੱਲ ਅੱਖਰ ੯੯੫ ਹਨ)

## ਸਲੋਕੁ ॥ ਪੂਰਾ ਪ੍ਰਭੁ ਆਰਾਧਿਆ; ਪੂਰਾ ਜਾ ਕਾ ਨਾਉ ॥ ਨਾਨਕ ਪੂਰਾ ਪਾਇਆ; ਪੂਰੇ ਕੇ ਗੁਨ ਗਾਉ ॥੧॥

ਅਸੀਂ ਪੂਰਾ = ਪੂਰਨ ਪ੍ਰਭੁ = ਹਰੀ ਵਾਹਿਗੁਰੂ ਨੂੰ ਪੂਰੇ ਸਤਿਗੁਰਾਂ ਦੁਆਰਾ ਦਿਲ ਦੀ ਭਾਵਨਾ ਨਾਲ ਆਰਾਧਿਆ = ਚੇਤੇ ਕੀਤਾ ਹੈ, ਜਾ ਕਾ = ਜਿਸ ਦਾ ਨਾਉ = ਨਾਮ ਵੀ ਪੂਰਾ = ਪੂਰਨ ਹੈ। ਜੈਸਾ ਕਿ :

**ਸਤਿ ਨਾਮੁ ਤੇਰਾ ਪਰਾ ਪੂਰਬਲਾ ॥** *(ਅੰਗ ੧੦੮੩)*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪੂਰੇ = ਪੂਰਨ ਪਰਮੇਸ਼ਰ ਦੇ ਗੁਣਾਂ ਨੂੰ ਗੁਰਾਂ ਦੁਆਰਾ ਗਾਉ = ਗਾ ਕੇ ਅਸੀਂ ਪੂਰਨ ਪਰਮੇਸ਼ਰ ਨੂੰ ਪਾਇਆ = ਪਾਉਣਾ ਕੀਤਾ ਹੈ ॥੧॥

## ਅਸਟਪਦੀ ॥

## ਪੂਰੇ ਗੁਰ ਕਾ; ਸੁਨਿ ਉਪਦੇਸੁ ॥ ਪਾਰਬ੍ਰਹਮੁ; ਨਿਕਟਿ ਕਰਿ ਪੇਖੁ ॥

ਹੇ ਭਾਈ! ਪਰਮੇਸ਼ਰ ਦੀ ਪ੍ਰਾਪਤੀ ਲਈ ਪੂਰੇ = ਪੂਰਨ ਗੁਰ = ਸਤਿਗੁਰਾਂ ਕਾ = ਦਾ ਉਪਦੇਸ਼ ਸੁਣਨਾ ਕਰੋ। ਪਾਰਬ੍ਰਹਮੁ = ਜੋ ਪਾਪਾਂ ਪੁੰਨਾਂ ਤੋਂ ਪਰ੍ਹੇ ਬ੍ਰਹਮ = ਵਿਆਪਕ ਪਰਮੇਸ਼ਰ ਹੈ, ਉਸ ਨੂੰ ਆਪਣੇ ਨਿਕਟਿ = ਨੇੜੇ ਤੋਂ ਨੇੜੇ ਪੇਖ = ਦੇਖਣਾ ਕਰੋ। ਸਿੱਖ ਕਹਿਣ ਲੱਗੇ ਕਿ ਗ਼ਰੀਬ ਨਿਵਾਜ਼ ਪਰਮੇਸ਼ਰ ਨੇੜੇ ਦੇਖਿਆ ਨਹੀਂ ਜਾਂਦਾ, ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਭਰਮ ਚੁੱਕੇ ਤੋਂ ਦੇਖਿਆ ਜਾਵੇਗਾ, ਭਰਮ ਚੁੱਕਣ ਦੀ ਇਹ ਵਿਧੀ ਹੈ।

## ਸਾਸਿ ਸਾਸਿ; ਸਿਮਰਹੁ ਗੋਬਿੰਦ ॥ ਮਨ ਅੰਤਰ ਕੀ; ਉਤਰੈ ਚਿੰਦ ॥

ਹੇ ਭਾਈ! ਉਸ ਗੋਬਿੰਦ (ਗੋ+ਬਿੰਦ) ਗੋ = ਪ੍ਰਿਥਵੀ ਦੀ ਬਿੰਦ = ਰੱਖਿਆ ਕਰਨ ਵਾਲੇ ਪਰਮੇਸ਼ਰ ਦਾ ਸਾਸਿ ਸਾਸਿ = ਸੁਆਸ ਸੁਆਸ ਸਿਮਰਹੁ = ਸਿਮਰਨ ਕਰਨਾ ਕਰੋ। ਤੁਹਾਡੇ ਮਨ = ਹਿਰਦੇ ਦੇ ਅੰਤਰ = ਅੰਦਰ ਕੀ = ਦੀ ਚਿੰਦ = ਚਿੰਤਾ ਵੀ ਉਤਰੈ = ਉਤਰ ਭਾਵ ਮਿਟ ਜਾਵੇਗੀ।

***ਪ੍ਰਸ਼ਨ :*** *ਸਤਿਗੁਰੂ ਜੀ ਚਿੰਤਾ ਮਿਟਦੀ ਨਹੀਂ ?*
***ਗੁਰ ਉੱਤਰ :*** ਚਿੰਤਾ ਤਾਂ ਮਿਟੇਗੀ।

## ਆਸ ਅਨਿਤ; ਤਿਆਗਹੁ ਤਰੰਗ ॥ ਸੰਤ ਜਨਾ ਕੀ; ਧੂਰਿ ਮਨ ਮੰਗ ॥

ਅਨਿਤ = ਝੂਠੇ ਪਦਾਰਥਾਂ ਦੀ ਆਸ = ਇੱਛਾ ਨੂੰ ਅਤੇ ਮਨ ਦੇ ਤਰੰਗ = ਜੋ ਜਲ ਵਤ ਭਾਵ ਲਹਿਰਾਂ ਵਤ ਫੁਰਨੇ ਹਨ, ਉਨ੍ਹਾਂ ਨੂੰ ਤਿਆਗਹੁ = ਛੱਡਣਾ ਕਰੋ **ਵਾ:** ਅਨਿਤ = ਨਾਸ ਰੂਪ ਜੋ ਪਦਾਰਥ ਪਾਣੀ ਦੀਆਂ ਲਹਿਰਾਂ ਵਤ ਹਨ, ਉਨ੍ਹਾਂ ਦੀ ਆਸ = ਚਾਹਣਾ ਨੂੰ ਤਿਆਗਹੁ = ਛੱਡਣਾ ਕਰੋ। ਇਨ੍ਹਾਂ ਆਸਾਂ ਨੂੰ ਮਿਟਾਉਣ ਲਈ ਮਹਾਤਮਾ ਜਨਾਂ ਕੀ = ਦੀ ਚਰਨ ਧੂਰਿ = ਧੂੜੀ ਮਨ = ਹਿਰਦੇ ਕਰ ਕੇ ਮੰਗ = ਮੰਗਣਾ ਕਰੋ। ਜੈਸਾ ਕਿ :

**ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥**
**ਧੂਰਿ ਸੰਤਨ ਕੀ ਨਾਨਕ ਦੀਜੈ ॥੪॥੧੭॥੮੬॥** *(ਅੰਗ ੧੯੧)*

## ਆਪੁ ਛੋਡਿ; ਬੇਨਤੀ ਕਰਹੁ ॥ ਸਾਧਸੰਗਿ; ਅਗਨਿ ਸਾਗਰੁ ਤਰਹੁ ॥

ਆਪੁ = ਆਪਾ-ਭਾਵ ਛੋਡਿ = ਤਿਆਗ ਕੇ ਹਰੀ ਵਾਹਿਗੁਰੂ ਦੇ ਅੱਗੇ ਬੇਨਤੀ = ਅਰਦਾਸ ਕਰਹੁ = ਕਰੋ। ਫੇਰ ਸਾਧਸੰਗਿ = ਸਤਿਸੰਗਤ ਕਰਕੇ ਤ੍ਰਿਸ਼ਨਾ ਰੂਪੀ ਅਗਨਿ = ਅੱਗ ਦੇ ਸਾਗਰੁ = ਸਮੁੰਦਰ ਭਾਵ ਸੰਸਾਰ-ਸਮੁੰਦਰ ਤੋਂ ਤਰਹੁ = ਤਰ ਜਾਵੋਗੇ।

## ਹਰਿ ਧਨ ਕੇ; ਭਰਿ ਲੇਹੁ ਭੰਡਾਰ ॥ ਨਾਨਕ; ਗੁਰ ਪੂਰੇ ਨਮਸਕਾਰ ॥੧॥

ਹਰਿ = ਹਰੀ ਵਾਹਿਗੁਰੂ ਦੇ ਨਾਮ ਰੂਪੀ ਧਨ ਕੇ = ਦੇ ਨਾਲ ਆਪਣੇ ਹਿਰਦੇ ਰੂਪੀ ਭੰਡਾਰਿਆਂ ਨੂੰ ਭਰ ਲੇਹੁ = ਲੈਣਾ ਕਰੋ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪੂਰੇ = ਪੂਰਨ ਸਤਿਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ) ਨੂੰ ਨਮਸਕਾਰ = ਬੰਦਨਾ ਕਰੋ ॥੧॥

## ਖੇਮ ਕੁਸਲ; ਸਹਜ ਆਨੰਦ ॥ ਸਾਧਸੰਗਿ; ਭਜੁ ਪਰਮਾਨੰਦ ॥

ਹੇ ਭਾਈ ! ਤਦ ਤੁਹਾਡੀ ਖੇਮ = ਰੱਖਿਆ, ਕੁਸਲ = ਸੁਖ ਅਤੇ ਪਰਮੇਸ਼ਰ ਦਾ ਅਨੰਦ ਸਹਜ = ਸੁਭਾਵਿਕ ਹੀ ਪ੍ਰਾਪਤ ਹੋ ਜਾਵੇਗਾ **ਵਾ:** ਸਹਜ ਸਰੂਪ ਦਾ ਅਨੰਦ ਪ੍ਰਗਟ ਹੋ ਜਾਵੇਗਾ। ਜਦ ਸਾਧ ਸੰਗਿ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਮਿਲ ਕੇ ਪਰਮਾਨੰਦ = ਵੱਡੇ ਅਨੰਦ ਸਰੂਪ ਹਰੀ ਵਾਹਿਗੁਰੂ ਦੇ ਨਾਮ ਨੂੰ ਭਜੁ = ਸਿਮਰਨਾ ਕਰੋਗੇ।

## ਨਰਕ ਨਿਵਾਰਿ; ਉਧਾਰਹੁ ਜੀਉ ॥ ਗੁਨ ਗੋਬਿੰਦ; ਅੰਮ੍ਰਿਤ ਰਸੁ ਪੀਉ ॥

ਨਰਕਾਂ ਦੇ ਦੁੱਖਾਂ ਨੂੰ ਨਿਵਾਰਿ = ਨਵਿਰਤ ਕਰਕੇ ਆਪਣੇ ਜੀਉ = ਜੀਵ ਆਤਮਾ ਨੂੰ ਸੰਸਾਰ ਸਮੁੰਦਰ ਤੋਂ ਉਧਾਰਹੁ = ਤਾਰਨਾ ਕਰੋ **ਵਾ:** ਜੀਵ ਜੋ ਹਰ ਵਕਤ ਨਰਕਾਂ ਵਿਚ ਪੈਣ ਵਾਲੀਆਂ ਕਰਤੂਤਾਂ ਕਰਦਾ ਹੈ, ਉਨ੍ਹਾਂ ਕਰਤੂਤਾਂ ਨੂੰ ਨਿਵਾਰਿ = ਦੂਰ ਕਰ ਕੇ (ਨਵਿਰਤ ਕਰਕੇ) ਆਪਣੇ ਜੀਉ = ਜੀਅ ਨੂੰ ਕੁਸੰਗਤ ਵੱਲੋਂ ਬਚਾ ਕੇ ਉਧਾਰਹੁ = ਉਧਾਰਨਾ ਕਰੋ। ਹੇ ਭਾਈ ! ਗੋਬਿੰਦ (ਗੋ+ਬਿੰਦ) ਗੋ = ਪ੍ਰਿਥਵੀ ਦੀ ਬਿੰਦ = ਰੱਖਿਆ ਕਰਨ ਵਾਲੇ ਪਰਮੇਸ਼ਰ ਦੇ ਗੁਣਾਂ ਨੂੰ ਗਾ ਕੇ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲੇ ਨਾਮ ਰਸ ਨੂੰ ਪੀਉ = ਪੀਣਾ ਕਰੋ **ਵਾ:** ਗੋਬਿੰਦ ਦੇ ਗੁਣਾਂ ਨੂੰ ਗਾ ਕੇ ਆਤਮਾ ਅਨੰਦ ਰੂਪੀ ਅੰਮ੍ਰਿਤ ਰਸ ਨੂੰ ਪੀਣਾ ਕਰੋ।

## ਚਿਤਿ ਚਿਤਵਹੁ; ਨਾਰਾਇਣ ਏਕ ॥ ਏਕ ਰੂਪ; ਜਾ ਕੇ ਰੰਗ ਅਨੇਕ ॥

ਹਰ ਵਕਤ ਚਿਤਿ = ਹਿਰਦੇ ਦੇ ਵਿਚ ਉਸ ਏਕ = ਇਕ ਨਾਰਾਇਣ = ਨਰਾਂ ਦੇ ਆਇਣ = ਘਰ ਹਰੀ ਵਾਹਿਗੁਰੂ ਨੂੰ ਚਿਤਵਹੁ = ਯਾਦ ਕਰਨਾ ਕਰੋ। ਉਸ ਪਰਮੇਸ਼ਰ ਦਾ ਨਿਰਗੁਣ ਸਰੂਪ ਹੋਣ ਕਰ ਕੇ ਏਕ = ਇੱਕੋ ਰੂਪ = ਸਰੂਪ ਹੈ, ਪਰ ਜਾ ਕੇ = ਜਿਸ ਦੇ ਸਰਗੁਣ ਸਰੂਪ ਹੋਣ ਕਰ ਕੇ ਅਨੇਕਾਂ ਪ੍ਰਕਾਰ ਦੇ ਰੰਗ = ਕਉਤਕ ਭਾਵ ਖੇਲ ਹਨ।

## ਗੋਪਾਲ ਦਾਮੋਦਰ; ਦੀਨ ਦਇਆਲ ॥ ਦੁਖ ਭੰਜਨ; ਪੂਰਨ ਕਿਰਪਾਲ ॥

ਜੋ ਦੀਨ = ਗ਼ਰੀਬਾਂ 'ਤੇ ਦਇਆਲ = ਦਇਆਲਤਾ ਕਰਨ ਵਾਲਾ ਗੋਪਾਲ (ਗੋ+ਪਾਲ) ਗੋ = ਪ੍ਰਿਥਵੀ ਦੀ ਪਾਲ = ਪਾਲਣਾ ਕਰਨ ਵਾਲਾ ਦਾਮੋਦਰ[੧] = ਪਰਮੇਸ਼ਰ ਹੈ। ਜੰਮਣ ਮਰਨ ਦੇ ਦੁੱਖਾਂ ਨੂੰ ਭੰਜਨ = ਭੰਨਣ ਵਾਲਾ ਸਾਰਿਆਂ ਥਾਵਾਂ ਵਿਚ ਪੂਰਨ ਵਿਆਪਕ ਕਿਰਪਾਲ = ਕ੍ਰਿਪਾਲੂ ਭਾਵ ਕਿਰਪਾ ਦਾ ਘਰ ਪਰਮੇਸ਼ਰ ਹੈ।

## ਸਿਮਰਿ ਸਿਮਰਿ; ਨਾਮੁ ਬਾਰੰ ਬਾਰ ॥ ਨਾਨਕ; ਜੀਅ ਕਾ ਇਹੈ ਅਧਾਰ ॥੨॥

ਉਸ ਦੇ ਨਾਮ ਨੂੰ ਬਾਰੰਬਾਰ = ਮੁੜ ਮੁੜ ਕੇ ਸਿਮਰਿ = ਸਿਮਰਨਾ, ਯਾਦ ਕਰੋ **ਵਾ:** ਰਾਤ ਦਿਨ ਨਾਮ ਨੂੰ ਬਾਰ-ਬਾਰ ਸਿਮਰਨਾ ਕਰੋ **ਵਾ:** ਇਹ ਮਨੁੱਖਾ ਜਨਮ ਦੀ ਵਾਰੀ ਵਿਚ ਪ੍ਰਭੂ ਨਾਮ ਨੂੰ ਵਾਰ ਵਾਰ ਸਿਮਰਨਾ ਕਰੋ **ਵਾ:** ਬਾਰੰ = ਇੰਦਰੀਆਂ ਨੂੰ ਬਾਰ = ਵਰਜ ਕੇ ਸਿਮਰਨਾ ਕਰੋ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਹੋ ਨਾਮ ਹੀ ਜੀਅ = ਹਿਰਦੇ ਕਾ = ਦਾ ਲੋਕ ਪ੍ਰਲੋਕ ਵਿਚ ਅਧਾਰ = ਆਸਰਾ ਰੂਪ ਹੈ ॥੨॥

---

੧. ਦਾਮੋਦਰ (ਦਾਮ+ਉਦਰ) ਦਾਮ = ਰੱਸੀ ਉਦਰ = ਪੇਟ ਭਾਵ ਜਿਸ ਪ੍ਰਭੂ ਦੇ ਸਰੂਪ ਰੂਪੀ ਪੇਟ ਵਿਚ ਮਾਇਆ ਰੂਪ ਰੱਸੀ ਹੈ।

## ਉਤਮ ਸਲੋਕ; ਸਾਧ ਕੇ ਬਚਨ ॥ ਅਮੁਲੀਕ ਲਾਲ; ਏਹਿ ਰਤਨ ॥

ਸਾਧ = ਸ੍ਰੇਸ਼ਟ ਗੁਰਾਂ ਕੇ = ਦੇ ਬਚਨ = ਵਾਕ ਪਰਮੇਸ਼ਰ ਦੇ ਜਸ ਦੇ ਉਤਮ = ਸ੍ਰੇਸ਼ਟ ਸਲੋਕ = ਛੰਦ ਹਨ **ਵਾ**: ਸਾਧ = ਸ੍ਰੇਸ਼ਟ ਸਤਿਗੁਰਾਂ ਕੇ = ਦੇ ਬਚਨ ਉਤਮ = ਸ੍ਰੇਸ਼ਟ ਸਲੋਕ = ਜਸ ਦੇ ਦੇਣ ਵਾਲੇ ਹਨ **ਵਾ**: ਬ੍ਰਹਮ ਲੋਕ ਦੇ ਉੱਤਮ ਸਰੂਪ ਦੇ ਤਾਈਂ ਸਿਖਿਆਤ ਕਰਨ ਵਾਲੇ ਸਾਧ ਰੂਪ ਗੁਰਾਂ ਦੇ ਬਚਨ ਹਨ। ਸਤਿਗੁਰਾਂ ਦੇ ਇਹ ਬਚਨ ਰਤਨ = ਮਾਣਕ ਵਤ ਤੇ ਲਾਲ ਦੀ ਨਿਆਈਂ ਅਮੁਲੀਕ = ਬੇਕੀਮਤੇ ਹਨ **ਵਾ**: ਸਤਿਗੁਰਾਂ ਦੇ ਲਾਲ = ਪ੍ਰੇਮ ਤੇ ਰਤਨ = ਵੈਰਾਗਮਈ ਇਹ ਬਚਨ ਅਮੁਲੀਕ ਅਮੋਲਕ ਹਨ।

***ਪ੍ਰਸ਼ਨ :*** *ਲਾਲ ਤੇ ਰਤਨ ਤਾਂ ਮੁੱਲ ਮਿਲ ਜਾਂਦੇ ਹਨ, ਕੀ ਗੁਰੂ ਦੇ ਬਚਨ ਵੀ ਮੁੱਲ ਮਿਲਦੇ ਹਨ ?*

***ਉੱਤਰ :*** ਸਤਿਗੁਰਾਂ ਦੇ ਬਚਨ ਕਿਤੋਂ ਵੀ ਮੁੱਲ ਨਹੀਂ ਮਿਲਦੇ, ਅਮੋਲਕ ਹਨ, ਕਿਤੋਂ ਨਹੀਂ ਮਿਲਦੇ। ਸਤਿਗੁਰਾਂ ਦੇ ਪਵਿੱਤਰ ਮੁਖਾਰਬਿੰਦ ਤੋਂ ਹੀ ਮਿਲ ਸਕਦੇ ਹਨ।

(ਅਮੁਲੀ ਕਲਾ ਲਏ ਹਿਰ ਤਨ) ਅਮੁਲੀ = ਅਮੋਲਕ ਕਲਾ = ਸ਼ਕਤੀ ਵਿਚ ਰੱਖ ਕੇ ਤਨ = ਦੇਹ ਦੇ ਅੰਦਰ ਹੀ ਵਾਹਿਗੁਰੂ ਨੂੰ ਹਿਰ = ਦੇਖ ਲਏ = ਲਈਦਾ ਹੈ। ਇਤਨੀ ਅਮੋਲਕ ਕਲਾ ਇਨ੍ਹਾਂ ਵਿਚ ਭਰੀ ਹੋਈ ਹੈ, ਇਹ ਤਨ ਦਾ ਅਭਿਮਾਨ ਲਾਹ ਲੈਂਦੇ ਹਨ।

***ਨੋਟ :*** ਪਾਠ "ਅਮੁਲੀਕ ਲਾਲ ਏਹਿ ਰਤਨ" ਹੀ ਕਰਨਾ ਹੈ।

## ਸੁਨਤ ਕਮਾਵਤ; ਹੋਤ ਉਧਾਰ ॥ ਆਪਿ ਤਰੈ; ਲੋਕਹ ਨਿਸਤਾਰ ॥

ਜਿਹੜਾ ਇਨ੍ਹਾਂ ਬਚਨਾਂ ਨੂੰ ਸ਼ਰਧਾ ਭਾਵਨਾ ਨਾਲ ਸੁਨਤ = ਸੁਣ ਕੇ ਕਮਾਵਤ = ਕਮਾਵੇਗਾ, ਉਸ ਦਾ ਸੰਸਾਰ-ਸਮੁੰਦਰ ਤੋਂ ਉਧਾਰ ਹੋਤ = ਹੋ ਜਾਵੇਗਾ। ਉਹ ਆਪ ਵੀ ਮੁਕਤ ਹੋ ਕੇ ਤਰੈ = ਤਰ ਜਾਵੇਗਾ ਅਤੇ ਜਿਹੜੇ ਲੋਕਹ = ਲੋਕ ਉਸ ਦੇ ਸੰਗੀ ਹੋਣਗੇ, ਉਨ੍ਹਾਂ ਅਧਿਕਾਰੀ ਜਨਾਂ ਨੂੰ ਨਿਸਤਾਰ = ਤਾਰ ਦੇਵੇਗਾ।

## ਸਫਲ ਜੀਵਨੁ; ਸਫਲੁ ਤਾ ਕਾ ਸੰਗੁ ॥
## ਜਾ ਕੈ ਮਨਿ; ਲਾਗਾ ਹਰਿ ਰੰਗੁ ॥

ਉਸ ਦੀ ਜੀਵਨੁ = ਜ਼ਿੰਦਗੀ ਸਫਲੁ = ਸਫਲੀ ਹੈ ਅਤੇ ਤਾ = ਉਸ ਕਾ = ਦਾ ਸੰਗੁ = ਸਾਥ ਕਰਨਾ ਵੀ ਸਫਲੁ = ਸਹਿਤ ਫਲ ਦੇ ਹੈ। ਜਾ ਕੈ = ਜਿਸ ਦੇ ਮਨਿ = ਹਿਰਦੇ ਵਿਚ ਹਰਿ = ਹਰੀ ਵਾਹਿਗੁਰੂ ਦਾ ਰੰਗੁ = ਪ੍ਰੇਮ ਲਾਗਾ = ਲੱਗਿਆ ਹੋਇਆ ਹੈ।

## ਜੈ ਜੈ ਸਬਦੁ; ਅਨਾਹਦੁ ਵਾਜੈ ॥ ਸੁਨਿ ਸੁਨਿ ਅਨਦ ਕਰੇ; ਪ੍ਰਭੁ ਗਾਜੈ ॥

ਜਿਸ ਦੇ ਅੰਦਰ ਅਨਾਹਦੁ = ਇਕ-ਰਸ ਵਾਹਿਗੁਰੂ ਦੇ ਸ਼ਬਦ ਦਾ ਵਾਜਾ ਉਚਾਰਨ ਹੁੰਦਾ ਹੈ, ਉਸ ਦੀ ਸਾਰੀ ਦੁਨੀਆਂ ਜੈ ਜੈਕਾਰ ਕਰਨ ਲੱਗ ਜਾਂਦੀ ਹੈ **ਵਾ**: ਉਹ ਸਾਰੀ ਦੁਨੀਆਂ ਵਿਚ ਜਿੱਤ ਵਾਲਾ ਹੋ ਜਾਂਦਾ ਹੈ, ਮਨ ਤੇ ਇੰਦਰੀਆਂ ਨੂੰ ਵੀ ਜਿੱਤ ਲੈਂਦਾ ਹੈ **ਵਾ**: ਜਿਸ ਪੁਰਖ ਦੇ ਅੰਦਰ ਅਨਾਹਦੁ = ਹੱਦ ਤੋਂ ਰਹਿਤ ਸਬਦੁ = ਬ੍ਰਹਮ ਦੇ ਵਾਜੇ ਪ੍ਰਗਟ ਹੁੰਦੇ ਹਨ, ਉਸ ਦੀ ਲੋਕ ਪਰਲੋਕ ਵਿਚ ਜੈ ਜੈਕਾਰ ਹੁੰਦੀ ਹੈ।

ਉਹ ਐਸੀ ਧੁਨ ਨੂੰ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣ ਸੁਣ ਕੇ ਆਤਮਿਕ ਅਨਦ = ਸੁੱਖ ਨੂੰ ਮਾਨਣਾ ਕਰੇ = ਕਰਦਾ ਹੈ। ਉਸ ਦੇ ਹਿਰਦੇ ਅੰਦਰ ਪ੍ਰਭੁ = ਪਰਮੇਸ਼ਰ ਗਾਜੈ = ਪ੍ਰਗਟ ਹੋ ਜਾਂਦਾ ਹੈ।

**ਵਾ**: ਪ੍ਰਭੁ = ਹਰੀ ਵਾਹਿਗੁਰੂ ਉਨ੍ਹਾਂ ਪ੍ਰੇਮ ਦੇ ਬਚਨਾਂ ਨੂੰ ਸੁਣ ਸੁਣ ਕੇ ਬੜਾ ਅਨੰਦ ਮਾਨਣਾ ਕਰ = ਕਰਦਾ ਹੈ ਅਤੇ ਆਪ ਹੀ ਅੰਦਰੋਂ ਸਿੱਖ ਦੀ ਹਉਮੈ ਮੇਟ ਕੇ ਗਾਜੈ = ਪ੍ਰਗਟ ਹੋ ਜਾਂਦਾ ਹੈ।

## ਪ੍ਰਗਟੇ ਗੁਪਾਲ; ਮਹਾਂਤ ਕੈ ਮਾਥੇ ॥ ਨਾਨਕ; ਉਧਰੇ ਤਿਨ ਕੈ ਸਾਥੇ ॥੩॥

ਗੁਪਾਲ (ਗੁ+ਪਾਲ) ਗੁ = ਪ੍ਰਿਥਵੀ ਦੇ ਪਾਲ = ਪਾਲਕ ਪਰਮੇਸ਼ਰ ਮਹਾਂਤ = ਮਹਾਤਮਾ ਦੇ ਮਾਥੈ = ਮੱਥੇ ਭਾਵ ਅੰਤਹਕਰਨ ਦੇ ਅੰਦਰ ਪ੍ਰਗਟੇ = ਪ੍ਰਤੱਖ ਹੋ ਆਉਂਦਾ ਹੈ **ਵਾ:** ਜੋ ਗੁਪਾਲ = ਪ੍ਰਿਥਵੀ ਦੇ ਪਾਲਕ ਪਰਮੇਸ਼ਰ ਦਾ ਸਿਮਰਨ ਕਰਨ ਵਾਲੇ ਮਹਾਂਤ = ਮਹਾਤਮਾ ਪੂਜਨੀਕ ਹਨ, ਉਨ੍ਹਾਂ ਦੇ ਮਾਥੈ = ਮੱਥੇ ਭਾਵ ਅੰਤਹਕਰਨ ਵਿਚ ਪਰਮੇਸ਼ਰ ਪ੍ਰਗਟ ਹੋ ਆਉਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਨ ਕੈ = ਉਨ੍ਹਾਂ ਮਹਾਤਮਾ ਜਨਾਂ ਦੇ ਸਾਥੇ = ਨਾਲ ਹੋਰ ਵੀ ਉਧਰੇ = ਮੁਕਤ ਹੋ ਜਾਂਦੇ ਹਨ ॥੩॥

## ਸਰਨਿ ਜੋਗੁ ਸੁਨਿ; ਸਰਨੀ ਆਏ ॥ ਕਰਿ ਕਿਰਪਾ; ਪ੍ਰਭ ਆਪ ਮਿਲਾਏ ॥

ਸਰਨਾਗਤ ਨੂੰ ਸਰਨਿ = ਓਟ ਦੇਣੇ ਦੇ ਜੋਗੁ = ਲਾਇਕ ਸੁਨਿ = ਸ੍ਰਵਣ ਕਰਕੇ ਅਸੀਂ ਪਰਮੇਸ਼ਰ ਦੀ ਸਰਨੀ = ਓਟ ਵਿਚ ਆਏ ਹਾਂ। ਤਾਂ ਕਿਰਪਾ ਦਇਆ = ਦ੍ਰਿਸ਼ਟੀ ਕਰਿ = ਕਰ ਕੇ ਪ੍ਰਭ = ਹਰੀ ਵਾਹਿਗੁਰੂ ਨੇ ਗੁਰਾਂ ਦੁਆਰਾ ਆਪਣੇ ਨਾਲ ਮਿਲਾਏ = ਮੇਲ ਲਿਆ।

## ਮਿਟਿ ਗਏ ਬੈਰ; ਭਏ ਸਭ ਰੇਨ ॥ ਅੰਮ੍ਰਿਤ ਨਾਮੁ; ਸਾਧਸੰਗਿ ਲੈਨ ॥

ਉਦੋਂ ਵੈਰ-ਭਾਵ ਮਿਟਿ = ਨਾਸ ਹੋ ਗਏ ਅਤੇ ਸਭ = ਸਾਰਿਆਂ ਦੀ ਚਰਨ ਰੇਨ = ਧੂੜੀ ਭਏ = ਹੋਏ ਹਾਂ। ਜਦੋਂ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਪਰਮੇਸ਼ਰ ਦਾ ਨਾਮ ਸਾਧੂਆਂ ਦੀ ਸੰਗਤ ਵਿੱਚੋਂ ਲੈਨ = ਲੈਣਾ ਕੀਤਾ।

## ਸੁਪ੍ਰਸੰਨ ਭਏ; ਗੁਰਦੇਵ ॥ ਪੂਰਨ ਹੋਈ; ਸੇਵਕ ਕੀ ਸੇਵ ॥

ਫੇਰ ਸ੍ਰੀ ਗੁਰਦੇਵ = ਗੁਰੂ ਨਾਨਕ ਦੇਵ ਜੀ ਸੁ = ਭਲੀ ਪ੍ਰਕਾਰ ਪ੍ਰਸੰਨ ਭਏ = ਹੋਏ। ਇਉਂ ਮੇਰੀ ਸੇਵਕ = ਦਾਸ ਕੀ = ਦੀ ਸੇਵ = ਟਹਿਲ ਭਗਤੀ ਪੂਰਨ = ਸਫਲ ਹੋਈ = ਹੋ ਗਈ ਹੈ ਤੇ ਸਤਿਗੁਰਾਂ ਨੇ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਾ ਦਿੱਤੀ ਹੈ।

## ਆਲ ਜੰਜਾਲ; ਬਿਕਾਰ ਤੇ ਰਹਤੇ ॥ ਰਾਮ ਨਾਮ ਸੁਨਿ; ਰਸਨਾ ਕਹਤੇ ॥

ਆਲ = ਘਰ ਦੇ ਜੰਜਾਲ = ਬੰਧਨ **ਵਾ:** ਆਪਣੇ ਘਰ ਦੇ ਪੁੱਤਰ ਪੋਤਿਆਂ ਤੇ ਵਿਸ਼ੇ-ਵਿਕਾਰ ਤੇ = ਤੋਂ ਰਹਤੇ = ਰਹਿਤ ਹੋ ਗਏ ਹਾਂ **ਅਥਵਾ** ਆਲ = ਸਮੂਹ ਜੰਜਾਲਾਂ ਦੇ ਬੰਧਨਾਂ ਤੇ ਵਿਕਾਰਾਂ ਤੋਂ ਰਹਿਤ ਹੋ ਗਏ ਹਾਂ। ਹੁਣ ਰਾਮ = ਪਰਮੇਸ਼ਰ ਦੇ ਨਾਮ ਨੂੰ ਕੰਨਾਂ ਨਾਲ ਸੁਨਿ = ਸ੍ਰਵਨ ਕਰਦੇ ਤੇ ਰਸਨਾ = ਜੀਭਾ ਨਾਲ ਕਹਤੇ = ਉਚਾਰਨ ਕਰਦੇ ਰਹਿੰਦੇ ਹਾਂ।

## ਕਰਿ ਪ੍ਰਸਾਦੁ; ਦਇਆ ਪ੍ਰਭਿ ਧਾਰੀ ॥ ਨਾਨਕ; ਨਿਬਹੀ ਖੇਪ ਹਮਾਰੀ ॥੪॥

ਜਦੋਂ ਸਤਿਗੁਰਾਂ ਨੇ ਪ੍ਰਸਾਦੁ = ਕਿਰਪਾ ਕਰ ਦਿੱਤੀ ਤਾਂ ਪ੍ਰਭਿ = ਹਰੀ ਵਾਹਿਗੁਰੂ ਨੇ ਵੀ ਦਇਆ = ਦਇਆਲਤਾ ਧਾਰੀ **ਵਾ:** ਪ੍ਰਸਾਦੁ = ਕਿਰਪਾ ਕਰਨ ਵਾਲੇ ਹਰੀ ਵਾਹਿਗੁਰੂ ਨੇ ਦਇਆ ਦ੍ਰਿਸ਼ਟੀ ਧਾਰੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਉਂ ਹਮਾਰੀ = ਸਾਡੀ ਭਾਉ ਭਗਤੀ ਰੂਪ **ਵਾ:** ਮਨੁੱਖਾ ਜਨਮ ਰੂਪੀ ਖੇਪ = ਪੂੰਜੀ ਸਿਰ ਤੋੜ ਨਿਬਹੀ = ਨਿਭ ਗਈ ਹੈ **ਵਾ:** ਇਹ ਸੁਖਮਨੀ ਸਾਹਿਬ ਦੀ ਖੇਪ = ਪੂੰਜੀ ਰੂਪ ਬਾਣੀ ਜੀਵਾਂ ਦੇ ਅੱਠੇ ਪਹਿਰ ਦੇ ਸੁਆਸਾਂ ਦੀ ਸਫ਼ਲਤਾ ਲਈ ਜੋ ਤਿਆਰ ਕੀਤੀ ਹੈ, ਇਹ ਪੂਰੀ ਨਿਬਹੀ = ਨਿਭ ਗਈ ਹੈ, ਭਾਵ ਇਹ ਬਾਣੀ ਦਾ ਸੰਪੂਰਨਤਾ ਦਾ ਭੋਗ ਪੈ ਗਿਆ ਹੈ ॥੪॥

ਅਗਲੀਆਂ ਚਾਰ ਪਉੜੀਆਂ ਵਿਚ ਸੁਖਮਨੀ ਸਾਹਿਬ ਜੀ ਦੇ ਪਾਠ ਕਰਨ ਅਤੇ ਸੁਣਨ ਦਾ ਮਹਾਤਮ ਕਥਨ ਕਰਦੇ ਹਨ।

## ਪ੍ਰਭ ਕੀ ਉਸਤਤਿ; ਕਰਹੁ ਸੰਤ ਮੀਤ ॥ ਸਾਵਧਾਨ; ਏਕਾਗਰ ਚੀਤ ॥

ਸਤਿਗੁਰੂ ਜੀ ਸਿੱਖਿਆ ਦਿੰਦੇ ਹਨ ਕਿ ਹੇ ਮੇਰੇ ਸੰਤ = ਮਹਾਤਮਾ ਜਨੋਂ ਤੇ ਮੀਤ = ਸੱਜਣ ਪਿਆਰਿਓ ! ਪ੍ਰਭ = ਹਰੀ ਵਾਹਿਗੁਰੂ ਕੀ = ਦੀ ਹਰ ਵਕਤ ਉਸਤਤਿ = ਮਹਿਮਾ ਕਰਦੇ ਰਹਿਆ ਕਰੋ। ਸਾਵਧਾਨ = ਸੁਚੇਤ ਤੇ ਏਕਾਗਰ = ਚੰਚਲਤਾ ਤੋਂ ਰਹਿਤ ਇਕ ਚੀਤ = ਚਿੱਤ ਹੋ ਕੇ ਪਰਮੇਸ਼ਰ ਦੇ ਨਾਮ ਨੂੰ ਜਪਣਾ ਕਰੋ **ਵਾ:** ਹੇ ਸੰਤ ਜਨੋਂ ਸਾਵਧਾਨ ਹੋ ਕੇ ਇਕਾਗਰ ਚੀਤ = ਹਿਰਦੇ ਨਾਲ ਇਸ ਹਰੀ ਵਾਹਿਗੁਰੂ ਕੀ = ਦੀ ਉਸਤਤਿ = ਮਹਿਮਾ ਰੂਪ ਸੁਖਮਨੀ ਸਾਹਿਬ ਬਾਣੀ ਨੂੰ ਪੜ੍ਹਨਾ ਕਰੋ।

ਅਰਥਾਤ ਉਸਤਤ ਕਰਨ ਵੇਲੇ ਮੂੜ ਬਿਰਤੀ ਨਾ ਰੱਖਣਾ ਕਰੇ, ਜਿਹੜੇ ਬਿਖਈ, ਵਿਸ਼ਿਆਂ ਦੀ ਇੱਛਾ ਬਣੀ ਰਹਿਣੀ, ਕੁਝ ਖਾਣ-ਪੀਣ ਦੀ ਹੋਰ ਪ੍ਰਾਪਤੀ ਦੀ ਉਹ ਮੂੜ **ਅਥਵਾ** ਪਾਂਬਰ ਪੁਰਖ ਹੁੰਦੇ ਹਨ, ਉਨ੍ਹਾਂ ਦੀ ਸ਼ਿਪਤ ਬਿਰਤੀ ਮੱਸਿਆ ਦੀ ਰਾਤ ਵਾਂਗੂੰ ਜਿਵੇਂ ਚੰਦ ਨਹੀਂ ਦਿਸਦਾ ਹੁੰਦਾ, ਇਉਂ ਉਨ੍ਹਾਂ ਦੇ ਹਿਰਦੇ ਅੰਦਰ ਅਗਿਆਨ ਹੁੰਦਾ ਹੈ ਅਤੇ ਜਗਿਆਸੂਆਂ ਦੀ ਬਿਰਤੀ ਵਿਖੇਪ ਹੁੰਦੀ ਹੈ, ਕਦੇ ਚਿੱਤ ਵਿਚ ਪ੍ਰਕਾਸ਼ ਹੋ ਜਾਂਦਾ ਹੈ, ਕਦੇ ਕਾਲੀ ਬੋਲ਼ੀ ਰਾਤ ਵਾਲੀ ਹਾਲਤ ਹੋ ਜਾਂਦੀ ਹੈ, ਕਦੇ ਸੂਰਜ ਦੇ ਚੜ੍ਹਨ ਵਾਂਗੂੰ ਰੋਸ਼ਨੀ ਭਾਸਣ ਲੱਗ ਜਾਂਦੀ ਹੈ, ਕਦੇ ਉੱਕਾ ਹੀ ਮਨ ਨਹੀਂ ਟਿਕਦਾ ਜਿਹੋ ਜਿਹੋ ਵਿਖੇਪ ਬਿਰਤੀ ਹੁੰਦੀ ਹੈ।

ਜੋਗੀਆਂ ਦੀ ਅਨੁਰੁਧ ਬਿਰਤੀ ਹੁੰਦੀ ਹੈ, ਅਨੁ = ਨਿਰੰਤਰ ਨਾਲ ਇਕ ਦਸਮ ਦੁਆਰ ਵਿਚ ਸੁਆਸ ਰੁਧ = ਰੋਕ ਲੈਣੇ, ਇਹ ਅਨੁਰੁਧ ਬਿਰਤੀ ਹੁੰਦੀ ਹੈ ਅਤੇ ਬ੍ਰਹਮ ਗਿਆਨੀ ਦੀ ਇਕਾਗਰ ਬਿਰਤੀ ਹੁੰਦੀ ਹੈ, ਇਕ ਅਦਵੈਤ ਬ੍ਰਹਮ ਦੇ ਨਾਲ ਬਿਰਤੀ ਜੁੜੀ ਰਹਿੰਦੀ ਹੈ, ਹੋਰ ਕਿਸੇ ਪਾਸੇ ਫੁਰਨਾ ਨਾ ਫੁਰਨਾ, ਉਹ ਸਾਵਧਾਨ ਪੁਰਖ ਹੁੰਦੇ ਹਨ।

## ਸੁਖਮਨੀ ਸਹਜ; ਗੋਬਿੰਦ ਗੁਨ ਨਾਮ ॥ ਜਿਸੁ ਮਨਿ ਬਸੈ; ਸੁ ਹੋਤ ਨਿਧਾਨ ॥

ਸੁਖਮਨੀ = ਸੁੱਖਾਂ ਦੀ ਮਣੀ ਜਿਹੜੀ ਗੋਬਿੰਦ (ਗੋ+ਬਿੰਦ) ਗੋ = ਪ੍ਰਿਥਵੀ ਦੇ ਬਿੰਦ = ਜਾਨਣੇ ਯੋਗ ਵਾਹਿਗੁਰੂ ਦੀ ਬਾਣੀ ਹੈ, ਇਸ ਵਿਚ ਸਹਜ = ਸੁਤੇ-ਸਿਧ ਪਰਮੇਸ਼ਰ ਦੇ ਗੁਣ ਤੇ ਨਾਮ ਦਾ ਕਥਨ ਕੀਤਾ ਹੈ **ਵਾ:** ਸੁਖਮਨੀ ਸਾਹਿਬ ਦੀ ਬਾਣੀ ਵਿਚ ਤਿੰਨ ਚੀਜ਼ਾਂ ਹਨ, ਗੋਬਿੰਦ = ਪਰਮੇਸ਼ਰ ਦੇ ਗੁਣ, ਵਾਹਿਗੁਰੂ ਦਾ ਨਾਮ ਅਤੇ ਹਰੀ ਵਾਹਿਗੁਰੂ ਦਾ ਸਹਜ = ਗਿਆਨ। ਜਿਸ ਦੇ ਮਨਿ = ਹਿਰਦੇ ਵਿਚ ਇਹ ਸੁਖਮਨੀ ਸਾਹਿਬ ਦੀ ਬਾਣੀ ਬਸੈ = ਵੱਸ ਜਾਵੇਗੀ, ਸੁ = ਉਸ ਨੂੰ ਨੌਂ ਨਿਧੀਆਂ ਦਾ ਨਿਧਾਨ = ਖ਼ਜ਼ਾਨਾ ਪ੍ਰਾਪਤ ਹੋਤ = ਹੋ ਜਾਂਦਾ ਹੈ **ਵਾ:** ਨਵਧਾ ਭਗਤੀ ਰੂਪ ਨੌਂ ਨਿਧੀਆਂ ਦਾ ਖ਼ਜ਼ਾਨਾ ਪ੍ਰਾਪਤ ਹੋ ਜਾਂਦਾ ਹੈ।

## ਸਰਬ ਇਛਾ; ਤਾ ਕੀ ਪੂਰਨ ਹੋਇ ॥ ਪ੍ਰਧਾਨ ਪੁਰਖੁ; ਪ੍ਰਗਟੁ ਸਭ ਲੋਇ ॥

ਸਰਬ = ਸਾਰੀ ਇਛਾ = ਚਾਹਨਾ ਤਾ = ਉਸ ਕੀ = ਦੀ ਪੂਰਨ = ਪੂਰੀ ਹੋਇ = ਹੋ ਜਾਂਦੀ ਹੈ। ਉਹ ਪੁਰਖ ਸਭ = ਸਾਰੀ ਲੋਇ = ਦੁਨੀਆਂ ਵਿਚ ਪ੍ਰਗਟ ਤੇ ਪ੍ਰਧਾਨ = ਮੁਖੀ ਹੋ ਜਾਂਦਾ ਹੈ **ਵਾ:** ਮਹਾਤਮਾ ਜਨ ਪੰਜਾਂ ਨੂੰ ਜਿੱਤ ਕੇ ਸਾਰੇ ਸੰਸਾਰ ਵਿਚ ਪ੍ਰਗਟ ਹੋ ਕੇ ਸਾਰਿਆਂ ਦੇ ਪ੍ਰਧਾਨ = ਮੁਖੀ ਪੁਰਖ ਹੁੰਦੇ ਹਨ **ਵਾ:** ਉਹ ਪੁਰਖ ਪ੍ਰਧਾਨ = ਮੁਖੀ ਹੋ ਕੇ ਸਭ = ਸਾਰੀ ਲੋਇ = ਲੋਕਾਈ ਵਿਚ ਪ੍ਰਗਟੁ = ਪ੍ਰਤੱਖ ਹੋ ਜਾਂਦੇ ਹਨ।

## ਸਭ ਤੇ ਊਚ; ਪਾਏ ਅਸਥਾਨੁ ॥ ਬਹੁਰਿ ਨ ਹੋਵੈ; ਆਵਨ ਜਾਨੁ ॥

ਸਭ = ਸਾਰਿਆਂ ਤੇ = ਤੋਂ ਊਚ = ਸ੍ਰੇਸ਼ਟ ਤੁਰੀਆ ਪਦ ਰੂਪੀ ਅਸਥਾਨ ਨੂੰ ਉਹ ਪਾਏ = ਪ੍ਰਾਪਤ ਕਰ ਲੈਂਦਾ ਹੈ। ਜਿਸ ਅਸਥਾਨ ਤੋਂ ਬਹੁਰਿ = ਦੁਬਾਰਾ ਜਨਮ ਧਾਰ ਕੇ ਸੰਸਾਰ ਵਿਚ ਆਵਨ = ਆਉਣਾ ਤੇ ਮਰ ਕੇ ਮੌਤ ਦੇ ਮੂੰਹ ਵਿਚ ਜਾਨ = ਜਾਣਾ ਨ = ਨਹੀਂ ਹੋਵੈ = ਹੁੰਦਾ।

## ਹਰਿ ਧਨੁ; ਖਾਟਿ ਚਲੈ ਜਨੁ ਸੋਇ ॥ ਨਾਨਕ; ਜਿਸਹਿ ਪਰਾਪਤਿ ਹੋਇ ॥੫॥

ਸੋਇ = ਉਹ ਜਨੁ = ਪੁਰਖ ਹਰਿ = ਹਰੀ ਵਾਹਿਗੁਰੂ ਦੇ ਨਾਮ ਰੂਪ ਧਨ ਨੂੰ ਖਾਟਿ = ਖੱਟ ਕੇ ਪਰਲੋਕ ਨੂੰ ਚਲੈ = ਚੱਲਦਾ ਹੈ **ਵਾ:** ਉਹ ਦੁਨੀਆਂ ਵਿਚ ਪ੍ਰਮਾਰਥ ਦੇ ਆਨੰਦ ਦਾ ਲਾਭ ਖੱਟ ਕੇ ਚੱਲਣਾ ਕਰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਨੂੰ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਦਾਤ ਪ੍ਰਾਪਤ ਹੁੰਦੀ ਹੈ, ਉਸ ਨੂੰ ਸਾਰੇ ਫਲਾਂ ਦੀ ਪ੍ਰਾਪਤੀ ਹੁੰਦੀ ਹੈ ॥੫॥

***ਪ੍ਰਸ਼ਨ :*** *ਸੁਖਮਨੀ ਸਾਹਿਬ ਜੀ ਦਾ ਪਾਠ ਇਕ ਚਿੱਤ ਹੋ ਕੇ ਕਰਨ ਵਾਲਿਆਂ ਨੂੰ ਕੀ ਕੀ ਫਲ ਪ੍ਰਾਪਤ ਹੋਇ = ਹੁੰਦਾ ਹੈ ?*

***ਉੱਤਰ :*** ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਦਾ ਪਾਠ ਕਰਨ ਵਾਲੇ ਨੂੰ ਹੇਠ ਲਿਖੀਆਂ ਚੀਜ਼ਾਂ ਪ੍ਰਾਪਤ ਹੁੰਦੀਆਂ ਹਨ।

## ਖੇਮ ਸਾਂਤਿ; ਰਿਧਿ ਨਵ ਨਿਧਿ ॥ ਬੁਧਿ ਗਿਆਨੁ; ਸਰਬ ਤਹ ਸਿਧਿ ॥

ਉਸ ਦੀ ਲੋਕ ਪਰਲੋਕ ਵਿਚ ਖੇਮ = ਰੱਖਿਆ ਹੋਵੇਗੀ, ਸਾਂਤਿ = ਮਨ ਦੀ ਸ਼ਾਂਤੀ, ਰਿਧਿ = ਅੰਨ ਦੀ ਅਤੋਟਤਾ ਵਾਲੀ ਰਿਧੀ ਤੇ ਨਵਨਿਧਿ = ਨੌਂ ਨਿਧੀਆਂ ਪ੍ਰਾਪਤ ਹੋਣਗੀਆਂ। ਤਹ = ਉਥੇ ਬੁਧਿ = ਮਤਿ ਗਿਆਨ ਵਾਲੀ ਹੋਵੇਗੀ **ਵਾ:** ਗਿਆਨ ਸਰੂਪ ਦਾ ਬੋਧ ਅਤੇ ਸਰਬ = ਸਾਰੀਆਂ ਸਿਧਿ = ਸਿਧੀਆਂ ਦੀ ਪ੍ਰਾਪਤੀ ਹੋਵੇਗੀ।

## ਬਿਦਿਆ ਤਪੁ; ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ; ਊਤਮ ਇਸਨਾਨੁ ॥

ਸਾਰੀਆਂ ਵਿੱਦਿਆ ਜੋਗ ਵਿੱਦਿਆ, ਤੰਤਰ ਵਿੱਦਿਆ, ਸ਼ਾਸਤਰ ਵਿੱਦਿਆ ਆਦਿਕ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ। ਰਾਜਸੀ, ਤਾਮਸੀ, ਸਾਤਕੀ ਸਾਰੇ ਤਪ ਪ੍ਰਾਪਤ ਹੋ ਜਾਂਦੇ ਹਨ, ਜੋਗੁ = ਹਠ ਜੋਗ, ਰਾਜ ਜੋਗ ਆਦਿ ਸਾਰੇ ਜੋਗ ਪ੍ਰਾਪਤ ਹੋ ਜਾਂਦੇ ਹਨ ਅਤੇ ਪ੍ਰਭ = ਅਕਾਲ ਪੁਰਖ ਨਾਲ ਧਿਆਨ ਜੁੜ ਜਾਂਦਾ ਹੈ। ਸਾਰਿਆਂ ਤੋਂ ਸ੍ਰੇਸ਼ਟ = ਉੱਚਾ ਪ੍ਰੋਖ ਗਿਆਨ ਪ੍ਰਾਪਤ ਹੋਵੇਗਾ ਅਤੇ ਊਤਮ = ਸ੍ਰੇਸ਼ਟ ੬੮ ਤੀਰਥਾਂ ਦੇ ਇਸ਼ਨਾਨ ਦਾ ਫਲ ਘਰ ਬੈਠਿਆਂ ਹੀ ਪ੍ਰਾਪਤ ਹੋਵੇਗਾ।

**ਸਾਖੀ—ਪਰੂਰਵ ਰਾਜੇ ਦੀ :** ਇਕ ਵਾਰੀ ਇਕ ਰਾਜਾ, ਜਿਸ ਦਾ ਗ੍ਰੰਥਾਂ ਵਿਚ ਪਰੂਰਵ ਨਾਮ ਲਿਖਿਆ ਹੈ, ਹਰ ਵੇਲੇ ਨਾਮ ਜਪਦਾ ਤੇ ਸੁਣਦਾ ਰਹਿੰਦਾ ਸੀ। ਇਕ ਦਿਨ ਤੀਰਥਾਂ 'ਤੇ ਵਿਸ਼ਵਾਸ ਕਰਨ ਵਾਲੇ ਕਿਸੇ ਪੁਰਸ਼ ਨੇ ਤੀਰਥਾਂ 'ਤੇ ਇਸ਼ਨਾਨ ਕਰਨ ਦੀ ਵੱਖਰੀ ਵੱਖਰੀ ਮਹਿਮਾ ਸੁਣਾ-ਸੁਣਾ ਕੇ ਰਾਜੇ ਦੇ ਮਨ ਵਿਚ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਦਾ ਸੰਕਲਪ ਪੈਦਾ ਕਰ ਦਿੱਤਾ। ਅਜੇ ਇਹ ਸੰਕਲਪ ਪੈਦਾ ਹੋਇਆ ਹੀ ਸੀ ਕਿ ਤੀਰਥ-ਯਾਤਰਾ ਕੀਤੀ ਜਾਵੇ, ਨਾਮ ਸ੍ਰਵਣ ਦੀ ਮਹਿਮਾ ਦੱਸਣ ਲਈ ਕਿ ਤੀਰਥਾਂ ਨਾਲੋਂ ਨਾਮ ਦੀ ਮਹਿਮਾ ਅਧਿਕ ਹੈ, ਪਰਮੇਸ਼ਰ ਵੱਲੋਂ ਆਕਾਸ਼ਬਾਣੀ ਹੋਈ ਕਿ ਹੇ ਰਾਜਨ! ਨਾਮ ਸ੍ਰਵਣ ਤੇ ਸਿਮਰਨ ਦੇ ਬਰਾਬਰ ਤੀਰਥਾਂ 'ਤੇ ਇਸ਼ਨਾਨ ਕਰਨ ਦਾ ਮਹਾਤਮ ਨਹੀਂ ਹੋ ਸਕਦਾ। ਨਾਮ ਸਭ ਤੋਂ ਵੱਡਾ ਹੈ। ਜੇਕਰ ਤੂੰ ਅਠਾਹਠ ਤੀਰਥਾਂ ਦੀ ਯਾਤਰਾ ਕਰਨ ਦਾ ਸੰਕਲਪ ਕਰ ਹੀ ਲਿਆ ਹੈ ਤਾਂ ਤੇਰਾ ਇਹ ਸੰਕਲਪ ਮੈਂ ਇਥੇ ਬੈਠੇ ਦਾ ਹੀ ਪੂਰਾ ਕਰ ਦਿਆਂਗਾ। ਤੈਨੂੰ ਕਿਤੇ ਜਾਣ ਦੀ ਲੋੜ ਨਹੀਂ ਹੈ, ਕਿਉਂਕਿ ਤੂੰ ਮੇਰਾ ਨਾਮ ਸਰਵਣ ਕਰਨ ਵਾਲਾ ਸੱਚਾ ਭਗਤ ਹੈਂ। ਜਿਸ ਜਗ੍ਹਾ ਬੈਠ ਕੇ ਰਾਜਾ ਅੰਮ੍ਰਿਤ ਵੇਲੇ ਭਗਤੀ ਕਰਦਾ ਹੁੰਦਾ ਸੀ, ਉਸ ਜਗ੍ਹਾ 'ਤੇ ਉਸ ਕੋਲ ਸਾਰੇ ਅਠਾਹਠ ਤੀਰਥ ਆਪੋ-ਆਪਣਾ ਰੂਪ ਧਾਰਨ ਕਰ ਕੇ ਆ ਗਏ। ਆਵਾਜ਼ ਆਈ ਕਿ ਹੇ ਰਾਜਨ! ਅਸੀਂ ਅਠਾਹਠ ਤੀਰਥ ਹਾਂ, ਤੁਸੀਂ ਇਸ਼ਨਾਨ ਕਰ ਕੇ ਆਪਣਾ ਸੰਕਲਪ ਪੂਰਾ ਕਰ ਲਵੋ। ਉਨ੍ਹਾਂ ਤੀਰਥਾਂ ਨੇ ਇਸ ਰਾਜੇ ਦਾ ਘਰ ਬੈਠਿਆਂ ਹੀ ਇਸ਼ਨਾਨ ਕਰਵਾ ਦਿੱਤਾ। ਰਾਜੇ ਨੇ ਅੱਗੇ ਵਾਸਤੇ ਤੀਰਥ-ਯਾਤਰਾ ਦਾ ਸੰਕਲਪ ਮਿਟਾ ਦਿੱਤਾ ਅਤੇ ਨਾਮ ਸ੍ਰਵਣ ਕਰਨ ਅਤੇ ਸਿਮਰਨ ਕਰਨ ਵਿਚ ਜੁੱਟ ਗਿਆ। ਇਸ ਪ੍ਰਕਾਰ ਨਾਮ ਸ੍ਰਵਣ ਕਰਨ ਵਾਲੇ ਨੂੰ ਅਠਾਹਠ ਤੀਰਥਾਂ ਦਾ ਇਸ਼ਨਾਨ ਵੀ ਹੋ ਜਾਂਦਾ ਹੈ।

[ਅੰਗ ੨੯੬]

## ਚਾਰਿ ਪਦਾਰਥ; ਕਮਲ ਪ੍ਰਗਾਸ ॥ ਸਭ ਕੈ ਮਧਿ; ਸਗਲ ਤੇ ਉਦਾਸ ॥

ਚਾਰਿ ਧਰਮ, ਅਰਥ, ਕਾਮ, ਮੋਖ ਰੂਪ ਪਦਾਰਥਾਂ ਦੀ ਪ੍ਰਾਪਤੀ ਹੋਵੇਗੀ ਅਤੇ ਹਿਰਦਾ ਕਮਲ ਅੰਦਰੋਂ ਪ੍ਰਗਾਸ = ਖਿੜ ਆਵੇਗਾ, ਜਿਵੇਂ ਸੂਰਜ ਚੜ੍ਹੇ ਤੋਂ ਕਮਲ ਖਿੜ ਜਾਂਦਾ ਹੈ। ਇਉਂ ਬ੍ਰਹਮ ਰੂਪੀ ਸੂਰਜ ਦੀਆਂ ਕਿਰਨਾਂ ਪੈਣ ਕਰ ਕੇ ਹਿਰਦਾ ਖਿੜ ਆਉਂਦਾ ਹੈ। ਸਭ = ਸਾਰੇ ਪਰਿਵਾਰ ਦੇ ਮਧਿ = ਵਿਚ ਰਹਿਣੇ ਕੈ = ਕਰ ਕੇ ਵੀ ਸਗਲ = ਸਾਰਿਆਂ ਤੇ = ਤੋਂ ਉਦਾਸ = ਉਪਰਾਮ ਹੋਵੇਗਾ ਭਾਵ ਅਸੰਗ ਰਹਿਣ ਵਾਲਾ ਹੋਵੇਗਾ।

## ਸੁੰਦਰੁ ਚਤੁਰੁ; ਤਤ ਕਾ ਬੇਤਾ ॥ ਸਮਦਰਸੀ; ਏਕ ਦ੍ਰਿਸਟੇਤਾ ॥

ਉਸ ਦਾ ਸੱਚ ਅਨੰਦ ਸਰੂਪ ਦੀ ਪ੍ਰਾਪਤੀ ਵਾਲਾ ਸੁੰਦਰੁ = ਸੋਹਣਾ ਜੀਵਨ, ਚਤੁਰੁ = ਵਾਕਾਂ ਕਰ ਕੇ ਸਿਆਣਾ ਅਤੇ ਤਤ = ਸਿਧਾਂਤ ਸਰੂਪ ਕਾ = ਦਾ ਬੇਤਾ = ਜਾਣੂ ਹੋਵੇਗਾ। ਸਾਰਿਆਂ ਵਿਚ ਏਕ = ਇਕ ਵਾਹਿਗੁਰੂ ਦਾ ਦ੍ਰਿਸਟੇਤਾ = ਦਰਸ਼ਨ ਕਰਨ ਵਾਲਾ ਸਮਦਰਸੀ = ਸਮਕਦਰਸੀ ਹੋਵੇਗਾ **ਵਾ:** ਸਾਰਿਆਂ ਵਿਚ ਰਾਗ ਦ੍ਵੈਸ਼ ਤੋਂ ਰਹਿਤ ਉਸ ਇਕ ਵਾਹਿਗੁਰੂ ਨੂੰ ਦੇਖਣ ਵਾਲਾ ਹੋਵੇਗਾ।

## ਇਹ ਫਲ; ਤਿਸੁ ਜਨ ਕੈ ਮੁਖਿ ਭਨੇ ॥
## ਗੁਰ ਨਾਨਕ; ਨਾਮ ਬਚਨ ਮਨਿ ਸੁਨੇ ॥੬॥

ਇਹ ਫਲ ਤਿਸੁ = ਉਸ ਜਨ = ਪੁਰਖ ਕੈ = ਦੇ ਤਾਈਂ ਪ੍ਰਾਪਤ ਹੋਣੇ ਅਸੀਂ ਆਪਣੇ ਮੁਖਿ = ਮੁੱਖੋਂ ਭਨੇ = ਉਚਾਰੇ ਹਨ, ਜੋ ਉਪਰੋਕਤ ਕਥਨ ਕੀਤੇ ਹਨ। ਇਹ ਜੋ ਸੁਖਮਨੀ ਸਾਹਿਬ ਬਾਣੀ ਰੂਪ ਵਿਚ ਗੁਰੂ ਨਾਨਕ ਸਾਹਿਬ ਦੇ ਨਾਮ ਰੂਪੀ ਬਚਨ ਕਥਨ ਕੀਤੇ ਹਨ, ਇਨ੍ਹਾਂ ਬਚਨਾਂ ਨੂੰ ਜੋ ਮਨ ਲਾ ਕੇ ਸੁਨੇ = ਸੁਣੇਗਾ, ਉਸ ਨੂੰ ਇਹ ਫਲ ਪ੍ਰਾਪਤ ਹੋਣਗੇ **ਅਥਵਾ** ਜੋ ਸੁਖਮਨੀ ਸਾਹਿਬ ਜੀ ਦੇ ਗੁਰੂ ਰੂਪ ਬਚਨ, ਪਰਮੇਸ਼ਰ ਦੀ ਸਿਫ਼ਤ ਤੇ ਨਾਮਾਂ ਵਿਚ ਮਿਲੇ ਹੋਏ ਹਨ, ਇਨ੍ਹਾਂ ਬਚਨਾਂ ਨੂੰ ਗੁਰਾਂ ਦੁਆਰਾ ਜੋ ਆਪਣੀ ਕੰਨੀਂ ਸੁਨੇ = ਸੁਣ ਕੇ ਮੁਖਿ ਭਨੇ = ਮੂੰਹ ਨਾਲ ਕਥਨ ਕਰਦਾ ਹੈ ਤੇ ਫੇਰ ਮਨਿ = ਮੰਨਣ ਕਰਦਾ ਹੈ, ਤਿਸੁ = ਉਸ ਜਨ = ਪੁਰਸ਼ ਕੈ = ਦੇ ਤਾਈਂ ਉਪਰੋਕਤ ਕਥਨ ਕੀਤੇ ਫਲ ਪ੍ਰਾਪਤ ਹੁੰਦੇ ਹਨ ॥੬॥

## ਇਹੁ ਨਿਧਾਨੁ; ਜਪੈ ਮਨਿ ਕੋਇ ॥ ਸਭ ਜੁਗ ਮਹਿ; ਤਾ ਕੀ ਗਤਿ ਹੋਇ ॥

ਇਹੁ = ਇਹ ਸੁਖਮਨੀ ਸਾਹਿਬ ਜੀ ਦੀ ਬਾਣੀ ਨਾਮ ਦਾ ਨਿਧਾਨੁ = ਖ਼ਜ਼ਾਨਾ ਹੈ, ਜਿਹੜਾ ਕੋਇ = ਕੋਈ ਮਨਿ = ਚਿੱਤ ਲਾ ਕੇ ਜਪੈ = ਜਪੇਗਾ, ਭਾਵ ਪੜ੍ਹੇਗਾ। ਤਾ ਕੀ = ਉਸ ਦੀ ਸਾਰਿਆਂ ਜੁਗਾਂ ਮਹਿ = ਵਿਚ ਗਤਿ = ਕਲਿਆਣ ਹੋਇ = ਹੋਵੇਗੀ **ਅਥਵਾ** ਸਾਰਿਆਂ ਦੇ ਜਿੰਨੇ ਜੀਅ, ਜੰਤ ਸਤਿਜੁਗ ਤ੍ਰੇਤੇ ਦੁਆਪਰ ਦੇ ਵਿਛੜੇ ਹੋਏ ਹਨ, ਤਾ ਕੀ = ਉਨ੍ਹਾਂ ਸਭ ਦੀ ਇਸ ਬਾਣੀ ਨੂੰ ਪੜ੍ਹ ਕੇ (ਜਪ ਕੇ) ਕਲਿਆਣ ਹੋ ਜਾਵੇਗੀ।

## ਗੁਣ ਗੋਬਿੰਦ; ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ; ਬੇਦ ਬਖਾਣੀ ॥

ਸੁਖਮਨੀ ਸਾਹਿਬ ਰੂਪ ਬਾਣੀ ਵਿਚ ਗੋਬਿੰਦ (ਗੋ+ਬਿੰਦ) ਗੋ = ਵੇਦਾਂ ਕਰ ਕੇ ਬਿੰਦ = ਜਾਨਣੇ ਯੋਗ ਵਾਹਿਗੁਰੂ ਦੇ ਗੁਣ ਤੇ ਨਾਮ ਦੀ ਧੁਨੀ **ਵਾ:** ਨਾਮ ਦਾ ਧੁਨਿ = ਉਚਾਰਨ ਕੀਤਾ ਹੈ। ਸਤਾਈ ਸਿੰਮ੍ਰਿਤੀਆਂ, ਛੇ ਸ਼ਾਸਤਰਾਂ ਅਤੇ ਚਾਰ ਵੇਦਾਂ ਨੇ ਉਸ ਹਰੀ ਵਾਹਿਗੁਰੂ ਦੇ ਨਾਮ ਦੇ ਗੁਣ ਬਖਾਣੀ = ਉਚਾਰਨ ਭਾਵ ਕਥਨ ਕੀਤੇ ਹਨ।

## ਸਗਲ ਮਤਾਂਤ; ਕੇਵਲ ਹਰਿ ਨਾਮ ॥ ਗੋਬਿੰਦ ਭਗਤ ਕੈ; ਮਨਿ ਬਿਸ੍ਰਾਮ ॥

ਸਗਲ = ਸਾਰਿਆਂ ਮਤਾਂਤ = ਮੱਤਾਂ ਦਾ ਅੰਤ ਭਾਵ ਸਿਧਾਂਤ ਇਹੋ ਹੀ ਹੈ ਕਿ ਕੇਵਲ = (ਨਿਰੋਲ) ਇਕ ਹਰਿ = ਹਰੀ ਵਹਿਗੁਰੂ ਦਾ ਨਾਮ ਜਪ ਕੇ ਮੁਕਤ ਹੋਈਦਾ ਹੈ। ਮਤਾਂਤ ਸੰਸਕ੍ਰਿਤ ਦਾ ਪਦ ਹੈ (ਮਤਾਂਤ = ਮੱਤਾਂ ਦਾ ਅੰਤ, ਸਲਾਹਾਂ ਦਾ ਅੰਤ, ਸਿਧਾਂਤ)। ਜੋ ਗੋਬਿੰਦ = ਹਰੀ ਵਾਹਿਗੁਰੂ ਦੇ ਭਗਤ ਹਨ, ਉਨ੍ਹਾਂ ਦੇ ਮਨਿ = ਹਿਰਦੇ ਵਿਚ ਸੁਖਮਨੀ ਸਾਹਿਬ ਦਾ ਭਾਵ ਨਾਮ ਦਾ ਬਿਸ੍ਰਾਮ = ਨਿਵਾਸ ਹੈ। ਜੈਸਾ ਕਿ :

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥**
**ਭਗਤ ਜਨਾ ਕੈ ਮਨਿ ਬਿਸ੍ਰਾਮ ॥ਰਹਾਉ॥** *(ਅੰਗ ੨੬੨)*

## ਕੋਟਿ ਅਪ੍ਰਾਧ; ਸਾਧਸੰਗਿ ਮਿਟੈ ॥ ਸੰਤ ਕ੍ਰਿਪਾ ਤੇ; ਜਮ ਤੇ ਛੁਟੈ ॥

ਉਨ੍ਹਾਂ ਸਾਧਸੰਗਿ = ਸ੍ਰੇਸ਼ਟ ਜਨਾਂ ਦੀ ਸੰਗਤ ਕਰ ਕੇ ਕੋਟਿ = ਕਰੋੜਾਂ ਅਪ੍ਰਾਧ = ਪਾਪ ਮਿਟੈ = ਨਾਸ ਹੋ ਜਾਂਦੇ ਹਨ। ਸੰਤ = ਸ਼ਾਂਤ ਆਤਮਾ ਵਾਲੇ ਮਹਾਤਮਾ ਜਨਾਂ, ਗੁਰਾਂ ਦੀ ਕ੍ਰਿਪਾ = ਮੇਹਰ ਤੇ = ਤੋਂ ਹੀ ਜਮਾਂ ਤੇ = ਤੋਂ ਛੁਟੈ = ਮੁਕਤ ਹੋਈਦਾ ਹੈ।

## ਜਾ ਕੈ ਮਸਤਕਿ; ਕਰਮ ਪ੍ਰਭਿ ਪਾਏ ॥ ਸਾਧ ਸਰਣਿ; ਨਾਨਕ ਤੇ ਆਏ ॥੭॥

ਜਾ ਕੈ = ਜਿਨ੍ਹਾਂ ਦੇ ਮਸਤਕਿ = ਮੱਥੇ 'ਤੇ ਪੂਰਬਲੇ ਕਰਮਾਂ ਦੇ ਪ੍ਰੇਰੇ ਹੋਏ ਪ੍ਰਭਿ = ਹਰੀ ਵਾਹਿਗੁਰੂ ਨੇ ਨਿਸ਼ਕਾਮਤਾ ਰੂਪੀ ਲੇਖ ਪਾਏ = ਪਾ ਦਿੱਤੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤੇ = ਉਹ ਸਾਰੀਆਂ ਕਾਮਨਾਵਾਂ ਨੂੰ ਛੱਡ ਕੇ ਸਾਧ = ਸ੍ਰੇਸ਼ਟ ਜਨਾਂ ਦੀ ਸਰਣਿ = ਓਟ ਵਿਚ ਆਏ ਹਨ ॥੭॥

## ਜਿਸੁ ਮਨਿ ਬਸੈ; ਸੁਨੈ ਲਾਇ ਪ੍ਰੀਤਿ ॥
## ਤਿਸੁ ਜਨ ਆਵੈ; ਹਰਿ ਪ੍ਰਭੁ ਚੀਤਿ ॥

ਜਿਸ ਪੁਰਖ ਦੇ ਮਨਿ = ਹਿਰਦੇ ਵਿਚ ਇਹ ਅੰਮ੍ਰਿਤ ਰੂਪ ਸੁਖਮਨੀ ਸਾਹਿਬ ਦੀ ਬਾਣੀ ਬਸੈ = ਵੱਸ ਜਾਵੇਗੀ ਅਤੇ ਜੋ ਪ੍ਰੀਤਿ = ਪ੍ਰੀਤੀ ਲਾਇ = ਲਾ ਕੇ ਸੁਖਮਨੀ ਸਾਹਿਬ ਦਾ ਪਾਠ ਸੁਨੈ = ਸੁਣਦਾ ਹੈ। ਤਿਸੁ ਉਸ ਜਨ = ਪੁਰਖ ਨੂੰ ਹਰਿ = ਹਰੇ ਭਰੇ ਕਰਨ ਵਾਲਾ ਪ੍ਰਭੁ = ਅਕਾਲ ਪੁਰਖ ਵਾਹਿਗੁਰੂ ਚੀਤਿ = ਚੇਤੇ ਆਵੈ = ਆਉਂਦਾ ਹੈ।

ਸੰਤ ਮੱਘਰ ਸਿੰਘ ਜੀ ਫ਼ੌਜ ਦੀ ਨੌਕਰੀ ਦੌਰਾਨ ੧੭ ਪਾਠ ਸੁਖਮਨੀ ਸਾਹਿਬ ਦੇ ਹਰ ਰੋਜ਼ ਕਰਿਆ ਕਰਦੇ ਸਨ। ਇਸੇ ਪ੍ਰਕਾਰ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਰਹਿੰਦੇ, ਜਦੋਂ ਥੱਕ ਜਾਂਦੇ ਉਸ ਵੇਲੇ ਰੁਮਾਲਾ ਪਾ ਕੇ ਆਰਾਮ ਕਰਦੇ ਤੇ ਦੁਬਾਰਾ ਫੇਰ ਪਾਠ ਕਰਨ ਲੱਗ ਜਾਂਦੇ ਸਨ। ਇਸ ਤਰ੍ਹਾਂ ਕਰਦਿਆਂ-ਕਰਦਿਆਂ ਐਸੀ ਕਿਰਪਾ ਹੋਈ, ਵਾਹਿਗੁਰੂ ਗੁਰਮੰਤਰ ਸੰਪੂਰਨ ਹੋਇਆ ਜੋ ਕਦੇ ਨਾ ਭੁੱਲਿਆ। ਅਤੇ ਹੋਰ ਵੀ ਅਨੇਕਾਂ ਹੀ ਗੁਰਸਿੱਖਾਂ ਨੇ ਸ੍ਰੀ ਸੁਖਮਨੀ ਸਾਹਿਬ ਦੀ ਬਾਣੀ ਨੂੰ ਪੜ੍ਹ ਕੇ ਜੀਵਨ ਮੁਕਤੀ ਨੂੰ ਪਾਇਆ ਹੈ।

## ਜਨਮ ਮਰਨ; ਤਾ ਕਾ ਦੂਖੁ ਨਿਵਾਰੈ ॥ ਦੁਲਭ ਦੇਹ; ਤਤਕਾਲ ਉਧਾਰੈ ॥

ਤਾ ਕਾ = ਉਸ ਦਾ ਜੰਮਣ ਮਰਨ ਦਾ ਦੁਖ ਪੂਰੇ ਸਤਿਗੁਰੂ ਜੀ ਨਿਵਾਰੈ = ਨਵਿਰਤ ਕਰ ਦਿੰਦੇ ਹਨ। ਮਨੁੱਖਾ ਦੇਹ = ਸਰੀਰ ਜੋ ਦੁਲਭ = ਕਠਨਤਾਈ ਨਾਲ ਪ੍ਰਾਪਤ ਹੋਇਆ ਹੈ, ਇਸ ਨੂੰ ਸੁਖਮਨੀ ਸਾਹਿਬ ਜੀ ਦਾ ਪਾਠ ਤਤਕਾਲ = ਸ਼ੀਘਰ (ਜਲਦੀ) ਹੀ ਉਧਾਰੈ = ਤਾਰ ਕੇ ਸਚਖੰਡ ਪਹੁੰਚਾ ਦਿੰਦਾ ਹੈ।

## ਨਿਰਮਲ ਸੋਭਾ; ਅੰਮ੍ਰਿਤ ਤਾ ਕੀ ਬਾਨੀ ॥ ਏਕੁ ਨਾਮੁ; ਮਨ ਮਾਹਿ ਸਮਾਨੀ ॥

ਤਾ ਕੀ = ਉਸ ਦੀ ਸੰਸਾਰ ਵਿਚ ਨਿਰਮਲ = ਉੱਜਲ ਸੋਭਾ = ਵਡਿਆਈ ਹੋਵੇਗੀ ਅਤੇ ਬਾਣੀ ਵਿੱਚੋਂ ਅੰਮ੍ਰਿਤ ਦੀ ਨਿਆਈਂ ਫੁੱਲ ਕਿਰਨਗੇ, ਜੋ ਸੁਖਮਨੀ ਸਾਹਿਬ ਜੀ ਦਾ ਪਾਠ ਕਰੇਗਾ **ਵਾ:** ਉਸ ਦੀ ਬਾਣੀ ਵੀ ਅੰਮ੍ਰਿਤ ਵਾਂਗੂੰ ਮਿੱਠੀ ਹੋ ਜਾਵੇਗੀ। ਉਸ ਦੇ ਅੰਦਰ ਏਕ = ਇਕ ਪਰਮੇਸ਼ਰ **ਵਾ:** ਸ੍ਰੀ ਸੁਖਮਨੀ ਸਾਹਿਬ ਜੀ ਦੀ ਨਾਮ ਰੂਪੀ ਬਾਣੀ ਮਨ = ਹਿਰਦੇ ਦੇ ਮਾਹਿ = ਵਿਚ ਸਮਾਨੀ = ਸਮਾ ਜਾਵੇਗੀ, ਐਸਾ ਨਾਮ ਦਾ ਰਸ ਪ੍ਰਾਪਤ ਹੋਵੇਗਾ।

## ਦੂਖ ਰੋਗ; ਬਿਨਸੇ ਭੈ ਭਰਮ ॥ ਸਾਧ ਨਾਮ; ਨਿਰਮਲ ਤਾ ਕੇ ਕਰਮ ॥

ਉਸ ਦੇ ਜੰਮਣ ਮਰਣ ਦੇ ਦੁਖ, ਹਉਮੈ ਦੇ ਰੋਗ, ਸੱਤ ਪ੍ਰਕਾਰ ਦਾ ਭੈ = ਡਰ ਅਤੇ ਪੰਜ ਪ੍ਰਕਾਰ ਦਾ ਭਰਮ ਆਦਿ ਸਭ ਕੁਝ ਬਿਨਸੇ = ਵਿਸ਼ੇਸ਼ ਕਰ ਕੇ ਨਾਸ ਹੋ ਜਾਂਦਾ ਹੈ। ਉਸ ਦਾ ਨਾਮ ਸਾਧ = ਸ੍ਰੇਸ਼ਟ ਪੁਰਖ ਪੈ ਜਾਂਦਾ ਹੈ ਤੇ ਤਾ ਕੇ = ਉਸ ਦੇ ਕਰਮ ਵੀ ਨਿਰਮਲ = ਉੱਜਲ ਹੋ ਜਾਂਦੇ ਹਨ, ਜੋ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਾ ਤੇ ਸੁਣਦਾ ਹੈ।

## ਸਭ ਤੇ ਊਚ; ਤਾ ਕੀ ਸੋਭਾ ਬਨੀ ॥
## ਨਾਨਕ; ਇਹ ਗੁਣਿ, ਨਾਮੁ ਸੁਖਮਨੀ ॥੮॥੨੪॥

ਸਭ = ਸਾਰਿਆਂ ਤੇ = ਤੋਂ ਊਚ = ਸ੍ਰੇਸ਼ਟ ਤਾ ਕੀ = ਉਸ ਦੀ ਸੋਭਾ = ਵਡਿਆਈ ਬਣੀ ਹੈ, ਜਿਸ ਦੇ ਮਨ ਵਿਚ ਸੁਖਮਨੀ ਸਾਹਿਬ ਦੀ ਬਾਣੀ ਵਸੀ ਹੋਈ ਹੈ ਤੇ ਜਿਸ ਨੇ ਕੰਨ ਲਾ ਕੇ ਸੁਣਿਆ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਹ ਗੁਣ ਇਸ ਬਾਣੀ ਵਿਚ ਹੋਣ ਕਰ ਕੇ ਇਸ ਦਾ ਨਾਮ ਸੁਖਮਨੀ ਰੱਖਿਆ ਹੈ **ਵਾ:** ਸੁਖਮਨੀ = ਸੁੱਖਾਂ ਦੀ ਮਣੀ, ਮਨ ਨੂੰ ਸੁੱਖ ਦੇਣ ਵਾਲੀ **ਵਾ:** ਸ਼੍ਰੋਮਣੀ ਸੁਖ ਦੇ ਦੇਣ ਵਾਲੀ ਰੱਖਿਆ ਹੈ। ਇਸ ਕਰ ਕੇ ਇਸ ਬਾਣੀ ਵਿਚ ਚਿੱਤ ਜੋੜ ਕੇ ਹਰ ਵਕਤ ਇਸ ਬਾਣੀ ਨਾਲ ਜੁੜਨਾ ਚਾਹੀਦਾ ਹੈ ॥੮॥੨੪॥

(ਚੌਵੀਵੀਂ ਅਸਟਪਦੀ ਦੇ ਪੂਰੇ ਅੱਖਰ ੯੭੭, ਪੈਰਾਂ ਵਾਲੇ ਰਾਰੇ ੨੬, ਕੁੱਲ ਅੱਖਰ ੧੦੦੩ ਹਨ)

**ਸੁਖਮਨੀ ਸਾਹਿਬ ਦੇ ਅੱਖਰਾਂ ਦੀ ਗਿਣਤੀ :**

(ਗਉੜੀ ਸੁਖਮਨੀ ਮ: ੫ ॥ ਤੇ ੧ੴ ਸਤਿਗੁਰ ਪ੍ਰਸਾਦਿ ॥) ਮ: ਤੇ ੫ ਅੰਕ (੧ੴ) ਦੀ ਇਕ ਇਕ ਅੱਖਰ ਵਿਚ ਗਿਣਤੀ ਲੈ ਕੇ ੧੭ ਅੱਖਰ ਅਤੇ ਪ੍ਰਸਾਦਿ ਵਾਲਾ ਰਾਰਾ ਲੈ ਕੇ ਸੁਖਮਨੀ ਸਾਹਿਬ ਦੇ ਸਿਰਲੇਖ ਵਿਚ ੧੮ ਅੱਖਰ ਹਨ।

| | |
|---|---|
| ਸਿਰਲੇਖ ਵਿਚ | ੧੮ |
| ਪਹਿਲੀ ਅਸਟਪਦੀ ਤੋਂ ਲੈ ਕੇ ਚੌਵੀਵੀਂ ਅਸਟਪਦੀ ਤੱਕ ਪੂਰੇ ਅੱਖਰ | ੨੪੪੧੦ |
| ਪੈਰਾਂ ਵਾਲੇ ਰਾਰੇ (ਪਰਸਾਦਿ ਵਾਲੇ ਰਾਰੇ ਤੋਂ ਬਿਨਾਂ) | ੬੦੬ |
| ਪੈਰ ਦੇ ਵਾਵੇ | ੧੦ |
| ਪੈਰ ਦੇ ਅੱਧੇ ਅੱਖਰ | ੧੧ |
| | ੨੫੦੫੫ |

**ਇਸ ਬਾਣੀ ਦਾ ਮਹਾਤਮ :** ਇਸ ਬਾਣੀ ਦਾ ਮਹਾਤਮ ਸਤਿਗੁਰੂ ਜੀ ਨੇ ਆਪ ਚੌਵੀਵੀਂ ਅਸਟਪਦੀ ਵਿਚ ਵਿਸਥਾਰ ਨਾਲ ਲਿਖਿਆ ਹੈ, ਵਿਸ਼ੇਸ਼ ਕਰ ਕੇ ਚੌਵੀਵੀਂ ਅਸਟਪਦੀ ਦੀ ੬ਵੀਂ (ਛੇਵੀਂ) ਪਉੜੀ ਵਿਚ ਵੱਖਰੇ-ਵੱਖਰੇ ੨੧ ਫਲ ਲਿਖੇ ਹਨ :

੧. ਖੇਮ = ਰੱਖਿਆ; ੨. ਸਾਂਤਿ = ਮਨ ਦੀ ਸ਼ਾਂਤੀ; ੩. ਰਿਧਿ = ਰਿਧੀਆਂ, ਸੇਰ ਭਾਵ ਥੋੜੀ ਚੀਜ਼ ਰਿੰਨ੍ਹ

ਕੇ ਹਜ਼ਾਰਾਂ ਨੂੰ ਖਿਲਾ ਦੇਣੀ, ਇਸ ਦਾ ਨਾਮ ਰਿਧ ਹੈ। ੪. ਨਵਨਿਧਿ = ਨੌਂ ਨਿਧੀਆਂ—(੧. ਪਦਮ, ਮਹਾਂ ਪਦਮ, ਕਛਪ, ਮਕਰ, ਮੁਕੰਦ, ਨੀਲ, ਅਰਬ, ਖਰਬ, ਕੰਦ) ੫. ਬੁਧਿ = ਸ੍ਰੇਸ਼ਟ ਬੁੱਧ; ੬. ਗਿਆਨੁ = ਸਾਸਤ੍ਰਕ ਗਿਆਨ **ਵਾ:** ਪ੍ਰੋਖ ਗਿਆਨ; ੭. ਸਰਬ ਤਹਿ ਸਿਧਿ = **੧੮** ਸਿਧੀਆਂ; ੮. ਹਰ ਕਿਸਮ ਦੀ ਵਿੱਦਿਆ; ੯. ਤਪੁ = ਤਪ; ੧੦. ਜੋਗੁ = ਜੁੜਨਾ ਸਹਜ ਜੋਗ, ਭਗਤੀ ਜੋਗ; ੧੧. ਪ੍ਰਭ ਧਿਆਨੁ = ਪਰਮੇਸ਼ਰ ਵਿਚ ਨਿਰ ਵਿਕਲਪ ਸਮਾਧੀ ਲੱਗ ਜਾਣੀ; ੧੨. ਗਿਆਨ ਸ੍ਰੇਸ਼ਟ = ਅਪ੍ਰੋਖ ਗਿਆਨ; ੧੩. ਊਤਮ = ਸ੍ਰੇਸਟਤਾਈਂ; ੧੪. ਇਸਨਾਨੁ = ਸਾਰੇ ਤੀਰਥਾਂ ਦੇ ਇਸ਼ਨਾਨ ਦਾ ਫਲ ਪਾਠ ਕਰਨ ਵਾਲੇ ਨੂੰ ਪ੍ਰਾਪਤ ਹੁੰਦਾ ਹੈ; ੧੫. ਚਾਰਿ ਪਦਾਰਥ = ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥਾਂ ਦੀ ਪ੍ਰਾਪਤੀ; ੧੬. ਕਮਲ ਪ੍ਰਗਾਸ = ਹਿਰਦੇ ਕਮਲ ਦਾ ਖਿੜਨਾ; ੧੭. ਸਭ ਕੈ ਮਧਿ ਸਗਲ ਤੇ ਉਦਾਸ = ਸਾਰਿਆਂ ਦੇ ਵਿਚ ਰਹਿ ਕੇ ਸਾਰਿਆਂ ਤੋਂ ਉਦਾਸ ਭਾਵ ਅਸੰਗ ਰਹਿਣਾ; ੧੮. ਸੁੰਦਰੁ = ਸ੍ਰੇਸ਼ਟ ਗੁਣਾਂ ਦਾ ਸੁਹੱਪਣ; ੧੯. ਚਤੁਰੁ = ਦਾਨਾ ਹੋਣਾ, ਬੁੱਧੀਵਾਨ; ੨੦. ਤਤ ਕਾ ਬੇਤਾ = ਵੇਦਾਂ ਸ਼ਾਸਤਰਾਂ ਦੇ ਤੱਤ ਸਿਧਾਂਤ ਦੇ ਜਾਨਣ ਵਾਲਾ; ੨੧. ਸਮਦਰਸੀ ਏਕ ਦ੍ਰਿਸਟੇਤਾ = ਸਾਰਿਆਂ ਵਿਚ ਸਮ-ਦ੍ਰਿਸ਼ਟੀ ਨਾਲ ਦੇਖਣਾ, ਸਾਰਿਆਂ ਵਿਚ ਇਕ ਬ੍ਰਹਮ ਨੂੰ ਵੇਖਣ ਵਾਲਾ ਹੋ ਜਾਣਾ। ਜੈਸਾ ਕਿ :

**ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥**
**ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥** *(ਅੰਗ ੨੯੬)*

ਉਪਰੋਕਤ ਦੱਸੇ ਹੋਏ ਫਲ ਉਸ ਜਨ = ਸੇਵਕ ਨੂੰ ਪ੍ਰਾਪਤ ਹੋਣੇ ਕਥਨ ਕੀਤੇ ਹਨ, ਜੋ ਗੁਰਬਾਣੀ ਦੇ ਇਨ੍ਹਾਂ ਬਚਨਾਂ ਨੂੰ ਜਿਨ੍ਹਾਂ ਵਿਚ ਨਾਮ ਦਾ ਕਥਨ ਹੋਵੇ, ਸੁਣਦਾ ਹੈ, ਜਾਂ ਮੁਖਿ ਭਨੇ = ਮੂੰਹ ਨਾਲ ਭਨੇ = ਕਥਨ ਕਰਦਾ ਹੈ। ਇਹ ਉਪਰੋਕਤ ੨੧ ਫਲ ਉਸ ਨੂੰ ਪ੍ਰਾਪਤ ਹੁੰਦੇ ਹਨ।

ਭਾਈ ਸੰਤੋਖ ਸਿੰਘ ਜੀ ਨੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦਾ ਮਹਾਤਮ ਇਉਂ ਕਥਨ ਕੀਤਾ ਹੈ :

**ਕਰਿ ਸੁਖਮਨੀ ਅੰਤ ਮਹਿਂ ਆਪੂ। ਕਹਯੋ ਮਹਾਤਮ ਅਧਿਕ ਪ੍ਰਤਾਪੂ ॥੫॥...**
**ਪ੍ਰਾਤ ਸਮੇਂ ਇਕ ਮਨ ਕਰਿ ਪਾਠ। ਮਿਟਹਿ ਪਾਪ ਕ੍ਰਿਤ ਜਾਮ ਜੁ ਆਠ।**
**ਜਨਮ ਮਰਨ ਤਿਨਕੋ ਕਟਿ ਜਾਇ। ਪਠਿ ਪ੍ਰਭੁ ਚਰਨਨਿ ਰਹੇ ਸਮਾਇ ॥੭॥**
**ਜਹਾਂ ਬੈਠਿ ਸੁਖਮਨੀ ਉਚਾਰੀ। ਤਿਸ ਕੇ ਦਰਸ਼ਨ ਹੁਇ ਫਲ ਭਾਰੀ।**
**ਸਭਿ ਲਿਖਵਾਇ ਉਠੇ ਗੁਰ ਪੂਰੇ। ਪਰਉਪਕਾਰ ਚਰਿਤ ਜਿਨ ਰੂਰੇ ॥੮॥** *(ਰਾਸਿ ੩, ਅੰਸੂ ੪੨)*

ਕੁਝ ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਨੀ ਦੇ ਮਹਾਤਮ ਵਿਚ ਸਾਖੀਆਂ ਹਨ :

**ਸਾਖੀ—ਵਜ਼ੀਰ ਖ਼ਾਂ ਦੀ :** ਇਹ ਸੰਸਾਰ ਦੇ ਵਿਚ ਬ੍ਰਹਮ ਬੇਤੇ ਤੋਂ ਬਿਨਾਂ ਕੋਈ ਭੀ ਸੁਖੀ ਨਹੀਂ ਹੈ। ਜੈਸਾ ਕਿ :

**ਨਾਨਕ ਦੁਖੀਆ ਸਭੁ ਸੰਸਾਰੁ ॥** *(ਅੰਗ ੯੫੪)*

**ਕੋਈ ਤਨ ਦੁਖੀ ਕੋਈ ਮਨ ਦੁਖੀ ਕੋਈ ਚਿੰਤਾ ਚਿਤ ਉਦਾਸ।**
**ਥੋੜੇ ਬਹੁਤੇ ਸਭ ਦੁਖੀ, ਸੁਖੀ ਹਰੀ ਕੇ ਦਾਸ।**

ਇਸੇ ਤਰ੍ਹਾਂ ਦੀ ਇਕ ਸੁਖਮਨੀ ਸਾਹਿਬ ਜੀ ਦੀ ਮਹੱਤਤਾ ਦੀ ਸਾਖੀ ਇਤਿਹਾਸ ਵਿਚ ਭਾਈ ਸੰਤੋਖ ਸਿੰਘ ਜੀ ਨੇ ਲਿਖੀ ਹੈ। ਜਹਾਂਗੀਰ ਬਾਦਸ਼ਾਹ ਦਾ ਅਹਿਲਕਾਰ ਜਿਸ ਦਾ ਨਾਮ ਵਜ਼ੀਰ ਖਾਂ ਸੀ, ਉਸ ਨੂੰ ਜਲੋਦਰ ਦਾ ਰੋਗ ਹੋ ਗਿਆ (ਜਲ+ਉਦਰ = ਪੇਟ ਵਿਚ ਪਾਣੀ ਭਰ ਜਾਣਾ)। ਇਹ ਇਕ ਕਿਸਮ ਦਾ ਰੋਗ ਹੈ। ਇਸ ਰੋਗ ਦਾ ਪੀੜਤ ਵਜ਼ੀਰ ਖ਼ਾਂ ਜਿਸ ਨੇ ਚੰਗੇ-ਚੰਗੇ ਵੈਦ ਹਕੀਮਾਂ ਤੋਂ ਇਲਾਜ ਕਰਵਾਇਆ, ਪਰ

ਕਾਮਯਾਬੀ ਨਹੀਂ ਪ੍ਰਾਪਤ ਹੋਈ। ਜਲੋਦਰ ਦੇ ਰੋਗ ਨਾਲ ਤੜਫਦਾ ਰਹਿੰਦਾ ਸੀ। ਲਾਹੌਰ ਸ਼ਹਿਰ ਵਿਚ ਬਹੁਤ ਸਾਰੇ ਗੁਰੂ ਦੇ ਪ੍ਰੇਮੀ ਸਿੱਖ ਰਹਿੰਦੇ ਸਨ। ਜਦੋਂ ਤੋਂ ਸਤਿਗੁਰੂ ਜੀ ਨੇ ਸੁਖਮਨੀ ਸਾਹਿਬ ਉਚਾਰਨ ਕੀਤੀ ਹੈ, ਬਹੁਤ ਸਾਰੇ ਸਿੱਖਾਂ ਨੇ ਜ਼ਬਾਨੀ ਕੰਠ ਕਰ ਲਈ, ਸ਼ੁਰੂ ਸ਼ੁਰੂ ਵਿਚ ਸਿੱਖ ਜਪੁ ਜੀ ਤੇ ਸੁਖਮਨੀ ਸਾਹਿਬ ਦਾ ਪਾਠ ਨਿਤਨੇਮ ਅਨੁਸਾਰ ਕਰਿਆ ਕਰਦੇ ਸਨ ਤੇ ਜ਼ਬਾਨੀ ਬਾਣੀ ਦੇ ਕੰਠ ਨਿਤਨੇਮ ਅਨੁਸਾਰ ਕਰਿਆ ਕਰਦੇ ਸਨ ਤੇ ਜ਼ਬਾਨੀ ਬਾਣੀ ਕੰਠ ਕਰਨ ਦਾ ਸਿੱਖਾਂ ਵਿਚ ਬਹੁਤ ਉਤਸ਼ਾਹ ਸੀ। ਇਕ ਗੁਰੂ ਦਾ ਨਿਤਨੇਮੀ ਸਿੱਖ ਵਜ਼ੀਰ ਖ਼ਾਂ ਦੀ ਹਵੇਲੀ ਦੇ ਕੋਲ ਦੀ ਪਾਠ ਕਰਦਾ ਲੰਘਿਆ, ਹਰ ਰੋਜ਼ ਹੀ ਸਿੱਖ ਇਸੇ ਰਸਤੇ ਹੀ ਲੰਘਦਾ ਸੀ, ਪਰ ਅੱਜ ਵਜ਼ੀਰ ਖ਼ਾਂ ਉਸ ਵੇਲੇ ਜਾਗਦਾ ਸੀ, ਜਿਤਨੀ ਦੇਰ ਤਕ ਕੰਨਾਂ ਵਿਚ ਸੁਖਮਨੀ ਸਾਹਿਬ ਦੇ ਪਾਠ ਦੀ ਅਵਾਜ਼ ਸੁਣਦੀ ਰਹੀ, ਉਤਨੀ ਦੇਰ ਤਕ ਪੀੜਾ ਤੋਂ ਆਰਾਮ ਰਿਹਾ, ਜਦੋਂ ਇਸ ਨੂੰ ਦੋ-ਤਿੰਨ ਦਿਨ ਐਸਾ ਹੋਣ ਨਾਲ ਭਰੋਸਾ ਬੱਝ ਗਿਆ ਕਿ ਦਰਦ ਨੂੰ ਨਾਸ਼ ਕਰਨ ਵਾਲੀ ਕਰਾਮਾਤ ਇਸ ਕਲਾਮ ਦੀ ਹੈ, ਜੋ ਸਿੱਖ ਪੜ੍ਹਦਾ ਹੈ। ਇਕ ਦਿਨ ਸਿੱਖ ਨੂੰ ਆਪਣੇ ਕੋਲ ਬੁਲਾਇਆ ਤੇ ਅਰਜ਼ ਕੀਤੀ ਕਿ ਜੋ ਕਲਾਮ ਤੂੰ ਸਵੇਰੇ ਪੜ੍ਹਦਾ ਲੰਘਦਾ ਹੈਂ, ਉਹ ਮੇਰੇ ਪਾਸ ਬੈਠ ਕੇ ਮੈਨੂੰ ਸੁਣਾਇਆ ਕਰ। ਉਸ ਸਿੱਖ ਨੇ ਪਰਉਪਕਾਰ ਹਿਤ ਪਾਠ ਸੁਣਾਉਣਾ ਆਰੰਭ ਕਰ ਦਿੱਤਾ। ਉਸ ਨੂੰ ਆਰਾਮ ਆਉਣਾ ਸ਼ੁਰੂ ਹੋਇਆ। ਚਾਰ ਘੜੀਆਂ ਤਾਂ ਪਾਠ ਵੇਲੇ ਆਰਾਮ ਰਹੇ, ਪਰ ਪਿੱਛੋਂ ਫਿਰ ਤਕਲੀਫ਼ ਹੋ ਜਾਇਆ ਕਰੇ। ਫਿਰ ਉਸ ਨੇ ਕਈ ਸਿੱਖਾਂ ਨੂੰ ਬੇਨਤੀ ਕਰ ਕੇ ਰਾਤ ਦਿਨ ਪਾਠ ਦੀ ਧੁੰਨ ਸੁਣਨਾ ਕੀਤੀ, ਜਿਸ 'ਤੇ ਉਸ ਨੂੰ ਕਾਫ਼ੀ ਆਰਾਮ ਮਿਲਿਆ।

ਫਿਰ ਵਜ਼ੀਰ ਖ਼ਾਂ ਨੇ ਇਸ ਬਾਣੀ ਦੇ ਕਰਤਾ ਗੁਰੂ ਬਾਰੇ ਪੁੱਛਿਆ। ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦਾ ਨਾਮ ਦੱਸਿਆ, ਤਾਂ ਵਜ਼ੀਰ ਖ਼ਾਂ ਅੰਮ੍ਰਿਤਸਰ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਭੇਟਾ ਰੱਖ ਨਮਸਕਾਰ ਕੀਤੀ, ਹੱਥ ਜੋੜ ਕੇ ਕਹਿਣ ਲੱਗਾ ਕਿ ਤੁਹਾਡੀ ਇਤਨੀ ਸੁਖਮਨੀ ਦੀ ਬਾਣੀ ਵਿਚ ਤਾਕਤ ਹੈ, ਜੋ ਮੈਂ ਬਿਆਨ ਨਹੀਂ ਕਰ ਸਕਦਾ। ਜਿਤਨਾ ਚਿਰ ਮੈਂ ਸੁਣਦਾ ਰਹਿੰਦਾ ਹਾਂ ਉਤਨਾ ਚਿਰ ਆਰਾਮ ਰਹਿੰਦਾ ਹੈ। ਆਪ ਅਜਿਹੀ ਕਿਰਪਾ ਕਰੋ ਕਿ ਆਰਾਮ ਸਦਾ ਲਈ ਪ੍ਰਾਪਤ ਹੋ ਜਾਵੇ ਤਾਂ ਸਤਿਗੁਰੂ ਜੀ ਨੇ ਆਪਣੇ ਸਿੱਖ ਦਾ ਪ੍ਰਤਾਪ ਵਧਾਉਣ ਵਾਸਤੇ ਬਾਬਾ ਬੁੱਢਾ ਸਾਹਿਬ ਵੱਲ ਵਜ਼ੀਰ ਖ਼ਾਂ ਨੂੰ ਭੇਜ ਦਿੱਤਾ ਕਿ ਉਹ ਤੇਰਾ ਰੋਗ ਦੂਰ ਕਰ ਦੇਣਗੇ। ਅੰਮ੍ਰਿਤ ਸਰੋਵਰ ਦੇ ਦੁਆਲੇ ਤਿੰਨ ਬੇਰੀਆਂ ਹਨ, ਡਿਉਢੀ ਦੇ ਨੇੜੇ ਬੇਰੀ ਦਾ ਨਾਮ ਇਲਾਚੀ ਬੇਰ ਹੈ। ਇਸ ਦੇ ਇਲਾਚੀਆਂ ਵਰਗੇ ਬੇਰ ਲੱਗਣ ਨਾਲ ਇਸ ਦਾ ਨਾਮ ਇਲਾਚੀ ਬੇਰ ਰੱਖਿਆ। ਇਸ ਦੇ ਹੇਠ ਸਤਿਗੁਰੂ ਜੀ ਆਪ ਬੈਠ ਕੇ ਸੇਵਾ ਕਰਾਇਆ ਕਰਦੇ ਸਨ। ਇਸ ਦੇ ਬਿਲਕੁਲ ਸਾਹਮਣੇ ਪੂਰਬ ਵਾਲੇ ਪਾਸੇ ਦੂਸਰੀ ਬੇਰੀ ਹੈ, ਜਿਸ ਦਾ ਨਾਮ ਦੁਖ ਭੰਜਨੀ ਬੇਰੀ ਹੈ। ਜਿਸ ਥਾਂ ਬੀਬੀ ਰਜਨੀ ਦਾ ਕੋਹੜਾ ਪਤੀ ਇਸ਼ਨਾਨ ਕਰ ਕੇ ਸੁਵੱਛ ਹੋਇਆ ਸੀ। ਉੱਤਰ ਵਾਲੇ ਪਾਸੇ ਇਕ ਬੇਰੀ ਹੈ, ਜਿਸ ਦਾ ਨਾਮ ਬਾਬੇ ਬੁੱਢੇ ਦੀ ਬੇਰੀ ਨਾਲ ਪ੍ਰਸਿੱਧ ਹੈ। ਇਸ ਥਾਂ ਬਾਬਾ ਬੁੱਢਾ ਸਾਹਿਬ ਸੇਵਾ ਕਰਵਾ ਰਹੇ ਸਨ ਤਾਂ ਵਜ਼ੀਰ ਖ਼ਾਂ ਨੇ ਮੱਥਾ ਟੇਕ ਕੇ ਬੇਨਤੀ ਕੀਤੀ ਕਿ ਮੈਂ ਜਲੋਦਰ ਦੇ ਰੋਗ ਕਰ ਕੇ ਬਹੁਤ ਦੁਖੀ ਹਾਂ, ਆਪ ਕਿਰਪਾ ਕਰੋ। ਬਾਬਾ ਬੁੱਢਾ ਸਾਹਿਬ ਜੀ ਨੇ ਥੋੜੇ ਜਿਹੇ ਸਖ਼ਤ ਸ਼ਬਦਾਂ ਵਿਚ ਤਾੜਨਾ ਕਰ ਕੇ ਕਿਹਾ ਕਿ ਭਾਈ ਸੇਵਾ ਵਿਚ ਵਿਘਨ ਨਾ ਪਾ। ਬਾਬਾ ਜੀ ਨੇ ਕਿਹਾ ਕਿ ਪਰ੍ਹੇ ਹਟ ਕੇ ਖੜ੍ਹ ਤੇ ਉਹ ਉਥੇ ਹੀ ਹੱਥ ਜੋੜ ਕੇ ਖੜ੍ਹਾ ਰਿਹਾ। ਸੇਵਾ ਕਰਦਿਆਂ-ਕਰਦਿਆਂ ਬਾਬਾ ਬੁੱਢਾ ਸਾਹਿਬ ਜੀ ਦੀ ਨਿਗਾਹ ਉਸ 'ਤੇ ਪੈ ਗਈ ਕਿ ਅਧਿਕਾਰੀ ਹੈ, ਬਚਨ ਮੰਨ ਕੇ ਖੜ੍ਹਾ ਹੈ। ਖ਼ਾਲੀ ਟੋਕਰੀ ਲੈ ਕੇ ਆ ਰਹੇ ਸਨ ਤੇ ਕੋਲ ਦੀ ਲੰਘਣ ਲੱਗਿਆਂ ਟੋਕਰੀ ਉਸ ਦੇ ਪੇਟ ਪਰ ਮਾਰੀ। ਜਿਸ ਕਰਕੇ ਉਸ ਦੇ ਪੇਟ ਦਾ ਪਾਣੀ ਮਲ ਰਸਤੇ ਰਾਹੀਂ ਨਿਕਲ ਗਿਆ ਤੇ ਤੰਦਰੁਸਤ ਹੋ ਗਿਆ। ਇਹ ਸੁਖਮਨੀ ਸਾਹਿਬ ਦੀ ਬਾਣੀ ਦਾ ਪ੍ਰਤਾਪ ਹੈ ਅਤੇ ਇਸ ਸਾਖੀ ਨੂੰ ਭਾਈ ਸੰਤੋਖ ਸਿੰਘ ਜੀ ਨੇ ਇਸ ਪ੍ਰਕਾਰ ਲਿਖਿਆ ਹੈ :

**ਸੁਨਤਿ ਬੰਦਗੀ ਕਰਿ ਹਰਖਾਯੋ। ਸਤਿਗੁਰੁ ਧੰਨਿ ਮੋਹਿ ਅਪਨਾਯੋ।**
**ਰੋਗ ਜਲੋਧਰ ਉਦਰ ਬਿਸਾਲਾ। ਪੀੜਾ ਦੇਤਿ ਮਹਾਂ ਸਭਿ ਕਾਲਾ॥੩੪॥**

ਪਰਯੋ ਸਦਨ ਬਿਲਲਾਵਤਿ ਰਹੌਂ। ਹੋਤਿ ਬਿਖਾਦ ਸਕਲ ਹੀ ਸਹੌਂ।
ਨਿਕਟ ਗਰੀ ਮਹਿਂ ਸਿਖ ਇਕ ਜਾਵਤਿ। ਪਾਠ ਸੁਖਮਨੀ ਮੁਖਹੁਂ ਅਲਾਵਤਿ ॥੩੫॥
ਜਬਿ ਮਮ ਕਾਨ ਪਰੀ ਧੁਨਿ ਆਨਿ। ਪੀਰਾ ਭਈ ਉਦਰ ਕੀ ਹਾਨ।
ਸਿਖ ਸ਼ਨਾਨ ਹਿਤ ਗਯੋ ਅਗਾਰੀ। ਹੋਨਿ ਲਗੀ ਬਾਧਾ ਪੁਨ ਭਾਰੀ ॥੩੬॥
ਕਿਤਿਕ ਬੇਰਿ ਮਹਿਂ ਸਿਖ ਪੁਨ ਆਯੋ। ਪਾਠ ਸੁਖਮਨੀ ਮੈਂ ਸੁਨਿ ਪਾਯੋ।
ਬਹਰ ਭਯੋ ਸੁਖ ਰਿਦੇ ਬਿਚਾਰਾ। ਇਸ ਤੇ ਮਿਟਤਿ ਕਸ਼ਟ ਮਮ ਭਾਰਾ ॥੩੭॥
ਇਤਨੇ ਮਹਿਂ ਸਿਖ ਜਬਿ ਚਲ ਗਯੋ। ਧੁਨਿ ਕੋ ਸੁਨਤਿ ਨ ਮੈਂ ਪੁਨ ਭਯੋ।
ਬਾਧਾ ਅਧਿਕ ਬਧੀ ਤਬਿ ਮੇਰੇ। ਜਾਨੀ ਮਹਿਮਾ ਮਨ ਤਿਸ ਬੇਰੇ ॥੩੮॥
ਪਠਿ ਕਰਿ ਨਰ ਕੋ ਸੋ ਬੁਲਵਾਯੋ। ਜਬਿ ਗੁਰੁ ਸਿੱਖ ਨਿਕਟ ਚਲਿ ਆਯੋ।
ਸਰਬ ਬ੍ਰਿਤਾਂਤ ਬੂਝਿ ਕਰ ਰਾਖਾ। ਪਾਠ ਸੁਖਮਨੀ ਥਿਤ ਹ੍ਵੈ ਭਾਖਾ ॥੩੯॥
ਜਬਿ ਲੌਂ ਸੁਨਯੋ ਨ ਪੀਰਾ ਭਈ। ਹਟੇ ਪਾਠ, ਪੁਨ ਤੈਸੇ ਥਿਈ।
ਤਬਿ ਮੈਂ ਸਿੱਖ ਅਪਰ ਢਿਗ ਰਾਖੇ। ਨਿਸ ਦਿਨ ਪਾਠ ਸੁਖਮਨੀ ਭਾਖੇਂ ॥੪੦॥
ਮਾਨਯੋ ਗੁਰ ਹਿਤ ਕਰਨਿ ਕਰਾਹੁ। ਸੁਨਤਿ-ਸੁਨਤਿ ਭਾ ਸਭਿ ਰੁਜ ਦਾਹੁ।
ਕਿਤਿਕ ਦਯੋਸ ਮਹਿਂ ਭਯੋ ਅਰਾਮ। ਕਰਿ ਸ਼ਨਾਨ ਰੁਜ ਗਏ ਤਮਾਮ ॥੪੧॥
ਬੜੇ ਗੁਰੁਨਿ ਢਿਗ ਮੈਂ ਤਬਿ ਆਯੋ। ਸਕਲ ਬਿਨੈ ਭਨਿ ਸੀਸ ਨਿਵਾਯੋ।
ਉਰਿ ਸ਼ਰਧਾ ਲਖਿ ਕੈ ਸਿਖ ਕੀਨੋ। ਲਿਯੋ ਅਲੰਬ ਭਯੋ ਰੁਜ ਹੀਨੋ ॥੪੨॥
ਇਮ ਮੋਕਹੁ ਗੁਰ ਭੇ ਸੁਖਦਾਈ। ਰੋਗ ਸੋਗ ਤੇ ਲੀਨਿ ਬਚਾਈ।
ਤਬਿ ਕੋ ਮੈਂ ਸਿੱਖ ਰਾਵਰਿ ਘਰ ਕੋ। ਅਪਰ ਨ ਪ੍ਰਿਯ ਤੁਮ ਤੇ ਮਮ ਉਰ ਕੋ ॥੪੩॥

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੪, ਅੰਸੂ ੫੦)*

**ਸਾਖੀ—ਰਸੋਈਏ ਦੇ ਮੁਕਤ ਹੋਣ ਦੀ :** ਇਕ ਬਹੁਤ ਹੀ ਭਜਨ ਸਿਮਰਨ ਕਰਨ ਵਾਲੇ ਤੱਤ ਬੇਤੇ ਮਹਾਂਪੁਰਖ ਭਾਈ ਸੁਚੇਤ ਸਿੰਘ ਜੀ ਹੋਏ ਹਨ। ਉਨ੍ਹਾਂ ਪਾਸ ਇਕ ਸਿੱਖ ਨੇ ਬੇਨਤੀ ਕਰ ਕੇ ਪੁੱਛਿਆ ਕਿ ਸ੍ਰੀ ਸੁਖਮਨੀ ਸਾਹਿਬ ਪੜ੍ਹਨ ਦਾ ਕੀ ਮਹਾਤਮ ਹੈ। ਤਾਂ ਭਾਈ ਸੁਚੇਤ ਸਿੰਘ ਜੀ ਕਹਿਣ ਲੱਗੇ ਕਿ ਮਥਰਾ ਬਿੰਦ੍ਰਾਬਨ ਵੱਲ ਇਕ ਮੁਨਸ਼ੀ ਰਹਿੰਦਾ ਸੀ। ਉਸ ਮੁਨਸ਼ੀ ਨੇ ਕਿਸੇ ਗੁਰਸਿੱਖ ਨੂੰ ਬੇਨਤੀ ਕਰ ਕੇ ਗੁਰਮੁਖੀ ਅੱਖਰ ਸਿੱਖੇ ਅਤੇ ਸ੍ਰੀ ਜਪੁਜੀ ਸਾਹਿਬ ਅਤੇ ਸ੍ਰੀ ਸੁਖਮਨੀ ਸਾਹਿਬ ਆਦਿ ਬਾਣੀਆਂ ਕੰਠ ਕੀਤੀਆਂ।

ਫਿਰ ਇਕ ਦਿਨ ਇਸ ਮੁਨਸ਼ੀ ਨੇ ਉਸ ਗੁਰਸਿੱਖ ਮਹਾਤਮਾ ਤੋਂ ਸੁਖਮਨੀ ਸਾਹਿਬ ਦੇ ਪਾਠ ਕਰਨ ਦੀ ਵਿਧੀ ਬਾਰੇ ਪੁੱਛਿਆ ਕਿ ਕਿਸ ਢੰਗ ਨਾਲ ਬਾਣੀ ਪੜ੍ਹਨੀ ਚਾਹੀਦੀ ਹੈ। ਤਾਂ ਉਸ ਗੁਰਸਿੱਖ ਨੇ ਕਿਹਾ ਕਿ ਅੰਮ੍ਰਿਤ ਵੇਲੇ ਉੱਠ ਕੇ ਸਰੀਰ ਦੀ ਸੌਚ, ਇਸ਼ਨਾਨ ਆਦਿ ਕਿਰਿਆ ਕਰਕੇ, ਸੁੰਦਰ ਆਸਣ ਵਿਛਾ ਕੇ ਚੌਂਕੜਾ ਲਗਾ ਕੇ ਮਨ ਨੂੰ ਇਕਾਗਰ ਕਰ ਕੇ ਪਾਠ ਕਰਨਾ। ਪਾਠ ਦੀ ਸਮਾਪਤੀ ਤੋਂ ਬਾਅਦ ਖੜ੍ਹੇ ਹੋ ਕੇ ਸਤਿਗੁਰਾਂ ਦੇ ਚਰਨਾਂ ਦਾ ਧਿਆਨ ਧਰ ਕੇ ਅਰਦਾਸ ਕਰਨੀ।

ਇਸ ਪ੍ਰਕਾਰ ਇਹ ਸੁਣ ਕੇ ਮੁਨਸ਼ੀ ਨਿਤਨੇਮ ਅਨੁਸਾਰ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨ ਲੱਗਾ। ਮੁਨਸ਼ੀ ਦੇ ਘਰ ਵਿਚ ਇਕ ਰਸੋਈਆ ਸੀ, ਜੋ ਉਸ ਲਈ ਪ੍ਰਸ਼ਾਦਾ ਆਦਿ ਤਿਆਰ ਕਰਦਾ ਸੀ। ਉਹ ਮਰੋੜ (ਦਸਤ) ਲੱਗਣ ਨਾਲ ਕੁਝ ਬਿਮਾਰ ਹੋ ਗਿਆ। ਮੁਨਸ਼ੀ ਨਿਯਮ ਅਨੁਸਾਰ ਅੰਮ੍ਰਿਤ ਵੇਲੇ ਉੱਠ ਕੇ ਸਰੀਰਕ ਕਿਰਿਆ ਆਦਿ ਕਰਨ ਤੋਂ ਬਾਅਦ ਸੁਖਮਨੀ ਸਾਹਿਬ ਦਾ ਪਾਠ ਕਰਨ ਲੱਗਿਆ ਤਾਂ ਇਸ ਨੇ ਆਪਣੇ ਰਸੋਈਏ ਤੋਂ ਪੁੱਛਿਆ ਕਿ ਜੇਕਰ ਤੈਨੂੰ ਕੁਝ ਚਾਹੀਦਾ ਹੈ ਤਾਂ ਹੁਣੇ ਹੀ ਮੰਗ ਲੈ, ਬਾਅਦ ਵਿਚ ਮੈਂ ਪਾਠ ਕਰਨ ਲੱਗ ਜਾਣਾ ਹੈ, ਤਾਂ ਉਹ ਕਹਿਣ ਲੱਗਾ ਕਿ ਕੁਝ ਨਹੀਂ ਚਾਹੀਦਾ, ਤੁਸੀਂ ਆਪਣਾ ਪਾਠ ਕਰੋ।

ਮੁਨਸ਼ੀ ਉਸ ਦੇ ਪਾਸ ਹੀ ਬੈਠ ਕੇ ਪਾਠ ਕਰਨ ਲੱਗਾ, ਜਦ ਪੰਦਰ੍ਹਵੀਂ ਅਸਟਪਦੀ ਦਾ ਭੋਗ ਪਾਇਆ

ਤਾਂ ਮਨ ਵਿਚ ਵਿਚਾਰ ਆਈ ਕਿ ਇਹ ਹਿਲ-ਜੁਲ ਨਹੀਂ ਰਿਹਾ, ਕੀ ਗੱਲ ਹੋਈ ? ਜਦ ਹਿਲਾ ਕੇ ਦੇਖਿਆ ਤਾਂ ਉਸ ਦੇ ਪ੍ਰਾਣ ਸਰੀਰ ਵਿੱਚੋਂ ਨਿਕਲ ਚੁੱਕੇ ਸਨ। ਇਹ ਹੈਰਾਨ ਹੋ ਕੇ ਸੋਚਣ ਲੱਗ ਪਿਆ ਕਿ ਇਸ ਦੀ ਮੰਜੇ 'ਤੇ ਹੀ ਮੌਤ ਹੋ ਗਈ ਹੈ। ਹਿੰਦੂ ਮਤ ਦੇ ਪਏ ਹੋਏ ਭਰਮ ਜਾਣ ਕਾਰਨ ਇਸ ਨੂੰ ਇਉਂ ਪ੍ਰਤੀਤ ਹੋਇਆ ਕਿ ਮੰਜੇ 'ਤੇ ਹੀ ਪ੍ਰਾਣ ਨਿਕਲਣ ਕਾਰਨ ਇਸ ਦੀ ਕਲਿਆਣ ਨਹੀਂ ਹੋਣੀ। ਇਹ ਪ੍ਰੇਤ ਬਣ ਕੇ ਤੰਗ ਕਰੇਗਾ। ਬ੍ਰਾਹਮਣ ਸੁਖਮਨੀ ਸਾਹਿਬ ਦੇ ਪਾਠ ਸੁਣਨ ਨਾਲ ਬੈਕੁੰਠ ਧਾਮ ਪਹੁੰਚ ਗਿਆ। ਭਗਵਾਨ ਜੀ ਨੇ ਹੱਸ ਕੇ ਕਿਹਾ ਕਿ ਹੇ ਬ੍ਰਾਹਮਣ ਤੂੰ ਤਾਂ ਸੁਖਮਨੀ ਸਾਹਿਬ ਦੇ ਪਾਠ ਦੇ ਪ੍ਰਤਾਪ ਨਾਲ ਬੈਕੁੰਠ ਦਾ ਵਾਸੀ ਹੋ ਗਿਆ ਹੈਂ। ਪਰ ਤੇਰੇ ਮਾਲਕ ਦੇ ਮਨ ਵਿਚ ਤੇਰੇ ਲਈ ਸ਼ੰਕਾ ਹੈ ਕਿ ਤੇਰੀ ਗਤੀ ਨਹੀਂ ਹੋਈ। ਹੁਣ ਤੈਨੂੰ ਮਾਤ ਲੋਕ ਭੇਜਦੇ ਹਾਂ। ਦੇਵਗਣ ਤੈਨੂੰ ਪਾਲਕੀ ਵਿਚ ਲੈ ਕੇ ਜਾਣਗੇ। ਆਪਣੇ ਮਾਲਕ ਦੀ ਸ਼ੰਕਾ ਦੂਰ ਕਰ ਕੇ ਆ। ਤਾਂ ਉਪਰੋਂ ਬੈਕੁੰਠ ਤੋਂ ਬ੍ਰਾਹਮਣ ਨੇ ਪਾਲਕੀ ਵਿਚ ਚੜ੍ਹ ਕੇ ਆਉਣਾ ਕੀਤਾ। ਉਧਰ ਮੁਨਸ਼ੀ ਉਸਦੀ ਸੰਸਕਾਰ ਆਦਿ ਕਿਰਿਆ ਕਰਨ ਤੋਂ ਬਾਅਦ ਦਿਨ ਦੇ ਛਿਪਾ ਵੇਲੇ ਕਿਰਿਆ ਕਰਨ ਲਈ ਜੰਗਲ ਦਿਸ਼ਾ ਵੱਲ ਜਾ ਰਿਹਾ ਸੀ। ਉਸ ਨੇ ਬੜੀ ਅਸਚਰਜ ਲੀਲ੍ਹਾ ਦੇਖੀ, ਇਕ ਸੋਹਣੀ ਪਾਲਕੀ ਬਾਗ਼ ਵਿਚ ਉਤਰੀ। ਉਸ ਵਿੱਚੋਂ ਇਕ ਦਿੱਵਯ ਸਰੂਪ ਨੇ ਨਿਕਲ ਕੇ ਕਿਹਾ ਕਿ ਹੇ ਮਾਲਕ ਤੂੰ ਹੈਰਾਨ ਨਾ ਹੋ, ਮੈਂ ਉਹੀ ਤੇਰਾ ਰਸੋਈਆ ਬ੍ਰਾਹਮਣ ਹਾਂ, ਪਰ ਸੁਖਮਨੀ ਸਾਹਿਬ ਦੇ ਪ੍ਰਤਾਪ ਨਾਲ ਮੈਂ ਮੁਕਤ ਹੋ ਚੁੱਕਾ ਹਾਂ ਤੇ ਪਰਮੇਸ਼ਰ ਦੇ ਬੈਕੁੰਠ ਧਾਮ ਵਿਚ ਮੈਨੂੰ ਨਿਵਾਸ ਮਿਲ ਗਿਆ ਹੈ। ਤੂੰ ਮੇਰੇ ਪ੍ਰੇਤ ਹੋਣ ਦੀ ਸ਼ੰਕਾ ਮਨੋਂ ਭੁਲਾ ਦੇਹ। ਤੇਰੇ ਸੁਖਮਨੀ ਸਾਹਿਬ ਦੇ ਪਾਠ ਸੁਣਨ ਨਾਲ ਜਿਥੇ ਮੇਰੀ ਕਲਿਆਣ ਹੋਈ ਹੈ, ਆਪ ਜੀ ਦੀ ਕਲਿਆਣ ਵਿਚ ਤਾਂ ਕੋਈ ਸ਼ੰਕਾ ਹੀ ਨਹੀਂ ਹੈ। ਤੇਰੇ ਸੁਖਮਨੀ ਸਾਹਿਬ ਦੇ ਪਾਠ ਕਰਨ ਨਾਲ ਤੇਰੇ ਪਿਤਰ ਵੀ ਬੈਕੁੰਠ ਪਹੁੰਚ ਗਏ ਹਨ। ਇਹ ਗੱਲ ਸੁਣ ਕੇ ਮੁਨਸ਼ੀ ਬੜਾ ਪ੍ਰਸੰਨ ਹੋਇਆ। ਅੱਗੇ ਤੋਂ ਬੜੇ ਪ੍ਰੇਮ ਨਾਲ ਸੁਖਮਨੀ ਸਾਹਿਬ ਦਾ ਪਾਠ ਸ਼ਰਧਾ ਭਾਵਨਾ ਨਾਲ ਕਰਨ ਲੱਗਾ।

ਜਿਸ ਸੁਖਮਨੀ ਦੇ ਪ੍ਰਤਾਪ ਕਰ ਕੇ ਆਪਣੀ ਪਰਾਲਬਧ ਭੋਗ ਕੇ ਮੁਨਸ਼ੀ ਵੀ ਸੱਚ ਸਰੂਪ ਵਿਚ ਸਮਾ ਗਿਆ।

**ਸਾਖੀ—ਗੋਪਾਲ ਮਹਾਂਪੁਰਸ਼ ਦੀ :** ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਮਹਿਮਾ ਸੁਣ ਕੇ ਸ੍ਰੀ ਅਨੰਦਪੁਰ ਸਾਹਿਬ ਵਿਚ ਬਾਬਾ ਗੁਪਾਲ ਨਾਮੇ ਉਦਾਸੀ ਬੈਰਾਗੀ ਮਹਾਤਮਾ ਜੀ ਆਏ। (ਇਨ੍ਹਾਂ ਦੇ ਮਿਲਾਪ ਦੀ ਸਾਖੀ ਭੀ ਬੜੀ ਦਿਲਚਸਪ ਹੈ, ਜੋ ਇਥੇ ਨਹੀਂ ਦਿੱਤੀ ਗਈ, ਸਿਰਫ਼ ਸੁਖਮਨੀ ਸਾਹਿਬ ਦੇ ਮਹਾਤਮ ਦੀ ਹੀ ਦਿੱਤੀ ਗਈ ਹੈ।) ਗੁਰੂ ਜੀ ਦੇ ਪ੍ਰਤਾਪ ਨੂੰ ਦੇਖ ਕੇ ਮਹਾਤਮਾ ਜੀ ਨੇ ਬੇਨਤੀ ਕੀਤੀ ਸੀ ਕਿ ਮੈਨੂੰ ਵੀ ਅੰਮ੍ਰਿਤ ਛਕਾ ਕੇ ਸਿੰਘ ਸਜਾਉ। ਤਾਂ ਸਤਿਗੁਰੂ ਜੀ ਨੇ ਕਿਹਾ ਕਿ ਸੰਤ ਜੀ ਆਪ ਇਸੇ ਹੀ ਭੇਖ ਵਿਚ ਰਹਿ ਕੇ ਸਿੱਖੀ ਦਾ ਪ੍ਰਚਾਰ ਕਰੋ। ਸਾਡੀ ਤੁਹਾਡੇ ਉੱਤੇ ਬਹੁਤ ਖ਼ੁਸ਼ੀ ਹੈ। ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਕੇ ਬਾਬਾ ਗੁਪਾਲ ਜੀ ਨੇ ਜ਼ਿਲ੍ਹਾ ਝੰਗ ਕੋਟ ਈਸਾ ਸ਼ਾਹ ਵਿਚ ਆਪਣਾ ਅਸਥਾਨ ਬਣਾਇਆ ਤੇ ਨਾਮ ਬਾਣੀ ਦਾ ਉਪਦੇਸ਼ ਦਿੰਦੇ ਰਹੇ। ਬਹੁਤ ਲੋਕਾਂ ਦਾ ਭਲਾ ਕੀਤਾ, ਲੋਕਾਂ ਨੂੰ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਕੰਠ ਕਰਾਏ।

ਇਕ ਮਹਾਜਨ ਨੇ ਨੌਕਰ ਨੂੰ ਦਰਿਆ ਤੋਂ ਪਾਰ ਬੁੱਲੋ ਪਿੰਡ ਵਿਚ ਤੂੜੀ ਲੈਣ ਲਈ ਭੇਜਿਆ। ਤੂੜੀ ਵਿਚ ਇਕ ਬਹੁਤ ਜ਼ਹਿਰੀਲੇ ਸੱਪ ਨੇ ਉਸ ਨੂੰ ਡੰਗ ਮਾਰ ਦਿੱਤਾ। ਉਸ ਦੀ ਉਸ ਵੇਲੇ ਮ੍ਰਿਤੂ ਹੋ ਗਈ। ਪਰ ਉਹ ਉਸ ਵੇਲੇ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ। ਜਿਸ 'ਤੇ ਸਤ ਗਤੀ ਨੂੰ ਪ੍ਰਾਪਤ ਹੋ ਕੇ ਬਿਬਾਨ ਵਿਚ ਬੈਠ ਕੇ ਸਚਖੰਡ ਨੂੰ ਜਾ ਰਿਹਾ ਸੀ, ਤਾਂ ਸੂਖਮ ਦ੍ਰਿਸ਼ਟੀ ਵੇਲੇ ਬਾਬਾ ਗੋਪਾਲ ਜੀ ਨੇ, ਅਕਾਸ਼ ਮਾਰਗ ਨੂੰ ਜਾਂਦਾ ਇਹ ਬਿਬਾਨ ਦੇਖਿਆ, ਜਿਸ ਨੂੰ ਦੇਵਤੇ ਲਈ ਜਾ ਰਹੇ ਸਨ। ਅੰਤਰਯਾਤਮਾ ਦੇ ਬਲ ਨਾਲ ਬਿਬਾਨ ਵਿਚ ਬੈਠੇ ਉਸ ਪ੍ਰੇਮੀ ਨੂੰ ਸਮਝ ਗਏ ਜੋ ਸੁਖਮਨੀ ਸਾਹਿਬ ਦੇ ਪ੍ਰਤਾਪ ਕਰ ਕੇ ਸਚਖੰਡ ਨੂੰ ਜਾ ਰਿਹਾ ਸੀ।

ਨਮਸਕਾਰ ਕਰ ਕੇ ਕਿਹਾ, "ਵਾਹ ਵਾਹ! ਭਲੇ ਭਲੇ ਵਾਹ ਵਾਹ ਭਲੇ ਭਲੇ" ਪਾਸ ਬੈਠੇ ਪ੍ਰੇਮੀਆਂ ਨੇ ਪੁੱਛਿਆ ਕਿ ਬਾਬਾ ਜੀ ਆਪ ਜੀ ਨੇ ਇਹ ਬਚਨ ਕਿਉਂ ਕਿਹਾ ਹੈ, ਤਾਂ ਬਾਬਾ ਗੋਪਾਲ ਕਹਿਣ ਲੱਗਾ ਕਿ ਸਪੜੇ ਜਾਤੀ ਵਾਲੇ ਮਹਾਜਨ ਦਾ ਇਕ ਨੌਕਰ ਜੋ ਸਤਿਸੰਗੀ ਸੁਖਮਨੀ ਸਾਹਿਬ ਦਾ ਹਰ ਵੇਲੇ ਪਾਠ ਕਰਦਾ ਰਹਿੰਦਾ ਸੀ। ਤੂੜੀ ਲੈਣ ਗਏ ਨੂੰ ਸੱਪ ਨੇ ਡੰਗ ਕੇ ਮਾਰ ਦਿੱਤਾ, ਲੋਕੀ ਕਹਿੰਦੇ ਹਨ ਕਿ ਸੱਪ ਦਾ ਡੰਗਿਆ ਮੁਕਤ ਨਹੀਂ ਹੁੰਦਾ, ਪਰ ਸੁਖਮਨੀ ਦੇ ਪ੍ਰਤਾਪ ਨਾਲ ਬਿਬਾਨ ਵਿਚ ਚੜ੍ਹ ਕੇ ਸਚਖੰਡ ਜਾ ਰਿਹਾ ਹੈ। ਇਸ ਲਈ ਅਸੀਂ "ਵਾਹ ਵਾਹ ਭਲੇ ਭਲੇ" ਕਿਹਾ ਹੈ ਕਿ ਇਹ ਸਭ ਤੋਂ ਚੰਗਾ ਹੈ ਜੋ ਸੁਖਮਨੀ ਦੇ ਪਾਠ ਦੁਆਰਾ ਆਪਣਾ ਜਨਮ ਸਫਲ ਕਰ ਕੇ ਸਚਖੰਡ ਨੂੰ ਜਾ ਰਿਹਾ ਹੈ।

**ਸਾਖੀ—ਸੁਖਮਨੀ ਸਾਹਿਬ ਬਾਣੀ ਦੇ ਪ੍ਰਤਾਪ 'ਤੇ** : ਇਕ ਮਹਾਨ ਪੁਰਸ਼ ਸੰਤ ਸੰਗਤ ਸਿੰਘ ਜੀ ਕਮਾਲੀ ਵਾਲੇ ਅਕਸਰ ਹੀ ਇਸ ਅੰਮ੍ਰਿਤ ਬਾਣੀ ਦੀ ਮਹਾਨਤਾ ਬਾਰੇ ਕਥਾ ਵਿਚ ਸੁਣਾਇਆ ਕਰਦੇ। ਸੰਨ ੧੮੯੯ ਵਿਚ ਇਨ੍ਹਾਂ ਨੇ ਸੰਤ ਫਤੇ ਸਿੰਘ ਜੀ ਸੇਵਾ ਪੰਥੀ ਸ਼ਾਹ ਜੀਵਣੇ ਵਾਲਿਆਂ ਤੋਂ ਇਸ ਅੰਮ੍ਰਿਤ ਰੂਪੀ ਬਾਣੀ ਦੇ ਅਰਥ ਸਿੱਖ ਕੇ ਬਾਅਦ ਵਿਚ ਟੋਬਾ ਟੇਕ ਸਿੰਘ ਪਹੁੰਚ ਕੇ ਗੁਰਦੁਆਰਾ ਸਾਹਿਬ ਵਿਚ ਕਥਾ ਸ਼ੁਰੂ ਕਰ ਦਿੱਤੀ।

ਇਕ ਦਿਨ ਕਥਾ ਦੀ ਸਮਾਪਤੀ ਤੋਂ ਬਾਅਦ ਜਦੋਂ ਗੁਰਦੁਆਰੇ ਤੋਂ ਬਾਹਰ ਆਏ ਤਾਂ ਇਕ ਮੁਸਲਮਾਨ ਨੌਜਵਾਨ ਇਨ੍ਹਾਂ ਦੇ ਚਰਨਾਂ 'ਤੇ ਡਿੱਗ ਪਿਆ, ਜੋ ਗ਼ਰੀਬੀ ਕਾਰਨ ਬਹੁਤ ਦੁਖੀ ਸੀ, ਉਹ ਕਹਿਣ ਲੱਗਾ ਕਿ ਮੈਂ ਕੰਗਾਲ ਹੋ ਗਿਆ ਹਾਂ। ਮੈਂ ਆਪਣੀ ਪਤਨੀ ਸਮੇਤ ਪਹੁੰਚਿਆ ਹਾਂ। ਅਸੀਂ ਮਸਜਿਦ ਵਿਚ ਪਹੁੰਚੇ, ਉਥੇ ਮੁਜਾਵਰਾਂ ਤੋਂ ਖਾਣ ਵਾਸਤੇ ਰੋਟੀ ਤੇ ਰਾਤ ਗੁਜ਼ਾਰਨ ਲਈ ਮੰਗ ਕੀਤੀ, ਪਰ ਉਨ੍ਹਾਂ ਨੇ ਨਾਂਹ ਕਰ ਦਿੱਤੀ।

ਫਿਰ ਅਸੀਂ ਗੁਰਦੁਆਰੇ ਗਏ, ਉਥੇ ਇਕ ਸਿੱਖ ਨੇ ਬੜੇ ਪ੍ਰੇਮ ਨਾਲ ਪ੍ਰਸ਼ਾਦਾ ਛਕਾਇਆ ਤੇ ਰਾਤ ਗੁਜ਼ਾਰਨ ਲਈ ਮੰਜਾ ਬਿਸਤਰਾ ਵੀ ਦਿੱਤਾ। ਅੱਜ ਸਵੇਰੇ ਆਪ ਜੀ ਦੀ ਰਸਨਾ ਤੋਂ ਖ਼ੁਦਾ ਦੀ ਕਲਾਮ ਸੁਣੀ ਤੇ ਹਿਰਦੇ ਵਿਚ ਬਹੁਤ ਸ਼ਾਂਤੀ ਆਈ। ਹੇ ਖ਼ੁਦਾ ਦੇ ਬੰਦਿਓ! ਮੇਰੇ ਉਪਰ ਮਿਹਰ ਦੀ ਨਜ਼ਰ ਕਰੋ ਤੇ ਮੈਨੂੰ ਇਸ ਕੰਗਾਲੀ ਵਿੱਚੋਂ ਕੱਢਣਾ ਕਰੋ। ਉਸ ਦੁਖਿਆਰੇ ਦੀ ਬੇਨਤੀ ਸੁਣ ਕੇ ਸੰਤਾਂ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਦੀ ਇਕ ਤੁਕ ਉਰਦੂ ਵਿਚ ਲਿਖ ਦਿੱਤੀ :

**ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥** *(ਅੰਗ ੨੬੨)*

ਸੰਤ ਸੰਗਤ ਸਿੰਘ ਜੀ ਨੇ ਕਿਹਾ ਕਿ ਇਸ ਕਲਾਮ ਨੂੰ ਅੱਠੇ ਪਹਿਰ ਪੜ੍ਹਦਾ ਰਿਹਾ ਕਰ। ਤੇਰੇ ਉਪਰ ਖ਼ੁਦਾ ਦੀ ਬਖ਼ਸ਼ਿਸ਼ ਹੋਵੇਗੀ। ਮਹਾਂਪੁਰਖ ਦਾ ਬਚਨ ਮੰਨ ਕੇ ਇਸ ਤੁਕ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ, ਤਿੰਨ ਦਿਨ ਲਗਾਤਾਰ ਪੜ੍ਹਦਾ ਰਿਹਾ। ਚੌਥੇ ਦਿਨ ਅਰਦਾਸ ਤੋਂ ਮਗਰੋਂ ਇਕ ਫ਼ੌਜੀ ਸੂਬੇਦਾਰ ਜੋ ਮੱਥਾ ਟੇਕ ਕੇ ਬਾਹਰ ਆ ਰਿਹਾ ਸੀ, ਉਸ ਨੇ ਇਸ ਨੂੰ ਪੁੱਛਿਆ ਕਿ ਤੂੰ ਕੌਣ ਹੈਂ, ਜੋ ਰੋਜ਼ਾਨਾ ਹੀ ਦਰਵਾਜ਼ੇ 'ਤੇ ਬੈਠਾ ਰਹਿੰਦਾ ਹੈਂ। ਅਬਦੁਲ ਕਰੀਮ ਨੇ ਕਿਹਾ ਕਿ ਮੈਂ ਜਲੰਧਰੀ ਅਰਾਈ ਹਾਂ, ਕੰਗਾਲ ਹੋ ਕੇ ਇਥੇ ਕੰਮ ਦੀ ਭਾਲ ਵਿਚ ਆਇਆ ਹਾਂ, ਪਰ ਅਜੇ ਤਕ ਕੋਈ ਕੰਮ ਨਹੀਂ ਲੱਭਾ। ਬਸ ਸੰਤਾਂ ਦੁਆਰਾ ਦਿੱਤੀ ਹੋਈ ਬਾਬੇ ਨਾਨਕ ਦੀ ਕਲਾਮ ਹੀ ਪੜ੍ਹਦਾ ਰਹਿੰਦਾ ਹਾਂ। ਗੁਰਦੁਆਰੇ ਤੋਂ ਹੀ ਪ੍ਰਸ਼ਾਦਾ ਛਕ ਕੇ ਖ਼ੁਦਾ ਤੋਂ ਇਹੀ ਮੰਗ ਰਿਹਾ ਹਾਂ ਕਿ ਮੇਰੀ ਕਿਸਮਤ ਦਾ ਦਰਵਾਜ਼ਾ ਖੋਲ੍ਹ ਦੇਹ।

ਸੂਬੇਦਾਰ ਨੇ ਕਿਹਾ ਕਿ ਮੈਨੂੰ ਆਪਣੀ ਜ਼ਮੀਨ ਵਿਚ ਇਕ ਨੌਕਰ ਦੀ ਲੋੜ ਹੈ, ਜੇਕਰ ਤੂੰ ਕੰਮ ਕਰ ਸਕਦਾ ਹੈਂ ਤਾਂ ੬੦ ਰੁਪਏ ਮਹੀਨੇ 'ਤੇ ਤੈਨੂੰ ਰੱਖ ਸਕਦਾ ਹਾਂ। ਅਬਦੁਲ ਕਰੀਮ ਕਹਿਣ ਲੱਗਾ ਕਿ ਮੈਨੂੰ ਮਨਜ਼ੂਰ ਹੈ, ਪਰ ਇਸ ਮਹੀਨੇ ਦੀ ਪੇਸ਼ਗੀ ਮੈਨੂੰ ਪਹਿਲਾਂ ਦੇ ਦਿਓ।

ਸੂਬੇਦਾਰ ਨੇ ਕਿਹਾ ਕਿ ਤੇਰੀ ਜ਼ਬਾਨ ਕਿਉਂ ਹਿੱਲ ਰਹੀ ਹੈ। ਉਸ ਨੇ ਕਿਹਾ ਕਿ ਜੀ ਇਕ ਸੰਤ ਗੁਰਦੁਆਰੇ ਵਿਚ ਕਥਾ ਕਰਦੇ ਹਨ। ਉਸ ਅੱਲ੍ਹਾ ਦੇ ਬੰਦੇ ਨੇ ਮੈਨੂੰ ਇਹ ਕਲਾਮ ਬਖ਼ਸ਼ੀ ਹੈ।

ਸੂਬੇਦਾਰ ਨੇ ਕਿਹਾ ਕਿ ਉੱਚੀ ਬੋਲ ਕੇ ਸੁਣਾ, ਕੀ ਪੜ੍ਹ ਰਿਹਾ ਹੈਂ। ਇਸ ਨੇ ਕਿਹਾ ਕਿ ਅੱਲ੍ਹਾ ਵਾਲਿਆਂ ਨੇ ਜੋ ਮੈਨੂੰ ਕਲਾਮ ਦਿੱਤੀ ਹੈ :

**ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥** *(ਅੰਗ ੨੬੨)*

ਸੂਬੇਦਾਰ ਅਸਚਰਜ ਹੋ ਗਿਆ, ਹੈਰਾਨ ਹੋ ਕੇ ਕਹਿਣ ਲੱਗਾ ਕਿ ਇਹ ਤਾਂ ਸੁਖਮਨੀ ਸਾਹਿਬ ਜੀ ਦੀ ਤੁਕ ਹੈ। ਅਬਦੁਲ ਕਰੀਮ ਕਹਿਣ ਲੱਗਾ ਕਿ ਅਜੇ ਤਿੰਨ ਦਿਨ ਹੀ ਇਹ ਕਲਾਮ ਪੜ੍ਹੀ ਹੈ। ਮੇਰੀ ਕਿਸਮਤ ਦਾ ਦਰਵਾਜ਼ਾ ਖੁੱਲ੍ਹਣ ਲੱਗਾ ਹੈ, ਇਹ ਸੁਣ ਕੇ ਸੂਬੇਦਾਰ ਨੇ ਖ਼ੁਸ਼ ਹੋ ਕੇ ਉਸ ਨੂੰ ੬੦ ਰੁਪਏ ਦੇ ਦਿੱਤੇ। ਰਿਹਾਇਸ਼ ਲਈ ਇਕ ਕੋਠਾ ਦੇ ਦਿੱਤਾ। ਅਬਦੁਲ ਕਰੀਮ ਨੇ ਬਹੁਤ ਸਿਆਣਪ ਨਾਲ ਨੌਕਰਾਂ ਤੋਂ ਜ਼ਮੀਨ ਦੀ ਦੇਖਭਾਲ ਕਰਾਈ। ਹਰ ਵੇਲੇ ਤੁਰਦਾ ਫਿਰਦਾ ਇਹ ਤੁਕ ਪੜ੍ਹਦਾ ਰਿਹਾ, ਸਰਦਾਰ ਦੀ ਪਹਿਲੀ ਫ਼ਸਲ ਅੰਦਾਜ਼ੇ ਤੋਂ ਵੱਧ ਹੋਈ, ਜਿਸ ਕਰਕੇ ਅਬਦੁਲ ਕਰੀਮ ਦੀ ਤਨਖ਼ਾਹ ਵਿਚ ਵਾਧਾ ਕਰ ਦਿੱਤਾ, ੬੦ ਤੋਂ ੭੦ ਰੁਪਏ ਦੇਣ ਲੱਗਾ ਅਤੇ ਕਿਹਾ ਕਿ ਤੇਰੀ ਕਲਾਮ ਅਤੇ ਮਿਹਨਤ ਦੀ ਕਮਾਈ ਕਰ ਕੇ ਮੇਰੀ ਜ਼ਮੀਨ ਸੋਨਾ ਉਗਲ ਰਹੀ ਹੈ। ਅਬਦੁਲ ਕਰੀਮ ਨੇ ਸਰਦਾਰ ਕੋਲੋਂ ੧੦੦੦ ਰੁਪਇਆ ਉਧਾਰ ਲੈ ਕੇ ਆਪਣੀ ਖੇਤੀ ਸ਼ੁਰੂ ਕਰ ਦਿੱਤੀ। ਦਿਨ ਰਾਤ ਖੇਤਾਂ ਵਿਚ ਕੰਮ ਭੀ ਕਰੇ ਤੇ ਨਾਲੇ ਤੁਕ ਪੜ੍ਹਦਾ ਰਹੇ। ਇਸ ਕਲਾਮ ਦੀ ਮਿਹਰਬਾਨੀ ਨਾਲ ਸਰਦਾਰ ਨੂੰ ੬ ਮਹੀਨਿਆਂ ਪਿੱਛੋਂ ਉਸ ਦੇ ੧੦੦੦ ਰੁਪਇਆ ਵਾਪਸ ਕਰ ਕੇ ੨੦੦੦ ਬੱਚਤ ਹੋ ਗਈ। ਇਸ ਜਪ ਅਤੇ ਮਿਹਨਤ ਦਾ ਸਦਕਾ ਕੰਗਾਲ ਅਰਾਈ ੧੦-੧੨ ਹਜ਼ਾਰ ਦੀ ਪੂੰਜੀ ਉਸ ਦੇ ਪਾਸ ਜੁੜ ਗਈ, ੧੯੦੮-੦੯ ਵਿਚ ਇਹ ਅਰਾਈ ਮਹਾਂਪੁਰਖਾਂ ਨੂੰ ਕਮਾਲੀਏ ਜਾ ਮਿਲਿਆ। ਸੀਸ ਨਿਵਾਇਆ ਤੇ ਕਿਹਾ ਕਿ ਮਹਾਰਾਜ ਜੀ ਆਪ ਜੀ ਦੀ ਬਖ਼ਸ਼ੀ ਕਲਾਮ ਦੀ ਬਖ਼ਸ਼ਿਸ਼ ਨਾਲ ਅੱਜ ਮੇਰੇ ਕੋਲ ੪ ਮੁਰੱਬੇ ਜ਼ਮੀਨ ਦੇ ਹੋ ਗਏ ਹਨ। ਚਾਰ ਬੱਚੇ ਮੇਰੇ ਘਰ ਵਿਚ ਖੇਡਦੇ ਹਨ। ਮੈਂ ਹੁਣ ਇਹ ਲੋਕ ਪਦਾਰਥ ਪਾ ਕੇ ਤਾਂ ਸੁਖੀ ਹੋ ਗਿਆ ਹਾਂ। ਹੁਣ ਕੋਈ ਐਸੀ ਕਲਾਮ ਬਖ਼ਸ਼ੋ ਜਿਸ ਨਾਲ ਮੇਰਾ ਪ੍ਰਲੋਕ ਭੀ ਸੁਖੀ ਹੋ ਜਾਵੇ। ਤਾਂ ਮਹਾਂਪੁਰਖਾਂ ਨੇ ਕਿਹਾ ਕਿ ਸਵੇਰੇ ਤਾਂ ਉਹੀ ਕਲਾਮ ਪੜ੍ਹਿਆ ਕਰ, ਰਾਤ ਨੂੰ ਕੰਮ ਧੰਦਿਆਂ ਤੋਂ ਵਿਹਲਾ ਹੋ ਕੇ ਦੂਜੀ ਕਲਾਮ ਇਹ ਪੜ੍ਹਿਆ ਕਰ :

**ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥** *(ਅੰਗ ੨੬੨)*

ਇਸੇ ਤਰ੍ਹਾਂ ਸੰਤ ਸੰਗਤ ਸਿੰਘ ਕਮਾਲੀ ਵਾਲਿਆਂ ਨੇ ਇਕ ਉਕਾੜੇ ਦੇ ਮੁਸਲਮਾਨ ਨੰਬਰਦਾਰ ਨੂੰ ਉਰਦੂ ਵਿਚ ਛਪਿਆ ਹੋਇਆ ਸੁਖਮਨੀ ਸਾਹਿਬ ਦਾ ਗੁਟਕਾ ਬਖ਼ਸ਼ਿਆ, ਜਿਸ ਨੂੰ ਉਹ ਮੁਸਲਮਾਨ ਰਾਤ ਦਿਨ ਮਸਜਿਦ ਵਿਚ ਪੜ੍ਹਦਾ ਰਹਿੰਦਾ ਸੀ। ਇਸ ਬਾਣੀ ਦੇ ਪ੍ਰਤਾਪ ਕਰਕੇ ਅੱਲ੍ਹਾ ਦੀ ਦਰਗਹ ਵਿਚ ਪ੍ਰਵਾਨ ਹੋਇਆ। ਸੰਤ ਸੰਗਤ ਸਿੰਘ ਕਮਾਲੀ ਵਾਲਿਆਂ ਨੇ ਪਿਸ਼ਾਵਰ ਵਿਚ ਕਥਾ ਕਰਦਿਆਂ ਸੰਗਤਾਂ ਨੂੰ ਦੱਸਿਆ ਸੀ ਕਿ ਜਿਹੜਾ ਸਿੱਖ ਸੁਖਮਨੀ ਸਾਹਿਬ ਦਾ ਪਾਠ ਕਰਦਾ ਹੈ, ਉਸ ਦੇ ਦਿਨ ਰਾਤ ਦੇ ਸਾਰੇ ਸਵਾਸ ਸਫਲੇ ਹੋ ਜਾਂਦੇ ਹਨ। ਉਹ ਆਪਣੇ ਜੀਵਨ ਨੂੰ ਸਫਲਾ ਕਰ ਕੇ ਪਾਪਾਂ ਤੋਂ ਮੁਕਤ ਹੋ ਕੇ ਰੱਬ ਦੀ ਦਰਗਹ ਵਿਚ ਪ੍ਰਵਾਨ ਹੋ ਜਾਂਦਾ ਹੈ।

ਬ੍ਰਹਮ ਗਿਆਨੀ ਮਹਾਂਪੁਰਖ ਸੰਤ ਗਿਆਨੀ ਅਮੀਰ ਸਿੰਘ ਜੀ ਜੋ ਬਾਲ ਬ੍ਰਹਮਚਾਰੀ ਸਨ, ਜਿਨ੍ਹਾਂ ਮਹਾਂਪੁਰਖਾਂ ਤੋਂ ਵਰੋਸਾਏ ਸਨ, ਉਨ੍ਹਾਂ ਦਾ ਨਾਮ ਬਾਬਾ ਉਤਮ ਸਿੰਘ ਜੀ ਸੀ। ਜਿਨ੍ਹਾਂ ਨੇ ਮਹੰਤ ਭਾਈ ਹਰੀ ਸਿੰਘ ਜੀ ਪਾਸੋਂ ਛੋਟੀ ਅਵਸਥਾ ਤੋਂ ਹੀ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੰਠ ਕਰ ਲਿਆ ਸੀ। (੯੪) ਸਾਲ ਲਗਾਤਾਰ ਬਿਨਾਂ ਨਾਗਾ ਸੰਮਤ ੧੯੨੩ ਬਿਕ੍ਰਮੀ ਤੋਂ ੨੦੧੭ ਬਿਕ੍ਰਮੀ ਤੱਕ ਅਖ਼ੀਰਲੇ ਸਵਾਸਾਂ ਤਕ ਨੇਮ

ਨਾਲ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਬੜੇ ਪ੍ਰੇਮ ਤੇ ਵਿਸ਼ਵਾਸ ਨਾਲ ਕਈ ਕਈ ਪਾਠ ਆਪ ਕਰਦੇ ਤੇ ਸੁਣਦੇ ਰਹਿੰਦੇ ਸਨ। ਜਦੋਂ ਵੀ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਪਾਉਣਾ ਤਾਂ ਇਹ ਤੁਕਾਂ ਬੜੇ ਪ੍ਰੇਮ ਨਾਲ ਪੜ੍ਹਿਆ ਕਰਦੇ :

**ਸੁਖਮਨੀ ਸੁੱਖਾਂ ਦੀ ਨਿਧਿ। ਪੜ੍ਹਦਿਆਂ ਸੁਣਦਿਆਂ ਦੇ ਕਾਰਜ ਸਿਧਿ।**
**ਸੁਖਮਨੀ ਪੜ੍ਹੀਐ ਦਿਨ ਰਾਤੀ। ਸੁਖਮਨੀ ਸੁੱਖਾਂ ਦੀ ਦਾਤੀ।**
**ਸੁਖਮਨੀ ਜੇ ਕੋਈ ਪੜ੍ਹੇ ਸੁਣਾਵੈ। ਮਨ ਬਾਂਛਤ ਫਲ ਕੋ ਸੋ ਪਾਵੈ।**
**ਸੁਖਮਨੀ ਕਾ ਪਾਠਕ ਜੋਇ। ਮੁਖ ਤੇ ਜੋ ਬੋਲੈ ਸੋ ਹੋਇ।**
**ਅਨਦਿਨ ਸੁਖਮਨੀ ਜੋ ਕਰੇ। ਭਵ ਸਾਗਰ ਤੇ ਸੋ ਨਰ ਤਰੇ।**

ਇਸੇ ਲਈ ਗੁਰੂ ਸਾਹਿਬ ਜੀ ਦੇ ਵੇਲੇ ਤੋਂ ਹੁਣ ਤਕ ਸਾਰੀਆਂ ਸੰਪਰਦਾ ਦੇ ਸਾਧੂਆਂ, ਸਾਰੀਆਂ ਸਿੱਖ ਜਥੇਬੰਦੀਆਂ ਵਿਚ, ਗੁਰਮੁਖ ਇਸ ਬਾਣੀ ਦੇ ਬੜੇ ਪ੍ਰੇਮ ਨਾਲ ਅਭਿਆਸ ਕਰਦੇ ਆ ਰਹੇ ਹਨ। ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਨੇ ੨੪ ਘੰਟੇ ਲਗਾਤਾਰ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕਰਵਾਇਆ, ਜੋ ਅੱਜ ਤਕ ਨਿਰੰਤਰ ਜਾਰੀ ਹੈ। ਪੁਰਾਣੇ ਸਮੇਂ ਵਿਚ ਸਾਰੇ ਗੁਰੂ ਘਰਾਂ ਵਿਚ ਸੁਖਮਨੀ ਸਾਹਿਬ ਦਾ ਪਾਠ ਨਿਤਨੇਮ ਨਾਲ ਕੀਤਾ ਜਾਂਦਾ ਸੀ। ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਅਤੇ ਹੋਰ ਟਕਸਾਲੀ ਮਹਾਂਪੁਰਖ, ਨਿਹੰਗ ਸਿੰਘ ਜਥੇਬੰਦੀਆਂ, ਸੇਵਾ ਪੰਥੀ ਆਦਿ ਇਸ ਬਾਣੀ ਦਾ ਪਾਠ ਬੜੇ ਨਿਸਚੇ ਨਾਲ ਕਰਦੇ ਆ ਰਹੇ ਹਨ। ਸੰਤ ਬਾਬਾ ਕਿਰਪਾਲ ਸਿੰਘ ਜੀ ਛੰਨਾ ਵਾਲੇ ੧੦ ਪਾਠ ਹਰ ਰੋਜ਼ ਸੁਖਮਨੀ ਸਾਹਿਬ ਦੇ ਕਰਦੇ ਸਨ। ਸੰਤ ਦਲੀਪ ਸਿੰਘ ਜੀ ਕਾਰ ਸੇਵਾ ਵਾਲੇ ਲੰਗਰ ਦੀਆਂ ਸੁੱਕੀਆਂ ਰੋਟੀਆਂ ਪਾਣੀ ਵਿਚ ਭਿਓਂ ਕੇ ਨਰਮ ਕਰ ਕੇ ਸਰੀਰ ਦੀ ਲੋੜ ਪੂਰੀ ਕਰ ਲੈਂਦੇ ਸਨ ਅਤੇ ਹਰ ਰੋਜ਼ ੧੦ ਪਾਠ ਸੁਖਮਨੀ ਸਾਹਿਬ ਦੇ ਕਰਦੇ ਸਨ। ਸੁਖਮਨੀ ਸਾਹਿਬ ਦਾ ਪਾਠ ਕਰਨ ਵਾਲੇ ਨੂੰ ਬਾਣੀ ਵਿਚ ਸਾਧੂ ਦੀ ਉਪਮਾ ਨਾਲ ਨਿਵਾਜਿਆ ਹੈ। ਜੈਸਾ ਕਿ :

**ਸਾਧ ਨਾਮ ਨਿਰਮਲ ਤਾ ਕੇ ਕਰਮ॥** *(ਅੰਗ ੨੯੬)*

ਸੰਪ੍ਰਦਾਇ ਸਟੀਕ ਗੁਰਬਾਣੀ ਅਰਥ ਭੰਡਾਰ
ਪੋਥੀ ਤੀਸਰੀ ਸੰਪੂਰਨੰ॥